Punjab Vidhan Sabha Debates

4th March, 1974

Vol. I—No. 8

OFFICIAL REPORT

CONTENTS

Pages

Monday, the 4th March, 1974

PUNJAB VIDHAN SABHA SECRETARIAT, CHANDIGARH

Price : Rs. 25.75 Paise.

PUNJAB VIDHAN SABHA

Monday, 4th March, 1974

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 p. m. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

Supplementary Questions to Starred Question No. 2381**

Mr. Speaker : Supplementaries to starred question No. 2381

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਆਈ.ਏ.ਐਸ. ਦੀ ਸਿਲੈਕਸ਼ਨ ਹੁੰਦੀ ਹੈ ਇਸ ਦੇ ਬਾਰੇ ਰੈਗੂਲੇਸ਼ਨਜ਼ ਕਿਹੜੇ ਸਾਲ ਦੇ ਹਨ ਜਿਸ ਦੇ ਮੁਤਾਬਕ ਤੁਸੀਂ ਇਹ ਸਿਲੈਕਸ਼ਨ ਕਰਦੇ ਹੋ ਅਤੇ ਕਿਸੇ ਸਜਣ ਨੂੰ ਆਈ ਏ. ਐਸ. ਸਿਲੈਕਟ ਕਰਨ ਵਾਸਤੇ ਕਿਹੜੀਆਂ ਕਿਹੜੀਆਂ ਕੁਆਲੀਫੀਕੇਸ਼ਨਜ਼ ਦਾ ਹੋਣਾ ਜ਼ਰੂਰੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸੰਨ 1953 ਦੇ ਰੈਗੂਲੇਸ਼ਨਜ਼ ਹਨ ਅਤੇ ਉਨ੍ਹਾਂ ਦੇ ਮੁਤਾਬਕ ਕਰਦੇ ਹਾਂ। ਕੁਆਲੀਫੀਕੇਸ਼ਨਜ਼ ਜਿਹੜੀਆਂ ਪਹਿਲਾਂ ਨਿਰਧਾਰਤ ਕੀਤੀਆਂ ਹੋਈਆਂ ਹਨ, ਉਨ੍ਹਾਂ ਦੇ ਵਿਚ ਇਹ ਵੀ ਕੰਡੀਸ਼ਨ ਹੈ ਕਿ ਉਨ੍ਹਾਂ ਦੀ ਗਜ਼ਟਿਡ ਸਰਵਿਸ 8 ਸਾਲ ਤਕ ਜ਼ਰੂਰ ਹੋਵੇ ਅਤੇ ਉਹ ਪੱਕੇ ਗਜ਼ਟਿਡ ਅਫਸਰ ਹੋਣ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸ਼ਰਤਾਂ ਹਨ ਨਾਨ ਪੀ.ਸੀ.ਐਸ. ਜਾ ਪੀ.ਸੀ.ਐਸ. ਨੂੰ ਆਈ.ਏ.ਐਸ. ਕਾਡਰ ਵਿਚ ਪ੍ਰੋਮੋਟ ਕਰਨ ਦੀਆਂ ਕੀ ਉਨ੍ਹਾਂ ਦੇ ਵਿਚ ......

(1) Outstanding merit and ability.

(2) Age below 52 years in the year when the Committee meets and in this case the Committee met in May, 1972.

(3) Eight years substantive experience comparable with P. C. S.

Through you, Mr. Speaker, I would like to know from the Government whether all these three conditions were fulfilled by those two Officers who were considered fit by the Government for their promotion to I. A. S. Cadre ?

**For starred question No. 2381 and reply thereto, please see Punjab Vidhan Sabha Debate, dated 1st March, 1974.

ਮੁੱਖ ਮੰਤਰੀ : ਹਾਂ ਜੀ, ਇਹ ਸਾਰੀਆਂ ਕੰਡੀਸ਼ਨਾਂ ਫੁਲਫਿਲ ਕਰਦੇ ਹਨ। ਉਨ੍ਹਾਂ ਦੇ ਵਿਚੋਂ ਇਕ ਮੈਂਬਰ ਸੀ ਜਿਸ ਦੀ ਉਮਰ 11-12 ਦਿਨ 52 ਸਾਲ ਤੋਂ ਵਧ ਸੀ ? ਸਪੀਕਰ ਸਾਹਿਬ, ਇਹ ਸਿਲੈਕਸ਼ਨ ਕਮੇਟੀ ਤਿੰਨ ਸਾਲ ਤੋਂ ਆਪਣੀ ਮੀਟਿੰਗ ਨਹੀਂ ਸੀ ਕਰ ਸਕੀ। ਕਮੇਟੀ ਬਹੁਤ ਮੁੱਦਤ ਤੋਂ ਚਲੀ ਆਉਂਦੀ ਹੈ ਅਗਰ ਪਹਿਲਾਂ ਇਸ ਦੀਆਂ ਮੀਟਿੰਗਜ਼ ਹੋ ਜਾਂਦੀਆਂ ਤਾਂ ਉਨ੍ਹਾਂ ਦੀਆਂ ਉਮਰਾਂ ਜ਼ਰੂਰ ਘੱਟ ਹੁੰਦੀਆਂ। ਕਿਸੇ ਨੂੰ ਮੈਰਿਟ ਤੋਂ ਬਗੈਰ ਗੌਰਮਿੰਟ ਨੇ ਕਮੇਟੀ ਕੋਲ ਨਹੀਂ ਭੇਜਿਆ। ਅਗੇ ਕਮੇਟੀ ਦਾ ਅਖਤਿਆਰ ਹੈ ਉਹ ਇਨਟਰਵਿਊ ਲੈਂਦੀ ਹੈ। ਇਨਟਰਵਿਊ ਲੈਣ ਦਾ ਮਤਲਬ ਇਹ ਹੁੰਦਾ ਹੈ ਕਿ ਉਹ ਨਿਰਾ ਰਿਕਾਰਡ ਹੀ ਨਹੀਂ ਦੇਖਦੇ ਉਨ੍ਹਾਂ ਤੋਂ ਸਵਾਲ ਵਗੈਰਾ ਵੀ ਪੁਛਦੇ ਹਨ ਅਤੇ ਆਪਣੀ ਪੂਰੀ ਸੈਟਿਸਫੈਕਸ਼ਨ ਕਰਦੇ ਹਨ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਗਿਆਨੀ ਜੀ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਸਰਦਾਰ ਮਹਿੰਦਰ ਸਿੰਘ ਸਧਰਾਓ ਔਰ ਸਰਦਾਰ ਕਰਤਾਰ ਸਿੰਘ ਮਾਨ ਨੂੰ, ਇਨ੍ਹਾਂ ਦੋ ਅਫਸਰਾਂ ਨੂੰ ਪੰਜਾਬ ਸਰਕਾਰ ਨੇ ਪਹਿਲੇ ਅਤੇ ਚੌਥੇ ਨੰਬਰ ਤੇ ਰਿਕੁਮੈਂਡ ਕਰਕੇ ਭੇਜਿਆ ਸੀ ਅਤੇ ਉਨ੍ਹਾਂ ਨੂੰ ਇਸ ਲਈ ਨਜ਼ਰ ਅੰਦਾਜ਼ ਕੀਤਾ ਗਿਆ ਕਿਉਂਕਿ ਪੰਜਾਬ ਸਰਕਾਰ ਦੇ ਨੁਮਾਇੰਦੇ ਕਮੇਟੀ ਵਿਚ ਸਨ ਅਤੇ ਕੇਂਦਰ ਦੇ ਨੁਮਾਇੰਦੇ ਵੀ ਸਨ ਉਨ੍ਹਾਂ ਨੇ ਆਪਸ ਵਿਚ ਅੰਡਰ ਹੈਂਡ ਮੀਨਜ਼ ਅਡਾਪਟ ਕਰ ਲਿਆ ਕਿ ਇਕ ਗੌਰਮਿੰਟ ਦੇ ਕਹੇ ਤੇ ਲੈ ਲਓ ਅਤੇ ਇਕ ਆਈ. ਏ. ਐਸ. ਅਫ਼ਸਰ ਉਨ੍ਹਾਂ ਦੇ ਕਹੇ ਤੇ ਲੈ ਲਓ ਅਤੇ ਇਸ ਗਲ ਦਾ ਸ਼ਿਕਾਰ ਇਹ ਦੋ ਅਫਸਰ ਹੋ ਗਏ ਹਨ ?

ਮੁੱਖ ਮੰਤਰੀ : ਇਹ ਬਿਲਕੁਲ ਗਲਤ ਗੱਲ ਹੈ, ਸਪੀਕਰ ਸਾਹਿਬ, ਕੋਈ ਅੰਡਰ ਹੈਂਡ ਮੀਨਜ਼ ਅਖਤਿਆਰ ਨਹੀਂ ਕੀਤਾ ਗਿਆ। ਗੌਰਮਿੰਟ ਦੀਆਂ ਜੋ ਰਿਕੁਮੈਨਡੇਸ਼ਨਜ਼ ਹੁੰਦੀਆਂ ਹਨ ਉਨ੍ਹਾਂ ਵਿਚ ਫਸਟ ਜਾਂ ਸੈਕੰਡ ਪ੍ਰੈਫਰੈਂਸ ਦੀ ਕੋਈ ਗਲ ਨਹੀਂ ਸਭ ਨੂੰ ਇਕੋ ਜਿਹਾ ਰਖਿਆ ਜਾਂਦਾ ਹੈ। ਮੈਂ, ਸਪੀਕਰ ਸਾਹਿਬ, ਇਹ ਦਸਣਾ ਚਾਹੁੰਦਾ ਹਾਂ ਕਿ ਇਸ ਕਮੇਟੀ ਦੇ ਮੈਂਬਰ 6 ਹੁੰਦੇ ਹਨ ਅਤੇ ਇਹ ਕਮੇਟੀ ਰੈਗੂਲੇਸ਼ਨਜ਼ ਅਨੁਸਾਰ ਪਹਿਲਾਂ ਹੀ ਮੁਕਰਰ ਹੋਈ ਹੁੰਦੀ ਹੈ ਅਤੇ ਇਸ ਦੇ ਵਿਚ ਕੇਵਲ ਉਹ ਹੀ ਮੈਂਬਰ ਲਏ ਜਾ ਸਕਦੇ ਹਨ। ਅਹੁਦਿਆਂ ਦੇ ਮੁਤਾਬਕ ਇਸ ਵਿਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਜਾਂ ਆਪ ਹੋਵੇ ਜਾਂ ਉਹ ਚੇਅਰਮੈਨ ਕਿਸੇ ਹੋਰ ਮੈਂਬਰ ਨੂੰ ਭੇਜੇ ਉਹ ਇਸ ਕਮੇਟੀ ਨੂੰ ਪ੍ਰੀਜ਼ਾਈਡ ਕਰਦਾ ਹੈ ਔਰ ਦੂਸਰਾ ਮੈਂਬਰ ਹਿੰਦ ਸਰਕਾਰ ਦਾ ਅਫਸਰ, ਜੁਆਇੰਟ ਸੈਕਟਰੀ ਜਾਂ ਉਸ ਤੋਂ ਵੱਡੀ ਪਦਵੀ ਦਾ ਹੁੰਦਾ ਹੈ, ਤੀਸਰਾ ਮੁਤੱਲਕਾ ਸੂਬੇ ਦਾ ਚੀਫ ਸੈਕਟਰੀ, ਇਸ ਤੋਂ ਇਲਾਵਾ ਸੀਨੀਅਰ ਫਾਈਨੈਂਸ਼ਲ ਕਮਿਸ਼ਨਰ, ਡੀਵੈਲਪਮੈਂਟ ਕਮਿਸ਼ਨਰ ਔਰ ਸੀਨੀਅਰ ਕਮਿਸ਼ਨਰ ਇਸ ਕਮੇਟੀ ਦੇ ਵਿਚ ਸ਼ਾਮਲ ਹਨ। ਇਹ 6 ਬੰਦਿਆਂ ਦੀ ਕਮੇਟੀ ਪੰਜਾਬ ਗੌਰਮਿੰਟ ਦੀ ਮਰਜ਼ੀ ਨਾਲ ਨਹੀਂ ਬਣਦੀ, ਇਹ ਨਿਯਮਾ ਅਨੁਸਾਰ ਬਣੀ ਬਣਾਈ ਕਮੇਟੀ ਹੁੰਦੀ ਹੈ ਅਤੇ ਉਸ ਨੇ ਸਾਰੀਆਂ ਚੀਜ਼ਾਂ ਤੇ ਗੌਰ ਕਰਨਾ ਹੁੰਦਾ ਹੈ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਉਮਰ ਦਾ ਦਸਿਆ ਹੈ ਕੀ ਸਰਦਾਰ ਗੁਰਬਚਨ ਸਿੰਘ ਦੀ ਉਮਰ ਉਸ ਵੇਲੇ 53 ਸਾਲ ਦੀ ਨਹੀਂ ਸੀ ਜਦੋਂ ਸਿਲੈਕਸ਼ਨ ਹੋਈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵੇਲੇ ਮੈਨੂੰ ਉਨ੍ਹਾਂ ਦੀ ਉਮਰ ਦਾ ਪਤਾ ਨਹੀਂ। ਲੇਕਿਨ ਮੈਂ ਤੁਹਾਨੂੰ ਉਨ੍ਹਾਂ ਸਾਰਿਆਂ ਦੀਆਂ ਕਿਹੜੀਆਂ ਕਿਹੜੀਆਂ ਜਨਮ ਤਾਰੀਖਾਂ ਹਨ ਉਹ ਦਸਣਾ

ਚਾਹੁੰਦਾ ਹਾਂ। ਸਰਦਾਰ ਮਹਿੰਦਰ ਸਿੰਘ ਸਧਰਾਓ ਦੀ 14 ਅਗਸਤ, 1929, ਸਰਦਾਰ ਗੁਰਬਚਨ ਸਿੰਘ ਦੀ 20 ਦਸੰਬਰ, 1919, ਸ੍ਰੀ ਜੀ.ਬੀ.ਐਸ. ਗੋਸਲ ਦੀ 20 ਸਤੰਬਰ,. 1923 ਅਤੇ ਸਰਦਾਰ ਕਰਤਾਰ ਸਿੰਘ ਮਾਨ ਦੀ 9 ਸਤੰਬਰ, 1928 ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਸਰਦਾਰ ਕਰਤਾਰ ਸਿੰਘ ਮਾਨ ਜੋ ਅਫ਼ਸਰ ਹਨ ਉਨ੍ਹਾਂ ਨੂੰ ਪੰਜਾਬ ਗੌਰਮਿੰਟ ਵਲੋਂ ਕਿਹੜੇ ਨੰਬਰ ਤੇ ਰਿਕੁਮੈਂਡ ਕੀਤਾ ਗਿਆ ਅਤੇ ਕਿਨ੍ਹਾਂ ਕਾਰਨਾ ਕਰਕੇ ਉਨ੍ਹਾਂ ਨੂੰ ਇਗਨੋਰ ਕੀਤਾ ਗਿਆ।

ਮੁੱਖ ਮੰਤਰੀ : ਸਪੀਕਰ ਸਾਹਿਬ, ਨੰਬਰ ਤਾਂ ਕੋਈ ਹੁੰਦਾ ਨਹੀਂ ? ਕਿਹੜੇ ਕਾਰਨਾ ਕਰਕੇ ਉਨ੍ਹਾਂ ਨੂੰ ਨਹੀਂ ਸਿਲੈਕਟ ਕੀਤਾ ਗਿਆ ਇਹ ਕਮੇਟੀ ਜਾਣਦੀ ਹੈ ਮੈਂ ਨਹੀਂ ਜਾਣਦਾ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ, ਇਨ੍ਹਾਂ ਰੂਲਜ਼ ਦੇ ਮੁਤਾਬਕ ਇਹ ਲਿਖਿਆ ਹੋਇਆ ਹੈ ਕਿ ਜਦੋਂ ਤੁਸੀਂ ਕਮੇਟੀ ਨੂੰ ਸਿਫਾਰਸ਼ ਕਰਨੀ ਹੈ ਤਾਂ ਇਹ ਆਪਣੇ ਆਪ ਨੂੰ ਸੈਟਿਸਫਾਈ ਕਰਨਾ ਹੈ ਕਿ ਉਸ ਸਾਲ ਦੀ ਫਸਟ ਜਨਵਰੀ ਨੂੰ ਉਹ ਕੈਂਡੀਡੇਟ 52 ਸਾਲ ਤੋਂ ਵੱਧ ਨਾ ਹੋਵੇ, ਚੀਫ਼ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਉਹ ਕਮੇਟੀ ਕਈ ਸਾਲ ਆਪਣੀ ਮੀਟਿੰਗ ਨਹੀਂ ਕਰ ਸਕੀ ਇਸ ਕਰਕੇ 53 ਸਾਲ ਦੀ ਉਮਰ ਦਾ ਸਿਲੈਕਟ ਕਰ ਲਿਆ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਵਕਤ ਤੁਸੀਂ 11 ਮਈ, 1972 ਦੀ ਮੀਟਿੰਗ ਵਾਸਤੇ ਉਨ੍ਹਾਂ ਨੂੰ ਰਿਕੁਮੈਂਡ ਕੀਤਾ ਹੈ ਕੀ ਉਨ੍ਹਾਂ ਦੀ ਉਮਰ 1 ਜਨਵਰੀ, 1972 ਨੂੰ 52 ਸਾਲ ਦੀ ਸੀ ਜਾ ਵੱਧ ਸੀ ? ਜੇ 52 ਸਾਲ ਤੋਂ ਵੱਧ ਸੀ ਤਾਂ ਕੀ ਕਾਰਨ ਸਨ ਜਿਨ੍ਹਾਂ ਕਰਕੇ ਸਰਕਾਰ ਨੇ ਸਰਦਾਰ ਗੁਰਬਚਨ ਸਿੰਘ ਦੀ ਸਿਫਾਰਸ਼ ਕਰ ਦਿੱਤੀ ਹੈ ?

ਮੁੱਖ ਮੰਤਰੀ : ਸ਼ਬਦ ordinary ਹੈ। ਇਸ ਤੋਂ ਇਲਾਵਾ ਇਸ ਸਾਲ ਪੀ.ਸੀ.ਐਸ. ਵਿਚ 52 ਸਾਲ ਤੋਂ ਵਧ ਉਮਰ ਦਾ ਅਫ਼ਸਰ ਲਿਆ ਗਿਆ ਹੈ ਇਹ ਠੀਕ ਹੈ ਕਿ ਉਹ ਨਿਯਮਾਂ ਮੁਤਾਬਕ 11—12 ਦਿਨ 52 ਸਾਲ ਤੋਂ ਵੱਧ ਸਨ।

ਚੌਧਰੀ ਰਾਮ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਕੀ ਇਸ ਕਮੇਟੀ ਨੇ ਇਸ ਸਾਲ ਕੋਈ ਹਰੀਜਨ ਪੀ.ਸੀ.ਐਸ. ਜਾਂ ਨਾਨ ਪੀ.ਸੀ.ਐਸ., ਚੁਣਿਆ ਹੈ ?

ਮੁੱਖ ਮੰਤਰੀ : ਹਾਂ ਜੀ, ਇਸੇ ਸਾਲ ਕਮੇਟੀ ਨੇ 9 ਸਿਲੈਕਟ ਕੀਤੇ ਹਨ ਔਰ ਉਨ੍ਹਾਂ 9 ਵਿਚੋਂ 2 ਹਰੀਜਨ ਸਿਲੈਕਟ ਹੋਏ ਹਨ। ਇਸ ਤੋਂ ਪਹਿਲਾਂ 18 ਸਾਲ ਦੇ ਅੰਦਰ ਇਕ ਹਰੀਜਨ ਸਿਲੈਕਟ ਹੋਇਆ ਸੀ ਔਰ ਇਹ ਪਹਿਲਾ ਮੌਕਾ ਹੈ ਜਦੋਂ ਕਿ 2 ਹਰੀਜਨ 9 ਵਿਚੋਂ ਸਿਲੈਕਟ ਕੀਤੇ ਗਏ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਹ ਜਿਹੜੀਆਂ ਦੋ ਆਈ.ਏ.ਐਸ. ਅਫ਼ਸਰਾਂ ਵਾਸਤੇ ਰਿਕੁਮੈਂਡੇਸ਼ਨਜ਼ ਹੋਈਆਂ ਹਨ ਉਨ੍ਹਾਂ ਦੇ ਵਿਚੋਂ ਕਿਸੇ ਦਾ ਕੋਈ ਪ੍ਰਸਨਲ ਰਿਕਾਰਡ ਵੀ ਗੁੰਮ ਸੀ ?

ਮੁੱਖ ਮੰਤਰੀ : ਕਿਸੇ ਦਾ ਪ੍ਰਸਨਲ ਰਿਕਾਰਡ ਇਕ ਅੱਧੇ ਸਾਲ ਦਾ ਗੁੰਮ ਹੋਵੇ ਤਾਂ ਇਹ ਮੈਂ ਕਹਿ ਨਹੀਂ ਸਕਦਾ ਪਰ ਸਾਰੇ ਸਾਲਾਂ ਦਾ ਗੁੰਮ ਹੋਵੇ ਇਹ ਗਲ ਨਹੀਂ ਸੀ।

ਸਰਦਾਰ ਗੁਰਦੇਵ ਸਿੰਘ ਸਿੱਧੂ : ਕੀ ਮੁੱਖ ਮੰਤਰੀ ਸਾਹਿਬ ਇਹ ਦਸਣਗੇ ਕਿ ਕੀ ਸਰਦਾਰ ਗੁਰਬਚਨ ਸਿੰਘ ਦਾ 12 ਸਾਲਾਂ ਦਾ ਰਿਕਾਰਡ ਗੁੰਮ ਨਹੀਂ ਹੈ ? ਔਰ ਉਸ ਦੇ ਖਿਲਾਫ ਮਾਰਕਫੈਡ ਵਿਚ ਇਨਕੁਆਇਰੀ ਨਹੀਂ ਹੋਈ ਕਿ ਕਰਨਾਟਕ ਦੀ ਜੋ ਫਰਟੇਲਾਈਜ਼ਰ ਫੈਕਟਰੀ ਹੈ ਉਸ ਦੇ ਵਿਚ ਉਸ ਨੇ ਗਬਨ ਕੀਤਾ ਹੋਇਆ ਸੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਗੱਲ ਮੇਰੇ ਨੋਟਿਸ ਵਿਚ ਨਹੀਂ ਹੈ ਕਿ ਕੋਈ ਇਨਕੁਆਇਰੀ ਹੋ ਰਹੀ ਸੀ ਜਾਂ ਕਿਸੇ ਦਾ ਕੋਈ ਪਰਸਨਲ ਰਿਕਾਰਡ 12 ਸਾਲਾਂ ਦਾ ਗੁੰਮ ਸੀ। ਜੇਕਰ ਇਹੋ ਜਿਹੀ ਕੋਈ ਗਲ ਮੈਂਬਰ ਸਾਹਿਬ ਨੂੰ ਪਤਾ ਹੈ ਤਾਂ ਉਹ ਮੇਰੇ ਨੋਟਿਸ ਵਿਚ ਲਿਆ ਦੇਣ ਮੈਂ ਇਨਕੁਆਇਰੀ ਕਰਵਾ ਲਵਾਂਗਾ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਫਰਮਾਇਆ ਹੈ ਕਿ ਉਸ ਕਮੇਟੀ ਦੀਆਂ ਕਈ ਸਾਲ ਮੀਟਿੰਗਾਂ ਨਹੀਂ ਸੀ ਹੋ ਸਕੀਆਂ। ਮੈਂ ਬੇਨਤੀ ਕਰਦਾ ਹਾਂ ਕਿ 1971 ਵਿਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਮਿਸਟਰ ਸਹਾਏ ਆਉਂਦਾ ਰਿਹਾ ਅਤੇ ਉਹ ਮੀਟਿੰਗਾਂ ਕਰਦਾ ਰਿਹਾ, ਪਰ ਚੂੰਕਿ ਉਹ ਸ਼ਡਿਊਲਡ ਕਾਸਟਸ ਮੈਂਬਰ ਸੀ ਅਤੇ ਇਸ ਕਰਕੇ ਉਸ ਨੇ ਸ਼ਡਿਊਲਡ ਕਾਸਟਸ ਨੂੰ ਇਨਸਾਫ ਦਿਵਾਉਣਾ ਸੀ। ਉਸ ਕਮੇਟੀ ਨੇ ਉਸ ਨੂੰ ਉਸ ਵਕਤ ਤਕ ਜਾਣ ਬੁਝ ਕੇ ਕੇਸ ਪੁਟ ਨਹੀਂ ਕੀਤਾ ਕਿਉਂਕਿ ਇਨ੍ਹਾਂ ਨੂੰ ਪਤਾ ਸੀ ਕਿ ਸ਼ਡਿਊਲਡ ਕਾਸਟ ਨੂੰ ਇਨਸਾਫ ਮਿਲਣਾ ਹੈ । ਕੀ ਇਹ ਠੀਕ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ 1971 ਦੀ ਗਲ ਕਰਦੇ ਹਨ, 1971 ਬਾਰੇ ਮੈਂ ਪਤਾ ਕਰ ਲਵਾਂਗਾ। ਪਰ ਇਸ ਵੇਲੇ ਕੋਈ ਜਾਣ ਬੁਝ ਕੇ ਐਸੀ ਚੀਜ਼ ਨਹੀਂ ਹੋਈ। ਲੇਕਿਨ ਉਸ ਤੋਂ ਬਾਅਦ ਕਦੇ ਇਹ ਕੇਸ ਸਿਲੈਕਸ਼ਨ ਕਮੇਟੀ ਵਲੋਂ ਕੰਨਸਿਡਰ ਨਹੀਂ ਹੋਇਆ ਅਤੇ ਨਾ ਹੀ ਜਾਣ ਬੁਝ ਕੇ ਇਸ ਕੇਸ ਵਿਚ ਕੋਈ ਡਿਲੇ ਕੀਤੀ ਗਈ। ਇਕ ਵਾਰ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਚਲ ਰਿਹਾ ਸੀ ਅਤੇ ਉਸ ਵਕਤ ਗੌਰਮਿੰਟ ਨੇ ਕਿਹਾ ਸੀ ਕਿ ਕਮੇਟੀ ਦੀ ਮੀਟਿੰਗ ਸੈਸ਼ਨ ਤੋਂ ਬਾਅਦ ਕਰ ਲਵਾਂਗੇ ਅਤੇ ਬਾਅਦ ਵਿਚ ਉਨ੍ਹਾਂ ਨੂੰ ਕੋਈ ਟਾਈਮ ਸੂਟ ਨਹੀਂ ਕੀਤਾ। ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਹਰੀਜਨ ਉਮੀਦਵਾਰ ਨੂੰ ਰਿਪ੍ਰੈਜ਼ੈਂਟੇਸ਼ਨ ਦਿਲਾਉਣ ਵਾਸਤੇ ਮਿਤੀ 4 ਜਨਵਰੀ, 1973 ਨੂੰ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੂੰ ਇਕ ਚਿੱਠੀ ਲਿਖੀ ਗਈ ਸੀ ਜਿਹੜੀ ਕਿ ਇਸ ਤਰ੍ਹਾਂ ਹੈ :

I am further directed to say that the Selection Committee may be requested to select one Scheduled Caste candidate and another candidate from the three persons, who are now being recommended so as to fill up both the vacancies from the non State Civil Officers.

ਸਪੀਕਰ ਸਾਹਿਬ, ਇਸ ਚਿੱਠੀ ਦਾ ਜਿਹੜਾ ਉਤਰ ਪਬਲਿਕ ਸਰਵਿਸ ਕਮਿਸ਼ਨ ਵਲੋਂ ਮਿਤੀ 30 ਜਨਵਰੀ, 1973 ਨੂੰ ਆਇਆ ਜਿਸ ਵਿਚ ਪੰਜਾਬ ਸਰਕਾਰ ਦੀ ਇਹ ਗਲ ਨਹੀਂ ਮੰਨੀ ਗਈ ਉਸ ਚਿੱਠੀ ਦਾ ਉਤਰ ਇਸ ਤਰ੍ਹਾਂ ਹੈ :—

With reference to para 3 of the letter under reference, I am to point out that there is no provision in the Indian Administrative Service Appointment by Selection (Regulations), 1956, that preference should be given to the members of the Scheduled Castes in the matter of selection for appointment in the Indian Administrative Service.

ਗੌਰਮਿੰਟ ਨੇ ਆਪਣੇ ਵਲੋਂ ਪੂਰਾ ਯਤਨ ਕੀਤਾ ਕਿ ਹਰੀਜਨ ਜਿਸ ਦਾ ਨਾਮ ਅਸੀਂ ਭੇਜਿਆ ਉਸ ਨੂੰ ਲਿਆ ਜਾਏ।

ਸਰਦਾਰ ਅਜਾਇਬ ਸਿਘ ਸੰਧੂ : ਮੈਂ ਮੁੱਖ ਮੰਤਰੀ ਸਾਹਿਬ ਦਾ ਧਿਆਨ ਉਨ੍ਹਾਂ ਦੇ ਰੂਲਜ਼ ਨੰਬਰ 3 ਸੱਬ ਰੂਲ (3) ਵਲ ਦਿਵਾਣਾ ਚਾਹੁੰਦਾ ਹਾਂ, ਉਸ ਦੇ ਵਿਚ ਇਹ ਲਿਖਿਆ ਹੋਇਆ ਹੈ:

The recommendations of the Selection Committee made under sub-rule (2) shall be placed before the State Government and the latter shall forward those recommendations to the Commission for approval.

ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਸ ਦਾ ਕਾਨਫੀਡੈਂਸ਼ਲ ਰਿਕਾਰਡ ਨਾਲ ਭੇਜਿਆ ਗਿਆ ਅਤੇ ਆਬਜ਼ਰਵੇਸ਼ਨ ਇਫ ਐਨੀ, ਨਾਲ ਭੇਜੀ ਗਈ ਅਤੇ ਜਿਸ ਤਰ੍ਹਾਂ ਇਹ ਕਹਿੰਦੇ ਹਨ ਕਿ ਸਰਵਿਸ ਕਮਿਸ਼ਨ ਦਾ ਜਵਾਬ ਆ ਗਿਆ ਅਤੇ ਜਵਾਬ ਆਉਣ ਤੋਂ ਬਾਦ ਔਰ ਚਿੱਠੀ ਲਿਖਣ ਤੋਂ ਬਾਅਦ ਕਮਿਸ਼ਨ ਨੇ ਕਹਿ ਦਿਤਾ ਕਿ ਰੇਜ਼ਰਵੇਸ਼ਨ ਨਹੀਂ ਹੋਣੀ। ਜਦੋਂ ਉਸ ਕਮੇਟੀ ਨੇ ਇਹ ਰਿਕਮੈਂਡੇਸ਼ਨ ਕਰਕੇ ਤੁਹਾਨੂੰ ਚਿੱਠੀ ਲਿਖੀ ਕੀ ਉਸ ਤੋਂ ਬਾਅਦ ਤੁਸੀਂ ਉਥੇ ਕੋਈ ਆਪਣੀ ਆਬਜ਼ਰਵੇਸ਼ਨ ਭੇਜੀ ਕਿ ਪੰਜਾਬ ਸਰਕਾਰ ਦੀ ਮਰਜ਼ੀ ਹੈ ਕਿ ਇਕ ਪੋਸਟ ਸ਼ਡਿਊਲਡ ਕਾਸਟ ਨੂੰ ਜ਼ਰੂਰ ਦੇਣੀ ਹੈ। ਜੇ ਕੀਤੀ ਤਾਂ ਉਹ ਕਿਹੜੀ ਸਿਫਾਰਸ਼ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਗੌਰਮਿੰਟ ਦੀ ਪਰਮਪਰਾ ਚਲੀ ਆਉਂਦੀ ਹੈ ਉਹ ਇਹ ਹੈ ਕਿ ਸਿਲੈਕਸ਼ਨ ਕਮੇਟੀ ਦੇ ਕੀਤੇ ਹੋਏ ਫੈਸਲੇ ਨੂੰ ਸਰਕਾਰ ਜਿਹੜੀ ਵੀ ਹੋਵੇ ਆਮ ਤੌਰ ਤੇ ਰੱਦ ਨਹੀਂ ਕਰਦੀ ਖਾਸ ਕਰਕੇ ਜਿਥੇ ਸਫਾਰਸ਼ ਯੂਨੈਨੀਮਸ ਹੋਵੇ। (ਵਿਘਨ) ਜਦੋਂ ਕਿ ਅਸੀਂ ਪਹਿਲਾਂ ਕਮੇਟੀ ਨੂੰ ਵੀ ਲਿਖ ਚੁਕੇ ਸਾਂ ਅਤੇ ਪਬਲਿਕ ਸਰਵਿਸ ਕਮਿਸ਼ਨ ਪਾਸ ਵੀ ਅਸੀਂ ਆਪਣੀ ਰਿਕੁਐਸਟ ਭੇਜ ਚੁਕੇ ਸਾਂ ਅਤੇ ਸਾਡੀ ਰਿਕੁਐਸਟ ਟਰਨ ਡਾਉਨ ਕਰ ਦਿਤੀ ਗਈ ਸੀ, ਸਾਡੀ ਰਿਕੁਐਸਟ ਨਹੀਂ ਮੰਨੀ ਗਈ ਸੀ ਇਸ ਦੀ ਕੋਈ ਗੁੰਜਾਇਸ਼ ਨਹੀਂ ਸੀ ਜਦੋਂ ਪਬਲਿਕ ਸਰਵਿਸ ਕਮਿਸ਼ਨ ਨੇ ਉਸ ਦੇ ਮੁਤਅੱਲਕ ਫੈਸਲਾ ਕਰ ਦਿਤਾ ਅਸੀਂ ਉਸ ਦੇ ਮੁਤਅੱਲਕ ਕੁਝ ਨਹੀ ਸੀ ਕਰ ਸਕਦੇ। ਸਾਡੇ ਦਿਲ ਵਿਚ ਸ਼ਡਿਊਲਡ ਕਾਸਟਸ ਨੂੰ ਉਚਾ ਚੁਕਣ ਦੀ ਖਾਹਸ਼ ਹੈ ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਅਸੀਂ ਸ੍ਰੀ ਸੁਧਰਾਓ ਦਾ ਗਰੇਡ 1600–1800 ਤੋਂ ਵਧਾ ਕੇ 1800–2250 ਕਰ ਦਿਤਾ ਹੈ। ਉਹ ਇਕ ਇੰਡੀਪੈਂਡੈਂਟ ਮਹਿਕਮੇ ਦਾ ਹੈਡ ਬਣ ਗਿਆ ਹੈ। ਮੈਂ ਸਮਝਦਾ ਹਾਂ ਕਿ ਬਦਕਿਸਮਤੀ ਨਾਲ ਜਾਂ ਖੁਸ਼ਕਿਸਮਤੀ ਨਾਲ ਅਗਰ ਉਹ ਆਈ. ਏ. ਐਸ. ਵਿਚ ਆ ਜਾਂਦਾ ਤਾਂ ਉਹ ਇਸ ਗਰਡ ਵਿਚ ਹੁਣ ਤਕ ਵੀ ਨਹੀਂ ਸੀ ਆਉਣਾ। ਉਸ ਨੂੰ ਆਈ ਏ. ਐਸ. ਵਿਚ ਵਧ ਤੋਂ ਵਧ 1800 ਤਨਖਾਹ ਮਿਲਣੀ ਸੀ। ਉਹ ਹੁਣ ਚੰਗਾ status enjoy ਕਰਦਾ ਹੈ ਅਤੇ ਉਹ ਬਿਲਕੁਲ ਸੈਟਿਸਫਾਈਡ ਹੈ ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸਾਰੇ ਸੌਂਹ ਖਾ ਕੇ ਇਥੇ ਬੈਠੇ ਹਾਂ ਕਿ ਅਸੀਂ ਹਰ ਕੰਮ ਵਿਦਾਊਟ ਫੀਅਰ ਅਤੇ ਫੇਵਰ ਕਰਨਾ ਹੈ। ਇਸ ਲਈ ਅਸੀਂ ਸਿਲੈਕਸ਼ਨ ਵਿਚ ਦਖਲ ਨਹੀਂ ਦਿਤਾ ਵੈਸੇ ਪਾਲਿਸੀ ਦੇ ਤੌਰ ਤੇ ਅਸੀਂ ਹਰੀਜਨਾਂ ਦੀ ਫੇਵਰ ਕਰਦੇ ਆਏ ਹਾਂ ਅਤੇ ਕਰਦੇ ਰਹਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਸਪਲੀਮੈਂਟਰੀ ਸਰ ....

ਸ੍ਰੀ ਸਪੀਕਰ : ਵਾਇਦੇ ਦੇ ਮੁਤਾਬਕ 10 ਮਿੰਟਾਂ ਦੀ ਬਜਾਏ 15 ਮਿੰਟ ਹੋ ਗਏ ਹਨ, ਇਸ ਲਈ ਹੁਣ ਹੋਰ ਸਪਲੀਮੈਂਟਰੀ ਇਸ ਕੁਐਸ਼ਚਨ ਤੇ ਨਾ ਹੋਣ ਤਾਂ ਚੰਗੀ ਗਲ ਹੋਵੇਗੀ। (ਵਿਘਨ)

[Mr. Speaker]

(Against the promised ten minutes already fifteen minutes have been devoted to supplementaries to this question. It would be better if no more supplementaries are asked on this question.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਬਸ ਇਕ ਹੀ ਸਪਲੀਮੈਂਟਰੀ ਕਰਨੀ ਹੈ।

ਸ੍ਰੀ ਸਪੀਕਰ : ਠੀਕ ਹੈ ਪੁਛ ਲਵੋ । (All right, you may put the supplementary.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜਿਥੋਂ ਤਕ ਇਹ ਫਰਮਾਇਆ ਹੈ ਕਿ ਸ੍ਰੀ ਸਧਰਾਓ ਸੈਟਿਸਫਾਈਡ ਹੈ, ਉਹ ਸੈਟਿਸਫਾਈਡ ਹੋਣ ਜਾਂ ਨਾ ਹੋਣ ਸਾਨੂੰ ਉਸ ਦੇ ਨਾਲ ਕੁਝ ਨਹੀਂ ਪਰ ਅਸੀਂ ਬਿਲਕੁਲ ਸੈਟਿਸਫਾਈਡ ਨਹੀਂ ਹਾਂ। ਮੈਂ ਮੁੱਖ ਮੰਤਰੀ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਕਰ ਉਨ੍ਹਾਂ ਨੂੰ ਤਨਖਾਹ ਇਹ ਦਈਏ ਜੋ ਲੈ ਰਹੇ ਹਨ ਅਤੇ ਉਨ੍ਹਾਂ ਨੂੰ ਸਟੇਟ ਮਨਿਸਟਰ ਬਣਾ ਦਈਏ ਕੀ ਉਹ ਮੰਨਣ ਵਾਸਤੇ ਤਿਆਰ ਹੋਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ ਕਿ 15 ਮਿੰਟ ਇਸ ਕੁਐਸ਼ਚਨ ਨੂੰ ਹੋ ਗਏ ਹਨ ਅਗਰ ਮੈਂਬਰ ਸਾਹਿਬਾਨ ਹੋਰ ਸੁਆਲ ਪੁਛਣਾ ਚਾਹੁੰਦੇ ਹਨ ਤਾਂ ਪੁਛ ਲੈਣ। ਦੂਜੇ ਜੇ ਕਰ ਸੰਧੂ ਸਾਹਿਬ ਨੂੰ ਅਖਤਿਆਰ ਹੈ ਮੈਨੂੰ ਸਟੇਟ ਮਨਿਸਟਰ ਬਣਾਉਣ ਦਾ ਤਾਂ ਮੈਂ ਮੰਨਜ਼ੂਰ ਕਰ ਲਵਾਂਗਾ। (ਹਾਸਾ)

ਸ੍ਰੀ ਸਪੀਕਰ : ਇਸ ਸੁਆਲ ਤੇ ਕਾਫੀ ਸਪਲੀਮੈਂਟਰੀ ਹੋ ਚੁਕੇ ਹਨ। ਮੈਨੂੰ ਇਸ ਗਲ ਵਿਚ ਖੁਸ਼ੀ ਹੈ ਕਿ ਮੇਰੇ ਚੈਂਬਰ ਵਿਚ ਸਾਰੇ ਪਾਰਟੀ ਲੀਡਰਜ਼ ਦੀ ਮੀਟਿੰਗ ਹੋਈ ਸੀ ਔਰ ਉਸ ਵਿਚ ਕਾਫੀ ਡਿਸਕਸ਼ਨ ਤੋਂ ਬਾਅਦ ਇਹ ਫੈਸਲਾ ਹੋਇਆ ਸੀ ਕਿ ਇਸ ਸੁਆਲ ਤੇ 10 ਜਾਂ 15 ਮਿੰਟ ਤਕ ਸਪਲੀ-ਮੈਂਟਰੀ ਕਰਨ ਦੀ ਇਜਾਜ਼ਤ ਦਿਤੀ ਜਾਵੇ। ਉਥੇ ਇਕ ਫੈਸਲਾ ਹੋਇਆ ਸੀ ਕਿ ਜਿਹੜਾ ਸੁਆਲ ਆਏ ਉਸ ਤੇ 5 ਜਾਂ 6 ਸਪਲੀਮੈਂਟਰੀ ਤੋਂ ਜ਼ਿਆਦਾ ਨਾ ਹੋਣ। ਕਿਉਂਕਿ ਬਾਕੀ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਸੁਆਲ ਰਹਿ ਜਾਂਦੇ ਹਨ ਉਹ ਸਪਲੀਮੈਂਟਰੀ ਨਹੀਂ ਕਰ ਸਕਦੇ। ਉਨ੍ਹਾਂ ਦਾ ਗਿਲਾ ਹੈ ਕਿ ਉਹ ਬੜੀ ਮੇਹਨਤ ਨਾਲ ਕੁਐਸ਼ਚਨ ਭੇਜਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਕੁਐਸ਼ਚਨ ਤੇ ਸਪਲੀਮੈਂਟਰੀ ਪੁਟ ਕਰਨ ਦਾ ਮੌਕਾ ਨਹੀਂ ਮਿਲਦਾ। ਮੈਂ ਬੇਨਤੀ ਕਰਦਾ ਹਾਂ ਕਿ ਜੋ ਫੈਸਲਾ ਲੀਡਰਜ਼ ਨੇ ਕੀਤਾ ਹੈ ਉਸ ਤੇ ਅਮਲ ਹੋਣਾ ਚਾਹੀਦਾ ਹੈ। ਹੁਣ ਅਗਲੇ ਸੁਆਲ ਤੇ ਸਪਲੀਮੈਂਟਰੀ ਹੋਣਗੇ ਜਿਹੜਾ ਕਿ ਕਾਮਰੇਡ ਰਾਜ ਕੁਮਾਰ ਨੇ ਦਿਤਾ ਸੀ। (A large number of supplementary questions have been asked in respect of this question. I would like to bring it to the notice of the House that a meeting of all the party leaders was held in my Chamber in this respect and after a good deal of discussion it was decided that about 10 to 15 minutes may be given for putting supplementaries on this question. It was also decided that not more than 5 to 6 supplementaries should be allowed on any

question, because otherwise, other Members are deprived of the opportunity to put supplementary questions in respect to their own questions which they take pains to frame and put in. I would request the House that the decision of the Party Leaders should be honoured. Now supplementaries will be put on the question given notice of by Comrade Raj Kumar.)

ਆਵਾਜ਼ਾਂ: ਸਪੀਕਰ ਸਾਹਿਬ, ਇਸ ਤੇ ਸਪਲੀਮੈਂਟਰੀ ਹੋ ਲੈਣ ਦਿਓ। (ਵਿਘਨ)

ਸ੍ਰੀ ਸਪੀਕਰ: ਅਗਰ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨਾ ਚਾਹੁੰਦੇ ਹਨ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਕਿਉਂਕਿ ਮੈਂ ਤਾਂ ਹਾਊਸ ਦੀ ਵਿਸ਼ਿਜ਼ ਮੁਤਾਬਿਕ ਚਲਨਾ ਹੈ। (If the hon. Members wish to ask more supplementaries on this question, I have no objection to it, because I have to conduct the House according to the wishes of the House.)

ਸਰਦਾਰ ਬਸੰਤ ਸਿੰਘ ਖਾਲਸਾ: ਕੀ ਮੁੱਖ ਮੰਤਰੀ ਸਾਹਿਬ ਦਸਣ ਦੀ ਕਿਰਪਾ ਕਰਨਗੇ ਕਿ ਇਹ ਜਿਹੜੇ ਦੋ ਅਫਸਰ ਹਨ, ਇਨ੍ਹਾਂ ਵਿਚੋਂ ਕੋਈ 1967 ਵਿਚ ਵੀ ਰਿਜੈਕਟ ਹੋਇਆ ਸੀ ? ਜੇ ਹੋਇਆ ਸੀ ਤਾਂ ਉਸਦੀ ਕੀ ਵਜ੍ਹਾ ਸੀ ?

ਸ੍ਰੀ ਸਪੀਕਰ : ਇਸ ਦਾ ਵਖਰਾ ਨੋਟਿਸ ਦੇ ਦਿਓ। (Please give a separate notice for this question.)

ਡਾਕਟਰ ਅਮੀਰ ਸਿੰਘ ਕਲਕਟ: ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਸ ਵੇਲੇ ਹਰੀਜਨ ਆਈ.ਏ.ਐਸ. ਅਫਸਰ ਹਨ, ਇਹ ਕਾਂਗਰਸ ਸਰਕਾਰ ਦੀ ਬਰਕਤ ਨਾਲ ਨਹੀਂ ਹਨ ਕਿਉਂਕਿ ਹਰੀਜਨਾਂ ਲਈ ਆਈ.ਏ. ਐਸ. ਦੀ ਟਰੇਨਿੰਗ ਵਾਸਤੇ ਕਾਲਜ ਇਨ੍ਹਾਂ ਖੋਲਿਆ ਸੀ। ?

(ਕੋਈ ਜਵਾਬ ਨਹੀਂ ਆਇਆ)

ਸਰਦਾਰ ਸੁਖਦੇਵ ਸਿੰਘ ਢਿਲੋਂ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਸੁਧਰਾਓ ਸਾਹਿਬ ਨੂੰ ਕੰਪਨਸੇਟ ਕਰਨ ਵਾਸਤੇ ਉਨ੍ਹਾਂ ਨੂੰ 1800–2250 ਰੁ. ਦਾ ਗਰੇਡ ਦੇ ਦਿਤਾ ਹੈ। ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁਦਾ ਹਾਂ ਕਿ ਸਰਦਾਰ ਕਰਤਾਰ ਸਿੰਘ ਮਾਨ ਨੂੰ ਵੀ ਇਹ ਗਰੇਡ ਦੇ ਕੇ ਕੰਪਨਸੇਟ ਕਰਨਗੇ ?

ਮੁੱਖ ਮੰਤਰੀ: ਜੇ ਰੂਲਜ਼ ਨੇ ਪਰਮਿਟ ਕੀਤਾ ਤਾਂ ਅਸੀਂ ਸਰਦਾਰ ਕਰਤਾਰ ਸਿੰਘ ਮਾਨ ਨੂੰ ਗਰੇਡ ਦੇਣ ਦੇ ਬਾਰੇ ਵਿਚ ਜ਼ਰੂਰ ਵਿਚਾਰ ਕਰਾਂਗੇ। ਸਪੀਕਰ ਸਾਹਿਬ, ਮੈ ਇਕ ਗੱਲ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਸਰਦਾਰ ਕਰਤਾਰ ਸਿੰਘ ਮਾਨ ਅਪਰ ਹਾਉਸ ਜਿਹੜਾ ਕਿ ਅਬਾਲਿਸ਼ ਹੋ ਗਿਆ ਸੀ ਉਸ ਵਿਚੋਂ ਆਏ ਸਨ। ਉਸ ਵਕਤ ਜਿਹੜੀ ਸਰਕਾਰ ਇਨ੍ਹਾਂ ਬੈਂਚਾਂ ਤੇ ਬੈਠੀ ਸੀ ਉਹ

[ਮੁੱਖ ਮੰਤਰੀ]

ਸਰਦਾਰ ਸੁਖਦੇਵ ਸਿੰਘ ਢਿਲੋਂ ਦੀ ਪਾਰਟੀ ਦੀ ਸੀ। ਇਨ੍ਹਾਂ ਨੇ ਤਾਂ ਉਸ ਨੂੰ ਥਾਂ ਵੀ ਨਹੀਂ ਦਿੱਤੀ ਅਤੇ ਮੁਨਾਸਿਬ ਤੌਰ ਤੇ ਅਬਜਾਰਬ ਨਹੀਂ ਕੀਤਾ, ਅੱਜ ਇਨ੍ਹਾਂ ਨੂੰ ਬੜੀ ਹਮਦਰਦੀ ਆ ਰਹੀ ਹੈ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਸ ਮਾਮਲੇ ਉਤੇ ਹਾਊਸ ਵਿਚ ਕਾਫੀ ਚਰਚਾ ਅਤੇ ਬੇਚੈਨੀ ਹੈ। ਟਰੈਜ਼ਰੀ ਬੈਂਚਿਜ਼ ਦੇ ਕਈ ਹਰੀਜਨ ਐਮ. ਐਲ.ਏਜ਼. ਬਾਹਰ ਬੈਠੇ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਕਮੇਟੀ ਨੂੰ ਇਸ ਤੇ ਮੁੜ ਵਿਚਾਰ ਕਰਨ ਲਈ ਦੁਬਾਰਾ ਸਿਫਾਰਸ਼ ਕਰੇਗੀ ?

(ਕੋਈ ਜਵਾਬ ਨਹੀਂ ਦਿਤਾ ਗਿਆ)

ਸਰਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਹੜੀਆਂ ਕਾਰਪੋਰੇਸ਼ਨਜ਼ ਹਨ ਇਨ੍ਹਾਂ ਵਿਚੋਂ ਕਿੰਨੀਆਂ ਵਿਚ ਹਰੀਜਨ ਆਫੀਸਰਜ਼ ਮੈਨੇਜਿੰਗ ਡਾਇਰੈਕਟਰਜ਼ ਲੱਗੇ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵੇਲੇ 4 ਮੈਨੇਜਿੰਗ ਡਾਇਰੈਕਟਰ ਲੱਗੇ ਹਨ, ਦੋ ਐਸ. ਪੀ. ਲਗੇ ਹੋਏ ਹਨ ਅਤੇ ਦੋ ਡੀ. ਸੀ ਲੱਗੇ ਹੋਏ ਹਨ। ਮੈਂ ਤਿੰਨ ਡੀ. ਸੀ. ਅਤੇ ਤਿੰਨ ਐਸ. ਪੀ ਲਾਏ ਹਨ ਪਰ ਮੋਗਾ ਕਾਂਡ ਦੀ ਵਜ੍ਹਾ ਕਾਰਨ ਇੱਕ ਡੀ. ਸੀ ਅਤੇ ਇਕ ਐਸ. ਪੀ. ਹਟਾਉਣਾ ਪਿਆ। ਇਸੇ ਤਰ੍ਹਾਂ ਕਈ ਹਰੀਜਨ ਆਫੀਸਰਜ਼ ਹੈਡ ਆਫ ਦੀ ਡਿਪਾਰਟਮੈਂਟ ਵੀ ਹਨ। ਜੇ ਇਹ ਚਾਹੁਣ ਤਾਂ ਮੈਂ ਗਿਣਤੀ ਕਰਕੇ ਵੀ ਦਸ ਸਕਦਾ ਹਾਂ।

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰਹੜੀ ਅਤੇ ਸਰਦਾਰ ਧੰਨਾ ਸਿੰਘ ਗੁਲਸ਼ਨ ਸਪਲੀਮੈਂਟਰੀ ਪੁੱਛਣ ਲਈ ਖੜੇ ਹੋਏ)

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਆਈ.ਏ. ਐਸ. ਆਫੀਸਰਜ਼ ਸਿਲੈਕਟ ਕਰਨ ਵਾਲੀ ਕਮੇਟੀ ਹੈ, ਇਸ ਦੀ ਸਿਲੈਕਸ਼ਨ ਫਾਈਨਲ ਹੈ ਜਾਂ ਫਿਰ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਤੋਂ ਅਪਰੂਵਲ ਲੈਣੀ ਪੈਂਦੀ ਹੈ।

ਮੁੱਖ ਮੰਤਰੀ : ਯੂਨੀਅਨ ਪਬਲਿਕ ਸਰਵਿਸ ਮਿਸ਼ਨ ਦੀ ਅਪਰੂਵਲ ਲੈਣੀ ਪਾਂਦੀ ਹੈ ਅਤੇ ਇਸ ਤੋਂ ਪਿਛੋਂ ਸੈਂਟਰਲ ਗੌਰਮਿੰਟ ਹੀ ਉਨ੍ਹਾਂ ਦੀ ਆਈ ਏ. ਐਸ ਦੇ ਤੌਰ ਤੇ ਪੋਸਟਿੰਗ ਕਰਦੀ ਹੈ।

ਸਰਦਾਰ ਕਰਨੈਲ ਸਿੰਘ ਮਰੜ੍ਹੀ . ਸਪੀਕਰ ਸਾਹਿਬ, ਇਸ ਹਾਊਸ ਵਿਚ ਝਗੜਾ ਵੀ ਹੋਇਆ ਹੈ ਅਤੇ ਸਰਕਾਰ ਨੇ ਮੰਨ ਵੀ ਲਿਆ ਹੈ ਕਿ ਹਰੀਜਨਾਂ ਨੂੰ ਆਈ.ਏ. ਐਸ. ਅਫਸਰਾਂ ਵਿਚ ਨਹੀਂ ਲਿਆ ਗਿਆ ਹੈ ਅਤੇ ਦੂਜੇ ਲੱਗੇ ਹਨ ਅਤੇ ਇਸ ਤਰ੍ਹਾਂ ਨਾਲ ਹਰੀਜਨਾਂ ਨਾਲ ਧੱਕਾ ਹੋਇਆ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਦੂਜਿਆਂ ਬੰਦਿਆਂ ਦੀ ਸਿਫਾਰਸ਼ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਸਿਫਾਸ਼ਸ਼ ਕਰੇਗੀ ਜਿਹੜੇ ਕਿ ਰਹਿ ਗਏ ਹਨ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਦੀ ਗਿਆਤ ਲਈ ਦਸਦਾ ਹਾਂ ਕਿ ਇਹ ਸਮਾਂ ਦਸੇਗਾ ਕਿ ਉਸ ਵਕਤ ਇਨ੍ਹਾਂ ਦੀ ਉਮਰ ਕਿੰਨੀ ਹੈ। ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ

ਆਇੰਦਾ ਵਾਸਤੇ ਇਹ ਵੀ ਖਿਆਲ ਰਖਿਆ ਜਾਵੇਗਾ ਕਿ ਜਨਮ ਕਿਸ ਵੇਲੇ ਹੋਇਆ। ਜੇ ਕਿਸੇ ਦਾ ਜਨਮ ਦੋ ਘੰਟੇ ਵੀ ਲੇਟ ਹੋਇਆ ਤਾਂ ਵੀ ਉਸਦਾ ਨਾਂ ਨਹੀਂ ਰਿਕਮੈਂਡ ਕਰਾਂਗੇ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਹੋਣਗੇ ਜਿਹੜੇ ਕਿ ਪੀ.ਸੀ.ਐਸ. ਜਾਂ ਸਟੇਟ ਸਿਵਲ ਸਰਵਿਸ ਵਿਚ ਹੋਣਗੇ। ਸਰਕਾਰ ਪੂਰਾ ਪੂਰਾ ਧਿਆਨ ਰਖੇਗੀ ਕਿ ਕੌਣ ਕੌਣ ਨਾਮੀਨੇਟ ਹੋ ਸਕਦੇ ਹਨ ਤਾਂ ਕਿ ਕਿਸੇ ਦਾ ਹੱਕ ਨਾ ਮਾਰਿਆ ਜਾਵੇ।

ਸਰਦਾਰ ਗੁਰਮੇਜ਼ ਸਿੰਘ : ਸਪੀਕਰ ਸਾਹਿਬ ਜਿਥੋਂ ਤਕ ਆਈ. ਏ. ਐਸ. ਅਫਸਰਾਂ ਦੀ ਸਿਲੈਕਸ਼ਨ ਦਾ ਕੁਅਸ਼ਚਨ ਹੈ, ਉਹ ਇੱਕ ਸੈਂਟਰ ਦਾ ਬੋਰਡ ਕਰਦਾ ਹੈ। ਉਸ ਦੇ ਨਾਲ ਸਾਡੀ ਸਟੇਟ ਦਾ ਕੋਈ ਸਬੰਧ ਨਹੀਂ ਹੈ। (ਸ਼ੋਰ) (ਵਿਘਨ) ਜਿਥੋਂ ਤਕ ਹਰੀਜਨਾਂ ਦੇ ਮਸਲੇ ਦਾ ਸਬੰਧ ਹੈ, ਅਸੀਂ ਮੁੱਖ ਮੰਤਰੀ ਸਾਹਿਬ ਨੂੰ ਮਿਲੇ ਸੀ। ਕੀ ਸਰਕਾਰ ਕਲਾਸ ਵਨ ਅਤੇ ਕਲਾਸ ਟੂ ਵਿਚ ਵੀ ਹਰੀਜਨਾਂ ਨੂੰ ਪਰਮੋਸ਼ਨ ਵਿਚ ਰਿਜ਼ਰਵੇਸ਼ਨ ਦੇਣ ਲਈ ਤਿਆਰ ਹੈ ?

ਮੁੱਖ ਮੰਤਰੀ : ਮੈਂ ਇਸ ਗਲ ਨਾਲ ਬਿਲਕੁਲ ਸਹਿਮਤ ਹਾਂ ਕਿ ਰਿਜ਼ਰਵੇਸ਼ਨ ਸਾਰਿਆਂ ਲੈਵਲਜ਼ ਤੇ ਹੋਣੀ ਚਾਹੀਦੀ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਜਿਤਨੇ ਹਰੀਜਨ ਮੈਂਬਰ ਆਪੋਜ਼ੀਸ਼ਨ ਬੈਂਚਾਂ ਤੇ ਬੈਠੇ ਹਨ, ਇਨ੍ਹਾਂ ਦੀ ਬਿਲਕੁਲ ਤਸੱਲੀ ਨਹੀਂ ਹੋਈ। ਜੇ ਇਨ੍ਹਾਂ ਨੇ ਆਪਣੀ ਪਾਰਟੀ ਦੇ ਹਰੀਜਨ ਐਮ. ਐਲ. ਏਜ਼, ਦੀ ਤਸਲੀ ਕਰਾ ਲਈ ਤਾਂ ਹੋਰ ਗਲ ਹੈ। ਸਪੀਕਰ ਸਾਹਿਬ, ਜਿੰਨੇ ਵੀ ਹਰੀਜਨ ਮੈਂਬਰ ਇਸ ਹਾਊਸ ਦੇ ਹਨ, ਸਾਡੀਆਂ ਸਾਰਿਆਂ ਦੀਆਂ ਗੱਲਾਂ ਹੋਈਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਇਸ ਨਾਲ ਸੰਤੁਸ਼ਟ ਨਹੀਂ ਹਾਂ। ਰੂਲ 5 ਦੇ ਸਬ ਰੂਲ (6) ਵਿਚ ਲਿਖਿਆ ਹੈ :

The list so prepared shall be reviewed and revised every year.

ਸਪੀਕਰ ਸਾਹਿਬ, ਸਰਕਾਰ ਹੁਣ ਵੀ ਇਸ ਲਿਸਟ ਨੂੰ ਰਿਵਾਈਜ਼ ਕਰ ਸਕਦੀ ਹੈ। ਸਰਦਾਰ ਜਸਪਾਲ ਸਿੰਘ ਨੂੰ ਆਈ.ਏ. ਐਸ. ਦੀ ਲਿਸਟ ਵਿਚੋਂ ਕੱਢ ਦਿਤਾ ਗਿਆ ਸੀ। ਮੈਂ ਕਹਿੰਦਾ ਹਾਂ ਕਿ ਹਰੀਜਨਾਂ ਨਾਲ ਬਿਲਕੁਲ ਇਨਸਾਫ ਨਹੀਂ ਹੋਇਆ। ਕੀ ਸਰਕਾਰ ਇਸ ਲਿਸਟ ਨੂੰ ਫਿਰ ਰਿਵਾਈਜ਼ ਕਰਨ ਨੂੰ ਤਿਆਰ ਹੈ ?

ਮੁੱਖ ਮੰਤਰੀ : ਜੇ ਰੂਲਜ਼ ਪਰਮਿਟ ਕਰਨਗੇ ਅਤੇ ਨਿਯਮਾਂ ਅਨੁਸਾਰ ਅਸੀਂ ਇਹ ਕਰ ਸਕਦੇ ਹੋਵਾਂਗੇ ਤਾਂ ਜ਼ਰੂਰ ਕਰਾਂਗੇ। ਬਾਕੀ ਜਿਹੜਾ, ਸਪੀਕਰ ਸਾਹਿਬ, ਸੰਧੂ ਸਾਹਿਬ, ਨੇ ਕਿਹਾ ਹੈ ਕਿ ਸੈਟਿਸਫੈਕਸ਼ਨ ਨਹੀਂ ਹੋਈ, ਅਸੀਂ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਦੀ ਸੈਟਿਸਫੈਕਸ਼ਨ ਹੋ ਜਾਵੇ।

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਹੁਣੇ ਦਸਿਆ ਹੈ ਕਿ ਦੋ ਡੀ. ਸੀ. ਹਨ ਅਤੇ ਦੋ ਐਸ. ਪੀ. ਲੱਗੇ ਹਨ। ਹਰੀਜਨਾਂ ਦੀ ਪੰਜਾਬ ਵਿਚ 27 ਪ੍ਰਤੀਸ਼ਤ ਆਬਾਦੀ ਹੈ। ਕੀ ਇਸ ਹਿਸਾਬ ਨਾਲ 12 ਜ਼ਿਲ੍ਹਿਆਂ ਵਿਚੋਂ ਚਾਰ ਜ਼ਿਲ੍ਹਿਆਂ ਵਿਚ ਹਰੀਜਨ ਡੀ. ਸੀ. ਨਹੀਂ ਹੋਣੇ ਚਾਹੀਦੇ? ਕੀ ਸਕੱਤਰੇਤ ਵਿਚ ਚੌਥਾ ਹਿਸਾ ਹਰੀਜਨ ਅਫ਼ਸਰ ਹਨ। ਸਪੀਕਰ ਸਾਹਿਬ, ਜੇ ਉਮਰ ਵਿਚ ਇਕ ਦਿਨ ਦਾ ਵੀ ਫਰਕ ਹੋਵੇ ਤਾਂ ਵੀ ਯੂਨੀਵਰਸਿਟੀ ਵਿਚ ਦਾਖਲਾ ਨਹੀਂ ਮਿਲਦਾ। ਲੇਕਿਨ ਗੁਰਬਚਨ ਸਿੰਘ

[ਕਾਮਰੇਡ ਜੰਗੀਰ ਸਿੰਘ ਜੋਗਾ]

ਜਿਸ ਦੀ ਕਿ 10 ਦਿਨ ਉਮਰ ਵੱਧ ਬਣਦੀ ਸੀ, ਉਸ ਨੂੰ ਕਿਉਂ ਪਰਮੋਸ਼ਨ ਦਿੱਤੀ ਗਈ ਜਦੋਂ ਕਿ ਉਸਦੇ ਮੁਕਾਬਲੇ ਵਿਚ ਹਰੀਜਨ ਨੂੰ ਜਿਹੜਾ ਕਿ ਐਲ.ਐਲ.ਬੀ ਸੀ ਕਿਉਂ ਪਰਮੋਸ਼ਨ ਨਹੀਂ ਦਿੱਤੀ ਗਈ।

ਸ੍ਰੀ ਸਪੀਕਰ : ਇਸ ਸਵਾਲ ਨਾਲ ਤਾਂ ਇਸ ਦਾ ਕੋਈ ਸਬੰਧ ਨਹੀ ਹੈ। (This supplementary does not relate to this question.)

ਸਰਦਾਰ ਅਜਾਇਬ ਸਿੰਘ ਸੰਧੂ : ਸਪਲੀਮੈਂਟਰੀ ਸਰ :

ਸ੍ਰੀ ਸਪੀਕਰ : ਇਸ ਸਵਾਲ ਵਾਸਤੇ 15 ਮਿੰਟ ਰਖੇ ਗਏ ਸਨ ਪਰ ਹੁਣ ਅੱਧਾ ਘੰਟਾ ਹੋ ਗਿਆ ਹੈ ਹੁਣ ਬਸ ਕਰੋ। (Fifteen minutes were allotted for this question but now half an hour has already passed. Please resume your seat now.)

ਕਾਮਰੇਡ ਸੱਤ ਪਾਲ ਡਾਂਗ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ (ਸੰਧੂ ਸਾਹਿਬ) ਆਪਣੀ ਪਾਰਟੀ ਦੇ ਲੀਡਰ ਨਾਲ ਹੋਏ ਸਮਝੌਤੇ ਨੂੰ ਆਨਰ ਕੀਤਾ ਕਰਨ।

ਸ੍ਰੀ ਸਪੀਕਰ : ਅਗਲਾ ਸਵਾਲ। (Next question)

SUPPLEMENTARY QUESTIONS TO STARRED QUESTION NO. 2375**

ਕਾਮਰੇਡ ਰਾਜ ਕੁਮਾਰ : ਮੇਰੀ ਸਪਲੀਮੈਂਟਰੀ ਇਹ ਹੈ ਕਿ ਇਕ ਰੀਨਾਊਨਡ ਬਲੈਕ ਮਾਰਕੀਟੀਆ ਹੈ ਉਹ ਅਨਲਾਇਸੈਂਸਡ ਹੈ ਜਿਸ ਕੋਲ ਸਟਾਕ ਰਜਿਸਟਰ ਨਹੀਂ ਹੈ, ਬਿਲਬੁਕ ਨਹੀਂ ਹੈ ਅਤੇ ਉਹ ਲੋਕਾਂ ਨੂੰ 8 ਬੋਰੀਆਂ ਸੀਮਿੰਟ ਦੀਆਂ ਦੇ ਕੇ 10 ਬੋਰੀਆਂ ਦੀ ਰਸੀਦ ਦਿੰਦਾ ਹੈ ਉਸ ਦੇ ਖਿਲਾਫ ਕੰਪਲੇਨੈਂਟ ਵੱਲੋਂ ਐਫੀਡੇਵਿਟ ਦਿੱਤਾ ਗਿਆ ਹੈ ਅਤੇ ਫੂਡ ਡਿਪਾਰਟਮੈਂਟ ਦੇ ਅਫਸਰਾਂ ਨੇ ਅਤੇ ਪੁਲਿਸ ਦੇ ਅਫਸਰਾਂ ਨੇ ਉਸ ਦੇ ਖਿਲਾਫ ਕੇਸ ਰਜਿਸਟਰ ਕਿਉਂ ਨਹੀਂ ਕੀਤਾ ? ਇਸ ਦੇ ਮੁਤੱਲਕ 18 ਜਨਵਰੀ, 5 ਫਰਵਰੀ ਅਤੇ ਅੱਜ 4 ਮਾਰਚ ਨੂੰ ਜਿਹੜਾ ਜਵਾਬ ਦਿੱਤਾ ਹੈ ਕਿ ਇਨਕੁਆਇਰੀ ਹੋ ਰਹੀ ਹੈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਸੇ ਡੀਲਰ ਦੇ ਖਿਲਾਫ ਡੀ. ਆਈ. ਆਰ. ਵਿਚ ਕੇਸ ਰਜਿਸਟਰ ਕਰਨ ਲਈ ਇਨਕੁਆਇਰੀ ਜਿਹੜੀ ਰਖ ਰਹੇ ਹਨ ਕੀ ਕੋਈ ਇਸ ਦੀ ਲਿਮਟ ਹੈ?

ਮੰਤਰੀ : ਸਪੀਕਰ ਸਹਿਬ ਸਵਾਲ ਤਾਂ ਜਿਹੜਾ ਇਨ੍ਹਾਂ ਨੇ ਪੁਛਿਆ ਹੈ ਉਹ ਇਹ ਨਹੀਂ ਹੈ, ਸਵਾਲ ਤਾਂ ਇਹ ਹੈ :

whether in the meeting of District Public Grievances Committee, Gurdaspur held on 18th January, 1974, it was decided to suspend certain officials of the Food and Supplies Department ?

ਇਸ ਦੀ ਬਾਬਤ ਮੈਂ ਜਵਾਬ ਦੇ ਦਿੱਤਾ ਹੈ। ਇਸ ਦੀ 19 ਤਾਰੀਖ ਨੂੰ ਸ਼ਿਕਾਇਤ ਆਈ, 20 ਤਾਰੀਖ ਨੂੰ ਏ. ਐਫ. ਐਸ.ਓ. ਦੀ ਇਨਕੁਆਇਰੀ ਹੋਈ, 21 ਤਾਰੀਖ ਨੂੰ ਉਸ ਦੀ ਰਿਪੋਰਟ ਡਿਪਟੀ ਕੰਟਰੋਲਰ ਨੂੰ ਦਿੱਤੀ ਗਈ ਅਤੇ 22 ਤਾਰੀਖ ਨੂੰ ਕੇਸ ਪੁਲਿਸ ਨੇ ਰਜਿਸਟਰ ਕੀਤਾ। 3, 4 ਦਿਨ ਦੀ ਡਿਲੇ ਕੀਤੀ ਗਈ ਹੈ। ਇਨਸਪੈਕਟਰ ਨੂੰ ਹਾਲੇ ਸਸਪੈਂਡ ਨਹੀਂ ਕੀਤਾ ਗਿਆ ਉਸ ਦੀ ਇਨਕੁਆਇਰੀ ਵਾਸਤੇ ਅਫਸਰ ਡਿਪਿਊਟ ਕੀਤਾ ਹੋਇਆ ਹੈ।

**For Starred Question No. 2375 and reply thereto, please see Debate dated 1st March, 1974.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਸਵਾਲ ਉਤਨਾ ਪੜ੍ਹਿਆ ਹੈ ਜਿਤਨਾ ਉਨ੍ਹਾਂ ਨੂੰ ਸੂਟ ਕਰਦਾ ਸੀ ਬਾਕੀ ਸਵਾਲ ਸਕਿਪ ਓਵਰ ਕਰ ਗਏ ਹਨ। ਸਪੀਕਰ ਸਾਹਿਬ, ਕੇਸ ਰਜਿਸਟਰ 7 ਈ.ਸੀ. ਵਿਚ ਕੀਤਾ ਗਿਆ, ਉਸ ਦੀ ਘਰ ਬੈਠੇ ਜ਼ਮਾਨਤ ਹੋ ਗਈ। ਕੰਪਲੇਨੈਂਟ ਨੇ ਐਫੀਡੇਵਿਟ ਦਿੱਤਾ ਹੈ ਕਿ ਉਹ 10 ਬੋਰੀਆਂ ਦੀ ਬਜਾਏ 8 ਬੋਰੀਆਂ ਦੇ ਕੇ 10 ਦੀ ਰਸੀਦ ਮੰਗਦਾ ਹੈ ਅਤੇ ਉਸਦੀ ਅਜੇ ਤਕ ਇਹ ਇਨਕੁਆਇਰੀ ਕਰ ਰਹੇ ਹਨ। ਇਸ ਵਾਸਤੇ ਜਿਹੜੀ ਮੀਟਿੰਗ ਹੋਈ ਸੀ ਉਸ ਵਿਚ ਚੌਧਰੀ ਬਲਰਾਮ ਜੀ ਮੌਜੂਦ ਸਨ। ਉਨ੍ਹਾਂ ਨੂੰ ਪਤਾ ਹੈ ਕਿ ਉਸ ਵਿਚ ਉਸ ਦੀ ਸਸਪੈਨਸ਼ਨ ਦਾ ਹੁਕਮ ਹੋਇਆ ਸੀ ਪਰ ਇਹ ਕਹਿੰਦੇ ਹਨ ਕਿ ਅਜੇ ਇਨ-ਕੁਆਇਰੀ ਹੋ ਰਹੀ ਹੈ। ਸਪੀਕਰ ਸਾਹਿਬ, ਕੰਪਲੇਨੈਂਟ ਨੇ ਐਫੀਡੇਵਿਟ ਦਿੱਤਾ ਹੈ ਕਿ ਹਰੀਜਨਾਂ ਦੀ ਧਰਮਸ਼ਾਲਾ ਵਾਸਤੇ ਸੀਮਿੰਟ ਜਾ ਰਿਹਾ ਸੀ ਪਰ ਅੱਜ ਤੱਕ ਇਹ ਕਹਿੰਦੇ ਹਨ ਕਿ ਉਸ ਦੀ ਇਨ-ਕੁਆਇਰੀ ਹੋ ਰਹੀ ਹੈ।

ਮੰਤਰੀ : ਜੋ ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਹੈ ਉਸ ਦੇ ਵਾਸਤੇ ਮੈਂ ਗਰੀਵੈਂਸਿਜ਼ ਕਮੇਟੀ ਦੀਆਂ ਪਰੋਸੀਡਿੰਗਜ਼ ਮੰਗਾਈਆਂ ਹਨ। ਜਿਸ ਵੇਲੇ ਇਹ ਮੀਟਿੰਗ ਹੋਈ ਸੀ ਉਸ ਦੀ ਰਿਪੋਰਟ ਅਗਲੀ ਮੀਟਿੰਗ ਵਿਚ 5 ਤਾਰੀਖ ਨੂੰ ਸਰਕੂਲੇਟ ਕੀਤੀ ਗਈ ਸੀ ਪਰ ਉਸ ਤੇ ਕਿਸੇ ਨੇ ਇਤਰਾਜ਼ ਨਹੀਂ ਸੀ ਕੀਤਾ ਅਤੇ ਉਹ ਠੀਕ ਮੰਨੀ ਗਈ ਸੀ।

ਕਾਮਰੇਡ ਸੱਤ ਪਾਲ ਡਾਂਗ : ਇਸ ਗੱਲ ਦੀ ਰੋਸ਼ਨੀ ਵਿਚ ਮੈਂ ਦੱਸਦਾ ਹਾਂ ਕਿ ਜਿਹੜੀ ਕਮੇਟੀ ਮੀਟਿੰਗ ਦੀ ਕਾਰਵਾਈ ਹੁੰਦੀ ਹੈ ਉਹ ਅਗਲੀ ਮੀਟਿੰਗ ਵਿਚ ਪੜ੍ਹੀ ਨਹੀਂ ਜਾਂਦੀ ਬਲਕਿ ਸਰਕੂਲੇਟ ਕੀਤੀ ਜਾਂਦੀ ਹੈ। ਉਸ ਕਮੇਟੀ ਵਿਚ ਚੌਧਰੀ ਬਲਰਾਮ ਜੀ ਮੌਜੂਦ ਸਨ ਉਨ੍ਹਾਂ ਨੂੰ ਪਤਾ ਹੈ ਕਿ ਉਸ ਵਿਚ ਸਸਪੈਨਸ਼ਨ ਦਾ ਫੈਸਲਾ ਹੋਇਆ ਸੀ ਜਾਂ ਨਹੀਂ ?

ਮੰਤਰੀ : ਇਹ ਠੀਕ ਹੈ ਕਿ ਮੀਟਿੰਗ ਵਿਚ ਜੋ ਕੁਝ ਰਿਕਾਰਡ ਕੀਤਾ ਜਾਂਦਾ ਹੈ ਉਹ ਅਗਲੀ ਮੀਟਿੰਗ ਵਿਚ ਪੜ੍ਹਿਆ ਨਹੀਂ ਜਾਂਦਾ ਬਲਕਿ ਸਰਕੂਲੇਟ ਕੀਤਾ ਜਾਂਦਾ ਹੈ ਪਰ ਉਸ ਤੇ ਕਿਸੇ ਮੈਂਬਰ ਵੱਲੋਂ ਕੋਈ ਇਤਰਾਜ਼ ਨਹੀਂ ਸੀ ਕੀਤਾ ਗਿਆ।

Election to Panchayat Samitis and Zila Parishads

***1863. Shri Sardari Lal Kapoor** : Will the State Minister for Development be pleased to state the date by which elections to Panchayat Samitis and Zila Parishads would be held in the State ?

Sardar Santokh Singh Randhawa : No date has yet been fixed.

[ਅਜੇ ਕੋਈ ਮਿਤੀ ਨਿਸ਼ਚਿਤ ਨਹੀਂ ਕੀਤੀ ਗਈ]

ਸ੍ਰੀ ਸਰਦਾਰੀ ਲਾਲ ਕਪੂਰ : ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਕੋਈ ਤਾਰੀਖ ਨਿਯਤ ਨਹੀਂ ਕੀਤੀ ਗਈ; ਮੈਂ ਪੁੱਛਦਾ ਹਾਂ ਕਿ ਕੀ ਵਜ਼ੀਰ ਸਾਹਿਬ ਅਗਲੇ 3 ਮਹੀਨਿਆਂ ਵਿਚ ਜਾਂ ਸਾਲ ਦੇ ਅੰਦਰ ਇਸ ਦੀ ਕੋਈ ਤਾਰੀਖ ਮੁਕੱਰਰ ਕਰ ਦੇਣਗੇ ?

ਰਾਜ ਮੰਤਰੀ : ਇਸ ਵਾਸਤੇ ਰਜਿਸਟਰਾਰ ਸਹਿਕਾਰੀ ਸਭਾਵਾਂ ਅਤੇ ਡਿਪਟੀ ਸੈਕਟਰੀ ਡਿਵੈਲਪਮੈਂਟ ਨੂੰ ਬੇਨਤੀ ਕੀਤੀ ਜਾ ਚੁੱਕੀ ਹੈ, ਉਨ੍ਹਾਂ ਦੇ ਜਵਾਬ ਆਉਣ ਮਗਰੋਂ ਇਸ ਤੇ ਗੌਰ ਕੀਤਾ ਜਾਵੇਗਾ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ 2 ਸਾਲ ਹੋਏ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਸਨ। ਜ਼ਿਲ੍ਹਾ ਪਰੀਸ਼ਦਾਂ ਅਤੇ ਸੰਮਤੀਆਂ ਸਸਪੈਂਡ ਕੀਤੀਆਂ ਹੋਈਆਂ ਹਨ। ਕੀ ਵਜ਼ੀਰ ਸਾਹਿਬ ਲੋਕਾਂ ਦੀ ਰਾਏ ਮੁਤਾਬਕ ਨਵੀਆਂ ਇਲੈਕਸ਼ਨਾਂ ਕਰਾਉਣ ਲਈ ਕੋਈ ਤਾਰੀਖ ਮੁਕਰਰ ਕਰ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜੇ ਇਹ ਮੇਰੇ ਪਹਿਲੇ ਸਵਾਲ ਦਾ ਜਵਾਬ ਸੁਣ ਲੈਂਦੇ ਤਾਂ ਇਨ੍ਹਾਂ ਨੂੰ ਕੋਈ ਸਵਾਲ ਕਰਨ ਦੀ ਖੇਚਲ ਨਹੀਂ ਸੀ ਪੈਣੀ।

ਚੌਧਰੀ ਰਾਮ ਸਿੰਘ : ਜਿਹੜੇ ਇਲੈਕਸ਼ਨ ਆਉਣ ਵਾਲੇ ਹਨ ਪੰਚਾਇਤ ਸੰਮਤੀਆਂ ਦੇ ਜਾਂ ਜ਼ਿਲ੍ਹਾ ਪਰਿਸ਼ਦਾਂ ਦੇ ਕੀ ਵਜ਼ੀਰ ਸਾਹਿਬ ਇਹ ਕਰਵਾ ਦੇਣਗੇ ਜਾਂ ਨਹੀਂ ?

ਸ੍ਰੀ ਪ੍ਰੇਮ ਗੁਪਤਾ : ਵਜ਼ੀਰ ਸਾਹਿਬ, ਨੇ ਕਿਹਾ ਹੈ ਕਿ ਅੱਜੇ ਤੱਕ ਕੋਈ ਤਾਰੀਖ ਇਲੈਕਸ਼ਨਾਂ ਵਾਸਤੇ ਮੁਕਰਰ ਨਹੀਂ ਕੀਤੀ ਗਈ ਮੈਂ ਇਹ ਪੁੱਛਦਾ ਹਾਂ ਕਿ ਕੀ ਇਹ ਇਸ ਵਾਸਤੇ ਕੋਈ ਐਡਵਾਇਜ਼ਰੀ ਕਮੇਟੀ ਬਣਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਸਦਨ ਨੂੰ ਦਸਣਾ ਚਾਹੁੰਦਾ ਹਾਂ ਕਿ ਅਸੀਂ ਬਹੁਤ ਜਲਦੀ ਇਲੈਕਸ਼ਨ ਕਰਵਾ ਰਹੇ ਹਾਂ। ਸਹਿਕਾਰੀ ਸਭਾਵਾਂ ਦੇ ਇਲੈਕਸ਼ਨ ਵਿਚ ਜਿਹੜੇ ਮੈਂਬਰ ਬਣੇ ਹਨ ਉਨ੍ਹਾਂ ਦੇ ਐਕਟ ਦੇ ਮੁਤਾਬਕ ਸਾਡੇ ਚੀਫ਼ ਮਨਿਸਟਰ ਸਾਹਿਬ ਇਕ ਡਾਇਰੈਕ-ਟੋਰੇਟ ਬਣਾ ਰਹੇ ਹਨ ਇਸ ਦੇ ਬਣ ਜਾਣ ਮਗਰੋਂ ਅਸੀਂ ਫੌਰਨ ਹੀ ਕੋਈ ਤਾਰੀਖ ਇਲੈਕਸ਼ਨਾਂ ਵਾਸਤੇ ਨਿਸ਼ਚਤ ਕਰ ਦੇਵਾਂਗੇ।

ਕਾਮਰੇਡ ਅੱਛਰਾ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਪੰਚਾਇਤ ਸੰਮਤੀਆਂ ਦੇ ਇਲੈਕ-ਸ਼ਨਾਂ ਵਾਸਤੇ ਲੋਕਾਂ ਦੇ ਦਿਲਾਂ ਵਿਚ ਕਾਫੀ ਸ਼ੰਕੇ ਪੈਦਾ ਹੋ ਰਹੇ ਹਨ; ਕੀ ਵਜ਼ੀਰ ਸਾਹਿਬ ਇਨ੍ਹਾਂ ਇਲੈਕਸ਼ਨਾਂ ਵਾਸਤੇ ਕੋਈ ਤਾਰੀਖ ਫਿਕਸ ਕਰਨ ਨੂੰ ਤਿਆਰ ਹਨ ?

ਰਾਜ ਮੰਤਰੀ : ਮੈਂ ਤਾਂ ਇਹ ਜਵਾਬ ਪਹਿਲੇ ਹੀ ਦੇ ਚੁਕਾ ਹਾਂ। ਹਾਊਸ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਪੰਚਾਇਤੀ ਰਾਜ ਨੂੰ ਮਜ਼ਬੂਤ ਕਰਨ ਲਈ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਇਕ ਡਾਇਰੈਕਟੋਰੇਟ ਬਣਾ ਰਹੀ ਹੈ ਜਿਹੜਾ ਕਿ ਪਿਛਲੇ 20 ਸਾਲਾਂ ਤੋਂ ਨਹੀਂ ਸੀ ਬਣਿਆ। ਉਨ੍ਹਾਂ ਦੀਆਂ ਪਾਵਰਜ਼ ਅਸੀਂ ਆਪਣੇ ਕੋਲ ਨਹੀਂ ਰੱਖਣਾ ਚਾਹੁੰਦੇ, ਇਹ ਪਾਵਰਜ਼ ਤਾਂ ਉਨ੍ਹਾਂ ਕੋਲ ਹੀ ਰਹਿਣਗੀਆਂ।

ਸਰਦਾਰ ਪ੍ਰਹਿਲਾਦ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਾਰਕੀਟ ਕਮੇਟੀਆਂ ਬਾਰੇ ਕੈਬਨਿਟ ਵਿਚ ਇਹ ਫੈਸਲਾ ਹੋਣਾ ਸੀ ਜਾਂ ਪਤਾ ਨਹੀਂ ਹੋ ਗਿਆ ਹੋਣਾ ਹੈ ਕਿ ਕੁਝ ਨੋਮੀਨੇਸ਼ਨਜ਼ ਕਰਨਗੇ; ਕੀ ਉਸ ਤੇ ਕੁਝ ਵਿਚਾਰ ਕੀਤਾ ਗਿਆ ਹੈ ?

ਰਾਜ ਮੰਤਰੀ : ਮਾਰਕੀਟ ਕਮੇਟੀਆਂ ਦਾ ਮਹਿਕਮਾ ਮੇਰੇ ਕੋਲ ਨਹੀਂ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਠੀਕ ਨਹੀਂ ਕਿ ਇਹ ਲੈਂਡ ਮਾਰਗੇਜ ਬੈਂਕ ਪੰਜਾਬ ਦੀਆਂ ਚੋਣਾਂ ਵਿਚ ਹਾਰ ਗਏ ਸੀ ਅਤੇ ਉਸ ਤੋਂ ਡਰਦੇ ਹੋਏ ਇਹ ਹੁਣ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਨਹੀਂ ਕਰਵਾ ਰਹੇ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਗੁਲਸ਼ਨ ਸਾਹਿਬ, ਜਿਸ ਪਾਰਟੀ ਨਾਲ ਸਬੰਧਤ ਹਨ ਉਸ ਪਾਰਟੀ ਦਾ ਪੰਜ ਸਾਲ ਰਾਜ ਰਿਹਾ ਹੈ। ......

ਸਰਦਾਰ ਅਜਾਇਬ ਸਿੰਘ ਸੰਧੂ : ਉਹ ਬੈਸਟ ਰਾਜ ਸੀ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਗੁਲਸ਼ਨ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਗਿਆਨੀ ਜੀ ਦੀ ਸਰਕਾਰ ਨੇ ਪੰਚਾਇਤੀ ਰਾਜ ਦਾ ਕਲਮਦਾਨ ਸੰਭਾਲਦਿਆਂ ਹੀ ਪੰਚਾਇਤਾਂ ਦੇ ਇਲੈਕਸ਼ਨਜ਼ ਕਰਵਾਏ। ਜਿਹੜੇ ਤੁਸੀਂ ਰੂਲਜ਼ ਬਣਾ ਬਣਾ ਕੇ ਪਾਵਰਜ਼ ਵਿਦਡਰਾਅ ਕੀਤੀਆਂ ਸਨ, ਉਹ ਹੁਣ ਅਸੀਂ ਡਾਇਰੈਕਟੋਰੇਟ ਬਣਾ ਕੇ, ਉਨ੍ਹਾਂ ਨੂੰ ਪਾਵਰਜ਼ ਦੇ ਕੇ ਇਲੈਕਸ਼ਨਜ਼ ਕਰਵਾ ਰਹੇ ਹਾਂ।

(ਇਸ ਸਮੇਂ ਸਰਦਾਰ ਕਿਰਪਾਲ ਸਿੰਘ ਰੰਧਾਵਾ ਜੀ ਖੜੇ ਹੋਏ)

ਸ੍ਰੀ ਸਪੀਕਰ : ਇਸ ਸਵਾਲ ਤੇ ਸੱਤ ਅੱਠ ਸਪਲੀਮੈਂਟਰੀ ਹੋ ਚੁੱਕੇ ਹਨ ਹੁਣ ਅਗਲਾ ਸਵਾਲ ਲਿਆ ਜਾਵੇਗਾ। ਪੰਚਾਇਤਾਂ ਦੀ ਇਲੈਕਸ਼ਨ ਬਾਰੇ ਮੰਤਰੀ ਜੀ ਨੇ ਦੱਸ ਹੀ ਦਿਤਾ ਹੈ, ਇਸ ਲਈ ਤੁਸੀਂ ਤਸ਼ਰੀਫ ਰੱਖੋ। (Now the next question will be taken up as seven or eight supplementaries have already been put on this question. The hon. Minister has given information about the elections to Panchayats. You may, therefore, please resume your seat.)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਨਹੀਂ ਜੀ, ਮੈਂ ਜ਼ਰੂਰ ਸਪਲੀਮੈਂਟਰੀ ਕਰਾਂਗਾ। ਮੈਨੂੰ ਇਜਾਜ਼ਤ ਦਿਉ।

ਸ੍ਰੀ ਸਪੀਕਰ : ਜੋ ਲੀਡਰਜ਼ ਫੈਸਲਾ ਕਰ ਲੈਣ ਉਸ ਤੇ ਅਮਲ ਕਰਨਾ ਚਾਹੀਦਾ ਹੈ। ਤੁਸੀਂ ਬੈਠੋ। (The decision taken by the Leaders should be followed. Please resume your seat.)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਨਹੀਂ ਜੀ ਮੈਂ ਜ਼ਰੂਰ ਸਪਲੀਮੈਂਟਰੀ ਕਰਾਂਗਾ।

ਸ੍ਰੀ ਸਪੀਕਰ : ਠੀਕ ਹੈ, ਕਰ ਲਵੋ। (All right you may do so.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਵੀ ਸਪਲੀਮੈਂਟਰੀ ਕਰਾਂਗਾ ਜੀ।

ਸ੍ਰੀ ਸਪੀਕਰ : ਜੇਕਰ ਤੁਸੀਂ ਲੀਡਰਜ਼ ਦਾ ਫੈਸਲਾ ਨਹੀਂ ਮੰਨਦੇ, ਬਗਾਵਤ ਕਰ ਦਿੱਤੀ ਹੈ ਤਾਂ ਤੁਸੀਂ ਵੀ ਕਰ ਲੈਣਾ। (If you do not honour the decision taken by the Leaders, and have raised a banner of revolt against them then you may also put a supplementary.)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਡਾਇਰੈਕਟੋ-ਰੇਟ ਬਨਾਉਣ ਤੋਂ ਬਾਅਦ ਇਲੈਕਸ਼ਨਾਂ ਕਰਵਾ ਦੇਣਗੇ। ਕੀ ਇਨ੍ਹਾਂ ਨੇ ਡਾਇਰੈਕਟੋਰੇਟ ਬਨਾਉਣ ਦੀ ਤਾਰੀਖ ਦਾ ਫੈਸਲਾ ਕਰ ਦਿੱਤਾ ਹੈ ਕਿ ਕਦ ਤੱਕ ਬਣ ਜਾਵੇਗਾ ? ਆਇਆ ਅਪ੍ਰੈਲ ਤਕ ਬਣ ਜਾਵੇਗਾ ਜਾਂ ਮਈ ਤਕ ਬਣ ਜਾਵੇਗਾ ?

ਰਾਜ ਮੰਤਰੀ : ਤੁਰੰਤ ਬਣ ਜਾਵੇਗਾ ਜੀ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸੰਨ 1973 ਦੇ ਬੱਜਟ ਸੈਸ਼ਨ ਦੇ ਦੌਰਾਨ ਕੈਪਟਨ ਰਤਨ ਸਿੰਘ ਜੀ ਜਿਹੜੇ ਕਿ ਉਦੋਂ ਕਮਿਊਨਿਟੀ ਡੀਵੈਲਪਮੈਂਟ ਦੇ ਮਨਿਸਟਰ ਸਨ ਉਨ੍ਹਾਂ ਨੇ ਹਾਊਸ ਵਿਚ ਖੜ੍ਹੇ ਹੋ ਕੇ ਐਲਾਨ ਕੀਤਾ ਸੀ ਕਿ 30

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]
ਜੂਨ ਤੱਕ ਪੰਚਾਇਤ ਸੰਮਤੀਆਂ ਔਰ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾ ਦਿੱਤੀਆਂ ਜਾਣਗੀਆਂ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਉਸ ਕਮਿਟਮੈਂਟ ਤੇ ਅਮਲ ਕਿਉਂ ਨਹੀਂ ਕੀਤਾ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸਿਆ ਸੀ ਕਿ ਕੋਆਪਰੇਸ਼ਨ ਵਲੋਂ ਦੋ ਮੈਂਬਰ ਆਉਣੇ ਹਨ। ਜਦੋਂ ਤਕ ਉਹ ਮੈਂਬਰ ਜਿਹੜੇ ਕਿ ਕੋਆਪਰੇਟਿਵ ਸੋਸਾਇਟੀਜ਼ ਵਲੋਂ ਔਰ ਮਾਰਕਿਟ ਕਮੇਟੀਜ਼ ਵਲੋਂ ਚੁਣੇ ਨਹੀਂ ਜਾਂਦੇ, ਬਾਕੀ ਜਿਹੜੇ 16 ਮੈਂਬਰਜ਼ ਹਨ ਉਨ੍ਹਾਂ ਦੀ ਚੋਣ ਨਹੀਂ ਹੋ ਸਕਦੀ। ਇਸ ਲਈ ਅਸੀਂ ਕੋਆਪਰੇਟਿਵ ਡਿਪਾਰਟਮੈਂਟ ਨੂੰ ਲਿਖਿਆ ਸੀ। ਪਰ ਉਹ ਇਲੈਕਸ਼ਨ ਨਹੀਂ ਸੀ ਕਰਵਾ ਸਕੇ। ਸਪੀਕਰ ਸਾਹਿਬ, ਮੈਂ ਹੁਣ ਵੀ ਲਿਖ ਕੇ ਭੇਜਿਆ ਹੈ ਕਿ ਕੋਆਪ੍ਰੇਟਿਵ ਡਿਪਾਰਟਮੈਂਟ ਵਲੋਂ ਜਿਹੜੀ ਇਲੈਕਸ਼ਨ ਕਰਵਾਉਣੀ ਸੀ ਉਹ ਕਰਵਾਓ ਪਰ ਜੇਕਰ ਫਿਰ ਵੀ ਉਹ ਨਹੀਂ ਕਰਨਗੇ ਤਾਂ ਮੈਂ ਆਪਣੇ ਇਲੈਕਸ਼ਨ ਪਹਿਲਾਂ ਕਰਵਾ ਦਿਆਂਗਾ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ ਕੋਆਪ੍ਰੇਟਿਵ ਔਰ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਤੋਂ ਬਾਅਦ ਇਹ ਚੋਣਾਂ ਹੋਣਗੀਆਂ, ਕੀ ਇਹ ਮੈਨੂੰ ਕਾਨੂੰਨ ਦੀ ਧਾਰਾ ਦੱਸਣਗੇ ਕਿ ਕੋਆਪਰੇਟਿਵ ਸੋਸਾਇਟੀਆਂ ਔਰ ਮਾਰਕਿਟ ਸੋਸਾਇਟੀਆਂ ਦੇ ਨੁਮਾਇੰਦੇ ਪਹਿਲਾਂ ਚੁਣੇ ਜਾਣ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਇਸ ਸਵਾਲ ਵਿਚੋਂ ਨਹੀਂ ਉਠਦਾ ਪਰ ਫਿਰ ਵੀ ਮੈਂ ਜਵਾਬ ਦੇ ਦਿੰਦਾ ਹਾਂ। (ਵਿਘਨ)

(ਰਾਜ ਮੰਤਰੀ ਜੀ ਵਲੋਂ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਦਿਤਾ ਗਿਆ ਔਰ ਸ੍ਰੀ ਸਪੀਕਰ ਨੇ ਫਿਰ ਪ੍ਰਸ਼ਨ ਨੰ: 2411 ਕਾਲ ਅਪਾਨ ਕਰ ਲਿਆ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਦਾ ਜਵਾਬ ਨਹੀਂ ਆਇਆ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਮੰਤਰੀ ਸਾਹਿਬ ਪਾਸ ਜਾ ਕੇ ਪੁੱਛ ਲੈਣਾ। (ਵਿਘਨ) ਆਰਡਰ ਪਲੀਜ਼। (You may get this information from the Minister personally (*interruption*). Order please.)

Villages selected under 25th Independence Jayanti Villages Scheme

***2411. (1) Comrade Dana Ram**
(2) Comrade Satya Pal Dang } : Will the Minister of State for Development with reference to the reply to starred question No. 1050, included in the List of Starred Questions for 12th March, 1973 be pleased to state, whether subsequent to the reply given to the above mentioned question any change was made in the list of villages selected as Jayanti Villages one from each block; if so, a statement giving the changes made as also the reasons for the same be laid on the Table of the House ?

Sardar Santokh Singh Randhawa : Yes. Some changes were made in the list of villages selected as Jayanti Villages subsequent to the reply given for Starred Question No. 1090. The changes made are detailed as under :—

Serial No.	Name of District	Name of Block	Name of village already selected	Name of the village selected now
1	Amritsar	Verka	Kathania	(1) Ghuman Pura (2) Kat hania
2	Amritsar ..	Naushera Panuan	..	Jaura
3	Bhatinda ..	Rampura	Chauke	Ballan Wali
4	Bhatinda ..	Talwandi Sabo	Dalewala	Laleana
5	Faridkot ..	Lambi	Dane Wala	Sikh Wala
6	Hoshiarpur ..	Bhunga	Thun Ghai	Dhunga Kalan
7	Jullundur ..	Jullundur West	Bhatija	Lambra
8	Jullundur ..	Mukandpur	..	Sheikhupura
9	Jullundur ..	Jullundur East	Chogitee	Kotli Than Singh
10	Patiala ..	Patiala	Barsat	Kaller Bhaini
11	Patiala ..	Bassi Pathana	Roopal Heri	Mustfabad
12	Rupar ..	Anandpur Sahib	..	Agampur

Many representations were received from the public of various villages which were not selected as Jayanti Villages. The representations were carefully considered and after discussions with the public men of the concerned areas, changes were made where considered necessary keeping in view factors such as relative backwardness and the relative needs for development.

[ਹਾਂ ਜੀ ਸਟਾਰਡ ਪ੍ਰਸ਼ਨ ਨੰ: 1090 ਨਾਲ ਜਯੰਤੀ ਪਿੰਡਾਂ ਦੀ ਜਿਹੜੀ ਸੂਚੀ ਲਾਈ ਗਈ ਸੀ ਉਸ ਦੇ ਜਵਾਬ ਦੇਣ ਪਿਛੋਂ ਹੇਠਾਂ ਲਿਖੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ :—

ਲੜੀ ਨੰ:	ਜ਼ਿਲ੍ਹੇ ਦਾ ਨਾਂ	ਬਲਾਕ ਦਾ ਨਾਂ	ਪਹਿਲਾਂ ਚੁਣੇ ਗਏ ਜਯੰਤੀ ਪਿੰਡਾਂ ਦਾ ਨਾਂ	ਹੁਣ ਚੁਣੇ ਗਏ ਜਯੰਤੀ ਪਿੰਡਾਂ ਦਾ ਨਾਂ
1	ਅੰਮ੍ਰਿਤਸਰ	ਵੇਰਕਾ	ਕਠਾਨੀਆਂ	1. ਘੁਮਣਪੁਰਾ 2. ਕਠਾਨੀਆਂ
2	,,	ਨੌਸ਼ਿਹਰਾ ਪਨੂਆਂ	...	ਜੋਰਾ
3	ਬਠਿੰਡਾ	ਰਾਮਪੁਰਾ	ਚਾਉਕੇ	ਬਲਨਵਾਲੀ

[Minister of State for Development]

ਲੜੀ	ਜ਼ਿਲ੍ਹੇ ਦਾ ਨਾਂ	ਬਲਾਕ ਦਾ ਨਾਂ	ਪਹਿਲਾਂ ਚੁਣੇ ਗਏ ਜਯੰਤੀ ਪਿੰਡਾਂ ਦਾ ਨਾਂ	ਹੁਣ ਚੁਣੇ ਗਏ ਜਯੰਤੀ ਪਿੰਡਾਂ ਦਾ ਨਾਂ
4	ਬਠਿੰਡਾ	ਤਲਵੰਡੀ ਸਾਬੋ	ਡਲੇਵਾਲਾ	ਲਲਿਆਣਾ
5	ਫਰੀਦਕੋਟ	ਲੰਬੀ	ਦਾਨੇਵਾਲਾ	ਸਿਖਵਾਲਾ
6	ਹੁਸ਼ਿਆਰਪੁਰ	ਭੂੰਗਾ	ਥਣਰਾਈ	ਦੂੰਗਾ ਕਲਾਂ
7	ਜਲੰਧਰ	ਜਲੰਧਰ ਪੂਰਬੀ	ਭਤੀਜਾ	ਲਾਂਬੜਾ
8	,,	ਮੁਕੰਦਪੁਰ	...	ਸ਼ੇਖੂਪੁਰਾ
9	,,	ਜਲੰਧਰ ਪੱਛਮੀ	ਚੋਗਾਵਾਂ	ਕੋਟਲੀ ਥਾਨ ਸਿੰਘ
10	ਪਟਿਆਲਾ	ਪਟਿਆਲਾ	ਬਰਸਾਤ	ਕੁਲਾਰ ਭੈਣੀ
11	,,	ਬੱਸੀ ਪਠਾਣਾ	ਰੂਪਾ ਹੇੜੀ	ਮੁਸਤਫਾ ਬਾਦ
12	ਰੋਪੜ	ਆਨੰਦਪੁਰ ਸਾਹਿਬ	...	ਆਗਮਪੁਰ

ਉਹ ਪਿੰਡ ਜੋ ਜਯੰਤੀ ਪਿੰਡ ਸਕੀਮ ਅਧੀਨ ਨਾ ਚੁਣੇ ਗਏ, ਦੇ ਲੋਕਾਂ ਦੀਆਂ ਕਈ ਅਰਜ਼ੀਆਂ ਉਨ੍ਹਾਂ ਦੇ ਪਿੰਡਾਂ ਨੂੰ ਜਯੰਤੀ ਪਿੰਡ ਚੁਣਨ ਲਈ ਆਈਆਂ। ਇਨ੍ਹਾਂ ਅਰਜ਼ੀਆਂ ਤੇ ਬੜੇ ਗਹੁ ਨਾਲ ਵਿਚਾਰ ਕੀਤਾ ਗਿਆ ਅਤੇ ਸਬੰਧਤ ਇਲਾਕਿਆਂ ਦੇ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਨ ਦੇ ਬਾਅਦ ਜਿਨ੍ਹਾਂ ਕੇਸਾਂ ਵਿਚ ਮੁਕਾਬਲਤਨ ਪਛੜੇ ਹੋਏ ਪਿੰਡ ਹੋਣ ਕਾਰਨ ਜਾਂ ਮੁਕਾਬਲਤਨ ਵਿਕਾਸ ਦੀ ਬਹੁਤੀ ਲੋੜ ਕਾਰਨ ਜ਼ਰੂਰੀ ਸਮਝਿਆ ਗਿਆ, ਤਬਦੀਲੀਆਂ ਕੀਤੀਆਂ ਗਈਆਂ।]

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਸਰਕਾਰ ਨੇ ਪਹਿਲਾਂ ਇਕ ਫੈਸਲੇ ਦਾ ਐਲਾਨ ਕੀਤਾ ਔਰ ਬਾਅਦ ਵਿਚ ਗੈਰ-ਵਾਜਿਬ ਦਬਾ ਨਾਲ ਅਸੈਂਬਲੀ ਦੀ ਮਰਯਾਦਾ ਨੂੰ ਭੰਗ ਕਰਕੇ ਉਸ ਫੈਸਲੇ ਨੂੰ ਬਦਲ ਦਿੱਤਾ। ਕਿਉਂਕਿ ਮਿੰਟਰ ਵਲੋਂ ਮਿਲਣਾ ਮਿਲਾਣਾ ਤਾਂ ਕੁਝ ਨਹੀਂ ਹੈ, ਕੀ ਮਨਿਸਟਰ ਸਾਹਿਬ ਮਰੀ ਇਹ ਤਜਵੀਜ਼ ਮੰਨ ਲੈਣਗੇ ਕਿ ਪੰਜਾਬ ਦੇ ਸਾਰੇ ਪਿੰਡਾਂ ਨੂੰ ਹੀ ਜਯੰਤੀ ਵਿਲੇਜ ਡਿਕਲੇਅਰ ਕਰ ਦੇਣ ? (ਹਾਸਾ) ਇਨ੍ਹਾਂ ਨੇ ਬੜੀ ਖੁਸ਼ੀ ਮਨਾਈ ਸੀ ਇਸ ਸਕੀਮ ਦੀ।

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀ ਭਾਰਤ ਨੇ 25 ਸਾਲਾ ਜਯੰਤੀ ਮਨਾਈ ਹੈ ਉਸ ਦੇ ਮੁਤਾਬਿਕ ਸਾਰੇ ਹਿੰਦੁਸਤਾਨ ਦੇ ਪਿੰਡਾਂ ਵਿਚ ਅਸੀਂ ਖੁਸ਼ੀ ਮਨਾਈ ਹੈ, ਇਸ ਕਰਕੇ ਉਨ੍ਹਾਂ ਸਾਰਿਆਂ ਨੂੰ ਹੀ ਜਯੰਤੀ ਪਿੰਡ ਮੰਨ ਲੈਣਾ ਚਾਹੀਦਾ ਹੈ। (ਹਾਸਾ)

ਸਰਦਾਰ ਸੁਰਜੀਤ ਸਿੰਘ ਬਰਨਾਲਾ : ਇਕ ਸਾਲ ਹੋ ਗਿਆ ਹੈ ਇਸ ਸਕੀਮ ਨੂੰ ਚਲਿਆਂ ਕੀ ਮੰਤਰੀ ਜੀ ਇਹ ਦੱਸਣਗੇ ਕਿ ਇਸ ਸਕੀਮ ਥੱਲੇ ਕਿਸੇ ਪਿੰਡ ਵਿਚ ਕੋਈ ਕੰਮ ਹੋਇਆ ਹੈ ?

ਚੌਧਰੀ ਦਰਸ਼ਨ ਸਿੰਘ : ਪੱਥਰ ਰਖਿਆ ਨਹੀਂ ਹੈ ? (ਹਾਸਾ)

(ਕੋਈ ਜਵਾਬ ਨਾ ਦਿਤਾ ਗਿਆ)

Financial assistance given to some persons of Sangrur District

*2067. **Master Chand Singh :** Will the Minister of State for Social Welfare be pleased to state whether any financial assistance to the rate of Rs. 20 per month was given to some persons of District Sangrur by the Social Welfare Department with effect from 1st November, 1971 ; if so, a list containing the names of such persons be laid on the Table of the House ?

Miss Sarla Prasher : Yes. List containing the required information is laid on the Table of the House.

[ਹਾਂ ਜੀ। ਲੋੜੀਂਦੀ ਸੂਚਨਾ ਦੀ ਲਿਸਟ ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ।]

List containing the names of the persons to whom financial assistance at the rate of Rs. 20 P. M. was sanctioned with effect from 1st November, 1971 in the Sangrur District.

1. Smt. Bachni wd/o Shri Gahia c/o Bhajna, village Gurbax, P. O. Tibha, Tehsil Dhuri, District Sangrur
2. Smt. Dalip Kaur wd/o Shri Amar Singh, village Sherwani Kot, P. O. and Tehsil Malerkotla, District Sangrur.
3. Smt. Surjeet Kaur wd/o of Shri Lal Singh, near Ice Factory, Barnala, District Sangrur.

[1. ਸ਼੍ਰੀਮਤੀ ਬਚਨੀ ਵਿਧਵਾ ਸ੍ਰੀ ਗਹੀਆ, ਮਾਰਫਤ ਸ੍ਰੀ ਭਜਨਾ, ਪਿੰਡ ਗੁਰਬਕਸ਼, ਡਾਕਖਾਨਾ ਤਿੱਬਾ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ।

2. ਸ੍ਰੀਮਤੀ ਦਲੀਪ ਕੌਰ ਵਿਧਵਾ ਸ੍ਰੀ ਅਮਰ ਸਿੰਘ, ਪਿੰਡ ਸ਼ੇਰਵਾਨੀਕੋਟ, ਡਾਕਖਾਨਾ ਅਤੇ ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ।

3. ਸ੍ਰੀਮਤੀ ਸੁਰਜੀਤ ਕੌਰ ਵਿਧਵਾ ਸ੍ਰੀ ਲਾਲ ਸਿੰਘ, ਨੇੜੇ ਬਰਫ ਫੈਕਟਰੀ ਬਰਨਾਲਾ, ਜ਼ਿਲ੍ਹਾ ਸੰਗਰੂਰ।]

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ 1 ਨਵੰਬਰ, 1971 ਤੋਂ ਜ਼ਿਲ੍ਹਾ ਸੰਗਰੂਰ ਵਿਚ 20 ਰੁਪਏ ਮਹੀਨੇ ਦੇ ਹਿਸਾਬ ਨਾਲ ਤਿੰਨਾਂ ਵਿਅਕਤੀਆਂ ਨੂੰ ਪੈਨਸ਼ਨ ਦਿੱਤੀ ਗਈ ਸੀ ਪਰ ਇਕ ਸ੍ਰੀਮਤੀ ਬਚਨੀ ਵਿਧਵਾ, ਪਿੰਡ ਗੁਰਬਖਸ਼-ਪੁਰਾ, ਦੀ ਵਿੱਤੀ ਸਹਾਇਤਾ ਬੰਦ ਹੋ ਗਈ ਹੈ, ਇਸ ਦੇ ਕੀ ਕਾਰਣ ਹਨ ਔਰ ਕੀ ਸਰਕਾਰ ਉਸ ਦੀ ਦੁਬਾਰਾ ਪੈਨਸ਼ਨ ਚਾਲੂ ਕਰਨ ਲਈ ਤਿਆਰ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀ ਵਿਧਵਾ ਪੈਨਸ਼ਨ ਹੁੰਦੀ ਹੈ ਜਿਸ ਵੇਲੇ ਵਿਧਵਾ 60 ਸਾਲ ਦੀ ਹੋ ਜਾਵੇ ਤਾਂ ਉਸ ਦੀ ਉਹ ਪੈਨਸ਼ਨ ਓਲਡ ਏਜ ਪੈਨਸ਼ਨ ਵਿਚ ਬਦਲ ਜਾਂਦੀ ਹੈ। ਇਸ ਕਰਕੇ ਬਚਨੀ ਚੂੰਕਿ 60 ਸਾਲਾਂ ਦੀ ਹੋਣ ਲਗੀ ਹੈ ਉਸ ਦੀ ਪੈਨਸ਼ਨ ਬੰਦ ਹੋ ਗਈ ਹੈ ਔਰ ਓਲਡ ਏਜ ਪੈਨਸ਼ਨ ਦੇ ਕਾਗਜ਼ ਉਸ ਨੂੰ ਭੇਜੇ ਗਏ ਹਨ। ਜਿਸ ਵੇਲੇ ਇਹ ਕਾਗਜ਼ ਆ ਜਾਣਗੇ ਤਾਂ ਓਲਡ ਏਜ ਪੈਨਸ਼ਨ ਸ਼ੁਰੂ ਹੋ ਜਾਵੇਗੀ।

Loans given by Punjab Scheduled Castes Land Development and Finance Corporation

***2083. Sardar Dhanna Singh Gulshan :** Will the Minister of State for Social Welfare be pleased to state–

(a) the details of the loans given by the Punjab Scheduled Castes Land Development and Finance Corporation district-wise in the State during the period from 1st January, 1972 to 1st January, 1973 for the development of Scheduled Castes;

(b) the names, addresses and the professions of the said loanees district-wise ?

Miss Sarla Prasher : (a) Information is laid on the Table of the House.

(b) The information cannot be supplied as the time and labour involved is not commensurate with the objective to be achieved.

[(ੳ) ਸੂਚਨਾ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਅ) ਸੂਚਨਾ ਇਸ ਲਈ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਇਸ ਨੂੰ ਇਕੱਤਰ ਕਰਨ ਵਿਚ ਜਿਹੜਾ ਸਮਾਂ ਤੇ ਮਿਹਨਤ ਲਗੇਗੀ ਉਹ ਪ੍ਰਾਪਤ ਹੋਣ ਵਾਲੇ ਮੰਤਵ ਨਾਲ ਮੇਲ ਨਹੀਂ ਖਾਂਦੀ।]

Statement showing the district-wise loan sanctioned from 1st January, 1972 to 1st January, 1973

Serial No.	District		Amount sanctioned	No. of loanees
1	Patiala	..	10,60,600	241
2	Jullundur	..	26,68,000	348
3	Ludhiana	..	16,51,375	133
4	Bhatinda	..	6,05,900	111
5	Ferozepur	..	2,11,040	25
6	Ropar	..	7,20 700	94
7	Gurdaspur	..	3,60,400	55
8	Kapurthala	..	6,90,000	125
9	Sangrur	..	14,22,750	346
10	Hoshiarpur	..	10,71,300	222
11	Amritsar	..	3,11,300	60
	Total	..	1,07,73,365	1,765

[ਮਿਤੀ 1 ਜਨਵਰੀ, 1972 ਤੋਂ 1 ਜਨਵਰੀ, 1973 ਤੱਕ ਜ਼ਿਲ੍ਹਾਵਾਰ ਪਰਵਾਣਤ ਕਰਜ਼ਿਆਂ ਦੀ ਸੂਚੀ

ਲੜੀ ਨੰ:	ਜ਼ਿਲ੍ਹਾ		ਪਰਵਾਣਤ ਹੋਈ ਰਕਮ	ਕਰਜ਼ਾਈਆਂ ਦੀ ਗਿਣਤੀ
			ਰੁਪਏ	
1	ਪਟਿਆਲਾ	...	10,60,600	241
2	ਜਲੰਧਰ	...	26,68,000	348
3	ਲੁਧਿਆਣਾ	...	16,51,375	138
4	ਬਠਿੰਡਾ	...	6,05,900	111
5	ਫਿਰੋਜ਼ਪੁਰ	...	2,11,040	25
6	ਰੋਪੜ	...	7,20,700	94
7	ਗੁਰਦਾਸਪੁਰ	...	3,60,400	55
8	ਕਪੂਰਥਲਾ	...	6,90,000	125
9	ਸੰਗਰੂਰ	...	14,22,750	346
10	ਹੁਸ਼ਿਆਰਪੁਰ	...	10,71,300	222
11	ਅੰਮ੍ਰਿਤਸਰ	...	3,11,300	60
	ਟੋਟਲ	...	1,07,73,365	1,765]

ਸਰਦਾਰ ਧੰਨਾ ਸਿੰਘ ਗੁਲਸ਼ਨ : ਵਜ਼ੀਰ ਸਾਹਿਬ ਨੇ ਇਹ ਦੱਸਿਆ ਹੈ ਕਿ ਸੂਚੀ ਸਦਨ ਦੀ ਮੇਜ਼ ਤੇ ਰੱਖੀ ਗਈ ਹੈ, ਮੈਂ ਇਨ੍ਹਾਂ ਨੂੰ ਜ਼ਬਾਨੀ ਪੁਛਣਾ ਚਾਹਵਾਂਗਾ ਕਿ ਜਿਹੜੇ ਸ਼ੈਡਿਊਲਡ ਕਾਸਟ ਵਿੱਤੀ ਕਾਰਪੋਰੇਸ਼ਨ ਵਲੋਂ ਕਰਜ਼ੇ ਦਿੱਤੇ ਗਏ ਹਨ ਉਨ੍ਹਾਂ ਦੀ ਜ਼ਿਲ੍ਹਾਂਵਾਰ ਕੀ ਡੀਟੇਲ ਹੈ। ਇਹ ਜ਼ਬਾਨੀ ਹੀ ਦੱਸ ਦੇਣ ਕਿ ਉਨ੍ਹਾਂ ਦੀ ਜ਼ਿਲ੍ਹੇਵਾਰ ਕੀ ਸੰਖਿਆ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਡੀਟੇਲ ਮੇਜ਼ ਤੇ ਰੱਖੀ ਗਈ ਹੈ। ਦੂਸਰਾ ਜਿਹੜਾ ਸਵਾਲ ਦਾ ਹਿੱਸਾ ਹੈ, ਇਹ ਸਾਰੇ ਜ਼ਿਲ੍ਹਿਆਂ ਦੀ ਡੀਟੇਲ ਮੰਗਦੇ ਹਨ ਜਿਸ ਦੇ ਬਾਰੇ ਮੈਂ ਕਿਹਾ ਹੈ ਕਿ ਇਹ ਸੂਚਨਾ ਇਕੱਤਰ ਕਰਨ ਵਿਚ ਮੇਹਨਤ ਜ਼ਿਆਦਾ ਲਗਦੀ ਹੈ। ਜੇਕਰ ਇਹ ਕੋਈ ਇਨਫਰਮੇਸ਼ਨ ਸਪੈਸੇਫਿਕ ਮੰਗਦੇ ਹਨ ਤਾਂ ਮੈਂ ਦੱਸਣ ਨੂੰ ਤਿਆਰ ਹਾਂ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਇਹ ਮੈਨੂੰ ਇਤਨਾ ਹੀ ਦੱਸ ਦੇਣ ਕਿ ਇਤਨੀ ਰਕਮ ਫਲਾਣੇ ਜ਼ਿਲ੍ਹੇ ਨੂੰ ਔਰ ਇਤਨੀ ਫਲਾਣੇ ਜ਼ਿਲ੍ਹੇ ਨੂੰ ਦਿੱਤੀ ਗਈ।

ਰਾਜ ਮੰਤਰੀ: ਇਹ ਡਿਟੇਲ ਇਸ ਤਰ੍ਹਾਂ ਹੈ:

ਜ਼ਿਲ੍ਹਾ		ਰਕਮ ਜੋ ਪਰਵਾਨਤ ਹੋਈ (ਰੁਪਏ)
1. ਪਟਿਆਲਾ	...	10,60,600
2. ਜਲੰਧਰ	...	26,68,000
3 ਲੁਧਿਆਣਾ	...	16,51,375
4. ਬ਼ਠਿੰਡਾ	...	6,05,900
5. ਫਿਰੋਜ਼ਪੁਰ	...	2,11,400
6. ਰੋਪੜ	...	7,20,700
7. ਗ.ਰਦਾਸਪੁਰ	...	3,60,400
8. ਕਪੂਰਥਲਾ	...	6,90,000
9. ਸੰਗਰੂਰ	...	14,22,750
10. ਹੁਸ਼ਿਆਰਪੁਰ	...	10,71,300
11. ਅੰਮ੍ਰਿਤਸਰ	...	3,11,300

ਡਾਕਟਰ ਅਮੀਰ ਸਿੰਘ ਕਲਕਟ: ਹਾਊਸ ਦੇ ਇੰਪਾਰਟੈਂਟ ਮੈਂਬਰਾਂ ਦੀ ਕਮੇਟੀ ਦੀ ਰਿਪੋਰਟ ਹੈ ਕਿ ਇਸ ਨਾਲ ਅਮੀਰ ਹਰੀਜਨਾਂ ਨੂੰ ਹੀ ਫਾਇਦਾ ਹੋਇਆ ਹੈ। ਇਸ ਸਕੀਮ ਦਾ ਉਨ੍ਹਾਂ ਹਰੀਜਨਾਂ ਨੂੰ ਫਾਇਦਾ ਹੋਣਾ ਚਾਹੀਦਾ ਹੈ ਜਿਨ੍ਹਾਂ ਦੀ ਇਨਕਮ 500 ਮੰਥਲੀ ਤੋਂ ਘੱਟ ਹੈ, ਪਰ ਇਸ ਸਕੀਮ ਤੋਂ ਅਮੀਰ ਹਰੀਜਨ ਫਾਇਦਾ ਲੈ ਗਏ ਹਨ। ਕੀ ਇਸ ਤਰਫ ਧਿਆਨ ਦਿੱਤਾ ਗਿਆ ਹੈ ?

ਰਾਜ ਮੰਤਰੀ: ਸਕੀਮ ਦਾ ਮੰਤਵ ਇਹੀ ਸੀ ਕਿ ਗ਼ਰੀਬਾਂ ਦੀ ਮਦਦ ਕੀਤੀ ਜਾਵੇ ਅਤੇ ਇਸ ਵਾਸਤੇ ਹੀ ਸਕੀਮ ਚਲਾਈ ਗਈ ਹੈ। ਸਰਕਾਰ ਦੀ ਤਵੱਜੋ ਹਮੇਸ਼ਾ ਇਹੀ ਹੁੰਦੀ ਹੈ ਕਿ ਗ਼ਰੀਬਾਂ ਦੀ ਮਦਦ ਵੱਧ ਤੋਂ ਵੱਧ ਹੋਵੇ। ਜੋ ਇਸ ਬਾਰੇ ਮੈਂਬਰ ਸਾਹਿਬਾਨ ਸੁਝਾਓ ਦੇਣਗੇ, ਉਨ੍ਹਾਂ ਤੇ ਵਿਚਾਰ ਕੀਤਾ ਜਾਵੇਗਾ।

ਕਾਮਰੇਡ ਸੱਤ ਪਾਲ ਡਾਂਗ: ਮੈਂ ਮਨਿਸਟਰ ਸਾਹਿਬਾ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਹਾਊਸ ਦੀ ਇਕ ਕਮੇਟੀ ਨੇ, ਜਿਸ ਵਿਚ ਇਸ ਹਾਊਸ ਦੀ ਰੂਲਿੰਗ ਪਾਰਟੀ ਵੀ ਸੀ, ਸਰਵਸੰਮਤੀ ਨਾਲ ਇਹ ਸਾਇਨਿੰਗ ਦਿੱਤੀ ਹੈ ਕਿ ਨਿਯਤ ਜੋ ਮਰਜੀ ਹੋਵੇ, ਇਸ ਕਾਰਪੋਰਸ਼ਨ ਨੇ ਜੋ ਕੁਝ ਕੀਤਾ, ਹਰੀਜਨਾਂ ਵਿਚ ਜਿਹੜਾ ਬਹੁਤ ਸਮਾਲ, ਛੋਟਾ ਜਿਹਾ ਤਬਕਾ ਅਮੀਰਾਂ ਦਾ ਪੈਦਾ ਹੋਇਆ ਹੈ, ਬਹੁਤ ਪੈਸੇ ਕਾਰਪੋਰੇਸ਼ਨ ਨੇ ਉਨ੍ਹਾਂ ਨੂੰ ਹੀ ਦਿੱਤੇ ਹਨ, ਗ਼ਰੀਬਾਂ ਨੂੰ ਨਹੀਂ ਦਿੱਤੇ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਕਮੇਟੀ ਦੀਆਂ ਸਿਫਾਰਸ਼ਾਂ ਵਲ ਧਿਆਨ ਦੇ ਕੇ ਇਸ ਵਲ ਵਿਚਾਰ ਕੀਤਾ ਗਿਆ ?

ਰਾਜ ਮੰਤਰੀ: ਗਰੀਬਾਂ ਦੇ ਹੱਕ ਵਿਚ ਜਿਹੜੀਆਂ ਸਿਫਾਰਸ਼ਾਂ ਆਉਂਦੀਆਂ ਹਨ, ਉਨ੍ਹਾਂ ਤੇ ਗਵਰਨਮੈਂਟ ਹਮਦਰਦੀ ਨਾਲ ਗੌਰ ਕਰੇਗੀ ਅਤੇ ਅਮਲ ਕਰੇਗੀ।

ਚੌਧਰੀ ਰਾਮ ਸਿੰਘ: ਜਿਹੜੇ ਇਹ ਹਰੀਜਨਾਂ ਨੂੰ ਲੋਨ ਦਿੱਤੇ ਗਏ ਹਨ, ਜਲੰਧਰ ਵਿਚ ਇਹ ਲੋਨ 26,68,000 ਦਿੱਤਾ ਗਿਆ ਹੈ, ਅੰਮ੍ਰਿਤਸਰ ਵਿਚ 3,11,300 ਰੁਪਏ, ਗੁਰਦਾਸਪੁਰ ਵਿਚ 3,60,400

ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਵਿਤਕਰਾ ਕਿਉਂ ਕੀਤਾ ਗਿਆ ਹੈ ਬਾਰਡਰ ਦੇ ਜ਼ਿਲ੍ਹਿਆਂ ਨਾਲ, ਬਾਕੀ ਜ਼ਿਲ੍ਹਿਆਂ ਨੂੰ ਕਿਉਂ ਵੱਧ ਦਿੱਤਾ ਗਿਆ ਹੈ ?

ਰਾਜ ਮੰਤਰੀ : ਵਿਤਕਰਾ ਕੋਈ ਨਹੀਂ ਕੀਤਾ ਗਿਆ। ਜਿੰਨੀਆਂ ਦਰਖਾਸਤਾਂ ਆਉਂਦੀਆਂ ਹਨ, ਉਨ੍ਹਾਂ ਤੇ ਗੌਰ ਹੁੰਦਾ ਹੈ। ਮੈਂ ਇਹ ਕਹਾਂਗੀ ਕਿ ਮੈਂਬਰ ਸਾਹਿਬਾਨ ਵੱਧ ਤੋਂ ਵੱਧ ਗਰੀਬਾਂ ਦੀਆਂ ਦਰਖਾਸਤਾਂ ਦੇਣਗੇ ਤਾਂ ਸਰਕਾਰ ਉਨ੍ਹਾਂ ਤੇ ਗੌਰ ਕਰੇਗੀ।

आचार्य पृथ्वी सिंह आज़ाद ; क्या मिनिस्टर साहिबा यह बताने की कृपा करेंगी कि जो कर्जा हरिजनों को दिया जाता है वह इस ख्याल के पेशेनजर दिया जाता है कि वह किसी से वापिस मिल सकेगा या नहीं ?

ਰਾਜ ਮੰਤਰੀ : ਇਸ ਸਵਾਲ ਦਾ ਇਸ ਨਾਲ ਸਬੰਧ ਨਹੀਂ ਲੇਕਿਨ ਸਰਕਾਰ ਕੋਈ ਵੀ ਲੋਨ ਦਿੰਦੀ ਹੈ, ਉਥੇ ਇਹ ਜ਼ਰੂਰੀ ਹੈ ਕਿ ਉਹ ਵਾਪਸ ਤਾਂ ਲੈਣਾ ਹੀ ਹੁੰਦਾ ਹੈ, ਇਸ ਵਿਚ ਕੋਈ ਗੁੰਜਾਇਸ਼ ਨਹੀਂ।

ਸਰਦਾਰ ਕਰਨੈਲ ਸਿੰਘ ਮਰੜੀ : ਜ਼ਿਲ੍ਹਾ ਹੁਸ਼ਿਆਰਪੁਰ ਨੂੰ 10,71,300 ਰੁਪਿਆ ਦਿੱਤਾ ਗਿਆ ਅਤੇ ਜ਼ਿਲ੍ਹਾ ਅੰਮ੍ਰਿਤਸਰ ਨੂੰ 3,11,300 ਰੁਪਿਆ ਦਿੱਤਾ ਗਿਆ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਬਾਰਡਰ ਦਾ ਏਰੀਆ ਹੈ ਅਤੇ ਵੱਡਾ ਸ਼ਹਿਰ ਹੈ, ਕੀ ਇਸ ਦਾ ਰੁਪਿਆ 10 ਲੱਖ ਕਰਨ ਨੂੰ ਸਰਕਾਰ ਤਿਆਰ ਹੈ ?

ਰਾਜ ਮੰਤਰੀ : ਮੈਂ ਮੈਂਬਰ ਸਾਹਿਬਾਨ ਨੂੰ ਰਿਕੁਵੈਸਟ ਕਰਾਂਗੀ ਕਿ ਸਿਰਫ ਅੰਮ੍ਰਿਤਸਰ ਹੀ ਨਹੀਂ, ਹੋਰ ਜਿਹੜੇ ਬਾਰਡਰ ਦੇ ਡਿਸਟ੍ਰਿਕਟਸ ਹਨ, ਉਥੋਂ ਵੱਧ ਤੋਂ ਵੱਧ ਐਪਲੀਕੇਸ਼ਨਜ਼ ਦਿਵਾਉਣ, ਉਨ੍ਹਾਂ ਤੇ ਗੌਰ ਕੀਤਾ ਜਾਵੇਗਾ।

Villages selected under the Environmental Cleanliness of Harijan Bastis in Sub-Division Malerkotla and Dhuri Assembly Constituency

***2450 Comrade Achhra Singh** : Will the Minister of State for Social Welfare be pleased to state—

(a) the number and names of villages selected under the Environmental Cleanliness of Harijan Bastis Scheme in Sub-Division Malerkotla District Sangrur ;

(b) the number and names of such villages selected in Dhuri Assembly Constituency;

(c) the time by which the said Scheme is likely to be started ?

Miss Sarla Prasher : (a) Two.

(i) Burj.

(ii) Sadho Pur.

(b) Nil.

(c) The work of these villages is in progress.

[(ੳ) ਦੋ ।

(1) ਬੁਰਜ ।

(2) ਸਾਧੋਪੁਰ ।

[Minister of State for Social Welfare]

(ਅ) ਕੋਈ ਨਹੀਂ।

(ਏ) ਕੰਮ ਚਾਲੂ ਹੈ।]

ਕਾਮਰੇਡ ਅਛੱਰਾ ਸਿੰਘ: ਮਾਲੇਰਕੋਟਲਾ ਸਬ-ਡਿਵੀਜ਼ਨ ਵਿਚ ਕਿਹਾ ਗਿਆ ਹੈ ਕਿ ਇਕ ਪਿੰਡ ਬੁਰਜ ਨੂੰ ਸਿਲੈਕਟ ਕੀਤਾ ਗਿਆ ਹੈ ਅਤੇ ਦੂਜਾ ਸਾਧੋਪੁਰ ਪਿੰਡ ਹੈ, ਉਹ ਵੀ ਤਾਂ ਉਨ੍ਹਾਂ 27 ਪਿੰਡਾਂ ਵਿਚੋਂ ਹੀ ਹੋਵੇਗਾ ਜਿਨ੍ਹਾਂ ਬਾਰੇ ਇਸ ਹਾਊਸ ਵਿਚ ਬੜਾ ਤੌਖਲਾ ਪਰਗਟ ਕੀਤਾ ਗਿਆ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਇਸ ਸਕੀਮ ਤੇ ਦੁਬਾਰਾ ਗੌਰ ਕੀਤਾ ਜਾਵੇਗਾ ਅਤੇ ਸਾਰੇ ਹਲਕਿਆਂ ਦੇ ਪਿੰਡਾਂ ਨੂੰ ਸ਼ਾਮਿਲ ਕਰਨ ਤੇ ਵਿਚਾਰ ਕੀਤਾ ਜਾਵੇਗਾ ?

ਰਾਜ ਮੰਤਰੀ: ਇਹ ਜਿਹੜੇ ਪਿੰਡ ਇਸ ਸਕੀਮ ਵਿਚ ਇੰਨਕਲੂਡ ਕੀਤੇ ਜਾਂਦੇ ਹਨ, ਇਹ ਮੈਂਬਰ ਸਾਹਿਬਾਨ ਦੀ ਰਿਕਮੈਂਡੇਸ਼ਨ ਤੇ ਲਿਸਟ ਵਿਚ ਸ਼ਾਮਿਲ ਕੀਤੇ ਜਾਂਦੇ ਹਨ ਅਤੇ ਇਸ ਚੀਜ਼ ਦਾ ਖਿਆਲ ਮੈਂਬਰ ਸਾਹਿਬਾਨ ਨੂੰ ਰਖਣਾ ਚਾਹੀਦਾ ਹੈ, ਉਸ ਦੇ ਮੁਤਾਬਿਕ ਹੋਵੇਗਾ।

ਸਰਦਾਰ ਪ੍ਰੇਮ ਸਿੰਘ ਪ੍ਰੇਮ: ਮੈਂ ਇਹ ਪੁਛਣਾ ਚਾਹੰਦਾ ਹਾਂ ਕਿ ਕੀ ਮਨਿਸਟਰ ਸਾਹਿਬਾ ਇਹ ਦੱਸਣਗੇ ਕਿ ਕਿਹੜੇ ਕਿਹੜੇ ਮੈਂਬਰ ਸਾਹਿਬਾਨ ਦੀਆਂ ਸਿਫਾਰਸ਼ਾਂ ਆਈਆਂ ਸਨ ਅਤੇ ਕਿਹੜੇ ਕਿਹੜੇ ਮੈਂਬਰ ਸਾਹਿਬਾਨ ਦੀਆਂ ਨਹੀਂ ਆਈਆਂ ਸਨ ?

ਰਾਜ ਮੰਤਰੀ: ਇਸ ਸਕੀਮ ਦੇ ਰੂਲਜ਼ ਹਨ, ਜਿਹੜੇ ਪਿੰਡ ਪਲੈਨ ਤੇ ਲਏ ਜਾਂਦੇ ਹਨ। ਮੈਂਬਰ ਸਾਹਿਬਾਨ ਆਪਣੀ ਰਿਕਮੈਂਡੇਸ਼ਨ ਦੇਣਗੇ ਉਸ ਦੇ ਆਧਾਰ ਤੇ ਜਿਹੜੀ ਰਿਕਮੈਂਡੇਸ਼ਨ ਆਏਗੀ ਉਸ ਤੇ ਗੌਰ ਕੀਤਾ ਜਾਵੇਗਾ।

ਕਾਮਰੇਡ ਸੱਤ ਪਾਲ ਡਾਂਗ: ਮਨਿਸਟਰ ਸਾਹਿਬਾ ਨੇ ਪਾਰਟ 'ਬੀ' ਦੇ ਜਵਾਬ ਵਿਚ ਦਿੱਤਾ ਹੋਇਆ ਹੈ 'ਕੋਈ ਨਹੀਂ' ਕਿ ਮੈਂਬਰਾਂ ਨੂੰ ਕੋਈ ਸਿਫਾਰਸ਼ ਨਹੀਂ ਸੀ ਕੀਤੀ। ਮੈਂ ਮਨਿਸਟਰ ਸਾਹਿਬਾ ਤੋਂ ਪੁਛਣਾ ਚਾਹਾਂਗਾ ਕਿ ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਧੂਰੀ ਕੰਸਟੀਚਿਊਐਂਸੀ ਦੇ ਐਮ.ਐਲ.ਏ. ਨੇ ਇਸ ਗੱਲ ਦੇ ਬਾਵਜੂਦ ਕਿ ਮੈਂਬਰ ਸਾਹਿਬਾਨ ਕੋਲੋਂ ਸਿਫਾਰਸ਼ਾਂ ਨਹੀਂ ਮੰਗੀਆਂ ਗਈਆਂ ਸਨ, 10 ਪਿੰਡਾਂ ਨਾਲੋਂ ਇਕ ਦੀ ਪਰੈਫਰੈਂਸ ਲਿਖ ਕੇ ਦਿੱਤੀ ਅਤੇ ਰਿਕੂਐਸਟ ਕੀਤੀ ਕਿ ਇਨ੍ਹਾਂ ਵਿਚੋਂ ਸਿਲੈਕਟ ਕੀਤੇ ਜਾਣ ਅਤੇ ਉਹ ਸਰਦਾਰ ਗੁਰਮੇਲ ਸਿੰਘ ਨੇ ਇਸ ਕਰਕੇ ਨਹੀਂ ਕੀਤੇ ਕਿ ਸਰਦਾਰ ਦਿਲਬਾਗ ਸਿੰਘ ਦੇ ਕਹਿਣ ਤੇ ਉਹ ਕਰਦੇ ਸਨ, ਹੋਰਨਾਂ ਦੇ ਕਹਿਣ ਤੋਂ ਨਹੀਂ ਕਰਦੇ ਸਨ ?

ਰਾਜ ਮੰਤਰੀ: ਜਿਹੜੀਆਂ ਸਿਫਾਰਸ਼ਾਂ ਵੀ ਇੰਨ-ਟਾਈਮ ਆਉਂਦੀਆਂ ਹਨ, ਉਨ੍ਹਾਂ ਤੇ ਗੌਰ ਹੋ ਸਕਦਾ ਹੈ। ਮੈਂਬਰ ਸਾਹਿਬ ਨੇ 10 ਪਿੰਡਾਂ ਦੇ ਇਹ ਫਿਕਸਡ ਟਾਈਮ ਐਗਜਾਸਟ ਹੋਣ ਤੋਂ ਬਾਅਦ ਲਿਖ ਕੇ ਭਜਿਆ ਹੋਣਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ: ਮੈਂ ਮਨਿਸਟਰ ਸਾਹਿਬਾ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਬਾਰੇ ਕਿਹੜੀ ਮਿਤੀ ਮੁਕਰਰ ਕੀਤੀ ਗਈ ਸੀ ਜਿਸ ਦੇ ਮੁਤਾਬਕ ਐਮ.ਐਲ.ਏਜ਼. ਕੋਲੋਂ ਸਿਫਾਰਸ਼ਾਂ ਪੁਜ ਜਾਣ ਅਤੇ ਕਿਹੜੇ ਕਿਹੜੇ ਐਮ.ਐਲ.ਏ. ਨੇ ਸਿਫਾਰਸ਼ਾਂ ਕੀਤੀਆਂ ਉਸ ਮਿਤੀ ਦੇ ਮੁਤਾਬਕ ?

ਰਾਜ ਮੰਤਰੀ: ਮਿਤੀ ਕੋਈ ਮੁੱਕਰਰ ਨਹੀਂ ਹੋਈ। ਜਿਹੜੀ ਲਿਸਟ ਆਉਂਦੀ ਗਈ ਅਤੇ ਇਸ ਸਕੀਮ ਵਿਚ ਜਿਹੜੇ ਪਿੰਡ ਐਡਜਸਟ ਹੋ ਗਏ ਅਤੇ ਜਦੋਂ ਤਕ ਫੰਡ ਰਹੇ ਉਦੋਂ ਤਕ ਹੋ ਗਏ ਅਤੇ ਜਦੋਂ ਫੰਡਜ਼ ਐਗਜ਼ਾਸਟ ਹੋ ਗਏ, ਉਸ ਤੋਂ ਬਾਅਦ ਦੀ ਲਿਸਟ ਕੋਈ ਨਹੀਂ ਹੈ।

ਕਾਮਰੇਡ ਅੱਛਰਾ ਸਿੰਘ : ਕੀ ਮਨਿਸਟਰ ਸਾਹਿਬਾ ਇਹ ਦੱਸਣਗੇ ਕਿ ਅਨਵਾਇਰਨਮੈਂਟਲ ਸਕੀਮ ਦੇ ਤਹਿਤ ਸ਼ਹਿਰਾਂ ਵਿਚ ਜਿਹੜੀਆਂ ਸਕੈਵੇਂਜਰਜ਼ ਦੀਆਂ ਬਸਤੀਆਂ ਹਨ, ਉਨ੍ਹਾਂ ਨੂੰ ਮਾਡਲ ਬਸਤੀਆਂ ਬਣਾਉਣ ਬਾਰੇ ਸਰਕਾਰ ਸੋਚੇਗੀ?

ਰਾਜ ਮੰਤਰੀ : ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਜਿਥੋਂ ਜਿਥੋਂ ਦੀਆਂ ਬਸਤੀਆਂ ਨੂੰ ਅਸੀਂ ਇਨਕਲੂਡ ਕਰ ਰਹੇ ਹਾਂ, ਸ਼ਹਿਰਾਂ ਵਿਚ ਵੀ ਇਸ ਤਰ੍ਹਾਂ ਦੀਆਂ ਬਸਤੀਆਂ ਨੂੰ ਇਨਕਲੂਡ ਕਰਨ ਵਾਸਤੇ ਸਰਕਾਰ ਸੋਚ ਰਹੀ ਹੈ।

ਕਾਮਰੇਡ ਅੱਛਰਾ ਸਿੰਘ : ਮਨਿਸਟਰ ਸਾਹਿਬਾ ਨੇ ਇਥੇ ਜਵਾਬ ਵਿਚ ਕਿਹਾ ਹੈ ਕਿ ਧੂਰੀ ਦੇ ਐਮ. ਐਲ. ਏ. ਵਲੋਂ ਕੋਈ ਦਰਖਾਸਤ ਨਹੀਂ ਸੀ। ਇਹ ਸਟੇਟਮੈਂਟ ਬਿਲਕੁਲ ਗਲਤ ਹੈ। ਮੈਂ ਇਸ ਨੂੰ ਚੈਲੰਜ ਕਰਦਾ ਹਾਂ। ਜਾਂ ਤਾਂ ਇਨ੍ਹਾਂ ਦਾ ਡਿਪਾਰਟਮੈਂਟ ਨਾ-ਅਹਿਲ ਹੈ। ਮੈਂ ਵਕਤਸਿਰ ਤਜਵੀਜ਼ ਭੇਜੀ ਸੀ। ਇਹ ਬੜੀ ਹੈਰਾਨੀ ਦੀ ਗੱਲ ਹੈ। ਕੀ ਮਨਿਸਟਰ ਸਾਹਿਬਾ ਇਸ ਗੱਲ ਦੀ ਪੜਤਾਲ ਕਰਵਾਉਣ ਵਾਸਤੇ ਤਿਆਰ ਹਨ ?

ਰਾਜ ਮੰਤਰੀ : ਇਸ ਬਾਰੇ ਡਿਟੇਲਜ਼ ਮੈਂ ਵੇਖ ਲਵਾਂਗੀ। ਵੈਸੇ ਮੈਂ ਇਹ ਕਿਹਾ ਹੈ ਕਿ ਜਿਹੜੀ ਲਿਸਟ ਇੰਨ-ਟਾਈਮ ਨਹੀਂ ਆਈ, ਉਹ ਸ਼ਾਮਿਲ ਨਹੀਂ ਹੋ ਸਕਦੀ।

ਚੌਧਰੀ ਰਾਮ ਸਿੰਘ : ਜਿਨ੍ਹਾਂ ਇਲਾਕਿਆਂ ਵਿਚ ਘੱਟ ਪਿੰਡ ਇਨਕਲੂਡ ਕੀਤੇ ਗਏ, ਕੀ ਉਨ੍ਹਾਂ ਨੂੰ ਜ਼ਿਆਦਾ ਹਿੱਸਾ ਮਿਲੇਗਾ ?

ਰਾਜ ਮੰਤਰੀ : ਇਸਦੇ ਬਾਰੇ ਮੈਂ ਕਿਹਾ ਹੈ ਕਿ ਜਿਹੜੇ ਪਿੰਡ ਸ਼ਾਮਿਲ ਨਹੀਂ ਹੋ ਸਕੇ, ਉਨ੍ਹਾਂ ਨੂੰ ਸ਼ਾਮਿਲ ਕੀਤਾ ਜਾਵੇਗਾ ਅਤੇ ਜਿਨ੍ਹਾਂ ਹਲਕਿਆਂ ਵਿਚ ਘੱਟ ਹੋਣਗੇ, ਉਨ੍ਹਾਂ ਨੂੰ ਨੈਚੁਰਲੀ ਵੱਧ ਹਿੱਸਾ ਮਿਲਣਾ ਹੈ।

Maternity Benefit for Workers Covered under ESI Scheme

***2094. Comrade Satya Pal Dang** : Will the Minister of State for Health and Family Planning be pleased to state—

(a) whether industrial workers covered by the ESI Scheme are at present entitled to any maternity benefit in case of their wives delivering a baby;

(b) if the answer to part (a) above be in the affirmative whether it is a fact that the said benefit has been stopped in case of Amritsar Centre; if so, the reasons therefor?

Sardar Balbir Singh : (a) Yes.

(b) No Sir. Payment of confinement fee was temporarily withheld for want of clarification from the ESI Corporation which has been sent by the Corporation on 2nd February, 1974. The payments are being released now.

[(ੳ) ਹਾਂ ਜੀ।

(ਅ) ਈ. ਐਸ. ਆਈ. ਕਾਰਪੋਰੇਸ਼ਨ ਵਲੋਂ ਸਪਸ਼ਟੀਕਰਨ ਨਾ ਆਉਣ ਕਾਰਣ ਕੁਝ ਸਮੇਂ ਲਈ ਕਨਫਾਈਨਮੈਂਟ ਫੀ ਦੀ ਅਦਾਇਗੀ ਰੋਕ ਦਿੱਤੀ ਗਈ ਸੀ। ਹੁਣ ਇਹ ਸਪਸ਼ਟੀਕਰਨ ਈ. ਐਸ. ਆਈ. ਕਾਰਪੋਰੇਸ਼ਨ ਨੇ 2 ਫਰਵਰੀ, 1974 ਨੂੰ ਭੇਜ ਦਿੱਤਾ ਹੈ। ਇਸ ਅਨੁਸਾਰ ਹੁਣ ਕਨਫਾਈਨਮੈਂਟ ਫੀ ਦੀਆਂ ਅਦਾਇਗੀਆਂ ਕੀਤੀਆਂ ਜਾ ਰਹੀਆਂ ਹਨ।]

Executive Engineers of Divisions of Amritsar

***2125. Master Chand Singh** : Will the Minister of State for Irrigation and Power be pleased to state—

(a) the names of the work-charged Beldars working at present under the Executive Engineers of each of the Drainage Divisions of Amritsar District ;

(b) whether their arrears for the period from 1968 to March, 1973, have been paid to them;

(c) the name of the Division of which the Beldars have not received their arrears for the period mentioned in part (b) above;

(d) whether the Government, Minister concerned and the Chief Engineer, Drainage received any Charter of Demands in this regard from Class IV Govt. Employees Union, Amritsar ; if so, a copy thereof be laid on the Table of the House?

Sardar Gurbaksh Singh Sibia : (a) A list is laid on the Table of the House.

(b) Yes Sir, except 13 who will be paid after completion of their service records.

(c) Diversion Division, Amritsar 3
Amritsar Drg. Division, Amritsar 10

(d) Yes Sir, a copy of demands notice is laid on the Table of the House.

[(ੳ) ਇਕ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਹਾਂ ਜੀ, 13 ਬੇਲਦਾਰਾਂ ਤੋਂ ਇਲਾਵਾ ਜਿਨ੍ਹਾਂ ਨੂੰ ਉਨ੍ਹਾਂ ਦੀ ਨੌਕਰੀ ਦਾ ਰੀਕਾਰਡ ਮੁਕੰਮਲ ਹੋ ਜਾਣ ਉਪਰੰਤ ਅਦਾਇਗੀ ਕਰ ਦਿੱਤੀ ਜਾਵੇਗੀ ।

(ੲ) ਡਾਈਵਰਸ਼ਨ ਡਵੀਜ਼ਨ, ਅੰਮ੍ਰਿਤਸਰ 3
ਅੰਮ੍ਰਿਤਸਰ ਡਰੇਨੇਜ਼ ਡਵੀਜ਼ਨ, ਅੰਮ੍ਰਿਤਸਰ 10

(ਸ) ਹਾਂ ਜੀ, ਡੀਮਾਂਡ ਨੋਟਿਸ ਦੀ ਕਾਪੀ ਹਾਊਸ ਦੇ ਟੇਬਲ ਤੇ ਰਖੀ ਜਾਂਦੀ ਹੈ ।]

List of Beldars employed at present in Diversion Division Amritsar

Serial No.	Name of Beldar	Serial No.	Name of Beldar
	Sarvshri—		*Sarvshri—*
1	Chanchal Singh	32	Ram Kumar
2	Gian Singh	33	Mohinder Singh
3	Amar Singh	34	Mangal Singh
4	Balkar Singh	35	Waryam Singh
5	Gura	36	Baha Singh
6	Sulakhan Singh	37	Wazir Massih
7	Bhola Singh	38	Tara Singh
8	Balkar Singh	39	Gurnam Singh
9	Ajaib Singh	40	Kashmir Singh
10	Gurcharan Singh	41	Narain Singh
11	Saudagar Singh	42	Kashmir Singh
12	Harbans Singh	43	Teja Singh
13	Mohinder Singh	44	Sulakhan Singh
14	Trilok Singh	45	Sawarn Singh
15	Moorta Singh	46	Mukhtiar Singh
16	Shohan Singh	47	Nanit Massih
17	Harbhajan Singh	48	Harnama
18	Dhanno	49	Makhan Singh
19	Teja Singh	50	Balkar Singh
20	Barkat	51	Manna Singh
21	Mohan Lal	52	Nazer Singh
22	Lakhbir Singh	53	Balkar Singh
23	Onkar Singh	54	Ram Singh
24	Mahabir	55	Tara Singh
25	Kartar Singh	56	Thakar Singh
26	Anait	57	Balvinder Singh
27	Jarnail Singh	58	Atma Singh
28	Rosha	59	Ajit Singh
29	Babu Ram	60	Makhan Singh
30	Kirpal Singh	61	Jaswant Singh
31	Jamna Parshad	62	Surjan Singh

[Minister of State for Irrigation and Power]

Serial No.	Name of Beldar	Serial No.	Name of Beldar
	Sarvshri—		*Sarvshri—*
63	Khajan Singh	75	Ratti Pal
64	Rehmat Massih	76	Ram Dhiraj
65	Sawaran Singh	77	Dhuman Singh
66	Charna	78	Hazara Singh
67	Chana	79	Bahadur Singh
68	Gulzar Singh	80	Kartar Singh
69	Gurnam Singh	81	Bishan Singh
70	Joginder Singh	82	Surjit Singh
71	Mangat Ram	83	Chanan Singh
72	Darshan Singh	84	Jarnail Singh
73	Surinder Pal	85	Parkash Singh
74	Harbans Singh	86	Nirmal Singh

List of Work-Charged employees Working in Amritsar Drainage Division Amritsar

Serial No.	Name of work charged	Serial No.	Name of work charged
	Sarvshri—		*Sarvshri—*
1.	Ajit Singh.	14.	Beera S ingh.
2.	Kundan Singh.	15	Baldev Raj.
3.	Harnam Singh.	16.	Mohinder Singh.
4.	Shera, Mate.	17	Balkar Singh.
5.	Jaffar.	18.	Kartar Singh.
6.	Mushtal.	19.	Gurmej Singh.
7.	Badri.	20.	Chanan Singh.
8.	Bachan.	21.	Gian Singh.
9.	Lekh Raj.	22	Bhagwan Singh.
10.	Amar Singh.	23.	Mangal Singh, son of Ishar Singh.
11.	Tara Singh.	24.	Mangal Singh, son of Shri Fauja Singh.
12.	Darshan Singh.	25.	Surjit Singh.
13.	Jagir Singh.	26.	Harbhajan Singh.

Serial No.	Name of work charged	Serial No.	Name of work charged
	Sarvshri—		*Sarvshri—*
27.	Sawinder Singh.	50.	Puran Chand, son of Lal Chand.
28.	Kundan Singh.	51.	Kalu Ram, son of Surain Singh.
29.	Karam Singh.	52.	Mohinder Singh, son of Dewan Singh.
30.	Tarsem Singh.	53.	JoginderS ingh, son of Massa Singh.
31.	Dhian Singh.	54.	Dalip Singh, son of Inder Singh.
32.	Darshan Singh.	55.	Darshan Singh, son of Ujjagar Singh.
33.	Balwant Singh, Mate.	56.	Pritam, son of Ditto Masih.
34.	Salwinder Singh, Mate.	57.	Pritam Singh, son of Veer Singh.
35.	Sarain Singh, Mate.	58.	Pritam Singh, son of Natha Singh.
36.	Joginder Singh, Mate.	59.	Puran Singh, son of Lachhman Singh.
37.	Sucha Singh, E/W Mistry.	60.	Faqir Singh, son of Bhagar Singh.
38.	Karnail Singh, E/W Mistry.	61.	Joginder Singh, son of Kehar Singh.
39.	Tara Singh, E/W Mistry.	62.	Mohan Lal, son of Mukand Lal.
40.	Ravail Singh.	63.	Surain Singh, son cf Kesar Singh.
41.	Naranjan Singh.	64.	Bahadur Singh, son of Channa Singh.
42.	Joginder Singh.	65.	Munshi Ram, son of Veer Bhan.
43.	Kewal Singh.		
44.	Harnam Singh, Chowkidar.		
45.	Gurdeep Singh, son of Ganga Singh.		
46.	Dhanna Singh, son of Kura.		
47.	Deepa, son of Kura.		
48.	Gurdial Singh, son of Hazara Singh.		
49.	Tara Chand, son of Shri Sant Ram.		

[Minister of State for Irrigation and Power]

Serial No.	Name of work charged
	Sarvshri—
66.	Kundan Lal, son of Hari.
67.	Bashir, sonof Surain.
68.	Gurdial Singh, son of Surain Singh.
69.	Bhagat Singh, son of Milkhi Ram, Driver.
70.	Prillani Singh, son of Challar Singh, Work Mistry.
71.	Mehnga Singh, son of Jagar Singh, Mate.
72.	Dalip Singh, son of Hans Raj, Mate.
73.	Ram Lal, son of Hans Raf.
74.	Khazan Singh, son of Kessar Singh, Store-Munshi.
75.	Harbans Singh, son of Mehar Singh.
76.	Kishan Chand, son of Ishar Dass.
77.	Dharam Pal, son of Ishar Dass.
78.	Darshan Singh, son of Sham Singh.
79.	Romesh, son of Mella Ram.
80.	Billa, son of Khazan Singh.
81.	Khazan Singh, son of Assa Singh.
82.	Raj Pat, son of Shri Dharam Chand.
83.	Bachan Singh, son of Arjan Singh.
84.	Kundan Singh, son of Shri Wadhawa Singh.
85.	Bhane, son of Neka.
86.	Assa Singh, son of Narain Singh.
87.	Parkash Chand, son of Bali Ram.
88.	Shri Munshi Ram Singh, son of Shankar Singh.
89.	Sarinder Singh, son of Mukhtar Singh.
90.	Ganga Singh, son of Was an Singh.
91.	Piara Singh, son cf Rur Singh
92.	Sulakhan Singh, son of Banta Singh.
93.	Lekha Singh, son of Harnam Singh.
94.	Bakka, son of Jhandu.
95.	Jagtar Singh, son of Ujjagar Singh.
96.	Kundan Lal, son of Haveli Ram.
97.	Major Singh, son of Bachan Singh.
98.	Mant, son of Namu.

Statement showing names of Beldars working in Drainage Construction Division, Amritsar

Serial No.	Name	Serial No.	Name
	Sarvshri—		*Sarvshri—*
1	Ganga Singh	31	Rehmat
2	Gulzar Singh	32	Joginder Singh
3	Sadhu Singh	33	Gura Singh
4	Gurdas Ram	34	Sajjan Singh
5	Kashmir Singh	35	Pritu
6	Dara Singh	36	Achhar Singh
7	Balkar Singh	37	Darshan Singh
8	Gurmej Singh	38	Shangara Singh
9	Gurnam Singh	39	Teja Singh
10	Dara Singh	40	Santa Singh
11	Bara Singh	41	Achhar Singh
12	Balkar Singh	42	Hazara Singh
13	Romesh	43	Narinder Singh
14	Murta Singh	44	Roop Lal
15	Dharam Singh	45	Jaswant Singh
16	Des Raj	46	Labh Singh
17	Dalip Singh	47	Shingara Singh
18	Balbir Singh	48	Achar Singh
19	Dalip Singh	49	Shinda
20	Gurcharan Singh	50	Santa Singh
21	Dharam Singh	51	Natha Singh
22	Sabeg Singh	52	Bhajan Singh
23	Thakur Singh	53	Harnam Singh
24	Malook Singh	54	Hazara Singh
25	Saroop Singh	55	Roor Singh
26	Pritam Singh	56	Mohinder Singh
27	Arjan Dass	57	Butta Singh
28	Amrik Singh	58	Ghulla Singh
29	Khushi Ram	59	Surjan Singh
30	Tara Singh	60	Jagir Singh

[Minister of State for Irrigation and Power]

Serial No.	Name	Serial No.	Name
	Sarvshri—		*Sarvshri—*
61	Biant Singh	88	Bachan Singh
62	Karam Singh	89	Sulakhan Singh
63	Chanan Singh	90	Kaka Singh
64	Fauja Singh	91	Mangta Singh
65	Dalbir Singh	92	Roor Singh
66	Sulakhan Singh	93	Tara Singh
67	Jagir	94	Maluk Singh
68	Ajit Singh	95	Gokha
69	Ajit Singh	96	Mukhtiar Singh
70	Joginder Singh	97	Chanan Singh
71	Rashem Singh	98	Arjan Singh
72	Kashmir Singh	99	Mangal Singh
73	Kashmir Singh	100	Ram Sarup
74	Faju	101	Piara Singh
75	Kashmir Singh	102	Mahana
76	Kartar Singh	103	Gurbachan Singh
77	Amrik Singh	104	Mukhtiar Singh
78	Piara	105	Arjan Singh
79	Gurmakh Singh	106	Gurnam Singh
80	Charn Singh	107	Kartar Singh
81	Sawaran Singh	108	Hari Singh
82	Swarn Singh	109	Sawaran Singh
83	Wasan Singh	110	Jarnail Singh
84	Ajit Singh	111	Joginder Singh
85	Gian Singh	112	Surinder Singh
86	Massa Singh	113	Tarlok Singh
87	Suraini	114	Anoop Singh

To

The Superintending Engineer,
Drainage Department, AmritsarCircle,
Amritsar.

Subject:—

Demand Notice.

Respected Sir,

On behalf of the members of the Union & Workers of the Drainage Department a notice of demands in respect of workers working in the Amritsar Drainage Circle, is hereby served upon for sympathetic consideration and decision.

It is humbly requested that under mentioned just & genuine demands of the workers of the Amritsar Drainage Circle may please be accepted within seven days from the receipt of this notice failing which all the responsibilities of all the actions by the workers would be entirely upon the Department.

In the absence of the acceptance of the undermentioned demands by your goodself, the workers and the union would be compelled to stage night Dharna in front of the residence of every XEN's and demonstration in front of the office of Superintending Engineer, Amritsar Circle, on 15th November, 1973, after the expiry of the period given in the notice for the acceptance of the demands.

Demands

(1) That the Beldars & Mates who were previously retrenched were reinstated, vide order of the Chief Engineer, Drainage Deptt., Punjab, Chandigarh. But out of the retrenched reinstated workers 4 Mates and 22 Beldars have not been reinstated so far besides the clear orders of the Chief Engineer of the Department concerned.

It is humbly demanded that the 4 mates and 22 Beldars may please be reinstated now & they should be given back wages.

(2) That the transfer of some of the Beldars have been effected by you and they have been posted far away from their places of residence, i.e. 40—70 Km away from their respective places of residence in violation of the orders of the State Government that the workers of the department should be posted near their places of residences, i.e. 4—5 miles away. This practice of the department is unfair.

It is humbly demanded that the workers so posted far away from their places of residence may please be posted near their places of residence.

3. That despite of written agreement the arrears of dearness allowance have not been paid to the workers for the period commencing from 1968—1970.

It is strongly demanded that the arrears of D.A. may please be paid to the workers now.

4. That it was also agreed upon that all the mates and beldars will be paid border House Rent Allowance, Cycle Allowance & will be given joining time. This has not been implemented so far.

It is demanded that while honouring the agreement the above demand of the workers already agreed upon may please be implemented and the arrears in respect of border House Rent Allowance and Cycle Allowance may please be paid to them.

5. That in cases of mutual transfers, it was orally agreed upon that these can be effected. But the workers are facing much hardship, harrasment and inconveniences in the office of the Executive Engineer, Shri Bajwa, Drainage Division, Amritsar. The cases of mutual transfers are not being decided and are being delayed unnecessarily.

It is demanded that the mutual cases of transfer may please be decided without any delay and harassment. The office of the XEN Shri Bajwa may please be instructed for speedy expedition of the transfer cases.

6. That all the communications made by the union are not being properly replied by the department and they are thrown in the dust bin.

It is humbly requested that all the letters of the workers as well as of the union may please be duly looked into and replied.

Yours faithfully,

(Sd.)

MULKH RAM SHARMA,
President,
Punjab Drainage Workers Union
Subhash Road, Chherta.

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਅੰਮ੍ਰਿਤਸਰ ਡਿਵੀਜ਼ਨ ਵਿਚ ਮੇਟ ਅਤੇ ਬੇਲਦਾਰ ਕੰਮ ਕਰ ਰਹੇ ਹਨ 22 ਮੇਟਾਂ ਦੀ ਛਾਂਟੀ ਕੀਤੀ ਗਈ ਅਤੇ ਜਿਹੜੇ 13 ਲਾਏ ਗਏ ਹਨ ਉਨ੍ਹਾਂ ਨੂੰ ਕੋਈ ਏਰੀਅਰ ਨਹੀਂ ਦਿੱਤਾ ਗਿਆ ? ਜਿਹੜੇ ਛਾਂਟੇ ਗਏ ਉਨ੍ਹਾਂ ਨੂੰ ਕਦੋਂ ਤੱਕ ਬਹਾਲ ਕੀਤਾ ਜਾਵੇਗਾ ਅਤੇ ਜਿਨ੍ਹਾਂ ਨੂੰ ਅਜੇ ਤੱਕ ਕੋਈ ਏਰੀਅਰ ਨਹੀਂ ਦਿੱਤਾ ਗਿਆ ਉਹ ਕਦੋਂ ਮਿਲ ਜਾਵੇਗਾ ?

ਰਾਜ ਮੰਤਰੀ : ਜਿਹੜੇ ਬਹਾਲ ਹੋਏ ਹਨ ਜਦੋਂ ਉਨ੍ਹਾਂ ਦੀਆਂ ਸਰਵਿਸ ਬੁਕਾਂ ਮੁਕੰਮਲ ਹੋ ਗਈਆਂ ਤਾਂ ਏਰੀਅਰ ਦੇ ਦਿੱਤਾ ਜਾਵੇਗਾ।

Mr. Speaker : Question hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE UNDER RULE 38

Cuts made in Budhlada Branch Canal at Village Ugrahan, District Sangrur

***2159. Sardar Gurdev Singh Bakshiwala.** Will the Minister of State for Irrigation and Power be pleased to state:—

(a) whether any cuts were made detected in Budhlada Branch canal at village Ugrahan, district Sangrur in the month of November, 1973;

(b) whether it is a regular feature that the farmers of the said village make cuts there in November, every year; if so, the details of the arrangements made by the Government to prevent such cuts in future;

(c) whether any action has been taken against the culprits, if so, the yearwise details thereof;

(d) whether any arrangements have been made by the Government to compensate the farmers of the Budhlada Branch area to whom canal water was supplied for only 12 days in November, 1973 for the late sowing of wheat crop;

(e) state the right time for the sowing of wheat crop in the State?

Sardar Gurbaksh Singh Sibia:

(a)
(b) } No., Sir.
(c)

(d) No Sir, the supply in Budhlada Branch ran for 16 days and not 12 days in November, 1973.

(e) October to December.

[(ੳ)
(ਅ) ਨਹੀਂ ਜੀ ।
(ੲ)

(ਸ) ਨਹੀਂ ਜੀ। ਨਵੰਬਰ, 1973 ਨੂੰ ਬੁਢਲਾਡਾ ਬਰਾਂਚ ਵਿਚ ਪਾਣੀ 16 ਦਿਨ ਚਲਿਆ, ਨਾ ਕਿ 12 ਦਿਨ ।

(ਹ) ਅਕਤੂਬਰ ਤੋਂ ਦਸੰਬਰ] ।

Starred Question No. 2084

ਗੁਰਦਰਸ਼ਨ ਸਿੰਘ 1248 ਮ ਖ ਸ 74/
ਰਾਜ ਮੰਤਰੀ,
ਖੁਰਾਕ ਤੇ ਸਪਲਾਈ ਵਿਭਾਗ, ਪੰਜਾਬ,
ਚੰਡੀਗੜ੍ਹ ।
ਮਾਰਚ 1, 1974

ਪਿਆਰੇ ਸ੍ਰੀ ਕੇਵਲ ਕ੍ਰਿਸ਼ਨ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2084, ਜੋ ਮਿਤੀ 2 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਸ੍ਰੀ ਧੰਨਾ ਸਿੰਘ ਗੁਲਸ਼ਨ, ਐਮ. ਐਲ. ਏ. ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 11 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਸਤਿਕਾਰ ਸਹਿਤ,

ਹਿੱਤੂ,
(ਸਹੀ)... ,
(ਗੁਰਦਰਸ਼ਨ ਸਿੰਘ),

ਸ੍ਰੀ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

Procurement of Wheat in the State

***1864 Shri Sardari Lal Kapur** : Will the Minister of State for Food and Supplies be pleased to state whether the procurement target of 34 lakh tonnes of wheat, fixed by the Government during the current year has been achieved, if not, the total amount of wheat procured so far alongwith the reasons why the fixed target of 34 lakh tonnes of wheat from the State has not been achieved?

Sardar Gurdarshan Singh : The wheat procurement target for Punjab was fixed at 33 lac tonnes for the year 1973-74, keeping in view the anticipated production of 58 lac tonnes in the State as orginally estimated by the Agricultural Department. The State has, however, been able to procure 27,07,184 tonnes of wheat upto date for the Central Pool, which forms 60 percent of the total procurement done in India. The main reason for lesser procurement is short fall in production by about 4.39 lac tonnes as revised estimates place production at 53.61 lac tonnes.

[Minister of State for Food and Supplies]

[ਰਾਜ ਵਿਚ ਕਣਕ ਦੀ ਪੈਦਾਵਾਰ ਦੀ ਆਸ 58 ਲੱਖ ਟਨ ਕਰਦੇ ਹੋਏ ਜਿਸ ਤਰ੍ਹਾਂ ਕਿ ਖੇਤੀਬਾੜੀ ਵਿਭਾਗ ਨੇ ਅਰੰਭ ਵਿਚ ਅਨੁਮਾਨ ਲਗਾਇਆ ਸੀ, ਸਾਲ 1973–74 ਲਈ ਪੰਜਾਬ ਵਾਸਤੇ ਕਣਕ ਪ੍ਰਾਪਤੀ ਦਾ ਟੀਚਾ 33 ਲੱਖ ਟਨ ਨਿਯਤ ਕੀਤਾ ਗਿਆ ਸੀ । ਪਰ ਰਾਜ ਹੁਣ ਤੱਕ ਕੇਂਦਰੀ ਪੂਲ ਲਈ 27,07,184 ਟਨ ਕਣਕ ਵਸੂਲ ਕਰਨ ਵਿਚ ਸਮਰਥ ਰਿਹਾ ਹੈ ਜੋ ਕਿ ਭਾਰਤ ਵਿਚ ਕੀਤੀ ਗਈ ਪ੍ਰਾਪਤੀ ਦਾ 60 ਪ੍ਰਤੀਸ਼ਤ ਹੈ । ਘਟ ਵਸੂਲੀ ਦਾ ਵੱਡਾ ਕਾਰਨ ਪੈਦਾਵਾਰ ਵਿਚ ਲਗਭਗ 4.39 ਲੱਖ ਟਨ ਦੀ ਕਮੀ ਹੈ, ਕਿਉਂਕਿ ਸੋਧੇ ਹੋਏ ਅਨੁਮਾਨਾਂ ਅਨੁਸਾਰ ਪੈਦਾਵਾਰ 53.61 ਲੱਖ ਟਨ ਹੈ ।]

Committee of Scheduled Castes Legislators headed by Chief Minister

*2412 **Sardar Dhanna Singh Gulshan :** Will the Chief Minister be pleased to state :

(a) whether it is a fact that a Committee of Scheduled Castes Legislators headed by the Chief Minister, was appointed in 1972-73 for the welfare of Scheduled Castes;

(b) if the reply to part (a) above be in the affirmative, the number of meetings of the said Committee held so far;

(c) whether during the months of May/June, 1973 or thereabout any decision for giving 10 per cent promotions and reservation to the Scheduled Castes Government employees in class I and class II posts was taken by the said Committee; if so; the action taken thereon ?

Miss Sarla Prasher: (Minister of State for Social Welfare)

(a) Yes.

(b) Two meetings (26th September, 1972 and 5th June, 1973).

(c) Yes. The matter is under consideration and Government is taking urgent action thereon.

[(ੳ) ਹਾਂ ਜੀ ।

(ਅ) ਦੋ ਮੀਟਿੰਗਾਂ (ਮਿਤੀ 26 ਸਤੰਬਰ, 1972 ਅਤੇ 5 ਜੂਨ, 1973) ।

(ੲ) ਹਾਂ ਜੀ ਮਾਮਲਾ ਵਿਚਾਰ ਅਧੀਨ ਹੈ ਅਤੇ ਸਰਕਾਰ ਉਸ ਤੇ ਜ਼ਰੂਰੀ ਕਾਰਵਾਈ ਕਰ ਰਹੀ ਹੈ ।]

Petrol consumed by Ministers since November, 1973

*2106 1 **Comrade Dana Ram**
2. **Comrade Satya Pal Dang** } : Will the Chief Minister be pleased to state the total quantity of petrol consumed by Ministers, State Ministers, Deputy Ministers and the Chief Parliamentary Secretary, Punjab, in their cars month-wise from November, 1973, to date as well as the quantity consumed by them (i.e. their cars) during the corresponding months of the preceding year ?

Sardar Dilbag Singh Daleke (Minister of State for Transport and Civil Aviation) : A statement containing the requisite information is laid on the Table of the House.

ਇਕ ਸਟੇਟਮੈਂਟ ਜਿਸ ਵਿਚ ਲੋੜੀਂਦੀ ਸੂਚਨਾ ਦਿੱਤੀ ਹੈ ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ।

Statement regarding consumption of Petrol by Ministers

November, 1973	7,773 Lt.	November, 1972	9,997 Lt.
December, 1973	11,179 Lt.	December, 1972	10,163 Lt.
January, 1974	11,438 Lt.	January, 1973	11,037 Lt.
Total	30,39^ Lt.	Total	31,197 Lt.

[ਮੰਤਰੀਆਂ ਵੱਲੋਂ ਪੈਟਰੋਲ ਦੀ ਖਪਤ ਦਾ ਵੇਰਵਾ

ਨਵੰਬਰ, 1973	7,773 ਲਿਟਰ	ਨਵੰਬਰ, 1972	9,997 ਲਿਟਰ
ਦਸੰਬਰ, 1973	11,179 ਲਿਟਰ	ਦਸੰਬਰ, 1972	10,163 ਲਿਟਰ
ਜਨਵਰੀ, 1974	11,438 ਲਿਟਰ	ਜਨਵਰੀ, 1973	11,037 ਲਿਟਰ
ਜੋੜ	30,390 ਲਿਟਰ	ਜੋੜ	31,197 ਲਿਟਰ]

Starred Question No. 2449

ਉਮਰਾਓ ਸਿੰਘ।

ਮਾਲ ਮੰਤਰੀ,
ਮਾਲ ਵਿਭਾਗ, ਪੰਜਾਬ,
ਚੰਡੀਗੜ੍ਹ।

ਅ.ਸ. ਨੰ. 1206 ਭਮ-3-74/5515
ਚੰਡੀਗੜ੍ਹ।
ਮਿਤੀ 1 ਮਾਰਚ, 1974।

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2449, ਜੋ ਮਿਤੀ 2 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਅੱਛਰਾ ਸਿੰਘ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 28 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸਪਾਤਰ,
(ਸਹੀ) ....
(ਉਮਰਾਓ ਸਿੰਘ)

ਸ੍ਰੀ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

Loans given to Industrial Workers at the time of Indo-Pak War in 1965 and 1971

***2092 Comrade Satya Pal Dang :** Will the Minister for Finance be pleased to state —

(a) whether it has been finally decided to convert into grants the loans given by the Government to industrial workers in 1965 and 1971 at the time of the Indo-Pak War ;

(b) whether any instructions have been issued to the said industrial establishments not to effect recoveries from the workers resigning their jobs or losing their jobs as a result of retrenchment, discharge, etc. if so, a copy of the instructions, if issued in this regard be laid on the Table of the House ;

(c) whether the amounts already recovered have been refunded to the workers ;

(d) whether any representations (for refund) have been received by Government/Labour Department ; if so, a list of such applications be laid on the Table of the House ?

Shri Hans Raj Sharma : (a) Yes sir, it has been decided to write off the entire outstanding loan amounting to Rs. 13.64 lakhs distributed to the industrial workers on account of Indo-Pak Wars of 1965 and 1971

(b) Yes, Sir. A copy of the instructions issued in this behalf is laid on Table of the House.

(c) No, sir.

(d) Yes sir. A list of such representations is laid on the Table of the House.

[(ੲ) ਹਾਂ ਜੀ, ਇਹ ਫੈਸਲਾ ਕੀਤਾ ਗਿਆ ਹੈ ਕਿ ਜਿਨ੍ਹਾਂ ਸਨਅਤੀ ਮਜ਼ਦੂਰਾਂ ਨੂੰ 1965 ਅਤੇ 1971 ਦੀਆਂ ਹਿੰਦ-ਪਾਕ ਜੰਗਾਂ ਵਿਚ ਨੁਕਸਾਨ ਪੁਜਾ ਸੀ ਉਨ੍ਹਾਂ ਨੂੰ ਕਰਜ਼ੇ ਵਜੋਂ ਦਿੱਤੀ ਰਕਮ ਵਿਚੋਂ 13.64 ਲੱਖ ਰੁਪਏ ਦੇ ਸਾਰੇ ਬਕਾਏ ਨੂੰ ਵੱਟੇ ਖਾਤੇ ਪਾ ਦਿੱਤਾ ਜਾਏ ।

(ਬੀ) ਹਾਂ ਜੀ । ਇਸ ਸਬੰਧ ਵਿਚ ਜੋ ਹਦਾਇਤਾਂ ਜਾਰੀ ਹੋਈਆਂ ਸਨ ਉਨ੍ਹਾਂ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸੀ) ਹਾਂ ਜੀ ।

(ਡੀ) ਹਾਂ ਜੀ । ਪ੍ਰਤੀ ਬੇਨਤੀਆਂ ਦੀ ਇਕ ਲਿਸਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।]

Copy of Instructions

From

The Secretary to Government, Punjab,
Labour and Employment Departments.

To

The Labour Commissioner, Punjab,
Chandigarh.

No. 12430-2L&E-73fl/4686,

Dated Chandigarh, the 19th February, 1974.

Subject:—Recovery of loans of the workers on account of Indo-Pak Wars of 1965 and 1971.

Reference your Memo No. :Loan IFCIW/PA-72/IV/47061, dated the 1st November, 1972, on the subject noted above.

2. Recovery of above mentioned loans from workers including those who resign or are discharged or are retrenched or quit service, should not be effected till further

orders. Employers may also be informed that in future no such recoveries should be made pending further orders and that the amount already recovered and kept by them including the amounts kept by sureties should be deposited with Government immediately.

(Sd.)
Section Officer, Labour,
for Secretary to Government, Punjab,
Labour and Employment Departments.

List of Representation

(a) Representation, dated 20th September, 1973 from Shri Satya Pal Dang to the Labour Commissioner, Punjab.

(b) A representation dated 31st October, 1973 from the members of the Mill Committee of the New India Embroidery Mills, Chheharta through Shri Satya Pal Dang.

(c) A representation dated 13th November, 1973 from Shri Satya Pal Dang to the Finance Minister, Punjab.

Starred Question No. 2147

ਸ੍ਰੀ ਹੰਸ ਰਾਜ ਸ਼ਰਮਾ

ਅ.ਸ. ਨੰ. 2185-7ਸੀ-2-74/5307
ਮਿਤੀ 27 ਫਰਵਰੀ, 1974.
ਵਿੱਤ ਅਤੇ ਸਥਾਨਕ ਸਰਕਾਰ ਵਿਭਾਗ,
ਪੰਜਾਬ, ਚੰਡੀਗੜ੍ਹ ।

ਪਿਆਰੇ ਡਾਕਟਰ ਸਾਹਿਬ ਜੀਓ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ. 2147, ਜੋ ਮਿਤੀ 2 ਮਾਰਚ, 1974 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸੱਘੜ ਸਿੰਘ ਅਤੇ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ.ਏਜ਼. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਮਿਤੀ 10 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ।

ਆਪ ਜੀ ਦਾ ਵਿਸ਼ਵਾਸ਼ ਪਾਤਰ,
(ਸਹੀ) - . . .,
(ਹੰਸ ਰਾਜ ਸ਼ਰਮਾ)

ਡਾ: ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ, ਚੰਡੀਗੜ੍ਹ ।

Petrol consumed by the Cars and other Vehicles of Education Department since November, 1973

***2107. 1. Comrade Dana Ram**
2 Comrade Satya Pal Dang : Will the Minister for Education be pleased to state the total quantity of petrol consumed by cars and other vehicles of the Education Department monthwise from November, 1973 to-date as well as for each of the corresponding month of the preceding year ?

Shri Gurmail Singh : The requisite information is given as under :—

Month	Year 1973-74	Year 1972-73
November	5235 Litres	5694 Litres.
December	4512 Do	4801 Do
January	4418 Do	5436 Do

[ਲੋੜੀਂਦੀ ਸੂਚਨਾਂ ਹੇਠ ਲਿਖੇ ਅਨੁਸਾਰ ਦਿਤੀ ਜਾਂਦੀ ਹੈ :-

ਮਹੀਨਾਂ	ਸਾਲ 1973-74	ਸਾਲ 1972-73
ਨਵੰਬਰ	5235 ਲੀਟਰਜ਼	5694 ਲੀਟਰਜ਼
ਦਸੰਬਰ	4512 ਲੀਟਰਜ਼	4801 ਲੀਟਰਜ਼
ਜਨਵਰੀ	4418 ਲੀਟਰਜ਼	5436 ਲੀਟਰਜ਼]

Demand of fertilizer of Ropar district During 1973-74

***2458. Sardar Gurbachan Singh** : Will the Minister for Agriculture and Forests be pleased to state—

(a) the total demand of fertilizer of Ropar District during 1973-74 and the quantity actually allotted to this district during the period ;

(b) the source from where the shortage, if any, will be met out ;

(c) what steps the Government propose to take to avoid the shortage of fertilizer ?

Master Gurbanta Singh : (a) A statement showing the total demand of fertilizer of Ropar District for the year 1973-74 and the actual allotment/supplies is placed on the Table of the House.

(b) No shortage of fertilizer has been experienced in Ropar District.

(c) In view of (b) above, question does not arise.

[(ੳ) ਸਾਲ 1973-74 ਵਾਸਤੇ ਜ਼ਿਲ੍ਹਾ ਰੋਪੜ ਦੀ ਕੁੱਲ ਖਾਦ ਦੀ ਲੋੜ ਅਤੇ ਇਸ ਵਿਰੁੱਧ ਕੀਤੀ ਗਈ ਅਸਲ ਅਲਾਟਮੈਂਟ/ਸਪਲਾਈ ਬਾਰੇ ਸੂਚੀ ਹਾਊਸ ਦੇ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਜ਼ਿਲ੍ਹਾ ਰੋਪੜ ਵਿਚ ਖਾਦ ਦੀ ਕੋਈ ਵੀ ਕਮੀ ਮਹਿਸੂਸ ਨਹੀਂ ਕੀਤੀ ਗਈ।

(ੲ) ਉਪਰੋਕਤ (ਅ) ਨੂੰ ਮੁੱਖ ਰੱਖਦੇ ਹੋਏ, ਇਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।]

Statement showing the total demand of fertilizer of Ropar district for the year 1973-74 and the actual allotment/supplies (Starred Question No. 2458)

(Figures in tonnes)

Name of the fertilizer		Requirements for 1973-74	Actual supplies made during 1973-74		
			Stocks on 1-4-73	Supplies	Total
Nitrogenous 20 per cent	..	40,000	5,112	34,064	39,176
Phosphatic 16 per cent	..	12,600	3,646	13,202	16,848
Potashic 60 per cent	..	1,210	376	866	1,242

[ਸਾਲ 1973–74 ਵਾਸਤੇ ਜ਼ਿਲ੍ਹਾ ਰੋਪੜ ਦੀ ਕੁੱਲ ਖਾਦ ਦੀ ਲੋੜ ਅਤੇ ਇਸ ਵਿਰੁੱਧ ਕੀਤੀ ਗਈ ਅਸਲ ਅਲਾਟਮੈਂਟ /ਸਪਲਾਈ ਬਾਰੇ ਸੂਚੀ:–

(ਅੰਕੜੇ ਟੰਨਾਂ ਵਿਚ)

ਖਾਦ ਦਾ ਨਾਂ	1973–74 ਲਈ ਲੋੜ	ਸਾਲ 1973–74 ਦੌਰਾਨ ਕੀਤੀ ਗਈ ਅਸਲ ਸਪਲਾਈ		
		1–4–73 ਨੂੰ ਸਟਾਕ	ਸਪਲਾਈ	ਜੋੜ
ਨਾਈਟਰੋਜਨਸ 20%	40,000	5,112	34,064	39,176
ਫਾਸਫੈਟਿਕ 16%	12,600	3,646	13,202	16,848
ਪੋਟਾਸ਼ਿਕ 60 %	1,210	376	866	1,242

Amount proposed to be spent on link roads

***1865 Shri Sardari Lal Kapur :** Will the Minister of State for Public Works be pleased to state the amount proposed to be spent on link roads in the State, during the current financial year?

Shri Joginder Pal Pandey : Rs. 16.72 Crores.

[16.72 ਕਰੋੜ ਰੁਪਏ]

Construction of Mini-Secretariat at Ropar

*2409. **Sardar Gurbachan Singh :** Will the Minister of State for Public Works be pleased to state—

(a) whether the Chief Minister, Punjab laid any foundation stone of Mini-Secretariat at Ropar, if so, on what date;

(b) if the reply to para (a) above be in the affirmative, whether the construction of the said Secretariat has been started, if not; the reasons therefor ;

(c) the time by which the construction thereof is likely to be started and completed ?

Sardar Umrao Singh (Revenue and Election Minister) : (a) Yes, Sir. On 26th October, 1973.

(b) Not yet, tenders for this work have recently been approved.

(c) The construction work will be started within two weeks and is likely to take about two years for completion.

[(ੳ) ਹਾਂ ਜੀ। ਮਿਤੀ 26 ਅਕਤੂਬਰ, 1973 ਨੂੰ।

(ਅ) ਅਜੇ ਨਹੀਂ, ਇਸ ਕੰਮ ਦੇ ਟੈਂਡਰ ਹੁਣੇ ਹੁਣੇ ਮਨਜ਼ੂਰ ਕੀਤੇ ਗਏ ਹਨ।

(ੲ) ਉਸਾਰੀ ਦਾ ਕੰਮ 2 ਹਫਤੇ ਦੇ ਅੰਦਰ ਅੰਦਰ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਆਸ ਕੀਤੀ ਜਾਂਦੀ ਹੈ ਕਿ ਇਹ ਕੰਮ ਲੱਗ ਭਗ ਦੋ ਸਾਲ ਤੱਕ ਮੁਕੰਮਲ ਹੋਵੇਗਾ।

Murder of two persons of Village Kishangarh, District Patiala

*2066. **Master Chand Singh :** Will the Chief Minister be pleased to state—

(a) whether it is a fact that two persons of village Kishangarh, tehsil and district Patiala were murdered on 27th June, 1973 :

(b) if the reply to part (a) above be in the affirmative the names of the persons murdered as well as the names of the persons accused ?

ਗਿਆਨੀ ਜ਼ੈਲ ਸਿੰਘ : (ਏ) ਹਾਂ ਜੀ।

(ਬੀ) ਇਸ ਕੇਸ ਵਿਚ ਸ਼ਾਮ ਲਾਲ, ਪੁੱਤਰ ਕਿਸ਼ਨ ਰਾਮ, ਵਾਸੀ ਬਲਦ ਕੋਠੀ ਅਤੇ ਮਸਤਾਨ ਸਿਘ ਉਰਫ ਮੋਠਾ ਪੁੱਤਰ ਕੀੜੂ ਹਰੀਜਨ ਵਾਸੀ ਚੂਹੜਕਲਾਂ ਕਤਲ ਹੋਏ ਸਨ। ਇਸ ਮੁਕਦਮੇ ਵਿਚ ਸਰਦਾਰਾ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਕਲਾਲ ਮਾਜ਼ਰਾ, ਥਾਣਾ ਮਹਿਲਕਲਾਂ, ਜ਼ਿਲ੍ਹਾ ਸੰਗਰੂਰ ਦੋਸ਼ੀ ਹੈ।

Amount allotted to Chamkaur Sahib Development Board

*2459 **Sardar Gurbachan Singh :** Will the Chief Minister be pleased to state—

(a) the total amount allotted to Chamkaur Sahib Development Board for the year 1974-75 ;

(b) the time when its development work will start ?

Shri Hans Raj Sharma (Finance and Urban Development Minister) : (a) No amount has so far been allocated but schemes are being prepared for the development of Chamkaur Sahib.

(b) Government are keen to take up the development works as early as possible.

[(ੲ) ਅਜੇ ਤੱਕ ਕੋਈ ਰਕਮ ਐਲੋਕੇਟ ਨਹੀਂ ਕੀਤੀ ਗਈ ਪਰ ਚਮਕੌਰ ਸਾਹਿਬ ਦੇ ਵਿਕਾਸ ਲਈ ਸਕੀਮਾਂ ਤਿਆਰ ਕੀਤੀਆਂ ਜਾ ਰਹੀਆਂ ਹਨ ।

(ਬੀ) ਸਰਕਾਰ ਵਿਕਾਸ ਕਾਰਜਾਂ ਨੂੰ ਛੇਤੀ ਤੋਂ ਛੇਤੀ ਸ਼ੁਰੂ ਕਰਨਾ ਚਾਹੁੰਦੀ ਹੈ ।]

Amount sanctioned for Municipal Committee, Dhuri, for Development purposes

***2448 Comrade Achhra Singh :** Will the Minister for Finance be pleased to state—

(a) the total amount sanctioned by the Government for Municipal Committee, Dhuri, for development purposes during the last two years ;

(b) the names of the projects for which the above amount was sanctioned ;

(c) the reasons for not allotting the total sanctioned amount so far to the said Municipal Committee?

Shri Hans Raj Sharma: (a)

	In 1971-72	Rs 30,000
	In 1972-73	Rs 75,000
Total		Rs 1,05,000

(b) For such projects as construction of shopping centres, provision of civic amenities like construction of streets, drains, urinals and latrines, etc.

(c) The entire amount sanctioned has been released to the Municipal Committee.

[(ੲ)

	ਸਾਲ 1971-72	30,000 ਰੁਪਏ
	ਸਾਲ 1972-73	75,000 ਰੁਪਏ
ਕੁਲ		1,05,000 ਰੁਪਏ

(ਬੀ) ਅਜਿਹੇ ਪ੍ਰੋਜੈਕਟਾਂ ਲਈ ਜਿਵੇਂ ਕਿ ਦੁਕਾਨਾਂ ਦੇ ਸੈਂਟਰ ਬਨਾਉਣੇ, ਸ਼ਹਿਰੀ ਸਹੂਲਤਾਂ ਲਈ ਉਪਬੰਧ ਕਰਨੇ ਜਿਹਾਕਿ ਗਲੀਆਂ, ਨਾਲੀਆਂ, ਪਿਸ਼ਾਬਗਾਹਾਂ ਅਤੇ ਟੱਟੀਆਂ ਆਦਿ ਬਨਾਉਣ ਵਾਸਤੇ ।

(ਸੀ) ਮੰਜੂਰ ਕੀਤੀ ਹੋਈ ਸਾਰੀ ਰਕਮ ਨਗਰਪਾਲਿਕਾ ਨੂੰ ਦੇ ਦਿੱਤੀ ਗਈ ਹੈ ।]

Grants/Loans given to Municipal Committees for Sewerage Schemes

***2093 Comrade Satya Pal Dang :** Will the Minister for Finance be pleased to state whether any Municipal Committees have been given

[Comrade Satya Pal Dang]

any grants/loans for Sewerage Schemes during the year 1973-74 to date; if so, a list showing the names of such committees and the amounts of grants and loans given in each case be laid on the Table of the House ?

Shri Hans Raj Sharma : Government have so far sanctioned a sum of Rs 10 Lakhs as loan and a sum of Rs 5.01 lakhs as grant-in-aid to 7 Municipal Committees for their sewerage schemes during the year 1973-74. A statement containing the names of the committees and the amount sanctioned is laid on the Table of the Sabha.

[ਸਰਕਾਰ ਨੇ ਹੁਣ ਤੱਕ 7 ਨਗਰ ਪਾਲਕਾਵਾਂ ਨੂੰ ਉਨ੍ਹਾਂ ਦੀ ਸੀਵਰੇਜ ਸਕੀਮ ਲਈ 10 ਲੱਖ ਰੁਪਏ ਕਰਜ਼ਾ ਅਤੇ 5.01 ਲੱਖ ਰੁਪਏ ਗਰਾਂਟ-ਇਨ-ਏਡ, ਦੀਆਂ ਰਕਮਾਂ ਸਾਲ 1973-74 ਵਿੱਚ ਮਨਜ਼ੂਰ ਕੀਤੀਆਂ ਹਨ। ਨਗਰ ਪਾਲਕਾਵਾਂ ਦੇ ਨਾਂ ਅਤੇ ਜੋ ਰਕਮ ਮਨਜ਼ੂਰ ਕੀਤੀ ਗਈ ਹੈ, ਉਸ ਦੀ ਸੂਚੀ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ।]

Statement regarding grants/loans to municipal committees for sewerage schemes during the year 1973-74

LOAN

Serial No.	Name of the Committees		Amount
1	Guru Har Sahai	..	1.00 lakh
2	Barnala	..	2.00 lakhs
3	Gurdaspur	..	5.00 lakhs
4	Malerkotla	..	2.00 lakhs
		..	10.00 lakhs

GRANT IN AID

1	Abohar	..	0.50 lakh
2	Barnala	..	1.00 lakh
3	Gurdaspur	..	1.00 lakh
4	Nabha	..	1.00 lakh
5	Jullundur	..	1.01 lakh
6	Malerkotla	..	0.50 lakh
			5.01 lakh

[ਨਗਰ ਪਾਲਕਾਵਾਂ ਨੂੰ ਸਾਲ 1973-74 ਵਿੱਚ ਸੀਵਰੇਜ ਸਕੀਮ ਅਧੀਨ ਗਰਾਂਟ ਅਤੇ ਕਰਜ਼ੇ ਦੇਣ ਸਬੰਧੀ ਸੂਚੀ, ਜਿਸ ਦਾ ਸਟਾਰਡ ਸਵਾਲ ਨੰਬਰ 2093 ਦੇ ਜਵਾਬ ਵਿੱਚ ਵਰਨਣ ਕੀਤਾ ਗਿਆ ਹੈ ।]

ਕਰਜ਼ਾ

ਲੜੀ ਨੰ:	ਨਗਰਪਾਲਕਾ ਦਾ ਨਾਂ		ਰਕਮ
			(ਲੱਖ)
1	ਗੁਰੂ ਹਰ ਸਹਾਇ	...	1.00
2	ਬਰਨਾਲਾ	...	2.00
3	ਗੁਰਦਾਸਪੁਰ	...	5.00
4	ਮਲੇਰਕੋਟਲਾ	...	2.00
	ਜੋੜ	...	10.00

ਗਰਾਂਟ-ਇਨ-ਏਡ

1	ਅਬੋਹਰ	...	0.50
2	ਬਰਨਾਲਾ	...	1.00
3	ਗੁਰਦਾਸਪੁਰ	...	1.00
4	ਨਾਭਾ	...	1.00
5	ਜਲੰਧਰ	...	1.01
6.	ਮਲੇਰਕੋਟਲਾ	...	0.50
	ਜੋੜ	...	5.01]

Suggestion from Legislators for improving the working of the Departments

***2145. 1. Comrade Saghar Singh**
2. Comrade Satya Pal Dang } : Will the Minister of State for Food and Supplies be pleased to—

(a) state whether in the month of December, 1973 suggestions were invited by him from the Legislators for improving the working of the Food and Supplies Department; if so, whether any Legislators sent any suggestions ;

(b) lay on the Table of the House a statement showing the suggestions made by the Legislators and the action taken by the Government thereon ?

Sardar Gurdarshan Singh : (a) Yes Sir. Suggestions from Comrade Satya Pal Dang, M. L. A., Shri Jangir Singh Joga, M. L. A. and Ch. Sunder Singh M. L. A. were received.

Minister of State for food and Supplies

(b) A statement is laid on the table of the House (Annexure).

[(ਏ) ਜੀ ਹਾਂ, ਕਾਮਰੇਡ ਸੱਤਪਾਲ ਡਾਂਗ, ਐਮ. ਐਲ. ਏ. ਅਤੇ ਸ੍ਰੀ ਜੰਗੀਰ ਸਿੰਘ ਜੋਗਾ, ਐਮ. ਐਲ. ਏ. ਅਤੇ ਚੌਧਰੀ ਸੁੰਦਰ ਸਿੰਘ ਐਮ. ਐਲ. ਏ.: ਪਾਸੋਂ ਸੁਝਾਓ ਪ੍ਰਾਪਤ ਹੋਏ ਸਨ ।

(ਬੀ) ਸੁਝਾਵਾਂ ਦੀ ਸੂਚੀ ਅਤੇ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । (ਐਨਕਸਚਰ)]

ANNEXURE

No. of suggestion	Suggestions made by Comrade Satya Pal Dang, M.L.A. vide his letter dated 26th December, 1973	Action taken by Government
1	2	3
(a)	At present there are two types of depots in town-pucca ones and temporary ones. Those belonging to later category are issued only Atta. No cards are registered with them. The system is highly defective. It leads to black-marketing of a good deal of atta supplied to them by the department and it is impossible to check up the same. This system should be abolished. There should be only one type of depots—pacca ones-with which cards are registered. Adequate quantities of atta and other essential commodities should be ensured to the consumers from these depots against ration cards	Under consideration of Government
(b)	The abolition of the system of temporary depots may lead to rush at the pucca depots and consequent difficulties for the consumers unless the number of depots is increased. This is very much necessary even otherwise. No depot-holder should be allowed to have more than 250 cards. Depots should be allotted only to retail shopkeepers trading in Karyana. People should have the freedom to register their cards with any Kiryana shopkeeper in their wards with the right to change the depot once a year. No shopkeeper should have a depot if the minimum number of cards is less than 100. All temporary depots be converted in pucca depots subject to above	Under consideration of Government
(c)	Every depot should be subject to supervision by a committee constituting of representatives of the consumers attached to it.	'NIGRAN Samities have been constituted for each ward or group of wards to supervise 4/5 depots
(d)	There should be popular committee at district level consisting of representatives of parties organisations committee to have a public distribution system. It should be made obligatory for District Food and Supplies Controller to function in consultation with such committees	Under consideration of Government
(e)	No officer or M.LA. should have any discretionary cement quota for allotting it to individuals out of turn. Permits for cement should be given strictly on the principle first	Ditto

come first served. Any deviation from the principle should be on the basis of a decision to be recorded in writing taken after consulting the popular committee and should be for well defined reasons

(f)	There should be separate cement quota for Panchayats Municipal Committees, Harijan Dharamshalas, School Buildings, Hospitals etc.	Under consideration of Government.
(g)	Coal depots- holders willing to buy the coal needed by them directly from the mines shoud be allowed to do so	Ditto
(h)	The existing middleman (Coal Merchants) should be abolished and a public sector agency should get coal for the depots who cannot make direct purchases,	Ditto
(i)	Fair Price Shops should be opened to all Mills and factories employing 50 or more persons.	State Government have already agreed in principle to open Fair Price Shop in a Mill provided it is covered in the Scheme for the allotment of depots.

ਲੜੀ ਨੰ.	ਕਾਮਰੇਡ ਜੰਗੀਰ ਸਿੰਘ ਜੋਗਾ, ਐਮ.ਐਲ.ਏ., ਵਲੋਂ ਉਨ੍ਹਾਂ ਦੇ ਪੱਤਰ ਮਿਤੀ 27-12-1974 ਵਿਚ ਦਿੱਤੇ ਗਏ ਸੁਝਾਓ	ਸਰਕਾਰ ਵਲੋਂ ਕੀਤੀ ਗਈ ਕਾਰਵਾਈ
1	2	3
1.	ਸਾਰਿਆਂ ਜ਼ਿਲ੍ਹਿਆਂ ਵਿਚ, ਜ਼ਿਲ੍ਹੇ, ਤਹਿਸੀਲ ਅਤੇ ਬਲਾਕ ਪੱਧਰ ਤੇ ਜਨਤਕ ਨੁਮਾਇੰਦਿਆਂ ਦੀਆਂ ਸਲਾਹਕਾਰ ਕਮੇਟੀਆਂ ਸਥਾਪਤ ਕੀਤੀਆਂ ਜਾਣ, ਜਿਨ੍ਹਾਂ ਵਿਚ ਕੇਵਲ ਉਹੀ ਚੰਗੇ ਅੰਸਰ ਲਏ ਜਾਣ, ਜਿਹੜੇ ਸਟੇਟ ਟਰੇਡਿੰਗ, ਰਾਸ਼ਨਿੰਗ ਅਤੇ ਸਮਾਜਵਾਦ ਦੇ ਹੱਕ ਵਿਚ ਹੋਣ।	ਸਰਕਾਰ ਦੇ ਵਿਚਾਰ ਅਧੀਨ ਹੈ।
2.	ਇਨ੍ਹਾਂ ਕਮੇਟੀਆਂ ਵਿਚ ਜ਼ਖੀਰੇਬਾਜ਼ ਧਨਾਢ ਤੇ ਜਾਗੀਰਦਾਰ ਪੱਖੀ ਬੰਦੇ ਨਾ ਰੱਖੇ ਜਾਣ। ਜ਼ਿਲ੍ਹਾ ਪੱਧਰ ਤੇ ਕਮੇਟੀ ਵਿੱਚ ਟਰੇਡ ਯੂਨੀਅਨ ਦੇ ਤੇ ਬੁਧੀਜੀਵੀ ਤਬਕੇ ਦੇ ਬੰਦੇ ਜ਼ਰੂਰ ਲਏ ਜਾਣ ਜਿਹੜੇ ਘਪਲਿਆਂ ਨੂੰ ਰੋਕਣ ਦੀ ਜਾਣਕਾਰੀ ਰਖਦੇ ਹੋਣ।	ਸਰਕਾਰ ਦੇ ਵਿਚਾਰ ਅਧੀਨ ਹੈ।
3.	ਸਲਾਹਕਾਰ ਕਮੇਟੀ ਦੇ ਮੈਂਬਰਾਂ ਤੋਂ ਤੁਸੀਂ ਸਿਧੇ ਸੁਝਾਵ ਮੰਗੋ, ਜੇ ਕਿਸੇ ਅਫਸਰ ਬਾਰੇ ਉਨ੍ਹਾਂ ਦੀਆਂ ਸ਼ਕਾਇਤਾਂ ਹੋਣ ਤਾਂ ਜ਼ਾਤੀ ਪੜਤਾਲ ਦਾ ਵਿਸ਼ਵਾਸ਼ ਦਿਵਾਓ, ਇਨ੍ਹਾਂ ਕਮੇਟੀਆਂ ਨੂੰ ਅਧਿਕਾਰ ਦਿਤਾ ਜਾਵੇ ਕਿ ਉਹ ਸਟਾਕ ਦੀ ਚੈਕਿੰਗ ਮੌਕੇ ਤੇ ਕਰਵਾ ਸਕਣ।	ਸਰਕਾਰ ਦੇ ਵਿਚਾਰ ਅਧੀਨ ਹੈ।

[ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼]

4.	ਪਿੰਡਾਂ ਅਤੇ ਸ਼ਹਿਰਾਂ ਵਿਚ 250 ਕਾਰਡਾਂ ਪਿੱਛੇ ਡਿਪੂ ਅਤੇ ਸਸਤੇ ਰਾਸ਼ਨ ਦੀਆਂ ਚੀਜ਼ਾਂ ਦੀ ਦੁਕਾਨ ਖੋਲ੍ਹੀ ਜਾਵੇ ਰਾਸ਼ਨ ਦੀਆਂ ਸਾਰੀਆਂ ਚੀਜ਼ਾਂ ਮਸਲਨ ਆਟਾ, ਕਣਕ, ਚਾਵਲ, ਖੰਡ, ਮਿਟੀ ਦਾ ਤੇਲ, ਕਪੜਾ, ਦਾਲਾਂ ਘੀ, ਆਦਿ ਇਕੋ ਹੀ ਡਿਪੂ ਤੋਂ ਸਪਲਾਈ ਕੀਤੀਆਂ ਜਾਣ ਤਾਂ ਜੋ ਜਨਤਾ ਨੂੰ ਵੱਖ ਵੱਖ ਡੀਪੂਆਂ ਤੇ ਹੈਰਾਨ ਨਾ ਹੋਣਾ ਪਵੇ।	ਸ਼ਹਿਰਾਂ ਵਿਚ ਅਗੇ ਹੀ ਡੀਪੂ ਖੋਲ੍ਹੇ ਹੋਏ ਹਨ, ਇਨ੍ਹਾਂ ਡੀਪੂਆਂ ਤੇ ਕਾਰਡਾਂ ਦੀ ਘੱਟ ਤੋਂ ਘੱਟ ਗਿਣਤੀ 250 ਅਤੇ ਵੱਧ ਤੋਂ ਵੱਧ 500 ਕਰ ਦਿਤੀ ਹੈ। ਪਿੰਡਾਂ ਵਿਚ ਡੀਪੂ ਖੋਲਣ ਬਾਰੇ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।
5.	ਸ਼ਹਿਰਾਂ ਦੇ ਵਿਚ ਹਰ ਵਾਰਡ ਵਿਚ ਡੀਪੂਆਂ ਦੀ ਚੈਕਿੰਗ ਲਈ ਵਾਰਡ-ਵਾਰ ਚੈਕਿੰਗ ਕਮੇਟੀਆਂ ਬਣਾਈਆਂ ਜਾਣ।	ਹਰ ਇਕ ਵਾਰਡ ਅਤੇ ਗਰੁਪ ਆਫ ਵਾਰਡ ਵਿਚ 4-5 ਡੀਪੂਆਂ ਨੂੰ ਚੈਕ ਕਰਨ ਲਈ ਨਿਗਰਾਨ ਕਮੇਟੀਆਂ ਬਣਾਈਆਂ ਗਈਆਂ ਹਨ।
6.	ਮਹਿਕਮੇ ਦੇ ਅਫ਼ਸਰਾਂ ਨੂੰ ਸਖ਼ਤ ਹਦਾਇਤ ਦਿੱਤੀ ਜਾਵੇ ਕਿ ਉਹ ਸਲਾਹਕਾਰ ਕਮੇਟੀਆਂ ਦੇ ਸੁਝਾਵਾਂ ਤੇ ਅਮਲ ਕਰਨ ਦੀ ਕੋਸ਼ਿਸ਼ ਕਰਨ। ਇਨ੍ਹਾਂ ਕਮੇਟੀਆਂ ਦੇ ਸੁਝਾਵ ਰੱਦੀ ਦੀ ਟੋਕਰੀ ਵਿਚ ਨ ਸੁੱਟੇ ਜਾਣ।	ਸਰਕਾਰ ਦੇ ਵਿਚਾਰ ਅਧੀਨ ਹੈ।

ANNEXURE

No. of sugges-tion	Suggestions made by Chaudhri Sunder Singh, M.L.A., *vide* his letter, dated 10th January, 1974	Action taken by by Government
1	2	3
1.	Consultative Committees, at the District, Tehsil, and Block levels should be set up. Members of such Committees should only be those persons who are sincerely in favour of easing the Food and Supplies situation, so that the common man may benefit from such Committees.	Proposal is under consideration of Government.
2.	The consultative Committee, referred to in item 1 above, should be authorised to give to you direct their considered advice, based upon their day to day experience, in their districts, tehsils, and blocks respectively.	Ditto
3.	Greater number of Fair Price Shops should be opened in the villages, towns, and cities of the State.	Ditto
4.	Strict control should be exercised so that atta sold at the depots in the State is of good quality and the depot-holders do not adulterate it with a view to make profits,	There are standing instructions to the field staff to exercise strict check of the Depots. This work will

1	2	3
		now also be supervised by the Nigran Samities which have been set up in every ward for every 4/5 depots.
5.	Proper checking of the quality/quantity of food-stuffs at the depots in the State should be exercised, but it should be seen that the Food and Supplies Inspectors do not unnecessarily, harass the depot-holders in this connection. Everything should be done so that the consumers feel satisfied with what the Government is doing for them in the matter of regular/fair supply of daily necessities of life.	This is already being done by the field staff of the Department.
6	Strict instructions be given to the Food and Supplies Inspectors that they should give preference to the interests of the consumers i.e. the ration card holders in their respective spheres of duties, so that a sense of satisfaction may be created in the minds of the public.	These already exist
7.	Officers of the Food and Supplies Department should be given strict instructions that they should have the interests of the consumers foremost in their minds and they should also see that the depot-holders are also not unnecessarily harassed by their staff.	Ditto
8.	Everything possible should be done so that the consumers in the State may remain satisfied and have good opinion about what our Congress Government is doing for them in this State	This is being done
9.	In order to eliminate delay in the disposal of applications for allotment of depots in villages, for which security is required, the District Officer of your Department should make on the spot inquiries in consultation with the Sarpanch/Panch of the village concerned and allot the Depot at the spot.	This is under consideration of Government

Fair price shops in the Mills in the State

***2146. 1. Comrade Saghar Singh**
2. Comrade Satya Pal Dang } : Will the Minister of State for Food and Supplies be pleased to state—

(a) whether the Punjab Government is at present subsidizing any fair price shops in any Mills in the State ; if so, the names of the said mills ;

(b) the goods which are sold at the said fair price shops together with the rates thereof ?

Sardar Gurdarshan Singh : (a) No Sir.

(b) Question does not arise.

[(ੲ) ਨਹੀਂ ਜੀ ।

(ਬੀ) ਸਵਾਲ ਹੀ ਪੈਦਾ ਨਹੀਂ ਹੁੰਦਾ ।]

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਕ ਸ਼ਾਰਟ ਨੋਟਿਸ ਕੁਐਸਚਨ ਦਿਤਾ ਸੀ ਉਹ ਕਿਧਰ ਗਿਆ, ਇਹ ਤਾਂ ਹੁਣ ਲਾਂਗ ਨੋਟਿਸ ਹੋ ਗਿਆ ।

ਸ਼੍ਰੀ ਸਪੀਕਰ: ਇਹ ਜੇ ਕਰ ਐਡਮਿਟ ਹੋ ਗਿਆ ਤਾਂ ਕਲ੍ਹ ਆ ਜਾਵੇ ਗਾ। (It will be taken tomorrow provided it is admitted)

Sardar Ajaib Singh Sandhu : On a point of order . . . .

Revenue and Election Minister (Sardar Umrao Singh). There is no issue before the Assembly. According to rules, point of order can be raised if there is any issue before the Assembly (*interruption*). There is no issue, Whenever he wants, he stands up and you allow him.

Sardar Ajaib Singh Sandhu : Every thing is before the Assembly. (*interruption*)

POINTS OF ORDER REGARDING THE KAPURTHALA INCIDENT

(ਇਸ ਵੇਲੇ ਬਹੁਤ ਸਾਰੇ ਮੈਂਬਰ ਇਕੱਠੇ ਹੀ ਬੋਲ ਰਹੇ ਸਨ ਅਤੇ ਸਦਨ ਵਿਚ ਬੜਾ ਸ਼ੋਰ ਸੀ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਕ ਬਹੁਤ ਹੀ ਅਹਿਮ ਮਸਲੇ ਤੇ ਗਲ ਕਰਨੀ ਚਾਹੁੰਦਾ ਹਾਂ। ਸਰਦਾਰ ਉਮਰਾਓ ਸਿਘ ਨੂੰ ਤਾਂ ਪਤਾ ਨਹੀਂ ਕਿ ਪੰਜਾਬ ਕਿਸ ਨਾਜ਼ਕ ਦੌਰ ਵਿਚ ਦੀ ਗੁਜ਼ਰ ਰਿਹਾ ਹੈ। ਮੈਂ ਆਪ ਜੀ ਦੇ ਸਾਹਮਣੇ ਇਕ ਅਫਸੋਸਨਾਕ ਵਾਕਿਆ ਪੇਸ਼ ਕਰਨਾ ਚਾਹੁੰਦਾ ਹਾਂ ਕਿ ਕਪੂਰਥਲੇ ਸ਼ਾਲਾਮਾਰ ਗਾਰਡਨ ਵਿਚ ਜ਼ਿਲ੍ਹੇ ਦੇ ਕਿਸਾਨ ਡੀਜ਼ਲ ਲੈਣ ਦੀ ਸਮਿੱਸਿਆ ਤੇ ਇਸ ਵਾਸਤੇ ਇਕੱਠੇ ਹੋਏ ਕਿ ਜਿਹੜਾ 11 ਲਿਟਰ ਦੇਣਾ ਮੁਕੱਰਰ ਕੀਤਾ ਗਿਆ ਹੈ ਉਹ ਕਿਸੇ ਇਕ ਦਿਨ ਮਿਲੇ ਤਾਂ ਜੋ ਕਿਸਾਨਾਂ ਨੂੰ ਸਾਰਾ ਹਫਤਾ ਖਰਾਬ ਨਾ ਕਰਨਾ ਪਵੇ। ਸਾਰਿਆਂ ਨੇ ਰਲ ਕੇ ਇਹ ਫੈਸਲਾ ਕੀਤਾ ਕਿ 3 ਮੈਂਬਰਾਂ ਦਾ ਇਕ ਡੈਲੀਗੇਸ਼ਨ ਬਣਾਇਆ ਜਾਵੇ । ਜਿਸ ਦੇ ਹੈਡ ਮੇਜਰ ਗੁਰਦਿਆਲ ਸਿੰਘ ਸੀ ਅਤੇ ਦੋ ਆਦਮੀ ਹੋਰ ਸਨ । ਉਹ ਜਾ ਕੇ ਸਾਰੇ ਹਾਲਾਤ ਡੀ.ਸੀ. ਨੂੰ ਦਸਣ। ਡੈਲੀਗੇਸ਼ਨ ਡੀ. ਸੀ. ਨੂੰ ਮਿਲਿਆ ਪਰ ਡੀ.ਸੀ. ਨੇ ਕਿਹਾ ਕਿ ਮੈਂ ਇਸ ਮੁਆਮਲੇ ਵਿਚ ਕੁਝ ਵੀ ਕਰਨ ਨੂੰ ਤਿਆਰ ਨਹੀਂ। ਫੇਰ ਕਿਸਾਨਾਂ ਨੇ ਇਹ ਫੈਸਲਾ ਕੀਤਾ ਕਿ ਕਿਉਂ ਜੋ ਡੀ.ਸੀ ਕੁਝ ਕਰਨ ਨੂੰ ਤਿਆਰ ਨਹੀਂ ਅਸੀਂ ਉਸ ਦੀ ਕੋਠੀ ਅਗੇ ਧਰਨਾ ਮਾਰਨਾ ਹੈ। ਕਿਸਾਨ ਬਿਲਕੁਲ ਡਿਸਿਪਲੰਡ ਵਾਪਸ ਆ ਗਏ। ਜਦੋਂ ਉਹ ਉਸ ਜਗ੍ਹਾ ਤੇ ਪਹੁੰਚੇ ਜਿਥੇ ਪੈਪਸੂ ਰੋਡਵੇਜ਼ ਦੀਆਂ ਬੱਸਾਂ ਨੂੰ ਡੀਜ਼ਲ ਮਿਲਦਾ ਹੈ, ਘੇਰਾ ਪਾ ਲਿਆ। ਰੋਡਵੇਜ਼ ਵਾਲਿਆਂ ਨੇ ਆਪਣੀਆਂ ਬਸਾਂ ਹੀ ਬਾਹਰ ਨਹੀਂ ਕੱਢੀਆਂ। ਫੇਰ ਉਥੇ ਇਕ ਮੁਹਿੰਦਰ ਸਿੰਘ ਅਤੇ ਇਕ ਸਵਰਨ ਸਿੰਘ ਜਿਹੜੇ ਐਸ. ਆਈ. ਹਨ ਨੇ ਉਥੇ ਬੈਠੇ ਕਿਸਾਨਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਮੁਹਿੰਦਰ ਸਿੰਘ ਨੇ ਇਕ ਪੈਪਸੂ ਰੋਡਵੇਜ਼ ਦੇ ਮੁਲਾਜ਼ਮ ਦੇ ਪਿਸਟਲ ਦੀ ਬਟ ਮਾਰੀ, ਉਹ ਪੈਪਸੂ ਰੋਡਵੇਜ਼ ਦੇ ਮੁਲਾਜ਼ਮਾਂ ਨੂੰ ਉਕਸਾ ਰਿਹਾ ਸੀ ਕਿ ਤੁਸੀਂ ਕਿਸਾਨਾਂ ਦਾ ਘੇਰਾ ਤੋੜ ਕੇ ਬਸਾਂ ਬਾਹਰ ਕੱਢੋ ਪਰ ਉਹ ਨਾ

ਮੰਨੇ। ਇਤਨੇ ਨੂੰ ਜਗਜੀਤ ਸਿੰਘ ਇਨਸਪੈਕਟਰ ਆ ਗਿਆ ਉਹ ਨੇ ਕਈ ਤਰੀਕੇ ਵਰਤੇ ਤਾਂ ਜੋ ਕਿਸਾਨ ਭੜਕ ਉਠਣ ਪਰ ਕਿਸਾਨ ਉਸ ਦੀਆਂ ਗਲਾਂ ਵਿਚ ਨਹੀਂ ਆਏ। ਇਤਨੇ ਨੂੰ ਐਸ. ਡੀ. ਓ. ਕੋਹਲੀ ਵੀ ਆ ਗਿਆ, ਥੋੜੀ ਦੂਰ ਕੋਈ ਡੇਢ ਸੌ ਆਦਮੀ ਪੁਲੀਸ ਦਾ ਖੜ੍ਹਾ ਸੀ ਉਸ ਨੇ ਓਨ੍ਹਾਂ ਨੂੰ ਬੁਲਾ ਲਿਆ ਅਤੇ ਕਿਸਾਨਾ ਦੇ ਹਜੂਮ ਨੂੰ ਤਿਤਰ ਬਿਤਰ ਕਰਨ ਦੀ ਕੋਸ਼ਿਸ਼ ਕੀਤੀ। ਪਰ ਕਿਸਾਨ ਅਨਪ੍ਰੋਵੋਕਡ ਰਹੇ ਅਤੇ ਪੀਸਫੁਲ ਮੁਜ਼ਾਹਰਾ ਕਰਦੇ ਰਹੇ। ਇਥੋਂ ਤਕ ਕਿ ਇਸ ਨੇ ਉਨ੍ਹਾਂ ਤੇ ਗੋਲੀ ਚਲਾਓਣ ਦਾ ਆਰਡਰ ਦੇ ਦਿੱਤਾ। ਬੜੀ ਹੈਰਾਨੀ ਦੀ ਗੱਲ ਹੈ ਸਪੀਕਰ ਸਾਹਿਬ, ਕਿ ਦਲੀਪ ਸਿੰਘ ਰਿਕਸ਼ਾ ਡਰਾਇਵਰ ਬੜੀ ਦੂਰ ਖੜ੍ਹਾ ਸੀ, ਉਹ ਆਪਣੀ ਜਾਨ ਬਚਾਉਣ ਦੀ ਖਾਤਰ ਰੇੜੀ ਹੇਠ ਵੜ ਗਿਆ। ਜਦੋਂ ਉਸ ਨੇ ਹਾਲਾਤ ਵੇਖਣ ਦੀ ਖਾਤਰ ਸਿਰ ਬਾਹਰ ਕਢਿਆ ਤਾਂ ਉਸ ਦੇ ਗੋਲੀ ਇਕ ਪੁਲਿਸ ਦੇ ਸਿਪਾਹੀ ਨੇ ਮਾਰੀ ਜਿਹੜਾ ਕਿ ਉਥੇ ਹੀ ਮਰ ਗਿਆ। ਇਸ ਦੇ ਨਾਲ ਹੀ ਮੈਂ ਅਰਜ਼ ਕਰਾਂ ਕਿ ਉਥੇ ਕਈ ਬੰਦੇ ਫੱਟੜ ਹੋਏ ਪਏ ਹਨ, ਜਿਨ੍ਹਾਂ ਦੀ ਬੜੀ ਹੀ ਸੀਰੀਅਸ ਕੰਡੀਸ਼ਨ ਹੈ। ਫੇਰ ਜਦੋਂ ਦਲੀਪ ਸਿੰਘ ਦਾ ਪੋਸਟ ਮਾਰਟਮ ਕਰਵਾਇਆ ਤਾਂ ਪੁਲਿਸ ਨੇ ਮੈਡੀਕਲ ਅਫ਼ਸਰ ਨਾਲ ਮਿਲ ਕੇ ਇਹ ਨਤੀਜਾ ਹਾਸਲ ਕੀਤਾ ਕਿ ਇਸ ਨੂੰ ਗੋਲੀ ਨਹੀਂ ਲਗੀ ਇਹ ਤਾਂ ਪਥਰ ਨਾਲ ਮਰਿਆ ਹੈ। 150 ਗਜ਼ ਦੇ ਫਾਸਲੇ ਤੇ ਇਕ ਮੰਦਰ ਹੈ ਜਿਸ ਦੀ ਦੀਵਾਰ ਦੇ ਵਿਚ ਇਹ ਗੋਲੀ ਦੇ ਨਿਸ਼ਾਨ ਵੇਖੇ ਜਾ ਸਕਦੇ ਹਨ। ਇਸ ਤਰ੍ਹਾਂ ਦੀਆਂ ਗਲਾਂ ਕਿਸੇ ਵੀ ਲੋਕ ਰਾਜ਼ ਦੇ ਵਿਚ ਨਹੀਂ ਹੋਣੀਆਂ ਚਾਹੀਦੀਆਂ।

ਸ੍ਰੀ ਸਪੀਕਰ : ਤੁਸੀਂ ਤਾਂ ਤਕਰੀਰ ਹੀ ਸ਼ੁਰੂ ਕਰ ਦਿੱਤੀ। (You have started delivering a speech.)

ਸਰਦਾਰ ਅਜਾਇਬ ਸਿੰਘ ਸੰਧੂ : ਮੇਰੀ ਅਰਜ਼ ਤਾਂ ਇਹ ਹੈ ਸਪੀਕਰ ਸਾਹਿਬ, ਜੇ ਪੰਜਾਬ ਸਰਕਾਰ ਨੇ ਇਹ ਪਾਲੀਸੀ ਧਾਰਨ ਕਰ ਲਈ ਹੈ ਕਿ ਉਨ੍ਹਾਂ ਨੇ ਕਿਸਾਨ ਨੂੰ ਗੋਲੀਆਂ ਦਾ ਨਿਸ਼ਾਨਾ ਹੀ ਬਣਾਉਣਾ ਹੈ, ਗੋਲੀਆਂ ਨਾਲ ਭੁਨਣਾ ਹੈ, ਤਾਂ ਇਸ ਸਟੇਟ ਦੇ ਹਾਲਾਤ ਖਰਾਬ ਕਰਨ ਦੀ ਜ਼ਿਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਅੱਜ ਪੰਜਾਬ ਵਿਚ ਗੁਜਰਾਤ ਜੈਸੇ ਹਾਲਾਤ ਪੈਦਾ ਕਰ ਰਹੀ ਹੈ ....(ਵਿਘਨ) (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਜਨਾਬ ਦਾ ਧਿਆਨ ਇਸੇ ਤਰ੍ਹਾਂ ਦੇ ਵਾਕੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਡੀਜ਼ਲ ਦੇ ਸਵਾਲ ਤੇ ਇਸ ਤਰ੍ਹਾਂ ਪਹਿਲਾਂ ਇਕ ਬੰਦਾ ਮਾਰਿਆ ਗਿਆ ਸੀ ਤਾਂ ਗਿਆਨੀ ਜੀ ਨੇ ਕਿਹਾ ਕਿ ਵਾਕੇ ਤੋਂ ਪਹਿਲਾਂ ਲਾਲ ਰੰਗ ਦੇ ਇਸ਼ਤਿਹਾਰ ਛਪੇ ਸਨ। ਪਰ ਇਹ ਕੋਈ ਦਲੀਲ ਵਾਲੀ ਗਲ ਨਹੀਂ, ਇਹ ਐਕਸਟਰੀਮਿਸਟ ਪਾਰਟੀ ਵੀ ਛਾਪ ਸਕਦੀ ਹੈ, ਪੁਲਿਸ ਆਪ ਵੀ ਛਾਪ ਸਕਦੀ ਹੈ, ਸੀ. ਆਈ. ਡੀ. ਦਾ ਮਹਿਕਮਾ ਛਾਪ ਸਕਦਾ ਹੈ। ਜੇਕਰ ਅਧਿਕਾਰੀ ਆਪਣੇ ਆਪ ਨੂੰ ਸੱਚੇ ਸਮਝਦੇ ਹਨ ਤਾਂ ਉਹ ਇਸ ਗੱਲ ਦੀ ਇਨਕੁਆਇਰੀ ਕਰਾਉਣ ਪਰ ਕਾਰਵਾਈ ਨਹੀਂ। ਸਰਕਾਰ ਨੂੰ ਇਨਕੁਆਇਰੀ ਕਰਾਉਣ ਦੇ ਵਿਚ ਕੋਈ ਇਤਰਾਜ਼ ਨਹੀਂ ਸੀ ਹੋਣਾ ਚਾਹੀਦਾ। ਇਸੇ ਡੀਜ਼ਲ ਦੀ ਸਪਲਾਈ ਤੇ ਅੱਜ 7—8 ਦਿਨ ਦੇ ਬਾਅਦ ਹੁਣ ਫੇਰ ਦੂਸਰਾ ਵਾਕਾ ਹੋਇਆ ਹੈ। ਚੀਫ਼ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਡੀਜ਼ਲ ਦੀ ਸ਼ਾਰਟੇਜ ਮਸਨੂਈ ਹੈ। ਇਹ ਕਿਉਂ ਨਹੀਂ ਕਹਿੰਦੇ ਕਿ ਸਰਮਾਏਦਾਰ ਡਿਉਢੀ ਜਾਂ ਦੁਗਣੀ ਕੀਮਤ ਚਾਰਜ ਕਰਨੀ ਚਾਹੁੰਦੇ ਹਨ, ਜਿਹੜੀ ਮਸ਼ੀਨਰੀ ਡੀਜ਼ਲ ਦੀ ਵੰਡ ਤੇ ਲੱਗੀ ਹੋਈ ਹੈ ਉਹ ਕੁਰੱਪਟ ਹੈ, ਬਲੈਕ ਕਰਨ ਵਾਲਿਆਂ ਨਾਲ ਮਿਲੀ ਹੋਈ ਹੈ, ਕਿਸਾਨਾਂ ਵਿਚ ਬੇਚੈਨੀ ਲਾਜਮੀ ਹੈ ਕਿਉਂਕਿ ਫਸਲ ਤਿਆਰ ਹੋ ਰਹੀ ਹੈ ਅਤੇ ਉਸ ਨੂੰ ਪਾਣੀ ਦੇਣ ਲਈ ਤੇਲ ਮਿਲਦਾ ਨਹੀਂ। ਕਲ੍ਹ ਨੂੰ ਇਸ ਤਰ੍ਹਾਂ ਫੇਰ ਕੋਈ ਬੰਦਾ ਮਾਰਿਆ ਜਾਣਾ ਹੈ, ਥਾਣੇ ਦੇ ਅੰਦਰ ਹੀ ਗੋਲੀਆਂ ਜੇ ਚੱਲੀਆਂ ਤਾਂ ਫੇਰ ਕੀ ਤੁਸੀਂ ਜੁਡੀਸ਼ਲ ਇਨਕੁਆਇਰੀ ਕਰਾਉਣ ਲਈ ਤਿਆਰ ਹੋਵੋਗੇ।

[ਕਾਮਰੇਡ ਸੱਤ ਪਾਲ ਡਾਂਗ]

ਮੈਂ ਇਕ ਗੱਲ ਹੋਰ ਦੱਸਣਾ ਚਾਹੁੰਦਾ ਹਾਂ । ਮੈਂ ਹਾਊਸ ਵਿਚ ਪੰਜ ਮਿੰਟ ਲੇਟ ਪਹੁੰਚਿਆ ਹਾਂ ਤੁਹਾਨੂੰ ਪਤਾ ਹੀ ਹੈਕਿ ਮੈਂ ਕਦੇ ਵੀ ਹਾਊਸ ਵਿਚ ਲੇਟ ਨਹੀਂ ਹੋਇਆ ਹਾਂ । ਇਸ ਵਾਕਿਆ ਦੇ ਸਿਲਸਿਲੇ ਵਿਚ ਆਪਣੀ ਪੁਲਿਸ ਦੇ ਕਸੂਰ ਨੂੰ ਲਕੋਣ ਲਈ ਪੈਪਸੂ ਰੋਡਵੇਜ਼ ਦੇ ਕਰਮਚਾਰੀ ਉਤੇ ਸਾਰਾ ਕਸੂਰ ਮੜ੍ਹਿਆ ਜਾ ਰਿਹਾ ਹੈ । ਪੈਪਸੂ ਰੋਡਵੇਜ਼ ਵਿਚ ਮੁਕੰਮਲ ਹੜਤਾਲ ਹੈ । ਕੋਈ ਗੱਲ ਸਿਰੇ ਨਹੀਂ ਚੜ੍ਹ ਰਹੀ (ਵਿਘਨ) ਗੋਲੀ ਚੱਲੀ ਹੈ ਅਤੇ ਬੰਦਾ ਮਰਿਆ ਹੈ । ਅਸਲ ਵਿਚ ਡੀਜ਼ਲ ਨਹੀਂ ਲੱਭਦਾ, ਜ਼ਿਆਦਤੀ ਕੀਤੀ ਪੁਲਿਸ ਨੇ, ਉਸ ਨੂੰ ਲਕੋਣ ਲਈ ਪੈਪਸੂ ਰੋਡਵੇਜ਼ ਦੇ ਵਰਕਰਜ਼ ਨੂੰ ਮਾਰਿਆ ਗਿਆ ਹੈ (ਵਿਘਨ) ਪੈਪਸੂ ਰੋਡਵੇਜ਼ ਦੀ ਅੱਜ ਹੜਤਾਲ ਹੈ । ਜੋ ਕਪੂਰਥਲਾ ਵਿਚ ਵਾਕਿਆ ਹੋਇਆ ਹੈ ਉਹਦੀ ਜੁਡੀਸ਼ਲ ਇਨਕੁਆਇਰੀ ਫੌਰੀ ਤੌਰ ਤੇ ਹੋਣੀ ਚਾਹੀਦੀ ਹੈ ।

ਸਰਦਾਰ ਕਿਰਪਾਲ ਸਿੰਘ ਢਿਲੋਂ : ਆਨ ਏ ਪੁਆਇੰਟ ਆਫ ਆਰਡਰ, ਸਰ । (ਵਿਘਨ)

ਸ੍ਰੀ ਸਪੀਕਰ : ਇਹ ਜੋ ਕਪੂਰਥਲੇ ਦਾ ਵਾਕਿਆ ਹੋਇਆ ਹੈ, ਇਸ ਤੇ ਢਿਲੋਂ ਸਾਹਿਬ ਬੋਲਣਾ ਚਾਹੁੰਦੇ ਹਨ ਅਤੇ ਇਹ ਕਿਉਂਕਿ ਹੈਂ ਵੀ ਉਸ ਇਲਾਕੇ ਦੇ, ਇਸ ਲਈ ਜੋ ਢਿਲੋਂ ਸਾਹਿਬ ਕਹਿਣਾ ਚਾਹੁੰਦੇ ਹਨ ਓਹਨਾਂ ਨੂੰ ਸੁਣੋ । (The hon. Member Sardar Kirpal Singh Dhillon wants to speak on the Kapurthala incident. As Mr. Dhillon belongs to that area, the hon. Members should listen to him.)

ਸਰਦਾਰ ਕਿਰਪਾਲ ਸਿੰਘ ਢਿਲੋਂ : ਮੈਂ ਕਾਲ ਅਟੈਨਸ਼ਨ ਵੀ ਆਪਣੀ ਭੇਜੀ ਸੀ । ਮਸਲਾ ਸਚਮੁਚ ਬੜਾ ਗੰਭੀਰ ਹੈ । ਲੋਕੀਂ ਡੀਜ਼ਲ ਲੈਣ ਆਏ । ਉਨ੍ਹਾਂ ਨੇ ਪਹਿਲਾਂ ਮੀਟਿੰਗ ਵੀ ਕੀਤੀ ਸੀ । ਜੋ ਗੱਲ ਬਾਤ ਚੱਲੀ ਉਹ ਮੀਟਿੰਗ ਦੇ ਦੌਰਾਨ ਅਤੇ ਅਖ਼ੀਰ ਤੱਕ ਬਿਲਕੁਲ ਪੀਸਫੁਲ ਸੀ (ਥੰਪਿੰਗ) ਇਸ ਪੀਸਫੁਲ ਰਵੱਈਏ ਨੇ ਕੁਝ ਐਸੀ ਟਰਨ ਲਈ (ਵਿਘਨ) ਕਿ ਸਚਮੁਚ ਪੁਲਿਸ ਨੇ ਉਨ੍ਹਾਂ ਤੇ ਨਾਜਾਇਜ਼ ਗੋਲੀਆਂ ਚਲਾਈਆਂ (ਸ਼ੇਮ, ਸ਼ੇਮ) ਇਹ ਗੱਲ ਮੰਨਣ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਜਿਹੜੀ ਗੱਲ ਦੀ ਜਿੰਨੀ ਸਚਾਈ ਹੋਵੇ ਉਹ ਜ਼ਰੂਰ ਮੰਨਣੀ ਚਾਹੀਦੀ ਹੈ ਔਰ ਕਸੂਰ ਦੀ ਸਜ਼ਾ ਕਸੂਰਵਾਰ ਨੂੰ ਮਿਲਣੀ ਚਾਹੀਦੀ ਹੈ (ਥੰਪਿੰਗ) ਸਰਦਾਰ ਅਜਾਇਬ ਸਿੰਘ ਨੇ ਕਿਹਾ ਹੈ ਉਹ ਰਿਕਸ਼ਾ ਡ੍ਰਾਈਵਰ, ਉਹ ਰਿਕਸ਼ਾ ਚਲਾਉਣ ਵਾਲੇ ਦੀ ਜੋ ਡੈਥ ਹੋਈ ਹੈ, ਉਹਦਾ ਕਾਜ਼ ਡੈਥ ਦਾ ਗੋਲੀ ਨਹੀਂ ਸੀ । (ਵਿਘਨ) (ਆਵਾਜ਼ਾਂ : ਗੋਲੀ ਸੀ) ਕਿਉਂਕਿ ਇਹ ਮਸਲਾ ਕੰਟਰੋਵਰਸ਼ੀਅਲ ਹੋ ਸਕਦਾ ਹੈ, ਇਸ ਲਈ ਪੂਰੀ ਗੱਲ ਨੂੰ ਨਿਤਾਰਨ ਲਈ, ਸਚਾਈ ਜਾਣਨ ਲਈ, ਹੁਣੇ ਹੁਣੇ ਬੈਠਿਆਂ ਪਤਾ ਨਹੀਂ ਸਚਾਈ ਕਿੰਨੀ ਹੈ ਇਕ ਖ਼ਬਰ ਆਈ ਹੈ ਕਿ ਇਕ ਬੰਦਾ ਹੋਰ ਜਿਸ ਨੂੰ ਗੋਲੀ ਲੱਗੀ ਹੈ, ਉਸ ਦੀ ਵੀ ਡੈਥ ਹੋ ਗਈ ਹੈ । (ਸ਼ੇਮ, ਸ਼ੇਮ.) ਇਹ ਸਾਰੀ ਗੱਲ ਨੂੰ ਚੰਗੀ ਤਰ੍ਹਾਂ ਨਿਤਾਰਨ ਲਈ ਔਰ ਲੋਕਾਂ ਦੀ ਰਿਜ਼ੈਂਟਮੈਂਟ ਨੂੰ ਬੰਦ ਕਰਨ ਲਈ, ਸਚ ਮੁੱਚ ਜੁਡੀਸ਼ਲ ਇਨਕੁਆਇਰੀ ਕਰਨੀ ਲਾਜ਼ਮੀ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਅੱਗੇ ਬੇਨਤੀ ਕਰਾਂਗਾ ਕਿ ਇਸ ਮਾਮਲੇ ਦੀ ਜ਼ਰੂਰ ਇਨਕੁਆਇਰੀ ਕਰਨ ਔਰ ਇਸ ਸਬੰਧ ਵਿਚ ਆਪਣਾ ਸਪੱਸ਼ਟੀਕਰਨ / ਬਿਆਨ ਹਾਊਸ ਵਿਚ ਦੇਣ । (ਵਿਘਨ)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਕਪੂਰਥਲੇ ਦਾ ਵਾਕਿਆ ਵਾਕਈ ਅਫ਼ਸੋਸਨਾਕ ਹੈ, ਇਸ ਲਈ ਹੁਣ ਤੁਸੀਂ ਇਸ ਤੇ ਮੁੱਖ ਮੰਤਰੀ ਜੀ ਨੂੰ ਸੁਣੋ (ਵਿਘਨ) (I would submit that the incident that happened at

Kapurthala is really very unfortunate. Therefore the House should listen to the hon. Chief Minister) (*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਰਡਰ, ਸਰ । (ਵਿਘਨ)

ਸ਼੍ਰੀ ਸਪੀਕਰ : ਦੇਖੋ ਸੰਧੂ ਸਾਹਿਬ ਨੇ ਅੱਗੇ ਹੀ ਕਹਿ ਲਿਆ ਹੈ, ਹੁਣ ਤੁਹਾਨੂੰ ਸੀ. ਐਮ. ਸਾਹਿਬ ਨੂੰ ਸੁਣਨਾ ਚਾਹੀਦਾ ਹੈ । (Since Mr. Sandhu has already spoken on the issue the Member concerned should now listen to the Chief Minister.)

ਮਾਸ਼ਟਰ ਚੰਦ ਸਿੰਘ : ਜਿਹੜਾ ਬੰਦਾ ਮਾਰ ਦਿੱਤਾ ਹੈ (ਵਿਘਨ) ਕਿੰਨੇ ਅਫ਼ਸੋਸ ਦੀ ਗੱਲ ਹੈ । ਬੱਸਾਂ ਬੰਦ ਪਈਆਂ ਹਨ (ਵਿਘਨ) ਤੁਸੀਂ ਸੁਣਨਾ ਨਹੀਂ ਚਾਹੁੰਦੇ ਹੋ । (ਵਿਘਨ)

ਸ਼੍ਰੀ ਸਪੀਕਰ : ਚੋਪੜਾ ਸਾਹਿਬ ਕਹਿ ਲਵੋ । (Chopra Sahib, please go ahead with whatever you want to say.)

ਮਾਸਟਰ ਚੰਦ ਸਿੰਘ : ਪਰਸੋਂ ਜਿਹੜੀ ਉਥੇ ਗੋਲੀ ਚੱਲੀ ਹੈ । ਡੀਜ਼ਲ ਮਿਲ ਨਹੀਂ ਰਿਹਾ ਹੈ । 18 ਰੁਪਏ ਦੇਲੀ 20 ਰੁਪਏ ਨੂੰ ਮਿਲਦੀ ਹੈ । ਉਹ ਡੀ. ਸੀ. ਕੋਲ ਗਏ । 20 ਲਿਟਰ ਉਨ੍ਹਾਂ ਨੇ ਹਫਤੇ ਦਾ ਮੰਗਿਆ ਸੀ । ਉਥੇ ਗੋਲੀ ਚਲਾਈ ਗਈ । ਇਕ ਬੰਦਾ ਮਰ ਗਿਆ । ਪੀ. ਆਰ. ਟੀ. ਸੀ. ਦੇ ਦਫਤਰ ਵਿਚ ਜਾ ਕੇ ਪੁਲਿਸ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ । ਉਨ੍ਹਾਂ ਦੇ ਪ੍ਰਧਾਨ ਨੂੰ ਠੁੱਡਾ ਮਾਰ ਕੇ ਉਹਦੇ ਤਿੰਨ ਦੰਦ ਕੱਢ ਦਿਤੇ (ਵਿਘਨ) ਅਤੇ ਵਰਕਰਾਂ ਤੇ ਝੂਠੇ ਕੇਸ ਬਣਾ ਦਿਤੇ । ਮੈਂ ਚਾਹੁੰਦਾ ਹਾਂ ਕਿ ਇਹਦੀ ਅਦਾਲਤੀ ਜਾਂਚ ਕਰਾਈ ਜਾਵੇ। ਇਹ ਕਾਂਡ ਹੁਣ ਨਵਾਂ ਪੈਦਾ ਹੋ ਗਿਆ ਹੈ । ਪਹਿਲਾਂ ਜਗਰਾਉਂ, ਸੁਨਾਮ ਅਤੇ ਮੋਗੇ ਵਿਚ ਇਹੋ ਜਿਹੇ ਕਾਂਡ ਹੋਏ ਹਨ । ਇਹਦੀ ਅਦਾਲਤੀ ਇਨਕੁਆਇਰੀ ਹੋਣੀ ਚਾਹੀਦੀ ਹੈ । (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਸਾਰੀ ਗੱਲ ਦੀ ਰੋਸ਼ਨੀ ਵਿਚ ਸੀ. ਐਮ. ਸਾਹਿਬ ਆਪਣੀ ਸਟੇਟਮੈਂਟ ਦੇਣ (ਵਿਘਨ)

ਸ਼੍ਰੀ ਸਪੀਕਰ : ਸੰਧੂ ਸਾਹਿਬ, ਤੁਸੀਂ ਆਪਣੇ ਮੈਂਬਰਾਂ ਨੂੰ ਰੋਕੋ, ਤੁਸੀਂ ਆਪ ਕਹਿ ਚੁਕੇ ਹੋ (ਵਿਘਨ) (Sandhu Sahib, please ask your party Members not to cause interruption now since you have already spoken on the issue)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਾਰੀਆਂ ਬੱਸਾਂ ਖੜ੍ਹੀਆਂ ਲੱਗੀਆਂ ਪਈਆਂ ਹਨ। ਇਹਦਾ ਕਾਰਨ ਕੀ ਹੈ ਮੈਂ ਰੋਡਵੇਜ਼ ਦੇ ਕਰਮਚਾਰੀਆਂ ਨੂੰ ਪੁਛਿਆ ਹੈ, ਉਨ੍ਹਾਂ ਨੇ ਦੱਸਿਆ ਹੈ ਕਿ ਕਪੂਰਥਲੇ ਜਿਹੜਾ ਕੇਸ ਹੋਇਆ ਹੈ (ਵਿਘਨ) ਉਥੇ ਪੁਲਿਸ ਨੇ ਆਪਣੇ ਕਸੂਰ ਨੂੰ ਢੱਕਣ ਲਈ ਇਹ ਸਾਰਾ ਕੇਸ ਪੈਪਸੂ ਰੋਡਵੇਜ਼ ਦੇ ਵਰਕਰਾਂ ਤੇ ਪਾਇਆ ਜਾ ਰਿਹਾ ਹੈ (ਵਿਘਨ)

ਮਾਸਟਰ ਚੰਦ ਸਿੰਘ : ਸਾਰੇ ਪੰਜਾਬ ਵਿਚ ਪੈਪਸੂ ਰੋਡਵੇਜ਼ ਦੇ ਵਰਕਰਾਂ ਵਿਚ ਰੋਸ ਪਾਇਆ ਜਾਂਦਾ ਹੈ । (ਵਿਘਨ)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਆਨਰੇਬਲ ਮੈਂਬਰਾਂ ਦੇ ਸੈਂਟੀਮੈਂਟਸ ਨੂੰ ਮੈਂ ਕਦਰ ਨਾਲ ਵੇਖਦਾ ਹਾਂ ਔਰ ਜੋ ਹੁਣ ਤੱਕ ਮੇਰੇ ਪਾਸ ਇਤਲਾਹ ਪਹੁੰਚੀ ਹੈ ਉਸ ਨੂੰ ਮੈਂ ਤੁਹਾਡੇ ਸਾਹਮਣੇ ਰੱਖਦਾ ਹਾਂ ।

ਮਿਤੀ 2 ਮਾਰਚ, 1974 ਨੂੰ ਪੰਜਾਬ ਜ਼ਿਮੀਂਦਾਰਾ ਯੂਨੀਅਨ ਕਪੂਰਥਲਾ ਨੇ ਡੀਜ਼ਲ ਦੀ ਕਮੀ ਅਤੇ ਅਵੱਸ਼ਕ ਚੀਜ਼ਾਂ ਦੀ ਮਹਿੰਗਾਈ ਦੇ ਵਿਰੁਧ ਸ਼ਾਲੀਮਾਰ ਬਾਗ ਕਪੂਰਥਲਾ ਵਿਚ ਮੁਜ਼ਾਹਰਾ (400/500) ਕੀਤਾ । ਇਸ ਤੋਂ ਬਾਅਦ ਉਨ੍ਹਾਂ ਨੇ ਡੀ. ਸੀ. ਦੀ ਕੋਠੀ ਦਾ ਘਿਰਾਓ ਕਰਨ ਦਾ ਫੈਸਲਾ ਕੀਤਾ ।

ਇਸ ਫੈਸਲੇ ਅਨੁਸਾਰ ਇਕ ਜਲੂਸ (400/500) ਸ਼ਾਲੀਮਾਰ ਬਾਗ ਤੋਂ ਸਰਕਾਰ ਵਿਰੁਧ ਨਾਹਰੇ ਲਾਉਂਦਾ ਚੱਲਿਆ । ਕਾਨੂੰਨ ਅਤੇ ਅਮਨ ਦੀ ਵਿਵਸਥਾ ਲਈ ਇਕ ਪੁਲਿਸ ਪਾਰਟੀ ਇਸ ਜਲੂਸ ਨਾਲ ਗਈ । ਰਸਤੇ ਵਿਚ ਜਲੂਸ ਹਿੰਸਕ ਹੋ ਗਿਆ ਅਤੇ ਪੀ. ਆਰ. ਟੀ. ਸੀ. ਦੇ ਬੱਸ ਅੱਡੇ ਤੇ ਉਨ੍ਹਾਂ ਇਕ ਬੱਸ ਦਾ ਘਿਰਾਓ ਕੀਤਾ ਅਤੇ ਉਨ੍ਹਾਂ ਨਾਲ ਪੀ. ਆਰ. ਟੀ. ਸੀ. ਦੇ 18 ਮੁਲਾਜ਼ਮ ਵੀ ਮਿਲ ਗਏ ਜਿਨ੍ਹਾਂ ਨੇ ਮੁਜ਼ਾਹਰੀਨ ਨੂੰ ਪੂਰੀ ਮੱਦਦ ਦਾ ਯਕੀਨ ਦਿਵਾਇਆ ਅਤੇ ਵਾਅਦਾ ਕੀਤਾ ਕਿ ਉਹ ਕੋਈ ਬੱਸ ਨਹੀਂ ਚਲਾਉਣਗੇ । ਜਦੋਂ ਵਖਾਵਾਕਾਰੀਆਂ ਨੇ ਵੱਟੇ ਮਾਰਨੇ ਅਰੰਭ ਕੀਤੇ ਅਤੇ ਪੁਲਿਸ ਵਾਲਿਆਂ ਤੇ ਜਿਹੜੇ ਲਘੂ ਮਾਤਰਾ ਵਿਚ ਸਨ, ਹਮਲੇ ਕੀਤੇ ਤਾਂ ਹਾਲਾਤ ਕਾਫ਼ੀ ਵਿਗੜ ਗਏ । ਕੁਝ ਵਖਾਵਾਕਾਰੀਆਂ ਨੇ ਕੰਸਟੇਬਲ ਨਿਰਮਲ ਸਿੰਘ ਤੇ ਹਮਲਾ ਕਰ ਦਿਤਾ ਅਤੇ ਉਸ ਦੇ ਸਿਰ ਤੇ ਸੱਟ ਮਾਰੀ ਅਤੇ ਉਸ ਦੀ ਰਾਈਫਲ ਖੋਹਣ ਦੀ ਕੋਸ਼ਸ਼ ਕੀਤੀ । ਉਨ੍ਹਾਂ ਨੇ ਉਸ ਨੂੰ ਘੜੀਸਿਆ ਵੀ । ਆਤਮ ਰੱਖਿਆ ਲਈ ਉਸ ਨੇ ਕੁਝ ਗੋਲੀਆਂ ਹਵਾ ਵਿਚ ਚਲਾਈਆਂ । ਜਦੋਂ ਪਥਰਾਓ ਫਿਰ ਵੀ ਜਾਰੀ ਰਿਹਾ ਤਾਂ ਪੁਲਿਸ ਨੇ ਤਾਕਤ ਯਾਨੀ ਲਾਠੀਆਂ ਅਤੇ ਅਥਰੂ ਗੈਸ ਦਾ ਇਸਤੇਮਾਲ ਕੀਤਾ । ਅਤੇ ਇਸ ਤੋਂ ਪਿਛੋਂ ਆਤਮ ਰੱਖਿਆ ਵਿਚ ਗੋਲੀ ਵੀ ਚਲਾਈ । ਗੈਰ ਕਾਨੂਨੀ ਹਜੂਮ ਪਥਰਾਓ ਦੇ ਫਲਸਰੂਪ ਦੋ ਪੁਲਿਸ ਇਨਸਪੈਕਟਰ, ਪੁਲਿਸ ਸਬ-ਇਨਸਪੈਕਟਰ, ਇਕ ਹੈਡ ਕੰਸਟੇਬਲ ਅਤੇ 28 ਕੰਸਟੇਬਲ (ਕੁਲ 33) ਜ਼ਖਮੀ ਹੋਏ । ਕੁਝ ਰਾਹ ਜਾਂਦੇ ਵਿਅਕਤੀਆਂ ਨੂੰ ਵੀ ਸੱਟਾਂ ਆਈਆਂ । ਦੂਜੇ ਪਾਸੇ 4 ਬੰਦਿਆਂ ਨੂੰ ਗੋਲੀ ਦੇ ਜ਼ਖਮ ਆਏ ਅਤੇ 3 ਬੰਦਿਆਂ ਨੂੰ ਖੁੰਢੇ ਹਥਿਆਰਾਂ ਦੀਆਂ ਸੱਟਾਂ ਆਈਆਂ । ਇਨ੍ਹਾਂ ਤੋਂ ਇਲਾਵਾ ਇਕ ਰਾਹੀ ਸ੍ਰੀ ਦਲੀਪ ਸਿੰਘ ਨਾਮੀ ਵੀ ਜ਼ਖਮੀ ਹੋਇਆ ਜਿਹੜਾ ਬਾਅਦ ਵਿਚ ਹਸਪਤਾਲ ਜਾ ਕੇ ਮਰ ਗਿਆ । ਪੋਸਟ ਮਾਰਟਮ ਦੀ ਰਿਪੋਰਟ ਦੇ ਮੁਤਾਬਿਕ ਉਸ ਦੀ ਮੌਤ ਖੁੰਢੀ ਚੀਜ਼ ਤੋਂ ਆਈ ਸੱਟ ਤੇ ਹੋਈ ਹੈ ਜਿਹੜੀ ਕਿ ਡਾਕਟਰ ਦੀ ਰਾਏ ਅਨੁਸਾਰ ਵੱਟਾ ਲੱਗਣ ਤੋਂ ਆ ਸਕਦੀ ਹੈ ।

ਪੁਲਿਸ ਨੇ ਕੁਲ 13 ਰਾਈਫਲ ਦੇ ਤੇ 2 ਰਿਵਾਲਵਰ ਦੇ ਫਾਇਰ ਆਤਮ ਰੱਖਿਆ ਲਈ ਕੀਤੇ । ਭੀੜ ਨੂੰ ਖਿੰਡਾਉਣ ਲਈ 3 ਅਥਰੂ ਗਰਨੇਡ ਅਤੇ 20 ਅਥਰੂ ਗੈਸ ਸ਼ੈਲ ਇਸਤੇਮਾਲ ਕੀਤੇ ।

ਮੁਕੱਦਮਾ ਨੰਬਰ 82 ਮਿਤੀ 2 ਮਾਰਚ, 1974 ਅਧੀਨ ਧਾਰਾ 307/437/148/395/186/506/353/332/149 ਆਈ. ਪੀ. ਸੀ. ਅਤੇ ਧਾਰਾ 7 ਫੌਜਦਾਰੀ ਕਾਨੂੰਨ ਤਰਮੀਮ ਐਕਟ ਦੇ ਅਧੀਨ ਥਾਣਾ ਕੋਤਵਾਲੀ ਕਪੂਰਥਲਾ ਵਿਖੇ ਦਰਜ ਕੀਤਾ ਗਿਆ ਹੈ । ਹੁਣ ਤਾਈਂ 6 ਵਿਆਕਤੀ ਗ੍ਰਿਫ਼ਤਾਰ ਕੀਤੇ ਜਾ ਚੁਕੇ ਹਨ । ਇਸ ਸੰਘਰਸ਼ ਵਿਚ ਜ਼ਿਲ੍ਹਾ ਮੈਜਿਸਟਰੇਟ ਕਪੂਰਥਲਾ ਨੇ ਮੈਜਿਸਟੀਰੀਅਲ ਇਨਕੁਆਇਰੀ ਦਾ ਹੁਕਮ ਦੇ ਦਿਤਾ ਹੈ ।

ਸਪੀਕਰ ਸਾਹਿਬ, ਖਬਰਾਂ ਆਉਣ ਤੋਂ ਅਤੇ ਸਾਰੀ ਬਾਤ ਜ਼ਿਆਦਾ ਵਿਸਥਾਰ ਵਿਚ ਪਤਾ ਲੱਗਣ ਤੋਂ ਬਾਅਦ ਹੋਰ ਜੋ ਕੁਝ ਹੋਇਆ, ਮੈਂ ਕੱਲ ਹਾਊਸ ਵਿਚ ਦੱਸਾਂਗਾ । ਮੈਂ ਬੇਨਤੀ ਕਰਾਂਗਾ

ਕਿ ਮੈਜਿਸਟਰੀਅਲ ਇਨਕੁਆਇਰੀ ਹੋ ਰਹੀ ਹੈ ਅੱਗੇ ਜੇ ਮੈਜਿਸਟਰੀਅਲ ਇਨਕੁਆਇਰੀ ਤੋਂ ਬਾਅਦ ਇਹ ਅਨੁਭਵ ਕੀਤਾ ਗਿਆ ਕਿ ਜੁਡੀਸ਼ੀਅਲ ਇਨਕੁਆਇਰੀ ਜ਼ਰੂਰੀ ਹੈ ਤਾਂ ਇਸ ਤੇ ਗੌਰ ਕੀਤਾ ਜਾਵੇਗਾ। (ਵਿਘਨ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਵਾਸਤੇ ਖੜ੍ਹੇ ਹੋਏ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਉਥੇ ਦੋ ਆਦਮੀ ਮਰ ਗਏ ਹਨ। ਇਤਨਾ ਵੱਡਾ ਵਾਕਿਆ ਹੋਇਆ ਹੈ ....(ਵਿਘਨ) (ਸ਼ੋਰ)

ਸ੍ਰੀ ਸਪੀਕਰ : ਚੀਫ ਮਨਿਸਟਰ ਸਾਹਿਬ ਨੇ ਯਕੀਨ ਦਿਵਾਇਆ ਹੈ ਕਿ ਮੈਜਿਸਟਰੀਅਲ ਇਨਕੁਆਇਰੀ ਤੋਂ ਬਾਅਦ ਜੇ ਤਸੱਲੀ ਨਾ ਹੋਈ ਤਾਂ ਫਿਰ ਜੁਡੀਸ਼ੀਅਲ ਇਨਕੁਆਇਰੀ ਕਰਵਾਈ ਜਾਵੇਗੀ। ਇਸ ਕਰਕੇ ਮੈਂ ਸਮਝਦਾ ਹਾਂ ਕਿ ਮੈਂਬਰਜ਼ ਦੀ ਤਸੱਲੀ ਹੋ ਜਾਣੀ ਚਾਹੀਦੀ ਹੈ। (ਵਿਘਨ) (ਸ਼ੋਰ) (The hon. Chief Minister has assured the House that in case magisterial enquiry could not satisfy the hon. Members, judicial enquiry shall be got conducted. Therefore, I think it is sufficient for the satisfaction of the hon. Members). (*Interruption*) (*Noise*)

ਕਾਮਰੇਡ ਸਤ ਪਾਲ ਡਾਂਗ : ਕੋਈ ਬੰਦਾ ਕਿਤੇ ਮਰ ਜਾਏ, ਮੈਜਿਸਟਰੀਅਲ ਇਨਕੁਆਇਰੀ ਹੁੰਦੀ ਹੈ। Magisterial enquiry, everybody knows, is on eye wash to cover up police excesses. No magisterial enquiry can inspire any confidence either among the people of the area or amongst us. We want judicial enquiry. ਉਹ ਡੀਜ਼ਲ ਮੰਗਣ ਤਾਂ ਗੋਲੀ ਮਿਲਦੀ ਹੈ। (ਵਿਘਨ) ਪੰਜਾਬ ਵਿਚ ਪੁਲਿਸ ਦਾ ਰਾਜ ਸੀ.ਐਮ. ਸਾਹਿਬ ਚਲਾਉਣਾ ਚਾਹੁੰਦੇ ਹਨ। (ਵਿਘਨ) ਅਸੀਂ ਇਸ ਦੀ ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਕਰਦੇ ਹਾਂ। We want judicial enquiry.

Sardar Ajaib Singh Sandhu : On a point of order, Sir,

ਸ੍ਰੀ ਸਪੀਕਰ : ਪੁਆਇੰਟ ਆਫ ਆਰਡਰ ਕੋਈ ਨਹੀਂ ਬਣਦਾ। (There is no occasion for raising point of order.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਸੁਣ ਤਾਂ ਲਵੋ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੇ ਇਕੱਲੀ ਆਪੋਜ਼ੀਸ਼ਨ ਕੋਈ ਗੱਲ ਕਰਦੀ ਤਾਂ ਫਿਰ ਮੈਂ ਸਮਝਦਾ ਹਾਂ ਕਿ ਸ਼ਾਇਦ ਤੁਸੀਂ ਇਸ ਤਰ੍ਹਾਂ ਦੀ ਗੱਲ ਕਹਿੰਦੇ ਲੇਕਿਨ ਇਸ ਹਾਉਸ ਦੇ ਆਨਰੇਬਲ ਮੈਂਬਰ, ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕ੍ਰਿਪਾਲ ਸਿੰਘ ਵਿਲੋਂ ਜਿਹੜੇ ਕਿ ਉਸ ਜ਼ਿਲ੍ਹੇ ਦੇ ਹਨ, ਜਿਹੜੇ ਕਿ ਉਸ ਹਲਕੇ ਦੇ ਹਨ, ਉਨ੍ਹਾਂ ਨੇ ਵੀ ਕਿਹਾ ਹੈ ਕਿ ਮਾੜਾ ਕੰਮ ਹੋਇਆ ਹੈ। (ਵਿਘਨ) ਸਪੀਕਰ ਸਾਹਿਬ, ਉਥੇ ਬਿਲਕੁਲ ਲੋਕ ਅਮਨ ਅਮਾਨ ਸੀ। ਉਨ੍ਹਾਂ ਨੇ ਕੋਈ ਪਥਰਾਓ ਨਹੀਂ ਕੀਤਾ। ਉਹ ਬਿਲਕੁਲ ਅਮਨ ਅਮਾਨ ਸਨ ਪਰ ਫਿਰ ਵੀ ਉਨ੍ਹਾਂ ਲੋਕਾਂ ਤੇ ਗੋਲੀਆਂ ਚਲਾਈਆਂ ਗਈਆਂ। ਐਸ.ਡੀ.ਓ., ਇਨਸਪੈਕਟਰ, ਸੀ.ਆਈ.ਏ. ਇਨਸਪੈਕਟਰ ਅਤੇ ਛੋਟਾ ਇਨਸਪੈਕਟਰ, ਇਹ ਸਾਰੇ ਇਕ ਕਮਰੇ ਵਿਚ

[ਸਰਦਾਰ ਅਜਾਇਬ ਸਿੰਘ ਸੰਧੂ]

ਅੰਦਰੋਂ ਕਮਰਾ ਬੰਦ ਕਰਕੇ ਬੈਠੇ ਸਨ। ਇਹ ਬਾਹਿਰ ਕੋਈ ਨਹੀਂ ਨਿਕਲੇ। (ਵਿਘਨ) ਮੈਂ ਅਰਜ਼ ਕਰਦਾ ਹਾਂ, ਸਪੀਕਰ ਸਾਹਿਬ, ਕਿ ਪੈਪਸੂ ਰੋਡਵੇਜ਼ ਦੇ ਵਰਕਰਜ਼ ਦਾ ਜਿਹੜਾ ਪਰਧਾਨ ਹੈ ਉਸ ਦਾ ਦੰਦ ਭੰਨ ਦਿੱਤਾ ਗਿਆ। ਉਸ ਨੂੰ ਗ੍ਰਿਫਤਾਰ ਵੀ ਕੀਤਾ ਗਿਆ। (ਵਿਘਨ) ਉਥੇ ਦੋ ਮੌਤਾਂ ਹੋਈਆਂ ਹਨ। ਸਾਡੀ ਮੈਜਿਸਟੀਰੀਅਲ ਇਨਕੁਆਇਰੀ ਨਾਲ ਤਸੱਲੀ ਨਹੀਂ ਹੋਣੀ। ਹਾਈ ਕੋਰਟ ਦੇ ਜੱਜ ਕੋਲੋਂ ਇਨਕੁਆਇਰੀ ਅੱਜ ਹੀ ਅਨਾਊਂਸ ਕਰੋ ਨਹੀਂ ਤਾਂ ਅਸੀਂ ਇਸ ਤਰ੍ਹਾਂ ਹਾਊਸ ਨੂੰ ਚੱਲਣ ਨਹੀਂ ਦਿਆਂਗੇ। (ਵਿਘਨ) (ਸ਼ੋਰ) ਇਸ ਤਰ੍ਹਾਂ ਅਸੀਂ ਸਰਕਾਰ ਨੂੰ ਚੱਲਣ ਨਹੀਂ ਦੇਣਾ। ਇਹ ਸਰਕਾਰ ਇਥੇ ਗੁਜਰਾਤ ਜਿਹੇ ਹਾਲਾਤ ਪੈਦਾ ਕਰਨਾ ਚਾਹੁੰਦੀ ਹੈ। (ਵਿਘਨ) ਵ੍ਹਈ ਵਾਂਟ ਇਕੁਆਇਰੀ ਬਾਈ ਏ ਹਾਈ ਕੋਰਟ ਜੱਜ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਪੁਆਇੰਟ ਆਫ ਆਰਡਰ, ਸਰ। (ਵਿਘਨ)

(ਇਸ ਸਮੇਂ ਸਰਦਾਰ ਜਸਵਿੰਦਰ ਸਿੰਘ ਬਰਾੜ ਬੋਲਣ ਵਾਸਤੇ ਖੜ੍ਹੇ ਹੋਏ।)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : * * * * (ਵਿਘਨ)

Mr. Speaker: This is no point of order.

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਤੁਸੀਂ ਗਿਣੇ ਚੁਣੇ ਮੈਂਬਰਾਂ ਤੋਂ ਬਿਨਾਂ ਕਿਸੇ ਨੂੰ ਗੱਲ ਨਹੀਂ ਕਰਨ ਦਿੰਦੇ। (ਵਿਘਨ)

ਸ੍ਰੀ ਸਪੀਕਰ : ਤੁਹਾਡੀ ਪਾਰਟੀ ਦੇ ਡਿਪਟੀ ਲੀਡਰ ਨੇ ਗੱਲ ਕਰ ਲਈ ਹੈ। (ਵਿਘਨ) (The Deputy Leader of your party has already spoken on this issue.) (*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਇਹ ਹੈ ਕਿ ਇਹ ਬੜਾ ਅਹਿਮ ਮਸਲਾ ਹੈ। ਹਰ ਹਫਤੇ ਦੋ ਚਾਰ ਮਰ ਜਾਣ, ਇਹੋ ਜਿਹੇ ਵਾਕਿਆਤ ਹੋ ਰਹੇ ਹਨ ਤਾਂ ਫਿਰ ਮੈਂ ਸਮਝਦਾ ਹਾਂ ਕਿ ਪੰਜਾਬ ਖੂਨ ਦਾ ਪੰਜਾਬ ਬਣ ਜਾਵੇਗਾ। (ਵਿਘਨ) ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਦੀ ਜੁਡੀਸ਼ੀਅਲ ਇਨਕੁਆਇਰੀ ਦਾ ਹੁਕਮ ਦੇਣ। ਸਰਦਾਰ ਕਿਰਪਾਲ ਸਿੰਘ ਢਿਲੋਂ ਜੋ ਕਿ ਇਨ੍ਹਾਂ ਦੀ ਪਾਰਟੀ ਦੇ ਹਨ, ਉਨ੍ਹਾਂ ਨੇ ਵਿਧਾਨ ਸਭਾ ਵਿਚ ਬਿਆਨ ਦਿੱਤਾ ਹੈ। ਉਥੋਂ ਦੇ ਐਮ. ਐਲ. ਏ. ਜੁਡੀਸ਼ੀਅਲ ਇਨਕੁਆਇਰੀ ਵਾਸਤੇ ਕਹਿ ਰਹੇ ਹਨ। (ਵਿਘਨ) ਇਸ ਲਈ ਚੀਫ ਮਨਿਸਟਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਜੁਡੀਸ਼ੀਅਲ ਇਨਕੁਆਇਰੀ ਦਾ ਹੁਕਮ ਹੁਣੇ ਹੀ ਦੇਣ।

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਸੀ.ਐਮ. ਸਾਹਿਬ ਨੇ ਬਿਆਨ ਦਿੱਤਾ ਹੈ ਅਤੇ ਤਕਰੀਬਨ 17-18 ਧਾਰਾਵਾਂ ਪੜ੍ਹੀਆਂ ਹਨ। ਇਹ ਧਾਰਾਵਾਂ ਲਾਈਆਂ ਕਿਸ ਤੇ ਹਨ ! ਇਹ ਧਾਰਾਵਾਂ ਉਨ੍ਹਾਂ ਤੇ ਲੱਗੀਆਂ ਹਨ ਜਿਨ੍ਹਾਂ ਦੇ ਗੋਲੀਆਂ ਲੱਗੀਆਂ ਹਨ ਜਿਹੜੇ ਕਿ ਹਸਪਤਾਲ ਵਿਚ ਪਏ ਹਨ, ਜਿਨ੍ਹਾਂ ਦੇ ਦੰਦ ਭੰਨੇ ਗਏ ਹਨ। ਇਹ ਧਾਰਾਵਾਂ ਉਨ੍ਹਾਂ ਤੇ ਲੱਗੀਆਂ ਹਨ। ਇਹ ਧਾਰਾਵਾਂ ਉਨ੍ਹਾਂ ਵਾਸਤੇ ਹਨ। (ਸ਼ੇਮ,ਸ਼ੇਮ ਦੀਆਂ ਆਵਾਜ਼ਾਂ) ਉਨ੍ਹਾਂ ਨੇ ਕਿਹਾ ਹੈ ਕਿ ਮੈਜਿਸਟੀਰੀਅਲ ਇਨਕੁਆਇਰੀ ਦਾ ਹੁਕਮ ਦੇ ਦਿੱਤਾ ਹੈ ਅਤੇ ਕੇਸ ਰਜਿਸਟਰ ਹੋ ਗਿਆ ਹੈ। (ਵਿਘਨ) ਤਾਂ ਫਿਰ ਮੈਜਿਸਟੀਰੀਅਲ ਇੰਨਕੁਆਇਰੀ ਕੋਈ ਮਾਅਨੇ ਨਹੀਂ ਰੱਖਦੀ। ਹਾਈ ਕੋਰਟ ਦੇ ਜੱਜ ਤੋਂ ਇਨਕੁਆਇਰੀ ਹੋਣੀ ਚਾਹੀਦੀ ਹੈ ਉਸ ਦੇ ਬਿਨਾਂ ਗੱਲ ਨਹੀਂ ਚੱਲਣੀ। (ਵਿਘਨ)

---

*Expunged as ordered by the Chair.

Mr. Speaker: This is mere repetition.

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਇਸ ਕਰਕੇ ਰੇਜ਼ ਨਹੀਂ ਕਰਦਾ ਕਿਉਂਕਿ ਕਾਨੂੰਨੀ ਤੌਰ ਤੇ ਪੁਆਇੰਟ ਆਫ ਆਰਡਰ ਨਹੀਂ ਉਠਦਾ। ਤੁਸੀਂ ਸਾਰਿਆਂ ਨੂੰ ਐਲਾਓ ਕੀਤਾ ਹੈ ਇਸ ਕਰਕੇ ਜੇ ਆਗਿਆ ਹੋਵੇ ਤਾਂ ਮੈਂ ਆਬਜ਼ਰਵੇਸ਼ਨ ਰੇਜ਼ ਕਰਨੀ ਚਾਹੁੰਦਾ ਹਾਂ।

ਸ਼੍ਰੀ ਸਪੀਕਰ : ਠੀਕ ਹੈ। (Please go ahead.)

ਕੈਪਟਨ ਰਤਨ ਸਿੰਘ : ਮਾਮਲਾ ਕਾਫੀ ਗੰਭੀਰ ਹੈ। ਇਸ ਦੀ ਗੰਭੀਰਤਾ ਨੂੰ ਦੇਖਦੇ ਹੋਏ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਇਧਰੋਂ (ਅਕਾਲੀ ਪਾਰਟੀ ਵੱਲ ਅਤੇ ਕਮਿਊਨਿਸਟ ਪਾਰਟੀ ਵੱਲ ਇਸ਼ਾਰਾ) ਇਸ ਦੀ ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਕੀਤੀ ਹੈ। ਠੀਕ ਹੈ ਜਦ ਕਿਸੇ ਦੀ ਨਾਜਾਇਜ਼ ਤੌਰ ਤੇ ਮੌਤ ਹੋ ਜਾਵੇ (ਵਿਘਨ) ਆਨਰੇਬਲ ਮੈਂਬਰਜ਼ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸਾਰੇ ਇਥੇ ਚੁਣਕੇ ਆਏ ਹਾਂ, ਅਸੀਂ ਸਾਰੇ ਲੋਕਾਂ ਨੂੰ ਰੇਪਰੀਜ਼ੈਂਟ ਕਰਦੇ ਹਾਂ। ਇਸ ਕਰਕੇ ਕਿਸੇ ਦਾ ਖਾਸ ਠੇਕਾ ਨਹੀਂ ਲਿਆ ਹੋਇਆ, ਸਾਰਿਆਂ ਦਾ ਫਰਜ਼ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦਾ ਨਾਮ ਪਬਲਿਕ ਦੇ ਵਿਚ ਬੜਾ ਚੰਗਾ ਹੋਵੇਗਾ ਜੇ ਉਹ ਇਸ ਦੀ ਜੁਡੀਸ਼ੀਅਲ ਇਨਕੁਆਇਰੀ ਕਰਾਉਣ (ਤਾੜੀਆਂ) ਇਹ ਠੀਕ ਨਹੀਂ ਕਿ ਲੋਕ ਨਰਾਜ਼ ਹੋਣ। ਸਾਡੀ ਸਰਕਾਰ ਦਾ ਇਹ ਮਨਸ਼ਾ ਨਹੀਂ ਕਿ ਜਿਹੜਾ ਤੇਲ ਮੰਗੇ ਉਸ ਨੂੰ ਗੋਲੀ ਮਾਰੀ ਜਾਵੇ, ਇਹ ਸਾਡੀ ਸਰਕਾਰ ਦਾ ਮੰਤਵ ਨਹੀਂ ਹੈ। ਇਸ ਕਰਕੇ ਉਨ੍ਹਾਂ ਨੂੰ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਹੈ, ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਜੁਡੀਸ਼ੀਅਲ ਇਨਕੁਆਇਰੀ ਮੰਨ ਲੈਣੀ ਚਾਹੀਦੀ ਹੈ ਤਾਂ ਹੀ ਲੋਕਾਂ ਵਿਚ ਕਨਫੀਡੈਂਸ ਹੋਵੇਗਾ ਅਤੇ ਲੋਕ ਸੁੱਖ ਦਾ ਸਾਹ ਲੈ ਸਕਣਗੇ। (ਤਾੜੀਆਂ)

ਸ਼੍ਰੀ ਸਪੀਕਰ : ਮੈਂ ਵੀ ਬੇਨਤੀ ਕਰਾਂਗਾ ਕਿ ਇਹ ਇਕ ਬੜਾ ਸੰਗੀਨ ਮਾਮਲਾ ਹੈ ਇਸ ਦੀ ਜੁਡੀਸ਼ੀਅਲ ਇਨਕੁਆਇਰੀ ਕਰਵਾ ਲੈਣ। (ਤਾੜੀਆਂ) (I would also request that this is a very serious matter. The hon. C. M. may get judicial enquiry conducted in this connection.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜ਼ਿਆਦਾ ਡਿਟੇਲ ਦੇਖਣਾ ਚਾਹੁੰਦਾ ਸੀ। ਅਗਰ ਆਨਰੇਬਲ ਮੈਂਬਰਜ਼ ਦੀ ਇਹੀ ਮਰਜ਼ੀ ਹੈ ਤਾਂ ਮੈਂ ਤਿਆਰ ਹਾਂ ਕਪੂਰਥਲੇ ਦੀ ਘਟਨਾ ਦੀ ਜੁਡੀਸ਼ੀਅਲ ਇਨਕੁਆਇਰੀ ਕਰਾ ਦਿੱਤੀ ਜਾਵੇਗੀ। (ਤਾੜੀਆਂ)

Sardar Ajaib Singh Sandhu: On a point of order, Sir. (*Interruption*)

ਸ਼੍ਰੀ ਸਪੀਕਰ : ਮੈਨੂੰ ਫਿਰ ਮਜਬੂਰਨ ਇਹ ਕਹਿਣਾ ਪਵੇਗਾ; ਕਿ ਦਿਸ ਇਜ਼ ਨੋ ਪੁਆਇੰਟ ਆਫ ਆਰਡਰ। (ਵਿਘਨ) (I shall again be compelled to declare your point as no point of order.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਕੱਲੀ ਜੁਡੀਸ਼ੀਅਲ ਇਨਕੁਆਇਰੀ ਨਾਲ ਸਾਡੀ ਤਸੱਲੀ ਨਹੀਂ ਹੋਣੀ। (ਵਿਘਨ) ਸਾਡੀ ਮੰਗ ਹੈ ਕਿ ਜੁਡੀਸ਼ੀਅਲ ਇਨਕੁਆਇਰੀ ਹੈਡਿਡ ਬਾਈ ਏ ਹਾਈ ਕੋਰਟ ਜੱਜ ਤੋਂ ਹੋਣੀ ਚਾਹੀਦੀ ਹੈ। (ਵਿਘਨ) ਹਾਈ ਕੋਰਟ ਦੇ ਜੱਜ ਤੋਂ ਸਿਵਾਏ ਹੋਰ ਕੋਈ ਮਨਜ਼ੂਰ ਨਹੀਂ ਹੈ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਉਨ੍ਹਾਂ ਨੇ ਜੁਡੀਸ਼ੀਅਲ ਇਨਕੁਆਇਰੀ ਮੰਨ ਲਈ ਹੈ। (ਵਿਘਨ) (The hon. Chief Minister has agreed to get a judicial enquiry conducted.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : * * * * * *
ਹਾਈ ਕੋਰਟ ਦੇ ਜੱਜ ਤੋਂ ਇਨਕੁਆਇਰੀ ਕਰਾਉ। (ਵਿਘਨ)

ਸ੍ਰੀ ਸਪੀਕਰ : ਇਸ ਤਰ੍ਹਾਂ ਠੀਕ ਨਹੀਂ ਹੈ। (ਵਿਘਨ) ਇਹ ਗੱਲ ਚੰਗੀ ਨਹੀਂ ਲੱਗਦੀ। (ਵਿਘਨ) (This is not a good practice (*interruption.*) It does not look nice.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : * * * * (ਵਿਘਨ)

ਸ੍ਰੀ ਸਪੀਕਰ : * * * * * * *
ਇਹ ਗੱਲ ਚੰਗੀ ਨਹੀਂ ਹੈ। It should not form part of the proceedings. (* * * * This is not proper. It should not form part of the proceedings of the House.)

ਸਰਦਾਰ ਅਜਾਇਬ ਸਿੰਘ ਸੰਧੂ : ਇਨ੍ਹਾਂ ਕੋਲੋਂ ਕਿਸਾਨਾਂ ਦੇ ਹੱਕ ਲੈ ਕੇ ਰਹਾਂਗੇ। (ਵਿਘਨ) ਇਨ੍ਹਾਂ ਨੂੰ ਇਹ ਇਜਾਜ਼ਤ ਕਦੇ ਨਹੀਂ ਦੇਵਾਂਗੇ ਕਿ ਕਿਸਾਨਾਂ ਦੇ ਹੱਕ ਖੋਹ ਲਓ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਇਕ ਦਰੁਸਤ ਕਦਮ ਲਿਆ ਹੈ ...... (ਸ੍ਰੀ ਵਿਸ਼ਵਾ ਮਿਤਰ ਸੇਖੜੀ ਵੱਲੋਂ ਵਿਘਨ) ਚੀਫ਼ ਮਨਿਸਟਰ ਸਾਹਿਬ ਨੇ ਇਕ ਦਰੁਸਤ ਕਦਮ ਲਿਆ ਹੈ, ਇਹ ਦਰੁਸਤ ਕਦਮ ਸਹੀ ਮਾਅਨਿਆਂ ਵਿਚ ਦਰੁਸਤ ਕਦਮ ਅਤੇ ਵਿਦ ਗਰੇਸ ਹੋਵੇਗਾ ਕਿ ਜੇ ਚੀਫ਼ ਮਨਿਸਟਰ ਸਾਹਬ ਹਾਉਸ ਨੂੰ ਇਹ ਅਸ਼ੋਅਰ ਵੀ ਕਰਵਾ ਦੇਣ ਕਿ ਇਸ ਦੀ ਇਨਕੁਆਇਰੀ ਵਾਸਤੇ ਹਾਈ ਕੋਰਟ ਦਾ ਜੱਜ ਮੁਕੱਰਰ ਹੋਵੇਗਾ। (ਵਿਘਨ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਹਾਊਸ ਦੇ ਹਾਲਾਤ ਨੂੰ ਮੱਦੇ ਨਜ਼ਰ ਰਖਦੇ ਹੋਏ ਚੀਫ਼ ਮਨਿਸਟਰ ਸਾਹਿਬ ਨੇ ਜੁਡੀਸ਼ਲ ਇਨਕੁਆਇਰੀ ਦੀ ਰਿਕੁਐਸਟ ਨੂੰ ਜਾਂ ਡੀਮਾਂਡ ਨੂੰ ਪ੍ਰਵਾਨ ਕੀਤਾ ਹੈ। ਮੈਜਿਸਟੀਰੀਅਲ ਇਨਕੁਆਇਰੀ ਬੇਮਾਇਨੇ ਹੋਇਆ ਕਰਦੀ ਹੈ ਕਿਉਂਕਿ ਜਦੋਂ ਵੀ ਕੋਈ ਐਜੀਟੇਸ਼ਨ ਵਗੈਰਾ ਹੁੰਦੀ ਹੈ ਅਤੇ ਪੁਲਿਸ ਇੰਟਰਵੀਨ ਕਰਦੀ ਹੈ ਤਾਂ ਪੁਲਿਸ ਦੀ ਪਾਰਟੀ ਯੂਜ਼ੂਅਲੀ ਹੈਡਿਡ ਬਾਈ ਮੈਜਿਸਟਰੇਟ ਹੁੰਦੀ ਹੈ ਅਤੇ ਉਹ ਆਰਡਰ ਕਰਦਾ ਹੈ ਕਿ ਫਾਇਰਿੰਗ ਕਰੋ ਜਾਂ ਟੀਅਰ ਗੈਸ ਛੱਡੋ ਜਾਂ ਕੀ ਕਰੋ। ਇਸ ਲਈ ਮੈਜਿਸਟੀਰੀਅਲ ਇਨਕੁਆਇਰੀ ਬੇਮਾਇਨੇ ਹੋਇਆ ਕਰਦੀ ਹੈ ਪਰ ਸਟੇਟ ਵਿਚ ਜੁਡੀਸ਼ਰੀ ਜਿਹੜੀ ਹੈ ਉਹ ਸੈਪੇਰੇਟ ਹੈ ਅਤੇ ਜੁਡੀਸ਼ੀਰੀ ਇਨਡੀਪੈਂਡੈਂਟ ਹੁੰਦੀ ਹੈ। Judicial Magistrate is not guided by the Punjab Government. He is not controlled by the Punjab Government. He is as independent as a Judge of the High Court.

ਇਨ੍ਹਾਂ ਹਾਲਾਤ ਨੂੰ ਮੱਦੇ ਨਜ਼ਰ ਰੱਖਦੇ ਹੋਏ ਜਦੋਂ ਕਿ ਜੁਡੀਸ਼ਰੀ ਇੰਡੀਪੈਂਡੈਂਟ ਹੈ ਕਿਸੇ ਜੁਡੀਸ਼ਲ ਮੈਜਿਸਟਰੇਟ ਤੋਂ ਇਹ ਵਿਚਾਰ ਕਰਨਾ ਕਿ ਉਹ ਗਿਆਨੀ ਜੀ ਦੇ ਕਹਿਣ ਤੇ ਜਾਂ ਗਿਆਨੀ ਜੀ ਦੇ ਕਿਸੇ ਅਫ਼ਸਰ ਦੇ ਕਹਿਣ ਤੇ ਕਰੇਗਾ ਤਾਂ ਇਹ ਮੁਨਾਸਿਬ ਨਹੀਂ। ਉਸ ਨੇ ਵੀ ਉਸੇ ਤਰ੍ਹਾਂ ਕਰਨਾ ਹੈ ਜਿਸ ਤਰ੍ਹਾਂ ਕਿ ਹਾਈ ਕੋਰਟ ਦੇ ਜੱਜ ਨੇ ਕਰਨਾ ਹੈ। ਬਾਈ ਦੀ ਬੀਟਿੰਗ ਆਫ਼ ਡਰੱਮਜ਼ ਉਸ ਨੇ ਕਹਿਣਾ ਹੈ ਕਿ ਕਿਸੇ ਕੋਲ ਕੋਈ ਸ਼ਹਾਦਤ ਹੈ ਤਾਂ ਉਹ ਪੇਸ਼ ਕਰੇ। ਇਸ ਲਈ ਮੇਰੀ ਬੇਨਤੀ ਹੈ ਕਿ ਜੋ ਗਿਆਨੀ ਜੀ ਨੇ ਜੁਡੀਸ਼ੀਅਲ ਇਨਕੁਆਇਰੀ ਵਾਸਤੇ ਕਿਹਾ ਹੈ ਉਸ ਤੇ ਸਾਨੂੰ ਸਾਰਿਆਂ ਨੂੰ ਰਜ਼ਾਮੰਦ ਹੋਣਾ ਚਾਹੀਦਾ ਹੈ ਅਤੇ ਹਾਊਸ ਦੀ ਕਾਰਵਾਈ ਚਲਣ ਦੇਣੀ ਚਾਹੀਦੀ ਹੈ।

*Expunged as ordered by the Chair

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਰਡਰ, ਸਰ। (ਵਿਘਨ) ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਨੇ ਜੋ ਜੁਡੀਸ਼ਲ ਇਨਕੁਆਇਰੀ ਮੰਨ ਲਈ ਹੈ, ਇਹ ਸ਼ਲਾਘਾ ਯੋਗ ਗਲ ਹੈ। ਜੇ ਇਨ੍ਹਾਂ ਨੇ ਨੇਕ ਨੀਅਤੀ ਨਾਲ ਇਨਕੁਆਇਰੀ ਕਰਾਉਣੀ ਹੈ ਤਾਂ ਇਸ ਗੱਲ ਤੇ ਇਨ੍ਹਾਂ ਨੂੰ ਕੀ ਇਤਰਾਜ਼ ਹੋ ਸਕਦਾ ਹੈ ਜੇ ਇਸ ਦੀ ਇਨਕੁਆਇਰੀ ਵਾਸਤੇ ਕੋਈ ਹਾਈ ਕੋਰਟ ਦਾ ਜੱਜ ਹੋਵੇ।

ਸ੍ਰੀ ਸਪੀਕਰ : ਜੁਡੀਸ਼ਅਰੀ ਤਾਂ ਹੈ ਹੀ ਅਲੱਗ। (ਵਿਘਨ) (Judiciary is separate.) (*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ : ਹਾਈ ਕੋਰਟ ਦਾ ਜੱਜ ਮੁਕੱਰਰ ਕਰਨ ਵਿਚ ਇਨ੍ਹਾਂ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਜੁਡੀਸ਼ਅਲ ਇਨਕੁਆਇਰੀ ਵਾਸਤੇ ਤਾਂ ਇਹ ਮੰਨ ਗਏ ਹਨ ਪਰ ਜੇ ਇਹ ਗੱਲ ਮੰਨ ਲੈਣ ਤਾਂ ਬੜੀ ਸ਼ਲਾਘਾ ਯੋਗ ਗੱਲ ਹੋਵੇਗੀ। (ਵਿਘਨ) ਹਾਈ ਕੋਰਟ ਦਾ ਜੱਜ ਮੁਕੱਰਰ ਕਰਨਾ ਚਾਹੀਦਾ ਹੈ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਦੇ ਸੈਂਟੀਮੈਂਟਸ ਦੀ ਕਦਰ ਕਰਦਿਆਂ ਚੀਫ਼ ਮਨਿਸਟਰ ਸਾਹਿਬ ਨੇ ਜੁਡੀਸ਼ਲ ਇਨਕੁਆਇਰੀ ਲਈ ਬੜੀ ਫਰਾਖ਼ ਦਿਲੀ ਨਾਲ ਮੰਨ ਲਿਆ ਹੈ ਅਤੇ ਸਾਨੂੰ ਇਸ ਗੱਲ ਦੀ ਸ਼ਲਾਘਾ ਕਰਨੀ ਚਾਹੀਦੀ ਹੈ। (ਵਿਘਨ)। (**ਇਕ ਆਵਾਜ਼** : ਹਾਈ ਕੋਰਟ ਦੇ ਜੱਜ ਤੋਂ ਇਨਕੁਆਇਰੀ ਕਰਵਾ ਲਓ) ਸਪੀਕਰ ਸਾਹਿਬ, ਜੋ ਗਰੇਸ ਪੰਜਾਬ ਦੇ ਚੀਫ਼ ਮਨਿਸਟਰ ਸਾਹਿਬ ਨੇ ਇਸ ਗੱਲ ਦੇ ਉਤੇ ਦਿਖਾਈ ਹੈ ਇਹ ਬੜੀ ਸ਼ਲਾਘਾ ਯੋਗ ਹੈ ਕਿ ਉਨ੍ਹਾਂ ਨੇ ਜੋ ਇਨਸੀਡੈਂਟ ਹੋਇਆ ਹੈ ਉਸ ਦੇ ਲਈ ਝਟ ਜੁਡੀਸ਼ਲ ਇਨਕੁਆਇਰੀ ਮੰਨ ਲਈ ਹੈ। ਕੁਝ ਸਾਥੀ ਤਾਂ ਐਵੇਂ ਰੌਲਾ ਹੀ ਪਾਉਣਾ ਚਾਹੁੰਦੇ ਹਨ ਅਤੇ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਦੇ ਹਮਦਰਦ ਸ਼ੋ ਕਰਨਾ ਚਾਹੁੰਦੇ ਹਨ। ਜਿਸ ਸਪੀਡ ਨਾਲ, ਜਿਸ ਗਰੇਸ ਨਾਲ ਚੀਫ਼ ਮਨਿਸਟਰ ਸਾਹਿਬ ਨੇ ਇਸ ਗੱਲ ਨੂੰ ਮੰਨਿਆ ਹੈ ਇਹ ਗੱਲ ਜ਼ਾਹਰ ਕਰਦੀ ਹੈ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਇਹ ਚੀਫ਼ ਮਨਿਸਟਰ ਸਾਹਿਬ ਅਤੇ ਉਨ੍ਹਾਂ ਦੀ ਸਰਕਾਰ ਹੱਲ ਕਰਨਾ ਚਾਹੁੰਦੀ ਹੈ ਅਤੇ ਜੇ ਕਿਧਰੇ ਕੋਈ ਗਲਤ ਗੱਲ ਹੋ ਜਾਵੇ ਤਾਂ ਉਥੇ ਜੇ ਜੁਡੀਸ਼ਲ ਇਨਕੁਆਇਰੀ ਦੀ ਲੋੜ ਪਵੇ ਤਾਂ ਇਹ ਕਰਵਾਉਣ ਵਿਚ ਕੋਈ ਦੇਰ ਨਹੀਂ ਕਰਨਾ ਚਾਹੁੰਦੀ। ਮੈਂ ਸਮਝਦਾ ਹਾਂ ਕਿ ਇਸ ਗੱਲ ਦੀ ਧਮਕੀ ਅਪੋਜ਼ੀਸ਼ਨ ਵੱਲੋਂ ਦੇਣਾ, ਕਿ ਜੇ ਸਾਡੀ ਹਰ ਗਲ ਨਾ ਮੰਨੀ ਗਈ ਤਾਂ ਅਸੀਂ ਹਾਊਸ ਨਹੀਂ ਚਲਣ ਦਿਆਂਗੇ, ਠੀਕ ਨਹੀਂ। ਅਸੀਂ ਵੀ ਇਥੇ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਹਾਂ ਅਤੇ ਅਸੀਂ ਵੀ ਵੋਟਾਂ ਲੈ ਕੇ ਆਏ ਹਾਂ। ਇਸ ਲਈ ਸਾਨੂੰ ਹਰ ਗੱਲ ਦੇ ਮੈਰਿਟ ਡੀਮੈਰਿਟ ਸੋਚਣੇ ਚਾਹੀਦੇ ਹਨ। ਜੁਡੀਸ਼ਰੀ ਜਿਸ ਦੇ ਵਿਚ ਕਿ ਸਾਨੂੰ ਸਾਰਿਆਂ ਨੂੰ ਕਾਨਫੀਡੈਂਸ ਹੈ ਉਸ ਦੇ ਵਰਕ ਨੂੰ ਇਸ ਤਰ੍ਹਾਂ ਕਨਡੈਮ ਕਰਨਾ ਠੀਕ ਗੱਲ ਨਹੀਂ। (ਵਿਘਨ) ਕਿਸੇ ਇਨਡਿਵੀਜੂਅਲ ਦਾ ਇਸ ਵਿਚ ਕੋਈ ਸਵਾਲ ਨਹੀਂ। ਚੀਫ਼ ਮਨਿਸਟਰ ਸਾਹਿਬ ਨੇ ਜੋ ਗਰੇਸ ਨਾਲ ਜੁਡੀਸ਼ਲ ਇਨਕੁਆਇਰੀ ਮੰਨ ਲਈ ਹੈ ਮੈਂ ਸਮਝਦਾ ਹਾਂ ਕਿ ਇਹ ਸ਼ਲਾਘਾ ਯੋਗ ਕਦਮ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ।

ਸਰਦਾਰ ਅਜਾਇਬ ਸਿੰਘ ਸੰਧੂ : * * * * * * (ਵਿਘਨ

ਸ੍ਰੀ ਸਪੀਕਰ : ਇਹ ਚੰਗਾ ਪੁਆਇੰਟ ਆਫ ਆਰਡਰ ਹੈ ਤੁਹਾਡਾ। (ਵਿਘਨ) (Is it a point of order ?) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : * * * * *

---

*Expunged as ordered by the Chair.

Mr. Speaker : Please resume your seat. This is no point of order.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਕ ਕਮਪ੍ਰੋਮਾਈਜ਼ ਪ੍ਰੋਪੋਜ਼ਲ ਦਿੰਦਾ ਹਾਂ ਕਿ ਜਿਹੜਾ ਵੀ ਜੱਜ ਇਸ ਦੀ ਇਨਕੁਆਇਰੀ ਵਾਸਤੇ ਮੁਕੱਰਰ ਕਰਨਾ ਹੈ ਉਹ ਰੀਅਲ ਇਨਡੀਪੈਂਡੈਂਟ ਹੋਵੇ ਅਤੇ ਉਹ ਅਪੋਜ਼ੀਸ਼ਨ ਦੀ ਕਨਸਲਟੇਸ਼ਨ ਨਾਲ ਇਹ ਕਰੇ .... (ਵਿਘਨ)

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਮੈਂ ਬੜਾ ਹੈਰਾਨ ਹਾਂ ਕਿ ਜਦੋਂ ਚੀਫ਼ ਮਨਿਸਟਰ ਸਾਹਿਬ ਨੇ ਹਾਊਸ ਦੀ ਸੈਂਸ ਦੇਖ ਲਈ, ਇਨ੍ਹਾਂ ਨੇ ਵੀ ਜ਼ੋਰ ਲਾ ਲਿਆ ਅਤੇ ਸਾਡੀ ਪਾਰਟੀ ਨੇ ਵੀ ਰਿਕੁਐਸਟ ਕੀਤੀ ਤਾਂ ਚੀਫ਼ ਮਨਿਸਟਰ ਸਾਹਿਬ ਨੇ ਜੁਡੀਸ਼ਲ ਇਨਕੁਆਇਰੀ ਵਾਸਤੇ ਮੰਨ ਲਿਆ ਹੈ ਤਾਂ ਸਰਦਾਰ ਅਜਾਇਬ ਸਿੰਘ ਸੰਧੂ ਘੜੀ ਮੁੜੀ ਪੁਆਇੰਟ ਆਫ ਆਰਡਰ, ਪੁਆਇੰਟ ਆਫ ਆਰਡਰ ਕਰੀ ਜਾਂਦੇ ਹਨ। ਮੈਂ ਤਾਂ ਕਹਿੰਦਾ ਹਾਂ ਕਿ ਇਹ ਵੀ ਬੜੀ ਜ਼ਿਆਦਤੀ ਕੀਤੀ ਹੈ ਕਿ ਜਿਹੜੀ ਜੁਡੀਸ਼ਲ ਇਨਕੁਆਇਰੀ ਇਨ੍ਹਾਂ ਨੇ ਮੰਨ ਲਈ ਹੈ । (ਵਿਘਨ) (ਹਾਸਾ) (ਡਾਕਟਰ ਅਮੀਰ ਸਿੰਘ ਕਲਕੱਟ ਜੀ ਵੱਲੋਂ ਵਿਘਨ)

ਮਾਲ ਅਤੇ ਚੋਣ ਮੰਤਰੀ : (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਬੜੀ ਹੈਰਾਨਗੀ ਹੋਈ ਜਦੋਂ ਸੰਧੂ ਸਾਹਿਬ ਅਤੇ ਡਾਂਗ ਸਾਹਿਬ ਵਲੋਂ ਇਹ ਕਿਹਾ ਗਿਆ ਕਿ ਸਾਡੀ ਕਨਸਲਟੇਸ਼ਨ ਨਾਲ ਜੁਡੀਸ਼ਲ ਇਨਕੁਆਇਰੀ ਕੀਤੀ ਜਾਵੇ ...... (ਵਿਘਨ)

Sardar Ajaib Singh Sandhu : Sir, I want a judicial enquiry headed by a High Court Judge. (*Interruption and Noise*) ਝੋਲੀ ਚੁਕਣੀ ਹੈ ਤਾਂ ਬਾਹਰ ਜਾ ਕੇ ਚੁਕੋ। (ਵਿਘਨ)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜੁਡੀਸ਼ਲ ਇਨਕੁਆਇਰੀ ਜਿਹੜੀ ਹੈ ਉਹ ਜਿਹੜਾ ਵੀ ਕਰੇ ਉਹ ਹਾਈ ਕੋਰਟ ਤੋਂ ਅਥਾਰਟੀ ਲੈ ਕੇ ਕਰਦਾ ਹੈ, ਉਹ ਚੀਫ਼ ਜਸਟਿਸ ਸਾਹਿਬ ਦੀ ਮਨਜ਼ੂਰੀ ਲੈ ਕੇ ਕਰਦਾ ਹੈ । ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਜੁਡੀਸ਼ਲ ਇਨਕੁਆਇਰੀ ਦੀ ਮੰਗ ਕਰਦੇ ਹਨ ਪਰ ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਜੁਡੀਸ਼ਲ ਇਨਕੁਆਇਰੀ ਹੁੰਦੀ ਕੀ ਹੈ ? (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਾਨੂੰ ਸਭ ਪਤਾ ਹੈ। ਤੁਹਾਡੇ ਨਾਲੋਂ ਜ਼ਿਆਦਾ ਅਸੀਂ ਰੂਲਜ਼ ਜਾਣਦੇ ਹਾਂ। ਅਸੀਂ ਹਾਈ ਕੋਰਟ ਦੇ ਜੱਜ ਤੋਂ ਘੱਟ ਨਹੀਂ ਮੰਨਾਂਗੇ। (ਵਿਘਨ) (ਸ਼ੋਰ)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸੰਧੂ ਸਾਹਿਬ ਹੋਣਾ ਦੀ ਸਰਕਾਰ ਸੀ ਤਾਂ ਉਸ ਵੇਲੇ ਫੀਰੋਜ਼ਪੁਰ ਵਿਚ ਗੋਲੀ ਚਲੀ ਅਤੇ ਪੰਜ ਕੈਦੀਆਂ ਨੂੰ ਮਾਰ ਦਿਤਾ। ਇਸ ਹਾਊਸ ਵਿਚ, ਡਾਂਗ ਸਾਹਿਬ ਜ਼ਰਾ ਧਿਆਨ ਦੇਣਾ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਾਂਗ ਸਾਹਿਬ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ, ਅਪੋਜ਼ੀਸ਼ਨ ਸਾਰੀ ਵੱਲੋਂ, ਡਾਂਗ ਸਾਹਿਬ ਵਲੋਂ ਅਤੇ ਹੋਰ ਬਹੁਤ ਸਾਰੇ ਮੈਂਬਰ ਸਾਹਿਬਾਨ ਵੱਲੋਂ ਜਦੋਂ ਇਹ ਮੰਗ ਕੀਤੀ ਗਈ ਕਿ ਇਸ ਗਲ ਦੀ ਜੁਡੀਸ਼ਲ ਇਨਕੁਆਇਰੀ ਕਰਵਾਈ ਜਾਵੇ ਤਾਂ ਇਹ ਨਹੀਂ ਮੰਨੇ...... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਇਸ ਇਨਸੀਡੈਂਟ ਦੀ ਗੱਲ ਕਰੋ। ਮੈਂ ਤਾਂ ਉਸ ਵੇਲੇ ਮੈਂਬਰ ਵੀ ਨਹੀਂ ਸੀ। (ਵਿਘਨ)

Mr. Speaker : Please resume your seat. ਇਹ ਆਦਤ ਤਾਂ ਅੱਛੀ ਨਹੀਂ। (ਵਿਘਨ) Please resume your seat. It is not a good habit) (*Interruption*)

ਮਾਲ ਅਤੇ ਚੋਣ ਮੰਤਰੀ : ਇਨ੍ਹਾਂ ਨੇ ਐਗਜ਼ੈਕਟਿਵ ਅਫਸਰ ਤੋਂ ਇਨਕੁਆਇਰੀ ਕਰਵਾਈ। ਜਦੋਂ ਇਨ੍ਹਾਂ ਨੂੰ ਇਹ ਕਿਹਾ ਗਿਆ ਕਿ ਉਸ ਦੀ ਰਿਪੋਰਟ ਹੀ ਹਾਊਸ ਦੀ ਟੇਬਲ ਤੇ ਰਖ ਦਿਉ ਤਾਂ ਇਹ ਉਹ ਰਿਪੋਰਟ ਵੀ ਹਾਊਸ ਵਿਚ ਰਖਣ ਵਾਸਤੇ ਨਹੀਂ ਸੀ ਮੰਨੇ । ਉਸ ਸਮੇਂ ਦੀ ਸਰਕਾਰ ਨੇ ਇਸ ਹਾਊਸ ਨੂੰ ਪੁੱਛਿਆ ਤਕ ਨਹੀਂ ਸੀ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਨ੍ਹਾਂ ਦੀ ਉਸ ਸਰਕਾਰ ਨੇ ਹਾਊਸ ਦੇ ਕਹਿਣ ਤੇ ਕੋਈ ਜੁਡੀਸ਼ੀਅਲ ਆਦਮੀ ਇਨਕੁਆਇਰੀ ਲਈ ਨਹੀਂ ਬਿਠਾਇਆ ਸੀ। ਉਸ ਸਰਕਾਰ ਨੇ ਨਾ ਹਾਊਸ ਨੂੰ ਪੁੱਛਿਆ ਨਾ ਆਪਣੇ ਮੈਂਬਰਾਂ ਨੂੰ ਹੀ ਪੁੱਛਿਆ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਸਰਦਾਰ ਉਮਰਾਓ ਸਿੰਘ ਨਾਲ ਬਿਲਕੁਲ ਸਹਿਮਤ ਹਾਂ ਫਿਰੋਜ਼ਪੁਰ ਜੇਲ੍ਹ ਵਿਚ ਜਿਹੜਾ ਸਾਕਾ ਹੋਇਆ ਸੀ। ਉਥੇ ਕੈਦੀਆਂ ਨੂੰ ਜੇਲ੍ਹ ਵਿਚ ਬੰਦ ਕਰਕੇ ਉਨ੍ਹਾਂ ਤੇ ਗੋਲੀ ਚਲਾ ਕੇ ਉਨ੍ਹਾਂ ਨੂੰ ਭੁੰਨ ਦਿੱਤਾ ਗਿਆ ਸੀ। ਸਾਡੀ ਕੋਸ਼ਿਸ਼ ਦੇ ਬਾਵਜੂਦ ਵੀ ਸਰਕਾਰ ਨੇ ਕੋਈ ਜੁਡੀਸ਼ਲ ਇਨਕੁਆਇਰੀ ਨਹੀਂ ਸੀ ਕਰਵਾਈ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਦੁਖ ਹੈ ਕਿ ਗੋਲੀ ਚਲਵਾਉਣ ਵਾਲੇ ਸਜਣ ਨੂੰ ਇਨ੍ਹਾਂ ਨੇ ਮਨਿਸਟਰ ਬਣਾ ਦਿਤਾ ਹੈ।

ਸ੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਇਸ ਮਾਮਲੇ ਨੂੰ ਕਲੋਜ਼ ਕਰ ਦਿੱਤਾ ਜਾਏ। (Now I would request the hon. Members to close this chapter.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਉਸ ਦਾ ਫੈਸਲਾ ਕੀ ਕੀਤਾ? ਤੁਸੀਂ ਵੀ ਸਰਕਾਰ ਨਾਲ ਮਿਲ ਗਏ। (ਵਿਘਨ)

ਸ੍ਰੀ ਸਪੀਕਰ : ਮੈਂ ਤੁਹਾਡੇ ਨਾਲ ਸਰਕਾਰ ਕੋਲ ਜੁਡੀਸ਼ਲ ਇਨਕੁਆਇਰੀ ਦੀ ਮੰਗ ਕੀਤੀ ਹੈ ਅਤੇ ਗੌਰਮਿੰਟ ਨੇ ਗਲ ਮੰਨ ਲਈ। (ਵਿਘਨ) (I joined you in requesting the Government for holding a judicial enquiry and the Government has agreed to it) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਕੀ ਹੋਰ ਬੰਦੇ ਮਰਾਉਣੇ ਹਨ ? (ਵਿਘਨ)

ਸ੍ਰੀ ਸਪੀਕਰ : ਸੰਧੂ ਸਾਹਿਬ, ਤੁਸੀਂ ਹੁਣ ਤਸ਼ਰੀਫ ਰਖੋ। ਇਨਕੁਆਇਰੀ ਹੋਵੇਗੀ। (ਵਿਘਨ) (Sandhu Sahib, please resume your seat. Enquiry will be held) (*Interruption.*)

ਸਰਦਾਰ ਅਜਾਇਬ ਸਿੰਘ ਸੰਧੂ : * * * * * *

ਸ੍ਰੀ ਸਪੀਕਰ : ਜੋ ਕੁਝ ਸੰਧੂ ਸਾਹਿਬ ਚੇਅਰ ਦੀ ਆਗਿਆ ਤੋਂ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। ਕਾਲ ਅਟੈਨਸ਼ਨ ਨੋਟਿਸ ਨੰ: 60। (Whatever Sandhu Sahib is saying without the permission of the Chair, should not be recorded. Call Attention Notice No. 60)

CALL ATTENTION NOTICES UNDER RULE 66

(Serial No. 60)

Comrade Raj Kumar : I beg to draw the attention of the Government towards a matter of urgent public importance, namely, that the Punjab

*Not recorded as ordered by the Chair.

[Comrade Raj Kumar]

State Electricity Board has issued termination notices to its as many as 10,000 work-charged employees as a measure of victimization for participation in the strike on 9th January, 1974. Also the Board has refused to implement the decision/recommendations of the Electricity Wage Guidelines Committee set up by the Government.

These two decisions of the Board have led to serious discontentment amongst the Board employees and their unions have threatened direct action.

In view of the obvious and urgent importance of the matter Government may please be asked to make a statement in the House.

Mr. Speaker : Admitted. The Minister concerned may please make a statement.

(ਕ੍ਰਮ ਨੰ: 65)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਸਰਕਾਰ ਦੇ, ਰੋਪੜ ਲਾਗੇ ਕੁਰਾਲੀ-ਰੋਪੜ ਸੜਕ ਅਤੇ ਨਹਿਰ ਸਰਹਿੰਦ ਦੇ ਦਰਮਿਆਨ ਪਿੰਡ ਕੋਟਲਾ ਸੁਖਰਾਮ ਤੋਂ ਪਿੰਡ ਪਪਰਾਲੇ ਦੇ ਹੀਰਾ ਕੋਲਡ ਸਟੋਰ ਤਕ ਦੇ ਇਲਾਕੇ ਨੂੰ ਐਕਵਾਇਰ ਕਰਕੇ ਸਨਅਤੀ ਅਸਟੇਟ ਬਣਾਉਣ ਦੇ ਫੈਸਲੇ ਨਾਲ ਪਿੰਡ ਸੁਖਰਾਮ ਪੁਰ, ਕੋਟਲਾ ਅਤੇ ਪਪਰਾਲਾ ਦੇ ਛੋਟੇ ਛੋਟੇ ਕਿਸਾਨਾਂ ਵਿਚ ਸਖਤ ਬੇਚੈਨੀ ਫੈਲੀ ਹੋਈ ਹੈ। ਇਨ੍ਹਾਂ ਕਿਸਾਨਾਂ ਪਾਸ ਥੋੜ੍ਹੀਆਂ ਥੋੜ੍ਹੀਆਂ ਜ਼ਮੀਨਾਂ ਹਨ ਅਤੇ ਇਨ੍ਹਾਂ ਦੀ ਬਹੁਤ ਸਾਰੀ ਜ਼ਮੀਨ ਪਹਿਲਾਂ ਹੀ (1) ਨਹਿਰ ਸਰਹਿੰਦ (2) ਅਨਾਜ ਮੰਡੀ (3) ਭਾਖੜਾ ਨਹਿਰ (4) ਰੇਲਵੇ ਲਾਈਨ (5) ਬਿਜਲੀ ਘਰ (6) ਰੋਪੜ-ਕੁਰਾਲੀ ਸੜਕ (7) ਪੁਲਿਸ ਲਾਈਨ ਲਈ ਐਕਵਾਇਰ ਹੋ ਚੁੱਕੀ ਹੈ। ਇਨ੍ਹਾਂ ਕਿਸਾਨਾਂ ਦੇ ਨਾਲ ਕੀਤੇ ਜਾ ਰਹੇ ਇਸ ਧੱਕੇ ਅਤੇ ਇਸ ਸਬੰਧੀ ਇਨ੍ਹਾਂ ਵਿਚ ਫੈਲੀ ਬੇਚੈਨੀ ਨੂੰ ਮੁੱਖ ਰਖਦਿਆਂ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ। ਇਹ ਇਸ ਲਈ ਵੀ ਜ਼ਰੂਰੀ ਹੈ ਕਿ ਇਨ੍ਹਾਂ ਕਿਸਾਨਾਂ ਦੇ ਡੈਪੂਟੇਸ਼ਨ ਹਰ ਪੱਧਰ ਉਤੇ ਸਬੰਧਤ ਅਫਸਰਾਂ ਨੂੰ ਮਿਲ ਚੁੱਕੇ ਹਨ ਪਰੰਤੂ ਇਨ੍ਹਾਂ ਨੂੰ ਤਸਲੀਬਖਸ਼ ਜਵਾਬ ਨਹੀਂ ਦਿਤਾ ਗਿਆ।

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ। ਸਬੰਧਤ ਮਨਿਸਟਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement).

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਨੰ: 66 ਮੇਰੀ ਸੀ।

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰ: 66 ਤੁਹਾਡੀ ਨਹੀਂ ਸੀ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਬਾਰੇ ਮੇਰੇ ਚੈਂਬਰ ਵਿਚ ਆ ਜਾਣਾ; ਉਸ ਦੇ ਲਈ ਸੋਚ ਲਵਾਂਗੇ। (Call Attention Notice No. 66 is not in your name. You may please see me in my Chamber and we will look up the matter.)

(Serial No. 67)

Comrade Raj Kumar : I beg to draw the attention of the Government towards a matter of urgent public importance, namely, agonising situation prevailing among cultivators of sugarcane in Batala Sugar Mill area due to failure of Sugar Mill Management to lift bonded quantity of sugar-cane over 25 lac quintals of sugarcane is still standing in fields which the manage-

ment is not lifting. Cane has already started drying resulting in huge loss to farmers.

There is acute resentment among cane-growers of large parts of Gurdaspur District over the lifting system followed by management.

In view of the obvious importance of the matter, the Government may please be asked to make a statement in the House.

Mr. Speaker : Admitted. The Minister concerned may please make a statement.

(Serial No. 106)

Acharya Prithvi Singh Azad : I beg to draw the attention of the Government towards a matter of urgent public importance, namely, since the introduction of Delhi Pattern for the administration and sanctioning grant-in-aid to the privately-managed schools the number of students in the classes has increased and in some cases there are 100 or more students in the classes and especially in primary classes but the number of masters and teachers in the schools is the same as it was on the day when this number of staff members was freezed at the time of introducing the formula for sanctioning grant-in-aid to the privately-managed schools. This has created great hardships for the management and it is felt that the Punjab Government do not want to help the privately-managed schools and this has created resentment in the public as well as in the teachers employed in such schools. The Government may please make a statement on the floor of the House in this connection.

Mr. Speaker : Admitted. The Minister concerned may please make a statement.

(ਕ੍ਰਮ ਨੰ: 107)

ਮਾਸਟਰ ਚੰਦ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਜ਼ਿਲ੍ਹਾ ਜਲੰਧਰ ਦੇ ਕੁਝ ਫਰੀਡਮ ਫਾਈਟਰਾਂ ਦੀਆਂ, ਸਰਕਾਰ ਵਲੋਂ ਮਨਜ਼ੂਰ ਕੀਤੀਆਂ ਪੈਨਸ਼ਨਾਂ ਜਲੰਧਰ ਸ਼ਹਿਰ ਦਾ ਖਜ਼ਾਨਾ ਅਫਸਰ ਕਾਫ਼ੀ ਚਿਰ ਤੋਂ ਨਹੀਂ ਦੇ ਰਿਹਾ ਸਗੋਂ ਅਜੇ ਵੀ ਨਹੀਂ ਦੇ ਰਿਹਾ। ਜਿਸ ਕਰਕੇ ਇਨ੍ਹਾਂ ਆਜ਼ਾਦੀ ਦੇ ਘੁਲਾਟੀਆਂ ਦਾ ਮਹਿੰਗਾਈ ਦੇ ਸਮੇਂ ਵਿਚ ਗੁਜ਼ਾਰਾ ਕਰਨਾ ਔਖਾ ਹੋ ਰਿਹਾ ਹੈ। ਉਨ੍ਹਾਂ ਫਰੀਡਮ ਫਾਈਟਰਾਂ ਵਿਚ ਬਹੁਤ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਇਹ ਬਹੁਤ ਅਹਿਮ ਮਸਲਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਬੰਧਤ ਖ਼ਜ਼ਾਨਾ ਅਫਸਰ ਤੇ ਤੁਰੰਤ ਐਕਸ਼ਨ ਲਵੇ ਅਤੇ ਫਰੀਡਮ ਫਾਈਟਰਾਂ ਨੂੰ ਪੈਨਸ਼ਨ ਦੀ ਤੁਰੰਤ ਅਦਾਇਗੀ ਕਰਾਵੇ ਤਾਂ ਕਿ ਉਨ੍ਹਾਂ ਆਜ਼ਾਦੀ ਦੇ ਘੁਲਾਟੀਆਂ ਵਿਚ ਫੈਲੀ ਹੋਈ ਬੇਚੈਨੀ ਖ਼ਤਮ ਹੋ ਸਕੇ।

Mr. Speaker : Admitted. The Minister concerned may please make a statement.

POINTS REGARDING STRIKE BY GOVERNMENT EMPLOYEES

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਸ੍ਰੀ ਰਣਬੀਰ ਸਿੰਘ ਢਿਲੋਂ, ਜਿਹੜੇ ਪੰਜਾਬ ਸਰਕਾਰ ਦੇ ਸਾਰੇ ਮੁਲਾਜ਼ਮਾਂ ਦੇ ਪਾਪੂਲਰ ਅਤੇ ਬੀਲਵਡ

[ਕਾਮਰੇਡ ਸੱਤ ਪਾਲ ਡਾਂਗ]

ਲੀਡਰ ਹਨ ਉਹ ਦੋਸਤ ਇਨਡੈਫੀਨੇਟ ਸਟਰਾਈਕ ਤੇ ਹਨ। ਮੈਂ ਕਲ੍ਹ ਉਥੇ ਉਸ ਕੋਲ ਗਿਆ ਸੀ ਅਤੇ ਮੈਂ ਉਨ੍ਹਾਂ ਨੂੰ ਮਿਲਿਆ। ਉਨ੍ਹਾਂ ਦੀ ਹਾਲਤ ਬਹੁਤ ਖ਼ਰਾਬ ਹੋ ਗਈ ਹੈ। ਸਾਰੇ ਪੰਜਾਬ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਮੁਲਾਜ਼ਮ ਉਥੇ ਡਿਮਾਨਸਟਰੇਸ਼ਨਜ਼ ਕਰ ਰਹੇ ਹਨ। ਉਨ੍ਹਾਂ ਨੇ ਇਕ ਵਾਜਬ ਮੰਗ ਕੀਤੀ ਔਰ ਉਨ੍ਹਾਂ ਨੇ ਇਕ ਦਿਨ ਦੀ ਹੜਤਾਲ ਕੀਤੀ ਅਤੇ ਉਨ੍ਹਾਂ ਦੀ ਉਸ ਦਿਨ ਦੀ ਤਨਖ਼ਾਹ ਕਟ ਲਈ ਗਈ। ਸਰਕਾਰ ਨੇ ਇਕ ਅੱਨਪ੍ਰੀਸੀਡੈਂਟਿਡ ਕੰਮ ਕੀਤਾ ਹੈ ਕਿ ਪੰਜਾਬ ਸਿਵਲ ਸਰਵਿਸ ਰੂਲਜ਼ ਨੂੰ ਅਮੈਂਡ ਕਰ ਕੇ ਇਹ ਕਰ ਦਿੱਤਾ ਕਿ ਅਗਰ ਗੌਰਮਿੰਟ ਚਾਹੇ ਤਾਂ ਇਕ ਦਿਨ ਵਾਸਤੇ ਮੁਲਾਜ਼ਮ ਦੀ ਭਾਵੇਂ ਉਸ ਦੀ 20 ਸਾਲ ਦੀ ਸਰਵਿਸ ਹੋਵੇ ਉਸ ਵਿਚ ਬਰੇਕ ਲਿਆ ਕੇ ਉਸ ਦੀ ਸਰਵਿਸ ਖ਼ਤਮ ਕਰ ਸਕਦੀ ਹੈ। ਇਸ ਤੋਂ ਵੱਧ ਐਂਟੀ-ਐਮਪਲਾਈ ਨੀਤੀ ਸਰਕਾਰ ਦੀ ਹੋ ਨਹੀਂ ਸਕਦੀ। ਡੀ.ਏ. ਦਾ ਪੋਰਸ਼ਨ ਗੌਰਮਿੰਟ ਨੇ ਕਟਿਆ ਹੋਇਆ ਹੈ ਉਸ ਨੂੰ ਉਹ ਬਹਾਲ ਕਰਾਉਣਾ ਚਾਹੁੰਦੇ ਹਨ। ਮੈਂ ਕਹਿੰਦਾ ਹਾਂ ਕਿ ਅਗਰ ਸ੍ਰੀ ਰਣਬੀਰ ਸਿੰਘ ਢਿਲੋਂ ਨੂੰ ਕੁਝ ਹੋ ਗਿਆ ਤਾਂ ਸਾਰੇ ਪੰਜਾਬ ਵਿਚ ਤੂਫ਼ਾਨ ਉਠ ਸਕਦਾ ਹੈ। ਚੀਫ਼ ਮਨਿਸਟਰ ਸਾਹਿਬ ਇਥੇ ਹਾਊਸ ਵਿਚ ਬੈਠੇ ਹਨ ਉਹ ਬਿਆਨ ਦੇਣ ਕਿ ਕੀ ਉਨ੍ਹਾਂ ਦੀ ਜਾਇਜ਼ ਮੰਗ ਮੰਨਣਗੇ ਜਾਂ ਨਹੀਂ। ਜੇਕਰ ਪੰਜਾਬ ਨੂੰ ਕਿਸੇ ਹੋਰ ਪਾਸੇ ਲਿਜਾਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੀ ਮਰਜ਼ੀ (ਵਿਘਨ)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਨੰ: 113 ਮੇਰੀ ਹੈ . . . .

(ਇਸ ਵਕਤ ਕਮਿਊਨਿਸਟ ਪਾਰਟੀ ਦੇ ਕੁਝ ਐਮ. ਐਲ. ਏ. ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ ਅਤੇ ਉਧਰੋਂ ਸ੍ਰੀ ਗੁਰਦਿਆਲ ਸੈਣੀ ਵੀ ਬੋਲ ਰਹੇ ਸਨ। ਹਾਊਸ ਵਿਚ ਕਾਫ਼ੀ ਸ਼ੋਰ ਸੀ।)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਇਹ ਮੁਲਾਜ਼ਮਾਂ ਦਾ ਬੜਾ ਭਾਰੀ ਮਸਲਾ ਹੈ ਹਾਊਸ ਵਿਚ ਚੀਫ ਮਨਿਸਟਰ ਸਾਹਿਬ ਬੈਠੇ ਹਨ ਉਨ੍ਹਾਂ ਤੋਂ ਜਵਾਬ ਦਿਵਾਓ। (ਵਿਘਨ)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਇਹ ਇਕੱਲੇ ਮੁਲਾਜ਼ਮਾਂ ਦੇ ਠੇਕੇਦਾਰ ਨਹੀਂ। ਮੈਂ ਇਸ ਬਾਰੇ ਕਾਲ ਅਟੈਨਸ਼ਨ ਮੋਸ਼ਨ ਦਿਤੀ ਹੈ, ਇਹ ਗਲ ਤਕ ਨਹੀਂ ਕਰਨ ਦਿੰਦੇ (ਵਿਘਨ)।

ਸ੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਇਸ਼ ਬਾਰੇ ਕਾਲ ਅਟੈਨਸ਼ਨ ਮੋਸ਼ਨ ਆਈ ਹੋਈ ਹੈ ਉਹ ਐਡਮਿਟ ਕਰ ਲਵਾਂਗੇ ਅਤੇ ਸਰਕਾਰ ਉਸ ਦਾ ਜਵਾਬ ਦੇ ਦੇਵੇਗੀ। (ਵਿਘਨ)

(I would bring it to the notice of the hon. Members that a Call Attention Notice has been received in this respect. That will be admitted and the Government will make a statement.) (*Interruption*).

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰਬਰ 113 ਸੀ। ਇਹ ਤੁਸੀਂ ਐਡਮਿਟ ਨਹੀਂ ਕੀਤੀ। (ਸ਼ੋਰ)

(ਇਸ ਸਮੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਵੀ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਸ਼ੋਰ ਇਤਨਾ ਸੀ ਕਿ ਕੁਝ ਸੁਣਾਈ ਨਹੀਂ ਸੀ ਦਿੰਦਾ)।

ਸ੍ਰੀ ਹੰਸ ਰਾਜ ਸ਼ਰਮਾ ਨੇ ਦਸੰਬਰ ਵਿਚ ਜਲੰਧਰ ਵਿਚ ਆ ਕੇ ਕਿਹਾ ਸੀ ਕਿ ਸਰਕਾਰ ਨੇ ਸਾਢੇ ਚਾਰ ਲੱਖ ਰੁਪਿਆ ਰੱਖਿਆ ਹੈ (ਸ਼ੋਰ)। ਸਪੀਕਰ ਸਾਹਿਬ ਅਸੀਂ ਵੀ ਇੰਪਲਾਈਜ਼ ਦੇ ਭਲੇ ਦੀ ਗੱਲ ਕਰ ਰਹੇ ਹਾਂ। ਸਾਨੂੰ ਵੀ ਇਨ੍ਹਾਂ ਵਾਂਗ ਸ਼ੋਰ ਪਾਉਣਾ ਆਉਂਦਾ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ ਅਸੀਂ ਪੰਜਾਬ ਦੇ ਪੰਜ ਲੱਖ ਇੰਪਲਾਈਜ਼ ਬਾਰੇ ਗੱਲ ਕਰਨੀ ਹੈ।

ਸ਼੍ਰੀ ਸਪੀਕਰ : ਜੋਸ਼ ਸਾਹਿਬ, ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਕਲ੍ਹ ਐਡਮਿਟ ਕਰ ਲਵਾਂਗੇ ਅਤੇ ਸਰਕਾਰ ਨੂੰ ਕਹਾਂਗੇ ਕਿ ਬਿਆਨ ਦੇਵੇ। (Josh Sahib, your Call Attention Motion will be admitted for tomorrow and the Government will be asked to make a statement.)

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ ਮੇਰੀ ਕਾਲ ਅਟੈਨਸ਼ਨ ਮੋਸ਼ਨ ਵੀ ਐਡਮਿਟ ਕਰ ਲਉ।

ਸ਼੍ਰੀ ਸਪੀਕਰ : ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਵੀ ਐਡਮਿਟ ਕਰ ਲਵਾਂਗੇ। ਵਿਧਾਨ ਸਭਾ ਦੇ ਦਫਤਰ ਨੇ ਇਸ ਨੂੰ ਰੀਡਰਾਫਟ ਕਰਨ ਲਈ ਕਿਹਾ ਹੈ। ਤੁਸੀਂ ਰੈਫਰ ਬੈਕ ਕਰ ਦੇਣਾ। (Your Call Attention Motion will also be admitted. The Vidhan Sabha Secretariat has sent it to you for redrafting. You may refer it back.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਬੰਦਾ ਭੁੱਖਾ ਅੱਜ ਹੈ, ਰੋਟੀ ਤੁਸੀਂ ਕਲ੍ਹ ਦਿਓਗੇ। ਰਣਬੀਰ ਢਿਲੋਂ ਨੂੰ ਫੜ ਕੇ ਜੇਲ੍ਹ ਵਿਚ ਸੁੱਟ ਦਿੱਤਾ ਹੈ। ਉਹ ਇਹ ਮੰਗ ਕਰਦਾ ਹੈ ਕਿ ਇੰਪਲਾਈਜ਼ ਦੀਆਂ ਮੰਗਾਂ ਨੂੰ ਮੰਨਿਆ ਜਾਵੇ। ਤੁਸੀਂ ਗੌਰਮਿੰਟ ਨੂੰ ਕਹੋ ਕਿ ਅੱਜ ਹੀ ਜਵਾਬ ਦੇਵੇ।

ਸ਼੍ਰੀ ਸਪੀਕਰ : ਸਰਕਾਰ ਤਾਂ ਇੰਪਲਾਈਜ਼ ਦੀ ਗੱਲ ਬਾਰ ਬਾਰ ਮੰਨ ਰਹੀ ਹੈ। (Government is accepting the demands of the employees time and again.)

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ, ਜੇ ਮੈਂ ਸਪਲੀਮੈਂਟਰੀ ਕਰਦਾ ਹਾਂ ਤਾਂ ਤੁਸੀਂ ਜਵਾਬ ਨਹੀਂ ਲੈਣ ਦਿੰਦੇ। ਜੇ ਹਰੀਜਨਾਂ ਦੇ ਮਸਲੇ ਬਾਰੇ, ਗਰੀਬਾਂ ਬਾਰੇ ਗਲ ਕਰਦਾ ਹਾਂ ਤਾਂ ਤੁਸੀਂ ਨਹੀਂ ਕਰਨ ਦਿੰਦੇ (ਆਪੋਜ਼ੀਸ਼ਨ ਬੈਂਚਾਂ ਵਲੋਂ ਤਾੜੀਆਂ) (ਸ਼ੋਰ) ਜਲੰਧਰ ਵਿਚ ਇੱਕ ਹਰੀਜਨ ਨੂੰ ਕੋਠਾ ਪਾੜ ਕੇ ਮਾਰ ਕੇ ਸੁੱਟ ਗਏ ਹਨ। ਦੋਵਾਂ ਭਰਾਵਾਂ ਦੇ ਮਗਰ ਉਹ ਫਿਰਦੇ ਹਨ। (ਸ਼ੋਰ) ਮਹੀਨਾ ਹੋ ਗਿਆ ਹੈ ਪਰਚਾ ਰਜਿਸਟਰ ਨਹੀਂ ਹੋਇਆ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਸੰਧੂ ਸ਼ਾਹਿਬ ਵੀ ਬੋਲੇ ਹਨ ਅਤੇ ਡਾਂਗ ਸਾਹਿਬ ਵੀ ਬੋਲੇ ਹਨ। ਜਿਥੋਂ ਤਕ ਮੁਲਾਜ਼ਮਾਂ ....

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਤੁਹਾਡੇ ਵਾਂਗ ਰੰਗ ਨਹੀਂ ਬਦਲਦੇ।

ਸ਼੍ਰੀ ਸਪੀਕਰ : ਸੰਧੂ ਸਾਹਿਬ, ਤੁਸੀਂ ਬੈਠੇ ਹੋਏ ਵੀ ਬੋਲਦੇ ਰਹਿੰਦੇ ਹੋ, ਇਹ ਚੰਗੀ ਗਲ ਨਹੀਂ ਹੈ। (Sandhu Sahib, you go on speaking while seated. This is not a good habit.)

ਸਰਦਾਰ ਉਮਰਾਓ ਸਿੰਘ (ਮਾਲ ਮੰਤਰੀ) ਸਪੀਕਰ ਸਾਹਿਬ, ਜਦੋਂ ਵੀ ਮਿਸਟਰ ਸੰਧੂ ਬੋਲਦੇ ਹਨ, ਸਾਡੇ ਸਾਥੀ ਉਨ੍ਹਾਂ ਨੂੰ ਚੁਪ ਕਰਕੇ ਸੁਣਦੇ ਹਨ। ਅਸੀਂ ਇਨ੍ਹਾਂ ਦਾ ਇਸ ਗੱਲ ਕਰਕੇ ਵੀ ਮਾਣ ਕਰਦੇ ਹਾਂ ਕਿਉਂਕਿ ਉਹ ਆਪੋਜ਼ੀਸ਼ਨ ਦੇ ਡਿਪਟੀ ਲੀਡਰ ਹਨ। ਜਿਸ ਤਰ੍ਹਾਂ ਦੇ ਇਹ ਲਾਇਕ ਹਨ ਜੇ ਇਸੇ ਤਰ੍ਹਾਂ ਹੀ ਅਸੀਂ ਇਨ੍ਹਾਂ ਦਾ ਮਾਣ ਕਰਨਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਜੋ ਮਰਜੀ ਬੋਲ ਲਿਆ ਕਰਨ।

ਸ਼੍ਰੀ ਸਪੀਕਰ: ਆਨਰੇਬਲ ਮੈਂਬਰਜ਼ ਦੀ ਪਰਫਾਰਮੈਂਸ ਸਾਰੇ ਪੰਜਾਬ ਵਿਚ ਜਾਂਦੀ ਹੈ । ਜੇ ਤੁਸੀਂ ਹਾਊਸ ਦਾ ਡੈਕੋਰਮ ਠੀਕ ਰਖੋ ਤਾਂ ਇਸ ਦਾ ਸਾਰੇ ਪੰਜਾਬ ਤੇ ਚੰਗਾ ਅਸਰ ਪਏਗਾ । (The performance of the hon Members in the House is open to public. If the decorum and dignity of the House is maintained, it will create a good impression in the minds of people of Punjab)

ਸ਼੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਮੈਂ ਵੀ ਮੁਲਾਜ਼ਮਾਂ ਦੀ ਗਲ ਕਰਨੀ ਹੈ। ਮੈਨੂੰ ਹੈਰਾਨੀ ਹੈ ਕਿ ਸੰਧੂ ਸਾਹਿਬ ਇੰਪਲਾਈਜ਼ ਦੀਆਂ ਗੱਲਾਂ ਕਰਦੇ ਹਨ। ਇਹ ਆਪਣੇ ਪਿਛਲੇ ਇਤਿਹਾਸ ਭੁੱਲ ਗਏ ਹਨ। ਸਪੀਕਰ ਸਾਹਿਬ, ਜਿਥੋਂ ਤਕ ਮੁਲਾਜ਼ਮਾਂ ਦੀਆਂ ਮੰਗਾਂ ਦਾ ਤੁਅੱਲਕ ਹੈ, ਪੰਜਾਬ ਸਰਕਾਰ ਨੇ ਪਿਛਲੇ ਦੋ ਸਾਲਾਂ ਵਿਚ ਜੋ ਇਨ੍ਹਾਂ ਦੀਆਂ ਮੰਗਾਂ ਸਨ ਉਨ੍ਹਾਂ ਤੇ ਬੜੀ ਹਮਦਰਦੀ ਨਾਲ ਗੌਰ ਕੀਤਾ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਹੁਣ ਫਿਰ ਦਰਖਾਸਤ ਕਰਨਾ ਚਾਹੁੰਦਾ ਹਾਂ ਕਿ ਜਿਵੇਂ ਪਿਛਲੇ ਦੋ ਸਾਲਾਂ ਵਿਚ ਇਨ੍ਹਾਂ ਨੇ ਇੰਪਲਾਈਜ਼ ਦੀਆਂ ਮੰਗਾਂ ਦੇ ਹਮਦਰਦੀ ਨਾਲ ਵਿਚਾਰ ਕੀਤਾ ਹੈ ਅਤੇ ਮੰਨੀਆਂ ਵੀ ਹਨ, ਹੁਣ ਵੀ ਕਿਸੇ ਪ੍ਰੈਸਟਿਜ ਦੇ ਪੁਆਇੰਟ ਤੇ ਨਾ ਅੜਨ। 21, 22 ਫਰਵਰੀ ਦੀ ਹੜਤਾਲ ਮੁਲਾਜ਼ਮਾਂ ਨੇ ਨਹੀਂ ਕੀਤੀ। ਰਣਬੀਰ ਢਿਲੋਂ ਨੇ ਅੱਜ ਭੁੱਖ ਹੜਤਾਲ ਕੀਤੀ ਹੋਈ ਹੈ ਉਸ ਨੂੰ ਅਰੈਸਟ ਕੀਤਾ ਹੋਇਆ ਹੈ ਅਤੇ ਉਹ ਹਸਪਤਾਲ ਵਿਚ ਪਿਆ ਹੈ। ਮੈਂ ਮੁੱਖ ਮੰਤਰੀ ਸਾਹਿਬ ਅਤੇ ਖਜ਼ਾਨਾ ਮੰਤਰੀ ਸਾਹਿਬ ਨੂੰ ਇਹ ਦਰਖਾਸਤ ਕਰਾਂਗਾ ਕਿ ਕੋਈ ਇਹੋ ਜਿਹਾ ਰਸਤਾ ਲੱਭਣ ਤਾਂ ਕਿ ਮੁਲਾਜ਼ਮਾਂ ਦੀਆਂ ਜਿਹੜੀਆਂ ਮੰਗਾਂ ਹਨ ਉਨ੍ਹਾਂ ਨੂੰ ਵੀ ਸਰਕਾਰ ਪੂਰਾ ਕਰੇ ਅਤੇ ਅਸੀਂ ਸਾਰੇ ਮੈਂਬਰ ਵੀ ਰਣਬੀਰ ਢਿਲੋਂ ਨੂੰ ਆਪਣੀ ਭੁੱਖ ਹੜਤਾਲ ਛੱਡਣ ਵਾਸਤੇ ਯਤਨ ਕਰੀਏ।

WALK OUT

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਅਸੀਂ ਸਰਕਾਰ ਦੀ ਮੁਲਾਜ਼ਮਾਂ ਵਿਰੋਧੀ ਨੀਤੀ ਦੇ ਵਿਰੋਧ ਵਿਚ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਕਮਿਊਨਿਸਟ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਵਾਕ ਆਊਟ ਕਰ ਗਏ)

STATEMENTS LAID ON THE TABLE IN REPLY TO CALL ATTENTION NOTICES

Chief Parliamentary Secretary (Sardar Gurcharan Singh Nihal Singh wala) Sir, I beg to lay replies to Call Attention Notices Nos. 29, 35, 37, 41 and 79 on the Table of the House.

(Serial No. 29)

Acharya Prithvi Singh Azad : To draw the attention of the Government towards a matter of urgent public importance, namely, the apathy created by the Punjab School Education Board,—*vide* its circular No. 36-SEB-Pb-AP-73/665, dated 28th March, 1973, wherein a new scheme of studies for the Matriculation examination has been formulated. The Sanskrit has been denied its rightful place in the 9th class as one of the subjects of study. This has directly affected the study of Sanskrit in the schools on one hand and on the other the students who studied Sanskrit in their Middle standard. The provision of choice in the 10th class to take up one of the elective subjects after leaving one of the two compulsory subjects of 9th class is very impracticable for obvious reasons. The new scheme will, therefore, diminish the number of students taking up Sanskrit at College level and University level. This is a very serious matter and the Government is requested to make a statement in this behalf.

Shri Gurmail Singh (Education Minister) : It is correct that the New Scheme of studies, as approved by Government, was circulated by the Punjab School Education Board,—*vide* their letter No. 36-SEB-PB-AP-73-665, dated 28th March, 1973. According to the old scheme, there were six subjects for the 9th class, which included one optional subject such as Sanskrit, Agriculture, Drawing, Urdu, Music and Physiology and Hygiene, etc. With the introduction of new scheme of studies, there is an increase of one subject for the 9th class, i. e. instead of 6, 7 subjects are to be taught and all these subjects are compulsory subjects. Addition of another subject as optional subject for the 9th class students would be a very heavy burden which could not possibly be borne by the students.

The option of an elective subject was, therefore, deferred to the 10th class where a student can take only one at the 12 optional subjects which include Sanskrit. The optional subject has to be taken up by dropping one of the two Social studies and Science. This choice of dropping one subject could not be carried back to the 9th class as the basic study of these two subjects Social Studies and Science is far more important for the modern requirements of an enlightened citizen. Thus there is no question of denying its rightful place to Sanskrit or giving it any discriminatory treatment. There is no likelihood that the number of students taking Sanskrit will decrease according to the New Scheme. Actually this matter was fully thrashed out by the Board and it was unanimously opined by academecians that the postponement of the elective subject to the 10th class would not decrease the number of students taking this subject or hinder its study in any way.

[ਇਹ ਠੀਕ ਹੈ ਕਿ ਪੜ੍ਹਾਈ ਦੀ ਨਵੀਂ ਯੋਜਨਾ ਜਿਸ ਤਰ੍ਹਾਂ ਕਿ ਸਰਕਾਰ ਨੇ ਪ੍ਰਵਾਨ ਕੀਤੀ ਸੀ ਬੋਰਡ ਨੇ ਆਪਣੇ ਪੱਤਰ ਨੰ. 36-ਐਸ.ਈ.ਬੀ.ਪੀ.ਬੀ-ਏ.ਪੀ.-73/665, ਮਿਤੀ 28 ਮਾਰਚ, 1973, ਨਾਲ ਗਸ਼ਤੀ ਕੀਤੀ। ਪੁਰਾਣੀ ਸਕੀਮ ਅਨੁਸਾਰ 9ਵੀਂ ਜਮਾਤ ਵਿਚ ਕੇਵਲ ਛੇ ਵਿਸ਼ੇ ਹੁੰਦੇ ਸਨ ਜਿਨ੍ਹਾਂ ਵਿਚ ਇਕ ਅਖਿਤਿਆਰੀ ਵਿਸ਼ਾ ਜਿਵੇਂ ਸੰਸਕ੍ਰਿਤ, ਖੇਤੀਬਾੜੀ, ਡਰਾਇੰਗ, ਉਰਦੂ, ਸੰਗੀਤ, ਫਿਜ਼ੋਲੋਜੀ ਤੇ ਹਾਈਜੀਅਨ ਸ਼ਾਮਲ ਸੀ। ਇਸ ਤਰ੍ਹਾਂ ਪੜ੍ਹਾਈ ਦੀ ਨਵੀਂ ਸਕੀਮ ਅਨੁਸਾਰ ਨੌਵੀਂ ਵਿਚ ਇਕ ਵਿਸ਼ੇ ਦਾ ਵਾਧਾ ਹੋਇਆ ਹੈ ਅਰਥਾਤ ਛੇ ਦੀ ਥਾਂ ਸੱਤ ਵਿਸ਼ੇ ਪੜ੍ਹਾਏ ਜਾਣੇ ਹਨ ਅਤੇ ਇਹ ਸਾਰੇ ਵਿਸ਼ੇ ਲਾਜ਼ਮੀ ਹਨ। ਨੌਵੀਂ ਦੇ ਵਿਦਿਆਰਥੀਆਂ ਤੇ ਇਕ ਹੋਰ ਅਖਤਿਆਰੀ ਵਿਸ਼ਾ ਸ਼ਾਮਲ ਕਰਨ ਨਾਲ ਭਾਰੀ ਬੋਝ ਹੋਵੇਗਾ ਜਿਹੜਾ ਕਿ ਵਿਦਿਆਰਥੀਆਂ ਲਈ ਚੁੱਕਣਾ ਸੰਭਵ ਨਹੀਂ ਹੋਵੇਗਾ।

ਇਸ ਕਾਰਣ ਅਖਤਿਆਰੀ ਵਿਸ਼ੇ ਦੀ ਚੋਣ ਦਸਵੀਂ ਜਮਾਤ ਤੀਕ ਪਿਛੇ ਪਾ ਦਿਤੀ ਗਈ ਜਿਥੇ ਕਿ ਵਿਦਿਆਰਥੀ 12 ਚੋਣਵੇਂ ਵਿਸ਼ਿਆਂ ਵਿਚੋਂ ਜਿਨ੍ਹਾਂ ਵਿਚ ਸੰਸਕ੍ਰਿਤ ਵੀ ਸ਼ਾਮਲ ਹੈ, ਇਕ ਲੈ ਸਕਦਾ ਹੈ। ਅਖਤਿਆਰੀ ਵਿਸ਼ਾ ਦੋ ਵਿਸ਼ਿਆਂ, ਸਮਾਜਿਕ ਅਧਿਐਨ ਅਤੇ ਸਾਇੰਸ ਵਿਚੋਂ ਇਕ ਨੂੰ ਛੱਡ ਕੇ ਲੈਣਾ ਹੈ। ਇਕ ਵਿਸ਼ੇ ਨੂੰ ਛੱਡਣ ਦੀ ਇਹ ਚੋਣ ਪਿਛੇ ਨੌਵੀਂ ਤੀਕ ਨਹੀਂ ਲਿਜਾਈ ਜਾ ਸਕਦੀ ਸੀ ਕਿਉਂਕਿ ਇਨ੍ਹਾਂ ਦੋਨਾਂ ਵਿਸ਼ਿਆਂ, ਸਮਾਜਿਕ ਅਧਿਐਨ ਅਤੇ ਸਾਇੰਸ ਦੀ ਪੜ੍ਹਾਈ ਇਕ ਰੌਸ਼ਨ ਦਿਮਾਗ ਨਾਗਰਿਕ ਦੀਆਂ ਨਵੀਆਂ ਲੋੜਾਂ ਲਈ ਬਹੁਤ ਜ਼ਰੂਰੀ ਹੈ। ਇਸ ਕਰਕੇ ਸੰਸਕ੍ਰਿਤ ਨੂੰ ਉਸ ਦੀ ਯੋਗ ਥਾਂ ਨਾ ਦੇਣ ਜਾਂ ਇਸ ਨਾਲ ਵਿਤਕਰੇ ਦਾ ਵਿਚਾਰ ਕਰਨ ਦਾ ਸਵਾਲ ਹੀ ਨਹੀਂ ਉਠਦਾ। ਐਸੀ ਕੋਈ ਸੰਭਾਵਨਾ ਨਹੀਂ ਕਿ ਨਵੀਂ ਸਕੀਮ ਅਨੁਸਾਰ ਸੰਸਕ੍ਰਿਤ ਪੜ੍ਹਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟ ਜਾਵੇਗੀ। ਅਸਲ ਵਿਚ ਇਹ ਮੁਆਮਲਾ

[Education Minister]
ਬੋਰਡ ਨੇ ਚੰਗੀ ਤਰ੍ਹਾਂ ਘੋਖਿਆ ਸੀ ਅਤੇ ਵਿਦਵਾਨਾਂ ਦੀ ਸਰਬਸੰਮਤੀ ਸੀ ਕਿ ਚੋਣਵੇਂ ਵਿਸ਼ੇ ਨੂੰ ਦਸਵੀਂ ਸ਼੍ਰੇਣੀ ਤੱਕ ਪਿਛੇ ਪਾ ਦੇਣ ਨਾਲ ਇਸ ਵਿਸ਼ੇ ਨੂੰ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨਹੀਂ ਘਟੇਗੀ ਅਤੇ ਨਾ ਹੀ ਇਸ ਦੀ ਪੜ੍ਹਾਈ ਵਿਚ ਕੋਈ ਰੁਕਾਵਟ ਆਵੇਗੀ।]

(ਕ੍ਰਮ ਨੰ: 35)

ਸਰਦਾਰ ਰਣਧੀਰ ਸਿੰਘ ਚੀਮਾ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਮੋਰਿੰਡਾ ਤੋਂ ਸਰਹੰਦ ਰੂਟ ਤੇ ਜੋ ਅੰਬਾਲਾ ਬੱਸ ਸਿੰਡੀਕੇਟ, ਫਤਿਹਗੜ੍ਹ ਬੱਸ ਸਰਵਿਸ ਅਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਚਲਦੀਆਂ ਸਨ ਸ਼ਨਿਚਰਵਾਰ, 16 ਫਰਵਰੀ, 1974 ਤੋਂ ਚਲਣੀਆਂ ਬੰਦ ਹੋ ਗਈਆਂ ਹਨ। ਜਿਸ ਕਾਰਨ ਇਲਾਕੇ ਦੇ ਲੋਕਾਂ ਨੂੰ ਸਰਹੰਦ ਤੋਂ ਮੋਰਿੰਡ ਆਉਣ ਵਿਚ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਆਵਾਜਾਈ ਦਾ ਹੋਰ ਕੋਈ ਸਾਧਨ ਨਹੀਂ ਹੈ। ਇਸ ਕਾਰਨ ਇਲਾਕੇ ਦੇ ਲੋਕਾਂ ਵਿਚ ਬੜੀ ਬੇਚੈਨੀ ਪਾਈ ਜਾਂਦੀ ਹੈ। ਸਰਕਾਰ ਨੇ ਬੱਸਾਂ ਮੁੜ ਚਾਲੂ ਕਰਨ ਲਈ ਕੀ ਕਾਰਵਾਈ ਕੀਤੀ ਹੈ ਇਸ ਬਾਰੇ ਸਦਨ ਵਿਚ ਬਿਆਨ ਦਿੱਤਾ ਜਾਵੇ।

ਸਰਦਾਰ ਦਿਲਬਾਗ ਸਿੰਘ ਡਾਲੇਕੇ (ਰਾਜ ਮੰਤਰੀ, ਟਰਾਂਸਪੋਰਟ ਸ਼ਹਿਰੀ ਅਤੇ ਹਵਾਬਾਜ਼ੀ) : ਮੋਰਿੰਡਾ ਤੋਂ ਬਡਾਲੀ ਦੇ ਆਸ ਪਾਸ ਤੋਂ ਵਿਦਿਆਰਥੀ ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ ਜਾਂਦੇ ਹਨ। ਮਾਤਾ ਗੁਜ਼ਰੀ ਕਾਲਜ ਮੋਰਿੰਡਾ-ਸਰਹੰਦ ਰੋਡ ਤੇ ਸਥਿਤ ਹੈ। 26 ਨਵੰਬਰ, 1973 ਤੋਂ ਮਗਰੋਂ ਇਸ ਰੂਟ ਦੀਆਂ ਬੱਸਾਂ ਵਿਚ ਸਫਰ ਕਰਨ ਵਾਲੇ ਵਿਦਿਆਰਥੀ ਜ਼ਬਰਦਸਤੀ ਬੱਸਾਂ ਵਿਚ ਚੜ੍ਹ ਕੇ ਬਿਨਾਂ ਟਿਕਟ ਤੋਂ ਸਫਰ ਕਰਨ ਦੀ ਕੋਸ਼ਿਸ਼ ਕਰਨ ਲੱਗੇ। ਇਹ ਵਿਦਿਆਰਥੀ ਪੰਜਾਬ ਰੋਡਵੇਜ਼ ਅਤੇ ਪਰਾਈਵੇਟ ਕੰਪਨੀਆਂ ਦੀਆਂ ਬੱਸਾਂ ਨੂੰ ਰੋਕਦੇ ਸਨ ਅਤੇ ਨਾ ਚੜ੍ਹਾਉਣ ਦੀ ਸੂਰਤ ਵਿਚ ਡਰਾਈਵਰ ਅਤੇ ਕੰਡਕਟਰ ਨੂੰ ਧਮਕੀ ਦਿੰਦੇ ਸਨ। ਇਕ ਦਿਨ 100 ਤੋਂ ਵੱਧ ਵਿਦਿਆਰਥੀਆਂ ਨੇ ਬੱਸ ਰੋਕ ਕੇ ਉਸ ਤੇ ਜ਼ਬਰਦਸਤੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਪਰ ਡਰਾਈਵਰ ਅਤੇ ਕੰਡਕਟਰ ਨੇ ਜਦ ਬੱਸ ਚਲਾਉਣ ਤੋਂ ਇਨਕਾਰ ਕੀਤਾ ਤਾਂ ਉਨ੍ਹਾਂ ਨੂੰ ਸ਼ਰੀਰਕ ਨੁਕਸਾਨ ਪਹੁੰਚਾਉਣ ਦੀ ਧਮਕੀ ਵੀ ਦਿਤੀ ਗਈ। ਇਸ ਤੋਂ ਬਿਨਾਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਇਕ ਇੰਸਪੈਕਟਰ ਨੂੰ ਵੀ ਵਿਦਿਆਰਥੀਆਂ ਨੇ ਕੁੱਟਿਆ। ਇਨ੍ਹਾਂ ਘਟਨਾਵਾਂ ਕਾਰਨ ਪੰਜਾਬ ਰੋਡਵੇਜ਼, ਪੀ. ਆਰ. ਟੀ.ਸੀ. ਅਤੇ ਪਰਾਈਵੇਟ ਕੰਪਨੀਆਂ ਨੂੰ ਆਪਣੀਆਂ ਬੱਸਾਂ ਮਜ਼ਬੂਰਨ ਤੌਰ ਤੇ ਬੰਦ ਕਰਨੀਆਂ ਪਈਆਂ।

ਇਹ ਮਾਮਲਾ ਜ਼ਿਲ੍ਹਾ ਪੁਲੀਸ ਅਤੇ ਡਿਪਟੀ ਕਮਿਸ਼ਨਰ ਦੇ ਵਿਚਾਰ-ਗੋਚਰ ਹੈ ਅਤੇ ਵਿਦਿਆਰ-ਥੀਆਂ ਵੱਲੋਂ ਕੀਤੀ ਗਈ ਗੈਰ-ਕਾਨੂੰਨੀ ਕਾਰਵਾਈ ਦੀ ਪੜਤਾਲ ਕੀਤੀ ਜਾ ਰਹੀ ਹੈ। ਇਸ ਮਾਮਲੇ ਵੱਲ ਖਾਸ ਧਿਆਨ ਦੇ ਕੇ ਛੇਤੀ ਨਜਿੱਠਣ ਦੇ ਯਤਨ ਕੀਤੇ ਜਾ ਰਹੇ ਹਨ।

———

(Serial No. 37)

1. **Comrade Raj Kumar,**
2. **Comrade Satya Pal Dang,**
3. **Comrade Darshan Singh Canadian,**
4. **Comrade Jangir Singh Joga**

: to draw the attention of the Government towards a matter of urgent public importance, namely, the acute discontentment among petty Karyana Merchants of the State against drawing of samples of articles and commodities which they do not produce but only sell as retailers. Producers and Manufacturers of articles particularly of eatables invariably do not issue warranty letters to retailers, because the existing law does not require them to compulsorily issue the same.

The retail Karyana Merchants are planning State wide action to express their unrest. In view of the obvious importance of the matter, the Government may please be asked to make a statement in the House.

Sardar Balbir Singh, (Minister of State for Health and Family Planning): Under section 7 of the Prevention of Food Adulteration Act, 1954, (Central Act No. 37 of 1954), sale, storage or distribution of any adulterated food article is prohibited. To combat the growing menace of adulteration, samples are seized from manufacturers, wholesale dealers, distributors, Karyana merchants and other vendors. Section 14 of the Act makes it obligatory for every manufacturer, distributor (including commission agent), or dealer of any article of food to furnish to the vendor in writing in the prescribed form a warranty about its nature and quality, and any contravention of this is punishable under section 16(1-C) *ibid* with imprisonment for a term which may extend to six months and with fine which shall not be less than five hundred rupees. Karyana merchants should, therefore, in their own interest get the warranty for the food articles purchased by them, because section 19(2) read with section 20-A *ibid* also afford protection to the Karyana merchants selling goods against warranty, as the Court has the power to implead the manufacturer, distributor or dealer during prosecution and to acquit the vendor.

Instructions have been issued to all Chief Medical Officers in the State to take prompt action on any complaint made to them to help initiate action under law and to investigate the complaint by checking of the relevant record in their capacity as Food Inspector about infringement of Section 14 on the part of any manufacturer, distributor or wholesale dealer in refusing to issue warranty. Some prosecutions have also been recently launched. The Karyana merchants should avail of the protection of warranty available to them under law, by insisting upon its issue. In view of the fact that adulteration is possible at any stage and spurious tins and cartons resembling original packages can be prepared, the demand of Karyana merchants for being granted a general exemption from samples being taken from them is not justified.

[ਪਰੀਵੈਨਸ਼ਨ ਆਫ਼ ਫੂਡ ਅਡੱਲਟਰੇਸ਼ਨ ਐਕਟ, 1954 (ਕੇਂਦਰੀ ਐਕਟ ਨੰ: 37 ਆਫ਼ 1954) ਦੀ ਧਾਰਾ 7 ਅਧੀਨ ਖਾਣ ਦੀਆਂ ਮਿਲਾਵਟੀ ਚੀਜ਼ਾਂ ਦੇ ਵੇਚਣ, ਰੱਖਣ ਅਤੇ ਵੰਡਣ ਦੀ ਮਨਾਹੀ ਹੈ । ਮਿਲਾਵਟ ਦੀ ਵੱਧ ਰਹੀ ਇੱਲਤ ਨੂੰ ਰੋਕਣ ਲਈ ਇਹਨਾਂ ਚੀਜ਼ਾਂ ਦੇ ਬਨਾਉਣ ਵਾਲੇ, ਥੋਕ ਵਪਾਰੀ, ਵੇਚਣ ਵਾਲੇ, ਕਰਿਆਨਾ ਵਪਾਰੀ ਅਤੇ ਪਰਚੂਨ ਵੇਚਣ ਵਾਲਿਆਂ ਕੋਲੋਂ ਸੈਂਪਲ ਪਕੜੇ ਜਾ ਰਹੇ ਹਨ। ਇਸ ਐਕਟ ਦੀ ਧਾਰਾ 14 ਅਧੀਨ ਇਹਨਾਂ ਚੀਜਾਂ ਦੇ ਬਨਾਉਣ ਵਾਲੇ ਅਤੇ ਵੰਡਣ ਵਾਲੇ (ਜਿਸ ਵਿੱਚ ਕਮਿਸ਼ਨ ਏਜੰਟ ਵੀ ਸ਼ਾਮਲ ਹਨ) ਅਤੇ ਵਪਾਰੀਆਂ ਦੀ ਇਹ ਜਿਮੇਵਾਰੀ ਹੋ ਜਾਂਦੀ ਹੈ ਕਿ ਉਹ ਵੇਚਣ ਵਾਲੇ ਨੂੰ ਲਿਖਤੀ ਰੂਪ ਵਿਚ ਉਸ ਚੀਜ਼ ਦੀ ਕਿਸਮ ਅਤੇ ਕੁਆਲਟੀ ਬਾਰੇ ਨਿਸਚਿਤ ਵਰੰਟੀ ਦੇਣ। ਇਸ ਦੀ ਉਲੰਘਣਾ ਕਰਨ ਵਾਲੇ ਨੂੰ ਉਪਰੋਕਤ ਐਕਟ ਦੀ ਧਾਰਾ 16 (1-ਸੀ) ਅਧੀਨ ਦੋਸ਼ੀ ਨੂੰ ਅਦਾਲਤ ਵਲੋਂ ਛੇ ਮਹੀਨੇ ਦੀ ਸਜ਼ਾ ਅਤੇ ਘੱਟ ਤੋਂ ਘੱਟ 500 ਰੁਪਏ ਜੁਰਮਾਨਾ ਹੋ ਸਕਦਾ ਹੈ। ਵਪਾਰੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਹਿੱਤ ਵਿੱਚ ਚੀਜ਼ਾਂ ਖਰੀਦਦੇ ਹੋਏ ਵਰੰਟੀ ਜ਼ਰੂਰ ਲੈਣ ਕਿਉਂਕਿ ਇਸ ਨਾਲ ਉਪ੍ਰੋਕਤ ਐਕਟ ਦੀ ਧਾਰਾ 19(2) ਅਤੇ ਧਾਰਾ 20 (ੲ) ਅਧੀਨ ਉਹਨਾਂ ਦਾ ਬਚਾਓ ਹੋ ਜਾਂਦਾ ਹੈ। ਇਸ ਬਾਰੇ ਅਦਾਲਤ ਅਜਿਹੀਆਂ ਚੀਜ਼ਾਂ ਬਨਾਉਣ ਵਾਲੇ, ਵੇਚਣ ਵਾਲੇ ਅਤੇ ਵਪਾਰੀਆਂ ਨੂੰ ਮੁਕੱਦਮੇ ਵਿੱਚ ਪਾਰਟੀ ਬਣਾ ਸਕਦੀ ਹੈ ਅਤੇ ਪਰਚੂਨ ਫਰੋਸ਼ ਨੂੰ ਬਰੀ ਕਰ ਸਕਦੀ ਹੈ।

ਪੰਜਾਬ ਦੇ ਸਾਰੇ ਮੁੱਖ ਮੈਡੀਕਲ ਅਫਸਰਾਂ ਨੂੰ ਹਦਾਇਤਾਂ ਜਾਰੀ ਕਰ ਦਿਤੀਆਂ ਗਈਆਂ ਹਨ ਕਿ ਉਹ ਇਸ ਬਾਰੇ ਕੋਈ ਸ਼ਿਕਾਇਤ ਆਉਣ ਉਤੇ ਤੁਰੰਤ ਐਕਸ਼ਨ ਲੈਂਦੇ ਹੋਏ ਉਸ ਸਬੰਧਤ ਵਪਾਰੀ ਦੇ ਰਿਕਾਰਡ

[ਰਾਜ ਮੰਤਰੀ ਸਿਹਤ ਅਤੇ ਸੰਤਾਨ ਸੰਜਮ]

ਦੀ ਜਾਂਚ ਬਤੌਰ ਫੂਡ ਇਨਸਪੈਕਟਰ ਕਰਨ ਅਤੇ ਉਸ ਸ਼ਕਾਇਤ ਕਰਨ ਵਾਲੇ ਦੀ ਐਕਟ ਦੀ ਧਾਰਾ 14 ਅਧੀਨ ਮੈਨੂਫੈਕਚਰਰਜ਼, ਡਿਸਟਰੀਬਿਊਟਰਜ਼ ਅਤੇ ਥੋਕ ਵਪਾਰੀ ਦੀ ਵਰੰਟੀ ਨਾ ਦੇਣ ਦੇ ਬਾਰੇ ਉਲੰਘਣਾ ਕਰਨ ਲਈ ਕਾਨੂੰਨ ਅਨੁਸਾਰ ਕੇਸ ਚਲਾਉਣ ਵਿਚ ਸਹਾਇਤਾ ਕਰਨ। ਹੁਣੇ ਜਿਹੇ ਹੀ ਕੁਝ ਇਸਤਗਾਸੇ ਦਾਇਰ ਭੀ ਕੀਤੇ ਗਏ ਹਨ। ਪਰਚੂਨ ਕਰਿਆਨਾ ਵਪਾਰੀਆਂ ਨੂੰ ਕਾਨੂੰਨ ਅਧੀਨ ਵਾਰੰਟੀ ਲੈ ਕੇ ਆਪਣਾ ਬਚਾਓ ਕਰਨਾ ਚਾਹੀਦਾ ਹੈ। ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਕਿ ਚੀਜ਼ਾਂ ਵਿਚ ਮਿਲਾਵਟ ਕਿਸੇ ਵੀ ਸਟੇਜ ਤੇ ਹੋ ਸਕਦੀ ਹੈ ਅਤੇ ਜਾਹਲੀ ਟੀਨ ਅਤੇ ਡੱਬੇ, ਜਿਸ ਵਿਚ ਚੀਜ਼ਾਂ ਭਰੀਆਂ ਹੋਈਆਂ ਹੁੰਦੀਆਂ ਹਨ, ਅਸਲ ਨਾਲ ਮਿਲਦੇ ਜੁਲਦੇ ਬਣਾਏ ਜਾ ਸਕਦੇ ਹਨ, ਪਰਚੂਨ ਵਪਾਰੀਆਂ ਦੀ ਮੰਗ ਕਿ ਉਹਨਾਂ ਕੋਲੋਂ ਸੈਂਪਲ ਨਾ ਫੜੇ ਜਾਣ ਉਚਿਤ ਨਹੀਂ।]

(Serial No. 41)

1. **Comrade Satya Pal Dang**
2. **Comrade Darshan Singh Canadian**
3. **Comrade Shamsher Singh Josh**
4. **Comrade Achhra Singh**
5. **Comrade Jangir Singh Joga**
6. **Comrade Arjan Singh, Mastana**

} to draw the attention of the Government towards

a matter of urgent public importance, namely, the refusal of the Government to accept the just demands of the junior doctors has forced them to go on strike. This has paralysed the working of the two major hospitals attached to the Patiala and Amritsar Colleges. Public is much inconvenienced. In view of the urgent public importance of the matter, the Government may please be asked to make a statement in the House.

Shri Gurmail Singh (Education Minister) : The problem of the demands of Junior Doctors is now on All India issue and the Junior Doctors of this State have gone on strike in response to the call given by All India Junior Doctors Federation. The Junior Doctors of this State are on strike since 15th February, 1974. The work at both the hospitals, i. e. Patiala and Amritsar attached to Medical Colleges, is being carried on by Senior Doctors, from Registrar upwards, alongwith the help from the PCMS Medical Officers who are on General Duty at both these hospitals. The attendance in the out patients department of both the hospitals is satisfactory and due attention is being paid to indoor patients and to attending the emergencies.

ਜੂਨੀਅਰ ਡਾਕਟਰਾਂ ਦੀਆਂ ਮੰਗਾਂ ਦਾ ਮਾਮਲਾ ਹੁਣ ਸਰਵ-ਭਾਰਤੀ ਮਸਲਾ ਹੈ ਅਤੇ ਪੰਜਾਬ ਦੇ ਜੂਨੀਅਰ ਡਾਕਟਰਾਂ ਨੇ ਸਰਵ-ਭਾਰਤੀ ਜੂਨੀਅਰ ਡਾਕਟਰਜ਼ ਫੈਡਰੇਸ਼ਨ ਦੇ ਕਹਿਣ ਤੇ ਹੜਤਾਲ ਕੀਤੀ ਹੈ। ਰਾਜ ਵਿਚ ਜੂਨੀਅਰ ਡਾਕਟਰ 15 ਫਰਵਰੀ, 1974 ਤੋਂ ਹੜਤਾਲ ਤੇ ਹਨ। ਦੋਹਾਂ ਹਸਪਤਾਲਾਂ, ਭਾਵ ਪਟਿਆਲਾ ਅਤੇ ਅੰਮ੍ਰਿਤਸਰ ਜੋ ਮੈਡੀਕਲ ਕਾਲਜਾਂ ਨਾਲ ਸਬੰਧਤ ਹਨ, ਦਾ ਕੰਮ ਰਜਿਸਟਰਾਰਾਂ ਤੇ ਉਨ੍ਹਾਂ ਤੋਂ ਉਚੇਰੇ ਸੀਨੀਅਰ ਡਾਕਟਰਾਂ ਵਲੋਂ ਪੀ. ਸੀ. ਐਮ. ਐਸ. ਮੈਡੀਕਲ ਅਫਸਰਾਂ, ਜੋ ਇਨ੍ਹਾਂ ਹਸਪਤਾਲਾਂ ਵਿਚ ਜਨਰਲ ਡਿਊਟੀ ਤੇ ਹਨ, ਦੀ ਸਹਾਇਤਾ ਨਾਲ ਚਲਾਇਆ ਜਾ ਰਿਹਾ ਹੈ। ਇਨ੍ਹਾਂ ਦੋਨ੍ਹਾਂ ਹਸਪਤਾਲਾਂ ਦੇ ਆਊਟ ਡੋਰ ਮਰੀਜ਼ ਵਿਭਾਗ ਵਿਚ ਹਾਜ਼ਰੀ ਤਸੱਲੀ-ਬਖਸ਼ ਹੈ, ਹਸਪਤਾਲਾਂ ਵਿਚ ਦਾਖਲ ਮਰੀਜ਼ਾਂ ਅਤੇ ਐਮਰਜੈਂਸੀ ਕੇਸਾਂ ਵਲ ਲੋੜੀਦਾ ਧਿਆਨ ਦਿੱਤਾ ਜਾ ਰਿਹਾ ਹੈ।]

(ਕ੍ਰਮ ਨੰ. 79)

ਮਾਸਟਰ ਦਲੀਪ ਚੰਦ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ, ਮੇਰੇ ਬਲਾਚੌਰ ਹਲਕੇ ਦੇ ਸਰੋਆ ਬਲਾਕ ਵਿਚ ਲੱਗ ਭੱਗ 20 ਪਿੰਡਾਂ ਮੁਖਪੂਰ, ਕੁਕੜ ਸੂਹਾ, ਮੰਗੂਪੁਰ, ਚੰਦਆਨੀ, ਮਾਲੇਵਾਲ, ਕੰਡੀ, ਪੋਜੇਵਾਲ, ਰੇੜੀ, ਟੋਟੇਵਾਲ ਰੁੜਕੀ, ਬੂਥਗੜ੍ਹ, ਨਾਨੋਵਾਲ ਖੁਰਦਾਂ ਆਦਿ ਵਿਚ ਪੀਣ ਦਾ ਪਾਣੀ 8, 9 ਦਿਨਾਂ ਤੋਂ ਨਹੀਂ ਮਿਲ ਰਿਹਾ। ਲੋਕਾਂ ਵਿਚ ਬਹੁਤ ਬੇਚੈਨੀ ਅਤੇ ਘਬਰਾਹਟ ਫੈਲੀ ਹੋਈ ਹੈ ਕਿਉਂਕਿ ਉਥੇ ਹੋਰ ਪਾਣੀ ਪੀਣ ਦਾ ਕੋਈ ਪਰਬੰਧ ਨਹੀਂ ਹੈ। ਸਰਕਾਰ ਇਸ ਸਬੰਧ ਵਿਚ ਸਦਨ ਵਿਚ ਬਿਆਨ ਦੇਣ ਦੀ ਕਿਰਪਾਲਤਾ ਕਰੇ ?

Sardar Balbir Singh (Minister of State for Health and Family Planning) The villages of Saroa Block of Hoshiarpur district mentioned by the Hon'ble Member are covered under two separate Water Supply Schemes namely, Mallewal-Pojewal group of villages and Kukar Sub-group of villages. Water is supplied from these schemes from 2 a. m. to 7 p. m. daily. But as a result of electricity interruptions water supply to some of the villages is affected. When electricity is available two motors are put into operation and when it is off, only one motor can be run by the generating set which is installed as a stand-by arrangement, and when only one motor is running full pressure of water cannot be attained. During the past few days electricity was off for long hours as under :—

Date	Time for which Electricity was not available	
	From	To
21st February, 1974 ..	6.00 A. M.	11.24 A. M.
22nd February, 1974 ..	10.00 A. M.	3.00 P. M.
25th February, 1974 ..	9.00 A. M.	4.00 P. M.
26th February, 1974 ..	1.00 P. M.	4.00 P. M.

Pipe line near village Nainwan cracked on 20th February, 1974, but water supply was restored on 21st February, 1974.

Village Mangupur is being supplied drinking water from the Kukar Suha Group of villages scheme and only one stand-post is provided for the present. Village Nainowal is proposed to be covered under an extension scheme from Kukar Suha group of villages, estimates for which are being prepared. More stand posts are also being provided for Mangupur village.

[ਜ਼ਿਲ੍ਹਾ ਹੁਸ਼ਿਆਰਪੁਰ ਦੇ ਸੜੋਆ ਬਲਾਕ ਦੇ ਪਿੰਡ ਜ਼ਿਨ੍ਹਾਂ ਦਾ ਜ਼ਿਕਰ ਮਾਨਯੋਗ ਮੈਂਬਰ ਸਾਹਿਬ ਨੇ ਧਿਆਨ ਦਿਵਾਊ ਨੋਟਿਸ ਵਿਚ ਕੀਤਾ ਹੈ, ਉਹ 2 ਜਲ ਸਪਲਾਈ ਸਕੀਮਾਂ ਅਰਥਾਤ ਮਾਲੇਵਾਲ-ਪੋਜੇਵਾਲ ਗਰੁਪ ਆਫ ਵਿਲੇਜਿਜ਼ ਅਤੇ "ਕੁਕੜਸੂਹਾ ਗਰੁਪ ਆਫ ਵਿਲੇਜਿਜ਼" ਅਧੀਨ ਆਉਂਦੇ ਹਨ। ਇਨ੍ਹਾਂ ਜਲ ਸਪਲਾਈ ਸਕੀਮਾਂ ਤੇ ਹਰ ਰੋਜ਼ 2 ਵਜੇ ਤੜਕੇ ਤੋਂ 7 ਵਜੇ ਸ਼ਾਮ ਤਕ ਪਾਣੀ ਦਿਤਾ ਜਾਂਦਾ ਹੈ। ਪਰੰਤੂ ਬਿਜਲੀ ਦੀ ਸਪਲਾਈ ਵਿਚ ਵਿਘਨ ਪੈ ਜਾਣ ਕਾਰਨ ਕੁਝ ਪਿੰਡਾਂ ਦੀ ਜਲ ਸਪਲਾਈ ਤੇ ਅਸਰ ਪੈਂਦਾ ਹੈ। ਜਦੋਂ ਬਿਜਲੀ ਉਪਲਬਧ ਹੁੰਦੀ ਹੈ ਉਦੋਂ ਦੋ ਮੋਟਰਾਂ ਚਲਾਈਆਂ ਜਾਂਦੀਆਂ ਹਨ

[ਰਾਜ ਮੰਤਰੀ ਸਿਹਤ ਅਤੇ ਸੰਤਾਨ ਸੰਜਮ]

ਅਤੇ ਬਿਜਲੀ ਨਾ ਹੋਣ ਸਮੇਂ ਜੈਨਰੇਟਿੰਗ ਸੈੱਟ ਜਿਹੜਾ ਕਿ ਬਦਲਵੇਂ ਇੰਤਜ਼ਾਮ ਲਈ ਲਗਾਇਆ ਗਿਆ ਹੈ, ਕੇਵਲ ਇਕ ਮੋਟਰ ਹੀ ਚਲਾ ਸਕਦਾ ਹੈ। ਕੇਵਲ ਇਕ ਮੋਟਰ ਚਲਣ ਨਾਲ ਪਾਣੀ ਦਾ ਦਬਾਅ ਪੂਰਾ ਨਹੀਂ ਹੁੰਦਾ। ਪਿਛਲੇ ਕੁਝ ਦਿਨਾਂ ਵਿਚ ਹੇਠ ਲਿਖੇ ਅਨੁਸਾਰ ਕਾਫੀ ਘੰਟਿਆਂ ਲਈ ਬਿਜਲੀ ਬੰਦ ਰਹੀ ਹੈ:

ਮਿਤੀ	ਤੋਂ	ਤੱਕ
21-2-74	6.00 ਵਜੇ ਸਵੇਰ	11.24 ਵਜੇ ਪੂਰਵ ਦੁਪਹਿਰ
22-2-74	10.00 ,, ,,	3.00 ਵਜੇ ਬਾਦ ਦੁਪਹਿਰ
25-2-74	9.00 ,, ,,	4.00 ਵਜੇ ਬਾਦ ਦੁਪਹਿਰ
26-2-74	1.00 ਬਾਦ ਦੁਪਹਿਰ	4.00 ,, ,, ,,

ਮਿਤੀ 20 ਫਰਵਰੀ, 1974 ਨੂੰ ਪਿੰਡ ਨੇਨਵਾਂ ਨੇੜੇ ਪਾਣੀ ਦੀ ਲਾਈਨ ਫਟ ਗਈ ਸੀ। ਪਰੰਤੂ ਅਗਲੇ ਦਿਨ ਹੀ ਜਲ ਸਪਲਾਈ ਮੁੜ ਬਹਾਲ ਕਰ ਦਿਤੀ ਗਈ ਸੀ।

ਪਿੰਡ ਮੰਗੂਪੁਰ ਨੂੰ 'ਕੁਕੜਸੂਹਾ' ਜਲ ਸਪਲਾਈ ਸਕੀਮ ਤੋਂ ਪਾਣੀ ਮਿਲ ਰਿਹਾ ਹੈ ਅਤੇ ਇਥੇ ਇਸ ਵੇਲੇ ਕੇਵਲ ਇਕ ਸਟੈਂਡ ਪੋਸਟ ਲਗਾਇਆ ਗਿਆ ਹੈ। ਪਿੰਡ ਨੇਨੋਵਾਲ ਨੂੰ ਵੀ ਕੁਕੜਸੂਹਾ ਜਲ ਸਪਲਾਈ ਸਕੀਮ ਵਿਚ ਵਾਧਾ ਕਰਕੇ ਕਵਰ ਕਰਨ ਦੀ ਤਜ਼ਵੀਜ਼ ਹੈ, ਜਿਸ ਲਈ ਤਖਮੀਨਾ ਤਿਆਰ ਕੀਤਾ ਜਾ ਰਿਹਾ ਹੈ। ਪਿੰਡ ਮੰਗੂਪੁਰ ਲਈ ਵੀ ਸਟੈਂਡ ਪੋਸਟ ਲਗਾਏ ਜਾ ਰਹੇ ਹਨ।]

PAPERS LAID ON THE TABLE OF THE HOUSE

Chief Parliamentary Secretary (Sardar Gurcharan Singh Nihalsinghwala) : Sir I beg to lay on the Table of the House :

(i) The Annual Administration Report of the Punjab State Electricity Board for the year 1971-72 as required under section 75(1) of the Electricity (Supply) Act, 1948.

(ii) The Punjab Aided Schools (Security of Service) Rules, 1974, as required under section 7(2) of the Punjab Aided Schools (Security of Service) Act, 1969.

DISCUSSION ON SUPPLEMENTARY ESTIMATES (SECOND INSTALMENT), 1973-74, AND VOTING OF THE SUPPLEMENTARY GRANTS

Mr. Speaker : Now the House will take up discussion on Supplementary Estimates (Second Instalment), 1973-74. All the Demands on the Order Paper will be deemed to have been read and moved. First we will take up the charged Items. If any Member wants to raise discussion on charged items he may please do so. Guillotine will be applied at 6.00 P.M.

(*No member rose to speak on the charged items*).

Mr. Speaker : Motion moved : —

Demand No. 4

That a Supplementary sum not exceeding Rs. 6,14,330 be granted to the Governor to defray the charges that will come in course of payment for the year ending 31st March, 1974, in respect of 12-Sales Tax.

Demand No. 6

That a Supplementary sum not exceeding Rs 12,65,200 be granted to the Governor to defray the charges that will come in course of payment for the year ending 31st March, 1974, in respect of 14—Stamps.

Demand No. 9

That a Supplementary sum not exceeding Rs 10 be granted to the Governor to defray the charges that will come in course of payment for the year ending 31st March, 1974, in respect of 19—General Administration.

Demand No. 10

That a Supplementary sum not exceeding Rs 20,000 be granted to the Governor to defray the charges that will come in course of payment for the year ending 31st March, 1974, in respect of 21—Administration of Justicel.

Demand No. 14

That a Supplementary sum not exceeding Rs 66,25,200 be granted to the Governor to defray the charges that will come in course of payment for the year ending 31st March, 1974, in respect of 26—Miscellaneous Departments.

Demand No. 17

That a Supplementary sum not exceeding Rs 10 be granted to the Governor to defray the charges that will come in course of payment for the year ending 31st March, 1974, in respect of 29—Medical.

Demand No. 26

That a Supplementary sum not exceeding Rs 3,20,000 be granted to the Governor, to defray the charges that will come in course of payment for the year ending 31st March 1974 in respect of 39—Miscellaneous, Social and Developmental Organisations.

Demand No. 28

That a Supplementary sum not exceeding Rs 18,42,200 be granted to the Governor to defray the charges that will come in course of payment for the year ending 31st March, 1974, in respect of 43—Irrigation, Navigation Embankment and Drainage Works (Commercial).

Demand No. 28

That a Supplementary sum not exceeding Rs 3,12,000 be granted to the Governor to defray the charges that will come in course of payment for the year ending 31st March, 1974 in respect of 44—Irrigation, Navigation, Embankment and Drainage Works (Non-Commercial).

Demand No. 29

That a Supplementary sum not exceeding Rs 50,00,000 be granted to the Governor to defray the charges that will come in course of payment for the year ending 31st March, 1974, in respect of 48—Capital Outlay on Irrigation, Navigation, Embankment and Drainage Works.

Demand No. 30

That a Supplementary sum not exceeding Rs 17,86,950 be granted to the Governor to defray the charges that will come in course of payment for the year ending 31st March, 1974, in respect of "Charges on Irrigation Establishment".

[Mr. Speaker]

Demand No. 32

That a Supplementary sum not exceeding Rs 28,65,270 be granted to the Governor to defray the charges that will come in course of payment for the year ending 31st March, 1974 in respect of "Charges on Public Works Department Buildings and Roads Establishment".

Demand No. 33

That a Supplementary sum not exceeding Rs 19,54,000 be granted to the Governor to defray the charges that will come in course of payment for the year ending 31st March, 1974 in respect of 52—Capital Outlay on Public Works.

Demand No. 37

That a Supplementary sum not exceeding Rs 12,00,600 be granted to the Governor to defray the charges that will come in course of payment for the year ending 31st March, 1974 in respect of 65—Pensions and other Retirement Benefits.

Demand No. 41

That a Supplementary sum not exceeding Rs 18,22,660 be granted to the Governor to defray the charges that will come in course of payment for the year ending 31st March, 1974 in respect of 71—Miscellaneous.

Demand No. 45

That a Supplementary sum not exceeding Rs 10 be granted to the Governor to defray the charges that will come in course of payment for the year ending 31st March, 1974 in respect of 96—Capital Outlay on Industrial and Economic Development.

Demand No. 46

That a Supplementary sum not exceeding Rs 20,35,000 be granted to the Governor to defray the charges that will come in course of payment for the year ending 31st March, 1974 in respect of 98—Capital Outlay on Multipurpose River Schemes.

Demand No. 51

That a Supplementary sum not exceeding Rs 4,950 be granted to the Governor to defray the charges that will come in course of payment for the year ending 31st March, 1974 in respect of 120—Payments of Commuted Value of Pensions.

Demand No. 53

That a Supplementary sum not exceeding Rs 10 be granted to the Governor to defray the charges that will come in course of payment for the year ending 31st March, 1974 in respect of Q—Loans and Advances by the State Government.

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੇਰੀ ਇਕ ਬੇਨਤੀ ਹੈ। ਮੈਂ ਅੰਮ੍ਰਿਤਸਰ ਹਸਪਤਾਲ ਵਿਚ ਗਿਆ। ਜੂਨੀਅਰ ਡਾਕਟਰਜ਼ ਹੜਤਾਲ ਕਰ ਰਹੇ ਹਨ। ਪੰਜ ਛੇ ਡਾਕਟਰ ਹਰ ਰੋਜ਼ 24 ਘੰਟੇ ਦੀ ਭੁੱਖ ਹੜਤਾਲ ਤੇ ਬੈਠਦੇ ਹਨ। ਇਸ ਕਰਕੇ ਗਰੀਬ ਲੋਕਾਂ ਦਾ ਇਲਾਜ ਨਹੀਂ ਹੋ ਰਿਹਾ। ਸਰਕਾਰ ਨੂੰ ਤੁਸੀਂ ਕਹੋ ਕਿ ਉਨ੍ਹਾਂ ਦੀਆਂ ਮੰਗਾਂ ਪਰਵਾਨ ਕਰ ਲੈਣ ਤਾ ਗਰੀਬ ਲੋਕਾਂ ਨੂੰ ਕੋਈ ਮੁਸ਼ਕਲ ਨਾ ਹੋਵੇ।

ਸਰਦਾਰ ਪ੍ਰਹਿਲਾਦ ਸਿੰਘ (ਸਮਰਾਲਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਡਿਮਾਂਡ ਨੰਬਰ 9 ਤੇ ਬੋਲਣਾ ਚਾਹੁੰਦਾ ਹਾਂ। ਇਸ ਵਿਚ ਇਨ੍ਹਾਂ ਨੇ ਗਵਰਨਰ ਸਾਹਿਬ ਅਤੇ ਇਨ੍ਹਾਂ ਦੇ ਏ. ਡੀ. ਸੀ. ਵਾਸਤੇ ਕਾਫ਼ੀ ਪੈਸਾ ਰੱਖਿਆ ਹੈ।

ਸ੍ਰੀ ਸਪੀਕਰ : ਗਿਲੋਟੀਨ 6.00 ਵਜੇ ਅਪਲਾਈ ਕੀਤਾ ਜਾਵੇਗਾ । (Guillotine will be applied at 6.00 p.m.)

ਸਰਦਾਰ ਪ੍ਰਹਿਲਾਦ ਸਿੰਘ : ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਵੀ ਗਵਰਨਰ ਸਾਹਿਬ ਦਾ ਉਤਨਾ ਹੀ ਸਤਿਕਾਰ ਕਰਦੇ ਹਾਂ ਜਿਤਨਾ ਕਿ ਹੋਰ ਪਾਰਟੀਆਂ ਅਤੇ ਹੋਰ ਸੂਬਿਆਂ ਦੀਆਂ ਸਰਕਾਰਾਂ ਕਰਦੀਆਂ ਹਨ । ਜਿਸ ਤਰ੍ਹਾਂ ਦੇ ਅੱਜ ਕੱਲ ਦੇ ਪੰਜਾਬ ਅਤੇ ਹਿੰਦੁਸਤਾਨ ਵਿਚ ਹਾਲਾਤ ਹਨ, ਗਰੀਬ ਅੱਜ ਭੁੱਖੇ ਮਰ ਰਹੇ ਹਨ । ਇਸ ਦੇ ਉਲਟ ਅਸੀਂ ਗਵਰਨਰ ਦੇ ਸਟਾਫ ਤੇ ਇਤਨਾ ਪੈਸਾ ਖਰਚੀਏ, ਇਸ ਗੱਲ ਨੂੰ ਅਸੀਂ ਕਦੀ ਨਹੀਂ ਚਾਹਾਂਗੇ। ਇਤਨਾ ਪੈਸਾ ਗਵਰਨਰ ਦੀ ਐਸ਼ੋਇਸ਼ਰਤ ਤੇ ਖਰਚ ਕੀਤਾ ਜਾਵੇ ਅਤੇ ਹਿੰਦੁਸਤਾਨ ਦੀ ਜਨਤਾ ਨੂੰ ਪੇਟ ਭਰ ਕੇ ਰੋਟੀ ਨਾ ਮਿਲਦੀ ਹੋਵੇ, ਅਸੀਂ ਇਸ ਨੂੰ ਬਿਲਕੁਲ ਨਹੀਂ ਬਰਦਾਸ਼ਤ ਕਰਾਂਗੇ। ਮੈਂ ਬੇਨਤੀ ਕਰਾਂਗਾ ਕਿ ਇਹ ਰੁਪਿਆ ਪੰਜਾਬ ਦੀ ਜਨਤਾ ਤੇ ਖਰਚ ਕਰਨਾ ਚਾਹੀਦਾ ਹੈ ਅਤੇ ਉਸ ਦੇ ਭਲੇ ਲਈ ਖਰਚ ਕਰਨਾ ਚਾਹੀਦਾ ਹੈ । ਇਹ ਕੋਈ ਬੁਰੀ ਗੱਲ ਨਹੀਂ ਹੋਵੇਗੀ । ਮੈਂ ਤਾਂ ਸਿਰਫ ਸਲਾਹ ਤੇ ਮਸ਼ਵਰਾ ਹੀ ਦੇਣਾ ਹੈ ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਇਹ ਚਾਰਜਡ ਆਈਟਮ ਡਿਸਕਸ ਕਰ ਰਹੇ ਹਨ। ਕੀ ਇਹ ਹਾਊਸ ਵਿਚ ਡਿਸਕਸ ਕੀਤੀਆਂ ਜਾ ਸਕਦੀਆਂ ਹਨ ?

ਸ੍ਰੀ ਸਪੀਕਰ : ਚਾਰਜਡ ਆਈਟਮ ਤੇ ਵੋਟਿੰਗ ਨਹੀਂ ਹੋ ਸਕਦੀ ਪਰ ਇਹ ਡਿਸਕਸ ਹੋ ਸਕਦੀ ਹੈ । (There cannot be voting on a charged item, it can be discussed.)

ਸਰਦਾਰ ਪ੍ਰਹਿਲਾਦ ਸਿੰਘ : ਸਪੀਕਰ ਸਾਹਿਬ, ਹੁਣ ਮੈਂ ਡਿਮਾਂਡ ਨੰ: 21 ਜਿਹੜੀ ਕਿ ਐਨੀਮਲ ਹਸਬੈਂਡਰੀ ਨਾਲ ਸਬੰਧ ਰੱਖਦੀ ਹੈ ਉਸ ਤੇ ਕੁਝ ਕਹਿਣਾ ਚਾਹੁੰਦਾ ਹਾਂ । ਸਾਡੇ ਆਨਰੇਬਲ ਮੈਂਬਰ ਕੈਪਟਨ ਰਤਨ ਸਿੰਘ ਜਿਸ ਵੇਲੇ ਮਨਿਸਟਰ ਸਨ ਉਨ੍ਹਾਂ ਨੇ ਉਸ ਵੇਲੇ ਵੈਟਰਨਰੀ ਡਾਕਟਰਾਂ ਵਾਸਤੇ 400—1100 ਦਾ ਗਰੇਡ ਮੰਨਿਆ ਸੀ । ਇਸ ਦਾ ਹਾਊਸ ਵਿਚ ਵੀ ਐਲਾਨ ਕੀਤਾ ਗਿਆ ਸੀ ਅਤੇ ਬਾਹਰ ਕੈਬਨਿਟ ਵਿਚ ਵੀ ਫੈਸਲਾ ਕੀਤਾ ਗਿਆ ਸੀ ਲੇਕਿਨ ਇਨ੍ਹਾਂ ਦੀ ਡੀਮਾਂਡ ਸੀ ਕਿ ਉਹ 80 ਹਜ਼ਾਰ ਰੁਪਿਆ ਇਕੱਠਾ ਕਰਕੇ ਦੇਣਗੇ । ਉਹ ਰੁਪਿਆ ਇਕੱਠਾ ਨਾ ਕਰ ਸਕੇ ਇਸ ਕਰਕੇ ਉਨ੍ਹਾਂ ਨੂੰ ਗਰੇਡ ਸਿਰਫ 350—800 ਦਾ ਹੀ ਦਿੱਤਾ । ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਜਿਹੜੇ ਇਹ ਇਥੇ ਹਾਊਸ ਵਿਚ ਵਾਅਦੇ ਕਰਦੇ ਹਨ ਉਹ ਝੂਠੇ ਕਰਦੇ ਹਨ । ਇਸੇ ਤਰ੍ਹਾਂ ਹੀ ਇਨ੍ਹਾਂ ਨੇ ਗਰੀਬੀ ਹਟਾਉਣ ਦਾ ਨਾਅਰਾ ਲਾਇਆ ਸੀ ਪਰ ਉਹ ਸਾਰੇ ਪੰਜਾਬ ਨੇ ਵੇਖ ਲਿਆ ਹੈ ਕਿ ਇਨ੍ਹਾਂ ਨੇ ਗਰੀਬੀ ਕਿਤਨੀ ਦੂਰ ਕੀਤੀ ਹੈ । ਮੈਨੂੰ ਬਹੁਤ ਅਫ਼ਸੋਸ ਹੈ ਕਿ ਆਨਰੇਬਲ ਲੇਡੀ ਮਨਿਸਟਰ ਜੀ ਨੇ ਹਾਊਸ ਵਿਚ ਇਹ ਗਲਤ ਬਿਆਨੀ ਕੀਤੀ ਸੀ ਕਿ ਹਰੀਜਨਾਂ ਨੂੰ ਪਲਾਟ ਦੇ ਦਿਤੇ ਗਏ ਹਨ। ਮੈਂ ਇਹ ਚੈਲੰਜ ਕਰਦਾ ਹਾਂ ਕਿ ਅਗਰ ਇਕ ਵੀ ਪਲਾਟ ਮੇਰੇ ਪਿੰਡ ਦੇ ਕਿਸੇ ਹਰੀਜਨ ਨੂੰ ਮਿਲਿਆ ਹੋਵੇ ਤਾਂ ਮੈਂ ਅਸਤੀਫਾ ਦੇ ਦੇਵਾਂਗਾ । ਇਹ ਇਨ੍ਹਾਂ ਦੀ ਬਿਲਕੁਲ ਝੂਠੀ ਪਾਲਿਸੀ ਹੈ (ਵਿਘਨ) ਇਹ ਬਿਲਕੁਲ ਹਾਊਸ ਵਿਚ ਗਲਤ ਬਿਆਨੀ ਕੀਤੀ ਗਈ ਹੈ ।

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ, ਸਰ
(ਇਸ ਵੇਲੇ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ)

Mr. Speaker : Please resume your seats.

ਸਰਦਾਰ ਪ੍ਰਹਿਲਾਦ ਸਿੰਘ : ਸਪੀਕਰ ਸਾਹਿਬ, ਮੈਂ ਅਗਲੀ ਡਿਮਾਂਡ ਤੇ ਆਉਂਦਾ ਹਾਂ । ਸਪੀਕਰ ਸਾਹਿਬ, ਇਹ ਅੱਜ ਵੀ ਹਾਊਸ ਵਿਚ ਡਿਸਕਸ ਕੀਤਾ ਗਿਆ ਹੈ ਕਿ ਜੈਂਤੀ ਪਿੰਡ ਬਣਾਉਣੇ ਹਨ । ਮੈਂ ਕਹਿੰਦਾ ਹਾਂ ਕਿ ਇਹ ਬਿਲਕੁਲ ਝੂਠ ਹੈ ਇਹ ਸਰਕਾਰ ਕਿਸੇ ਪਿੰਡ ਨੂੰ ਜੈਂਤੀ ਪਿੰਡ ਨਹੀਂ ਬਣਾ ਰਹੀ । ਜੈਂਤੀ ਪਿੰਡ ਬਣਾਉਣ ਦੀ ਪਾਲਿਸੀ ਵਿਚ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ । ਇਹ ਇਥੇ ਕਹਿ ਦਿੰਦੇ ਹਨ ਕਿ ਅਸੀਂ ਡਿਪਾਰਟਮੈਂਟਾਂ ਨੂੰ ਹਦਾਇਤਾਂ ਕੀਤੀਆਂ ਹਨ । ਜਦ ਅਸੀਂ ਡੀ. ਸੀ. ਕੋਲੋਂ ਜਾ ਕੇ ਪੁਛਦੇ ਹਾਂ ਕਿ ਇਹ ਫੈਸਲਾ ਹੋਇਆ ਸੀ ਅਤੇ ਇਸ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਤਾਂ ਉਹ ਕਹਿੰਦੇ ਹਨ ਕਿ ਸਾਡੇ ਕੋਲ ਕੋਈ ਹਦਾਇਤ ਨਹੀਂ ਆਈ । ਸਪੀਕਰ ਸਾਹਿਬ, ਮੈਂ ਇਸ ਲਈ ਕਹਿੰਦਾ ਹਾਂ ਕਿ ਇਹ ਸਰਕਾਰ ਲੋਕਾਂ ਨੂੰ ਇਸ ਤਰ੍ਹਾਂ ਝੂਠੇ ਵਾਇਦੇ ਦੇ ਕੇ ਗੁਮਰਾਹ ਕਰਦੀ ਹੈ ।

ਇਕ ਗੱਲ ਮੈਂ ਹੁਣ ਟ੍ਰਾਂਸਪੋਰਟ ਦੇ ਬਾਰੇ ਕਹਿਣੀ ਚਾਹੁੰਦਾ ਹਾਂ । ਅੱਜ ਪੰਜਾਬ ਦੇ ਲੋਕਾਂ ਵਿਚ ਹਾਹਾਕਾਰ ਮਚੀ ਹੋਈ ਹੈ ।

(ਇਸ ਵੇਲੇ ਡਿਪਟੀ ਸਪੀਕਰ ਸਾਹਿਬ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਕਿਸੇ ਬੱਸ ਵਿਚ ਵੇਖ ਲਵੋ ਭੀੜ ਇਤਨੀ ਹੁੰਦੀ ਹੈ ਕਿ ਪੈਰ ਰੱਖਣ ਨੂੰ ਜਗ੍ਹਾ ਨਹੀਂ ਮਿਲਦੀ । ਸਰਕਾਰ ਨੇ ਕਿਹਾ ਸੀ ਕਿ ਟਾਇਰਾਂ ਦੀ ਕਮੀ ਕਰਕੇ 178 ਬੱਸਾਂ ਖੜੀਆਂ ਹੋਈਆਂ ਹਨ । ਪਰ ਡਿਪਟੀ ਸਪੀਕਰ ਸਾਹਿਬ, ਇਹ ਡੀਜ਼ਲ ਦੀ ਘਾਟ ਕਾਰਨ ਖੜੀਆਂ ਹੋਈਆਂ ਹਨ । ਸਾਡੀ ਪੰਜਾਬ ਸਰਕਾਰ ਨੂੰ ਚਾਹੀਦਾ ਸੀ ਕਿ ਪੰਜਾਬ ਵਿਚ ਟ੍ਰਾਂਸਪੋਰਟ ਵਾਸਤੇ ਡੀਜ਼ਲ ਦਾ ਪ੍ਰਬੰਧ ਕਰਦੀ ਜਿਸ ਨਾਲ ਲੋਕਾਂ ਨੂੰ ਆਉਣ ਜਾਣ ਵਿਚ ਸਹੂਲਤ ਮਿਲ ਸਕਦੀ । ਜਨਾਬ ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖਿਆ ਹੈ ਕਿ ਬੱਸਾਂ ਵਿਚ ਸਟੂਡੈਂਟਸ ਪਥਰਾਵ ਕਰਦੇ ਹਨ ਕਿਉਂਕਿ ਬੱਸਾਂ ਭਰੀਆਂ ਹੁੰਦੀਆਂ ਹਨ ਅਤੇ ਉਹ ਬੱਸਾਂ ਉਨ੍ਹਾਂ ਸਟੂਡੈਂਟਸ ਨੂੰ ਨਹੀਂ ਚੁਕਦੀਆਂ ਤਾਂ ਸਟੂਡੈਂਟਸ ਬੱਸਾਂ ਤੇ ਪਥਰਾਵ ਕਰਦੇ ਹਨ । ਸਮਰਾਲੇ ਤੋਂ ਮਲਕਾਂ ਵਿਚ ਲੋਕਲ ਬੱਸਾਂ ਚਲਾਉਣ ਵਾਸਤੇ 20 ਚਿੱਠੀਆਂ ਮੈਂ ਲਿਖ ਚੁੱਕਾ ਹਾਂ ਅਤੇ 20 ਐਸ. ਡੀ. ਐਮ. ਪੀ. ਨੇ ਲਿਖੀਆਂ ਹਨ ਲੇਕਿਨ ਉਥੇ ਲੋਕਲ ਬੱਸ ਦਾ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ । ਇਹ ਕਹਿੰਦੇ ਹਨ ਕਿ ਉਥੇ ਸਬ-ਡਿਪੋ ਨਹੀਂ ਹੈ ਇਸ ਕਰਕੇ ਇਥੇ ਲੋਕਲ ਬੱਸ ਨਹੀਂ ਚੱਲ ਸਕਦੀ । ਪਿਛੇ ਇਨ੍ਹਾਂ ਦੀ ਪਰਪੋਜ਼ਲ ਸੀ ਕਿ ਸਮਰਾਲੇ ਵਿਚ ਰੋਡਵੇਜ਼ ਦਾ ਇਕ ਸਬ-ਡਿਪੋ ਬਣਾਇਆ ਜਾਵੇਗਾ ਤਾ ਕਿ ਉਥੇ ਸਟੂਡੈਂਟਸ ਨੂੰ ਆਉਣ ਜਾਣ ਵਿਚ ਸਹੂਲਤ ਹੋਵੇ । ਪਰ ਪਤਾ ਨਹੀਂ ਹੁਣ ਇਨ੍ਹਾਂ ਦੀ ਇਹ ਪਰਪੋਜ਼ਲ ਕਿਥੇ ਚਲੀ ਗਈ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਬੱਸਾਂ ਵਿਚ ਪਥਰਾਵ ਹੁੰਦੇ ਹਨ ਜਾਂ ਲੁਟੀਆਂ ਜਾਂਦੀਆਂ ਹਨ ਇਸ ਦੇ ਜ਼ਿੰਮੇਵਾਰ ਸਟੂਡੈਂਟਸ ਨਹੀਂ ਇਹ ਗੌਰਮਿੰਟ ਆਪ ਹੈ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਤੁਹਾਡੇ ਰਾਹੀਂ ਡਿਮਾਂਡ ਨੰ : 32 ਨੂੰ ਟੱਚ ਕਰਦਾ ਹਾਂ । ਇਸ ਵਿਚ ਰੋਡਜ਼ ਦਾ ਜ਼ਿਕਰ ਕੀਤਾ ਗਿਆ ਹੈ । ਮੈਂ ਕਹਾਂਗਾ ਕਿ ਪੰਜਾਬ ਸਰਕਾਰ ਨੇ ਭਰੋਸਾ ਦਿਵਾਇਆ ਸੀ ਕਿ ਹਰ ਇਕ ਪਿੰਡ ਨੂੰ ਸੜਕ ਨਾਲ ਮਿਲਾ ਦਿਤਾ ਜਾਵੇਗਾ । ਪਰ 2 ਸਾਲ ਹੋ ਗਏ ਹਨ ਮੇਰੇ ਹਲਕੇ ਵਿਚ ਹੁਣ ਵੀ 1/3 ਪਿੰਡ ਐਸੇ ਹਨ ਜਿਥੇ ਕਿ ਸੜਕਾਂ ਨਹੀਂ ਦਿਤੀਆਂ ਗਈਆਂ ਹਨ ਅਤੇ ਲੋਕਾਂ ਨੂੰ ਉਥੇ ਬਹੁਤ ਤਕਲੀਫ ਸਹਿਣੀ ਪੈਂਦੀ ਹੈ । ਪਿਛੇ ਜਿਹੇ ਸਟੇਟ ਡਿਵੈਲਪਮੈਂਟ ਵਾਲਿਆਂ ਦੀ ਇਕ ਮੀਟਿੰਗ ਹੋਈ ਸੀ ਉਨ੍ਹਾਂ ਨੇ ਆਪਣੀ ਰਿਕੁਮੈਂਡੇਸ਼ਨ ਸਰਕਾਰ ਨੂੰ ਭੇਜੀ ਪਰ ਸਰਕਾਰ ਨੇ ਉਹ ਰਿਜੈਕਟ ਕਰ ਦਿਤੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਕਹਾਂਗਾ ਕਿ ਅਗਰ ਇਸੇ ਤਰ੍ਹਾਂ ਇਹ ਸਰਕਾਰ ਕਰਦੀ ਰਹੀ ਤਾਂ ਇਹ ਬਿਲਕੁਲ ਚੰਗੀ ਗੱਲ ਨਹੀਂ ਹੋਵੇਗੀ । (ਸ਼ੋਰ) (ਵਿਘਨ)

ਹੁਣ ਮੈਂ ਇਸ ਤੋਂ ਅਗਲੀ ਡਿਮਾਂਡ ਤੇ ਬੋਲਦਾ ਹਾਂ । ਇਸ ਹਾਊਸ ਵਿਚ ਸ੍ਰੀ ਯਸ਼ ਜੀ ਨੇ ਬਿਆਨ ਦਿਤਾ ਸੀ ਕਿ ਅਸੀਂ ਸ਼ਰਾਬ ਤੇ ਐਕਸਾਈਜ਼ ਡਿਊਟੀ ਵਧਾ ਦੇਵਾਂਗੇ ਅਤੇ ਠੇਕਿਆਂ ਦੀ ਫਿਰ ਨੀਲਾਮੀ ਕਰਾਂਗੇ । ਇਸ ਬਿਆਨ ਨਾਲ ਠੇਕੇਦਾਰਾਂ ਨੇ ਮਾਲ ਇਕੱਠਾ ਕਰ ਲਿਆ ਅਤੇ ਜਿਹੜੀ ਹੁਣ ਐਕਸਾਈਜ਼ ਡਿਊਟੀ ਲਗਣੀ ਸੀ ਉਸ ਦੇ ਹਿਸਾਬ ਨਾਲ ਗੌਰਮਿੰਟ ਨੂੰ ਘਾਟਾ ਪਿਆ ਹੈ । (ਸ਼ੋਰ) ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਹ ਜਿਹੜੇ ਬਿਆਨ ਸਰਕਾਰ ਪਹਿਲੇ ਹੀ ਕਰ ਦਿੰਦੀ ਹੈ ਅਤੇ ਉਸ ਤੇ ਅਮਲ ਬਾਅਦ ਵਿਚ ਹੁੰਦਾ ਹੈ ਇਸ ਨਾਲ ਠੇਕੇਦਾਰ ਹੋਰ ਵੀ ਮਜ਼ਬੂਤ ਹੋ ਜਾਂਦੇ ਹਨ ਅਤੇ ਮਾਲ ਇਕੱਠਾ ਕਰ ਲੈਂਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਤਕੜੇ ਕਦਮ ਇਸ ਪਾਸੇ ਚੁਕਣੇ ਚਾਹੀਦੇ ਹਨ ।

ਹੁਣ ਡਿਪਟੀ ਸਪੀਕਰ ਸਾਹਿਬ, ਮੈਂ ਜਨਰਲ ਪੁਲੀਸ ਬਾਰੇ ਕੁਝ ਦੱਸਣਾ ਚਾਹਵਾਂਗਾ । ਇਸ ਹਾਊਸ ਵਿਚ ਸਵਾਲ ਵੀ ਪੇਸ਼ ਕੀਤਾ ਗਿਆ ਸੀ ਲੇਕਿਨ ਕਲੈਰੀਕਲ ਮਿਸਟੇਕ ਨਾਲ ਕਿਲਾ ਮੁਹਿੰਦਰਗੜ੍ਹ ਲਿਖਿਆ ਗਿਆ ਸੀ । ਡਿਪਟੀ ਸਪੀਕਰ ਸਾਹਿਬ, ਉਥੇ ਟ੍ਰੇਨਿੰਗ ਲਈ ਡੀ. ਐਸ. ਪੀ., ਇਨਸਪੈਕਟਰ ਜਾਂ ਸਿਪਾਹੀ ਉਹ ਹੀ ਰੱਖੇ ਜਾਂਦੇ ਹਨ ਜਿਨ੍ਹਾਂ ਨੂੰ ਕੋਈ ਸਜ਼ਾ ਦੇਣੀ ਹੁੰਦੀ ਹੈ । ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਉਥੇ ਕੋਈ ਟ੍ਰੇਨਿੰਗ ਨਹੀਂ ਹੁੰਦੀ । ਉਥੇ ਸਿਰਫ ਉਹ ਹੀ ਪੁਲੀਸ ਅਫਸਰ ਰੱਖਿਆ ਜਾਂਦਾ ਹੈ ਜਿਸ ਨਾਲ ਜਾਂ ਤਾਂ ਕੋਈ ਵੱਡਾ ਅਫਸਰ ਨਾਰਾਜ਼ ਹੋਇਆ ਹੋਇਆ ਹੋਵੇ ਤੇ ਜਾਂ ਉਸ ਨੂੰ ਕੋਈ ਸਜ਼ਾ ਦੇਣੀ ਹੋਵੇ ਤੇ ਨਾਉਂ ਦਿਤਾ ਜਾਂਦਾ ਹੈ ਕਿ ਟ੍ਰੇਨਿੰਗ ਲੈਣ ਲਈ ਭੇਜਣਾ ਹੈ । ਉਥੇ ਪੁਲੀਸ ਅਫਸਰ ਵੇਹਲੇ ਬੈਠੇ ਹਨ ਪਰ ਦੂਜੇ ਪਾਸੇ ਸਾਡੇ ਜਿਹੜੇ ਪੰਜਾਬ ਦੇ ਥਾਣੇ ਹਨ ਉਨ੍ਹਾਂ ਵਿਚ ਪੁਲੀਸ ਫੋਰਸ ਦੀ ਸ਼ਾਰਟੇਜ ਹੈ । ਉਥੇ ਉਤਨੀ ਫੋਰਸ ਨਹੀਂ ਹੈ ਜਿਤਨੀ ਕਿ ਚਾਹੀਦੀ ਹੈ । ਤੁਸੀਂ ਕਿਸੇ ਵੀ ਥਾਣੇਦਾਰ ਨੂੰ, ਇਨਸਪੈਕਟਰ ਨੂੰ, ਜਾਂ ਡੀ. ਐਸ. ਪੀ. ਨੂੰ ਪੁਛੋ ਤਾਂ ਉਹ ਕਹਿਣਗੇ ਕਿ ਮੇਰੇ ਹਲਕੇ ਵਿਚ ਪੰਜ ਸਿਪਾਹੀ ਘੱਟ ਹਨ ਕੋਈ ਕਹੇਗਾ ਕਿ ਮੇਰੇ ਹਲਕੇ ਵਿਚ ਦਸ ਸਿਪਾਹੀ ਘੱਟ ਹਨ ਪਰ ਉਥੇ ਕਿਲਿਆਂ ਵਿਚ ਬੰਦ ਕਰਕੇ ਫੋਰਸ ਰੱਖੀ ਜਾਂਦੀ ਹੈ । ਮੈਂ ਕਹਿੰਦਾ ਹਾਂ ਕਿ ਪੰਜਾਬ ਵਿਚ ਜੋ ਲਾਅ ਐਂਡ ਆਰਡਰ ਠੀਕ ਨਹੀਂ ਹੋ ਰਿਹਾ ਉਸ ਦੀ ਇਕ ਵਜਾਹ ਇਹ ਵੀ ਹੈ ਕਿ ਪੰਜਾਬ ਵਿਚ ਪੁਲੀਸ ਫੋਰਸ ਘੱਟ ਹੈ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਜਿਸ ਜਿਸ ਥਾਣੇ ਦੀ ਜਿਤਨੀ ਜਿਤਨੀ ਡਿਮਾਂਡ ਹੈ, ਉਸ ਨੂੰ ਉਤਨੀ ਉਤਨੀ ਫੋਰਸ ਉਥੇ ਦਿਤੀ ਜਾਵੇ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਜੋ ਪੁਲੀਸ ਵਧੀਕੀਆਂ ਕਰਦੀ ਹੈ, ਉਨ੍ਹਾਂ ਬਾਰੇ ਵੀ ਦੱਸਾਂਗਾ । ਤੁਹਾਨੂੰ ਐਗਰੀਕਲਚਰ ਯੂਨੀਵਰਸਿਟੀ ਦਾ ਵਾਕਿਆ ਯਾਦ ਹੋਵੇਗਾ। ਇਹ ਵੀ ਸ਼ੁਕਰ ਹੈ ਕਿ ਮਹਿਕਮਾ ਤੁਹਾਡੇ ਪਾਸ ਨਹੀਂ ਰਿਹਾ ਅਗਰ ਹੁੰਦਾ ਤਾਂ ਪਤਾ ਨਹੀਂ ਉਥੇ ਕੀ ਹੁੰਦਾ । ਤੁਹਾਡੇ ਤੇ ਇਲਜ਼ਾਮ ਲਗਾਇਆ ਗਿਆ ਸੀ ਮੁੰਡਿਆਂ ਵਲੋਂ, ਖੈਰ ਮੈਂ ਨਹੀਂ ਸੀ ਕਹਿਣਾ ਚਾਹੁੰਦਾ ਕਿਉਂਕਿ ਤੁਸੀਂ ਸਪੀਕਰ ਦੀ ਕੁਰਸੀ ਤੇ ਬੈਠੇ ਹੋ । ਸੀ. ਐਮ. ਸਾਹਿਬ ਨੇ ਤੁਹਾਡੀ ਡਿਊਟੀ ਲਗਾਈ ਸੀ । ਪ੍ਰਿਥੀਪਾਲ ਸਿੰਘ ਸਪੋਰਟਸ ਵਾਲਾ ਜਿਹੜਾ ਹੈ ਉਸ ਨੇ ਸੀ. ਐਮ ਸਾਹਿਬ ਦੀ ਸ਼ਹਿ ਤੇ ਮੁੰਡਿਆਂ ਤੇ ਗੋਲੀਆਂ ਚਲਵਾਈਆਂ ਔਰ ਫਿਰ ਦੋ ਮਹੀਨਿਆਂ ਦੇ ਲਈ ਉਥੇ ਫੋਰਸ ਲਗਾਈ ਰੱਖੀ ।

Acharya Prithvi Singh Azad : Point of order, Sir.

Mr. Deputy Speaker : What is your point of order ?

Acharya Prithvi Singh Azad : Sir, my point of order is whether the hon. Member can criticise the Deputy Speaker ?

Voices : No, No.

ਸਰਦਾਰ ਪ੍ਰਹਿਲਾਦ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਨਹੀਂ ਸੀ ਚਾਹੁੰਦਾ ਕਿ ਆਜ਼ਾਦ ਸਾਹਿਬ ਮੈਨੂੰ ਛੇੜਨ ਪਰ ਹੁਣ ਇਨ੍ਹਾਂ ਨੇ ਛੇੜਿਆ ਹੈ ਇਸ ਲਈ ਮੈਨੂੰ ਕਹਿਣਾ ਪਵੇਗਾ ਕਿ ਇਹ ਕੀ ਕੁਝ ਕਰਦੇ ਹਨ। ਮੇਰੇ ਹਲਕੇ ਵਿਚ ਸਰਦਾਰ ਗੁਰਚਰਨ ਸਿੰਘ ਜੀ ਤੁਸੀਂ ਕਿਹਾ ਸੀ ਕਿ ਝਗੜਾ ਹੋਇਆ ਹੈ ਲੇਕਿਨ ਆਜ਼ਾਦ ਜੀ ਨੇ ਜੋ ਕੁਝ ਕੀਤਾ ਹੈ ਜਾਂ ਕਰ ਰਹੇ ਹਨ ਉਹ ਵੀ ਮੈਂ ਦੱਸ ਦਿਆਂਗਾ।

Mr. Deputy Speaker : No personal charge please.

ਸਰਦਾਰ ਪ੍ਰਹਿਲਾਦ ਸਿੰਘ ; ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਜੋ ਕੁਝ ਇਲਾਕੇ ਵਿਚ ਹੋ ਰਿਹਾ ਹੈ ਉਹ ਹੀ ਦੱਸ ਰਿਹਾ ਹਾਂ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਪੁਛੋ ਕਿ ਇਹ ਕਿਸ ਡੀਮਾਂਡ ਤੇ ਬੋਲਦੇ ਹਨ। (ਘੰਟੀ)

ਸਰਦਾਰ ਪ੍ਰਹਿਲਾਦ ਸਿੰਘ : ਮੈਂ ਜਨਰਲ ਐਡਮਨਿਸਟਰੇਸ਼ਨ ਤੇ ਬੋਲ ਰਿਹਾ ਹਾਂ ਜੀ। ਪੰਜਾਬ ਵਿਚ ਅੱਗ ਲੱਗੀ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੇ ਕੋਲ ਬੈਠਦੇ ਹੋ, ਮੇਰਾ ਲਿਹਾਜ਼ ਕਰੋ, ਮੈਨੂੰ ਟਾਈਮ ਹੋਰ ਦਿਓ।

ਡਿਪਟੀ ਸਪੀਕਰ ਸਾਹਿਬ, ਉਥੇ ਸਬਜ਼ੀ ਮੰਡੀ ਬਨਾਉਣੀ ਹੈ। ਉਥੇ ਝਗੜਾ ਚੱਲ ਰਿਹਾ ਹੈ। ਉਥੇ ਐਸ. ਡੀ. ਐਮ. ਸਾਹਿਬ ਦਾ ਹੋਰ ਨੋਟ ਹੁੰਦਾ ਹੈ, ਡੀ. ਸੀ. ਸਾਹਿਬ ਦਾ ਹੋਰ ਨੋਟ ਹੁੰਦਾ ਹੈ ਔਰ ਜਿਹੜੇ ਟਾਊਨ ਪਲੈਨਿੰਗ ਵਾਲੇ ਹਨ ਉਨ੍ਹਾਂ ਦਾ ਹੋਰ ਨੋਟ ਹੁੰਦਾ ਹੈ।

(ਇਸ ਸਮੇਂ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਖੜੇ ਸਨ)

ਸਰਦਾਰ ਪ੍ਰਹਿਲਾਦ ਸਿੰਘ : ਆਚਾਰਿਆ ਸਾਹਿਬ ਤੁਸੀਂ ਬੈਠ ਜਾਓ ਨਹੀਂ ਤਾਂ ਮੈਂ ਸਾਰੀ ਗੱਲ ਦੱਸ ਦੇਵਾਂਗਾ . . . .

ਸ੍ਰੀ ਡਿਪਟੀ ਸਪੀਕਰ : ਚਲੋ ਬੈਠ ਜਾਓ ਤੁਸੀਂ ਵੀ ਹੁਣ। (Please resume your seat now.)

ਸਰਦਾਰ ਪ੍ਰਹਿਲਾਦ ਸਿੰਘ : ਬੱਸ ਜੀ ਮੈਂ ਇਕ ਗੱਲ ਹੋਰ ਕਹਿਣੀ ਹੈ। ਡਿਪਟੀ ਸਪੀਕਰ ਸਾਹਿਬ, ਜਿਹੜੇ ਇਨ੍ਹਾਂ ਦੇ ਆਈ. ਏ. ਐਸ. ਅਫਸਰ ਹਨ ਉਹ ਇਨ੍ਹਾਂ ਨੂੰ ਗਾਈਡ ਕਰਦੇ ਹਨ। ਤੁਹਾਨੂੰ (ਸਰਕਾਰੀ ਬੈਂਚਾਂ ਵੱਲ ਇਸ਼ਾਰਾ ਕਰਕੇ) ਉਨ੍ਹਾਂ ਦੇ ਕਹੇ ਮੁਤਾਬਿਕ ਚੱਲਣਾ ਚਾਹੀਦਾ ਹੈ, ਨਾ ਕਿ ਕਿਸੇ ਪਰਸਨਲ ਆਦਮੀ ਨੂੰ ਬਚਾਉਣ ਵਾਸਤੇ ਕੋਈ ਗਲਤ ਕੰਮ ਕਰਨਾ ਚਾਹੀਦਾ ਹੈ। ਟਾਊਨ ਪਲੈਨਿੰਗ ਦਾ ਮਹਿਕਮਾ ਠੀਕ ਕੰਮ ਕਰ ਰਿਹਾ ਹੈ, ਉਹ ਜੋ ਕੁਝ ਕਰਦੇ ਹਨ ਠੀਕ ਕਰਦੇ ਹਨ ਲੇਕਿਨ ਪਬਲਿਕਮੈਨ ਉਨ੍ਹਾਂ ਤੇ ਨੁਕਤਾਚੀਨੀ ਕਰੇ ਇਹ ਗੱਲ ਠੀਕ ਨਹੀਂ ਹੈ। ਐਸੀ ਚੀਜ਼ ਦਾ ਸ਼ਿਕਾਰ ਥੋੜ੍ਹੇ ਦਿਨਾਂ ਵਿਚ ਡਿਪਟੀ ਕਮਿਸ਼ਨਰ ਸਾਹਿਬ ਹੋਣ ਵਾਲੇ ਹਨ। ਮੈਨੂੰ ਪਤਾ ਹੈ ਕਿ ਉਥੇ ਕੁਰੱਪਟ ਆਦਮੀਆਂ ਦੀ ਮੰਨੀ ਜਾਂਦੀ ਹੈ। ਸੋ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਆਈ. ਏ. ਐਸ. ਅਫਸਰਾਂ ਨੂੰ ਇਗਨੋਰ ਨਹੀਂ ਕਰਨਾ ਚਾਹੀਦਾ।

ਡਿਪਟੀ ਸਪੀਕਰ ਸਾਹਿਬ ਤੁਹਾਡਾ ਧੰਨਵਾਦ। (ਥੰਪਿੰਗ)

ਸਰਦਾਰ ਪ੍ਰੇਮ ਸਿੰਘ ਪ੍ਰੇਮ : (ਰਾਏਪੁਰ): ਡਿਪਟੀ ਸਪੀਕਰ ਸਾਹਿਬ, ਜੋ ਸਪਲੀਮੈਂਟਰੀ ਡਿਮਾਂਡਜ਼ ਦੀ ਸੈਕੰਡ ਇਨਸਟਾਲਮੈਂਟ ਪੇਸ਼ ਹੋਈ ਹੈ ਇਸ ਵਿਚ ਕੁੱਝ ਮੱਦਾਂ ਜਿਸ ਤਰ੍ਹਾਂ ਕਿ ਮੁਲਾਜ਼ਮਾਂ ਦੇ ਐਡੀਸ਼ਨਲ ਡੀ. ਏ. ਦੀ ਹੈ, ਜਾਂ ਬੈਕਵਰਡ ਕਲਾਸਿਜ਼ ਦੀ ਹੈ, ਇਹ ਤਾਂ ਐਸੀਆਂ ਹਨ ਜਿਨ੍ਹਾਂ ਬਾਰੇ

ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਹੋਰ ਮੱਦਾਂ ਹਨ ਜਿਨ੍ਹਾਂ ਬਾਰੇ ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਕੁੱਝ ਦੱਸਣਾ ਚਾਹੁੰਦਾ ਹਾਂ।

ਡੀਮਾਂਡ ਨੰਬਰ 29 ਫਲੱਡਜ਼ ਦੇ ਬਾਰੇ ਹੈ। ਆਪ ਨੂੰ, ਡਿਪਟੀ ਸਪੀਕਰ ਸਾਹਿਬ, ਪਤਾ ਹੈ ਕਿ ਪੰਜਾਬ ਵਿਚ ਫਲੱਡਜ਼ ਜਿਹੜੇ ਹਨ ਇਹ ਇਕ ਮਿਨੇਸ ਬਣ ਕੇ ਰਹਿ ਗਏ ਹਨ ਔਰ ਹਰ ਸਾਲ ਲੱਖਾਂ ਨਹੀਂ ਕਰੋੜਾਂ ਰੁਪਏ ਦਾ ਨੁਕਸਾਨ ਇਨ੍ਹਾਂ ਫਲੱਡਜ਼ ਦੇ ਜ਼ਰੀਏ ਹੁੰਦਾ ਹੈ। ਇਸ ਤੋਂ ਪਿਛਲੇ ਸਾਲ ਯਾਨੀ ਸੰਨ 1973 ਵਿਚ ਜਿਸ ਲਈ ਕਿ ਐਡੀਸ਼ਨਲ ਡੀਮਾਂਡ ਲਿਆ ਰਹੇ ਹਨ ਇਸ ਵਿਚ ਇਕ ਵਾਰ ਨਹੀਂ ਤਿੰਨ ਵਾਰ ਨੁਕਸਾਨ ਹੋਇਆ ਹੈ। ਪਹਿਲਾਂ ਪ੍ਰੀ-ਮੂਨਸੂਨ ਰੇਨਜ਼ ਨਾਲ ਫਿਰ ਮੂਨਸੂਨਜ਼ ਨਾਲ ਤੇ ਫਿਰ ਪੋਸਟ-ਮੂਨਸੂਨ ਰੇਨਜ਼ ਨਾਲ ਫਸਲਾਂ ਵਾਸ਼ ਆਊਟ ਹੋ ਗਈਆਂ ਹਨ। ਪਿਛਲੇ ਸਾਲਾਂ ਤੋਂ ਜਦੋਂ ਤੋਂ ਕਿ ਅਸੀਂ ਰੀਲੀਫ ਦੇਣ ਤੇ ਖਰਚਾ ਕਰਦੇ ਚਲੇ ਆ ਰਹੇ ਹਾਂ ਜਾਂ ਕਰਜ਼ਿਆਂ ਦੀ ਸ਼ੇਪ ਵਿਚ ਕਰਦੇ ਚਲੇ ਆ ਰਹੇ ਹਾਂ ਜੇਕਰ ਉਸ ਦਾ ਸਾਰਾ ਹਿਸਾਬ ਕਿਤਾਬ ਲਗਾਇਆ ਜਾਵੇ ਤਾਂ ਪੰਜਾਬ ਦੀ ਸਰਕਾਰ ਨੂੰ ਫਲੱਡਜ਼ ਨੂੰ ਰੋਕਣ ਲਈ ਤੇ ਡਰੇਨਜ਼ ਉਤੇ ਉਸ ਤੋਂ ਘੱਟ ਖਰਚ ਕਰਨਾ ਪੈਂਦਾ।

ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਫਲੱਡਜ਼ ਦੀ ਖਾਤਰ ਬਹੁਤ ਮਾਰਿਆ ਹੋਇਆ ਹਾਂ ਕਿਉਂਕਿ ਘੱਗਰ ਤੇ ਟਾਂਗਰੀ ਨੇ ਮੇਰਾ ਖਹਿੜਾ ਨਹੀਂ ਛੱਡਿਆ। ਇਨ੍ਹਾਂ ਵਲੋਂ ਜੇਕਰ ਮੈਂ ਦੂਸਰੇ ਹਲਕੇ ਵਲ ਭੱਜਾ ਹਾਂ ਤਾਂ ਮਾਰਕੰਡਾ ਵੀ ਉਥੇ ਆ ਪੁਜਿਆ ਹੈ। ਮੇਰਾ ਬਦਕਿਸਮਤੀ ਨਾਲ ਉਹ ਇਲਕਾ ਹੈ ਮੇਰੀ ਮੁਰਾਦ ਪਟਿਆਲੇ ਜ਼ਿਲ੍ਹੇ ਦੇ ਭੁਨਰਹੇੜੀ ਬਲਾਕ ਤੋਂ ਹੈ ਜਿਹੜਾ ਕਿ ਬੈਕਵਰਡ ਵੀ ਡਿਕਲੇਅਰ ਕੀਤਾ ਹੋਇਆ ਹੈ। ਸਾਹਮਣੇ ਹਰਿਆਣੇ ਦੇ ਪਿੰਡਾਂ ਵਿਚ ਬਿਜਲੀਆਂ ਜਗਦੀਆਂ ਹਨ, ਮੰਡੀਆਂ ਡਿਵੈਲਪ ਹੋਈਆਂ ਹਨ ਪਰ ਉਸ ਦੇ ਮੁਕਾਬਲੇ ਵਿਚ ਜਦੋਂ ਇਥੇ ਪਾਣੀ ਆਉਂਦਾ ਹੈ ਤਾਂ ਉਸ ਦੀ ਕੋਈ ਰਸਾਈ ਨਹੀਂ ਹੈ। ਬਦਕਿਸਮਤੀ ਨਾਲ ਟਾਂਗਰੀ ਤੇ ਮਾਰਕੰਡਾ ਤੇ ਕੋਈ ਪੁਲ ਵੀ ਨਹੀਂ ਹੈ। ਜੇਕਰ ਕਿਸੇ ਦੀ ਡਿਲਿਵਰੀ ਹੋਣੀ ਹੋਵੇ ਤਾਂ ਉਹ ਔਰਤਾਂ ਪੇਨਜ਼ ਨਾਲ ਮਰ ਜਾਂਦੀਆਂ ਹਨ ਉਨ੍ਹਾਂ ਨੂੰ ਕੋਈ ਮੈਡੀਕਲ ਏਡ ਨਹੀਂ ਪਹੁੰਚਦੀ। ਸੰਨ 1973 ਵਿਚ ਸਰਕਾਰ ਨੇ ਕੁੱਝ ਹਿੱਲ ਜੁਲ ਕੀਤੀ ਹੈ ਔਰ ਇਸ ਦੀ ਬੜੀ ਮਿਹਰਬਾਨੀ ਹੈ ਕਿ ਫਲੱਡਜ਼ ਕੰਟਰੋਲ ਕਮੇਟੀ ਔਰ ਟੈਕਨੀਕਲ ਕਮੇਟੀ ਬਣਾ ਕੇ ਮਯਰਜ਼ ਲੈਣ ਦਾ ਫੈਸਲਾ ਕੀਤਾ ਹੈ ਔਰ ਉਨ੍ਹਾਂ ਨੇ ਕਿਹਾ ਹੈ ਕਿ ਪਟਿਆਲੇ ਦੀ ਬਹੇੜਾ ਰੋਡ ਤੇ ਮਾਰਕੰਡਾ ਨਦੀ ਤੇ ਬ੍ਰਿਜ ਬਣਾ ਦਿਤਾ ਜਾਵੇ। ਜਿਹੜੀ ਟਾਂਗਰੀ ਨਦੀ ਹੈ, ਉਸ ਦੀਆਂ ਜਿਹੜੀਆਂ ਵੈਗਰੀਜ਼ ਹਨ, ਉਨ੍ਹਾਂ ਨੂੰ ਰੋਕਣ ਵਾਸਤੇ ਉਥੇ ਬੰਧ ਬਣਾਇਆ ਜਾਵੇ। ਇਹ ਫੈਸਲਾ ਫਲੱਡ ਕੰਟਰੋਲ ਬੋਰਡ ਨੇ, ਜਿਸ ਦੀ ਪ੍ਰਧਾਨਗੀ ਚੀਫ ਮਨਿਸਟਰ ਸਾਹਿਬ ਨੇ ਕੀਤੀ ਅਤੇ ਜਿਥੇ ਫਾਈਨੈਂਸ ਮਨਿਸਟਰ ਸਾਹਿਬ ਵੀ ਮੌਜੂਦ ਸਨ, ਕੀਤਾ ਹੋਇਆ ਹੈ। ਮੈਂ ਫਾਈ-ਨੈਂਸ ਮਨਿਸਟਰ ਸਾਹਿਬ ਨੂੰ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਕੰਮ ਨੂੰ ਛੇਤੀ ਤੋਂ ਛੇਤੀ ਸ਼ੁਰੂ ਕਰਵਾਇਆ ਜਾਵੇ। ਪਿਛਲੇ ਸਾਲ ਜਦੋਂ ਫਲੱਡ ਆਏ ਸਨ ਤਾਂ ਰੈਵਿਨਿਊ ਮਨਿਸਟਰ ਸਾਹਿਬ ਮੇਰੇ ਨਾਲ ਇਸ ਨੂੰ ਵੇਖਣ ਗਏ ਸਨ। ਉਨ੍ਹਾਂ ਨੇ ਵੇਖਿਆ ਸੀ ਕਿ ਕੋਈ ਰਸਤਾ ਨਹੀਂ ਸੀ ਜਿਸ ਦੇ ਜ਼ਰੀਏ ਪਟਿਆਲੇ ਪੁੱਜਿਆ ਜਾ ਸਕੇ ਅਤੇ ਲੋਕ ਆਪਣਾ ਰਾਸ਼ਨ ਵੀ ਨਹੀਂ ਸੀ ਲਿਆ ਸਕਦੇ। ਮੈਂ ਅਰਜ਼ ਕਰਦਾ ਹਾਂ ਕਿ ਇਹ ਕੰਮ ਫਲੱਡ ਕੰਟਰੋਲ ਬੋਰਡ ਵਿਚੋਂ ਨਿਕਲ ਗਿਆ ਹੈ ਅਤੇ ਇਸ ਨੂੰ ਪਰਾਇਰਿਟੀ ਦੇ ਕੇ, ਜਿਸ ਤਰ੍ਹਾਂ ਸਰਕਾਰ ਬਾਰਡਰ ਏਰੀਆਜ਼ ਨੂੰ, ਬੈਕਵਰਡ ਏਰੀਆਜ਼ ਨੂੰ, ਪਰਾਇਰਿਟੀ ਦਿੰਦੀ ਹੈ, ਇਸ ਇਲਾਕੇ ਵਾਸਤੇ ਇਹ ਦੋ ਪਰਾਇਰਿਟੀਆਂ ਲਗਾ ਦਿੱਤੀਆਂ ਜਾਣ ਅਤੇ ਇਹ ਪੁਲ ਜਲਦੀ ਸ਼ੁਰੂ ਕੀਤਾ ਜਾਵੇ। ਇਸ ਦੇ ਨਾਲ ਨਾਲ 36,37 ਜਾਂ 40 ਪਿੰਡ ਜਿਹੜੇ ਹਨ ਉਹ ਦੂਜੇ ਪਾਸੇ ਆ ਨਹੀਂ ਸਕਦੇ ਜਦੋਂ ਫਲੱਡ ਆਉਂਦਾ ਹੈ, ਇਨ੍ਹਾਂ ਲਈ ਇਕ ਮੈਟਰਨਿਟੀ ਸੈਂਟਰ ਅਤੇ ਇਕ ਡਿਸਪੈਂਸਰੀ ਖੋਲ੍ਹ ਦੇਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦੀ ਮੁਸੀਬਤ ਦਾ ਹੱਲ ਹੋ ਸਕੇ।

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਦੂਜੀ ਮੱਦ ਬਾਰੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮਾਡਲ ਵਿਲੇਜਿਜ਼ ਦੇ ਵਾਸਤੇ ਫਾਈਨੈਂਸ ਮਨਿਸਟਰ ਸਾਹਿਬ ਨੇ ਜਿਹੜਾ ਰੁਪਿਆ ਮੰਗਿਆ ਹੈ, ਉਸ ਬਾਰੇ ਮੈਨੂੰ ਬੜੀ ਹੈਰਾਨੀ ਨਾਲ ਕਹਿਣਾ ਪੈਂਦਾ ਹੈ ਕਿ ਮਾਡਲ ਵਿਲੇਜਿਜ਼ ਸਕੀਮ ਬਣੀ ਤਾਂ ਜ਼ਰੂਰ ਹੈ ਪਰ ਇਸ ਤਰਫ ਅਮਲ ਬੜਾ ਘੱਟ ਹੋਇਆ ਹੈ। ਇਸ ਡੀਮਾਂਡ ਨੂੰ ਜੇ ਤੁਸੀਂ ਪੜ੍ਹੋਗੇ, ਉਸ ਦੇ ਥੱਲੇ ਐਕਸਪਲੇਨੇਸ਼ਨ ਦਿੱਤੀ ਹੋਈ ਹੈ, ਉਸ ਤੋਂ ਪਤਾ ਲਗਦਾ ਹੈ ਕਿ ਪਿਛਲੇ ਸਾਲ ਤੋਂ ਪਿਛਲੇ ਸਾਲ ਵੀ ਇਹ ਰੁਪਿਆ ਅਨ-ਯੂਟੀਲਾਈਜ਼ਡ ਪਿਆ ਰਿਹਾ ਅਤੇ ਅਗਲੇ ਸਾਲ ਦੇ ਬਜਟ ਵਿਚ ਮਿਲਿਆ। 1973 ਵਿਚ ਭਾਵੇਂ ਰੁਪਿਆ ਹੋਰ ਮੰਗ ਲਿਆ, ਪਰ ਜਦੋਂ ਵੱਟਾ-ਖਾਤਾ ਬੰਦ ਕਰਨਗੇ ਤਾਂ 1974-75 ਵਿਚ ਵੀ ਇਹ ਰੁਪਿਆ ਅਨ-ਯੂਟਿਲਾਈਜ਼ਡ ਹੀ ਮਿਲੇਗਾ। ਜਿਥੇ ਕੰਮ ਸ਼ੁਰੂ ਹੋਇਆ ਸੀ, ਉਥੇ ਹੀ ਪਿਆ ਹੋਇਆ ਹੈ। ਰੁਪਿਆ ਮਨਜ਼ੂਰ ਕਰ ਦਿੰਦੇ ਹਨ, ਪਰ ਖਰਚ ਕੋਈ ਨਹੀਂ ਹੁੰਦਾ ਇਹ ਰੁਪਿਆ ਜਿਹੜਾ ਮਾਡਲ ਵਿਲੇਜਿਜ਼ ਵਾਸਤੇ ਰਖਿਆ ਗਿਆ ਹੈ ਇਹ ਖਰਚ ਕੀਤਾ ਜਾਵੇ ਅਤੇ ਉਨ੍ਹਾਂ ਮਾਡਲ ਵਿਲੇਜਿਜ਼ ਦਾ ਕੰਮ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਵੈਸੇ ਤਾਂ ਜੇ ਮੈਨੂੰ ਟਾਈਮ ਦਿਤਾ ਜਾਵੇਗਾ ਤਾਂ ਮੈਂ ਜਨਰਲ ਬਜਟ ਤੇ ਅਰਜ਼ ਕਰਾਂਗਾ, ਪਰ ਇਥੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਫਲੱਡਜ਼ ਵਾਸਤੇ ਅਗਲੇ ਬਜਟ ਵਿਚ 3 ਕਰੋੜ ਰੁਪਿਆ ਜੋ ਰਖਿਆ ਗਿਆ ਹੈ, ਇਹ ਥੋੜ੍ਹਾ ਹੈ। ਹੁਣ ਤਾਂ ਸਰਕਾਰ ਦੀ ਇਹ ਖੁਸ਼ਕਿਸਮਤੀ ਵੀ ਹੈ ਕਿ ਸ਼ਰਾਬ ਦੇ ਠੇਕੇ ਇਸ ਦਫਾ ਬਹੁਤ ਮਹਿੰਗੇ ਵਿਕੇ ਹਨ, ਚੰਗੇ ਪੈਸੇ ਮਿਲੇ ਹਨ ਅਤੇ ਕਾਫੀ ਰੁਪਿਆ ਇਨ੍ਹਾਂ ਕੋਲ ਆ ਜਾਵੇਗਾ, ਜੇ ਇਹ ਰੁਪਿਆ ਫਲੱਡਜ਼ ਦੇ ਪਾਸੇ ਖਰਚ ਕਰ ਦਿੱਤਾ ਜਾਵੇ ਤਾਂ ਇਹ ਮਸਲਾ ਹੱਲ ਹੋ ਸਕਦਾ ਹੈ।

ਮੈਂ ਡਿਪਟੀ ਸਪੀਕਰ ਸਾਹਿਬ, ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਫਾਈਨੈਂਸ ਮਨਿਸਟਰ ਸਾਹਿਬ ਨੂੰ ਇਨ੍ਹਾਂ ਪੁਆਇੰਟਸ ਤੇ ਅਰਜ਼ ਕਰਦਾ ਹਾਂ ਕਿ ਉਹ ਇਸ ਪਾਸੇ ਖਾਸ ਤਵੱਜੋ ਦੇ ਕੇ ਲੋਕਾਂ ਦੀਆਂ ਤਕਲੀਫਾਂ ਦੂਰ ਕਰਨ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ (ਜਲਾਲਾਬਾਦ): ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਮੱਦਾਂ ਵਿਚ ਇਕ ਐਸੀ ਮੱਦ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਹੜੀ ਕਿ ਜਨਰਲ ਐਡਮਨਿਸਟਰੇਸ਼ਨ ਬਾਰੇ ਹੈ। ਸਰਕਾਰ ਦਾ ਜਿਹੜਾ ਪ੍ਰਬੰਧ ਹੈ ਇਹ ਕਿਸ ਕਿਸਮ ਦਾ ਹੈ, ਜੇ ਇਸ ਬਾਰੇ ਇਹ ਕਿਹਾ ਜਾਵੇ ਕਿ ਇਹ ਦੁਰਪ੍ਰਬੰਧ ਹੈ ਤਾਂ ਵੀ ਠੀਕ ਗੱਲ ਹੋ ਸਕਦੀ ਹੈ। ਇਸ ਬਾਰੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅੱਜ ਕੀ ਹਾਲਤ ਹੈ ਹਰ ਜਗ੍ਹਾ ਕੀ ਹੋ ਰਿਹਾ ਹੈ, ਪੁਲਿਸ ਦੀ ਫਾਇਰਿੰਗ ਹੋ ਰਹੀ ਹੈ, ਉਨ੍ਹਾਂ ਕਿਸਾਨਾਂ ਤੇ ਫਾਇਰਿੰਗ ਹੋ ਰਹੀ ਹੈ ਜਿਨ੍ਹਾਂ ਨੂੰ ਡੀਜ਼ਲ ਨਹੀਂ ਮਿਲਦਾ, ਖਾਦ ਨਹੀਂ ਮਿਲਦੀ ਅਤੇ ਜਿਹੜੇ ਮੌਕੇ ਤੇ ਜਾ ਕੇ ਲਾਈਨਾਂ ਵਿਚ ਖੜੇ ਹੋਣ ਤਾਂ ਪੁਲਿਸ ਲਾਠੀ ਚਾਰਜ ਕਰਦੀ ਹੈ, ਫਾਇਰਿੰਗ ਕਰਦੀ ਹੈ। ਇਹ ਹੈ ਇਨ੍ਹਾਂ ਦਾ ਪ੍ਰਬੰਧ। ਜੇ ਇਸ ਤਰ੍ਹਾਂ ਹੀ ਹੁੰਦਾ ਰਿਹਾ ਤਾਂ ਪੰਜਾਬ ਦੀ ਪੈਦਾਵਾਰ ਕਿਸ ਤਰ੍ਹਾਂ ਵੱਧ ਸਕਦੀ ਹੈ ? ਇਹ ਇਨ੍ਹਾਂ ਦੇ ਪ੍ਰਬੰਧ ਦਾ ਹਾਲ ਹੈ। ਜਦੋਂ ਕਿਸਾਨ ਆਪਣਾ ਪੁਰਅਮਨ ਮੁਜ਼ਾਹਰਾ ਚਲਾ ਕੇ ਆਪਣੀ ਵੱਧ ਆਵਾਜ਼ ਬੁਲੰਦ ਕਰਦੇ ਹਨ ਉਹ ਵੀ ਸਿਰਫ ਡੀਜ਼ਲ ਅਤੇ ਖਾਦ ਵਾਸਤੇ, ਦੂਜੀਆਂ ਚੀਜ਼ਾਂ ਦੀ ਗੱਲ ਨੂੰ ਤਾਂ ਤੁਸੀਂ ਪਾਸੇ ਰਖ ਦੇਵੋ, ਉਹ ਮੁਜ਼ਾਹਰਾ, ਜਿਸ ਨਾਲ ਕਿ ਪੈਦਾਵਾਰ ਵਧਣੀ ਹੈ ਜੇ ਕਿਸਾਨ ਇਹ ਡੀਜ਼ਲ ਅਤੇ ਖਾਦ ਮੰਗਦੇ ਹਨ, ਤਾਂ ਪੁਲਿਸ ਡਾਂਗਾਂ ਲੈ ਕੇ ਖੜੀ ਹੋ ਜਾਂਦੀ ਹੈ। ਪਰ ਇਥੇ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਜੋ ਬਲੈਕ ਕਰਦਾ ਹੈ, ਉਸ ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ, ਇਸ ਤਰ੍ਹਾਂ ਦਾ ਪ੍ਰਬੰਧ ਹੈ ਸਰਕਾਰ ਦਾ। ਇਹ ਇਸ ਕਰਕੇ ਹੈ ਕਿ ਜਿਹੜੇ ਅਫਸਰ ਹਨ, ਨੌਕਰਸ਼ਾਹੀ ਦਾ ਜਿਹੜਾ ਸਵਾਲ ਹੈ, ਉਸ ਕਰਕੇ ਇਹ ਕੁਝ ਹੋ ਰਿਹਾ ਹੈ। ਜਲਾਲਾਬਾਦ ਵਿਚ 6 ਅਗਸਤ, 1973 ਨੂੰ ਸਾਡੇ ਕਮਿਊਨਿਸਟ ਵਰਕਰਾਂ ਵਲੋਂ ਸ਼ੂਗਰ ਮਿਲ ਨੂੰ ਖੋਲ੍ਹਣ ਵਾਸਤੇ ਅੰਦੋਲਨ ਕੀਤਾ ਗਿਆ ਅਤੇ ਵਰਕਰਜ਼ ਦੀਆਂ ਗ੍ਰਿਫਤਾਰੀਆਂ ਹੋਈਆਂ। ਜਲਾਲਾਬਾਦ ਦੇ ਸਤਨਾਮ ਸਿੰਘ ਸੇਠੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਉਸ ਤੋਂ ਬਾਅਦ ਗ੍ਰਿਫਤਾਰ ਕੀਤੇ ਵਰਕਰਾਂ ਨੂੰ ਰਿਹਾ ਕਰਨ ਵਾਸਤੇ

ਚੀਫ ਮਨਿਸਟਰ ਸਾਹਿਬ ਦਾ, ਸਰਕਾਰ ਦਾ ਹੁਕਮਨਾਮਾ ਵੀ ਜਾਰੀ ਹੋ ਗਿਆ ਅਤੇ ਉਥੋਂ ਦੇ ਡੀ. ਸੀ. ਸਾਹਿਬ ਨੂੰ ਕਿਹਾ ਕਿ ਇਨ੍ਹਾਂ ਦੇ ਵਿਰੁਧ ਕੇਸਾਂ ਨੂੰ ਵਾਪਸ ਲੈ ਲਿਆ ਜਾਵੇ, ਪਰ ਉਥੋਂ ਦੇ ਡੀ. ਸੀ. ਨੇ ਕਿਹਾ ਕਿ ਸਰਕਾਰ ਨੇ ਭਾਵੇਂ ਇਹ ਫੈਸਲਾ ਕਰ ਦਿੱਤਾ ਹੈ, ਮੈਂ ਕੇਸ ਵਾਪਸ ਨਹੀਂ ਲੈਣਾ। ਡਿਪਟੀ ਸਪੀਕਰ ਸਾਹਿਬ, ਜਿਸ ਸਰਕਾਰ ਦੇ ਅਫਸਰਾਂ ਦਾ ਇਹ ਹਾਲ ਹੋਵੇ ਕਿ ਉਹ ਸਰਕਾਰ ਦਾ ਕਹਿਣਾ ਹੀ ਨਹੀਂ ਮੰਨਦੇ, ਸਰਕਾਰ ਦਾ ਹੁਕਮ ਹੀ ਨਹੀਂ ਮੰਨਦੇ, ਉਥੇ ਪ੍ਰਬੰਧ ਕਿਸ ਤਰ੍ਹਾਂ ਠੀਕ ਹੋ ਸਕਦਾ ਹੈ। ਜੋ ਕੋਈ ਬਲੈਕ ਕਰਦਾ ਹੈ ਤਾਂ ਉਨ੍ਹਾਂ ਤੇ ਅਫਸਰ ਕੋਈ ਕਾਰਵਾਈ ਨਹੀਂ ਕਰਦੇ, ਪਰ ਜਿਹੜਾ ਕੋਈ ਜਾਇਜ਼ ਕੰਮ ਹੋਵੇ ਉਹ ਕਰਨ ਵਾਸਤੇ ਤਿਆਰ ਨਹੀਂ। ਮੁੱਖ ਮੰਤਰੀ ਸਾਹਿਬ ਦਾ ਫਰਮਾਨ ਵੀ ਡੀ. ਸੀ. ਨਹੀਂ ਮੰਨਦਾ।

ਮੁੱਖ ਮੰਤਰੀ ਸਾਹਿਬ ਨੇ ਇਹ ਫਰਮਾਇਆ ਸੀ ਕਿ ਦਫਾ 144 ਇਸ ਕਰਕੇ ਲਗਾਈ ਜਾਂਦੀ ਹੈ ਤਾਂ ਕਿ ਜਮਹੂਰੀਅਤ ਨੂੰ ਕਾਇਮ ਰਖਿਆ ਜਾ ਸਕੇ, ਪਰ ਇਹ ਚੀਜ਼ਾਂ, ਇਹ ਕਾਨੂੰਨ ਬਲੈਕੀਆਂ ਵਾਸਤੇ ਲਾਗੂ ਨਹੀਂ ਹੁੰਦੇ, ਉਹ ਜਿੰਨੀ ਮਰਜ਼ੀ ਹੇਰਾ ਫੇਰੀ ਕਰਦੇ ਰਹਿਣ, ਉਨ੍ਹਾਂ ਦੇ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਅਤੇ ਜਿਹੜੇ ਅਮਨ-ਪਸੰਦ ਲੋਕ ਹਨ, ਉਨ੍ਹਾਂ ਤੇ ਇਹ ਤਸ਼ੱਦਦ ਕੀਤਾ ਜਾਂਦਾ ਹੈ, ਇਹ ਚੀਜ਼ ਨਹੀਂ ਹੋਣੀ ਚਾਹੀਦੀ।

ਇਕ ਗਲ ਮੈਂ ਐਜੂਕੇਸ਼ਨ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। ਦਯਾਨੰਦ ਮੈਡੀਕਲ ਕਾਲਜ ਅਤੇ ਫਰੀਦਕੋਟ ਦੇ ਮੈਡੀਕਲ ਕਾਲਜ ਵਾਸਤੇ ਕੁਝ ਰੁਪਿਆ ਰਖਿਆ ਗਿਆ ਹੈ। ਦਯਾਨੰਦ ਕਾਲੇਜ ਵਿਚ ਕਿਨਾ ਚਿਰ ਤੋਂ ਹੜਤਾਲਾਂ ਚਲੀਆਂ ਆ ਰਹੀਆਂ ਹਨ, ਸਟੂਡੈਂਟਸ ਕਿਸ ਤਰ੍ਹਾਂ ਬੇਚੈਨ ਹਨ, ਕਿਸ ਤਰ੍ਹਾਂ ਅੰਦੋਲਨ ਹੋ ਰਿਹਾ ਹੈ ਅਤੇ ਕਿਸ ਤਰ੍ਹਾਂ ਸਟੂਡੈਂਟਸ ਧੱਕੇ ਖਾ ਰਹੇ ਹਨ। ਇਸ ਕਰਕੇ ਮੈਂ ਸਰਕਾਰ ਨੂੰ ਇਹ ਕਹਾਂਗਾ ਕਿ ਦਯਾਨੰਦ ਮੈਡੀਕਲ ਕਾਲਜ ਅਤੇ ਫਰੀਦਕੋਟ ਦੇ ਮੈਡੀਕਲ ਕਾਲਜ ਨੂੰ ਸਰਕਾਰ ਨੂੰ ਆਪਣੇ ਹੱਥਾਂ ਵਿੱਚ ਲੈ ਲੈਣਾ ਚਾਹੀਦਾ ਹੈ, ਸਾਡੀ ਸਰਕਾਰ ਨੂੰ ਸੋਸ਼ਲਿਜ਼ਮ ਵਲ ਕੋਈ ਤਾਂ ਕਦਮ ਚੁਕਣਾ ਚਾਹੀਦਾ ਹੈ, ਵੈਸੇ ਇਕ ਅੱਧੇ ਕਰੋੜ ਨਾਲ ਤਾਂ ਸੋਸ਼ਲਿਜ਼ਮ ਦੀ ਦੂਰ ਦੀ ਗੱਲ ਵੀ ਨਹੀਂ ਕੀਤੀ ਜਾ ਸਕਦੀ।

ਭ੍ਰਿਸ਼ਟਾਚਾਰ ਦੇ ਸਿਲਸਿਲੇ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਵਧਦਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ ਅਤੇ ਹਰ ਕੰਮ ਪੈਸੇ ਨਾਲ ਹੀ ਕੀਤਾ ਜਾਂਦਾ ਹੈ, ਜੇ ਇਕ ਪਾਸੇ ਪੈਸੇ ਦੇਣੇ ਪੈਂਦੇ ਹਨ ਤਾਂ ਦੂਜੇ ਪਾਸੇ ਵੀ ਪੈਸੇ ਦੇਣੇ ਪੈਂਦੇ ਹਨ, ਹਰ ਪਾਸੇ ਭ੍ਰਿਸ਼ਟਾਚਾਰ ਹੀ ਫੈਲਿਆ ਹੋਇਆ ਹੈ। ਜੇ ਹਾਲ ਇਸ ਤਰ੍ਹਾਂ ਹੀ ਰਿਹਾ ਜਿਹੜਾ ਕਿ ਇਸ ਵੇਲੇ ਹੋ ਚੁਕਾ ਹੈ ਤਾਂ ਸਰਕਾਰ ਵਿਚੋਂ ਲੋਕਾਂ ਦਾ ਵਿਸ਼ਵਾਸ ਉਠ ਜਾਵੇਗਾ। ਇਸ ਕਰਕੇ ਸਰਕਾਰ ਨੂੰ ਇਸ ਗਲ ਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ ਜਿਸ ਨਾਲ ਕੁਰਪਸ਼ਨ ਦੂਰ ਕੀਤੀ ਜਾ ਸਕੇ।

ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ। ਮੋਗਾ ਫਾਇਰਿੰਗ ਜਿਹੜੀ ਹੋਈ ਸੀ, ਉਸ ਦੇ ਬਾਰੇ ਜਿਹੜੀ ਇਨਕੁਆਇਰੀ ਹੋਈ ਸੀ, ਜਿਹੜੀ ਕਿ ਇਕ ਹਾਈ ਕੋਰਟ ਦੇ ਜੱਜ, ਜਸਟਿਸ ਗੁਜਰਾਲ ਨੇ ਕੀਤੀ ਸੀ, ਉਸ ਤੇ ਜਿਹੜਾ ਫਾਲੋ-ਅਪ ਐਕਸ਼ਨ ਹੈ ਉਹ ਹਾਲੀ ਤਕ ਨਹੀਂ ਲਿਆ ਗਿਆ। ਜਦੋਂ ਕਿ ਇਕ ਕਮਿਸ਼ਨ ਨੇ ਆਪਣੀ ਰਿਪੋਰਟ ਦੇ ਦਿੱਤੀ ਤਾਂ ਉਸ ਤੇ ਫਾਲੋ-ਅਪ ਐਕਸ਼ਨ ਹੋਣਾ ਚਾਹੀਦਾ ਸੀ ਅਤੇ ਲੋਕਾਂ ਦੀ ਤਸੱਲੀ ਹੋਣੀ ਚਾਹੀਦੀ ਸੀ। ਇਸ ਕਾਰਨ ਜਨਤਾ ਖੁਸ਼ ਨਹੀਂ ਹੈ। ਇਸ ਰਿਪੋਰਟ ਤੇ ਸਰਕਾਰ ਨੂੰ ਫਾਲੋ-ਅਪ ਐਕਸ਼ਨ ਲੈਣਾ ਚਾਹੀਦਾ ਹੈ ਅਤੇ ਜਲਦੀ ਇਸ ਚੀਜ਼ ਨੂੰ ਕਰਨਾ ਚਾਹੀਦਾ ਹੈ।

[ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ]

ਹੁਣ ਮੈਂ ਆਟੋ ਰਿਕਸ਼ਾ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਸਰਕਾਰ ਨੇ ਇਸ ਪਾਸੇ ਕੁਝ ਕੁ ਖਰਚ ਕੀਤਾ ਹੈ ਅਤੇ ਉਨ੍ਹਾਂ ਲੋਕਾਂ ਦੀ ਮਦਦ ਕੀਤੀ ਹੈ ਜਿਹੜੇ ਮਾਲਿਕ ਹੁੰਦੇ ਸਨ, ਉਹ ਕਿਰਾਏ ਤੇ ਦੇ ਕੇ ਆਟੋ-ਰਿਕਸ਼ਾਜ਼ ਦੇ ਪੈਸੇ ਲੈ ਜਾਂਦੇ ਸਨ। ਇਸ ਸਰਕਾਰ ਨੇ ਹਿੰਮਤ ਕੀਤੀ ਅਤੇ ਇਸ ਘਾਟੇ ਨੂੰ ਪੂਰਾ ਕੀਤਾ ਹੈ। ਪਰ ਇਸ ਬਾਰੇ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਸਰਕਾਰ ਨੇ ਕਰਜ਼ੇ ਦੀ ਕਿਸ਼ਤ 60 ਰੁਪਿਆ ਮਾਹਵਾਰ ਰੱਖੀ ਹੈ, ਇਹ ਜ਼ਿਆਦਾ ਹੈ, 60 ਰੁਪਏ ਮਜ਼ਦੂਰ ਨਹੀਂ ਦੇ ਸਕਦਾ। ਸਰਕਾਰ ਦੀ ਇਹ ਰਾਏ ਸੀ ਕਿ ਉਹ ਇਕ ਦਿਨ ਦੇ ਦੋ ਰੁਪਏ ਦੇ ਸਕਦੇ ਹਨ। ਇਸ ਬਾਰੇ ਗੱਲ ਇਹ ਹੈ ਕਿ ਉਹ ਮਜ਼ਦੂਰ ਜਿਹੜੇ ਪਹਿਲਾਂ ਦੋ ਰੁਪਏ ਦਿੰਦਾ ਸੀ, ਉਸ ਬਾਰੇ ਇਹ ਗੱਲ ਹੈ ਕਿ ਕੁਝ ਛੁੱਟੀਆਂ ਵੀ ਆ ਜਾਂਦੀਆਂ ਸਨ ਅਤੇ ਉਸ ਨੂੰ 60 ਰੁਪਏ ਨਹੀਂ ਸੀ ਦੇਣੇ ਪੈਂਦੇ, 35-40 ਰੁਪਏ ਹੀ ਦੇਣੇ ਪੈਂਦੇ ਸਨ। ਇਸ ਕਰਕੇ ਜੇ ਸਰਕਾਰ ਨੇ ਚੰਗਾ ਕੰਮ ਕੀਤਾ ਹੈ ਤਾਂ ਇਹ ਕਿਸ਼ਤ ਘਟਾ ਕੇ 40 ਰੁਪਏ ਮਾਹਵਾਰ ਕਰ ਦੇਣੀ ਚਾਹੀਦੀ ਹੈ। ਇਹ ਠੀਕ ਹੈ ਕਿ ਸਰਕਾਰ ਨੇ ਕਰਜ਼ਾ ਵਾਪਸ ਲੈਣਾ ਹੈ, ਪਰ ਜੇ ਆਸਾਨੀ ਨਾਲ ਉਹ ਲੋਕ ਇਸ ਨੂੰ ਦੇ ਸਕਣ ਤਾਂ ਚੰਗੀ ਗੱਲ ਹੈ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਅੰਮ੍ਰਿਤਸਰ ਸ਼ੂਗਰ ਮਿਲ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਮਿਲ ਬੰਦ ਪਈ ਹੈ, ਅਤੇ ਉਸ ਦਾ ਕਿੰਨਾ ਨੁਕਸਾਨ ਹੋਇਆ ਹੈ ਅਤੇ ਪੈਦਾਵਾਰ ਘੱਟ ਹੋਈ ਹੈ। ਇਸ ਬਾਰੇ ਮੈਂ ਮੰਗ ਕਰਦਾ ਹਾਂ ਕਿ ਭਾਵੇਂ ਸਰਕਾਰ ਨੇ ਉਨ੍ਹਾਂ ਲੋਕਾਂ ਦੀ ਕਾਫੀ ਮਦਦ ਕੀਤੀ ਹੈ, 50,000 ਰੁਪਏ ਦੀ ਮਦਦ ਕੀਤੀ ਹੈ, ਜੇ ਇਸ ਤਰ੍ਹਾਂ ਦੇ ਚੰਗੇ ਕੰਮ ਇਹ ਸਰਕਾਰ ਕਰੇ ਤਾਂ ਹੀ ਇਸ ਇਲਾਕੇ ਦੇ ਘਾਟੇ ਪੂਰੇ ਹੋ ਸਕਦੇ ਹਨ।

ਅਸੀਂ ਇਸ ਗਲ ਦੀ ਸ਼ਲਾਘਾ ਕਰਦੇ ਹਾਂ ਕਿ ਸਰਕਾਰ ਨੇ ਅੰਮ੍ਰਿਤਸਰ ਵਿਚ ਸਸਤੇ ਰੇਟ ਦੇ ਰਾਸ਼ਨ ਦਾ ਡੀਪੂ ਖੋਲ੍ਹਣ ਦਾ ਫੈਸਲਾ ਕੀਤਾ ਹੈ। ਘਟ ਆਮਦਨੀ ਵਾਲੇ ਲੋਕਾਂ ਨੂੰ 3 ਪ੍ਰਤੀਸ਼ਤ ਰਿਆਤੀ ਕੀਮਤਾਂ ਤੇ ਇਹ ਡੀਪੂ ਖਾਣ ਪੀਣ ਦੀਆਂ ਅਤੇ ਹੋਰ ਰੋਜ਼ਾਨਾਂ ਲੋੜ ਦੀਆਂ ਚੀਜ਼ਾਂ ਦੇਵੇਗਾ। ਇਹ ਇਕ ਬੜਾ ਚੰਗਾ ਕੰਮ ਹੈ ਪਰ ਅਸੀਂ ਕਹਿੰਦੇ ਹਾਂ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਸਸਤੇ ਡਿਪੂ ਦੀਆਂ ਸਕੀਮਜ਼ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਇਹ ਇਕ ਮਹਿੰਗਾਈ ਦਾ ਜ਼ਮਾਨਾ ਹੈ। ਜਿਥੇ ਕਿਤੇ ਵੀ 250 ਰਾਸ਼ਨ ਕਾਰਡਾਂ ਰਾਹੀਂ ਲੋਕ ਇਕਠੇ ਰਾਸ਼ਨ ਲੈਣ, ਉਨ੍ਹਾਂ ਦੇ ਲਈ ਇਸ ਤਰ੍ਹਾਂ ਦਾ ਡੀਪੂ ਹੋਣਾ ਚਾਹੀਦਾ ਹੈ। ਗਰੀਬ ਆਦਮੀ ਇਸ ਮਹਿੰਗਾਈ ਦੇ ਜ਼ਮਾਨੇ ਵਿਚ ਇਸ ਤਰ੍ਹਾਂ ਦਾ ਰਾਸ਼ਨ ਦਾ ਸਾਮਾਨ ਵੀ ਖਰੀਦ ਨਹੀਂ ਸਕਦਾ। ਮਜ਼ਦੂਰ ਦੀ ਜ਼ਿੰਦਗੀ ਵਿਚ, ਕਿਸਾਨ ਦੀ ਜ਼ਿੰਦਗੀ ਵਿਚ ਅਤੇ ਇਕ ਆਮ ਆਦਮੀ ਦੀ ਜ਼ਿੰਦਗੀ ਵਿਚ ਸੁਧਾਰ ਲਿਆਂਦਾ ਜਾਵੇ ਅਤੇ ਉਸ ਨੂੰ ਤਬਾਹ ਹੋਣ ਤੋਂ ਬਚਾਇਆ ਜਾਵੇ।

ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਐਲਾਨ ਕੀਤਾ ਸੀ ਕਿ ਮਾਰਚ 1974 ਤੱਕ ਸਾਰੀਆਂ ਸੜਕਾਂ ਬਣਾ ਦਿੱਤੀਆਂ ਜਾਣਗੀਆਂ ਪਰ ਜਲਾਲਾਬਾਦ ਦੇ ਹਲਕੇ ਵਿਚ ਅਜੇ ਤੱਕ ਇਕ ਸੜਕ ਵੀ ਨਹੀਂ ਬਣਾਈ ਗਈ, 31 ਮਾਰਚ, 1974 ਕੀ, ਸਾਨੂੰ ਤਾਂ 1976 ਤੱਕ ਵੀ ਬਨਣ ਦੀ ਆਸ ਨਹੀਂ ਜਿਸ ਢੰਗ ਨਾਲ ਸਾਡੇ ਇਲਾਕੇ ਵਿਚ ਕੰਮ ਚਲ ਰਿਹਾ ਹੈ। ਸਾਡੇ ਇਲਾਕੇ ਨੂੰ ਤਾਂ ਭੁਲ ਹੀ ਜਾਂਦੇ ਹਨ ਜਦੋਂ ਵੀ ਕੋਈ ਹਿਸੇ ਬਹਿੰਦੀ ਚੀਜ਼ ਦੇਣ ਦਾ ਸਵਾਲ ਆਉਂਦਾ ਹੈ, ਕੀ ਸਕੂਲ, ਕੀ ਰਾਸ਼ਨ ਸਾਰੀਆਂ ਚੀਜ਼ਾਂ ਦੀ ਸਾਡੇ ਵਾਸਤੇ ਕੋਈ ਰਿਆਇਤ ਨਹੀਂ। ਏਥੇ ਤੱਕ ਕਿ ਜੇ ਬਣੇ ਬਣਾਏ ਪਰਮਿਟ ਤੇ ਡੀ. ਸੀ ਕੋਲ ਦਸਤਖਤ ਕਰਾਉਣ ਦੇ ਵਾਸਤੇ ਵੀ ਜਾਈਏ ਤਾਂ ਡੀ. ਸੀ. ਪਰਮਿਟ ਤੇ ਦਸਤਖਤ ਤੱਕ ਨਹੀਂ ਕਰਦਾ, ਹਮੇਸ਼ਾ ਜਲਾਲਾਬਾਦ ਦੇ ਹਲਕੇ ਨਾਲ ਧੱਕਾ ਹੁੰਦਾ ਹੈ। ਫਿਰ ਫਾਜ਼ਿਲਕਾ ਦੇ ਜਾਣ ਆਣ ਵਾਲਿਆਂ ਨੂੰ ਬੜੀ ਦੇਰ ਤੋਂ ਇਹ ਤਕਲੀਫ ਹੈ ਕਿ ਏਥੇ 3-4 ਮੀਲ ਦੇ ਏਰੀਆ ਵਿਚ ਇਕ ਪਾਸੇ ਸਤਲੁਜ ਦਰਿਆ ਵਗਦਾ ਹੈ ਦੂਸਰੇ ਪਾਸੇ ਦਰਿਆ ਦੀ ਮਾਰ ਦੀ ਜ਼ਮੀਨ ਹੈ। ਜਦੋਂ ਪਾਕਿਸਤਾਨ ਦੀ ਲੜਾਈ ਹੋਈ ਇਸ ਇਲਾਕੇ ਦੇ ਲੋਕਾਂ ਨੂੰ ਬੜਾ ਹੀ ਨੁਕਸਾਨ

ਹੋਇਆ ਕਿਉਂ ਜੋ ਨਾ ਕੋਈ ਆਵਾਜਾਈ ਦੇ ਏਥੇ ਸਾਧਨ ਹਨ ਅਤੇ ਨਾ ਹੀ ਕਿਸਾਨ ਜਿਹੜਾ ਇਸ ਜ਼ਮੀਨ ਨੂੰ ਆਬਾਦ ਕਰਦਾ ਹੈ ਉਸ ਦੇ ਲਈ ਡੀਜ਼ਲ ਜਾਂ ਨਹਿਰ ਦੇ ਪਾਣੀ ਦੀਆਂ ਸਹੂਲਤਾਂ ਹਨ। ਦੂਸਰੇ ਪਾਸੇ ਬਾਰਡਰ ਦਾ ਇਲਾਕਾ ਨਾਲ ਹੈ। ਜਿਸ ਤਰ੍ਹਾਂ ਹੋਰ ਬਾਰਡਰ ਦੇ ਇਲਾਕੇ ਦੇ ਲੋਕਾਂ ਨੂੰ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਮੈਂ ਕਹਾਂਗਾ ਕਿ ਜਲਾਲਾਬਾਦ ਦੇ ਇਲਾਕੇ ਨੂੰ ਵੀ ਸਰਕਾਰ ਵਲੋਂ ਰਿਆਇਤ ਮਿਲਣੀ ਚਾਹੀਦੀ ਹੈ। ਫਿਰ ਅਜੇ ਤੱਕ ਏਥੇ ਕੋਈ ਮੁਜ਼ਾਰਿਆਂ ਦਾ ਮਸਲਾ ਹਲ ਨਹੀਂ ਹੋਇਆ, ਇਤਨੇ ਕਾਨੂੰਨ ਬਣੇ ਹਨ, ਪਟਵਾਰੀ ਮੁਜ਼ਾਰੇ ਨਾਲ ਗਲ ਕੀਤੇ ਬਗੈਰ ਹੀ ਉਸ ਨੂੰ ਬੇਦਖਲ ਕਰ ਦਿੰਦੇ ਹਨ। ਅਫਸਰਸ਼ਾਹੀ ਦਾ ਇਥੇ ਰਾਜ ਹੈ। ਜਦੋਂ ਸਤਲੁਜ ਦਰਿਆ ਵਗਦਾ ਹੈ ਤਾਂ ਤਿੰਨ-ਚਾਰ ਮੀਲ ਦੇ ਅੰਦਰ ਪਾਣੀ ਹੀ ਪਾਣੀ ਵਗਦਾ ਹੈ, ਅਜੇ ਤੱਕ ਕੋਈ ਸੜਕ, ਕੋਈ ਡੰਗਰਾਂ ਦਾ ਹਸਪਤਾਲ ਜਾਂ ਪ੍ਰਾਇਮਰੀ ਹੈਲਥ ਸੈਂਟਰ ਇਸ ਇਲਾਕੇ ਨੂੰ ਨਹੀਂ ਦਿੱਤਾ ਗਿਆ। ਸਰਕਾਰ ਦੀ ਆਪਣੀ ਰਿਪੋਰਟ ਹੈ ਕਿ ਇਸ ਇਲਾਕੇ ਵਿਚ ਪਸ਼ੂਆਂ ਦੀਆਂ ਆਮ ਮੌਤਾਂ ਹੁੰਦੀਆਂ ਹਨ, ਪਰ ਸਰਕਾਰ ਹਮੇਸ਼ਾਂ ਇਸ ਇਲਾਕੇ ਨੂੰ ਕੁਝ ਦੇਣ ਵਾਸਤੇ ਢਿਲ ਕਰਦੀ ਹੈ। ਜਦੋਂ ਸਕੂਲ ਦੇਣ ਦਾ ਸਵਾਲ ਹੋਵੇ ਤਾਂ ਜਿਹੜੇ ਹਲਕੇ ਦੇ ਵਜ਼ੀਰ ਹੋਣ ਓਧਰ ਹੀ ਸਕੂਲ ਜਾਂਦੇ ਹਨ, ਜਿਵੇਂ ਅੰਨ੍ਹਾ ਵੰਡੇ ਰੇੜੀਆਂ ਮੁੜ ਘਿੜ ਆਪਣਿਆਂ ਨੂੰ। ਇਹ ਸਾਰੀ ਜਨਤਾ ਸਮਝਦੀ ਹੈ ਕਿ ਉਹ ਇਸ ਤਰ੍ਹਾਂ ਕਿਉਂ ਕਰਦੇ ਹਨ। ਮੈਂ ਇਹ ਗਲ ਕਹਾਂਗਾ ਕਿ ਜਲਾਲਾਬਾਦ ਦਾ ਜਿਹੜਾ ਏਰੀਆ ਹੈ ਇਹ ਬਹੁਤ ਹੀ ਪਛੜਿਆ ਹੋਇਆ, ਬੈਕਵਰਡ ਏਰੀਆ ਹੋਣ ਕਰਕੇ ਇਸ ਦਾ ਪਛੜਾਪਨ ਦੂਰ ਕਰਨ ਲਈ ਉਚੇਚੇ ਸਾਧਨ ਵਰਤੇ ਜਾਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਬੇਸ਼ਕ ਇਸ ਹਲਕੇ ਦੀ ਲਿਸਟ ਮੰਗਵਾ ਕੇ ਪੜ੍ਹ ਲਓ, ਤਾਲੀਮ ਦੇ ਲਿਹਾਜ਼ ਨਾਲ ਇਹ ਇਲਾਕਾ ਪਿਛੇ ਹੈ, ਏਥੇ ਨਾ ਕੋਈ ਹੈਲਥ ਸੈਂਟਰ, ਨਾ ਕੋਈ ਹਸਪਤਾਲ, ਨਾ ਕੋਈ ਡੰਗਰਾਂ ਦਾ ਹਸਪਤਾਲ ਨਾ ਕੋਈ ਡਿਸਪੈਂਸਰੀ ਨੇੜੇ ਤੇੜੇ ਹੈ। ਪ੍ਰਾਇਮਰੀ ਸਕੂਲ ਵੀ ਬੜੀ ਮੁਸ਼ਕਲ ਨਾਲ, ਜਦੋਂ ਕਿ ਦੂਸਰਿਆਂ ਇਲਾਕਿਆਂ ਵਿਚ ਪ੍ਰਾਇਮਰੀ ਤੋਂ ਹਾਈ ਸਕੂਲ ਬਣ ਗਏ ਹਨ, ਇਥੇ ਹੁਣ ਖੁਲ੍ਹੇ ਹਨ। ਇਹ ਸਾਰੇ ਦੇਸ਼ ਦੀ ਰਾਖੀ ਕਰਨ ਵਾਲਾ ਬਾਰਡਰ ਦਾ ਇਲਾਕਾ ਹੈ, ਇਸ ਤਰ੍ਹਾਂ ਇਸ ਨਾਲ ਵਿਤਕਰੇ ਭਰਿਆ ਸਲੂਕ ਨਹੀਂ ਹੋਣਾ ਚਾਹੀਦਾ। ਡਿਫੈਂਸ ਦੇ ਲਿਹਾਜ਼ ਨਾਲ ਨਾਲੇ ਖੋਦਣ ਦੀਆਂ, ਨਹਿਰਾਂ ਕਢਣ ਦੀਆਂ ਸਕੀਮਾਂ ਸਨ, ਪਰ ਅਜੇ ਤੱਕ ਪੂਰੀ ਤਰ੍ਹਾਂ ਕੋਈ ਪ੍ਰਬੰਧ ਨਹੀਂ ਹੋਇਆ। ਕੁਝ ਲੋਕਾਂ ਨੇ ਜ਼ਮੀਨ ਆਬਾਦ ਕੀਤੀ ਪਰ ਉਨ੍ਹਾਂ ਨੂੰ ਸਹੂਲਤਾਂ ਨਾ ਮਿਲਣ ਤਾਂ ਉਹ ਕਿਵੇਂ ਮਿਹਨਤ ਕਰ ਸਕਦੇ ਹਨ। ਮੇਰੀ ਇਹ ਰਾਏ ਹੈ ਕਿ ਮਮਦੋਟ ਤੋਂ ਫਾਜ਼ਿਲਕਾ ਤੱਕ ਜੇ ਨਹਿਰ ਕਢੀ ਜਾਵੇ ਤਾਂ ਉਸ ਦੇ ਪਾਣੀ ਨਾਲ ਆਲੇ ਦੁਆਲੇ ਦਾ ਇਲਾਕਾ ਆਬਾਦ ਕੀਤਾ ਜਾ ਸਕਦਾ ਹੈ। ਮੇਰੀ ਇਹ ਰਾਏ ਮਨਿਸਟਰ ਸਾਹਿਬ ਨੂੰ ਪ੍ਰਵਾਨ ਕਰਨੀ ਚਾਹੀਦੀ ਹੈ। ਕਾਂਗਰਸ ਦੀ ਸਰਕਾਰ ਨੂੰ ਬਣਿਆਂ ਦੋ ਸਾਲ ਹੋ ਗਏ ਹਨ। ਮੁਜ਼ਾਰਾ ਐਕਟ ਨੂੰ ਬਣਿਆਂ ਵੀ 26 ਸਾਲ ਹੋ ਗਏ ਹਨ। ਪਰ ਅਜੇ ਤੱਕ ਮੁਜ਼ਾਰੇ ਉਨ੍ਹਾਂ ਲੋਕਾਂ ਰਾਹੀਂ ਬੇਦਖਲ ਕੀਤੇ ਜਾ ਰਹੇ ਹਨ, ਜਿਹੜੇ 2300 ਘੁਮਾਂ ਤੱਕ ਜ਼ਮੀਨਾਂ ਦੇ ਮਾਲਕ ਹਨ। ਛੋਟੇ ਕਿਸਾਨ ਵਿਚ ਬੇਚੈਨੀ ਫੈਲ ਰਹੀ ਹੈ। ਕੋਈ ਕਾਇਦਾ ਕਾਨੂੰਨ ਇਨ੍ਹਾਂ ਲੋਕਾਂ ਦੇ ਵਾਸਤੇ ਨਹੀਂ। ਇਹ ਲੋਕ ਧੜਾ ਧੜ ਇਕ ਪਟਵਾਰੀ ਦੀ ਮਰਜ਼ੀ ਨਾਲ ਬੇਦਖਲ ਕੀਤੇ ਜਾ ਰਹੇ ਹਨ। ਸਰਦਾਰ ਗੁਰਨਾਮ ਸਿੰਘ ਦੇ ਵਕਤ ਮੁਜ਼ਾਰਾ ਐਕਟ ਵਿਚ ਸੁਧਾਰ ਹੋਇਆ ਸੀ, ਫੇਰ ਉਸਦੇ ਵਿਚ ਬਦਲੀ ਕਰ ਦਿੱਤੀ ਅਤੇ ਬਿਨਾ ਪੁਛ ਪੜਤਾਲ ਕੀਤੇ ਹੁਣ ਪਟਵਾਰੀ ਦੀ ਮਰਜ਼ੀ ਨਾਲ ਹੀ ਕਿਸਾਨ ਨੂੰ ਬੇਦਖਲ ਕੀਤਾ ਜਾ ਸਕਦਾ ਹੈ। ਕੋਈ ਕਾਨੂੰਨ ਬਣਨਾ ਚਾਹੀਦਾ ਹੈ ਜਿਸ ਦੇ ਨਾਲ ਮੁਜ਼ਾਰਿਆਂ ਦੇ ਹੱਕਾਂ ਦੀ ਰਾਖੀ ਹੋਵੇ, ਇਹ ਨਹੀਂ ਹੋਣਾ ਚਾਹੀਦਾ ਕਿ ਇਕ ਖੇਤ ਮਜ਼ਦੂਰ ਜੋ ਆਪਣੀ ਜ਼ਿੰਦਗੀ ਦਾ ਬਹੁਤਾ ਹਿਸਾ ਜ਼ਮੀਨ ਨੂੰ ਆਬਾਦ ਕਰਨ ਤੇ ਲਾਉਂਦਾ ਹੈ 26 ਸਾਲ ਬਾਅਦ ਉਸ ਨੂੰ ਉਜਾੜ ਦਿੱਤਾ ਜਾਵੇ, ਇਹ ਨਹੀਂ ਹੋਣਾ ਚਾਹੀਦਾ। ਇਨ੍ਹਾਂ ਲਫਜ਼ਾਂ ਦੇ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਜੋ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ, ਉਮੀਦ ਹੈ ਤੁਸੀਂ ਮੇਰੀਆਂ ਇਹ ਬੇਨਤੀਆਂ ਜ਼ਰੂਰ ਪ੍ਰਵਾਨ ਕਰੋਗੇ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਇਹ ਸਪਲੀਮੈਂਟਰੀ ਐਸਟੀਮੇਟਸ ਵੈਸੇ ਤਾਂ ਮੇਰੀ ਕਮੇਟੀ ਰਾਹੀਂ ਹੀ ਤਿਆਰ ਹੋਏ ਹਨ, ਉਥੋਂ ਸਕਰੂਟਨੀ ਹੋ ਕੇ ਆਏ ਹਨ। ਡੀਮਾਂਡ: ਨੰ: 9 ਗਵਰਨਰ ਸਾਹਿਬ

[ਡਾਕਟਰ ਅਮੀਰ ਸਿੰਘ ਕਲਕਟ]

ਦੇ ਖਰਚੇ ਦੇ ਮੁੱਤਾਲਿਕ ਹੈ। ਇਹ ਖਰਚਾ ਉਨ੍ਹਾਂ ਦੇ ਆਪਣੇ ਡੀਪਾਰਟਮੈਂਟ ਰਾਹੀਂ ਹੁੰਦਾ ਹੈ, ਇਸ ਲਈ ਇਹ ਕੋਈ ਗਲ ਨਹੀਂ ਕਿ ਕਿਉਂ ਦਿਤਾ? ਇਹ ਤਾਂ ਹੋਣਾ ਲਾਜ਼ਮੀ ਹੈ, ਇਹ ਇਕ ਨੈਚੁਰਲ ਚੀਜ਼ ਹੈ, ਇਹ ਕੋਈ ਫਜ਼ੂਲ ਖਰਚੀ ਨਹੀਂ। ਡਿਪਟੀ ਸਪੀਕਰ ਸਾਹਿਬ, ਇਹ ਸਾਰੀਆਂ ਡਿਮਾਂਡਜ਼ 469.35 ਲਖ ਰੁਪਏ ਦੀਆਂ ਹਨ। ਇਹ ਬੜੀਆਂ ਆਸਾਨੀ ਨਾਲ ਪਾਸ ਹੋ ਜਾਣੀਆਂ ਚਾਹੀਦੀਆਂ ਹਨ। ਇਸਦੇ ਵਿਚ ਕੋਈ ਇਹੋ ਜਿਹੀ ਗਲ ਨਹੀਂ ਕਿ ਜਿਸ ਤੇ ਟੀਕਾ ਟਿੱਪਣੀ ਕਰਨ ਦੀ ਲੋੜ ਹੋਵੇ। ਬੜੀ ਅਫਸੋਸ ਦੀ ਗਲ ਹੈ ਕਿ ਇਹੋ ਜਿਹੇ ਬਿਲ ਤੇ ਵੀ ਆਪੋਜ਼ੀਸ਼ਨ ਪ੍ਰਾਪੇਗੰਡਾ ਕਰਨ ਤੋਂ ਨਹੀਂ ਹਟਦੀ। ਇਥੇ ਸਰਦਾਰ ਪ੍ਰਹਿਲਾਦ ਸਿੰਘ ਨੇ ਕਈ ਗਲਾਂ ਕਹੀਆਂ ਗਰੀਬੀ ਹਟਾਉਣ ਬਾਰੇ। ਇਸ ਬਾਰੇ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਗਰੀਬੀ ਹਟਣੀ ਹੈ, ਹਟ ਕੇ ਰਹਿਣੀ ਹੈ। ਯੂ. ਪੀ. ਵਿਚ ਇਨ੍ਹਾਂ ਨੇ ਬੜਾ ਜ਼ੋਰ ਲਗਾ ਲਿਆ ਹੈ ਜਿਥੇ ਵੀ ਜਾਂਦੇ ਸੀ ਉਥੇ ਹੀ ਬਾਦਲ ਸਾਹਿਬ ਖੜੇ ਹੁੰਦੇ ਸੀ। ਪਬਲਿਕ ਨੇ ਉਨ੍ਹਾਂ ਦੀਆਂ ਗਲਾਂ ਨਹੀਂ ਸੁਣੀਆਂ ਅਤੇ ਸਾਡੀਆਂ ਗਲਾਂ ਪਬਲਿਕ ਨੇ ਸੁਣੀਆਂ ਹਨ। ਅੱਜ ਜੋ ਉਥੇ ਦੀ ਜਨਤਾ ਨੇ ਸਾਡੇ ਪ੍ਰਧਾਨ ਮੰਤਰੀ ਨੂੰ ਆਪਣਾ ਪੂਰਾ ਵਿਸ਼ਵਾਸ਼ ਦਿਤਾ ਹੈ ਉਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਸਾਡੀ ਪਾਰਟੀ ਨੂੰ ਆਪਣਾ ਪੂਰਾ ਸਮਰਥਨ ਦਿਤਾ ਹੈ। ਇਸ ਤੇ ਮੈਂ ਪ੍ਰਧਾਨ ਮੰਤਰੀ ਜੀ ਨੂੰ ਅਤੇ ਆਪਣੀ ਪਾਰਟੀ ਨੂੰ ਵਧਾਈ ਦਿੰਦਾ ਹਾਂ (ਵਿਘਨ)

ਆਵਾਜ਼ਾਂ: ਵੋਟਾਂ 20 ਪ੍ਰਤੀਸ਼ਤ ਨਹੀਂ ਮਿਲੀਆਂ (ਵਿਘਨ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ** * *

ਸ਼੍ਰੀ ਡਿਪਟੀ ਸਪੀਕਰ : ਇਹ ਜੋ ਮੈਂਬਰ ਸਾਹਿਬ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਏ। (Whatever the hon. Member is saying without the permission of the Chair, should not be recorded.)

ਡਾਕਟਰ ਅਮੀਰ ਸਿੰਘ ਕਲਕਟ : ਸਭ ਤੋਂ ਵੱਡੀ ਚੀਜ਼ ਜੋ ਪ੍ਰਧਾਨ ਮੰਤਰੀ ਜੀ ਨੇ ਕੀਤੀ ਹੈ ਉਹ ਇਹ ਹੈ ਬੰਗਲਾ ਦੇਸ਼ ਨੂੰ ਰਿਕਗਨੀਸ਼ਨ ਦੀ। ਇਹ ਉਹ ਮਹਾਨ ਨੇਤਾ ਜੰਮੀ ਹੈ ਜਿਸ ਨੇ (ਵਿਘਨ)

ਸਰਦਾਰ ਪ੍ਰਹਿਲਾਦ ਸਿੰਘ: ਆਨ ਏ ਪੁਆਇੰਟ ਆਫ ਆਰਡਰ ਸਰ। ਇਹ ਕਿਹੜੀ ਡਿਮਾਂਡ ਤੇ ਬੋਲ ਰਹੇ ਹਨ? (ਵਿਘਨ)

ਸ਼੍ਰੀ ਡਿਪਟੀ ਸਪੀਕਰ : ਡਾਕਟਰ ਸਾਹਿਬ ਡਿਮਾਂਡ ਤੇ ਬੋਲੋ। (Dr. Sahib please confine your speech to the demands under discussion).

ਸਰਦਾਰ ਅਜਾਇਬ ਸਿਘ ਸੰਧੂ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਡਾਕਟਰ ਅਮੀਰ ਸਿੰਘ ਕਲਕਟ : ਇਨ੍ਹਾਂ ਨੂੰ ਐਵੇਂ ਹੀ ਰੌਲਾ ਨਹੀਂ ਪਾਉਣਾ ਚਾਹੀਦਾ ਹੈ। ਜੇ ਕੋਈ ਰੀਜ਼ਨ ਹੋਵੇ ਤਾਂ ਉਸ ਤੇ ਬੋਲਣਾ ਚਾਹੀਦਾ ਹੈ। (ਵਿਘਨ) ਬੜੀਆਂ ਬੜੀਆਂ ਗਲਾਂ ਸਾਡੀ ਸਰਕਾਰ ਨੇ ਕੀਤੀਆਂ ਹਨ। ਪੰਜਾਬ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਸਥਾਪਿਤ ਕੀਤੀ ਹੈ। ਇਸਦੇ ਵਾਸਤੇ ਪੈਸੇ ਰਖੇ ਗਏ ਹਨ। ਇਹ ਬੜੀ ਅਗਾਂਹ ਵਧੂ ਚੀਜ਼ ਹੈ। ਸਾਡੇ ਲੋਕ ਐਂਟੀ ਸੋਸ਼ਲ ਨੇ ਅਤੇ ਬਲੈਕ ਮਾਰਕਿਟਿੰਗ ਕਰਦੇ ਹਨ। ਸਾਡੇ ਲੋਕ ਗੁਰਦਵਾਰੇ ਜਾਂ ਮੰਦਰ ਤਾਂ ਰੋਜ਼ ਜਾਂਦੇ ਹਨ ਪਰ ਆਟਾ ਚੁਰਾਉਣ ਵੇਲੇ ਉਨ੍ਹਾਂ ਨੂੰ ਕੋਈ ਡਰ ਨਹੀਂ ਹੁੰਦਾ ਹੈ। ਇਹ ਉਹ ਲੋਕ ਹਨ ਜਿਨ੍ਹਾਂ ਕੋਲ ਪੈਸਾ ਹੈ, ਜੋ ਸਰਮਾਏਦਾਰ ਹਨ ਅਤੇ ਪੈਸੇ ਦੇ ਜ਼ੋਰ ਨਾਲ ਹੀ ਸਾਡੀ ਸਰਕਾਰ ਨੂੰ ਫੇਲ੍ਹ ਕਰਨਾ ਚਾਹੁੰਦੇ ਹਨ। (ਵਿਘਨ)

*Not recorded/expunged as ordered by the Chair.

ਸਰਦਾਰ ਧੰਨਾ ਸਿੰਘ ਗੁਲਸ਼ਨ (** **) (ਵਿਘਨ)

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ (This is no point of order.)

ਡਾਕਟਰ ਅਮੀਰ ਸਿੰਘ ਕਲਕਟ : ਟਾਂਡਾ ਵਿਚ ਡੀਜ਼ਲ ਸਪਲਾਈ ਕਰਦਿਆਂ ਬਲੈਕ ਮਾਰਕਿਟਿੰਗ ਕਰਦਿਆਂ ਫਰਮਾਂ ਫੜੀਆਂ ਗਈਆਂ (ਵਿਘਨ) ਇਹ (ਅਕਾਲੀ ਬੈਂਚਿਜ਼ ਵਲ ਇਸ਼ਾਰਾ ਕਰਦੇ ਹੋਏ) ਅਜਿਹੇ ਬੰਦਿਆਂ ਦੀ ਮਦਦ ਕਰਦੇ ਹਨ। (ਵਿਘਨ)

ਬੈਕਵਰਡ ਕਲਾਸਿਜ਼ ਵਾਸਤੇ ਸਾਡੀ ਸਰਕਾਰ ਬਹੁਤ ਕੁਝ ਕਰ ਰਹੀ ਹੈ। ਇਸ ਵਾਸਤੇ ਵੀ ਪੈਸੇ ਰਖੇ ਗਏ ਹਨ। ਮੈਂ ਸਮਝਦਾ ਹਾਂ ਕਿ ਜਦ ਤਕ ਸਾਡੇ ਵਿਚੋਂ ਉਚ ਨੀਚ ਨਹੀਂ ਜਾਂਦੀ ਹੈ ਉਨਾ ਚਿਰ ਇਹ ਕੰਮ ਠੀਕ ਤਰ੍ਹਾਂ ਨਾਲ ਨਹੀਂ ਚਲ ਸਕਦਾ ਹੈ। ਇਥੇ ਸੋਸ਼ਲਿਜ਼ਮ ਨਹੀਂ ਆ ਸਕਦਾ। ਜਿੰਨਾ ਚਿਰ ਲੈਂਡ ਰਿਫਾਰਮਜ਼ ਬਿੱਲ ਜੋ ਲਿਆਂਦਾ ਹੈ ਉਹ ਚੰਗੀ ਤਰ੍ਹਾਂ ਇਫੈਕਟਿਵ ਨਹੀਂ ਕਰ ਲੈਂਦੇ, ਹਜ਼ਾਰਾਂ ਪਛੜੇ ਹੋਏ ਲੋਕਾਂ ਨੂੰ ਅਗੇ ਨਹੀਂ ਲੈ ਆਂਦੇ, ਉਨਾ ਚਿਰ ਇਥੇ ਸੋਸ਼ਲਿਜ਼ਮ ਨਹੀਂ ਆ ਸਕਦਾ। ਅਗਲਾ ਬਜਟ, ਸਾਡੇ ਫਾਈਨੈਂਸ ਮਨਿਸਟਰ ਸਾਹਿਬ, ਬੜੇ ਸਿਆਣੇ ਹਨ, ਇਨ੍ਹਾਂ ਨੇ ਇਹੋ ਜਿਹਾ ਰੈਵੋਲੂਸ਼ਨਰੀ ਬਜਟ ਦਿਤਾ ਹੈ ਕਿ ਮੈਨੂੰ ਬੋਲਣ ਦੀ ਜ਼ਰੂਰਤ ਮਹਿਸੂਸ ਨਹੀਂ ਹੋ ਰਹੀ ਹੈ। ਇਸ ਵਿਚ ਕੋਈ ਟੈਕਸ ਨਹੀਂ ਲਗਾਇਆ ਗਿਆ ਹੈ। ਇਨ੍ਹਾਂ ਨੇ ਇਸ ਤੇ ਜੋ ਢੋਲ ਛੈਣੇ ਵਜਾਉਣੇ ਸੀ ਉਹ ਰਹਿ ਗਏ ਹਨ। (ਵਿਘਨ) ਸੋ ਡਿਪਟੀ ਸਪੀਕਰ ਸਾਹਿਬ, ਅਗਲਾ ਸਾਰਾ ਬਜਟ ਹਰੀਜਨਾਂ ਦੀ ਵੈਲਫੇਅਰ ਤੇ ਲਗਾਉਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਸਾਡੀ ਗੌਰਮਿੰਟ ਇਨ੍ਹਾਂ ਵਲ ਜੇ ਪੂਰਾ ਧਿਆ ਨਾ ਦੇਵੇ ਤਾਂ ਕਾਂਗਰਸ ਨੂੰ ਹਰਾਉਣ ਵਾਲਾ ਜੰਮਿਆ ਨਹੀਂ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਇਨ੍ਹਾਂ ਨੇ ਕਿਹਾ ਹੈ ਕਿ ਕਾਂਗਰਸ ਨੂੰ ਹਰਾਉਣ ਵਾਲਾ ਜੰਮਿਆ ਨਹੀਂ ਹੈ, ਇਸ ਸਬੰਧ ਵਿਚ ਮੈਂ ਪੁਛਣਾ ਚਾਹੁੰਦਾ ਹਾਂ ਕਿ ਪਾਂਡੀਚਰੀ, ਬਾਂਬੇ ਅਤੇ ਕੋਇੰਬਟੂਰ ਵਿਚ ਕੀ ਹੋਇਆ ਹੈ, ਉਥੇ ਇਨ੍ਹਾਂ ਨੂੰ ਕਿਸ ਨੇ ਹਰਾਇਆ ਹੈ?

ਡਾਕਟਰ ਅਮੀਰ ਸਿੰਘ ਕਲਕਟ : ਇਸ ਵੇਲੇ ਸਾਰਾ ਹਿੰਦੁਸਤਾਨ ਸਾਡੇ ਹੱਕ ਵਿਚ ਹੈ। ਸਾਡਾ ਪ੍ਰੋਗਰਾਮ ਤੁਹਾਡੇ ਤੋਂ ਜ਼ਿਆਦਾ ਅਗੇ ਵਧੂ ਹੈ। ਇਹ ਸਰਮਾਇਦਾਰਾਂ ਨੂੰ, ਬਲੈਕਮਾਰਕਿਟਿੰਗ ਕਰਨ ਵਾਲਿਆਂ ਨੂੰ ਹੁਣ ਜੋ ਕੋਈ ਡਰ ਨਹੀਂ, ਇਸ ਸਿਲਸਿਲੇ ਵਿਚ ਅਸੀਂ ਰੈਪਿਡ ਚੈਂਜਿਜ਼ ਲਿਆਵਾਂਗੇ।

ਕਾਮਰੇਡ ਅਰਜਨ ਸਿੰਘ ਮਸਤਾਨਾ: ਆਨ ਏ ਪੁਆਇੰਟ ਆਫ ਆਰਡਰ ਸਰ। ਇਹ ਟਾਂਡੇ ਨੂੰ ਕੀ ਬੀਮਾਰੀ ਹੈ। ਉਥੇ ਤਿੰਨ ਡਾਕਟਰ ਐਸੇ ਹਨ ਜਿਨ੍ਹਾਂ ਵਿਚੋਂ ਇਕ ਦੀ ਲੱਤ ਨਹੀਂ ਹੈ, ਦੂਜੇ ਦਾ ਹੱਥ ਨਹੀਂ ਅਤੇ ਤੀਜੇ ਦੀ ਮਤ ਨਹੀਂ ਹੈ।

ਡਾਕਟਰ ਅਮੀਰ ਸਿੰਘ ਕਲਕਟ : ਮਤ ਕਰਕੇ ਮੈਂ ਇਥੇ ਤਿੰਨ ਵਾਰੀ ਐਮ. ਐਲ. ਏ. ਬਣ ਕੇ ਆਇਆ ਹਾਂ। ਹੁਣ ਵੀ ਮੈਂ ਚੈਲੰਜ ਕਰਦਾ ਹਾਂ ਮੈਂ ਫੇਰ ਵੀ ਇਥੇ ਆਵਾਂਗਾ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : * * * *

---

*Expunged as ordered by the Chair.

ਸ੍ਰੀ ਡਿਪਟੀ ਸਪੀਕਰ : This is no point of order. ਇਹ ਪਾਰਟ ਅ ਾਫ ਦੀ ਪ੍ਰੋਸੀਡਿੰਗਜ਼ ਨਹੀਂ ਬਣੇਗਾ। (This is no point of order. It will not form part of the proceedings.)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਜ਼ਰੂਰ ਮੈਂਟਲ ਹਸਪਤਾਲ ਪਹੁੰਚਾ ਦਿਆਂਗੇ। ਜੇ ਇਸੇ ਤਰ੍ਹਾਂ ਹੀ ਇਨ੍ਹਾਂ ਨੂੰ ਸਪਰਿੰਗ ਲਗੇ ਰਹੇ ਤਾਂ ਜ਼ਰੂਰ ਇਹ ਹਸਪਤਾਲ ਜਾਣਗੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਯੂਥ ਵੈਲਫੇਅਰ ਸੈਂਟਰ ਬਣਾਇਆ ਗਿਆ ਹੈ, ਇਹ ਬਹੁਤ ਚੰਗੀ ਚੀਜ਼ ਹੈ। ਮੁਖਾਲਫ ਪਾਰਟੀਆਂ ਇਨ੍ਹਾਂ ਵਿਚ ਸੈਲ ਬਣਾ ਕੇ ਇਨ੍ਹਾਂ ਤੋਂ ਗੜਬੜ ਕਰਾਉਣਾ ਚਾਹੁੰਦੀਆਂ ਹਨ। ਇਹ ਯੂਥ ਵੈਲਫੇਅਰ ਸੈਂਟਰ ਬਣਾ ਕੇ ਉਨ੍ਹਾਂ ਦੀ ਸਿਆਣਪ ਨੂੰ ਚੰਗੇ ਪਾਸੇ ਲਾਉਣਗੇ। ਇਹ ਬੜਾ ਚੰਗਾ ਕੰਮ ਕੀਤਾ ਗਿਆ ਹੈ। ਸਪੋਰਟਸ ਵਿਚ ਪੰਜਾਬ ਦਾ ਸਿਰ ਕਾਫ਼ੀ ਉਚਾ ਹੋਇਆ ਹੈ। ਜੇ ਅਸੀਂ ਸਪੋਰਟਸ ਵੱਲ ਅਤੇ ਯੂਥ ਵੱਲ ਹੋਰ ਜ਼ਿਆਦਾ ਧਿਆਨ ਦੇਈਏ ਤਾਂ ਅਸੀਂ ਦੁਨੀਆਂ ਵਿਚ ਆਪਣੀ ਚੰਗੀ ਫਿੱਗਰ ਬਣਾ ਸਕਦੇ ਹਾਂ। ਪਿਛਲੀ ਵਾਰੀ ਅਸੀਂ ਹਾਕੀ ਹਾਰ ਗਏ ਸੀ। ਸਾਨੂੰ ਇਸ ਨੂੰ ਬੜਾ ਸੀਰੀਅਸਲੀ ਲੈਣਾ ਚਾਹੀਦਾ ਹੈ। (ਵਿਘਨ)

ਸਰਦਾਰ ਕਰਨੈਲ ਸਿੰਘ ਮਰੜ੍ਹੀ : * * * (ਵਿਘਨ) (ਸ਼ੋਰ)

Mr. Deputy Speaker: It should not form part of the proceedings.

ਡਾਕਟਰ ਅਮੀਰ ਸਿੰਘ ਕਲਕਟ : ਜਦ ਦੁੱਧ ਵਿਚ ਪਾਣੀ ਪਾਉਂਦੇ ਸੀ ਤਾਂ ਕੀ ਉਸ ਦਾ ਖ਼ਿਆਲ ਭੁੱਲ ਗਿਆ ਹੈ ? (ਵਿਘਨ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਇਹ ਬੰਦਾ ਮਾੜਾ ਹੈ। ਇਹ ਸਲੋਤਰੀ ਡਾਕਟਰ ਹੈ। ਇਹ ਮਾੜਾ ਡਾਕਟਰ ਹੈ। ਇਸ ਦੀਆਂ ਦਵਾਈਆਂ ਗਲਤ ਹਨ। (ਵਿਘਨ) ਜੇ ਠੀਕ ਹੋਣ ਤਾਂ ਮੈਂ ਅਸਤੀਫ਼ਾ ਦੇਣ ਵਾਸਤੇ ਤਿਆਰ ਹਾਂ ਨਹੀਂ ਤਾਂ ਇਹ ਦੇਵੇ। (ਵਿਘਨ) (ਹਾਸਾ) (ਸ਼ੋਰ)

ਡਾਕਟਰ ਅਮੀਰ ਸਿੰਘ ਕਲਕਟ : ਇਰੀਗੇਸ਼ਨ ਦੇ ਮਹਿਕਮੇ ਨੇ ਬੜਾ ਚੰਗਾ ਕੰਮ ਕੀਤਾ ਹੈ ਉਨ੍ਹਾਂ ਨੇ ਰਿਸਰਚ ਦੇ ਉਤੇ ਕੁਝ ਪੈਸੇ ਖਰਚੇ ਹਨ। ਇਹ ਇਰੀਗੇਸ਼ਨ ਮਹਿਕਮੇ ਦੀ ਇਕ ਬੜੀ ਅੱਛੀ ਸੇਧ ਹੈ। (ਵਿਘਨ)

Mr. Deputy Speaker: No interruption please.

ਡਾਕਟਰ ਅਮੀਰ ਸਿੰਘ ਕਲਕਟ : ਸਬ-ਮਾਊਂਟੇਨੈਸ ਏਰੀਆ ਵਿਚ ਚੈਕ ਡੈਮ ਬਣ ਰਹੇ ਹਨ। ਅਸੀਂ ਯੂ.ਪੀ. ਵਿਚ ਵੀ ਦੇਖਿਆ ਹੈ। ਉਸ ਦਾ ਬੜਾ ਅਸਰ ਹੋਇਆ ਹੈ। ਇਸ ਵੇਲੇ ਉਥੇ ਸਬ-ਮਾਊਂਟੇਨੈਂਸ ਏਰੀਆ ਵਿਚ ਪੰਜਾਬੀ ਬੈਠੇ ਹਨ ਅਤੇ ਉਹ ਅਮੀਰ ਹੋ ਗਏ ਹਨ। ਇਸੇ ਤਰ੍ਹਾਂ ਹੀ ਇਥੇ ਸਾਡੇ ਵੀ ਹੋ ਸਕਦਾ ਹੈ ਜੇ ਕੰਡੀ ਏਰੀਆ ਵਿਚ ਰਿਸਰਚ ਕੀਤੀ ਗਈ ਤਾਂ। ਢੋਲ ਵਿਚ ਚੈਕ ਡੈਮ ਬਣਾ ਰਹੇ ਹਨ। ਇਹ ਬੜੀ ਅੱਛੀ ਸਕੀਮ ਹੈ। ਇਸ ਤਰ੍ਹਾਂ ਬਰਸਾਤ ਵਿਚ ਜਿਹੜਾ ਪਾਣੀ ਆਉਂਦਾ ਸੀ ਅਤੇ ਸਭ ਕੁਝ ਰੋੜ੍ਹ ਕੇ ਪਾਕਿਸਤਾਨ ਵਿਚ ਲੈ ਜਾਂਦਾ ਸੀ ਉਹ ਹੁਣ ਨਹੀਂ ਹੋਵੇਗਾ। ਇਹ ਇਕ ਅੱਛੀ ਸਕੀਮ ਹੈ।

ਆਨੰਦਪੁਰ ਹਾਈਡਲ ਪਰਾਜੈਕਟ ਜਿਹੜਾ ਬਣ ਰਿਹਾ ਹੈ, ਇਸ ਨਾਲ ਜਿਹੜੀ ਪਾਵਰ ਦੀ ਸ਼ਾਰਟੇਜ ਹੁੰਦੀ ਹੈ ਉਹ ਨਹੀਂ ਰਹੇਗੀ। ਇਹ ਪਾਵਰ ਦੀ ਸ਼ਾਰਟੇਜ਼ ਨੂੰ ਮੀਟ ਵਿਚ ਕਰੇਗਾ।

ਸਾਡੀ ਸਰਕਾਰ ਨੇ 7 ਸਰਕਲ ਅਤੇ 28 ਡਵੀਜ਼ਨ ਸੜਕਾਂ ਬਣਾਉਣ ਵਾਸਤੇ ਰੱਖੀਆਂ ਹਨ। ਇਹ ਬੜੀ ਚੰਗੀ ਸਕੀਮ ਹੈ ਇਸ ਤਰ੍ਹਾਂ ਸਾਡੇ ਹਰ ਪਿੰਡ ਨੂੰ ਸੜਕ ਮਿਲ ਜਾਵੇਗੀ। ਜਿਹੜਾ

---

*Expunged as ordered by the Chair.

ਸਾਡਾ ਕਿਸੇ ਵਕਤ ਸੁਪਨਾ ਹੁੰਦਾ ਸੀ ਕਿ ਸ਼ਾਇਦ ਪੂਰਾ ਹੋਵੇਗਾ ਜਾਂ ਨਹੀਂ ਉਹ ਹੁਣ ਪੂਰਾ ਹੋ ਜਾਵੇਗਾ । ਪਹਿਲਾਂ ਜਨਸੰਘੀ ਫਾਈਨੈਂਸ ਮਨਿਸਟਰ ਹੁੰਦਾ ਸੀ ਉਹ ਬੜੀਆਂ ਟਾਹਰਾਂ ਮਾਰਦਾ ਹੁੰਦਾ ਸੀ ਕਿ ਮੈਂ ਇਹ ਕਰ ਦਿਆਂਗਾ ਅਤੇ ਉਹ ਕਰ ਦਿਆਂਗਾ ਪਰ ਕੀਤਾ ਕੁਝ ਨਹੀਂ । ਪਰ ਹੁਣ ਸਾਡੇ ਗਿਆਨੀ ਜੀ ਦੀ ਸਰਕਾਰ ਨੇ ਹਰ ਪਿੰਡ ਨੂੰ ਸੜਕ ਦੇ ਦਿੱਤੀ ਹੈ ਅਤੇ ਦੇ ਦੇਣੀ ਹੈ । (ਇਹ ਝੂਠ ਹੈ, ਦੀਆਂ ਆਵਾਜ਼ਾਂ) ਅਸੀਂ ਬੰਬਈ ਗਏ ਸੀ ਅਤੇ ਉਥੇ ਚੀਫ ਇੰਜਨੀਅਰ ਨਾਲ ਸਾਡੀ ਮੀਟਿੰਗ ਹੋਈ ਸੀ । ਉਨ੍ਹਾਂ ਨੇ ਸਾਡੀ ਬੜੀ ਸ਼ਲਾਘਾ ਕੀਤੀ ਸੀ ਕਿ ਤੁਸੀਂ ਹਰ ਪਿੰਡ ਨੂੰ ਸੜਕ ਦੇ ਦਿੱਤੀ ਹੈ ਅਤੇ ਬਿਜਲੀ ਦੇ ਰਹੇ ਹੋ । ਇਹ ਬਹੁਤ ਵੱਡਾ ਕੰਮ ਹੈ । ਇਸ ਕੰਮ ਦੀ ਬਾਹਰਲੇ ਦੇਸ਼ਾਂ ਵਾਲੇ ਵੀ ਸਾਡੀ ਪਰਸ਼ੰਸਾ ਕਰਦੇ ਹਨ । (ਵਿਘਨ) ਜਦ ਉਥੇ ਬੰਬਈ ਵਿਚ ਮੀਟਿੰਗ ਹੋਈ ਸੀ ਤਾਂ ਅਕਾਲੀ ਮੈਂਬਰ ਵੀ ਉਥੇ ਸਾਡੇ ਨਾਲ ਹੀ ਸਨ (ਵਿਘਨ) ।

ਮਾਡਲ ਵਿਲੇਜਿਜ਼ ਦੀ ਜਿਹੜੀ ਸਕੀਮ ਬਣਾਈ ਸੀ ਉਸ ਦੇ ਵਿਚੋਂ ਅੱਧੇ ਪੈਸੇ ਤਾਂ ਇਹ (ਅਕਾਲੀ ਪਾਰਟੀ ਵੱਲ ਇਸ਼ਾਰਾ) ਹੀ ਛੱਕ ਗਏ ਹਨ । (ਵਿਘਨ) ਇਹ ਉਸ ਕੰਮ ਨੂੰ ਪੂਰਾ ਨਹੀਂ ਕਰ ਸਕੇ ਸੀ । ਇਹ ਕੰਮ ਅਸੀਂ ਹੁਣ ਪੂਰਾ ਕਰ ਲੈਣਾ ਹੈ * * * * * (ਵਿਘਨ)

ਸ੍ਰੀ ਡਿਪਟੀ ਸਪੀਕਰ : ** ਬਾਰੇ ਲਫਜ਼ ਕੱਟ ਦਿੱਤੇ ਜਾਣ । (The words in respect of * * * should be deleted.)

ਡਾਕਟਰ ਅਮੀਰ ਸਿੰਘ ਕਲਕਟ : ਚੌਕੀਦਾਰਾਂ ਵਾਸਤੇ ਰੁਪਏ ਰੱਖੇ ਹਨ । ਇਹ ਬੜਾ ਚੰਗਾ ਕੀਤਾ ਹੈ । ਇਹ ਬੜੀ ਚੰਗੀ ਸਕੀਮ ਹੈ ਕਿਉਂਕਿ ਚੌਕੀਦਾਰ ਮਰ ਰਹੇ ਹਨ । ਇਨ੍ਹਾਂ ਦੀ ਪਾਰਟੀ (ਅਕਾਲੀ ਪਾਰਟੀ ਵੱਲ ਇਸ਼ਾਰਾ) ਨੇ ਉਨ੍ਹਾਂ ਨੂੰ ਕੁਝ ਨਹੀਂ ਦਿੱਤਾ, ਹੁਣ ਸਰਕਾਰ ਨੇ ਉਨ੍ਹਾਂ ਨੂੰ ਪੈਸੇ ਦਿਤੇ ਹਨ, ਇਹ ਬੜਾ ਚੰਗਾ ਕੰਮ ਕੀਤਾ ਹੈ । (ਵਿਘਨ) ਰਿਕਸ਼ਾ ਪੁਲਰਜ਼ ਨੂੰ 10 ਹਜ਼ਾਰ ਰੁਪਿਆ ਦੇਣਾ ਹੈ । ਮੈਂ ਸਮਝਦਾ ਹਾਂ ਕਿ ਇਹ ਬੜੀ ਛੋਟੀ ਰਕਮ ਹੈ ਇਸ ਵਾਸਤੇ ਲੱਖ ਰੁਪਿਆ ਖਰਚ ਕਰਨਾ ਚਾਹੀਦਾ ਹੈ । ਇਸ ਤਰ੍ਹਾਂ ਗਰੀਬੀ ਖਤਮ ਹੋਵੇਗੀ ।

ਡਿਪਟੀ ਸਪੀਕਰ ਸਾਹਿਬ, ਸਿਵਲ ਸਪਲਾਈ ਕਾਰਪੋਰੇਸ਼ਨ ਬਣ ਗਈ ਹੈ ਜਿਹੜੀ ਕਿ ਅੰਮ੍ਰਿਤਸਰ ਤੋਂ ਸ਼ੁਰੂ ਹੋਈ ਹੈ । ਮੈਂ ਸਮਝਦਾ ਹਾਂ ਕਿ ਇਸ ਕਾਰਪੋਰੇਸ਼ਨ ਨੂੰ ਹੋਰ ਪੈਸਾ ਦੇ ਕੇ ਸਾਰੇ ਪੰਜਾਬ ਵਿਚ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ ਤਾਂਕਿ ਗਰੀਬ ਲੋਕਾਂ ਦਾ ਕੁਝ ਸੰਵਰ ਸਕੇ । ਗਰੀਬ ਲੋਕੀਂ ਇਨ੍ਹਾਂ ਦਿਨਾਂ ਵਿਚ ਆ ਕੇ ਮਰਦੇ ਹਨ । ਜ਼ਿਮੀਂਦਾਰ ਗਰੀਬ ਨੂੰ ਜੇ ਇਕ ਮਣ ਦਿੰਦਾ ਹੈ ਤਾਂ ਉਸ ਦੇ ਕੋਲੋਂ 2 ਮਣ ਲੈਂਦਾ ਹੈ । ਯਾਨੀ ਦੁਗਣੀ ਚੀਜ਼ ਵਾਪਿਸ ਲੈਂਦਾ ਹੈ । ਸੂਦ ਦਾ ਵੀ ਇਹੀ ਹਾਲ ਹੈ । ਇਸ ਕਾਰਪੋਰੇਸ਼ਨ ਨਾਲ ਕਾਫੀ ਫਾਇਦਾ ਹੋਵੇਗਾ ।

ਪੰਜਾਬ ਫਿਲਮ ਕਾਰਪੋਰੇਸ਼ਨ ਬਣ ਰਹੀ ਹੈ । ਅਸੀਂ ਇਸ ਕਾਰਪੋਰੇਸ਼ਨ ਦੇ ਡਾਇਰੈਕਟਰ ਨੂੰ ਪੁਛਿਆ ਕਿ ਤੁਸੀਂ ਸਾਈਟਸ ਕਿਸ ਤਰ੍ਹਾਂ ਸਿਲੈਕਟ ਕੀਤੀਆਂ ਹਨ । (ਵਿਘਨ) ਅਸੀਂ ਕਿਹਾ ਕਿ ਇਹ ਸਾਈਟਸ ਪਾਪੂਲੇਟਿਡ ਏਰੀਆ ਵਿਚ ਹੋਣੀ ਚਾਹੀਦੀ ਹੈ । ਇਹ ਲੋਕਾਂ ਦੇ ਮਨੋਰੰਜਨ ਵਾਸਤੇ ਕਾਫੀ ਅੱਛੀ ਸਕੀਮ ਹੈ । ਇਸ ਤਰ੍ਹਾਂ ਲੋਕ ਵਿਹਲੇ ਨਹੀਂ ਰਹਿਣੇ ਅਤੇ ਜਿਹੜੇ ਉਹ ਵਿਹਲੇ ਰਹਿ ਕੇ ਐਂਟੀ-ਸੋਸ਼ਲ ਕੰਮ ਕਰਦੇ ਹਨ, ਹੁਣ ਉਹ ਇਸ ਤਰ੍ਹਾਂ ਦੇ ਕੰਮ ਨਹੀਂ ਕਰਨਗੇ । (ਵਿਘਨ) ਜਿਸ ਤਰ੍ਹਾਂ ਹੁਣ ਰੌਲਾ ਪਿਆ ਹੈ ਕਿ ਡੀਜ਼ਲ ਨਹੀਂ ਮਿਲਦਾ । ਮੈਂ ਕਹਿੰਦਾ ਹਾਂ ਕਿ ਟਾਂਡੇ ਵਿਚ ਇਸ ਦੀ ਕੋਈ ਸ਼ਾਰਟੇਜ ਨਹੀਂ ਹੈ । ਜਿਹੜੇ ਬਲੈਕ ਮਾਰਕੀਟੀਏ ਹਨ ਉਨ੍ਹਾਂ ਨੂੰ ਮੈਂ ਪਹਿਲਾਂ

*Expunged as ordered by the Chair.

[ਡਾਕਟਰ ਅਮੀਰ ਸਿੰਘ ਕਲਕਟ]

ਹੀ ਵਾਰਨਿੰਗ ਦਿਤੀ ਸੀ ਕਿ ਇਥੇ ਬਲੈਕ ਮਾਰਕੀਟ ਨਹੀਂ ਹੋਣੀ। ਉਥੇ ਤੇਲ ਬੜੇ ਅੱਛੇ ਤਰੀਕੇ ਨਾਲ ਪੰਪਾਂ ਵਾਲੇ ਇਕੱਠੇ ਹੋ ਕੇ ਜ਼ਿਮੀਦਾਰਾਂ ਨੂੰ ਦਿੰਦੇ ਹਨ। (ਵਿਘਨ) ਸ਼ਾਰਟੇਜ ਉਥੇ ਹੁੰਦੀ ਹੈ ਜਿਥੇ ਮਾਰਕਸਿਸਟ ਦੇ ਆਦਮੀ ਹੋਣ ਜਾਂ ਅਕਾਲੀ ਹੋਣ। (ਵਿਘਨ) ਉਨ੍ਹਾਂ ਦੇ ਘਰਾਂ ਵਿਚ ਤੇਲ ਹੁੰਦਾ ਹੈ ਪਰ ਫਿਰ ਵੀ ਉਹ ਢੋਲ ਚੁਕ ਕੇ ਤੇਲ ਲੈਣ ਲਈ ਚਲ ਪੈਂਦੇ ਹਨ। ਉਨ੍ਹਾਂ ਜ਼ਿਮੀਦਾਰਾਂ ਪਾਸ ਸਪੇਅਰ ਤੇਲ ਹੈ ਪਰ ਇਸ ਦੇ ਬਾਵਜੂਦ ਵੀ ਉਹ ਪੀਪੀ (ਢੋਲੀ) ਚੁਕ ਕੇ ਫਾਲਤੂ ਤੇਲ ਲੈਣ ਵਾਸਤੇ ਚਲੇ ਜਾਂਦੇ ਹਨ। (ਵਿਘਨ) ਉਨ੍ਹਾਂ ਨੇ ਜਾਣ ਬੁਝ ਕੇ ਹੀ ਇਸ ਚੀਜ਼ ਦੀ ਸਕੇਅਰਸਿਟੀ ਪੈਦਾ ਕੀਤੀ ਹੈ। (ਵਿਘਨ) (ਸ਼ੋਰ)।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਇਹ ਬਾਹਰ ਲੋਕਾਂ ਨੂੰ ਇਕਠਾ ਕਰਕੇ ਦੱਸ ਦੇਵੇ ਕਿ ਤੇਲ ਆਮ ਮਿਲਦਾ ਹੈ, ਜੇ ਲੋਕ ਇਨ੍ਹਾਂ ਨੂੰ ਛੱਡ ਦੇਣ ਤਾਂ ਮੈਨੂੰ ਫੜ ਲਓ। (ਹਾਸਾ) (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਇਹ ਕਹਿੰਦੇ ਹਨ ਕਿ ਸਰਕਾਰ ਉਸ ਤਰ੍ਹਾਂ ਤਾਂ ਬਦਨਾਮ ਹੁੰਦੀ ਨਹੀਂ ਹੈ, ਇਸੇ ਤਰ੍ਹਾਂ ਹੀ ਇਨ੍ਹਾਂ ਨੂੰ ਬਦਨਾਮ ਕਰ ਲਓ। (ਵਿਘਨ) ਇਹ ਜੋ ਐਂਟੀ-ਸੋਸ਼ਲ ਗੱਲਾਂ ਕਰਦੇ ਹਨ, ਉਹ ਮੈਂ ਦੱਸ ਰਿਹਾ ਹਾਂ।

ਮਾਸਟਰ ਚੰਦ ਸਿੰਘ : ** ** ** ** (ਵਿਘਨ)

Mr. Deputy. Speaker : This is no point of order.

ਮਾਸਟਰ ਚੰਦ ਸਿੰਘ : ਇਨ੍ਹਾਂ ਦੀ ਸਰਕਾਰ ਆਪ ਇਸ ਤਰ੍ਹਾਂ ਕਰਦੀ ਹੈ। (ਵਿਘਨ) ਇਸ ਲਈ ਇਨ੍ਹਾਂ ਨੂੰ ਸੋਚ ਲੈਣਾ ਚਾਹੀਦਾ ਹੈ।

ਡਾਕਟਰ ਅਮੀਰ ਸਿੰਘ ਕਲਕਟ : ਅਸੀਂ ਕਿਸ ਤਰੀਕੇ ਨਾਲ ਡਿਵੈਲਪਮੈਂਟ ਕਰ ਰਹੇ ਹਾਂ, ਕਿਸ ਤਰ੍ਹਾਂ ਪਿੰਡ ਪਿੰਡ ਨੂੰ ਸੜਕ ਦੇ ਰਹੇ ਹਾਂ ਅਤੇ ਦੇ ਦਿੱਤੀ ਹੈ। (ਵਿਘਨ) ਸਾਡੇ ਚੀਫ਼ ਮਨਿਸਟਰ ਸਾਹਿਬ ਬੜੇ ਦੇਸ਼ ਭਗਤ ਹਨ। ਉਨ੍ਹਾਂ ਨੂੰ ਮਰੀਜ਼ ਦੀ ਨਬਜ਼ ਦਾ ਪਤਾ ਹੈ, ਉਨ੍ਹਾਂ ਨੂੰ ਮਰੀਜ਼ ਦੀ ਤਕਲੀਫ ਦਾ ਪਤਾ ਹੈ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਮਾਰਗ ਬਣਾ ਕੇ ਇਨ੍ਹਾਂ (ਅਕਾਲੀ ਪਾਰਟੀ ਵੱਲ ਇਸ਼ਾਰਾ) ਦੇ ਪੱਲੇ ਕੁਝ ਨਹੀਂ ਰਹਿਣ ਦਿਤਾ। ਕਣਕ ਦੀ ਕੀਮਤ ਵਧਾਈ ਹੈ ਅਤੇ ਪੈਡੀ ਦੀ ਕੀਮਤ ਵਧਾਈ ਹੈ। (ਵਿਘਨ) ਇਸ ਤਰ੍ਹਾਂ ਰੋਣ ਨਾਲ ਕੁਝ ਨਹੀਂ ਬਣਨਾ। ਇਹ ਹੁਣ ਰੋਂਦੇ ਹਨ। (ਵਿਘਨ) ਜਨਤਾ ਦੀ ਸੇਵਾ ਕਰੋ ਤਾਂ ਜਾ ਕੇ ਕੁਝ ਬਣੇਗਾ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਗੱਲ ਮੈਂ ਅਖੀਰ ਵਿਚ ਕਹਿਣਾ ਚਾਹੁੰਦਾ ਹਾਂ, ਜੋ ਕਿ ਬਹੁਤ ਜ਼ਰੂਰੀ ਹੈ। ਇਨ੍ਹਾਂ ਦੀ ਜਨ-ਸੰਘ ਨਾਲ ਲਵ ਮੈਰਿਜ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਮੈਂ ਇਕ ਪਰਸਨਲ ਗੱਲ ਦਸਦਾ ਹਾਂ, ਜਿਸ ਦਾ ਕਿ ਮੈਨੂੰ ਤਜਰਬਾ ਹੈ ਕਿ ਕਿੰਨੇ ਅਸੀਂ ਜਨ-ਸੰਘ ਅਤੇ ਇਹੋ ਜਿਹੇ ਲੋਕਾਂ ਨਾਲ ਚੱਲ ਸਕਦੇ ਹਾਂ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਜਨਸੰਘੀ ਦੇ ਵਿਆਹ ਤੇ ਚਲਾ ਗਿਆ। ਉਨ੍ਹਾਂ ਨੇ ਮੈਨੂੰ ਦੇਖ ਲਿਆ ਕਿ ਮੈਂ ਉਥੇ ਬੈਠਾ ਹਾਂ। (ਵਿਘਨ) ਪਹਿਲਾਂ ਉਨ੍ਹਾਂ ਨੇ ਇੰਦਰਾ ਗਾਂਧੀ ਨੂੰ ਗਾਲ੍ਹਾਂ ਕੱਢੀਆਂ। (ਵਿਘਨ) ਮੈਂ ਇਨ੍ਹਾਂ ਦੀ ਲਵ ਮੈਰਿਜ ਬਾਰੇ ਦੱਸ ਰਿਹਾ ਹਾਂ। ਇਕ ਨੌਜਵਾਨ ਮੁੰਡੇ ਨੇ ਸ਼ਰਾਬ ਪੀਤੀ ਹੋਈ ਸੀ। ਉਹ ਦੱਸਦੇ ਹਨ ਕਿ ਇਕ ਦੁਕਾਨ ਤੇ ਚਲਾ ਗਿਆ ਅਤੇ ਕਹਿਣ ਲੱਗਾ ਕਿ ਮੈਨੂੰ ਟੋਪੀ ਚਾਹੀਦੀ ਹੈ। ਉਨ੍ਹਾਂ ਨੇ

*Expunged as ordered by the Chair.

ਸੋਚਿਆ ਕਿ ਇਹ ਤਾਂ ਸਰਦਾਰ ਹੈ, ਇਸ ਨੇ ਟੋਪੀ ਕੀ ਕਰਨੀ ਹੈ । ਉਨ੍ਹਾਂ ਨੇ ਸੋਚਿਆ ਕਿ ਇਸ ਨੂੰ ਐਫ. ਐਲ. ਦੀ ਲੋੜ ਹੋਵੇਗੀ ਪਰ ਉਹ ਕਹਿਣ ਲੱਗਾ ਮੈਂ ਤਾਂ ਸਿਰ ਤੇ ਰੱਖਣੀ ਹੈ । (ਵਿਘਨ) ਇਹ ਮੇਰੇ ਸ਼ਹਿਰ ਦੇ ਜਨਸੰਘੀਆਂ ਨੇ ਮੇਰੇ ਸਾਹਮਣੇ ਗੱਲ ਕੀਤੀ ਹੈ । (ਵਿਘਨ) ਇਹ ਉਨ੍ਹਾਂ ਨਾਲ ਲਵ ਮੈਰਿਜ ਕਰਨਾ ਚਾਹੁੰਦੇ ਹਨ । ਸ਼ਰਮ ਕਰੋ । ਅਸੀਂ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ ਹੈ । ਅਸੀਂ ਤੁਹਾਡੇ ਨਾਲੋਂ ਗੁਰਦੁਆਰੇ ਨੂੰ ਜ਼ਿਆਦਾ ਮੰਨਦੇ ਹਾਂ । (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਫਰਾਂਸ ਬਾਰੇ ਲਫਜ਼ ਬੋਲਿਆ ਸੀ ਉਹ ਕਟਾ ਦਿਓ, ਇਹ ਅਨਪਾਰਲੀਮੈਂਟਰੀ ਹੈ । (ਵਿਘਨ)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : (ਖੰਨਾ, ਐਸ. ਸੀ) : ਉਪ-ਅਧਿਅਕਸ਼ ਮਹੋਦਯ ਸਪਲੀਮੈਂਟਰੀ ਡੀਮਾਂਡਜ਼ ਵਿਚ ਜਿਹੜੀ ਡੀਮਾਂਡ ਨੰਬਰ 26 ਸਰਕਾਰ ਨੇ ਰੱਖੀ ਹੈ ਮੈਂ...... (ਵਿਘਨ) (ਗਿਆਨੀ ਕੁੰਦਨ ਸਿੰਘ ਪਤੰਗ ਜੀ ਵਲੋਂ ਵਿਘਨ) ਸਰਕਾਰ ਦੀ ਸੂਝ ਬੂਝ ਵਾਸਤੇ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ । ਮੇਰੀ ਵਧਾਈ ਰਸਮੀ ਨਹੀਂ ਹੈ ਬਲਕਿ ਇਸ ਲਈ ਹੈ ਕਿ ਨੌਜਵਾਨ ਵਿਦਿਆਰਥੀ ਦੇਸ਼ ਦਾ ਸਰਮਾਇਆ ਹਨ । ਜਦ ਤੱਕ ਇਸ ਦੇਸ਼ ਦੇ ਸਰਮਾਏ ਦੀ ਠੀਕ ਢੰਗ ਨਾਲ ਰੱਖਿਆ ਨਹੀਂ ਕੀਤੀ ਜਾਵੇਗੀ, ਠੀਕ ਢੰਗ ਨਾਲ ਉਨ੍ਹਾਂ ਦਾ ਜੀਵਨ ਨਹੀਂ ਬਣਾਇਆ ਜਾਵੇਗਾ ਤਦ ਤਕ ਇਸ ਦੇਸ਼ ਦਾ ਭਵਿਖ ਜਿਹੜਾ ਹੈ ਉਹ ਰੋਸ਼ਨ ਨਹੀਂ ਹੋ ਸਕਦਾ ਔਰ ਦੇਸ਼ ਦੀ ਆਜ਼ਾਦੀ ਸੁਰੱਖਿਅਤ ਨਹੀਂ ਰਹਿ ਸਕਦੀ । ਉਪ-ਅਧਿਅਕਸ਼ ਮਹੋਦਯ, ਇਹ ਯੂਥ ਵੈਲਫੇਅਰ ਡਾਇਰੈਕਟੋਰੇਟ ਜਿਹੜਾ ਸਰਕਾਰ ਨੇ ਕਾਇਮ ਕੀਤਾ ਹੈ, ਇਹ ਇਕ ਚੰਗਾ ਕੰਮ ਹੈ । ਤੁਹਾਡੀ ਆਪਣੀ ਜਾਣਕਾਰੀ ਦੀ ਇਹ ਗੱਲ ਹੈ ਕਿ ਅੱਜ ਪੰਜਾਬ ਦੇ ਵਿਦਿਆਰਥੀਆਂ ਵਿਚ ਅਸੰਤੋਸ਼ ਦਾ ਜੀਵਨ ਪੈਦਾ ਕਰਨ ਵਾਸਤੇ ਕੁਝ ਸ਼ਕਤੀਆਂ ਵਿਸ਼ੇਸ਼ ਰੂਪ ਵਿਚ ਲਗੀਆਂ ਹੋਈਆਂ ਹਨ ਔਰ ਉਨ੍ਹਾਂ ਦਾ ਯਤਨ ਇਹ ਹੈ ਕਿ ਵਿਦਿਆਰਥੀ ਆਪਣਾ ਜੀਵਨ ਬਣਾਉਣ ਦੀ ਬਜਾਏ ਆਪਣੀ ਯੁਵਾ ਅਵਸਥਾ ਨੂੰ ਅਜਿਹੇ ਕੰਮ ਵਿਚ ਲਾਉਣ ਜਿਹੜਾ ਸਮਾਜ ਦੇ ਵਿਕਾਸ ਵਿਚ ਰੁਕਾਵਟ ਬਣ ਸਕਿ ਜਾਂ ਤੋੜ ਫੋੜ ਦੇ ਕੰਮ ਵਿਚ ਉਨ੍ਹਾਂ ਦੀ ਰੁਚੀ ਨੂੰ ਲਾ ਸਕੇ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਜਿਸ ਢੰਗ ਨਾਲ ਉਨ੍ਹਾਂ ਨੇ ਇਹ ਡਾਇਰੈਕਟੋਰੇਟ ਕਾਇਮ ਕੀਤਾ ਹੈ ਔਰ ਜਿਸ ਢੰਗ ਨਾਲ ਉਨ੍ਹਾਂ ਨੇ ਇਹ ਪ੍ਰੋਗਰਾਮ ਬਣਾਇਆ ਹੈ, ਉਸ ਨੂੰ ਬਦਲਣ ਦੀ ਲੋੜ ਹੈ, ਉਸ ਨੂੰ ਨਵੀਂ ਰੂਪ ਰੇਖਾ ਦੇਣ ਦੀ ਲੋੜ ਹੈ । ਕੇਵਲ ਇਹ ਕਹਿਣ ਨਾਲ ਕਿ ਸਮਾਜ ਦੇ ਨਵ-ਯੁਵਕਾਂ ਵਿਚ ਖੇਡਾਂ ਦੀ ਆਦਤ ਪੈਦਾ ਕੀਤੀ ਜਾਵੇ, ਖੇਡਾਂ ਉਨ੍ਹਾਂ ਲਈ ਲਾਜ਼ਮੀ ਕਰਾਰ ਦਿਤੀਆਂ ਜਾਣ ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਦਾ ਅਜਿਹਾ ਸੋਚਣਾ ਗਲਤ ਹੈ । ਨੌਜਵਾਨਾਂ ਵਿਚ ਕੌਮੀ ਚਰਿਤਰ ਪੈਦਾ ਕਰਨ ਵਾਸਤੇ ਵਿਸ਼ੇਸ਼ ਪ੍ਰਯਤਨਾਂ ਦੀ ਲੋੜ ਹੈ ਔਰ ਉਹ ਵਿਸ਼ੇਸ਼ ਪ੍ਰਯਤਨ ਤਦ ਲਿਆਂਦੇ ਜਾ ਸਕਦੇ ਹਨ ਜੇ ਸਰਕਾਰ ਯੋਜਨਾ ਵੱਲ ਧਿਆਨ ਦੇਵੇ ਅਤੇ ਇਸ ਯੋਜਨਾ ਨੂੰ ਚਲਾਉਣ ਵਾਲੇ ਸਜਣ ਕੋਈ ਅਜਿਹੀ ਵਿਚਾਰਧਾਰਾ ਰੱਖਣ ਜਿਸ ਦਾ ਜੀਵਨ ਸਮਾਜ ਸੇਵਾ ਦੇ ਰੰਗ ਵਿਚ ਰੰਗਿਆ ਹੋਵੇ, ਜਿਸ ਦਾ ਆਪਣਾ ਜੀਵਨ ਰਾਸ਼ਟਰੀਆ ਜੀਵਨ ਹੋਵੇ, ਜਿਸ ਦਾ ਆਪਣਾ ਜੀਵਨ ਇਹ ਸਮਝ ਸਕੇ ਕਿ ਕਿਸੇ ਨੌਜਵਾਨ ਕਮਿਊਨਿਟੀ ਦੀਆਂ ਡੀਮਾਂਡਜ਼ ਕੀ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਕੀ ਹਨ ਅਤੇ ਕਿਸ ਤਰ੍ਹਾਂ ਉਨ੍ਹਾਂ ਦੇ ਜੀਵਨ ਵਿਚ ਪ੍ਰੀਵਰਤਨ ਲਿਆਂਦਾ ਜਾ ਸਕਦਾ ਹੈ । ਡਿਪਟੀ ਸਪੀਕਰ ਸਾਹਿਬ, ਜੇਕਰ ਇਸ ਮੱਦ ਦੀ ਵਰਤੋਂ ਠੀਕ ਢੰਗ ਨਾਲ ਕੀਤੀ ਜਾਵੇਗੀ ਤਾਂ ਮੈਂ ਵਿਸ਼ਵਾਸ਼ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਵਿਚ ਇਕ ਅਜਿਹਾ ਵਾਤਾਵਰਣ ਪੈਦਾ ਕੀਤਾ ਜਾ ਸਕਦਾ ਹੈ ਜਿਹੜਾ ਵਾਤਾਵਰਣ ਤੋੜ ਫੋੜ ਦੀਆਂ ਨੀਤੀਆਂ ਦੇ ਰਸਤੇ ਵਿਚ ਵੱਡੀ ਰੁਕਾਵਟ ਹੋ

[ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ]

ਸਕਦੀ ਹੈ । ਜਿਹੜਾ ਵਾਤਾਵਰਣ ਜਾਤ ਪਾਤ ਦੇ ਮਸਲਿਆਂ ਨੂੰ ਸੁਲਝਾਉਣ ਵਾਸਤੇ ਬੜਾ ਸਹਾਇਕ ਹੋ ਸਕਦਾ ਹੈ । ਮਾਹਲਪੁਰ ਕਾਲਜ ਵਿਚ ਜੋ ਘਟਨਾ ਵਾਪਰੀ ਉਸ ਘਟਨਾ ਨੂੰ ਮੁੱਖ ਰੱਖ ਕੇ ਸਾਰੇ ਦੇਸ਼ ਵਿਚ ਜਾਤ ਪਾਤ ਤੋੜ ਕੇ ਵਿਆਹ ਪ੍ਰਚੱਲਿਤ ਕਰਕੇ ਨਵਯੁਵਕਾਂ ਨੂੰ ਅਜਿਹੇ ਰਸਤੇ ਤੇ ਚਲਾਇਆ ਜਾਵੇ ਜਿਸ ਰਸਤੇ ਤੇ ਚੱਲ ਕੇ ਸੱਚਾ ਸਮਾਜ ਬਣ ਸਕਦਾ ਹੈ । ਇਸ ਲਈ ਮੈਂ ਮੰਗ ਕਰਾਂਗਾ ਕਿ ਇਸ ਪ੍ਰੋਗਰਾਮ ਨੂੰ ਜ਼ਿਆਦਾ ਤੋਂ ਜ਼ਿਆਦਾ ਤੇਜ਼ੀ ਨਾਲ ਚਲਾਉਣ ਵਾਸਤੇ ਇਹ ਰਕਮ ਹੋਰ ਵਧਾਈ ਜਾਵੇ ਅਤੇ ਇਹ ਕੰਮ ਸੁਲਝੇ ਹੋਏ ਹੱਥਾਂ ਵਿਚ ਦਿੱਤਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਸਫਾ 7 ਦੇ ਉਤੇ ਡੀਮਾਂਡ ਨੰਬਰ 14 ਵੱਲ ਦਿਵਾਉਣਾ ਚਾਹੁੰਦਾ ਹਾਂ । ਇਹ ਡੀਮਾਂਡ ਪਛੜੀਆਂ ਸ਼੍ਰੇਣੀਆਂ ਦੇ ਕਲਿਆਣ ਵਾਸਤੇ, ਉਨ੍ਹਾਂ ਦੇ ਹਿੱਤ ਵਾਸਤੇ ਹੈ ਔਰ ਇਸ ਸਕੀਮ ਰਾਹੀਂ ਅਸੀਂ ਸਮਝਦੇ ਹਾਂ ਕਿ ਇਹ ਧਰਮਸ਼ਾਲਾਵਾਂ ਆਦਿ ਬਣਾ ਕੇ ਉਸ ਪਛੜੇ ਵਰਗ ਦਾ ਅਸੀਂ ਕਲਿਆਣ ਕਰ ਸਕਦੇ ਹਾਂ । ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਠੀਕ ਹੈ ਕਿ ਸਮਾਜਕ ਤੌਰ ਤੇ ਇਨ੍ਹਾਂ ਲੋਕਾਂ ਨੂੰ ਇਕੱਠੇ ਹੋਣ ਵਾਸਤੇ ਪਿੰਡਾਂ ਦੇ ਵਿਚ ਧਰਮਸ਼ਾਲਾ ਦੀ ਲੋੜ ਹੈ । ਜੇ ਅਜਿਹੀਆਂ ਧਰਮਸ਼ਾਲਾਵਾਂ ਬਣਾ ਦਿਤੀਆਂ ਜਾਣ ਜਿਨ੍ਹਾਂ ਵਿਚ ਇਕੱਲੇ ਉਨ੍ਹਾਂ ਨੇ ਬੈਠਣਾ ਹੈ ਜਿਹੜੇ ਕਿ ਹਮੇਸ਼ਾਂ ਹੀ ਇਕੱਲੇ ਬੈਠਦੇ ਰਹੇ ਹਨ ਤਦ ਮੈਂ ਸਮਝਦਾ ਹਾਂ ਕਿ ਇਨ੍ਹਾਂ ਧਰਮਸ਼ਾਲਾਵਾਂ ਦਾ ਕੋਈ ਜ਼ਿਆਦਾ ਲਾਭ ਨਹੀਂ। ਧਰਮਸ਼ਾਲਾਵਾਂ ਅਜਿਹੀਆਂ ਬਣਾਈਆਂ ਜਾਣ ਜਿਹੜੀਆਂ ਸਾਰੀਆਂ ਕੌਮਾਂ ਦੇ ਲਈ ਹੋਣ ਜਿਨ੍ਹਾਂ ਦੇ ਵਿਚ ਨਾਮ ਧਰੀਕ ਉਚੀ ਜ਼ਾਤ ਦੇ ਜਟ, ਨਾਮ ਧਰੀਕ ਉਚੀ ਜ਼ਾਤ ਦੇ ਹਿੰਦੂ ਸਾਰੇ ਇਕੱਠੇ ਬੈਠ ਕੇ ਸਮਾਜ ਦੇ ਕਲਿਆਣ ਦੀ ਗੱਲ ਸੋਚ ਸਕਣ ਅਤੇ ਛੂਤ ਛਾਤ ਦੀ ਭਾਵਨਾ ਜਿਹੜੀ ਦਿਨ ਪ੍ਰਤੀ ਦਿਨ ਵੱਧ ਰਹੀ ਹੈ ਉਹ ਖਤਮ ਹੋ ਸਕੇ ।

ਇਸ ਦੇ ਨਾਲ ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜਾ ਉਸ ਨੇ ਹਰੀਜਨ ਬਸਤੀਆਂ ਦੀ ਐਨਵਾਇਰਨਮੈਂਟਸ ਬਦਲਣ ਦੇ ਵਾਸਤੇ ਪ੍ਰੋਗਰਾਮ ਬਣਾਇਆ ਹੈ ਇਹ ਚੰਗਾ ਹੈ। ਇਹ ਪਿੰਡਾਂ ਵਿਚ ਬਸਤੀਆਂ ਦੇ ਨਾਲ ਨਾਲ ਸ਼ਹਿਰਾਂ ਦੇ ਵਿਚ ਜਿਹੜੀਆਂ ਬਾਲਮੀਕ ਬਸਤੀਆਂ ਹਨ, ਜਿਹੜੇ ਲੋਕ ਪਛੜੇ ਹੋਏ ਹਨ ਅਤੇ ਅਸਲ ਵਿਚ ਪਛੜੇ ਹੋਏ ਹਨ ਉਨ੍ਹਾਂ ਦੀਆਂ ਗੰਦੀਆਂ ਬਸਤੀਆਂ ਜਿਹੜੀਆਂ ਕਿ ਵਾਕਈ ਗੰਦੀਆਂ ਬਸਤੀਆਂ ਹਨ ਜਦ ਤਕ ਸਰਕਾਰ ਇਧਰ ਆਪਣਾ ਧਿਆਨ ਨਹੀਂ ਦਿੰਦੀ ਤਦ ਤਕ ਇਹ ਸਕੀਮ ਸੁਚੱਜੇ ਤੌਰ ਤੇ, ਚੰਗੇ ਤੌਰ ਤੇ ਲਾਗੂ ਨਹੀਂ ਹੋ ਸਕਦੀ । ਇਸ ਦੇ ਨਾਲ ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਧਰਮਸ਼ਾਲਾਵਾਂ ਬਣਾਉਣੀਆਂ, ਬਸਤੀਆਂ ਬਣਾਉਣੀਆਂ ਇਹ ਤਾਂ ਪ੍ਰਚਾਵੇ ਦੇ ਕੰਮ ਹਨ ਕਿ ਹਰੀਜਨੋ, ਪਛੜੇ ਹੋਏ ਲੋਕੋ ਤੁਹਾਡੇ ਵਾਸਤੇ ਸਰਕਾਰ ਨੇ ਇਹ ਕੰਮ ਕਰ ਦਿਤਾ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਸਚ ਮੁਚ ਬੈਕਵਰਡ ਲੋਕਾਂ ਨੂੰ, ਪਛੜੇ ਹੋਏ ਲੋਕਾਂ ਨੂੰ, ਹਰੀਜਨਾਂ ਨੂੰ ਆਰਥਕ ਤੌਰ ਤੇ, ਸਮਾਜਕ ਤੌਰ ਤੇ ਰਾਜਨੀਤਕ ਤੌਰ ਤੇ ਦੂਜਿਆਂ ਦੇ ਬਰਾਬਰ ਖੜਾ ਕਰਨਾ ਹੈ ਤਦ ਸਰਕਾਰ ਨੂੰ ਨਿਰਾ ਇਨ੍ਹਾਂ ਧਰਮਸ਼ਾਲਾਵਾਂ ਦੀਆਂ ਅਤੇ ਹਰੀਜਨ ਬਸਤੀਆਂ ਦੇ ਵਿਕਾਸ ਵਲ ਹੀ ਨਹੀਂ ਸਗੋਂ ਉਨ੍ਹਾਂ ਨੂੰ ਆਰਥਕ ਤੌਰ ਤੇ ਅਜਿਹੀਆਂ ਸਕੀਮਾਂ ਦੇਣੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਉਹ ਬਰਾਬਰ ਆ ਸਕਣ। ਸਰਕਾਰ ਨੇ ਕਰਜ਼ਾ ਦੇਣ ਦਾ ਮਹਿਕਮਾ ਖੋਲ੍ਹਿਆ ਹੋਇਆ ਹੈ । ਇਹ ਕਰਜ਼ਾ ਦੇ ਕੇ ਉਨਾਂ ਦਾ ਕਲਿਆਣ ਨਹੀਂ ਹੋ ਸਕਦਾ ਜਿਵੇਂ ਕਿ ਡਾਂਗ ਸਾਹਿਬ ਦੀ ਕਮੇਟੀ ਨੇ ਸਪਸ਼ਟ ਕੀਤਾ ਹੈ । ਉਸ ਦਾ ਨਜ਼ਰੀਆ ਇਹ ਹੋਣਾ ਚਾਹੀਦਾ ਹੈ ਕਿ ਹਰੀਜਨਾਂ ਵਿਚ ਵਿਸ਼ੇਸ਼ ਰੂਪ ਵਿਚ ਦਸਤਕਾਰੀ ਨੂੰ ਪ੍ਰੋਤਸਾਹਨ ਦਿੱਤਾ ਜਾਵੇ ਔਰ ਜਿਹੜੀਆਂ ਵੀ

ਸਰਕਾਰੀ ਜਾਂ ਅੱਧ ਸਰਕਾਰੀ ਸੰਸਥਾਵਾਂ ਹਨ ਉਨ੍ਹਾਂ ਵਿਚ ਜਿੰਨੀਆਂ ਨੌਕਰੀਆਂ ਨਿਕਲਦੀਆਂ ਹਨ ਸਰਕਾਰ ਆਪਣੇ ਫੈਸਲੇ ਮੁਤਾਬਕ ਉਨ੍ਹਾਂ ਨੂੰ ਬਰਾਬਰ ਦਾ ਹਿੱਸਾ ਦੇਵੇ। ਜੇਕਰ ਸਰਕਾਰ ਬਰਾਬਰ ਦਾ ਹਿੱਸਾ ਨਹੀਂ ਦਵਾ ਸਕਦੀ ਤਾਂ ਸਰਕਾਰ ਨੂੰ ਇਕ ਐਕਟ ਬਣਾਉਣਾ ਚਾਹੀਦਾ ਹੈ ਉਸ ਵਿਚ ਪਹਿਲੇ ਦਰਜੇ ਦੀਆਂ, ਦੂਜੇ ਦਰਜੇ ਦੀਆਂ, ਤੀਜੇ ਦਰਜੇ ਦੀਆਂ ਅਤੇ ਚੌਥੇ ਦਰਜੇ ਦੀਆਂ ਜਿੰਨੀਆਂ ਵੀ ਸੁਰਖਿਅਤ ਪੋਸਟਾਂ ਹਨ ਉਸ ਐਕਟ ਰਾਹੀਂ ਦਿਵਾਉਣੀਆਂ ਚਾਹੀਦੀਆਂ ਹਨ। ਤਾਂ ਕਿਤੇ ਜਾ ਕੇ ਹਰੀਜਨਾਂ ਦਾ ਆਰਥਿਕ ਤੌਰ ਤੇ ਅਤੇ ਸਾਮਾਜਿਕ ਤੌਰ ਤੇ ਕਲਿਆਣ ਹੋ ਸਕੇਗਾ। ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇਹ ਜਿਹੜੀ 9 ਵੀਂ, 53ਵੀਂ ਅਤੇ 45ਵੀਂ ਮੰਗ ਥਲੇ ਸਿਵਲ ਸਪਲਾਈ ਕਾਰਪੋਰੇਸ਼ਨ ਬਾਰੇ ਸੋਚਿਆ ਹੈ ਮੈਂ ਉਸ ਬਾਰੇ ਦੋ ਸ਼ਬਦ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਇਹ ਸਕੀਮ ਚੰਗੀ ਹੈ ਪਰ ਇਸ ਸਕੀਮ ਨੂੰ ਚਾਲੂ ਕਰਨ ਵਾਸਤੇ ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿਤੇ ਇਸ ਸਕੀਮ ਵਿਚ, ਜਿਸ ਤਰ੍ਹਾਂ ਮਾਰਕਫੈਡ ਅੱਜ ਰਿਸ਼ਵਤ ਦਾ ਅੱਡਾ ਬਣੀ ਹੋਈ ਹੈ, ਇਹ ਕਾਰਪੋਰੇਸ਼ਨ ਇਸ ਤਰ੍ਹਾਂ ਕਿਸੇ ਰਿਸ਼ਵਤ ਦਾ ਅੱਡਾ ਨਾ ਬਣ ਜਾਵੇ। ਸਕੀਮ ਬੜੀ ਚੰਗੀ ਹੈ ਉਸ ਨੂੰ ਇੰਮਪਲੀਮੈਂਟ ਕਰਨ ਵਾਸਤੇ ਕਿਸੇ ਇਮਾਨਦਾਰ ਹੱਥਾਂ ਵਿਚ ਸੌਂਪੀ ਜਾਵੇ।

ਹੁਣ ਮੈਂ ਡਿਮਾਂਡ ਨੰ: 17 ਅਤੇ 41 ਵੱਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਜਿਥੇ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਕਾਲਜ ਨੂੰ ਗ੍ਰਾਂਟ ਦੇ ਕੇ ਇਕ ਬਹੁਤ ਬੜਾ ਕੰਮ ਕੀਤਾ ਹੈ ਔਰ ਬਾਬਾ ਫ਼ਰੀਦ ਦੀ ਫਾਊਂਡੇਸ਼ਨ ਨੂੰ ਸਹਾਇਤਾ ਦੇ ਕੇ ਇਕ ਉਚੇ ਕੰਮ ਨੂੰ ਪ੍ਰੋਤਸਾਹਨ ਦਿੱਤਾ ਹੈ ਕਿਉਂਕਿ ਬਾਬਾ ਫ਼ਰੀਦ ਫਾਊਂਡੇਸ਼ਨ ਨੇ ਜ਼ਾਤ ਪਾਤ ਦੇ ਝਗੜਿਆਂ ਤੋਂ ਉਪਰ ਉਠ ਕੇ ਸੈਕੂਲਰਇਜ਼ਮ ਦਾ ਪ੍ਰਚਾਰ ਕਰਨਾ ਹੈ, ਉਥੇ ਮੈਂ ਸਰਕਾਰ ਦਾ ਧਿਆਨ ਹਰੀਜਨਾਂ ਦੀ ਮੰਗ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜੂਨ, 1973 ਵਿਚ ਪੰਜਾਬ ਦੇ ਹਰੀਜਨਾਂ ਨੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਤੋਂ ਇਹ ਮੰਗ ਕੀਤੀ ਸੀ ਕਿ 1977 ਵਿਚ ਸ੍ਰੀ ਗੁਰੂ ਰਵੀ ਦਾਸ ਜੀ ਦਾ ਛੇ ਸੋਵੀ ਵਰ੍ਹੇ ਗੰਢ ਮਨਾਈ ਜਾ ਰਹੀ ਹੈ ਉਸ ਵਿਚ ਉਸੇ ਤਰ੍ਹਾਂ ਸਰਕਾਰ ਨੂੰ ਫਰਾਖਦਿਲੀ ਨਾਲ ਫੰਡ ਦੇਣੇ ਚਾਹੀਦੇ ਹਨ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ 5 ਸੌਂਵੀਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌਂਵੀਂ ਵਰ੍ਹੇ ਗੰਢ ਵਿਚ ਦਿਤੇ ਹਨ। ਉਸੇ ਫ਼ਰਾਖ਼ ਦਿਲੀ ਨਾਲ ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿਉਂਕਿ ਸ੍ਰੀ ਗੁਰੂ ਰਵੀ ਦਾਸ ਜੀ ਨੀਚਾਂ ਵਿਚੋਂ ਉਠ ਕੇ ਬਰਾਬਰੀ ਦਾ ਦਰਜਾ, ਆਰਥਿਕ ਤੌਰ ਤੇ, ਰਾਜਨੀਤਿਕ ਤੌਰ ਤੇ ਆਜ਼ਾਦੀ ਲਿਆਉਣ ਵਾਸਤੇ ਪਛੜੇ ਹੋਏ ਸਮਾਜ ਤੋਂ ਉਠ ਕੇ ਕੰਮ ਕੀਤਾ। ਸਰਕਾਰ ਨੂੰ ਫ਼ਰਾਖ਼ਦਿਲੀ ਨਾਲ ਉਸ ਫਾਊਂਡੇਸ਼ਨ ਨੂੰ, ਜਿਸ ਦੇ ਪ੍ਰਧਾਨ ਸ੍ਰੀ ਜਗਜੀਵਨ ਰਾਮ ਜੀ ਹਨ, ਪੈਸੇ ਦੇਣੇ ਚਾਹੀਦੇ ਹਨ ਤਾਂ ਕਿ ਉਸ ਆਜ਼ਾਦੀ ਦੀ ਜੜ੍ਹ ਨੂੰ ਮਜ਼ਬੂਤ ਕਰ ਸਕੀਏ ਜਿਸ ਆਜ਼ਾਦੀ ਦੇ ਨਾਲ ਉਹ ਇਸ ਆਜ਼ਾਦੀ ਦੇ ਨਵੇਂ ਰੂਪ ਵਿਚ ਆ ਚੁਕੇ ਹਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈ ਨੂੰ ਕਿਰਪਾ ਪੂਰਵਕ ਥੋੜੇ ਸਮੇਂ ਵਿਚ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ ਹੈ।

ਸਰਦਾਰ ਕਿਰਪਾਲ ਸਿੰਘ ਰੰਧਾਵਾ : (ਮਜੀਠਾ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕੁਝ ਡਿਮਾਂਡਜ਼ ਜਿਹੜੀਆਂ ਕਿ ਇਸ ਹਾਉਸ ਵਿਚ ਪੇਸ਼ ਹੋਈਆਂ ਹਨ ਤੇ ਆਪਣੇ ਵਿਚਾਰ ਰਖਣਾ ਚਾਹੁੰਦਾ ਹਾਂ। ਇਰੀਗੇਸ਼ਨ ਅਤੇ ਪਾਵਰ ਦੀ ਡਿਮਾਂਡ ਨੰ: 28 ਔਰ ਸੜਕਾਂ ਦੀ ਨੰ: 33 ਜਿਨ੍ਹਾਂ ਰਾਹੀਂ ਪਿੰਡਾਂ ਦੇ ਲੋਕਾਂ ਦੀ ਜ਼ਿੰਦਗੀ ਵਲ ਖ਼ਾਸ ਧਿਆਨ ਰਖਿਆ ਗਿਆ ਹੈ, ਉਨ੍ਹਾਂ ਵਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ।

ਸਭ ਤੋਂ ਪਹਿਲਾਂ ਮੈਂ ਸਮਝਦਾ ਹਾਂ ਕਿ ਪੰਜਾਬ ਨੂੰ ਇਰੀਗੇਸ਼ਨ ਦੀ ਸਭ ਤੋਂ ਵੱਡੀ ਜ਼ਰੂਰਤ ਹੈ ਔਰ ਇਸ ਲਈ ਸਾਡੇ ਸੂਬੇ ਵਿਚ ਨਾ ਕੋਈ ਲੋਹਾ ਹੁੰਦਾ ਹੈ ਔਰ ਨਾ ਕੋਈ ਕੋਲਾ ਹੁੰਦਾ ਹੈ। ਨਾ ਤਾਂਬਾ ਨਿਕਲਦਾ ਹੈ। ਸਾਡਾ ਸੂਬਾ ਸਿਰਫ਼ ਅੰਨ ਪੈਦਾ ਕਰਨ ਵਾਲਾ ਸੂਬਾ ਹੈ ਇਸ ਲਈ ਪਿੰਡਾਂ ਨੂੰ ਸੱਭ

[ਸਰਦਾਰ ਕਿਰਪਾਲ ਸਿੰਘ ਰੰਧਾਵਾ]

ਤੋਂ ਜ਼ਿਆਦਾ ਲੋੜ ਪਾਣੀ ਦੀ ਹੈ। ਇਸ ਲਈ ਪੰਜਾਬ ਦੇ ਕਿਸਾਨ ਨੇ ਜੋ ਹਿੰਦੁਸਤਾਨ ਦੀ ਸੇਵਾ ਕੀਤੀ ਹੈ, ਮੈਂ ਸਮਝਦਾ ਹਾਂ ਕਿ ਉਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਇਸ ਲਈ ਸਾਡੇ ਫ਼ਾਇਨਾਂਸ ਮਨਿਸਟਰ ਨੇ ਆਪਣਾ ਬਜਟ ਪੇਸ਼ ਕਰਨ ਲਗਿਆਂ ਪਹਿਲੇ ਸਫੇ ਤੇ ਪੰਜਾਬ ਦੇ ਕਿਸਾਨ ਨੂੰ ਟਰਬਿ-ਊਟ ਪੇਸ਼ ਕੀਤਾ ਹੈ। ਪੰਜਾਬ ਦੇ ਕਿਸਾਨ ਨੇ ਇਸ ਸੂਬੇ ਦੀ ਇਕਤਸਾਦੀ ਔਰ ਇਸ ਸੂਬੇ ਦੀ ਡਿਵੈਲਪ-ਮੈਂਟ ਨੂੰ ਆਪਣੀ ਮਿਹਨਤ ਨਾਲ ਔਕੜਾਂ ਦੇ ਬਾਵਜੂਦ ਕਾਇਮ ਰੱਖਿਆ ਹੈ ਔਰ ਆਪਣੀ ਪਰੰਪਰਾ ਅਨੁਸਾਰ ਪੰਜਾਬ ਦੇ ਕਿਸਾਨ ਨੇ ਪੰਜਾਬ ਦੇ ਸੂਬੇ ਨੇ ਜੋ ਹਿੰਦ ਸਰਕਾਰ ਨੂੰ ਦਿਤਾ, ਬਾਕੀ ਸੂਬੇ ਦੀਆਂ ਸਰਕਾਰਾਂ ਸਬਸਿਡੀ ਲੈਂਦੀਆਂ ਹਨ, ਪਰ ਅੱਜ ਮੈਂ ਇਹ ਕਹਿਣ ਵਿਚ ਗੁਰੇਜ਼ ਨਹੀਂ ਕਰਾਂਗਾਂ ਕਿ ਪੰਜਾਬ ਦੇ ਕਿਸਾਨ ਨੇ 60 ਕਰੋੜ ਰੁਪਏ ਦੀ ਸਬਸਿਡੀ ਹਿੰਦੁਸਤਾਨ ਦੀ ਸਰਕਾਰ ਨੂੰ 38 ਲੱਖ ਟਨ ਅਨਾਜ ਦੇ ਕੇ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਇਰੀਗੇਸ਼ਨ ਦੀਆਂ ਸਕੀਮਾਂ ਹਨ, ਜਿਸ ਤਰ੍ਹਾਂ ਸਾਡਾ ਥੀਨ ਡੈਮ ਦਾ ਪ੍ਰੋਗਰਾਮ ਹੈ ਜਿਹੜਾ ਕਿ ਪਿਛਲੇ ਕਈ ਸਾਲਾਂ ਤੋਂ ਸ਼ੁਰੂ ਹੋਇਆ ਹੋਇਆ ਹੈ ਉਹ ਹੁਣ ਮੁਕੰਮਲ ਹੋਣ ਵਾਲਾ ਹੈ ਅਤੇ ਉਸ ਲਈ ਅਖ਼ਬਾਰਾਂ ਵਿਚ ਸੁਰਖੀਆਂ ਨਿਕਲੀਆਂ ਹਨ ਕਿ ਹਰਿਆਣਾ ਵਾਲੇ ਉਸ ਦੇ ਪਾਣੀ ਦੀ ਮੰਗ ਕਰਨ ਲਗੇ ਹਨ । ਹਰਿਆਣਾ ਨੇ ਇਹ ਗਲ ਆਖੀ ਹੈ ਕਿ ਜੇ ਅਸੀਂ ਇੱਕਠੇ ਹੁੰਦੇ ਤਾਂ ਫਿਰ ਵੀ ਤਾਂ ਅਸੀਂ ਪਾਣੀ ਲੈਣਾ ਸੀ। ਮੈਂ ਸਰਕਾਰ ਨੂੰ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕਿਸਾਨ ਨੂੰ ਪਾਣੀ ਨਾਲ ਬੜਾ ਪਿਆਰ ਹੈ ਅਤੇ ਓਹ ਇਕ ਬੂੰਦ ਪਾਣੀ ਦੀ ਦੇਣਾ ਆਪਣੇ ਲਹੂ ਦੇ ਬਰਾਬਰ ਸਮਝਦਾ ਹੈ । ਮੈਂ ਸਮਝਦਾ ਹਾਂ ਕਿ ਜੇ ਪੰਜਾਬ ਨੂੰ ਵੱਡਾ ਭਰਾ ਸਮਝ ਕੇ ਹਰਿਆਣਾ ਪਾਣੀ ਲੈਣਾ ਚਾਹੁੰਦਾ ਹੈ ਤਾਂ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਜਮਨਾ ਦਾ ਪਾਣੀ ਵੀ ਪੰਜਾਬ ਨੂੰ ਮਿਲਣਾ ਚਾਹੀਦਾ ਹੈ ਕਿਉਂਕਿ ਜੇਕਰ ਪੰਜਾਬ ਇਕਠਾ ਹੁੰਦਾ ਤਾਂ ਜਮਨਾ ਦਾ ਪਾਣੀ ਵੀ ਤਾਂ ਪੰਜਾਬ ਨੂੰ ਆਉਂਦਾ। ਮੈਂ ਇਹ ਪੰਜਾਬ ਦੇ ਕਿਸਾਨ ਦੀ ਆਵਾਜ਼ ਸਰਕਾਰ ਤਕ ਪਹੁੰਚਾਉਣਾ ਚਾਹੁੰਦਾ ਹਾਂ। ਪੰਜਾਬ ਇਕ ਜ਼ਰਾਇਤੀ ਸੂਬਾ ਹੈ ਅਤੇ ਅੱਨ ਪੈਦਾ ਕਰਨ ਲਈ ਪਾਣੀ ਦੀ ਜ਼ਰੂਰਤ ਹੈ। ਸਾਡੇ ਪੰਜਾਬ ਦੇ ਕਈ ਜ਼ਿਲ੍ਹੇ ਬਠਿੰਡਾ ਅਤੇ ਹੋਰ ਕਈ ਅਜਿਹੇ ਜ਼ਿਲ੍ਹੇ ਹਨ ਜਿਥੇ ਹਾਲੇ ਤਕ ਪਾਣੀ ਨਹੀਂ ਮਿਲਦਾ। ਸਾਨੂੰ ਪਾਣੀ ਦੇ ਮੁਤਅੱਲਕ ਸਪਸ਼ਟ ਹੋਣਾ ਚਾਹੀਦਾ ਹੈ। ਜੇਕਰ ਪਾਣੀ ਦੇ ਮੁਤਅੱਲਕ ਸਾਡੀ ਸਰਕਾਰ ਕੋਈ ਵੀ ਸਮਝੋਤਾ ਕਿਸੇ ਨਾਲ ਕਰੇਗੀ ਤਾਂ ਸਾਡੇ ਕਿਸਾਨਾਂ ਦੇ ਜਜ਼ਬਾਤਾਂ ਨਾਲ ਖੇਲੇਗੀ ।

ਇਸ ਤੋਂ ਅੱਗੇ ਸੜਕਾਂ ਦਾ ਮਸਲਾ ਹੈ । ਸਰਕਾਰ ਨੇ ਬਹੁਤ ਸੜਕਾਂ ਬਣਾਈਆਂ ਹਨ, ਬਹੁਤ ਅੱਛਾ ਕੰਮ ਕੀਤਾ ਹੈ । ਇਸ ਵੇਲੇ ਹਰ ਇਕ ਪਿੰਡ ਤੱਕ ਸੜਕਾਂ ਬਣ ਚੁਕੀਆਂ ਹਨ ਅਤੇ ਆਉਣ ਵਾਲੇ ਸਮੇਂ ਵਿਚ ਸੜਕਾਂ ਪਿੰਡਾਂ ਤੋਂ ਪਿੰਡਾਂ ਤਕ ਪਹੁੰਚ ਜਾਣਗੀਆਂ, ਇਹ ਬੜਾ ਸ਼ਲਾਘਾਯੋਗ ਕਦਮ ਹੈ । ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਪਿੰਡਾਂ ਦੇ ਲੋਕ ਸ਼ਹਿਰਾਂ ਵੱਲ ਜਾ ਰਹੇ ਹਨ ਇਹ ਬੜਾ ਖਤਰਨਾਕ ਕਦਮ ਹੈ ਅਤੇ ਇਹ ਇਕ ਬੜਾ ਖਤਰਨਾਕ ਰਜੂਹ ਪੈਦਾ ਹੋ ਰਿਹਾ ਹੈ । ਜੇਕਰ ਅਸੀਂ ਪਿੰਡਾਂ ਦੇ ਲੋਕਾਂ ਦੀ ਤਰੱਕੀ ਵੱਲ ਧਿਆਨ ਨਹੀਂ ਦਿਆਂਗੇ ਅਤੇ ਉਨ੍ਹਾਂ ਨੂੰ ਸ਼ਹਿਰਾਂ ਵਾਲੀਆਂ ਅਮੈਨੇਟੀਜ਼ ਪਰੋਵਾਈਡ ਨਹੀਂ ਕਰਾਂਗੇ ਤਾਂ ਉਹ ਲੋਕ ਸ਼ਹਿਰਾਂ ਵੱਲ ਹੀ ਭੱਜਣਗੇ । ਇਹ ਇਨਟੈਗਰੇਟਿਡ ਸੋਸਾਇਟੀ ਹੈ ਅਤੇ ਪਿੰਡਾਂ ਵਾਲਿਆਂ ਲਈ ਸ਼ਹਿਰਾਂ ਵਿਚ ਜਾਣ ਦੀ ਕੋਈ ਬੰਦਸ਼ ਨਹੀਂ । ਜੇਕਰ ਇਹ ਚਾਹੁੰਦੇ ਹਨ ਕਿ ਪਿੰਡਾਂ ਵਾਲੇ ਸ਼ਹਿਰਾਂ ਵਿਚ ਨਾ ਜਾਣ ਤਾਂ ਇਸ ਚੀਜ਼ ਨੂੰ ਮੁੱਖ ਰੱਖ ਕੇ ਪਿੰਡਾਂ ਨੂੰ ਉਚਾ ਚੁਕਣ ਅਤੇ ਪੰਜਾਬ ਨੂੰ ਉਚਾ ਕਰਨ ਅਤੇ ਪਿੰਡਾਂ ਦੇ ਲੋਕਾਂ ਨੂੰ ਉਹ ਸਾਰੀਆਂ ਸਹੂਲੀਆਤ ਪ੍ਰੋਵਾਈਡ ਕਰਨ ਜਿਹੜੀਆਂ ਸ਼ਹਿਰਾਂ ਵਿਚ ਪ੍ਰੋਵਾਈਡ ਕੀਤੀਆਂ ਜਾਂਦੀਆਂ ਹਨ ।

ਮੁੱਖ ਸੰਸਦੀ ਸਕੱਤਰ : ਡਿਪਟੀ ਸਪੀਕਰ ਸਾਹਿਬ, ਮੈਂ ਇਕ ਜ਼ਰੂਰੀ ਸੂਚਨਾ ਦੇਣੀ ਚਾਹੁੰਦਾ ਹਾਂ। ਸਰਦਾਰ ਕਿਰਪਾਲ ਸਿੰਘ ਨੇ ਅੱਜ ਆਪਣੇ ਪੁਆਇੰਟ ਆਫ ਆਰਡਰ ਤੇ ਕਿਹਾ ਸੀ ਕਿ ਇਕ

ਹੋਰ ਵਿਅਕਤੀ ਦੀ ਮੌਤ ਹੋ ਗਈ ਹੈ ਜਿਹੜਾ ਕਿ ਹਸਪਤਾਲ ਵਿਚ ਸੀ । ਮੈਂ ਟੈਲੀਫੋਨ ਰਾਹੀਂ ਪਤਾ ਕੀਤਾ ਹੈ ਕੋਈ ਮੌਤ ਨਹੀਂ ਹੋਈ । He is out of danger now. (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਚੰਗੀ ਖ਼ਬਰ ਹੈ । (This is a good news).

ਸਰਦਾਰ ਕਿਰਪਾਲ ਸਿੰਘ ਰੰਧਾਵਾ: ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਮੌਡਲ ਵਿਲੇਜ ਸਕੀਮ ਬਾਰੇ ਕਰਨੀ ਚਾਹੁੰਦਾ ਹਾਂ । ਇਸ ਵੇਲੇ ਸਾਡੀ ਸਰਕਾਰ ਨੇ ਇਕ ਪੰਚਾਇਤੀ ਰਾਜ ਡਾਇਰੈਕਟੋਰੇਟ ਬਣਾ ਕੇ ਬਲਾਕ ਸੰਮਤੀਆਂ ਨੂੰ ਐਨ. ਈ. ਐਸ. ਬਲਾਕ ਨੂੰ ਮਹਾਨਤਾ ਦਿੱਤੀ ਹੈ, ਇਹ ਇਕ ਸ਼ਲਾਘਾਯੋਗ ਕਦਮ ਹੈ । ਸਾਡੇ ਫਾਇਨਾਂਸ ਮਨਿਸਟਰ ਨੇ ਆਏ ਸਾਲ ਦੇ ਬਜਟ ਵਿਚ ਇਸ ਨੂੰ ਨਵਾਂ ਮੋੜ ਦਿਤਾ ਹੈ ਜੋ ਪਿਛਲੇ ਸੌ ਸਾਲਾਂ ਬਾਅਦ ਇਸ ਦਾ ਜ਼ਿਕਰ ਕੀਤਾ ਹੈ। ਨਵਾਂ ਮੋੜ ਦੇ ਕੇ ਜ਼ਰੂਰਤ ਦੇ ਮੁਤਾਬਕ ਉਸ ਦਾ ਇਕ ਸੋਹਣਾ ਬਜਟ ਪੇਸ਼ ਕੀਤਾ ਹੈ ਅਤੇ ਪੰਜਾਬ ਸਰਕਾਰ ਇਸ ਗੱਲ ਲਈ ਵਧਾਈ ਦੀ ਪਾਤਰ ਹੈ ਔਰ ਡੀਮਾਂਡਜ਼ ਰਾਹੀਂ ਜੋ ਹਾਊਸ ਤੋਂ ਮੰਗ ਕੀਤੀ ਹੈ ਮੈਨੂੰ ਆਸ ਹੈ ਕਿ ਉਹ ਸਾਰਾ ਹਾਊਸ ਪ੍ਰਵਾਨ ਕਰੇਗਾ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਡਿਮਾਂਡਜ਼ ਤੇ ਬੋਲਣਾ ਹੈ। ਮੈਂ ਅੱਜ ਕੁਝ ਬਿਮਾਰ ਹਾਂ ਇਸ ਲਈ ਥੋੜਾ ਹੌਲੀ ਹੌਲੀ ਬੋਲਾਂਗਾ। ਕਾਂਗਰਸ ਸਰਕਾਰ ਨੇ ਇਨ੍ਹਾਂ ਸਪਲੀਮੈਂਟਰੀ ਡੀਮਾਂਡਜ਼ ਰਾਹੀਂ ਆਪਣੇ ਮਿੱਤਰਾਂ, ਦੋਸਤਾਂ, ਜਾਗੀਰਦਾਰਾਂ ਅਤੇ ਸਰਮਾਏਦਾਰਾਂ ਨੂੰ ਹੋਰ ਸਹੂਲਤਾਂ ਦੇਣ ਲਈ ਪੈਸੇ ਮੰਗੇ ਹਨ ਅਤੇ ਗਰੀਬ ਜਨਤਾ ਦਾ ਕੋਈ ਖਿਆਲ ਨਹੀਂ ਰੱਖਿਆ ਗਿਆ । ਜੇਕਰ ਇਥੇ ਕੋਈ ਗਰੀਬਾਂ ਦੇ ਭਲੇ ਦੀ ਗੱਲ ਕਰਦਾ ਹੈ ਤਾਂ ਉਸ ਨੂੰ ਥਰੈਟ ਕੀਤਾ ਜਾਂਦਾ ਹੈ । ਜਿਵੇਂ ਸਰਦਾਰ ਦਰਸ਼ਨ ਸਿੰਘ ਕੇ. ਪੀ. ਨੇ ਹਰੀਜਨਾਂ ਦੇ ਮਸਲੇ ਤੇ ਆਵਾਜ਼ ਉਚੀ ਕੀਤੀ ਤਾਂ ਉਨ੍ਹਾਂ ਦਾ ਮੂੰਹ ਬੰਦ ਕਰਨ ਲਈ, ਉਨ੍ਹਾਂ ਨੂੰ ਪਾਰਟੀ ਵਿਚੋਂ ਸਸਪੈਂਡ ਕਰ ਦਿੱਤਾ ਹੈ। ਜੇਕਰ ਕੋਈ ਗਰੀਬਾਂ ਦੀ ਗੱਲ ਕਰਦਾ ਹੈ ਤਾਂ ਇਸ ਤਰੀਕੇ ਨਾਲ ਉਨ੍ਹਾਂ ਨੂੰ ਥਰੈਟਨ ਕੀਤਾ ਜਾਂਦਾ ਹੈ।

ਡਿਪਟੀ ਸਪੀਕਰ ਸਾਹਿਬ, ਡੀਮਾਂਡ ਨੰਬਰ 14 ਦੇ ਰਾਹੀਂ ਇਨ੍ਹਾਂ ਨੇ ਹਰੀਜਨਾਂ ਲਈ ਧਰਮਸ਼ਾਲਾਵਾਂ ਬਣਾਉਣ ਵਾਸਤੇ ਪੈਸਾ ਮੰਗਿਆ ਹੈ । ਹਰੀਜਨਾਂ ਦੀਆਂ ਧਰਮਸ਼ਾਲਾਵਾਂ ਵਾਸਤੇ ਪੈਸਾ ਮੰਗਣਾ ਤਾਂ ਬੜੀ ਚੰਗੀ ਗੱਲ ਹੈ ਪਰ ਜੋ ਰੁਪਿਆ ਰੱਖਿਆ ਜਾਂਦਾ ਹੈ ਉਸ ਵਿਚੋਂ ਕਾਫੀ ਹਿੱਸਾ ਤਾਂ ਅਫਸਰ ਹੀ ਲੈ ਜਾਂਦੇ ਹਨ। 5,500/- ਰੁਪਿਆ ਇਕ ਧਰਮਸ਼ਾਲਾ ਬਣਾਉਣ ਵਾਸਤੇ ਮਿਲਦਾ ਹੈ। ਇਸ ਦੇ ਵਿਚੋਂ ਪੰਜ ਸੌ ਰੁਪਏ ਤਾਂ ਸਿੱਧਾ ਤਹਿਸੀਲ ਵੈਲਫੇਅਰ ਅਫ਼ਸਰ ਲੈ ਜਾਂਦਾ ਹੈ ਅਤੇ ਉਸ ਤੋਂ ਬਾਅਦ ਡਿਸਟ੍ਰਿਕਟ ਲੈਵਲ ਦੇ ਦੂਜੇ ਅਫ਼ਸਰ ਲੈ ਜਾਂਦੇ ਹਨ ਅਤੇ ਬਾਕੀ ਸਿਰਫ 4,000/- ਰੁਪਿਆ ਹੀ ਮੁਸ਼ਕਲ ਨਾਲ ਰਹਿ ਜਾਂਦਾ ਹੈ । ਜਿਹੜੀਆਂ ਪਹਿਲੀਆਂ ਧਰਮਸ਼ਾਲਾਵਾਂ ਇਨ੍ਹਾਂ ਨੇ ਬਣਾਉਣ ਲਈ ਪੈਸਾ ਰੱਖਿਆ ਸੀ, ਉਹ ਧਰਮਸ਼ਾਲਾਵਾਂ ਤਾਂ ਅਜੇ ਤਕ ਵੀ ਅਧੂਰੀਆਂ ਪਈਆਂ ਹਨ । ਮੈਂ ਕਹਾਂਗਾ ਕਿ ਸਰਕਾਰ ਉਨ੍ਹਾਂ ਲਈ ਹੋਰ ਪੈਸੇ ਦੇਵੇ ਤਾਂ ਕਿ ਉਹ ਮੁਕੰਮਲ ਕਰ ਲਈਆਂ ਜਾਣ । ਹਰੀਜਨਾਂ ਲਈ ਧਰਮਸ਼ਾਲਾਵਾਂ ਬਣਾਉਣ ਲਈ ਡਿਸਟ੍ਰਿਕਟ ਲੈਵਲ ਤੇ ਲੋਕ ਕਮੇਟੀਆਂ ਬਣਨੀਆਂ ਚਾਹੀਦੀਆਂ ਹਨ, ਉਹ ਪੈਸੇ ਦਿਵਾਉਣ ।

ਸਰਦਾਰ ਗੁਰਬਚਨ ਸਿੰਘ : ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਦੱਸਿਆ ਹੈ ਕਿ ਤਹਿਸੀਲ ਵੈਲਫੇਅਰ ਅਫ਼ਸਰ ਪੈਸਾ ਖਾ ਜਾਂਦੇ ਹਨ ਅਤੇ ਦੂਜੇ ਅਫਸਰ ਇਸ ਤਰ੍ਹਾਂ ਪੈਸਾ ਵੰਡ ਕੇ

[ਸਰਦਾਰ ਗੁਰਬਚਨ ਸਿੰਘ]

ਖਾ ਜਾਂਦੇ ਹਨ । ਇਹ ਵੀ ਐਮ. ਐਲ. ਏ. ਹਨ । ਕੀ ਇਨ੍ਹਾਂ ਨੇ ਵਿਜੀਲੈਂਸ ਕਮੇਟੀ ਨੂੰ ਕਦੇ ਕੰਪਲੇਂਟ ਭੇਜੀ ਹੈ ਕਿ ਕਿਤਨਾ ਕਿਤਨਾ ਰੁਪਿਆ ਫਲਾਨਾ ਫਲਾਨਾ ਅਫਸਰ ਖਾ ਗਿਆ ਹੈ ਅਤੇ ਇਸ ਲਈ ਇਨਕੁਆਇਰੀ ਕੀਤੀ ਜਾਵੇ ।

ਮਾਸਟਰ ਚੰਦ ਸਿੰਘ : * * * * * * * * *

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਕ ਸੁਝਾ ਦੇਣਾ ਚਾਹੁੰਦਾ ਹਾਂ । ਸਰਕਾਰ ਇਹ ਬੈਨ ਲਾ ਦਿੰਦੀ ਹੈ ਕਿ ਤੁਸੀਂ ਇੱਟਾਂ ਧਰਮਸ਼ਾਲਾਵਾਂ ਵਾਸਤੇ ਕੰਟਰੋਲ ਤੇ ਲਵੋ । ਭੱਠਿਆਂ ਤੋਂ ਕੰਟਰੋਲ ਤੇ ਇੱਟਾਂ ਮਿਲਦੀਆਂ ਨਹੀਂ ਹਨ । ਇਸੇ ਤਰ੍ਹਾਂ ਹੀ ਸੀਮੰਟ ਦੀ ਪੋਜ਼ੀਸ਼ਨ ਹੈ ਜੇ ਉਹ ਬਾਹਰੋਂ ਇੱਟਾਂ ਜਾਂ ਸੀਮੰਟ ਲੈਂਦੇ ਹਨ ਤਾਂ ਉਨ੍ਹਾਂ ਦੇ ਬਿਲ ਪਾਸ ਨਹੀਂ ਕੀਤੇ ਜਾਂਦੇ । ਮੈਂ ਗੁਜ਼ਾਰਿਸ਼ ਕਰਾਂਗਾ ਕਿ ਜਿਸ ਭਾਅ ਤੇ ਉਨ੍ਹਾਂ ਨੂੰ ਇਹ ਚੀਜ਼ਾਂ ਮਿਲਦੀਆਂ ਹਨ ਉਸੇ ਭਾਅ ਤੇ ਹੀ ਇਨ੍ਹਾਂ ਦੇ ਬਿਲ ਪਾਸ ਹੋਣੇ ਚਾਹੀਦੇ ਹਨ ।

ਕਾਮਰੇਡ ਜੰਗੀਰ ਸਿੰਘ ਜੋਗਾ : ਡਿਪਟੀ ਸਪੀਕਰ ਸਾਹਿਬ, ਇਥੇ ਕਿਹਾ ਜਾਂਦਾ ਹੈ ਕਿ ਲਿਖ ਕੇ ਦਿਓ ਕਿ ਫਲਾਣਾ ਫਲਾਣਾ ਅਫਸਰ ਪੈਸੇ ਖਾ ਗਿਆ ਹੈ । ਅਸੀਂ ਕਈ ਵਾਰੀ ਕਿਹਾ ਹੈ ਕਿ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਦੇ ਪੈਸੇ ਖਾ ਗਏ ਹਨ ਪਰ ਐਕਸ਼ਨ ਕੋਈ ਲੈਂਦਾ ਹੀ ਨਹੀਂ ।

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਬਹੁਤ ਸ਼ਿਕਾਇਤਾਂ ਕੀਤੀਆਂ ਹਨ । * ** ** **

ਸ੍ਰੀ ਡਿਪਟੀ ਸਪੀਕਰ : ਇਹ ਜਿਹੜਾ ਐਲੀਗੇਸ਼ਨ ਲਾਇਆ ਗਿਆ ਹੈ, ਇਹ ਪਾਰਟ ਆਫ ਦੀ ਪਰੋਸੀਡਿੰਗਜ਼ ਨਾ ਬਣੇ । (The allegation levelled by Master Chand Singh should not form part of the proceedings.)

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਹਰੀਜਨ ਬਸਤੀਆਂ ਵਿਚ ਗੰਦਾ ਪਾਣੀ ਖੜਾ ਰਹਿੰਦਾ ਹੈ । ਪਿੰਡ ਧਮੋਟ, ਜ਼ਿਲਾ ਲੁਧਿਆਣੇ ਦੇ ਵਾਸੀਆਂ ਦੀ ਐਪਲੀਕੇਸ਼ਨ ਇਨ੍ਹਾਂ ਕੋਲ ਪਹੁੰਚ ਗਈ ਹੋਣੀ ਹੈ । ਉਥੇ ਬਸਤੀ ਵਿਚ ਕਿਸ ਤਰ੍ਹਾਂ ਪਾਣੀ ਖੜਾ ਹੈ ਅਤੇ ਲੋਕੀਂ ਉਸ ਨੂੰ ਬਾਹਰ ਨਹੀਂ ਨਿਕਲਣ ਦਿੰਦੇ, ਇਸ ਦੀ ਫੋਟੋ ਮੈਂ ਤੁਹਾਡੀ ਆਗਿਆ ਨਾਲ ਹਾਊਸ ਦੀ ਮੇਜ਼ ਤੇ ਰੱਖਦਾ ਹਾਂ ।

ਸ੍ਰੀ ਡਿਪਟੀ ਸਪੀਕਰ : ਇਹ ਤੁਸੀਂ ਵਜ਼ੀਰ ਸਾਹਿਬ ਨੂੰ ਦੇ ਦੇਣਾ । (Please give it to the Minister concerned.)

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਚੌਕੀਦਾਰਾਂ ਬਾਰੇ ਵੀ ਗੱਲ ਕੀਤੀ ਹੈ । ਇਹ ਚੌਕੀਦਾਰ 24 ਘੰਟੇ ਕੰਮ ਕਰਦੇ ਹਨ । ਜੇ ਪੁਲਿਸ ਦਾ ਸਿਪਾਹੀ ਆਉਂਦਾ ਹੈ ਤਾਂ ਉਹ ਵੀ ਉਸ ਨੂੰ ਫੜ ਕੇ ਲੈ ਜਾਂਦਾ ਹੈ ਅਤੇ ਕੰਮ ਕਰਾਉਂਦਾ ਹੈ ਪਰ ਤਨਖਾਹ ਉਸ ਨੂੰ ਸਿਰਫ 40 ਰੁਪਏ ਮਿਲਦੀ ਹੈ । ਮੈਂ ਮੰਗ ਕਰਦਾ ਹਾਂ ਕਿ ਸਰਕਾਰ ਚੌਕੀਦਾਰਾਂ ਨੂੰ ਫੋਰਥ ਕਲਾਸ ਇੰਪਲਾਈ ਡਿਕਲੇਅਰ ਕਰੇ ਅਤੇ ਆਪਣੇ ਖਜ਼ਾਨੇ ਵਿਚੋਂ ਉਨ੍ਹਾਂ ਨੂੰ ਤਨਖਾਹ ਦੇਵੇ ਤਾਂ ਕਿ ਉਹ ਇਸ ਮਹਿੰਗਾਈ

*Expunged as ordered by the Chair.

ਦੇ ਜ਼ਮਾਨੇ ਵਿਚ ਆਪਣੇ ਟੱਬਰ ਦਾ ਮਾੜਾ ਮੋਟਾ ਗੁਜ਼ਾਰਾ ਕਰ ਸਕਣ । ਇਸ ਤਰ੍ਹਾਂ ਦਾ ਇਨ੍ਹਾਂ ਦਾ ਸੋਸ਼ਲਿਜ਼ਮ ਹੈ ।

ਡਿਪਟੀ ਸਪੀਕਰ ਸਾਹਿਬ, ਹੜ੍ਹਾਂ ਨੂੰ ਰੋਕਣ ਬਾਰ ਇਨ੍ਹਾਂ ਦੀ ਜਿਹੜੀ ਸਕੀਮ ਹੈ ਮੈਂ ਉਸ ਮੁਤੱਲਿਕ ਵੀ ਕੁਝ ਗੱਲਾਂ ਕਰਨੀਆਂ ਹਨ । ਬਹੁਤ ਸਾਰੀਆਂ ਡਰੇਨਜ਼ ਦੀ ਖੁਦਾਈ ਕੀਤੀ ਹੋਈ ਹੈ । ਜ਼ਿਲ੍ਹਾ ਸੰਗਰੂਰ ਵਿਚ ਰਾਏਸਿਰ ਪਿੰਡ ਵਿਚ ਡਰੇਨ 1962 ਦੇ ਲਗ ਭਗ ਖੋਦੀ ਗਈ ਸੀ। ਪਿੰਡ ਦੇ ਸਰਪੰਚ ਨੇ ਲੋਕਾਂ ਦੇ ਅੰਗੂਠੇ ਲਾ ਲਾ ਕੇ ਐਪਲੀਕੇਸ਼ਨਾਂ ਭੇਜੀਆਂ ਪਰ ਇਹ ਸਰਕਾਰ ਟਸ ਤੋਂ ਮਸ ਨਾ ਹੋਈ । ਉਨ੍ਹਾਂ ਨੂੰ ਜ਼ਮੀਨ ਦਾ ਮੁਆਵਜ਼ਾ ਵੀ ਨਹੀਂ ਦਿਤਾ ਗਿਆ । ਮੈਂ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਲੋਕਾਂ ਨੂੰ ਜ਼ਮੀਨ ਦਾ ਮੁਆਵਜ਼ਾ ਦਿਤਾ ਜਾਵੇ ਤਾਂ ਕਿ ਲੋਕ ਸੈਟਿਸਫਾਈ ਹੋ ਸਕਣ । ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਗਡਾਣਾ ਕਲਾਂ ਇਕ ਪਿੰਡ ਹੈ ਉਥੇ ਅਜੇ ਤੱਕ ਇਕ ਭੱਦਰਪੁਰਸ਼ ਦੀ ਮੇਹਰਬਾਨੀ ਕਰਕੇ ਡਰੇਨ ਨਹੀਂ ਪੁਟਣ ਦਿਤੀ । ਉਹ ਕੇਹਿੰਦਾ ਹੈ ਕਿ ਇਸ ਹਲਕੇ ਵਿਚ ਮੇਰੇ ਰਿਸ਼ਤੇਦਾਰਾਂ ਦੀ ਜ਼ਮੀਨ ਹੈ ।

ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ ਘੀ ਮਿਲ ਦੇ ਵਿਚ ਕਈ ਮਜ਼ਦੂਰ ਬੇਕਾਰ ਹੋ ਗਏ ਹਨ । 75 ਹਜ਼ਾਰ ਟਨ ਘੀ ਉਹ ਫੈਕਟਰੀ ਪੈਦਾ ਕਰ ਸਕਦੀ ਹੈ ।

ਕਾਮਰੇਡ ਅੱਛਰਾ ਸਿੰਘ ** ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order).

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਉਥੇ 75 ਹਜ਼ਾਰ ਟਨ ਘੀ ਪੈਦਾ ਹੋ ਸਕਦਾ ਹੈ । ਸਰਕਾਰ ਉਸ ਮਿਲ ਦੇ ਮੈਨੇਜਰ ਦੇ ਖਿਲਾਫ ਕਿਉਂ ਨਹੀਂ ਐਕਸ਼ਨ ਲੈਂਦੀ ਅਤੇ ਆਪਣੇ ਹੱਥ ਵਿਚ ਉਹ ਮਿਲ ਕਿਉਂ ਨਹੀਂ ਲੈਂਦੀ । ਅੱਜ ਲੋਕਾਂ ਨੂੰ 10, 15 ਰੁਪਏ ਕਿੱਲੋ ਘੀ ਮਿਲਦਾ ਹੈ । ਲੋਕਾਂ ਨੂੰ ਪੂਰੀ ਦਿਹਾੜੀ ਘੀ ਲੈਣ ਲਈ ਲਾਈਨਾਂ ਵਿਚ ਖੜਾ ਰਹਿਣਾ ਪੈਂਦਾ ਹੈ । ਇਕ ਦਿਨ ਵਿਚ ਸਿਰਫ ਇਕ ਕਿਲੋ ਘੀ ਮਿਲਦਾ ਹੈ । ਮੁਲਾਜ਼ਮਾਂ ਨੂੰ ਸਾਲ ਵਿਚ ਕੈਜ਼ੂਅਲ ਲੀਵ ਤਾਂ 10 ਦਿਨ ਮਿਲਦੀ ਹੈ ਪਰ ਮੁਲਾਜ਼ਮਾਂ ਨੂੰ ਸਾਲ ਵਿਚ 12 ਮਹੀਨੇ ਘੀ ਲੈਣ ਲਈ 12 ਦਿਨ ਦੀ ਛੁੱਟੀ ਚਾਹੀਦੀ ਹੈ । ਅੱਜ ਪੰਜਾਬ ਵਿਚ ਹਾਹਾਕਾਰ ਮਚੀ ਹੋਈ ਹੈ । ਬਲੈਕਮਾਰਕੀਟ ਅਤੇ ਰਿਸ਼ਵਤਖੋਰੀ ਹਰ ਥਾਂ ਤੇ ਹੈ । ਕਪੂਰਥਲੇ ਬਾਰੇ ਅੱਜ ਕਿਤਨਾ ਰੌਲਾ ਪਿਆ ? ਜਗਰਾਓਂ ਵਿਚ ਇਕ ਆਦਮੀ ਮਰ ਗਿਆ । ਮੋਗੇ ਵਿਚ ਕੀ ਕੀਤਾ, ਸੁਨਾਮ ਦੇ ਵਿਚ ਕੀ ਹੋਇਆ ? ਇਹ ਪੁਲਿਸ ਵਾਸਤੇ ਰੁਪਿਆ ਮੰਗਦੇ ਹਨ । ਇਹ ਪੁਲਿਸ ਲੋਕਾਂ ਤੇ ਲਾਠੀਆਂ ਮਾਰਦੀ ਹੈ ਅਤੇ ਗੋਲੀਆਂ ਨਾਲ ਲੋਕਾਂ ਨੂੰ ਸ਼ਹੀਦ ਕਰ ਦਿੰਦੀ ਹੈ । ਉਸ ਵਾਸਤੇ ਇਹ ਸਰਕਾਰ ਪੈਸਾ ਮੰਗਦੀ ਹੈ ਕਿਉਂਕਿ ਇਹ ਸਰਕਾਰ ਜਾਗੀਰਦਾਰਾਂ, ਸਰਮਾਏਦਾਰਾਂ ਅਤੇ ਆਪਣੀ ਰਾਖੀ ਵਾਸਤੇ ਪੁਲਿਸ ਪਾਲਦੀ ਹੈ । ਇਸ ਪੁਲਿਸ ਨੂੰ ਘੱਟ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਰੀਗੇਸ਼ਨ ਦੇ ਮੁਤੱਲਕ ਵੀ ਗੱਲ ਕਰਨੀ ਚਾਹੁੰਦਾ ਹਾਂ । ਇਰੀਗੇਸ਼ਨ ਦਾ ਤਾਂ ਅੱਜ ਭੱਠਾ ਹੀ ਬਹਿ ਗਿਆ ਹੈ । ਇਨ੍ਹਾਂ ਨੇ ਬਿਜਲੀ ਦੀ ਕਟੌਤੀ ਹੋਰ ਕਰ

*Expunged as ordered by the Chair.

[ਮਾਸਟਰ ਚੰਦ ਸਿੰਘ]

ਦਿਤੀ ਹੈ । ਡੀਜ਼ਲ ਅੱਜ ਮਿਲਦਾ ਨਹੀਂ । ਇਸ ਕਰਕੇ ਜਿਹੜਾ ਹਰਾ ਇਨਕਲਾਬ ਲਿਆਉਣ ਦੀ ਇਹ ਗੱਲ ਕਰਦੇ ਹਨ, ਇਹ ਖੂਹ ਵਿਚ ਪੈ ਜਾਣਾ ਹੈ । ਡਿਪਟੀ ਸਪੀਕਰ ਸਾਹਿਬ ਪਿੰਡ ਰਸੀਦੇ ਦੇ ਲੋਕਾਂ ਵਲੋਂ ਇਹ ਮੰਗ ਹੈ ਕਿ ਸਾਡੇ ਪਿੰਡ ਦੇ ਨਾਲੇ ਹੋਰ ਜ਼ਿਆਦਾ ਚੌੜੇ ਕੀਤੇ ਜਾਣ । ਇਹੋ ਜਿਹੀਆਂ ਡੀਮਾਂਡਜ਼ ਪੂਰੀਆਂ ਕੀਤੀਆਂ ਜਾਣ ।

ਮੈਂ ਇੱਕ ਗਲ ਮਾਡਲ ਗਰਾਮਜ਼ ਦੇ ਬਾਰੇ ਵੀ ਕਰਨੀ ਚਾਹੁੰਦਾ ਹਾਂ। ਪਿੰਡ ਘਨੌਰੀ ਖੁਰਦ ਅਤੇ ਘਨੌਰੀ ਕਲਾਂ ਹਨ। ਇਨ੍ਹਾਂ ਦੀ 1971 ਵਿਚ ਮਨਜ਼ੂਰੀ ਹੋ ਗਈ ਸੀ। ਇਹ ਵਿਲੇਜ ਮਾਡਲ ਸਕੀਮ ਦੇ ਥੱਲੇ ਵੀ ਆਏ ਸਨ। ਪਰ ਅਜੇ ਤਕ ਕੁਝ ਵੀ ਨਹੀਂ ਕੀਤਾ ਗਿਆ। ਇਸ ਲਈ ਇਹ ਸਰਕਾਰ ਲੋਕਾਂ ਵਾਸਤੇ ਹਮਦਰਦੀ ਨਹੀਂ ਰਖਦੀ। ਇਹ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਨੂੰ ਪਾਲਣ ਵਾਸਤੇ ਪੈਸੇ ਮੰਗ ਰਹੀ ਹੈ। ਲੋਕਾਂ ਵਾਸਤੇ ਨਹੀਂ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਚੌਧਰੀ ਦਰਸ਼ਨ ਸਿੰਘ (ਨੂਰਮਹਿਲ): ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸਪਲੀਮੈਂਟਰੀ ਡਿਮਾਂਡਜ਼ ਰਾਹੀਂ ਪੰਜਾਬ ਸਰਕਾਰ ਨੇ 3 ਕਰੋੜ ਰੁਪਿਆ ਮੰਗਿਆ ਹੈ । ਮੈਂ ਦੋ ਤਿੰਨ ਮੱਦਾਂ ਤੇ ਵਿਚਾਰ ਰਖਾਂਗਾ । ਜਿਹੜੀਆਂ ਡਿਮਾਂਡਜ਼ ਹਨ ਇਹ ਮਾੜੀਆਂ ਨਹੀਂ ਹਨ। ਮੈਂ ਇਨ੍ਹਾਂ ਸਾਰੀਆਂ ਨੂੰ ਧਿਆਨ ਨਾਲ ਵੇਖਿਆ ਹੈ। ਇਹ ਵੀਕਰ ਸੈਕਸ਼ਨਜ਼ ਦੀ ਭਲਾਈ ਲਈ ਹਨ । 66 ਲੱਖ ਰੁਪਿਆ ਸਰਕਾਰ ਨੇ ਹਰੀਜਨਾਂ ਵਾਸਤੇ ਧਰਮਸ਼ਾਲਾਵਾਂ ਬਣਾਉਣ ਵਾਸਤੇ ਮੰਗਿਆ ਹੈ । ਕੁਝ ਅਨਇੰਪਲਾਇਡ ਨੂੰ ਇੰਪਲਾਇਮੈਂਟ ਪ੍ਰੋਵਾਈਡ ਕਰਨ ਵਾਸਤੇ ਇਨ੍ਹਾਂ ਨੇ ਪੈਸਾ ਰਖਿਆ ਹੈ। ਬਾਕੀ ਡਿਵੈਲਪਮੈਂਟ ਵਾਸਤੇ ਪੈਸਾ ਮੰਗਿਆ ਹੈ। ਇਹ ਤਿੰਨੇ ਸੋਸਾਇਟੀ ਦੀਆਂ ਜ਼ਰੂਰੀ ਮੰਗਾਂ ਹਨ। ਇੱਕ ਇਨ੍ਹਾਂ ਨੇ ਸਿਵਲ ਸਪਲਾਈ ਕਾਰਪੋਰੇਸ਼ਨ ਖੋਲਣ ਵਾਸਤੇ 50 ਲੱਖ ਰੁਪਿਆ ਰਖਿਆ ਹੈ। ਮੈਂ ਵਿਤ ਮੰਤਰੀ ਜੀ ਨੂੰ ਆਖਾਂਗਾ ਕਿ ਕਾਰਪੋਰੇਸ਼ਨਾਂ ਅਗੇ ਵੀ 10,11 ਹਨ। ਕੋਈ ਕਾਰਪੋਰੇਸ਼ਨ ਚਲ ਨਹੀਂ ਸਕਦੀ ਜੇ ਉਸਦੀ ਵਰਕਿੰਗ ਠੀਕ ਨਾ ਹੋਵੇ। ਠੀਕ ਵਰਕਿੰਗ ਵਾਸਤੇ ਪਰਾਪਰ ਆਦਮੀਆਂ ਦੀ ਸਿਲੈਕਸ਼ਨ ਜ਼ਰੂਰੀ ਹੈ। ਜੇ ਤੁਸੀਂ ਇਹੋ ਜਿਹੇ ਬੰਦੇ ਲਗਾ ਦਿਓ ਤਾਂ ਇਹ ਸਿਵਲ ਸਪਲਾਈ ਕਾਰਪੋ-ਰੇਸ਼ਨ ਕਦੇ ਵੀ ਸਿਰੇ ਨਹੀਂ ਚੜ੍ਹਨੀ। ਜਿਹੜੀਆਂ ਚੀਜ਼ਾਂ ਬਾਹਰਲੇ ਸੂਬਿਆਂ ਤੋਂ ਆਉਂਦੀਆਂ ਹਨ ਉਨ੍ਹਾਂ ਚੀਜ਼ਾਂ ਤੇ ਤਾਂ ਕੰਟਰੋਲ ਹੋਵੇ ਪਰ ਪੰਜਾਬ ਤੋਂ ਜਾਣ ਵਾਲੀਆਂ ਚੀਜ਼ਾਂ ਤੇ ਕੋਈ ਕੰਟਰੋਲ ਨਾ ਹੋਵੇ। ਉਹ ਆਪ-ਣੀਆਂ ਚੀਜ਼ਾਂ ਦੇ ਭਾਅ ਵੀ ਮੁਕੱਰਰ ਕਰਦੇ ਹਨ ਅਤੇ ਸਾਡੀਆਂ ਦੇ ਵੀ ਉਹੀ ਕਰਦੇ ਹਨ। ਸਿਰਫ 14 ਆਈਟਮਾਂ ਹਨ ਜਿਹੜੀਆਂ ਕਿ ਲੋਕਾਂ ਨੂੰ ਪੰਜਾਬ ਵਿਚ ਰਾਸ਼ਨ ਤੇ ਦੇਣੀਆਂ ਹਨ। ਜਿੰਨਾਂ ਚਿਰ ਤਕ ਕਨਜ਼ਿਊਮਰ ਦੀਆਂ ਲੋੜਾਂ ਦਾ ਬੰਦੋਬਸਤ ਨਾ ਕਰੋਗੇ ਉਤਨੇ ਤਕ ਡੀਜ਼ਲ ਦੀ ਜਿਹੜੀ ਸਪਲਾਈ ਹੈ ਇਹ ਸਿਰੇ ਨਹੀਂ ਚੜ੍ਹਨ ਲਗੀ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਡੀਜ਼ਲ ਦੀ ਕਿਤਨੀ ਮੁਸ਼ਕਲ ਆ ਰਹੀ ਹੈ। ਡੀਜ਼ਲ ਲੈਣ ਵਾਸਤੇ ਇਕ ਆਦਮੀ ਮੋਗੇ ਮਰਿਆ ਸੀ, ਇਕ ਜਗਰਾਓਂ ਮਰਿਆ ਸੀ ਅਤੇ ਇਕ ਕਪੂਰਥਲੇ ਮਰਿਆ ਸੀ। ਪਰ ਇਨ੍ਹਾਂ ਵਿਚ ਕੋਈ ਵੀ ਧਨਾਢ ਆਦਮੀ ਨਹੀਂ ਮਰਿਆ। ਇਹ ਗਰੀਬ ਹੀ ਸਨ। ਇਕ ਹਰੀਜਨ ਸੀ ਅਤੇ ਇਕ ਰਿਕਸ਼ਾਪੁਲਰ ਸੀ ਅਤੇ ਇਕ ਹੋਰ ਗਰੀਬ ਆਦਮੀ ਸੀ। ਅਮੀਰਾਂ ਨੂੰ ਡੀਜ਼ਲ ਲੈਣ ਵਾਸਤੇ ਇਤਨੀ ਮੁਸ਼ਕਲ ਨਹੀਂ ਪੈਂਦੀ। (ਸ਼ੋਰ) (ਇਸ ਵੇਲੇ ਆਪੋਜ਼ੀਸ਼ਨ ਵਲੋਂ ਕਈ ਮੈਂਬਰ ਬੋਲਣ ਲਈ ਖੜੇ ਹੋਏ)

Mr. Deputy Speaker: Order please.

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਸਾਡੇ ਪੰਜਾਬ ਵਿਚ ਡੀਜ਼ਲ ਲੈਣ ਵਾਸਤੇ ਕਿਤਨੀ ਮੁਸ਼ਕਲ ਪੇਸ਼ ਆਉਂਦੀ ਹੈ। ਲੋਕਾਂ ਨੂੰ ਲਾਇਨਾਂ ਵਿਚ ਖੜੇ ਹੋਣਾ ਪੈਂਦਾ ਹੈ।

ਪਰ ਡਿਪਟੀ ਸਪੀਕਰ ਸਾਹਿਬ ਹਰਿਆਣੇ ਵਿਚ ਡੀਜ਼ਲ ਲੈਣ ਵਾਸਤੇ ਕੋਈ ਲਾਈਨਾਂ ਲਗਦੀਆਂ ਨਜ਼ਰ ਨਹੀਂ ਆਉਂਦੀਆਂ ਤਾਂ ਫਿਰ ਇਹ ਪੰਜਾਬ ਵਿਚ ਕਿਉਂ ਲਗਦੀਆਂ ਹਨ ?

ਡਿਪਟੀ ਸਪੀਕਰ ਸਾਹਿਬ, ਇਕ ਗਲ ਮੈਂ ਹੋਰ ਟ੍ਰਾਂਸਪੋਰਟ ਦੇ ਬਾਰੇ ਕਹਿਣੀ ਚਾਹੁੰਦਾ ਹਾਂ । ਵਜ਼ੀਰ ਸਾਹਿਬ ਨੇ ਇਸ ਬਾਰੇ ਆਪਣੀ ਡਿਪਲੋਰੇਬਲ ਸਟੇਟਮੈਂਟ ਦਿੱਤੀ ਹੈ। ਪੰਜਾਬ ਵਿਚ ਟ੍ਰਾਂਸਪੋਰਟ ਦੀ ਹਾਲਤ ਚੰਗੀ ਨਹੀਂ। ਸਾਡੀ ਸਰਕਾਰ ਕਹਿੰਦੀ ਹੈ ਕਿ ਟਾਇਰਾਂ ਦੀ ਕਮੀ ਹੈ ਪਰ ਮੈਂ ਕਹਿੰਦਾ ਹਾਂ ਕਿ (ਸ਼ੋਰ) (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਸਾਡੀ ਸਰਕਾਰ ਕਹਿੰਦੀ ਹੈ ਕਿ ਟਾਇਰਾਂ ਦੀ ਕਮੀ ਹੈ ਪਰ ਮੈਂ ਕਹਿੰਦਾ ਹਾਂ ਕਿ ਸਾਡੇ ਪੰਜਾਬ ਵਿਚ ਟਾਇਰਾਂ ਦੀ ਡਿਸਟਰੀਬਿਊਸ਼ਨ ਠੀਕ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਜਲੰਧਰ ਵਿਚ 5,000 ਟਾਇਰ ਡਿਸਟਰੀਬਿਊਟ ਕੀਤੇ ਗਏ ਜਦ ਕਿ ਉਥੇ ਬੱਸਾਂ ਅਤੇ ਟਰੱਕਾਂ ਦੀ ਗਿਣਤੀ 2000 ਹੈ ਇਸ ਤਰ੍ਹਾਂ ਨਾਲ ਉਥੇ ਕਈ ਟਾਇਰ ਬਲੈਕ ਕੀਤੇ ਗਏ । ਸਾਡੇ ਪੰਜਾਬ ਵਿਚ ਟਾਇਰਾਂ ਦੀ ਸ਼ਾਰਟੇਜ ਕਰਕੇ ਕਈ ਬੱਸਾਂ ਖੜੀਆਂ ਹਨ ਪਰ ਡਿਪਟੀ ਸਪੀਕਰ ਸਾਹਿਬ, ਹਰਿਆਣੇ ਵਿਚ ਕੋਈ ਵੀ ਬੱਸ ਇਸ ਤਰ੍ਹਾਂ ਖੜੀ ਨਜ਼ਰ ਨਹੀਂ ਆਉਂਦੀ। (ਸ਼ੋਰ) **The entire transport is nationalised in Haryana.** ਪੰਜਾਬ ਵਿਚ 1/3 ਟ੍ਰਾਂਸਪੋਰਟ ਨੈਸ਼ਨੇਲਾਈਜ਼ ਕੀਤੀ ਹੈ ਪਰ ਜਿਹੜੇ ਵਡੇ ਵਡੇ ਧਨਾਢ ਟ੍ਰਾਂਸਪੋਰਟਰਜ਼ ਹਨ ਡੀਨੈਸ਼ਨੇਲਾਈਜ਼ੇਸ਼ਨ ਕਰਨਾ ਚਾਹੁੰਦੇ ਹਨ। ਇਨ੍ਹਾਂ ਦੀ 60 ਪ੍ਰਤੀਸ਼ਤ ਅਤੇ 40 ਪ੍ਰਤੀਸ਼ਤ ਰੂਟ ਦੀ ਸਕੀਮ ਅੱਜੇ ਜਾਰੀ ਹੈ। ਨਵੇਂ ਰੂਟ ਜੋ ਹਨ ਉਹ ਵਡੇ ਵਡੇ ਵੈਸਟਿਡ ਇੰਟਰਸਟ ਅਤੇ ਸਰਮਾਏਦਾਰਾਂ ਨੂੰ ਦਿਤੇ ਜਾ ਰਹੇ ਹਨ ਇਸ ਦੇ ਨਾਲ ਪਬਲਿਕ ਸੈਕਟਰ ਵਿਚ ਟ੍ਰਾਂਸਪੋਰਟ ਦੀ ਕਾਮਯਾਬੀ ਨਹੀਂ ਹੋਵੇਗੀ। (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਸ਼ਰਮਾ ਸਾਹਿਬ ਨੂੰ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੇ ਆਂਕੜੇ ਐਵੇਂ ਦਸ ਦਿੰਦੇ ਹਨ ਇਹ ਠੀਕ ਨਹੀਂ ਹੁੰਦੇ। ਪੰਡਿਤ ਨਹਿਰੂ ਨੇ ਇਕ ਵਾਰ ਕਿਹਾ ਸੀ ਕਿ ਜਿਹੜੇ ਅਫ਼ਸਰ ਆਂਕੜੇ ਸਪਲਾਈ ਕਰਦੇ ਹਨ 'ਉਹ ਆਂਕੜੇ ਜਾਣਨ ਅਫ਼ਸਰਾਂ ਨੂੰ ਅਤੇ ਅਫ਼ਸਰ ਜਾਣਨ ਆਂਕੜੇ ਨੂੰ' ਉਨ੍ਹਾਂ ਨੇ ਕਿਹਾ ਹੈ ਕਿ :

"These Officers should be drowned in the deep sea".

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਆਂਕੜੇ ਦਸੇ ਸੀ ਕਿ ਇਨ੍ਹਾਂ ਨੇ ਸਤਲੁਜ ਵਿਚ ਰੋਪੜ ਤੋਂ ਹਰੀਕੇਪਤਨ ਤਕ ਕਈ ਬੰਧ ਬਣਾਏ ਸੀ ਜਿਨ੍ਹਾਂ ਨਾਲ ਇਨ੍ਹਾਂ ਨੇ 4 ਲੱਖ ਕਿਉਸੈਕਸ ਪਾਣੀ ਦਾ ਬੰਦੋਬਸਤ ਕੀਤਾ ਸੀ। ਪਰ ਇਸ ਵੇਲੇ 47 ਹਜ਼ਾਰ ਕਿਉਸੈਕਸ ਪਾਣੀ ਹੈ ਜਿਹੜਾ ਕਿ ਨੌਵਾਂ ਹਿੱਸਾ ਘੱਟ ਹੈ ਅਤੇ 31 ਥਾਵਾਂ ਤੋਂ ਤਾਂ ਬੰਧ ਟੁਟ ਗਏ ਹਨ। ਡਿਪਟੀ ਸਪੀਕਰ ਸਾਹਿਬ, ਇਹ ਤਾਂ ਹਾਲਤ ਹੈ ਫਲੱਡਾਂ ਨੂੰ ਕੰਟਰੋਲ ਕਰਨ ਦੀ। ਹੁਣ ਇਹ ਫਲੱਡ ਕੰਟਰੋਲ ਕਰਨ ਦੀ ਮੀਟਿੰਗ ਕਰਦੇ ਫਿਰਦੇ ਹਨ ਕਿ ਫਲੱਡ ਬੰਦ ਕੀਤੇ ਜਾਣ। ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਇਸ ਸਾਲ ਇਤਨੇ ਬੰਧ ਬਣਾਏ ਹਨ ਪਰ ਦੂਜੇ ਸਾਲ ਸਾਰੇ ਰੁੜ੍ਹ ਜਾਂਦੇ ਹਨ (ਸ਼ੋਰ) ।

ਕਾਮਰੇਡ ਅਰਜਨ ਸਿੰਘ ਮਸਤਾਨਾ: ਪੁਆਇੰਟ ਆਫ ਆਰਡਰ, ਸਰ। ਚੌਧਰੀ ਸਾਹਿਬ ਕਹਿ ਰਹੇ ਹਨ ਕਿ ਬੰਧ ਰੁੜ੍ਹ ਜਾਂਦੇ ਹਨ, ਪਰ, ਡਿਪਟੀ ਸਪੀਕਰ ਸਾਹਿਬ, ਉਥੇ ਤਾਂ ਸਾਰਾ ਥੱਲਾ ਹੀ ਢਿਲਕ ਗਿਆ ਹੈ। (ਸ਼ੋਰ)।

ਚੌਧਰੀ ਦਰਸ਼ਨ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਦੇ 4 ਲੱਖ ਕਿਉਸੈਕਸ ਪਾਣੀ ਦੀ ਕਪੈਸਿਟੀ ਦੀ ਗਲ ਕਰ ਰਿਹਾ ਹਾਂ ਪਰ ਉਥੇ ਤਾਂ 47 ਹਜ਼ਾਰ ਕਿਉਸੈਕਸ ਪਾਣੀ ਹੈ।

[ਚੌਧਰੀ ਦਰਸ਼ਨ ਸਿੰਘ]

(ਆਪੋਜ਼ੀਸ਼ਨ ਵਲੋਂ ਸ਼ੋਰ : ਇਹ ਪੜ੍ਹੇ ਲਿਖੇ ਨਹੀਂ ਹਨ—ਸ਼ੋਰ)

ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਕਹਿੰਦਾ ਹਾਂ ਕਿ ਇਹ ਵਰਡ ਕੈਪਿਸਟੀ ਦਾ ਯੂਜ਼ ਕਿਉਂ ਕਰਦੇ ਹਨ। ਇਹ ਹੁਣ ਤਕ ਫਲੱਡਾਂ ਤੇ ਕੰਟਰੋਲ ਨਹੀਂ ਕਰ ਸਕੇ। 5 ਸਾਲਾਂ ਵਿਚ 35 ਕਰੋੜ ਰੁਪਏ ਦੀਆਂ ਫ਼ਸਲਾਂ ਦਾ ਨੁਕਸਾਨ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਜੇ ਇਹ ਹਰ ਸਾਲ ਇਕ ਬੰਧ ਵੀ ਪਕੀ ਤਰ੍ਹਾਂ ਬਣਾ ਦਿੰਦੇ ਅਤੇ ਦੂਸਰੇ ਸਾਲ ਵੀ ਦੂਸਰਾ ਬਣਾ ਲੈਂਦੇ ਅਤੇ ਫਿਰ ਤੀਸਰੇ ਸਾਲ ਇਕ ਹੋਰ ਬਣਾ ਲੈਂਦੇ ਤਾਂ ਇਹ ਨੁਕਸਾਨ ਨਹੀਂ ਸੀ ਹੋਣਾ। (ਸ਼ੋਰ)

ਇਕ ਗਲ ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਸ਼ਰਮਾ ਸਾਹਿਬ ਨੂੰ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ 4 ਸੈਕਟਰ ਵਿਚ ਫਿਲਮ ਕਾਰਪੋਰੇਸ਼ਨ ਬਣਾਈ ਹੈ ਜਿਸ ਤੇ ਕਿ ਲੱਖਾਂ ਰੁਪਏ ਖਰਚ ਕਰ ਰਹੇ ਹਨ (ਸ਼ੋਰ) ਕਈ ਐਕਟਰਾਂ ਨੂੰ ਪੈਸੇ ਦਿੱਤੇ ਹਨ ਫਿਲਮ ਬਣਾਉਣ ਲਈ ਅਤੇ ਫਿਲਮ ਕਾਰਪੋਰੇਸ਼ਨ ਤੇ ਇਹ ਇਤਨਾ ਖਰਚ ਕਰ ਰਹੇ ਹਨ।

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਪੌਣੇ 6 ਵਜੇ ਸ਼ਰਮਾ ਸਾਹਿਬ ਨੇ ਬੋਲਣਾ ਹੈ ਹੁਣ ਤੁਸੀਂ ਵਾਇੰਡ ਅੱਪ ਕਰੋ। (Chaudhri Darshan Singh, please wind up now as Shri Hans Raj Sharma has to take the floor at 5.45 P.M.)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਹਾਲੇ 5 ਮਿੰਟ ਰਹਿੰਦੇ ਹਨ ਪੌਣੇ 6 ਵਜਣ ਨੂੰ। ਮੈਂ ਪੌਣੇ 6 ਵਜੇ ਖਤਮ ਕਰ ਦਿਆਂਗਾ।

ਸ੍ਰੀ ਡਿਪਟੀ ਸਪੀਕਰ : ਅੱਛਾ ਤੁਸੀਂ 5 ਮਿੰਟ ਹੋਰ ਬੋਲ ਲਉ। (All right you may speak for five minutes more.)

(ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਸਰਕਾਰ ਨੇ ਰੁਪਿਆ ਰੱਖਿਆ ਹੈ ਚੌਕੀਦਾਰਾਂ ਨੂੰ ਦੇਣ ਵਾਸਤੇ। ਇਹ ਡੀਮਾਂਡ ਨੰ: 41 ਹੈ। ਇਸ ਵਿਚ ਲਿਖਿਆ ਹੈ ਕਿ "Grant for giving to Chowkidars" ਇਹ ਰੁਪਿਆ ਚੌਕੀਦਾਰਾਂ ਵਾਸਤੇ ਮੰਗਿਆ ਹੈ। ਮੈਂ ਇਥੇ ਇਹ ਗਲ ਕਹਿਣੀ ਹੈ ਕਿ ਜਿਹੜਾ ਜ਼ਿਮੀਂਦਾਰ ਦੋ ਰੁਪਈਏ ਵੀ ਲੈਂਡ ਰੈਵੇਨਿਊ ਦਿੰਦਾ ਹੈ ਉਸ ਨੂੰ 8 ਰੁਪਈਏ ਚੌਕੀਦਾਰਾ ਦੇਣਾ ਪੈਂਦਾ ਹੈ। ਤੁਸੀਂ ਚੌਕੀਦਾਰਾਂ ਦੀਆਂ ਪੋਸਟਾਂ ਨੂੰ ਟੇਕਉਵਰ ਕਰ ਲਵੋ ਔਰ ਬੇਸ਼ਕ ਜ਼ਿਮੀਦਾਰਾਂ ਤੋਂ ਅੱਠ ਦੱਸ ਆਨੇ ਵਾਧੂ ਵੀ ਲੈ ਲਵੋ। ਗੌਰਮਿੰਟ ਇਹ ਡਿਕਲੇਅਰ ਕਰ ਦੇਵੇ ਕਿ 'Chowkidar' post is a Government post ਔਰ ਗੌਰਮਿੰਟ ਹੀ ਤਨਖਾਹ ਦੇਵੇ। ਸਪੀਕਰ ਸਾਹਿਬ ਮੈਂ ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ।

(ਇਸ ਸਮੇਂ ਸਰਦਾਰ ਰਣਧੀਰ ਸਿੰਘ ਚੀਮਾ ਜੀ ਬੋਲਣ ਵਾਸਤੇ ਖੜ੍ਹੇ ਹੋਏ)

ਸ੍ਰੀ ਸਪੀਕਰ : ਚੀਮਾਂ ਜੀ ਪੰਜ ਮਿੰਟ ਹੀ ਲੈਣਾ, ਜ਼ਿਆਦਾ ਨਾ। (Cheema ji please speak for five minutes only.)

ਸਰਦਾਰ ਰਣਧੀਰ ਸਿੰਘ ਚੀਮਾ: ਨਹੀਂ ਜੀ ਜ਼ਿਆਦਾ ਟਾਈਮ ਦਿਓ।

ਸ੍ਰੀ ਸਪੀਕਰ: ਜ਼ਿਆਦਾ ਟਾਈਮ ਤਾਂ ਜ਼ੀਰੋ ਆਵਰ ਹੀ ਲੈ ਜਾਂਦਾ ਹੈ, ਇਸ ਲਈ ਤੁਸੀਂ ਪੰਜ ਮਿੰਟ ਹੀ ਬੋਲੋ। (Most of the time is taken up by the topics raised during the zero hour. You may, therefore, speak for five minutes only)

ਸਰਦਾਰ ਰਣਧੀਰ ਸਿੰਘ ਚੀਮਾ (ਸਰਹਿੰਦ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਪੰਜ ਮਿੰਟ ਬਖਸ਼ੇ ਹਨ। ਸਪੀਕਰ ਸਾਹਿਬ ਇਨ੍ਹਾਂ ਨੇ 305.30 ਲੱਖ ਰੁਪਏ ਦੀ ਡੀਮਾਂਡ ਕੀਤੀ ਹੈ। 36.65 ਲੱਖ ਇਨ੍ਹਾਂ ਨੇ ਕਿਹਾ ਹੈ ਕਿ ਪਲਾਨਿੰਗ ਕਮਿਸ਼ਨ ਤੋਂ ਲਵਾਂਗੇ ਔਰ ਕੋਈ 24-25 ਲੱਖ ਇਲੈਕਟਰਿਸਿਟੀ ਬੋਰਡ ਪਾਸੋਂ ਲਵਾਂਗੇ। ਇਹ ਸਰਕਾਰ ਦੀ ਦੂਜੀ ਕਿਸ਼ਤ ਹੈ ਇਕ ਵਾਰ ਪਹਿਲਾਂ ਵੀ ਸਪਲੀਮੈਂਟਰੀ ਪੇਸ਼ ਕੀਤਾ ਹੈ ਔਰ ਇਹ ਦੁਬਾਰਾ ਕੀਤਾ ਹੈ। ਇਸ ਲਈ ਮੈਂ ਸ਼ਰਮਾਂ ਜੀ ਨੂੰ ਕਹਾਂਗਾ ਕਿ ਇਹ ਮੇਨ ਬੱਜਟ ਵਿਚ ਹੀ ਸਾਰੀਆਂ ਗਲਾਂ ਨੂੰ ਲੈ ਆਇਆ ਕਰਨ।

ਸਪੀਕਰ ਸਾਹਿਬ, ਇਨ੍ਹਾਂ ਨੇ ਡਿਮਾਂਡ ਨੰਬਰ 30 ਹੇਠ ਸ੍ਰੀ ਅਨੰਦਪੁਰ ਸਾਹਿਬ ਹਾਈਡਲ ਲਈ ਕੁਝ ਰੁਪਿਆ ਰਖਿਆ ਹੈ। ਗੌਰਮਿੰਟ ਆਫ ਇੰਡੀਆ ਨੇ ਇਸ ਦੀ ਕਲੀਅਰੈਂਸ ਚਿੱਟ ਇਨ੍ਹਾਂ ਨੂੰ ਨਹੀਂ ਦਿੱਤੀ। ਇਹ ਪੰਜਾਬ ਦਾ ਪ੍ਰਾਜੈਕਟ ਹੈ, ਇਹ ਪੰਜਾਬ ਦੇ ਹਿਤ ਵਾਸਤੇ ਹੈ ਔਰ ਪੰਜਾਬ ਦਾ ਇਹ ਨਿਰੋਲ ਆਪਣਾ ਬਣ ਜਾਂਦਾ ਹੈ ਔਰ ਜੇਕਰ ਪੰਜਾਬ ਦੀ ਸਰਕਾਰ ਹਿੰਦ ਸਰਕਾਰ ਪਾਸ ਕੋਈ ਇਸ ਤਰ੍ਹਾਂ ਦੀ ਗਲ ਮੰਨ ਜਾਵੇਗੀ ਕਿ ਅਸੀਂ ਇਸ ਵਿਚੋਂ ਹਿੱਸਾ ਹਰਿਆਣੇ ਨੂੰ ਵੀ ਦੇਵਾਂਗੇ ਜਾਂ ਹਿਮਾਚਲ ਨੂੰ ਵੀ ਦੇਵਾਂਗੇ ਤਾਂ ਇਹ ਗਲ ਇਨ੍ਹਾਂ ਵਾਸਤੇ ਪੰਜਾਬ ਦੇ ਹਿਤਾਂ ਨਾਲ ਪੰਜਾਬ ਦੀ ਜੰਤਾ ਨਾਲ ਧਰੋ ਕਰਨਾ ਹੋਵੇਗਾ ਜਿਸ ਲਈ ਕਿ ਪੰਜਾਬ ਦੀ ਜਨਤਾ ਇਨ੍ਹਾਂ ਨੂੰ ਮੁਆਫ ਨਹੀਂ ਕਰੇਗੀ। ਇਸ ਉਪਰ ਹੋਰ ਕਿਸੇ ਸੂਬੇ ਦਾ ਹੱਕ ਨਹੀਂ ਹੈ। ਇਸ ਲਈ ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਸੈਂਟਰ ਦੀ ਸਰਕਾਰ ਪਾਸੋਂ ਛੇਤੀ ਤੋਂ ਛੇਤੀ ਕਲੀਅਰੈਂਸ ਚਿਟ ਲੈਣ। ਇਸ ਪ੍ਰਾਜੈਕਟ ਨਾਲ ਪੰਜਾਬ ਨੂੰ ਕਾਫੀ ਬਿਜਲੀ ਮਿਲ ਸਕਦੀ ਹੈ। ਇਸ ਲਈ ਸਰਕਾਰ ਨੂੰ ਜਿਤਨੀ ਜਲਦੀ ਹੋ ਸਕੇ ਇਹ ਕੰਮ ਕਰਨਾ ਚਾਹੀਦਾ ਹੈ।

ਫਿਰ ਡਿਮਾਂਡ ਨੰਬਰ 41 ਹੈ ਜਿਸ ਦੇ ਬਾਰੇ ਕਿ ਇਨ੍ਹਾਂ ਨੇ ਬੜਾ ਵਾਵੇਲਾ ਪਾਇਆ ਹੋਇਆ ਸੀ ਕਿ ਅਸੀਂ ਸਬਸਿਡੀ ਦੇ ਰਹੇ ਹਾਂ। ਪਰ ਸਬਸਿਡੀ ਕਿਥੇ ਦੇ ਰਹੇ ਹਨ ਜਿਥੇ ਕਿ ਤੁਸੀਂ ਇਲੈਕਸ਼ਨ ਕਰਵਾ ਰਹੇ ਹੋ।

(ਆਵਾਜ਼ਾਂ: ਕੀ ਸਪੀਕਰ ਸਾਹਿਬ ਇਲੈਕਸ਼ਨ ਕਰਵਾ ਰਹੇ ਹਨ?)

Mr. Speaker : Order please.

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਇਨ੍ਹਾਂ ਨੇ ਬੜੀ ਦੇਰ ਤੋਂ ਇਸ ਬਾਰੇ ਵਾ-ਵੇਲਾ ਕੀਤਾ ਹੋਇਆ ਸੀ ਕਿ ਅਸੀਂ ਸਬਸਿਡੀ ਦੇ ਰਹੇ ਹਾਂ ਪਰ ਉਹ ਗਲ ਹੋਈ 'ਪੱਟਿਆ ਪਹਾੜ, ਨਿਕਲਿਆ ਚੂਹਾ।' ਇਨ੍ਹਾਂ ਨੇ ਸਿਰਫ ਪੰਜ ਰੁਪਈਏ ਦੀ ਸਬਸਿਡੀ ਦੇਣੀ ਹੈ। ਜਿਹੜੀ ਚੀਜ਼ ਢਾਈ ਸੌ ਜਾਂ ਤਿੰਨ ਸੌ ਰੁਪਏ ਕੁਇੰਟਲ ਹੈ ਉਸ ਵਿਚੋਂ ਪੰਜ ਰੁਪਈਏ ਘੱਟ ਤੇ ਇਨ੍ਹਾਂ ਨੇ ਸਪਲਾਈ ਕਰਨਾਂ ਹੈ। ਜੇਕਰ ਇਨ੍ਹਾਂ ਨੇ ਕੋਈ ਚੀਜ਼ ਦੇਣੀ ਹੀ ਹੈ ਤਾਂ ਇਨ੍ਹਾਂ ਨੇ ਸਿੱਧਾ ਕਿਉਂ ਨਹੀਂ ਕਿਹਾ ਕਿ ਇਹ ਸੱਸਤੇ ਭਾਅ ਤੇ ਦੇਣੀ ਹੈ। ਗੌਰਮਿੰਟ ਆਫ ਇੰਡੀਆ ਨੇ ਕਣਕ ਲਈ ਹੈ 76 ਰੁਪਏ ਦੇ ਹਿਸਾਬ ਨਾਲ ਔਰ ਫਿਰ ਇਨ੍ਹਾਂ ਨੇ ਐਲਾਨ ਕੀਤਾ ਕਿ ਪੰਜ ਰੁਪਈਏ ਬੋਨਸ ਦਿਤਾ ਹੈ। ਹੁਣ ਜਿਹੜਾ ਸੈਂਟਰਲ ਪੂਲ ਵਿਚੋਂ ਉਨ੍ਹਾਂ ਨੇ ਦੇਣਾ ਹੈ ਉਹ ਦੇਣਾ ਹੈ 97 ਰੁਪਏ ਪਰ ਕੁਇੰਟਲ। ਹੁਣ ਇਨ੍ਹਾਂ ਨੂੰ ਕੀ ਭਾਅ ਮਿਲਣਾ ਹੈ। 97 ਰੁਪਈਏ ਕੁਇੰਟਲ। ਤੁਸੀਂ ਉਨ੍ਹਾਂ ਨੂੰ ਆਪ ਦਿਤਾ ਹੈ 76 ਜਾਂ ਸਮਝੋ ਕਿ 82 ਰੁਪਈਏ ਦਿਤਾ ਹੈ ਤਾਂ ਜਿਹੜਾ ਘਾਟਾ ਪਿਆ ਹੈ ਉਸ ਦਾ ਬੋਝ ਕਿਸ ਤੇ ਪਏਗਾ? ਸਪੀਕਰ ਸਾਹਿਬ, ਉਹ ਕਿਸਾਨ ਤੇ ਹੀ ਪਏਗਾ। ਜਿਹੜਾ ਸੈਂਟਰ ਹੁਣ ਮੁਨਾਫਾ ਲੈ ਰਹੀ ਹੈ ਉਹ ਵੀ ਕਿਸਾਨ

[ਸਰਦਾਰ ਰਣਧੀਰ ਸਿੰਘ ਚੀਮਾ]

ਨੂੰ ਮਿਲਣਾ ਚਾਹੀਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਨਾਫਾ ਸੈਂਟਰ ਪਾਸੋਂ ਲੈ ਕੇ ਕਿਸਾਨ ਨੂੰ ਦੇਵੇ। ਇਸ ਤਰ੍ਹਾਂ ਹੀ ਜਿਹੜੀਆਂ ਦੂਜੀਆਂ ਵਸਤਾਂ ਹਨ ਉਨ੍ਹਾਂ ਬਾਰੇ ਵੀ ਥੋਹੜਾ ਜਿਹੜਾ ਢਕੌਂਸਲਾ ਇਨ੍ਹਾਂ ਨੇ ਬਣਾਇਆ ਹੈ। ਜੇਕਰ ਇਹ ਕਿਸਾਨ ਨੂੰ ਠੀਕ ਭਾਅ ਨਹੀਂ ਦਿਵਾ ਸਕਦੇ ਮੈਂ ਸਮਝਦਾ ਹਾਂ ਕਿ ਇਸ ਗਲ ਲਈ ਇਹ ਅਸਮਰਥ ਹਨ। ਅੱਜ ਕਿਸਾਨ ਦੀ ਉਪਜ ਦਾ ਘੱਟੋ ਘੱਟ ਭਾਅ 125 ਰੁਪਈਏ ਹੋਣਾ ਚਾਹੀਦਾ ਹੈ। ਜੇਕਰ ਇਹ ਜ਼ਿਆਦਾ ਨਹੀਂ ਦਿਵਾ ਸਕਦੇ ਤਾਂ ਇਤਨਾ ਭਾਅ ਤਾਂ ਜ਼ਰੂਰ ਹੀ ਹੋਣਾ ਚਾਹੀਦਾ ਹੈ। ਅਜੇ ਭਾਅ ਮੁਕੱਰਰ ਹੋਣਾ ਹੈ। ਪਰ ਦੂਜੇ ਪਾਸੇ - ਖਾਦ ਜਿਹੜੀ ਸੀ ਉਸ ਦਾ ਭਾਅ ਵਧ ਗਿਆ ਹੈ। 20 ਰੁਪਈਏ ਉਸ ਦਾ ਭਾਅ ਵਧ ਗਿਆ ਹੈ। ਡੀਜ਼ਲ ਤੇ 15 ਪੈਸੇ ਪਰ ਲਿਟਰ ਵਧ ਗਿਆ ਹੈ। ਮੋਬਲਾਇਲ ਦਾ ਤਾਂ ਸੈਂਟ ਪਰਸੈਂਟ ਰੇਟ ਵਧ ਗਿਆ ਹੈ। ਪਹਿਲਾਂ ਸਾਢੇ ਚਾਰ ਰੁਪਈਏ ਪਰ ਲਿਟਰ ਹੁੰਦਾ ਸੀ ਹੁਣ 9 ਰੁਪਈਏ ਕਰ ਦਿਤਾ ਹੈ।

ਸ੍ਰੀ ਸਪੀਕਰ : ਚੀਮਾਂ ਜੀ ਤੁਸੀਂ ਹੁਣ ਤਸ਼ਰੀਫ ਰੱਖੋ। **(Cheema Ji, please resume your seat now.)**

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਇਹ ਮੈਂ ਸਮਝਦਾ ਹਾਂ ਕਿ ਕਿਸਾਨਾਂ ਤੇ ਹੀ ਇਸ ਦਾ ਭਾਰ ਪੈਣਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਸਰਕਾਰ ਕਿਸਾਨ ਦੀ ਕਣਕ ਦਾ ਭਾਅ 125 ਰੁਪਈਏ ਫੀ ਕੁਇੰਟਲ ਦੀ ਸਿਫਾਰਸ਼ ਕਰੇ।

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਸਪਲੀਮੈਂਟਰੀ ਡਿਮਾਂਡਜ਼ ਜਿਹੜੀਆਂ ਕਿ ਹਾਊਸ ਦੇ ਸਾਹਮਣੇ ਪੇਸ਼ ਹਨ ਇਹ ਮੰਗਾਂ ਬੜੇ ਹੀ ਵਿਸਥਾਰ ਨਾਲ ਇਸ ਕਿਤਾਬ ਵਿਚ ਦਿਤੀਆਂ ਗਈਆਂ ਹਨ ਔਰ ਜਿਸ ਜਿਸ ਕੰਮ ਵਾਸਤੇ ਇਹ ਰੁਪਿਆ ਲਿਆ ਹੈ, ਯਾਨੀ ਹਾਊਸ ਵਿਚ ਰਖਿਆ ਹੈ, ਉਹ ਕੰਮ ਵੀ ਵਾਜ਼ੇ ਤੌਰ ਤੇ ਦਿਤੇ ਗਏ ਹਨ। ਚੀਮਾ ਸਾਹਿਬ ਨੇ ਫੂਡ ਐਂਡ ਸਪਲਾਈਜ਼ ਕਾਰਪੋਰੇਸ਼ਨ ਬਣਾਉਣ ਬਾਰੇ ਕਿਹਾ ਹੈ। ਉਸ ਲਈ 50 ਲੱਖ ਰੁਪਈਏ ਰਖੇ ਗਏ ਹਨ। ਉਸ ਦਾ ਫਾਇਦਾ ਇਹ ਹੀ ਹੋਵੇਗਾ ਕਿ ਅਸੀਂ ਨਾ ਸਿਰਫ ਕਣਕ ਖਰੀਦ ਕੇ ਬਾਕੀ ਸੂਬਿਆਂ ਨੂੰ ਭੇਜ ਸਕਾਂਗੇ ਬਲਕਿ ਪੰਜਾਬ ਦੀ ਲੋੜ ਜਿਹੜੀ ਹੁੰਦੀ ਹੈ ਉਸ ਮੁਤਾਬਿਕ ਵੀ ਅਸੀਂ ਆਪਣੇ ਕੋਲ ਰੱਖ ਸਕਾਂਗੇ। ਪਹਿਲਾਂ ਐਸਾ ਕੋਈ ਇੰਤਜ਼ਾਮ ਨਹੀਂ ਸੀ। ਇਹ ਕਿਹਾ ਗਿਆ ਹੈ ਕਿ ਭਾਅ 125 ਰੁਪਈਏ ਕਰੋ, ਗਰੀਬ ਆਦਮੀਆਂ ਨੂੰ ਰੀਲੀਫ ਵੀ ਦਿਓ, ਔਰ ਟੈਕਸ ਵੀ ਨਾ ਲਗਾਓ, ਯਾਨੀ ਕੀਮਤ ਕਿਸਾਨ ਨੂੰ ਵੀ ਜ਼ਿਆਦਾ ਦਿਓ, ਗਰੀਬਾਂ ਨੂੰ ਚੀਜ਼ਾਂ ਵੀ ਸੱਸਤੀਆਂ ਦਿਓ ਔਰ ਟੈਕਸ ਵੀ ਨਾ ਲਗਾਉ, ਸਪੀਕਰ ਸਾਹਿਬ, ਇਸ ਤਰ੍ਹਾਂ ਕਿਸੇ ਵੀ ਸਟੇਟ ਦੇ ਫਾਈਨਾਂਸ ਨਹੀਂ ਚਲ ਸਕਦੇ। ਇਹ ਰਸਤਾ ਕੱਢਿਆ ਗਿਆ ਹੈ ਕਿ ਕਿਸਾਨ ਨੂੰ ਚੰਗੇ ਭਾਅ ਵੀ ਮਿਲਣ ਔਰ ਜਿਸ ਵੇਲੇ ਫਸਲ ਆਉਂਦੀ ਹੈ ਤਾਂ ਪੰਜਾਬ ਲਈ ਸਾਰੇ ਸਾਲ ਲਈ ਜਿਤਨੀ ਲੋੜ ਹੋਵੇ ਉਹ ਅਸੀਂ ਰੱਖ ਸਕੀਏ। ਹੁਣ ਵਕਤ ਆ ਗਿਆ ਹੈ ਕਿ ਪ੍ਰੋਕਿਉਰਮੈਂਟ ਆਫ ਅਸੈਨਸ਼ੀਅਲ ਕਮਾਡਿਟੀਜ਼ ਵੀ ਔਰ ਉਨ੍ਹਾਂ ਦੀ ਡਿਸਟਰੀ-ਬਿਊਸ਼ਨ ਸਰਕਾਰ ਨੂੰ ਆਪਣੇ ਹੱਥ ਵਿਚ ਲੈਣੀ ਪਵੇਗੀ। ਆਹਿਸਤਾ ਆਹਿਸਤਾ ਅਸੀਂ ਉਸ ਤਰਫ ਵਧ ਰਹੇ ਹਾਂ। ਕਾਰਪੋਰੇਸ਼ਨ ਸਿਰਫ ਗੇਹੂੰ ਦਾ ਹੀ ਵਪਾਰ ਨਹੀਂ ਕਰੇਗੀ ਬਲਕਿ ਦਾਲਾਂ ਵੀ ਬਾਹਰੋਂ ਲਿਆ ਕੇ ਸਪਲਾਈ ਕਰੇਗੀ। ਅਸੀਂ ਜਿਹੜੀਆਂ ਕਿਸਾਨ ਦੀਆਂ ਇਨਪੁਟਸ ਹਨ ਉਹ ਇਸ ਦੇ ਦਾਇਰੇ ਵਿਚ ਲਿਆ ਰਹੇ ਹਾਂ ਤਾਕਿ ਕਾਨਸਟੈਂਟ ਪ੍ਰਾਈਸ ਰਹੇ। ਪਰ ਸਪੀਕਰ ਸਾਹਿਬ, ਇਕ ਕਨ-ਫਿਊਜ਼ਨ ਹੈ ਕਿ ਅੰਮ੍ਰਿਤਸਰ ਵਿਚ ਅਸੀਂ ਕੋਈ ਖਾਸ ਚੀਜ਼ ਸਿਰਫ ਇਲੈਕਸ਼ਨਾਂ ਨੂੰ ਮੁੱਖ ਰਖ ਕੇ ਕਰ ਰਹੇ ਹਾਂ। ਗੌਰਮਿੰਟ ਦੇ ਆਰਡਰ ਹੀ ਇਹ ਹੋਏ ਸਨ ਕਿ ਪਹਿਲਾਂ ਅੰਮ੍ਰਿਤਸਰ, ਜਲੰਧਰ,

ਲੁਧਿਆਣੇ ਔਰ ਪਟਿ. ਲੇ ਦੇ ਚਾਰ ਜ਼ਿਲ੍ਹਿਆਂ ਵਿਚ ਇਹ ਕੰਮ ਸ਼ੁਰੂ ਕੀਤਾ ਜਾਵੇ ਔਰ ਬਾਅਦ ਵਿਚ ਦੂਜਿਆਂ ਸ਼ਹਿਰਾਂ ਵਿਚ ਇਹ ਸਕੀਮ ਚਾਲੂ ਕੀਤੀ ਜਾਵੇ । ਸੋ ਅੰਮ੍ਰਿਤਸਰ ਇਸ ਲਿਹਾਜ਼ ਨਾਲ ਹੀ ਕੰਮ ਸ਼ੁਰੂ ਕੀਤਾ ਹੈ ਔਰ ਸਪੀਕਰ ਸਾਹਿਬ, ਕੁਝ ਦਿਨਾਂ ਵਿਚ ਹੀ ਇਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ ਇਹ ਕੰਮ ਸੈਸ਼ਨ ਵਿਚ ਹੀ ਦੂਜਿਆਂ ਜ਼ਿਲ੍ਹਿਆਂ ਵਿਚ ਵੀ ਸ਼ੁਰੂ ਹੋ ਗਿਆ ਹੈ।

(ਆਵਾਜ਼: ਜਲੰਧਰ ਵਿਚ ਸ਼ੁਰੂ ਹੋ ਗਿਆ ਹੈ, ਲੁਧਿਆਣੇ ਵਿਚ ਵੀ ਹੋ ਗਿਆ ਹੈ)

ਇਸ ਸਕੀਮ ਵਿਚ ਪਹਿਲਾਂ ਅਸੀਂ ਜਿਹੜੇ ਗੌਰਮਿੰਟ ਇਮਪਲਾਈ ਹਨ, ਸੈਮੀ-ਗੌਰਮਿੰਟ ਇੰਮ-ਪਲਾਈ ਹਨ, ਕਾਰਖਾਨੇ ਦੇ ਵਰਕਰਜ਼ ਹਨ ਔਰ ਮਿਊਂਸਪਲ ਇਮਪਲਾਈਜ਼ ਹਨ ਇਨ੍ਹਾਂ ਚਾਰ ਕੈਟੇਗਰੀਜ਼ ਨੂੰ ਲਿਆ ਹੈ ਜਿਨ੍ਹਾਂ ਨੂੰ ਸਬਸਿਡੀ ਦੇਣੀ ਹੈ। ਔਰ ਇਹ ਸਿਰਫ ਆਟਾ ਔਰ ਦਾਲਾਂ ਲਈ ਹੈ। ਡਿਮਾਂਡ ਹੋਰ ਆਏਗੀ ਪਰ ਇਹ ਬਿਗਨਿੰਗ ਹੈ। ਜਦ ਕਿਸੇ ਵਾਸਤੇ ਕੋਈ ਚੰਗੀ ਚੀਜ਼ ਕੀਤੀ ਜਾਂਦੀ ਹੈ ਉਸ ਨਾਲ ਵੀ ਅਤੇ ਇਹ ਜੋ ਸਬਸਿਡੀ ਦਿਤੀ ਜਾਵਗੀ, ਇਸ ਨਾਲ ਵੀ ਉਨ੍ਹਾਂ ਨੂੰ ਖੁਸ਼ੀ ਹੋਵੇਗੀ। ਇਹ ਖੁਸ਼ੀ ਦੀ ਹੀ ਗੱਲ ਹੋਵੇਗੀ ਕਿ ਸਾਰਾ ਸਾਲ ਇਕ ਕੀਮਤ ਤੇ ਚੀਜ਼ ਮਿਲ ਜਾਵੇ । ਇਸ ਕਰਕੇ ਇਸ ਚੀਜ਼ ਨੂੰ ਝੁਟਲਾਉਣਾ ਨਹੀਂ ਚਾਹੀਦਾ ਅਤੇ ਇਸ ਨੂੰ ਛੋਟੀ ਸਕੀਮ ਨਹੀਂ ਸਮਝਣਾ ਚਾਹੀਦਾ। ਮੈਂ ਕਾਮਰੇਡ ਦੋਸਤਾਂ ਨੂੰ ਕਹਾਂਗਾ ਕਿ ਸਿਵਲ ਸਪਲਾਈ ਕਾਰਪੋਰੇਸ਼ਨ ਨੂੰ ਕਰੀਟੀਸਾਈਜ਼ ਨਹੀਂ ਕਰਨਾ ਚਾਹੀਦਾ। ਪੰਜਾਬ ਵਿਚ ਕਾਰਪੋਰੇਸ਼ਨ ਬਣਾਉਣ ਦਾ ਪਹਿਲਾ ਕੰਮ ਹੈ ਅਤੇ ਇਹ ਸਬਸਿੱਡੀ ਭਾਵੇਂ ਅਜੇ ਥੋੜੀ ਹੈ, ਟੋਕਨ ਸਬਸਿਡੀ ਹੈ, 5 ਰੁਪਏ ਕੁਇੰਟਲ ਦੇ ਹਿਸਾਬ ਨਾਲ ਸਬਸਿੱਡੀ ਹੈ, ਪਰ ਇਹ ਵੀ ਦੇਸ਼ ਵਿਚ ਪਹਿਲਾ ਕੰਮ ਹੈ । ਇਸ ਗੱਲ ਦੀ ਸਾਰੇ ਹਾਊਸ ਨੂੰ ਖੁਸ਼ੀ ਹੋਣੀ ਚਾਹੀਦੀ ਹੈ ਅਤੇ ਮਾਣ ਵੀ ਹੋਣਾ ਚਾਹੀਦਾ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

ਵੀਕਰ ਸੈਕਸ਼ਨਜ਼ ਵਾਸਤੇ ਅਲਹਿਦਾ ਮੱਦਾਂ ਵੀ ਹਨ। ਪਹਿਲੀ ਚੀਜ਼ ਹੈ ਐਡੀਸ਼ਨਲ ਡੀਅਰਨੈਸ ਅਲਾਊਂਸ, ਜਿਹੜਾ ਕਿ 6,14,330 ਹੈ। ਦੂਜਾ ਹੈ ਸਿਵਲ ਸਪਲਾਈ ਕਾਰਪੋਰੇਸ਼ਨ ਦੀ ਟੋਕਨ ਡਿਮਾਂਡ ਇਨਕਰੀਜ਼ ਇਨ ਡਾਈਟ ਮਨੀ ਫਾਰ ਐਂਪਲਾਈਜ਼ ਅਤੇ ਤੀਜੀ ਸਕੀਮ ਹੈ, ਸ਼ੈਡਿਊਲਡ ਕਾਸਟਸ ਦੇ ਬੈਨੀਫਿਟ ਲਈ, ਇਸ ਲਈ 66 ਲੱਖ ਰੁਪਿਆ ਰਖਿਆ ਹੈ। ਧਰਮਸ਼ਾਲਾਵਾਂ ਬਣਾਉਣ ਵਾਸਤੇ, ਹਰੀਜਨ ਬਸਤੀਆਂ ਨੂੰ ਸਾਫ ਕਰਵਾਉਣ ਵਾਸਤੇ ਮਹਿਕਮੇ ਵਾਲਿਆਂ ਨੇ ਕਿਹਾ ਕਿ 15,00,000 ਥੋੜਾ ਹੈ, ਇਸ ਕਰਕੇ 66 ਲੱਖ ਹੋਰ ਦੇ ਦਿੱਤਾ ਹੈ, ਇਹ ਸਾਰਾ 31 ਮਾਰਚ ਤੋਂ ਪਹਿਲਾਂ ਖਰਚ ਕੀਤਾ ਜਾਣਾ ਹੈ। ਚੀਮਾਂ ਸਾਹਿਬ ਨੇ ਕਿਹਾ ਸੀ ਕਿ ਇਹ ਚੀਜ਼ਾਂ ਬਜਟ ਵੇਲੇ ਕਿਉਂ ਨਹੀਂ ਸ਼ਾਮਿਲ ਕੀਤੀਆਂ ਗਈਆਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਈ ਚੀਜ਼ਾਂ ਅਜਿਹੀਆਂ ਵੀ ਹੁੰਦੀਆਂ ਹਨ, ਜਿਹੜੀਆਂ ਕਿ ਬਜੱਟ ਵੇਲੇ ਨਹੀਂ ਸੋਚੀਆਂ ਜਾ ਸਕਦੀਆਂ, ਜਿਸ ਤਰ੍ਹਾਂ ਫੂਡ ਕਾਰਪੋਰੇਸ਼ਨ ਦਾ ਆਈਡੀਆ ਬਾਅਦ ਵਿਚ ਆਇਆ ਅਤੇ ਉਸ ਨੂੰ ਉਸ ਵੇਲੇ ਹੀ ਸ਼ੁਰੂ ਕਰ ਦਿਤਾ। ਇਸ ਦੇ ਨਾਲ ਇਹ ਪਹਿਲਾਂ ਪਤਾ ਨਹੀਂ ਸੀ ਕਿ ਧਰਮਸ਼ਾਲਾਵਾਂ ਤੇ ਜ਼ਿਆਦਾ ਰੁਪਿਆ ਖਰਚ ਹੋ ਜਾਵੇਗਾ। ਇਸ ਕਰਕੇ, ਇਹ ਰੁਪਿਆ ਨਵੀਆਂ ਸਕੀਮਾਂ ਵਿਚ ਰਖਿਆ ਗਿਆ ਹੈ।

ਇਸ ਦੇ ਨਾਲ ਯੂਥ ਵੈਲਫੇਅਰ ਡੀਪਾਰਟਮੈਂਟ ਬਾਰੇ ਮਾਨਯੋਗ ਮੈਂਬਰਾਂ ਨੇ ਦੱਸਿਆ ਹੈ। ਇਸ ਬਾਰੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਨੌਜਵਾਨਾਂ ਦੇ ਭਲੇ ਲਈ, ਉਨ੍ਹਾਂ ਦੀ ਬੇਹਤਰੀ ਲਈ ਧਿਆਨ ਦੇਣਾ ਜ਼ਰੂਰੀ ਹੈ। ਇਸ ਮੰਤਵ ਲਈ ਇਕ ਡਾਇਰੈਕਟੋਰੇਟ ਬਣਾਇਆ ਹੈ। ਇਸ ਨਾਲ ਨੌਜਵਾਨਾਂ ਲਈ ਡਿਟੇਲ ਵਿਚ ਕੰਮ ਕੀਤਾ ਜਾਵੇਗਾ, ਉਨ੍ਹਾਂ ਦੀ ਸਟੱਡੀ ਵਾਸਤੇ, ਉਨ੍ਹਾਂ ਲਈ ਖੇਲਾਂ ਦਾ ਪ੍ਰਬੰਧ ਕਰਨ ਵਾਸਤੇ, ਉਨ੍ਹਾਂ ਦੇ ਰਿਕਰੀਏਸ਼ਨ ਵਾਸਤੇ , ਉਨਾਂ ਦੇ ਵੈਲ-ਬੀਇੰਗ ਵਾਸਤੇ ਅਤੇ ਸਾਰੀ ਨੇਸ਼ਨ ਦੇ ਭਲੇ

[ਵਿੱਤ ਮੰਤਰੀ]
ਵਾਸਤੇ ਇਹ ਯੂਥ ਵੈਲਫੇਅਰ ਡਿਪਾਰਟਮੈਂਟ ਕੰਮ ਕਰੇਗਾ। ਇਸ ਚੀਜ਼ ਦਾ ਖਿਆਲ ਬਾਅਦ ਵਿਚ ਆਇਆ ਇਸ ਕਰਕੇ ਇਹ ਪੈਸਾ ਮੰਗਿਆ ਗਿਆ ਹੈ।

ਕਾਮਰੇਡ ਸੱਤ ਪਾਲ ਡਾਂਗ : ਬਠਿੰਡਾ, ਫਿਰੋਜ਼ਪੁਰ, ਪਟਿਆਲਾ, ਜਿਥੇ ਨੌਜਵਾਨਾਂ ਨੂੰ ਮਾਰਿਆ ਕੁਟਿਆ ਗਿਆ, ਕੀ ਇਹ ਡਿਪਾਰਟਮੈਂਟ ਵੀ ਇਹੀ ਕੰਮ ਨਹੀਂ ਕਰੇਗਾ।

ਵਿੱਤ ਮੰਤਰੀ: ਇਹ ਤਾਂ ਮੇਹਰਬਾਨੀ ਕਰਨ, ਇਨ੍ਹਾਂ ਦਾ ਤਾਂ ਸਾਡੇ ਨਾਲ ਅਲਾਇੰਸ ਹੈ। ਪਰ ਗੱਲ ਇਹ ਹੈ ਕਿ ਜਿਹੜਾ ਕੰਮ ਹੀ ਕੁਟ ਖਾਣ ਵਾਲਾ ਕਰੇਗਾ, ਉਹ ਤਾਂ ਕੁੱਟ ਹੀ ਖਾਏਗਾ।

ਕਾਮਰੇਡ ਸੱਤ ਪਾਲ ਡਾਂਗ : ਇਹ ਬਿਲਕੁਲ ਠੀਕ ਹੈ, ਗੁਜਰਾਤ, ਕਰਨਾਟਕਾ, ਮਹਾਰਾਸ਼ਟਰਾ ਅਤੇ ਪਾਂਡੀਚਰੀ ਵਿਚ ਵੀ ਇਨ੍ਹਾਂ ਨੇ ਕੁੱਟ ਖਾਧੀ ਅਤੇ ਪੰਜਾਬ ਵਿਚ ਵੀ ਖਾਣਗੇ।

ਵਿੱਤ ਮੰਤਰੀ : ਜੇ ਚੰਗੀ ਚੀਜ਼ ਕਹਿਣੀ ਹੋਵੇ ਤਾਂ ਡਾਂਗ ਸਾਹਿਬ ਆਪਣੇ ਪਿਛਲੇ ਬੈਂਚ ਵਾਲੇ ਨੂੰ ਕਹਿ ਦਿੰਦੇ ਹਨ। ਸਾਡਾ ਇਨ੍ਹਾਂ ਨਾਲ ਅਲਾਇੰਸ ਹੋਇਆ ਹੈ ਕਿ ਰਾਈਟ ਰਿਐਕਸ਼ਨਰੀ ਫੋਰਸਿਜ਼ ਜਿਹੜੀਆਂ ਹਨ, ਉਨ੍ਹਾਂ ਨੂੰ ਖਤਮ ਕੀਤਾ ਜਾਵੇ। ਇਸ ਕਰਕੇ ਜਿਥੇ ਇਨ੍ਹਾਂ ਨੂੰ ਫਾਇਦਾ ਨਜ਼ਰ ਆਉਂਦਾ ਹੈ, ਸਿਰਫ ਫਾਇਦਾ ਹੀ ਨਜ਼ਰ ਆਉਂਦਾ ਹੈ, ਉਥੇ ਇਹ ਸਾਡੇ ਨਾਲ ਹਨ ਤਾਂ ਜੋ ਰਾਈਟ ਰੀਐਕਸ਼ਨਰੀ ਫੋਰਸਿਜ਼ ਦਾ ਮੁਕਾਬਲਾ ਕੀਤਾ ਜਾ ਸਕੇ। ਯੂ.ਪੀ., ਉੜੀਸਾ ਵਿਚ ਵੀ ਇਨ੍ਹਾਂ ਨੇ ਸਾਡੇ ਨਾਲ ਅਲਾਇੰਸ ਕੀਤਾ। ਇਸ ਕਰਕੇ ਜੇ ਸਾਡਾ ਕੋਈ ਚੰਗਾ ਕੰਮ ਹੋਵੇ ਅਤੇ ਵੈਸਟਿਡ ਇੰਟਰੈਸਟ ਸਰ ਉਠਾਉਣ, ਤਾਂ ਇਨ੍ਹਾਂ ਨੂੰ ਡਰ ਹੁੰਦਾ ਹੈ ਕਿ ਆਪੋਜ਼ੀਸ਼ਨ ਪਾਰਟੀਆਂ ਇਨ੍ਹਾਂ ਦੀ ਫਾਲੋਇੰਗ ਨਾ ਘਟਾ ਦੇਣ, ਇਸ ਕਰਕੇ ਇਹ ਸਾਡੇ ਨਾਲ ਰਹਿੰਦੇ ਹਨ ਅਤੇ ਜਦੋਂ ਇਹ ਵੇਖਦੇ ਹਨ ਇੰਟਰ-ਨੈਸ਼ਨਲ ਸੀਨ ਤੇ ਕਾਂਗਰਸ ਬੜੀ ਅੱਗੇ ਵੱਧੀ ਹੋਈ ਹੈ ਤਾਂ ਇਹ ਸਾਡੇ ਨਾਲ ਹੁੰਦੇ ਹਨ। ਇਨ੍ਹਾਂ ਦੀ ਹਾਲਤ ਬੜੀ ਅਜੀਬ ਕਿਸਮ ਦੀ ਹੈ ਅਤੇ ਤਰਸਯੋਗ ਵੀ ਹੈ।

ਸੋ ਮੈਂ ਕਹਿ ਰਿਹਾ ਸੀ ਕਿ ਅਗਰ ਮੈਂਬਰ ਸਾਹਿਬਾਨ ਪੜ੍ਹਣ ਤਾਂ ਇਹ ਪਤਾ ਲਗ ਦਾ ਹੈ ਕਿ ਇਨਵੈਸਟੀਗੇਸ਼ਨ ਆਫ ਪਰਾਜੈਕਟਸ ਅਤੇ ਰੂਰਲ ਇੰਜੀਨੀਅਰਿੰਗ ਸਰਵੇ ਸਕੀਮ ਜੋ ਹੈ ਇਹ ਇੰਜੀ-ਨੀਅਰਿੰਗ ਗਰੈਜੂਏਟਸ ਅਤੇ ਐਗਰੀਕਲਚਰਲ ਗਰੈਜੂਏਟਸ ਨੂੰ ਐਂਪਲਾਇਮੈਂਟ ਦੇਣ ਵਾਸਤੇ ਹੈ ਅਤੇ ਦੂਜੇ ਇੰਜਨੀਅਰਿੰਗ ਗਰੈਜੂਏਟਸ ਅਤੇ ਐਗਰੀਕਲਚਰਲ ਗਰੈਜੂਏਟਸ ਅਤੇ ਹੋਰ ਗਰੈਜੂਏਟਸ ਲਈ ਨੌਕਰੀ ਦਿੱਤੀ ਗਈ ਹੈ।

ਫਲੱਡ ਕੰਟਰੋਲ ਵਾਸਤੇ 2 ਕਰੋੜ ਰੁਪਿਆ ਸੀ, ਪਰ ਮਹਿਕਮੇ ਨੇ ਮੰਗ ਕੀਤੀ ਕਿ 2 ਕਰੋੜ ਥੋੜਾ ਹੈ ਇਸ ਕਰਕੇ 50 ਲੱਖ ਹੋਰ ਦਿੱਤਾ ਹੈ ਜਿਹੜਾ 31 ਮਾਰਚ ਤੱਕ ਖਰਚ ਹੋਣਾ ਹੈ। ਅਗਲੀ ਪਲੈਨ ਵਿਚ ਇਸ ਕੰਮ ਵਾਸਤੇ 6 ਕਰੋੜ ਰੁਪਿਆ ਰਖਿਆ ਗਿਆ ਹੈ ਅਤੇ ਸਕੀਮ ਤਿਆਰ ਕੀਤੀ ਗਈ ਹੈ। ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਕਿਹਾ ਸੀ ਕਿ ਫੱਲਡ ਰਿਲੀਫ ਵੀ ਦੇਣਾ ਪੈਂਦਾ ਹੈ। ਅਸੀਂ ਉਹ ਸਾਰੀਆਂ ਸਕੀਮਾਂ ਲੈ ਰਹੇ ਹਾਂ। 3 ਕਰੋੜ ਅਗਲੇ ਸਾਲ ਲਈ ਰੱਖ ਦਿੱਤਾ ਹੈ ਅਤੇ ਜੇ ਇਹ ਥੋੜਾ ਹੋਇਆ ਤਾਂ ਇਸ ਕੰਮ ਵਾਸਤੇ ਹੋਰ ਰੁਪਿਆ ਦਿਤਾ ਜਾਵੇਗਾ।

ਧਰਮਸ਼ਾਲਾਵਾਂ ਅਤੇ ਐਨਵਾਇਰਨਮੈਂਟਲ ਇੰਪਰੂਵਮੈਂਟ ਲਈ ਮੈਂ ਬੱਜਟ ਸਪੀਚ ਵਿਚ ਜਿਸ ਤਰ੍ਹਾਂ ਕਿਹਾ ਸੀ ਕਿ ਪੈਸੇ ਦੇ ਨਾ ਹੋਣ ਕਾਰਨ ਇਨ੍ਹਾਂ ਕੰਮਾਂ ਵਿਚ ਰੁਕਾਵਟ ਨਹੀਂ ਪੈਣ ਦਿੱਤੀ ਜਾਵੇਗੀ, ਫਲਡ ਕੰਟਰੋਲ ਵਾਸਤੇ 3 ਕਰੋੜ ਤੋਂ ਜੇ ਜ਼ਿਆਦਾ ਖਰਚ ਹੋਵੇਗਾ ਤਾਂ ਜਿਹੜਾ ਸਾਲ ਆ ਰਿਹਾ ਹੈ

ਇਸ ਵਿਚ ਹੀ ਹੋਰ ਰੁਪਿਆ ਦੇ ਦਿੱਤਾ ਜਾਵੇਗਾ। ਇਸ ਬਾਰੇ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੂੰ ਕੋਈ ਤੌਖਲਾ ਨਹੀਂ ਹੋਣਾ ਚਾਹੀਦਾ।

ਅਗਰ ਤੁਸੀਂ ਵੇਖੋਗੇ ਤਾਂ ਇੰਨਵੈਸਟੀਗੇਸ਼ਨ ਆਫ ਪਰਾਜੈਕਟਸ ਅਤੇ ਰੂਰਲ ਇੰਜੀਨੀਅਰਿੰਗ ਸਰਵੇ ਵਾਸਤੇ, ਕ੍ਰਿਏਸ਼ਨ ਐਂਡ ਕੰਟੀਨਿਊਏਸ਼ਨ ਆਫ ਸਟਾਫ ਫਾਰ ਅਨੰਦਪੁਰ ਸਾਹਿਬ ਹਾਈਡਲ ਪਰਾਜੈਕਟ ਹੈ ਉਸ ਸਟਾਫ ਨੂੰ ਕੰਟੀਨਿਊ ਕਰਨਾ ਹੈ। ਬੱਜਟ ਦੇ ਵਿਚ ਵੀ ਇਹ ਦੱਸਿਆ ਸੀ ਕਿ ਥੀਨ ਡੈਮ ਅਤੇ ਸ਼ਾਹ ਨਹਿਰ ਵਾਸਤੇ ਵੀ ਰਕਮ ਰੱਖੀ ਹੈ ਅਤੇ ਸਾਨੂੰ ਆਪਣਾ ਸਟਾਫ ਰੱਖਣ ਵਾਸਤੇ ਇਹ ਜ਼ਰੂਰੀ ਸੀ।

ਸਰਦਾਰ ਰਣਧੀਰ ਸਿੰਘ ਚੀਮਾ : ਤੁਸੀਂ ਤਾਂ ਸਾਰੇ ਕੰਮ ਕਰ ਦੇਵੋਗੇ।

ਵਿੱਤ ਮੰਤਰੀ : ਮਾਡਲ ਵਿਲੇਜਿਜ਼ ਦੀ ਸਕੀਮ ਚੀਮਾਂ ਸਾਹਿਬ ਦੇ ਵੇਲੇ ਹੀ ਸ਼ੁਰੂ ਹੋਈ ਸੀ, ਕਿਤੇ ਅੱਧਾ ਕੰਮ ਹੋ ਗਿਆ ਹੈ ਅਤੇ ਅੱਧਾ ਪਿੰਡ ਉਸ ਤਰ੍ਹਾਂ ਹੀ ਰਹਿ ਗਿਆ ਹੈ।

ਸ੍ਰੀ ਸਪੀਕਰ : ਹੁਣ ਤੁਸੀਂ ਮੁਕੰਮਲ ਕਰ ਦੇਵੋ ਜੀ। (Now, this Government should complete the work.)

ਵਿੱਤ ਮੰਤਰੀ : ਕੁਝ ਪੈਨਸ਼ਨਜ਼ ਦੇ ਬਾਰੇ, ਵੀਕਰ ਸੈਕਸ਼ਨਜ਼ ਨੂੰ ਸਬਸਿੱਡੀ ਦਿੱਤੀ ਹੈ, ਸਲਮਜ਼ ਕਲੀਅਰੈਂਸ ਵਾਸਤੇ ਵੀ ਰੁਪਿਆ ਰਖਿਆ ਹੈ, ਸ਼ਹਿਰਾਂ ਦੀ ਸਲਮ ਕਲੀਅਰੈਂਸ ਵਾਸਤੇ ਵੀ ਪੈਸੇ ਦਿਤੇ ਹਨ। ਬਾਬਾ ਫਰੀਦ ਮੈਮੋਰੀਅਲ ਸੋਸਾਇਟੀ ਨੂੰ ਵੀ ਪੈਸੇ ਦਿੱਤੇ ਗਏ ਹਨ । ਚੌਕੀ-ਦਾਰਾ ਟੈਕਸ ਬਾਰੇ ਬੈਕਵਰਡ ਕਲਾਸਿਜ਼ ਦੀ ਵੀ ਮੰਗ ਸੀ ਕਿ ਹਰੀਜਨਾਂ ਨੂੰ ਇਹ ਟੈਕਸ ਛੱਡ ਦਿਤਾ ਗਿਆ ਹੈ ਅਤੇ ਉਨ੍ਹਾਂ ਨੂੰ ਵੀ ਛੱਡ ਦਿਤਾ ਜਾਵੇ। ਇਸ ਕਰਕੇ ਇਹ ਟੈਕਸ ਬੈਕਵਰਡ ਕਲਾਸਿਜ਼ ਨੂੰ ਵੀ ਛੱਡ ਦਿੱਤਾ ਗਿਆ ਹੈ। ਇਸ ਵਾਸਤੇ ਚੌਕੀਦਾਰਾਂ ਨੂੰ ਤਨਖਾਹਾਂ ਦੇਣ ਵਾਸਤੇ ਸਾਢੇ ਚਾਰ ਲੱਖ ਰੁਪਿਆ ਰਖਿਆ ਗਿਆ ਹੈ ।

ਸ੍ਰੀ ਸਪੀਕਰ : ਤੁਸੀਂ ਹੁਣ ਵਾਈਂਡ-ਅਪ ਕਰੋ ਜੀ। (Please wind up now.)

ਵਿੱਤ ਮੰਤਰੀ : ਬੱਸ ਜੀ ਹੁਣੇ ਹੀ ਖਤਮ ਕਰ ਦਿੰਦਾ ਹਾਂ।

ਮੈਂਬਰ ਸਾਹਿਬਾਨ ਨੇ ਇਹ ਕਿਹਾ ਕਿ ਅੰਮ੍ਰਿਤਸਰ ਸ਼ੂਗਰ ਮਿੱਲ (ਬਨਾਸਪਤੀ ਯੂਨਿਟ) ਨੂੰ ਲੋਨ ਦਿੱਤਾ ਗਿਆ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਿੱਲ ਕਲੋਜ਼ ਹੋ ਗਈ ਸੀ ਅਤੇ ਵਰਕਰਾਂ ਨੂੰ ਤਨਖਾਹਾਂ ਵਗੈਰਾ ਦੇਣੀਆਂ ਸਨ ਅਤੇ ਇਹ ਜ਼ਰੂਰੀ ਸੀ ਕਿ ਉਨ੍ਹਾਂ ਨੂੰ, ਮਿੱਲ ਨੂੰ, ਲੋਨ ਦਿਤਾ ਜਾਂਦਾ।

ਕਾਮਰੇਡ ਰਾਜ ਕੁਮਾਰ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਰੀਜਨਾਂ ਤੇ ਚੌਕੀਦਾਰਾ ਟੈਕਸ ਪਹਿਲਾਂ ਹੀ ਛੱਡ ਦਿਤਾ ਸੀ ਫਿਰ ਬੈਕਵਰਡ ਕਲਾਸਿਜ਼ ਤੇ ਵੀ ਛੱਡ ਦਿਤਾ, ਕੀ ਕੋਈ ਐਸਾ ਪ੍ਰਬੰਧ ਕੀਤਾ ਗਿਆ ਹੈ ਜਿਸ ਨਾਲ ਇਹ ਪੈਸਾ ਪੂਰਾ ਕੀਤਾ ਜਾ ਸਕੇ ਅਤੇ ਚੌਕੀਦਾਰਾਂ ਨੂੰ ਤਨਖਾਹਾਂ ਮਿਲ-ਦੀਆਂ ਰਹਿਣ।

ਵਿੱਤ ਮੰਤਰੀ : ਗੌਰਮਿੰਟ ਨੇ ਸਾਢੇ ਚਾਰ ਲੱਖ ਰੁਪਿਆ ਇਸ ਲਈ ਰਖਿਆ ਹੈ।

ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਲੈਕਟ੍ਰਿਸਿਟੀ ਬੋਰਡ ਨੂੰ, ਸਿਵਿਲ ਸਪਲਾਈ ਕਾਰਪੋਰੇਸ਼ਨ ਨੂੰ ਪੈਸੇ ਦਿਤੇ ਗਏ ਹਨ, ਇਹ ਬੜਾ ਕਲੀਅਰ ਹੈ, ਉਸ ਵਿਚ ਕੁਝ ਡਿਵੈਲਪਮੈਂਟ ਤੇ

[ਵਿੱਤ ਮੰਤਰੀ]

ਖਰਚ ਹੋਣਾ ਹੈ ਅਤੇ ਕੁਝ ਇਮਪਲਾਇਮੈਂਟ ਵਗੈਰਾ ਵਾਸਤੇ ਖਰਚ ਕਰਨਾ ਹੈ ਅਤੇ ਇਸ ਤਰ੍ਹਾਂ ਵੀਕਰ ਸੈਕਸ਼ਨਜ਼ ਤੇ ਖਰਚ ਕਰਨਾ ਹੈ। ਇਸ ਗੱਲ ਦਾ ਅਗੇ ਨੂੰ ਸਾਰਾ ਪਤਾ ਲਗ ਜਾਵੇਗਾ ਕਿ ਕਿਸ ਤਰ੍ਹਾਂ ਇਹ ਸਭ ਕੁਝ ਕੀਤਾ ਗਿਆ।

ਮੈਂ ਉਮੀਦ ਕਰਦਾ ਹਾਂ ਕਿ ਇਨ੍ਹਾਂ ਡਿਮਾਂਡਜ਼ ਨੂੰ ਪਾਸ ਕਰ ਦਿਤਾ ਜਾਵੇਗਾ ।

Mr. Speaker : Since it is now 6.00 P.M., I now apply the Guillotine.

6.00 P.M.

Demand No. 4

Mr. Speaker : Question is—

That a Supplementary sum not exceeding Rs 6,14,330 be granted to the Governor to defray the charges that will come in course of payment for the year ending 31st March, 1974, in respect of 12—Sales Tax.

The Motion was carried.

Demand No. 6

Mr. Speaker : Question is—

That a Supplementary sum not exceeding Rs 12,65,200 be granted to the Governor to defray the charges that will come in course of payment for the year ending 31st March, 1974, in respect of 14—Stamps.

The Motion was carried.

Demand No. 9

Mr. Speaker : Question is—

That a Supplementary sum not exceeding Rs 10 be granted to the Governor to defray the charges that will come in course of payment for the year ending 31st March, 1974 in respect of 19—General Administration.

The Motion was carried.

Demand No. 10

Mr. Speaker : Question is—

That a Supplementary sum not exceeding Rs 20,000 be granted to the Governor to defray the charges that will come in course of payment for the year ending 31st March, 1974, in respect of 21—Administration of Justice.

The Motion was carried

Demand No. 14

Mr. Speaker : Question is—

That a Supplementary sum not exceeding Rs 66,25,200 be granted to the Governor to defray the charges that will come in course of payment for the year ending 31st March, 1974 in respect of 26—Miscellaneous Departments.

The Motion was carried

Demand No. 17

Mr. Speaker : Question is—

That a Supplementary sum not exceeding Rs. 10 be granted to the Governor to defray the charges that will come in course of payment for the year ending 31st March, 1974, in respect of 29—Medical.

The Motion was carried

Demand No. 26

Mr. Speaker : Question is—

That a Supplementary sum not exceeding Rs. 3,20,000 be granted to the Governor to defray the charges that will come in course of payment for the year ending 31st March, 1974, in respect of 39—Miscellaneous, Social and Developmental Organisations.

The Motion was carried.

Demand No. 28

Mr. Speaker : Question is—

That a Supplementary sum not exceeding Rs 18,42,200 be granted to the Governor to defray the charges that will come in course of payment for the year ending 31st March, 1974, in respect of 43—Irrigation, Navigation, Embankment and Drainage Works (Commercial).

The Motion was carried.

Demand No. 28

Mr. Speaker : Question is—

That a Supplementary sum not exceeding Rs. 3,12,000 be granted to the Governor to defray the charges that will come in course of payment for the year ending 31st March, 1974, in respect of 44—Irrigation, Navigation, Embankment and Drainage Works (Non-Commercial).

The Motion was carried.

Demand No. 29

Mr. Speaker : Question is—

That a Supplementary sum not exceeding Rs. 50,00,000 be granted to the Governor to defray the charges that will come in course of payment for the year ending 31st March, 1974, in respect of 48—Capital Outlay on Irrigation, Navigation, Embankment and Drainage Works.

The Motion was carried.

Demand No. 30

Mr. Speaker : Question is—

That a Supplementary sum not exceeding Rs. 17,86,950 be granted to the Governor to defray the charges that will come in course of payment for the year ending 31st March, 1974, in respect of "Charges on Irrigation, Establishment".

The Motion was carried.

Demand No. 32

Mr. Speaker : Question is—

That a Supplementary sum not exceeding Rs. 28,65,270 be granted to the Governor to defray the charges that will come in course of payment for the year ending 31st March, 1974, in respect of "Charges on Public Works Department Buildings and Roads Establishment".

The Motion was carried.

Demand No. 33

Mr. Speaker : Question is—

That a Supplementary sum not exceeding Rs. 19,54,000 be granted to the Governor to defray the charges that will come in course of payment for the year ending 31st March, 1974, in respect of 52—Capital Outlay on Public Works.

The Motion was carried

Demand No. 37

Mr. Speaker : Question is—

That a Supplementary sum not exceeding Rs. 12,00,600 be granted to the Governor to defray the charges that will come in course of payment for the year ending 31st March, 1974, in respect of 65—Pensions and other Retirement Benefits.

The Motion was carried.

Demand No. 41

Mr. Speaker : Question is—

That a Supplementary sum not exceeding Rs, 18,22,660 be granted to the Governor to defray the charges that will come in course of payment for the year ending 31st March, 1974, in respect of 71—Miscellaneous.

The Motion was carried.

Demand No. 45

Mr. Speaker : Question is—

That a Supplementary sum not exceeding Rs. 10 be granted to the Governor to defray the charges that will come in course of payment for the year ending 31st March, 1974, in respect of 96—Capital Outlay on Industrial and Economic Development.

The Motion was carried.

Demand No. 46

Mr. Speaker : Question is—

That a Supplementary sum not exceeding Rs. 20,35,000 be granted to the Governor to defray the charges that will come in course of payment for the year ending 31st March, 1974, in respect of 98—Capital Outlay on Multi-purpose River Scheme.

The Motion was carried.

Demand No. 51

Mr. Speaker : Question is—

That a Supplementary sum not exceeding Rs. 4,950 be granted to the Governor to defray the charges that will come in course of payment for the year, ending 31st March, 1974, in respect of 120—Payments of Commuted value of Pensions.

The Motion was carried.

Demand No. 53

Mr. Speaker : Question is—

That a Supplementary sum not exceeding Rs. 10 be granted to the Governor to defray the charges that will come in course of payment for the year ending 31st March, 1974, in respect of Q—Loans and Advances by the State Government.

The Motion was carried.

Mr. Speaker : The House stands adjourned till 9.00 A.M., on Tuesday, the 5th March, 1974.

6.00 P. M. (*The Sabha then adjourned till* 9.00 *A.M. on Tuesday, the 5th March, 1974*).

14754/PVS—Govt. Press, Chd.

Published under the authority of the Punjab Vidhan Sabha Secretariat and printed by the Controller, Government Press, Chandigarh.

Punjab Vidhan Sabha Debates

5th March, 1974

Vol I—No. 9

OFFICIAL REPORT

CONTENTS

Tuesday, the 5th March, 1974

Punjab Vidhan Sabha Secretariat, Chandigarh.

Price : Rs. 17.00

PUNJAB VIDHAN SABHA

Tuesday, the 5th March, 1974

The Vidhan Sabha met in the Punjab Vidhan Sabha Hall, Vidhan Bhavan Sector-1, Chandigarh, at 9.00 A.M. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

Primary Health Centres in the State

***2214. Master Dalip Chand** : Will the Minister of State for Health and Family Planning be pleased to state whether it is a fact that a Primary Health Centre is being opened in each block in the State in accordance with the scheme sanctioned by the Government ; if so, whether there is any proposal under the consideration of the Government to open a Health Centre in village Sahiba, Sarhoa Block in Balachaur constituency ?

Sardar Balbir Singh : A Primary Health centre in each Block in the State stands already established. There is no proposal to open a Health Centre at Village Sahiba, Sarhoa Block at present.

[ਰਾਜ ਦੇ ਹਰ ਇੱਕ ਬਲਾਕ ਵਿਚ ਇੱਕ ਮੁੱਢਲਾ ਸਿਹਤ ਕੇਂਦਰ ਸਥਾਪਤ ਕੀਤਾ ਜਾ ਚੁੱਕਾ ਹੈ । ਪਿੰਡ ਸਾਹਿਬਾ ਸਰੋਹਾ ਬਲਾਕ ਵਿਚ ਹੈਲਥ ਸੈਂਟਰ ਖੋਲ੍ਹਣ ਦਾ ਹਾਲੀ ਕੋਈ ਵਿਚਾਰ ਨਹੀਂ ਹੈ ।]

ਮਾਸਟਰ ਦਲੀਪ ਚੰਦ : ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਲੇਜ ਸਾਹਿਬਾ, ਸਰੋਹਾ ਬਲਾਕ ਵਿਚ ਕੋਈ ਹੈਲਥ ਸੈਂਟਰ ਨਹੀਂ ਹੈ। ਇਥੇ ਛੋਟੀ ਡਿਸਪੈਂਸਰੀ ਪਹਿਲਾਂ ਹੈ । ਕੀ ਸਰਕਾਰ ਇਥੇ ਪਰਾਇਮਰੀ ਹੈਲਥ ਸੈਂਟਰ ਖੋਲਣ ਬਾਰੇ ਕੋਸ਼ਿਸ਼ ਕਰੇਗੀ ?

ਰਾਜ ਮੰਤਰੀ : ਸਰਕਾਰ ਨੇ ਪਹਿਲਾਂ ਇਕ ਸਕੀਮ ਤਿਆਰ ਕੀਤੀ ਸੀ ਕਿ ਜਿੰਨੇ ਵੀ ਪ੍ਰਾਇਮਰੀ ਹੈਲਥ ਸੈਂਟਰ ਹਨ, ਫੈਮਿਲੀ ਪਲੈਨਿੰਗ ਯੂਨਿਟ ਨਾਲੋਂ ਡੀ-ਲਿੰਕ ਕਰ ਕੇ ਨਵੇਂ ਹੈਲਥ ਸੈਂਟਰਜ਼ ਖੋਲ੍ਹੇ ਜਾਣ । ਇਹ ਸੈਂਟਰ ਦੀ ਸਪਾਂਸਰਡ ਸਕੀਮ ਸੀ, ਉਹ ਮੰਨੇ ਨਹੀਂ। ਇਸ ਲਈ ਇਹ ਡਰਾਪ ਕਰਨੀ ਪਈ ।

ਸਰਦਾਰ ਸੁਰਜੀਤ ਸਿਘ ਅਟਵਾਲ : ਬੇਟ ਏਰੀਆ ਵਾਸਤੇ ਡਿਵੈਲਪਮੈਂਟ ਕੌਂਸਲ ਬਣੀ ਹੈ । ਪਰ ਬੇਟ ਏਰੀਆ ਵਿਚ ਹਸਪਤਾਲ ਨਹੀਂ ਹਨ । ਕੀ ਇਸ ਗਲ ਨੂੰ ਮੁੱਖ ਰਖਦੇ ਹੋਏ ਸਰਕਾਰ ਬੇਟ ਏਰੀਆ ਵਿਚ ਹਸਪਤਾਲ ਖੋਲ੍ਹਣ ਦਾ ਯਤਨ ਕਰੇਗੀ ?

ਰਾਜ ਮੰਤਰੀ : ਬੇਟ ਏਰੀਆ ਲਈ ਡਿਵੈਲਪਮੈਂਟ ਕਮੇਟੀ ਬਣੀ ਹੋਈ ਹੈ । ਇਸ ਦੀਆਂ ਜੋ ਵੀ ਰਿਕਮੈਂਡੇਸ਼ਨਜ਼ ਹੋਣਗੀਆਂ ਉਨ੍ਹਾਂ ਤੇ ਫੇਵਰੇਬਲੀ ਗੌਰ ਕੀਤਾ ਜਾਵੇਗਾ।

ਕਾਮਰੇਡ ਦਰਸਨ ਸਿੰਘ ਕਨੇਡੀਅਨ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਿਹੜੇ ਕੰਡੀ ਦੇ ਇਲਾਕੇ ਹਨ ਉਹ ਮੈਦਾਨੀ ਇਲਾਕੇ ਨਾਲ ਸ਼ਾਮਿਲ ਹਨ। ਕਈ ਦਫ਼ਾ ਹੈਲਥ ਸੈਂਟਰਜ਼ ਕੰਡੀ ਏਰੀਆ ਨੂੰ ਪੂਰੀ ਤਰਾਂ ਕਵਰ ਨਹੀਂ ਕਰਦੇ। ਕੀ ਇਨਾਂ ਇਲਾਕਿਆਂ ਵਲ ਵਿਸ਼ੇਸ਼ ਧਿਆਨ ਦੇਣਗੇ ? ਕੀ ਉਸ ਕੰਡੀ ਦੇ ਏਰੀਏ ਲਈ ਜੋ ਬਹੁਤ ਜ਼ਮੀਨ ਮੰਗਣ ਦੀ ਕੰਡੀਸ਼ਨ ਹੈ ਉਥੇ ਜ਼ਮੀਨ ਨਾ ਹੋਣ ਕਾਰਨ, ਇਸ ਕੰਡੀਸ਼ਨ ਨੂੰ ਰਿਲੈਕਸ ਕੀਤਾ ਜਾਵੇਗਾ ?

ਰਾਜ ਮੰਤਰੀ : ਕਨੇਡੀਅਨ ਸਾਹਿਬ ਨੂੰ ਉਸ ਦਿਨ ਪਹਿਲਾਂ ਵੀ ਜਵਾਬ ਦਿਤਾ ਸੀ । ਇਸ ਸਬੰਧ ਵਿਚ ਗੌਰਮਿੰਟ ਨੇ ਨਾਰਮ ਫਿਕਸ ਕੀਤਾ ਹੋਇਆ ਹੈ । ਜੇ ਜ਼ਮੀਨ ਨਹੀਂ ਹੈ ਤਾਂ ਇਹ ਰਿਲੈਕਸ ਵੀ ਕੀਤੀ ਜਾ ਸਕਦੀ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਜਿਹੜੇ ਜੈਂਤੀ ਪਿੰਡ ਹਨ, ਇਕ ਹਲਕੇ ਵਿਚ ਇਕ ਪਿੰਡ ਹੈ, ਕੀ ਪਲੈਨ ਦੇ ਮੁਤਾਬਿਕ ਇਨਾਂ ਪਿੰਡਾਂ ਵਿਚ ਵੀ ਪ੍ਰਾਇਮਰੀ ਹੈਲਥ ਸੈਂਟਰਜ਼ ਜਾਂ ਡਿਸਪੈਂਸਰੀਆਂ ਖੋਲ-ਣੀਆਂ ਹਨ ?

ਰਾਜ ਮੰਤਰੀ : ਜਿਸ ਤਰਾਂ ਕਿ ਕੱਲ ਡਿਵੈਲਪਮੈਂਟ ਮਨਿਸਟਰ ਸਾਹਿਬ ਨੇ ਦਸਿੱਆ ਸੀ ਕਿ ਇਹ ਸੈਂਟਰ ਦੀ ਸਕੀਮ ਸੀ । ਸਾਡੀ ਕੋਸ਼ਿਸ਼ ਹੈ ਕਿ ਸਬਜੈਕਟ ਟੂ ਦੀ ਅਵੈਲੇਬਿਲਿਟੀ ਆਫ਼ ਫੰਡਜ਼ ਹਰ ਅਜਿਹੇ ਪਿੰਡ ਨੂੰ ਇਹ ਸੈਂਟਰ ਦਿਤਾ ਜਾਏ ।

ਡਾਕਟਰ ਅਮੀਰ ਸਿੰਘ ਕਲਕਟ : ਕੰਡੀ ਏਰੀਆ ਵਿਚ ਬਹੁਤ ਘੱਟ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ । ਕੀ ਕੰਡੀ, ਬੇਟ ਐਂਰ ਬੈਕਵਰਡ ਏਰੀਆਜ਼ ਵਿਚ ਡਿਸਪੈਂਸਰੀਆਂ ਖੋਲੀਆਂ ਜਾਣਗੀਆਂ ?

ਰਾਜ ਮੰਤਰੀ : ਮੈਂ ਵਾਇਦਾ ਨਹੀਂ ਕਰ ਸਕਦਾ । ਲੇਕਿਨ ਜੇ ਡਿਮਾਂਡ ਮੈਰਿਟ ਤੇ ਐਂਰ ਰੂਲਜ਼ ਦੇ ਮੁਤਾਬਿਕ ਆਉਂਦੀ ਹੈ ਤਾਂ ਯਤਨ ਕਰਾਂਗੇ ਕਿ ਉਥੇ ਇਹ ਕੰਮ ਕੀਤਾ ਜਾਏ ।

ਚੌਧਰੀ ਦਰਸ਼ਨ ਸਿੰਘ : ਪ੍ਰਾਇਮਰੀ ਹੈਲਥ ਸੈਂਟਰ ਖੋਲਣ ਲਈ ਇਸ ਦੀ ਬੇਸਿਕ ਨੀਡ ਪਾਪੂ-ਲੇਸ਼ਨ ਹੁੰਦੀ ਹੈ । ਪਰ ਮੇਰੇ ਹਲ ਕੇ ਵਿਚ 120 ਪਿੰਡ ਹਨ ਅਤੇ ਇਹ ਸੈਂਟਰਜ਼ 30 ਪਿੰਡਾਂ ਦੇ ਬਲਾਕ ਵਿਚ ਖੋਲ੍ਹੇ ਗਏ ਹਨ ਕੀ ਸਰਕਾਰ ਦੇ ਇਹ ਪਰੋਪੋਜ਼ਲ ਜ਼ੇਰੇ ਗੌਰ ਹੈ ਕਿ ਜਿਨ੍ਹਾਂ ਬਲਾਕਸ ਵਿਚ ਪਾਪੂਲੇਸ਼ਨ ਜ਼ਿਆਦਾ ਹੈ ਉਥੇ ਇਕ ਦੀ ਬਜਾਏ ਦੋ ਪ੍ਰਾਇਮਰੀ ਹੈਲਥ ਸੈਂਟਰਜ਼ ਖੋਲ੍ਹੇ ਜਾਣਗੇ ?

ਰਾਜ ਮੰਤਰੀ: 80,000 ਤੋਂ ਲੈ ਕੇ 1,00,000 ਪਾਪੂਲੇਸ਼ਨ ਤੇ ਹੈਲਥ ਸੈਂਟਰ ਖੋਲ੍ਹਿਆ ਜਾਂਦਾ ਹੈ । ਜੇ ਇਨ੍ਹਾਂ ਦੇ ਹਲ ਕੇ ਵਿਚ ਪਾਪੂਲੇਸ਼ਨ ਦੇ ਅਧਾਰ ਤੇ ਕੇਸ ਜੈਨੂਅਨ ਬਣਦਾ ਹੋਇਆਂ ਤਾਂ ਜ਼ਰੂਰ ਗੌਰ ਕੀਤਾ ਜਾਏਗਾ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਕੀ ਇਨ੍ਹਾਂ ਦੇ ਨੌਲਿਜ ਵਿਚ ਹੈ ਕਿ ਕਈ ਜਗ੍ਹਾਂ ਤੇ ਜਿਥੇ ਪ੍ਰਾਇਮਰੀ ਹੈਲਥ ਸੈਂਟਰਜ਼ ਖੋਲ੍ਹੇ ਜਾਂਦੇ ਹਨ ਉਥੇ ਬਿਲ ਡਿੰਗਾਂ ਨਹੀਂ ਹੁੰਦੀਆਂ ਹਨ ?

ਰਾਜ ਮੰਤਰੀ : ਕਿਸੇ ਸਪੈਸੇਫਿਕ ਦਾ ਨਾ ਨਾਂ ਦੱਸ ਦੇਣ, ਇਸ ਬਾਰੇ ਨੋਟਿਸ ਦੇ ਦੇਣ, ਉਸ ਦਾ ਜਵਾਬ ਦੇ ਦਿਤਾ ਜਾਏਗਾ ।

ਸਰਦਰ ਹਰਚਰਨ ਸਿੰਘ : ਜਿਹੜੇ ਬਾਰਡਰ ਤੋਂ ਦਸ ਮੀਲ ਦੇ ਅੰਦਰ ਅੰਦਰ ਏਰੀਆਜ਼ ਹਨ ਅਤੇ ਬੇਟ ਦੇ ਏਰੀਆ ਅੰਦਰ ਸ਼ਾਮਿਲ ਨਹੀਂ ਹੁੰਦੇ, ਕੀ ਉਥੇ ਵੀ ਹਸਪਤਾਲ ਜਾਂ ਡਿਸਪੈਂਸਰੀਆਂ ਖੋਲ੍ਹਣ ਵਿਚ ਪਹਿਲ ਦਿਤੀ ਜਾਏਗੀ ।

ਰਾਜ ਮੰਤਰੀ . ਜਿਹੜੀ ਥਾਂ ਬਾਰਡਰ ਏਰੀਆ ਦੇ ਨੇੜੇ ਹੈ ਉਸ ਥਾਂ ਵਾਸਤੇ ਹਰ ਡਿਵੈਲਪ-ਮੈਂਟ ਵਿਚ ਪਰਾਇਰਟੀ ਦਿਤੀ ਜਾਂਦੀ ਹੈ । ਤੇ ਇਸ ਲਈ ਸਿਹਤ ਦਾ ਮਹਿਕਮਾ ਵੀ ਪਿਛੇ ਨਹੀਂ ਰਹੇਗਾ ।

Tongas carrying betel leaves on Khemkaran Border

***2177. Comrade Arjan Singh Mastana** : Will the Chief Minister be pleased to state that—

(a) whether any tongas were caught carrying betel leaves on the Khem Karan border; if so, the number thereof ;

(b) whether any case was registered with the Police and any arrest made, if not, the reasons therefor ;

(c) the name of the Pakistani ; if any, also caught from the field of a Jat belonging to Khem Raran ;

(d) whether the said Pakistani was sent for interrogation if not, the reasons therefor ?

ਗਿਆਨੀ ਜ਼ੈਲ ਸਿੰਘ : (ਏ) ਨਹੀਂ ਜੀ।

(ਬੀ ਤੋਂ ਡੀ) ਸਵਾਲ ਪੈਦਾ ਹੀ ਨਹੀਂ ਹੁੰਦੇ।

Proposed award for incharge of Khem Karan Police Post alleged to have been killed by Smugglers.

***2255. Comrade Arjan Singh Mastana** : Will the Chief Minister be pleased to state whether the Government has taken any decision to give award to the Incharge of Khem Karan Police Post, Shri Baj Singh, alleged to have been killed by smugglers in village Kals ; if so, the amount of award proposed to be given by the Government ?

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ : (ਮੁੱਖ ਸੰਸਦੀ ਸਕੱਤਰ) ਇਸ ਸਬੰਧ ਵਿਚ ਐਸ. ਆਈ. ਬਾਜ ਸਿੰਘ ਦੇ ਪਰੀਵਾਰ ਨੂੰ 16,204 ਰੁਪਏ ਦੀ ਰਕਮ ਬਤੌਰ ਐਕਸ-ਗਰੇਸ਼ੀਆ ਗਰਾਂਟ ਅਤੇ ਪੁਲਿਸ ਵੈਲਫੇਅਰ ਫੰਡ ਵਿਚੋਂ ਸਹਾਇਤਾ ਦੇ ਤੌਰ ਤੇ ਦਿਤੀ ਜਾ ਚੁੱਕੀ ਹੈ।

(A sum of Rs. 16204 in the shape of ex-gratia grant and aid from the Police Welfare Fund has already been paid to the widow.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਸਰਦਾਰ ਬਾਜ ਸਿੰਘ, ਏ. ਐਸ. ਆਈ. ਸ਼ਹੀਦ ਹੋਇਆ ਅਤੇ ਉਸ ਵੇਲੇ ਦੇ ਡਿਪਟੀ ਹੋਮ ਮਨਿਸਟਰ ਸਾਹਿਬ, ਸਰਦਾਰ ਨਸੀਬ ਸਿੰਘ ਗਿਲ, ਨੇ ਜੋ ਐਲਾਨ ਕੀਤਾ ਸੀ ਕਿ ਇਸ ਬਾਰੇ ਦੱਸ ਹਜ਼ਾਰ ਦਾ ਇਨਾਮ ਦਿੱਤਾ ਜਾਵੇਗਾ, ਕੀ ਸਰਕਾਰ ਇਹ ਦੇਣ ਬਾਰੇ ਵਿਚਾਰ ਕਰ ਰਹੀ ਹੈ ?

ਮੁੱਖ ਸੰਸਦੀ ਸਕੱਤਰ : ਜੋ ਉਸ ਵੇਲੇ ਦੇ ਡਿਪਟੀ ਹੋਮ ਮਨਿਸਟਰ, ਸਰਦਾਰ ਨਸੀਬ ਸਿੰਘ ਗਿਲ, ਨੇ ਐਲਾਨ ਕੀਤਾ ਸੀ ਕਿ ਦੱਸ ਹਜ਼ਾਰ ਰੁਪਿਆ ਦਿਤਾ ਜਾਵੇਗਾ, ਉਸ ਸਬੰਧ ਵਿਚ ਚੀਫ ਮਨਿਸਟਰ ਸਾਹਿਬ ਨੇ ਫਾਈਲ ਮੰਗਵਾਈ ਹੈ ਤਾਂ ਕਿ ਇਸ ਤੇ ਫੈਸਲਾ ਹੋ ਸਕੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਕੀ ਡਿਪਾਰਟਮੈਂਟ ਨੇ ਪੁਲਿਸ ਵਿਭਾਗ ਨੂੰ ਕੋਈ ਅਜਿਹੀ ਚਿਠੀ ਲਿਖੀ ਹੈ ਕਿ ਜੋ ਉਸ ਵੇਲੇ ਐਲਾਨ ਕੀਤਾ ਗਿਆ ਸੀ ਉਸ ਬਾਰੇ ਪੇਮੈਂਟ ਨਹੀਂ ਕੀਤੀ ਜਾਏਗੀ ?

ਮੁੱਖ ਸੰਸਦੀ ਸਕੱਤਰ : ਨਹੀਂ ਜੀ। ਮੁੱਖ ਮੰਤਰੀ ਸਾਹਿਬ ਨੇ ਫਾਈਲ ਮੰਗਵਾਈ ਹੋਈ ਹੈ ਤਾਕਿ ਫੈਸਲਾ ਹੋ ਸਕੇ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਉਦੋਂ ਵਾਰਸਾਂ ਨੂੰ ਚਿੱਠੀ ਚਲੀ ਗਈ ਹੈ ਕਿ ਜੋ ਸਰਦਾਰ ਨਸੀਬ ਸਿੰਘ ਗਿੱਲ ਨੇ ਐਲਾਨ ਕੀਤਾ ਸੀ ਉਹ ਰੁਪਏ ਨਹੀਂ ਦਿਆਂਗੇ। ਕਈ ਗਲਾਂ ਹੋਈਆਂ ਹਨ ਪਰ ਅਮਲ ਕੁਝ ਨਹੀਂ ਹੋਇਆ ਹੈ। ਸਰਦਾਰ ਬਾਜ ਸਿੰਘ ਦੀ ਮੌਤ ਉਤੇ ਉਥੇ ਦੇ ਡੀ. ਐਸ. ਪੀ. ਨੇ ਪੈਸੇ ਖਾਧੇ ਹਨ। ਉਹਦੀ ਲਾਸ਼, ਵੇਚ ਕੇ ਪੈਸੇ ਖਾਧੇ ਹਨ। ਕੀ ਇਸ ਗਲ ਦੀ ਇਨ-ਕੁਆਇਰੀ ਕਰਾਈ ਜਾਏਗੀ ?

ਮੁੱਖ ਸੰਸਦੀ ਸਕੱਤਰ : ਮੈਂ ਇਸ ਕੇਸ ਬਾਰੇ ਡਿਟੇਲ ਦੇ ਦਿੰਦਾ ਹਾਂ। ਉਹ ਇਸ ਤਰਾਂ ਹੈ:—

Ex-gratia grant	..	Rs. 5,000
Aid from the District Police Welfare Fund for funeral ceremony		Rs. 200
Aid from the Central Police Welfare Fund	..	Rs 4,992
Contribution of one day pay by GOs and NGOs	..	Rs 3,012
Ex-gratia grant by the Commandant B.S.F.	..	Rs 3,000
Total	..	Rs 16,204

ਇਹ 16,204 ਬਣਦੇ ਹਨ। ਇਸ ਦੇ ਇਲਾਵਾ ਐਡੀਸ਼ਨ 4,275 ਰੁਪਏ ਹੋਰ ਦੇਣੇ ਹਨ। 120/-ਰੁਪਏ ਮਹੀਨਾ ਉਹ ਵੀ ਵਿਡੋ ਨੂੰ ਦਿਤਾ ਹੈ। ਦਸ ਹਜ਼ਾਰ ਰੁਪਏ ਉਸ ਵੇਲੇ ਦੇ ਡਿਪਟੀ ਹੋਮ ਮਨਿਸਟਰ ਨੇ ਐਲਾਨ ਕੀਤਾ ਸੀ ਉਸ ਬਾਰੇ ਚੀਫ ਮਨਿਸਟਰ ਸਾਹਿਬ ਨੇ ਫਾਈਲ ਮੰਗਵਾਈ ਹੋਈ ਹੈ ਅਤੇ ਫੈਸਲਾ ਹੋ ਜਾਏਗਾ, ਉਸ ਦੀ ਪੇਮੈਂਟ ਹੋ ਜਾਏਗੀ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਮੁੱਖ ਪਾਰਲੀਮੈਂਟਰੀ ਸਕੱਤਰ ਤੋਂ ਆਪ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਦੇ ਬਾਰਡਰ ਤੇ ਸਮਗਲਿੰਗ ਬਹੁਤ ਹੁੰਦੀ, ਹੈ ਕੀ ਸਰਕਾਰ ਇਸ ਨੂੰ ਰੋਕਣ ਵਾਸਤੇ ਕੁਝ ਕਰ ਰਹੀ ਹੈ ?

Cheif Parliamentary Secretary : Question does not arise.

ਡਾਕਟਰ ਅਮੀਰ ਸਿੰਘ ਕਲਕਟ : ਗਰਾਂਟਸ ਨਾਲੋਂ ਜੇ ਸਰਵਿਸ ਰੂਲਜ਼ ਵਿਚ ਪ੍ਰੋਵੀਜ਼ਨ ਹੋ ਜਾਵੇ ਕਿ ਜੇ ਕੋਈ ਇਹੋ ਜਿਹੀ ਘਟਨਾ ਹੋ ਜਾਵੇ ਤਾਂ ਐਨੀ ਪੈਨਸ਼ਨ ਹੋ ਜਾਇਆ ਕਰੇ ਤਾਂ ਇਹ ਗਰਾਂਟਸ ਦੇਣ ਨਾਲੋਂ ਚੰਗੀ ਗਲ ਹੋਵੇਗੀ। ਇਕੱਠਾ ਰੁਪਿਆ ਤਾਂ ਐਵੇਂ ਖਰਚ ਹੋ ਜਾਂਦਾ ਹੈ। ਇਸ ਬਾਰੇ ਸਰਵਿਸ ਰੂਲਜ਼ ਵਿਚ ਪ੍ਰੋਵੀਜ਼ਨ ਹੋ ਜਾਣੀ ਚਾਹੀਦੀ ਹੈ।

(ਮਾਈਕ ਬੰਦ ਹੋਣ ਕਰਕੇ ਸਾਫ ਸੁਣਾਈ ਨਹੀਂ ਦਿਤਾ।)

ਮੁੱਖ ਸੰਸਦੀ ਸਕੱਤਰ : 120/-ਰੁਪਏ ਉਸ ਦੀ ਵਿਡੋ ਨੂੰ ਮੰਥਲੀ ਪੈਨਸ਼ਨ ਦੇ ਦਿਤੀ ਹੈ।

ਕਾਮਰੇਡ ਅਰਜਨ ਸਿੰਘ ਮਸਤਾਨਾ : ਪੈਸੇ ਲੈ ਕੇ ਜਿਹੜੇ ਕਾਤਲ ਸਨ ਉਨ੍ਹਾਂ ਨੂੰ ਛੱਡ ਦਿਤਾ ਗਿਆ। ਡੀ. ਐਸ. ਪੀ. ਨੇ ਉਨਾਂ ਕੋਲੋਂ 80 ਹਜ਼ਾਰ ਰੁਪਿਆ ਲਿਆ ਅਤੇ ਉਨਾਂ ਨੂੰ ਛੱਡ ਦਿਤਾ। ਕੀ ਇਹ ਚੀਜ਼ ਇਨ੍ਹਾਂ ਦੇ ਨਾਲਿਜ ਵਿਚ ਹੈ ? (ਵਿਘਨ)

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਹ 302 ਦਾ ਕੇਸ ਹੈ। ਜੋ ਮੁਲਜ਼ਮ ਕਰਾਰ ਦਿਤਾ ਗਿਆ ਹੈ, ਸਰਕਾਰ ਉਸ ਦੇ ਖਿਲਾਫ ਹਰ ਮੁਮਕਿਨ ਐਕਸ਼ਨ ਲਵੇਗੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਇਨਾਮ ਦੇਣ ਦਾ ਭਰੋਸਾ ਦਿਵਾਇਆ ਹੈ ਕੀ ਇਹ ਉਸ ਨੂੰ ਦੇ ਦੇਣਗੇ ਜਾਂ ਕਿ ਨਹੀਂ ?

(ਮਾਈਕ ਬੰਦ ਹੋਣ ਕਰਕੇ ਸਾਫ ਸੁਣਾਈ ਨਹੀਂ ਦਿੱਤਾ।)

Mr. Speaker : He has assured.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਜਿਹੜੇ ਮੁਲਜ਼ਮ 302 ਵਿਚੋਂ ਕੱਢ ਕੇ 307 ਵਿਚ ਪਾ ਦਿਤੇ ਗਏ ਹਨ, ਕੀ ਇਹ ਉਨ੍ਹਾਂ ਪੁਲਿਸ ਅਫਸਰਾਂ ਦੇ ਖਿਲਾਫ ਐਕਸ਼ਨ ਲੈਣਗੇ ਜਿਨ੍ਹਾਂ ਨੇ ਪੈਸੇ ਖਾਕੇ ਇਸ ਤਰ੍ਹਾਂ ਕੀਤਾ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਹ 302 ਅਤੇ 307 ਦਾ ਸਵਾਲ ਹੈ, ਇਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ । ਇਸ ਬਾਰੇ ਕੋਰਟ ਫੈਸਲਾ ਕਰੇਗੀ । ਚੀਫ਼ ਮਨਿਸਟਰ ਸਾਹਿਬ ਨੇ 10 ਹਜ਼ਾਰ ਰੁਪਿਆ ਦੇਣ ਬਾਰੇ ਫਾਈਲ ਮੰਗਵਾਈ ਹੈ ਅਤੇ ਵਿਦ ਕੁਮੈਂਟਸ ਮੰਗਵਾਈ ਹੈ ਤਾਂ ਕਿ ਜਲਦੀ ਹੀ ਇਸ ਦਾ ਫੈਸਲਾ ਕੀਤਾ ਜਾਵੇ । (ਵਿਘਨ)

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮੁਲਜ਼ਮ ਪੈਸੇ ਖਾ ਕੇ ਛੱਡ ਦਿੱਤੇ ਗਏ। (ਵਿਘਨ) ਸਪੀਕਰ ਸਾਹਿਬ, ਸਮੱਗਲਰਾਂ ਤੋਂ ਪੈਸੇ ਲੈ ਲਏ ਅਤੇ ਉਨ੍ਹਾਂ ਮੁਲਜ਼ਮਾਂ ਨੂੰ ਛੱਡ ਦਿਤਾ ਗਿਆ। ਕੀ ਇਹ ਪੁਲਿਸ ਦੇ ਖਿਲਾਫ ਐਕਸ਼ਨ ਲੈਣਗੇ ਜਿਨ੍ਹਾਂ ਨੇ ਅਜਿਹਾ ਕੰਮ ਕੀਤਾ ਹੈ ?

ਮੁੱਖ ਸੰਸਦੀ ਸਕੱਤਰ : ਤੁਸੀਂ ਕੋਈ ਉਸ ਦੇ ਬੀਹਾਫ ਤੇ ਰੇਪਰੀਜ਼ੈਂਟੇਸ਼ਨ ਦੇ ਦਿਓ, ਅਸੀਂ ਇਨਕੁਆਇਰੀ ਕਰ ਲਵਾਂਗੇ । (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੋਹਨ ਲਾਲ ਨੇ 82 ਹਜ਼ਾਰ ਰੁਪਿਆ ਖਾਧਾ ਹੈ । ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। (ਵਿਘਨ) (ਸ਼ੋਰ)

Police Station Dakha in Ludhiana district

***2428. Sardar Basant Singh Khalsa** : Will the Chief Minister be pleased to state —

(a) whether Police Station Dakha in district Ludhiana was declared as Model Police Station in 1969 ;

(b) whether the same is still functioning as a Model Police Station ;

(c) the special functions and duties of the said Police Station ;

(d) the special performance, so far if any of the said Police Station from 1969 to 1974 ;

(e) the number of all kinds of crimes registered from 1969 to date in the said Police Station and the number of cases disposed ;

(f) whether the said Police Station has Model Building also ;

(g) whether the accommodation in the said Police Station is sufficient for all ranks i.e. Constables, ASI, SI and SHO , if not, the reasons therefor ?

Sardar Gurcharan Singh Nihalsinghwala (Chief Parliamentary Secretary) :

(a) Yes.

(b) Yes.

(c) The functions and duties of the said Police Station are (i) to establish cordial Police Public Relations and highly efficient investigation of the cases by a team of Investigating Officers (ii) to look into the public complaints at the shortest possible time and to make the public to understard the legal aspect of their grievances and the extent to which the Police can help them (iii) to conduct investigation in a more scientific manner with the help of I.O. Box and other equipment of scientific investigation and (iv) to attend to the troubles of the public at the spot with the help of a jeep provided to the Police Station.

[Chief Parliamentary Secretary]

(d) During the period from 1969 todate 1395 cases were registered. Out of these 1069 cases disposed, 245 pending in courts and the remaining 81 are under investigation. This shows the investigation of the cases and the detection of crime over these years have been much better. This Police station has also established cordial Police-public relations and has taken steps to educate them on this aspect and their duties for maintaining law and order and to bring the culprits to book. Public complaints were attended to promptly.

(e) Total registered cases of all kinds-1395,
Disposed of-1069.

(f) No.

(g) No. The accommodation required for the entire staff could not be made available for want of adequate funds.

[ਏ) ਹਾਂ ਜੀ।

ਬੀ) ਹਾਂ ਜੀ।

ਸੀ) ਇਸ ਥਾਣੇ ਦੇ ਕਾਰਜ ਡਿਊਟੀਆਂ ਇਹ ਹਨ :

1) ਪੁਲਿਸ ਤੇ ਪਬਲਿਕ ਦੇ ਸਬੰਧਾਂ ਨੂੰ ਚੰਗੇਰੇ ਬਣਾਉਣਾ ਤੇ ਕੇਸਾਂ ਦੀ ਤਫਤੀਸ਼ ਨੂੰ ਤਫਤੀਸ਼ੀ ਅਫ਼ਸਰਾਂ ਦੀ ਮੰਡਲੀ ਰਾਹੀਂ ਸਯੋਗ ਢੰਗ ਨਾਲ ਕਰਾਉਣਾ।

2) ਪਬਲਿਕ ਦੀਆਂ ਸ਼ਿਕਾਇਤਾਂ ਨੂੰ ਥੋੜ੍ਹੇ ਤੋਂ ਥੋੜ੍ਹੇ ਸਮੇਂ ਵਿਚ ਨਜਿੱਠਣਾ ਤੇ ਪਬਲਿਕ ਨੂੰ ਉਨ੍ਹਾਂ ਦੀਆਂ ਕਠਨਾਈਆਂ ਦੇ ਕਾਨੂੰਨੀ ਤੱਥਾਂ ਤੋਂ ਜਾਣੂ ਕਰਾਉਣਾ ਅਤੇ ਦੱਸਣਾ ਕਿ ਪੁਲਿਸ ਉਨ੍ਹਾਂ ਦੀ ਕਿਸ ਹੱਦ ਤੱਕ ਮੱਦਦ ਕਰ ਸਕਦੀ ਹੈ।

3) ਆਈ. ਓ. ਬੈਂਕ ਅਤੇ ਹੋਰ ਵਿਗਿਆਨਕ ਸਾਧਨਾਂ ਰਾਹੀਂ ਤਫਤੀਸ਼ ਨੂੰ ਵਿਗਿਆਨਕ ਢੰਗ ਨਾਲ, ਨਜਿੱਠਣਾ। ਅਤੇ

4) ਪੁਲਿਸ ਸਟੇਸ਼ਨ ਨੂੰ ਦਿੱਤੀ ਗਈ ਜੀਪ ਦੀ ਸਹਾਇਤਾ ਦੇ ਨਾਲ ਲੋਕਾਂ ਦੀਆਂ ਕਠਨਾਈਆਂ ਨੂੰ ਛੇਤੀ ਤੋਂ ਛੇਤੀ ਮੌਕੇ ਤੇ ਜਾ ਕੇ ਨਜਿੱਠਣਾ।

ਡੀ) ਸਾਲ 1969 ਤੋਂ ਲੈ ਕੇ ਅੱਜ ਤਕ 1,395 ਮੁਕਦਮੇਂ ਦਰਜ ਹੋਏ ਸਨ ਜਿਨ੍ਹਾਂ ਵਿਚੋਂ 1,069 ਦਾ ਨਿਪਟਾਰਾ ਹੋ ਚੁਕਾ ਹੈ, 245 ਕਚਿਹਰੀਆਂ ਵਿਚ ਲੰਬਿਤ ਹਨ ਅਤੇ ਕੇਵਲ ਬਾਕੀ 81 ਦੀ ਤਫਤੀਸ਼ ਜਾਰੀ ਹੈ। ਇਨ੍ਹਾਂ ਤੱਥਾਂ ਤੋਂ ਇਹ ਪਤਾ ਚਲਦਾ ਹੈ ਕਿ ਮੁਕਦਮਿਆਂ ਦੀ ਤਫਤੀਸ਼ ਤੇ ਜੁਰਮਾਂ ਦੀ ਰੋਕ ਸਬੰਧੀ ਕਾਰਵਾਈ ਇਨਾਂ ਸਾਲਾਂ ਵਿਚ ਬਹੁਤ ਚੰਗੀ ਹੋਈ ਹੈ। ਇਸ ਪੁਲਿਸ ਥਾਣੇ ਨੇ ਪੁਲਿਸ ਅਤੇ ਜਨਤਾ ਵਿਚ ਚੰਗੇਰੇ ਅਤੇ ਗੂੜੇ ਸਬੰਧ ਕਾਇਮ ਕੀਤੇ ਹਨ ਅਤੇ ਇਸ ਬਾਰੇ ਲੋੜੀਂਦੀ ਜਾਣਕਾਰੀ ਦੇਣ ਲਈ ਅਤੇ ਅਮਨ ਅਤੇ ਕਾਨੂੰਨ (ਲਾਅ ਐਂਡ ਆਰਡਰ) ਨੂੰ ਸਥਾਪਤ ਕਰਨ ਅਤੇ ਮੁਜਰਮਾਂ ਨੂੰ ਸਜ਼ਾਵਾਂ ਦਿਵਾਉਣ ਵਿੱਚ ਉਨ੍ਹਾਂ ਦੇ ਕਰਤੱਵਾਂ ਤੋ ਜਾਣੂ ਕਰਵਾਉਣ ਲਈ ਯੋਗ ਕਾਰਵਾਈ ਕੀਤੀ ਹੈ। ਜਨਤਾ ਦੀਆਂ ਸ਼ਿਕਾਇਤਾਂ ਨੂੰ ਤੁਰੰਤ ਸੁਣਿਆ ਗਿਆ ਹੈ।

ਈ) ਕੁਲ ਦਰਜ ਕੀਤੇ ਕੇਸ (1969 ਤੋ ਅੱਜ ਤੱਕ)	1,395
ਜਿਨ੍ਹਾਂ ਦਾ ਨਿਪਟਾਰਾ ਹੋ ਚੁਕਿਆ ਹੈ	1,069

(ਅ) ਨਹੀਂ ਜੀ।

(ਜੀ) ਨਹੀਂ ਜੀ। ਪੁਲਿਸ ਥਾਣੇ ਵਿਚ ਨਿਯੁਕਤ ਸਾਰੇ ਕਰਮਚਾਰੀਆਂ ਲਈ ਅਕਾਮੋਡੇਸ਼ਨ ਯੋਗ ਰਾਸ਼ੀ ਉਪਲਬਧ ਨਾ ਹੋਣ ਕਾਰਨ ਮੁਹੱਈਆ ਨਹੀਂ ਕੀਤੀ ਜਾ ਸਕੀ।]

(ਮਾਈਕ ਬੰਦ ਹੋਣ ਕਰਕੇ ਸਾਫ਼ ਸੁਣਾਈ ਨਹੀਂ ਦਿੱਤਾ।)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਕਿਹਾ ਹੈ ਕਿ ਇਸ ਦੁਆਰਾ ਵਿਗਿਆਨਕ ਸਾਧਨਾਂ ਰਾਹੀਂ ਤਫਤੀਸ਼ ਨੂੰ ਵਿਗਿਆਨਕ ਢੰਗ ਨਾਲ ਨਜਿੱਠਣਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਪੁਲਿਸ ਹੈ, ਇਹ ਮੁਲਜ਼ਮਾਂ ਨੂੰ ਉਨ੍ਹਾਂ ਦੇ ਕੇਸਾਂ ਤੋਂ ਫੜ ਕੇ ਉਨ੍ਹਾਂ ਨੂੰ ਛੱਤ ਨਾਲ ਟੰਗ ਦਿੰਦੀ ਹੈ, ਕੀ ਇਸ ਤਰ੍ਹਾਂ ਦੇ ਮਾਡਲ ਥਾਣੇ ਹੋਣਗੇ ? ਕੀ ਅਜਿਹੀਆਂ ਚੀਜ਼ਾਂ ਨੂੰ ਇਹ ਬੰਦ ਕਰਨਗੇ ? ਕੀ ਇਹ ਥਰਡ ਡਿਗਰੀ ਮੈਥਡ ਬੰਦ ਕਰਨਗੇ ?

ਮੁੱਖ ਸੰਸਦੀ ਸਕੱਤਰ : ਇਹ ਜਿਹੜਾ ਥਰਡ ਡਿਗਰੀ ਮੈਥਡ ਹੈ, ਇਸ ਦੀ ਪੰਜਾਬ ਵਿਚ ਕਿਸੇ ਜਗ੍ਹਾ ਵੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਲੇਕਿਨ ਜੇ ਕਿਤੇ ਇਹ ਵਰਤੀ ਜਾਂਦੀ ਹੋਵੇ ਤਾਂ ਇਹ ਸਾਨੂੰ ਦੱਸਣ ਇਹ ਹਰ ਜਗ੍ਹਾ ਬੰਦ ਕੀਤੀ ਜਾਵੇਗੀ ? (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਦੱਸਣਗੇ, ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਹੈ ਕਿ ਇਹ ਸਾਰੇ ਮੈਥਡ ਉਥੇ ਬੰਦ ਕੀਤੇ ਗਏ ਹਨ । ਕੀ ਇਹ ਇਨ੍ਹਾਂ ਦੀ ਨਾਲਿਜ ਵਿਚ ਹੈ ਕਿ ਉਥੇ ਦੂਜਿਆਂ ਥਾਣਿਆਂ ਨਾਲੋਂ ਜ਼ਿਆਦਾ ਇਹ ਮੈਥਡ ਵਰਤੇ ਜਾਂਦੇ ਹਨ । ਉਥੇ ਸਰਪੰਚ ਅਤੇ ਮੈਂਬਰਾਂ ਨੂੰ ਉਸੇ ਤਰੀਕੇ ਨਾਲ ਹੀ ਕੁਟਿਆ ਜਾਂਦਾ ਹੈ ਅਤੇ ਲੋਕਾਂ ਤੇ ਨਾਜਾਇਜ਼ ਤੌਰ ਤੇ ਅਫੀਮ ਅਤੇ ਸ਼ਰਾਬ ਪਾਈ ਜਾਂਦੀ ਹੈ । (ਵਿਘਨ) ਉਥੇ ਦਾ ਜਿਹੜਾ ਮੌਜੂਦਾ ਥਾਣੇਦਾਰ ਹੈ .... (ਵਿਘਨ) ਲੋਕਾਂ ਤੇ ਜਾਣ ਬੁਝ ਕੇ ਅਜਿਹਾ ਕੀਤਾ ਜਾਂਦਾ ਹੈ । ਲੋਕ ਡਰਦੇ ਮਾਰੇ ਕਿਸੇ ਦੇ ਕਤਲ ਕੇਸ ਵਿਚ ਗਵਾਹੀ ਨਹੀਂ ਦਿੰਦੇ। ਕੀ ਇਹ ਇਸ ਗੱਲ ਦੀ ਪੜਤਾਲ ਕਰਾਉਣ ਵਾਸਤੇ ਤਿਆਰ ਹਨ ? ਕੀ ਇਸ ਤਰ੍ਹਾਂ ਦੇ ਮਾਡਲ ਥਾਣੇ ਹੋਣਗੇ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਜਿਥੋਂ ਤੱਕ ਇਨ੍ਹਾਂ ਨੇ ਸਰਪੰਚ ਅਤੇ ਹੋਰ ਮੈਂਬਰਾਂ ਨੂੰ ਕੁਟੇ ਜਾਣ ਦਾ ਜ਼ਿਕਰ ਕੀਤਾ ਹੈ, ਕੋਈ ਵੀ ਬੰਦਾ ਜਿਹੜਾ ਜੁਰਮ ਕਰੇਗਾ ਉਸ ਦੇ ਖਿਲਾਫ਼ ਐਕਸ਼ਨ ਲਿਆ ਜਾਂਦਾ ਹੈ ਅਤੇ ਲੈਣਾ ਚਾਹੀਦਾ ਹੈ ਭਾਵੇਂ ਉਹ ਕੋਈ ਵੀ ਹੋਵੇ। ਪਰ ਜਿਥੋਂ ਤਕ ਇਨ੍ਹਾਂ ਨੇ ਕਿਹਾ ਹੈ ਕਿ ਉਥੇ ਜ਼ਿਆਦਤੀ ਹੁੰਦੀ ਹੈ ....(ਵਿਘਨ)

ਸ੍ਰੀ ਸਪੀਕਰ : ਪਰ ਉਨ੍ਹਾਂ ਨੂੰ ਕੁਟਿਆ ਨਹੀਂ ਜਾਣਾ ਚਾਹੀਦਾ। **(But they should not be beaten up.)**

ਮੁੱਖ ਸੰਸਦੀ ਸਕੱਤਰ : ਕੋਈ ਵੀ ਆਦਮੀ ਜਿਹੜਾ ਜੁਰਮ ਕਰਦਾ ਹੈ, ਭਾਵੇਂ ਉਹ ਕੋਈ ਵੀ ਹੋਵੇ

(ਮਾਈਕ ਬੰਦ ਹੋਣ ਕਰ ਕੇ ਸਾਫ਼ ਸੁਣਾਈ ਨਹੀਂ ਦਿਤਾ।)

ਉਸ ਨੂੰ ਸਜ਼ਾ ਮਿਲੇਗੀ। ਜਿਥੋਂ ਤਕ ਇਹ ਥਰਡ ਡਿਗਰੀ ਮੈਥਡ ਦੀ ਗੱਲ ਹੈ ਅਸੀਂ ਤਾਂ ਸਮਝਦੇ ਹਾਂ ਕਿ ਕਿਉਂਕਿ ਅਕਾਲੀ ਗੌਰਮਿੰਟ ਵੇਲੇ ਹੀ ਇਹ ਮਾਡਲ ਥਾਣੇ ਬਣਾਏ ਗਏ ਸਨ, ਇਸ ਲਈ ਇਨ੍ਹਾਂ ਨੂੰ ਇਸ ਬਾਰੇ ਜ਼ਿਆਦਾ ਪਤਾ ਹੋਵੇਗਾ ਕਿ ਇਨ੍ਹਾਂ ਨੇ ਕੀ ਮੈਥਡ ਅਡਾਪਟ ਕੀਤਾ ਸੀ । (ਵਿਘਨ) ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਕਿਸੇ ਵੀ ਥਾਣੇ ਵਿਚ ਕੋਈ ਵੀ ਇਸ ਕਿਸਮ ਦੀ ਜ਼ਿਆਦਤੀ ਨਾ ਹੋਵੇ। (ਵਿਘਨ)

ਸਰਦਾਰ ਬੇਅੰਤ ਸਿੰਘ : ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਦੱਸਣਗੇ ਕਿ ਇਹ ਜਿਹੜੇ ਥਾਣੇ ਹਨ ਅਤੇ ਉਥੋਂ ਦੇ ਜਿਹੜੇ ਐਸ. ਐਚ. ਓ. ਹਨ ਕੀ ਉਹ ਗਜ਼ਟਿਡ ਅਫਸਰ ਹਨ ਜਿਸ ਤਰ੍ਹਾਂ ਕਿ ਡੀ. ਐਸ. ਪੀਜ਼ ਹਨ ? (ਵਿਘਨ) ਕੀ ਇਹ ਇਸ ਤਰ੍ਹਾਂ ਦੇ ਥਾਣੇ ਖੋਲ੍ਹਣਗੇ ਜਿਥੋਂ ਦੇ ਕਿ ਅਫਸਰ ਗਜ਼ਟਿਡ ਹੋਣਗੇ ?

ਮੁੱਖ ਸੰਸਦੀ ਸਕੱਤਰ : ਮੇਰੀ ਰਾਏ ਇਹ ਹੈ ਕਿ ਸਾਰੇ ਥਾਣਿਆਂ ਦੇ ਵਿਚ ਸਟੈਂਡਰਡ ਆਫ਼ ਇਨ-ਵੈਸਟੀਗੇਸ਼ਨ ਬਿਹਤਰ ਹੋਣਾ ਚਾਹੀਦਾ ਹੈ ਅਤੇ ਕਿਸੇ ਨੂੰ ਪਿੱਕ ਐਂਡ ਚੂਜ਼ ਨਹੀਂ ਕਰਨਾ ਚਾਹੀਦਾ।

ਸਰਦਾਰ ਜਸਵਿੰਦਰ ਸਿੰਘ ਬਰਾੜ : ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਭਰੋਸਾ ਦਿਵਾ-ਇਆ ਹੈ ਕਿ ਥਰਡ ਡਿਗਰੀ ਮੈਥਡ ਨਹੀਂ ਵਰਤਿਆ ਜਾਂਦਾ। ਮੈਂ ਪੁਛਣਾ ਚਾਹੁੰਦਾ ਹਾਂ ਕਿ ਥਾਣਾ ਦਿਆਲਪੁਰ ਜਿਹੜਾ ਕਿ ਜ਼ਿਲ੍ਹਾ ਬਠਿੰਡਾ ਵਿਚ ਹੈ, ਉਥੇ ਗੁਰਦਰਸ਼ਨ ਸਿੰਘ ਡੀ. ਐਸ. ਪੀ. ਹਨ। (ਵਿਘਨ)

Mr. Speaker : Please put a specific question

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਕਹਿਦਾ ਹਾਂ ਕਿ ਹਰ ਜਗ੍ਹਾ ਥਰਡ ਡਿਗਰੀ ਮੈਥਡ ਵਰਤਿਆ ਜਾਂਦਾ ਹੈ। (ਵਿਘਨ) ਹਮੀਰਗੜ੍ਹ ਦੇ ਆਦਮੀਆਂ ਨੂੰ ਪੰਜ ਗਰਾਈਆਂ ਵਿਚ ਲੈ ਜਾ ਕੇ ਉਨ੍ਹਾਂ ਨੂੰ ਉਥੇ ਨਾਜਾਇਜ਼ ਤੌਰ ਤੇ ਰੱਖਿਆ ਗਿਆ। ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਸ ਦੀ ਇਨਕੁਆਇਰੀ ਕਰਾਉਣਗੇ ?

Chief Parliamentary Secretary : This supplementary question does not arise out of this question.

(ਮਾਈਕ ਬੰਦ ਹੋਣ ਕਰ ਕੇ ਸਾਫ਼ ਸੁਣਾਈ ਨਹੀਂ ਦਿਤਾ।)

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਚੰਡੀਗੜ੍ਹ ਵਿਚ ਆਲ ਇੰਡੀਆ ਲੈਵਲ ਤੇ ਕਾਨਫਰੰਸ ਹੋਈ ਸੀ ਉਸ ਵਿਚ ਸਿਫਾਰਸ਼ ਕੀਤੀ ਗਈ ਸੀ ਕਿ ਇਹ ਇਹ ਤਰੀਕੇ ਅਪਨਾਉਣੇ ਚਾਹੀਦੇ ਹਨ। (ਵਿਘਨ) ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਉਨ੍ਹਾਂ ਸਿਫਾਰ-ਸ਼ਾਂ ਨੂੰ ਲਾਗੂ ਕਰਨ ਵਾਸਤੇ ਤਿਆਰ ਹਨ। (ਵਿਘਨ)

Mr. Speaker : Please put a specific question.

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੇਰਾ ਤਾਂ ਸਵਾਲ ਇਹੀ ਹੈ ਕਿ ਕੀ ਇਹ ਸਰਕਾਰ ਉਨ੍ਹਾਂ ਸਿਫਾਰਸ਼ਾਂ ਨੂੰ ਥਾਣਿਆਂ ਵਿਚ ਲਾਗੂ ਕਰਨ ਵਾਸਤੇ ਤਿਆਰ ਹੈ ਤਾਂ ਕਿ ਥਾਣਿਆਂ ਦਾ ਕੰਮ ਚੰਗੀ ਤਰ੍ਹਾਂ ਹੋ ਸਕੇ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੈਂ ਅਗੇ ਵੀ ਅਰਜ਼ ਕੀਤੀ ਹੈ ਕਿ ਕੋਈ ਭੈੜਾ ਤਰੀਕਾ ਜਾਂ ਥਰਡ ਡਿਗਰੀ ਮੈਥਡ ਨਹੀਂ ਐਡਾਪਟ ਕਰਨਾ ਚਾਹੀਦਾ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜੇ ਕਿਤੇ ਇਹ ਚੀਜ਼ ਹੁੰਦੀ ਵੀ ਹੈ ਤਾਂ ਅਸੀਂ ਉਸ ਨੂੰ ਬਿਲਕੁਲ ਬੰਦ ਕਰ ਦਿਆਂਗੇ। (ਵਿਘਨ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਨ ਤੋਂ ਪਹਿਲਾਂ ਇਕ ਅਰਜ਼ ਕਰਨੀ ਚਾਹੁੰਦਾ ਹਾਂ।

Mr. Speaker : Please put a supplementary question.

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਤੁਸੀਂ ਬੈਲ ਮਾਰਦੇ ਹੋ ਇਹ 1944 ਤੋਂ ਚਲੀ ਆ ਰਹੀ ਹੈ। ਇਸ ਲਈ ਹੁਣ ਤੁਹਾਨੂੰ ਕੋਈ ਮਿਊਜ਼ਿਕ ਬੈਲ ਰਖਣੀ ਚਾਹੀਦੀ ਹੈ। ਇਹ ਜਿਹੜਾ ਤੁਸੀਂ ਤਰੀਕਾ ਵਰਤਦੇ ਹੋ ਇਹ ਬੜਾ ਪੁਰਾਣਾ ਤਰੀਕਾ ਹੈ। (ਹਾਸਾ) (ਵਿਘਨ)

Mr. Speaker : Please put a supplementary question.

ਚੌਧਰੀ ਦਰਸ਼ਨ ਸਿੰਘ : ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਦਸਣਗੇ ਕਿ 1969 ਦਾ ਇਹ ਮਾਡਲ ਪੁਲਿਸ ਸਟੇਸ਼ਨ ਹੈ ਅਤੇ ਸਰਕਾਰ ਮਹਿਸੂਸ ਕਰਦੀ ਹੈ ਕਿ This is a good thing. Is the Government prepared to convert other Police Stations into Model Police Stations?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮਾਡਲ ਪੁਲਿਸ ਸਟੇਸ਼ਨ ਬਣਾਉਣ ਵਾਸਤੇ ਜੀਪ ਦੇਣੀ ਪੈਂਦੀ ਹੈ। ਅਗੇ ਹੀ ਪੈਟਰੋਲ ਮਹਿੰਗਾ ਹੋ ਰਿਹਾ ਹੈ । (ਵਿਘਨ) ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸਾਰਿਆਂ ਥਾਣਿਆਂ ਵਿਚ ਇਕੁਪਮੈਂਟ ਚੰਗੇ ਦਿਤੇ ਜਾਣ। ਸਾਰੇ ਥਾਣਿਆਂ ਦੀ ਕੋਈ ਸ਼ਿਕਾਇਤ ਨਾ ਹੋਵੇ ।

ਸਰਦਾਰ ਸੁਖਦੇਵ ਸਿੰਘ ਢਿੱਲੋਂ : ਸਪੀਕਰ ਸਾਹਿਬ, ਹੁਣੇ ਹੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਦਸਿਆ ਹੈ ਕਿ ਅਜਿਹਾ ਕੋਈ ਥਾਣਾ ਨਹੀਂ ਜਿਥੇ ਥਰਡ ਡਿਗਰੀ ਮੈਥਡ ਅਡਾਪਟ ਕੀਤਾ ਜਾਂਦਾ ਹੋਵੇ, ਜੇ ਕਿਧਰੇ ਹੋਵੇ ਤਾਂ ਦਸੋ..................

ਸ੍ਰੀ ਸਪੀਕਰ : ਤੁਸੀਂ ਉਨ੍ਹਾਂ ਨੂੰ ਲਿਖ ਕੇ ਭੇਜ ਦਿਉ ਉਹ ਇਨਕੁਆਇਰੀ ਕਰਵਾ ਲੈਣਗੇ । (ਵਿਘਨ) (You may send it in writing. The Government will enquire into it) (*interruption*)

ਸਰਦਾਰ ਸੁਖਦੇਵ ਸਿੰਘ ਢਿੱਲੋਂ : ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਘੁੰਮਣ ਕਲਾਂ, ਥਾਣਾ ਮੌੜ ਵਿਚ ਹੈ । ਉਥੇ ਇਕ ਲੜਕੀ ਦਾ ਮਰਡਰ ਹੋਇਆ ਅਤੇ ਬਜਾਏ ਮਰਡਰ ਦਾ ਪਤਾ ਕਰਨ ਦੇ ਲੜਕੀ ਦੇ ਮਾਂ ਪਿਉ ਨੂੰ ਨੇਰ੍ਹ ਕੋਠੀ ਵਿਚ ਰਖਿਆ ਗਿਆ ਅਤੇ ਬਾਅਦ ਵਿਚ ਮੈਜਿਸਟਰੇਟ ਨੇ ਬਰਾਮਦ ਕਰਵਾਇਆ ....(ਵਿਘਨ)

ਸ੍ਰੀ ਸਪੀਕਰ : ਤੁਸੀਂ ਇਸ ਦੇ ਲਈ ਵਖਰਾ ਨੋਟਿਸ ਦੇ ਦਿਉ । (ਵਿਘਨ) (Please give a separate notice for it) (*Interruption*)

ਸਰਦਾਰ ਸੁਖਦੇਵ ਸਿੰਘ ਢਿਲੋਂ : ਸਪੀਕਰ ਸਾਹਿਬ, ਉਸ ਕੇਸ ਵਿਚ ਰਿਪੋਰਟ ਆਈ ਹੈ ਕਿ ਰੇਪ ਹੋਇਆ, ਨੇਰ੍ਹ ਕੋਠੀ ਵਿਚ ਉਸ ਲੜਕੀ ਦੇ ਮਾਂ ਪਿਉ ਨੂੰ ਰਖਿਆ ਗਿਆ ......(ਵਿਘਨ) ਕੀ ਇਸ ਦੀ ਇਨਕੁਆਇਰੀ ਕਰਵਾ ਕੇ ਕੋਈ ਐਕਸ਼ਨ ਲੈਣਗੇ ? (ਵਿਘਨ)

ਮੁੱਖ ਸੰਸਦੀ ਸਕੱਤਰ : ਸਾਡੀ ਲੋਕਾਂ ਨਾਲ ਤੁਹਾਡੀ ਜਿੰਨੀ ਹਮਦਰਦੀ ਹੈ । ਇਹ ਸਪਲੀਮੈਂਟਰੀ ਇਸ ਸਵਾਲ ਵਿਚੋਂ ਤਾਂ ਨਹੀਂ ਉਠਦਾ ਪਰ ਫਿਰ ਵੀ ਮੈਂ ਦਸਣਾ ਚਾਹੁੰਦਾ ਹਾਂ ਕਿ ਉਸ ਕੇਸ ਦੀ ਇਨਕੁਆਇਰੀ ਕਰਵਾ ਰਹੇ ਹਾਂ ਜੇ ਕੋਈ ਜ਼ਿਆਦਤੀ ਹੋਈ ਹੈ ਤਾਂ ਅਸੀਂ ਜ਼ਰੂਰ ਐਕਸ਼ਨ ਲਵਾਂਗੇ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਇਸ ਮਾਡਲ ਥਾਣੇ ਦੇ ਸਿਲਸਿਲੇ ਵਿਚ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਮਾਡਲ ਪੁਲਿਸ ਸਟੇਸ਼ਨ ਵਾਸਤੇ ਪੁਲਿਸ ਕਮਿਸ਼ਨ ਦੀਆਂ ਜੋ ਸਿਫਾਰਸ਼ਾਂ ਐਸ. ਐਚ. ਓ ਸਬੰਧੀ ਹਨ ਕੀ ਉਨ੍ਹਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਅਤੇ ਉਨ੍ਹਾਂ ਦੀਆਂ ਕੁਆਲੀਫੀਕੇਸ਼ਨਜ਼ ਵਲ ਧਿਆਨ ਰਖਦਿਆਂ ਹੋਇਆਂ ਥਾਣੇ ਦਾ ਇਨਚਾਰਜ ਲਗਾਇਆ ਹੈ ਜਾਂ ਆਰਡੀਨਰੀ ਐਸ. ਐਚ. ਓ. ਹੀ ਲਗਾਇਆ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਅਕਾਲੀ ਗੌਰਮਿੰਟ ਵੇਲੇ ਮਾਡਲ ਥਾਣਾ ਬਣਾਇਆ ਗਿਆ ਸੀ ਅਤੇ ਉਸ ਵੇਲੇ ਹੀ ਇਹ ਲਗਾਇਆ ਗਿਆ ਸੀ। ਸਾਡੇ ਹਿਸਾਬ ਨਾਲ ਐਸ. ਐਚ. ਓ. ਇਨਚਾਰਜ ਉਹੀ ਲਗਦਾ ਹੈ ਜਿਹੜਾ ਸਾਰੀਆਂ ਸ਼ਰਤਾਂ ਤੇ ਪੂਰਾ ਉਤਰਦਾ ਹੋਵੇ ਅਤੇ ਜਿਸ ਦੇ ਖਿਲਾਫ਼ ਕੋਈ ਸ਼ਿਕਾਇਤ ਨਾ ਹੋਵੇ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਆਪਣੇ ਬਹੁਤ ਤਜਰਬਾਕਾਰ ਚੀਫ਼ ਪਾਰਲੀ-ਮੈਂਟਰੀ ਸੈਕਟਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ, ਇਸ ਸਿਲਸਲੇ ਵਿਚ, ਕਿ ਪੁਲਿਸ ਵਾਲਿਆਂ ਦਾ ਮੁਕਦਮਿਆਂ ਦਾ ਕੋਈ ਕੋਟਾ ਹੁੰਦਾ ਹੈ, ਐਕਸਾਈਜ਼ ਦੇ ਕੇਸਿਜ਼ ਵਿਚ ਅਤੇ ਹੋਰ ਵੀ ਕੇਸਿਜ਼ ਵਿਚ, ਕੀ ਇਸ ਕੋਟਾ ਸਿਸਟਮ ਨੂੰ ਬੰਦ ਕਰਵਾਉਣਗੇ ਤਾ ਕਿ ਝੂਠੇ ਮੁਕਦਮੇ ਨਾ ਬਣਾਏ ਜਾ ਸਕਣ ? ਜਿਸ ਤਰ੍ਹਾਂ ਮੇਰੇ ਆਪਣੇ ਹਲਕੇ ਵਿਚ ਇਕ ਨੌਜਵਾਨ ਦਾ ਚਲਾਨ ਕੀਤਾ ਗਿਆ ਅਤੇ ਉਸ ਤੇ ਝੂਠਾ ਕੇਸ ਬਣਾਇਆ ਗਿਆ, ਕੀ ਇਹ ਉਸ ਦੀ ਪੜਤਾਲ ਕਰਵਾ ਕੇ ਦੋਸ਼ੀ ਸਜਣ ਜਿਹੜੇ ਹਨ ਉਨ੍ਹਾਂ ਨੂੰ ਸਜ਼ਾ ਦੇਣਗੇ ਅਤੇ ਜਿਹੜੇ ਨਿਰਦੋਸ਼ ਹਨ ਉਨ੍ਹਾਂ ਨੂੰ ਛਡਣਗੇ ? (ਵਿਘਨ)

Chief Parliamentary Secretary: I welcome the suggestion of the hon. Member.

ਸਰਦਾਰ ਬਸੰਤ ਸਿੰਘ ਖਾਲਸਾ : ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਦਸਣਗੇ ਕਿ ....(ਵਿਘਨ)

ਸ੍ਰੀ ਸਪੀਕਰ : ਸਾਰੇ ਮੈਂਬਰਜ਼ ਚਾਹੁੰਦੇ ਹਨ ਕਿ ਸਭ ਥਾਂ ਮਾਡਲ ਥਾਣੇ ਬਣਾਏ ਜਾਣ । (The Members would like to have Model Police Stations every where.)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਕਈ ਵਾਰੀ ਅਕਾਲੀ ਸਰਕਾਰ ਦਾ ਨਾਮ ਲਿਆ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਇਹ ਮਾਡਲ ਥਾਣਾ ਬਣਿਆ ਉਸ ਵੇਲੇ ਇਸ ਵਿਚ ਕਿਹੜੀਆਂ ਕਿਹੜੀਆਂ ਪੋਸਟਾਂ ਸਨ ਅਤੇ ਕਿਹੜੀਆਂ ਕਿਹੜੀਆਂ ਬਾਅਦ ਵਿਚ ਵਿਦਡਰਾ ਕੀਤੀਆਂ ਗਈਆਂ ?

ਮੁੱਖ ਸੰਸਦੀ ਸਕੱਤਰ : ਪੁਲਿਸ ਪੋਸਟਾਂ ਦੇ ਐਸ. ਐਚ. ਓ. ਇਨਚਾਰਜ ਹੁੰਦੇ ਹਨ ਹੁਣ ਵੀ ਐਸ. ਐਚ. ਓ. ਇਨਚਾਰਜ ਹੈ । (ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਅੱਜ ਕੱਲ ਵਾਰਦਾਤਾਂ ਜਿਹੜੀਆਂ ਹੁੰਦੀਆਂ ਹਨ ਉਹ ਵਾਰਦਾਤਾਂ ਕਰਨ ਵਾਲੇ ਨਵੇਂ ਢੰਗ ਨਾਲ ਅਰਥਾਤ ਮੋਟਰਾਂ, ਕਾਰਾਂ, ਮੋਟਰ ਸਾਈਕਲਾਂ ਆਦਿ ਤੇ ਕਰਦੇ ਹਨ, ਕੀ ਇਸ ਗਲ ਦੇ ਪੇਸ਼ੇ ਨਜ਼ਰ ਸਰਕਾਰ ਦੀ ਕੋਈ ਅਜਿਹੀ ਪਾਲਿਸੀ ਹੈ ਕਿ ਹਰ ਥਾਣੇ ਨੂੰ ਜੀਪ ਮੁਹੱਈਆ ਕੀਤੀ ਜਾਵੇ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਹੁਣ ਤਾਂ ਹੋਰ ਮੁਸ਼ਕਲ ਪੇਸ਼ ਆ ਗਈ ਹੈ ਕਿ ਪੈਟਰੋਲ ਬੜਾ ਮਹਿੰਗਾ ਹੋ ਗਿਆ ਹੈ । ਇਤਨੀਆਂ ਜੀਪਾਂ ਅਸੀਂ ਕਿਸ ਤਰ੍ਹਾਂ ਦੇ ਸਕਦੇ ਹਾਂ ਜਦ ਕੇ ਅਗੇ ਹੀ ਖਰਚ ਨੂੰ ਕਰਟੇਲ ਕਰਨਾ ਹੈ ।

ਸਰਦਾਰ ਹਰਚਰਨ ਸਿੰਘ : ਸਪੀਕਰ ਸਾਹਿਬ, ਮੈ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ, ਉਨ੍ਹਾਂ ਨੇ ਹੁਣੇ ਹੀ ਫਰਮਾਇਆ ਹੈ ਕਿ ਦਾਖਾ ਥਾਣਾ ਅਕਾਲੀ ਰਿਜੀਮ ਵਿਚ ਮਾਡਲ ਥਾਣਾ ਬਣਾਇਆ ਗਿਆ ਸੀ, ਕੀ ਕਾਰਨ ਹਨ ਕਿ ਸਾਰੇ ਪੰਜਾਬ ਵਿਚੋਂ ਦਾਖਾ ਥਾਣਾ ਹੀ ਮਾਡਲ ਬਣਾਉਣ ਵਾਸਤੇ ਚੁਣਿਆ ਗਿਆ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਹ ਉਸ ਵੇਲੇ ਦੀ ਸਰਕਾਰ ਦੀ ਸਿਲੈਕਸ਼ਨ ਸੀ ਅਤੇ ਉਨ੍ਹਾਂ ਨੂੰ ਇਸ ਗਲ ਦਾ ਪਤਾ ਹੋਵੇਗਾ । ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੇ ਕੀ ਕਰਾਈਟੇਰੀਆ ਰਖਿਆ ਸੀ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈ ਤੁਹਾਡੇ ਰਾਹੀ ਮੁੱਖ ਮੰਸਦੀ ਸਕੱਤਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਥਾਣਾ ਦਾਖਾ ਮਾਡਲ ਥਾਣਾ ਬਣਾਇਆ ਗਿਆ ਸੀ ਅਤੇ ਮਾਡਲ ਥਾਣੇ ਬਣਾਉਣ ਦੀ ਸਕੀਮ ਜਿਹੜੀ ਚਲਾਈ ਗਈ ਸੀ ਇਹ ਇਕ ਅੱਛੀ ਸਕੀਮ ਹੈ, ਕੀ ਇਹ ਰਾਜ ਦੇ ਵੱਖ ਵੱਖ ਥਾਣਿਆਂ ਨੂੰ ਦਾਖਾ ਥਾਣੇ ਦਾ ਨਮੂਨਾ ਲੈ ਕੇ ਸਾਰੇ ਥਾਣੇ ਨਮੂਨੇ ਦੇ ਥਾਣੇ ਬਣ ਉਣਗੇ ? (ਵਿਘਨ) ਜਿਸ ਤਰ੍ਹਾਂ ਸਰਦਾਰ ਸੁਖਦੇਵ ਸਿੰਘ ਢਿਲੋਂ ਨੇ ਥਾਣਾ ਮੌੜ ਦੀ ਲੜਕੀ ਦੇ ਮਰਡਰ ਦਾ ਕੇਸ ਦਸਿਆ ਹੈ ਇਸੇ ਤਰ੍ਹਾਂ ਮੇਰੇ ਹਲਕੇ ਮਹਿੰਗਾ ...... (ਵਿਘਨ) ਇਹ ਆਦਰਸ਼ ਨਗਰ ਹੈ ਜਾਂ ਭਰਿਸ਼ਟਾਚਾਰ ਨਗਰ ਹੈ ਜਾਂ ਕਤਲ ਗਾਹ ਹੈ । ਕੀ ਇਹ ਦਸਣਗੇ ਕਿ ਸਾਰੇ ਥਾਣੇ ਨਮੂਨੇ ਦੇ ਥਾਣੇ ਬਣਾਏ ਜਾਣਗੇ ? (ਵਿਘਨ)

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਹਰ ਥਾਣੇ ਵਿਚ ਇਕੁਪਮੈਂਟ ਚੰਗੇ ਦਿਤੇ ਜਾਣ। ਥਾਣਿਆਂ ਵਿਚ ਵਾਇਰਲੈਸ ਲਾਈ ਗਈ ਹੈ ਤਾਂ ਕਿ ਕੰਮ ਵਿਚ ਆਸਾਨੀ ਹੋ ਸਕੇ । (ਵਿਘਨ) ਜੇ ਤੁਹਾਡੀ ਨਜ਼ਰ ਵਿਚ ਕੋਈ ਜ਼ਿਆਦਤੀ ਹੋਈ ਹੈ ਤਾਂ ਤੁਸੀਂ ਸਾਨੂੰ ਦਸੋ ਅਸੀਂ ਇਨਕੁਆਇਰੀ ਕਰਵਾ ਲਵਾਂਗੇ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਥਾਣਾ ਭਾਵੇਂ ਆਰਡੀਨਰੀ ਥਾਣਾ ਹੈ ਤੇ ਭਾਵੇਂ ਮਾਡਲ ਥਾਣਾ ਹੈ, ਇਹ ਸਾਰੇ ਹੀ ਮਰਡਰ ਥਾਣੇ ਬਣੇ ਹੋਏ ਹਨ ਕਿਉਂਕਿ ਲੋਕਾਂ ਨਾਲ ਥਰਡ ਡਿਗਰੀ ਮੈਥਡ ਵਰਤਿਆ ਜਾਂਦਾ ਹੈ। ਇਸ ਚੀਜ਼ ਨੂੰ ਰੋਕਣ ਵਾਸਤੇ ਮੈਂ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਕੋਈ ਇਨਡੀਪੈਂਡੈਂਟ ਏਜੰਸੀ ਕਾਇਮ ਕਰਨ ਨੂੰ ਤਿਆਰ ਹੋ ਤਾਂ ਕਿ ਜਿਥੇ ਥਰਡ ਡਿਗਰੀ ਮੈਥਡ ਇਸਤੇਮਾਲ ਹੁੰਦਾ ਹੈ ਉਸ ਨੂੰ ਫੌਰਨ ਰੋਕਿਆ ਜਾਵੇ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਗੌਰਮਿੰਟ ਉਪਰ ਬੈਠੀ ਹੋਈ ਹੈ, ਕੋਰਟਸ ਹਨ, ਹਾਈ ਕੋਰਟ ਹੈ, ਕੋਈ ਵਖਰੀ ਏਜੰਸੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਜੇ ਕੋਈ ਵੀ ਜ਼ਿਆਦਤੀ ਹੁੰਦੀ ਹੈ, ਤੁਸੀਂ ਸਾਡੇ ਨੋਟਿਸ ਵਿਚ ਲਿਆਓ ਅਸੀਂ ਐਕਸ਼ਨ ਲਵਾਂਗੇ । (ਵਿਘਨ)

ਸ਼੍ਰੀ ਕੇਸ਼ੋ ਰਾਮ ਗੋਇਲ : ਮੈਂ ਤੁਹਾਡੇ ਰਾਹੀਂ ਸਪੀਕਰ ਸਾਹਿਬ, ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੂੰ ਇਹ ਦਸਣਾ ਚਾਹੁੰਦਾ ਹਾਂ ....(ਵਿਘਨ) ਆਓ ਚੋਰ ਦੀ ਕੁਰਸੀ ਤੇ ਤਸ਼ਰੀਫ ਰਖੋ। (ਵਿਘਨ)

ਡਾਕਟਰ ਅਮੀਰ ਸਿੰਘ ਕਲਕੱਟ : ਕੀ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਅਕਾਲੀ ਰਿਜੀਮ ਵਿਚ ਜੋ ਮਾਡਲ ਪੁਲਿਸ ਸਟੇਸ਼ਨ ਸਕੀਮ ਚਲਾਈ ਗਈ ਸੀ ਉਹ ਨਾਕਾਮਯਾਬ ਸਾਬਤ ਹੋਈ ਹੈ ? ਆਇਆ ਸਰਕਾਰ ਇਸ ਨੂੰ ਨਾ ਫਾਲੋ ਕਰਦੀ ਹੋਈ ਕੋਈ ਐਸੀ ਸਕੀਮ ਬਣਾਏਗੀ, ਪੁਲਿਸ ਵਿਚ ਸੁਧਾਰ ਲਿਆਉਣ ਵਾਸਤੇ, ਕਿ ਇਨਵੈਸਟੀਗੇਸ਼ਨ ਅੱਛੀ ਤਰ੍ਹਾਂ ਕੀਤੀ ਜਾਵੇ, ਕੁਝ ਪੁਲਿਸ ਅਫਸਰ ਵਗੈਰਾ ਸਕਾਟ ਲੈਂਡ ਯਾਰਡ ਭੇਜੇਗੀ ਤਾਂ ਕਿ ਉਹ ਉਥੋਂ ਟਰੇਨਿੰਗ ਵਗੈਰਾ ਲੈ ਕੇ ਸੂਬੇ ਦੀ ਪੁਲਿਸ ਨੂੰ ਅਤੇ ਉਸ ਦੇ ਕੰਮ ਕਾਰ ਦੀ ਵਿਧੀ ਨੂੰ ਸੁਧਾਰ ਸਕਣ ? (ਵਿਘਨ) ਆਇਆ ਇਸ ਤਰ੍ਹਾਂ ਦੀ ਗਲ ਕਰਨ ਲਈ ਕੋਈ ਸਕੀਮ ਬਣਾਉਣਗੇ ? (ਵਿਘਨ)

Chief Parliamentary Secretary : I welcome this suggestion.

Land Declared as Surplus

***2354. Chaudhri Ram Singh** : Will the Minister for Revenue and Elections be pleased to state the total area of land declared surplus in the State under the Land Ceiling law upto the end of December, 1973 ?

ਸਰਦਾਰ ਉਮਰਾਓ ਸਿੰਘ : ਦਸੰਬਰ, 1973 ਤੀਕ ਨਵੇਂ ਭੋਂ ਸੀਮਾਂ ਐਕਟ, 1972 ਅਧੀਨ ਕੋਈ ਭੋਂ ਵਾਫਰ ਨਹੀਂ ਹੋਈ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਪੁਛਿਆ ਸੀ ਕਿ ਲੈਂਡ ਸੀਲਿੰਗ ਬਿਲ ਰਾਹੀਂ ਦਸੰਬਰ, 1973 ਤਕ ਕਿੰਨੀ ਜ਼ਮੀਨ ਸਰਪਲੱਸ ਨਿਕਲੀ। ਇਨ੍ਹਾਂ ਨੇ ਜਵਾਬ ਦਿਤਾ 'ਨਹੀਂ ਜੀ' ਮੈਂ ਇਸ ਗਲ ਨੂੰ ਚੈਲੇਂਜ ਕਰਦਾ ਹਾਂ। ਇਹ ਜਵਾਬ ਠੀਕ ਨਹੀਂ ਹੈ। ਪਠਾਨਕੋਟ ਅਤੇ ਗੁਰਦਾਸਪੁਰ ਵਿਚ ਕਿੰਨੀ ਹੀ ਸਰਪਲੱਸ ਲੈਂਡ ਪਈ ਹੈ।

ਮਾਲ ਮੰਤਰੀ : ਸਪੀਕਰ ਸਾਹਿਬ, ਜਿਹੜਾ ਨਵਾਂ ਭੂਮੀ ਸੁਧਾਰ ਬਿਲ ਹੈ ਉਸ ਦੇ ਆਧਾਰ ਤੇ ਹਾਲੇ ਤਕ ਕੋਈ ਸਰਪਲੱਸ ਲੈਂਡ ਡਿਕਲੇਅਰ ਨਹੀਂ ਹੋਈ। ਜਿਹੜਾ ਪੁਰਾਣਾ ਬਿਲ ਹੈ 1952-53 ਦਾ ਉਸ ਬਾਰੇ ਨੋਟਿਸ ਦੇ ਦੇਣ ਮੈਂ ਦੱਸ ਦਿਆਂਗਾ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਕੀ ਮੰਤਰੀ ਮਹੋਦਯ ਇਹ ਦਸਣ ਦੀ ਕ੍ਰਿਪਾ ਕਰਨਗੇ ਕਿ ਅਗਰ ਇਸ ਨਵੇਂ ਐਕਟ ਦੇ ਥਲੇ ਸਰਪਲੱਸ ਲੈਂਡ ਡਿਕਲੇਅਰ ਨਹੀਂ ਹੋਈ ਤਾਂ ਜਿਹੜੀ ਪਿਛਲੀ ਸਰਪਲੱਸ ਲੈਂਡ ਡਿਕਲੇਅਰ ਹੋਈ ਹੈ ਉਹ ਕਿਤਨੀ ਅਲਾਟ ਕੀਤੀ ਗਈ ਹੈ ਔਰ ਉਹ ਕਿਤਨੀ ਹਰੀਜਨਾਂ ਨੂੰ, ਕਿਤਨੀ ਕਿਸਾਨਾਂ ਨੂੰ ਔਰ ਕਿਤਨੀ ਖੇਤੀ ਕਰਨ ਵਾਲਿਆਂ ਨੂੰ ਅਲਾਟ ਕੀਤੀ ਗਈ ਹੈ ?

ਮੰਤਰੀ : ਸਪੀਕਰ ਸਾਹਿਬ, ਟੋਟਲ ਜ਼ਮੀਨ ਕਿੰਨੀ ਹੋਈ ਹੈ, ਇਸ ਬਾਰੇ ਨੋਟਿਸ ਦੇ ਦੇਣ ਮੈਂ ਦੱਸ ਦਿਆਂਗਾ। ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿਛਲੇ ਐਕਟ ਦੇ ਮੁਤਾਬਕ ਤਕਰੀਬਨ 40 ਹਜ਼ਾਰ ਏਕੜ ਜ਼ਮੀਨ ਸਰਪਲੱਸ ਡਿਕਲੇਅਰ ਹੋਈ ਸੀ ਲੇਕਿਨ ਲਿਜੀਟੀਮੇਟ ਟੇਨੈਂਟਸ ਕੋਈ ਨਹੀਂ ਸੀ ਮਿਲੇ। ਹੁਣ ਨਵਾਂ ਐਕਟ ਬਣਾਇਆ ਸੀ ਉਸ ਦੇ ਥਲੇ ਅਲਾਟ ਕੀਤੀ ਜਾ ਰਹੀ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਖ਼ਿਆਲ ਹੈ ਕਿ ਵਜ਼ੀਰ ਸਾਹਿਬ ਨੇ ਸੁਆਲ ਪੜ੍ਹਿਆ ਨਹੀਂ ਮੈਂ ਮੁੜ ਕੇ ਪੜ੍ਹ ਦਿੰਦਾ ਹਾਂ ......(ਵਿਘਨ) ਲਾਸਟ ਲਾਈਨ ਪੜ੍ਹ ਕੇ ਸੁਣਾਉਂਦਾ ਹਾਂ :

"the total area of land declared surplus in the state under the Land Ceiling Law upto the end of December, 1973."

ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਦਿਤਾ ਹੈ ਕਿ ਦਸਬਰ ਦੇ ਅੰਤ ਤਕ ਕੋਈ ਜ਼ਮੀਨ ਸਰਪਲੱਸ ਨਹੀਂ ਹੋਈ। ਇਹ ਸਾਨੂੰ ਪਤਾ ਸੀ ਕਿ ਨਾ ਇਨ੍ਹਾਂ ਨੇ ਕੋਈ ਸਰਪਲੱਸ ਜ਼ਮੀਨ ਸ਼ੁ ਕਰਨੀ ਹੈ ਅਤੇ ਨਾ ਹੀ ਕਿਸੇ ਕੋਲੋਂ ਲੈਣੀ ਹੈ। ਮੈਂ ਪੁਛਦਾ ਹਾਂ ਕਿ ਜਿਹੜੀ ਦਸੰਬਰ ਦੇ ਅੰਤ ਤਕ ਸਰਪਲੱਸ ਲੈਂਡ ਹੈ ਉਹ ਕਿੰਨੀ ਹੈ ਇਹ ਦਸੀ ਜਾਵੇ ? ਜੇਕਰ ਇਹ ਫ਼ਿਗਰਜ਼ ਨਹੀਂ ਲੈ ਕੇ ਆਏ ਤਾਂ ਜਾ ਕੇ ਲੈ ਆਉਣ ?

ਮੰਤਰੀ : ਸਪੀਕਰ ਸਾਹਿਬ, ਸੁਆਲ ਵਿਚ ਲੈਂਡ ਸੀਲਿੰਗ ਲਾਅ ਲਿਖਿਆ ਹੋਇਆ ਹੈ, 'ਲਾਅਜ਼' ਨਹੀਂ ਲਿਖਿਆ ਹੋਇਆ। ਇਹ ਅਗਰ ਸਪੈਸੀਫ਼ਿਕਲੀ ਕਿਸੇ ਲਾਅ ਦੇ ਮੁਤਅੱਲਕ ਪੁਛਦੇ ਮੈਂ ਦੱਸ ਦਿੰਦਾ। ਚੂੰਕਿ ਸੁਆਲ ਕਲੀਅਰਲੀ ਨਹੀਂ ਪੁਛਿਆ ਗਿਆ ਇਸ ਕਰ ਕੇ ਮੈਂ ਜਵਾਬ ਦਿਤਾ ਹੈ 'ਨਹੀਂ ਜੀ,'।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦਸਣਗੇ ਕਿ ਹਾਈ ਕੋਰਟ ਨੇ ਜਿਹੜੀ ਫ਼ੈਮਿਲੀ ਦੀ ਡੈਫ਼ੀਨੇਸ਼ਨ ਦੇ ਮੁਤਲਕ ਕਾਨੂੰਨ ਦਾ ਹਿਸਾ ਉੜਾ ਦਿਤਾ ਕਿਉਂਕਿ ਇਹ ਸਰਕਾਰ ਅਤੇ ਸਰਕਾਰ ਦੇ ਵਕੀਲ ਵੀ ਇਹੀ ਚਾਹੁੰਦੇ ਸਨ ਔਰ ਹੁਣ ਚੂੰਕਿ ਹਾਈ ਕੋਰਟ ਦੇ ਫੈਸਲੇ ਦੇ ਮੱਦੇ ਨਜ਼ਰ ਜਿੰਨਾ ਚਿਰ ਕਾਨੂੰਨ ਨੂੰ ਪਰਗਟ ਕਰਨ ਲਈ ਕੁਝ ਨਹੀਂ ਕੀਤਾ ਜਾਂਦਾ ਨਵੇਂ ਕਾਨੂੰਨ ਦੇ ਹੇਠਾਂ ਕੋਈ ਸਰਪਲੱਸ ਜ਼ਮੀਨ ਨਹੀਂ ਨਿਕਲਣੀ। ਇਸ ਲਈ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਕਾਨੂੰਨ ਦਾ ਜੋ ਅਸਲ ਮੁਦਾ ਸੀ ਉਸ ਨੂੰ ਪੂਰਾ ਕਰਨ ਲਈ ਸਰਕਾਰ ਕੋਈ ਕਦਮ ਚੁੱਕ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਇਕ ਤਾਂ ਸਰਕਾਰ ਸੁਪਰੀਮ ਕੋਰਟ ਵਿਚ ਅਪੀਲ ਕਰ ਰਹੀ ਹੈ ਔਰ ਇਸ ਦੇ ਨਾਲ ਹੀ ਇਸ ਕਾਨੂੰਨ ਨੂੰ ਕੰਸਟੀਚਿਊਸ਼ਨ ਦੇ ਨੌਵੇਂ ਸ਼ਡਿਊਲ ਵਿਚ ਸ਼ਾਮਲ ਕਰਨ ਲਈ ਸਰਕਾਰ ਗੌਰਮਿੰਟ ਆਫ਼ ਇੰਡੀਆ ਨੂੰ ਲਿਖ ਰਹੀ ਹੈ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਪਣਾ ਜਵਾਬ ਦੇਣ ਲਗਿਆਂ ਕਿਹਾ ਸੀ ਕਿ ਪਿਛਲੇ ਐਕਟ ਦੇ ਥਲੇ ਲਗ ਭਗ 40 ਹਜ਼ਾਰ ਏਕੜ ਜ਼ਮੀਨ ਸਰਪਲੱਸ ਹੈ। ਮੈਂ ਤੁਹਾਡੇ ਰਾਹੀਂ ਉਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਰੋਪੜ ਅਤੇ ਖਾਸ ਕਰ ਕੇ ਤਹਿਸੀਲ ਖਰੜ ਵਿਚ ਜਿਤਨੀ ਵੀ ਸਰਪਲੱਸ ਜ਼ਮੀਨ ਸੀ ਉਹ ਸਾਰੀ ਦੀ ਸਾਰੀ ਅਫ਼ਸਰਾਂ ਨੇ ਖਰੀਦ ਲਈ। ਕੀ ਸਰਕਾਰ ਉਸ ਸਰਪਲੱਸ ਲੈਂਡ ਨੂੰ ਜਿਹੜੀ ਕਿ ਕਿਸਾਨਾਂ ਵਾਸਤੇ, ਗਰੀਬਾਂ ਵਾਸਤੇ, ਹਰੀਜਨਾਂ ਅਤੇ ਮੁਜ਼ਾਰਿਆਂ ਵਾਸਤੇ ਸੀ ਅਤੇ ਅਫਸਰਾਂ ਨੇ ਨਾਜਾਇਜ਼ ਤਰੀਕਿਆਂ ਨਾਲ ਖਰੀਦ ਲਈ ਸੀ ਉਸ ਖਰੀਦ ਨੂੰ ਨਾਜਾਇਜ਼ ਕਰਾਰ ਦੇਣ ਲਈ ਕੋਈ ਕਦਮ ਚੁਕੇਗੀ ?

ਮੰਤਰੀ : ਸਪੀਕਰ ਸਾਹਿਬ, ਪਿਛਲੇ ਐਕਟ ਮੁਤਾਬਕ ਜੋ ਜ਼ਮੀਨ ਸਰਪਲੱਸ ਡਿਕਲੇਅਰ ਕੀਤੀ ਗਈ ਉਹ ਸਰਪਲੱਸ ਹੀ ਰਹਿਣੀ ਹੈ ਭਾਵੇਂ ਕਿਸੇ ਨੇ ਆਪਣੇ ਨਾਉਂ ਤੇ ਰਜਿਸਟਰੀ ਕਿਉਂ ਨਾ ਕਰਵਾ ਲਈ ਹੋਵੇ। ਮੈਂ ਯਕੀਨ ਦਿਲਾਉਂਦਾ ਹਾਂ ਕਿ ਜਿਹੜੀ ਜ਼ਮੀਨ ਸਰਪਲੱਸ ਡਿਕਲੇਅਰ ਕੀਤੀ ਜਾ ਚੁਕੀ ਹੈ ਉਹ ਲਿਜੀਬਲ ਟੇਨੈਂਟਸ ਨੂੰ ਹੀ ਦਿਤੀ ਜਾਵੇਗੀ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਿਛੇ ਲੈਂਡ ਸੀਲਿੰਗ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੋਈ ਸੀ ਉਸ ਵਿਚ ਡਿਪਾਰਟਮੈਂਟ ਨੇ ਸੱਬ ਡਵੀਜ਼ਨ-ਵਾਈਜ਼ ਫਿਗਰਜ਼ ਦਿਤੀਆਂ ਸਨ ਕਿ ਕਿੰਨੀ ਜ਼ਮੀਨ ਕਿਥੇ ਸਰਪਲੱਸ ਹੈ। ਉਸ ਵਿਚ ਪਠਾਨਕੋਟ ਵਿਚ 6,000 ਏਕੜ ਸਰਪੱਲਸ ਦਸੀ ਗਈ ਸੀ, ਪਰ ਵਜ਼ੀਰ ਸਾਹਿਬ ਨੇ ਕਿਹਾ ਹੈ 'ਨਹੀਂ ਜੀ'। ਮੈਂ ਕਹਿੰਦਾ ਹਾਂ ਕਿ ਇਹ ਦਸਿਆ ਜਾਵੇ ਕਿ ਇਨ੍ਹਾਂ ਦਾ ਜਵਾਬ ਗਲਤ ਹੈ ਜਾਂ ਉਸ ਕਮੇਟੀ ਵਿਚ ਡਿਪਾਰਟਮੈਂਟ ਨੇ ਜਿਹੜਾ ਜਵਾਬ ਦਿਤਾ ਹੈ ਉਹ ਗਲਤ ਹੈ ?

ਮੰਤਰੀ : ਸਪੀਕਰ ਸਾਹਿਬ, ਜੇ ਕਰ ਇਨ੍ਹਾਂ ਨੂੰ ਉਸ ਕਮੇਟੀ ਵਿਚ ਫ਼ਿਗਰਜ਼ ਦਿਤੀਆਂ ਗਈਆਂ ਸਨ ਤਾਂ ਇਨ੍ਹਾਂ ਨੂੰ ਸੁਆਲ ਪੁਛਣ ਦੀ ਕੀ ਲੋੜ ਸੀ ?

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਕਾਂਸਟੀ-ਚਿਊਸ਼ਨ ਦੇ ਨੌਵੇਂ ਸ਼ਡਿਊਲ ਵਿਚ ਉਸ ਕਾਨੂੰਨ ਨੂੰ ਸ਼ਾਮਲ ਕਰਾਉਣ ਲਈ ਪੰਜਾਬ ਸਰਕਾਰ ਕੋਸ਼ਿਸ਼ ਕਰ ਰਹੀ ਹੈ। ਸਪੀਕਰ ਸਾਹਿਬ, ਜੇ ਮੈਂ ਇਹ ਕਹਾਂ ਕਿ ਕੇਂਦਰ ਦੀ ਸਰਕਾਰ ਨੇ ਇਸ ਲਈ ਪੰਜਾਬ ਦੀ ਸਰਕਾਰ ਨੂੰ ਲਿਖਿਆ ਹੈ ਕਿ ਇਸ ਕਾਨੂੰਨ ਨੂੰ ਕੰਸਟੀਚਿਊਸ਼ਨ ਦੇ ਨੌਵੇਂ ਸ਼ਡਿਊਲ ਵਿਚ ਸ਼ਾਮਲ ਕਰਨ ਲਈ ਕਾਗਜ਼ ਭੇਜੋ ਅਤੇ ਇਨ੍ਹਾਂ ਨੇ ਅੱਜੇ ਤਕ ਨਹੀਂ ਭੇਜੇ। ਕੀ ਇਸ ਡਿਲੇ ਲਈ ਇਹ ਸਰਕਾਰ ਜ਼ਿਮੇਵਾਰ ਹੈ ?

ਮੰਤਰੀ : ਅਸੀਂ ਗੌਰਮਿੰਟ ਆਫ਼ ਇੰਡੀਆ ਨੂੰ ਆਪ ਲਿਖ ਰਹੇ ਹਾਂ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਸਾਡੇ ਕੋਲ 40 ਹਜ਼ਾਰ ਏਕੜ ਜ਼ਮੀਨ ਸੀ ਇਨ੍ਹਾਂ ਨੇ ਮੁੜ ਕੇ 5 ਲੱਖ ਦਰਖਾਸਤਾਂ ਹਰੀਜਨਾਂ ਤੋਂ ਲਈਆਂ ਹਨ। ਉਨ੍ਹਾਂ ਵਿਚਾਰਿਆਂ ਨੇ ਛੰਨੇ, ਪਰਾਤਾਂ ਗਹਿਣੇ ਰਖ ਕੇ ਸਰਕਾਰਾਂ ਨੂੰ ਦਰਖਾਸਤਾਂ ਦਿੱਤੀਆਂ ਹਨ ਪਰ ਸਰਕਾਰ ਨੇ ਕੁਝ ਨਹੀਂ ਕੀਤਾ। ਕੀ ਇਹ ਹਰੀਜਨਾਂ ਨਾਲ ਧੋਖਾ ਨਹੀਂ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਜੋ ਰੂਲ ਬਣਾਏ ਹਨ ਉਨ੍ਹਾਂ ਵਿਚ ਹਰੀਜਨਾਂ ਨੂੰ ਲਿਜੀਬਲ ਟੇਨੈਂਟਸ ਤੋਂ ਬਾਅਦ ਪਰਾਇਰਟੀ ਦਿਤੀ ਜਾਂਦੀ ਹੈ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਜਿਸ ਵੇਲੇ ਲੈਂਡ ਸੀਲਿੰਗ ਦੇ ਮੁਤਲਕ ਲਾਅ ਬਣ ਰਿਹਾ ਸੀ ਉਸ ਵੇਲੇ ਚੀਫ ਮਨਿਸਟਰ ਸਾਹਿਬ ਨੇ ਦਸਿਆ ਸੀ ਕਿ 80,000 ਏਕੜ ਜ਼ਮੀਨ ਨਿਕਲੇਗੀ ਔਰ ਹੁਣ ਕਹਿ ਰਹੇ ਹਨ ਕਿ ਕੋਈ ਜ਼ਮੀਨ ਨਹੀਂ ਨਿਕਲੀ । ਮੈਂ ਅਰਜ਼ ਕਰਦਾ ਹਾਂ ਕਿ ਇਸ ਦੌਰਾਨ ਵਿਚ ਜਿਸ ਵੇਲੇ ਬਿਲ ਪਾਸ ਹੋ ਗਿਆ, ਸਾਡੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਚਿੱਠੀ ਲਿਖੀ ਗਈ ਕਿ ਇਹ ਦਸੋ ਕਿ ਕਿਤਨੀ ਜ਼ਮੀਨ ਨਿਕਲਣੀ ਹੈ । ਉਸ ਨੇ ਜਵਾਬ ਦਿਤਾ ਕਿ ਸਾਰੀ ਦੀ ਸਾਰੀ ਜ਼ਮੀਨ ਜ਼ਿਮੀਂਦਾਰਾਂ ਨੇ ਖੁਰਦ ਬੁਰਦ ਕਰ ਦਿੱਤੀ ਹੈ। ਵਜ਼ੀਰ ਸਾਹਿਬ ਇਹ ਦਸਣ ਕਿ ਇਹ ਜ਼ਮੀਨ ਕਿਥੇ ਗਈ ?

ਸ੍ਰੀ ਸਪੀਕਰ : ਸਵਾਲ ਤਾਂ ਕੋਈ ਬਣਦਾ ਨਹੀਂ। (This is no supplementary)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਰੈਵਨਿਊ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਇਹ ਬਿਲ ਵਾਇਤ ਹੋ ਗਿਆ ਹੈ ਅਤੇ ਇਸ ਲਈ ਉਹ ਸੁਪਰੀਮ ਕੋਰਟ ਵਿਚ ਅਪੀਲ ਕਰ ਰਹੇ ਹਨ ਅਤੇ ਦੂਸਰੇ ਪਾਸੇ ਕਿਹਾ ਹੈ ਕਿ ਨੌਵੇਂ ਸ਼ਡਿਊਲ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

ਮੰਤਰੀ : ਸੁਪਰੀਮ ਕੋਰਟ ਵਿਚ, ਸੁਪੀਕਰ ਸਾਹਿਬ, ਜਿਹੜੀ ਅਪੀਲ ਕਰਨੀ ਹੈ ਉਸ ਦਾ ਪ੍ਰੋਸੀਜਰ ਵੱਖਰਾ ਹੈ ਅਤੇ ਨੌਵੇਂ ਸ਼ਡਿਊਲ ਵਿਚ ਇਸ ਨੂੰ ਸ਼ਾਮਲ ਕਰਨਾ ਹੈ, ਉਸ ਦਾ ਪ੍ਰੋਜ਼ੀਜਰ ਸੈਪੇਰੇਟ ਹੈ। ਅਸੀਂ ਗੌਰਮਿੰਟ ਆਫ਼ ਇੰਡੀਆ ਨੂੰ ਲਿਖ ਰਹੇ ਹਾਂ ਅਤੇ ਫਿਰ ਗੌਰਮਿੰਟ ਆਫ਼ ਇੰਡੀਆ ਪਾਰਲੀਮੈਂਟ ਰਾਹੀਂ ਇਸ ਵਿਚ ਸੋਧ ਕਰੇਗੀ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਜਲਦੀ ਤੋਂ ਜਲਦੀ ਹੋ ਜਾਵੇ। ਅਸੀਂ ਇਹ ਵੀ ਯਤਨ ਕਰ ਰਹੇ ਹਾਂ ਕਿ ਸੁਪਰੀਮ ਕੋਰਟ ਵਿਚ ਅਪੀਲ ਜਲਦੀ ਤੋਂ ਜਲਦੀ ਫਾਈਲ ਹੋ ਜਾਵੇ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਿਸ ਵੇਲੇ ਇਸ ਲੈਂਡ ਸੀਲਿੰਗ ਬਿਲ ਤੇ ਇਸ ਅਸੈਂਬਲੀ ਵਿਚ ਬਹਿਸ ਹੋ ਰਹੀ ਸੀ ਤਾਂ ਅਸੀਂ ਸਾਰਿਆਂ ਨੇ ਔਬਜੈਕਸ਼ਨ ਕੀਤਾ ਸੀ ਕਿ ਫੈਮਿਲੀ ਦੀ ਡੈਫੀਨੇਸ਼ਨ ਤੁਹਾਡੀ ਗਲਤ ਹੈ। ਇਸ ਵਿਚ ਕੋਈ ਸਰਪਲੱਸ ਜ਼ਮੀਨ ਨਹੀਂ ਨਿਕਲਣੀ ਅਤੇ ਨਾ ਹੀ ਹਰੀਜਨਾਂ ਨੂੰ ਮਿਲਣੀ ਹੈ ਪਰ ਉਦੋਂ ਇਨ੍ਹਾਂ ਨੇ ਸਾਡੀ ਗੱਲ ਨਹੀਂ ਮੰਨੀ । ਹੁਣ ਜਦੋਂ ਹਾਈ ਕੋਰਟ ਨੇ ਜੂਤ ਮਾਰਿਆ, ਉਦੋਂ ਇਹ ਵਾਇਡ ਹੋ ਗਿਆ।

ਸ੍ਰੀ ਸਪੀਕਰ : 'ਜੂਤ ਮਾਰਿਆ' ਸ਼ਬਦ ਅਨ ਪਾਰਲੀਮੈਂਟਰੀ ਹੈ। (The word 'Joot marya' is unparliamentary.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਸ ਤਰ੍ਹਾਂ ਕਹਿ ਲਵੋ ਕਿ ਜਦੋਂ ਹਾਈ ਕੋਰਟ ਨੇ ਇਨ੍ਹਾਂ ਦੀ ਅਕਲ ਟਿਕਾਣੇ ਲਿਆ ਦਿਤੀ ਫਿਰ ਇਹ ਕਹਿਣ ਲਗੇ ਕਿ ਸੁਪਰੀਮ ਕੋਰਟ ਵਿਚ ਜਾਣਾ ਹੈ। ਸੈਸ਼ਨ ਇਥੇ ਚਲ ਰਿਹਾ ਹੈ। ਇਨ੍ਹਾਂ ਨੂੰ ਅਮੈਂਡਮੈਂਟ ਲਿਆਉਣ ਵਿਚ ਕੀ ਦਿਕਤ ਹੈ। ਕਿਉਂ ਨਹੀਂ ਇਹ ਲਾਅ ਨੂੰ ਅਮੈਂਡ ਕਰਦੇ ?

ਮੰਤਰੀ : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਇਸ ਦਾ ਜਵਾਬ ਦੇਵਾਂ ਮੈਂ ਸੰਧੂ ਸਾਹਿਬ ਦੀ ਅਕਲ ਟਿਕਾਣੇ ਲਿਆਉਣੀ ਚਾਹੁੰਦਾ ਹਾਂ। ਇਹ ਜੋ ਹਾਈ ਕੋਰਟ ਨੇ ਡਿਸੀਜ਼ਨ ਦਿਤਾ ਹੈ ਉਸ ਦੀ ਸੋਧ ਅਸੀਂ ਅਸੈਂਬਲੀ ਵਿਚ ਨਹੀਂ ਕਰ ਸਕਦੇ। ਜਾਂ ਤਾਂ ਵਿਧਾਨ ਵਿਚ ਚੇਂਜ ਹੋਵੇ ਜਾਂ ਫਿਰ ਸੁਪਰੀਮ ਕੋਰਟ ਵਿਚ ਜਾ ਕੇ ਅਸੀਂ ਕਹਿ ਸਕਦੇ ਹਾਂ ਕਿ ਜੋ ਅਸੈਂਬਲੀ ਨੇ ਬਿਲ ਪਾਸ ਕੀਤਾ ਹੈ ਉਹ ਸਹੀ ਹੈ ਅਤੇ ਇਹ ਵਿਧਾਨ ਦੇ ਮੁਤਾਬਿਕ ਹੈ। (ਇਸ ਸਮੇਂ ਕਈ ਆਨਰੇਬਲ ਮੈਂਬਰ ਅਪੋਜ਼ੀਸ਼ਨ ਵਲੋਂ ਸਪਲੀਮੈਂਟਰੀ ਕਰਨ ਲਈ ਖੜੇ ਹੋਏ)।

ਕਾਮਰੇਡ ਦਰਸ਼ਨ ਸਿੰਘ ਕਨੇਡੀਆਨ : ਸਪੀਕਰ ਸਾਹਿਬ, ਸਰਕਾਰ ਦਾ ਇਹ ਵਾਇਦਾ ਸੀ ਕਿ ਅਕਤੂਬਰ ਦੇ ਮਹੀਨੇ ਤਕ ਲੈਂਡ ਲਾਰਡ ਰਿਟਰਨਾਂ ਫਾਈਲ ਕਰ ਦੇਣਗੇ ਅਤੇ ਦਸੰਬਰ ਤਕ ਜ਼ਮੀਨ ਕੱਢਵਾ ਲਵਾਂਗੇ। ਇਸ ਗਲ ਦੇ ਪੇਸ਼ੇ ਨਜ਼ਰ ਕਿ 1953 ਦੇ ਕਾਨੂੰਨ ਦੇ ਮੁਤਾਬਿਕ ਵੀ ਜ਼ਮੀਨ ਨਹੀਂ ਨਿਕਲੀ ਸੀ ਅਤੇ ਨਾ ਹੀ ਮੁਜ਼ਾਰਿਆਂ ਨੂੰ ਮਿਲੀ । ਹੁਣ ਫਿਰ ਜ਼ਮੀਨ ਕਢਵਾਈ ਨਹੀਂ ਗਈ। ਸੁਪਰੀਮ ਕੋਰਟ ਵਿਚ ਅਪੀਲ ਇਹ ਕਰਦੇ ਨਹੀਂ। ਨੌਵੇਂ ਸ਼ਡਿਊਲ ਵਿਚ ਇਸ ਨੂੰ ਸ਼ਾਮਲ ਕਰਨ ਲਈ ਇਹ ਲਿਖਦੇ ਨਹੀਂ। ਇਹ ਵੱਡੇ ਵੱਡੇ ਲੈਂਡ ਲਾਰਡਾਂ ਦੀ ਸਰਕਾਰ ਹੈ। ਇਹ ਜਾਣ ਬੁਝ ਕੇ ਇਹ ਨਹੀਂ ਕਰਾਉਣਾ ਚਾਹੁੰਦੇ ।

ਮੰਤਰੀ : ਸਪੀਕਰ ਸਾਹਿਬ, ਮੈਂ ਹਾਊਸ ਦੀ ਵਾਕਫੀਅਤ ਲਈ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਲੈਂਡ ਰਿਫਾਰਮ ਦਾ ਤੁਅਲਕ ਹੈ ਪੰਜਾਬ ਸਟੇਟ ਬਾਕੀ ਦੇ ਸਾਰੇ ਸੂਬਿਆਂ ਨਾਲੋਂ ਅੱਗੇ ਹੈ ਅਤੇ ਅਸੀਂ ਅੱਗੇ ਹੀ ਕੰਮ ਕਰ ਰਹੇ ਹਾਂ ਪਰ ਕਿਉਂਕਿ ਹਾਈ ਕੋਰਟ ਦੀ ਰੂਲਿੰਗ ਆ ਗਈ ਹੈ, ਹੁਣ ਸਾਨੂੰ ਉਸ ਦੇ ਮੁਤਾਬਿਕ ਸੁਪਰੀਮ ਕੋਰਟ ਵਿਚ ਜਾਣਾ ਪਵੇਗਾ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਜ਼ਮੀਨਾਂ ਦਾ ਸੁਧਾਰ ਕਰਨ ਵਿਚ ਅਸਫਲ ਰਹੀ ਹੈ ਅਤੇ ਬੜੀ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ । ਇਹ ਸਰਕਾਰ ਲੈਂਡ ਲਾਰਡਾਂ ਅਤੇ ਸਰਮਾਏਦਾਰਾਂ ਦੀ ਹੈ। ਕੀ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਜ਼ਮੀਨ ਬਿਨਾਂ ਮੁਆਵਜ਼ਾ ਦੇਣ ਦੇ ਲੈਣ ਲਈ ਕੋਈ ਵਿਧਾਨ ਸਭਾ ਵਿਚ ਕਾਨੂੰਨ ਲਿਆ-ਵੇਗੀ ?

ਸ੍ਰੀ ਸਪੀਕਰ : ਇਸ ਸਵਾਲ ਵਿਚੋਂ ਤਾਂ ਇਹ ਸਪਲੀਮੈਂਟਰੀ ਪੈਦਾ ਨਹੀਂ ਹੁੰਦਾ (This supplementary does not arise out of this question)

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਇਹ ਬਿਲ ਪਾਸ ਹੋ ਰਿਹਾ ਸੀ ਤਾਂ ਉਸ ਦੇ ਦੌਰਾਨ ਕਿਸੇ ਵਜ਼ੀਰ ਦੇ ਪ੍ਰੀਵਾਰ ਵਿਚ ਉਸ ਦੀ ਮਾਂ ਅਤੇ ਬਜ਼ੁਰਗ ਵਿਚ ਡਾਈਵੋਰਸ ਮਨਜ਼ੂਰ ਕਰਵਾ ਕਿ ਜ਼ਮੀਨ ਬਚਾਈ ਨਹੀਂ ਗਈ ?

ਮੰਤਰੀ : ਸਪੀਕਰ ਸਾਹਿਬ, ਇਹ ਨਾਂ ਲੈ ਦੇਣ। ਅਸੀਂ ਜ਼ਵਾਬ ਦੇ ਦੇਵਾਂਗੇ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਇਹ ਚੀਜ਼ ਮਾਲ ਮੰਤਰੀ ਸਾਹਿਬ ਦੇ ਪ੍ਰਵਾਰ ਵਿਚ ਹੋਈ ਹੈ ।

ਮੰਤਰੀ : ਇਹ ਬਿਲਕੁਲ ਝੂਠ ਹੈ।

ਸਰਦਾਰ ਗੁਰਦੇਵ ਸਿੰਘ ਸਿੱਧੂ : ਮੈਂ ਉਸ ਦੀ ਨਕਲ ਪੇਸ਼ ਕਰ ਸਕਦਾ ਹਾਂ।

(ਇਸ ਸਮੇਂ ਸਰਦਾਰ ਧੰਨਾ ਸਿੰਘ ਗੁਲਸ਼ਨ ਖੜੇ ਹੋ ਕੇ ਸਪਲੀਮੈਂਟਰੀ ਪੁਛਣ ਲਈ ਸਪੀਕਰ ਸਾਹਿਬ ਦਾ ਧਿਆਨ ਖਿਚ ਰਹੇ ਸਨ)

ਸ੍ਰੀ ਸਪੀਕਰ : ਗੁਲਸ਼ਨ ਜੀ ਤੁਸੀਂ ਪਾਰਲੀਮੈਂਟ ਦੇ ਮੈਂਬਰ ਰਹੇ ਹੋ । ਇਸ ਤਰ੍ਹਾਂ ਕਰਨਾ ਠੀਕ ਨਹੀਂ । (Sardar Dhanna Singh Gulshan, you have been a Member of the Parliament. It is not proper to behave in this manner.)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਇਸ ਬਿਲ ਤੇ ਬੜਾ ਰੌਲਾ ਸੀ। ਪਬਲਿਕ ਬੜੀ ਐਜੀਟੇਟਿਡ ਸੀ । 'ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ, ਜੋ ਚੀਰਾ ਤੋ ਕਤਰਾ ਖ਼ੂਨ ਕਾ ਨਾ ਨਿਕਲਾ, ਇਹੀ ਹਾਲਤ ਇਸ ਬਿਲ ਦੀ ਹੈ । ਸਪੀਕਰ ਸਾਹਿਬ, ਜਿਹੜਾ ਆਪੋਜ਼ੀਸ਼ਨ, ਕੰਪਲੇਨੈਂਟ ਦਾ ਪੇਟੀਸ਼ਨਰ ਦਾ ਐਡਵੋਕੇਟ ਸੀ ਉਸ ਨੇ 7 ਦਿਨ ਇਸ ਤੇ ਬਹਿਸ ਕੀਤੀ ਪਰ ਪੰਜਾਬ ਸਰਕਾਰ ਦੇ

[ਚੌਧਰੀ ਦਰਸ਼ਨ ਸਿੰਘ]

ਐਡਵੋਕੇਟ ਜਨਰਲ ਸਾਹਿਬ 10 ਮਿੰਟ ਵੀ ਬਹਿਸ ਨਹੀਂ ਕਰ ਸਕੇ ਅਤੇ ਐਟ ਵਨਸ ਕੰਸੀਡ ਕਰ ਲਿਆ। ਇਹ ਐਡਵੋਕੇਟ ਜਨਰਲ ਸਾਹਿਬ ਸਾਨੂੰ ਇਥੇ ਰਾਏ ਦਿੰਦੇ ਰਹੇ ਹਨ। ਕੀ ਪੰਜਾਬ ਸਰਕਾਰ ਸੁਪਰੀਮ ਕੋਰਟ ਵਿਚ ਜਾ ਕੇ ਏਬਲੈਸਟ ਲਾਇਰ ਆਫ਼ ਦੀ ਕੰਟਰੀ ਐਂਗੇਜ ਕਰੇਗੀ ?

ਮੰਤਰੀ : ਮੈਂ ਆਰਡਰ ਕਰ ਦਿਤਾ ਹੈ ਕਿ ਸੁਪਰੀਮ ਕੋਰਟ ਵਿਚ ਚੰਗੇ ਤੋਂ ਚੰਗਾ ਵਕੀਲ ਐਂਗੇਜ ਕੀਤਾ ਜਾਵੇ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਮਰੜ੍ਹੀ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever Marhari Sahib is saying should not be recorded.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਗਲ ਚੌਧਰੀ ਦਰਸ਼ਨ ਸਿੰਘ ਹੋਰਾਂ ਨੇ ਤਾਂ ਬਾਈ ਇਮਪਲੀਕੇਸ਼ਨ ਕਹੀ ਹੈ ਪਰ ਇਸ ਸਬੰਧ ਵਿਚ ਲੋਕ ਬਹੁਤ ਗੱਲਾਂ ਕਹਿ ਰਹੇ ਹਨ। ਕੀ ਇਹ ਮਨਿਸਟਰ ਸਾਹਿਬ ਦੀ ਹਦਾਇਤ ਸੀ ਆਪਣੇ ਐਡਵੋਕੇਟ ਜਨਰਲ ਨੂੰ ਕਿ ਤੂੰ ਜ਼ਿਆਦਾ ਦੇਰ ਨਹੀਂ ਲਾਉਣੀ। ਐਕਟ ਹਾਈ ਕੋਰਟ ਨੂੰ ਉਡਾਉਣ ਦਿਓ ?

ਮੁੱਖ ਮੰਤਰੀ : ਸਪੀਕਰ ਸਾਹਿਬ ਡਾਂਗ ਸਾਹਿਬ, ਨੇ ਇਹ ਜਿਹੜਾ ਸ਼ੁਭਾ ਜ਼ਾਹਿਰ ਕੀਤਾ ਹੈ, ਇਹ ਬੇਬੁਨਿਆਦ ਅਤੇ ਗਲਤ ਹੈ। ਸਰਕਾਰ ਦੀ ਇਹ ਨੀਤੀ ਸੀ ਕਿ ਇਸ ਨੂੰ ਲਾਗੂ ਕੀਤਾ ਜਾਵੇ। ਇਹ ਠੀਕ ਹੈ ਕਿ ਐਡਵੋਕੇਟ ਜਨਰਲ ਇਸ ਸਬੰਧ ਵਿਚ ਹਾਈ ਕੋਰਟ ਵਿਚ ਆਪਣਾ ਆਰਗੂਮੈਂਟ ਨਹੀਂ ਮੰਨਵਾ ਸਕਿਆ। ਇਹ ਗਲ ਜੁਦਾ ਹੈ। ਅਸੀਂ ਸੁਪਰੀਮ ਕੋਰਟ ਵਿਚ ਵੱਡੇ ਤੋਂ ਵੱਡਾ ਲਾਇਰ ਕਰ ਕੇ ਕੇਸ ਲੜਾਂਗੇ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਜੋ ਵੀ ਸਰਕਾਰ ਕੰਮ ਕਰਦੀ ਹੈ, ਉਹ ਪਲਾਨਿੰਗ ਨਾਲ ਕਰਦੀ ਹੈ ਕਿ ਫਲਾਣੀ ਤਰੀਕ ਨੂੰ ਇਹ ਕੰਮ ਕੰਪਲੀਟ ਹੋ ਜਾਵੇਗਾ। ਜਦੋਂ ਦਾ ਦੇਸ਼ ਆਜ਼ਾਦ ਹੋਇਆ ਅਤੇ ਇਥੇ ਸਰਕਾਰਾਂ ਬਣੀਆਂ, ਉਦੋਂ ਦਾ ਇਹ ਮਸਲਾ ਚਲ ਰਿਹਾ ਹੈ ਕਿ ਹਰੀਜਨਾਂ ਨੂੰ ਜ਼ਮੀਨ ਦੇਣੀ ਹੈ। ਹਰੀਜਨਾਂ ਨੇ ਲੱਖਾਂ ਦੀ ਤਾਦਾਦ ਵਿਚ ਅਰਜ਼ੀਆਂ ਦਿੱਤੀਆਂ। ਉਨ੍ਹਾਂ ਨੇ ਆਪਣੀ ਚਾਰ-ਚਾਰ, ਪੰਜ-ਪੰਜ ਰੁਪਏ ਦਿਹਾੜੀ ਛੱਡ ਕੇ ਕਚਿਹਰੀਆਂ ਵਿਚ ਜਾ ਕੇ ਐਪਲੀਕੇਸ਼ਨ ਲਿਖਵਾਉਣ ਦੇ 30/-, 30/- ਰੁਪਏ ਦਿੱਤੇ। ਕੀ ਸਰਕਾਰ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਕਿ ਜ਼ਮੀਨ ਨਹੀਂ ਮਿਲੀ ਉਨ੍ਹਾਂ ਨੂੰ ਅਰਜ਼ੀਆਂ ਦੇ ਹਿਸਾਬ ਨਾਲ 30/- ਰੁਪਏ ਵਾਪਸ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਹੁਣੇ ਹੀ ਦਸਿਆ ਹੈ ਕਿ ਜਿਹੜੀ 40 ਹਜ਼ਾਰ ਏਕੜ ਜ਼ਮੀਨ ਸਰਪਲੱਸ ਡਿਕਲੇਅਰ ਕੀਤੀ ਗਈ ਸੀ ਉਹ ਹੁਣ ਇਲਿਜੀਬਲ ਟੇਨੈਂਟਸ ਨੂੰ ਦਿੱਤੀ ਜਾ ਰਹੀ ਹੈ। ਮੈਂ ਪੁਛਦਾ ਹਾਂ ਕਿ 5 ਸਾਲ ਇਨ੍ਹਾਂ ਦੀ ਸਰਕਾਰ ਰਹੀ ਉਸ ਵੇਲੇ ਇਹ 40 ਹਜ਼ਾਰ ਏਕੜ ਜ਼ਮੀਨ ਵਡੇ ਵਡੇ ਲੈਂਡ ਲਾਰਡਜ਼ ਪਾਸ ਸੀ ਉਸ ਵੇਲੇ ਇਨ੍ਹਾਂ ਨੇ ਹਰੀਜਨਾਂ ਨੂੰ ਕਿਉਂ ਨਹੀਂ ਦਿਤੀ ਸੀ ਜਿਹੜੇ ਕਿ ਹਰੀਜਨਾਂ ਦੇ ਬੜੇ ਵਫਾਦਾਰ ਬਣਦੇ ਹਨ ? ਇਹ ਤਾਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਦਿਤੀ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਮੰਤਰੀ ਮਹੋਦਯ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਖਿਆ ਹੈ ਕਿ ਜੋ 1973 ਵਿਚ ਭੂਮੀ ਸੀਲਿੰਗ ਬਿਲ ਪਾਸ ਹੋਇਆ ਸੀ ਉਹ ਜ਼ਮੀਨ ਹੁਣ ਤਕ ਖਾਲੀ ਨਹੀਂ ਕਰਵਾਈ ਗਈ, ਮੈਂ ਇਹ ਪੁਛਦਾ ਹਾਂ ਕਿ ਇਸ ਦਾ ਕੀ ਕਾਰਨ ਹੈ। ਮੈਂ ਇਹ ਵੀ ਪੁਛਣਾ ਚਾਹੁੰਦਾ

**Not recorded as ordered by the Chair.

ਹਾਂ ਕਿ ਕੀ ਇਹ ਗਲ ਠੀਕ ਨਹੀਂ ਕਿ ਜੋ ਜ਼ਮੀਨ ਅਕਾਲੀ ਸਰਕਾਰ ਨੇ ਖਾਲੀ ਕਰਵਾਈ ਸੀ ਅਤੇ ਉਹ ਹਰੀਜਨਾਂ ਨੂੰ ਦੇਣ ਵਾਸਤੇ ਡੀ. ਸੀ. ਨੂੰ ਆਰਡਰ ਵੀ ਕੀਤੇ ਸੀ ਤਾਂ ਇਨ੍ਹਾਂ ਕਾਂਗਰਸ ਵਾਲਿਆਂ ਨੇ ਹਾਈ ਕੋਰਟ ਵਿਚ ਰਿਟ ਕਰ ਕੇ ਉਹ ਆਰਡਰ ਵਾਪਸ ਕਰਵਾਏ ਸੀ ਕਿ ਇਹ ਜ਼ਮੀਨ ਸਰਪਲੱਸ ਨਹੀਂ ਹੈ। ਹੁਣ ਕੀ ਇਹ ਦਸਣਗੇ ਕਿ ਉਹ ਜ਼ਮੀਨ ਸਰਪਲੱਸ ਨਾ ਨਿਕਲਣ ਦੇ ਕਾਰਨ ਕੀ ਸੀ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਜ਼ਮੀਨ ਦੇ ਬਾਰੇ ਗੁਲਸ਼ਨ ਜੀ ਨੇ ਦਸਿਆ ਹੈ ਉਹ ਇਨ੍ਹਾਂ ਨੇ ਸਪਸ਼ਟ ਨਹੀਂ ਕੀਤੀ। ਇਹ ਸਰਪਲੱਸ ਜ਼ਮੀਨ ਬਾਰੇ ਹੀ ਕਹਿ ਰਹੇ ਸੀ ਇਸ ਬਾਰੇ ਤਾਂ ਮੈਂ ਕਹਿ ਚੁਕਾ ਹਾਂ ਕਿ ਸਰਪਲੱਸ ਜ਼ਮੀਨ ਡਿਕਲੇਅਰ ਕੀਤੀ ਜਾ ਚੁਕੀ ਹੈ ਅਤੇ ਉਹ ਇਲਿਜੀਬਲ ਟੇਨੈਂਟਸ ਨੂੰ ਅਲਾਟ ਵੀ ਕਰ ਚੁਕੇ ਹਾਂ। (ਆਪੋਜ਼ੀਸ਼ਨ ਵਲੋਂ ਸ਼ੋਰ)

ਜਥੇਦਾਰ ਗੁਰਬਚਨ ਸਿੰਘ : ਮੈਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਸ਼ੁਰੂ ਤੋਂ ਹੀ ਜ਼ਿਮੀਂਦਾਰਾਂ ਤੇ ਕੁਹਾੜਾ ਚਲਾਉਂਦੀ ਰਹੀ ਹੈ । ਕੀ ਇਹ ਦਸਣਗੇ ਕਿ ਇਸ ਅਸੈਂਬਲੀ ਵਿਚ ਸ਼ਹਿਰੀ ਜਾਇਦਾਦ ਤੇ ਸੀਲਿੰਗ ਲਾਉਣ ਵਾਸਤੇ ਜਿਹੜਾ ਬਿਲ ਪੇਸ਼ ਹੋਇਆ ਸੀ ਉਸ ਤੇ ਕਿਉਂ ਨਹੀਂ ਅਮਲ ਕਰਦੇ ?

ਮੰਤਰੀ : ਸਪੀਕਰ ਸਾਹਿਬ, ਇਹ ਅਨਪੜ੍ਹ ਹਨ । ਇਨ੍ਹਾਂ ਨੂੰ ਪਤਾ ਨਹੀਂ ਕਿ ਅੱਜ ਅਖ਼ਬਾਰ ਵਿਚ ਖ਼ਬਰ ਆਈ ਹੈ ਕਿ ਇਹ ਜਿਹੜਾ ਬਿਲ ਸੀ ਇਹ ਪਾਰਲੀਮੈਂਟ ਵਿਚ ਵੀ ਆ ਚੁਕਾ ਹੈ (ਸ਼ੋਰ)

(ਆਪੋਜ਼ੀਸ਼ਨ ਵਲੋਂ ਆਵਾਜ਼ਾਂ--ਇਨ੍ਹਾਂ ਨੂੰ ਅਨਪੜ੍ਹ ਦਾ ਲਫ਼ਜ਼ ਵਾਪਸ ਲੈਣਾ ਚਾਹੀਦਾ ਹੈ, ਇਹ ਅਨਪਾਰਲੀਮੈਂਟਰੀ ਹੈ) (ਸ਼ੋਰ)

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਫਿਰੋਜ਼ਪੁਰ ਤਹਿਸੀਲ ਫਾਜ਼ਿਲਕਾ ਵਿਚ ਬਹੁਤ ਵਡੇ ਵਡੇ ਲੈਂਡ ਲਾਰਡ ਹਨ ਉਨ੍ਹਾਂ ਨੇ ਸੰਨ 1953 ਦੇ ਕਾਨੂੰਨ ਦੇ ਤਹਿਤ ਜ਼ਮੀਨ ਜਿਹੜੀ ਸਰਪਲੱਸ ਨਿਕਲੀ ਔਰ ਇਹ ਜ਼ਮੀਨ ਸਲਾਮਾ, ਕੋਟਲਾ ਅਤੇ ਹੋਰ ਕਈ ਪਿੰਡਾਂ ਦੇ ਮੁਜ਼ਾਰਿਆਂ ਨੂੰ ਉਜਾੜ ਕੇ ਇਨ੍ਹਾਂ ਨੇ ਹਾਸਲ ਕੀਤੀ ਸੀ ।

ਸ੍ਰੀ ਸਪੀਕਰ : ਤੁਸੀਂ ਸਵਾਲ ਕਰੋ। (Please put a supplementary.)

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਪੀਕਰ ਸਾਹਿਬ, ਮੈਂ ਸਵਾਲ ਇਹ ਪੁਛ ਰਿਹਾ ਹਾਂ ਕਿ ਉਨ੍ਹਾਂ ਪਿੰਡਾਂ ਵਿਚੋਂ ਜਿਹੜੇ ਮੁਜ਼ਾਰਿਆਂ ਨੂੰ ਉਜਾੜਿਆ ਗਿਆ ਸੀ ਕੀ ਸਰਕਾਰ ਉਨ੍ਹਾਂ ਮੁਜ਼ਾਰਿਆਂ ਨੂੰ ਦੁਬਾਰਾ ਵਸਾਉਣ ਲਈ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਸਰਕਾਰ ਦੀ ਇਹ ਨੀਤੀ ਹੈ ਕਿ ਕਿਸੇ ਵੀ ਮੁਜ਼ਾਰੇ ਨੂੰ ਨਜਾਇਜ਼ ਤਰੀਕੇ ਨਾਲ ਨਹੀਂ ਉਜਾੜਿਆ ਜਾਵੇਗਾ। ਜੇ ਕੋਈ ਐਸੀ ਗਲ ਹੈ ਤਾਂ ਇਹ ਸਾਡੇ ਨੋਟਿਸ ਵਿਚ ਲੈ ਆਉਣ ਅਸੀਂ ਗੌਰ ਕਰ ਲਵਾਂਗੇ ।

(ਆਪੋਜ਼ੀਸ਼ਨ ਵਲੋਂ ਸ਼ੋਰ) (ਇਸ ਵਕਤ ਆਪੋਜ਼ੀਸ਼ਨ ਵਲੋਂ ਕਈ ਮਾਨਯੋਗ ਮੈਂਬਰ ਸਾਹਿਬਾਨ ਬੋਲ ਰਹੇ ਸਨ ** ** **)

ਸ੍ਰੀ ਸਪੀਕਰ : ਜੋ ਕੁਝ ਇਹ ਮੈਂਬਰ ਸਾਹਿਬਾਨ ਕਹਿ ਰਹੇ ਹਨ ਉਹ ਰੀਕਾਰਡ ਨਾ ਕੀਤਾ ਜਾਵੇ। (Whatever the hon. Members are saying should not be recorded .)

ਸਰਦਾਰ ਸਾਧੂ ਸਿੰਘ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਸਰਦਾਰ ਹਰਚੰਦ ਸਿੰਘ ਕਮੇਟੀ ਵਲੋਂ ਜ਼ਮੀਨ ਫਾਲਤੂ ਨਿਕਲੀ ਹੈ ਉਹ ਇਹ ਹਰੀਜਨਾਂ ਨੂੰ ਦੇਣ ਵਾਸਤੇ ਤਿਆਰ ਹਨ ਇਸ ਵਿਚ ਤਾਂ ਹਾਈ ਕੋਰਟ ਦਾ ਵੀ ਕੋਈ ਦਖਲ ਨਹੀਂ ਹੈ।

**Not recorded as ordered by the Chair.

ਮੰਤਰੀ: ਸਪੀਕਰ ਸਾਹਿਬ, ਵੈਸੇ ਤਾਂ ਉਸ ਵਿਚ ਵੀ ਬਹੁਤ ਸਾਰੀਆਂ ਰਿਟਾਂ ਹਾਈ ਕੋਰਟ ਵਿਚ ਹੋ ਚੁਕੀਆਂ ਹਨ ਪਰ ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਜਿਹੜੀ ਫਾਲਤੂ ਜ਼ਮੀਨ ਵਾਸਤੇ ਕਮੇਟੀ ਵਲੋਂ ਰਿਕ-ਮੈਂਡੇਸ਼ਨ ਕੀਤੀ ਗਈ ਹੈ ਉਹ ਹਰੀਜਨਾਂ ਨੂੰ ਦੇ ਦੇਵਾਂਗੇ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਇਸ ਸੁਜੈਸ਼ਨ ਨੂੰ ਐਗਜ਼ਾਮਿਨ ਕੀਤਾ ਹੈ ਕਿ ਜੋ ਕੇਰਲਾ ਵਿਚ ਲੈਂਡ ਰਿਫਾਰਮਜ਼ ਐਕਟ ਪਾਸ ਹੋਇਆ ਸੀ ਉਸ ਵਿਚ ਉਨ੍ਹਾਂ ਨੇ ਇੰਡੀਵਿਜੂਅਲ ਦੀ ਥਾਂ ਫੈਮਲੀ ਨੂੰ ਮਾਲਕ ਕਰਾਰ ਕੀਤਾ ਹੈ। ਕੀ ਇਹ ਵੀ ਕੇਰਲਾ ਦੇ ਪੈਟਰਨ ਤੇ ਇੰਡੀਵਿਜੂਅਲ ਦੀ ਥਾਂ ਫੈਮਿਲੀ ਨੂੰ ਮਾਲਕ ਕਰਾਰ ਦੇ ਦੇਣਗੇ ? ਇਸ ਵਾਸਤੇ ਤਾਂ ਸੁਪ੍ਰੀਮ ਕੋਰਟ ਵੀ ਜਾਣ ਦੀ ਕੋਈ ਲੋੜ ਨਹੀਂ ਹੈ ?

ਮੰਤਰੀ: ਸਪੀਕਰ ਸਾਹਿਬ, ਇਹ ਇਕ ਸੁਜੈਸ਼ਨ ਹੈ ਅਸੀਂ ਐਗਜ਼ਾਮਿਨ ਕਰਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਜਥੇਦਾਰ ਗੁਰਬਚਨ ਸਿੰਘ ਜੀ ਨੂੰ ਅਨਪੜ੍ਹ ਕਿਹਾ ਹੈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿੰਨੇ ਚੀਫ ਮਨਿਸਟਰ ਸਾਹਿਬ ਪੜ੍ਹੇ ਲਿਖੇ ਹਨ ਉਤਨੇ ਉਹ ਵੀ ਪੜ੍ਹੇ ਲਿਖੇ ਹਨ......(ਸ਼ੋਰ)

ਸ੍ਰੀ ਸਪੀਕਰ: ਤੁਸੀਂ ਸਵਾਲ ਕਰੋ। (Please put your supplementary question)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਜਿਹੜਾ ਲੈਂਡ ਸੀਲਿੰਗ ਬਿਲ ਪਾਸ ਹੋਇਆ ਸੀ ਉਹ ਹਾਈ ਕੋਰਟ ਨੇ ਵਾਇਡ ਕਰਾਰ ਦਿੱਤਾ ਹੈ ਲੇਕਿਨ ਇਹ ਸੀਲਿੰਗ ਕਰਨ ਵਾਸਤੇ ਪੰਜਾਬ ਦੇ ਹਰ ਕਿਸਾਨ ਨੂੰ ਆਪਣੀ ਘਰ ਵਾਲੀ ਨੂੰ ਅਸਤੀਫਾ ਦੇਣਾ ਪਿਆ, ਤਲਾਕ ਦੇਣਾ ਪਿਆ। ਕੀ ਸਰਕਾਰ ਉਨ੍ਹਾਂ ਉਜੜਿਆਂ ਹੋਇਆਂ ਜੋੜਿਆਂ ਨੂੰ ਬਹਾਲ ਕਰਨ ਦੀ ਕੋਈ ਕੋਸ਼ਿਸ਼ ਕਰੇਗੀ ? (ਹਾਸਾ)

ਮੰਤਰੀ: ਮੈਂ ਸੰਧੂ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਹਾਈ ਕੋਰਟ ਨੇ ਸਾਰਾ ਐਕਟ ਵਾਇਡ ਨਹੀਂ ਕੀਤਾ ਸਿਰਫ ਕੁਝ ਕਲਾਜ਼ਿਜ਼ ਵਾਇਡ ਕੀਤੀਆਂ ਹਨ । ਪਰ ਜਿਥੋਂ ਤਕ ਮੀਆਂ ਬੀਬੀ ਦਾ ਤੁਅਲਕ ਹੈ, ਸਰਕਾਰ ਨੇ ਉਨਾਂ ਨੂੰ ਉਜਾੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਬਲਕਿ ਉਨਾਂ ਨੂੰ ਮਿਲਾਉਣ ਦਾ ਯਤਨ ਕੀਤਾ ਹੈ । ਜਿਥੋਂ ਤਕ ਫੈਮਲੀ ਦੀ ਡੇਫੀਨੇਸ਼ਨ ਦਾ ਤੁਅਲਕ ਹੈ ਅਸੀਂ ਆਪਣੀ ਪਾਲਿਸੀ ਤੇ ਕਾਇਮ ਹਾਂ ਅਤੇ ਇਸ ਨੂੰ ਅਮਲ ਵਿਚ ਲਿਆਉਣ ਦਾ ਯਤਨ ਕਰਾਂਗੇ। (ਸ਼ੋਰ)

10.00 A.M.

Mr. Speaker: Question hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

Satrred Question No. 2252

Mr. Speaker: Extension has been asked for in respect of Starred Question No. 2252.

ਅ.ਸ.ਨੰ: 41 ਏ.ਕਿਊ.ਸਿ. ਬਿ. (3)-74 ।

ਗੁਰਬਖਸ਼ ਸਿੰਘ ਸਿਬੀਆ

ਰਾਜ ਮੰਤਰੀ
ਸਿੰਜਾਈ ਤੇ ਬਿਜਲੀ ਵਿਭਾਗ, ਪੰਜਾਬ,
ਚੰਡੀਗੜ੍ਹ ।
ਮਿਤੀ, ਚੰਡੀਗੜ੍ਹ, 28 ਫਰਵਰੀ, 1974 ।

ਪਿਆਰੇ ਡਾਕਟਰ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2252, ਜੋ ਮਿਤੀ 4 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਸ੍ਰੀ ਬਲਵਿੰਦਰ ਸਿੰਘ ਭੂੰਦੜ ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸਵਾਲ ਨੂੰ ਮਿਤੀ 11 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿੱਤੂ,
ਸਹੀ -
(ਗੁਰਬਖਸ਼ ਸਿੰਘ ਸਿਬੀਆ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

Salaries to Chowkidars of villages, exempted from Chowkidara Tax.

***2212 Master Dalip Chand** : Will the Minister for Revenue and Election be pleased to state whether the Government propose to expedite the payment of the salaries which remained unpaid during the last two/three years, to the Chowkidars of those villages where only Harijans exempted from Chowkidara Tax, live ?

Giani Zail Singh (Chief Minister) : Yes. The necessary Government sanction in this behalf has been issued.

[ਹਾਂ ਜੀ। ਸਰਕਾਰ ਵਲੋਂ ਇਸ ਸਬੰਧ ਵਿਚ ਲੋੜੀਂਦੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ।]

Recommendation for wheat price for the next marketing season.

***2193. Comrade Shamsher Singh Josh** : Will the Minister for Agriculture and Forests be pleased to state whether the State Government has recommended any wheat price for the next marketing seasons ; if so, the details thereof ?

Master Gurbanta Singh : Yes. A statement is laid on the Table of the House.

[ਹਾਂ ਜੀ। ਵਿੱਵਰਣ ਸਦਨ ਦੀ ਮੇਜ਼ ਤੇ ਰੱਖਿਆ ਹੈ।]

[Minister for Agriculture and Forests]

STATEMENT

A study was carried out by the Punjab Agricultural University, Ludhiana during the year, 1970-71, As a result the cost of production per quintal for that year was computed as Rs. 76·94. The figure of cost of production for the year 1973-74 has increased because of the price rise of various inputs. There was price rise of 10·48 per cent for human/bullock labour, 29 per cent in seed, 5 per cent in fertilizers, 25 per cent in irrigation and irrigation structure and 15 per cent on Farm Machinery. Besides this, to sustain the previous yield level, an additional expenditure of Rs. 28·41 on fertilizers, Rs. 5 on Zinc Sulphate and Rs. 10 on insecticides/weedicides is required to be incurred per acre. The State Government has also added Rs. 1·50 per quintal as transport charges and 10 per cent to cover the risk, incentive to cultivators and management charges. Thus the total cost including the incentive to the farmers comes to Rs. 98 per quintal. The State Government has, therefore, recommended Rs. 100 to Rs. 105 per quintal as the procurement price for the white Mexican varieties of wheat for the next marketing season.

[ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਇਸ ਬਾਰੇ ਸਾਲ 1970-71 ਵਿੱਚ ਖੋਜ ਕੀਤੀ। ਨਤੀਜੇ ਵਜੋਂ ਪ੍ਰਤੀ ਕੁਇੰਟਲ ਉਪਜ ਦੀ ਕੀਮਤ 76.94 ਰੁ: ਬਣੀ। ਵਧੇਰੀਆਂ ਇਨ ਪੁਟਸ ਦੀ ਕੀਮਤ ਵਿੱਚ ਵਾਧਾ ਹੋਣ ਕਾਰਨ ਸਾਲ 1973-74 ਵਿੱਚ ਉਪਜ ਦੀ ਦਰ ਹੋਰ ਵੱਧ ਗਈ। ਅੱਗੋਂ 10.48 ਪ੍ਰਤੀ ਇਨਸਾਨੀ ਹੈਵਾਨੀ ਮਜ਼ਦੂਰੀ ਵਿੱਚ, 29 ਪ੍ਰਤੀਸ਼ਤ ਬੀਜ ਵਿੱਚ, 5 ਪ੍ਰਤੀਸ਼ਤ ਖਾਦ ਵਿੱਚ 25 ਪ੍ਰਤੀਸ਼ਤ ਸਿੰਜਾਈ ਅਤੇ ਸਿੰਜਾਈ ਸਟਰਕਚਰ ਵਿੱਚ ਅਤੇ 15 ਪ੍ਰਤੀਸ਼ਤ ਫਾਰਮ ਮਸ਼ੀਨਰੀ ਵਿੱਚ ਵਾਧਾ ਹੋਇਆ। ਇਸ ਤੋਂ ਇਲਾਵਾ ਪਿਛਲੀ ਉਪਜ ਪੱਧਰ ਨੂੰ ਕਾਇਮ ਰੱਖਣ ਲਈ 28.41 ਰੁ: ਦਾ ਫਾਲਤੂ ਖਰਚਾ ਖਾਦ ਉੱਤੇ, 5 ਰੁ: ਜ਼ਿੰਕ ਸਲਫੇਟ ਅਤੇ 10 ਰੁ: ਕੀੜੇ ਮਾਰ ਦਵਾਈਆਂ ਅਤੇ ਹਾਨੀ ਕਾਰਕ ਪੌਦਿਆਂ ਤੇ ਵਾਧੂ ਖਰਚ ਕਰਨਾ ਪੈਂਦਾ ਹੈ। ਪੰਜਾਬ ਸਰਕਾਰ ਨੇ 1.50 ਪੈਸੇ ਪ੍ਰਤੀ ਕੁਇੰਟਲ ਢੋ-ਢੁਆਈ ਅਤੇ 10 ਪ੍ਰਤੀਸ਼ਤ ਖ਼ਤਰੇ ਨੂੰ ਰੋਕਣ ਲਈ ਕਿਸਾਨਾਂ ਨੂੰ ਉਤਸ਼ਾਹ ਦੇਣ ਲਈ ਅਤੇ ਪ੍ਰਬੰਧਕੀ ਖਰਚਿਆਂ ਲਈ ਹੋਰ ਨਿਸਚਿਤ ਕੀਤਾ। ਇਸ ਲਈ ਕਿਸਾਨਾਂ ਨੂੰ ਉਤਸ਼ਾਹ ਪੂਰਬਕ ਨਿਸ਼ਚਿਤ ਕੀਤੀ ਰਕਮ ਨੂੰ ਮਿਲਾਂਦੇ ਹੋਏ ਕਣਕ ਦੀ ਕੀਮਤ ਪ੍ਰਤੀ ਕੁਇੰਟਲ 98 ਰੁ: ਬਣਦੀ ਹੈ। ਪੰਜਾਬ ਸਰਕਾਰ ਨੇ ਇਸ ਕਾਰਨ 100 ਰੁ: ਤੋਂ 105 ਰੁ: ਪ੍ਰਤੀ ਕੁਇੰਟਲ ਸਫੇਦ ਮੈਕਸੀਕਨ ਕਿਸਮਾਂ ਦੀ ਕਣਕ ਦੀ ਕੀਮਤ ਅਗਲੇ ਮੌਸਮ ਲਈ ਕਰਨ ਦੀ ਸਿਫਾਰਸ਼ ਕੀਤੀ ਹੈ ।]

Land with Panchayats

***2353 Chaudhri Ram Singh:** Will the Minister of State for Development be pleased to state :—

(a) the area of land with each of the Gram Panchayats in the State at present;

(b) the area of common land in each of the village Panchayats?

Sardar Santokh Singh Randhawa : There are 9,430 Panchayats covering 12,992 villages and 7,36.919 acres of Shamilat land in the State. To obtain village-wise and Panchayat-wise information is a huge task which will take a very long time. The time and labour involved in collecting the information will not be incommensurate with any benefit to be obtained. A statement showing the District-wise information is laid on the Table of the House.

[ਪੰਜਾਬ ਭਰ ਵਿੱਚ 9,430 ਗ੍ਰਾਮ ਪੰਚਾਇਤਾਂ ਹਨ, ਅਤੇ ਇਨ੍ਹਾਂ ਵਿਚ 12,992 ਪਿੰਡ ਸ਼ਾਮਲ ਹਨ ਪੰਚਾਇਤਾਂ ਅਧੀਨ ਕੁਲ ਸ਼ਾਮਲਾਤ ਦਾ ਰਕਬਾ 7,36,919 ਏਕੜ ਹੈ। ਪਿੰਡਵਾਰ ਅੰਕੜੇ ਇਕੱਤਰ ਕਰਨ

ਵਿਚ ਬਹੁਤ ਸਮਾਂ ਅਤੇ ਮਿਹਨਤ ਦਰਕਾਰ ਹੋਵੇਗੀ, ਜਿਸ ਅਗੇ ਪ੍ਰਾਪਤ ਹੋਣ ਵਾਲੇ ਲਾਭ ਦੀ ਕੋਈ ਵੁਕਤ ਨਹੀਂ ਜਾਪਦੀ । ਤਾਹਮ ਜ਼ਿਲ੍ਹਾਵਾਰ ਅੰਕੜਿਆਂ ਦਾ ਵਿਵਰਣ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।]

STATEMENT

Serial No.	Name of District	Total area of Shamilat Land in acres
1	Patiala	94,219
2	Sangrur	50,437
3	Bhatinda	56,977
4	Rupar	49,232
5	Ferozepur	87,045
6	Kapurthala	30,858
7	Amritsar	70,196
8	Gurdaspur	84,895
9	Hoshiarpur	1,24,570
10	Jullundur	39,410
11	Ludhiana	49,080
12	Faridkot	The figures of Shamilat Land relating to Farikdot District are not available in this office because this District has been formed taking some part of Bhatinda and Ferozepur Districts respectively. However, the figures have been included in Bhatinda and Ferozepur Districts.
	Total	7,36,919

Conversion of some villages of Balachaur Block into Model Grams

***2213. Master Dalip Chand :** Will the Minister of State for Development be pleased to state whether work in some villages in Balachaur Block for their conversion into Model grams was started but later left incomplete. If so, whether the Government propose to spend the balance of the allotted amount on the completion of the work in the said villages; if not, the reasons therefor ?

Sardar Santokh Singh Randhawa : Ten villages in Balachaur Block were selected for conversion into Model Villages. The work in six villages

[Minister of State for Development]

has been completed, in two villages it is likely to be completed by 31st March, 1974 ; while in the remaining two villages it will be completed during 1974-75.

[ਜੀ ਹਾਂ ਬਲਾਚੌਰ ਬਲਾਕ ਵਿੱਚ 10 ਪਿੰਡ ਮਾਡਲ ਗਰਾਮ ਬਣਾਉਣ ਲਈ ਚੁਣੇ ਗਏ ਸਨ, 6 ਪਿੰਡਾਂ ਵਿੱਚ ਕੰਮ ਪੂਰਾ ਹੋ ਚੁੱਕਾ ਹੈ ਅਤੇ 2 ਵਿੱਚ ਕੰਮ 31 ਮਾਰਚ, 1974 ਤੀਕ ਪੂਰਾ ਹੋ ਜਾਵੇਗਾ। ਜਦੋਂ ਕਿ ਬਾਕੀ ਦੋ ਪਿੰਡਾਂ ਵਿੱਚ ਕੰਮ 1974-75 ਵਿੱਚ ਪੂਰਾ ਹੋਵੇਗਾ ।]

Poultry Farms

*2355. **Chaudhri Ram Singh** : Will the Minister of State for Development be pleased to state :—

(a) the names of places considered suitable for starting Poultry Farming in the State ;

(b) the names of the places where the Government have started or proposed to start more Poultry Farms in the State ?

Sardar Santokh Singh Randhawa : (a) Ordinarily all Towns and Villages connected by rail or road with the cities in the State are considered suitable.

(b) (1) Gurdaspur.
(2) Patiala.
(3) Malerkotla.
(4) Jullundur.
(5) Kot Kapura.
(6) Chhajju Majra, near Mohali (proposed to be set up during the Fifth Five Year Plan).

[(ੳ) ਆਮ ਤੌਰ ਤੇ ਰਾਜ ਦੇ ਸਾਰੇ ਕਸਬੇ ਤੇ ਪਿੰਡ, ਜੋ ਸ਼ਹਿਰਾਂ ਨਾਲ ਰੇਲ ਜਾਂ ਸੜਕ ਨਾਲ ਜੁੜੇ ਹੋਣ ।

(ਅ) (1) ਗੁਰਦਾਸਪੁਰ
(2) ਪਟਿਆਲਾ
(3) ਮਾਲੇਰਕੋਟਲਾ
(4) ਜਲੰਧਰ
(5) ਕੋਟ ਕਪੂਰਾ
(6) ਛੱਜੂ ਮਾਜਰਾ, ਮੁਹਾਲੀ ਦੇ ਨੇੜੇ (ਪੰਜਵੀਂ ਪੰਜ ਸਾਲਾ ਯੋਜਨਾ ਵਿਚ ਚਾਲੂ ਕੀਤੇ ਜਾਣ ਦੀ ਤਜਵੀਜ਼ ਹੈ ।)

Abiana charged for Lift Irrigation being done by pumping sets in certain Villages of Tehsil Mansa

*2253. **Sardar Balwinder Singh Bhunder** : Will the Minister of State for Irrigation and Power be pleased to state whether any abiana is at present charged for lift irrigation being done by pumping sets in those

villages of tehsil Mansa which fall on both sides of river ghaggar; if so, the reasons therefor ?

Sardar Gurbakhsh Singh Sibia : Yes, Sir. The Abiana is charged in accordance with the provisions of Northern India Canal and Drainage Act VIII of 1873, which define all parts of a river, stream, lake or natural collection of water as a canal.

[ਹਾਂ ਜੀ । ਇਹ ਆਬਿਆਨਾ ਨਾਰਦਰਨ ਇੰਡੀਆ ਕੈਨਾਲ ਅਤੇ ਡਰੇਨੇਜ ਐਕਟ 8 ਆਫ 1873 ਦੇ ਤਹਿਤ ਲਿਆ ਜਾਂਦਾ ਹੈ । ਇਸ ਐਕਟ ਵਿਚ ਦਿਤੀ ਗਈ ਪਰੀਭਾਸ਼ਾ ਅਨੁਸਾਰ ਕਿਸੇ ਦਰਿਆ, ਨਦੀ, ਝੀਲ ਦੇ ਕਿਸੇ ਭਾਗ ਜਾਂ ਕੁਦਰਤੀ ਪਾਣੀ ਦੇ ਅੰਕਣ ਨੂੰ "ਨਹਿਰ" ਦਸਿਆ ਗਿਆ ਹੈ।]

Proposed setting up of Civil Supplies Corporation in the State

***2178. Shri Prem Gupta** : Will the Minister of State for Food and Supplies be pleased to state whether the Punjab Government has decided to set up a Civil Supplies Corporation in the State; if so, the details of the functions of the proposed Corporation and the date by which the same will start functioning ?

Sardar Gurdarshan Singh : Yes, Sir. The Punjab State Civil Supplies Corporation Limited will be charged mainly with the functions of procurement, supply and distribution of essential commodities at reasonable rates throughout the year with a view to helping, in particular, weaker sections of society. The Corporation is likely to start functioning very soon.

[ਹਾਂ ਜੀ । ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਿਡ ਦਾ ਮੁੱਖ ਮੰਤਵ ਖਾਸ ਤੌਰ ਤੇ ਕਣਕ ਅਤੇ ਹੋਰ ਅਨਾਜਾਂ ਦੀ ਪ੍ਰਾਪਤੀ ਅਤੇ ਰਾਜ ਦੇ ਆਮ ਲੋਕਾਂ, ਵਿਸ਼ੇਸ਼ ਕਰਕੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਸਹਾਇਤਾ ਵਜੋਂ ਸਾਰਾ ਸਾਲ ਜ਼ਿੰਦਗੀ ਦੀਆਂ ਜ਼ਰੂਰੀ ਵਸਤਾਂ ਦੀ ਸਪਲਾਈ ਅਤੇ ਜਾਇਜ਼ ਭਾਅ ਤੇ ਵੰਡ ਕਰਨਾ ਹੋਵੇਗਾ । ਆਸ ਹੈ ਕਿ ਇਹ ਕਾਰਪੋਰੇਸ਼ਨ ਆਪਣਾ ਕੰਮ ਛੇਤੀ ਸ਼ੁਰੂ ਕਰ ਦੇਵੇਗੀ ।]

Coal Reserve in the State

***2179. Shri Prem Gupta** : Will the Minister of State for Food and Supplies be pleased to state whether the Punjab Government has decided to set up Coal reserve in the State, if so, the progress achieved in this regard so far ?

Sardar Gurdarshan Singh : (i) Not as yet.

(ii) The matter is under examination.

[1. ਅਜੇ ਨਹੀਂ ।

2. ਮਾਮਲਾ ਵਿਚਾਰ ਅਧੀਨ ਹੈ ।]

Quantity of soft coke sponsored by the Government

***2180. Shri Prem Gupta** : Will the Minister of State for Food and Supplies be pleased to state—

(a) the total quantity of soft coke sponsored by the Punjab Government from 1st April, 1973 to 31st December, 1973 ;

(b) the total quantity of soft coke received in the State against the sponsored quantity ?

Sardar Gurdarshan Singh : (a) 13,500 wagons.

(b) 3,650 wagons.

[(ੳ) 13,500 ਵੈਗਨ

(ਅ) 3,650 ,,]

—·—

Bonus Paid to Land-Owners

***2300, (1) Sardar Jasdev Singh Sandhu**
(2) Sardar Balwinder Singh Bhunder
(3) Sardar Gurdev Singh Badal
(4) Sardar Dhanna Singh Gulshan
} Will the Minister of

State for Food and Supplies be pleased to state whether the amounts of bonus have since been paid to the land-owners who sold their wheat to the Government in all the districts of the State upto 31st December, 1973, if not, the reasons therefor?

Sardar Gurdarshan Singh ; Bonus was admissible on wheat sold to Government agencies during the period from 1st April, 1973 to 31st October, 1973. The amount of bonus accruing on wheat sold from 17th September, 1973 to 31st october, 1973, was paid in cash alongwith the cost of wheat and that accruing on wheat sold from 1st April 1973 to 15th September, 1973 has been/is being paid in the form of coupons against which cash or fertilizer can be obtained by the coupon holders. The detail of the bonus disbursed is as under:—

Amount of bonus disbursed in cash alongwith cost of wheat purchased from 17th September, 1973 to 31st October, 1973	**Amount of bonus disbursed through coupons up to 18th February, 1974 on wheat procured between 1st April, 1973 and 15th September, 1973**	
	In the shape of fertilizers	In cash
Rs. 23.06 lacs	Rs 73.94 lacs	Rs 1,213.03 lacs

2. As against Rs. 1,325 lacs, the amount so far paid is Rs. 1,310 lacs and a balance of only about Rs. 15 lacs remains to be paid. This work is being done on top priority basis and is expected to be completed soon.

No-availability of some of the sellers of wheat and lack of verification of claims of some others are the main reasons for the non-clearance of the remaining bonus amount so far.

[ਬੋਨਿਸ ਉਸ ਕਣਕ ਤੇ ਮਿਲਣਯੋਗ ਸੀ ਜੋ ਸਰਕਾਰੀ ਏਜੈਂਸੀਆਂ ਨੂੰ 1-4-73 ਤੋਂ 31-10-73 ਤਕ ਦੇ ਸਮੇਂ ਦੇ ਦੌਰਾਨ ਵੇਚੀ ਗਈ । 17-9-73 ਤੋਂ 31-10-73 ਤਕ ਵੇਚੀ ਗਈ ਕਣਕ ਤੇ ਬਣਦਾ ਬੋਨਸ ਕਣਕ ਦੀ ਕੀਮਤ ਦੇ ਨਾਲ ਹੀ ਨਕਦ ਦਿਤਾ ਗਿਆ ਅਤੇ 1-4-73 ਤੋਂ 15-9-73 ਦੇ ਵਿਚਕਾਰ ਵੇਚੀ ਕਣਕ ਤੇ ਬੋਨਸ ਕੂਪਨਾਂ ਦੀ ਸ਼ਕਲ ਵਿਚ ਦਿਤਾ ਗਿਆ ਹੈ/ਦਿਤਾ ਜਾ ਰਿਹਾ ਹੈ ਜਿਨ੍ਹਾਂ ਦੇ ਬਦਲੇ ਨਕਦੀ ਜਾਂ ਖਾਦ ਪ੍ਰਾਪਤ ਕੀਤੀ ਜਾ ਸਕਦੀ ਹੈ । ਜੋ ਬੋਨਸ ਦਿਤਾ ਗਿਆ ਹੈ ਉਸ ਦਾ ਵੇਰਵਾ ਹੇਠ ਅਨੁਸਾਰ ਹੈ:—

17-9-73 ਤੋਂ 31-10-73 ਤਕ ਖਰੀਦੀ ਗਈ ਕਣਕ ਤੇ ਬੋਨਸ ਦੀ ਰਕਮ ਜੋ ਕਣਕ ਦੀ ਕੀਮਤ ਨਾਲ ਦਿਤੀ ਗਈ	1-4-73 ਤੋਂ 15-9-73 ਤਕ ਖਰੀਦੀ ਗਈ ਕਣਕ ਤੇ 18-2-74 ਤਕ ਦਿਤੇ ਗਏ ਬੋਨਸ ਦੀ ਰਕਮ	
	ਖਾਦ ਦੀ ਸ਼ਕਲ ਵਿਚ	ਨਕਦ
23-06 ਲਖ ਰੁਪਏ	73.94 ਲੱਖ ਰੁ:	1213.03ਲੱਖ ਰੁਪਏ

2. 1325 ਲੱਖ ਰੁਪਏ ਦੇ ਵਿਰੁਧ 1310 ਲੱਖ ਰੁਪਏ ਦੀ ਰਕਮ ਦੀ ਅਦਾਇਗੀ ਕੀਤੀ ਜਾ ਚੁਕੀ ਹੈ ਅਤੇ ਕੇਵਲ ਲਗਭਗ 15 ਲੱਖ ਰੁਪਏ ਦੀ ਅਦਾਇਗੀ ਬਕਾਇਆ ਰਹਿੰਦੀ ਹੈ । ਇਹ ਕੰਮ ਸਰਵ ਪ੍ਰਥਮ ਪਹਿਲ ਦੇ ਕੇ ਕੀਤਾ ਜਾ ਰਿਹਾ ਹੈ ਅਤੇ ਛੇਤੀ ਹੀ ਮੁਕੰਮਲ ਹੋ ਜਾਣ ਦੀ ਆਸ ਹੈ । ਕੁਝ ਕਣਕ ਵੇਚਣ ਵਾਲਿਆਂ ਦਾ ਨਾਂ ਮਿਲ ਸਕਣਾ ਅਤੇ ਕੁਝ ਦੂਜਿਆਂ ਦੇ ਕਲੇਮ ਦੀ ਪੜਤਾਲ ਨਾ ਹੋ ਸਕਣਾ ਹੁਣ ਤਕ ਇਸ ਬਕਾਇਆ ਬੋਨਸ ਦੀ ਰਕਮ ਦੇ ਨਾ ਦਿਤੇ ਜਾਣ ਦੇ ਵੱਡੇ ਕਾਰਨ ਹਨ ।]

Appointment of Director of Prosecution Branch

***2254. Sardar Balwinder Singh Bhunder** : Will the Chief Minister be pleased to state—

(a) whether the post of Director of Prosecution Branch has been filled, if so, when ?

(b) if the answer to part (a) above be in the affirmative, the reasons for not taking away the said branch from the jurisdiction of the I.G. Police so far ?

Giani Zail Singh : (a) Yes, on 28th February, 1973 (A.N.)

(b) Police Prosecutors in districts were placed under the administrative control of the Director of Prosecution on 28th June, 1973 though they continued to be borne on the cadre of the Police Department pending formal transfer of their services to the Prosecution Directorate. The procedural formalities will be completed as early as possible.

[ਮੁੱਖ ਮੰਤਰੀ]

[(ੳ) ਹਾਂ ਜੀ, 22 ਫਰਵਰੀ, 1973 (ਬਾਅਦ ਦੁਪਹਿਰ) ਨੂੰ ।

(ਅ) ਜ਼ਿਲ੍ਹਿਆਂ ਦੇ ਪੁਲਿਸ ਪਰਾਸੀਕਿਊਟਰਜ਼ ਨੂੰ 28 ਜੂਨ, 1973 ਤੋਂ ਡਾਇਰੈਕਟਰ ਪਰਾਸੀ-ਕਿਊਸ਼ਨ ਦੇ ਪ੍ਰਸ਼ਾਸਨੀ ਪ੍ਰਬੰਧ ਅਧੀਨ ਕਰ ਦਿੱਤਾ ਗਿਆ ਹੈ ਭਾਵੇਂ ਉਹ ਪੁਲਿਸ ਵਿਭਾਗ ਤੋਂ ਬਦਲੀ ਕਰਨ ਦੇ ਹੁਕਮਾਂ ਤੀਕ ਪੁਲਿਸ ਦੇ ਕਾਡਰ ਤੇ ਹੀ ਚਲ ਰਹੇ ਹਨ । ਇਨ੍ਹਾਂ ਨੂੰ ਪਰਾਸੀਕਿਊਟਿੰਗ ਵਿਭਾਗ ਵਿਚ ਭੇਜਣ ਵਾਸਤੇ ਪਰੋਸੀਜਰਲ ਫਾਰਮੈਲੀਟੀਜ਼ (procedural formalities) ਛੇਤੀ ਮੁਕੰਮਲ ਕਰ ਲਈਆਂ ਜਾਣਗੀਆਂ ।

Abolition of Post of Executive Magistrate, Tarn Taran

***2284. (1) Comrade Mehtab Singh Nokerian (2) Comrade Satya Pal Dang** : Will the Chief Minister be pleased to state—

(a) whether it is a fact that from 1966 to July, 1972 the Sub-Divisional Officer at Tarn Taran used to be assisted by an Executive Magistrate ;

(b) whether the post of the latter was abolished in July, 1972 or there about ; if so, the reasons for this abolition ;

(c) whether the Chief Secretary received any representation, dated January 11, 1974 from the Area Committee, C.P.I., Sarhali signed by Shri Braham Dutt regarding the inconvenience caused to the public as a result of abolition of the said post ; if so, a copy of the same alongwith the action taken thereon be laid on the Table of the House?

Giani Zail Singh : (a) Certain *ad hoc* posts of Extra Assistant Commissioners (Under Training) including that of Extra Assistant Commissioner (Under Training) Tarn Taran, were created to absorb surplus P.C.S. Officers, as more P.C.S. Officers had been allocated to Punjab State at the time of re-organisation than the actual number of sanctioned posts. The designation of this post was subsequently changed to that of Executive Magistrate, Tarn Taran.

(b) No, Sir.

(c) Yes, Sir. A copy of the representation, alongwith the action taken thereon, is laid on the Table of the House.

[(ੲ) ਕਿਉਂ ਜੋ ਪੰਜਾਬ ਦੇ ਪੁਨਰਗਠਨ ਸਮੇਂ ਪੀ. ਸੀ. ਐਸ. ਦੇ ਕਾਡਰ ਦੀਆਂ ਮਨਜ਼ੂਰ ਆਸਾਮੀਆਂ ਤੋਂ ਵਾਧੂ ਪੀ. ਸੀ. ਐਸ. ਅਫ਼ਸਰ ਪੰਜਾਬ ਰਾਜ ਨੂੰ ਐਲੋਕੇਟ ਹੋ ਗਏ ਸਨ, ਇਸ ਲਈ ਅਜਿਹੇ ਫਾਲਤੂ ਪੀ. ਸੀ. ਐਸ. ਅਫ਼ਸਰਾਂ ਨੂੰ ਖਪਤ ਕਰਨ ਲਈ ਕੁਝ ਅਧਿਕ ਸਹਾਇਕ ਕਮਿਸ਼ਨਰਾਂ (ਟਰੇਨਿੰਗ ਅਧੀਨ), ਜਿਸ ਵਿੱਚ ਅਧਿਕ ਸਹਾਇਕ ਕਮਿਸ਼ਨਰ (ਟਰੇਨਿੰਗ ਅਧੀਨ), ਤਰਨ ਤਾਰਨ, ਦੀ ਆਸਾਮੀ ਵੀ ਸ਼ਾਮਲ ਸੀ, ਤਦ-ਅਰਥ ਆਧਾਰ ਤੇ ਰਚੀਆਂ ਗਈਆਂ ਸਨ । ਇਸ ਆਸਾਮੀ ਦਾ ਪਦ-ਨਾਮ ਬਾਦ ਵਿੱਚ ਬਦਲ ਕੇ ਕਾਰਜਕਾਰੀ ਮੈਜਿਸਟਰੇਟ, ਤਰਨ ਤਾਰਨ ਕਰ ਦਿੱਤਾ ਗਿਆ ।

(ਬੀ) ਨਹੀਂ ਜੀ ।

(ਸੀ) ਹਾਂ ਜੀ । ਪ੍ਰਤੀ ਬੇਨਤੀ ਦੀ ਇੱਕ ਨਕਲ, ਇਸ ਤੇ ਕੀਤੀ ਗਈ ਕਾਰਵਾਈ ਸਹਿਤ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ]

Copy of representation dated the 11th January, 1974, from Com. Braham Dutt, V & PO Naushehra Panuan, Teh. Tarn Taran (Amritsar), Office of Area Committee, CPI Sarhali (Amritsar), addressed to the Chief Secretary to Government of Punjab, Chandigarh.

May I take this opportunity in bringing out the following few facts into your kind consideration :

1. That Tarn Taran Tehsil is bigger in area and population than Kapurthala/Ropar Districts.

2. That from 1966 Tarn Taran Sub-Division was manned by Sub-Divisional Magistrate who was assistted by an Executive Magistrate.

3. That since the transfer of Shri P. S. Bedi, EMIC, Tarn Taran in July, 1972, this post has been abolished and at present for all intents and purposes, the S.D.M. is functioning.

4. That now a days Tehsildar , Tarn Taran/Naib Tehsildars are engaged in collection of Govt. recoveries and the S.D.M. sits for only 3 days in a week.

5. That the Public has to face great difficulties and harassment and they have to spend months together to get their work done.

6. That if there is an E.M.I.C., the said Officer would be in a position to work for S.D.M., in his absence as was done previously i.e. before the said post was abolished.

7. It is pity that Kapurthala and Ropar Districts have got District Magistrates/Sub-Divisional Magistrate/Executive Magistrates but Tarn Taran which is bigger in area and population and is also a Border Sub-Division have been ignored of such facilities.

8. It is, therefore, requested that an Executive Magistrate's post may kindly be re-started.

Action taken

Due to shortage of P.C.S. Officers, many regular posts in the P.C.S. cadre are lying vacant. It has, therefore, been decided to keep some of the posts of Executive Magistrates, sanctioned for District/Sub-Divisional headquarters vacant, till availability position of officers improves. The work of this post is being attended to by the Sub-Divisional Magistrate, Tarn Taran.

2. It may, however, be mentioned that no Officer has been posted as Executive Magistrate in Kaputhala/Ropar districts.

[ਕੀਤੀ ਗਈ ਕਾਰਵਾਈ

ਪੀ. ਸੀ. ਐਸ. ਅਫਸਰਾਂ ਦੀ ਥੁੜ ਕਾਰਣ ਪੀ. ਸੀ. ਐਸ. ਕਾਡਰ ਦੀਆਂ ਕਈ ਨਿਯਮਤ ਆਸਾਮੀਆਂ ਖਾਲੀ ਪਈਆਂ ਹਨ । ਇਸ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਜ਼ਿਲ੍ਹਾ/ਉਪ-ਮੰਡਲ ਸਦਰਮੁਕਾਮਾਂ ਤੇ ਕਾਰਜਕਾਰੀ ਮੈਜਿਸਟਰੇਟਾਂ ਦੀਆਂ ਕੁਝ ਮਨਜ਼ੂਰ-ਸ਼ੁਦਾ ਆਸਾਮੀਆਂ ਨੂੰ ਉਸ ਸਮੇਂ ਤੱਕ ਖਾਲੀ ਰੱਖਿਆ ਜਾਵੇ, ਜਦੋਂ ਤੱਕ ਕਿ ਅਫਸਰਾਂ ਦੀ ਉਪਲਬਧਤਾ ਦੀ ਸਥਿਤੀ ਵਿੱਚ ਸੁਧਾਰ ਨਹੀਂ ਹੋ ਜਾਂਦਾ । ਇਸ ਆਸਾਮੀ ਦਾ ਕੰਮ ਉਪ-ਮੰਡਲ ਮੈਜਿਸਟਰੇਟ, ਤਰਨ ਤਾਰਨ ਦੁਆਰਾ ਕੀਤਾ ਜਾ ਰਿਹਾ ਹੈ ।

[ਮੁੱਖ ਮੰਤਰੀ]

2. ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਕਪੂਰਥਲਾ/ਰੋਪੜ ਜ਼ਿਲ੍ਹਿਆਂ ਵਿੱਚ ਕਿਸੇ ਵੀ ਅਫਸਰ ਨੂੰ ਕਾਰਜਕਾਰੀ ਮੈਜਿਸਟਰੇਟ ਨਿਯੁਕਤ ਨਹੀਂ ਕੀਤਾ ਗਿਆ ਹੈ।]

Striking Employees cane-charged at Nawan Shehar on 9th January, 1974

***2484. Comrade Arjan Singh Mastana :** Will the Chief Minister be pleased to state whether it is a fact that some police officer cane-charged the peaceful strikers on the 9th January, 1974 at Nawan Shehar ; if so, the name of the officer concerned and the reasons for which he took this step ?

ਗਿਆਨੀ ਜ਼ੈਲ ਸਿੰਘ: ਨਹੀਂ ਜੀ, ਕੇਨ ਚਾਰਜ ਤਾਂ ਕੋਈ ਨਹੀਂ ਹੋਇਆ ਪ੍ਰੰਤੂ ਕੁਝ ਮੁਲਾਜ਼ਮਾਂ, ਜਿਹੜੇ ਕਿ ਪਾਵਰ ਹਾਊਸ ਤੋਂ ਬਾਹਰ ਸੜਕ ਰੋਕੀ ਖੜ੍ਹੇ ਸਨ ਅਤੇ ਲੜਕੀਆਂ ਨੂੰ ਸਕੂਲ ਜਾਣ ਤੋਂ ਰੋਕ ਰਹੇ ਸਨ, ਨੂੰ ਐਸ. ਐਚ. ਓ, ਨਵਾਂ ਸ਼ਹਿਰ ਨੇ ਪਾਵਰ ਹਾਊਸ ਦੇ ਗੇਟ ਦੇ ਅੰਦਰ ਧੱਕਵਾ ਦਿੱਤਾ। ਐਸ. ਐਚ. ਓ. ਦਾ ਨਾਮ ਹਰਜੀਤ ਸਿੰਘ ਹੈ।

Shortage of Steam Coal, Pig Iron and Steel and difficulties experienced by industrial units of Batala

***2151. 1. Comrade Mehtab Singh Nokerian**
2. Comrade Satya Pal Dang } Will the Chief Minister be pleased to state :

(a) whether it is a fact that some 1,000 industrial units of Batala faced great difficulty in December, 1973 or thereabout due to acute shortage of steam coal, pig iron and steel ; if so, the exact nature and cause of the said shortage ;

(b) the steps taken, if any, to improve the situation?

Giani Zail Singh : (a) It is correct that the Industrial Units of Batala as well as of other places in the State were hit hard due to the shortage of raw-materials, particularly steam coal and hard coke caused by the locomen's strike in the month of December, 1973.

(b) The railway authorities were approached to accelerate the movement of coal wagons.

[(ੳ) ਇਹ ਠੀਕ ਹੈ ਕਿ ਬਟਾਲੇ ਅਤੇ ਸੂਬੇ ਦੇ ਹੋਰ ਥਾਵਾਂ ਦੀਆਂ ਉਦਯੋਗਿਕ ਇਕਾਈਆਂ ਨੂੰ ਕੱਚੇ ਮਾਲ ਦਾ ਖਾਸ ਕਰਕੇ ਸਟੀਮ ਕੋਲ ਅਤੇ ਹਾਰਡ ਕੋਕ ਦੀ ਥੁੜ ਦਾ ਲੋਕੋਮੈਨ ਦਾ ਦਸੰਬਰ, 1973 ਵਿੱਚ ਹੜਤਾਲ ਕਾਰਨ ਕਠਨਾਈ ਦਾ ਸਾਹਮਣਾ ਕਰਨਾ ਪਿਆ।

(ਅ) ਕੋਲੇ ਦੀਆਂ ਵੈਗਨਾਂ ਦੀ ਸਪਲਾਈ ਤੇਜ਼ ਕਰਨ ਲਈ ਰੇਲਵੇ ਅਥਾਰਟੀਜ਼ ਨੂੰ ਬੇਨਤੀ ਕੀਤੀ ਗਈ ਸੀ।]

Weaving Industrial units registered under the factories Act, and Punjab Shops and Commercial Establishments Act.

*2152. 1. **Comrade Mehtab Singh Nokerian**
2. **Comrade Satya Pal Dang** : Will the Chief Minister be pleased to state:—

(a) the number of weaving industrial units in Amritsr registered under the Factories Act 1948 as on 31st December, 1973;

(b) the number of such industrial units of those mentioned in part (a) above which were working and of those which were lying closed on the said date;

(c) the number of weaving industrial units registered under the Punjab Shops and Commercial Establishments Act as on 31st December, 1973 ;

(d) the number of such industrial units of those mentioned in part (c) above which were working and of those which were lying closed on the said date ?

Shri Hans Raj Sharma (Finance Minister) : (a) 393.

(b) 372 and 21, respectively.

(c) 374 in Amritsar.

(d) (i) Working units 374.

(ii) Closed Nil.

[(ੳ) 393.

(ਅ) 372, ਅਤੇ 21 ਕ੍ਰਮਵਾਰ ।

(ੲ) 374 ਅੰਮ੍ਰਿਤਸਰ ਵਿਖੇ ।

(ਸ) 1. ਚਲ ਰਹੇ ਯੂਨਿਟ 374.

2. ਬੰਦ ਯੂਨਿਟ ਨਿਲ ।]

Winding up of Rehabilitation Department

*2194. **Comrade Shamsher Singh Josh** : Will the Minister for Revenue and Elections be pleased to state whether the State Government has decided to wind up the Rehabilitation Department ; if so, the steps being taken in this regard ?

Sardar Umrao Singh : The matter is under the consideration of Government. As soon as the entire surplus rural and urban evacuee properties and agricultural land, taken over from the Central Government in the package deals of 1961 and 1963 and the Administrative and Financial Arrangement of 1970, are disposed of and the arrears of urban and rural rents are liquidated the Department will be wound up.

[ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਪਰੰਤੂ ਜਿਵੇਂ ਹੀ ਸਾਰੀਆਂ ਵਾਫਰ ਪੇਂਡੂ ਤੇ ਸ਼ਹਿਰੀ ਨਿਕਾਸੀ ਜਾਇਦਾਦਾਂ ਤੇ ਭੋਂ, ਜੋ ਕੇਂਦਰੀ ਸਰਕਾਰ ਤੋਂ 1961 ਤੇ 1963 ਦੇ ਪੈਕਿਜ- ਡੀਲ ਤੇ 1970 ਦੇ ਐਡਮਨਿਸਟ੍ਰੇਟਿਵ ਤੇ ਫਨਾਨਸ਼ੱਲ ਅਰੇਂਜਮੇਂਟ ਰਾਹੀਂ ਲਈਆਂ ਹਨ ਵਿੱਕ ਜਾਣਗੀਆਂ ਤੇ ਸ਼ਹਿਰੀ ਤੇ ਪੇਂਡੂ ਨਿਕਾਸੀ ਜਾਇਦਾਦਾਂ ਆਦਿ ਦੇ ਬਕਾਇਆ ਕਰਾਏ ਉਗਰਾਹੇ ਜਾਣਗੇ, ਮਹਿਕਮੇ ਨੂੰ ਬੰਦ ਕਰ ਦਿੱਤਾ ਜਾਵੇਗਾ ।]

Consolidation operations in village Boparai Kalan, District Ludhiana

*2433. **Giani Arjan Singh Litt** : Will the Minister for Revenue and Elections be pleased to state :—

(a) the reasons for which the consolidation operations have been suspended for the last 12 years in village Boparai Kalan, Tehsil Jagraon, District Ludhiana ;

(b) the time by which it is likely to be started again ?

Sardar Umrao Singh : (a) Due to the non-co-operation of the right-holders and the legal and technical difficulties that have arisen out of the orders passed by the Director, Consolidation U/s 42 of the Consolidation Act.

(b) Immediately after solving the difficulties .

[(ੲ) ਹੱਕਦਾਰਾਨ ਦੇ ਨਾ-ਮਿਲਵਰਤਨ ਅਤੇ ਡਾਇਰੈਕਟਰ, ਚੱਕਬੰਦੀ ਦੇ ਚੱਕਬੰਦੀ ਐਕਟ ਦੀ ਧਾਰਾ 42 ਅਧੀਨ ਕੀਤੇ ਗਏ ਹੁਕਮਾਂ ਦੇ ਫਲਸਰੂਪ ਉਤਪੰਨ ਹੋਈਆਂ ਕਾਨੂੰਨੀ ਅਤੇ ਤਕਨੀਕੀ ਔਕੜਾਂ ਕਾਰਨ ।

(ਬੀ) ਔਕੜਾਂ ਹਲ ਕਰਨ ਉਪਰੰਤ ਕੰਮ ਤੁਰੰਤ ਸ਼ੁਰੂ ਕੀਤਾ ਜਾਵੇਗਾ ।]

Government Model Middle School, Ludhiana

*2429. **Sardar Basant Singh Khalsa** : Will the Minister for Education be pleased to state:

(a) whether there is any Government Model Middle School in the Punjab Agriculture University Campus, Ludhiana;

(b) whether it was the Branch of Govt. Model High School, Cemetary Road, Ludhiana, if so, the reasons for which it was separated from the said High School ;

(c) whether the said Model Middle School has adequate staff;

(d) the number of Scheduled Caste students in the said school ; class-wise ;

(e) whether it is under the consideration of the Government to upgrade the said School from Middle to High School, if so, when ?

Shri Gurmel Singh : (a) Yes.

(b) Yes. It was separated from the Govt. Model High School, Cemetary Road, Ludhiana, for administrative convenience.

(c) Yes.

(d) Seven (Four in L.K.G., one each in Third, Fourth and Seventh Classes).

(e) Yes. However it is not possible to spell out the time limit.

[(ੳ) ਹਾਂ ਜੀ ।

(ਅ) ਹਾਂ ਜੀ। ਪ੍ਰਬੰਧਕੀ ਸਹੂਲਤ ਲਈ ਇਸ ਨੂੰ ਗੌਰਮਿੰਟ ਮਾਡਲ ਹਾਈ ਸਕੂਲ, ਸਮਿਟਰੀ ਰੋਡ, ਲੁਧਿਆਣਾ ਤੋਂ ਵਖ ਕੀਤਾ ਗਿਆ ।

(ੲ) ਹਾਂ ਜੀ ।

(ਸ) 7 (ਚਾਰ ਲੋਅਰ ਕੇ. ਜੀ. ਵਿਚ ਤੀਸਰੀ, ਚੌਥੀ ਅਤੇ ਸਤਵੀਂ ਕਲਾਸਾਂ ਵਿਚ ਇਕ ਇਕ ।)

(ਹ) ਹਾਂ ਜੀ । ਪਰ ਨਿਸਚਿਤ ਸਮਾਂ ਦਸਣਾ ਸੰਭਵ ਨਹੀਂ ਹੈ]

Schools without furniture etc.

***2195. Comrade Shamsher Singh Josh** : Will the Minister for Education be pleased to state whether the State Government is aware of the existance of a number of Schools without furniture, science laboratories without apparatus, libraries without books all over the State ; if so, the steps proposed to be taken to supply the said items to the schools ?

Shri Gurmel Singh : Schools are provided with funds for purchase of furniture and books and Science apparatus when necessary, and as such there are no schools without these amenities. These amenities are, however, not adequate in all cases and Govt. tries every year to improve these amenities.

[ਲੋੜ ਅਨਸਾਰ ਸਕੂਲਾਂ ਨੂੰ ਫਰਨੀਚਰ, ਕਿਤਾਬਾਂ ਅਤੇ ਸਾਇੰਸ ਦਾ ਸਾਮਾਨ ਖਰੀਦਣ ਵਾਸਤੇ ਫੰਡਜ਼ ਦਿਤੇ ਜਾਂਦੇ ਹਨ। ਇਸ ਲਈ ਸਕੂਲ ਇਨ੍ਹਾਂ ਸਹੂਲਤਾਂ ਤੋਂ ਬਿਨਾਂ ਨਹੀਂ ਹਨ। ਫੇਰ ਵੀ ਸਾਰੇ ਕੇਸਾਂ ਵਿਚ ਇਹ ਸਹੂਲਤਾਂ ਕਾਫੀ ਨਹੀਂ ਹਨ, ਅਤੇ ਸਰਕਾਰ ਹਰ ਸਾਲ ਸਥਿਤੀ ਸੁਧਾਰਨ ਦਾ ਯਤਨ ਕਰਦੀ ਹੈ ।]

QUESTIONS OF PRIVILEGE

Mr. Speaker : On 1st March, 1974, Comrade Shamsher Singh Josh, M.L.A., gave notice of a privilege motion alleging that it had become a general practice with the Punjab Ministers not to acknowledge or

[Mr. Speaker]

send replies to communications received from Legislators with the urgency required as a matter of propriety. He had also quoted certain instances where the communications sent by him to the Chief Minister were not acknowledged.

On the same day, I had stated that I was examining the matter and would give my ruling later.

I have since examined the matter. The position is that in the earlier Sessions also notices of similar privilege motions were received. For example, in the Autumn Session, 1973, on receipt of notice of a privilege motion from Comrade Satya Pal Dang, M.L.A., I had requested the hon. Chief Minister to ensure that the instructions already issued by Government in August, 1954 to all Heads of Departments regarding treatment of communications from Members of the Sabha were strictly complied with. Thereupon, the hon. Chief Minister had replied that the instructions had been reiterated and the departments asked to ensure that these instructions were fully complied with. I have perused the instructions as reiterated in November, 1973 wherein it has been clearly stated that the communications received from the Members should be acknowledged. So the Government instructions are already there. Copies of these instructions had also been endorsed to the Secretaries/Private Secretaries to all Ministers Ministers of State and Deputy Ministers to take action as mentioned in the instructions in regard to the communications addressed by the Member to the Ministers etc.

I would request the hon. Chief Minister to take steps so as to ensure that these instructions are strictly followed both in letter and spirit by all Government Departments. I would also request him to ensure that his own office as well as the staff attached with the other Ministers etc. brings the communications received to the notice of their respective Ministers. The hon. Ministers should then see that prompt action on such communications is taken and these are acknowledged without delay.

As regards the admissibility of the privilege motion given notice of by Comrade Shamsher Singh Josh, M.L.A. no breach of privilege is involved. However, I would like to observe that propriety demands that the communications received from Legislators are acknowledged and replied to by the officers/Ministers concerned. Also the action taken on the communications or representations sent by the Legislators to the Ministers is invariably intimated to them.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਸ ਮਾਮਲੇ ਦੀ ਵਿਸ਼ੇਸ਼ਤਾ ਔਰ ਗੰਭੀਰਤਾ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਨਾ ਸਿਰਫ ਇਹ ਲੈਟਰ ਹੀ ਐਕਨਾਲਿਜ ਕੀਤਾ ਗਿਆ ਬਲਕਿ ਇਸ ਲੈਟਰ ਵਿਚ ਲੈਂਡ ਮਾਰਟਗੇਜ਼ ਬੈਂਕ ਦੇ ਇਕ ਐਮ. ਡੀ. ਦੇ ਖ਼ਿਲਾਫ ਇਨਕੁਆਇਰੀ ਦੀ ਮੰਗ ਕੀਤੀ ਗਈ ਸੀ। ਲੇਕਿਨ ਉਸ ਐਮ. ਐਲ. ਏ. ਨੂੰ ਨਾ ਤਾਂ ਇਨਕੁਆਇਰੀ ਵਿਚ ਐਸੋਸੀਏਟ ਕੀਤਾ ਗਿਆ ਔਰ ਨਾ ਹੀ ਇਨਕੁਆਇਰੀ ਦੀਆਂ ਫਾਈਂਡਿੰਗਜ਼ ਕਨਵੇ ਕੀਤੀਆਂ ਜਾਂਦੀਆਂ ਹਨ। It is a matter which definitely can be sent to the Privileges Committee.

ਸ੍ਰੀ ਸਪੀਕਰ : ਜੋਸ਼ ਜੀ ਮੈਂ ਤੁਹਾਡੇ ਨਾਲ ਸਹਿਮਤ ਹਾਂ। ਇਸ ਲਈ ਹੀ ਮੈਂ ਸੀ. ਐਮ. ਸਾਹਿਬ ਨੂੰ ਰੀਕੁਐਸਟ ਕੀਤੀ ਹੈ ਕਿ ਉਹ ਇਸ ਗਲ ਦਾ ਖਿਆਲ ਰਖਣ। (Josh Ji, I agree with you. That is why, I have requested the Chief Minister to keep this thing in mind)

I have received notice of a Privilege Motion from Comrade Raj Kumar, M.L.A., wherein he has alleged that to-day the Minister for Revenue has given a wrong and misleading reply to Starred Question No. 2354. Following the past practice, I am writing a letter to the Minister concerned asking him to clarify the position. On receipt of his clarification, I will give my ruling.

Comrade Shamsher Singh Josh, M.L.A., has also given notice of a Privilege Motion alleging that the Revenue Minister has made two different statements and thereby misled the House. I am examining the matter and will give my ruling later.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਕ ਪ੍ਰਵਿਲੇਜ ਮੋਸ਼ਨ ਕਿੰਨੇ ਦਿਨ ਹੋ ਗਏ ਦਿਤੀ ਹੈ ....(ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ ਉਸ ਦਾ ਜਵਾਬ ਹਾਲੀ ਤਕ ਨਹੀਂ ਆਇਆ। ਮੈਂ ਕੋਸ਼ਿਸ਼ ਕਰ ਰਿਹਾ ਹਾਂ ਕਿ ਜਵਾਬ ਆ ਜਾਵੇ ਅਤੇ ਮੈਂ ਆਪਣੀ ਰੂਲਿੰਗ ਦੇ ਸਕਾਂ। (ਵਿਘਨ) (Dang Sahib, I have not yet received reply from the Minister concerned. On receipt of his reply I will give my ruling) (*interruptions*)

(ਇਸ ਵਕਤ ਸਰਦਾਰ ਕਰਨੈਲ ਸਿੰਘ ਮਰੜ੍ਹੀ ਅਤੇ ਸਰਦਾਰ ਪ੍ਰੇਮ ਸਿੰਘ ਪ੍ਰੇਮ ਜੀ ਕੁਝ ਬੋਲਣ ਲਈ ਖੜੇ ਹੋ ਗਏ। ਸਪੀਕਰ ਸਾਹਿਬ ਨੇ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੂੰ ਬੋਲਣ ਲਈ ਆਗਿਆ ਦਿਤੀ। ਪਰ ਸਰਦਾਰ ਕਰਨੈਲ ਸਿੰਘ ਮਰੜ੍ਹੀ ਕੁਝ ਬੋਲਣ ਲਗ ਪਏ ਜਿਹੜਾ ਕਿ ਸੁਣਾਈ ਨਹੀਂ ਦੇ ਸਕਿਆ)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਜਿਹੜੀਆਂ ਪ੍ਰਵਿਲੇਜ ਮੋਸ਼ਨਜ਼ ਤੁਸੀਂ ਹੁਣੇ ਪੜ੍ਹੀਆਂ ਹਨ ਉਹ ਹੁਣੇ ਆਈਆਂ ਹਨ ਜਾਂ ਪਹਿਲਾਂ ....(ਵਿਘਨ)

ਸ੍ਰੀ ਸਪੀਕਰ : ਅੱਜ ਹੀ ਆਈਆਂ ਹਨ। ਇਸ ਦੇ ਲਈ ਕੋਈ ਟਾਈਮ ਨਹੀਂ ਹੁੰਦਾ। (These Notices have been received today. Privilege Motions can be taken up at any time.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਅਗੇ ਕੁਝ ਕਨਵੈਨਸ਼ਨਜ਼ ਬਣੀਆਂ ਹੋਈਆਂ ਹਨ .... (ਵਿਘਨ)

ਸ੍ਰੀ ਸਪੀਕਰ : ਪ੍ਰਵਿਲੇਜ ਮੋਸ਼ਨ ਕਿਸੇ ਵੇਲੇ ਵੀ ਆ ਸਕਦੀ ਹੈ। (ਵਿਘਨ) (Privilege Motions can be given notice of at any time) (*interruptions*)

ਸਰਦਾਰ ਗੁਰਦੇਵ ਸਿੰਘ ਸਿੱਧੂ : (ਵਿਘਨ) ** ** (ਵਿਘਨ)

**Expunged as ordered by the Chair.

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (ਵਿਘਨ) (This is no point of order.) *(interruptions.)*

(ਇਸ ਵਕਤ ਕਈ ਆਨਰੇਬਲ ਮੈਂਬਰਜ਼, ਸਰਦਾਰ ਗੁਰਦੇਵ ਸਿੰਘ ਸਿੱਧੂ ਅਤੇ ਸਰਦਾਰ ਜਸਵਿੰਦਰ ਸਿੰਘ ਬਰਾੜ ਅਤੇ ਕੁਝ ਹੋਰ ਬੋਲਣ ਲਗ ਪਏ।) ** ** **

ਸ੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰਜ਼ ਬਗੈਰ ਪਰਮਿਸ਼ਨ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) ਮੈਂ ਕਾਫ਼ੀ ਟਾਈਮ ਜ਼ੀਰੋ ਆਵਰ ਲਈ ਦੇ ਦਿਤਾ ਹੈ। (ਸ਼ੋਰ) (ਵਿਘਨ) ਬਾਦਲ ਸਾਹਿਬ, ਤੁਸੀਂ ਆਪਣੇ ਮੈਂਬਰਜ਼ ਨੂੰ ਸਮਝਾਓ ਕਿ ਹਰ ਵੇਲੇ ਜ਼ੀਰੋ ਆਵਰ ਨਾ ਬਣਾ ਲਿਆ ਕਰਨ। (ਸ਼ੋਰ) (ਵਿਘਨ) ਆਨਰੇਬਲ ਮੈਂਬਰਜ਼ ਪਲੀਜ਼ ਕੋਆਪਰੇਟ, ਕਾਰਵਾਈ ਨੂੰ ਔਬਸਟਰੱਕਟ ਨਾ ਕਰੋ। (Whatever the Hon. Members are saying without the permission of the Chair, should not be recorded. (*interruption*) I have given sufficient time for the Zero Hour (*interruption and noise*) Badal Sahib, you should make the legislators of your party understand that they should not take undue advantage of the Zero Hour. (*interruption and noise*) Hon. Members, please co-operate and do not obstruct the proceedings of the House.)

POINTS REGARDING MAHILPUR AND SULTANPUR LODHI COLLEGES.

आचार्य पृथ्वी सिंह आज़ाद : ** **

ਸ੍ਰੀ ਸਪੀਕਰ: ਤੁਸੀਂ ਇਸ ਬਾਰੇ ਮੋਸ਼ਨ ਲੈ ਆਓ। ਗੌਰਮਿੰਟ ਦੇ ਸਾਹਮਣੇ ਤਾਂ ਇਹ ਸਵਾਲ ਹੈ ਹੀ। ਤੁਹਾਡਾ ਪੁਆਇੰਟ ਆਫ਼ ਆਰਡਰ ਤਾਂ ਬਣਦਾ ਨਹੀਂ ਹੈ। ਤੁਸੀਂ ਤਸ਼ਰੀਫ਼ ਰੱਖੋ। (You may bring a motion in this respect. The Government is already seized of this matter. This is no point of order. You may please resume your seat.)

Acharya Prithvi Singh Azad : Sir, I am, through you, drawing the attention of the Government that the case should be registered not only against the Principal but against the members of the management also who are responsible for terminating their services.

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਇਹ ਮਾਮਲਾ ਬੜਾ ਗੰਭੀਰ ਹੈ ਔਰ ਇਹ ਹੋਰ ਵੀ ਗੰਭੀਰ ਹੁੰਦਾ ਜਾਂਦਾ ਹੈ ਔਰ ਹਾਊਸ ਵਲੋਂ ਇਸ ਮਾਮਲੇ ਤੇ ਬੜੀ ਚਿੰਤਾ ਪ੍ਰਗਟ ਕੀਤੀ ਗਈ ਹੈ। ਅੱਜ ਸਵੇਰ ਦੀ ਮੈਂ ਹੋਸਟਲ ਦੀ ਗੱਲ ਦਸਦਾ ਹਾਂ। ਉਥੇ ਸਰਦਾਰ ਅਜੀਤ ਸਿੰਘ, ਸਾਬਕਾ ਐਮ. ਐਲ. ਏ. ਜਿਹੜੇ ਕਿ ਕਿਸੇ ਵਜ਼ੀਰ ਸਾਹਿਬ ਦੇ ਫਾਦਰ-ਇਨ-ਲਾਅ ਹਨ ਉਹ ਔਰ ਕਾਲਿਜ ਦੇ ਪ੍ਰਿੰਸੀਪਲ

**Not recorded, Expunged as ordered by the Chair.

ਆ ਕੇ ਪ੍ਰਚਾਰ ਕਰਦੇ ਪਏ ਸਨ ਕਿ ਇਹ ਵਿਆਹ ਗਲਤ ਹੋਇਆ ਹੈ। ਇਸ ਲਈ ਮੈਨੂੰ ਇਹ ਖ਼ਦਸ਼ਾ ਹੈ ਕਿ ਉਸ ਅਗਾਂਹ ਵੱਧੂ ਜੋੜੇ ਨਾਲ ਕੋਈ ਧੱਕਾ ਨਾ ਹੋਏ। ਇਸ ਲਈ ਸਰਕਾਰ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਇਹ ਨੌਜਵਾਨਾਂ ਨੇ ਸੁਧਾਰ ਵਾਲੇ ਪਾਸੇ ਕਦਮ ਚੁਕਿਆ ਹੈ, ਇਸ ਲਈ ਸਰਕਾਰ ਨੂੰ ਉਨ੍ਹਾਂ ਨਾਲ ਧੱਕਾ ਨਹੀਂ ਹੋਣ ਦੇਣਾ ਚਾਹੀਦਾ। ਇਹ ਅੱਜ ਸਵੇਰ ਦੀ ਹੋਸਟਲ ਦੀ ਗੱਲ ਹੈ ਜਿਹੜੀ ਮੈਂ ਦੱਸੀ ਹੈ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਸ ਮਾਮਲੇ ਉਤੇ ਜੋ ਆਜ਼ਾਦ ਜੀ ਨੇ ਕਿਹਾ ਹੈ ਉਸ ਨਾਲ ਬਿਲਕੁਲ ਸਹਿਮਤ ਹਾਂ ਔਰ ਮੈਂ ਵੀ ਕਹਾਂਗਾ ਕਿ ਨਾ ਸਿਰਫ਼ ਪ੍ਰਿੰਸੀਪਲ ਦੇ ਖਿਲਾਫ਼ ਬਲਕਿ ਸਾਰੀ ਮੈਨੇਜਮੈਂਟ ਕਮੇਟੀ ਦੇ ਖਿਲਾਫ਼ ਕੇਸ ਰਜਿਸਟਰ ਕੀਤਾ ਜਾਵੇ। ਜੇਕਰ ਕਾਲਜ ਵਾਲੇ ਉਨ੍ਹਾਂ ਨੂੰ ਰੀਇਨਸਟੇਟ ਕਰਨ ਨੂੰ ਨਹੀਂ ਮੰਨਦੇ ਤਾਂ ਸਰਕਾਰ ਉਨ੍ਹਾਂ ਦੀ ਗਰਾਂਟ ਬੰਦ ਕਰ ਦੇਵੇ ਔਰ ਜੇਕਰ ਇਹ ਵੀ ਨਹੀਂ ਕਰਦੀ ਤਾਂ ਇਹ ਗੱਲ ਜਿਹੜੀ ਹੈ ਕਿ ਮਨਿਸਟਰ ਸਾਹਿਬ ਦੇ ਕਹਿਣ ਤੇ ਇਹ ਸਾਰਾ ਕੁਝ ਹੋਇਆ ਹੈ, ਇਹ ਚੀਜ਼ ਕਨਫਰਮ ਹੋ ਜਾਵੇਗੀ। ਸੰਧੂ ਸਾਹਿਬ, ਤੁਸੀਂ ਵੀ ਜ਼ਰਾ ਇਧਰ ਧਿਆਨ ਦਿਉ।

ਸਪੀਕਰ ਸਾਹਿਬ, ਇਹ ਮਸਲਾ ਹੋਰ ਭੀ ਬੜਾ ਗੰਭੀਰ ਹੈ। ਸੁਲਤਾਨਪੁਰ ਦਾ ਜਿਹੜਾ ਕਾਲਜ ਹੈ ਉਸ ਨੂੰ ਸਰਦਾਰ ਆਤਮਾ ਸਿੰਘ ਪ੍ਰਾਈਵੇਟ ਤੌਰ ਤੇ ਚਲਾ ਰਹੇ ਹਨ ** **

PERSONAL EXPLANATION BY SARDAR SADHU SINGH

ਸਰਦਾਰ ਸਾਧੂ ਸਿੰਘ: ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲਾਨੇਸ਼ਨ ਦੇਣਾ ਚਾਹੁੰਦਾ ਹਾਂ। ਮੈਂ ਡਾਂਗ ਸਾਹਿਬ ਦੀ ਵਾਕਫ਼ੀਅਤ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਬੱਚਿਆਂ ਦਾ ਇਹ ਸਾਲ ਜ਼ਾਇਆ ਨਾ ਹੋਵੇ। ਉਥੇ ਝਗੜਾ ਦੋ ਸਾਬਕਾ ਅਕਾਲੀ ਵਜ਼ੀਰਾਂ ਦਾ ਹੈ। ਇਹ ਅਸਲੀਅਤ ਹੈ ਕਿ ਉਥੇ ਇਕ ਵਜ਼ੀਰ ਦਾ ਕਬਜ਼ਾ ਹੈ ਔਰ ਦੂਸਰਾ ਵਜ਼ੀਰ ਚਾਹੁੰਦਾ ਹੈ ਕਿ ਉਸ ਨੂੰ ਉਥੋਂ ਡਿਸਲੋਕੇਟ ਕੀਤਾ ਜਾਵੇ।

ਡਾਂਗ ਸਾਹਿਬ ਖਾਹਮੁਖਾਹ ਜਾ ਕੇ ਆਪਣੀ ਲੱਤ ਅੜਾਉਂਦੇ ਹਨ ਨਹੀਂ ਤਾਂ ਅੱਜ ਨੂੰ ਕਾਲਜ ਖੁਲ੍ਹ ਜਾਣਾ ਸੀ।

ਸ੍ਰੀ ਸਪੀਕਰ : ਉਨ੍ਹਾਂ ਨੂੰ ਕਾਲਜ ਦੇ ਖੁਲ੍ਹਣ ਵਿਚ ਹਮਦਰਦੀ ਹੈ। (The hon. Member has got full sympathy for opening the College.)

ਸਰਦਾਰ ਸਾਧੂ ਸਿੰਘ : ਉਨ੍ਹਾਂ ਦੀ ਹਮਦਰਦੀ ਇਹ ਹੈ ਕਿ ਪਬਲਿਕ ਵਿਚ ਇਸ ਗੱਲ ਨੂੰ ਫ਼ੈਲਾਇਆ ਜਾਵੇ, ਹੋਰ ਕੁਝ ਨਹੀਂ ਹੈ। ਇਲਾਕੇ ਦੇ ਲੋਕ ਅਤੇ ਪ੍ਰਿੰਸੀਪਲ ਇਕੱਠੇ ਵੀ ਹੋਏ . . (ਵਿਘਨ)

Mr. Speaker : Order please.

ਸਰਦਾਰ ਸਾਧੂ ਸਿੰਘ : ਸਾਰੇ ਇਲਾਕੇ ਨੇ ਕਿਹਾ ਕਿ ਇਹ ਕਾਲਜ ਖੁਲ੍ਹਣਾ ਚਾਹੀਦਾ ਹੈ। ਉਥੇ ਗੱਲ ਇਹ ਸੀ ਕਿ ਇਕ ਕੁਰੱਪਟ ਪ੍ਰੋਫ਼ੈਸਰ ਸੀ, ਸਰਦਾਰ ਪ੍ਰੇਮ ਸਿੰਘ, ਉਸ ਦਾ ਕਾਲਜ ਦੇ ਵਿਚ

**Expunged as ordered by the Chair,

[ਸਰਦਾਰ ਸਾਧੂ ਸਿੰਘ]
ਚਾਲ ਚਲਣ ਠੀਕ ਨਹੀਂ ਸੀ ਅਤੇ ਇਸ ਵਾਸਤੇ ਉਸ ਨੂੰ ਮੈਨੇਜਿੰਗ ਕਮੇਟੀ ਨੇ ਕੱਢ ਦਿਤਾ। ਇਸ ਗੱਲ ਨੂੰ ਲੈ ਕੇ ਹੀ ਇਸ ਵਾਤਾਵਰਨ ਨੂੰ ਵਿਗਾੜਿਆ ਜਾ ਰਿਹਾ ਹੈ, ਹੋਰ ਕੋਈ ਗੱਲ ਨਹੀਂ।

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ): ਮੈਂ ਜਵਾਬ ਦਿੰਦਾ ਹਾਂ ਜੀ।

ਸ੍ਰੀ ਸਪੀਕਰ : ਇਕੱਠਾ ਹੀ ਜਵਾਬ ਦੇ ਦੇਣਾ ਜੀ । (You may please give a reply last of all.)

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਮੈਂ ਵੀ ਇਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ......

ਸ੍ਰੀ ਸਪੀਕਰ : ਪਹਿਲਾਂ ਡਾਂਗ ਸਾਹਿਬ ਨੂੰ ਕਹਿ ਲੈਣ ਦੇਵੋ ਜੀ। (Let Comrade Dang speak first.)

POINTS RE. MAHILPUR AND SULTANPUR LODHI COLLEGES (*RESUMPTION*)

ਕਾਮਰੇਡ ਸੱਤ ਪਾਲ ਡਾਂਗ : ਮੈਂ ਇਹ ਕਹਿਣਾ ਹੈ ਕਿ ਪੋਜ਼ੀਸ਼ਨ ਇਹ ਹੈ ਕਿ ਸਰਦਾਰ ਸਾਧੂ ਸਿੰਘ ਨੇ ਠੀਕ ਫ਼ੁਰਮਾਇਆ ਹੈ ਕਿ ਇਹ ਕਾਲਜ ਇਕ ਅਕਾਲੀ ਲੀਡਰ ਦੇ ਹੱਥ ਵਿਚ ਹੈ ਅਤੇ ਦੂਜਾ ਅਕਾਲੀ ਲੀਡਰ ਇਸ ਨੂੰ ਖੋਹਲਣਾ ਚਾਹੁੰਦਾ ਹੈ। ਇਸ ਤੋਂ ਅੱਡ ਗੱਲ ਦਾ ਇਨ੍ਹਾਂ ਨੂੰ ਪਤਾ ਨਹੀਂ ਹੈ। ** ** **
ਪ੍ਰੋਫ਼ੈਸਰ ਦੀ ਇਹ ਗੱਲ ਕਰਦੇ ਹਨ, ਉਸ ਪ੍ਰੋਫ਼ੈਸਰ ਨੂੰ ਕੱਢਣ ਤੇ ਮੁੰਡਿਆਂ ਨੇ ਹੜਤਾਲ ਕੀਤੀ। ਉਸ ਪ੍ਰੋਫ਼ੈਸਰ ਤੇ ਜੋ ਦੋਸ਼ ਲਗਾਏ ਸੀ, ਉਸ ਬਾਰੇ ਦਸਖਤ ਅਤੇ ਅੰਗੂਠੇ ਚੈੱਕ ਹੋਣ ਗਏ ਪਰ ਇਹ ਦੋਸ਼ ਝੂਠੇ ਨਿਕਲੇ। ਇਸ ਕਰਕੇ ਇਹ ਗੱਲ ਮੇਰੇ ਮਨ ਵਿਚ ਕਨਫ਼ਰਮ ਹੁੰਦੀ ਹੈ ਕਿ ਅਕਾਲੀਆਂ ਦਾ ਧੜਾ ਸਰਦਾਰ ਆਤਮਾ ਸਿੰਘ ....

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਗੱਲ ਇਹ ਹੈ ਕਿ . . (ਵਿਘਨ)

ਸ੍ਰੀ ਸਪੀਕਰ : ਸਰਦਾਰ ਸਾਧੂ ਸਿੰਘ ਜੀ, ਬੈਠੋ। (ਵਿਘਨ) (ਸ਼ੋਰ) (Sardar Sadhu Singh, please resume your seat) (*Interruption Noise.*)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, ਗੁਜ਼ਾਰਿਸ਼ ਇਹ ਹੈ ਕਿ ਮਾਹਿਲਪੁਰ ਦੇ ਕੇਸ ਬਾਰੇ ਸਭ ਨੇ ਅਖ਼ਬਾਰਾਂ ਵਿਚ ਪੜ੍ਹ ਲਿਆ ਹੋਵੇਗਾ ਕਿ ਕੇਸ ਰਜਿਸਟਰ ਕਰ ਲਿਆ ਗਿਆ ਹੈ। ਇਸ ਕਰਕੇ ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਚੀਜ਼ ਹੋਣ ਤੋਂ ਬਾਅਦ ਇਹ ਸਮਝਣਾ ਕਿ ਸਰਕਾਰ ਇਸ ਵਾਕਿਏ ਵਿਚ ਚੁਪ ਕਰਕੇ ਬੈਠੀ ਹੈ, ਗਲਤ ਹੈ, ਸਰਕਾਰ ਪੂਰੀ ਤਰ੍ਹਾਂ ਕਨਸਰਨਡ ਹੈ ਅਤੇ ਇਸ ਮਾਮਲੇ ਵਿਚ ਪ੍ਰਾਈਮ ਮਨਿਸਟਰ ਸਾਹਿਬਾ ਨੇ ਵੀ ਆਪਣੀ ਰਾਏ ਦਿਤੀ ਹੈ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਕਨੇਡੀਅਨ ਸਾਹਿਬ ਦੇ ਹਲਕੇ ਦਾ ਪ੍ਰਾਈਵੇਟ ਕਾਲਜ ਹੈ, ਉਨ੍ਹਾਂ ਦੇ ਪਿੰਡ ਦਾ ਸੀ, ਉਨ੍ਹਾਂ ਨੂੰ ਚਾਹੀਦਾ ਇਹ ਸੀ ਕਿ ਇਸ ਗੱਲ ਦਾ ਪੰਚਾਇਤ ਵਿਚ ਨਿਪਟਾਰਾ ਕਰਵਾ ਦਿੰਦੇ। ਇਹ ਮਾਮਲਾ ਠੀਕ ਹੋ ਸਕਦਾ ਸੀ। ਪਰ ਇਨ੍ਹਾਂ ਡਾਂਗ ਸਾਹਿਬ ਰਾਹੀਂ ਇਹ ਮਸਲਾ ਇਥੇ ਉਠਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਗੱਲ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਹੈ। ਇਸ ਕਰਕੇ ਮੇਰੀ ਗੁਜ਼ਾਰਿਸ਼ ਇਹ ਹੈ ਕਿ ਗਵਰਨਮੈਂਟ ਇਸ ਗੱਲ ਦਾ ਐਲਾਨ ਕਰ ਚੁਕੀ ਹੈ, ਮੁੱਖ ਮੰਤਰੀ ਸਾਹਿਬ ਨੇ ਐਲਾਨ ਕੀਤਾ ਹੈ ਕਿ ਪੰਜਾਬ ਸਰਕਾਰ ਟੀਚਰਜ਼ ਦੀ ਸਿਕਉਰਟੀ ਆਫ਼ ਸਰਵਿਸ ਦਾ ਬਿਲ

**Expunged as ordered by the Chair.

ਲਿਆਏਗੀ। ਇਸ ਦੇ ਨਾਲ ਬਹੁਤ ਸਾਰੇ ਮਾਮਲੇ, ਮਾਹਲਪੁਰ ਵਾਲਾ, ਸੁਲਤਾਨਪੁਰ ਵਾਲਾ ਅਤੇ ਜਿੰਨੇ ਵੀ ਪ੍ਰਾਈਵੇਟ ਕਾਲਜ ਹਨ, ਉਸ ਬਿਲ ਦੇ ਆਉਣ ਨਾਲ ਇਹ ਸਭ ਮੁਸ਼ਕਲਾਂ ਹੱਲ ਹੋ ਜਾਣਗੀਆਂ । ** ** ** ** **

ਸ੍ਰੀ ਸਪੀਕਰ : ** ** ** ** ** **

ਕਾਮਰੇਡ ਸੱਤ ਪਾਲ ਡਾਂਗ : ** ** ** ** **

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਜਿਹੜਾ ਆਦਮੀ ਇਥੇ ਹਾਜ਼ਰ ਨਹੀਂ, ਉਸ ਦੇ ਮੁਤੱਲਿਕ ਇਥੇ ਕੁਝ ਨਹੀਂ ਕਹਿਣਾ ਚਾਹੀਦਾ, ਇਸ ਬਹਿਸ ਵਿਚ ਨਹੀਂ ਪੈਣਾ ਚਾਹੀਦਾ । ਉਸ ਦੇ ਮੁਤੱਲਿਕ ਜੋ ਵੀ ਗੱਲ ਹੋਵੇ ਉਸ ਤੇ ਇਥੇ ਬਹਿਸ ਨਹੀਂ ਕਰਨੀ ਚਾਹੀਦੀ। ਇਸ ਬਾਰੇ ਜਿਹੜੇ ਸਾਡੇ ਪ੍ਰੈਸੀਡੈਂਟਸ ਹਨ, ਉਹ ਇਸ ਗੱਲ ਦੀ ਗਵਾਹੀ ਦਿੰਦੇ ਹਨ। ਇਸ ਕਰਕੇ ਇਕ ਸੀਨੀਅਰ ਮੈਂਬਰ ਜੇ ਇਸ ਤਰ੍ਹਾਂ ਦੀ ਬਹਿਸ ਕਰੇ ਤਾਂ ਠੀਕ ਨਹੀਂ ਜਾਪਦਾ।
** ** ** ** **

ਸਰਦਾਰ ਕਿਰਪਾਲ ਸਿੰਘ ਰੰਧਾਵਾ: ** ** ** **

(ਆਪੋਜ਼ੀਸ਼ਨ ਵਲੋਂ ਥੰਪਿੰਗ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ।

ਸ੍ਰੀ ਸਪੀਕਰ : ਜੋ ਕੁਝ ਵੀ ਪ੍ਰਿੰਸੀਪਲ ਬਾਰੇ ਰਿਮਾਰਕਸ ਹੋਏ ਹਨ, ਡਿਸਕਸ਼ਨ ਹੋਈ ਹੈ, ਉਹ ਰਿਕਾਰਡ ਦਾ ਹਿੱਸਾ ਨਾ ਬਣੇ । ਮੈਂ ਬੇਨਤੀ ਕਰਾਂਗਾ ਕਿ ਪ੍ਰਿੰਸੀਪਲ ਨੂੰ ਡਿਸਕੱਸ ਨਾ ਕੀਤਾ ਜਾਵੇ ਅਤੇ ਇਸ ਬਾਰੇ ਕੋਈ ਚੀਜ਼ ਡਿਸਕੱਸ ਨਾ ਕੀਤੀ ਜਾਵੇ। (Whatever remarks have been made about the Principal and the discussion on the matter may not form part of the proceedings. I would ask the House not to discuss the Principal or any matter connected with him.)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੀ ਰੂਲਿੰਗ ਦੇ ਬਾਰੇ .... (ਵਿਘਨ)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਕੋਈ ਆਦਮੀ ਕਿਸ ਤਰੀਕੇ ਦਾ ਹੈ, ਉਸ ਬਾਰੇ ਪਬਲਿਕ ਪਲੇਟਫਾਰਮ ਤੇ ਰਾਏ ਦਿਤੀ ਜਾ ਸਕਦੀ ਹੈ। ਇਸ ਹਾਊਸ ਵਿਚ ਇਸ ਗੱਲ ਦੀ ਡਿਸਕਸ਼ਨ ਨਹੀਂ ਕੀਤੀ ਜਾਣੀ ਚਾਹੀਦੀ ਕਿ ਕੋਈ ਆਦਮੀ ਕਿਸ ਤਰ੍ਹਾਂ ਦਾ ਹੈ। ਇਸ ਗੱਲ ਦਾ ਨਿਪਟਾਰਾ ਇਥੇ ਕੀਤਾ ਜਾਵੇ, ਇਹ ਠੀਕ ਨਹੀਂ ਹੈ। ਮੈਡੀਕਲ ਐਕਸਪਰਟਸ ਹਨ, ਉਨ੍ਹਾਂ ਨੂੰ ਰੈਫ਼ਰ ਕੀਤਾ ਜਾਵੇ, ਹਾਊਸ ਵਿਚ ਡਿਸਕੱਸ ਨਹੀਂ ਹੋਣਾ ਚਾਹੀਦਾ। (ਵਿਘਨ)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ...... (ਵਿਘਨ) (ਸ਼ੋਰ) (ਇਸ ਵੇਲੇ ਹਾਊਸ ਵਿਚ ਬੜਾ ਸ਼ੋਰ ਸੀ ਅਤੇ ਕੁਝ ਸੁਣਾਈ ਨਹੀਂ ਸੀ ਦਿੰਦਾ)

ਸਰਦਾਰ ਕਰਨੈਲ ਸਿੰਘ ਮਰੜੀ : ** ** ** ** **

**Expunged/not recorded as ordered by the Chair,

ਸ੍ਰੀ ਸਪੀਕਰ: ਇਹ ਜੋ ਮਰੜ੍ਹੀ ਸਾਹਿਬ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ ।
(Whatever Marhari Sahib is saying should not be recorded.)

ਕਾਮਰੇਡ ਸੱਤ ਪਾਲ ਡਾਂਗ : ** ** ** ** ** **
ਚਲੋ ਇਸ ਕੰਟਰੋਵਰਸੀ ਵਿਚ ਮੈਂ ਨਹੀਂ ਪੈਂਦਾ। ਸਵਾਲ ਤਾਂ ਇਹ ਹੈ ਕਿ ਮੁੰਡਿਆਂ ਦਾ ਸਾਲ ਖਰਾਬ ਹੋਣ ਦਾ ਇਮਕਾਨ ਹੈ। ਇਸ ਕਰਕੇ ਇਸ ਕਾਲਜ ਨੂੰ ਖੋਲ੍ਹਿਆ ਜਾਵੇ ਅਤੇ ਮੁੰਡਿਆਂ ਦਾ ਨੁਕਸਾਨ ਨਾ ਕੀਤਾ ਜਾਵੇ. । ਇਸ ਬਾਰੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕਪੂਰਥਲੇ ਦਾ ਜਿਹੜਾ ਡੀ. ਸੀ. ਹੈ, ਜਿਸ ਨੇ ਉਥੇ ਗੋਲੀ ਚਲਵਾਈ ਸੀ, ਉਸ ਨੇ ਜਿਹੜੇ ਮੁੰਡਿਆਂ ਨੂੰ ਸਤਿਆਗਹਿ ਕਰਨ ਦੇ ਵਿਰੁੱਧ ਦਫ਼ਾ 144 ਵਿਚ ਗ੍ਰਿਫ਼ਤਾਰ ਕੀਤਾ ਸੀ, ਉਨ੍ਹਾਂ ਨੂੰ ਰਿਹਾ ਨਹੀਂ ਕੀਤਾ ਅਤੇ ਉਹ ਜੇਲ੍ਹਾਂ ਵਿਚੋਂ ਛੱਡੇ ਨਹੀਂ ਗਏ ਅਤੇ ਉਨਾਂ ਦੀ ਪੜਾਈ ਦਾ ਨੁਕਸਾਨ ਹੋਇਆ ਹੈ । ਇਸ ਕਾਲਜ ਦੀ ਮੈਨੇਜਿੰਗ ਕਮੇਟੀ ਰਾਹੀਂ ਵਰਸਟ ਟਾਈਪ ਦਾ ਕੱਮਿਊਨਲ ਪਰਾਪੇਗੰਡਾ ਫੈਲਾਇਆ ਜਾ ਰਿਹਾ ਹੈ। ਮੈਂ ਇਹ ਬੇਨਤੀ ਕਰਾਂਗਾ ਕਿ ਇਸ ਕਾਲਜ ਨੂੰ ਛੇਤੀ ਤੋਂ ਛੇਤੀ ਖੁਲਵਾਇਆ ਜਾਵੇ ਅਤੇ ਯੂਨੀਵਰਸਿਟੀ ਨੇ ਜੋ ਫੈਸਲਾ ਕੀਤਾ ਹੈ ਉਸ ਦੇ ਬਾਰੇ ਉਥੋਂ ਦੀ ਮੈਨੇਜਿੰਗ ਕਮੇਟੀ ਨੂੰ ਦੱਸਿਆ ਜਾਵੇ। ਸਰਦਾਰ ਸਾਧੂ ਸਿੰਘ ਇਨ੍ਹਾਂ ਗੱਲਾਂ ਨਾਲ ਤਾਂ ਸਹਿਮਤ ਹੋਣਗੇ ਕਿ ਨਹੀਂ ?

ਚੋਧਰੀ ਦਰਸ਼ਨ ਸਿੰਘ : ** ** ** ** ** **

ਕੈਪਟਨ ਰਤਨ ਸਿੰਘ : ** ** ** **

आचार्य पृथ्वी सिंह आजाद : आनरेबल मिनिस्टर साहिब ने भी वह बात कही जो मैंने कही थी। वह यह कि inter caste marriage करने वाले प्रोफैसरों को हटाने की ज़िम्मेदारी Principal की नहीं management की है । मैं आपसे यह पूछना चाहता हूं कि सरकार management के खिलाफ़ क्या ऐक्शन ले रही है? उस मिनिस्टर के खिलाफ़ क्या ऐक्शन लिया जा रहा है जिस के हलके का यह वाका है । ?

PERSONAL EXPLANATION BY COM. DARSHAN SINGH CANANDIAN

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਨੇ ਮਲੋ-ਮਲੀ ਬੋਲਦਿਆਂ ਮੈਨੂੰ ਵੀ ਵਿਚ ਘਸੀਟ ਲਿਆ ਹਾਲਾਂਕਿ ਇਸ ਵਾਕੇ ਨਾਲ ਮੇਰਾ ਕੋਈ ਸਬੰਧ ਨਹੀਂ। ਮੇਰੇ ਉਤੇ ਉਨ੍ਹਾਂ ਨੇ ਇਹ ਦੂਸ਼ਣ ਲਾਇਆ ਕਿ ਮਾਹਲਪੁਰ ਮੇਰੇ ਹਲਕੇ ਵਿਚ ਹੈ ਅਤੇ ਮੈਂ ਉਨ੍ਹਾਂ ਦਾ ਕੋਈ ਸਮਝੌਤਾ ਨਹੀਂ ਕਰਵਾਇਆ। ਪਰ ਪਤਾ ਨਹੀਂ ਉਨ੍ਹਾਂ ਨੂੰ ਕੀ ਤਕਲੀਫ਼ ਹੋਈ ਜੋ ਮੇਰਾ ਨਾਓਂ ਲਿਆ ਹਾਲਾਂਕਿ ਇਹ ਪਿੰਡ ਮੇਰੇ ਹਲਕੇ ਤੋਂ ਇਕ ਮੀਲ ਅਗੇ ਹੈ ਅਤੇ ਸਰਦਾਰ ਗੁਰਮੇਲ ਸਿੰਘ ਦੇ ਹਲਕੇ ਵਿਚ ਹੈ। ਜੇ ਕੋਈ ਸਮਝੌਤਾ ਕਰਾਉਣਾ ਸੀ ਤਾਂ ਉਹ ਇਨ੍ਹਾਂ ਨੂੰ ਕਰਾਉਣਾ ਚਾਹੀਦਾ ਸੀ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਸ਼ਾਦੀ ਦਰੁਸਤ ਢੰਗ ਨਾਲ ਹੋ ਜਾਣੀ ਸੀ ਜੇ ਇਹ ਮੇਰੇ ਦੋਸਤ ਆਪਣੀ ਟੰਗ ਵਿਚ ਨਾ ਅੜਾਉਂਦੇ। ਇਕ ਧੜਾ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਖਿਚੀ ਫਿਰ ਰਿਹਾ ਹੈ ਇਹ ਕਹਿਕੇ ਵੇਖੋ ਕੀ ਜ਼ੁਲਮ ਹੋ ਰਿਹਾ ਹੈ। ਦੂਸਰਾ ਉਨ੍ਹਾਂ ਨੂੰ ਚੰਡੀਗੜ ਲੈ ਆਇਆ। ਏਥੇ ਆ ਕੇ ਉਨ੍ਹਾਂ ਦੀ ਸ਼ਾਦੀ ਵੀ ਹੋ ਗਈ, ਪਰ ਫੇਰ ਕੁਝ ਝਗੜੇ -ਬਾਜ਼ਾਂ ਨੇ ਇਹ ਕੇਸ ਅੱਜ ਹਾਊਸ ਵਿਚ ਲੈ ਆਂਦਾ ਹੈ। ਮੈਂ ਸਮਝਦਾ ਹਾਂ ਕਿ ਇਸ ਕੇਸ ਵਿਚ ਜ਼ਿਮੇਵਾਰੀ ਚੋਧਰੀ ਗੁਰਮੇਲ ਸਿੰਘ ਦੀ ਹੈ, ਉਨ੍ਹਾਂ ਨੂੰ ਮਿਲ

**Expunged as ordered by the Chair.

ਮਲਾ ਕੇ ਇਹ ਕੇਸ ਨਿਪਟਾ ਲੈਣਾ ਚਾਹੀਦਾ ਸੀ, ਪਰ ਉਹ ਬਿਲਕੁਲ ਚੁਪ ਹਨ। ਦੂਸਰੇ ਪਾਸੇ ਉਨ੍ਹਾਂ ਦੇ ਸਹੁਰਾ ਸਾਹਿਬ ਜਿਹੜੇ ਮਾਹਲਪੁਰ ਮੈਨੇਜਿੰਗ ਕਮੇਟੀ ਵਿਚ ਹਨ ਉਹ ਇਸ ਕੇਸ ਵਿਚ ਹੱਥ ਪਾਈ ਬੈਠੇ ਹਨ। ਇਕ ਧੜਾ ਉਹ ਵੀ ਹੈ ਜਿਹੜਾ ਇਨ੍ਹਾਂ ਦੇ ਖਿਲਾਫ਼ ਕੇਸ ਰਜਿਸਟਰ ਕਰਾਉਣ ਲਈ ਤਿਆਰ ਹੈ। ਇਸ ਝਗੜੇ ਵਿਚ ਬੱਚਿਆਂ ਦੀ ਪੜ੍ਹਾਈ ਦਾ ਵਖਰਾ ਨੁਕਸਾਨ ਹੋਇਆ ਹੈ ਕਿਉਂਕਿ ਕਾਲਜ ਬੰਦ ਪਿਆ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਗਿਆਨੀ ਜੀ ਦੀ ਸਰਕਾਰ ਨੇ ਉਸ ਦੀ ਮੈਨੇਜਮੈਂਟ ਦੇ ਵਿਰੁੱਧ ਕੀ ਐਕਸ਼ਨ ਲਿਆ। 27 ਸਾਲ ਦੀ ਲਗਾਤਾਰ ਜਦੋਂ ਜਹਿਦ ਤੋਂ ਬਾਅਦ ਇਕ ਪ੍ਰੋਫੈਸਰ ਅਤੇ ਇਕ ਪ੍ਰੋਫੈਸਰਨੀ ਇੰਟਰ ਕਾਸਟ ਮੈਰੇਜ ਕਰਾਉਣ ਅਤੇ ਮੈਨੇਜਮੈਂਟ ਇਸ ਤਰ੍ਹਾਂ ਦਾ ਐਕਸ਼ਨ ਲਵੇ। ਫੇਰ ਮੁੰਡਿਆਂ ਦਾ ਕੀ ਦੋਸ਼ ਹੈ ਕਿ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਵੇ। ਸਰਕਾਰ ਨੂੰ ਹੁਣ ਤੱਕ ਕੁਝ ਨਾ ਕੁਝ ਐਕਸ਼ਨ ਲੈਣਾ ਚਾਹੀਦਾ ਸੀ।

POINTS RE: MAHILPUR AND SULTANPUR LODHI COLLEGES
(*Resumption*)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਕਾਮਰੇਡ ਸੱਤਪਾਲ ਡਾਂਗ ਬਾਬੂ ਬ੍ਰਿਸ਼ ਭਾਨ ਅਤੇ ਕੁਝ ਹੋਰ ਸਜਣ ਵੀ ਅਤੇ ਆਨਰੇਬਲ ਮੈਂਬਰ ਵੀ ਮੈਨੂੰ ਇਸ ਮਸਲੇ ਤੇ ਮਿਲੇ ਸਨ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਮੈਨੂੰ ਵੀ ਇਤਨਾ ਹੀ ਦੁਖ ਹੈ ਜਿਤਨਾ ਕਿ ਤੁਹਾਨੂੰ ਹੈ। ਇਕ ਇੰਟੈਲੀਜੈਂਟ ਲੜਕੇ ਅਤੇ ਲੜਕੀ ਨੇ ਵਿਆਹ ਕਰਵਾਇਆ ਹੈ, ਇਸ ਤਰ੍ਹਾਂ ਦੀ ਇੰਟਰ ਕਾਸਟ ਮੈਰੇਜ ਨੂੰ ਸਾਨੂੰ ਉਤਸ਼ਾਹ ਦੇਣਾ ਚਾਹੀਦਾ ਸੀ। ਪਰ ਮੈਂ ਉਨ੍ਹਾਂ ਨੂੰ ਇਹੋ ਕਿਹਾ ਕਿ ਇਹ ਕਾਲਜ ਇਕ ਪ੍ਰਾਈਵੇਟ ਮੈਨੇਜਮੈਂਟ ਚਲਾ ਰਿਹਾ ਹੈ ਇਸ ਲਈ ਵਿਚਾਰਿਆ ਜਾਵੇਗਾ ਕਿ ਅਸੀਂ ਇਸ ਤੇ ਕਿਤਨਾ ਕੁ ਜ਼ੋਰ ਪਾ ਸਕਦੇ ਹਾਂ। ਇਸ ਮੁਆਮਲੇ ਨੂੰ ਨਜਿੱਠਣ ਲਈ ਜਿਤਨੇ ਕੁ ਸਾਡੇ ਅਖਤਿਆਰਾਤ ਹਨ ਉਹ ਅਸੀਂ ਜ਼ਰੂਰ ਵਰਤਾਂਗੇ। ਇਸ ਬਾਰੇ ਅਸੀਂ ਡੀ.ਸੀ. ਨੂੰ ਆਪਣਾ ਅਸਰ ਰਸੂਖ ਅਤੇ ਅਖ-ਤਿਆਰਾਤ ਵਰਤਣ ਲਈ ਕਿਹਾ ਹੈ। ਆਨਰੇਬਲ ਮੈਂਬਰ ਸਾਹਿਬਾਨ ਨੂੰ ਵੀ ਮੇਰੀ ਬੇਨਤੀ ਹੈ ਕਿ ਉਨ੍ਹਾਂ ਨੇ ਇਸ ਗੱਲ ਨੂੰ ਇਤਨਾ ਵਧਾਇਆ ਹੈ ਕਿ ਕੇਸ ਨੂੰ ਇਸ ਹਾਊਸ ਤੱਕ ਪਹੁੰਚਾ ਦਿੱਤਾ ਹੈ। ਇਹ ਪਾਲਿਟਿਕਸ ਦੇ ਹੱਥ ਚੜ੍ਹ ਗਿਆ ਹੈ ਅਤੇ ਪਾਲਿਟਿਕਸ ਵਿਚ ਅਸੀਂ ਵੇਖਿਆ ਹੈ ਕਿ ਸਹੁਰਿਆਂ ਦੀ ਕੀ ਗੱਲ ਹੈ ਦੋ ਘੜੀ ਪਤਨੀ ਵੀ ਪਤੀ ਦੀ ਨਹੀਂ ਮੰਨਦੀ, ਜੇ ਇਸਤਰੀ ਇਕ ਪਾਸੇ ਵੋਟ ਪਾਉਂਦੀ ਹੈ ਤਾਂ ਦੂਸਰੇ ਪਾਸੇ ਪਾਲਿਟਿਕਸ ਵਿਚ ਆਕੇ ਮਰਦ ਪਾ ਜਾਂਦਾ ਹੈ। ਸਰਕਾਰ ਖੁਦ ਇਸ ਮੁਆਮਲੇ ਤੇ ਚਿੰਤਿਤ ਹੈ ਜੇਕਰ ਸਰਕਾਰ ਮੈਨੇਜਿੰਗ ਕਮੇਟੀ ਨੂੰ ਮਜ਼ਬੂਰ ਨਾ ਕਰ ਸਕੀ ਤਾਂ ਅਸੀਂ ਆਪਣਾ ਮਨ ਬਣਾ ਲਿਆ ਹੈ ਕਿ ਅਸੀਂ ਉਸ ਪ੍ਰੋਫੈਸਰ ਜੋੜੀ ਨੂੰ ਨੌਕਰੀ ਦੇਣੀ ਹੈ। (ਤਾੜੀਆਂ)

** ** ** **

ਮੈਂ ਉਨ੍ਹਾਂ ਦੀ ਵਾਕਫ਼ੀਅਤ ਲਈ ਦੱਸ ਦੇਵਾਂ ਕਿ ਜਿਹੜਾ ਵੀ ਮੈਂਬਰ ਮੇਰੇ ਕੋਲ ਆਵੇਗਾ ਮੈਂ ਸਪੈਸ਼ਲ ਪ੍ਰਬੰਧ ਕਰਾਂਗਾ ਕਿ ਪਹਿਲਾਂ ਉਨ੍ਹਾਂ ਦਾ ਮੈਂਟਲ ਐਗਜ਼ਾਮੀਨੇਸ਼ਨ ਕਰਾਂ। ਕਾਲਜ ਖੋਲ੍ਹਣ ਬਾਰੇ ਮੇਰੀ ਡਾਂਗ ਸਾਹਿਬ ਦੇ ਨਾਲ ਗੱਲ ਹੋਈ ਹੈ, ਮੈਂ ਡਿਸਟ੍ਰਿਕਟ ਐਡਮਨਿਸਟਰੇਸ਼ਨ ਨੂੰ ਕਿਹਾ ਹੈ ਕਿ ਕਾਲਜ ਜਲਦੀ ਖੋਲ੍ਹਣਾ ਚਾਹੀਦਾ ਹੈ। ਮੈਂ ਮੰਤਰੀ ਜੀ ਦੀ ਵੀ ਡਿਊਟੀ ਲਾਈ ਹੈ ਕਿ ਉਹ ਵੀ ਹਾਲਾਤ ਵੇਖ ਕੇ ਇਸ ਤਰ੍ਹਾਂ ਦੀ ਕੋਸ਼ਿਸ਼ ਕਰਨ ਕਿ ਟਿਕ ਟਿਕਾਉ ਕਰਾਇਆ ਜਾ ਸਕੇ । ਇਸ ਬਾਰੇ ਕਈ ਰਿਪੋਰਟਾਂ ਆਈਆਂ ਹਨ, ਯੂਨੀਵਰਸਟੀ ਨੇ ਵੀ ਰਿਪੋਰਟ ਦਿਤੀ ਹੈ ਕਿ ਇਸ ਮੁਆਮਲੇ ਨੂੰ ਨਜਿਠਿਆ ਜਾਵੇ।

****Expunged as ordered by the Chair.**

[ਮੁਖ ਮੰਤਰੀ]
ਜਿਤਨੇ ਤੁਸੀਂ ਚਾਹਵਾਨ ਹੋ ਉਸ ਤੋਂ ਵਧੇਰੇ ਅਸੀਂ ਚਾਹਵਾਨ ਹਾਂ ਤਾਂ ਜੋ ਇਸ ਕੰਮ ਨੂੰ ਨਜਿਠਿਆ ਜਾਵੇ।

ਕਾਮਰੇਡ ਸੱਤ ਪਾਲ ਡਾਂਗ : ਸੁਲਤਾਨਪੁਰ ਜੋ ਐਜੀਟੇਸ਼ਨ ਦੇ ਸਬੰਧ ਵਿਚ ਸਤਿਆਗ੍ਰਿਹੀ ਮੁੰਡਿਆਂ ਨੂੰ ਅੰਦਰ ਡਕਿਆ ਹੋਇਆ ਹੈ ਉਹ ਤਾਂ ਰਿਹਾ ਕਰਨ ਦੇ ਆਰਡਰ ਦੇ ਦਿਉ ?

ਰਾਜ ਮੰਤਰੀ, ਸਿਹਤ: (ਸਰਦਾਰ ਬਲਬੀਰ ਸਿੰਘ) : ਮੈਨੂੰ ਮੁੱਖ ਮੰਤਰੀ ਜੀ ਨੇ ਆਦੇਸ਼ ਦਿਤਾ ਹੈ ਕਿ ਜਿਹੜੇ ਵੀ ਮੈਂਟਲ ਪੇਸ਼ੇਂਟਸ ਹਨ, ਉਨ੍ਹਾਂ ਨੂੰ ਪੇਸ਼ ਕਰਾਂ। ਇਸ ਲਈ ਆਪਣੇ ਆਪ ਹੀ ਐਸੇ ਸਾਹਿਬਾਨ ਮੈਨੂੰ ਨੋਟ ਕਰਾ ਦੇਣ ਨਹੀਂ ਤਾਂ ਫੜ ਕੇ ਲਿਆਉਣੇ ਪੈਣਗੇ। (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੈਂ ਪੁਆਇੰਟ ਆਫ਼ ਆਰਡਰ ਕਰਨ ਲਗਿਆ ਹਾਂ, ਮੈਂ ਬਲਬੀਰ ਸਿੰਘ ਨੂੰ ਕਹਿੰਦਾ ਹਾਂ ਕਿ ਸਰਦਾਰ ਉਮਰਾਓ ਸਿੰਘ ਨੂੰ ਹੁਣੇ ਫੜ ਲੈਣ।

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਰੌਲਾ ਤਾਂ ਉਧਰੋਂ ਪੈਂਦਾ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਜੇ ਕੋਈ ਇਹੋ ਜਿਹੀ ਸੇਵਾ ਹੋਵੇ ਤਾਂ ਮੈਂ ਹਾਜ਼ਰ ਹਾਂ (ਵਿਘਨ) (ਹਾਸਾ)

ADJOURNMENT MOTIONS

ਸਰਦਾਰ ਅਜਾਇਬ ਸਿੰਘ ਸੰਧੂ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਕੱਲ ਜਨਾਬ ਨੂੰ ਐਡਜਰਨਮੇਂਟ ਮੋਸ਼ਨ ਦਿਤੀ ਸੀ ਕਿ ਪਰਸੋਂ ਰਾਤ ਦੇ ਗਿਆਰ੍ਹਾਂ ਵਜੇ ਸਾਥੀ ਰੂਪ ਲਾਲ ਐਕਸ ਐਮ. ਐੱਲ. ਏ. ਜੋ ਕਿ ਮੋਗੇ ਸ਼ਹਿਰ ਦਾ ਬਹੁਤ ਵੱਡਾ ਲੀਡਰ ਹੈ, ਇਸ ਹਾਊਸ ਦਾ ਆਨਰੇਬਲ ਮੇਂਬਰ ਵੀ ਰਿਹਾ ਹੈ (ਵਿਘਨ) ਰਾਤ ਦੇ ਗਿਆਰਾਂ ਵਜੇ ਇਹ ਵਾਪਸ ਘਰ ਨੂੰ ਆ ਰਿਹਾ ਸੀ ਕਿ ਸਾਥੀ ਰੂਪ ਲਾਲ ਨੂੰ ਡੀ.ਐਸ.ਪੀ. ਉਮਰਾਓ ਸਿੰਘ (ਵਿਘਨ) ਕਿਉਂਕਿ ਇਹਨੇ ਉਹਦੇ ਖਿਲਾਫ਼ ਕੁਰੱਪਸ਼ਨ ਦੇ ਸੀਰੀਅਸ ਚਾਰਜਿਜ਼ ਲਗਾਏ ਸੀ, ਉਨ੍ਹਾਂ ਸਾਰਿਆਂ ਨੇ ਰਲ ਕੇ ਡੀ.ਐਸ.ਪੀ. ਨਾਲ ਮਿਲ ਕੇ ਸਾਥੀ ਰੂਪ ਲਾਲ ਨੂੰ ਮਾਰਨ ਦੀ ਸਾਜਿਸ਼ ਬਣਾਈ ਹੈ। ਪਰਸੋਂ ਰਾਤ ਨੂੰ ਗੋਲੀ ਚਲਾਈ ਗਈ ਜਦੋਂ ਰੂਪ ਲਾਲ ਨੇ ਟੈਲੀਫ਼ੋਨ ਕੀਤਾ ਤਾਂ ਉਹ ਟੈਲੀਫ਼ੋਨ ਸੁਣ ਕੇ ਰਖ ਦਿਤਾ। ਜਦੋਂ ਥਾਣੇਦਾਰ ਗਿਆ (ਵਿਘਨ) 333 ਦਾ ਪਰਚਾ ਦਰਜ ਹੋਇਆ। (ਵਿਘਨ)

ਸ਼੍ਰੀ ਸਪੀਕਰ : ਤੁਹਾਡਾ ਨੋਟਿਸ ਕਾਲ ਅਟੈਨਸ਼ਨ ਨੋਟਿਸ ਦੇ ਤੌਰ ਤੇ ਐਡਮਿਟ ਕਰ ਲਿਆ ਗਿਆ ਹੈ। ਗੌਰਮਿੰਟ ਬਾਅਦ ਵਿਚ ਜਵਾਬ ਦੇਵੇਗੀ। (Your notice has been admitted as a Call Attention Notice. The Government will give a reply to it later on).

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜੇ ਸਾਥੀ ਰੂਪ ਲਾਲ ਨੂੰ ਕੋਈ ਖਤਰਾ ਹੋਇਆ ਤਾਂ ਡੀ.ਐਸ.ਪੀ. ਉਮਰਾਓ ਸਿੰਘ ਦੀ ਜ਼ਿਮੇਵਾਰੀ ਹੋਵੇਗੀ। (ਵਿਘਨ)

ਚੌਧਰੀ ਰਾਮ ਸਿੰਘ : ਆਨ ਏ ਪੁਆਇੰਟ ਆਫ਼ ਆਸਡਰ ਸਰ, ਹੁਣੇ ਮੁੱਖ ਮੰਤਰੀ ਜੀ ਨੇ ਗੱਲ ਕਹੀ ਸੀ ਮੈਂਟਲ ਹਸਪਤਾਲ ਦੀ। 1967 ਵਿਚ ਸਰਦਾਰ ਅਜਾਇਬ ਸਿੰਘ ਸੰਧੂ ਮੈਂਟਲ ਹਸਪਤਾਲ ਵਿਚ ਰਿਹਾ ਹੈ। (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੇਰਾ ਪੁਆਇੰਟ ਆਫ਼ ਆਰਡਰ ਇਕ ਆਦਮੀ ਨਾਲ ਨਹੀਂ ਬਲਕਿ ਇਹ 31,000 ਵਰਕਚਾਰਜ ਮੁਲਾਜ਼ਮਾਂ ਨਾਲ ਹੈ ਜੋ ਕਿ ਇਰੀਗੇਸ਼ਨ, ਪੀ. ਡਬਲਿਊ. ਡੀ. (ਬੀ.ਐਂਡ ਆਰ.) ਨਾਲ ਸਬੰਧ ਰਖਦਾ ਹੈ। ਉਨ੍ਹਾਂ ਦੀ ਮੰਗ ਦੇ ਸਬੰਧ ਵਿਚ ਮੈਂ ਐਡਜਰਨਮੈਂਟ ਮੋਸ਼ਨ ਭੇਜੀ ਸੀ। 18 ਫਰਵਰੀ ਤੋਂ ਭੁੱਖ ਹੜਤਾਲ ਹੋਈ ਹੈ। ਉਨ੍ਹਾਂ ਦੀ ਮੰਗ ਸਿਰਫ਼ ਇਹ ਹੈ ਕਿ ਤਿੰਨ ਸਾਲ ਜਿਸ ਨੂੰ ਕੰਮ ਕਰਦੇ ਨੂੰ ਹੋ ਗਏ ਹਨ ਉਨ੍ਹਾਂ ਦੀਆਂ ਸਰਵਿਸਿਜ਼ ਰੈਗੂਲਰ ਕੀਤੀਆਂ ਜਾਣ (ਵਿਘਨ) ਜਿਨ੍ਹਾਂ ਨੂੰ ਇਸ ਤੋਂ ਵੱਧ ਹੋ ਗਿਆ ਹੈ ਉਸ ਨੂੰ ਕਨਫਰਮ ਕੀਤਾ ਜਾਏ। ਪੰਜਾਬ ਦੇ ਚੀਫ ਸੈਕਟਰੀ ਨੇ ਕਲੱਰਕਸ ਨੂੰ ਜਿਸ ਨੂੰ ਇਕ ਸਾਲ ਐਡਹਾਕ ਬੇਸਿਜ਼ ਤੇ ਕੰਮ ਕਰਦੇ ਨੂੰ ਹੋ ਗਿਆ ਹੈ ਉਸ ਨੂੰ ਰੈਗੂਲਰ ਕਰ ਦਿਤਾ ਹੈ। ਇਨ੍ਹਾਂ ਵਰਕਚਾਰਜ ਐਂਪਲਾਈਜ਼ ਨਾਲ ਬੇ-ਇਨਸਾਫ਼ੀ ਹੋ ਰਹੀ ਹੈ। ਇਨ੍ਹਾਂ 31,000 ਵਰਕਚਾਰਜ ਮੁਲਾਜ਼ਮਾਂ ਨੂੰ ਰੈਗੂਲਰ ਕਰਨਾ ਚਾਹੀਦਾ ਹੈ। (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ: ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਸਪੀਕਰ: ਜ਼ੀਰੋ ਆਵਰ ਮਿਸਯੂਜ਼ ਨਹੀਂ ਹੋਣਾ ਚਾਹੀਦਾ ਹੈ। (Zero Hour should not be mis-used.)

ਸਰਦਾਰ ਜਸਵਿੰਦਰ ਸਿੰਘ ਬਰਾੜ: ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

आचार्य पृथ्वी सिंह आज़ाद: On a point of order sir, जोश साहिब ने जो सवाल इस सदन में उठाया है उस सिलसिले में मैंने आपकी मार्फ़त सरकार से दरख्वास्त करनी है। यह काल अटेंनशन मोशन का विषय नहीं। लेबर के हित में Labour Tribunal का फ़ैसला नंबर 9, 1972 का है। उस फैसले को implement करने के लिए प्राईवेट अदारों की ज़िम्मेदारी हो जाती है। अगर implement न करें तो सरकार कारवाई करती है। यह फर्ज़ सरकार का है कि उस फ़ैसले को तुरन्त implement करे। जो कायदे के मुताबिक confirm होते हों उनको confirm करे और जो regular होते हों उनको regular किया जाए। (विघ्न)

Mr. Speaker: Call Attention Notice No. 71 (*Interruption*)

WALK OUTS

ਕਾਮਰੇਡ ਰਾਜ ਕੁਮਾਰ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੇਰੀ ਇਕ ਮਿੰਟ ਦੀ ਗੱਲ ਹੈ। (ਵਿਘਨ) ਹਾਊਸ ਦੀ ਕਾਰਵਾਈ ਇਸ ਤਰ੍ਹਾਂ ਚਲ ਰਹੀ ਹੈ ਜਿਸ ਤਰ੍ਹਾਂ ਕਿ ਇਹ ਸਾਰੇ ਮੈਂਟਲ ਹਸਪਤਾਲ ਵਿਚ ਭੇਜਣ ਦੇ ਕਾਬਲ ਹਨ। (ਵਿਘਨ) ਆਚਾਰਿਆ ਸਾਹਿਬ ਨੇ ਅਤੇ ਜੋਸ਼ ਸਾਹਿਬ ਨੇ ਜੋ ਮੈਟਰ ਉਠਾਇਆ ਹੈ, ਇਹ ਬੜੀ ਸੀਰੀਅਸ ਗੱਲ ਹੈ। ਸਰਕਾਰ ਦੀ ਇਵੈਲੂਏਸ਼ਨ ਕਮੇਟੀ ਮੌਜੂਦ ਹੈ। ਸੰਨ 1972 ਦਾ ਅਵਾਰਡ ਹੈ। ਅਵਾਰਡ ਲਾਗੂ ਕਰਨਾ ਸਰਕਾਰ ਦੀ ਜ਼ਿਮੇਵਾਰੀ

**Expunged as ordered by the Chair.

[ਕਾਮਰੇਡ ਰਾਜ ਕੁਮਾਰ]

ਹੈ ਲੇਕਿਨ ਇਹ ਮਾਡਲ ਐਂਪਲਾਇਰ ਬਣਾਉਣ ਦੀ ਬਜਾਏ ਇਕ ਬਦਤਰੀਨ ਤਸਵੀਰ ਪੇਸ਼ ਕਰ ਰਹੀ ਹੈ। ਫ਼ੈਸਲਾ ਟ੍ਰਿਬਿਊਨਲ ਦਾ ਅਵਾਰਡ, 1972 ਦਾ ਮੌਜੂਦ ਹੈ, ਉਹ ਹਾਲੇ ਤਕ ਇੰਪਲੀਮੈਂਟ ਨਹੀਂ ਹੋਇਆ ਹੈ। What is your department doing or your labour machinery doing ? ਇਹ ਐਟੀਚਿਊਡ ਹੈ ਸਰਕਾਰ ਦਾ ਕਿ ਦਿਤੇ ਹੋਏ ਅਵਾਰਡ ਨੂੰ ਵੀ ਇਹ ਇੰਪਲੀਮੈਂਟ ਨਹੀਂ ਕਰਾ ਸਕਦੇ। ਇਹ ਖੁਦ ਪਬਲਿਕ ਸੈਕਟਰ ਵਿਚ ਵੀ ਇਸ ਨੂੰ ਇੰਪਲੀਮੈਂਟ ਨਹੀਂ ਕਰਦੇ। ਇਹ ਧੱਕਾ ਹੋ ਰਿਹਾ ਹੈ ਉਨ੍ਹਾਂ ਗਰੀਬਾਂ ਨਾਲ ਅਤੇ ਇਸ ਦੇ ਪ੍ਰੋਟੈਸਟ ਦੇ ਤੌਰ ਤੇ ਅਸੀਂ ਵਾਕ ਆਊਟ ਕਰਦੇ ਹਾਂ।

(ਇਸ ਵੇਲੇ ਸੀ.ਪੀ.ਆਈ. ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਵਾਕ ਆਊਟ ਕਰ ਗਏ।)

ਸਰਦਾਰ ਸੁਖਦੇਵ ਸਿੰਘ ਢਿੱਲੋਂ: ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਸਪੀਕਰ: ਕੋਈ ਪੁਆਇੰਟ ਆਫ਼ ਆਰਡਰ ਰੇਜ਼ ਨਾ ਕਰੋ। (No point of order be raised.)

ਮਾਸਟਰ ਚੰਦ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ , ਸਰ। ਤੁਸੀਂ ਮੈਨੂੰ ਇਸ ਤੇ ਬੋਲਣ ਲਈ ਟਾਈਮ ਨਹੀਂ ਦਿੰਦੇ, ਇਸ ਲਈ ਮੈਂ ਵੀ ਵਾਕ ਆਊਟ ਕਰਦਾ ਹਾਂ।

(ਇਸ ਸਮੇਂ ਮਾਸਟਰ ਚੰਦ ਸਿੰਘ ਵੀ ਵਾਕ ਆਊਟ ਕਰ ਗਏ।)

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ): ਮੈਂ ਕਲ ਸਟੇਟਮੈਂਟ ਦੇ ਦੇਣੀ ਸੀ। ਵਾਕ ਆਊਟ ਦਾ ਕੋਈ ਮਤਲਬ ਨਹੀਂ ਸੀ। ਪਰੰਪਰਾ ਇਹੀ ਹੈ ਪਰ ਜੇ ਹਰ ਸਵਾਲ ਤੇ ਇਨ੍ਹਾਂ ਨੇ ਵਾਕ ਆਊਟ ਹੀ ਕਰਨਾ ਹੈ ਤਾਂ ਇਹਦਾ ਕੋਈ ਇਲਾਜ ਨਹੀਂ ਹੈ। ਅਗਰ ਕਿਸੇ ਅਵਾਰਡ ਤੇ ਇੰਪਲੀਮੈਂਟੇਸ਼ਨ ਨਹੀਂ ਹੋਈ ਤਾਂ ਉਹਦੇ ਤੇ ਬਾਕਾਇਦਾ ਐਕਸ਼ਨ ਲਵਾਂਗੇ।

ਸ਼ਰਦਾਰ ਸੁਖਦੇਵ ਸਿੰਘ ਢਿੱਲੋਂ: ਬਠਿੰਡੇ ਵਿਚ ਲੜਕੀਆਂ ਦਾ ਹੋਸਟਲ ਹੈ। ਉਸ ਦੀ ਕੰਧ ਡੀ.ਐਸ.ਪੀ. ਦੀ ਕੋਠੀ ਨਾਲ ਸਾਂਝੀ ਹੈ। ਉਥੇ ਗੋਲੀ ਚਲਦੀ ਹੈ (ਵਿਘਨ) ਲੜਕੀਆਂ ਨਾਲ ਰਾਤ ਨੂੰ ਇਹ ਤਸ਼ੱਦਦ ਹੋਇਆ ਹੈ। (ਵਿਘਨ) ਇਸ ਤੋਂ ਜ਼ਿਆਦਾ ਹੋਰ ਕੀ ਹੋ ਸਕਦਾ ਹੈ।

ਸ੍ਰੀ ਸਪੀਕਰ: ਹਰ ਵਿਸ਼ਾ ਇਸ ਤਰ੍ਹਾਂ ਪੇਸ਼ ਕਰਨਾ ਠੀਕ ਨਹੀਂ ਲਗਦਾ ਹੈ। ਕਾਲ ਅਟੈਨਸ਼ਨ ਮੋਸ਼ਨ ਨੰ: 71 (Discussion on every matter should not be raised in this way. Now Call Attention Motion No. 71.)

CALL ATTENTION NOTICES UNDER RULE 66

(ਕ੍ਰਮ ਨੰ: 71)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੇ ਆਗੂ ਸਰਦਾਰ ਰਣਬੀਰ ਸਿੰਘ ਢਿੱਲੋਂ 23 ਫਰਵਰੀ ਤੋਂ ਇਸ ਲਈ ਭੁੱਖ ਹੜਤਾਲ ਉਤੇ ਹਨ ਕਿ ਪੰਜਾਬ ਸਰਕਾਰ ਨੇ ਪੰਜਾਬ ਦੇ ਲੱਖਾਂ ਸਰਕਾਰੀ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ। 24 ਫਰਵਰੀ ਨੂੰ ਆਪਣੀ ਗ੍ਰਿਫਤਾਰੀ ਤੋਂ ਬਾਅਦ ਰਣਬੀਰ ਸਿੰਘ ਢਿੱਲੋਂ ਜੇਲ੍ਹ ਅੰਦਰ ਵੀ ਆਪਣੀ ਭੁੱਖ ਹੜਤਾਲ ਜਾਰੀ ਰੱਖ ਰਹੇ ਹਨ। ਜੇਲ੍ਹ ਅੰਦਰ ਢਿੱਲੋਂ ਦੀ ਸਿਹਤ ਵਿਚ ਕਾਫ਼ੀ ਖਰਾਬੀ ਆਈ ਹੈ

ਇਥੋਂ ਤਕ ਕਿ ਉਨ੍ਹਾਂ ਨੂੰ ਕਈ ਵੇਰ ਗੱਸ਼ੀਆਂ ਵੀ ਪਈਆਂ। ਉਪ੍ਰੋਕਤ ਕਾਰਨਾਂ ਕਰਕੇ ਪੰਜਾਬ ਦੇ ਲੱਖਾਂ ਸਰਕਾਰੀ ਮੁਲਾਜ਼ਮਾਂ ਅਤੇ ਆਮ ਜਨਤਾ ਵਿਚ ਬਹੁਤ ਚਿੰਤਾ ਤੇ ਗੁੱਸਾ ਪੈਦਾ ਹੋ ਰਿਹਾ ਹੈ ਜਿਹੜਾ ਕਿਸੇ ਵੀ ਸਮੇਂ ਐਜੀਟੇਸ਼ਨ ਦਾ ਰੂਪ ਧਾਰ ਸਕਦਾ ਹੈ। ਕਿਉਂਕਿ ਇਹ ਸਮੱਸਿਆ ਬਹੁਤ ਜ਼ਰੂਰੀ ਤੇ ਫੌਰੀ ਜਨਤਕ ਮਹੱਤਤਾ ਦੀ ਗੱਲ ਹੈ ਇਸ ਲਈ ਸਰਕਾਰ ਇਸ ਮਾਮਲੇ ਉਤੇ ਸਦਨ ਵਿਚ ਬਿਆਨ ਦੇਵੇ।

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The Minister concerned may please make a statement).

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ ਜੋ ਕੁਝ ਰਹਿ ਗਿਆ ਤਾਂ ਵਖਰੀ ਸਟੇਟਮੈਂਟ ਦੇ ਦਿਤੀ ਜਾਏਗੀ। ਸਰਕਾਰ ਨੇ ਗੌਰਮਿੰਟ ਐਂਪਲਾਈਜ਼ ਦੀ ਜਾਇਜ਼ ਡਿਮਾਂਡ ਮੰਨਣ ਤੋਂ ਕਦੇ ਵੀ ਇਨਕਾਰ ਨਹੀਂ ਕੀਤਾ। ਮੰਗ ਮੁਨਾਸਿਬ ਕਿਹੜੀ ਹੈ, ਗੈਰ ਮੁਨਾਸਿਬ ਕਿਹੜੀ ਹੈ, ਜਲਦੀ ਕਿਹੜੀ ਪੂਰੀ ਹੋ ਸਕਦੀ ਹੈ, ਕਿਹੜੀ ਡਿਮਾਂਡ ਬਿਲਕੁਲ ਪੂਰੀ ਨਹੀਂ ਹੋ ਸਕਦੀ, ਇਹ ਵਿਚਾਰਨ ਵਾਸਤੇ ਐਂਪਲਾਈਜ਼ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਨ ਲਈ ਸਰਕਾਰ ਹਰ ਵੇਲੇ ਤਿਆਰ ਹੈ। ਮੈਂ ਗਵਰਨਰ ਦੇ ਐਡਰੈਸ ਤੋਂ ਬਾਅਦ ਆਪਣੀ ਸਪੀਚ ਵਿਚ ਇਹ ਕਿਹਾ ਸੀ ਕਿ ਗੌਰਮਿੰਟ ਐਂਪਲਾਈਜ਼ ਨੇ ਬੜੀ ਸਿਆਣਪ ਤੋਂ ਕੰਮ ਲਿਆ ਹੈ ਅਤੇ ਬਿਨਾਂ ਕਿਸੇ ਸ਼ਰਤ ਦੇ ਆਪਣੀ ਹੜਤਾਲ ਵਾਪਸ ਲੈ ਲਈ ਹੈ।

ਸਰਕਾਰ ਪੂਰੀ ਹਮਦਰਦੀ ਨਾਲ ਹਰ ਕਿਸਮ ਦੇ ਮੁਲਾਜ਼ਮਾਂ ਨਾਲ ਬਾਤ ਚੀਤ ਕਰਕੇ ਉਨ੍ਹਾਂ ਦੀਆਂ ਮੰਗਾਂ ਉਤੇ ਪੂਰਾ ਗੌਰ ਕਰੇਗੀ। ਮੈਂ ਪਰਸੋਂ ਅੰਮ੍ਰਿਤਸਰ ਸੀ। ਉਥੇ ਮੈਨੂੰ ਗੌਰਮਿੰਟ ਇੰਪ-ਲਾਈਜ਼ ਦੀਆਂ 2 ਯੂਨੀਅਨਾਂ ਦੇ ਨੁਮਾਂਇੰਦੇ ਮਿਲੇ। ਮੇਰੇ ਨਾਲ ਉਨ੍ਹਾਂ ਦੀਆਂ ਗੱਲਾਂ ਹੋਈਆਂ। ਉਨ੍ਹਾਂ ਨੇ ਰਣਬੀਰ ਢਿੱਲੋਂ ਦੇ ਸਬੰਧ ਵਿਚ ਗੱਲ ਕੀਤੀ। ਮੈਂ ਉਨ੍ਹਾਂ ਨੂੰ ਕਿਹਾ ਭੁੱਖ ਹੜਤਾਲ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਗੌਰਮਿੰਟ ਇੰਪਲਾਈਜ਼ ਦੇ ਨੁਮਾਇੰਦੇ ਮੈਨੂੰ ਫਿਰ 11 ਤਾਰੀਖ ਨੂੰ ਆ ਕੇ ਮਿਲ ਰਹੇ ਹਨ। ਹੋਰ ਨੁਮਾਇੰਦਾ ਜਾਂ ਕੋਈ ਇੰਡੀਵਿਜ਼ਅਲ ਗੌਰਮਿੰਟ ਇੰਪਲਾਈ ਵੀ ਮੈਨੂੰ, ਕਿਸੇ ਮਨਿਸਟਰ ਨੂੰ ਜਾਂ ਕਿਸੇ ਅਫ਼ਸਰ ਨੂੰ ਮਿਲਣਾ ਚਾਹੇ ਤਾਂ ਇਸ ਸਰਕਾਰ ਦੇ ਦਰਵਾਜ਼ੇ ਹਰ ਵੇਲੇ ਖੁਲ੍ਹੇ ਹਨ, ਉਹ ਮਿਲ ਸਕਦੇ ਹਨ। ਮੈਂ ਪ੍ਰਾਰਥਨਾ ਕਰਾਂਗਾ ਕਿ ਬਜਾਏ ਇਸ ਦੇ ਇਹ ਕਾਲ ਅਟੈਨਸ਼ਨ ਮੋਸ਼ਨਾਂ ਲਿਆ ਕੇ ਇਸ ਨੂੰ ਪੁਲਿਟੀਕਲਾਈਜ਼ ਕਰਨ ਅਤੇ ਉਲਝਣ ਵਾਲਾ ਮਸਲਾ ਬਣ ਜਾਏ, ਉਹ ਮਸਲੇ ਨੂੰ ਜੇ ਇਨ੍ਹਾਂ ਦਾ ਕੋਈ ਇਨਫਲੂਐਂਸ ਹੋਵੇ ਤਾਂ ਕਹਿਣ ਕਿ ਉਨ੍ਹਾਂ ਨੂੰ ਭੁੱਖ ਹੜਤਾਲ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਅਸੀਂ ਹਰ ਗੱਲ ਕਰ ਸਕਦੇ ਹਾਂ। ਮੈਨੂੰ ਆਸ ਹੈ ਕਿ ਡਾਂਗ ਸਾਹਿਬ ਅਤੇ ਸੀ.ਪੀ.ਆਈ. ਦੇ ਮੈਂਬਰ ਇਸ ਕੰਸਟ੍ਰਕਟਿਵ ਐਪਰੋਚ ਵਿਚ ਆਪ ਦਿਲਚਸਪੀ ਲੈਣਗੇ ਅਤੇ ਇਸ ਵਿਚ ਸਹਾਈ ਹੋਣਗੇ ਕਿ ਅਮਨ ਅਤੇ ਸ਼ਾਂਤੀ ਨਾਲ ਸਾਰੇ ਮਸਲੇ ਹਲ ਹੋ ਜਾਣ।

(ਕ੍ਰਮ ਨੰ: 78)

ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਹਲਕਾ ਜਲਾਲਾਬਾਦ ਬਾਰਡਰ ਦਾ ਏਰੀਆ ਹੈ ਇਸ ਦੇ ਨਾਲ ਸਤਲੁਜ ਦਰਿਆ ਲੰਘਦਾ ਹੈ। ਕੁਝ ਪਿੰਡ ਦਰਿਆ ਤੋਂ ਪਾਰ ਹਨ ਜੋ ਪਾਕਿਸਤਾਨ ਦੀ ਸਰਹਦ ਦੇ ਨਾਲ ਨਾਲ ਹਨ। ਹਿੰਦ-ਪਾਕਿ ਜੰਗ 1971 ਵਿਚ ਹੇਠ ਲਿਖੇ ਪਿੰਡ 15 ਦਿਨ ਪਾਕਿਸਤਾਨ ਦੇ ਕਬਜ਼ੇ ਵਿਚ ਰਹੇ ਹਨ ਜੋ ਬਾਅਦ ਵਿਚ ਸਾਡੀ ਆਰਮੀ ਨੇ ਖਾਲੀ ਕਰਵਾਏ। ਇਨ੍ਹਾਂ ਪਿੰਡਾਂ ਦਾ

[ਕਾਮਰੇਡ ਮਹਿਤਾਬ ਸਿੰਘ ਨੰਕੇਰੀਆਂ]

ਰਾਸ਼ਨ ਇਕ ਸਾਲ ਤੋਂ ਬਦ ਹੋ ਗਿਆ ਸੀ। ਨਾ ਹੀ ਮਕਾਨਾਂ ਦੀ ਗ੍ਰਾਂਟ, ਫ਼ਸਲਾਂ ਦਾ ਮੁਆਵਜ਼ਾ ਹੀ ਦਿਤਾ ਗਿਆ। ਇਹ ਲੋਕ ਦੁਖੀ ਹਨ। ਇਹ ਸਾਰੇ ਪਿੰਡ 'ਏ' ਕੈਟੇਗਰੀ ਦੇ ਹਨ। ਪਿੰਡਾਂ ਦੇ ਨਾਂ:—

1. ਗੁਲਾਬਾ ਭੈਣੀ 2. ਰੈਤੇਵਾਲੀ ਭੈਣੀ 3. ਭੈਣੀ ਲਾਭ ਸਿੰਘ 4. ਗਟੀ ਨੰ: 1 5. ਭੈਣੀ ਰਾਮ ਸਿੰਘ 6. ਝਮੜੇ ਭੈਣੀ।

ਸਬੰਧਤ ਮੰਤਰੀ ਬਿਆਨ ਦੇਣ ਦੀ ਕਿਰਪਾਲਤਾ ਕਰਨ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

(Serial No. 85)

Comrade Shamsher Singh Josh : Sir, I beg to draw the attention of the Government towards a matter of urgent public importance, namely, the long standing demand of the Teachers and Employees of recognised schools of our State for enactment of a comprehensive measure on the lines of Delhi School Education Act, 1973, passed by Parliament guaranteeing security of service to all such teachers and employees.

In view of obvious importance of the issue the Government may kindly be asked to make a statement in the House.

Mr. Speaker : Admitted. The Minister concerned may please make a statement.

(Serial No. 113)

Shri Gurdial Saini : Sir, I beg to draw the attention of the Government towards a mattrer of urgent public importance, namely, it was in December, 1973, that the Finance Minister announced in the Circuit House, Jullundur, that Rs 4.5 lakhs on account of difference between the grades of Government and Non-Government College non-teaching staff would be given by the Punjab Government. That assurance of the Finance Minister has not been implemented and only Rs 2 lakhs have been sanctioned for the purpose. This going back on the promise made is agitating the minds of the college non-teaching staff. It is, therefore, a fit matter on which the Finance Minister should make a statement on the floor of the House, as to what the Government proposes to do to keep up the promise made by the Finance Minister in the Circuit House, Jullundur, in December, 1973.

Mr. Speaker : Admitted. The Minister concerned may please make a statement.

ਵਿੱਤ ਮੰਤਰੀ : ਮੈਂ ਇਸ ਦਾ ਹੁਣੇ ਹੀ ਜਵਾਬ ਦੇ ਦਿੰਦਾ ਹਾਂ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ। (ਵਿਘਨ)

ਸ੍ਰੀ ਸਪੀਕਰ : ਤੁਹਾਡੀ ਪਾਰਟੀ ਦੀਆਂ 3 ਕਾਲ ਅਟੈਨਸ਼ਨ ਮੋਸ਼ਨਾਂ ਹੋ ਗਈਆਂ ਹਨ। (ਵਿਘਨ) ਇਹ ਅਗਲੇ ਦਿਨ ਆ ਜਾਣਗੀਆਂ। (Three Call Attention Motions given notice of by your party have already been admitted.) (*Interruption*). (These will come up tomorrow.)

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਹੜਾ ਸਮਝੌਤਾ ਹੋਇਆ ਸੀ ਉਸ ਦੇ ਮੁਤਾਬਿਕ ਸਾਢੇ ਚਾਰ ਲੱਖ ਰੁਪਿਆ ਮਨਜ਼ੂਰ ਕਰ ਦਿੱਤਾ ਹੈ ਅਤੇ ਫ਼ਾਈਨੈਂਸ ਡਿਪਾਰਟਮੈਂਟ ਤੋਂ ਕੇਸ ਚਲਾ ਗਿਆ ਹੈ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਵੀ ਜਲਦੀ ਤੋਂ ਜਲਦੀ ਰੁਪਿਆ ਉਨ੍ਹਾਂ ਨੂੰ ਪਹੁੰਚਾ ਦੇਣ।

QUESTIONS ON STATEMENTS MADE IN REPLY TO CALL ATTENTION NOTICES

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 18 ਅਤੇ ਇਕ 37 ਨੰ: ਸੀ, ਮੈਂ ਉਨ੍ਹਾਂ ਤੇ ਸਵਾਲ ਪੁੱਛਣਾ ਚਾਹੁੰਦਾ ਹਾਂ।

ਸ੍ਰੀ ਸਪੀਕਰ : ਠੀਕ ਹੈ। (All right.)

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਪਹਿਲਾ ਸਵਾਲ ਮੇਰਾ ਕਾਲ ਅਟੈਨਸ਼ਨ ਮੋਸ਼ਨ ਨੰ: 18 ਤੇ ਹੈ। ਪਹਿਲਾ ਸਵਾਲ ਮੇਰਾ ਇਹ ਹੈ ਕਿ ਚੀਫ਼ ਮਨਿਸਟਰ ਸਾਹਿਬ ਨੇ ਪਿੰਡ ਦਰਸ਼ੋਪੁਰ, ਜ਼ਿਲ੍ਹਾ ਗੁਰਦਾਸ-ਪੁਰ ਦੇ ਹਰੀਜਨਾਂ ਕੋਲੋਂ ਪਲਾਟ ਖੋਹ ਲਏ ਹਨ ਜਿਹੜੇ ਕਿ ਉਨ੍ਹਾਂ ਨੂੰ 1961 ਵਿਚ ਦਿੱਤੇ ਸਨ। ਉਸ ਮੋਸ਼ਨ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਸੰਨ 1961 ਵਿਚ ਉਨ੍ਹਾਂ ਨੂੰ ਦਿੱਤੇ ਹੋਏ ਪਲਾਟ ਸੰਨ 1966 ਵਿਚ ਡਾਇਰੈਕਟਰ ਦੇ ਹੁਕਮ ਨਾਲ ਉਨ੍ਹਾਂ ਕੋਲੋਂ ਵਾਪਸ ਲੈ ਲਏ ਹਨ। 1973 ਵਿਚ ਜਦ ਕਬਜ਼ਾ ਲਿਆ ਗਿਆ ਤਾਂ ਉਨ੍ਹਾਂ ਨੂੰ ਮਾਰਿਆ ਗਿਆ। ਜਨਾਨੀਆਂ ਨੂੰ ਮਾਰਿਆ ਕੁੱਟਿਆ ਗਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਲਾਟ ਉਨ੍ਹਾਂ ਨੂੰ 1961 ਵਿਚ ਦਿੱਤੇ ਅਤੇ ਫਿਰ 1966 ਵਿਚ ਉਨ੍ਹਾਂ ਦੇ ਖਿਲਾਫ਼ ਫ਼ੈਸਲਾ ਹੋ ਗਿਆ ਉਹ ਪਲਾਟ ਫ਼ਿਰ ਉਨ੍ਹਾਂ ਹੀ ਹਰੀਜਨਾਂ ਨੂੰ ਦਿਵਾਉਣ ਵਾਸਤੇ ਸਰਕਾਰ ਉਨ੍ਹਾਂ ਨੂੰ ਐਕੁਆਇਰ ਕਰ ਲਵੇਗੀ ਕਿਉਂਕਿ ਹਰ ਹਰੀਜਨ ਨੂੰ ਸਰਕਾਰ ਨੇ ਪਲਾਟ ਦੇਣਾ ਹੈ। ਕੀ ਉਸ ਫ਼ੈਸਲੇ ਨੂੰ ਬਦਲ ਕੇ ਉਨ੍ਹਾਂ ਨੂੰ ਐਕੁਆਇਰ ਕਰਕੇ ਉਨ੍ਹਾਂ ਨੂੰ ਉਹ ਪਲਾਟ ਰੈਸਟੋਰ ਕਰਨ ਦਾ ਇਹ ਆਸ਼ਵਾਸਨ ਦੇਣਗੇ ?

ਵਿੱਤ ਮੰਤਰੀ : ਇਸ ਦਾ ਕੱਲ ਜਵਾਬ ਦੇ ਦਿਆਂਗੇ।

ਕਾਮਰੇਡ ਰਾਜ ਕੁਮਾਰ : ਦੂਸਰਾ ਸਵਾਲ ਮੇਰਾ ਕਾਲ ਅਟੈਨਸ਼ਨ ਮੋਸ਼ਨ ਨੰ: 37 ਤੇ ਹੈ। ਇਸ ਦਾ ਜਵਾਬ ਸਰਦਾਰ ਬਲਬੀਰ ਸਿੰਘ, ਰਾਜ ਮੰਤਰੀ, ਸਿਹਤ ਨੇ ਦਿੱਤਾ ਹੈ। ਉਸ ਜਵਾਬ ਦੇ ਉਤੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਸਾਡਾ ਕਾਨੂੰਨ ਮੌਜੂਦ ਹੈ ਅਤੇ ਇਸ ਬਾਰੇ ਦਫ਼ਾ 14 ਹੈ ਜਿਸ ਦੇ ਥੱਲੇ ਮੈਨੂਫੈਕਚਰਰਜ਼ ਅਤੇ ਹੋਲ ਸੈਲਰਜ਼ ਲਈ ਵਾਰੰਟੀ ਲੈਟਰ ਜਾਰੀ ਕਰਨਾ ਜ਼ਰੂਰੀ ਹੈ ਅਤੇ ਉਹ ਇਸ ਨੂੰ ਲਾਗੂ ਨਹੀਂ ਸਮਝਦੇ, ਕੀ ਮਨਿਸਟਰ ਸਾਹਿਬ ਕੋਈ ਐਸਾ ਉਪਰਾਲਾ ਕਰਨਗੇ ਕਿ ਜੋ ਸਬਾਰਡੀ-ਨੇਟ ਲੈਜਿਸਲੇਸ਼ਨ ਪੰਜਾਬ ਵਿਚ ਬਣੀ ਹੈ ਉਸ ਐਕਟ ਦੇ ਥੱਲੇ ਉਸ ਦੇ ਵਿਚ ਪਰੋਵੀਜ਼ਨ ਕਰ ਦਿੱਤੀ ਜਾਵੇ ਕਿ ਵਾਰੰਟੀ ਬਿੱਲ ਉਤੇ ਛੱਪ ਜਾਵੇ ਤਾਕਿ ਉਸ ਸਿਲਸਿਲੇ ਵਿਚ ਜਿਹੜੀ ਛੋਟੇ ਵਿਉਪਾਰੀਆਂ ਨੂੰ ਔਕੜ ਆਉਂਦੀ ਹੈ, ਉਹ ਨਾ ਆਵੇ ?

ਰਾਜ ਮੰਤਰੀ, ਸਿਹਤ ਅਤੇ ਫੈਮਿਲੀ ਪਲੈਨਿੰਗ (ਸਰਦਾਰ ਬਲਬੀਰ ਸਿੰਘ) : ਸਪੀਕਰ ਸਾਹਿਬ, ਉਨ੍ਹਾਂ ਨੇ ਆਪ ਹੀ ਇਸ ਸਬੰਧ ਵਿਚ ਧਾਰਾ 14 ਦਾ ਜ਼ਿਕਰ ਕੀਤਾ ਹੈ ਕਿ ਉਸ ਦੇ ਅਧੀਨ ਮੈਨੂਫ਼ੈਕਚਰਰ ਲਈ, ਉਸ ਵਿਉਪਾਰੀ ਲਈ ਅਤੇ ਕਮਿਸ਼ਨ ਏਜੰਟ ਲਈ ਵਾਰੰਟੀ ਦੇਣੀ ਜ਼ਰੂਰੀ ਹੈ। ਜਿੰਨਾ ਚਿਰ ਕੰਪਲੇਨੰਟ ਉਸ ਦੇ ਕੋਲੋਂ ਖਰੀਦਦਾ ਹੈ ਅਤੇ ਉਹ ਸ਼ਿਕਾਇਤ ਨਹੀਂ ਕਰਦਾ ਕਿ ਮੈਨੂੰ ਨਹੀਂ ਮਿਲੀ ਤਾਂ ਕਿਸ ਤਰ੍ਹਾਂ ਅਸੀਂ ਐਕਸ਼ਨ ਲੈ ਸਕਦੇ ਹਾਂ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸਾਰੇ ਮੈਡੀਕਲ ਅਫ਼ਸਰਾਂ ਨੂੰ, ਚੀਫ਼ ਮੈਡੀਕਲ

[ਰਾਜ ਮੰਤਰੀ, ਸਿਹਤ ਅਤੇ ਫੈਮਿਲੀ ਪਲੈਨਿੰਗ]
ਅਫਸਰਾਂ ਨੂੰ ਹਿਦਾਇਤਾਂ ਜਾਰੀ ਕੀਤੀਆਂ ਹਨ ਕਿ ਜਿਹੜਾ ਵੀ ਕੰਪਲੇਨੈਂਟ ਉਨ੍ਹਾਂ ਕੋਲ ਰਿਪੋਰਟ ਕਰਦਾ ਹੈ ਉਸ ਦੀ ਪ੍ਰਾਸੀਕਿਊਸ਼ਨ ਲਾਂਚ ਕਰਨ ਵਿਚ ਪੂਰੀ ਪੂਰੀ ਮੱਦਦ ਕਰਨ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੇਰਾ ਤਾਂ ਸਵਾਲ ਇਹ ਹੈ...... (ਵਿਘਨ)

Mr. Speaker : No more supplementary question please.

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਮੇਰਾ ਵੀ ਕਾਲ ਅਟੈਨਸ਼ਨ ਮੋਸ਼ਨ ਨੰ: 29 ਤੇ ਇਕ ਸਵਾਲ ਹੈ। ਪਤਾ ਨਹੀਂ ਵਜ਼ੀਰ ਸਾਹਿਬ ਨੇ ਉਸ ਨੂੰ ਸਮਝਣ ਦੀ ਕਿਉਂ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਮਹਿਕਮੇ ਨੇ ਉਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਜੋ ਕੁਝ ਮੈਂ ਉਸ ਵਿਚ ਲਿਖਿਆ ਸੀ ਉਸ ਦਾ ਉਨ੍ਹਾਂ ਨੇ ਜੋ ਜਵਾਬ ਦਿੱਤਾ ਹੈ ਉਹ ਠੀਕ ਨਹੀਂ। ਇਸ ਵਾਸਤੇ ਮੈਂ ਐਜੂਕੇਸ਼ਨ ਦੇ ਵਜ਼ੀਰ ਸਾਹਿਬ ਤੋਂ ਨਾ ਪੁੱਛਦਾ ਹੋਇਆ ਤੁਹਾਡੇ ਰਾਹੀਂ ਮੈਂ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ 2 ਅਕਤੂਬਰ, 1973 ਨੂੰ ਜਦੋਂ ਉਹ ਖੰਨੇ ਗਏ ਸੀ ਤਾਂ ਉਨ੍ਹਾਂ ਦੇ ਸਾਹਮਣੇ ਇਹ ਸੰਸਕ੍ਰਿਤ ਪੜ੍ਹਾਉਣ ਦਾ ਸਵਾਲ ਰੱਖਿਆ ਸੀ। ਜਿਹੜੇ 8ਵੀਂ ਦੀ ਪੜ੍ਹਾਈ ਦੇ ਬਾਅਦ 9ਵੀਂ ਵਿਚ ਬੱਚੇ ਪੜਦੇ ਸਨ ਉਨ੍ਹਾਂ ਵਾਸਤੇ ਸੰਸਕ੍ਰਿਤ ਦਾ ਵਿਸ਼ਾ ਬੰਦ ਕੀਤਾ ਹੈ । ਸੰਸਕ੍ਰਿਤ ਦੇ ਵਿਦਿਆਰਥੀਆਂ ਨੂੰ ਗੌਰਮਿੰਟ ਆਫ ਇੰਡੀਆ ਵਲੋਂ 80 ਜਾਂ 100 ਵਜ਼ੀਫੇ ਪੰਜਾਬ ਵਿਚ ਮਿਲਦੇ ਹਨ ਜਿਹੜੇ ਕਿ 8ਵੀਂ ਜਮਾਤ ਵਿਚੋਂ ਸੰਸਕ੍ਰਿਤ ਵਿਚੋਂ ਪਾਸ ਹੁੰਦੇ ਹਨ। ਜਦ ਉਨ੍ਹਾਂ ਲਈ 9ਵੀਂ ਜਮਾਤ ਵਿਚ ਸੰਸਕ੍ਰਿਤ ਰੱਖੀ ਹੀ ਨਹੀਂ ਤਾਂ ਉਹ ਜਿਹੜੇ ਲੜਕੇ ਗੌਰਮਿੰਟ ਆਫ ਇੰਡੀਆ ਤੋਂ ਵਜ਼ੀਫਾ ਲੈਂਦੇ ਹਨ ਉਹ ਵਜ਼ੀਫਾ ਕਦ ਲੈਣਗੇ ? ਪਹਿਲਾ ਸਵਾਲ ਤਾਂ ਮੇਰਾ ਇਹ ਹੈ।

ਦੂਜਾ ਮੇਰਾ ਸਵਾਲ ਇਹ ਹੈ ਕਿ ਪੰਜਾਬੀ ਦਾ ਵਿਕਾਸ ਅਤੇ ਹਿੰਦੀ ਦਾ ਵਿਕਾਸ ਉਦੋਂ ਤੱਕ ਨਹੀਂ ਹੋ ਸਕਦਾ ਜਦੋਂ ਤੱਕ ਸੰਸਕ੍ਰਿਤ ਦਾ ਵਿਕਾਸ ਨਾ ਹੋਵੇ। ਚੀਫ ਮਨਿਸਟਰ ਸਾਹਿਬ ਮੰਨੇ ਸਨ ਕਿ ਇਸ ਤੇ ਗੌਰ ਕਰਨਗੇ । ਉਨ੍ਹਾਂ ਕਿਹਾ ਸੀ ਕਿ ਅਸੀਂ ਸੰਸਕ੍ਰਿਤ ਦਾ ਇਕ ਸੈਲ ਕਾਇਮ ਕਰਾਂਗੇ । ਇਸ ਲਈ ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਨਿਹਾਇਤ ਨਿਮਰਤਾ ਨਾਲ ਇਹ ਸਵਾਲ ਕਰਨਾ ਚਾਹੁੰਦਾ ਹਾਂ ਕਿ ਕੀ ਉਹ ਹਿੰਦੀ ਤੇ ਸੰਸਕ੍ਰਿਤ ਪੜ੍ਹਨ ਵਾਲਿਆਂ ਦੇ ਰਸਤੇ ਵਿਚ ਪਈ ਇਸ ਰੁਕਾਵਟ ਨੂੰ ਦੂਰ ਕਰਨ ਦੀ ਕ੍ਰਿਪਾ ਕਰਨਗੇ ?

ਸਿਖਿਆ ਮੰਤਰੀ (ਸ੍ਰੀ ਗੁਰਮੇਲ ਸਿੰਘ): ਸਪੀਕਰ ਸਾਹਿਬ, ਜੇ ਮੇਰੇ ਜਵਾਬ ਨਾਲ ਉਨ੍ਹਾਂ ਦੀ ਤਸੱਲੀ ਨਹੀਂ ਹੋਈ ਤਾਂ ਮੈਂ ਕੀ ਕਰ ਸਕਦਾ ਹਾਂ। ਜਿਥੋਂ ਤਕ ਵਿਸ਼ੇ ਦਾ ਸਵਾਲ ਪਹਿਲਾਂ ਦੱਸਿਆ ਸੀ, ਇਕ ਨਵਾਂ ਵਿਸ਼ਾ (Subject) ਐਡ ਕੀਤਾ ਗਿਆ ਹੈ। ਇਸ ਕਰਕੇ ਇਹ ਵਾਜਿਬ ਨਹੀਂ ਹੋਵੇਗਾ ਕਿਉਂਕਿ ਬੱਚਿਆਂ ਦੇ ਉਤੇ ਅੱਗੇ ਹੀ ਕਾਫ਼ੀ ਬੋਝ ਹੈ । ਇਸ ਲਈ ਇਹ ਵਾਜਿਬ ਨਹੀਂ ਸਮਝਿਆ ਗਿਆ ਕਿ 9ਵੀਂ ਜਮਾਤ ਦੇ ਬੱਚਿਆਂ ਦੇ ਉਤੇ ਹੋਰ ਬੋਝ ਪਾਇਆ ਜਾਵੇ। ਇਸ ਕਰਕੇ ਇਹ ਕੀਤਾ ਗਿਆ ਹੈ ਅਤੇ ਇਹ ਤਾਲੀਮ ਦੇ ਮਾਹਿਰਾਂ ਦੀ ਰਾਏ ਲੈ ਕੇ ਕੀਤਾ ਗਿਆ ਹੈ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ :. (ਵਿਘਨ)

ਸ੍ਰੀ ਸਪੀਕਰ: ਤੁਸੀਂ ਇਕ ਹੀ ਸਵਾਲ ਕਰ ਸਕਦੇ ਹੋ। ਤੁਸੀਂ ਐਜੂਕੇਸ਼ਨ ਮਨਿਸਟਰ ਸਾਹਿਬ ਨਾਲ ਗੱਲ ਕਰ ਲੈਣਾ। **(You can put only one question. You may discuss this matter with the hon. Education Minister).**

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ: ਮੈਂ ਕਿਹਾ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਉਹ ਗੌਰ ਕਰਨਗੇ, ਇਸ ਲਈ ਕੀ ਉਹ ਇਸ ਤੇ ਗੌਰ ਕਰਨਗੇ ?

(ਕੋਈ ਜੁਆਬ ਨਹੀਂ ਆਇਆ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰਬਰ 41 ਦੇ ਬਾਰੇ ਸਵਾਲ ਕਰਨਾ ਚਾਹੁੰਦਾ ਹਾਂ। ਇਹ ਕਾਲ ਅਟੈਨਸ਼ਨ ਮੋਸ਼ਨ ਅੰਮਿਤਸਰ ਮੈਡੀਕਲ ਕਾਲਜ ਔਰ ਪਟਿਆਲਾ ਮੈਡੀਕਲ ਕਾਲਜ ਦੇ ਜੂਨੀਅਰ ਡਾਕਟਰਜ਼ ਦੀ ਹੜਤਾਲ ਦੇ ਬਾਰੇ ਵਿਚ ਸੀ। ਇਨ੍ਹਾਂ ਕਿਹਾ ਕਿ ਹੜਤਾਲ ਕੀਤੀ ਗਈ ਆਲ ਇੰਡੀਆ ਜਥੇਬੰਦੀ ਦੇ ਮੁਤਾਬਕ ਅਤੇ ਇਹ ਪ੍ਰੋਵੋਕੇਟਿਵ ਆਨਸਰ ਹੈ ਕਿ ਹਸਪਤਾਲ ਤਾਂ ਚਲ ਰਹੇ ਹਨ। ਸਪੀਕਰ ਸਾਹਿਬ, ਮੈਂ ਇਸ ਝਗੜੇ ਵਿਚ ਨਹੀਂ ਪੈਣਾ ਚਾਹੁੰਦਾ ਕਿ ਹਸਪਤਾਲ ਚਲ ਰਹੇ ਹਨ ਜਾਂ ਨਹੀਂ ? ਕੀ ਇਸ ਗੱਲ ਦੀ ਰੋਸ਼ਨੀ ਵਿਚ ਕਿ ਜੂਨੀਅਰ ਡਾਕਟਰਜ਼ ਦੀ ਜਿਹੜੀ ਡੀਮਾਂਡ ਹੈ, ਪੰਜਾਬ ਦੇ ਜੂਨੀਅਰ ਡਾਕਟਰਜ਼ ਦੀ ਕੰਡੀਸ਼ਨ ਆਫ਼ ਸਰਵਿਸ ਬੇਹਤਰ ਕਰਨ ਦੀ ਜਿਹੜੀ ਕਿ ਪੰਜਾਬ ਸਰਕਾਰ ਨਾਲ ਸਬੰਧ ਰਖਦੀ ਹੈ ਅਤੇ ਜਿਹੜੀ ਪੰਜਾਬ ਸਰਕਾਰ ਪੂਰੀ ਕਰ ਸਕਦੀ ਹੈ ਕੀ ਇਸ ਗੱਲ ਦੀ ਰੌਸ਼ਨੀ ਵਿਚ ਜੂਨੀਅਰ ਡਾਕਟਰਜ਼ ਨਾਲ ਗੱਲਬਾਤ ਕਰਕੇ ਇਸ ਦਾ ਫ਼ੈਸਲਾ ਕਰਕੇ ਗਲ ਨੂੰ ਨਿਪਟਾਉਣ ਦਾ ਯਤਨ ਕਰਨਗੇ ਤਾਂ ਕਿ ਗਰੀਬ ਆਦਮੀ ਜਿਹੜੇ ਹਸਪਤਾਲਾਂ ਵਿਚੋਂ ਹੀ ਇਲਾਜ ਕਰਵਾਉਂਦੇ ਹਨ, ਬਾਕੀ ਅਮੀਰ ਤਾਂ ਬਾਹਰੋਂ ਵੀ ਇਲਾਜ ਕਰਵਾ ਸਕਦੇ ਹਨ, ਉਹ ਗਰੀਬ ਆਪਣਾ ਇਲਾਜ ਪੂਰੀ ਤਰ੍ਹਾਂ ਕਰਵਾ ਸਕਣ ?

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਆਨਰੇਬਲ ਸਪੀਕਰ ਸਾਹਿਬ, ਮੈਂ ਅਗੇ ਵੀ ਡਾਂਗ ਸਾਹਿਬ ਨੂੰ ਬੇਨਤੀ ਕੀਤੀ ਸੀ ਜਿਹੜੀਆਂ ਪ੍ਰੋਗਰੈਸਿਵ ਤਾਕਤਾਂ ਹਨ ਉਨ੍ਹਾਂ ਨੂੰ ਇਕੱਠਾ ਰਹਿਣਾ ਚਹੀਦਾ ਹੈ ਅਤੇ ਰਿਐਕਸ਼ਨਰੀ ਤਾਕਤਾਂ ਦੇ ਹੱਥਾਂ ਵਿਚ ਕੋਈ ਤਾਕਤ ਨਹੀਂ ਜਾਣ ਦੇਣੀ ਚਾਹੀਦੀ। ਜਿਥੋਂ ਤਕ ਗਰੀਬਾਂ ਦਾ ਸਵਾਲ ਹੈ, ਡਾਂਗ ਸਾਹਿਬ ਵੀ ਮੁਦੱਈ ਹਨ ਅਤੇ ਅਸੀਂ ਵੀ ਉਤਨੇ ਹੀ ਮੁਦੱਈ ਹਾਂ। ਡਾਕਟਰਾਂ ਦੇ ਸਬੰਧ ਵਿਚ ਮੈਂ ਦਸਣਾ ਚਾਹੁੰਦਾ ਹਾਂ ਕਿ ਦੋਵੇਂ ਕਿਸਮ ਦੇ ਡਾਕਟਰਜ਼ ਮੈਨੂੰ ਅੰਮ੍ਰਿਤਸਰ ਵਿਚ ਮਿਲੇ ਸਨ ਅਤੇ ਉਨ੍ਹਾਂ ਨੇ ਆਪਣੀਆਂ ਮੰਗਾਂ ਮੇਰੇ ਸਾਹਮਣੇ ਰਖੀਆਂ ਅਤੇ ਆਪਣੀਆਂ ਤਕਲੀਫ਼ਾਂ ਦਾ ਇਕ ਚਾਰਟ ਦਿਤਾ ਹੈ, ਅਸੀਂ ਉਸ ਤੇ ਪੂਰੀ ਤਰ੍ਹਾਂ ਗੌਰ ਕਰ ਰਹੇ ਹਾਂ। ਮੇਰੀ ਗੱਲ ਬਾਤ ਨਾਲ ਉਨ੍ਹਾਂ ਦੀ ਕਾਫ਼ੀ ਤਸੱਲੀ ਹੋ ਗਈ ਹੈ। ਮੈਂ ਚਾਹੁੰਦਾ ਹਾਂ ਕਿ ਡਾਂਗ ਸਾਹਿਬ ਦਾ ਜੇ ਕੋਈ ਉਨ੍ਹਾਂ ਤੇ ਅਸਰ ਰਸੂਖ ਹੋਵੇ ਤਾਂ ਉਹ ਉਨ੍ਹਾਂ ਦੋਸਤਾਂ ਨੂੰ ਕਹਿਣ ਕਿ ਹੜਤਾਲ ਕਰਨ ਦੀ ਲੋੜ ਨਹੀਂ, ਮਰੀਜ਼ਾਂ ਦਾ ਨੁਕਸਾਨ ਹੁੰਦਾ ਹੈ, ਬਦਅਮਨੀ ਪੈਦਾ ਹੁੰਦੀ ਹੈ, ਸਰਕਾਰ ਉਨ੍ਹਾਂ ਦੇ ਕੇਸ ਵਿਚ ਪੂਰੀ ਤਰ੍ਹਾਂ ਦੇਖਣ ਨੂੰ ਤਿਆਰ ਹੈ ਔਰ ਅਸੀਂ ਦੇਖ ਰਹੇ ਹਾਂ, ਗੌਰ ਕਰ ਰਹੇ ਹਾਂ।

ਦੂਸਰੀ ਪ੍ਰਾਰਥਨਾ ਮੈਂ ਬੜੇ ਅਦਬ ਨਾਲ ਇਹ ਕਰਨਾ ਚਾਹੁੰਦਾ ਹਾਂ ਕਿ ਜਦੋਂ ਡਾਂਗ ਸਾਹਿਬ ਗਰੀਬਾਂ ਦੀ ਗੱਲ ਕਰਦੇ ਹਨ ਤਾਂ ਉਹ ਸਿਰਫ਼ ਜਿਹੜੇ ਆਰਗਨਾਈਜ਼ਡ ਗਰੀਬ ਹਨ ਉਨ੍ਹਾਂ ਦੀ

[ਮੁੱਖ ਮੰਤਰੀ]

ਗੱਲ ਕਰਦੇ ਹਨ, ਜਿਹੜੇ ਆਰਗੇਨਾਈਜ਼ ਨਹੀਂ ਹੋ ਸਕਦੇ, ਬਹੁਤ ਭੁੱਖੇ ਹਨ, ਨੰਗੇ ਹਨ ਅਤੇ ਜਿਨ੍ਹਾਂ ਨੂੰ ਰੋਟੀ ਕਪੜਾ ਨਹੀਂ ਮਿਲਦਾ ਉਨ੍ਹਾਂ ਦਾ ਵੀ ਧਿਆਨ ਰਖਣ। ਸਾਰਾ ਬਜਟ ਅਸੀਂ ਵੰਡ ਕੇ ਲਾਉਣਾ ਹੈ । ਇਸ ਬਜਟ ਨੂੰ ਲੋਕਾਂ ਦੀ ਭਲਾਈ ਦੇ ਕੰਮਾਂ ਵਾਸਤੇ ਵੀ ਲਾਉਣਾ ਹੈ ਅਤੇ ਲੋਕਾਂ ਦੀ ਮਦਦ ਵੀ ਕਰਨੀ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਸ ਸਾਹਿਬ, ਮੇਰੀਆਂ ਦੋ ਕਾਲ ਅਟੈਨਸ਼ਨ ਮੋਸ਼ਨਾਂ ਨੰਬਰ 32 ਅਤੇ 51 ਹਨ। ਪਹਿਲਾਂ ਮੈਂ ਨੰਬਰ 32 ਦੇ ਬਾਰੇ ਸਵਾਲ ਕਰਨਾ ਚਾਹੁੰਦਾ ਹਾਂ। ਕਾਲ ਅਟੈਨਸ਼ਨ ਮੋਸ਼ਨ ਨੰਬਰ 32 ਵਿਚ ਇਹ ਕਿਹਾ ਗਿਆ ਸੀ ਕਾਲਜ ਟੀਚਰਾਂ ਦੀ, ਨਾਨ-ਗੌਰਮਿੰਟ ਟੀਚਰਜ਼ ਜੋ ਹਨ ਉਨ੍ਹਾਂ ਦੀ ਸਿਕਉਰਟੀ ਆਫ਼ ਸਰਵਿਸ ਲਈ ਪੰਜਾਬ ਸਰਕਾਰ ਨੇ ਇਕ ਐਕਟ ਲਿਆਉਣ ਦਾ ਵਚਨ ਕੀਤਾ ਸੀ। ਸਰਕਾਰ ਵਲੋਂ ਹੁਣ ਇਹ ਜਵਾਬ ਆਇਆ ਹੈ ਕਿ ਉਹ ਡਰਾਫ਼ਟ ਬਿਲ ਲਿਆਉਣ ਵਾਸਤੇ ਤਿਆਰ ਕਰ ਰਹੀ ਹੈ ਅਤੇ ਇਸੇ ਸੈਸ਼ਨ ਵਿਚ ਲਿਆਉਣ ਦੀ ਤਜਵੀਜ਼ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਡਰਾਫ਼ਟ ਬਿਲ ਤਿਆਰ ਕਰਨ ਵੇਲੇ ਕੀ ਕਾਲਜ ਟੀਚਰਾਂ ਨਾਲ ਕੋਈ ਕਨਸਲਟੇਸ਼ਨ ਵੀ ਕੀਤੀ ਗਈ ਹੈ ਜਾਂ ਨਹੀਂ ? ਦੂਸਰਾ ਇਨ੍ਹਾਂ ਨੇ ਕਿਹਾ ਹੈ ਕਿ ਇਸੇ ਸੈਸ਼ਨ ਵਿਚ ਇਹ ਬਿਲ ਲਿਆਉਣ ਦੀ ਤਜਵੀਜ਼ ਹੈ, ਮੈਂ ਇਹ ਡੈਫ਼ੀਨਿਟ ਪੁਛਣਾ ਚਾਹੁੰਦਾ ਹਾਂ ਕਿ ਕੀ ਇਸੇ ਸੈਸ਼ਨ ਵਿਚ ਲਿਆਂਦਾ ਜਾਵੇਗਾ ਜਾਂ ਨਹੀਂ ?

ਸਿਖਿਆ ਮੰਤਰੀ (ਸ੍ਰੀ ਗੁਰਮੇਲ ਸਿੰਘ) : ਸਪੀਕਰ ਸਾਹਿਬ, ਇਸ ਦੇ ਲਈ ਕੁਝ ਪਤਾ ਲਗਾ ਕਿ ਕੁਝ ਦੋਸਤ ਹੜਤਾਲ ਤੇ ਬੈਠੇ ਹਨ ਅਤੇ ਉਹ ਮੈਨੂੰ ਵੀ ਮਿਲੇ ਹਨ। ਅਸੀਂ ਜੇ ਲੋੜ ਸਮਝੀ ਤਾਂ ਉਨ੍ਹਾਂ ਦੀ ਰਾਏ ਲੈ ਲਵਾਂਗੇ ਲੇਕਿਨ ਮੈਂ ਦਸਣਾ ਚਾਹੁੰਦਾ ਹਾਂ ਕਿ ਜਿਤਨੀ ਇਨ੍ਹਾਂ ਦੋਸਤਾਂ ਨੂੰ ਉਨ੍ਹਾਂ ਟੀਚਰਾਂ ਨਾਲ ਹਮਦਰਦੀ ਹੈ ਪੰਜਾਬ ਸਰਕਾਰ ਨੂੰ ਇਨ੍ਹਾਂ ਨਾਲੋਂ ਵੱਧ ਹਮਦਰਦੀ ਹੈ। (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰਬਰ 51 ਬਾਰੇ ਪੁਛਣਾ ਚਾਹੁੰਦਾ ਹਾਂ । ਜਗਰਾਉਂ ਵਿਚ ਪੁਲਿਸ ਫ਼ਾਇਰਿੰਗ ਨਾਲ ਇਕ ਕਿਸਾਨ ਦੀ ਮੌਤ ਹੋਈ ਹੈ ਜਿਸ ਨਾਲ ਉਸ ਇਲਾਕੇ ਵਿਚ ਬਹੁਤ ਬੇਚੈਨੀ ਫ਼ੈਲੀ ਹੋਈ ਹੈ ਅਤੇ ਪੰਜਾਬ ਸਰਕਾਰ ਨੂੰ ਅਦਾਲਤੀ ਜਾਂਚ ਕਰਵਾਉਣ ਲਈ ਕਿਹਾ ਗਿਆ। ਮੈਂ ਮੁਖ ਮੰਤਰੀ ਸਾਹਿਬ ਨੂੰ ਹੁਣ ਦੀ ਤਾਜ਼ਾ ਸਥਿਤੀ ਦੇ ਮੁਤਾਬਕ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਕਪੂਰਥਲਾ ਵਿਚ ਅਜਿਹੇ ਕੇਸ ਵਿਚ ਅਦਾਲਤੀ ਜਾਂਚ ਕਰਵਾਉਣ ਵਾਸਤੇ ਉਨ੍ਹਾਂ ਨੇ ਹੁਕਮ ਦੇ ਦਿਤਾ ਹੈ, ਕਿ ਹੁਣ ਇਸ ਜਗਰਾਉਂ ਦੇ ਕੇਸ ਵਿਚ ਵੀ ਅਦਾਲਤੀ ਜਾਂਚ ਕਰਵਾਉਣਗੇ ਜਦੋਂ ਕਿ ਪ੍ਰੈਸੀਡੈਂਟ ਕਾਇਮ ਹੋ ਗਿਆ ਹੈ ? (ਵਿਘਨ)

ਸ੍ਰੀ ਸਪੀਕਰ : ਇਸ ਦਾ ਜਵਾਬ ਤਾਂ ਸੀ.ਐਮ. ਸਾਹਿਬ ਨੇ ਉਸ ਦਿਨ ਹੀ ਦੇ ਦਿਤਾ ਸੀ। (ਵਿਘਨ) (The Chief Minister gave a reply to this question the same day.)

(ਇਸ ਵਕਤ ਸਰਦਾਰ ਗੁਰਦੇਵ ਸਿੰਘ ਸਿੱਧੂ ਪੁਆਇਟ ਆਫ਼ ਆਰਡਰ ਪੇਸ਼ ਕਰਨ ਲਈ ਖੜੇ ਸਨ)

STATEMENTS LAID ON THE TABLE OF THE HOUSE IN REPLY TO CALL ATTENTION NOTICES

Chief Parliamentary Secretary (Sardar Gurcharan Singh Nihalsinghwala) Sir, I beg to lay on the Table replies to Call Attention Notices Nos. 4, 26, 46, 50 and 75.

(*Serial No.* 4)

1. **Comrade Darshan Singh Canadian**
2. **Comrade Satya Pal Dang**

: to draw the attention of the Government towards a matter of urgent public importance, namely, that the students, junior doctors and the entire para-medical staff of the Dayanand Medical College in Ludhiana have been on strike for the last many days. They are demanding that as the grants given to the college are inadequate and part of that is misutilised by the college management, the college is not in a position to fulfil the minimum conditions prescribed by the University, Indian Medical Council and hence a constant threat of dis-affiliation of the college and the ruination of the careers of the medical students, hangs over their heads. They are demanding that the said college be taken over by the State Government. In view of the most urgent and immediate public importance of the matter the Government may be asked to make a statement in the House.

Shri Gurmail Singh (Education Minister) : Dayanand Medical College, Ludhiana was upgraded in 1964 from Arya Medical School, Ludhiana. The State Government agreed to give assistance to the management for the establishment of this college.

The Government has given so far recurring and non-recurring grant to the tune of Rs. 54 lacs. Besides this the Government of India have also given a grant of Rs. 10.5 lacs to this college. In addition to these grants, a sum of Rs. 6 lacs was given as loan to build a boys hostel for the college. Every year the college and hospital has been given an assistance of Rs 1,000 per student and Rs 150 per hospital bed. This grant was doubled to Rs 2,000 and Rs 300 respectively for the last 2 years. It was pointed out by the Panjab University that the Endowment Fund of this college is only about Rs. 14,00 lacs whereas the required stipulation is Rs. 20.00 lacs. Sanction for Rs. 6 lacs towards Endowment Fund has been issued. The Punjab Government has also written to the Vice-Chancellor, Panjab University to take a lenient view of the shortcomings and assured him that the State Government would do its best to assist the institute to the extent possible. The Vice-Chancellor has replied that he is taking up the case of affiliation of Dayanand Medical College, Ludhiana to the meeting of the Syndicate which was scheduled to be held on 23rd February, 1974. The meeting has since been held and it is learnt from reliable sources that a favourable decision to continue affiliation for some time more has already been taken.

(*Serial No.* 26)

Shri Sardari Lal Kapoor : to draw the attention of the Government towards a matter of urgent public importance, namely, the Government was pleased to raise the grades of private School teachers of the State, but they have, so far, no security of service. The managements of private schools of the State in many cases show vindictiveness towards their teachers. It is, therefore, a fit matter on which the Government should make a statement on the floor of the House as to what steps it proposes to take so as to ensure security of service to the teachers of private schools in the State.

Shri Gurmail Singh (Education Minister) : The Punjab aided Schools (Security of Service) Act is already in force since 1969. The Act provides for security of service to the employees of the privately managed aided schools. No employee can be dismissed, removed or reduced in rank except in accordance with the provisions of the Act. To further provide for observance of proper procedure etc. detailed Rules have been made under this Act. These Rules came into effect on 13th February, 1974.

[ਪੰਜਾਬ ਸਹਾਇਤਾ ਪ੍ਰਾਪਤ ਸਕੂਲ (ਸੇਵਾ ਸੁਰੱਖਿਆ) ਐਕਟ ਪਹਿਲਾਂ ਹੀ 1969 ਤੋਂ ਅਮਲ ਵਿਚ ਆ ਚੁਕਾ ਹੈ। ਇਸ ਐਕਟ ਵਿਚ ਪ੍ਰਾਈਵੇਟ ਪ੍ਰਬੰਧ ਅਧੀਨ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਦੀ ਸੇਵਾ ਦੀ ਸੁਰੱਖਿਆ ਦਾ ਉਪਬੰਧ ਕੀਤਾ ਗਿਆ ਹੈ। ਇਸ ਐਕਟ ਵਿਚ ਉਪਬੰਧਾਂ ਤੋਂ ਬਿਨਾਂ ਹੋਰਵੇਂ ਕਿਸੇ ਕਰਮ-ਚਾਰੀ ਨੂੰ ਡਿਸਮਿਸ ਨਹੀਂ ਕੀਤਾ ਜਾ ਸਕਦਾ, ਹਟਾਇਆ ਨਹੀਂ ਜਾ ਸਕਦਾ, ਜਾਂ ਉਸਦਾ ਆਹੁਦਾ ਨਹੀਂ ਘਟਾਇਆ ਜਾ ਸਕਦਾ। ਉਚਿਤ ਕਾਰਜ ਵਿਧੀ ਦੀ ਪਾਲਣਾ ਕਰਾਉਣ ਲਈ ਇਸ ਐਕਟ ਅਧੀਨ ਵਿਸਥਾਰ ਪੂਰਨ ਨਿਯਮ ਵੀ ਬਣਾਏ ਗਏ ਹਨ। ਇਹ ਨਿਯਮ 13 ਫਰਵਰੀ, 1974 ਤੋਂ ਲਾਗੂ ਹੋਏ ਹਨ।]

(*Serial No.* 46)

Comrade Darshan Singh Canadian : to draw the attention of Government towards a matter of urgent public importance, namely, that the thousands of chowkidars of the State have not been getting their full salaries ever since 1970. Again and again they have sent representations to the State Government during the Akali regime, to the Governor during the Presidential Rule and now for two years to the present Government, However, the successive Government have taken no positive decision to concede their just demands. At present there is very serious discontentment among the chowkidars. They have already held demonstrations at many places and the agitation is likely to spread. In view of the obvious and urgent importance of the matter, the Government may be asked to make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ): ਇਸ ਸਬੰਧ ਵਿਚ ਬੇਨਤੀ ਹੈ ਕਿ ਪੰਜਾਬ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਨੂੰ 30 ਜੁਲਾਈ, 1971 ਤੋਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ 17 ਅਗਸਤ, 1973 ਤੋਂ ਚੌਕੀਦਾਰ ਟੈਕਸ ਤੋਂ ਛੋਟ ਦਿੱਤੀ ਗਈ ਸੀ। ਸਰਕਾਰ ਦੇ ਇਸ ਫ਼ੈਸਲੇ ਦੇ ਕਾਰਣ ਰਾਜ ਦੇ ਕੁਝ ਚੌਕੀ-ਦਾਰਾਂ ਨੂੰ ਪੂਰੀ ਤਨਖਾਹ ਨਹੀਂ ਮਿਲ ਸਕੀ ਸੀ। ਚੌਕੀਦਾਰਾਂ ਦੀ ਤਨਖਾਹ ਦੇ ਇਸ ਘਾਟੇ ਨੂੰ ਪੂਰਾ ਕਰਨ ਲਈ ਸਰਕਾਰ ਨੇ ਹੁਣ 29,61,350 ਰੁ: ਦੀ ਮੰਨਜ਼ੂਰੀ ਦੇ ਦਿੱਤੀ ਹੈ। ਇਹ ਰਕਮ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਦੀ ਡਿਸਪੋਜ਼ਲ ਤੇ ਰੱਖੀ ਗਈ ਹੈ। ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ਆਪਣੇ ਆਪਣੇ ਜ਼ਿਲ੍ਹੇ ਵਿਚ ਇਸ ਰਕਮ ਦੀ ਚੌਕੀਦਾਰਾਂ ਵਿਚ ਉਸੇ ਢੰਗ ਨਾਲ ਅਦਾਇਗੀ ਕਰਨਗੇ, ਜਿੰਨੀ ਜਿੰਨੀ ਰਕਮ ਹਰ ਚੌਕੀਦਾਰਾ ਨੂੰ 30 ਜੁਲਾਈ, 1971 ਤੋਂ ਬਾਦ ਘੱਟ ਮਿਲੀ ਹੈ। ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਇਹ ਵੀ ਆਦੇਸ਼ ਦਿੱਤਾ ਗਿਆ ਹੈ ਕਿ ਇਹ ਰਕਮ 31 ਮਾਰਚ, 1974 ਤੋਂ ਪਹਿਲਾਂ ਪਹਿਲਾਂ ਵੰਡ ਦਿੱਤੀ ਜਾਵੇ। ਇਸ ਰਕਮ ਦੀ ਅਦਾਇਗੀ ਤੋਂ ਬਾਦ ਚੌਕੀਦਾਰਾਂ ਦੀ ਤਨਖਾਹ ਦਾ ਕੋਈ ਬਕਾਇਆ ਨਹੀਂ ਰਹੇਗਾ। ਅਗਲੇ ਸਾਲ 1974-75 ਵਿਚ ਵੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਚੌਕੀਦਾਰਾ ਟੈਕਸ ਤੋਂ ਛੋਟ ਦਿੱਤੀ ਜਾਣ ਦੇ ਕਾਰਣ ਘਟਦੀ ਰਕਮ ਦੀ ਪੂਰਤੀ ਲਈ ਬਜਟ ਵਿਚ 18,79,000 ਰੁ: ਦਾ ਉਪਬੰਧ ਕਰਵਾਇਆ ਗਿਆ ਹੈ, ਜਿਸ ਦੀ ਕਿ ਮੰਨਜ਼ੂਰੀ ਬਜਟ ਪਾਸ ਹੋਣ ਉਪਰੰਤ ਦਿਤੀ ਜਾਵੇਗੀ।

(*Seial No. 50*)

Comrade Raj Kumar : to draw the attention of the Government towards a matter of urgent public importance, namely, in Kalanaur border area of district Gurdaspur three persons died during field firing two on 4th February, 1974 and one on a day in the following week. Some person received injuries. To ensure safety for the life of their families public of this area have been demanding shifting of 'firing field' to some uninhabited area of the District but to no favourable result. This question came up for discussion in Public Grievances Committee, Gurdaspur presided over by State Minister for Food and Supplies, Punjab on 5th February, 1974 but so far neither field firing has been shifted nor families of the deceased persons suitably compensated. There is much resentment in the public on this account.

In view of the obvious importance of the matter, the State Government may be asked to make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਕਲਾਨੌਰ ਵਿਖੇ ਫੀਲਡ ਫ਼ਾਇਰਿੰਗ ਕਰਕੇ 4 ਫਰਵਰੀ, 1974 ਨੂੰ ਸਰਵਸ਼੍ਰੀ ਰਮੇਸ਼ ਲਾਲ ਅਤੇ ਚਰਨ ਸਿੰਘ ਮਾਰੇ ਗਏ ਸਨ ਅਤੇ ਸਰਵਸ਼੍ਰੀ ਜਨਕ ਰਾਜ ਤੇ ਮਦਨ ਲਾਲ ਜ਼ਖਮੀ ਹੋਏ ਸਨ। ਮਾਰੇ ਗਏ ਵਿਅਕਤੀਆਂ ਦੇ ਪ੍ਰੀਵਾਰਾਂ ਨੂੰ ਜ਼ਿਲ੍ਹਾ ਰੈਡ ਕਰਾਸ ਫ਼ੰਡ ਵਿਚੋਂ ਪੰਜ ਪੰਜ ਸੌ ਰੁਪਏ ਮੰਜ਼ੂਰ ਕਰ ਦਿਤੇ ਹਨ ਜਿਹੜੇ ਕਿ ਛੇਤੀ ਹੀ ਦਿਤੇ ਜਾ ਰਹੇ ਹਨ। ਇਸ ਰਕਮ ਨੂੰ ਵਧਾਕੇ 1500 ਰੁਪਏ ਕੀਤਾ ਜਾ ਰਿਹਾ ਹੈ ਅਤੇ ਅਦਾਇਗੀ ਕਰਨ ਲਈ ਹੁਕਮ ਜਾਰੀ ਕੀਤੇ ਜਾ ਰਹੇ ਹਨ। ਕਲਾਨੌਰ ਫੀਲਡ ਫ਼ਾਇਰਿੰਗ ਰੇਂਜ 23 ਮਾਰਚ, 1974 ਤਕ ਹੀ ਫ਼ੀਲਡ ਫ਼ਾਇਰਿੰਗ ਲਈ ਵਰਤਿਆ ਜਾਵੇਗਾ। ਇਸ ਤੋਂ ਮਗਰੋਂ ਇਸ ਰੇਂਜ ਨੂੰ ਕਿਸੇ ਹੋਰ ਜਗ੍ਹਾ ਬਦਲਿਆ ਜਾਵੇਗਾ। ਇਸ ਬਾਰੇ ਸਬੰਧਤ ਡਿਪਟੀ ਕਮਿਸ਼ਨਰ, ਫ਼ੌਜੀ ਅਧਿਕਾਰੀਆਂ ਨਾਲ ਪੱਤਰ ਵਿਹਾਰ ਕਰ ਰਹੇ ਹਨ।

(*Serial No.* 75)

1. **Sardar Sukhdev Singh Dhillon**
2. **Sardar Gurbachan Singh**
3. **Giani Arjan Singh Litt**

} to darw the attention of the Government towards a matter of public importance, namely, that on the 24th February, 1974, a Mela arranged by the management of Master Tara Singh Memorial College for Women at the Rose Garden, Ludhiana, was heavily disturbed by the goondas to such an extent that tents were demolished and the girls students were attacked and their clothes were torn off.

This incident has created a great resentment in the parents of the college girls in particular and the public in general. The Government should make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ): ਸੀਨੀਅਰ ਸੁਪਰਡੰਟ ਪੁਲਿਸ, ਲੁਧਿਆਣਾ ਤੋਂ ਪੜਤਾਲ ਕਰਨ ਤੇ ਪਾਇਆ ਗਿਆ ਹੈ ਕਿ ਮਿਤੀ 24 ਫਰਵਰੀ, 1974 ਨੂੰ ਰੋਜ਼ ਗਾਰਡਨ, ਲੁਧਿਆਣਾ, ਵਿਚ ਕੋਈ ਅਜਿਹਾ ਮੇਲਾ ਨਹੀਂ ਕੀਤਾ ਗਿਆ ਸੀ। ਪਰ ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਫ਼ਾਰ ਵੋਮੈਨ ਦੇ ਪ੍ਰਬੰਧਕਾਂ ਨੇ ਮਿਤੀ 24 ਫਰਵਰੀ, 1974 ਨੂੰ ਲੜਕਿਆਂ ਅਤੇ ਲੜਕੀਆਂ ਦਾ ਇਕ ਸਾਂਝਾ ਮੇਲਾ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ, ਦੇ ਮੈਦਾਨ ਵਿਚ ਆਯੋਜਿਤ ਕੀਤਾ ਸੀ। ਲੜਕੀਆਂ ਨਾਲ ਬਦਸਲੂਕੀ ਦੇ ਸਿਲਸਿਲੇ ਵਿਚ ਉਕਤ ਮੇਲੇ ਦੇ ਪ੍ਰਬੰਧਕਾਂ ਨੇ ਪੁਲਿਸ ਪਾਸ ਜੋ ਕਾਲਜ ਦੇ ਬਾਹਰ ਡਿਊਟੀ ਤੇ ਸੀ, ਕੋਈ ਅਜਿਹੀ ਸ਼ਕਾਇਤ ਨਹੀਂ ਕੀਤੀ। ਪੜਤਾਲ ਤੋਂ ਭੀ ਪਾਇਆ ਗਿਆ ਹੈ ਕਿ ਇਸ ਮੇਲੇ ਵਿਚ ਨਾ ਕੋਈ ਟੈਂਟ ਡੇਗਿਆ ਗਿਆ, ਨਾ ਕਿਸੇ ਲੜਕੀ ਦੇ ਕਪੜੇ ਫਾੜੇ ਅਤੇ ਨਾ ਹੀ ਕਿਸੇ ਲੜਕੀ ਨਾਲ ਕੋਈ ਹੋਰ ਬਦਸਲੂਕੀ ਕੀਤੀ ਗਈ।

PRESENTATION OF PRELIMINARY REPORT OF THE COMMITTEE ON WELFARE OF SCHEDULED CASTES FOR THE YEAR 1973-74

Chairman, Committee on Welfare of Scheduled Castes (Sardar Harchand Singh) : Sir, I beg to present the *preliminary report of the Committee on Welfare of Scheduled Castes for the year 1973-74.

DHARNA IN SUPPORT OF JUDICIAL INQUIRY ABOUT JAGRAON INCIDENT

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਪੁਆਇੰਟ ਆਫ਼ ਆਰਡਰ ਤੇ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਦਨ ਵਿਚ ਦੋ ਵੱਖ ਵੱਖ ਫ਼ੈਸਲੇ ਕੀਤੇ ਜਾਂਦੇ ਹਨ। ਜਦੋਂ ਕਪੂਰਥਲੇ ਵਾਸਤੇ ਜੁਡੀਸ਼ੀਅੱਲ ਇਨਕੁਆਇਰੀ ਹੋ ਸਕਦੀ ਹੈ ਤਾਂ ਜਗਰਾਉਂ ਵਾਸਤੇ ਕਿਉਂ ਨਹੀਂ ਹੋ ਸਕਦੀ ? (ਵਿਘਨ) (ਸ਼ੋਰ)

(ਇਸ ਵਕਤ ਆਪੋਜ਼ੀਸ਼ਨ ਬੈਂਚਾਂ ਤੋਂ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾ ਤੇ ਖੜੇ ਹੋ ਕੇ ਬੋਲ ਰਹੇ ਸਨ ** ** ** **)

ਸ੍ਰੀ ਸਪੀਕਰ : ਜੋ ਕੁਝ ਵੀ ਇਹ ਆਨਰੇਬਲ ਮੈਂਬਰ ਸਾਹਿਬਾਨ ਚੇਅਰ ਦੀ ਆਗਿਆ ਤੋਂ ਬਗੈਰ ਬੋਲ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ। (ਵਿਘਨ) (Whatever the hon. Members are saying without the permission of the Chair, should not be recorded.)

(*Interruption.*)

---

*Placsed in the Library.

**Not recorded as ordered by the Chair.

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਦਾ ਮਸਲਾ ਹੈ ਅਗਰ ਉਸ ਦੀ ਇਨਕੁਆਇਰੀ ਨਹੀਂ ਕਰਾਈ ਜਾਂਦੀ ਤਾਂ ਮੈਂ ਇਥੇ ਫਲੋਰ ਤੇ ਬੈਠਦਾ ਹਾਂ। (ਵਿਘਨ) (ਸ਼ੋਰ) ਜਦ ਤਕ ਸਰਕਾਰ ਉਸ ਦੀ ਜੁਡੀਸ਼ੀਅਲ ਇਨਕੁਆਇਹੀ ਨਹੀਂ ਮੰਨਦੀ ਮੈਂ ਇਥੇ ਬੈਠਾਂਗਾ ।

(ਇਸ ਸਮੇਂ ਸਰਦਾਰ ਬਸੰਤ ਸਿੰਘ ਖ਼ਾਲਸਾ ਆਪਣੀ ਸੀਟ ਤੋਂ ਉਠ ਕੇ ਫਲੋਰ ਤੇ ਆ ਕੇ ਬੈਠ ਗਏ ।)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਕੱਲ ਮੈਂ ਹਾਉਸ ਵਿਚ ਹਾਜ਼ਰ ਨਹੀਂ ਸੀ ਅਤੇ ਕਿਸੇ ਕੰਮ ਦੇ ਸਿਲਸਿਲੇ ਵਿਚ ਦਿੱਲੀ ਗਿਆ ਹੋਇਆ ਸੀ। ਕੱਲ ਇਥੇ ਹਾਉਸ ਵਿਚ ਗਿਆਨੀ ਜੀ ਨੇ ਕਪੂਰਥਲੇ ਦੇ ਕੇਸ ਵਿਚ ਜੁਡੀਸ਼ੀਅੱਲ ਇਨਕੁਆਇਹੀ ਕਰਾਉਣ ਲਈ ਕਿਹਾ। ਮੈਂ ਇਸ ਚੀਜ਼ ਦੀ ਬੜੀ ਪ੍ਰਸ਼ੰਸਾ ਕਰਦਾ ਹਾਂ, ਲੇਕਿਨ ਮੈਂ ਸਮਝਦਾ ਹਾਂ ਕਿ ਕਪੂਰਥਲੇ ਅਤੇ ਜਗਰਾਉਂ ਵਾਲੇ ਦੋਨੋਂ ਕੇਸ ਇਕ ਹੀ ਨੌਵੀਅੱਤ ਦੇ ਹਨ। ਉਥੇ ਵੀ ਡੈਥ ਹੋਈ ਹੈ ਅਤੇ ਇਥੇ ਵੀ ਡੈਥ ਹੋਈ ਹੈ। ਇਸ ਲਈ ਜਗਰਾਉਂ ਵਾਲੇ ਕੇਸ ਵਿਚ ਵੀ ਜੁਡੀਸ਼ੀਅੱਲ ਇਨਕੁਆਇਹੀ ਹੋਣੀ ਚਾਹੀਦੀ ਹੈ ਕਿਉਂਕਿ ਮੈਂ ਜਗਰਾਉਂ ਆਪ ਜਾ ਕੇ ਆਇਆ ਹਾਂ ਅਤੇ ਲੋਕਾਂ ਦੇ ਦਿਲ ਵਿਚ ਬੜਾ ਗ਼ਮ ਓ ਗੁੱਸਾ ਹੈ ਕਿ ਉਥੇ ਉਨ੍ਹਾਂ ਨਾਲ ਬੜੀ ਜ਼ਿਆਦਤੀ ਹੋਈ ਹੈ।

ਮੁੱਖ ਮੰਤਰੀ : ਆਨਰੇਬਲ ਸਪੀਕਰ ਸਾਹਿਬ, ਇਹ ਸਿਮੀਲਰ ਕੇਸ ਨਹੀਂ। ਜਗਰਾਉਂ ਵਿਚ ਦਫ਼ਾ 144 ਲਗੀ ਹੋਈ ਸੀ, ਇਸ ਬਾਰੇ ਅਫ਼ਸਰਾਂ ਵਲੋਂ ਅਨਾਉਂਸਮੈਂਟ ਕੀਤੀ ਗਈ ਸੀ। ਪਰ ਵਖਾਵਾਕਾਰੀਆਂ ਨੇ ਪਹਿਲਾਂ ਐਲਾਨ ਕੀਤਾ ਫ਼ਿਰ ਉਸ ਨੂੰ ਤੋੜਨ ਦਾ ਯਤਨ ਕੀਤਾ ਗਿਆ। ਜਿਥੋਂ ਤਕ ਹਰੀਜਨਾਂ ਦਾ ਸੁਆਲ ਹੈ ਜਿਹੜਾ ਕਪੂਰਥਲੇ ਮਰਿਆ ਹੈ ਉਹ ਹਰੀਜਨ ਦਾ ਲੜਕਾ ਸੀ, ਕਾਂਗਰਸਮੈਨ ਸੀ । ਇਹ ਵੀ ਡਾਊਟਫੁਲ ਹੈ ਹਾਲਾਂ ਕਿ ਕੀ ਉਹ ਗੋਲੀ ਨਾਲ ਮਰਿਆ ਹੈ ਜਾਂ ਕਿਵੇਂ ਮਰਿਆ ਹੈ ? ਕਿਸ ਦੀ ਸੱਟ ਨਾਲ ਮਰਿਆ ਹੈ ? ਇਸ ਨਾਲ ਇਹ ਪਤਾ ਲਗ ਜਾਵੇਗਾ। ਉਥੇ ਦੇ ਹਾਲਾਤ ਕੁਝ ਇਸ ਤਰ੍ਹਾਂ ਹੋਏ ਹਨ ਕਿ ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਜਾਪਦੀ ਸੀ । ਜੁਡੀਸ਼ੀਅਲ ਇਨਕੁਆਇਹੀ ਹੋ ਰਹੀ ਹੈ ਅਗਰ ਕੋਈ ਗੱਲ ਹੋਈ ਅਸੀਂ ਇਨਕੁਆਇਹੀ ਕਰਾਵਾਂਗੇ । ਸਪੀਕਰ ਸਾਹਿਬ, ਇਹ ਜਿਹੜਾ ਪੁਲੀਟੀਕਲ ਅਨਸਰ ਹੈ ਇਹ ਕਦੇ ਹਰੀਜਨਾਂ ਨੂੰ, ਕਦੇ ਔਰਤਾਂ ਨੂੰ, ਕਦੇ ਸਟੂਡੈਂਟਸ ਨੂੰ ਮੂਹਰੇ ਕਰਕੇ ਸੂਬੇ ਵਿਚ ਬਦਅਮਨੀ ਪੈਦਾ ਕਰਨ ਲਈ ਯਤਨ ਕਰਦਾ ਹੈ। ਮੈਂ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਗੱਲ ਤੇ ਜ਼ਿਦ ਨਾ ਕਰਨ ਅਤੇ ਇਸ ਮਾਮਲੇ ਨੂੰ ਅਗੇ ਵਧਾਉਣ ਦੀ ਲੋੜ ਨਹੀਂ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਆਨਰੇਬਲ ਚੀਫ਼ ਮਨਿਸਟਰ ਸਾਹਿਬ ਨੂੰ ਜਗਰਾਉਂ ਬਾਰੇ ਸ਼ਾਇਦ ਪੂਰੀ ਵਾਕਫ਼ੀਅਤ ਨਹੀਂ, ਮੈਂ ਆਪ ਜਾ ਕੇ ਉਥੋਂ ਪਤਾ ਕੀਤਾ ਹੈ । ਉਥੇ ਇਥੋਂ ਤਕ ਹੋਇਆ ਕਿ ਜਿਸ ਵਕਤ ਗੋਲੀ ਚਲੀ ਸ਼ਾਇਦ ਮੈਜਿਸਟਰੇਟ ਸਾਹਿਬ ਵੀ ਮੌਕੇ ਤੇ ਹਾਜ਼ਰ ਨਹੀਂ ਸਨ। ਮੈਂ ਕਹਿੰਦਾ ਹਾਂ ਕਿ ਇਹ ਉਨ੍ਹਾਂ ਦੇ ਆਪਣੇ ਇੰਟ੍ਰੈਸਟ ਵਾਸਤੇ ਹੈ ਕਿ ਉਹ ਵਾਕਫ਼ੀਅਤ ਕਰਨ। ਸਾਡੇ ਕੋਲ ਜੁਡੀਸ਼ੀਅਲ ਇਨਕੁਆਇਹੀ ਦਾ ਪ੍ਰੈਸੀਡੈਂਟ ਹੋ ਗਿਆ ਹੈ ਉਹ ਉਥੇ ਵੀ ਜੁਡੀਸ਼ੀਅਲ ਇਨਕੁਆਇਰੀ ਕਰਾਉਣ । ਇਥੇ ਵੀ ਹਾਲਾਤ ਬਿਲਕੁਲ ਉਸੇ ਤਰ੍ਹਾਂ ਦੇ ਹਨ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਬੜੀ ਅਹਿਮ ਗੱਲ ਦਸਦਾ ਹਾਂ ਕਿ ਜਿਹੜੇ ਗੋਲੀ ਮਾਰਨ ਵਾਲੇ ਹਨ ਜੇ ਕਰ ਗੋਲੀ ਮਾਰਨ ਵਾਲੇ ਨੂੰ ਪੜਤਾਲ ਤੇ ਲਾਇਆ

ਜਾਵੇ ਤਾਂ ਕੀ ਤੁਸੀਂ ਇਸ ਪਵਿਤਰ ਕੁਰਸੀ ਤੇ ਬੈਠ ਕੇ ਕਹਿ ਸਕਦੇ ਹੋ ਕਿ ਇਨਸਾਫ ਮਿਲੇਗਾ ? ਉਥੇ ਪੁਰਅਮਨ ਕਿਸਾਨਾਂ ਤੇ, ਮੁਜ਼ਾਰਿਆਂ ਤੇ ਹਰੀਜਨਾਂ ਤੇ ਗੋਲੀ ਚਲਾਈ ਗਈ । ਡੈਮੋਕਰੇਸੀ ਦੀ ਇਹ ਪਰੰਪਰਾ ਹੈ ਕਿ ਜਿਥੇ ਹਰੀਜਨਾਂ ਤੇ ਤਸ਼ੱਦਦ ਹੋਵੇ ਉਸ ਦੀ ਜੁਡੀਸ਼ੀਅਲ ਇਨਕੁਆਇਰੀ ਹੋਣੀ ਚਾਹੀਦੀ ਹੈ। ਸਮਾਜਵਾਦ ਦਾ ਨਾਅਰਾ ਲਾਉਣ ਵਾਲੀ ਸਰਕਾਰ ਨੂੰ ਜੁਡੀਸ਼ੀਅਲ ਇਨਕੁਆਇਰੀ ਕਰਾਉਣੀ ਚਾਹੀਦੀ ਹੈ ਜਿਥੇ ਹਰੀਜਨ ਦਾ ਕਤਲ ਹੋਵੇ । (ਵਿਘਨ) ਗਿਆਨੀ ਜੀ ਸੋਸ਼ਲਿਜ਼ਮ ਦਾ ਦਮ ਭਰਦੇ ਹਨ। ਮੈਂ ਉਨ੍ਹਾਂ ਤੋਂ ਤਵੱਕੋ ਕਰਦਾ ਹਾਂ ਕਿ ਗਿਆਨੀ ਜੀ ਜਗਰਾਉਂ ਦੀ ਜੁਡੀਸ਼ੀਅਲ ਇਨਕੁਆਇਰੀ ਕਰਵਾਉਣਗੇ । (ਸ਼ੋਰ) (ਵਿਘਨ)

(ਇਸ ਵਕਤ ਆਪੋਜ਼ੀਸ਼ਨ ਦੇ ਬੈਂਚਾਂ ਵਲੋਂ ਕਈ ਮੈਂਬਰ ਸਾਹਿਬਾਨ ਬੋਲ ਰਹੇ ਸਨ ਅਤੇ ਹਾਊਸ ਵਿਚ ਬੜਾ ਸ਼ੋਰ ਸੀ।)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਜਿਸ ਤਰੀਕੇ ਨਾਲ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਬੀਹੇਵ ਕਰ ਰਹੇ ਹਨ ਇਹ ਪਾਰਲੀ-ਮੈਂਟਰੀ ਤਰੀਕੇ ਦੇ ਉਲਟ ਹੈ । ਇਸ ਤਰ੍ਹਾਂ ਦਾ ਰਵੱਈਆ ਨਹੀਂ ਅਪਨਾਉਣਾ ਚਾਹੀਦਾ। ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਕੁਝ ਗੱਲਾਂ ਕਹੀਆਂ ਹਨ। ਮੈਂ ਕਹਿੰਦਾ ਹਾਂ ਕਿ ਜਿਹੜੇ ਸਜਣ ਫ਼ਲੋਰ ਤੇ ਬੈਠੇ ਹਨ ਪਹਿਲਾਂ ਉਨ੍ਹਾਂ ਨੂੰ ਉਥੋਂ ਉਠਾਉਣ । ਜਿਸ ਢੰਗ ਨਾਲ . ਇਥੇ ਹਾਊਸ ਵਿਚ ਮੁਜ਼ਾਹਰਾ ਕੀਤਾ ਗਿਆ ਹੈ ਇਹ ਠੀਕ ਨਹੀਂ ਹੈ। ਕੱਲ ਸੰਧੂ ਸਾਹਿਬ ਨੇ ਕਿਹਾ ਸੀ ਕਿ ਅਸੀਂ ਹਾਊਸ ਨਹੀਂ ਚਲਣ ਦਿਆਂਗੇ। ਇਹ ਆਪੋਜ਼ੀਸ਼ਨ ਵਾਲੇ ਸਾਡੇ ਸਾਥੀ ਹਾਊਸ ਦੇ ਬਾਹਰ ਕੀ ਕਰਨਾ ਚਾਹੁੰਦੇ ਹਨ ਅਤੇ ਹਾਊਸ ਵਿਚ ਕੀ ਕਰਨਾ ਚਾਹੁੰਦੇ ਹਨ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਹਾਊਸ ਵਿਚ ਪਾਰਲੀਮੈਂਟਰੀ ਤਰੀਕੇ ਨਾਲ ਚਲਣ । ਆਪਣੀ ਆਪਣੀ ਰਾਏ ਦੇਣ ਤਾਂ ਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਜਿਸ ਕੰਮ ਲਈ ਭੇਜਿਆ ਹੈ ਉਹ ਕੰਮ ਕਰਨ। ਜੇਕਰ ਹਾਊਸ ਦੇ ਬਾਹਰ ਅਤੇ ਹਾਊਸ ਦੇ ਅੰਦਰ ਉਹੀ ਕੰਮ ਕਰਨਾ ਹੈ ਤਾਂ ਮੈਂ ਕਹਾਂਗਾ ਕਿ ਅਸੈਂਬਲੀ ਦਾ ਅਤੇ ਕੰਪਨੀ ਬਾਗ ਦਾ ਕੋਈ ਫ਼ਰਕ ਨਹੀਂ ਰਹਿ ਜਾਂਦਾ। (ਵਿਘਨ)

(ਇਸ ਸਮੇਂ ਆਪੋਜ਼ੀਸ਼ਨ ਬੈਂਚਾਂ ਤੋਂ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਬੋਲ ਰਹੇ ਸਨ, ਹਾਊਸ ਵਿਚ ਸ਼ੋਰ ਬਹੁਤ ਜ਼ਿਆਦਾ ਸੀ।)

ਸ਼੍ਰੀ ਸਪੀਕਰ : ਮੈਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਅਰਜ਼ ਕਰਾਂਗਾ ਕਿ ਹਾਊਸ ਦੀ ਡਿਗਨਿਟੀ ਔਰ ਡੈਕੋਰਮ ਨੂੰ ਕਾਇਮ ਰਖਣਾ ਸਾਡਾ ਸਾਰਿਆਂ ਦਾ ਫ਼ਰਜ਼ ਹੈ। ਮੈਂ ਖ਼ਾਸ ਤੌਰ ਤੇ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੋ ਪਾਰਲੀਮੈਂਟਰੀ ਰਿਵਾਇਤ ਹੈ ਉਸ ਦੇ ਨਾਲ ਤੁਸੀਂ ਇਸ ਹਾਊਸ ਵਿਚ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਹੋ ਔਰ ਬੜੇ ਜ਼ੋਰ ਨਾਲ ਆਪਣੀ ਗੱਲ ਕਹਿ ਸਕਦੇ ਹੋ। ਤੁਸੀਂ ਆਪਣੀ ਮੰਗ ਰਖ ਸਕਦੇ ਹੋ । ਤੁਹਾਨੂੰ ਮੌਕਾ ਦਿਤਾ ਜਾਂਦਾ ਹੈ ਅਤੇ ਬੜਾ ਟਾਈਮ ਦਿਤਾ ਜਾਂਦਾ ਹੈ। ਜੇਕਰ ਤੁਸੀਂ ਕਹੋ ਕਿ ਕੋਈ ਫੈਸਲਾ ਗਲਤ ਢੰਗ ਨਾਲ ਕਰਾਉਣਾ ਹੈ ਔਰ ਹਾਊਸ ਦੀ ਡਿਗਨਿਟੀ ਨੂੰ ਭੰਗ ਕਰਕੇ ਕਰਾਉਣਾ ਹੈ ਅਤੇ ਸਦਨ ਦੀ ਪਵਿੱਤਰਤਾ ਕਾਇਮ ਨਹੀਂ ਰਖਣੀ ਤਾਂ ਇਹ ਚੰਗੀ ਗੱਲ ਨਹੀਂ ਅਤੇ ਤੁਹਾਡੀ ਇਹ ਗਲ ਨਹੀਂ ਮੰਨੀ ਜਾ ਸਕਦੀ। ਤੁਸੀਂ ਆਪਣਾ ਡੈਪੂਟੇਸ਼ਨ ਲੈ ਕੇ ਚੀਫ਼ ਮਨਿਸਟਰ ਸਾਹਿਬ ਨੂੰ ਮਿਲ ਸਕਦੇ ਹੋ, ਸਾਰੇ ਪੰਜਾਬ ਦੇ ਸ਼ਹਿਰਾਂ ਵਿਚ ਮੁਜ਼ਾਹਰੇ ਕਰ ਸਕਦੇ ਹੋ ਅਤੇ ਉਥੇ ਜੁਡੀਸ਼ੀਅਲ ਇਨ-ਕੁਆਇਰੀ ਦੀ ਮੰਗ ਕਰੋ । ਜੇਕਰ ਤੁਸੀਂ ਆਪਣੀ ਕੋਈ ਮੰਗ ਇਸ ਤਰ੍ਹਾਂ ਪ੍ਰੈਸ਼ਰ ਨਾਲ ਮਨਵਾਉਣਾ ਚਾਹੋਗੇ ਅਤੇ ਹਾਊਸ ਵਿਚ ਇਸ ਤਰ੍ਹਾਂ ਦਾ ਮਾਹੌਲ ਪੈਦਾ ਕਰੋਗੇ ਤਾਂ ਇਹ ਪਾਰਲੀਮੈਂਟਰੀ

[ਸ਼੍ਰੀ ਸਪੀਕਰ]

ਰਿਵਾਇਤ ਦੇ ਉਲਟ ਹੋਵੇਗਾ। ਤੁਸੀਂ ਹਰ ਵਕਤ ਜ਼ੀਰੋ ਆਵਰ ਬਣਾਈ ਰਖਦੇ ਹੋ। ਹਾਊਸ ਦੀ ਕਾਰਵਾਈ ਸਾਰੇ ਪੰਜਾਬ ਦੀ ਸੇਵਾ ਹੈ। ਐਪ੍ਰੋਪਰੀਏਸ਼ਨ ਬਿਲ ਪਾਸ ਕਰਨਾ ਹੈ, ਬਜਟ ਪਾਸ ਕਰਨਾ ਹੈ, ਇਸ ਕਾਰਵਾਈ ਨੂੰ ਰੋਕਣਾ ਕਿਸੇ ਲਈ ਠੀਕ ਨਹੀਂ ਲਗਦਾ। ਇਸ ਲਈ ਮੈਂ ਹੱਥ ਜੋੜ ਕੇ ਤੇ ਬੜੀ ਨਿਮਰਤਾ ਨਾਲ ਬੇਨਤੀ ਕਰਾਂਗਾ ਕਿ ਅਗਰ ਤੁਸੀਂ ਕੋਈ ਮੁਜ਼ਾਹਰਾ ਕਰਨਾ ਹੈ ਤਾਂ ਚੀਫ਼ ਮਨਿਸਟਰ ਸਾਹਿਬ ਦੀ ਕੋਠੀ ਜਾ ਕੇ ਕਰ ਸਕਦੇ ਹੋ ਅਤੇ ਉਨ੍ਹਾਂ ਨੂੰ ਮਿਲ ਵੀ ਸਕਦੇ ਹੋ (ਵਿਘਨ) ਲੇਕਿਨ ਹਾਊਸ ਵਿਚ ਇਸ ਤਰ੍ਹਾਂ ਦਾ ਮੁਜ਼ਾਹਰਾ ਕਰਨਾ ਇਹ ਚੰਗੀ ਗੱਲ ਨਹੀਂ। ਮੈਂ ਆਪੋਜ਼ੀਸ਼ਨ ਦੇ ਲੀਡਰ ਨੂੰ ਬੇਨਤੀ ਕਰਾਂਗਾ ਕਿ ਹਾਊਸ ਦੀ ਕਾਰਵਾਈ ਨੂੰ ਚਲਣ ਦੇਣ। (I would like to submit that it is the duty of all the Members of the House to maintain the dignity and decorum of the House. I would particularly point out to Leader of the Opposition that Members can fully express their view point following the parliamentary convention of the House. They can put forward their demands. They are given sufficient opportunity for the purpose. If they are determined to get a decision in a wrong manner and at the cost of the dignit of the House and also by flouting the sanctity of the House then it would not be desirable and such a demand cannot be acceded to. They can meet the Chief Minister in a deputation and can demonstrate in the cities of Punjab to demand judicial enquiry. It will, however, be against the parliamentary conventions if you try to put pressure by creating such disorderly scenes in the House. You treat every time as Zero Hour. The House is doing a great service to the Punjab. It has to pass the Appropriation Bill, and the Budget too. It is not proper for anybody to create hinderance in its way. Hence I would like to politely point out to the hon Members that if they so desire they may demonstrate in front of the Kothi of the Chief Minister or even meet him (*Interruption*). But to demonstrate in this manner inside the House is not desirable. I would request the Leader of the Opposition to let the House proceed with its business.)

(ਇਸ ਸਮੇਂ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋਏ ਇਕੱਠੇ ਹੀ ਬੋਲ ਰਹੇ ਸਨ ਅਤੇ ਹਾਊਸ ਵਿਚ ਬੜਾ ਸ਼ੋਰ ਸੀ।)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਅਸੀਂ ਤੁਹਾਡਾ ਦਿਲੋਂ ਅਤੇ ਮਨੋਂ ਸਤਿਕਾਰ ਕਰਦੇ ਹਾਂ, ਪਰ ਇਸ ਗਲ ਦੀ ਸਾਨੂੰ ਬਿਲਕੁਲ ਤਵੱਕੋ ਨਹੀਂ ਸੀ ਕਿ ਜੋ ਸਰਕਾਰ ਨੇ ਗਲਤ ਫੈਸਲਾ ਕੀਤਾ ਹੈ ਤੁਸੀਂ ਉਸ ਦੀ ਪ੍ਰੋੜ੍ਹਤਾ ਕਰੋਗੇ। (ਵਿਘਨ)

ਸ਼੍ਰੀ ਸਪੀਕਰ : ਮੈਂ ਕੋਈ ਪ੍ਰੋੜ੍ਹਤਾ ਨਹੀਂ ਕੀਤੀ। (I have not supported the Govt.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਸਰਕਾਰ ਨੂੰ ਤੁਹਾਨੂੰ ਤਜਵੀਜ਼ ਦੇਣੀ ਚਾਹੀਦੀ ਸੀ ਕਿ ਇਹ ਹਰੀਜਨਾਂ ਦਾ ਮਸਲਾ ਹੈ, ਹਰੀਜਨ ਦਾ ਕਤਲ ਕੀਤਾ ਗਿਆ ਹੈ ਉਸ ਦੀ ਇਨਕੁਆਇਰੀ ਕਰਾਈ ਜਾਵੇ ਬਜਾਏ ਇਸ ਦੇ ਤੁਸੀਂ ਆਰਬਿਟਰੇਰੀ ਰਵਈਆ ਅਪਣਾਇਆ ਹੈ। ਮੈਂ ਹੁਣ ਵੀ ਤੁਹਾਡਾ ਸਤਿਕਾਰ ਕਰਦਾ ਹਾਂ ਅਤੇ ਤੁਹਾਨੂੰ ਰਿਕੁਐਸਟ ਕਰਦਾ ਹਾਂ ਕਿ ਤੁਸੀਂ ਸਰਕਾਰ ਦੇ ਕੰਨਾਂ ਵਿਚ ਪਾਓ ਕਿ ਇਕ ਹਰੀਜਨ ਦਾ ਕਤਲ ਹੋਇਆ ਹੈ, ਉਸ ਦੀ ਜੁਡੀਸ਼ੀਅੱਲ ਇਨਕੁਆਇਰੀ ਕਰਾਵੇ। (ਵਿਘਨ)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੇਰਾ ਖਿਆਲ ਸੀ ਕਿ ਤੁਹਾਡੇ ਸੁਝਾਓ ਤੋਂ ਬਾਅਦ ਸਾਡੇ ਆਪੋਜ਼ੀਸ਼ਨ ਦੇ ਵੀਰ ਕੁਝ ਸਮਝ ਜਾਣਗੇ। ਪਰ ਉਨ੍ਹਾਂ ਨੇ ਪੁਰਾਣੀ ਗਲ ਹੀ ਕੀਤੀ ਹੈ। ਇਨ੍ਹਾਂ ਨੇ ਹਰੀਜਨਾਂ ਦੀ ਗਲ ਕੀਤੀ ਹੈ। ਸਾਰਿਆਂ ਨੂੰ ਪਤਾ ਹੈ ਕਿ ਇਹ ਹਰੀਜਨਾਂ ਦੇ ਕਿਤਨੇ ਹਮਦਰਦ ਹਨ। ਮੈਂ ਪੁਛਦਾ ਹਾਂ ਕਿ ਹਰੀਜਨਾਂ ਦੇ ਹੱਕਾਂ ਲਈ ਲੜਨ ਵਾਸਤੇ ਕੀ ਇਹ ਕਦੇ ਅਗੇ ਗਏ ? ਵਿਚਾਰੇ ਹਰੀਜਨਾਂ ਨੂੰ ਇਹ ਅਗੇ ਕਰ ਦਿੰਦੇ ਹਨ। ਇਨ੍ਹਾਂ ਨੂੰ ਜੇ ਹਰੀਜਨਾਂ ਨਾਲ ਹਮਦਰਦੀ ਹੁੰਦੀ ਤਾਂ ਇਹ ਖੁਦ ਦਫਾ 144 ਤੋੜਦੇ, ਇਸ਼ਤਿਹਾਰ ਕਢਦੇ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ** ** *** ** ** । ਅਸੀਂ ਹਰੀਜਨਾਂ ਲਈ ਆਪਣਾ ਖੂਨ ਤਕ ਦੇਣ ਵਾਸਤੇ ਤਿਆਰ ਹਾਂ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕੁਝ ਗਲਾਂ ਮਾਲ ਮੰਤਰੀ ਸਾਹਿਬ ਬੜੀਆਂ ਗਲਤ ਕਹਿ ਗਏ ਹਨ। ਚੀਫ਼ ਮਨਿਸਟਰ ਸਾਹਿਬ ਨੇ ਤਾਂ ਇਸ਼ਾਰਾ ਕੀਤਾ ਸੀ ਪਰ ਇਨ੍ਹਾਂ ਨੇ ਬੜੇ ਸਪੱਸ਼ਟ ਲਫਜ਼ਾਂ ਵਿਚ ਇਹ ਕਿਹਾ। ਮੈਂ ਬੜੀ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ ਕੋਈ ਵੀ ਪੁਲੀਟੀਕਲ ਪਾਰਟੀ ਉਸ ਮੁਜ਼ਾਹਰੇ ਵਿਚ ਹਿੱਸਾ ਨਹੀਂ ਲੈ ਰਹੀ। ਇਸ ਵਿਚ ਉਹ ਕਿਸਾਨ ਹਿੱਸਾ ਲੈ ਰਹੇ ਹਨ ਜਿਨ੍ਹਾਂ ਨੂੰ ਕਿ ਡੀਜ਼ਲ ਨਹੀਂ ਮਿਲਦਾ। ਇਸ ਸਰਕਾਰ ਨੂੰ ਅਸੀਂ ਸਿਰਫ ਵਾਰਨਿੰਗ ਦੇ ਸਕਦੇ ਹਾਂ ਅਤੇ ਰਿਕੁਐਸਟ ਹੀ ਕਰ ਸਕਦੇ ਹਾਂ।

ਸ੍ਰੀ ਸਪੀਕਰ : ਇਸ ਹਾਊਸ ਵਿਚ ਜੇ ਕਮਿਊਨਿਸਟ ਮੈਂਬਰ ਕਿਸੇ ਚੀਜ਼ ਨਾਲ ਡਿਸਐਗਰੀ ਕਰਨ ਤਾਂ ਉਹ ਵਾਕ ਆਊਟ ਕਰ ਜਾਂਦੇ ਹਨ ਅਤੇ ਇਸ ਤਰ੍ਹਾਂ ਆਪਣਾ ਰੋਸ ਪ੍ਰਗਟ ਕਰਦੇ ਹਨ ਪਰ ਹਾਊਸ ਦੀ ਕਾਰਵਾਈ ਰੋਕਣਾ ਕੋਈ ਚੰਗੀ ਗਲ ਨਹੀਂ। (The Members of the Communist Group in this House stage a walk out if they differ on some point. In this way they give vent to their resentment. It is not proper to obstruct the proceedings of the House.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਜੇ ਇਸ ਤਰ੍ਹਾਂ ਦਾ ਕੋਈ ਇਨਸੀਡੈਂਟ ਹੁੰਦਾ ਹੈ ਤਾਂ ਉਸ ਦੀ ਜੁਡੀਸ਼ੀਅਲ ਇਨਕੁਆਇਰੀ ਕਰਾ ਲੈਣੀ ਚਾਹੀਦੀ ਹੈ। ਗੁਜਰਾਤ ਵਿਚ ਅੱਜ ਕੀ ਹੋ ਰਿਹਾ ਹੈ। ਇਸ ਤਰ੍ਹਾਂ ਦੀ ਹਾਲਤ ਤੋਂ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ। ਮੈਂ ਫਿਰ ਬੇਨਤੀ ਕਰਾਂਗਾ ਕਿ ਇਸ ਦੀ ਜੁਡੀਸ਼ੀਅਲ ਇਨਕੁਆਇਰੀ ਕਰਾਉਣੀ ਚਾਹੀਦੀ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ। ਸਪੀਕਰ ਸਾਹਿਬ, ਮਾਲ ਮੰਤਰੀ ਸਾਹਿਬ, ਨੇ ਮੇਰੇ ਵਲ ਇਸ਼ਾਰਾ ਕਰਦੇ ਹੋਏ

**Expunged as ordered by the Chair.

[ਸਰਦਾਰ ਜਸਵਿੰਦਰ ਸਿੰਘ ਬਰਾੜ]

ਕਿਹਾ ਹੈ ਕਿ ਇਹ ਅਕਾਲੀ ਹਰੀਜਨਾਂ ਦੇ ਹਮਦਰਦ ਨਹੀਂ ਹਨ । ਸਪੀਕਰ ਸਾਹਿਬ, ਚੌਥੇ ਜਦੋਂ ਬਹਿਸ ਹੋ ਰਹੀ ਸੀ ਤਾਂ ਡਿਪਟੀ ਸਪੀਕਰ ਸਾਹਿਬ ਨੇ ਇਹ ਰੂਲਿੰਗ ਦਿੱਤੀ ਸੀ ਕਿ ਕਾਂਗਰਸ ਪਾਰਟੀ ਜਾਂ ਕਿਸੇ ਹੋਰ ਪਾਰਟੀ ਦਾ ਨਾਂ ਨਾ ਲਿਆ ਜਾਵੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੀ ਰੂਲਿੰਗ ਦਰੁਸਤ ਹੈ ਜਾਂ ਡਿਪਟੀ ਸਪੀਕਰ ਸਾਹਿਬ ਦੀ। ਅਸੀਂ ਉਸ ਦਿਨ ਆਪਣੇ ਲਫਜ਼ ਵਿਦਡਰਾ ਕੀਤੇ ਸੀ।

ਸ੍ਰੀ ਸਪੀਕਰ : ਪਾਰਟੀ ਤਾਂ ਕੋਈ ਵੀ ਡਿਸਕਸ ਹੋ ਸਕਦੀ ਹੈ। ਉਸ ਵੇਲੇ ਪਤਾ ਨਹੀਂ ਕਿਸ ਕੰਟੈਕਸਟ ਵਿਚ ਉਨ੍ਹਾਂ ਨੇ ਰੂਲਿੰਗ ਦਿੱਤੀ ਹੋਣੀ ਹੈ। (Every party can be discussed, I don't know the context in which that ruling was given by the Deputy Speaker)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੀ ਇਸ ਪੁਆਇੰਟ ਤੇ ਰੂਲਿੰਗ ਚਾਹੁੰਦਾ ਹਾਂ। ਸਾਨੂੰ ਇਥੇ ਡਿਕਟੇਟ ਕੀਤਾ ਜਾਂਦਾ ਹੈ।

ਚੌਧਰੀ ਕਾਂਸ਼ੀ ਰਾਮ : * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਚੌਧਰੀ ਰਾਮ ਸਿੰਘ: ਸਪੀਕਰ ਸਾਹਿਬ, ਤੁਸੀਂ ਹੁਣੇ ਕਿਹਾ ਹੈ ਕਿ ਜਿਹੜਾ ਕੁਝ ਅਕਾਲੀ ਪਾਰਟੀ ਕਰ ਰਹੀ ਹੈ, ਇਹ ਠੀਕ ਨਹੀਂ ਹੈ। ਮੈਂ ਤੁਹਾਡੀ ਖਿਦਮਤ ਵਿਚ ਅਰਜ਼ ਕਰਾਂਗਾ ਕਿ ਤੁਸੀਂ ਅਕਾਲੀ ਪਾਰਟੀ ਨੂੰ ਹਰ ਪੁਆਇੰਟ ਤੇ ਟਾਈਮ ਦਿੰਦੇ ਹੋ ਅਤੇ ਬੋਲਣ ਦਾ ਮੌਕਾ ਦਿੰਦੇ ਹੋ। ਇਹ ਹੁਣ ਹਾਊਸ ਦਾ ਸਮਾਂ ਖਰਾਬ ਕਰ ਰਹੇ ਹਨ । ਇਹ ਸਮਾਂ ਇਨ੍ਹਾਂ ਦੀ ਪਾਰਟੀ ਦੇ ਟਾਈਮ ਵਿਚੋਂ ਕੱਢ ਲਿਆ ਜਾਵੇ ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਤੁਸੀਂ ਹੁਣੇ ਦੋ ਤਿੰਨ ਰਾਇ ਅਕਾਲੀ ਪਾਰਟੀ ਨੂੰ ਦਸੀਆਂ ਹਨ ਕਿ ਤੁਸੀਂ ਚੀਫ ਮਨਿਸਟਰ ਸਾਹਿਬ ਦੀ ਕੋਠੀ ਦੇ ਅੱਗੇ ਮੁਜਾਹਰਾ ਕਰੋ, ਜਿਸ ਤਰ੍ਹਾਂ ਕਮਿਊਨਿਸਟ ਪਾਰਟੀ ਵਾਕ ਆਊਟ ਕਰਦੀ ਹੈ ਇਹ ਵੀ ਵਾਕ ਆਊਟ ਕਰ ਜਾਣ ਇਹ ਜਿਹੜੀਆਂ ਰਾਇ ਤੁਸੀਂ ਦਿੱਤੀਆਂ ਹਨ, ਇਹ ਐਕਸਪੰਜ ਹੋਣੀਆਂ ਚਾਹੀਦੀਆਂ ਹਨ। ਜਿਸ ਵੇਲੇ ਜਗਰਾਉਂ ਵਿਚ ਗੋਲੀ ਚਲੀ ਸੀ ਉਸ ਵੇਲੇ ਇਹ ਸੁੱਤੇ ਪਏ ਸੀ। ਅੱਜ ਇਹ ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਕਰ ਰਹੇ ਹਨ ਇਹ ਗਲ ਬਿਲਕੁਲ ਨਹੀ ਬਰਦਾਸ਼ਤ ਕਰਨੀ ਚਾਹੀਦੀ ।

(ਇਸ ਸਮੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਅਤੇ ਸਰਦਾਰ ਧੰਨਾ ਸਿੰਘ ਗੁਲਸ਼ਨ ਖੜੇ ਹੋ ਕੇ ਬਾਰ ਬਾਰ ਪੁਆਇੰਟ ਆਫ ਆਰਡਰ ਕਰਨ ਲਈ ਮੰਗ ਕਰਦੇ ਰਹੇ) (ਸ਼ੋਰ)

Mr. Speaker. Order please. Finance Minister.

THE PUNJAB APPROPRIATION BILL, 1974

Finance Minister (Shri Hans Raj Sharma) : Sir, I beg to introduce the Punjab Appropriation Bill, 1974.

Finance Minister (Shri Hans Raj Sharma) : Sir, I also move—

That the Punjab Appropriation Bill be taken into consideration at once.

*Expunged as ordered by the Chair.

Mr. Speaker : Motion moved—

That the Punjab Appropriation Bill be taken into consideration at once.

The Guillotine will be applied under sub-rule (2) of Rule 179 of the Rules of Procedure and Conduct of Business at 12.30 P.M.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ** ** **

ਸਰਦਾਰ ਧੰਨਾ ਸਿੰਘ ਗੁਲਸ਼ਨ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋ ਬਗੈਰ ਕਿਹਾ ਜਾ ਰਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ। ਤੁਸੀ ਹਾਊਸ ਨੂੰ ਚਲਣ ਦਿਓ। ਤੁਸੀ ਆਪਣਾ ਪ੍ਰੋਟੈਸਟ ਜ਼ੀਰੋ ਆਵਰ ਤੇ ਕਰ ਚੁਕੇ ਹੋ। ਜੇ ਕੋਈ ਆਨਰੇਬਲ ਮੈਂਬਰ ਇਸ ਬਿਲ ਤੇ ਬੋਲਣਾ ਚਾਹੁੰਦਾ ਹੈ ਤਾਂ ਬੋਲ ਲਵੇ।

(Whatever is being said without the premission of the Chair would not be recorded. Please let the House proceed. You have registered your protest during the Zero Hour. If some hon. Member wants to speak on this bill he may do so,)

(Com. Shamsher Singh Josh, Com. Raj Kumar and Com. Arjan Singh Mastana stood up to speak but due to unprecedented noise and uproar in the House, they could not do so.) (*Noise interruption*)

Mr. Speaker : Question is—

That the Punjab Appropriation Bill be taken into consideration at once.

The motion was carried.

(ਸ਼ੋਰ, ਵਿਘਨ)

DHARNA

(ਇਸ ਸਮੇਂ ਸਰਦਾਰ ਗੁਰਦੇਵ ਸਿੰਘ ਸਿੱਧੂ , ਸਰਦਾਰ ਧੰਨਾ ਸਿੰਘ ਗੁਲਸ਼ਨ, ਗਿਆਨੀ ਕੁੰਦਨ ਸਿੰਘ ਪਤੰਗ, ਸਰਦਾਰ ਕਰਨੈਲ ਸਿੰਘ ਮਰੜ੍ਹੀ, ਸਰਦਾਰ ਗੁਰਦੇਵ ਸਿੰਘ ਬਾਦਲ ਅਤੇ ਸਰਦਾਰ ਬਸੰਤ ਸਿੰਘ ਖਾਲਸਾ ਆਪਣੀਆਂ ਬੈਂਚਾਂ ਤੋਂ ਉਠ ਕੇ ਹਾਊਸ ਦੇ ਫਲੋਰ ਤੇ ਬੈਠ ਕੇ ਨਾਹਰੇ ਮਾਰ ਰਹੇ ਸਨ)

ਸਰਦਾਰ ਜਸਦੇਵ ਸਿੰਘ ਸੰਧੂ : ** ** ** ** ** ** ** (ਬਹੁਤ ਸ਼ੋਰ)

THE PUNJAB APPROPRIATION BILL, 1974 (*Resumption*)

Mr. Speaker : Now the House will proceed to consider the Bill clause by clause.

(ਬਹੁਤ ਸ਼ੋਰ)

**Not recorded as ordered by the Chair.

Clause 2

Mr. Speaker : Question is—

That Clause 2 stand part of the Bill.

The motion was carried.

(ਸ਼ੋਰ)

Clause 3

Mr. Speaker : Question is—

That Clause 3 stand part of the Bill.

The motion was carried.

(ਸ਼ੋਰ)

The Schedule

Mr. Speaker : Question is—

That the Schedule stand part of the Bill.

The motion was carried.

(ਸ਼ੋਰ) (ਵਿਘਨ)

Clause 1

Mr. Speaker : Question is—

That Clause 1 stand part of the Bill.

The motion was carried.

Title

(ਸ਼ੋਰ) (ਵਿਘਨ)

Mr. Speaker : Question is—

That Title be the Title of the Bill.

The motion was carried.

Finance Minister (Shri Hans Raj Sharma) : Sir, I beg to move—

That the Punjab Appropriation Bill, 1974 be passed.

Mr. Speaker : Motion moved—

That the Punjab Appropriation Bill, 1974 be passed.

ਸ੍ਰੀ ਸਪੀਕਰ : ਜੇਕਰ ਕੋਈ ਮੈਂਬਰ ਬੋਲਣਾ ਚਾਹੁੰਦਾ ਹੈ ਤਾਂ ਬੋਲ ਲਵੇ। (Any hon. Member who would like to speak, may do so.)

(ਇਸ ਸਮੇਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼, ਕਾਮਰੇਡ ਅਰਜਨ ਸਿੰਘ ਮਸਤਾਨਾ ਅਤੇ ਕਾਮਰੇਡ

ਰਾਜਕੁਮਾਰ ਜੀ ਬੋਲਣ ਲਈ ਖੜ੍ਹੇ ਹੋਏ) (ਇਸ ਸਮੇਂ ਕੁਝ ਅਕਾਲੀ ਪਾਰਟੀ ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸ਼ੋਰ ਪਾ ਰਹੇ ਸਨ ਅਤੇ ਮੇਜ਼ ਖੜਕਾ ਰਹੇ ਸਨ) (ਬਹੁਤ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਦਿਤਾ)

Mr. Speaker : Question is—

That the Punjab Appropriation Bill, 1974 be passed.

The motion was carried.

(*Noise and uproar in the House*)

THE PUNJAB LAND REVENUE (AMENDMENT) BILL, 1974

Revenue Minister (Sardar Umrao Singh) : Sir, I beg to move—

That the Punjab Land Revenue (Amendment), Bill be taken into consideration.

Mr. Speaker : Motion moved—

That the Punjab Land Revenue (Amendment), Bill be taken into consideration.

(*Noise and uproar in the House*)

ਸ੍ਰੀ ਸਪੀਕਰ : ਜੋ ਮੈਂਬਰ ਸਾਹਿਬ ਇਸ ਤੇ ਬੋਲਣਾ ਚਾਹੁੰਦੇ ਹੋਣ, ਬੋਲ ਸਕਦੇ ਹਨ । (Any hon. Member who wants to speak on this Bill may do so)

(ਇਸ ਵੇਲੇ ਚੌਧਰੀ ਦਰਸ਼ਨ ਸਿੰਘ ਬੋਲਣ ਲਈ ਖੜੇ ਹੋਏ) (ਬਹੁਤ ਸ਼ੋਰ)

ਸ੍ਰੀ ਸਪੀਕਰ : ਅਗਰ ਤੁਸੀਂ ਇਤਨੇ ਸ਼ੋਰ ਵਿਚ ਬੋਲ ਸਕਦੇ ਹੋ ਤਾਂ ਬੋਲ ਲਵੋ। (ਸ਼ੋਰ) (You may make a speech if you can do so amidst such loud noise in the House,) (*Noise*)

(ਇਸ ਵੇਲੇ ਆਪੋਜ਼ੀਸ਼ਨ ਵੱਲੋਂ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਅਕਾਲੀ ਪਾਰਟੀ ਦੇ ਕਈ ਮੈਂਬਰ ਹਾਊਸ ਦੇ ਫਲੋਰ ਤੇ ਬੈਠੇ ਹੋਏ ਸਨ ਅਤੇ ਕਈ ਨਾਹਰੇ ਆਪੋਜ਼ੀਸ਼ਨ ਵੱਲੋਂ ਲਾਏ ਜਾ ਰਹੇ ਸਨ ** ** ** ** ** **)

ਸ੍ਰੀ ਸਪੀਕਰ · ਜੋ ਕੁਝ ਆਨਰੇਬਲ ਮੈਂਬਰ ਸਾਹਿਬਾਨ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। ਮੈਂ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਹਾਊਸ ਦੀ ਕਾਰਵਾਈ ਨੂੰ ਚਾਲੂ ਰੱਖਣਾ ਚਾਹੁੰਦੇ ਹੋ ਤਾਂ ਕਿਸੇ ਢੰਗ ਨਾਲ ਗਲ ਕਰੋ (ਸ਼ੋਰ) ਇਸ ਤਰ੍ਹਾਂ ਤਾਂ ਹਾਊਸ ਦੀ ਕਾਰਵਾਈ ਚਲ ਨਹੀਂ ਸਕਦੀ। (ਆਪੋਜ਼ੀਸ਼ਨ ਵੱਲੋਂ ਸ਼ੋਰ) (Whatever the hon. Members are saying without the permission of the Chair, should not be recorded. I would like to request the hon Members that if they want the House to proceed further with its business then they should follow the set procedure. The House cannot proceed like this.)

**Not recorded as ordered by the Chair.

ਮਾਲ ਮੰਤਰੀ : ਸਪੀਕਰ ਸਾਹਿਬ, ਹਾਊਸ ਦੀ ਕਾਰਵਾਈ ਚਲਣੀ ਚਾਹੀਦੀ ਹੈ । ਇਹ ਮੈਂਬਰ ਜਾਣ ਬੁਝ ਕੇ ਵਿਘਨ ਪਾ ਰਹੇ ਹਨ । ਤੁਸੀਂ ਹਾਊਸ ਦੀ ਕਾਰਵਾਈ ਨੂੰ ਚਲਾਓ ।

Mr. Speaker : Question is—

That the Punjab Land Revenue (Amendment), Bill be taken into consideration

The motion was carried.

Mr. Speaker : Now the House will proceed to consider the Bill clause by clause.

Clause 2

Mr. Speaker : Question is—

That Clause 2 stand part of the Bill.

The motion was carried.

(ਸ਼ੋਰ, ਵਿਘਨ)

Clause 1

Mr. speaker : Question is—

That Clause 1 stand part of the Bill.

The motion was carried.

Title

Mr. Speaker : Question is —

That Title be the Title of the Bill.

The motion was carried.

(*Noise and uproar in the House*)

Revenue Minister (Sardar Umrao Singh) : Sir, I beg to move—

That the Punjab Land Revenue (Amendment), Bill be passed.

Mr. Speaker : Motion moved—

That the Punjab Land Revenue (Amendment), Bill be passed.

(ਇਸ ਸਮੇਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਅਤੇ ਕਾਮਰੇਡ ਰਾਜ ਕੁਮਾਰ ਬੋਲਣ ਲਈ ਖੜ੍ਹੇ ਹੋਏ, ਪਰ ਸ਼ੋਰ ਹੋਣ ਕਾਰਣ ਬੋਲ ਨਾ ਸਕੇ)

Mr. Speaker : Question is —

That the Punjab Land Revenue (Amendment), Bill be passed.

The motion was carried.

RESOLUTION UNDER ARTICLE 368 OF THE CONSTITUTION

Revenue Minister (Sardar Umrao Singh) : Sir, I beg to move—

That this House ratifies the amendments to the Constitution of India falling within the purview of the proviso to clause (2) of Article 368 thereof, proposed to be made by the Constitution (Thirty-second Amendment) Bill, 1973, as passed by the two Houses of Parliament.

(*Noise and uproar in the House*)

Mr. Speaker : Motion moved—

That this House ratifies the amendments to the Constitution of India falling within the purview of the proviso to clause (2) of Article 368 thereof, proposed to be made by the Constitution (Thirty-second Amendment) Bill, 1973, as passed by the two Houses of Parliament.

(*Noise and uproar in the House*)

ਸ੍ਰੀ ਸਪੀਕਰ : ਜੋ ਮੈਂਬਰ ਸਾਹਿਬ ਬੋਲਣਾ ਚਾਹੁੰਣ, ਬੋਲ ਸਕਦੇ ਹਨ। (ਸ਼ੋਰ) (Any Member who wants to speak may do so.) (*Noise*)

(ਇਸ ਸਮੇਂ ਕਾਮਰੇਡ ਰਾਜ ਕੁਮਾਰ, ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਬੋਲਣ ਲਈ ਖੜ੍ਹੇ ਹੋਏ ਪਰ ਬਹੁਤ ਸ਼ੋਰ ਹੋਣ ਕਾਰਨ ਕੋਈ ਮੈਂਬਰ ਬੋਲ ਨਾ ਸਕਿਆ)

ਸ੍ਰੀ ਸਪੀਕਰ : ਜੇਕਰ ਤੁਸੀਂ ਇਤਨੇ ਸ਼ੋਰ ਵਿਚ ਬੋਲ ਸਕਦੇ ਹੋ ਤਾਂ ਬੋਲ ਲਵੋ। (You may speak if you can do so amidst such loud noise).

Mr. Speaker : Question is—

That this House ratifies the amendments to the Constitution of India falling within the purview of the proviso to clause (2) of Article 368 thereof, proposed to be made by the Constitution (Thirty-second Amendment) Bill, 1973 as passed by the two Houses of Parliament.

The motion was carried.

Mr. Speaker : The House stands adjourned till 9.00 A.M. on Wednesday, the 6th March, 1974.

11.27 A. M. (*The House then adjourned till* 9.00 *A.M. an Wednesday, the 6th March,* 1974)

14885 PVS 286 Copies—Govt. Press, Chd.

Published under the authority of the Punjab Vidhan Sabha Secretariat and printed by the Controller, Government Press, Chandigarh.

PUNJAB VIDHAN SABHA

DEBATES

6th March, 1974

Vol. I—No. 10

OFFICIAL REPORT

16-00

CONTENTS

Wednesday, the 6th March, 1974

Punjab Vidhan Sabha Secretariat, Chandigarh.

Price Rs. ;

PUNJAB VIDHAN SABHA

Wednesday, the 6th March, 1974

The Vidhan Sabha met in the Punjab Vidhan Sabha Hall, Vidhan Bhavan, Chandigarh-1, at 9.00 A.M. of the Clock. Mr. Speaker (Dr. Kewal Krishan) in the Chair.

POSTPONED STARRED QUESTIONS AND ANSWERS

POSTPONED STARRED QUESTION No. 2205

(Not put as the hon. Member was not present in the House)

CONSTRUCTION OF LAKE NEAR NILON BRIDGE OVER SIRHIND CANAL

*2236. **Sardar Prehlad Singh** : Will the Minister of State for Irrigation and Power be pleased to state—

(a) whether there is any proposal under the consideration of the Government to construct a lake near Nilon Bridge over Sirhind Canal on Samrala-Ludhiana road;

(b) if the answer to part (a) above be in the affirmative, the time by which the said construction is proposed to be started ?

Sardar Gurbakhsh Singh Sibia : (a) No, Sir.

(b) No, Sir.

[(ੲ) ਨਹੀਂ ਜੀ ।

(ਬੀ) ਨਹੀਂ ਜੀ ।]

STARRED QUESTIONS AND ANSWERS

IRRIGATION FACILITIES IN SOME PARTS OF MUKERIAN-TALWARA BLOCK OF HOSHIARPUR DISTRICT

*2468. **Doctor Amir Singh Kalkat** : Will the Minister of State for Irrigation and Power be pleased to state whether it is a fact that irrigation facilities have not been provided in some parts of Mukerian-Talwara Block of Hoshiarpur District, if so, the time by which the said facilities are proposed to be provided ?

Sardar Gurbakhsh Singh Sibia : A Project for extension and improvement of irrigation of Shah Nehar Canal System, has been finalized, which would provide irrigation facilities to almost the entire area of Mukerian Block and some parts of Talwara Block lying on the right side of the proposed Mukerian Hydel Channel.

In the remaining area exploration for deep tubewells have been taken up and the project for their installation will be prepared on its completion.

[ਇਕ ਪ੍ਰਾਜੈਕਟ ਸ਼ਾਹ ਨਹਿਰ ਦੀ ਐਕਸਟੈਨਸ਼ਨ ਅਤੇ ਸੁਧਾਰ ਬਾਰੇ ਬਣਾਇਆ ਗਿਆ ਹੈ, ਜਿਸ ਤੋਂ ਮੁਕੇਰੀਆਂ ਬਲਾਕ ਦੇ ਤਕਰੀਬਨ ਸਾਰੇ ਅਤੇ ਤਲਵਾੜਾ ਬਲਾਕ ਦੇ ਕੁਝ ਹਿੱਸੇ ਨੂੰ ਜੋ ਮੁਕੇਰੀਆਂ ਹਾਈਡਲ ਚੈਨਲ ਦੇ ਸੱਜੇ ਪਾਸੇ ਹੈ, ਪਾਣੀ ਮਿਲੇਗਾ ।

ਬਾਕੀ ਦੇ ਹਿੱਸਿਆਂ ਲਈ ਡੀਪ ਟਿਊਬਵੈਲ ਲਾਉਣ ਲਈ ਖੋਜ ਦਾ ਕੰਮ ਜਾਰੀ ਹੈ । ਖੋਜ ਮੁਕੰਮਲ ਹੋਣ ਉਪਰੰਤ ਪ੍ਰਾਜੈਕਟ ਬਣਾਇਆ ਜਾਵੇਗਾ ।]

ਡਾਕਟਰ ਅਮੀਰ ਸਿੰਘ ਕਲਕਟ : ਆਇਆ ਮੰਤਰੀ ਮਹੋਦੇ ਇਸ ਪਾਸੇ ਵੀ ਧਿਆਨ ਦੇਣਗੇ ਕਿ ਪਹਿਲੇ ਡੀਪ ਟਿਊਬਵੈਲਜ਼ ਹੁਸ਼ਿਆਰਪੁਰ ਦੇ ਦੋ ਹਲਕਿਆਂ ਵਿਚ ਹੀ ਲਗੇ ਹਨ, ਉਨ੍ਹਾਂ ਨੂੰ ਕੰਡੀ ਏਰੀਏ ਵਿਚ, ਜਿਥੇ ਕਿ ਲੋੜ ਹੈ, ਲਗਾਉਣ ਲਈ ਸਕੀਮ ਬਣਾਉਣਗੇ ਤਾਕਿ ਈਕੂਈਏਬਲ ਡਿਸਟ੍ਰੀਬਿਊਸ਼ਨ ਹੋ ਸਕੇ ? ਆਇਆ ਅਗੇ ਤੋਂ ਇਸ ਤਰ੍ਹਾਂ ਤਾਂ ਨਹੀਂ ਹੋਵੇਗਾ ਜਿਸ ਤਰ੍ਹਾਂ ਕਿ ਪਹਿਲਾਂ ਹੋਇਆ ਹੈ ਕਿ ਇਕ ਹੀ ਏਰੀਏ ਵਿਚ 90% ਲਗਾ ਦਿਤੇ ਔਰ ਬਾਕੀ ਏਰੀਏ ਵਲ ਧਿਆਨ ਹੀ ਨਹੀਂ ਦਿਤਾ ਗਿਆ ?

ਰਾਜ ਮੰਤਰੀ ਸਿੰਚਾਈ ਅਤੇ ਬਿਜਲੀ : ਸਪੀਕਰ ਸਾਹਿਬ, ਜਿਹੜਾ ਡੀਪ ਟਿਊਬਵੈਲਜ਼ ਲਗਾਉਣ ਦਾ ਕੰਮ ਹੈ ਇਹ ਜਿਉਂ ਜਿਉਂ ਰੋਟਰੀ ਰਿਗਜ਼ ਮਿਲਦੇ ਜਾਣਗੇ ਤਿਉਂ ਤਿਉਂ ਹੁੰਦਾ ਜਾਵੇਗਾ ਔਰ ਜਿਥੇ ਜਿਥੇ ਜ਼ਰੂਰਤ ਹੋਵੇਗੀ ਉਥੇ ਉਥੇ ਡੀਪ ਟਿਊਬਵੈਲਜ਼ ਲਗਾਏ ਜਾਣਗੇ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਹੁਣੇ ਹੀ ਕਿਹਾ ਹੈ ਕਿ ਜਿਥੇ ਜਿਥੇ ਪਾਣੀ ਦੀ ਲੋੜ ਹੋਵੇਗੀ ਉਥੇ ਉਥੇ ਡੀਪ ਟਿਊਬਵੈਲਜ਼ ਲਗਾਏ ਜਾਣਗੇ । ਕੀ ਕੰਡੀ ਦਾ ਜਿਹੜਾ ਸਬ-ਮਾਉਂਟੇਨੀਅਸ ਏਰੀਆ ਹੈ ਜਿਥੇ ਪਾਣੀ ਦੀ ਬਹੁਤ ਲੋੜ ਹੈ ਔਰ ਜਿਸ ਦੇ ਵਾਸਤੇ ਬੱਜਟ ਵਿਚ ਪੈਸੇ ਦੀ ਕਾਫੀ ਪ੍ਰੋਵੀਜ਼ਨ ਰਖੀ ਗਈ ਹੈ ਉਸ ਇਲਾਕੇ ਦਾ ਵੀ ਇਹ ਧਿਆਨ ਰਖਣਗੇ ਤਾਂਕਿ ਉਥੇ ਪਾਣੀ ਦੀ ਘਾਟ ਪੂਰੀ ਹੋ ਸਕੇ ?

ਵਿੱਤ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੂੰ ਪਤਾ ਹੈ ਕਿ ਅਸੀਂ ਪਿਛਲੇ ਸਾਲ ਵੀ 100 ਟਿਊਬਵੈਲਜ਼ ਕੰਡੀ ਏਰੀਆ ਔਰ ਸਬ-ਮਾਊਂਟੇਨੀਅਸ ਏਰੀਆ ਵਿਚ ਲਗਵਾਏ ਹਨ ਔਰ ਇਸ ਵਾਸਤੇ ਕਾਫੀ ਰਕਮ ਰਖੀ ਗਈ ਹੈ । ਅਸੀਂ ਇਹ ਫੈਸਲਾ ਕੀਤਾ ਹੈ ਕਿ ਜਿਥੇ ਜਿਥੇ ਡੀਪ ਟਿਊਬਵੈਲਜ਼ ਦੀ ਲੋੜ ਹੈ ਉਨ੍ਹਾਂ ਲਈ ਆਉਣ ਵਾਲੀ ਪੰਜ ਸਾਲਾ ਪਲਾਨ ਵਿਚ ਵੀ ਰੁਪਿਆ ਰਖਿਆ ਜਾਵੇ ਔਰ ਜਿਹੜਾ ਅਗਲਾ ਸਾਲ ਹੈ ਅਪਰੈਲ ਤੋਂ ਸ਼ੁਰੂ ਹੋਣਾ ਹੈ ਉਸ ਵਿਚ 200 ਡੀਪ ਟਿਊਬਵੈਲਜ਼ ਲਗਾਉਣੇ ਹਨ ਜਿਨ ਨਾਲ ਕਿ ਇਸ ਇਲਾਕੇ ਦੀ ਔਕੜ ਕਾਫੀ ਹੱਦ ਤਕ ਦੂਰ ਹੋ ਜਾਵੇਗੀ ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੰਡੀ ਦੇ ਜਿਨ੍ਹਾਂ ਹਲਕਿਆਂ ਵਿਚ ਟਿਊਬਵੈਲਜ਼ ਲਗ

ਰਹੇ ਹਨ ਉਹ ਪਹਾੜੀ ਦੇ ਬਿਲਕੁਲ ਨਾਲ ਦੇ ਪਿੰਡ ਹਨ . ਉਥੇ ਮਹਿਕਮਾ ਇਹ ਕੰਮ ਕਰਨ ਤੋਂ ਭਜਦਾ ਹੈ ਕਿਉਂਕਿ ਉਹ ਪਥਰੀਲਾ ਇਲਾਕਾ ਹੈ ਔਰ ਉਨ੍ਹਾਂ ਪਾਸ ਰੋਟਰੀ-ਕੰਮ-ਪਰਕੋ-ਲੇਸ਼ਨ ਰਿਗਜ਼ ਦੀ ਘਾਟ ਹੈ । ਕੀ ਮਨਿਸਟਰ ਸਾਹਿਬ ਉਸ ਇਲਾਕੇ ਲਈ ਰੋਟਰੀ ਕੰਮ ਪਰਕੋਲੇਸ਼ਨ ਰਿਗਜ਼ ਜਲਦੀ ਤੋਂ ਜਲਦੀ ਮੰਗਵਾਉਣਗੇ ਤਾਕਿ ਉਸ ਇਲਾਕੇ ਵਿਚ ਠੀਕ ਤਰ੍ਹਾਂ ਬੋਰ ਹੋ ਸਕੇ ਔਰ ਪਾਣੀ ਮਿਲ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਰੋਟਰੀ-ਕੰਮ-ਪਰਕੋਲੇਸ਼ਨ ਰਿਗਜ਼ ਦੀ ਅਣਹੋਂਦ ਕਾਰਨ ਜਿਹੜੀ ਡੀਪ ਟਿਊਬਵੈਲਜ਼ ਲਗਾਉਣ ਵਿਚ ਡਿਫੀਕਲਟੀ ਆਉਂਦੀ ਹੈ ਉਸ ਨੂੰ ਦੂਰ ਕੀਤਾ ਜਾਵੇ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਉਥੇ ਜ਼ਿਆਦਾ ਤੋਂ ਜ਼ਿਆਦਾ ਪਾਣੀ ਮਿਲ ਸਕੇ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਠਿੰਡਾ ਜਿਹੜਾ ਕਿ ਖੁਸ਼ਕ ਇਲਾਕਾ ਹੈ ਔਰ ਮੀਂਹ ਵੀ ਘੱਟ ਪੈਂਦੇ ਹਨ ਕੀ ਇਹ ਡੀਪ ਟਿਊਬਵੈਲਜ਼ ਦਾ ਕੰਮ ਕੰਡੀ ਦਾ ਇਲਾਕਾ ਟੱਪ ਕੇ ਬਠਿੰਡੇ ਵਿਚ ਵੀ ਲੈ ਜਾਣਗੇ ਤਾਕਿ ਉਥੇ ਦੇ ਲੋਕਾਂ ਨੂੰ ਵੀ ਪਾਣੀ ਮਿਲ ਸਕੇ ?

ਰਾਜ ਮੰਤਰੀ : ਬਠਿੰਡੇ ਵਿਚ ਵੀ ਇਸ ਗਲ ਦਾ ਧਿਆਨ ਰਖਿਆ ਜਾਵੇਗਾ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਇਹ ਐਸਟੀਮੇਟ ਲਗਾ ਲਿਆ ਹੈ ਕਿ ਇਨ੍ਹਾਂ ਨੂੰ ਕਿਤਨੇ ਰਿਗਜ਼ ਚਾਹੀਦੇ ਹਨ। ਜਿਤਨੇ ਰਿਗਜ਼ ਚਾਹੀਦੇ ਹਨ ਉਨ੍ਹਾਂ ਨੂੰ ਸਰਕਾਰ ਕਦੋਂ ਤਕ ਮੰਗਵਾ ਲਏਗੀ ?

ਸ੍ਰੀ ਸਪੀਕਰ : ਇਹ ਤਾਂ ਵੱਖਰਾ ਹੀ ਸਵਾਲ ਹੈ । ਵਜ਼ੀਰ ਸਾਹਿਬ ਜਵਾਬ ਦਿਓ ਜੇ ਕਰ ਦੇਣਾ ਚਾਹੁੰਦੇ ਹੋ । (This is a separate question. The hon. Minister concerned may give the reply, if he so desires.)

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਇਸ ਬਾਰੇ ਸਾਰੀ ਸਕੀਮ ਬਣਾ ਰਹੇ ਹਾਂ ਇਹ ਆਕੇ ਸਾਡੇ ਤੋਂ ਪੁੱਛ ਲੈਣ ।

(ਇਸ ਸਮੇਂ ਡਾਕਟਰ ਅਮੀਰ ਸਿੰਘ ਕਲਕਟ ਬੋਲਣ ਵਾਸਤੇ ਖੜ੍ਹੇ ਸਨ)

ਸ੍ਰੀ ਸਪੀਕਰ : ਤੁਸੀਂ, ਕਲਕਟ ਸਾਹਿਬ, ਬੈਠ ਜਾਉ । ਪੰਜ ਛੇ ਸਪਲੀਮੈਂਟਰੀ ਹੋ ਚੁੱਕੇ ਹਨ । (Kalkat Sahib, please resume your seat. Five six supplementary questions have already been put on this question.)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਇਨ੍ਹਾਂ ਪਾਸ ਨਾ ਤਾਂ ਰਿਗਜ਼ ਦੀ ਕਮੀ ਹੈ ਔਰ ਨਾ ਹੀ ਹੋਰ ਕਿਸੇ ਚੀਜ਼ ਦੀ ਕਮੀ ਹੈ, ਸਿਰਫ ਈਕੁਈਟੇਬਲ ਡਿਸਟ੍ਰੀਬਿਊਸ਼ਨ ਦੀ ਗੱਲ ਹੈ ।

ਸ਼੍ਰੀ ਸਪੀਕਰ : ਤੁਸੀਂ ਹੁਣ ਤਸ਼ਰੀਫ ਰੱਖੋ । (Please resume your seat now.)

PROVIDING IRRIGATION FACILITIES IN VILLAGES JAHANPUR ETC., IN DISTRICT HOSHIARPUR

*2469. **Doctor Amir Singh Kalkat** : Will the Minister of State for Irrigation and Power be pleased to state whether it is a fact that the Government is considering a proposal to provide Irrigation facilities to villages Jahanpur, Sehlowal, Sunial, Simli, Mehtabpur etc., if so, the time by which the said facilities will be provided ?

Sardar Gurbakhsh Singh Sibia: No Sir.

[ਨਹੀਂ ਜੀ ।]

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਕੰਡੀ ਦਾ ਇਲਾਕਾ ਹੈ ਇਹ ਗਰੀਬ ਇਲਾਕਾ ਹੈ, ਉਥੇ ਪ੍ਰਾਸਪੈਰਿਟੀ ਆ ਸਕਦੀ ਹੈ ਜੇਕਰ ਉਥੇ ਪਾਣੀ ਦੀ ਸੁਵਿਧਾ ਦਿਤੀ ਜਾਵੇ; ਆਇਆ ਇਹ ਉਸ ਇਲਾਕੇ ਵਾਸਤੇ ਲਿਫਟ ਇਰੀਗੇਸ਼ਨ ਸਕੀਮ ਨੂੰ ਤਰਜੀਹ ਦੇਣਗੇ ?

ਰਾਜ ਮੰਤਰੀ ਸਿੰਚਾਈ ਅਤੇ ਬਿਜਲੀ : ਸਪੀਕਰ ਸਾਹਿਬ, ਜਿਥੋਂ ਤੱਕ ਲਿਫਟ ਇਰੀਗੇਸ਼ਨ ਸਕੀਮ ਦਾ ਸਵਾਲ ਹੈ ਉਹ ਇਕ ਵੱਖਰਾ ਸਵਾਲ ਹੈ । ਵੈਸੇ ਇਕ ਪ੍ਰਾਜੈਕਟ ਸ਼ਾਹ ਨਹਿਰ ਦੀ ਐਕਸਟੈਨਸ਼ਨ ਅਤੇ ਸੁਧਾਰ ਬਾਰੇ ਬਣਾਇਆ ਗਿਆ ਹੈ ਜਿਸ ਤੋਂ ਮੁਕੇਰੀਆਂ ਬਲਾਕ ਅਤੇ ਤਲਵਾੜਾ ਬਲਾਕ ਨੂੰ ਪਾਣੀ ਪੁੱਜੇਗਾ ।

ਸ਼੍ਰੀ ਸਪੀਕਰ : ਵਜੀਰ ਸਾਹਿਬ, ਇਹ ਮੇਰਾ ਹਲਕਾ ਹੈ । ਉਥੇ ਸ਼ਾਹ ਨਹਿਰ ਨਾਲ ਪਾਣੀ ਨਹੀਂ ਪੁੱਜ ਸਕੇਗਾ, ਇਸ ਲਈ ਤੁਸੀਂ ਲਿਫਟ ਇਰੀਗੇਸ਼ਨ ਦੀ ਸਕੀਮ ਤੇ ਹਮਦਰਦੀ ਨਾਲ ਗੌਰ ਕਰਨ ਦੀ ਖੇਚਲ ਕਰੋ । ਉਥੇ ਲਿਫਟ ਇਰੀਗੇਸ਼ਨ ਨਾਲ ਹੀ ਪਾਣੀ ਮਿਲ ਸਕਦਾ ਹੈ ।

(*Addressing the Minister of State for Irrigation and Power* : Please consider this matter sympathetically as this concerns my constituency and I know that the water of Shah Nahar canal will not reach there. Water can only be supplied to that area with Lift Irrigation.)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਇਰੀਗੇਸ਼ਨ ਡਿਪਾਰਟਮੈਂਟ ਦਾ ਇਕ ਸਰਵੇ ਸੈਲ ਹੈ । ਜਿਥੇ ਨਹਿਰਾਂ ਪਾਣੀ ਨਹੀਂ ਦੇ ਸਕਦੀਆਂ । ਆਇਆ ਮੰਤਰੀ ਸਾਹਿਬ ਉਸ ਇਲਾਕੇ ਦਾ ਸਰਵੇ ਕਰਾਉਣਗੇ ਕਿਉਂਕਿ ਜਦੋਂ ਤੱਕ ਉਥੇ ਪਾਣੀ ਦੀ ਸੁਵਿਧਾ ਨਹੀਂ ਹੋਵੇਗੀ ਉਹ ਇਲਾਕਾ ਖੁਸ਼ਹਾਲ ਨਹੀਂ ਹੋ ਸਕਦਾ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਕੰਮ ਲਈ ਜਿਹੜਾ ਸੈਲ ਖੋਲ੍ਹਿਆ ਹੋਇਆ ਹੈ ਉਹ ਸਾਰੇ ਪੰਜਾਬ ਵਿਚ ਹੀ ਸਰਵੇ ਕਰ ਰਿਹਾ ਹੈ । ਇਸ ਲਈ ਕੰਡੀ ਦੇ ਇਲਾਕੇ ਦਾ ਵੀ ਉਹ ਸਰਵੇ ਕਰੇਗਾ ।

BLACK MARKETING IN CEMENT AND STEPS TAKEN TO ENSURE ITS REGULAR SUPPLY ETC.

*2435 **Comrade Darshan Singh Canadian** : Will the Minister of State for Food and Supplies be pleased to state—

(a) whether it is a fact that there is widespread blackmarketing in cement throughout the State and it is not possible for the ordinary citizen to procure cement even for the most essential construction; if so, the steps taken by the Government to ensure regular and adequate supplies and equitable distribution of cement in the state;

(b) the steps taken by the State Government to punish the blackmarketers and profiteers of cement and the results thereof ?

Sardar Gurdarshan Singh : (a) Stray cases of blackmarketing of cement cannot be ruled out. Steps taken to improve the supply position of cement is given in the statement laid on the Table of the House. (Annexure).

(b) Information is laid on the Table of the House.

[(ਏ) ਕਦੀ ਕਦਾਈ ਹੋਣ ਵਾਲੇ ਬਲੈਕ ਮਾਰਕੀਟ ਦੇ ਕੇਸਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਸੀਮਿੰਟ ਦੀ ਸਪਲਾਈ ਦੀ ਸਥਿਤੀ ਵਿਚ ਸੁਧਾਰ ਲਿਆਉਣ ਲਈ ਉਠਾਏ ਗਏ ਕਦਮਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਬੀ) ਸੂਚਨਾ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।]

ANNEXURE

(a) Steps taken to ensure regular and adequate supplies and equitable distribution of cement are given below :—

(1) From 1st July, 1973 Government of India introduced the system of allocating fixed quantities of cement to the states for its further allocation by the States themselves among the Government departments, semi-Government organisations/bulk consumers, and general public. Efforts were made at personal level by the then Minister for Food and Supplies, through personal representations to the Union Minister of Industrial Development, at the relevant time to get adequate quota fixed for Punjab. The quota of Punjab was fixed at 5.05 lac tonnes per annum or say 1,26,250 tonnes per quarter.

(2) Continuous efforts were made to ensure full supplies against the quota. Officers of the Central Government were approached at the level of the Senior Officers of the Department quite frequently. The Minister for Food and Supplies also addressed, demi-official letters from time to time to the Union Minister for Industrial Development and followed these up through personal meetings also. Even the Chief Minister, Punjab, had addressed the Union Minister, demi-Officially and met him also personally to press Punjab's needs.

(3) Five meetings were held with the representatives of the manufacturers, officers of Government of India and the Railways from time to time to accelerate the despatches of cement to Punjab.

(4) M.P.s from Punjab were suitably briefed in this behalf to represent our case to the Govt. of India and the Prime Minister at an opportune time for supply of more cement to Punjab.

[Minister of State for Food and Supplies]

(5) It was decided that distribution of entire cement received under free-sale category through cement stockists be regulated through permits.

(6) In order to keep proper Control on the Cement stockists, Punjab Cement (Licencing & Control) Order, 1973, was promulgated in the State on 23rd June, 1973 and all Cement dealers were required to obtain licences under the order.

(7) Detailed instruction were issued to the District Magistrates for issue of Permits of cement for various categories in accordance with percentages fixed for each category.

(8) All applications are reqired to be attested by a Member of Parliament or an M.L.A./or a Municipal Commissioner or a Gazetted Officer. Applications for new construction are required to be verified on the spot.

(b) (1) Punjab Cement (Licencing and Control) Order, 1973 was promulgated in the State on 23rd June, 1973, under Essential Commodities Act, 1955. Under this Order powers have been given to the District Magistrates to take action against any person dealing in cement without licence and selling without permit.

(2) Provisions of D.I.R. have also been invoked to Control the Price and distribution of cement. For this purpose another control order nemely Punjab Cement (Price and Distribution) Control Order, 1974, has been issued on 16th February, 1974. District Magistrates have been asked to enforce the provisions of this Control Order rigidly.

10 case have been registered with Police under Essential Supplies Act, 1955 for violation of Punjab Cement (Licencing and Control) Order, 1973 which are still under investigation. In other 9 cases, violation of this control order, departmental action against the licensed dealers is in progress.

(ੲ) ਸੀਮਿੰਟ ਦੀ ਮੁਨਾਸਬ ਸਪਲਾਈ ਤੇ ਇਕਸਾਰ ਵੰਡ ਦੀ ਯਕੀਨ ਦਹਾਨੀ ਲਈ ਉਠਾਏ ਗਏ ਕਦਮ ਹੇਠਾਂ ਦਿਤੇ ਜਾਂਦੇ ਹਨ :—

(1) 1 ਜੁਲਾਈ, 1973 ਤੋਂ ਕੇਂਦਰੀ ਸਰਕਾਰ ਨੇ ਰਾਜਾਂ ਨੂੰ ਸੀਮਿੰਟ ਦੀ ਮੁਕੱਰਰ ਕੀਤੀ ਗਈ ਤਾਦਾਦ ਦੀ ਐਲੋਕੇਸ਼ਨ ਕਰਨ ਦਾ ਤਰੀਕਾ ਅਪਨਾਇਆ ਤਾਂ ਜੋ ਰਾਜ ਆਪਣੇ ਆਪ ਇਸ ਦੀ ਵੰਡ ਅਗੇ ਸਰਕਾਰੀ ਵਿਭਾਗਾਂ, ਅੱਧ-ਸਰਕਾਰੀ ਅਦਾਰਿਆਂ, ਲੋਕ ਖੱਪਤਕਾਰਾਂ ਅਤੇ ਆਮ ਪਬਲਿਕ ਵਿਚ ਕਰ ਸਕਣ। ਉਸ ਵੇਲੇ ਦੇ ਖੁਰਾਕ ਮੰਤਰੀ ਜੀ ਨੇ ਕੇਂਦਰੀ ਸਰਕਾਰ ਦੇ ਉਦਯੋਗ ਸੁਧਾਰ ਮੰਤਰੀ ਜੀ ਨਾਲ ਸਮੇਂ ਤੇ ਨਿੱਜੀ ਤੌਰ ਤੇ ਅਤੇ ਲਿਖਤੀ ਰੂਪ ਵਿਚ ਪ੍ਰਤੀ ਬੇਨਤੀਆਂ ਕਰ ਕੇ ਪੰਜਾਬ ਲਈ ਸੀਮਿੰਟ ਦਾ ਮੁਨਾਸਬ ਕੋਟਾ ਮੁਕੱਰਰ ਕਰਵਾਇਆ। ਇਸ ਤਰ੍ਹਾਂ ਪੰਜਾਬ ਦਾ ਤਮਾਹੀ ਕੋਟਾ 1,26,250 ਟਨ ਜੋ ਕਿ ਸਾਲਾਨਾ 5.05 ਲੱਖ ਟਨ ਬਣਦਾ ਹੈ, ਮੁਕੱਰਰ ਹੋਇਆ।

(2) ਕੋਟੇ ਦੇ ਵਿਰੁੱਧ ਪੂਰੀ ਪੂਰੀ ਸਪਲਾਈ ਲੈਣ ਵਜੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਗਈਆਂ ਕੇਂਦਰੀ ਸਰਕਾਰ ਦੇ ਅਫ਼ਸਰਾਂ ਨੂੰ ਵੀ ਸਮੇਂ ਸਮੇਂ ਸਿਰ ਪੰਜਾਬ ਸਰਕਾਰ ਦੇ ਉਚ ਅਫ਼ਸਰ ਇਸ ਬਾਰੇ ਵਿਚ ਪਹੁੰਚ ਕਰਦੇ ਰਹੇ। ਖ਼ੁਰਾਕ ਮੰਤਰੀ ਜੀ ਨੇ ਵੀ ਇਸ ਬਾਰੇ ਵਿਚ ਕੇਂਦਰੀ ਸਰਕਾਰ ਦੇ ਉਦਯੋਗ ਮੰਤਰੀ ਜੀ ਨੂੰ ਅੱਧ ਸਰਕਾਰੀ ਪੱਤਰ ਲਿਖੇ ਅਤੇ ਸਮੇਂ ਸਮੇਂ ਸਿਰ ਨਿੱਜੀ ਪੱਧਰ ਤੇ ਵੀ ਉਨ੍ਹਾਂ ਨਾਲ ਮੀਟਿੰਗਾਂ ਕੀਤੀਆਂ। ਇਥੇ ਤੀਕ ਕਿ ਪੰਜਾਬ

ਦੇ ਮੁੱਖ ਮੰਤਰੀ ਜੀ ਵੀ ਕੇਂਦਰੀ ਮੰਤਰੀ ਜੀ ਨਾਲ ਪੱਤਰ ਵਿਹਾਰ ਕਰਦੇ ਰਹੇ ਅਤੇ ਨਿਜੀ ਪੱਧਰ ਤੇ ਵੀ ਪੰਜਾਬ ਦੀ ਜ਼ਰੂਰਤ ਤੇ ਜ਼ੋਰ ਪਾਉਣ ਖਾਤਰ ਮਿਲੇ ।

(3) ਪੰਜਾਬ ਲਈ ਸੀਮਿੰਟ ਦੀ ਡਿਸਪੈਚਿਜ਼ ਨੂੰ ਤੇਜ਼ ਕਰਨ ਲਈ ਸੀਮਿੰਟ ਮੈਨੂਫੈਕਚਰਜ਼ ਦੇ ਪ੍ਰਤੀਨਿਧਿਆਂ ਅਤੇ ਕੇਂਦਰੀ ਸਰਕਾਰ/ਰੇਲਵੇ ਤੇ ਸਬੰਧਤ ਅਫਸਰਾਂ ਨਾਲ ਵਕਤ ਵਕਤ ਤੇ ਪੰਜ ਮੀਟਿੰਗਾਂ ਕੀਤੀਆਂ ਗਈਆਂ ।

(4) ਪੰਜਾਬ ਦੇ ਮੈਂਬਰਜ਼ ਪਾਰਲੀਮੈਂਟ ਨੂੰ ਵੀ ਇਸ ਬਾਰੇ ਵਿਚ ਮੁਨਾਸਬ ਸੰਖੇਪ ਭੇਜੇ ਗਏ ਤਾਂ ਜੋ ਉਹ ਪੰਜਾਬ ਨੂੰ ਸੀਮਿੰਟ ਦੀ ਵਧੇਰੇ ਸਪਲਾਈ ਕਰਵਾਉਣ ਬਾਰੇ ਮੁਨਾਸਬ ਸਮੇਂ ਤੇ ਕੇਂਦਰੀ ਸਰਕਾਰ ਨਾਲ ਅਤੇ ਪ੍ਰਧਾਨ ਮੰਤਰੀ ਜੀ ਨਾਲ ਪੰਜਾਬ ਦੇ ਇਸ ਮਾਮਲੇ ਵਿਚ ਕੇਸ ਦੀ ਚੰਗੀ ਤਰ੍ਹਾਂ ਨਾਲ ਪ੍ਰਤੀ-ਨਿਧਤਾ ਕਰ ਸਕਣ ।

(5) ਇਹ ਫੈਸਲਾ ਕੀਤਾ ਗਿਆ ਕਿ ਸੀਮਿੰਟ ਸਟਾਕਿਸਟਾਂ ਰਾਹੀਂ ਫਰੀ ਸੇਲ ਕੈਟਾਗਰੀ ਤਹਿਤ ਪਰਾਪਤ ਕੀਤੇ ਗਏ ਸਾਰੇ ਦੇ ਸਾਰੇ ਸੀਮਿੰਟ ਦੀ ਵੰਡ ਪਰਮਿਟਾਂ ਰਾਹੀਂ ਕੀਤੀ ਜਾਵੇ ।

(6) ਸੀਮਿੰਟ ਸਟਾਕਿਸਟਾਂ ਤੇ ਕੰਟਰੋਲ ਰਖਣ ਖਾਤਰ ਪੰਜਾਬ ਸੀਮਿੰਟ (ਲਾਇਸੈਂਸਿੰਗ ਅਤੇ ਕੰਟਰੋਲ) ਆਰਡਰ, 1973, 26 ਜੂਨ, 1973 ਤੋਂ ਲਾਗੂ ਕੀਤਾ ਗਿਆ ਅਤੇ ਸਾਰੇ ਸੀਮਿੰਟ ਦੇ ਵਪਾਰੀਆਂ ਨੂੰ ਇਸ ਦੇ ਤਹਿਤ ਲਸੰਸ ਪ੍ਰਾਪਤ ਕਰਨਾ ਲਾਜ਼ਮੀ ਹੋ ਗਿਆ ।

(7) ਜ਼ਿਲ੍ਹਾ ਮਜਿਸਟਰੇਟਾਂ ਨੂੰ ਸੀਮਿੰਟ ਦੀਆਂ ਭਿੰਨ-ਭਿੰਨ ਕੈਟਾਗਰੀਆਂ ਦੀ ਮੁਕੱਰਰ ਕੀਤੀ ਗਈ ਤਾਦਾਦ ਅਨੁਸਾਰ ਪਰਮਿਟ ਜਾਰੀ ਕਰਨ ਬਾਰੇ ਵਿਸਥਾਰ ਵਿਚ ਹਦਾਇਤਾਂ ਜਾਰੀ ਕੀਤੀਆਂ ਗਈਆਂ ।

(8) ਇਸ ਬਾਰੇ ਸਾਰੀਆਂ ਅਰਜ਼ੀਆਂ, ਪਾਰਲੀਮੈਂਟ ਦੇ ਮੈਂਬਰ, ਐਮ. ਐਲ. ਏ. ਅਥਵਾ ਮਿਉਂਸਪਲ ਕਮਿਸ਼ਨਰ ਜਾਂ ਗਜ਼ਟਿਡ ਅਫਸਰ ਵਲੋਂ ਤਸਦੀਕ ਹੋਈਆਂ ਲਾਜ਼ਮੀ ਹਨ ਅਤੇ ਨਵੀਂ ਉਸਾਰੀ ਲਈ ਦਿੱਤੀਆਂ ਜਾਣ ਵਾਲੀਆਂ ਬੇਨਤੀਆਂ ਦੀ ਥਾਂ ਤੇ ਪੜਤਾਲ ਕੀਤੀ ਜਾਣੀ ਵੀ ਲਾਜ਼ਮੀ ਹੈ ।

(ਬੀ) (1) ਪੰਜਾਬ ਸੀਮਿੰਟ [ਲਾਇਸੰਸਿੰਗ ਅਤੇ ਕੰਟਰੋਲ] ਆਰਡਰ, 1973, ਰਾਜ ਵਿਚ 23 ਜੂਨ, 1973 ਤੋਂ ਅਸੈਂਸ਼ੀਅਲ ਕਮੋਡਿਟੀਜ਼ ਐਕਟ, 1955 ਤਹਿਤ ਲਾਗੂ ਹੋਇਆ । ਇਸ ਦੇ ਤਹਿਤ ਜ਼ਿਲ੍ਹਾ ਮਜਿਸਟਰੇਟਾਂ ਨੂੰ ਕਿਸੇ ਵੀ ਵਿਅਕਤੀ ਦੇ ਵਿਰੁੱਧ ਕਾਰਵਾਈ ਕਰਨ ਦੇ ਅਧਿਕਾਰ ਦਿਤੇ ਗਏ ਹਨ ਜੋ ਬਿਨਾ ਲਸੰਸ ਸੀਮਿੰਟ ਦਾ ਕਾਰੋਬਾਰ ਕਰਦਾ ਹੋਵੇ ਅਤੇ ਜੋ ਬਿਨਾ ਪਰਮਿਟ ਸੀਮਿੰਟ ਵੇਚਦਾ ਹੋਵੇ ।

[ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ]

(2) ਸੀਮਿੰਟ ਦੀ ਕੀਮਤ ਤੇ ਵੇਚ ਨੂੰ ਕੰਟਰੋਲ ਕਰਨ ਲਈ ਡੀ. ਆਈ. ਆਰ. ਵੀ ਲਾਗੂ ਹੋ ਚੁੱਕਾ ਹੈ। ਇਸ ਬਾਰੇ 16 ਫ਼ਰਵਰੀ, 1974 ਤੋਂ ਪੰਜਾਬ ਸੀਮਿੰਟ (ਪਰਾਇਸ ਅਤੇ ਡਿਸਟ੍ਰੀਬਿਊਸ਼ਨ) ਕੰਟਰੋਲ ਆਰਡਰ, 1974 ਦੇ ਨਾਂ ਤੇ ਇਕ ਹੋਰ ਆਰਡਰ ਜਾਰੀ ਕੀਤਾ ਜਾ ਚੁੱਕਾ ਹੈ। ਜ਼ਿਲ੍ਹਾ ਮਜਿਸਟ੍ਰੇਟਾਂ ਨੂੰ ਇਸ ਆਰਡਰ ਦੀ ਸਖਤੀ ਨਾਲ ਪਾਲਣਾ ਕਰਵਾਉਣ ਖਾਤਰ ਹਦਾਇਤਾਂ ਕੀਤੀਆਂ ਜਾ ਚੁੱਕੀਆਂ ਹਨ। ਪੰਜਾਬ ਸੀਮਿੰਟ (ਲਾਇਸੈਂਸਿੰਗ ਅਤੇ ਕੰਟਰੋਲ) ਆਰਡਰ, 1973 ਜੋ ਕਿ ਅਸੈਂਸ਼ੀਅਲ ਕਮਾਡੀਟੀਜ਼ ਐਕਟ, 1955 ਹੇਠ ਲਾਗੂ ਕੀਤਾ ਗਿਆ ਹੈ, ਦੀ ਖਿਲਾਫ਼-ਵਰਜ਼ੀ ਦੇ ਜੁਰਮ ਵਿਚ 10 ਕੇਸ ਪੁਲਿਸ ਵਿਚ ਦਰਜ ਕਰਵਾਏ ਗਏ ਜੋ ਕਿ ਪੁਲਿਸ ਦੀ ਤਫ਼ਤੀਸ਼ ਅਧੀਨ ਹਨ। ਦੂਜੇ 9 ਕੇਸਾਂ ਵਿਚ ਇਸੇ ਕੰਟਰੋਲ ਆਰਡਰ ਦੀ ਖਿਲਾਫ਼ ਵਰਜ਼ੀ ਕਾਰਨ ਲਸੰਸ ਡੀਲਰਾਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ।]

ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਗਲ ਦੇ ਪੇਸ਼ੇ ਨਜ਼ਰ ਕਿ ਸੀਮਿੰਟ ਦੀ ਬਹੁਤ ਵੱਡੇ ਪੱਧਰ ਤੇ ਬਲੈਕ ਹੁੰਦੀ ਹੈ, 30-30, 35-35 ਰੁਪਏ ਨੂੰ ਥੈਲਾ ਬਲੈਕ ਵਿਚ ਵਿਕਦਾ ਹੈ ਔਰ ਜਿਹੜੀਆਂ ਬਿਲਡਿੰਗਾਂ ਪਬਲਿਕ ਵਾਸਤੇ ਜਰੂਰੀ ਹਨ, ਜਿਸ ਤਰ੍ਹਾਂ ਕਿ ਧਰਮਸ਼ਾਲਾਵਾਂ ਹਨ ਉਨ੍ਹਾਂ ਲਈ ਸੀਮਿੰਟ ਨਹੀਂ ਮਿਲਦਾ, ਕੀ ਜਿਹੜੀਆਂ ਬਿਲਡਿੰਗਜ਼ ਲਗਜ਼ਰੀ ਵਾਸਤੇ ਬਣਦੀਆਂ ਹਨ, ਜਿਸ ਤਰ੍ਹਾਂ ਕਿ ਸਿਨਮੇ ਹਨ, ਉਨ੍ਹਾਂ ਨੂੰ ਬਣਾਉਣ ਤੇ ਪਾਬੰਦੀ ਲਗਾਉਣਗੇ ਤਾਂਕਿ ਜ਼ਰੂਰੀ ਕੰਮਾਂ ਲਈ ਸੀਮਿੰਟ ਮਿਲ ਸਕੇ ?

ਰਾਜ ਮੰਤਰੀ ਖੁਰਾਕ ਅਤੇ ਸਪਲਾਈ : ਜਿਥੇ 31 ਮਾਰਚ, ਤੋਂ ਪਹਿਲਾਂ ਗੌਰਮਿੰਟ ਗਰਾਂਟਸ ਖਤਮ ਹੋਣ ਦਾ ਅੰਦੇਸ਼ਾ ਹੈ, ਉਥੇ ਇਸ ਬਾਰੇ ਹਦਾਇਤਾਂ ਦੇ ਦਿੱਤੀਆਂ ਹਨ।

ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ : ਮੇਰੇ ਸਵਾਲ ਦਾ ਜਵਾਬ ਨਹੀਂ ਆਇਆ।

ਸ੍ਰੀ ਸਪੀਕਰ : ਅਗਲੇ ਜਵਾਬ ਵਿਚ ਕਲੀਅਰ ਕਰ ਦੇਣਗੇ। ਸਪਲੀਮੈਂਟਰੀ ਕੁਐਸਚਨ ਪੁੱਛ ਲੈਣ ਦੇਵੋ। (The hon. Minister will clear the point while replying to the next supplementary question. Let the other Members put supplementary questions.)

ਸਰਦਾਰ ਅਜਾਇਬ ਸਿੰਘ ਸੰਧੂ : ਮੈਨੂੰ ਪਤਾ ਹੈ ਕਿ ਵਜ਼ੀਰ ਸਾਹਿਬ ਵਾਕਈ ਕੁਰੱਪਸ਼ਨ ਅਤੇ ਬਲੈਕ ਮਾਰਕੀਟਿੰਗ ਦੂਰ ਕਰਨਾ ਚਾਹੁੰਦੇ ਹਨ। ਪਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਸ਼ਿਕਾਇਤ ਕਮੇਟੀਆਂ ਦੇ ਕੁਝ ਮੈਂਬਰ ਅਜਿਹੇ ਹਨ ਜਿਹੜੇ ਆਪਣੀ ਪੋਜ਼ੀਸ਼ਨ ਦਾ ਨਾਜਾਇਜ਼ ਫ਼ਾਇਦਾ ਉਠਾ ਕੇ ਅਫਸਰਾਂ ਨੂੰ ਡਰਾਉਂਦੇ ਹਨ ਕਿ ਜੇ ਤੁਸੀਂ ਸ਼ਿਕਾਇਤ ਕੀਤੀ ਤਾਂ ਅਸੀਂ ਤੁਹਾਡਾ ਮੰਜੂ ਬੰਨ੍ਹ ਦੇਵਾਂਗੇ ਅਤੇ ਇਸ ਤਰ੍ਹਾਂ ਨਾਲ ਸੀਮਿੰਟ ਬਲੈਕ ਵਿਚ ਵਿਕਦਾ ਹੈ।

ਰਾਜ ਮੰਤਰੀ : ਇਹ ਸੁਝਾਓ ਹੈ, ਇਸ ਤੇ ਗੌਰ ਕੀਤਾ ਜਾਵੇਗਾ, ਪਰ ਇਸ ਵਿਚੋਂ ਇਹ ਸਵਾਲ ਨਹੀਂ ਉਠਦਾ। ਇਸ ਬਾਰੇ ਮੈਂ ਇਹ ਵੀ ਕਹਿੰਦਾ ਹਾਂ ਕਿ ਜਿਹੜੀ ਲਗਜ਼ਰੀ ਕੰਸਟਰੱਕਸ਼ਨ ਹੈ ਉਹ 1 ਮਹੀਨਾ, ਮਾਰਚ ਤੱਕ ਬੰਦ ਕਰ ਦੇਵਾਂਗੇ।

ਕਾਮਰੇਡ ਸੱਤ ਪਾਲ ਡਾਂਗ : ਕੀ ਵਜ਼ੀਰ ਸਾਹਿਬ ਨੂੰ ਇਹ ਇਲਮ ਹੈ ਅਤੇ ਇਸ ਬਾਰੇ ਮੁਨਾਸਬ ਕਾਰਵਾਈ ਕਰਨ ਨੂੰ ਤਿਆਰ ਹਨ ਕਿ ਹਕੀਕਤ ਇਹ ਨਹੀਂ ਕਿ ਸੀਮਿੰਟ ਦੀ ਸ਼ਾਰਟੇਜ਼ ਕਰਕੇ ਥੋੜ੍ਹੀ ਬਹੁਤ ਬਲੈਕ ਹੋ ਜਾਂਦੀ ਹੈ। ਹਕੀਕਤ ਇਹ ਹੈ ਕਿ ਜਿੰਨਾਂ ਸੀਮਿੰਟ ਆਉਂਦਾ ਹੈ, ਪੂਰੇ ਦਾ ਪੂਰਾ ਟਰੱਕ ਬਾਹਰੋਂ ਬਾਹਰ ਵਿਕ ਜਾਂਦਾ ਹੈ ਅਤੇ ਬਲੈਕ ਵਿਚ ਵਿਕਦਾ ਹੈ। ਡਿਸਟ੍ਰਿਕਟ ਫੂਡ ਕੰਟਰੋਲਰਾਂ ਦੇ ਦਫਤਰਾਂ ਵਿਚ 80% ਸੀਮਿੰਟ ਉਨ੍ਹਾਂ ਨੂੰ ਮਿਲਦਾ ਹੈ ਜੋ ਆਪ ਨਹੀਂ ਵਰਤਦੇ ਅਤੇ ਜਿਨ੍ਹਾਂ ਨੂੰ ਬਲੈਕ ਵਿਚ ਵੇਚਣਾ ਹੁੰਦਾ ਹੈ। ਸਰਕਾਰੀ ਮਸ਼ੀਨਰੀ ਇੰਨੀ ਕੁਰੱਪਟ ਹੈ ਅਤੇ ਕਾਂਗਰਸ ਦੇ ਐਮ. ਐਲ. ਏਜ਼. ਦੇ ਥਰੂ ਪਰਮਿਟ ਜਾਂਦੇ ਹਨ।

ਰਾਜ ਮੰਤਰੀ : ਜੋ ਕੁਝ ਡਾਂਗ ਸਾਹਿਬ ਨੇ ਕਿਹਾ ਹੈ ਉਹ ਹਕੀਕਤ ਨਹੀਂ ਹੈ ਅਤੇ ਬਿਲਕੁਲ ਗਲਤ ਹੈ। 1 ਜੁਲਾਈ, 1973 ਨੂੰ ਗਵਰਨਮੈਂਟ ਆਫ ਇੰਡੀਆਂ ਨੇ ਜੋ ਸਿਸਟਮ ਐਲੋਕੇਸ਼ਨ ਆਫ ਸੀਮਿੰਟ ਫਿਕਸ ਕੀਤਾ ਸੀ, ਉਸ ਦੇ ਤਹਿਤ ਪੰਜਾਬ ਲਈ 5.05 ਲੱਖ ਟੱਨ ਇਕ ਸਾਲ ਵਾਸਤੇ ਜਾਂ 1,25,250 ਟੱਨ ਇਕ ਕੁਆਰਟਰ ਵਾਸਤੇ ਫਿਕਸ ਕੀਤਾ ਸੀ। ਪਹਿਲੇ ਕੁਆਰਟਰ ਵਿਚ ਸ਼ਾਰਟਫਾਲ ਹੋਈ ਅਤੇ ਉਹ ਇਸ ਕਰਕੇ ਹੋਈ ਕਿ ਸੀਮਿੰਟ ਦੀ ਮੂਵਮੈਂਟ ਨਹੀਂ ਹੋਈ, ਪੰਜਾਬ ਵਿਚ ਬਹੁਤ ਘੱਟ ਆਇਆ। ਜਿਥੋਂ ਤੱਕ ਇਹ ਕਿਹਾ ਗਿਆ ਹੈ ਕਿ ਪੰਜਾਬ ਵਿਚ ਕਾਂਗਰਸ ਦੇ ਐਮ. ਐਲ. ਏਜ਼. ਬਲੈਕ ਮਾਰਕੀਟਿੰਗ ਕਰਦੇ ਹਨ, ਇਹ ਗੱਲ ਹਕੀਕਤ ਦੇ ਬਿਲਕੁਲ ਉਲਟ ਹੈ।

ਕਾਮਰੇਡ ਸੱਤ ਪਾਲ ਡਾਂਗ : ਇਨਕੁਆਇਰੀ ਕਰਵਾ ਲਵੋ। ਮੈਂ ਇਸ ਬਾਰੇ ਅੰਮ੍ਰਿਤਸਰ ਵਿਚ ਇਸ ਗੱਲ ਨੂੰ ਸਾਬਤ ਕਰ ਦੇਵਾਂਗਾ।

ਡਾਕਟਰ ਅਮੀਰ ਸਿੰਘ ਕਲਕਟ : ਮੈਂ ਇਸ ਗੱਲ ਨੂੰ ਚੈਲੰਜ ਕਰਦਾ ਹਾਂ ਜੇ ਮੇਰੇ ਹਲਕੇ ਵਿਚ ਇਹ ਗੱਲ ਸਾਬਤ ਹੋ ਜਾਵੇ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਮੈਂ ਸਾਰਿਆਂ ਦੀ ਗੱਲ ਨਹੀਂ ਕਰਦਾ, ਕੁਝ ਦੀ ਗੱਲ ਕਰਦਾ ਹਾਂ। ਅੰਮ੍ਰਿਤਸਰ ਵਿਚ ਇੰਡੀਪੈਂਡੈਂਟ ਇਨਕੁਆਇਰੀ ਕਰਵਾ ਲਵੋ ਅਤੇ ਜੇ ਮੈਂ ਸਾਬਤ ਨਾ ਕਰ ਸਕਾਂ ਤਾਂ ਮੈਂ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦੇਵਾਂਗਾ।

ਸਰਦਾਰ ਕ੍ਰਿਪਾਲ ਸਿੰਘ ਰੰਧਾਵਾ : ਡਾਂਗ ਸਾਹਿਬ ਨੇ ਕਿਹਾ ਹੈ ਕਿ ਅੰਮ੍ਰਿਤਸਰ ਦੇ ਐਮ. ਐਲ. ਏਜ਼. ਫ਼ਾਇਦਾ ਉਠਾ ਜਾਂਦੇ ਹਨ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਐਮ. ਐਲ. ਏਜ਼. ਸ਼ਹਿਰੀ ਹਨ ਜਾਂ ਪੇਂਡੂ ਹਨ। (ਹਾਸਾ)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਸੀਮਿੰਟ ਦੀ ਐਲੋਕੇਸ਼ਨ ਸਾਨੂੰ ਘੱਟ ਹੋਈ, ਸੀਮਿੰਟ ਘੱਟ ਮਿਲਿਆ, ਇਸ ਕਰਕੇ ਜਦੋਂ ਤੱਕ ਸੀਮਿੰਟ ਦੀ ਸਪਲਾਈ ਬਰਾਬਰ ਅਤੇ ਠੀਕ ਨਹੀਂ ਹੋ ਜਾਂਦੀ, ਉਨ੍ਹਾਂ ਚਿਰ ਕੀ ਸਰਕਾਰ ਉਨ੍ਹਾਂ ਲੋਕਾਂ ਤੇ ਕੰਸਟਰੱਕਸ਼ਨ ਕਰਨ ਤੇ ਪਾਬੰਦੀ ਲਗਾਉਣ ਲਈ ਤਿਆਰ ਹੈ ਜਿਹੜੇ ਨਾਨ ਪ੍ਰੋਡਕਟਿਵ ਪ੍ਰਾਈਵੇਟ ਕੰਸਟਰੱਕਸ਼ਨਜ਼ ਕਰਦੇ ਹਨ, ਕਿਉਂਕਿ ਦੂਜੇ ਲੋਕਾਂ ਨੂੰ, ਜਿਨ੍ਹਾਂ ਨੇ ਰਿਪੇਅਰ ਦਾ ਕੰਮ ਕਰਨਾ ਹੁੰਦਾ ਹੈ, ਟਿਊਬਵੈਲ ਲਗਾਉਣੇ ਹੁੰਦੇ ਹਨ ਜਾਂ ਧਰਮਸ਼ਾਲਾਵਾਂ ਵਗੈਰਾ ਬਣਾਉਣੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਸੀਮਿੰਟ ਮਿਲਦਾ ਨਹੀਂ ?

ਰਾਜ ਮੰਤਰੀ : ਗੁਪਤਾ ਸਾਹਿਬ ਦਾ ਸੁਝਾਓ ਬਹੁਤ ਅੱਛਾ ਹੈ । ਇਸ ਬਾਰੇ ਮੈਂ ਪੂਰਾ ਗੌਰ ਕੀਤਾ ਸੀ ਅਤੇ ਇਸ ਬਾਰੇ ਇੰਸਟਰੱਕਸ਼ਨਜ਼ ਇਸ਼ੂ ਹੋ ਚੁੱਕੀਆਂ ਹਨ ।

ਚੌਧਰੀ ਰਾਮ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਨੇ ਜਿਹੜੀ ਆਪਣੀ ਪਾਲਿਸੀ ਸਟੇਟਮੈਂਟ ਇਥੇ ਟੇਬਲ ਤੇ ਰੱਖੀ ਹੈ, ਉਸ ਦੇ ਦੂਜੇ ਪੈਰੇ ਵਿਚ ਲਿਖਿਆ ਹੈ ਕਿ ਚੀਫ ਮਨਿਸਟਰ ਸਾਹਿਬ ਅਤੇ ਫੂਡ ਮਨਿਸਟਰ ਸਾਹਿਬ ਨੇ ਯੂਨੀਅਨ ਮਨਿਸਟਰ ਫ਼ਾਰ ਇੰਡਸਟਰੀਅਲ ਡਿਵੈਲਪਮੈਂਟ ਨਾਲ ਜਿਹੜੀ ਖੱਤੋ-ਕਿਤਾਬਤ ਕੀਤੀ ਅਤੇ ਮੀਟਿੰਗਜ਼ ਵੀ ਕੀਤੀਆਂ, ਉਨ੍ਹਾਂ ਦਾ ਕੀ ਸਿੱਟਾ ਨਿਕਲਿਆ ਹੈ ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਸਵਾਲ ਕਰੋ । (Chaudhri Sahib, please put your question.)

ਚੌਧਰੀ ਰਾਮ ਸਿੰਘ : ਹਾਊਸ ਦੇ ਟੇਬਲ ਤੇ ਸਵਾਲ ਦੇ ਜਵਾਬ ਵਿਚ ਇਕ ਸਟੇਟ-ਮੈਂਟ ਰੱਖੀ ਗਈ ਹੈ, ਉਸ ਦੇ ਦੂਜੇ ਪੈਰੇ ਵਿਚ ਇਹ ਲਿਖਿਆ ਹੋਇਆ ਹੈ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਸ ਦਾ ਸਿੱਟਾ ਕੀ ਨਿਕਲਿਆ ?

ਸ੍ਰੀ ਸਪੀਕਰ : ਆਨਰੇਬਲ ਮੈਂਬਰ ਭੁਲ ਜਾਂਦੇ ਹਨ ਕਿ ਸਵਾਲ ਕਰਨਾ ਹੁੰਦਾ ਹੈ। (The hon. Members forget that they have to put questions only)

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਇਹੀ ਪੁੱਛ ਰਿਹਾ ਹਾਂ ਕਿ ਚੀਫ ਮਨਿਸਟਰ ਪੰਜਾਬ ਅਤੇ ਫੂਡ ਮਨਿਸਟਰ, ਪੰਜਾਬ ਨੇ ਇਸ ਬਾਰੇ ਸੈਂਟਰ ਨਾਲ ਗੱਲ ਕੀਤੀ ਹੈ ਅਤੇ ਪੰਜਾਬ ਦੇ ਐਮ. ਪੀਜ਼. ਨੇ ਵੀ, ਜਿਸ ਤਰ੍ਹਾਂ ਸਟੇਟਮੈਂਟ ਵਿਚ ਦਸਿਆ ਹੈ, ਪ੍ਰਾਈਮ ਮਨਿਸਟਰ ਨਾਲ, ਪੰਜਾਬ ਨੂੰ ਜ਼ਿਆਦਾ ਸੀਮਿੰਟ ਸਪਲਾਈ ਕਰਨ ਬਾਰੇ, ਗੱਲ ਕੀਤੀ ਹੈ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਗੱਲਾਂ ਦਾ ਕੀ ਸਿੱਟਾ ਨਿਕਲਿਆ ਹੈ ?

ਰਾਜ ਮੰਤਰੀ : ਚੀਫ ਮਨਿਸਟਰ ਸਾਹਿਬ ਨੇ ਅਤੇ ਸਰਦਾਰ ਉਮਰਾਓ ਸਿੰਘ, ਜਿਹੜੇ ਉਸ ਵੇਲੇ ਫੂਡ ਮਨਿਸਟਰ ਹੁੰਦੇ ਸਨ, ਨੇ ਇਸ ਬਾਰੇ ਚਿੱਠੀਆਂ ਲਿਖੀਆਂ ਕਿ ਸੀਮਿੰਟ ਦੀ ਸਪਲਾਈ ਵੱਧ ਕੀਤੀ ਜਾਵੇ, ਪਰ ਕੋਟਾ ਵਧਾਉਣ ਬਾਰੇ ਉਨ੍ਹਾਂ ਨੇ ਸਾਡੀ ਮੰਗ ਨੂੰ ਐਕਸੈਪਟ ਨਹੀਂ ਕੀਤਾ ਹੈ । ਇਸ ਗੱਲ ਬਾਰੇ ਫਿਰ ਗੌਰ ਕਰ ਲਵਾਂਗੇ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਹੈ . . . .

ਸ੍ਰੀ ਸਪੀਕਰ : ਕਾਮਰੇਡ ਅੱਛਰਾ ਸਿੰਘ ਨੂੰ ਪੁੱਛ ਲੈਣ ਦੇਵੋ । (Let Comrade Achhra Singh put his supplementary question.)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੇਰੇ ਨਾਲ ਅੱਖ ਨਹੀਂ ਤੁਸੀਂ ਮਿਲਾਉਂਦੇ ।

ਕਾਮਰੇਡ ਅੱਛਰਾ ਸਿੰਘ : ਮੈਂ, ਸਪੀਕਰ ਸਾਹਿਬ, ਤੁਹਾਡੀ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸੀਮਿੰਟ 13 ਰੁਪਏ ਦੀ ਥਾਂ 40 ਰੁਪਏ ਥੈਲਾ ਮਿਲਦਾ ਹੈ, ਕੀ ਸਰਕਾਰ ਡੀ. ਆਈ. ਆਰ. ਦੇ ਤਹਿਤ, ਜੇ ਕੋਈ ਬਲੈਕ ਕਰਦਾ ਫੜਿਆ ਜਾਵੇ ਐਕਸ਼ਨ ਲੈਣ ਨੂੰ ਤਿਆਰ ਹੈ ਅਤੇ ਕੀ ਸਰਕਾਰ ਸਾਰੇ ਡੀਪੋਜ਼ ਤੇ ਪਾਪੂਲਰ ਕਮੇਟੀਆਂ ਬਣਾਉਣ ਨੂੰ ਤਿਆਰ ਹੈ ਜਿਹੜੀਆਂ ਕਿ ਸੀਮਿੰਟ ਦੀ ਸਪਲਾਈ ਨੂੰ ਚੈਕ ਕਰ ਸਕਣ ?

ਰਾਜ ਮੰਤਰੀ : ਇਹ ਸੁਝਾਓ ਤਾਂ ਹੈ, ਪਰ ਮੈਂ ਦਸਦਾ ਹਾਂ ਕਿ ਅਕਤੂਬਰ ਵਿਚ ਅਸੀਂ ਸੀਮਿੰਟ ਲਾਈਸੈਂਸਿੰਗ ਕੰਟਰੋਲ ਆਰਡਰ ਜਾਰੀ ਕੀਤਾ ਸੀ, ਪਰ ਉਸ ਤੋਂ ਬਾਅਦ ਪਤਾ ਲਗਾ ਕਿ ਜਿਸ ਨੂੰ ਅਸੀਂ ਫੜਦੇ ਸੀ, ਉਹ ਜ਼ਮਾਨਤ ਕਰਵਾ ਲੈਂਦਾ ਸੀ। ਇਸ ਤੋਂ ਬਾਅਦ 16 ਫਰਵਰੀ, 1974 ਨੂੰ ਡੀ.ਆਈ.ਆਰ. ਲਾਗੂ ਕੀਤਾ ਤਾਂ ਜੋ ਸਟਰਿਕਟ ਐਕਸ਼ਨ ਲਿਆ ਜਾ ਸਕੇ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਪਿੰਡਾਂ ਵਿਚ 20% ਸੀਮਿੰਟ ਦਿਤਾ ਜਾਂਦਾ ਹੈ ਅਤੇ ਸ਼ਹਿਰਾਂ ਵਿਚ 80% ਸੀਮਿੰਟ ਦਿਤਾ ਜਾਂਦਾ ਹੈ। ਮੈਂ ਇਸ ਬਾਰੇ ਮਨਿਸਟਰ ਸਾਹਿਬ ਤੋਂ ਐਸ਼ੋਰੈਂਸ ਚਾਹਾਂਗਾ ਕਿ ਸੀਮਿੰਟ ਦਾ ਕੋਟਾ ਪਿੰਡਾਂ ਨੂੰ ਵਧ ਮਿਲਣਾ ਚਾਹੀਦਾ ਹੈ ਕਿਉਂਕਿ ਪਿੰਡਾਂ ਵਿਚ 80% ਆਬਾਦੀ ਹੁੰਦੀ ਹੈ ਅਤੇ ਸ਼ਹਿਰਾਂ ਵਿਚ 20% ਆਬਾਦੀ ਵਸਦੀ ਹੈ। ਕੀ ਇਸ ਬਾਰੇ ਸਰਕਾਰ ਪਿੰਡਾਂ ਨੂੰ ਮੈਕਸੀਮਮ ਕੋਟਾ ਦੇਵੇਗੀ?

ਰਾਜ ਮੰਤਰੀ : ਜ਼ਰੂਰ ਖਿਆਲ ਰਖਾਂਗੇ। ਹੁਣ 3 ਅਜੰਸੀਆਂ ਰਾਹੀਂ ਸੀਮਿੰਟ ਸਪਲਾਈ ਕੀਤਾ ਜਾਂਦਾ ਹੈ। ਇਕ ਰੇਟ ਆਫ ਕੰਟਰੈਕਟ ਜੋ ਗੌਰਮਿੰਟ ਕਰਦੀ ਹੈ, ਦੂਜਾ ਅਦਰ ਦੈਨ ਰੇਟ ਆਫ ਕੰਟਰੈਕਟ, ਮਾਰਕੀਟ ਸੋਸਾਇਟੀਜ਼ ਵਗੈਰਾ ਅਤੇ ਤੀਜਾ ਫਰੀ ਸੇਲ ਵਿਚ। ਜੋ ਮੈਂਬਰ ਸਾਹਿਬ ਨੇ ਕਿਹਾ ਹੈ, ਉਸ ਬਾਰੇ ਗੌਰ ਕਰਾਂਗੇ।

ਚੌਧਰੀ ਦਰਸ਼ਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਪਿਛਲੇ ਸਾਲ ਪੰਜਾਬ ਨੂੰ ਸੀਮਿੰਟ ਦਾ ਕੋਟਾ ਕੋਈ 5 ਲੱਖ ਟਨ ਮਿਲਿਆ, ਕੀ ਸਰਕਾਰ ਇਸ ਗਲ ਦਾ ਯਤਨ ਕਰੇਗੀ ਕਿਉਂਕਿ ਪੰਜਾਬ, ਐਜ਼ ਕੰਪੇਅਰਡ ਟੂ ਅਦਰ ਸਟੇਟਸ, ਜ਼ਿਆਦਾ ਕੰਸਟਰੱਕਸ਼ਨ ਕਰ ਰਿਹਾ ਹੈ ਅਤੇ ਜ਼ਿਆਦਾ ਡਿਵੈਲਪਮੈਂਟ ਦੇ ਕੰਮ ਕਰ ਰਿਹਾ ਹੈ, ਇਸ ਨੂੰ ਸੈਂਟਰ ਤੋਂ ਜ਼ਿਆਦਾ ਕੋਟਾ ਮਿਲੇ ਜਾਂ ਪੰਜਾਬ ਵਿਚ ਸੀਮਿੰਟ ਦੀ ਫੈਕਟਰੀ ਲਾਉਣ ਦੀ ਮਨਜ਼ੂਰੀ ਦਿਤੀ ਜਾਵੇ।

ਰਾਜ ਮੰਤਰੀ : ਆਨਰੇਬਲ ਮੈਂਬਰ ਸਾਹਿਬ ਨੂੰ ਪਤਾ ਹੈ ਕਿ ਜਿਥੇ ਸੀਮਿੰਟ ਦਾ ਪੱਥਰ ਨਿਕਲਦਾ ਹੋਵੇ, ਉਥੇ ਹੀ ਸੀਮਿੰਟ ਦੀ ਫੈਕਟਰੀ ਲਗਾਈ ਜਾ ਸਕਦੀ ਹੈ। ਬਾਕੀ ਕੋਟਾ ਵਧਾਉਣ ਬਾਰੇ ਅਸੀਂ ਗੌਰਮਿੰਟ ਆਫ ਇੰਡੀਆ ਨੂੰ ਪਰੈਸ ਕਰਦੇ ਹਾਂ ਕਿ ਸਾਡੇ ਡਿਵੈਲਪਮੈਂਟ ਹੋ ਰਹੀ ਹੈ ਅਤੇ ਸਾਡੀ ਰਿਕੁਆਇਰਮੈਂਟ ਕਾਫੀ ਹੈ ਅਤੇ ਸਾਨੂੰ ਜ਼ਿਆਦਾ ਕੋਟਾ ਮਿਲਣਾ ਚਾਹੀਦਾ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ : ਸਾਡੇ ਫਰੀਦਕੋਟ ਵਿਚ 4 ਮਹੀਨੇ ਪਹਿਲਾਂ ਕਿਤੇ ਕੋਈ ਥੋੜਾ ਬਹੁਤ ਸੀਮਿੰਟ ਗਿਆ ਉਸ ਤੋਂ ਬਾਅਦ ਉਥੇ ਸੀਮਿੰਟ ਨਹੀਂ ਗਿਆ । ਕੀ ਇਸ ਗਲ ਦੀ ਪੜਤਾਲ ਕੀਤੀ ਜਾਵੇਗੀ ਕਿ ਬਾਅਦ ਦਾ ਸੀਮਿੰਟ ਕਿਹੜੇ ਅਫ਼ਸਰ ਖਾ ਗਏ ਅਤੇ ਕਿਥੇ ਗਿਆ ?

(ਕੋਈ ਉੱਤਰ ਨਹੀਂ ਆਇਆ)

ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ : ਸਪੀਕਰ ਸਾਹਿਬ, ਇਕ ਤਾਂ ਕਾਮਰੇਡ ਅੱਛਰਾ ਸਿੰਘ ਦਾ ਜਵਾਬ ਨਹੀਂ ਮਿਲਿਆ । ਇਨ੍ਹਾਂ ਨੂੰ ਕਹੋ ਕਿ ਉਸ ਦਾ ਜਵਾਬ ਦੇਣ । ਮੇਰਾ ਸਵਾਲ ਇਹ ਹੈ ਕਿ ਕੀ ਸਰਕਾਰ ਸੀਮਿੰਟ ਦੀ ਲੋਕਾਂ ਵਿਚ ਵੰਡ ਕਰਨ ਵਾਸਤੇ ਪਾਪੂਲਰ ਕਮੇਟੀਆਂ ਬਨਾਉਣ ਲਈ ਤਿਆਰ ਹੈ ? ਦੂਸਰੇ ਅੰਮ੍ਰਿਤਸਰ ਦੀ ਕਮੇਟੀ ਦਾ ਵਾਈਸ ਪ੍ਰੈਜ਼ੀਡੈਂਟ ਸੀਮਿੰਟ ਬਲੈਕ ਕਰਦਾ ਹੋਇਆ ਫੜ੍ਹਿਆ ਗਿਆ ਸੀ । ਸਰਕਾਰ ਨੇ ਉਸ ਦੇ ਵਿਰੁੱਧ ਕੀ ਕਾਰਵਾਈ ਕੀਤੀ ਹੈ ਇਹ ਦਸਿਆ ਜਾਵੇ ?

ਰਾਜ ਮੰਤਰੀ : ਇਸ ਬਾਰੇ ਨੋਟਿਸ ਦੇ ਦਿਓ ਪਤਾ ਕਰਕੇ ਦੱਸ ਦੇਵਾਂਗੇ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦੇ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਇਹ ਇਲਮ ਹੈ ਜਿਹੜਾ ਸੀਮਿੰਟ ਪਿੰਡਾਂ ਵਿਚ ਜਾਂਦਾ ਹੈ ਉਹ ਡੀ. ਸੀ. ਆਪਣੇ ਲਈ 10% ਕੋਟਾ ਰੱਖ ਲੈਂਦਾ ਹੈ ਅਤੇ ਫੇਰ ਇਹ ਬਲੈਕ ਵਿਚ ਵੇਚਿਆ ਜਾਂਦਾ ਹੈ । ਇਹ ਜ਼ਿਲ੍ਹਾ ਬਠਿੰਡੇ ਵਿਚ ਹੋ ਰਿਹਾ ਹੈ । ਕੀ ਸਰਕਾਰ ਇਸ ਗਲ ਦੀ ਪੜਤਾਲ ਕਰਾਉਣ ਨੂੰ ਤਿਆਰ ਹੈ ?

ਰਾਜ ਮੰਤਰੀ : ਸਰਕਾਰ ਦੇ ਹੁਕਮ ਅਨੁਸਾਰ ਡੀ. ਐਮ. 10% ਅਤੇ ਡੀ.ਐਫ.ਸੀ. 3% ਕੋਟਾ ਐਮਰਜੈਂਸੀ ਪਰਪਜ਼ਿਜ਼ ਵਾਸਤੇ ਰਖਦੇ ਹਨ । ਇਹ ਗੱਲ ਗਲਤ ਹੈ ਕਿ ਉਹ ਸੀਮਿੰਟ ਬਲੈਕ ਵਿਚ ਵੇਚਿਆ ਜਾਂਦਾ ਹੈ । ਤੁਸੀਂ ਕੋਈ ਸਪੈਸੇਫਿਕ ਕੇਸ ਸਾਡੇ ਨੋਟਿਸ ਵਿਚ ਲਿਆਉ ਅਸੀਂ ਜ਼ਰੂਰ ਪੜਤਾਲ ਕਰਾਂਗੇ ।

STARRED QUESTION NO. 2436

Mr. Speaker : Extension has been applied for in respect of Starred Question No. 2436.

ਅ.ਸ.ਪ. ਨੰ: 1162-3 ਐਚ.ਜੀ.-74/
ਮੰਤਰੀ,
ਹਾਊਸਿੰਗ ਵਿਭਾਗ, ਪੰਜਾਬ,
ਚੰਡੀਗੜ੍ਹ ।
ਮਿਤੀ 4 ਮਾਰਚ, 1974

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਤਾਰਾ ਅੰਕਤ ਸਵਾਲ ਨੰ: 2436, ਜੋ ਮਿਤੀ 5-3-74 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਐਮ.ਐਲ.ਏ. ਦੇ ਨਾਮ ਹੇਠ (ਵਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ

ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ, ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 13-3-1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾਲਤਾ ਕੀਤੀ ਜਾਵੇ।

ਹਿਤੂ,
ਸਹੀ/—
(ਗੁਰਬਿੰਦਰ ਕੌਰ)

ਸ੍ਰੀ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

APPLICATIONS FOR FIRE ARMS LICENCES BY THE RESIDENTS OF VILLAGE ALAMGARH, DISTRICT FEROZEPUR

*2111 1. Comrade Dana Ram
2. Comrade Satya Pal Dang } Will the Chief Minister be pleased to state—

(a) whether any residents of village Alamgarh, District Ferozepur applied for Licences for fire arms after the attack on the village by the Lal Kurti Sadhus, if so, the number of such persons with their names and addresses;

(b) the names of those who have been granted such licences ?

Sardar Gurcharan Singh Nihalsinghwala (Chief Parliamentary Secretary): (a) and (b) Yes, 22 persons, all of whom have been granted licences, List is laid on the Table of the House.

[(ਏ ਅਤੇ ਬੀ) ਹਾਂ ਜੀ, 22 ਵਿਅਕਤੀਆਂ ਨੇ, ਇਹਨਾਂ ਸਾਰਿਆਂ ਨੂੰ ਲਾਇਸੈਂਸ ਦਿਤੇ ਗਏ ਹਨ, ਲਿਸਟ ਸਦਨ ਦੀ ਮੇਜ਼ ਤੇ ਰੱਖੀ ਗਈ ਹੈ ਜੀ।]

List of persons who have been granted Arms Licences after 25th November, 1973 of Village Alamgarh

Sr. No.	Name of the persons
	Sarvshri
1.	Kartar Singh S/o Bishan Singh
2.	Mehal Singh S/o Chanda Singh
3.	Mukthiar Singh S/o Bishan Singh
4.	Gure Singh S/o Jag Singh
5.	Gurnam Singh S/o Dharam Singh
6.	Harjinder Singh S/o Lal Singh

[Chief Parliamentary Secretary]

7. Gurbachan Singh S/o Khushal Singh
8. Surjit Singh S/o Khushal Singh
9. Bhag Singh S/o Khushal Singh
10. Lal Singh S/o Ganda Singh
11. Surat Singh S/o Paul Singh
12. Rattan Lal S/o Jas Ram
13. Charan Singh S/o Hazara Singh
14. Gurdip Singh S/o Milakha Singh
15. Hari Ram S/o Asa Ram
16. Nand Ram S/o Jhangi Ram
17. Kala Ram S/o Ganga Jal
18. Daljit Singh S/o Sultan Singh
19. Nand Lal S/o Dula Ram
20. Krishan Lal S/o Assa Ram
21. Bjajan Singh S/o Sawan Singh
22. Baldev Singh S/o Sawan Singh

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਸਰਕਾਰ ਨੇ ਉਨ੍ਹਾਂ 22 ਬੰਦਿਆਂ ਨੂੰ ਲਾਈਸੈਂਸ ਦੇ ਦਿਤੇ ਜਿਨ੍ਹਾਂ ਨੇ ਕਿ ਮੰਗੇ ਸੀ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲਾਲ ਕੁੜਤੀ ਵਾਲੇ ਸਾਧੂ ਜਿਹੜੇ ਕਮਿਊਨਲ ਐਲੀਮੈਂਟ ਸਨ, ਖੁਲ੍ਹੇਆਮ ਲੋਕਾਂ ਨੂੰ ਕਹਿੰਦੇ ਰਹੇ ਕਿ ਅਸੀਂ ਪਿੰਡ ਦਾ ਕਤਲੇ-ਆਮ ਕਰ ਦੇਣਾ ਹੈ ਤਾਂ ਪੁਲਿਸ ਅਫਸਰ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣੋਂ ਕਿਉਂ ਝਕਦੇ ਰਹੇ ? ਕੀ ਵਜ਼ੀਰ ਸਾਹਿਬ ਦਸਣਗੇ ਕਿ ਪਿੰਡ ਆਲਮਗੜ੍ਹ ਵਿਚ ਜੋ ਵਾਕਿਆ ਹੋਇਆ ਜੇ ਲਾਲ ਕੁੜਤੀ ਦੇ ਸਾਧੂਆਂ ਨਾਲ ਪੁਲੀਸ ਨਾ ਮਿਲੀ ਹੋਈ ਹੁੰਦੀ ਅਤੇ ਕੋਈ ਐਕਸ਼ਨ ਵਕਤ ਤੋਂ ਪਹਿਲਾਂ ਹੀ ਲੈ ਲੈਂਦੀ ਤਾਂ ਇਹ ਵਾਕਿਆ ਨਹੀਂ ਸੀ ਹੋਣਾ ? ਕੀ ਸਰਕਾਰ ਜਾਣਦੀ ਹੈ ਕਿ ਕਿਹੜੇ ਕਿਹੜੇ ਅਫ਼ਸਰ ਉਨ੍ਹਾਂ ਨਾਲ ਮਿਲੇ ਹੋਏ ਸੀ ? ਕੀ ਹੁਣ ਤਕ ਸਰਕਾਰ ਨੇ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣ ਦੀ ਕਾਰਵਾਈ ਕੀਤੀ ਹੈ ?

ਮੁੱਖ ਸੰਸਦੀ ਸਕੱਤਰ : ਇਹ ਸਪਲੀਮੈਂਟਰੀ ਇਸ ਸਵਾਲ ਵਿਚੋਂ ਪੈਦਾ ਹੀ ਨਹੀਂ ਹੁੰਦਾ । ਅਗਲਾ ਸਵਾਲ ਇਸ ਨਾਲ ਸਬੰਧਤ ਹੈ ਇਹ ਪੁਛ ਲੈਣ ਕਲੀਅਰ ਕਰ ਦੇਵਾਂਗੇ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਕੀ ਸਰਕਾਰ ਲਾਈਸੈਂਸ ਬਣਾਉਣ ਤੋਂ ਪਹਿਲਾਂ ਹਰ ਆਦਮੀ ਦਾ ਕਰੈਕਟਰ ਵੈਰੀਫਾਈ ਨਹੀਂ ਕਰਦੀ ? ਜਿਨ੍ਹਾਂ ਆਫ਼ੀਸਰਾਂ ਨੇ ਵੈਰੀਫਾਈ ਕਰਕੇ ਲਾਈਸੈਂਸ ਦਿਵਾਏ ਕੀ ਸਰਕਾਰ ਉਨ੍ਹਾਂ ਵਿਰੁੱਧ ਕਾਰਵਾਈ ਕਰੇਗੀ ?

ਮੁੱਖ ਸੰਸਦੀ ਸਕੱਤਰ : ਸਵਾਲ ਪੈਦਾ ਨਹੀਂ ਹੁੰਦਾ ਜੀ । ਕਿਉਂ ਜੋ ਇਹ ਲਾਈਸੈਂਸ ਤਾਂ ਲਾਲ ਕੁੜਤੀ ਵਾਲਾ ਕੇਸ ਹੋਣ ਤੋਂ ਬਾਅਦ ਵਿਚ ਦਿਤੇ ਗਏ ਸੀ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਕੀ ਇਹ ਗਲ ਠੀਕ ਹੈ ਕਿ ਲਾਲ ਕੁੜਤੀ ਵਾਲੇ ਸਾਧੂਆਂ ਨੇ ਪਹਿਲਾਂ ਵੀ ਗੁੰਡਾ-ਗਰਦੀ ਕੀਤੀ ਸੀ ਅਤੇ ਉਨ੍ਹਾਂ ਦੇ ਖਿਲਾਫ ਲੋਕਾਂ ਨੇ ਦਰਖ਼ਾਸਤਾਂ ਦਿਤੀਆਂ ਸਨ ਪਰ ਫੇਰ ਵੀ ਉਨ੍ਹਾਂ ਨੂੰ ਲਾਈਸੈਂਸ ਦਿਤੇ ਗਏ । ਕੀ ਉਨ੍ਹਾਂ ਸ਼ਕਾਇਤਾਂ ਦਾ ਕੋਈ ਖਿਆਲ ਨਹੀਂ ਰਖਿਆ ਗਿਆ ?

ਮੁੱਖ ਸੰਸਦੀ ਸਕੱਤਰ : ਸਾਡੇ ਨੋਟਿਸ ਵਿਚ ਕੋਈ ਐਸਾ ਕੇਸ ਨਹੀਂ ਆਇਆ । ਕੋਈ ਵੀ ਬੰਦਾ ਜੋ ਲਾਈਸੈਂਸ ਲਈ ਅਪਲਾਈ ਕਰਦਾ ਹੈ ਉਸ ਦਾ ਵੈਰੀਫ਼ਿਕੇਸ਼ਨ ਤੋਂ ਬਾਅਦ ਜੇ ਰੀਕਾਰਡ ਠੀਕ ਹੋਵੇ ਤਾਂ ਲਾਈਸੈਂਸ ਦੇ ਦਿਤਾ ਜਾਂਦਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਚੀਫ਼ ਪਾਰਲੀਮੈਂਟਰੀ ਸੈਕਟਰੀ ਤੋਂ ਇਹ ਗਲ ਪੁੱਛਣੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਫਰਮਾਇਆ ਹੈ ਕਿ ਵੈਰੀਫੀਕੇਸ਼ਨ ਤੋਂ ਬਾਅਦ ਜਿਸ ਦਾ ਰੀਕਾਰਡ ਠੀਕ ਹੋਵੇ ਤਾਂ ਲਾਈਸੈਂਸ ਦੇ ਦਿੱਤਾ ਜਾਂਦਾ ਹੈ । ਮੈਂ ਉਨ੍ਹਾਂ ਤੋਂ ਇਹ ਪੁੱਛਦਾ ਹਾਂ ਕਿ ਜਦੋਂ ਸਰਕਾਰ ਦੇ ਨੋਟਿਸ ਵਿਚ ਉਨ੍ਹਾਂ ਦਾ ਵੱਡਾ ਗਰੋਬ ਆਇਆ ਸੀ ਕਿ ਇਸ ਦਿਨ ਅਟੈਕ ਕਰਨਾ ਹੈ ਅਤੇ ਪਿੰਡ ਵਾਲਿਆਂ ਦਾ ਕਤਲੇ ਆਮ ਹੋਣਾ ਹੈ ਇਨ੍ਹਾਂ ਨੇ ਵਕਤ ਤੋਂ ਪਹਿਲਾਂ ਕਿਉਂ ਕੋਈ ਐਕਸ਼ਨ ਨਹੀਂ ਲਿਆ ?

ਮੁੱਖ ਸੰਸਦੀ ਸਕੱਤਰ : ਇਹ ਸਵਾਲ ਪੈਦਾ ਨਹੀਂ ਹੁੰਦਾ ।

VISIT OF THE POLICE TO VILLAGE ALAMGARH, DISTRICT FEROZEPUR

*2112 1. **Comrade Dana Ram**
2. **Comrade Satya Pal Dang** | Will the Chief Minister be pleased to state :—

(a) whether it is a fact that the police, which visited village Alamgarh District Ferozepur after the attack on the village by Lal Kurti Sadhus in name took away from the village temple many things including electric fans, utensils, beds, etc. if so a list of all such things be laid on the Table of the House;

(b) the reasons for which the police took away these things and whether the same have been returned to the village temple ?

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੁੱਖ ਸੰਸਦੀ ਸਕੱਤਰ) :

(ੲ) ਨਹੀਂ ਜੀ ।

(ਬੀ) ਸਵਾਲ ਹੀ ਪੈਦਾ ਨਹੀਂ ਹੁੰਦਾ]

ਕਾਮਰੇਡ ਸੱਤ ਪਾਲ ਡਾਂਗ : ਇਹ ਜਿਹੜਾ ਜਵਾਬ ਦਿਤਾ ਹੈ ਕਿ ਉਹ ਲੁਟ ਮਾਰ ਕਰਕੇ ਚਲੇ ਗਏ ਅਤੇ ਪੁਲਿਸ ਨੂੰ ਮੰਦਰ ਵਿਚ ਕੋਈ ਕਾਬਲੇ ਇਤਰਾਜ਼ ਚੀਜ਼ ਨਹੀਂ ਲਭੀ, ਕੀ ਪੁਲਿਸ ਦਾ ਮਹਿਕਮਾ ਹੀ ਐਸਾ ਹੈ ਜਦੋਂ ਕਤਲੇ-ਆਮ ਹੋਵੇ ਉਸ ਵੇਲੇ ਜਾਵੇ ? ਉਥੇ ਪੁਲਿਸ ਵਾਲੇ ਉਤਨਾ ਚਿਰ ਨਹੀਂ ਗਏ ਜਦੋਂ ਤਕ ਕਿ ਇਕ ਡਿਪਟੀ ਮਨਿਸਟਰ ਨੇ ਝਗੜਾ ਕਰ ਕੇ ਮਜਬੂਰ ਨਹੀਂ ਕੀਤਾ, ਉਨ੍ਹਾਂ ਨੇ ਜਾਕੇ ਕੋਈ ਦਖ਼ਲ ਨਹੀਂ ਦਿਤਾ, ਜਦੋਂ ਤਕ ਕਿ ਐਲਾਨੀਆਂ ਉਨ੍ਹਾਂ ਨੂੰ ਜਾਕੇ ਦਸਿਆ ਨਹੀਂ ਗਿਆ । ਕੀ ਸਰਕਾਰ ਜਾਣਦੀ ਹੈ ਕਿ ਉਹ ਕਿਹੜੇ ਕਿਹੜੇ ਪੁਲਿਸ ਅਫ਼ਸਰ ਹਨ ਜਿਹੜੇ ਉਨ੍ਹਾਂ ਨਾਲ ਮਿਲੇ ਹੋਏ ਹਨ ? ਸਰਕਾਰ ਨੇ ਉਨ੍ਹਾਂ ਦੇ ਖਿਲਾਫ ਅਜੇ ਤਕ ਕੋਈ ਐਕਸ਼ਨ ਕਿਉਂ ਨਹੀਂ ਲਿਆ ?

ਮੁੱਖ ਸੰਸਦੀ ਸਕੱਤਰ : ਮੈਂ ਹਾਊਸ ਦੀ ਵਾਕਫੀਅਤ ਲਈ ਦਸ ਦੇਵਾਂ ਕਿ ਕੋਈ ਵੀ ਪੁਲੀਸ ਅਫਸਰ ਲਾਲ ਕੁੜਤੀ ਵਾਲੇ ਟੋਲੇ ਨਾਲ ਨਹੀਂ ਸੀ ਮਿਲਿਆ ਹੋਇਆ । ਜਦੋਂ ਸਰਕਾਰ ਦੇ ਨੋਟਿਸ ਵਿਚ ਇਹ ਗਲ ਆਈ ਤਾਂ ਵਕਤ ਸਿਰ ਉਨ੍ਹਾਂ ਦੇ ਖਿਲਾਫ ਮੁਨਾਸਿਬ ਕਾਰਵਾਈ ਕੀਤੀ ਗਈ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸੀ.ਪੀ.ਐਸ. ਨੇ ਫਰਮਾਇਆ ਕਿ ਪੁਲਿਸ ਦੇ ਅਫ਼ਸਰ ਲਾਲ ਕੁੜਤੀ ਵਾਲਿਆਂ ਨਾਲ ਮਿਲੇ ਹੋਏ ਨਹੀਂ ਸਨ । ਪਰ ਜਦੋਂ ਪੁਲਿਸ ਨੇ ਉਨ੍ਹਾਂ ਤੇ ਛਾਪਾ ਮਾਰਿਆ ਸੀ ਤਾਂ ਉਨ੍ਹਾਂ ਵਿਚ ਤੁਹਾਡੀ ਪਾਰਟੀ ਦਾ ਇਕ ਐਮ.ਐਲ.ਏ. ਵੀ ਫੜ ਲਿਆ ਗਿਆ ਸੀ, ਅਤੇ ਤੁਸੀਂ ਜਾ ਕੇ ਉਸਨੂੰ ਕਢਵਾਇਆ ?

ਮੁੱਖ ਸੰਸਦੀ ਸਕੱਤਰ : ਇਹ ਸਵਾਲ ਪੈਦਾ ਨਹੀਂ ਹੁੰਦਾ । ਜਿਸ ਦਿਨ ਲਾਲ ਕੁੜਤੀ ਦੇ ਟੋਲੇ ਦੇ 198 ਆਦਮੀਆਂ ਨੂੰ ਕਬਰਾਵਾਲਾ ਪਿੰਡ ਵਿਚ ਘੇਰਿਆ ਗਿਆ, ਸਰਕਾਰ ਨੇ ਖੂਨ ਖਰਾਬੇ ਤੋਂ ਬਚਣ ਦੀ ਖਾਤਰ ਇਨ੍ਹਾਂ ਨੂੰ ਸਰੰਡਰ ਹੋ ਜਾਣ ਲਈ ਕਿਹਾ ਪਰ ਇਨ੍ਹਾਂ ਵਿਚੋਂ ਬਘੇਲ ਸਿੰਘ, ਟਹਿਲ ਸਿੰਘ ਅਤੇ ਗੁਰਦੀਪ ਸਿੰਘ ਨੇ ਇਨਕਾਰ ਕੀਤਾ ਅਤੇ ਇਨ੍ਹਾਂ ਵਿਚੋਂ ਦੋ ਮੁਕਾਬਲੇ ਵਿਚ ਮਾਰੇ ਗਏ । ਟਹਿਲ ਸਿੰਘ ਜਿਹੜਾ ਨਸ ਨਿਕਲਿਆਂ ਸੀ ਉਹ ਬਾਅਦ ਵਿਚ ਅਰੈਸਟ ਹੋਇਆ ।

ਸਰਦਾਰ ਦਰਬਾਰਾ ਸਿੰਘ : ਮੈਂ ਚੀਫ ਪਾਰਲੀਮੈਂਟਰੀ ਸੈਕਟਰੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲਾਲ ਕੁੜਤੀ ਵਾਲਿਆਂ ਦੀ ਤਰ੍ਹਾਂ ਹੋਰ ਵੀ ਸਾਧੂਆਂ ਦੇ ਭੇਸ ਵਿਚ ਡਾਕੂ ਹਨ, ਜਿਨ੍ਹਾਂ ਦਾ ਆਪ ਨੂੰ ਵੀ ਚੰਗੀ ਤਰ੍ਹਾਂ ਪਤਾ ਹੈ ਕੀ ਉਹ ਉਨ੍ਹਾਂ ਦੀਆਂ ਐਂਟੀ-ਸੋਸ਼ਲ ਐਕਟਿਵਿਟੀਜ਼ ਦਸਣਗੇ ? (ਹਾਸਾ)

ਮੁੱਖ ਸੰਸਦੀ ਸਕੱਤਰ : ਮੇਰੇ ਫਾਜ਼ਲ ਦੋਸਤ ਸਰਦਾਰ ਦਰਬਾਰਾ ਸਿੰਘ ਜੀ ਵੀ ਸਪੀਕਰ ਰਹਿ ਚੁਕੇ ਹਨ । ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੁਰਮੇਲ ਸਿੰਘ ਬਾਘਾਪੁਰਾਣਾ ਦੇ ਖਿਲਾਫ ਕੇਸ ਰਜਿਸਟਰ ਹੋ ਚੁੱਕਾ ਹੈ ਅਤੇ ਉਹ ਇਸ ਵਕਤ ਜੇਲ੍ਹ ਵਿਚ ਹਨ । (ਹਾਸਾ)

ਸਰਦਾਰ ਪਰਕਾਸ਼ ਸਿੰਘ ਬਾਦਲ: ਕੀ ਇਸ ਇੰਸੀਡੈਂਟ ਤੋਂ ਬਾਅਦ ਸਰਕਾਰ ਨੇ ਕੋਈ ਇਨਕੁਆਇਰੀ ਕਰਾਈ ਹੈ? ਪੁਲਿਸ ਅਫ਼ਸਰ ਉਸ ਸੰਤਾਂ ਦੇ ਡੇਰੇ ਤੇ ਮੱਥਾ ਟੇਕਣ ਵਾਸਤੇ ਜਾਂਦੇ ਰਹੇ ਹਨ ?

ਮੁੱਖ ਸੰਸਦੀ ਸਕੱਤਰ: ਸਾਡੇ ਕੋਲ ਕੋਈ ਇਨਫਰਮੇਸ਼ਨ ਨਹੀਂ ਆਈ ਹੈ ਕਿ ਕੋਈ ਪੁਲਿਸ ਅਫ਼ਸਰ ਉਥੇ ਮੱਥਾ ਟੇਕਣ ਵਾਸਤੇ ਜਾਂਦੇ ਰਹੇ ਹਨ । ਬਾਦਲ ਸਾਹਿਬ ਇਸ ਬਾਰੇ ਦਸ ਦੇਣ ਅਸੀਂ ਦੇਖ ਲਵਾਂਗੇ ।

ਚੌਧਰੀ ਦਰਸ਼ਨ ਸਿੰਘ: ਐਨੀ ਲਾਰਜ ਕੁਆਂਟਿਟੀ ਵਿਚ ਵੈਪਨਜ਼ ਅਸਲਾ ਖਰੀਦਕੇ ਇਕੱਠਾ ਕੀਤਾ ਗਿਆ, ਆਇਆਂ ਪੰਜਾਬ ਸਰਕਾਰ ਨੇ ਉਨ੍ਹਾਂ ਅਫ਼ਸਰਾਂ ਦੇ ਖਿਲਾਫ, ਜਿਨ੍ਹਾਂ ਨੇ ਨੈਗਲੀਜੈਂਸ ਸ਼ੋ ਕੀਤੀ ਹੈ, ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲਿਆ ਹੈ ? (ਵਿਘਨ)

Those who have not reported and those who have not un-earthed this plan, ਕੀ ਉਹਨਾਂ ਦੇ ਖਿਲਾਫ ਕੋਈ ਐਕਸ਼ਨ ਲਿਆ ਹੈ ?

ਮੁੱਖ ਸੰਸਦੀ ਸਕੱਤਰ: ਸਾਡੇ ਮੁਲਕ ਦੀ ਰਿਵਾਇਤ ਹੈ ਕਿ ਛੇਤੀ ਕੀਤੇ ਕਿਸੇ ਧਰਮ ਅਸਥਾਨ ਤੇ ਹਮਲਾ ਨਹੀਂ ਕੀਤਾ ਜਾਂਦਾ ਜਦ ਤਕ ਕਿ ਪਤਾ ਨਾ ਲਗ ਜਾਏ ਕਿ ਉਥੇ ਬਦਮਾਸ਼ ਹਨ। ਜਦੋਂ ਇਸ ਗੱਲ ਦਾ ਪਤਾ ਲੱਗ ਗਿਆ ਤਾਂ ਉਸ ਤੋਂ ਬਾਅਦ ਹਰ ਕਾਰਵਾਈ ਉਨ੍ਹਾਂ ਦੇ ਖਿਲਾਫ ਕੀਤੀ ਗਈ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਕੀ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਦਸਣਗੇ ਕਿ ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਪੁਲਿਸ ਅਫਸਰਾਂ ਦੀ ਇਨ੍ਹਾਂ ਦੇ ਨਾਲ ਮਿਲੀ ਭਗਤ ਹੈ, ਇਸ ਕਰਕੇ ਜੁਡੀਸ਼ਲ ਇਨਕੁਆਇਰੀ ਕਰਾਉਣ ਤੋਂ ਇਨਕਾਰ ਕਰ ਦਿਤਾ। ਚੀਫ ਮਨਿਸਟਰ ਸਾਹਿਬ ਨੇ ਕਿਹਾ ਕਿ ਸੀ. ਆਈ. ਡੀ. ਤੋਂ ਇਨਕੁਆਇਰੀ ਕਰਾ ਰਹੇ ਹਾਂ, ਉਹ ਮੁਕੰਮਲ ਹੋਈ ਜਾਂ ਨਹੀਂ, ਕੀ ਉਹਦੀ ਰਿਪੋਰਟ ਦੇਣਗੇ? ਦੂਜੀ ਗੱਲ ਇਹ ਹੈ ਕਿ ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਕਈ ਬੰਦਿਆਂ ਨੂੰ ਇਨ੍ਹਾਂ ਨੇ ਕਿਹਾ ਹੈ ਕਿ ਐਨਕਾਊਂਟਰ ਵਿਚ ਮਾਰੇ ਗਏ ਪਰ ਉਹ ਇਸ ਤਰ੍ਹਾਂ ਨਹੀਂ ਮਰੇ ਬਲਕਿ ਮਾਰੇ ਗਏ ਹਨ ਤਾਂ ਕਿ ਇਹ ਪੁਲਿਸ ਅਫਸਰਾਂ ਦੇ ਨਾਂ ਨਾ ਦੱਸ ਦੇਣ। (ਵਿਘਨ)

ਮੁੱਖ ਸੰਸਦੀ ਸਕੱਤਰ: ਜਦੋਂ ਇਨਕੁਆਇਰੀ ਮੁਕੰਮਲ ਹੋਈ ਦੱਸ ਦਿਆਂਗੇ। ਦੂਜੇ ਸਵਾਲ ਦੇ ਜਵਾਬ ਵਿਚ ਮੈਂ ਅਰਜ਼ ਕਰਦਾ ਹਾਂ ਕਿ ਐਨਕਾਊਂਟਰ ਵਿਚ ਸਿਰਫ ਦੋ ਮਰੇ ਹਨ ਅਤੇ ਇਕ ਪੇਸ਼ ਹੋਇਆ ਹੈ, ਉਹ ਦੱਸ ਸਕਦਾ ਹੈ। 148 ਪੇਸ਼ ਹੋਏ ਹਨ, ਉਹ ਦਸ ਸਕਦੇ ਹਨ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ, ਮੇਰੇ ਸਵਾਲ ਦੇ ਤਿੰਨ ਭਾਗ ਹਨ। (ਵਿਘਨ)

ਸ੍ਰੀ ਸਪੀਕਰ: ਤੁਸੀਂ ਇਕੋ ਸਵਾਲ ਕਰੋ (ਵਿਘਨ) (Please put only one supplementary question.)

ਸਰਦਾਰ ਅਜਾਇਬ ਸਿੰਘ ਸੰਧੂ: ** ** ** (ਵਿਘਨ)

ਸ੍ਰੀ ਸਪੀਕਰ: ਇਹ ਐਕਸਪੰਜ ਕਰ ਦਿਤਾ ਜਾਏ। (It should be expunged.)

ਸਰਦਾਰ ਅਜਾਇਬ ਸਿੰਘ ਸੰਧੂ: ਦੂਜਾ ਭਾਗ ਇਹ ਹੈ ਜਿਸ ਤਰ੍ਹਾਂ ਇਨ੍ਹਾਂ ਨੇ ਫਰਮਾਇਆ ਹੈ ਕਿ ਟਹਿਲ ਸਿੰਘ ਸਾਡੇ ਕੋਲ ਆਕੇ ਪੇਸ਼ ਹੋ ਗਿਆ। ਮੈਂ ਸਰਕਾਰ ਤੋਂ ਇਨਫਰਮੇਸ਼ਨ ਮੰਗਦਾ ਹਾਂ ਕਿ ਉਸ ਨੂੰ ਤੁਹਾਡੀ ਪਾਰਟੀ ਦੇ ਕਿਹੜੇ ਐਮ. ਐਲ. ਏ. ਨੇ ਪੇਸ਼ ਕੀਤਾ, ਇਸ ਬਾਰੇ ਸੱਚ ਸੱਚ ਦੱਸ ਦਿਉ?

ਮੁੱਖ ਸੰਸਦੀ ਸਕੱਤਰ: ਜਿਥੋਂ ਤਕ ਪਹਿਲੇ ਹਿੱਸੇ ਦਾ ਤਾਅਲੁਕ ਹੈ, ਇਹ ਬਹੁਤ ਮਾੜੀ ਗੱਲ ਹੈ। ਅਜਿਹੀ ਗੱਲ ਨਹੀਂ ਕਰਨੀ ਚਾਹੀਦੀ। (ਵਿਘਨ)

**Expunged as ordered by the Chair.

ਸ਼੍ਰੀ ਸਪੀਕਰ: ਉਹ ਐਕਸਪੰਜ ਕਰ ਦਿਤਾ ਹੈ । (It has been expunged.)

ਮੁੱਖ ਸੰਸਦੀ ਸਕੱਤਰ: ਦੂਸਰੇ ਸਵਾਲ ਦੇ ਸਬੰਧ ਵਿਚ ਮੈਂ ਅਰਜ਼ ਕਰਦਾ ਹਾਂ ਕਿ ਟਹਿਲ ਸਿੰਘ ਖੁਦ ਬਖੁਦ ਐਨਕਾਊਂਟਰ ਤੋਂ ਬਚਕੇ ਚੰਡੀਗੜ੍ਹ ਆ ਗਿਆ ਅਤੇ ਡੀ.ਐਸ.ਪੀ. ਬਲਦੇਵ ਸਿੰਘ ਨੇ ਪੰਜਾਬ ਸਰਕਾਰ ਨੂੰ ਪੇਸ਼ ਕੀਤਾ ।

ਸ਼੍ਰੀ ਸਰਦਾਰੀ ਲਾਲ ਕਪੂਰ: ਕੀ ਚੀਫ ਪਾਰਲੀਮੈਂਟਰੀ ਸੈਕਟਰ ਸਾਹਿਬ ਦਸਣਗੇ ਕਿ 1970 ਦੇ ਜਨਵਰੀ ਦੇ ਮਹੀਨੇ ਵਿਚ ਲਾਲ ਕੁੜਤੀ ਵਾਲਿਆਂ ਨੇ ਲਾਲ ਕਿਤਾਬ ਛਾਪੀ ਸੀ । ਉਸ ਵੇਲੇ ਅਕਾਲੀ ਗੌਰਮੈਂਟ ਨੇ, ਪੁਲਿਸ ਨੇ ਜੇ ਇਸ ਨੂੰ ਰੋਕਿਆ ਹੁੰਦਾ ਤਾਂ ਇਹ ਵਾਕਿਆ ਹੋਣ ਤੋਂ ਰੋਕਿਆ ਜਾ ਸਕਦਾ ਸੀ । ਦੂਸਰੇ ਇਹ ਕਿ 1969 ਵਿਚ ਇਹ ਅਖਾੜਾ ਬਣਿਆ ਸੀ, ਉਸ ਵੇਲੇ ਤਫਤੀਸ਼ ਕਰਕੇ ਇਸ ਨੂੰ ਕਿਉਂ ਨਹੀਂ ਰੋਕਿਆ ਗਿਆ ?

ਮੁੱਖ ਸੰਸਦੀ ਸਕੱਤਰ: ਗਰੰਥ ਮਲੌਟ ਪ੍ਰੈਸ ਤੋਂ ਛਪਿਆ । (ਵਿਘਨ)

Sardar Darbara Singh : I raise very strong objection to the word Granth, being used by the hon. Chief Parliamentary Secretary.

Chief Parliamentary Secretary : I withdraw, Sir.

ਸਪੀਕਰ ਸਾਹਿਬ, ਮੇਰਾ ਉਸ ਕਿਤਾਬ ਨੂੰ ਕੋਈ ਰਿਸਪੈਕਟ ਪੇ ਕਰਨ ਦਾ ਸਵਾਲ ਨਹੀਂ ਪੈਦਾ ਹੁੰਦਾ। ਕਿਉਂਕਿ ਕਿਤਾਬ ਉਤੇ ਗਰੰਥ ਲਿਖਿਆ ਗਿਆ ਸੀ, ਇਸ ਕਰਕੇ ਮੈਂ ਅਰਜ਼ ਕੀਤੀ ਹੈ otherwise I have got the least respect for it. ਉਹ ਮਲੌਟ ਪ੍ਰੈਸ ਤੋਂ ਛਪੀ ਹੈ । ਕਾਇਦੇ ਕਾਨੂੰਨ ਦੇ ਮੁਤਾਬਿਕ ਉਸ ਦੀ ਇਕ ਕਾਪੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ, ਨੂੰ ਭੇਜਣੀ ਚਾਹੀਦੀ ਸੀ ਜਿਹੜੀ ਕਿ ਨਹੀਂ ਭੇਜੀ ਗਈ । ਇਸ ਲਈ ਉਸ ਪ੍ਰੈਸ ਦੇ ਖਿਲਾਫ ਇਨਕੁਆਇਰੀ ਹੋ ਰਹੀ ਹੈ ।

ਕਾਮਰੇਡ ਦਾਨਾ ਰਾਮ: ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਪ੍ਰੈਸ ਚਲਦਾ ਹੈ ਔਰ ਉਸ ਪ੍ਰੈਸ ਦੀ ਜ਼ਮਾਨਤ ਹੋ ਚੁੱਕੀ ਹੈ ਉਹ ਕਿਤਾਬ ਡੀ. ਸੀ. ਸਾਹਿਬ ਅਤੇ ਸੀ. ਪੀ. ਐਸ. ਸਾਹਿਬ ਨੂੰ ਭੇਜੀ ਗਈ ਹੈ । (ਵਿਘਨ) ਉਸ ਕਿਤਾਬ ਵਿਚ ਦਸਦੇ ਹਨ ਲਿਖਿਆ ਹੋਇਆ ਹੈ ਕਿ ਕਦੋਂ ਤਕ ਗਦਰ ਮਚਾਵਾਂਗੇ ਅਤੇ ਉਹ ਆਲਮਗੜ੍ਹ ਤੋਂ ਮਚਾਵਾਂਗੇ (ਵਿਘਨ)

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਕਾਮਰੇਡ ਦਾਨਾ ਰਾਮ ਨੇ ਫਰਮਾਇਆ ਹੈ ਕਿ ਉਸ ਪ੍ਰੈਸ ਵਾਲੇ ਦੀ ਜ਼ਮਾਨਤ ਹੋ ਗਈ ਹੈ । ਸਰਕਾਰ ਦਾ ਫਰਜ਼ ਹੈ ਚਾਲਾਨ ਕਰ ਦੇਣਾ ਅਗੇ ਕੋਰਟ ਜੋ ਮਰਜ਼ੀ ਫੈਸਲਾ ਕਰੇ । ਜੇ ਕੋਰਟ ਸਮਝੇਗੀ ਕਿ ਪ੍ਰੈਸ ਵਾਲੇ ਦਾ ਕਸੂਰ ਘੱਟ ਹੈ ਔਰ ਸਾਡੀ ਪੰਜਾਬ ਗੌਰਮੈਂਟ ਦਾ ਕਸੂਰ ਜ਼ਿਆਦਾ ਹੈ ਤਾਂ ਕੋਰਟ ਉਸ ਨੂੰ ਸਜ਼ਾ ਦੇ ਦੇਏਗੀ ।

ਸਰਦਾਰ ਸੁਖਦੇਵ ਸਿੰਘ ਢਿੱਲੋਂ: ਸਪੀਕਰ ਸਾਹਿਬ, ਇਨ੍ਹਾਂ ਨੇ ਹਾਊਸ ਨੂੰ ਗਲਤ ਇਨਫਰਮੇਸ਼ਨ ਦੇ ਕੇ ਹਾਊਸ ਨੂੰ ਮਿਸਲੀਡ ਕੀਤਾ ਹੈ । ਇਹ ਜਿਹੜਾ ਕਹਿੰਦੇ ਹਨ ਕਿ

ਕਿਤਾਬ ਡੀ. ਸੀ. ਕੋਲ ਨਹੀਂ ਪਹੁੰਚੀ, ਕੀ ਇਹ ਇਸ ਗੱਲ ਦੀ ਇਨਕੁਆਇਰੀ ਕਰਾਕੇ ਦੱਸਣਗੇ? ਉਹਦੀ ਕਾਪੀ ਬਾਕਾਇਦਾ ਡੀ. ਸੀ. ਦੇ ਦਫ਼ਤਰ ਵਿਚ ਪਹੁੰਚੀ ਹੈ। ਇਨ੍ਹਾਂ ਦੇ ਅਫ਼ਸਰਾਂ ਨੇ ਮੌਕੇ ਸਿਰ ਨਹੀਂ ਦਸਿਆ। (ਵਿਘਨ)

ਮੁੱਖ ਸੰਸਦੀ ਸਕੱਤਰ: ਜ਼ਰੂਰ ਗੌਹ ਕਰਾਂਗੇ ਕਿ ਕਾਪੀ ਕਦੋਂ ਪਹੁੰਚੀ ਔਰ ਐਕਸ਼ਨ ਕਿਉਂ ਨਹੀਂ ਲਿਆ ਗਿਆ। (ਵਿਘਨ)

ਕਾਮਰੇਡ ਅਰਜਨ ਸਿੰਘ ਮਸਤਾਨਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੋ ਜਿਹਾ ਆਲਮਗੜ੍ਹ ਬਣਿਆ ਹੈ ਉਹੋ ਜਿਹਾ ਪੱਟੀ ਵਿਚ ਇਕ ਗੜ੍ਹ ਹੈ ਅਤੇ ਸਾਧ ਪੁਲਿਸ ਨਾਲ ਮਿਲੇ ਹੋਏ ਹਨ। ਇਸ ਬਾਰੇ ਸਾਰੇ ਅਫ਼ਸਰਾਂ ਨੂੰ ਲਿਖ ਕੇ ਘਲਿਆ ਹੋਇਆ ਹੈ। (ਵਿਘਨ) ਸਾਧਾਂ ਨੇ ਸਕੂਲ ਦੀ ਇਮਾਰਤ ਸਾਂਭ ਲਈ ਹੈ। ਮੁਕਾਮੀ ਪੁਲਿਸ ਉਨ੍ਹਾਂ ਨਾਲ ਮਿਲੀ ਹੋਈ ਹੈ। ਇਸ ਤੇ ਹੁਣ ਤਕ ਕੀ ਐਕਸ਼ਨ ਲਿਆ ਗਿਆ ਹੈ ? ਉਹ ਨਵਾਂ ਆਲਮਗੜ੍ਹ ਬਣ ਰਿਹਾ ਹੈ ?

ਮੁੱਖ ਸੰਸਦੀ ਸਕੱਤਰ: ਇਹ ਸਾਰੇ ਸਵਾਲ ਦਾ ਜਵਾਬ ਮੈਂ ਦੇ ਚੁੱਕਾ ਹਾਂ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਹ ਦਸਣ ਦੀ ਤਕਲੀਫ਼ ਕਰਨਗੇ ਕਿ ਜਿਸ ਵੇਲੇ ਇਹ ਇਨਸੀਡੈਂਟ ਹੋਇਆ ਉਸ ਪਿੰਡ ਵਿਚ ਬੜੇ ਬੜੇ ਇਸ਼ਤਿਹਾਰਾਂ ਰਾਹੀਂ ਪਹਿਲਾਂ ਇਹ ਪ੍ਰਚਾਰ ਕੀਤਾ ਗਿਆ ਕਿ ਉਸ ਦਿਨ ਗਿਆਨੀ ਜ਼ੈਲ ਸਿੰਘ ਜੀ ਅਤੇ ਬੰਸੀ ਲਾਲ ਜੀ ਉਥੇ ਆ ਰਹੇ ਹਨ। ਇਹ ਮੈਂ ਆਪ ਵੇਖਿਆ ਹੈ। (ਵਿਘਨ) ਜਿਸ ਦਿਨ ਇਹ ਇਨਸੀਡੈਂਟ ਹੋਇਆ ਹੈ।....

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਨੂੰ ਪਹਿਲੀ ਵਾਰੀ ਦਸਿਆ ਗਿਆ ਹੈ ਕਿ ਇਸ਼ਤਿਹਾਰ ਵਿਚ ਮੇਰਾ ਅਤੇ ਬੰਸੀ ਲਾਲ ਦਾ ਨਾਂ ਛਪਿਆ ਹੋਇਆ ਸੀ ਜੇ ਕੋਈ ਆਪਣੇ ਆਪ ਹੀ ਮੇਰਾ ਨਾਂ ਛਪ ਦੇਵੇ ਤਾਂ ਇਹਦੇ ਵਿਚ ਮੇਰਾ ਕੋਈ ਕਸੂਰ ਨਹੀਂ ਹੈ। ਸੰਤਾਂ ਸਾਧਾਂ ਦੀ ਮਾਨਤਾ ਬੜੀ ਹੈ ਔਰ ਉਹ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰ ਲੈਂਦੇ ਹਨ। ਜਿਥੇ ਇਹ ਪ੍ਰਕਾਸ਼ ਹੁੰਦਾ ਹੋਵੇ ਉਥੇ ਪੁਲਿਸ ਨਹੀਂ ਜਾ ਸਕਦੀ। ਇਹਦੇ ਨਾਲ ਦੀ ਨਾਲ ਕੋਠੜੀਆਂ ਬਣੀਆਂ ਹੁੰਦੀਆਂ ਹਨ ਉਥੇ ਜੈਨੁਅਨ ਸੰਤ ਭਜਨ ਕਰਦੇ ਹਨ ਅਤੇ ਕਈ ਬਿਲਕੁਲ ਪਾਖੰਡੀ ਹਨ ਅਤੇ ਜੇ ਉਨ੍ਹਾਂ ਨੂੰ ਫੜਦੇ ਹਾਂ ਤਾਂ ਸਾਡੇ ਕੋਲ ਇਹ ਸਾਰੇ ਸੱਜਣ ਆਉਂਦੇ ਹਨ। ਜਿਹੜੀ ਤੁਸੀਂ ਇਨ੍ਹਾਂ ਸੰਤਾਂ ਸਾਧੂਆਂ ਦੇ ਮੱਥੇ ਟੇਕਣ ਦੀ ਗੱਲ ਕਰਦੇ ਹੋ ਮੈਂ ਕਹਿੰਦਾ ਹਾਂ ਕਿ ਨਾਂ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਇਸ ਤੋਂ ਬਚਿਆ ਅਤੇ ਨਾ ਮੈਂ ਬਚਿਆ ਹਾਂ। ਡਾਂਗ ਸਾਹਿਬ ਵੀ ਕਿਤੇ ਮਿਲੇ ਹੋਣਗੇ (ਵਿਘਨ) ਜਦੋਂ ਵੋਟਾਂ ਪੈਂਦੀਆਂ ਹਨ ਤਾਂ ਉਹ ਵੀ ਚਲੇ ਜਾਂਦੇ ਹਨ। ਜਿੰਨੇ ਡੇਰੇ ਹਨ, ਉਨ੍ਹਾਂ ਸਾਰਿਆਂ ਦੀ ਮਾਨਤਾ ਹੁੰਦੀ ਹੈ। ਮੈਂ ਤਾਂ ਕਹਾਂਗਾ ਕਿ ਜੇ ਅਸੈਂਬਲੀ ਫੈਸਲਾ ਕਰ ਲਵੇ ਤਾਂ ਮੇਰੀ ਸਰਕਾਰ ਇਨ੍ਹਾਂ ਗੁਰਦੁਆਰਿਆਂ ਅਤੇ ਮੰਦਰਾਂ ਸਾਰਿਆਂ ਦੀ ਤਲਾਸ਼ੀ ਲੈਣ ਲਈ ਤਿਆਰ ਹੈ। (ਵਿਘਨ) (ਸ਼ੋਰ)

Comrade Satya Pal Dang: On a point of personal explanation, Sir. (*Interruption*)

Captain Rattan Singh: No point of personal explanation can be raised during the Question Hour.

Comrade Satya Pal Dang: Supplementary, Sir. (*Interruption*)

ਚੌਧਰੀ ਜਗਤ ਰਾਮ: ਸਪੀਕਰ ਸਾਹਿਬ, ਇਸ ਬਾਰੇ ਹਾਊਸ ਦੀ ਰਾਏ ਹੈ। (ਵਿਘਨ) ਸਾਡੀ ਪਾਰਟੀ ਤਲਾਸ਼ੀ ਕਰਾਉਣ ਲਈ ਤਿਆਰ ਹੈ। ਇਸ ਲਈ ਸਾਰੇ ਹਾਊਸ ਦੀ ਰਾਏ ਲੈ ਲਵੋ ਕਿ ਤਲਾਸ਼ੀ ਕਰਾਉਣੀ ਹੈ ਜਾਂ ਨਹੀਂ ਕਰਾਉਣੀ? (ਵਿਘਨ) (ਸ਼ੋਰ) ਸਪੀਕਰ ਸਾਹਿਬ, ਅਕਾਲੀ ਨੱਸ ਗਏ ਹਨ। ਤੁਸੀਂ ਇਸ ਬਾਰੇ ਹਾਊਸ ਦੀ ਰਾਏ ਲੈ ਲਵੋ। (ਵਿਘਨ)

ਸ੍ਰੀ ਸਪੀਕਰ: ਹਾਊਸ ਨਹੀਂ ਚਾਹੁੰਦਾ ਕਿ ਤਲਾਸ਼ੀ ਲਈ ਜਾਵੇ। (ਵਿਘਨ) (The House does not want that the Gurdawaras and temples should be searched.) (*Interruption*)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਜਿਵੇਂ ਕਿ ਪਹਿਲਾਂ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਜਵਾਬ ਵਿਚ ਕਿਹਾ ਕਿ ਉਥੇ ਖੂਨ ਖਰਾਬੇ ਤੋਂ ਡਰਦਿਆਂ ਪੁਲਿਸ ਨੇ 3 ਬੰਦਿਆਂ ਤੋਂ ਹਥਿਆਰ ਲੈ ਲਏ ਅਤੇ ਇਸ ਕਰਕੇ ਉਹ ਭੱਜ ਗਏ। ਇਸ ਲਈ, ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਮਨਘੜਤ ਕਹਾਣੀ ਨਹੀਂ ਹੈ, ਜਿਨ੍ਹਾਂ ਨੇ ਕਿ ਸਾਰਾ ਪਿੰਡ ਬਰਬਾਦ ਕਰ ਦਿਤਾ। ਜੇ 10 ਗੁੰਡੇ ਮਰ ਜਾਂਦੇ ਤਾਂ ਕੀ ਹੋ ਜਾਣਾ ਸੀ . . . (ਵਿਘਨ) ਜਿਵੇਂ ਕਿ ਫਗਵਾੜੇ ਵਿਚ ਹੋਇਆ ਹੈ . . . (ਵਿਘਨ)

ਸ੍ਰੀ ਸਪੀਕਰ: ਇਹ ਫਗਵਾੜੇ ਦੀ ਗੱਲ ਵਿਚ ਕਿਥੋਂ ਆ ਗਈ? ਫਗਵਾੜੇ ਦਾ ਇਸ ਨਾਲ ਕੋਈ ਤੁਅੱਲਕ ਨਹੀਂ ਹੈ। (How is Phagwara case relevant here? It has no relevancy with the matter under discussion)

ਸਰਦਾਰ ਬਲਵਿੰਦਰ ਸਿੰਘ ਭੂੰਦੜ: ** ** **

ਸ੍ਰੀ ਸਪੀਕਰ: ਇਹ ਜੋ ਕੁਝ ਇਰਰੈਲੇਵੈਂਟ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (All this is irrelevant and should not be recorded.)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਇਹ ਮਨਘੜਤ ਕਹਾਣੀ ਹੈ। (ਵਿਘਨ)

ਸਰਦਾਰ ਪਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੇ ਅਸੈਂਬਲੀ ਇਜਾਜ਼ਤ ਦੇਵੇ ਤਾਂ ਮੈਂ ਗੁਰਦੁਆਰਿਆਂ ਅਤੇ ਮੰਦਰਾਂ ਦੀ ਤਲਾਸ਼ੀ ਲੈਣ ਨੂੰ ਤਿਆਰ ਹਾਂ। ਮੈਂ ਕਹਾਂਗਾ ਕਿ ਇਹ ਲਫਜ਼ ਉਨ੍ਹਾਂ ਨੂੰ ਚੰਗੇ ਨਹੀਂ ਲੱਗਦੇ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਸਭ ਕੁਝ ਪਤਾ ਹੈ ਕਿ ਕਿਹੜੇ ਗੁਰਦੁਆਰੇ ਅਤੇ ਮੰਦਰ ਐਨੀ ਮਹਾਨਤਾ ਰੱਖਦੇ ਹਨ ਅਤੇ ਉਨ੍ਹਾਂ ਦੀ ਤਲਾਸ਼ੀ ਨਹੀਂ ਲਈ ਜਾ ਸਕਦੀ ਅਤੇ ਕਿਹੜੇ ਕਿਹੜੇ ਡੇਰੇ ਦੀ ਤਲਾਸ਼ੀ ਲਈ ਜਾ ਸਕਦੀ ਹੈ। (ਵਿਘਨ) ਸਪੀਕਰ ਸਾਹਿਬ, ਇਸ ਤਰ੍ਹਾਂ

**Not recorded as ordered by the Chair.

ਰਿਲੀਜਸ ਸੈਂਟੀਮੈਂਟਸ ਬਾਰੇ ਇਨ੍ਹਾਂ ਨੇ ਗਲਤ ਗੱਲ ਕਹੀ ਹੈ ਕਿ ਜੇ ਹਾਊਸ ਇਜਾਜ਼ਤ ਦੇਵੇ ਤਾਂ ਮੈਂ ਗੁਰਦੁਆਰਿਆਂ ਅਤੇ ਮੰਦਰਾਂ ਦੀ ਤਲਾਸ਼ੀ ਲੈਣ ਲਈ ਤਿਆਰ ਹਾਂ । ਮੈਂ ਕਹਿੰਦਾ ਹਾਂ ਕਿ ਇਹ ਲਫਜ਼ ਇਨ੍ਹਾਂ ਨੂੰ ਵਾਪਿਸ ਲੈਣੇ ਚਾਹੀਦੇ ਹਨ ਅਤੇ ਇਹ ਹਾਊਸ ਦੀ ਪਰੋਸੀਡਿੰਗਜ਼ ਵਿਚੋਂ ਹੀ ਕੱਢ ਦੇਣੇ ਚਾਹੀਦੇ ਹਨ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਤਿਕਾਰ ਅਤੇ ਆਦਰ ਕਰਦਾ ਹਾਂ ਇਨ੍ਹਾਂ ਗੁਰਦੁਆਰਿਆਂ, ਮੰਦਰਾਂ ਅਤੇ ਧਾਰਮਿਕ ਅਸਥਾਨਾਂ ਦਾ ਅਤੇ ਕਿਸੇ ਨਾਲੋਂ ਘੱਟ ਸਤਿਕਾਰ ਨਹੀਂ ਕਰਦਾ । ਪਰ ਮੈਂ ਫਿਰ ਲੀਡਰ ਆਫ ਦੀ ਆਪੋਜ਼ੀਸ਼ਨ ਪਾਰਟੀ ਨੂੰ ਕਹਿੰਦਾ ਹਾਂ ਕਿ ਮੈਂ ਕਿਸੇ ਦੀ ਜ਼ਾਤ ਤੇ ਅਟੈਕ ਨਹੀਂ ਕਰਨਾ ਚਾਹੁੰਦਾ । (ਵਿਘਨ) ਮੈਂ ਕਹਿੰਦਾ ਹਾਂ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਿਸਟ ਦੇ ਦੇਵੇ ਕਿ ਇਨ੍ਹਾਂ ਇਨ੍ਹਾਂ ਦੀ ਤਲਾਸ਼ੀ ਕਰੋ ਤਾਂ ਮੈਂ ਉਨ੍ਹਾਂ ਦੀ ਤਲਾਸ਼ੀ ਕਰਵਾ ਲਵਾਂਗਾ । (ਵਿਘਨ) (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਜਦੋਂ ਕਿ ਆਪਣੇ ਹਲਕੇ ਦੇ ਤਿਕ ਜ਼ਿਮੇਵਾਰ ਐਮ.ਐਲ.ਏ. ਕਾਮਰੇਡ ਅਰਜਨ ਸਿੰਘ ਮਸਤਾਨਾ ਨੇ ਅੱਜ ਤੋਂ ਕੋਈ ਦੋ ਮਹੀਨੇ ਪਹਿਲਾਂ ਚੀਫ ਮਨਿਸਟਰ ਨੂੰ ਅਤੇ ਆਈ.ਜੀ. ਪੁਲਿਸ ਨੂੰ ਲਿਖ ਘੱਲਿਆ ਸੀ ਕਿ ਇਕ ਨਾਮ ਨਿਹਾਦ ਸਾਧੂਆਂ ਦਾ ਡੇਰਾ (ਗੁਰਦੁਆਰਾ) ਲਾਲ ਕੁੜਤੀ ਵਾਂਗਰ ਹੀ ਬਣ ਰਿਹਾ ਹੈ । ਉਥੇ ਉਹ ਬਦਮਾਸ਼ੀ ਕਰਦੇ ਹਨ ਅਤੇ ਸਮਗਲਿੰਗ ਕਰਦੇ ਹਨ ਅਤੇ ਉਹ ਦੂਜਾ ਆਲਮਗੜ੍ਹ ਬਣਾ ਸਕਦੇ ਹਨ । ਉਸ ਦੇ ਖਿਲਾਫ ਗੌਰਮਿੰਟ ਨੇ ਅਜੇ ਤੱਕ ਕੋਈ ਕਾਰਵਾਈ ਕਿਉਂ ਨਹੀਂ ਕੀਤੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਕਾਰਵਾਈ ਜ਼ਰੂਰ ਹੋਈ ਹੋਵੇਗੀ, ਪਰ ਮੈਨੂੰ ਇਸ ਵੇਲੇ ਯਾਦ ਨਹੀਂ ਹੈ ਕਿ ਕਦੋਂ ਉਨ੍ਹਾਂ ਨੇ ਲਿਖਿਆ ਸੀ । ਮੈਂ ਹਾਊਸ ਵਿਚ ਪਤਾ ਕਰਕੇ ਦੱਸ ਦਿਆਂਗਾ ਨਹੀਂ ਤਾਂ ਉਹ ਮੇਰੇ ਕੋਲ ਆ ਜਾਣ, ਉਨ੍ਹਾਂ ਨੂੰ ਸਾਰੀ ਗੱਲ ਦੱਸ ਦਿਆਂਗਾ ਕਿ ਕਿੰਨੀ ਕਾਰਵਾਈ ਹੋਈ ਹੈ ਅਤੇ ਕਿੰਨੀ ਨਹੀਂ ਹੋਈ । ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਬਿਲਕੁਲ ਕਿਸੇ ਦਾ ਲਿਹਾਜ਼ ਕਰਨ ਨੂੰ ਤਿਆਰ ਨਹੀਂ ਹਾਂ । ਪਰ ਧਾਰਮਿਕ ਸੈਂਟੀਮੈਂਟਸ ਜਦੋਂ ਉਭਰਦੇ ਹਨ ਤਾਂ ਉਨ੍ਹਾਂ ਦਾ ਖਿਆਲ ਰੱਖਣਾ ਪੈਂਦਾ ਹੈ । (ਵਿਘਨ) ਇਹ ਤਲਾਸ਼ੀ ਕਰਨ ਤੋਂ ਪਹਿਲਾਂ ਹੀ ਕਹਿੰਦੇ ਹਨ ਕਿ ਇਹ ਸਾਡੇ ਸੈਂਟੀਮੈਂਟਸ ਨਾਲ ਧੱਕਾ ਹੈ ਅਤੇ ਜੇ ਤਲਾਸ਼ੀ ਕਰ ਲਈਏ ਤਾਂ ਫਿਰ ਪਤਾ ਨਹੀਂ ਕੀ ਹੋ ਜਾਏ । (ਵਿਘਨ) (ਸ਼ੋਰ)

Sardar Ajaib Singh Sandhu : On a point of personal explanation Sir. *(Interruption)*

ਸ੍ਰੀ ਸਪੀਕਰ : ਸੰਧੂ ਸਾਹਿਬ, ਹਾਊਸ ਦੀ ਇਹ ਕੰਵੇਨਸ਼ਨ ਹੈ ਕਿ ਡਿਊਰਿੰਗ ਕੁਐਸ਼ਚਨ ਆਵਰ ਪੁਆਇੰਟ ਆਫ ਪਰਸਨਲ ਐਕਸਪਲੇਸ਼ਨ ਨਹੀਂ ਹੋ ਸਕਦੀ । (ਵਿਘਨ) (Sandhu Sahib, it is the convention of the House, that no point of Personal Explanation is raised during the Question Hour.)

ਸਰਦਾਰ ਹਰਚਰਨ ਸਿੰਘ : ਸਪੀਕਰ ਸਾਹਿਬ, ਮੈਂ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਹੁਣੇ ਹੀ ਸਾਬਤ ਹੋਇਆ ਹੈ ਕਿ ਇਹ ਹਥਿਆਰ

[ਸਰਦਾਰ ਹਰਚਰਨ ਸਿੰਘ]

ਪੁਰਾਣੀ ਰਿਜੀਮ (ਅਕਾਲੀ ਰਿਜੀਮ) ਦੇ ਵੇਲੇ ਅਨਡਿਜ਼ਾਇਰੇਬਲ ਆਦਮੀਆਂ ਨੂੰ ਦਿੱਤੇ ਹੋਏ ਹਨ । ਕੀ ਅਜਿਹੇ ਅਨਡਿਜ਼ਾਇਰੇਬਲ ਆਦਮੀਆਂ ਨੂੰ ਜਿਹੜੇ ਹਥਿਆਰ ਦਿੱਤੇ ਗਏ ਹਨ ਕੀ ਸਰਕਾਰ ਉਨ੍ਹਾਂ ਦੀ ਇਨਕੁਆਇਰੀ ਕਰਾਏਗੀ ?

ਮੁੱਖ ਸੰਸਦੀ ਸਕੱਤਰ : ਕੋਈ ਵੀ ਸਰਕਾਰ ਹੋਵੇ, ਇਹ ਇਕ ਕੰਟੀਨਿਊਅਸ ਪਰਾਸੈਸ ਹੈ ਕਿ ਕਿਸੇ ਵੀ ਅਨਡਿਜ਼ਾਇਰੇਬਲ ਆਦਮੀ ਕੋਲ ਹਥਿਆਰ ਹੋਵੇ, ਸਰਕਾਰ ਨੂੰ ਉਸ ਦੇ ਉਤੇ ਗੌਰ ਕਰਨਾ ਚਾਹੀਦਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਚੀਫ ਪਾਰਲੀਮੈਂਟਰੀ ਸੈਕਟਰੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਸਾਧੂਆਂ ਦੇ ਖਿਲਾਫ ਇਸ ਕਰਕੇ ਐਕਸ਼ਨ ਨਹੀਂ ਲਿਆ ਗਿਆ ਕਿਉਂਕਿ ਜਿਹੜੀ ਇਨ੍ਹਾਂ ਦੀ ਕਿਤਾਬ ਸੀ ਉਸ ਵਿਚ ਅਕਾਲੀਆਂ ਦੇ ਖਿਲਾਫ਼ ਲਿਖਿਆ ਹੋਇਆ ਸੀ ਕਿ ਅਸੀਂ ਅਕਾਲੀਆਂ ਨੂੰ ਖਤਮ ਕਰਨਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਇਨ੍ਹਾਂ ਨੂੰ ਐਵੇਂ ਸ਼ੱਕ ਪੈ ਜਾਂਦਾ ਹੈ । ਅਕਾਲੀਆਂ ਦੇ ਖਿਲਾਫ ਲਿਖੀਆਂ ਕਈ ਕਿਤਾਬਾਂ ਹਨ । ਇਸ ਲਈ ਇਹ ਜ਼ਰੂਰੀ ਨਹੀਂ ਕਿ ਜੇ ਅਕਾਲੀਆਂ ਦੇ ਖਿਲਾਫ ਲਿਖਿਆ ਹੋਇਆ ਹੋਵੇ ਤਾਂ ਅਸੀਂ ਉਸ ਨੂੰ ਮੁਆਫ ਕਰ ਦਿੰਦੇ ਹਾਂ । ਇਹ ਦੱਸ ਦੇਣ ਕਿ ਕਿਸੇ ਜਾਣ ਬੁਝ ਕੇ ਅਕਾਲੀਆਂ ਦੇ ਖਿਲਾਫ ਲਿਖਿਆ ਹੈ, ਉਸ ਦੀ ਪੜਤਾਲ ਕਰਵਾ ਲਵਾਂਗੇ । ਐਵੇਂ ਇਸ ਤਰ੍ਹਾਂ ਦਾ ਦੋਸ਼ ਠੀਕ ਨਹੀਂ ਹੈ । (ਵਿਘਨ) ਮੈਂ ਉਹ ਕਿਤਾਬ ਵੀ ਜ਼ਬਤ ਕਰ ਲਵਾਂਗਾ । (ਵਿਘਨ)

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ ਚੀਫ ਪਾਰਲੀਮੈਂਟਰੀ ਸੈਕਟਰੀ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਡੇਰਾ 1969 ਵਿਚ ਕਾਇਮ ਹੋਇਆ ਸੀ ਅਤੇ 1970 ਵਿਚ ਉਹ ਕਿਤਾਬ ਛਪੀ ਸੀ ਅਤੇ ਆਨਰੇਬਲ ਮੈਂਬਰ ਸਰਦਾਰ ਸੁਖਦੇਵ ਸਿੰਘ ਢਿਲੋਂ ਨੇ ਕਿਹਾ ਸੀ ਕਿ ਉਸ ਵੇਲੇ ਡੀ.ਸੀ. ਨੂੰ ਉਹ ਕਿਤਾਬ ਦਿੱਤੀ ਗਈ ਸੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਵੇਲੇ ਕੋਈ ਇਨਕੁਆਇਰੀ ਕੀਤੀ ਗਈ ਅਤੇ ਕੀ ਉਸ ਵੇਲੇ ਅਕਾਲੀ ਰਿਜੀਮ ਸੀ ।

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਹ ਡੇਰਾ 1969 ਤੋਂ ਪਹਿਲਾਂ ਕਾਇਮ ਹੋਇਆ । ਬਘੇਲ ਸਿੰਘ ਪਹਿਲਾਂ ਕੋਈ ਕੰਮ ਨਹੀਂ ਸੀ ਕਰਦਾ ਅਤੇ ਉਸ ਨੇ ਡੇਰਾ ਬਣਾ ਲਿਆ । ਉਸ ਦੀ ਥੋੜੀ ਬਹੁਤ ਮਾਨਤਾ ਸੀ । ਜਿਥੋਂ ਤੱਕ ਕਿਤਾਬ ਡੀ.ਸੀ. ਕੋਲ ਜਾਣ ਦਾ ਸਵਾਲ ਹੈ, ਉਨ੍ਹਾਂ ਨੇ ਬਿਲਕੁਲ ਡੀ.ਸੀ. ਨੂੰ ਕਿਤਾਬ ਨਹੀਂ ਭੇਜੀ । ਇਹ ਮੇਰੀ ਪੱਕੀ ਇਤਲਾਹ ਹੈ । (ਵਿਘਨ)

DEATH OF A WORKER AT RAJPURA WHILE IN JUDICIAL CUSTODY

***2148 1. Comrade Saghar Singh**
Comrade Satya Pal Dang | Will the Chief Minister be pleased to state :—

(a) whether any worker at Rajpura died while in judicial custody during the month of December, 1973; if so, the date when he was sent to judicial custody and the nature of the case against him:

(b) the cause of his death while in Jail ?

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੁੱਖ ਸੰਸਦੀ ਸਕੱਤਰ) : (ਏ) ਹਾਂ ਜੀ; ਸ੍ਰੀ ਰਾਮਾ ਨੰਦ ਨੂੰ ਮਿਤੀ 5 ਅਕਤੂਬਰ, 1973 ਨੂੰ ਮੁਕੱਦਮਾ ਨੰ: 268 ਮਿਤੀ 5 ਅਕਤੂਬਰ 1973 ਧਾਰਾ 309 ਭ: ਡ: ਥਾਣਾ ਰਾਜਪੁਰਾ ਵਿਚ ਗ੍ਰਿਫਤਾਰ ਕਰਕੇ ਉਸੇ ਦਿਨ (ਮਿਤੀ 5 ਅਕਤੂਬਰ, 1973) ਸੈਂਟਰਲ ਜੇਲ੍ਹ, ਪਟਿਆਲਾ ਵਿਖੇ ਦਾਖਲ ਕੀਤਾ ਗਿਆ ਸੀ। 21 ਦਸੰਬਰ, 1973 ਨੂੰ ਉਸਦੀ ਮ੍ਰਿਤੂ ਹੋਈ।

ਬੀ) ਦਿਲ ਦਾ ਦੌਰਾ ਪੈਣ ਕਾਰਣ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਕਿਹਾ ਹੈ ਕਿ ਹਾਰਟ ਅਟੈਕ ਕਰਕੇ ਮਰਿਆ ਹੈ। ਕੀ ਇਹ ਦਸਣਗੇ ਕਿ ਰਾਮਾ ਨੰਦ ਦਾ ਪੋਸਟ ਮਾਰਟਮ ਹੋਇਆ। ਜੇ ਹੋਇਆ ਤਾਂ ਕੀ ਇਹ ਇਥੇ ਰਿਪੋਰਟ ਰਖਣ ਨੂੰ ਤਿਆਰ ਹਨ। ਦੂਸਰਾ ਜਦੋਂ ਕਿ ਵਰਕਰਾਂ ਨੇ ਉਸ ਦੀ ਲਾਸ਼ ਮੰਗੀ ਤਾਂ ਉਨ੍ਹਾਂ ਦੇ ਲਾਸ਼ ਮੰਗਣ ਦੇ ਬਾਵਜੂਦ ਕਿਉਂ ਨਹੀਂ ਦਿਤੀ ਗਈ।

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੈਂ ਤਾਂ ਅਗੇ ਹੀ ਦਸ ਚੁੱਕਾ ਹਾਂ ਕਿ 5-10-1973 ਨੂੰ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਸੇ ਦਿਨ ਹੀ ਉਸ ਨੂੰ ਸੈਂਟਰਲ ਜੇਲ੍ਹ ਪਟਿਆਲਾ ਵਿਖੇ ਦਾਖਲ ਕੀਤਾ ਗਿਆ ਅਤੇ 21-12-1973 ਨੂੰ ਹਾਰਟ ਫੇਲ੍ਹ ਹੋਣ ਕਰਕੇ ਉਸ ਦੀ ਮ੍ਰਿਤੂ ਹੋ ਗਈ। ਜੁਡੀਸ਼ਲ ਮੈਜਿਸਟਰੇਟ ਨੇ ਆਨ ਦੀ ਸਪਾਟ ਇਨਕੁਆਇਰੀ ਕੀਤੀ, ਉਸ ਦਾ ਪੋਸਟ ਮਾਰਟਮ ਹੋਇਆ ਅਤੇ ਉਸ ਦੀ ਰਿਪੋਰਟ ਸਾਡੇ ਕੋਲ ਹੈ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਵਰਕਰਾਂ ਨੇ ਜਦੋਂ ਲਾਸ਼ ਮੰਗੀ ਤਾਂ ਉਨ੍ਹਾਂ ਨੂੰ ਇਹ ਲਾਸ਼ ਕਿਉਂ ਨਹੀਂ ਦਿਤੀ ਗਈ? ਪੁਲਿਸ ਨੇ ਲਾਸ਼ ਨੂੰ ਕਿਉਂ ਜਲਾਇਆ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਸਰਕਾਰ ਨੇ ਕੋਸ਼ਿਸ਼ ਕੀਤੀ ਕਿ ਉਸ ਦੇ ਵਾਰਸ ਆ ਕੇ ਲਾਸ਼ ਲੈ ਜਾਣ ਪਰ ਉਸ ਦਾ ਵਾਰਸ ਕੋਈ ਆਇਆ ਨਹੀਂ ਇਸ ਲਈ ਸਰਕਾਰ ਦੀ ਡਿਊਟੀ ਬਣਦੀ ਸੀ ਕਿ ਉਸ ਦਾ ਸੰਸਕਾਰ ਕੀਤਾ ਜਾਵੇ। ਇਸ ਲਈ ਡਿਪਟੀ ਕਮਿਸ਼ਨਰ ਨੇ ਉਸ ਦਾ ਆਖਰੀ ਸੰਸਕਾਰ ਕੀਤਾ। (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਕੀ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਦਸਣਗੇ ਕਿ ਰਾਮਾ ਨੰਦ ਜੋ ਵਰਕਰ ਮਰਿਆ ਹੈ ਉਸ ਦਾ ਸਕਾ ਮਾਮਾ ਔਰ ਉਥੋਂ ਦੇ ਹੋਰ ਸ਼ਹਿਰੀ ਡਿਪਟੀ ਕਮਿਸ਼ਨਰ ਸਾਹਿਬ ਕੋਲ ਗਏ ਅਤੇ ਕਿਹਾ ਕਿ ਲਾਸ਼ ਸਾਨੂੰ ਦੇ ਦਿਉ ਪਰ ਡਿਪਟੀ ਕਮਿਸ਼ਨਰ ਨੇ ਲਾਸ਼ ਦੇਣ ਤੋਂ ਜਵਾਬ ਦੇ ਦਿਤਾ? (ਵਿਘਨ)

ਮੁੱਖ ਸੰਸਦੀ ਸਕੱਤਰ : ਨਹੀਂ ਜੀ ਕੋਈ ਲਾਸ਼ ਲੈਣ ਵਾਸਤੇ ਨਹੀਂ ਗਿਆ। (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਇਹ ਬਿਲਕੁਲ ਗਲਤ ਕਹਿ ਰਹੇ ਹਨ। (ਵਿਘਨ) ਕੀ ਇਸ ਦੀ ਇਨਕੁਆਇਰੀ ਕਰਾਉਣ ਵਾਸਤੇ ਤਿਆਰ ਹਨ? (ਵਿਘਨ)

(ਕੋਈ ਉਤਰ ਨਹੀਂ ਆਇਆ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਦੋਂ ਕੋਈ ਲਾਵਾਰਸ ਲਾਸ਼ ਹੁੰਦੀ ਹੈ ਤਾਂ ਉਸ ਦਾ ਸੰਸਕਾਰ ਕਰਨ ਵਾਸਤੇ ਮਿਊਂਸਪਲ ਕਮੇਟੀ ਜਾਂ ਹੋਰ ਕਈ ਅਦਾਰੇ ਹੁੰਦੇ ਅਤੇ ਡਿਪਟੀ ਕਮਿਸ਼ਨਰ ਲਾਸ਼ ਦਾ ਸੰਸਕਾਰ ਆਪਣੇ ਪ੍ਰਬੰਧ ਨਾਲ ਨਹੀਂ ਕਰਦਾ। ਕੀ ਇਹ ਗੱਲ ਠੀਕ ਨਹੀਂ ਕਿਉਂਕਿ ਉਸ ਦਾ ਕਤਲ ਹੋਇਆ ਅਤੇ ਇਸ ਸਾਰੀ ਕਹਾਣੀ ਨੂੰ ਦਬਾਉਣ ਵਾਸਤੇ ਇਸ ਤਰ੍ਹਾਂ ਕੀਤਾ ਗਿਆ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਕੋਈ ਇਨਫਰਮੇਸ਼ਨ ਦਬਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਤੁਸੀਂ ਸਰਕਾਰ ਦੀ ਨੀਅਤ ਦੇਖੋ ਕਿ ਉਸ ਨੂੰ 15-10-73 ਨੂੰ ਕੋਰਟ ਵਿਚ ਪੇਸ਼ ਕੀਤਾ ਗਿਆ, ਫਿਰ ਉਹ 7-11-73 ਨੂੰ ਪੇਸ਼ ਹੋਇਆ, ਫਿਰ 9-11-73 ਨੂੰ ਪੇਸ਼ ਹੋਇਆ, ਫਿਰ 28-11-73 ਨੂੰ ਪੇਸ਼ ਹੋਇਆ, ਫਿਰ 12-12-1973 ਨੂੰ ਪੇਸ਼ ਹੋਇਆ ਅਤੇ ਫਿਰ 20-12-1973 ਨੂੰ ਉਹ ਕੋਰਟ ਵਿਚ ਪੇਸ਼ ਹੋਇਆ। 21-12-1973 ਨੂੰ ਜਦੋਂ ਉਸ ਦੀ ਹਾਲਤ ਖਰਾਬ ਹੁੰਦੀ ਹੈ ਤਾਂ ਮੌਕੇ ਤੇ ਮੈਡੀਕਲ ਅਫਸਰ ਪਹੁੰਚਿਆ ਅਤੇ 8.45 ਤੇ ਉਸ ਦਾ ਹਾਰਟ ਫੇਲ੍ਹ ਹੋਣ ਕਾਰਨ ਮੌਤ ਹੋ ਜਾਂਦੀ ਹੈ। ਉਸ ਦੇ ਬਾਅਦ ਜਦੋਂ ਉਸ ਦੇ ਵਾਰਸ ਨਹੀਂ ਆਏ ਤਾਂ ਸੰਸਕਾਰ ਕੀਤਾ ਗਿਆ। (ਵਿਘਨ)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਪਟਿਆਲੇ ਵਿਚ ਜਿੰਨੀਆਂ ਵੀ ਲਾਵਾਰਸ ਲਾਸ਼ਾਂ ਦਾ ਸੰਸਕਾਰ ਹੁੰਦਾ ਹੈ ਉਥੇ ਪਟਿਆਲੇ ਦੇ ਇਕ ਮੰਨੇ ਪ੍ਰਮੰਨੇ ਵੀਰ ਜੀ ਹਨ ਜੋ ਸਮਾਜ ਸੇਵਕ ਹਨ, ਸਾਰੀਆਂ ਲਾਸ਼ਾਂ ਦਾ ਦਾਹ ਸੰਸਕਾਰ ਉਨ੍ਹਾਂ ਦੀ ਮਾਰਫਤ ਹੁੰਦਾ ਹੈ। ਫਿਰ ਇਸ ਲਾਸ਼ ਦਾ ਦਾਹ ਸੰਸਕਾਰ ਡਿਪਟੀ ਕਮਿਸ਼ਨਰ ਦੀ ਰਾਹੀਂ ਕਿਉਂ ਹੋਇਆ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਹ ਪ੍ਰਾਈਵੇਟ ਆਦਾਰਾ ਹੈ, ਸਰਕਾਰ ਦਾ ਇਸ ਦੇ ਨਾਲ ਕੋਈ ਤੁਆਲਕ ਨਹੀਂ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਸਰਕਾਰ ਦੀ ਨੀਅਤ ਦਸੀ ਹੈ ਕਿ ਉਹ 5-10-1973 ਨੂੰ ਫੜਿਆ ਗਿਆ ਅਤੇ 21-12-1973 ਨੂੰ ਮਾਰਿਆ ਗਿਆ। ਇੰਨਾ ਚਿਰ ਸਰਕਾਰ ਸੋਚਦੀ ਰਹੀ ਕਿ ਇਸ ਨੂੰ ਕਿਸ ਤਰ੍ਹਾਂ ਮਾਰਨਾ ਹੈ। (ਵਿਘਨ) (ਹਾਸਾ) ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਉਸ ਦਾ ਮਾਮਾ ਲਾਸ਼ ਲੈਣ ਲਈ ਆਇਆ ਪਰ ਤੁਸੀਂ ਕਹਿੰਦੇ ਹੋ ਕਿ ਉਹ ਆਇਆ ਨਹੀਂ। ਇਸ ਦੇ ਇਲਾਵਾ ਮੈਂ ਦਸਣਾ ਚਾਹੁੰਦਾ ਹਾਂ ਕਿ ਜੇ ਕਿਸੇ ਦੀ ਕੋਈ ਲਾਸ਼ ਉਸ ਦਾ ਨਜ਼ਦੀਕੀ ਵੀ ਮੰਗੇ ਤਾਂ ਵੀ ਲਾਸ਼ ਦੇ ਦਿਤੀ ਜਾਂਦੀ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਮਿਲ ਦੇ ਸਾਰੇ ਵਰਕਰ ਅਤੇ ਰਾਜਪੁਰਾ ਸ਼ਹਿਰ ਦੇ ਬਹੁਤ ਸਾਰੇ ਸ਼ਹਿਰੀਆਂ ਨੇ ਰਲ ਕੇ ਇਹ ਲਾਸ਼ ਮੰਗੀ ਤਾਂ ਤੁਸੀਂ ਇਹ ਲਾਸ਼ ਕਿਉਂ ਨਹੀਂ ਦਿਤੀ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਗੱਲ ਹੈ। ਕਿਸੇ ਨੇ ਲਾਸ਼ ਨਹੀਂ ਮੰਗੀ, ਜੇ ਮੰਗਦੇ ਤਾਂ ਅਸੀਂ ਦੇ ਦਿੰਦੇ।

ਸਰਦਾਰ ਜਸਦੇਵ ਸਿੰਘ ਸੰਧੂ : ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਸ ਗਲ ਦੀ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ ਕਿ ਡਿਪਟੀ ਕਮਿਸ਼ਨਰ ਨੇ ਗਲਤ ਰਿਪੋਰਟ ਦਿਤੀ ਹੈ ? ਰਾਜਪੁਰੇ ਦੇ ਸ਼ਹਿਰੀ ਅਤੇ ਉਸ ਵਰਕਰ ਦਾ ਸੱਕਾ ਮਾਮਾ ਲਾਸ਼ ਦਾ ਸੰਸਕਾਰ ਕਰਨ ਲਈ ਡਿਪਟੀ ਕਮਿਸ਼ਨਰ ਕੋਲ ਲਾਸ਼ ਲੈਣ ਲਈ ਗਏ ਪਰ ਉਸ ਨੇ ਲਾਸ਼ ਦੇਣ ਤੋਂ ਜਵਾਬ ਦੇ ਦਿਤਾ ? (ਵਿਘਨ)

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਸ ਦੇ ਉਤੇ ਇਨਕੁਆਇਰੀ ਕਰਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੌਕੇ ਤੇ ਮੈਜਿਸਟਰੇਟ ਨੇ ਇਨਕੁਆਇਰੀ ਕੀਤੀ ਹੈ।

FINAL DISPOSAL OF SURPLUS EVACUEE AGRICULTURAL LANDS

*2115. **Comrade Satya Pal Dang** : Will the Minister for Revenue and Elections be pleased to state :—

(a) whether any firm decision has so far been taken for the final disposal of surplus evacuee agricultural lands and inferior evacuee lands in the interest of landless tillers; if so, the details thereof ;

(b) if answer to part (a) above be in the affirmative the steps being taken to retrieve the evacuee lands grabed by Officers and other influential persons ?

Sardar Umrao Singh : (a) No, Sir. The question of disposal of surplus rural evacuee agricultural lands is still under the active consideration of the Government.

Regarding inferior evacuee land, 50% of the area, purchased by the Revenue Department from the Central Government, in 1960, is alloted to members of the Scheduled Castes and the rest to other land-less persons, including the members of the Backward Classes. Indian Christians, Ex-Servicemen and Widows/Dependents of the soldiers killed in Chinese and Pakistan aggression of 1962 and 1965, respectively, and Goa operation. No change in this policy is contemplated.

(b) 72 applications had been filed in the Courts of the Collectors concerned, under the provisions of the Public Premises and Land (Eviction and Rent Recovery) Act, 1973, for the eviction of unauthorised occupants of rural evacuee agricultural land, indicated in the Harchand Singh Committee Report. So far 54 cases have been decided and the remaining 18 are pending for evidence etc. of the parties. Action to retrieve the land in decided cases is, in hand.

[(ੲ) ਨਹੀਂ ਜੀ। ਪੇਂਡੂ ਵਾਫਰ ਨਿਕਾਸੀ ਭੋਂ ਦੇ ਨਿਪਟਾਰੇ ਦਾ ਪ੍ਰਸ਼ਨ ਹੁਣ ਵੀ ਸਰਕਾਰ ਦੇ ਸਰਗਰਮ ਵਿਚਾਰ ਅਧੀਨ ਹੈ। (ਵਿਘਨ)

[ਮਾਲ ਅਤੇ ਚੋਣ ਮੰਤਰੀ]

ਜਿਥੋਂ ਤਕ ਘਟੀਆ ਨਿਕਾਸੀ ਭੋਂ ਜ ਸਾਲ 1960 ਵਿਚ ਮਾਲ ਵਿਭਾਗ ਨੇ ਕੇਂਦਰੀ ਸਰਕਾਰ ਤੋਂ ਖਰੀਦੀ ਸੀ, ਦਾ ਸਬੰਧ ਹੈ, ਇਸ ਵਿਚੋਂ 50% ਭੋਂ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਅਤੇ ਬਾਕੀ ਦੀ ਭੋਂ ਦੂਜੇ ਭੂਮੀ-ਹੀਣ ਵਿਅਕਤੀਆਂ ਨੂੰ ਜਿਨ੍ਹਾਂ ਵਿਚ ਪਛੜੀਆਂ ਜਾਤੀਆਂ, ਭਾਰਤੀ ਇਸਾਈ, ਸਾਬਕਾ ਫੌਜੀ ਅਤੇ 1962 ਅਤੇ 1965 ਦੀ ਭਾਰਤ ਚੀਨ ਅਤੇ ਭਾਰਤ-ਪਾਕਿਸਤਾਨ ਦੀਆਂ ਲੜਾਈਆਂ ਵਿਚ ਸ਼ਹੀਦ ਹੋਏ ਫੌਜੀਆਂ ਦੀਆਂ ਵਿਧਵਾਵਾਂ ਅਤੇ ਆਸ਼ਰਿਤ ਅਤੇ ਗੋਆ ਦੀ ਲੜਾਈ ਵਿਚ ਮਾਰੇ ਗਏ ਫੌਜੀ ਵੀ ਸ਼ਾਮਲ ਹਨ, ਨੂੰ ਦਿਤੀ ਜਾਂਦੀ ਹੈ । ਇਸ ਨੀਤੀ ਵਿਚ ਹੁਣ ਕਈ ਤਬਦੀਲੀ ਵਿਚਾਰ ਅਧੀਨ ਨਹੀਂ ਹੈ ।

(ਬੀ) ਪੰਜਾਬ ਪਬਲਿਕ ਪਰੇਮਸਿਜ ਐਂਡ ਲੈਂਡ (ਅਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ 1973 ਅਧੀਨ ਪੇਂਡੂ ਨਿਕਾਸੀ ਭੋਂ ਦੇ ਅਣ-ਅਧਿਕਾਰਿਤ ਕਾਬਜ਼, ਜਿਨ੍ਹਾਂ ਦਾ ਉਲੇਖ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਵਿਚ ਕੀਤਾ ਗਿਆ ਸੀ, ਦੀ ਬੇਦੱਖਲੀ ਲਈ ਸਬੰਧਤ ਕੁਲੈਕਟਰਾਂ ਦੀਆਂ ਅਦਾਲਤਾਂ ਵਿਚ 72 ਦਰਖਾਸਤਾਂ ਦਾਇਰ ਕੀਤੀਆਂ ਗਈਆਂ ਸਨ । ਹੁਣ ਤੱਕ ਇਨ੍ਹਾਂ ਵਿਚੋਂ 54 ਦਾ ਨਿਪਟਾਰਾ ਹੋ ਚੁੱਕਿਆ ਹੈ ਅਤੇ ਬਾਕੀ 18 ਕੇਸ ਸ਼ਹਾਦਤ ਆਦਿ ਲਈ ਲਮਕਾਵਸਥਾ ਵਿਚ ਪਏ ਹਨ । ਜਿਨ੍ਹਾਂ ਕੇਸਾਂ ਵਿਚ ਫੈਸਲਾ ਹੋ ਚੁੱਕਾ ਹੈ, ਉਹਨਾਂ ਵਿਚ ਜ਼ਮੀਨ ਦਾ ਕਬਜ਼ਾ ਲੈਣ ਬਾਰੇ ਕਾਰਵਾਈ ਕੀਤੀ ਜਾ ਰਹੀ ਹੈ ।

(ਮਾਲ ਅਤੇ ਚੋਣ ਮੰਤਰੀ ਨੇ *2115 ਦਾ ਜਵਾਬ ਅੰਗਰੇਜ਼ੀ ਵਿਚ ਪੜ੍ਹਿਆ)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਸਰਦਾਰ ਉਮਰਾਉ ਸਿੰਘ ਜੀ ਨੂੰ ਕਹੋ ਕਿ ਪੰਜਾਬੀ ਵਿਚ ਜਵਾਬ ਪੜ੍ਹ ਕੇ ਸੁਣਾਉਣ । (ਵਿਘਨ)

ਮਾਲ ਅਤੇ ਚੋਣ ਮੰਤਰੀ : ਮੈਂਬਰ ਸਾਹਿਬ ਨੇ ਸਵਾਲ ਅੰਗਰੇਜ਼ੀ ਵਿਚ ਦਿਤਾ ਹੈ । (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਇਸ ਅੰਗਰੇਜ਼ ਦੇ ਬਚੇ ਨੂੰ ਕਹੋ ਕਿ ਪੰਜਾਬੀ ਵਿਚ ਜਵਾਬ ਪੜ੍ਹੇ.... (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਰਾਜ ਭਾਸ਼ਾ ਦਾ ਅਪਮਾਨ ਹੈ । (ਵਿਘਨ)

(ਇਸ ਵਕਤ ਕਈ ਆਨਰੇਬਲ ਮੈਂਬਰਜ਼, ਅਪੋਜ਼ੀਸ਼ਨ ਵਲੋਂ ਬੋਲਣ ਲਈ ਖੜੇ ਸਨ)

ਮੰਤਰੀ : ਮੈਂ ਪੰਜਾਬੀ ਵਿਚ ਵੀ ਪੜ੍ਹ ਦਿੰਦਾ ਹਾਂ । (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਸਾਨੂੰ ਇਹ ਕਨਵੈਨਸ਼ਨ ਬਣਾ ਲੈਣੀ ਚਾਹੀਦੀ ਹੈ ਕਿ ਜੋ ਜਵਾਬ ਇਹ ਅੰਗਰੇਜ਼ੀ ਵਿਚ ਦਿੰਦੇ ਹਨ ਉਸ ਦਾ ਟਰਾਂਸਲੇਸ਼ਨ ਪੰਜਾਬੀ ਵਿਚ ਜ਼ਰੂਰ ਦਸ ਦਿਆ ਕਰਨ । (ਵਿਘਨ)

ਮੰਤਰੀ : ਮੈਂ ਪੰਜਾਬੀ ਵਿਚ ਟਰਾਂਸਲੇਸ਼ਨ ਵੀ ਕਰ ਦਿੰਦਾ ਹਾਂ । (ਵਿਘਨ) ਅਨਪੜ੍ਹ ਕਿਹੜੇ ਪਾਸੇ ਬੈਠੇ ਹਨ ਇਹ ਸਭ ਨੂੰ ਪਤਾ ਹੈ । (ਵਿਘਨ)

(ਇਸ ਵਕਤ ਮਾਲ ਅਤੇ ਚੋਣ ਮੰਤਰੀ ਨੇ ਉਪਰੋਕਤ ਸਵਾਲ ਦਾ ਜਵਾਬ ਪੰਜਾਬੀ ਵਿਚ ਵੀ ਪੜ੍ਹਿਆ)

10.00 A.M.

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਸਆਲਾਂ ਦਾ ਸਮਾਂ ਖਤਮ ਹੋ ਗਿਆ ਹੈ ਇਸ ਲਈ ਇਸ ਦੇ ਉਤੇ ਸਪਲੀਮੈਂਟਰੀ ਕਲ ਨੂੰ ਕਰਨ ਦੀ ਇਜਾਜ਼ਤ ਦਿਤੀ ਜਾਏ । (ਵਿਘਨ)

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly. Supplementaries on starred question No. 2115 will be allowed tomorrow.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ELECTION TO MUNICIPAL COMMITTEES

***2382. Acharya Prithvi Singh Azad** : Will the Minister for Finance be pleased to state :—

(a) the name of municipal committees in the State elections to which are due ;

(b) whether any date/ dates for holding the elections thereof has/ have been fixed ; if not, the reasons therefor ?

Shri Hans Raj Sharma : (a) Elections are due in 21 Municipal Committes as per list in the Annexure.

(b) Yes. It has been decided to hold elections to all these municipal committees on 12th May, 1974 except in cases where there are legal difficulties.

[(ੳ) ਅਨੁਲਗ ਵਿਚ ਉਲੇਖੀ ਸੂਚੀ ਅਨੁਸਾਰ 21 ਨਗਰਪਾਲਕਾਵਾਂ ਦੀਆਂ ਚੋਣਾਂ ਵਾਜਬ ਹੋ ਚੁਕੀਆਂ ਹਨ ।

(ਅ) ਹਾਂ ਜੀ । ਇਨ੍ਹਾਂ ਸਾਰੀਆਂ ਨਗਰਪਾਲਕਾਵਾਂ ਦੀਆਂ ਚੋਣਾਂ ਮਿਤੀ 12 ਮਈ, 1974 ਨੂੰ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ, ਸਵਾਏ ਉਨ੍ਹਾਂ ਨਗਰਪਾਲਕਾਵਾਂ ਦੇ, ਜਿਨ੍ਹਾਂ ਸਬੰਧੀ ਕਾਨੂੰਨੀ ਅੜਚਨਾਂ ਹਨ ।]

[Minister for Finance]

ANNEXURE

Names of 21 Municipal Committees to Which Elections Are Due

Sr. No.	Name of Municipal Commttees	Sr. No.	Name of Municipal Commttees
1.	Ludhiana	12.	Rajpura
2.	Pathankot.	13.	Bhadaur
3.	Malout	14.	Barnala
4.	Giddar baha	15.	Bhatinda
5.	Jalalabad	16.	Faridkot
6.	Moga.	17.	Jaitu
7.	Mukatsar	18.	Bareeta
8.	Kharar	19.	Phagwara
9.	Patiala.	20.	Sultanpur Lodhi
10.	Nabha	21.	Hoshiarpur
11.	Sirhind		

PROPOSAL OF MUNICIPAL COMMITTEE AMRITSAR TO REDUCE TAX RATES ON DRIVER OWNED CYCLE RICKSHAWS ETC.

*2410. 1. **Comrade Satya Pal Dang,**
2. **Comrade Dana Ram** } Will the Minister for Finance be pleased to state :—

(a) whether in the month of August, 1971, the Municipal Committee, Amritsar submitted to the Government a proposal for sanction regarding reduction of tax rates applicable to driver-owned Cycle Rickshaws, Tongas, Rehris., etc. if so the exact date on which it was received and a copy of the same be laid on the Table of the House;

(b) whether the said proposal has been sanctioned by the Government; if not, the reasons therefor ?

Shri Hans Raj Sharma : (a) No. sir.

(b) The question does not arise.

[(ੳ) ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ)]

INCREASE IN RATES OF SCHOLARSHIPS/STIPENDS PAID TO STUDENTS

*2331. **Sardar Gurdev Singh Sidhu** : Will the Minister for Education be pleased to state :—

(a) whether the Government have received any direction from the Central Government for effecting increase in the rates of scholarships of all categories being given to the students studying in Government as well as recognised Colleges/Schools in the State; if so, when, together with the action taken by the Government thereon ;

(b) the details of increased rates of stipend/scholarship of all categories proposed to be paid by the State Government as well as the Government of India under different stipends schemes ?

Shri Gurmail Singh: (a) No. However, the Government of India shall be approached to increase the rates.

(b) Question does not arise at present.

[(ੳ) ਨਹੀਂ ਜੀ । ਭਾਰਤ ਸਰਕਾਰ ਨੂੰ ਇਸ ਸਬੰਧੀ ਲਿਖਿਆ ਜਾਵੇਗਾ ।

(ਅ) ਅਜੇ ਸਵਾਲ ਹੀ ਪੈਦਾ ਨਹੀਂ ਹੁੰਦਾ ਜੀ ।]

PENALTY SCHEDULE FOR PRINCIPALS/HEADMASTERS WORKING IN GOVERNMENT AND SEMI-GOVERNMENT INSTITUTIONS.

*2332. **Sardar Gurdev Singh Sidhu** : Will the Minister for Education be pleased to state :—

(a) whether any penalty schedule for the Principals/Headmasters working in the Government and Semi-Government Institutions in the state was prepared by the Government and circulated to them for strict compliance in respect of timely and expeditious payment of scholarships/stipends to the students belonging to the Scheduled Castes and Backward Classes in the said institutions; if so, a copy thereof be laid on the Table of the House;

(b) whether any of the Headmasters/Principals of the above mentioned Institutions have ever been punished for their negligence in respect of late payment of scholarships and late submission of stipend application forms to the sanctioning authorities. if so, the number, names and addresses thereof ;

(c) the extent and the nature of punishment given to the defaulting Headmasters/Principals, if no punishment was given the reasons therefor,

(d) the number and cases of schools whose grants were withheld by the authorities in view of the negligent performance in the payment of stipends ?

Shri Gurmail Singh : (a) Yes, a copy of the penalty schedule is placed on the Table of the House.

(b) No. However, two Headmasters, namely Sarvshri Gurdial Singh Headmaster, Government High School, Behlolpur (Ludhiana) and Manjit Singh, Headmaster, Government High School Trisuka (Amritsar) now at Narot Jaimal Singh, have been placed under suspension and their conduct is under inquiry.

[Minister for Education]

(c) Question does not arise.

(d) Four,

(i) A. N. High School Amritsar.

(ii) Hindu High School, Rama Mandi (Bhatinda).

(iii) Khalsa Higher Secondary School, Batala.

(iv) Vidya Peeth High School, Gurdaspur.

[(ੲੇ) ਹਾਂ ਜੀ। ਪਨੈਲਟੀ ਸ਼ਡਿਯੂਲ ਦੀ ਕਾਪੀ ਹਾਊਸ ਦੀ ਟੈਬਲ ਤੇ ਰੱਖੀ ਜਾਂਦੀ ਹੈ।

(ਬੀ) ਨਹੀਂ ਜੀ। ਪ੍ਰੰਤੂ ਦੋ ਸਰਕਾਰੀ ਸਕੂਲਾਂ ਦੇ ਮੁੱਖ ਅਧਿਆਪਕਾਂ ਸਰਵ ਸ੍ਰੀ ਗੁਰਦਿਆਲ ਸਿੰਘ, ਮੁੱਖ ਅਧਿਆਪਕ, ਗੌਰਮਿੰਟ ਹਾਈ ਸਕੂਲ ਬਹਿਲੋਲਪੁਰ (ਲੁਧਿਆਣਾ) ਅਤੇ ਮਨਜੀਤ ਸਿੰਘ ਮੁੱਖ ਅਧਿਆਪਕ, ਗੌਰਮਿੰਟ ਹਾਈ ਸਕੂਲ, ਤਰਸੀਕਾ ਜਿਹੜੇ ਕਿ ਹੁਣ ਨਰੋਟ ਜੈਮਲ ਸਿੰਘ ਵਿਖੇ ਹਨ ਨੂੰ ਮੁਅੱਤਲ ਕਰ ਦਿਤਾ ਗਿਆ ਹੈ ਅਤੇ ਉਨ੍ਹਾਂ ਦੇ ਕੇਸਾਂ ਦੀ ਪੁਛ ਤਾਛ ਹੋ ਰਹੀ ਹੈ।

(ਸੀ) ਸਵਾਲ ਪੈਦਾ ਨਹੀਂ ਹੁੰਦਾ।

(ਡੀ) ਚਾਰ

ਵੇਰਵਾ

1. ਏ. ਐਨ. ਹਾਈ ਸਕੂਲ, ਅੰਮ੍ਰਿਤਸਰ।
2. ਹਿੰਦੂ ਹਾਈ ਸਕੂਲ, ਰਾਮਾਂ ਮੰਡੀ (ਬਠਿੰਡਾ)।
3. ਖਾਲਸਾ ਹਾਇਰ ਸੈਕੰਡਰੀ ਸਕੂਲ, ਬਟਾਲਾ।
4. ਵਿਦਿਆ ਪੀਠ ਹਾਈ ਸਕੂਲ, ਗੁਰਦਾਸਪੁਰ।]

PENALTY SCHEDULE

Serial No.	Head of Government Educational Institutions	Head of Privately managed Educational Institutions
1.	Heads of Institutions who fail to ensure the submission of stipend application within a month of the admission, the warning to be placed on the personal file of the official at fault will be administered.	Heads of Institutions who fail to ensure the submission of stipend applications within a month of admission shall be conveyed the displeasure of the Department.

2.	Heads of Secondary Schools, Colleges who fail to ensure regular payment of stipend to Harijan students on monthly basis official at fault shall be censured for showing negligence in the performance of official duty.	Heads of Institutions who are guilty of on payment of stipend to Harijan students on monthly basis may be told that Harijan freeship grant ordinarily due to them would be held in abeyance till the District Education Officers certified that the payments are being made regularly.
(a) state the total number of criminal castes conducted in the High Court on behalf of the State by the Law Officers and Private Practitioners engaged on behalf of the State, separately, during each of the years, 1971, 1972, and 1973;

(b) state the total number of the said cases disposed of year-wise;

(c) state the total number of cases out of those mentioned in part (a) above which were conducted by the L. R., A. G., A.L.R., Addl. A.G., and Sr. D.A.G., Government Advocates, Dy. A.G. and A.A.G. and other Agencies, separately, during each of the said years;

(d) state the total amount paid as fees to the private practitioners engaged on behalf of the State, years-wise, during the last 3 years;

(e) lay on the Table of the House a statement showing the total amount paid to each of the Private Practitioners separately year-wise ?

Giani Zail Singh : (a) to (e) The requisite information is laid on the Table of the House.

[(ੲ) ਤੋਂ (ਈ) ਤੱਕ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।]

(a)

	In the year		
	1971	1972	1973
Law Officers	.. 951	636	948
Private Practitioners	.. 347	1,347	988

(b)

Year	*No. of cases*
1971	.. 1,298
1972	.. 1,983
1973	.. 1,936

(c)

Law Officers	*In the year*		
	1971	1972	1973
Legal Remembrancer	..	..	..
Advocate General	1	10	2
Asstt. Legal Remembrancer	..	..	..
Addl. Advocate-General	..	..	..
Sr. Dy. Advocate-General	..	..	..

Dy. Advocate-General	156	..	218
Asstt. Advocate-General	794	626	728
Other Agencies (Private Practitioners)	347	1,347	988

(d) 1971 .. Rs. 12,156

1972 .. Rs 43,870

1973 .. Rs. 29,528

(e) Statement showing the total amount paid/payable in Cr. cases to each of the private practitioners in the year 1971.

Serial No.	Name of the counsel		Fee paid
	Sarvshri.		Rs.
1.	Sukhdev Khanna	..	1,612
2.	Miss Surjit Kaur	..	394
3.	Ajaib Singh Sandhu	..	356
4.	Gurbachan Singh Virk	..	768
5.	M. P. Maleri	..	50
6.	Piara Singh Mann	..	1,292
7.	R. S. Mongia	..	484
8.	R. C. Setia	..	128
9.	Hazura Singh Tur	..	1,232
10.	Kirpal Singh	..	618
11.	M. M. Panchhi	..	522
12.	M.S. Dhillon	..	534
13.	M. S. Rakkar	..	224
14.	Kartar Singh Kwatra	..	450
15.	N. S. Bhatia	..	822
16.	Narinder Singh	..	272
17.	Baldev Kapur	..	32
18.	D. D. Jain	..	470
19.	R. S. Palta	..	388
20.	Bachiter Singh	..	964
21.	B. S. Shant	..	128
22.	Sheela Didi	..	416
	Total	..	12,156

(Chief Minister)

Statement showing the total amount paid/payable in Cr. cases to each of the Private Practitioners in the year 1972.

Serial No.	Name of the counsel		Fee paid
	Sarvshri		Rs.
1.	Bachiter Singh	..	2,768
2.	B. S. Shant	..	608
3.	Prem Partap	..	150
4.	H. S. Tur	..	3,020
5.	H. S. Giani	..	64
6.	T. N. Bhalla	..	2,252
7.	K. S. Keer	..	608
8.	M L. Nanda	..	1,744
9.	P. S. Maan	..	1,572
10.	R. K. Aggarwal	..	32
11.	R. L. Sharma	..	1,704
12.	R. S. Mongia	..	994
13.	R. A. Saini	..	32
14.	J. S. Narang	..	64
15.	Jagdish Singh	..	448
16.	S. S. Chopra	..	1,362
17.	Narinder Singh	..	754
18.	M. P. Maleri	..	804
19.	K. R. Chaudhri	..	768
20.	M. K. Mahajan	..	1,252
21.	Brinder Singh	..	1,956
22.	S. K. Syal	..	956
23.	G. S. Virk	..	768
24.	Rattan Singh	..	2,628
25.	Sukhdev Khanna	..	2,750
26.	N. S. Bhatia	..	3,252
27.	Sheela Didi	..	374
28.	R. S. Palta	..	1,660
29.	M. M. Panchhi	..	96
30.	Kirpal Singh	..	630
31.	D. D. Jain	..	804
32.	H. S. Brar	..	128
33.	K. P. S. Sandhu	..	32

34.	K. S. Kwatra	..	302
35.	M. S. Rakkar	..	132
36.	Joginder Singh	..	64
37.	Ram Lal Sharma	..	1,370
38.	Miss Surjit Kaur	..	864
39.	H. S. Sahni	..	50
40.	I. S. Vimal	..	32
41.	U. S. Sahni	..	350
42.	Ajaib Singh Sandhu	..	64
43.	B. S. Bindra	..	32
44.	R. C. Setial	..	32
45.	R. S. Dhillion	..	274
46.	G. S Tulsi	..	3,270
	Total		43,870

Statement showing the total amount paid/payable in Cr. cases to each of the private practitioners in the year 1973.

Serial No.	Name of the counsel		Fee paid
	Sarvshri		Rs.
1.	S. K. Sayal	..	160
2.	H. S. Gyani	..	1,290
3.	R. K. Chhibber	..	114
4.	K. S. Keer	..	32
5.	Narinder Singh	..	182
6.	Munsehswor Puri	..	96
7.	S. M. Ashri	..	32
8.	B. S. Shant	..	324
9.	M. M. Mahajan	..	1,760
10.	N. S. Bhatia	..	1,904
11.	Bachiter Singh	..	4,078
12.	Rattan Singh	..	1,380
13.	T. N. Bhalla	..	3,916
14.	R. L. Sharma	..	1,118
15.	Sukhdev Khanna	..	1,184
16.	H. S. Toor	..	82
17.	M. L. Nanda	..	716
18.	Birinder Singh	..	1,024
19.	G. S. Tulsi	..	1,748
20.	K. R. Chaudhri	..	1,248

[Chief Minister]

1	2		3
21.	S.S. Chopra	..	2,016
22.	Roshan Lal Sharma	..	868
23.	M. P. Maleri	..	384
24.	Jagdish Singh	..	864
25.	D. D. Jain	..	1,184
26.	R. S. Palta	..	960
27.	P. S. Maan	..	64
28.	K. S. Kwatra	..	32
29.	Smt. Sheela Didi	..	32
30.	Kirpal Singh	..	736
	Total	..	29,523

[(ੲ) ਤੋਂ (ਈ) ਤੱਕ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ੲ)

	ਸਾਲਾਂ ਵਿਚ		
	1971	1972	1973
ਕਾਨੂੰਨੀ ਅਫਸਰ	951	636	948
ਪ੍ਰਾਈਵੇਟ ਵਕੀਲ	347	1,347	988

(ਬੀ)

ਸਾਲ	ਕੇਸਾਂ ਦੀ ਗਿਣਤੀ
1971	.. 1,298
1972	.. 1,933
1973	.. 1,936

(ਸੀ) ਕਾਨੂੰਨੀ ਅਫਸਰ

	ਸਾਲਾਂ ਵਿਚ		
	1971	1972	1973
ਕਾਨੂੰਨੀ ਮਸ਼ੀਰ	—	—	—
ਐਡਵੋਕੇਟ ਜਨਰਲ	1	10	2

ਸਹਾਇਕ ਕਾਨੂੰਨੀ ਮਸ਼ੀਰ	—	—	—
ਵਧੀਕ ਐਡਵੋਕੇਟ ਜਨਹਲ	—	—	—
ਸੀਨੀਅਰ ਉਪ ਐਡਵੋਕੇਟ ਜਨਰਲ	—	—	—
ਉਪ ਐਡਵੋਕੇਟ ਜਨਰਲ	156	—	218
ਸਹਾਇਕ ਐਡਵੋਕੇਟ ਜਨਰਲ	794	626	728
ਹੋਰ ਏਜੰਸੀਆਂ (ਪ੍ਰਾਈਵੇਟ ਪ੍ਰੈਕਟੀਸ਼ਨਰ)	347	1,347	988

(ਡੀ) 19‾1 .. 12,156 ਰੁਪਏ

1972 .. 43,870 ਰੁਪਏ

1973 .. 29,528 ਰੁਪਏ

ਕ੍ਰਿਮੀਨਲ ਕੇਸਾਂ ਵਿਚ ਪ੍ਰਾਈਵੇਟ ਵਕੀਲਾਂ ਨੂੰ ਦਿੱਤੀ/ਦੇਣ ਵਾਲੀ ਫੀਸਾਂ ਦੀ ਸੂਚੀ ਸਾਲ 1971 ।

(ਈ)

ਲੜੀ ਨੰ:	ਕੌਂਸਿਲ ਦਾ ਨਾਮ		ਦਿੱਤੀ ਹੋਈ ਫੀਸ
	ਸਰਵ ਸ਼੍ਰੀ		ਰੁਪਏ
1.	ਸੁੱਖਦੇਵ ਖੰਨਾ	..	1,612
2.	ਮਿਸ ਸੁਰਜੀਤ ਕੌਰ	..	394
3.	ਅਜਾਇਬ ਸਿੰਘ ਸੰਧੂ	..	356
4.	ਗੁਰਬਚਨ ਸਿੰਘ ਵਿਰਕ	..	768
5.	ਐਮ. ਪੀ. ਮਲੇਰੀ	..	50
6.	ਪਿਆਰਾ ਸਿੰਘ ਮਾਨ	..	1,292
7.	ਆਰ. ਐਸ. ਮੋਗਿਆ	..	484
8.	ਆਰ. ਸੀ. ਸੇਠੀਆ	..	128
9.	ਹਜੂਰਾ ਸਿੰਘ ਤੂਰ	..	1,232
10.	ਕਿਰਪਾਲ ਸਿੰਘ	..	618
11.	ਐਮ. ਐਮ. ਪੰਛੀ	..	522
12.	ਐਮ. ਐਸ. ਢਿਲੋਂ	..	534
13.	ਐਮ. ਐਮ. ਰਕੜ	..	224
14.	ਕਰਤਾਰ ਸਿੰਘ ਕਵਾਤੜਾ	..	450

ਮੁੱਖ ਮੰਤਰੀ]

ਲੜੀ ਨੰ:	ਕੌਂਸਿਲ ਦਾ ਨਾਮ		ਦਿੱਤੀ ਫੀਸ (ਰੁ:)
15.	ਐਨ. ਐਸ. ਭਾਟੀਆ	..	822
16.	ਨਰਿੰਦਰ ਸਿੰਘ	..	272
17.	ਬਲਦੇਵ ਕਪੂਰ	..	32
18.	ਡੀ. ਡੀ. ਜੈਨ	..	470
19.	ਆਰ. ਐਸ. ਪਲਟਾ	..	388
20.	ਬਚਿੱਤਰ ਸਿੰਘ	..	964
21.	ਬੀ. ਐਸ. ਸਾਂਤ	..	128
22.	ਸ਼ੀਲਾ ਦੀਦੀ	..	416
	ਕੁਲ	..	12,156

ਕ੍ਰਿਮੀਨਲ ਕੇਸਾਂ ਵਿਚ ਪ੍ਰਾਈਵੇਟ ਵਕੀਲਾਂ ਨੂੰ ਦਿੱਤੀ/ਦੇਣ ਵਾਲੀ ਫ਼ੀਸਾਂ ਦੀ ਸੂਚੀ ਸਾਲ 1972

ਲੜੀ ਨੰ:	ਕੌਂਸਿਲ ਦੇ ਨਾਮ		ਦਿੱਤੀ ਫੀਸ (ਰੁ:)
	ਸਰਵ ਸ਼੍ਰੀ		
1.	ਬਚਿੱਤਰ ਸਿੰਘ	..	2,768
2.	ਬੀ. ਐ.ਸ ਸਾਂਤ	..	608
3.	ਪ੍ਰੇਮ ਪ੍ਰਤਾਪ	..	150
4.	ਐਚ. ਐਸ. ਤੁਫ	..	3,020
5.	ਐਚ. ਐਸ. ਗਿਆਨੀ	..	64
6.	ਟੀ. ਐਮ. ਭੱਲਾ	..	2,252
7.	ਕੇ. ਐਸ. ਕੀਰ	..	608
8.	ਐਮ. ਐਲ. ਨੰਦਾ	..	1,744
9.	ਪੀ. ਐਸ. ਮਾਨ	..	1,572
10.	ਆਰ. ਕੇ. ਅਗਰਵਾਲ	..	32
11.	ਆਰ. ਐਲ. ਸ਼ਰਮਾ	..	1,704
12.	ਆਰ. ਐਸ. ਮੋਗੀ	..	994

ਸੂਚੀ 1972

ਲੜੀ ਨੰ.	ਕੌਂਸਿਲ ਦਾ ਨਾਮ		ਦਿੱਤੀ ਫੀਸ (ਰੁ:)
	ਸਰਵ ਸ੍ਰੀ		
13.	ਆਰ. ਏ. ਸੈਣੀ	..	32
14.	ਜੇ. ਐਸ. ਨਾਰੰਗ	..	64
15.	ਜਗਦੀਸ਼ ਸਿੰਘ	..	448
16.	ਐਸ. ਐਸ. ਚੋਪੜਾ	..	1,362
17.	ਨਰਿੰਦਰ ਸਿੰਘ	..	754
18.	ਐਮ. ਪੀ. ਮਲੇਰੀ	..	804
19.	ਕੇ. ਆਰ. ਚੌਧਰੀ	..	768
20.	ਐਮ. ਕੇ. ਮਹਾਜਨ	..	1,252
21.	ਬਰਿੰਦਰ ਸਿੰਘ	..	1,956
22.	ਐਸ. ਕੇ. ਸਿਹਾਲ	..	956
23.	ਜੀ. ਐਸ. ਵਿਰਕ	..	768
24.	ਰਤਨ ਸਿੰਘ	..	2,628
25.	ਸੁਖਦੇਵ ਖੰਨਾ	..	2,750
26.	ਐਨ. ਐਸ. ਭਾਟੀਆ	..	3,252
27.	ਸ਼ੀਲਾ ਦੀਦੀ	..	374
28.	ਆਰ. ਐਸ. ਪਲਟਾ	..	1,660
29.	ਐਮ. ਐ. ਪੰਛੀ	..	96
30.	ਕਿਰਪਾਲ ਸਿੰਘ	..	630
31.	ਡੀ. ਡੀ. ਜੈਨ	..	804
32.	ਐਚ. ਐਸ. ਬਗਾੜ	..	128
33.	ਕੇ. ਪੀ. ਐਸ. ਸੰਧੂ	..	32
34.	ਕੇ. ਅਸ. ਕਵਾਤੜਾ	..	302
35.	ਐਮ. ਐਸ. ਰਕੜ	..	132
36.	ਜੋਵਿੰਦਰ ਸਿੰਘ	..	64
37.	ਰਾਮ ਲਾਲ ਸ਼ਰਮਾ	..	1,370
38.	ਮਿਸ ਸੁਰਜੀਤ ਕੌਰ	..	864
39.	ਐਚ. ਐਸ. ਸਾਹਨੀ	..	50

[ਮੁੱਖ ਮੰਤਰੀ]

ਲੜੀ ਨੰ:	ਕੌਂਸਿਲ ਦੇ ਨਾਮ		ਦਿੱਤੀ ਫ਼ੀਸ (ਰੁ:)
40.	ਆਈ. ਐਸ. ਬਿਮਲ	..	32
41.	ਯੂ. ਐਸ. ਸਾਹਨੀ	..	350
42.	ਅਜਾਇਬ ਸਿੰਘ ਸੰਧੂ	..	64
43.	ਬੀ. ਐਸ. ਬਿੰਦਰਾ	..	32
44.	ਆਰ. ਸੀ. ਸੀਤਲ	..	32
45.	ਆਰ. ਐਸ. ਢਿਲੋਂ	..	274
46.	ਜੀ. ਐਸ. ਤੁਲਸੀ	..	3,270
	ਕੁਲ	..	43,870

ਕ੍ਰਿਮੀਨਲ ਕੇਸਾਂ ਵਿਚ ਪ੍ਰਾਈਵੇਟ ਵਕੀਲਾਂ ਨੂੰ ਦਿੱਤੀ/ਦੇਣ ਵਾਲੀ ਫੀਸਾਂ ਦੀ ਸੂਚੀ

ਸਾਲ 1973

ਲੜੀ ਨੰ:	ਕੌਂਸਿਲ ਦਾ ਨਾਮ		ਦਿੱਤੀ ਫ਼ੀਸ (ਰੁ:)
	ਸਰਵ ਸ੍ਰੀ		
1.	ਐਸ. ਕੇ. ਸਿਆਲ	..	160
2.	ਐਚ ਐਸ. ਗਿਆਨੀ	..	1,290
3.	ਆਰ. ਕੇ. ਛਿੱਬਰ	..	114
4.	ਕੇ. ਐਸ. ਕੀਰ	..	32
5.	ਨਰਿੰਦਰ ਸਿੰਘ	..	182
6.	ਮੁਨੇਸ਼ਰ ਪੁਰੀ	..	96
7.	ਐਸ. ਐਮ. ਅਸ਼ਰੀ	..	32
8.	ਬੀ. ਐਸ. ਸਾਂਤ	..	324
9.	ਐਮ. ਐਮ. ਮਹਾਜਨ	..	1,760
10.	ਐਨ. ਐਸ. ਭਾਟੀਆ	..	1,904
11.	ਬਚਿੱਤਰ ਸਿੰਘ	..	4,078
12.	ਰਤਨ ਸਿੰਘ	..	1,380

ਲੜੀ ਨੰ.	ਕੌਂਸਿਲ ਦਾ ਨਾਮ		ਦਿੱਤੀ ਫ਼ੀਸ (ਰੁ:)
13.	ਟੀ. ਐਨ. ਭੱਲਾ	..	3,916
14.	ਆਰ. ਐਲ. ਭੱਲਾ	..	1,118
15,	ਸੁਖਦੇਵ ਖੰਨਾ	..	1,184
16.	ਐਚ, ਐਸ. ਤੂਰ	..	82
17.	ਐਮ. ਐਲ. ਨੰਦਾ	..	716
18.	ਬਰਿੰਦਰ ਸਿੰਘ	..	1,024
19.	ਜੀ. ਐਮ. ਤੁਲਸੀ	..	1,748
20.	ਕੇ. ਆਰ. ਚੌਧਰੀ	..	1,248
21.	ਐਮ. ਐਸ. ਚੋਪੜਾ	..	2,016
22.	ਰੋਸ਼ਨ ਲਾਲ ਸ਼ਰਮਾ	..	868
23.	ਐਮ.ਬੀ. ਮਲੇਰੀ	..	384
24.	ਜਗਦੀਸ਼ ਸਿੰਘ	..	864
25.	ਡੀ. ਡੀ. ਜੈਨ	..	1,184
26.	ਆਰ. ਐਮ. ਪਲਟਾ	..	960
27.	ਬੀ. ਐਮ. ਮਾਨ	..	64
28.	ਕੇ. ਐਸ. ਕਵਾਤੜਾ	..	32
29.	ਸ੍ਰੀਮਤੀ ਸ਼ੀਲਾ ਦੀਦੀ	..	32
30.	ਕਿਰਪਾਲ ਸਿੰਘ	..	736
	ਕੁਲ	..	29,528]

CASES REGISTERED UNDER UNTOUCHABILITY (OFFENCES) ACT, 1955

*2481. **Sardar Gurdev Singh Sidhu** : Will the Chief Minister be please to state :

(a) the number of cases registered with the Police under the Untouchability offences Act, 1955 district-wise in the State from 1966 to December, 1973,

(b) the number of the said cases which were filed in the Courts district-wise for adjudication along with the number of those in which the accused were punished as well as the number of those which fell through.,

(c) the nature of punishment awarded by the Courts in each of the cases mentioned in part (b) above, district-wise ?

ਗਿਆਨੀ ਜ਼ੈਲ ਸਿੰਘ : ਇਕ ਵਿਵਰਣ, ਜਿਸ ਵਿਚ ਲੋੜੀਂਦੀ ਸੂਚਨਾ ਦਿੱਤੀ ਹੋਈ ਹੈ, ਸਦਨ ਦੀ ਮੇਜ਼ ਤੇ ਰੱਖਿਆ ਗਿਆ ਹੈ ।

* ਸਵਾਲ ਨੰ: 2481 ਬਾਰੇ ਸਟੇਟਮੈਂਟ ਬਾਬਤ ਲੋੜੀਂਦੀ ਸੂਚਨਾ

	ਜਿਲ੍ਹਾ	ਏ	ਬੀ			ਸੀ	ਵਿਆਖਿਆ
		ਸੰਨ 1966 ਤੋਂ ਦਸੰਬਰ 1973 ਤਾਈਂ ਛੂਤ ਛਾਤ ਹੇਠ ਦਰਜ ਹੋਏ ਕੇਸ	1 ਅਦਾਲਤ ਵਿਚ ਦਿੱਤੇ ਕੇਸ	3 ਸਜ਼ਾਯਾਬ ਹੋਏ ਮੁਕੱਦਮੇ	3 ਗੈਰ-ਸਜ਼ਾਯਾਬ ਹੋਏ ਮੁਕੱਦਮੇ	ਹਰ ਕੇਸ ਵਿਚ ਸਜ਼ਾ ਦਾ ਵੇਰਵਾ	
1.	ਲੁਧਿਆਣਾ	2	1	—	—	—	1. ਅਦਾਲਤ ਵਿਚ ਗਏ ਮੁਕੱਦਮੇ ਵਿਚ ਰਾਜ਼ੀਨਾਮਾ ਕਰ ਲਿਆ ਗਿਆ। 2 ਦੂਜਾ ਮੁਕੱਦਮਾ ਜ਼ੇਰ ਤਫ਼ਤੀਸ਼ ਹੈ ।
2.	ਹੁਸ਼ਿਆਰਪੁਰ	3	2	—	—	ਛੇ ਮਹੀਨੇ ਦੀ ਕੈਦ ਅਤੇ 500 ਰੁ: ਫ਼ੀ ਦੋਸ਼ੀ ਜੁਰਮਾਨਾ	ਇਕ ਕੇਸ ਜ਼ੇਰ ਤਫ਼ਤੀਸ਼ ਹੈ ।
3.	ਜਲੰਧਰ	4	4	—	4	—	
4.	ਸੰਗਰੂਰ	4	1	—	1	—	ਦੋ ਕੇਸ ਜ਼ੇਰ ਤਫ਼ਤੀਸ਼ ਹਨ ਇਕ ਕੇਸ ਵਿਚ ਅਦਮ ਪਤਾ ਰਿਪੋਰਟ ਘਲੀ ਗਈ ਕਿਉਂ ਜੋ ਮੁਦਈ ਹਰੀਜਨ ਨਹੀਂ ਸੀ ।
5.	ਬਠਿੰਡਾ	1	—	—	—	—	ਜ਼ੇਰ ਤਫ਼ਤੀਸ਼ ਹੈ ।
6.	ਗੁਰਦਾਸਪੁਰ	1	1	—	1	—	——
7.	ਪਟਿਆਲਾ	6	4	1	3	ਜ਼ਮਾਨਤ ਤੇ ਪ੍ਰੋਵੇਸ਼ਨ ਐਕਟ ਹੇਠ ਰਿਹਾ ਕੀਤਾ	ਇਕ ਕੇਸ ਅਦਮ ਪਤਾ ਭੇਜਿਆ ਗਿਆ ਅਤੇ ਇਕ ਕੇਸ ਮਨਸੂਖ ਕੀਤਾ ਗਿਆ ਕਿਉਂ ਜੋ ਪਹਿਲੇ ਕੇਸ ਵਿਚ ਰਿਪੋਰਟ ਝੂਠੀ ਪਾਈ ਗਈ ਅਤੇ ਦੂਜੇ ਵਿਚ ਮੁਦਈ ਬੈਠ ਗਿਆ ।
8.	ਫਿਰੋਜ਼ਪੁਰ	3	1	—	—	—	ਇਕ ਕੇਸ ਜ਼ੇਰ ਤਫ਼ਤੀਸ਼ ਅਤੇ ਇਕ ਕੇਸ ਅਦਮ ਪਤਾ ਘਲਿਆ ਗਿਆ ਕਿਉਂ ਜੋ ਮੁਦਈ ਮਰ ਚੁਕਾ ਸੀ ਅਤੇ ਸ਼ਹਾਦਤ ਕਮਜ਼ੋਰ ਸੀ।
9.	ਫਰੀਦਕੋਟ	—	—	—	—	—	——

	ਜ਼ਿਲ੍ਹਾ	ਏ		ਬੀ		ਸੀ	ਵਿਆਖਿਆ
10.	ਕਪੂਰਥਲਾ	—	—	—	—	—	—
11.	ਰੋਪੜ	2	—	—	—	—	ਅਦਮ ਪਤਾ ਘਲੇ ਗਏ । 1. ਇਕ ਕੇਸ ਵਿਚ ਦੋਸ਼ੀ ਨੇ ਅਪਨੇ ਜਾਤੀ ਨਲਕੇ ਤੋਂ ਹਰੀਜਨਾਂ ਨੂੰ ਪਾਣੀ ਭਰਨ ਤੋਂ ਵਰਜਿਆ ਸੀ ਤੇ ਕੋਈ ਦੋਸ਼ ਨਹੀਂ ਬਣਦਾ । 2. ਇਹ ਕੇਸ ਉਸ ਦੇ ਮਾਤਹਿਤਾਂ ਨੇ ਅਸਿਸਟੈਂਟ ਕੇਨ ਡਿਵੈਲਪਮੈਂਟ ਅਫ਼ਸਰ ਬਠਿੰਡਾ ਦੇ ਖਿਲਾਫ਼ ਚੂਹੜਾ ਚਮਾਰ ਕਹਿਣ ਦਾ ਦੋਸ਼ ਲਾਉਣ ਤੇ ਦਰਜ਼ ਕੀਤਾ ਸੀ ਜੋ ਬਾਅਦ ਵਿਚ ਝੂਠਾ ਪਾਇਆ ਗਿਆ ਕਿਉਂਜੋ ਉਨ੍ਹਾਂ ਨੂੰ ਉਸ ਦੇ ਖਿਲਾਫ ਉਨ੍ਹਾਂ ਨੂੰ ਮਹਿਕਮਾਨਾ ਸਜ਼ਾ ਆਦਿ ਦਵਾਉਣ ਦਾ ਰੰਜ ਸੀ ।
12.	ਅੰਮ੍ਰਿਤਸਰ	8	3	1	2	ਤਾੜਨਾ ਅ/ਧ 3 ਪ੍ਰੋਵੇਸ਼ਨ ਅਡ ਡਰਜ ਐਕਟ	ਚਾਰ ਮੁਕੱਦਮੇ ਮਨਸੂਖ ਕੀਤੇ ਗਏ ਕਿਉਂ ਜੋ ਤਫ਼ਤੀਸ਼ ਤੋਂ ਪਾਇਆ ਗਿਆ ਕਿ ਕੋਈ ਜੁਰਮ ਨਹੀਂ ਬਣਦਾ ਸੀ । ਇਕ ਕੇਸ ਅਦਮ ਪਤਾ ਘਲਿਆ ਗਿਆ ਕਿਉਂਜੋ ਤਫ਼ਤੀਸ਼ ਤੋਂ ਪਾਇਆ ਗਿਆ ਕਿ ਰਿਪੋਰਟ ਕਰਤਾ ਨੇ ਗਲਤ ਬਿਆਨੀ ਕੀਤੀ ਸੀ ਅਤੇ ਕੋਈ ਜੁਰਮ ਨਹੀਂ ਸੀ ਬਣਦਾ ।
	ਜੋੜ	34	17	3	14		

RAW MATERIAL AVAILABLE IN THE STATE FOR MANUFACTURING PAPER AND CARD BOARD

*2437. **Comrade Darshan Singh Canadian** : Will the Chief Minister be pleased to state—

(a) whether there is any raw material available in the State from which paper or card-board could be manufactured, if so, the name of the material and the source thereof, district-wise.,

(b) whether the raw material referred to in part (a) above is at present exported to other States, if so, the quantity of the said material categories-wise, stating per quintal selling price thereof and the destination to which the said material is sent.

(c) the quantity of each category of the said raw material being exported at present from each district.,

(d) whether the State Government has under consideration any scheme to set up a paper or card board factory in the State, if so, the place where it is proposed to be set-up and by what time ?

Giani Zail Singh : (a) Yes.

Name of the raw-material	*District*
Bamboo	Hoshiarpur
Bhabbar	Hoshiarpur and Ropar
Sarkanda	Hoshiarpur, Ropar, Kapurthala, Gurdaspur, and Ferozepur.
Euclyptus.	Government-owned forests throu hout the State.

(b) Yes.

	Material	Approx. Qty exported in M. tonne/Year	Approx. price per. M. tonne (Rs.)	Destination
(i)	Bamboo	600	10.00	Haryana & U .P.
(ii)	Bhabbar	6,000	(as 0.67 royalty)	ditto
(iii)	Sarkanda	20,000	5.00	ditto

(c)

Material	District	Quantity in M. Tonnes exported annualy
(i) Bamboo	Hoshiarpur	600
(ii) Bhabbar Grass	Hoshiarpur	3,500
	Ropar	2,500
(iii) Sarkanda	Hoshiarpur	18,000
	Ropar	2,000

(d) Yes. At Hoshiarpur for the manufacture of craft pape< in the Fif.h Five Year Plan.

[(ੳ) ਹਾਂ ਜੀ ।

ਕੱਚੇ ਮਾਲ ਦਾ ਨਾਂਮ	ਜ਼ਿਲ੍ਹਾ
(1) ਬਾਂਸ	ਹੁਸ਼ਿਆਰਪੁਰ
(2) ਬੱਬੜ	ਹੁਸ਼ਿਆਰਪੁਰ ਅਤੇ ਰੋਪੜ
(3) ਸਰਕੰਢਾ	ਹੁਸ਼ਿਆਰਪੁਰ, ਰੋਪੜ, ਕਪੂਰਥਲਾ, ਗੁਰਦਾਸਪੁਰ ਅਤੇ ਫਿਰੋਜ਼ਪੁਰ ।
(4) ਸਫ਼ੈਦਾ	ਸਾਰੇ ਰਾਜ ਦੇ ਸਰਕਾਰੀ ਜੰਗਲਾਂ ਵਿੱਚ ।

(ਅ) ਹਾਂ ਜੀ ।

ਮੈਟੀਰੀਅਲ	ਬਾਹਰ ਭੇਜਿਆ ਗਿਆ ਮਾਲ (ਲੱਗ ਭੱਗ) ਮੀਟਰਕ-ਟਨ/ਪ੍ਰਤੀ ਸਾਲ	ਲੱਗ-ਭੱਗ ਕੀਮਤ ਪ੍ਰਤੀ ਮੀਟਰਕ-ਟੱਨ (ਰੁਪਏ)	ਸਥਾਨ ।
(1) ਬਾਂਸ	600	10.00	ਹਰਿਆਣਾ ਅਤੇ ਯੂ.ਪੀ,
(2) ਬੱਬੜ	6,000	0.67 (ਬਤੌਰ ਰੋਆਇਲਟੀ)	,, ,,
(3) ਸਰਕੰਢਾ	20,000	5.00	,, ,,

[Chief Minister]

(ੲ)

ਮੈਟੀਰੀਅਲ	ਜ਼ਿਲ੍ਹਾ	ਸਾਲਾਨਾ ਬਾਹਰ ਭੇਜੇ ਗਏ ਮਾਲ ਦੀ ਮਿਕਦਾਰ ।
(1) ਬਾਂਸ	ਹੁਸ਼ਿਆਰਪੁਰ	600
(2) ਬੱਬੜ	ਹੁਸ਼ਿਆਰਪੁਰ	3,500
	ਰੋਪੜ	2,500
(3) ਸਰਕੰਡਾ	ਹੁਸ਼ਿਆਰਪੁਰ	18,000
	ਰੋਪੜ	2,000

(ਸ) ਹਾਂ ਜੀ । ਪੰਜਵੀਂ ਪੰਜ ਸਾਲਾ ਯੋਜਨਾ ਵਿਚ ਹੁਸ਼ਿਆਰਪੁਰ ਵਿਖੇ ਕਰਾਫਟ ਪੇਪਰ ਦਾ ਕਾਰਖਾਨਾ ਲਗਾਉਣ ਦੀ ਤਜਵੀਜ਼ ਹੈ ।]

QUESTIONS OF PRIVILEGE

Mr. Speaker : Comrades Shamsher Singh Josh and Raj Kumar M.L.A.s have given notice of a privilege motion wherein they have alleged that on 5th March, 1974 the Minister for Finance and the Minister for Parliamentary Affairs did not allow the Members of the House to speak, to move amendments and to oppose legislative measures brought forward by them. They have further alleged that the Ministers got these bills passed in contravention of Rule 139 of our Rules of Procedure and that these were got passed in 12 minutes time. The Members have also stated in their privilege motion that the guillotine was to be applied at 12.30 p.m. but all these bills were declared to have been passed at 11.27 a.m.

As the Members are aware, I was presiding over the sitting when the business in question was transacted by the House. It is totally incorrect that the Minister for Finance or the Minister for Revenue did not allow the Members to speak. On the contrary, some Members of the Akali party squatted on the floor of the House and shouted slogans creating a lot of noise and making it impossible for those Members desirous of participating in the debate to speak. Further, it is for the Speaker and not for the Ministers to allow any Member to speak.

So far as the allegation that the Members were not allowed to move amendments is concerned, I may point out for the information of the Hon. Members that no notice of amendment to the Punjab Appropriation Bill, 1974, the Punjab Land Revenue (Amendment) Bill, 1974 or the official resolution under Article 368(2) was received. Therefore, there was no question of moving any amendment.

The Hon. Members are aware of the fact that when guillotine is applied, all the questions are put forthwith to the vote of the House from the Chair. Then the Ministers do not move the motion for the consideration or passage of any measure. Yesterday, the Minister for Finance did move the motion for the passage of the Punjab Appropriation Bill, 1974 and again the Minister for Revenue moved motions for the consideration and passage of the Punjab Land Revenue (Amendment) Bill, 1974 and thereafter the Resolution for the ratification of the Constitution (Thirty-Second Amendment) Bill. Since the business on the Order Paper was completed earlier than the time fixed for applying guillotine, the House had to adjourn, and the question of applying guillotine did not arise.

I, therefore, do not give my consent to the question of privilege being raised.

Then there is another notice of a privilege motion given by Chaudhri Darshan Singh, M.L.A., wherein he has stated that on 5th March, 1974 when the Minister for Revenue moved that the Punjab Land Revenue (Amendment) Bill, 1974, be taken into consideration, the Hon. Member got up to express his views and make some suggestions on the Bill but certain Members of the Akali Party (whose names have been mentioned in motion) who were sitting on the floor of the House and making noise at the top of their voices obstructed him in the performance of his duties as a Member of the House.

I regret very much to observe that it is correct that some Members of the Akali Party squatted on the floor of the House raised slogans and created a lot of noise and thereby tried to obstruct the proceedings of the House, but this kind of behaviour is unbecoming of the members of this august House. I would refer the Members to page 268 of Kaul and Shakdhar wherein it is stated that :-

> In order to maintain the highest traditions of Parliamentry life, Members of Parliament are expected to observe a certain standard of conduct, both inside the House as well as outside it. Their behaviour should be such as to enhance the dignity of Parliament and its Members in general. The conduct of Members should not be contrary to the usage or derogatory to the dignity of the House or in any way inconsistant with the standards Parliament is entitled to expect of its Members."

This fully applies to the Members of the Vidhan Sabhas.

I am very sorry to say that what has been happening in this House for the last so many days by way of Members shouting slogans and sitting 'Dharnas' on the floor of the House, has not enhanced the prestige and dignity of this august House, and in fact, I feel quite ashamed to witness all this.

[Mr. Speaker]

As regards the happening of 5th March, 1974 the six Members of this House, namely Sarvshri Gurdev Singh, Dhanna Singh Gulshan, Basant Singh Khalsa, Kundan Singh Patang, Gurdev Singh Badal and Karnail Singh Marhari, while sitting 'Dharna' on the floor of the House, and shouting slogans have not only obstructed the proceedings of the House, but also lowered the dignity and decorum thereof.

It is in accordance with Parliamentary practice and tradition that any Member persistently and wilfully obstructing the business without just and reasonable cause is guilty of a contempt of the House and is liable to punishment whether by censure, suspension from the service of the House or commitment, according to the judgement of the House.

To me, there appears no doubt that the Members have, by obstructing the normal business of the House, Committed its contempt. But the question whether a matter complained of is actually a breach of privilege or contempt of the House, is entirely for the House to decide as the House alone is the master of its privileges.

I, therefore, leave it to the House to take such action as it may deem proper.

Comrade Shamsher Singh Josh : On a point of order, Sir. Provisions relating to the passage of the Bills have been ignored and violated.

ਸਪੀਕਰ ਸਾਹਿਬ, ਕਲ ਵਿਧਾਨ ਸਭਾ ਵਿਚ 12 ਮਿੰਟਾਂ ਵਿਚ ਤਿੰਨ ਬਿੱਲ ਪਾਸ ਕਰਕੇ ਇਕ ਇਤਿਹਾਸ ਪੈਦਾ ਕੀਤਾ ਗਿਆ ਹੈ। ਐਪਰੋਪਰੀਏਸ਼ਨ ਬਿੱਲ, ਕਾਂਸਟੀਚੂਸ਼ਨਲ ਅਮੈਂਡਮੈਂਟ ਅਤੇ ਲੈਂਡ ਰੇਵਨਿਊ ਬਿੱਲ ਸਿਰਫ਼ 12 ਮਿੰਟਾਂ ਵਿਚ ਪਾਸ ਕਰ ਦਿੱਤੇ ਗਏ। ਇਹ ਇਕ ਬੜਾ ਭਾਰੀ ਇਤਿਹਾਸ ਪੈਦਾ ਕੀਤਾ ਗਿਆ ਹੈ। ਇਹ ਕਹਿਣਾ ਤੁਹਾਡਾ ਗਲਤ ਹੈ ਕਿ ਕੋਈ ਅਮੈਂਡਮੈਂਟ ਨਹੀਂ ਸੀ ਆਈ ਅਤੇ ਕੋਈ ਬੋਲਣਾ ਨਹੀਂ ਚਾਹੁੰਦਾ ਸੀ। ਇਕ ਅਮੈਂਡਮੈਂਟ ਕਾਮਰੇਡ ਰਾਜ ਕੁਮਾਰ ਨੇ ਭੇਜੀ ਸੀ ਅਤੇ ਤੁਹਾਡੇ ਤੱਕ ਪਹੁੰਚ ਗਈ ਸੀ। we were speaking at the top of our voices—ਕਿ ਅਸੀਂ ਬੋਲਣਾ ਚਾਹੁੰਦੇ ਹਾਂ। ਤੁਸੀਂ ਕਿਹਾ ਕਿ ਇਸ ਰੌਲੇ ਵਿਚ ਤੁਸੀਂ ਕੀ ਬੋਲੋਗੇ। ਚੰਗਾ ਹੁੰਦਾ ਜੇ ਉਸ ਵੇਲੇ ਤੁਸੀਂ ਹਾਊਸ ਨੂੰ ਅੱਧੇ ਘੰਟੇ ਲਈ ਐਡਜਰਨ ਕਰ ਦਿੰਦੇ ਅਤੇ ਤੁਸੀਂ ਉਸ ਦੇ ਬਾਅਦ ਲੀਡਰਜ਼ ਨਾਲ ਡਿਸਕੱਸ ਕਰਕੇ ਜੇ ਕੋਈ ਮੈਂਬਰ ਡਿਸਆਰਡਰਲੀ ਸੀਨ ਕਰੀਏਟ ਕਰਦਾ ਹੈ. ਉਸਦੇ ਖਿਲਾਫ਼ ਐਕਸ਼ਨ ਲੈਂਦੇ। ਤੁਸੀਂ ਇਹ ਨਾਰਮਲ ਕੋਰਸ ਅਖ਼ਤਿਆਰ ਕਰਨ ਦੀ ਬਜਾਏ ਗੌਰਮਿੰਟ ਨੂੰ ਮੌਕਾ ਦਿੱਤਾ ਅਤੇ 12 ਮਿੰਟਾਂ ਵਿਚ ਤਿੰਨ ਬਿੱਲ ਤੁਸੀਂ ਪਾਸ ਕਰਵਾ ਦਿੱਤੇ। ਇਹੋ ਜਿਹਾ ਵਾਕਿਆ ਅੱਜ ਤੱਕ ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ ਨਹੀਂ ਹੋਇਆ।

ਸ੍ਰੀ ਸਪੀਕਰ : ਕਈ ਵਾਰ ਹੋ ਚੁੱਕਾ ਹੈ। (It has happened so many times.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਪ੍ਰਿਵਿਲਿਜ਼ ਮੋਸ਼ਨ ਫ਼ਾਈਨਾਂਸ ਮਨਿਸਟਰ ਦੇ ਖਿਲਾਫ਼ ਲੇ ਕਰਦੀ ਹੈ ਜਿਨ੍ਹਾਂ ਨੇ ਕਿ ਮੈਂਬਰਜ਼ ਦੀ ਵਾਇਸ ਨੂੰ ਇਗਨੋਰ ਕਰ ਦਿੱਤਾ ਅਤੇ ਰੂਲਜ਼ ਨੂੰ ਇਨਫ਼ਰਿੰਜ ਕਰਕੇ ਇਸ ਨੂੰ ਪਾਸ ਕਰਾਉਣ ਦੀ ਕੋਸ਼ਿਸ਼ ਕੀਤੀ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਕਲ ਦੇ ਸਾਰੇ ਵਾਕਿਆਤ ਦਾ ਵਰਣਨ ਕਰਦੇ ਹੋਏ ਬੜੀ ਐਗਰੈਸਿਵ ਲੈਂਗੁਏਜ ਯੂਜ਼ ਕੀਤੀ ਹੈ । ਮੈਂ ਕੋਈ ਐਗਰੈਸਿਵ ਲੈਂਗੁਏਜ ਯੂਜ਼ ਨਹੀਂ ਕਰਨਾ ਚਾਹੁੰਦਾ । ਮੈਂ ਸਿਰਫ਼ ਇਹ ਅਰਜ਼ ਕਰਦਾ ਹਾਂ ਕਿ ਜੇ ਮੈਂ ਕਲ ਦੀ ਸਾਰੀ ਗੱਲ ਦੀ ਜਿਮੇਂਵਾਰੀ ਤੁਹਾਡੇ ਤੇ ਸੁਟਾਂ ਤਾਂ ਮੈਂ ਕੋਈ ਗਲਤ ਗੱਲ ਨਹੀਂ ਕਰਾਂਗਾ । ਹਾਊਸ ਵਿਚ ਗਰਮਾ ਗਰਮੀ ਆਮ ਤੌਰ ਤੇ ਹੋ ਜਾਂਦੀ ਹੈ । ਲੇਕਿਨ ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਜੋਸ਼ ਸਾਹਿਬ ਨੇ ਵੀ ਕਿਹਾ ਹੈ ਤੁਸੀਂ ਮੌਕੇ ਤੇ ਐਕਸ਼ਨ ਲੈ ਲੈਂਦੇ ਤਾਂ ਠੀਕ ਸੀ । ਜਿਸ ਗੱਲ ਖਾਤਰ ਕਲ ਡੇਢ ਘੰਟਾ ਹਾਊਸ ਦਾ ਲਗਿਆ ਸੀ, ਉਸ ਲਈ ਤੁਸੀਂ ਹਾਊਸ ਨੂੰ 15 ਮਿੰਟਾਂ ਲਈ ਐਡਜਰਨ ਕਰਕੇ ਦੋਹਾਂ ਪਾਸਿਆਂ ਦੇ ਲੀਡਰਜ਼ ਨੂੰ ਬੁਲਾ ਕੇ ਗੱਲ ਕਰ ਲੈਂਦੇ ਤਾਂ ਇਹ ਗੱਲ ਕਲ ਹੀ ਮੁੱਕ ਜਾਣੀ ਸੀ ।

ਸ਼੍ਰੀ ਸਪੀਕਰ : ਹਾਊਸ ਵੱਲੋਂ ਕੋਈ ਮੋਸ਼ਨ ਨਹੀਂ ਆਈ । ਕਿਸੇ ਨੇ ਸੁਜੈਸਟ ਨਹੀਂ ਕੀਤਾ । ਹਾਊਸ ਕੰਮ ਚਲਾਉਣਾ ਚਾਹੁੰਦਾ ਸੀ No aspersion on the Chair. (No motion came before the House. No body suggested it. The House wanted to proceed with its business. No asspersion on the Chair.)

ਸਰਦਾਰ ਪਰਕਾਸ਼ ਸਿੰਘ ਬਾਦਲ : ਜੇ ਸਰਕਾਰ ਹਾਊਸ ਚਲਾਉਣਾ ਚਾਹੁੰਦੀ ਸੀ ਤਾਂ ਇਹ ਤੁਸੀਂ ਦੇਖਣਾ ਸੀ ਕਿ ਤਿੰਨ ਕਰੋੜ ਰੁਪਏ ਦਾ ਐਪਰੋਪਰੀਏਸ਼ਨ ਬਿੱਲ ਅਤੇ ਹੋਰ ਦੋ ਤਿੰਨ ਵੱਡੇ ਮਸਲੇ ਤੁਸੀਂ 10 ਮਿੰਟਾਂ ਵਿਚ ਹੀ ਰਸ਼ ਥਰੂ ਕਰ ਦਿੱਤੇ, ਇਹ ਤੁਹਾਡੀ ਜ਼ਿਮੇਂਵਾਰੀ ਸੀ । ਜੇ ਤੁਸੀਂ ਇਹ ਮਹਿਸੂਸ ਕਰਦੇ ਸੀ ਕਿ ਇਹ ਰਸ਼ ਥਰੂ ਕਰਨਾ ਗਲਤ ਗੱਲ ਹੈ ਤਾਂ ਤੁਹਾਨੂੰ ਹਾਊਸ ਨੂੰ ਐਡਜਰਨ ਕਰਨਾ ਚਾਹੀਦਾ ਸੀ । ਜੋ ਕੁਝ ਕਲ ਹੋਇਆ ਇਸਦੀ ਸਾਰੀ ਜ਼ਿਮੇਂਵਾਰੀ ਤੁਹਾਡੇ ਤੇ ਹੈ। ਤੁਸੀਂ ਜੇ ਚਾਹੁੰਦੇ ਤਾਂ ਇਸ ਨੂੰ ਚੰਗੀ ਤਰਾਂ ਟੈਕਲ ਕਰ ਸਕਦੇ ਸੀ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ . . . . (ਵਿਘਨ)

Chaudhri Darshan Singh : Those who have given notice of the privilege motion should be heard first.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜੋ ਕੁਝ ਕਲ ਇਥੇ ਹੋਇਆ, ਉਹ ਠੀਕ ਢੰਗ ਨਾਲ ਟੈਕਲ ਕੀਤਾ ਜਾ ਸਕਦਾ ਸੀ । ਜੋ ਕੁਝ ਜੋਸ਼ ਸਾਹਿਬ ਅਤੇ ਬਾਦਲ ਸਾਹਿਬ ਨੇ ਇਸ ਸਬੰਧ ਵਿਚ ਕਿਹਾ ਹੈ ਮੈਂ ਉਸ ਨਾਲ ਸਹਿਮਤ ਹਾਂ । ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਸਾਹਮਣੇ ਮਸਲਾ ਰੱਖਿਆ ਹੈ ਕਿ ਇਸ ਨੂੰ ਹਾਊਸ ਡਿਸਾਈਡ ਕਰੇ । ਸਗਰਾਊਂ ਦੇ ਕੇਸ ਵਿਚ ਜਿਊਡੀਸ਼ਲ ਇਨਕੁਆਇਰੀ ਕਰਾਉਣ ਲਈ ਹੀ ਸਾਰਾ ਝਗੜਾ

[ਕਾਮਰੇਡ ਸੱਤ ਪਾਲ ਡਾਂਗ]

ਚਲਿਆ ਸੀ । ਉਸਦੇ ਉਤੇ ਸਾਡੀ ਸਾਰਿਆਂ ਦੀ ਰਾਏ ਦਾ ਤੁਹਾਨੂੰ ਪਤਾ ਹੈ । ਉਹ ਚੀਜ਼ ਮੁਕ ਚੁਕੀ ਹੈ । ਉਸ ਸਿਲਸਿਲੇ ਵਿਚ ਇਹ ਗੱਲ ਕਰਨੀ ਚਾਹੀਦੀ ਸੀ ਅਤੇ ਇਹ ਮਸਲਾ ਤੁਹਾਨੂੰ ਅੱਜ ਇਥੇ ਨਹੀਂ ਸੀ ਲਿਆਉਣਾ ਚਾਹੀਦਾ । ਅੱਜ ਇਥੇ ਗੱਲ ਠੀਕ ਪਾਸੇ ਚਲਣ ਲੱਗ ਪਈ ਸੀ । ਇਥੇ ਕਾਫ਼ੀ ਹੰਗਾਮਾ ਗਰਮੀ ਹੋ ਗਈ ਸੀ । ਸਰਕਾਰ ਹੋ ਸਕਦਾ ਹੈ ਇਹ ਗੱਲ ਮੰਨ ਜਾਂਦੀ ਜਾਂ ਹੋਰ ਕੋਈ ਰਾਹ ਨਿਕਲ ਆਉਂਦਾ । ਇਥੇ ਬਾਦਲ ਸਾਹਿਬ ਵੀ ਸਨ ਮੈਂ ਵੀ ਸੀ ਅਤੇ ਚੀਫ਼ ਮਨਿਸਟਰ ਸਾਹਿਬ ਵੀ ਸਨ । ਇਸ ਦਾ ਹਲ ਕੋਈ ਨਿਕਲ ਸਕਦਾ ਸੀ । ਹੁਣ ਇਸ ਮਾਮਲੇ ਨੂੰ ਡਰਾਪ ਕਰਨਾ ਚਾਹੀਦਾ ਹੈ । ਜਿਹੜਾ ਤੁਸੀਂ ਇਹ ਹਾਊਸ ਤੇ ਛੱਡ ਦਿੱਤਾ ਹੈ ਕਿ ਇਹ ਬ੍ਰੀਚ ਆਫ਼ ਪ੍ਰਿਵਿਲਜ਼ ਬਣਦਾ ਹੈ ਜਾਂ ਨਹੀਂ, ਇਹ ਠੀਕ ਨਹੀਂ । ਜਿਸ ਕੰਟੈਕਸਟ ਵਿਚ ਸਾਰੀ ਗੱਲ ਹੋਈ ਉਸ ਦਾ ਤੁਹਾਨੂੰ ਪਤਾ ਹੈ । ਮੰਗ ਇਹ ਸੀ ਕਿ ਉਥੇ ਜੁਡੀਸ਼ਲ ਇਨਕੁਆਇਰੀ ਹੋਣੀ ਚਾਹੀਦੀ ਹੈ । ਜੇ ਹਾਊਸ ਵਿਚ ਖਪ ਪੈ ਗਈ ਸੀ ਅਤੇ ਸਰਕਾਰ ਮੰਨਦੀ ਨਹੀਂ ਸੀ, ਤਾਂ ਹਾਊਸ ਨੂੰ ਐਡਜਰਨ ਕਰਨ ਦੀ ਬਜਾਏ, ਤਾਂਕਿ ਕੋਈ ਰਾਹ ਲਭ ਜਾਂਦਾ, ਕਿਉਂਕਿ ਕਾਂਸਟੀਚੂਸ਼ਨਲ ਅਮੈਂਡਮੈਂਟ ਦੀ ਐਨਡੋਰਸਮੈਂਟ ਹਾਊਸ ਨੇ ਕਰਨੀ ਸੀ, ਐਪਰੋਪਰੀਏਸ਼ਨ ਬਿੱਲ ਪਾਸ ਕਰਨਾ ਸੀ ਅਤੇ ਇਕ ਹੋਰ ਬਿੱਲ ਪਾਸ ਕਰਨਾ ਸੀ, ਤੁਸੀਂ ਇਹ ਸਾਰੇ ਬਿੱਲ ਪੰਜ ਮਿੰਟਾਂ ਵਿਚ ਪਾਸ ਕਰਾ ਦਿੱਤੇ । ਉਸ ਤੋਂ ਬਾਅਦ ਤੁਸੀਂ ਇਹ ਕਹਿੰਦੇ ਹੋ ਕਿ ਮੈਂ ਹਾਊਸ ਤੇ ਛੱਡਦਾ ਹਾਂ ਕਿ ਇਹ ਪ੍ਰਿਵਿਲੇਜ਼ ਬਣਦਾ ਹੈ ਜਾਂ ਨਹੀਂ । ਹਾਊਸ ਵਿਚ ਕਾਮ ਐਟਮਾਸਫ਼ਿਅਰ ਕਰੀਏਟ ਕਰਨ ਵਾਸਤੇ ਸਿਰਫ਼ ਰੂਲਜ਼ ਦਾ ਆਸਰਾ ਪਥਰ ਤੇ ਲਕੀਰ ਵਾਂਗ ਨਹੀਂ ਲੈਣਾ ਚਾਹੀਦਾ। ਅਸੀਂ ਇਥੇ ਲੋਕਾਂ ਦੇ ਸੈਂਟੀਮੈਂਟਸ ਰਿਫਲੈਕਟ ਕਰਦੇ ਹਾਂ । ਤੁਹਾਨੂੰ ਹਾਊਸ ਨੂੰ ਉਸ ਵਕਤ ਐਡਜਰਨ ਕਰਨਾ ਚਾਹੀਦਾ ਸੀ ।

(ਇਸ ਸਮੇਂ ਕੈਪਟਨ ਰਤਨ ਸਿੰਘ, ਕਾਮਰੇਡ ਰਾਜ ਕੁਮਾਰ ਅਤੇ ਸਰਦਾਰ ਦਰਬਾਰਾ ਸਿੰਘ ਪੁਆਇੰਟ ਆਫ਼ ਆਰਡਰ ਤੇ ਖੜੇ ਹੋਏ ।)

Mr. Speaker : Captain Rattan Singh.

Comrade Raj Kumar : Mr. Speaker .. ..

Captain Rattan Singh : I have been called by the Speaker, I will speak. (*Interruption*)

Comrade Raj Kumar : I am signatory to the privilege motion which is being discussed. Let me have my say.

Mr. Speaker : You may be signatory .. .. (*Interruption*)

Comrade Raj Kumar : I must have my say also.

Mr. Speaker : Please resume your seat.

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਇਸ ਹਾਊਸ ਨੂੰ ਚਲਾਉਣ ਦੀ ਜ਼ਿੰਮੇਂਵਾਰੀ ਤੁਹਾਡੀ ਹੈ । ਇਸ ਹਾਊਸ ਨੂੰ ਨਿਯਮਾਂ ਅਨੁਸਾਰ ਚਲਾਉਣਾ ਚਾਹੀਦਾ ਹੈ । ਆਨ ਟੈਕਨੀਕਲ

ਗਰਾਉਂਡਜ਼ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਦੀ ਪ੍ਰਿਵਿਲੇਜ਼ ਮੋਸ਼ਨ ਲਾਈ ਨਹੀਂ ਕਰਦੀ ਕਿਉਂਕਿ ਉਹ ਪ੍ਰਿਵਿਲੇਜ਼ ਮੋਸ਼ਨ ਫਾਈਨਾਂਸ ਮਨਿਸਟਰ ਸਾਹਿਬ ਦੇ ਖਿਲਾਫ਼ ਹੈ ਹਾਲਾਂਕਿ ਇਸ ਹਾਊਸ ਵਿਚ ਗੜਬੜ ਪਾਉਣ ਦੇ ਵਿਚ ਇਨ੍ਹਾਂ ਦਾ ਕੋਈ ਹਥ ਨਹੀਂ । ਉਨ੍ਹਾਂ ਨੇ ਬਕਾਇਦਾ ਮੋਸ਼ਨ ਮੂਵ ਕੀਤੀ । ਇਸ ਕਰਕੇ ਆਨ ਟੈਕਨੀਕਲ ਗਰਾਉਂਡਜ਼ ਇਹ ਫਾਈਨਾਂਸ ਮਨਿਸਟਰ ਦੇ ਖਿਲਾਫ ਲਾਈ ਨਹੀਂ ਕਰਦੀ । ਤੁਸੀਂ ਕਾਰਣ ਵੀ ਇਹੀ ਦਿੱਤਾ ਹੈ । ਮੈਂ ਤੁਹਾਡੇ ਰਾਹੀਂ ਜੋਸ਼ ਸਾਹਿਬ ਨੂੰ ਬੇਨਤੀ ਕਰਨਾ ਚਾਹਾਂਗਾ ਕਿ ਉਨ੍ਹਾਂ ਦੀ ਪਾਰਟੀ ਵਿਚ ਤਾਂ ਹਰ ਚੀਜ਼ ਦੀ ਬੜੀ ਸਟੱਡੀ ਹੁੰਦੀ ਹੈ । ਉਨ੍ਹਾਂ ਨੇ ਇਹ ਪੁਆਇੰਟ ਕਿਸ ਤਰ੍ਹਾਂ ਛੱਡ ਦਿੱਤਾ । ਇਹ ਫਾਈਨਾਂਸ ਮਨਿਸਟਰ ਦੇ ਖਿਲਾਫ਼ ਲਾਈ ਨਹੀਂ ਸੀ ਕਰਦੀ । ਜੇ ਇਨ੍ਹਾਂ ਨੇ ਮੋਸ਼ਨ ਦਿੱਤੀ ਹੈ ਤਾਂ ਤੁਸੀਂ ਰਿਜੈਕਟ ਕਰ ਦਿੱਤੀ ਹੈ । ਇਸ ਗੱਲ ਤੇ ਉਨਾਂ ਨੂੰ ਨਾਰਾਜ਼ ਨਹੀਂ ਹੋਣਾ ਚਾਹੀਦਾ । ਮੈਂ ਡਾਂਗ ਸਾਹਿਬ ਨਾਲ ਸਹਿਮਤ ਹਾਂ ਕਿ ਬਿੱਲਾਂ ਤੇ ਹਾਊਸ ਵਿਚ ਡਿਸਕਸ਼ਨ ਹੋਣੀ ਚਾਹੀਦੀ ਸੀ । ਇਸ ਲਈ ਤੁਸੀਂ ਇਕ ਲੀਡਰਜ਼ ਦੀ ਮੀਟਿੰਗ ਬੁਲਾ ਲਓ । ਜਿਹੜੀ ਦੂਸਰੀ ਮੋਸ਼ਨ ਹੈ ਉਸ ਦੇ ਬਾਰੇ ਵਿਚ ਮੈਂ ਤੁਹਾਡੇ ਰਾਹੀਂ ਕਾਮਰੇਡ ਰਾਜ ਕੁਮਾਰ ਜੀ ਨੂੰ ਬੇਨਤੀ ਕਰਾਂਗਾ ਕਿ ਜਦੋਂ ਸਪੀਕਰ ਸਾਹਿਬ ਦਾ ਉਸ ਉਤੇ ਵਰਡਿਕਟ ਆ ਜਾਏ ਤਾਂ ਫ਼ਿਰ ਜੇ ਕਰ ਕੋਈ ਕਾਂਸਟੀਚਿਊਸ਼ਨਲ ਪੁਆਇੰਟ ਹੋਵੇ ਤਾਂ ਉਸ ਤੇ ਆਬਜ਼ਰਵੇਸ਼ਨ ਕਰ ਸਕਦੇ ਹਨ । ਲੇਕਿਨ ਇਹ ਉਨ੍ਹਾਂ ਦੀ ਮਰਜ਼ੀ ਹੈ ਕਰਨ ਜਾਂ ਨਾ ਕਰਨ । ਜੇ ਤੁਸੀਂ ਇਜਾਜ਼ਤ ਦਿਓ ਅਤੇ ਮੁਨਾਸਿਬ ਸਮਝੋ ਤਾਂ ਉਨ੍ਹਾਂ ਨੂੰ ਆਪਣੇ ਵਿਚਾਰ ਰੱਖਣ ਲਈ ਕਹਿ ਸਕਦੇ ਹੋ । ਮੈਂ ਤੁਹਾਡੇ ਰਾਹੀਂ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਇਹ ਬੇਨਤੀ ਕਰਾਂਗਾ ਕਿ ਜੋ ਵੀ ਉਹ ਫ਼ੈਸਲਾ ਕਰਦੇ ਹਨ ਉਨ੍ਹਾਂ ਦੇ ਡਿਪਟੀ ਲੀਡਰ ਉਸ ਫ਼ੈਸਲੇ ਨੂੰ ਨਹੀਂ ਮੰਨਦੇ । (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਬਿਲਕੁਲ ਗਲਤ ਗੱਲ ਹੈ ।

ਕੈਪਟਨ ਰਤਨ ਸਿੰਘ: ਇਸ ਕਰਕੇ ਮੈਂ ਸਮਝਦਾ ਹਾਂ ਜਾਂ ਤਾਂ ਉਹ ਜਾਣ ਬੁਝਕੇ ਨਹੀਂ ਕਰਦੇ । ਮੈਂ ਇਹ ਵੀ ਮੰਨ ਲੈਂਦਾ ਹਾਂ ਕਿ ਉਹ ਜਾਣ ਬੁਝ ਕੇ ਨਹੀਂ ਕਰਦੇ । ਉਨ੍ਹਾਂ ਦੇ ਵਸ ਦੀ ਗੱਲ ਨਹੀਂ ਹੈ। ਕਲ ਡਾਂਗ ਸਾਹਿਬ, ਜੋਸ਼ ਸਾਹਿਬ ਅਤੇ ਅਸੀਂ ਵੀ ਇਹ ਫੀਲ ਕਰਦੇ ਸੀ ਕਿ ਇਨ੍ਹਾਂ ਦਾ ਧਰਨਾ ਮੁਨਾਸਿਬ ਨਹੀਂ ਹੈ ।

Comrade Satya Pal Dang : I was not here.

ਕੈਪਟਨ ਰਤਨ ਸਿੰਘ: ਸਪੀਕਰ ਸਾਹਿਬ, ਡਾਂਗ ਸਾਹਿਬ ਇਸ ਪਾਰਟੀ ਦੇ ਲੀਡਰ ਹਨ। ਇਨਾਂ ਨੂੰ ਸਾਰਾ ਪਤਾ ਹੈ । ਸਪੀਕਰ ਸਾਹਿਬ, ਫ਼ੈਸਲਾ ਇਹ ਹੋਇਆ ਸੀ ਕਿ 5 ਸਪਲੀਮੈਂਟਰੀਜ਼ ਤੋਂ ਵੱਧ ਅਲਾਉ ਨਹੀਂ ਕੀਤੇ ਜਾਣਗੇ । ਉਸ ਮੀਟਿੰਗ ਵਿਚ ਮੈਂ ਵੀ ਹਾਜ਼ਰ ਸੀ ਅਤੇ ਤੁਸੀਂ ਵੀ ਹਾਜ਼ਰ ਸੀ । ਦੂਸਰੇ ਦਿਨ 5 ਸਪਲੀਮੈਂਟਰੀਜ਼ ਦੀ ਜਗ੍ਹਾ 6 ਕਰਨ ਲਈ ਵੀ ਤੁਸੀਂ ਅਲਾਉ ਕਰ ਦਿੱਤਾ । ਸਪੀਕਰ ਸਾਹਿਬ, ਉਸ ਤੇ ਜੋ ਤੁਸੀਂ ਫੈਸਲਾ ਕਰਦੇ ਹੋ ਉਸ ਤੇ ਸਟਰਿਕਟ ਹੋਣਾ ਚਾਹੀਦਾ ਹੈ । ਮੈਂ ਤਾਂ ਹੁਣ ਇਹ ਕਹਾਂਗਾ ਕਿ ਇਸ ਮਸਲੇ ਨੂੰ ਛੱਡ ਦਿਉ । (ਸ਼ੋਰ)

Comrade Raj Kumar : Point of order, Sir....

ਸ੍ਰੀ ਸਪੀਕਰ : ਤੁਸੀਂ ਤਸ਼ਰੀਫ ਰੱਖੋ । ਪਹਿਲਾਂ ਸ਼ਰਮਾ ਜੀ ਦੀ ਗੱਲ ਸੁਣ ਲਉ । (Please resume your seat. Let Sharma ji have his say first.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਤੁਸੀਂ ਆਪਣੀ ਗਲ ਬਦਲ ਰਹੇ ਹੋ। ਤੁਸੀਂ ਮੈਨੂੰ ਯਕੀਨ ਦਿਵਾਇਆ ਸੀ ਕਿ ਕੈਪਟਨ ਸਾਹਿਬ ਤੋਂ ਬਾਅਦ ਮੈਂ ਬੋਲਾਂਗਾ ।

ਸ੍ਰੀ ਸਪੀਕਰ : ਤੁਸੀਂ ਤਸ਼ਰੀਫ ਰੱਖੋ । ਪਹਿਲੇ ਗੌਰਮਿੰਟ ਦੀ ਗੱਲ ਸੁਣ ਲਉ । (Please resume your seat. Let us have Government's view first.)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਨੂੰ ਇਸ ਪ੍ਰਿਵਿਲੇਜ਼ ਮੋਸ਼ਨ ਤੇ ਬੜਾ ਦੁੱਖ ਹੈ ਅਤੇ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਚੀਜ਼ ਨਜਾਇਜ਼ ਹੈ । ਜਦੋਂ ਹਾਊਸ ਵਿਚ ਏਜੰਡਾ ਸਰਕੂਲੇਟ ਹੋ ਚੁਕਾ ਹੈ ਅਤੇ ਫਿਰ ਉਸ ਵਿਚ ਰੁਕਾਵਟ ਪਾਈ ਜਾਵੇ ਅਤੇ ਉਸਨੂੰ ਐਡਾਪਟ ਨਾ ਕਰਨ ਦਿੱਤਾ ਜਾਵੇ ਅਤੇ ਜਿਥੇ ਰਿਪੋਰਟਰਜ਼ ਬੈਠਦੇ ਹਨ ਉਨ੍ਹਾਂ ਦੇ ਨਾਲ ਫਰਸ਼ ਤੇ ਬੈਠ ਕੇ ਨਾਹਰੇ ਲਾਉਣਾ ਇਹ ਕੰਟੈਂਪਟ ਆਫ਼ ਦੀ ਹਾਊਸ ਹੈ । ਔਰ ਕੰਟੈਂਪਟ ਆਫ਼ ਦੀ ਹਾਊਸ ਦੇ ਬਾਰੇ ਮੈਂ 2 ਮਿੰਟ ਲਵਾਂਗਾ ।

At page 219 of Practice and Procedure of Parliament by Kaul & Shakdher 'Contempt of the House has been defined as under:—

> 'Contempt of the House may be defined generally as"any act or omission which obstructs or impedes either House of Parliament in the performance of its functions, or which obstructs or impedes any member or officer of such House in the discharge of his duty, or which has a tendency, directly or indirectly, to produce such results....even though there is no precedent of the offence".

ਮੈਂ ਅਰਜ਼ ਕਰਦਾ ਹਾਂ ਕਿ ਇਸ ਤੋਂ ਇਹ ਸਾਫ਼ ਹੈ ਕਿ ਹਾਊਸ ਦੀ ਕੰਟੈਂਪਟ ਕਰਨਾ ਔਰ ਹਾਊਸ ਦੇ ਬਿਜ਼ਨੈਸ ਨੂੰ ਨਾ ਚਲਣ ਦੇਣਾ ਇਸ ਤਰ੍ਹਾਂ ਹੈ ਜਿਵੇਂ ਉਲਟਾ ** ਕੋਤਵਾਲ ਨੂੰ ਡਾਂਟਦਾ ਹੈ ।

(ਇਸ ਵੇਲੇ ਆਪੋਜ਼ੀਸ਼ਨ ਵੱਲੋਂ ਕਾਫ਼ੀ ਸ਼ੋਰ ਪੈਣ ਲਗਾ)

ਸ੍ਰੀ ਸਪੀਕਰ : ** ਦਾ ਵਰਡ ਕਟ ਦਿੱਤਾ ਜਾਵੇ । (The word ** should be expunged.)

ਵਿੱਤ ਮੰਤਰੀ : ਮੈਂ ਤੁਹਾਡੇ ਰਾਹੀਂ ਹਾਊਸ ਦਾ ਧਿਆਨ ਕੌਲ ਐਂਡ ਸ਼ਕਧਰ ਦੀ ਕਿਤਾਬ ਦੇ ਸਫ਼ਾ 234 ਤੇ ਲਿਆਉਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਇਸ ਵਿਚ ਬਹੁਤ ਕਲੀਅਰ ਹੈ :

> "Disrespect to the House collectively is the original and fundamental form of breach of privilege and almost all breaches can be reduced to it. Any misconduct in the presence of the House or a Committee thereof, whether by members of Parliament or by members of the public who have been admitted to the galleries of the House or to sittings of Committees as witnesses, will constitute a contempt of the House...."

ਸਪੀਕਰ ਸਾਹਿਬ, ਹੁਣ ਮੈਂ ਇਸ ਦੇ 203 ਸਫ਼ੇ ਤੇ ਆਉਂਦਾ ਹਾਂ । ਇਸ ਤੋਂ ਪਤਾ ਲਗ ਜਾਵੇਗਾ ਕਿ ਕਲ ਕੀ ਹੋਇਆ ਹੈ ।

**Expunged as ordered by the Chair.

"Each House has the power to punish its members for disorderly conduct and other contempts committed in the House while it is sitting. This power is vested in the House by virtue of its right to exclusive cognizance of matters arising within the House and "to regulate its own internal concerns". "

ਸਪੀਕਰ ਸਾਹਿਬ, ਜਿਹੜਾ ਮੈਂ 203 ਸਫ਼ੇ ਤੇ ਪੜ੍ਹਿਆ ਹੈ ਉਹ ਬਹੁਤ ਕਲੀਅਰ ਹੈ ਕਿ ਹਾਊਸ ਮੈਂਬਰਾਂ ਨੂੰ ਇਸ ਦੀ ਕੰਟੈਂਪਟ ਕਰਨ ਅਤੇ ਡਿਸਆਰਡਰਲੀ ਕੰਡਕਟ ਤੋਂ ਪਨਿਸ਼ ਕਰ ਸਕਦਾ ਹੈ। ਕਲ ਇਨ੍ਹਾਂ ਮੈਂਬਰਾਂ ਨੇ ਹਾਊਸ ਦੀ ਕੰਟੈਂਪਟ ਕੀਤੀ ਸੀ। ਇਹ ਰਿਪੋਰਟਰਾਂ ਦੀਆਂ ਸੀਟਾਂ ਤੋਂ ਵੀ ਥੱਲੇ ਬੈਠੇ ਸਨ, ਇਹ ਹਾਊਸ ਦੀ ਤੌਹੀਨ ਹੈ, ਹਾਊਸ ਦੀ ਹੱਤਕ ਹੈ।

ਸਪੀਕਰ ਸਾਹਿਬ, ਮੈਂ ਡਾਂਗ ਸਾਹਿਬ ਨਾਲ ਸਹਿਮਤ ਨਹੀਂ ਹਾਂ ਕਿ ਹਾਊਸ ਨੂੰ 10, 15 ਮਿੰਟ ਲਈ ਐਡਜਰਨ ਕਰ ਦਿੱਤਾ ਜਾਵੇ। ਇਸ ਨਾਲ ਹਾਊਸ ਦੀ ਡਿਗਨਿਟੀ ਅਤੇ ਡੈਕੋਰਮ ਨਹੀਂ ਰਹਿੰਦਾ। ਇਨ੍ਹਾਂ ਦਾ ਇਹ ਕਹਿ ਦੇਣਾ ਵੀ ਗਲਤ ਹੈ ਕਿ ਤੁਸੀਂ ਬੋਲਣ ਲਈ ਮੌਕਾ ਨਹੀਂ ਦਿੱਤਾ।

ਸ੍ਰੀ ਸਪੀਕਰ : ਮੈਂ ਕਲ ਇਨ੍ਹਾਂ ਨੂੰ ਹਾਊਸ ਦੀ ਕਾਰਵਾਈ ਤੇ ਬੋਲਣ ਲਈ ਕਿਹਾ ਸੀ। (Yesterday I had allowed them to speak on the business before the House.)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਬੀਮਾਰੀਆਂ ਬੰਦ ਹੋਣੀਆਂ ਚਾਹੀਦੀਆ ਹਨ। ਇਸ ਦੇ ਵਾਸਤੇ ਸਫਾ 226 ਤੇ ਬੜਾ ਕਲੀਅਰ ਹੈ :

"In cases where the offence of breach of privilege or contempt is not so serious as to warrant the imprisonment of the offender by way of punishment the person concerned may be summoned to the bar of the House and admonished or reprimanded by the Speaker by order of the House."

Further it has been stated—

"Admonition is the mildest form of punishment whereas reprimand is the more serious mark of the displeasure of the House."

ਸਪੀਕਰ ਸਾਹਿਬ, ਲੋਕ ਸਭਾ ਵਿਚ ਵੀ ਇਸ ਤਰ੍ਹਾਂ ਦੇ 2, 3 ਕੇਸ ਹੋ ਚੁੱਕੇ ਹਨ ਜਿਥੇ ਉਨ੍ਹਾਂ ਨੇ ਲੋਕਾਂ ਨੂੰ ਬੁਲਾ ਕੇ ਹਾਊਸ ਦੀ ਬਾਰ ਤੇ ਰੇਪਰੀਮਾਂਡ ਕੀਤਾ। ਮੈਂ ਇਕ ਗੱਲ ਹੋਰ ਕਲੀਅਰ ਕਰ ਦੇਣੀ ਚਾਹੁੰਦਾ ਹਾਂ ਕਿ ਹਾਊਸ ਦੇ ਸਾਹਮਣੇ ਕਈ ਮਾਮਲੇ ਆਉਂਦੇ ਹਨ ਜਿਥੇ ਸਾਡੇ ਨਾਲ ਆਪੋਜ਼ੀਸ਼ਨ ਵਾਲੇ ਸਹਿਮਤ ਹੁੰਦੇ ਹਨ ਅਤੇ ਕਈ ਇਹੋ ਜਿਹੇ ਵੀ ਹੁੰਦੇ ਹਨ ਜਿਥੇ ਉਹ ਸਾਡੇ ਨਾਲ ਸਹਿਮਤ ਨਹੀਂ ਹੁੰਦੇ। ਪਰ ਉਸ ਦਾ ਤਰੀਕਾ ਇਹ ਨਹੀਂ ਕਿ ਧਰਨੇ ਮਾਰਨੇ ਸ਼ੁਰੂ ਕਰ ਦੇਣ ਜਾਂ ਸਲੋਗਨ ਸ਼ੁਰੂ ਕਰ ਦੇਣ। ਇਨ੍ਹਾਂ ਨੂੰ ਰੂਲ ਦੇ ਮੁਤਾਬਕ ਚਲਣਾ ਚਾਹੀਦਾ ਹੈ।

(ਸਰਦਾਰ ਧੰਨਾ ਸਿੰਘ ਗੁਲਸ਼ਨ ਵੱਲੋਂ ਵਿਘਨ।)

ਸ੍ਰੀ ਸਪੀਕਰ : ਗੁਲਸ਼ਨ ਜੀ, ਬੈਠ ਜਾਉ, ਸ਼ਰਮਾ ਸਾਹਿਬ ਨੂੰ ਬੋਲ ਲੈਣ ਦਿਉ। (Gulshan ji, please resume your seat. Let Sharma Sahib speak.)

ਵਿੱਤ ਮੰਤਰੀ : ਸਪੀਕਰ ਸਾਹਿਬ, ਇਥੇ ਪੰਜਾਬ ਦੇ ਭਲੇ ਲਈ ਮਾਮਲੇ ਆਉਂਦੇ ਹਨ । ਪੰਜਾਬ ਨੇ ਜਿਸ ਪਾਰਟੀ ਨੂੰ ਮੇਜਾਰਿਟੀ ਦਿੱਤੀ ਹੈ, ਉਸ ਪਾਰਟੀ ਦਾ ਇਹ ਫ਼ਰਜ਼ ਹੈ ਕਿ ਉਹ ਹਾਉਸ ਵਿਚ ਬਿਜ਼ਨੈਸ ਲਿਆਵੇ ।

ਸਪੀਕਰ ਸਾਹਿਬ, ਹਾਊਸ ਦੀ ਕਾਰਵਾਈ ਠੀਕ ਚਲਣੀ ਚਾਹੀਦੀ ਹੈ ਔਰ ਤੁਸੀਂ as independent Chairman of the House, as Speaker of the House. ਇਹ ਸਾਰੇ ਜਿਤਨੇ ਹਾਊਸ ਦੇ ਹਿੱਸੇ ਹਨ ਉਨ੍ਹਾਂ ਨੂੰ ਪੂਰਾ ਪੂਰਾ ਮੌਕਾ ਦਿੰਦੇ ਹੋ ਔਰ ਮੌਕਾ ਦੇਣਾ ਅੱਛਾ ਹੈ । ਇਸ ਤਰ੍ਹਾਂ ਹਾਊਸ ਦਾ ਡੈਕੋਰਮ ਵਧਦਾ ਹੈ । ਪਰ ਨਤੀਜਾ ਇਹ ਹੁੰਦਾ ਹੈ ਕਿ ਜਿਸ ਗਲ ਦੇ ਵਿਚ ਸਰਕਾਰ ਨਾ ਮੰਨੇ ਉਥੇ ਹੀ ਇਹ ਰੌਲਾ ਖੜਾ ਹੋ ਜਾਂਦਾ ਹੈ । ਕਪੂਰਥਲੇ ਦੀ ਜੁਡੀਸ਼ੀਅਲ ਇਨਕੁਆਇਰੀ ਲਈ ਸਰਕਾਰ ਮੰਨ ਗਈ ਪਰ ਜਗਰਾਉਂ ਵਿਚ ਨਹੀਂ ਮੰਨੀ ਤਾਂ ਫਿਰ ਇਥੇ ਧਰਨਾ ਮਾਰਕੇ ਬੈਠ ਗਏ । ਇਸ ਤਰ੍ਹਾਂ ਦੇ, ਸਪੀਕਰ ਸਾਹਿਬ, ਹੋਰ ਵੀ ਮਸਲੇ ਹਾਊਸ ਵਿਚ ਆਉਣਗੇ ਜਿਥੇ ਕਿ ਸਰਕਾਰ ਨਾਲ ਇਹ ਸਹਿਮਤ ਨਹੀਂ ਹੋਣਗੇ । ਪਰ ਜੇਕਰ ਇਹ ਸਹਿਮਤ ਨਹੀਂ ਹੁੰਦੇ ਤਾਂ ਉਸ ਲਈ ਵੀ ਕੁਝ ਤਰੀਕੇ ਹਨ । ਇਸ ਲਈ ਜਿਹੜੀ ਇਹ ਕਨਟੈਮਪਟ ਆਫ ਦੀ ਹਾਊਸ ਬਣਦੀ ਹੈ ਉਸ ਲਈ ਮੈਂ ਤੁਹਾਡੀ ਇਜਾਜ਼ਤ ਨਾਲ ਮੋਸ਼ਨ ਮੂਵ ਕਰਨਾ ਚਾਹੁੰਦਾ ਹਾਂ ਕਿ, ਸਪੀਕਰ ਸਾਹਿਬ, ਉਨ੍ਹਾਂ ਮੈਂਬਰਜ਼ ਨੂੰ ਐਕਸਪੈਲ ਕੀਤਾ ਜਾਵੇ ਤਾਕਿ ਉਨ੍ਹਾਂ ਨੂੰ ਪਤਾ ਲਗੇ ਕਿ ਜਨਤਾ ਦੇ ਗੂੜ੍ਹੇ ਪਸੀਨੇ ਦੀ ਕਮਾਈ ਕੌਣ ਉਜਾੜ ਰਿਹਾ ਹੈ ? (ਥੰਪਿੰਗ)

(ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ, ਪੁਆਇੰਟ ਆਫ਼ ਆਰਡਰ ਤੇ ਖੜੇ ਸਨ)

ਇਕ ਆਵਾਜ਼ : ਹੁਣ ਤਾਂ ਮੋਸ਼ਨ ਮੂਵ ਹੋ ਗਈ ਹੈ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਮੋਸ਼ਨ ਮੂਵ ਕਰ ਦਿੱਤੀ ਹੈ । (ਵਿਘਨ)

ਸ੍ਰੀ ਸਪੀਕਰ : ਨਹੀਂ, ਉਨ੍ਹਾਂ ਨੇ ਤਾਂ ਅਜੇ ਇਨਟੈਨਸ਼ਨ ਸ਼ੋ ਕੀਤੀ ਹੈ, ਮੂਵ ਨਹੀਂ ਕੀਤੀ । (No, he has not moved the motion yet. He has simply expressed his intention to move the motion.)

ਸਰਦਾਰ ਅਜਾਇਬ ਸਿੰਘ ਸੰਧੂ : Do not try to interrupt me.

ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਸ਼ਰਮਾ ਜੀ ਦੀਆਂ ਸਾਰੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਹਨ ਔਰ ਮੈਂ ਸੁਣੀਆਂ ਹਨ ਪਰ ਜੋ ਕੁਝ ਇਨ੍ਹਾਂ ਨੇ ਪੜ੍ਹ ਕੇ ਸੁਣਾਇਆ ਹੈ ਉਸ ਦਾ ਸਰਦਾਰ ਸ਼ਮਸ਼ੇਰ ਸਿੰਘ ਜੋਸ਼ ਜੀ ਦੀ ਮੋਸ਼ਨ ਨਾਲ ਕੋਈ ਤੁਅੱਲਕ ਨਹੀਂ ਹੈ :

ਸ੍ਰੀ ਸਪੀਕਰ : ਸੰਧੂ ਸਾਹਿਬ, ਮੈਂ ਹਾਊਸ ਨੂੰ ਇਸ ਬਾਰੇ ਡੀਸਾਈਡ ਕਰਨ ਲਈ ਕਿਹਾ ਸੀ, ਇਸ ਲਈ ਉਨ੍ਹਾਂ ਨੇ ਆਪਣੇ ਵਿਚਾਰ ਦਿੱਤੇ ਹਨ । (Sandhu Sahib, I have put this issue before the House for taking decision. He has expressed his views in this context.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਪਹਿਲੀ ਗਲ ਤਾਂ ਇਹ ਹੈ ਜਿਹੜੀ ਮੈਂ ਕਲੀਅਰ ਕਰ ਦਿੰਦਾ ਹਾਂ ਕਿ ਜੇਕਰ ਪੰਜਾਬ ਸਰਕਾਰ ਲੋਕਾਂ ਦੀਆਂ ਗੱਲਾਂ ਨਹੀਂ ਮੰਨੇਗੀ, ਲੋਕਾਂ ਦੀ ਭਲਾਈ ਦੇ ਕੰਮ ਨਹੀ ਕਰੇਗੀ ਤਾਂ ਇਨ੍ਹਾਂ ਦੇ ਕਹਿਣ ਮੁਤਾਬਿਕ ਔਰ ਆਪ ਦੇ ਕਹਿਣ ਮੁਤਾਬਕ ਕਿ ਅਸੀਂ ਲੱਖਾਂ ਬੰਦਿਆਂ ਦੇ ਨੁਮਾਇੰਦੇ ਹਾਂ ਤਾਂ ਕੀ ਸਾਨੂੰ ਇਸ ਜਮਹੂਰੀਅਤ ਦੀ ਖ਼ਾਤਰ ਹਰ ਤਰ੍ਹਾਂ ਦਾ ਪ੍ਰੋਟੈਸਟ ਕਰਨ ਦਾ ਹੱਕ ਨਹੀਂ ਹੈ ?

ਸ਼੍ਰੀ ਸਪੀਕਰ : ਪਰ ਇਸ ਤਰ੍ਹਾਂ ਹਾਊਸ ਵਿਚ ਧਰਨਾ ਮਾਰਨਾ ਹੱਕ ਨਹੀਂ ਹੈ। (But you have got no right to stage Dharna in the House.)

ਸਰਦਾਰ ਅਜਾਇਬ ਸਿੰਘ ਸੰਧੂ : ਜੋ ਜਨਾਬ ਦਾ ਹੱਕ ਹੈ ਮੈਂ ਉਹ ਵੀ ਦੱਸਣ ਲਗਾ ਹਾਂ ਔਰ ਜੋ ਸ਼ਰਮਾ ਜੀ ਦਾ ਹੱਕ ਹੈ ਉਹ ਵੀ ਦੱਸਾਂਗਾ। ਸਪੀਕਰ ਸਾਹਿਬ, ਅਸੀਂ ਪ੍ਰੋਟੈਸਟ ਕਰਨਾ ਹੈ ਕਿਸ ਤਰ੍ਹਾਂ ਕਰਨਾ ਹੈ, ਚੰਗਾ ਕਰਨਾ ਹੈ, ਮੰਦਾ ਕਰਨਾ ਹੈ, ਇਸ ਦੇ ਬਾਰੇ ਫ਼ੈਸਲਾ ਵੀ ਅਸੀਂ ਕਰਨਾ ਹੈ। ਅਗਰ ਇਹੋ ਜਿਹੀ ਗਲ ਨਾਲ ਕਨਟੈਂਪਟ ਆਫ਼ ਦੀ ਹਾਊਸ ਹੋਈ ਸੀ ਤਾਂ ਇਨ੍ਹਾਂ ਨੂੰ ਚਾਹੀਦਾ ਸੀ ਔਰ ਇਨ੍ਹਾਂ ਦੇ ਲਾਅ ਡਿਪਾਰਟਮੈਂਟ ਨੂੰ ਚਾਹੀਦਾ ਸੀ ਕਿ ਉਹ ਉਸ ਵੇਲੇ ਇਨ੍ਹਾਂ ਨੂੰ ਸਲਾਹ ਦਿੰਦਾ ਔਰ ਮੈਂ ਸਮਝਦਾ ਹਾਂ ਕਿ ਕਲ ਇਨ੍ਹਾਂ ਨੇ ਨਾ-ਅਹਿਲੀਅਤ ਦਾ ਸਬੂਤ ਦਿੱਤਾ ਹੈ। ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਇਨ੍ਹਾਂ ਨੇ ਅੱਜ ਕਿਤਾਬਾਂ ਵਿਚੋਂ ਪੜ੍ਹ ਕੇ ਸੁਣਾਈਆਂ ਹਨ ਇਹ ਕਲ ਪੜ੍ਹ ਕੇ ਸੁਨਾਉਣੀਆਂ ਚਾਹੀਦੀਆਂ ਸੀ। ਇਨ੍ਹਾਂ ਨੂੰ ਕਲ ਹੀ ਕਹਿਣਾ ਚਾਹੀਦਾ ਸੀ ਕਿ ਇਹ ਕਿਤਾਬ ਸ਼ਕਧਰ ਦੀ ਹੈ ਅਤੇ ਇਹ ਕੌਲ ਦੀ ਹੈ। ਪਰ, ਸਪੀਕਰ ਸਾਹਿਬ, ਇਨ੍ਹਾਂ ਨੇ ਆਪ ਤਾਂ ਇਹ ਕਿਤਾਬਾਂ ਪੜ੍ਹੀਆਂ ਹੀ ਨਹੀਂ ਹਨ।

ਸ਼੍ਰੀ ਸਪੀਕਰ : ਨਹੀਂ ਜੀ, ਇਨ੍ਹਾਂ ਨੇ ਸਭ ਕਿਤਾਬਾਂ ਪੜ੍ਹੀਆਂ ਹੋਈਆਂ ਹਨ। (ਹਾਸਾ) (This is not correct. They have read all the books.) (*Laughter*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੂੰ ਅਗਰ ਇਹ ਪਤਾ ਸੀ ਅਗਰ ਇਹ ਸਮਝਦੇ ਸੀ ਕਿ ਸਾਡੇ ਮੈਂਬਰਾਂ ਦਾ ਧਰਨਾ ਮਾਰਨਾ ਮਾੜੀ ਗੱਲ ਹੈ ਤਾਂ ਇਹ ਕਲ ਇਸ ਮੋਸ਼ਨ ਨੂੰ ਮੂਵ ਕਰਦੇ ਪਰ ਇਨ੍ਹਾਂ ਨੂੰ ਪਤਾ ਤਾਂ ਕੱਖ ਦਾ ਨਹੀਂ ਇਨ੍ਹਾਂ ਨੂੰ ਨਾਂ ਸਰਕਾਰ ਚਲਾਉਣ ਦਾ ਔਰ ਨਾ ਰੂਲ ਪੜ੍ਹਨ ਦਾ ਪਤਾ ਹੈ। (ਵਿਘਨ)

ਸਪੀਕਰ ਸਾਹਿਬ, ਇਸ ਹਾਊਸ ਨੂੰ ਪੂਰਾ ਹੱਕ ਹੈ, ਜੇਕਰ ਕਿਸੇ ਮੈਂਬਰ ਦਾ ਬੀਹੇਵੀਅਰ ਠੀਕ ਨਾ ਹੋਵੇ, ਤਾਂ ਜਨਾਬ ਐਕਸ਼ਨ ਲੈ ਸਕਦੇ ਹੋ ਪਰ ਇਹ ਤਾਂ ਸਰਕਾਰ ਦਾ 'ਬਾਸੀ ਕੜ੍ਹੀ ਉਬਾਲ' ਲੈਣ ਦਾ ਕੰਮ ਹੈ। ਇਹ ਇਨ੍ਹਾਂ ਵਜ਼ੀਰਾਂ ਦਾ ਕੰਮ ਹੈ। ਅਸੀਂ ਸਮਝਦੇ ਹਾਂ ਕਿ ਸਾਡੇ ਮੈਂਬਰਾਂ ਦਾ ਧਰਨਾ ਮਾਰਨਾ ਜਾਇਜ਼ ਸੀ। ਇਹ ਮੋਸ਼ਨ ਉਸ ਵੇਲੇ ਮੂਵ ਹੋ ਸਕਦੀ ਸੀ। ਅੱਜ ਇਹ ਕਹਿਣਾ ਜਦੋਂ ਕਿ ਮੁਲਜ਼ਮ ਕਚਹਿਰੀ ਵਿਚ ਖੜਾ ਹੋਵੇ ਔਰ ਉਹ ਕਹੇ ਕਿ ਮੈਨੂੰ ਸਜ਼ਾ ਨਾ ਦਿਓ ਇਨ੍ਹਾਂ ਪੁਲੀਸ ਵਾਲਿਆਂ ਨੂੰ ਦਿਓ, ਇਹ ਠੀਕ ਨਹੀਂ ਹੈ।

[ਸਰਦਾਰ ਅਜਾਇਬ ਸਿੰਘ ਸਧੂ]

ਸੋ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਮੋਸ਼ਨ ਅਜ ਨਹੀਂ ਆ ਸਕਦੀ। ਇਨ੍ਹਾਂ ਨੂੰ ਇਹ ਗਲ ਕਲ ਕਰਨੀ ਚਾਹੀਦੀ ਸੀ। ਜਦੋਂ ਗਿਲੋਟੀਨ 12 ਵਜੇ ਅਪਲਾਈ ਹੋਣੀ ਸੀ ਤਾਂ ਜਿਹੜੀ ਕਿਤਾਬ ਸ਼ਰਮਾ ਜੀ ਨੇ ਅੱਜ ਪੜ੍ਹੀ ਹੈ ਇਹ ਕਲ ਪੜ੍ਹ ਦਿੰਦੇ।

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਦੁਬਾਰਾ ਕਹਿਣ ਕਿ 12 ਵਜੇ ਕੀ ਅਪਲਾਈ ਹੋਣਾ ਸੀ ? (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ 12 ਵਜੇ ਕਲ ਗਿਲੋਟੀਨ ਅਪਲਾਈ ਹੋਣੀ ਸੀ। ਮੇਰਾ ਖਿਆਲ ਹੈ ਕਿ ਹੁਣ ਇਨ੍ਹਾਂ ਦੇ ਕੰਨ ਵੀ ਬੋਲੇ ਹੋ ਗਏ ਹਨ। ਸਪੀਕਰ ਸਾਹਿਬ, ਕਲ ਇਨ੍ਹਾਂ ਨੂੰ ਚਾਹੀਦਾ ਸੀ ਕਿ ਤੁਹਾਨੂੰ ਇਹ ਬੇਨਤੀ ਕਰਦੇ ਕਿ ਹਾਊਸ ਦਸ ਪੰਦਰਾਂ ਮਿੰਟਾਂ ਲਈ ਐਡਜਰਨ ਕੀਤਾ ਜਾਵੇ। ਜਨਾਬ ਨੂੰ ਵੀ ਚਾਹੀਦਾ ਸੀ ਕਿ ਹਾਊਸ ਨੂੰ ਦੱਸ ਪੰਦਰਾਂ ਮਿੰਟਾ ਲਈ ਜਾਂ ਅੱਧੇ ਘੰਟੇ ਲਈ ਕਲ ਐਡਜਰਨ ਕਰ ਦਿੰਦੇ।

ਸਪੀਕਰ ਸਾਹਿਬ, ਮੈਂ ਦੂਜੀ ਬੇਨਤੀ ਇਹ ਕਰਨੀ ਹੈ ਕਿ ਇਹ ਰਸ਼ ਸ਼ੁਰੂ ਕਰਨਾ ਚਾਹੁੰਦੇ ਹਨ। ਇਨ੍ਹਾਂ ਨੂੰ, ਸਪੀਕਰ ਸਾਹਿਬ, ਪਤਾ ਹੈ ਕਿ ਜਿਹੜੀਆਂ ਇਨ੍ਹਾਂ ਦੀਆਂ ਬਦਨੀਤੀਆਂ ਹਨ, ਕੁਰੀਤੀਆਂ ਹਨ, ਮਾੜੀਆਂ ਪਾਲਿਸੀਆਂ ਹਨ, ਅਸੀਂ ਉਨ੍ਹਾਂ ਦੀ ਮੁਖ਼ਾਲਫ਼ਤ ਕਰਨੀ ਹੈ। ਇਹ ਤਾਂ ਮੌਕਾ ਲਭਦੇ ਹਨ ਕਿ ਕਿਸੇ ਤਰ੍ਹਾਂ ਭੱਜ ਜਾਈਏ। ਅਸੀਂ ਹਾਊਸ ਵਿਚ ਪਰਸੋਂ ਵੀ ਧਰਨਾ ਮਾਰਿਆ ਸੀ। ਪਰਸੋਂ ਜਨਾਬ ਨੇ ਹਾਊਸ ਮੁਲਤਵੀ ਕੀਤਾ ਸੀ ਔਰ ਇਸ ਤਰ੍ਹਾਂ ਹੀ ਕਲ ਵੀ ਕੀਤਾ ਜਾਂਦਾ ਤਾਂ ਠੀਕ ਸੀ।

ਸ੍ਰੀ ਸਪੀਕਰ : ਪਰ ਇਸ ਤਰ੍ਹਾਂ ਹਾਊਸ ਨੂੰ ਮੁਲਤਵੀ ਕਰਾਉਣ ਦਾ ਇਹ ਢੰਗ ਵੀ ਗਲਤ ਹੈ। (But this method of getting the House adjourned is also wrong.)

ਸਰਦਾਰ ਅਜਾਇਬ ਸਿੰਘ ਸੰਧੂ: ** **

Mr. Speaker : This is an aspersion on the Chair. It should not form part of the proceedings.

ਸਰਦਾਰ ਅਜਾਇਬ ਸਿੰਘ ਸੰਧੂ : If you feel like that ਤਾਂ ਅਗੇ ਤੋਂ ਠੀਕ ਚਲੋ। ਤੁਹਾਨੂੰ, ਸਪੀਕਰ ਸਾਹਿਬ, ਚਾਹੀਦਾ ਸੀ ਕਿ ਕਲ ਤੁਸੀਂ ਇਸ ਹਾਊਸ ਨੂੰ ਪੰਦਰਾਂ ਮਿੰਟਾਂ ਲਈ ਐਡਜਰਨ ਕਰ ਦਿੰਦੇ।

ਸ੍ਰੀ ਸਪੀਕਰ : ਪਰ ਜਦੋਂ ਹਾਊਸ ਚਾਹੁੰਦਾ ਸੀ ਕਿ ਐਡਜਰਨ ਨਾਂ ਹੋਵੇ ਤਾਂ ਕਿਸ ਤਰ੍ਹਾਂ ਹ ਸਕਦਾ ਸੀ। (How could I adjourn the sitting, if the House was not in its favour ?)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਸ ਹਾਊਸ ਵਿਚ ਤਾਂ ਬਹਿਸ ਹੋਵੇਗੀ ਅਗਰ ਇਹ ਸਾਨੂੰ ਨਹੀਂ ਸੁਣਨਾ ਚਾਹੁੰਦੇ ਤਾਂ ਮੈਂ ਸ਼ਰਮਾ ਜੀ, ਤੁਹਾਨੂੰ ਔਰ ਚੀਫ਼

**Expunged as ordered by the Chair.

ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਬੇਸ਼ਕ ਤੁਸੀਂ ਇਸ ਤਰ੍ਹਾਂ ਇਕੱਲੇ ਇਕੱਲੇ ਨੂੰ ਕੱਢ ਦਿਓ ਪਰ ਪਬਲਿਕ ਦੀ ਆਵਾਜ਼ ਨੂੰ ਅਸੀਂ ਜ਼ਰੂਰ ਇਥੇ ਉਠਾਵਾਂਗੇ। ਔਰ ਜਿਹੜਾ ਵੀ ਕੋਈ ਇਸ ਹਾਊਸ ਨੂੰ ਮਿਸ-ਲੀਡ ਕਰੇਗਾ ਅਸੀਂ ਅਜਿਹਾ ਨਹੀਂ ਕਰਨ ਦਿਆਂਗੇ। (ਥੰਪਿੰਗ)

ਜਨਾਬ ਤੁਹਾਨੂੰ ਚਾਹੀਦਾ ਹੈ ਕਿ ਕਿਰਪਾ ਕਰਕੇ ਰੂਲਜ਼ ਦੇ ਮੁਤਾਬਕ ਹਾਊਸ ਨੂੰ ਚਲਾਓ। ਡੈਮੋਕਰੇਸੀ ਦਾ ਖੂਨ ਨਾ ਕਰੋ।

ਸ੍ਰੀ ਸਪੀਕਰ : ਤੁਸੀਂ ਆਪਣੇ ਢੰਗ ਨੂੰ ਬਦਲੋ। (You also conduct yourself according to the Rules)

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਗੱਲ ਨੂੰ ਡਾਈਵਰਟ ਕਰਨ ਦੀ ਪੂਰੀ ਕੋਸ਼ਿਸ਼ ਹੋ ਰਹੀ ਹੈ। ਮਾਮਲਾ ਦੋ ਮਨਿਸਟਰਜ਼ ਦੇ ਬਾਰੇ ਸੀ, ਇਕ ਰੈਵਿਨਿਊ ਮਨਿਸਟਰ ਔਰ ਦੂਸਰਾ ਫ਼ਾਈਨੈਂਸ ਮਨਿਸਟਰ ਬਾਰੇ। ਮੈਂ ਵੀ ਉਸ ਦੇ ਬਾਰੇ ਹੀ ਗੱਲ ਕਰਨ ਲੱਗਾ ਹਾਂ।

ਸ੍ਰੀ ਸਪੀਕਰ : ਮੈਂ ਇਸ ਬਾਰੇ ਰੂਲਿੰਗ ਦੇ ਚੁੱਕਾ ਹਾਂ। (I have already given my ruling in this respect)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੇਰੀ ਗਲ ਸੁਣ ਲਓ। ਸਪੀਕਰ ਸਾਹਿਬ, ਇਨ੍ਹਾਂ ਨੂੰ ਇਹ ਮੋਸ਼ਨ ਕਲ ਲਿਆਉਣੀ ਚਾਹੀਦੀ ਸੀ ਅੱਜ ਨਹੀਂ ਆ ਸਕਦੀ। ਅੱਜ ਸ਼ਰਮਾ ਜੀ ਨੂੰ ਚਾਹੀਦਾ ਸੀ ਕਿ ਇਹ ਸਾਨੂੰ ਐਪ੍ਰੋਚ ਕਰਦੇ ਜਿਹੜਾ ਇਨ੍ਹਾਂ ਨੇ ਤਿੰਨ ਕਰੋੜ ਪੰਜ ਲੱਖ ਤੋਂ ਵੱਧ ਬਿੱਲ 12 ਮਿੰਟਾਂ ਵਿਚ ਪਾਸ ਕਰਵਾਇਆ ਹੈ ਉਸ ਦੇ ਬਾਰੇ। ਸਪੀਕਰ ਸਾਹਿਬ, ਇਹ ਜਿਹੜੀ ਪ੍ਰੈਕਟਿਸ ਹੈ ਇਹ ਸਾਡੇ ਤੇ ਰੀਕਾਇਲ ਕਰੇਗੀ। ਸਾਨੂੰ ਕੋਈ ਬੰਦਸ਼ ਨਹੀਂ ਹੈ ਕਿ ਅਸੀਂ ਕੋਈ ਐਸੀ ਗਲ ਕਰ ਬੈਠੀਏ ਜਿਹੜੀ ਕਿ ਇੰਪ੍ਰਾਪਰ ਹੋਵੇ ਔਰ ਉਸ ਨੂੰ ਠੀਕ ਨਾ ਕਰ ਸਕੀਏ ਰੀਸਿੰਡ ਨਾ ਕਰ ਸਕੀਏ। ਮੈਂ ਐਸ. ਐਸ. ਮੋਰੇ ਨੂੰ ਕੋਟ ਕਰਨਾ ਚਾਹੁੰਦਾ ਹਾਂ ਜਿਥੇ ਕਿ ਉਨ੍ਹਾਂ ਨੇ ਇਹ ਕਿਹਾ ਹੈ ਕਿ ਇਹ ਠੀਕ ਹੈ ਕਿ ਭਾਵੇਂ ਸਾਡੇ ਕੋਲ ਕੋਈ ਅਜਿਹੀ ਪ੍ਰੋਵੀਜ਼ਨ ਨਾ ਹੋਵੇ ਪਰ ਜੇਕਰ ਕੋਈ ਕਾਰਵਾਈ ਐਸੀ ਹੀ ਹੋਵੇ ਤਾਂ ਰੀਸਿੰਡ ਕਰਨ ਦਾ ਹੱਕ ਹੈ। (ਵਿਘਨ)

Sir, there can be no reflection on the decision of the House except on a motion for rescinding it.

ਇਸ ਲਈ ਜੋ ਇੰਪਰੋਪਰ ਚੀਜ਼ ਹੋਈ ਹੈ, ਉਸ ਨੂੰ ਰਿਸਿੰਡ ਕਰਨਾ ਚਾਹੀਦਾ ਹੈ। ਇਸ ਬਾਰੇ ਰੂਲਿੰਗਜ਼ ਵੀ ਹਨ। Within twelve minutes, three enactments were passed. One was the Appropriation Bill, 1974 involving more than Rs. 3.05 crores. The second was Punjab Land Revenue (Amendment) Bill, 1974 and the third was resolution under Article 368 ratifying the amendment to Constitution (Thirty-second Amendment). These were not ordinary measures which should have been rushed through in such a manner.

[ਕਾਮਰੇਡ ਰਾਜ ਕੁਮਾਰ]

ਇਹ ਵੀ ਮੇਰੀ ਬੇਨਤੀ ਹੈ ਜੋ ਕਝ ਕਲ ਹੋਇਆ ਸੀ ਉਹ ਕਾਨਸਟੀਟਿਊਸ਼ਨ ਦੀ ਸਪਿਰਟ ਦੇ ਖਿਲਾਫ ਹੈ । ਕਾਸਟੀਚਿਊਸ਼ਨ ਦੀ ਧਾਰਾ 302 ਵਿਚ ਸਾਡੀ ਪਰੋਪਰਾਇਟੀ ਹੈ ਉਸ ਲਿਹਾਜ਼ ਨਾਲ ਕਲੀਅਰ ਹੈ ਕਿ ਇਸ ਚੀਜ਼ ਨੂੰ ਹੁਣ ਵੀ ਠੀਕ ਕਰ ਸਕਦੇ ਹਾਂ । Yesterday, we passed the above mentioned measures improperly and we should reconsider them.

ਚੌਧਰੀ ਦਰਸ਼ਨ ਸਿੰਘ : ਨੋਟਿਸ ਆਫ ਪ੍ਰਿਵਿਲੇਜ ਮੈਂ ਦਿੱਤਾ ਸੀ । ਕੱਲ ਜੋ ਵਾਕਿਆ ਹਾਊਸ ਵਿਚ ਹੋਇਆ, ਕੱਲ ਜੋ ਇਸ ਹਾਊਸ ਵਿਚ ਗੱਲ ਹੋਈ, ਉਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਬਰੀਚ ਆਫ ਦੀ ਪ੍ਰਿਵਿਲੇਜ਼ ਆਫ ਦੀ ਹਾਊਸ ਹੋਇਆ । ਤੁਸੀਂ ਇਸ ਬਾਰੇ ਜੋ ਅਮੈਂਡਮੈਂਟ ਦਿੱਤੀ, ਉਸ ਦਾ ਡਿਊ ਨੋਟਿਸ ਨਹੀਂ ਦਿੱਤਾ । But the notice of amendment is only a formality. Even during the Speech, suppose Comrade Shamsher Singh Josh makes a suggestion for the amendment of the Bill and the Government is fully satisfied with the suggestion, it can accept it. I do not agree on this point. I agreed with Captain Rattan Singh the other day. (*Noise*) It was a matter between the Speaker and the Members. It was not a matter between the Finance Minister or Revenue and Election Minister and Comrade Shamsher Singh Josh. (*Interruption*). It was the duty of the Chair, the hon. Speaker of this august House to maintain law and order in the House. He is the custodian. He is to see how the House functions. (*Interruption*) ਮਨਿਸਟਰਜ਼ ਦੇ ਅਗੇਂਸਟ ਨੋਟਿਸ ਆਫ ਪ੍ਰਿਵਿਲੇਜ਼ ਮੋਸ਼ਨ ਲਾਈ ਨਹੀਂ ਕਰਦਾ । ਪ੍ਰਿਵਿਲੇਜ਼ ਬਾਰੇ ਦੱਸ ਦੇਵਾਂ ਕਿ ਇਹ ਮੈਂਬਰ ਆਫ ਦੀ ਹਾਊਸ ਦੇ ਪ੍ਰਿਵਿਲੇਜ਼ ਡੀਫਾਈਨ ਹਨ । Powers, privileges, etc. of hon. Member are defined in Article 194 of the Constitution and the members are entitled to speak. ਜਦੋਂ ਹਾਊਸ ਦੇ ਵਿਚ ਆਨਰੇਬਲ ਮਨਿਸਟਰ ਕੋਈ ਬਿੱਲ ਪਹਿਲਾਂ ਇੰਟਰੋਡਿਊਸ ਕਰਦਾ ਹੈ, ਉਸ ਤੋਂ ਬਾਅਦ ਉਸ ਦੀ ਮੋਸ਼ਨ ਫਾਰ ਕੰਸਿਡਰੇਸ਼ਨ ਮੂਵ ਹੁੰਦੀ ਹੈ । After this every Member has got a right to speak. It is his privilege and right to speak and I got up and made a request to the Chair also to kindly permit me to speak on the Bill but the Hon. Speaker showed his inability. ਮੈਂ ਇਸ ਬਾਰੇ ਪੰਜਾਬ ਵਿਧਾਨ ਸਭਾ ਦੀਆਂ ਇੰਸਟਾਂਸਿਜ਼ ਕੋਟ ਕਰਦਾ ਹਾਂ ਜਿਥੇ ਡਿਸਆਰਡਰ ਹੋਇਆ, ਰਾਊਡੀ ਸਲੋਗਨਜ਼ ਰੇਜ਼ ਹੋਏ, ਰਾਊਡੀ ਵਾਕ ਆਊਟ ਕੀਤੇ ਗਏ । ਸਪੀਕਰ ਸਾਹਿਬ, ਹਰ ਸਟੇਟ ਦਾ ਪ੍ਰਿਵਿਲੇਜ਼ ਦਾ ਡਾਈਜੈਸਟ, ਸਰਕੁਲੇਟ ਹੁੰਦਾ ਹੈ, ਹਿੰਦੋਸਤਾਨ ਦੀਆਂ ਸਾਰੀਆਂ ਅਸੈਂਬਲੀਆਂ, ਲੋਕ ਸਭਾ ਅਤੇ ਰਾਜ ਸਭਾ ਵਿਚ ਜੋ ਪੁਆਇੰਟ ਆਫ ਪ੍ਰਿਵਿਲੇਜ਼ ਰੇਜ਼ ਹੁੰਦੇ ਹਨ ਅਤੇ ਜੋ ਉਨ੍ਹਾਂ ਤੇ ਰੂਲਿੰਗਜ਼ ਹੁੰਦੀਆਂ ਹਨ, ਉਹ ਸਾਰੀਆਂ ਸਟੇਟਸ ਨੂੰ ਸਰਕੂਲੇਟ ਹੁੰਦੀਆਂ ਹਨ । 1963 ਵਿਚ ਜਦੋਂ ਸ੍ਰੀ ਪ੍ਰਬੋਧ ਚੰਦਰ ਪੰਜਾਬ ਦੇ ਸਪੀਕਰ ਸਨ, 18-5-62 ਨੂੰ ਜਦੋਂ ਪੰਜਾਬ ਟੈਂਪਰੇਰੀ ਟੈਕਸੇਸ਼ਨ ਬਿੱਲ ਕੰਸਿਡਰ ਕੀਤਾ ਜਾ ਰਿਹਾ ਸੀ, ਇਹ ਇਸੀਡੈਂਟ ਹੋਇਆ ।

After the incident, some other members represented to the Speaker that raising of slogans in the House and staging of a rowdy walk-out amounted to contempt of the House. The matter was

referred to the House. In Haryana, too, the matter was referred to the House in 1969. Not one, seven Members, including Rao Birender Singh, Sarvshri Jai Singh Rathi, Fateh Chand Vij, Ganpat Rai, Mahant Ganga Sagar, Chand Ram and Dr. Mangal Sein raised slogans in the House and created disorder and defied the orders of the Hon. Speaker and ultimately what happened, Members from the Treasury Benches raised a question of privilege.

(A voice: Immediately)

No. I am sorry, it was raised the next day and the matter was referred to the Committee on Privileges. Another motion was moved in the House about four Members, namely, Sarvshri Jai Singh Rathi, Mahant Ganga Sagar, Fateh Chand and Ganpat Rai. They disobeyed the Chair. They were named by the Chair and the motion was moved that they should be suspended from the service of the House for the remainder of the session. Not only this, the Members went to the High Court under Article 227, that they had been debarred from participating in the Debates of the House. The High Court held that the Speaker is an authority and that under Article 212 of the Constitution, the Speaker is all powerful. He is the custodian of the House. So, the four Members, named above, were suspended from the House.

ਸਪੀਕਰ ਸਾਹਿਬ, ਮੇਰੀ ਤੁਹਾਡੇ ਅੱਗੇ ਦਰਖਾਸਤ ਹੈ ਕਿ ਇਸ ਦੇ ਵਿਚ ਇਕ ਇੰਸਟਾਂਸ ਨਹੀਂ, ਬਹੁਤ ਇੰਸਟਾਂਸਿਜ਼ ਹਨ ਜਿਥੇ ਮੈਂਬਰਜ਼ ਦੇ ਪ੍ਰਿਵਿਲੇਜ਼ ਦਾ ਬਰੀਚ ਹੋਇਆ। ਉਨ੍ਹਾਂ ਦੇ ਬਤੌਰ ਮੈਂਬਰ ਆਫੀਸ਼ਿਅਲ ਡਿਊਟੀ ਪਰਫਾਰਮ ਕਰਨ ਵਿਚ ਹਿੰਡਰੇਂਸ ਕ੍ਰੀਏਟ ਹੁੰਦਾ ਹੈ।

Misconduct and disorderly behaviour of the Members amount to clear case of breach of privilege. So, the matter should be referred to the Committee on Privileges. This matter should be taken up rather it should be decided once for all because disorder, disobedience to the Chair even aspersion on the Chair are becoming order of the day. We should stop it some where. We should keep the dignity, decorum of the House. We represent the down-trodden, voters of our constituencies and the people sitting in the galleries laugh on us. *(Interruption)*

Sardar Ajaib Singh Sandhu: They laugh on the actions of the Government. *(Interruption)*

Chaudhri Darshan Singh: It was rather unbecoming on the part of the Members of the Opposition. The Leader of the Opposition who was sitting in the House should have told his party Members not to behave like that. He should guide them. *(Interruption)*: Please let us sit together and find out the way. So, Sir, it is a clear case of contempt of the House. It is a clear case of breach of privilege. Yesterday, I got up to speak and I was not permitted to speak. The matter should be referred to the Committee on Privileges and I ask for leave of the House to move the privilege motion. This is the first thing and the second thing is that the motion moved by my learned friend......*(Interruption)*

ਸ੍ਰੀ ਸਪੀਕਰ: ਮੂਵ ਨਹੀਂ ਕੀਤਾ, ਇਨ੍ਹਾਂ ਦੀ ਇੰਟੈਂਸ਼ਨ ਹੈ । (He has not moved the motion. He has only expressed his intention to do so.)

ਚੌਧਰੀ ਦਰਸ਼ਨ ਸਿੰਘ: ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਦੋਨੋਂ ਸਾਈਡਾਂ..

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਤੁਸੀਂ ਦੋ ਪ੍ਰਿਵਿਲੇਜ਼ ਮੋਸ਼ਨਜ਼ ਹਾਊਸ ਦੇ ਸਾਹਮਣੇ ਰੱਖੀਆਂ ਹਨ । ਇਨ੍ਹਾਂ ਵਿਚੋਂ ਇਕ ਮੋਸ਼ਨ ਮਾਨਯੋਗ ਮੈਂਬਰ ਚੌਧਰੀ ਦਰਸ਼ਨ ਸਿੰਘ ਦੀ ਹੈ । ਦੂਸਰੇ ਸ਼ਰਮਾ ਜੀ ਨੇ ਵੀ ਮੋਸ਼ਨ ਰੱਖਣ ਦੀ ਆਪਣੀ ਇੰਟੈਨਸ਼ਨ ਜ਼ਾਹਰ ਕੀਤੀ ਹੈ । ਜਿਥੋਂ ਤੱਕ ਜੋਸ਼ ਜੀ ਦੀ ਮੋਸ਼ਨ ਦਾ ਤੁਅਲੱਕ ਹੈ ਮੈਂ ਇਹ ਕਹਾਂਗਾ ਕਿ ਜੋ ਕੰਨਡਟ ਦਾ ਇਜ਼ਹਾਰ ਇਸ ਹਾਊਸ ਵਿਚ ਕਲ ਮੈਂਬਰਾਂ ਵੱਲੋਂ ਹੋਇਆ ਉਸ ਦਾ ਨਤੀਜਾ ਸੀ ਕਿ ਹਾਊਸ ਦੀ ਕਾਰਵਾਈ ਜਲਦੀ ਜਲਦੀ ਕਰਨੀ ਪਈ । ਇਥੋਂ ਤੱਕ ਕਿ ਮੈਂਬਰ ਸਾਹਿਬਾਨ ਭੁੰਜੇ ਆ ਕੇ ਬੈਠ ਗਏ । (**ਇਕ ਮਾਨਯੋਗ ਮੈਂਬਰ :** ਜਦੋਂ ਸਰਕਾਰ ਮਰ ਜਾਵੇ ਤਾਂ ਬੈਠਣਾ ਹੀ ਸੀ,) ਅਸੀਂ ਇਹ ਪ੍ਰੋਗਰਾਮ ਡੇਢ ਵਜੇ ਤਕ ਬੈਠਣ ਦਾ ਦਿੱਤਾ ਸੀ ਪਰ ਜੋਸ਼ ਜੀ ਨੇ ਕਿਹਾ ਹੈ ਕਿ ਸਰਕਾਰ ਨੇ ਕਾਹਲੀ ਕੀਤੀ ਹੈ । ਪਰ ਕੀ ਹੋ ਸਕਦਾ ਸੀ ਜਦੋਂ ਹਾਊਸ ਦੀ ਕਾਰਵਾਈ ਆਬਸਟ੍ਰੈਕਟ ਕੀਤੀ ਜਾਵੇ, ਮੈਂਬਰ ਭੁੰਜੇ ਬੈਠ ਜਾਣ......

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਸਰਕਾਰ ਦੀ ** ** ਬੈਠੇ ਸੀ ।

ਸ੍ਰੀ ਸਪੀਕਰ : ** ਦਾ ਸ਼ਬਦ ਐਕਸਪੰਜ ਕਰ ਦਿਤਾ ਜਾਵੇ, ਇਹ ਗੁੱਡ ਟੇਸਟ ਵਿਚ ਨਹੀਂ ਹੈ । (The word ** should be expunged, it is not in good taste)

ਮਾਲ ਅਤੇ ਚੋਣ ਮੰਤਰੀ : ਫਿਰ ਜੇ ਇਹ ਕਿਹਾ ਜਾਂਦਾ ਹੈ ਕਿ ਅਸੀਂ ਇਸ ਨੂੰ ਰੀਸਿੰਡ ਕਰਨਾ ਹੈ ਤਾਂ ਇਨ੍ਹਾਂ ਨੂੰ ਇਹ ਗੱਲਾਂ ਜ਼ਬਾਨੀ ਨਹੀਂ ਕਰਨੀਆਂ ਚਾਹੀਦੀਆਂ. ਇਸ ਦੇ ਲਈ ਕੋਈ ਬਾਕਾਇਦਾ ਮੋਸ਼ਨ ਲਿਆਉਣੀ ਚਾਹੀਦੀ ਹੈ । ਇਥੇ ਇਨ੍ਹਾਂ ਦੀ ਕੋਈ ਰਾਏ ਬਗੈਰ ਮੋਸ਼ਨ ਤੋਂ ਕਨਸਿਡਰ ਨਹੀਂ ਕੀਤੀ ਜਾ ਸਕਦੀ । ਜਿਥੋਂ ਤਕ ਸਰਕਾਰ ਦੀ ਕਾਰਵਾਈ ਦਾ ਤੁਅੱਲਕ ਹੈ ਇਹ ਰੂਲ 77 ਦੇ ਤਹਿਤ ਪੋਸਟਪੋਨ ਨਹੀਂ ਕੀਤੀ ਜਾ ਸਕਦੀ । ਅਸੀਂ ਪ੍ਰੋਗਰਾਮ ਵਿਚ ਬਾਕਾਇਦਾ ਡੇਢ ਵਜੇ ਤੱਕ ਦਾ ਬਿਜ਼ਨੈਸ ਰੱਖਿਆ ਸੀ, ਪਰ ਇਨ੍ਹਾਂ ਸਾਥੀਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਜਿਸ ਕਰਕੇ ਸਾਨੂੰ ਹਾਊਸ ਦੀ ਕਾਰਵਾਈ ਜਲਦੀ ਖਤਮ ਕਰਨੀ ਪਈ । ਮੈਂ ਇਸ ਬਾਰੇ ਆਪ ਜੀ ਨੂੰ ਰੂਲਜ਼ ਆਫ਼ ਬਿਜ਼ਨੈਸ ਦਾ ਹਵਾਲਾ ਦੇਣਾ ਚਾਹੁੰਦਾ ਹਾਂ ਕਿ ਮੈਂਬਰਜ਼ ਦੇ ਕੰਡਕਟ ਬਾਰੇ ਰੂਲ 90 ਹੈ ਜਿਸਦੇ ਵਿਚ ਕਲੀਅਰਲੀ ਲਿਖਿਆ ਹੋਇਆ ਹੈ । (ਵਿਘਨ-ਸ਼ੋਰ)

ਕੁਝ ਮਾਨਯੋਗ ਮੈਂਬਰ ** ** **

ਸ੍ਰੀ ਸਪੀਕਰ : ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਿਹਾ ਜਾ ਰਿਹਾ ਹੈ ਇਹ ਰੀਕਾਰਡ ਨਾ ਕੀਤਾ ਜਾਵੇ । (Whatever is being said without the permission of the Chair, should not be recorded.)

**Expunged not recorded as ordered by the Chair.

Revenue and Election Minister: It is written in Rule (90) (viii) of the Rules of Procedure and Conduct of Business :

> "Whilst the Assembly is sitting, a member shall maintain silence when not speaking himself in the Assembly;
>
> (ix) Shall not obstruct proceedings, his or interrupt and shall not make running commentaries when speaches are being made in the Assembly."

(Interruptions).

Rule 4 also is as under:

> "The Members shall sit in such order as the Speaker, after consultation with the Leader of the House and Leaders of parties, may appoint."

ਸਪੀਕਰ ਸਾਹਿਬ, ਇਹ ਮੈਂਬਰਜ਼ ਦਾ ਡੈਕੋਰਮ ਵੇਖਣ ਯੋਗ ਹੈ ਜਦੋਂ ਉਨ੍ਹਾਂ ਆਪਣੀਆਂ ਸੀਟਾਂ ਛੱਡੀਆਂ ਅਤੇ ਰਿਪੋਰਟਰਜ਼ ਦੇ ਨੇੜੇ ਥਲੇ ਆ ਬੈਠੇ । ਇਨ੍ਹਾਂ ਮੈਂਬਰਾਂ ਨੇ ਨਾ ਸਗੋਂ ਆਪਣੀ ਤੌਹੀਨ ਹੀ ਕਰਵਾਈ ਹੈ ਸਗੋਂ ਇਸ ਹਾਊਸ ਦੇ ਡੈਕੋਰਮ ਦੀ ਤੌਹੀਨ ਕੀਤੀ ਹੈ । (ਇਸ ਸਮੇਂ ਕੁਝ ਮਾਨਯੋਗ ਮੈਂਬਰਜ਼ ਬੋਲਣ ਲਈ ਖੜੇ ਹੋ ਗਏ।)

ਸ੍ਰੀ ਸਪੀਕਰ : ਆਪਣੀ ਸੀਟ ਤੇ ਬੈਠੋ । ਇਹ ਤਾਂ ਹਾਊਸ ਦੀ ਡਿਗਨਿਟੀ ਤੇ ਕਹਿ ਰਹੇ ਹਨ। (ਵਿਘਨ) (Please take your seat. He is talking about dignity of the House)

ਕੁਝ ਮਾਨਯੋਗ ਮੈਂਬਰ : ** **

ਸ੍ਰੀ ਸਪੀਕਰ : ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਿਹਾ ਜਾ ਰਿਹਾ ਹੈ, ਇਹ ਰਿਕਾਰਡ ਨਾ ਕੀਤਾ ਜਾਵੇ । (Whatever is being said without the permission of the Chair, should not be recorded.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਨੂੰ ਬੜਾ ਹੀ ਅਫ਼ਸੋਸ ਹੈ ਕਿ ਜਿਸ ਗੱਲ ਦਾ ਇਕ ਵਾਰ ਫੈਸਲਾ ਹੋ ਜਾਵੇ ਉਸ ਨੂੰ ਫੇਰ ਛੇੜਿਆ ਜਾ ਰਿਹਾ ਹੈ । ਇਸ ਮਸਲੇ ਤੇ ਤੁਹਾਡੀ, ਲੀਡਰ ਆਫ਼ ਦੀ ਹਾਊਸ, ਮੇਰੀ ਅਤੇ ਡਾਂਗ ਸਾਹਿਬ ਦੀ ਲਗਾਤਾਰ ਇਕ ਘੰਟਾ ਮੀਟਿੰਗ ਹੁੰਦੀ ਰਹੀ ਹੈ । ਬੜੇ ਚੰਗੇ ਮਾਹੌਲ ਦੇ ਵਿਚ ਇਸ ਬਾਰੇ ਅਸੀਂ ਫ਼ੈਸਲਾ ਕੀਤਾ । ਜੋ ਫ਼ੈਸਲਾ ਹੋਇਆ ਉਸ ਦੇ ਆਧਾਰ ਤੇ ਜਾਂ ਤਾਂ ਗਿਆਨੀ ਜੀ ਆਪਣੀ ਪਾਰਟੀ ਨੂੰ ਕਨਵੇ ਨਹੀਂ ਕਰ ਸਕੇ ਜਿਸ ਕਰਕੇ ਮੁੜ ਉਹੀ ਗੱਲ ਛੇੜ ਲਈ ਗਈ ਹੈ । ਇਸ ਤਰ੍ਹਾਂ ਇਕ ਘੰਟਾ ਜ਼ਾਇਆ ਕਰਨ ਦੀ ਸਾਨੂੰ ਕੀ ਲੋੜ ਸੀ ਜੇ ਮੁੜ ਉਹੀ ਗਲ ਛੇੜਨੀ ਸੀ । ਜਦੋਂ ਇਕ ਇਸ਼ੂ ਤੇ ਸਾਰੀ ਗੱਲਬਾਤ ਕਲੋਜ਼ ਹੀ ਕਰ ਦਿੱਤੀ ਫਿਰ ਇਸਨੂੰ ਕਿਉਂ ਬਾਰ ਬਾਰ ਲੈਂਦੇ ਹਨ; ਕਲ ਇਕ ਘੰਟਾ ਜ਼ਾਇਆ ਕਰਨ ਦੀ ਕੀ ਲੋੜ ਸੀ ? ਅਸਲ ਗੱਲ ਇਹ ਹੈ ਕਿ ਇਹ ਬਜਟ ਦੇ ਲਈ ਘੱਟ ਤੋਂ ਘੱਟ ਟਾਈਮ ਦੇਣਾ ਚਾਹੁੰਦੇ ਹਨ ਅਤੇ ਛੇਤੀ ਖ਼ਤਮ ਕਰਨਾ ਚਾਹੁੰਦੇ ਹਨ ।

**Not recorded. as ordered by the Chair.

ਸ੍ਰੀ ਸਪੀਕਰ: ਬਹੁਤ ਸਾਰੇ ਮੈਂਬਰ ਸਾਹਿਬਾਨ ਨੇ, ਲੀਡਰ ਆਫ਼ ਦੀ ਪਾਰਟੀਜ਼ ਨੇ ਆਪਣੇ ਜਜ਼ਬਾਤ ਦਾ ਇਜ਼ਹਾਰ ਕੀਤਾ ਹੈ। ਇਨ੍ਹਾਂ ਜਜ਼ਬਾਤ ਦੀ ਰੌਸ਼ਨੀ ਵਿਚ ਮੈਨੂੰ ਵਿਸ਼ਵਾਸ ਹੈ ਕਿ ਆਉਣ ਵਾਲੇ ਦਿਨ ਕੁਝ ਠੀਕ ਢੰਗ ਨਾਲ ਚਲਣਗੇ। ਮੈਂ ਮਹਿਸੂਸ ਕਰਦਾ ਹਾਂ ਕਿ ਅਸੀਂ ਆਪਣੇ 2 ਇਲਾਕੇ ਦੀਆਂ ਪ੍ਰਾਬਲਮਜ਼ ਲੈਕੇ ਆਏ ਹਾਂ, ਲੋਕਾਂ ਦੀਆਂ ਤਕਲੀਫ਼ ਦੂਰ ਕਰਨ ਆਏ ਹਾਂ। ਜਿਸ ਇਸ਼ੂ ਤੇ ਗੱਲ ਬਾਤ ਹੋ ਰਹੀ ਸੀ ਉਸ ਨੂੰ ਹੁਣ ਮੈਂ ਕਲੋਜ਼ ਕਰਦਾ ਹਾਂ। ਜੇ ਕੋਈ ਐਸੀ ਗੱਲ ਹੋਵੇ ਵੀ ਤਾਂ ਉਹ ਹਾਊਸ ਵਿਚ ਲਿਆਉਣ ਦੀ ਬਜਾਏ ਲੀਡਰ ਸਾਹਿਬਾਨ ਅਲਹਿਦਾ ਬੈਠ ਕੇ ਨਿਪਟਾ ਸਕਦੇ ਹਨ। ਹੁਣ ਮੈਂ ਕਾਲ ਅਟੈਨਸ਼ਨ ਮੋਸ਼ਨਜ਼ ਲੈਂਦਾ ਹਾਂ। (Many Members and Leaders of the Parties have expressed their views. I hope that in view of their sentiments the coming days will pass smoothly. I feel that we have come here to solve the problems and difficulties of our constituencies and we should devote our time for that purpose. I, therefore close the issue which was being discussed just now. If, however, any difficulty arises it can be settled by the leaders of the parties. Now I will take up Call Attention Notices).

POINTS OF ORDER REG. RELEASING OF ARRESTED GOVERNMENT EMPLOYEES PERSONS AND TRANSFERRING OF OFFICERS/OFFICIALS IN CONNECTION WITH KAPURTHALA INCIDENT

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਇਕ ਬਹੁਤ ਹੀ ਗੰਭੀਰ ਮੁਆਮਲੇ ਉਤੇ ਮੇਰੀ ਐਡਜਰਨਮੈਂਟ ਮੋਸ਼ਨ ਸੀ। ਇਹ ਠੀਕ ਹੈ ਕਿ ਕਪੂਰਥਲੇ ਦੇ ਇਕ ਅਫ਼ਸੋਸਨਾਕ ਵਾਕੇ ਬਾਰੇ ਚੀਫ਼ ਮਨਿਸਟਰ ਸਾਹਿਬ ਨੇ ਜਿਊਡੀਸ਼ਲ ਇਨਕੁਆਇਰੀ ਮੰਨ ਲਈ ਹੈ। ਪਰ ਚੀਫ਼ ਮਨਿਸਟਰ ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਜੇ ਪੰਜਾਬ ਦੀ ਜਨਤਾ ਦੀ ਤਸੱਲੀ ਨਹੀਂ ਹੋਈ ਅਤੇ ਇਹ ਗੱਲ ਇਸ ਤੋਂ ਕਲੀਅਰ ਹੁੰਦੀ ਹੈ ਕਿ ਪੈਪਸੂ ਰੋਡਵੇਜ਼ ਦੇ ਐਂਪਲਾਈਜ਼ ਨੇ ਉਨ੍ਹਾਂ ਲੋਕਾਂ ਦੀ ਹਮਦਰਦੀ ਵਿਚ ਇਨਡੈਫ਼ਨਿਟ ਪੀਰੀਅਡ ਲਈ ਹੜਤਾਲ ਕਰ ਦਿੱਤੀ ਹੈ। ਉਨ੍ਹਾਂ ਦੀ ਹਮਦਰਦੀ ਵਿਚ ਪੰਜਾਬ ਰੋਡਵੇਜ਼ ਦੇ ਐਂਪਲਾਈਜ਼ ਅੱਜ ਤੋਂ ਹੜਤਾਲ ਤੇ ਜਾ ਰਹੇ ਹਨ। ਇਸ ਐਜੀਟੇਸ਼ਨ ਨੂੰ ਚਲਾਉਣ ਲਈ ਕਪੂਰਥਲੇ ਵਿਚ ਇਕ ਆਲ ਪਾਰਟੀਜ਼ ਐਕਸ਼ਨ ਕਮੇਟੀ ਬਣ ਚੁਕੀ ਹੈ। ਕਪੂਰਥਲਾ ਬੰਦ ਦਾ ਪ੍ਰੋਗਰਾਮ ਵੀ ਚਾਕ ਆਊਟ ਹੋ ਚੁੱਕਾ ਹੈ। ਉਨ੍ਹਾਂ ਦੀ ਜਾਇਜ਼ ਮੰਗ ਹੈ ਕਿ ਇਨਸਪੈਕਟਰ ਮੌੜ ਅਤੇ ਸਵਰਨ ਸਿੰਘ ਨੂੰ, ਜਿਨ੍ਹਾਂ ਤੇ ਇਸ ਸਾਰੀ ਕਾਰਵਾਈ ਦੀ ਜ਼ਿਮੇਂਵਾਰੀ ਹੈ, ਇਮੀਜੀਏਟਲੀ ਸਸਪੈਂਡ ਕੀਤਾ ਜਾਵੇ। ਲੋਕਾਂ ਦੀ ਜਾਇਜ਼ ਮੰਗ ਸੀ ਉਹ 20 ਲਿਟਰ ਤੇਲ ਮੰਗਦੇ ਸੀ ਪਰ ਡੀ. ਸੀ. ਨੇ 11 ਲਿਟਰ ਦਿੱਤਾ ਲੋਕਾਂ ਨੇ ਜਦੋਂ ਜਲੂਸ ਦੀ ਸ਼ਕਲ ਵਿਚ ਨਾਹਰੇ ਬਾਜ਼ੀ ਕੀਤੀ ਤਾਂ ਡੀ. ਸੀ. ਜਿਹੜਾ ਪਹਿਲਾਂ ਕਹਿੰਦਾ ਸੀ ਕਿ ਮੇਰੇ ਪਾਸ ਤਾਂ ਤੇਲ ਹੈ ਨਹੀਂ 11 ਦੀ ਬਜਾਏ 20 ਲਿਟਰ ਦੇਣਾ ਹੀ ਮੰਨ ਲਿਆ। ਇਹ ਜੋ ਸਿਚੂਏਸ਼ਨ ਹੈਂਡਲ ਕਰਨ ਵਿਚ ਉਥੇ ਦਾ ਡੀ. ਸੀ. ਅਸਫ਼ਲ ਰਿਹਾ ਹੈ, ਜਨਤਾ ਮੰਗ ਕਰਦੀ ਹੈ ਕਿ ਉਸ ਨੂੰ ਫੌਰਨ ਟਰਾਂਸਫਰ ਕੀਤਾ ਜਾਵੇ। (ਵਿਘਨ)

ਮਾਲ ਅਤੇ ਚੋਣ ਮੰਤਰੀ: ਸਪੀਕਰ ਸਾਹਿਬ, ਮੇਰੀ ਰਿਕੁਐਸਟ ਇਹ ਹੈ ਕਿ ਜਦੋਂ ਇਕ ਵਾਰ ਇਹ ਗੱਲ-ਕਲ ਹੋ ਚੁਕੀ ਸੀ, ਹੁਣ ਫੇਰ ਇਹ ਨਵੇਂ ਸਿਰਿਓਂ ਰੀਓਪਨ ਕਿਉਂ ਕੀਤੀ ਜਾ ਰਹੀ ਹੈ।

11.00 A.M.

ਕਾਮਰੇਡ ਸੱਤ ਪਾਲ ਡਾਂਗ: ਜਿਥੋਂ ਤੱਕ ਰੋਡਵੇਜ਼ ਵਰਕਰਾਂ ਦਾ ਸਵਾਲ ਹੈ ਮੈਂ ਇਨਕੁਆਇਰੀਆਂ ਕੀਤੀਆਂ ਹਨ, ਜ਼ਿਮੇਂਵਾਰ ਬੰਦਿਆਂ ਨੂੰ ਮੈਂ ਮਿਲਿਆ ਹਾਂ, ਫੈਕਟਸ ਬਿਲਕੁਲ ਕਲੀਅਰ ਹਨ। ਕਿਸਾਨਾਂ ਦਾ ਜਲੂਸ, ਜਦੋਂ ਉਨ੍ਹਾਂ ਨੂੰ 20 ਲਿਟਰ, ਤੇਲ ਦੇਣ ਤੋਂ ਇਨਕਾਰ ਕੀਤਾ ਗਿਆ, ਉਥੋਂ ਚਲਿਆ। ਪੈਪਸੂ ਰੋਡਵੇਜ਼ ਡਿਪੂ ਕੋਲ ਜਿਸ ਵੇਲੇ ਜਲੂਸ ਪਹੁੰਚਿਆ ਤਾਂ ਉਨ੍ਹਾਂ ਨੇ ਕਿਹਾ ਕਿ ਡੀਜ਼ਲ ਸਾਨੂੰ ਨਹੀਂ ਮਿਲ ਰਿਹਾ ਅਤੇ ਇਹ ਬਸਾਂ ਡੀਜ਼ਲ ਨਾਲ ਚਲ ਰਹੀਆਂ ਹਨ। ਉਨ੍ਹਾਂ ਨੇ ਐਂਪਲਾਈਜ਼ ਨੂੰ ਕਿਹਾ ਸੀ ਕਿ ਅਸੀਂ ਬਸਾਂ ਦਾ ਨੁਕਸਾਨ ਨਹੀਂ ਕਰਨਾ ਚਾਹੁੰਦੇ। ਅਸੀਂ ਬੱਸਾਂ ਦਾ ਤੇਲ ਨਹੀਂ ਕਢਾਂਗੇ। (ਵਿਘਨ) ਪੁਲਿਸ ਨੇ ਐਂਪਲਾਈਜ਼ ਦੇ ਲੀਡਰ, ਸ਼੍ਰੀ ਕੁਲਬੀਰ ਸਿੰਘ, ਜੋ ਕਿ ਵਾਈਸ ਪ੍ਰੈਜ਼ੀਡੈਂਟ ਪੈਪਸੂ ਰੋਡਵੇਜ਼ ਵਰਕਰਜ਼ ਦੇ ਹਨ, ਨੇ ਕਿਹਾ ਕਿ ਜੋ ਝਗੜਾ ਕਰਨਾ ਹੈ ਉਹ ਡਿਪੂ ਤੋਂ ਬਾਹਰ ਕਰੋ ਅਤੇ ਇਸ ਨਾਲ ਡਿਪੂ ਦਾ ਕੋਈ ਨੁਕਸਾਨ ਨਹੀਂ ਹੋਣਾ ਚਾਹੀਦਾ। ਇਸ ਤੇ ਪੁਲਿਸ ਦੇ ਇਨਸਪੈਕਟਰ ਅਤੇ ਸਬ-ਇਨਸਪੈਕਟਰ ਨੇ ਜਲੂਸ ਨੂੰ ਲਾਠੀਆਂ ਨਾਲ ਬੇਤਹਾਸ਼ਾ ਕੁਟਣਾ ਸ਼ੁਰੂ ਕਰ ਦਿੱਤਾ। ਕੁਲਬੀਰ ਸਿੰਘ ਨੂੰ ਐਨਾਂ ਮਾਰਿਆ ਗਿਆ ਕਿ ਉਹਦੇ ਦੰਦ ਵੀ ਟੁੱਟ ਗਏ। (ਵਿਘਨ)

ਸ਼੍ਰੀ ਸਪੀਕਰ: ਤੁਸੀਂ ਐਡਜਰਨਮੈਂਟ ਮੋਸ਼ਨ ਤੇ ਕਹਿ ਲੈਣਾ। ਹੁਣ ਬੈਠੋ। (ਵਿਘਨ) (You can have your say when your Adjournment Motion comes before the House. Now please resume your seat) (*Interruptions*)

ਕਾਮਰੇਡ ਸੱਤ ਪਾਲ ਡਾਂਗ: ਮੈਂ ਲਾਸਟ ਗੱਲ ਦੱਸਣੀ ਹੈ। ਇਨ੍ਹਾਂ ਦੋ ਪੁਲਿਸ ਕਰਮਚਾਰੀਆਂ ਨੇ (ਵਿਘਨ)

ਮਾਲ ਅਤੇ ਚੋਣ ਮੰਤਰੀ: ਕਲ ਇਸੇ ਇਸ਼ੂ ਤੇ ਜਿਊਡੀਸ਼ਲ ਇਨਕੁਆਇਰੀ ਅਨਾਊਂਸ ਕਰ ਦਿੱਤੀ ਗਈ ਸੀ। ਹੁਣ ਕੁਝ ਕਹਿਣਾ ਸਬਜੂਡਿਸ ਹੋਵੇਗਾ। ਜਿਹੜਾ ਇਨ੍ਹਾਂ ਨੇ ਇਸ ਬਾਰੇ ਕਹਿਣਾ ਹੈ ਉਹ ਫੈਕਟਸ ਇਨਕੁਆਇਰੀ ਕਰਨ ਵਾਲੇ ਨੂੰ ਦੇ ਦੇਣ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ: ਇਹ ਦੋ ਪੁਲਿਸ ਕਰਮਚਾਰੀਆਂ ਵਿਚੋਂ ਇਕ ਤਾਂ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਵਿਚ ਇੰਡਾਈਟ ਹੈ ਅਤੇ ਦੂਜਾ ਸਸਪੈਂਡ ਰਿਹਾ ਹੈ। ਇਨ੍ਹਾਂ ਨੇ ਕਲ ਰਾਤ ਨੂੰ 12-30 ਵਜੇ ਸ਼ਰਾਬ ਪੀਕੇ (ਵਿਘਨ) ਰੋਡਵੇਜ਼ ਦੇ ਵਰਕਰਾਂ ਨੂੰ ਮੁੜਕੇ ਕੁਟਿਆ ਹੈ। (ਵਿਘਨ) ਇਹ ਜਿਊਡੀਸ਼ਲ ਇਨਕੁਆਇਰੀ ਠੀਕ ਨਹੀਂ ਹੋਏਗੀ। (ਵਿਘਨ) ਕਰਮਚਾਰੀਆਂ ਦੇ ਖਿਲਾਫ਼ ਮੁਕੱਦਮੇ ਵਾਪਿਸ ਲਏ ਜਾਣੇ ਚਾਹੀਦੇ ਹਨ। ਦੋਵੇਂ ਪੁਲਿਸ ਕਰਮਚਾਰੀ ਸਸਪੈਂਡ ਕੀਤੇ ਜਾਣ ਅਤੇ ਡਿਪਟੀ ਕਮਿਸ਼ਨਰ ਟ੍ਰਾਂਸਫ਼ਰ ਕੀਤਾ ਜਾਏ ਤਾਂ ਕਿਤੇ ਜਾਕੇ ਅਮਨ ਹੋਏਗਾ। ਇਸ ਨਾਲ ਜਿਊਡੀਸ਼ਲ ਇਨਕੁਆਇਰੀ ਠੀਕ ਢੰਗ ਨਾਲ ਕੰਡਕਟ ਹੋ ਸਕੇਗੀ ਨਹੀਂ ਤਾਂ ਇਸ ਜਿਊਡੀਸ਼ਲ ਇਨਕੁਆਇਰੀ ਦਾ ਕੋਈ ਫ਼ਾਇਦਾ ਨਹੀਂ ਹੋਏਗਾ। (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਡਾਂਗ ਸਾਹਿਬ ਨੇ ਬੜੀ ਜ਼ਿਆਦਤੀ ਕੀਤੀ ਹੈ ਔਰ ਜਿਊਡੀਸ਼ਲ ਇਨਕੁਆਇਰੀ ਦੀ ਸੈਂਕਟਿਟੀ ਨੂੰ ਬਿਲਕੁਲ ਨਹੀਂ ਰਹਿਣ ਦਿੱਤਾ। ਅਗਰ ਇਸੇ ਤਰ੍ਹਾਂ ਜਿਊਡੀਸ਼ਲ

[ਮੁੱਖ ਮੰਤਰੀ]

ਇਨਕੁਆਇਰੀ ਦਾ ਫੈਸਲਾ ਹੋਣ ਤੋਂ ਬਾਅਦ ਸਟੇਟਮੈਂਟਸ ਆਉਂਦੀਆਂ ਰਹੀਆਂ ਤਾਂ ਅਸਲੀਅਤ ਬਾਹਰ ਨਹੀਂ ਆ ਸਕੇਗੀ ਅਤੇ ਇਨਸਾਫ ਨਹੀਂ ਹੋ ਸਕੇਗਾ । ਮੈਂ ਬੇਨਤੀ ਕਰਾਂਗਾ ਡਾਂਗ ਸਾਹਿਬ ਨੂੰ ਕਿ ਉਹ ਇਨ੍ਹਾਂ ਚੀਜ਼ਾਂ ਨੂੰ ਨਾ ਲਿਆਉਣ । ਇਸ ਗੱਲ ਵਿਚ ਕੋਆਪਰੇਸ਼ਨ ਦੇਣ ਤਾਂ ਜੋ ਪਤਾ ਲਗ ਸਕੇ ਕਿ ਅਸਲ ਵਾਕਿਆਤ ਕੀ ਹੋਏ ਹਨ ਅਤੇ ਅਸਲੀਅਤ ਬਾਹਰ ਆ ਜਾਏ, ਨਹੀਂ ਤਾਂ ਜੋ ਇਨਕੁਆਇਰੀ ਹੋਏਗੀ ਉਹ ਠੀਕ ਨਤੀਜੇ ਤੇ ਨਹੀਂ ਪਹੁੰਚ ਸਕੇਗੀ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਹੈ । ਠੀਕ ਹੈ ਜਿਊਡੀਸ਼ਲ ਕਮਿਸ਼ਨ ਦੀ ਜਿਹੜੀ ਇਹ ਸਾਰੇ ਹਾਊਸ ਦੀ ਮੰਗ ਸੀ, ਮੰਨੀ ਗਈ ਹੈ (ਵਿਘਨ)

Mr. Speaker: Order, order please.

ਸਰਦਾਰ ਅਜਾਇਬ ਸਿੰਘ ਸੰਧੂ: ਜਦੋਂ ਤਕ ਜਿਊਡੀਸ਼ਲ ਕਮਿਸ਼ਨ ਇਹ ਕੰਮ ਕਰੇਗਾ ਉਦੋਂ ਤੱਕ ਕੋਈ ਅਜਿਹੀ ਗੱਲ ਨਹੀਂ ਕਰਨੀ ਚਾਹੀਦੀ ਜਿਸ ਦੇ ਨਾਲ ਕਿ ਜਿਊਡੀਸ਼ਲ ਕਮਿਸ਼ਨ ਦੀ ਪਰੋਸੀਡਿੰਗਜ਼ ਵਿਚ ਆਬਸਟ੍ਰਕਸ਼ਨ ਹੋਵੇ । ਲੇਕਿਨ, ਸਪੀਕਰ ਸਾਹਿਬ, ਜੇ ਗੱਲ ਉਸ ਤੋਂ ਬਾਹਰ ਹੁੰਦੀ ਹੋਵੇ ਉਹ ਤਾਂ ਜ਼ਰੂਰ ਕਰ ਲੈਣੀ ਚਾਹੀਦੀ ਹੈ (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਬੰਦੇ ਚਾਹੇ ਉਹ ਪੈਪਸੂ ਰੋਡਵੇਜ਼ ਦੇ ਮੁਲਾਜ਼ਮ ਹਨ ਚਾਹੇ ਘਾਕੀ ਹਨ ਅਤੇ ਜਿਨ੍ਹਾਂ ਨੂੰ ਉਥੇ ਦੀ ਪੁਲਿਸ ਨੇ ਕਤਲ ਦੇ ਕੇਸ ਬਣਾਕੇ ਅਰੈਸਟ ਕੀਤਾ ਹੋਇਆ ਹੈ (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਾਕਿਆ ਕਰਕੇ ਲੋਕ ਹੜਤਾਲ ਕਰਨ ਨੂੰ ਤਿਆਰ ਹਨ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਡੀ. ਸੀ. ਨੂੰ ਬਦਲੋ ਔਰ ਜੋ ਮੁਲਾਜ਼ਮ ਲੋਕ ਅਰੈਸਟ ਕੀਤੇ ਹਨ ਉਨ੍ਹਾਂ ਨੂੰ ਰਿਹਾ ਕਰੋ (ਵਿਘਨ) ਤੁਸੀਂ ਗੁਜਰਾਤ ਵਰਗੇ ਹਾਲਾਤ ਪੈਦਾ ਕਰ ਰਹੇ ਹੋ ।

ਚੌਧਰੀ ਦਰਸ਼ਨ ਸਿੰਘ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਜਿਊਡੀਸ਼ਲ ਇਨਕੁਆਇਰੀ ਕਿਵੇਂ ਹੋਏਗੀ ਜਿਊਡੀਸ਼ਲ ਇਨਕੁਆਇਰੀ ਕਰਾਉਣ ਵਾਸਤੇ ਜਿਹੜੀਆਂ ਗੱਲਾਂ ਸਾਡੇ ਨਾਲ ਕਰਨੀਆ ਚਾਹੀਦੀਆਂ ਹਨ ਉਹ ਹਾਊਸ ਵਿਚ ਫੈਲਾ ਰਹੇ ਹਨ (ਵਿਘਨ) ਇਸ ਤਰ੍ਹਾਂ ਜੁਡੀਸ਼ਲ ਇਨਕੁਆਇਰੀ ਕਿਸ ਤਰ੍ਹਾਂ ਹੋਏਗੀ । (ਸ਼ੋਰ) ਜਿਊਡੀਸ਼ਲ ਇਨਕੁਆਇਰੀ ਦੇ ਆਰਡਰ ਹੋ ਚੁਕੇ ਹਨ (ਵਿਘਨ) ਜਿਊਡੀਸ਼ਲ ਇਨਕੁਆਇਰੀ ਵੀ ਹੋਵੇ ਔਰ ਅਫ਼ਸਰਾਂ ਨੂੰ ਸਜ਼ਾਵਾਂ ਵੀ ਦਿੱਤੀਆਂ ਜਾਣ ਇਹ ਦੋਵੇਂ ਗੱਲਾਂ ਕਿਵੇਂ ਹੋ ਸਕਦੀਆ ਹਨ । (ਵਿਘਨ)

(ਇਸ ਸਮੇਂ ਐਨਾ ਸ਼ੋਰ ਪੈ ਰਿਹਾ ਸੀ ਕਿ ਕੁਝ ਸੁਣਾਈ ਨਹੀਂ ਦਿੰਦਾ ਸੀ)

ਸਰਦਾਰ ਅਜਾਇਬ ਸਿੰਘ ਸੰਧੂ: ** **

ਸ੍ਰੀ ਸਪੀਕਰ: ਇਹ ਜੋ ਕੁਝ ਬਗੈਰ ਪਰਮਿਸ਼ਨ ਆਫ਼ ਦੀ ਚੇਅਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ । (Whatever the hon. Member is say-

**Not recorded as ordered by the Chair.

ing without the permission of the Chair, should not be recorded).

ਚੌਧਰੀ ਦਰਸ਼ਨ ਸਿੰਘ. ਸਪੀਕਰ ਸਾਹਿਬ, ਹੁਣੇ ਹੀ ਫੈਸਲਾ ਕਰਕੇ ਆਏ ਹਾਂ ਕਿ ਹਾਊਸ ਵਿਚ ਆਰਡਰ ਮੈਨਟੇਨ ਕਰਨਾ ਹੈ । ਇਸ ਬਾਰੇ ਹੁਣੇ ਡਿਸਾਈਡ ਕਰਕੇ ਆਏ ਹਨ । ਪਰ ਇਸ ਤੇ ਅਮਲ ਕੋਈ ਨਹੀਂ ਹੋ ਰਿਹਾ । ਮੇਰੀ ਪ੍ਰਿਵਿਲੇਜ ਮੋਸ਼ਨ ਦਾ ਪਤਾ ਨਹੀਂ ਕਿਸ ਤਰ੍ਹਾਂ ਫੈਸਲਾ ਕਰ ਦਿੱਤਾ ਹੈ (ਵਿਘਨ)

ਸ਼੍ਰੀ ਸਪੀਕਰ: ਇਹ ਪੈਂਡਿੰਗ ਰਹੇਗੀ । ਤੁਸੀਂ ਬੈਠੋ । (It will be kept pending. Please resume your seat).

ਚੌਧਰੀ ਦਰਸ਼ਨ ਸਿੰਘ: ਆਰਟੀਕਲ 252 ਥੱਲੇ ਇਸ ਨੂੰ ਇਨ ਆਰਡਰ ਡਿਕਲੇਅਰ ਕੀਤਾ (ਵਿਘਨ)

ਸ਼੍ਰੀ ਸਪੀਕਰ: ਮੈਂ ਤਾਂ ਹਾਊਸ ਅਗੇ ਗੱਲ ਲਿਆਂਦੀ ਸੀ । ਇਸ ਨੂੰ ਸਾਰੇ ਪਾਰਟੀ ਲੀਡਰਜ਼ ਨਾਲ ਗਲ ਕਰਕੇ ਡਿਸਾਈਡ ਕਰਾਂਗੇ ਕਿ ਅਗੇ ਨੂੰ ਕਿਸ ਤਰ੍ਹਾਂ ਨਾਲ ਚਲਾਣਾ ਹੈ। ਇਸ ਇਸ਼ੂ ਨੂੰ ਹਾਲੇ ਨਾ ਚੁਕੋ । (I had placed this matter before the House. It will be decided in consultation with the leaders of all the parties as to how we should proceed further. Please do not take up this issue now.)

ਸਰਦਾਰ ਦਰਬਾਰਾ ਸਿੰਘ: ** **

Mr. Speaker: Please resume your seat. This is no point of order.

ਸਰਦਾਰ ਗੁਰਦੇਵ ਸਿੰਘ ਬਾਦਲ:

Mr. Speaker: This is no point of order. This should not be recorded.

ਡਾਕਟਰ ਅਮੀਰ ਸਿੰਘ ਕਲਕਟ: ** **

ਸ਼੍ਰੀ ਸਪੀਕਰ: This is no point of order. ਇਹ ਪਰੋਸੀਡਿੰਗਜ਼ ਦਾ ਹਿੱਸਾ ਨਾ ਬਣੇ । (This is no point of order. It should not form part of the proceedings.)

ਕਾਮਰੇਡ ਦਰਸ਼ਨ ਸਿਘ ਕੇਨੇਡੀਅਨ: [* ** **] ** (ਵਿਘਨ)

Mr. Speaker: This is no point of order.

**Expunged/Not recorded as ordered by the Chair.

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ: ਸਪੀਕਰ ਸਾਹਿਬ, ਤੁਸੀਂ ਡਾਕਟਰ ਅਮੀਰ ਸਿੰਘ ਕਲਕਟ ਨੂੰ ਵੀ ਐਲਾਓ ਕੀਤਾ ਹੈ, ਉਨ੍ਹਾਂ ਦਾ ਵੀ ਪੁਆਇੰਟ ਆਫ਼ ਆਰਡਰ ਨਹੀਂ ਸੀ ਬਣਦਾ ।

Mr. Speaker: I have given my ruling that that was no Point of Order.

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ: **

Mr. Speaker: This is no point of order. This should not be recorded.

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਤੁਸੀਂ ਮੇਰਾ ਪੁਆਇੰਟ ਆਫ਼ ਆਰਡਰ ਕਟ ਦਿੱਤਾ ਹੈ । (ਵਿਘਨ) (ਸ਼ੋਰ) ਮੈਂ ਪਰੋਟੈਸਟ ਦੇ ਤੌਰ ਤੇ ਵਾਕ ਆਊਟ ਕਰਦਾ ਹਾਂ ।

(ਇਸ ਸਮੇਂ ਜਦ ਕਿ ਡਾਕਟਰ ਅਮੀਰ ਸਿੰਘ ਕਲਕਟ ਵਾਕ ਆਊਟ ਕਰਕੇ ਬਾਹਰ ਜਾ ਰਹੇ ਸਨ, ਕੁਝ ਮਾਨਯੋਗ ਮੈਂਬਰਾਂ ਨੇ ਉਨ੍ਹਾਂ ਨੂੰ ਫੜਕੇ ਵਾਪਿਸ ਲੈ ਆਂਦਾ ।)

ਡਾਕਟਰ ਅਮੀਰ ਸਿੰਘ ਕਲਕਟ : ** **

ਸ੍ਰੀ ਸਪੀਕਰ : ਜੋ ਕੁਝ ਬਗੈਰ ਪਰਮਿਸ਼ਨ ਦੇ ਬੋਲ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । (Whatever is being said without the permission of the Chair, should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਕ ਐਡਜਰਨਮੈਂਟ ਮੋਸ਼ਨ ਜਨਾਬ ਨੂੰ ਭੇਜੀ ਸੀ ਕਿ ਡਾਕਟਰ ਅੰਬੇਦਕਰ ਜਿਹੜੇ ਕਿ ਕਾਨੂੰਨ ਨੂੰ ਬਣਾਉਣ ਵਾਲੇ ਹਨ ਅਤੇ ਜਿਨ੍ਹਾਂ ਨੇ ਹਿੰਦੋਸਤਾਨ ਦਾ ਕਾਨਸਟੀਚਿਊਸ਼ਨ ਬਣਾਇਆ ਹੈ, ਜਿਹੜੇ ਕਿ ਹਿੰਦੋਸਤਾਨ ਦੇ ਨੈਸ਼ਨਲ ਲੀਡਰ ਹਨ ਅਤੇ ਜੋ ਹਿੰਦੋਸਤਾਨ ਦੇ ਸ਼ੈਡਿਊਲਡ ਕਾਸਟਸ ਲੋਕਾਂ ਦੇ ਲੀਡਰ ਹਨ, ਉਨ੍ਹਾਂ ਦੇ ਜਨਮ ਦਿਨ ਦੀ ਛੁਟੀ ਪਹਿਲਾਂ ਹੁੰਦੀ ਸੀ ਪਰ ਹੁਣ ਇਨ੍ਹਾਂ ਨੇ ਕੈਂਸਲ ਕਰ ਦਿੱਤੀ ਹੈ.... (ਵਿਘਨ)

ਸ੍ਰੀ ਸਪੀਕਰ : ਇਹ 8 ਵਜਕੇ 40 ਮਿੰਟ ਤੇ ਆਈ ਹੈ । (ਵਿਘਨ) ਇਸ ਲਈ ਇਹ ਕੱਲ ਨੂੰ ਹੋਵੇਗੀ । (It was received at 8.40 A.M. (*Interruption*) So it will be taken up tomorrow.)

ਸਰਦਾਰ ਅਜਾਇਬ ਸਿੰਘ ਸੰਧੂ : ਇਨ੍ਹਾਂ ਨੇ ਇਹ ਛੁੱਟੀ ਕੈਂਸਲ ਕਿਉਂ ਕੀਤੀ ਹੈ। ਉਨ੍ਹਾਂ ਦੇ ਜਨਮ ਦਿਨ ਦੀ ਛੁੱਟੀ ਕਿਉਂ ਕੈਂਸਲ ਕੀਤੀ ਗਈ ਹੈ । (ਵਿਘਨ) ਇਹ ਫਿਰ ਇਨ੍ਹਾਂ ਦਾ ਐਂਟੀ-ਸ਼ੋਸ਼ਲ ਸਟੈਪ ਹੈ ।

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਮੁਆਫ਼ ਕਰਨਾ, ਮੈਂ ਇੰਟਰੱਪਟ ਕੀਤਾ ਹੈ; ਕਿਉਂਕਿ ਮੈਂ ਡਾਂ ਸਾਹਿਬ ਦਾ ਅਤੇ ਸਰਦਾਰ ਦਰਬਾਰਾ ਸਿੰਘ ਦਾ ਜਵਾਬ ਨਹੀਂ ਦੇ

**Not recorded as ordered by the Chair.

ਸਕਿਆ । ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਸਾਰੀਆਂ ਮੁਮਕਿਨ ਕਾਰਵਾਈਆਂ ਜਿਸ ਦੇ ਨਾਲ ਜਿਊਡੀਸ਼ੀਅਲ ਇਨਕੁਆਇਰੀ ਠੀਕ ਤਰੀਕੇ ਤੇ ਹੋ ਜਾਵੇ, ਇਹ ਸਰਕਾਰ ਕਰਨ ਨੂੰ ਤਿਆਰ ਹੈ । ਲੇਕਿਨ ਇਹ ਗੱਲ ਮੈਂ ਬਿਲਕੁਲ ਮੰਨਣ ਨੂੰ ਤਿਆਰ ਨਹੀਂ ਹਾਂ ਕਿ ਜਿਊਡੀਸ਼ੀਅਲ ਇਨਕੁਆਇਰੀ ਦਾ ਆਰਡਰ ਹੋਇਆ ਹੋਵੇ ਅਤੇ ਉਨ੍ਹਾਂ ਅਫਸਰਾਂ ਨੂੰ ਮੁਜਰਮ ਪਹਿਲਾਂ ਹੀ ਕਰਾਰ ਦੇ ਕੇ ਸਜ਼ਾ ਦਿੱਤੀ ਜਾਵੇ । ਇਨਅਕੁਆਇਰੀ ਵਾਸਤੇ ਜੋ ਪਰੋਸੀਜ਼ਰ ਹੁੰਦਾ ਹੈ, ਉਸ ਸਬੰਧੀ ਸਾਰੇ ਮੁਮਕਿਨ ਕਦਮ ਉਠਾਏ ਜਾਣਗੇ । ਪਰ ਇਹ ਜਿਹੜਾ ਇਸ ਤਰ੍ਹਾਂ ਕਰ ਰਹੇ ਹਨ ਇਹ ਸਰਕਾਰੀ ਅਫ਼ਸਰਾਂ ਨੂੰ ਡਿਸਹਾਰਟ ਕਰਨ ਵਾਸਤੇ ਕੀਤਾ ਜਾ ਰਿਹਾ ਹੈ । ਇਸ ਤਰ੍ਹਾਂ ਸਰਕਾਰਾਂ ਨਹੀਂ ਚਲ ਸਕਦੀਆਂ । ਅਫ਼ਸਰਾਂ ਨੂੰ ਹਰ ਮਜ਼ਬੂਰੀ ਦਾ ਸਾਹਮਣਾ ਕਰਨਾ ਪੈਂਦਾ ਹੈ । ਪੜਤਾਲ ਮਗਰੋਂ ਪਤਾ ਲਗੇਗਾ ਕਿ ਕਿਉਂ ਗੋਲੀ ਚਲਾਉਣੀ ਪਈ । ਉਨ੍ਹਾਂ ਲੋਕਾਂ ਨੇ ਡੀ. ਸੀ. ਦੇ ਖਿਲਾਫ਼ ਕੀ ਕੀਤਾ, ਇਹ ਸਾਰੀਆਂ ਗੱਲਾਂ ਲੋਕਾਂ ਦੇ ਸਾਹਮਣੇ ਆਉਣਗੀਆਂ । ਇਸ ਵਾਸਤੇ ਮੈਂ ਇਹ ਮੰਨਣ ਵਾਸਤੇ ਤਿਆਰ ਨਹੀਂ ਹਾਂ ਕਿ ਉਨ੍ਹਾਂ ਨੂੰ ਪਹਿਲਾਂ ਮੁਜ਼ਰਮ ਕਰਾਰ ਦਿੱਤਾ ਜਾ । ਪਤਾ ਨਹੀਂ ਕਿ ਡਾਂਗ ਸਾਹਿਬ ਵੀ ਇਸ ਤਰ੍ਹਾਂ ਕਿਉਂ ਕਹਿ ਰਹੇ ਹਨ । ਜੇ ਇਨ੍ਹਾਂ ੀ ਗੱਲ ਮੰਨ ਲਈ ਜਾਵੇ ਤਾਂ ਜਿਊਡੀਸ਼ੀਅਲ ਇਨਕੁਆਇਰੀ ਦੀ ਕੀ ਲੋੜ ਹੈ ? ਇਸ ਤੋਂ ਬਿਨਾਂ ਹੀ ਐਕਸ਼ਨ ਲਿਆ ਜਾ ਸਕਦਾ ਸੀ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਜੋ ਪ੍ਰੋਸੀਜ਼ਰ ਜਿਊਡੀਸ਼ੀਅਲ ਇਨਕੁਆਰੀ ਦਾ ਹੁੰਦਾ ਹੈ, ਉਹ ਸਾਰਾ ਪੂਰਾ ਕੀਤਾ ਜਾਵੇਗਾ ।

ਕਾਮਰੇਡ ਸੱਤ ਪਾਲ ਡਾਂਗ : ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ ਡਾ. ਅਮੀਰ ਸਿੰਘ ਨੇ ਤੁਹਾਡੇ ਤੇ ਦੋ ਵਾਰੀ ਐਸਪਰਸ਼ਨ ਕੀਤੀ ਹੈ । **

ਸ੍ਰੀ ਸਪੀਕਰ : ਉਹ ਕਟਾ ਦਿੱਤਾ ਹੈ । (That has been expunged.)

ਕਾਮਰੇਡ ਸੱਤ ਪਾਲ ਡਾਂਗ : ਉਨ੍ਹਾਂ ਨੇ ਚੈਲੇਂਜ ਕੀਤਾ ਹੈ ਕਿ ** **

ਸ੍ਰੀ ਸਪੀਕਰ : ਉਹ ਐਕਸਪੰਜ ਕਰ ਦਿਤਾ ਹੈ । (That has been expunged.)

ਕਾਮਰੇਡ ਸੱਤ ਪਾਲ ਡਾਂਗ : ** **

Mr. Speaker . This is no point of order.

ਕਾਮਰੇਡ ਸੱਤ ਪਾਲ ਡਾਂਗ: ਇਹ ਇਨ੍ਹਾਂ ਗੱਲਾਂ ਦੀ ਐਸ਼ੋਰੈਂਸ ਦੇ ਦੇਣ । ਅਸੀਂ ਇਸ ਸਬੰਧੀ ਹਾਊਸ ਵਿਚ ਵੀ ਲੜਾਂਗੇ ਅਤੇ ਬਾਹਰ ਵੀ ਲੜਾਂਗੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਡਾਂਗ ਸਾਹਿਬ ਨੂੰ ਇਹ ਪੂਰਾ ਹੱਕ ਹੈ ਕਿ ਉਹ ਕਹਿਣ ਹਾਊਸ ਵਿਚ ਵੀ ਲੜਨਾ ਹੈ ਅਤੇ ਬਾਹਰ ਵੀ ਲੜਨਾ ਹੈ । ਜਦੋਂ ਡਾਂਗ ਸਾਹਿਬ ਕੋਈ ਸਟੇਟਮੈਂਟ ਦੇਣ ਕਿ ਜਨਤਾ ਨੂੰ ਇਹ ਗੱਲ ਮਨਜ਼ੂਰ ਨਹੀਂ ਤਾਂ ਉਨ੍ਹਾਂ ਨੂੰ ਇਹ ਦੇਖ

**Expunged as ordered by the Chair.

[ਮੁੱਖ ਮੰਤਰੀ]

ਲੈਣਾ ਚਾਹੀਦਾ ਹੈ ਕਿ ਇਸ ਹਾਊਸ ਵਿਚ ਵੀ ਜਨਤਾ ਬਠੀ ਹੈ, ਜਨਤਾ ਦੇ ਨੁਮਾਇੰਦੇ ਇਥੇ ਬੈਠੇ ਹਨ । 104 ਨੁਮਾਇੰਦਿਆਂ ਵਿਚੋਂ 10 ਨੁਮਾਇੰਦੇ ਇਹ ਹਨ, ਇਹ ਤੁਸੀਂ ਆਪ ਦੇਖ ਲਉ ਕਿ ਜਨਤਾ ਬਹੁਤੀ ਕਿਹੜੇ ਪਾਸੇ ਹੈ ਅਤੇ ਕਿਹੜੇ ਪਾਸੇ ਨਹੀਂ । (ਵਿਘਨ) (ਥੰਪਿੰਗ) ਜੇ ਸਾਡੇ ਅਫ਼ਸਰ, ਲੋਕਾਂ ਦੀ ਜਾਨ ਦੀ, ਮਾਲ ਦੀ ਰਾਖੀ ਕਰਦੇ ਹਨ ਅਤੇ ਆਪਣੀ ਪੂਰੀ ਜ਼ਿਮੇਂਵਾਰੀ ਨਾਲ ਹਰ ਮੁਸੀਬਤ ਦਾ ਸਾਹਮਣਾ ਕਰਦੇ ਹਨ ਤਾਂ ਮੈਂ ਉਨ੍ਹਾਂ ਨੂੰ ਬਿਨਾ ਵਜਾ ਕੋਈ ਸਜ਼ਾ ਨਹੀਂ ਦੇਵਾਂਗਾ । (ਵਿਘਨ)

Sardar Darbara Singh : On a point of personal explanation, Sir.

ਸ਼੍ਰੀ ਸਪੀਕਰ : ਜੋ ਕੁਝ ਤੁਸੀਂ ਕਿਹਾ ਹੈ ਉਸ ਦਾ ਜਵਾਬ ਉਨ੍ਹਾਂ ਨੇ ਦਿੱਤਾ ਹੈ ਇਸ ਲਈ ਪਰਸਨਲ ਐਕਸਪਲੇਨੇਸ਼ਨ ਦਾ ਤਾਂ ਸਵਾਲ ਪੈਦਾ ਨਹੀਂ ਹੁੰਦਾ । Now, there is no use giving a personal explanation. (*Interruptions*) Please resume your seat now. (*Interruption*) ਤੁਹਾਡੇ ਬਾਰੇ ਉਨ੍ਹਾਂ ਨੇ ਕੋਈ ਰਿਮਾਰਕ ਨਹੀਂ ਕੀਤਾ, ਸਿਰਫ ਤੁਹਾਡਾ ਨਾਮ ਹੀ ਲਿਆ ਹੈ । (ਵਿਘਨ) [Whatever, you had said that has been replied to by the Chief Minister. Therefore, the question of Personal Explanation does not arise. Now, there is no use of giving a Personal explanation (*Interruptions*) Please resume your seat now. (*Interruption*). The C. M. has not made any remark about you. He has only mentioned your name.) (*Interruption*)]

ਸਰਦਾਰ ਅਜਾਇਬ ਸਿੰਘ ਸੰਧੂ: ** ** (ਵਿਘਨ)

Mr. Speaker : This is no point of order. (*Interruption*)

WALK-OUTS

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜੇ ਉਹ ਸਾਡੀ ਰਾਏ ਨਹੀਂ ਮੰਨਦੇ, ਅਫ਼ਸਰ ਟਰਾਂਸਫਰ ਨਹੀਂ ਕਰਦੇ ਅਤੇ ਤੁਸੀਂ ਸਾਡੀ ਗੱਲ ਨਹੀਂ ਸੁਣਦੇ ਤਾਂ ਸਾਡੀ ਪਾਰਟੀ ਉਸ ਦੇ ਖਿਲਾਫ਼ ਵਾਕ-ਆਊਟ ਕਰਦੀ ਹੈ ।

(ਇਸ ਵਕਤ ਅਕਾਲੀ ਪਾਰਟੀ ਦੇ ਸਦਨ ਵਿਚ ਹਾਜ਼ਰ ਮਾਨਯੋਗ ਮੈਂਬਰ ਵਾਕ-ਆਊਟ ਕਰ ਗਏ ।)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਇਹ ਨਹੀਂ ਮੰਨਦੇ ਅਤੇ ਡਿਪਟੀ ਕਮਿਸ਼ਨਰ ਨੂੰ, ਅਫ਼ਸਰਾਂ ਨੂੰ ਪ੍ਰੋਟੈਕਟ ਕਰਨਾ ਚਾਹੁੰਦੇ ਹਨ ਤਾਂ ਅਸੀਂ ਇਥੇ ਹਾਊਸ ਵਿਚ ਵੀ ਲੜਾਂਗੇ ਅਤੇ ਹਾਊਸ ਤੋਂ ਬਾਹਰ ਵੀ ਲੜਾਂਗੇ ।

**Expunged as ordered by the Chair.

We express our solidarity with the fighting people of Kapurthala and as a protest we walk-out.

(At this stage all the Members of the C. P. I. present in the House, staged walk-out)

(The Member of the Akali Party while going cut of a House, were shouting slogans)

Master Chand Singh : ** **

Mr. Speaker : This should not be recorded as the hon. Member is speaking without the permission of the Chair.

(At this stage Master Chand Singh staged walk-out)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਅਤੇ ਲੀਡਰ ਆਫ਼ ਦੀ ਸੀ. ਪੀ. ਆਈ. ਨੇ ਜੋ ਗੱਲਾਂ ਕੀਤੀਆਂ ਸਨ ਉਨ੍ਹਾਂ ਦਾ ਜਵਾਬ ਲੈਣ ਤੋਂ ਬਾਅਦ ਵਾਕ ਆਊਟ ਕਰਨਾ ਚਾਹੀਦਾ ਸੀ । ਅੱਜ ਸਵੇਰੇ ਤੁਹਾਡੇ ਚੈਂਬਰ ਵਿਚ ਦੋਨਾਂ ਲੀਡਰਾਂ ਨਾਲ ਗੱਲ ਬਾਤ ਹੋਈ ਸੀ ਅਤੇ ਉਨ੍ਹਾਂ ਨੂੰ ਕਿਹਾ ਸੀ ਕਿ ਜਿਊਡੀਸ਼ਲ ਇਨਕੁਆਇਰੀ ਵਿਚ ਤੁਸੀਂ ਸਾਨੂੰ ਕੋਆਪਰੇਸ਼ਨ ਦਿਉ. ਅਸੀਂ ਤੁਹਾਡੇ ਨਾਲ ਸਲਾਹ ਕਰਕੇ ਫੈਸਲਾ ਕਰਾਂਗੇ । ਕੋਈ ਐਸੀ ਗੱਲ ਜਿਸ ਦੇ ਨਾਲ ਜਿਊਡੀਸ਼ਲ ਇਨਕੁਆਇਰੀ ਵਿਚ ਰੁਕਾਵਟ ਪੈਂਦੀ ਹੋਵੇ ਉਹ ਨਾ ਰਹਿਣ ਦਿੱਤੀ ਜਾਵੇ । ਹਾਊਸ ਵਿਚ ਆ ਕੇ ਸਿਰਫ ਲੋਕਾਂ ਨੂੰ ਦੱਸਣ ਵਾਸਤੇ ਕਿ ਅਸੀਂ ਉਥੇ ਬਹੁਤ ਬੋਲਦੇ ਹਾਂ ਉਨ੍ਹਾਂ ਨੇ ਵਾਕ ਆਊਟ ਦਾ ਬਹਾਨਾ ਕੀਤਾ ਹੈ । ਮੈਂ ਇਹ ਰਿਕਾਰਡ ਕਰਾਉਣਾ ਜ਼ਰੂਰੀ ਸਮਝਦਾ ਹਾਂ ਕਿ ਸਰਕਾਰ ਦੀ ਪੋਜ਼ੀਸ਼ਨ ਸਾਫ਼ ਹੈ ਕਿ ਸਰਕਾਰ ਅਫ਼ਸਰਾਂ ਨੂੰ, ਲੋਕਾਂ ਨੂੰ ਇਨਸਾਫ ਦੇਣਾ ਚਾਹੁੰਦੀ ਹੈ । ਕੋਈ ਗਲਤ ਗੱਲ ਹੋਈ ਹੋਵੇ ਉਸ ਨੂੰ ਅਸੀਂ ਦਰੁਸਤ ਕਰਨਾ ਚਾਹੁੰਦੇ ਹਾਂ । ਸਾਡੀ ਨੀਅਤ ਬਿਲਕੁਲ ਸਾਫ਼ ਹੈ । ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਬਜਾਏ ਉਨ੍ਹਾਂ ਨੇ ਕੋਆਪਰੇਸ਼ਨ ਦੇਣ ਦੇ ਉਨ੍ਹਾਂ ਨੇ ਵਾਕ ਆਊਟ ਕਰਕੇ ਮੁਜ਼ਾਹਰਾ ਕੀਤਾ ਹੈ ।

ਮਾਲ ਤੇ ਚੋਣ ਮੰਤਰੀ (ਬੈਠੇ ਬੈਠੇ) **:** ਉਨ੍ਹਾਂ ਨੇ ਵਾਪਸ ਲੈ ਲਿਆ ਹੈ (ਵਿਘਨ)

(ਇਸ ਵੇਲੇ ਕੁਝ ਅਕਾਲੀ ਪਾਰਟੀ ਦੇ ਮੈਂਬਰ ਵਾਪਸ ਹਾਊਸ ਵਿਚ ਆ ਗਏ ।)

ਸਰਦਾਰ ਅਜਾਇਬ ਸਿੰਘ ਸੰਧੂ (ਬੈਠੇ ਬੈਠੇ) : ਮੁਜ਼ਾਹਰਾ ਸਾਡਾ ਬਿਲਕੁਲ ਕਾਇਮ ਹੈ । ਇਸ ਸਰਕਾਰ ਤੋਂ ਸਾਨੂੰ ਕੋਈ ਇਨਸਾਫ਼ ਦੀ ਉਮੀਦ ਨਹੀਂ ।

CALL ATTENTION NOTICES UNDER RULE 66

Mr. Speaker : Call-Attention Notices. Nos. 90 and 91 stand in the name of Comrade Satya Pal Dang.

(These Call-Attention Notices were not moved at this stage as Comrade Satya Pal Dang was not present in the House.)

**Not recorded as ordered by the Chair.

Mr. Speaker : Next Call-Attention Notice No. 97 stands in the name of Comrade Darshan Singh Canadian.

(ਕ੍ਰਮ ਨੰ: 97)

ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਸਾਰੇ ਸੂਬੇ ਅੰਦਰ ਲਾਰੀਆਂ ਤੇ ਟਰੱਕ ਦੇ ਟਾਇਰਾਂ ਦੀ ਥੁੜ੍ਹ ਤੇ ਕਾਣੀ ਵੰਡ ਕਾਰਨ ਟਾਇਰਾਂ ਦੀ ਅੰਨ੍ਹੀ ਬਲੈਕ ਹੋ ਰਹੀ ਹੈ। ਟਰੱਕਾਂ ਤੇ ਟਾਇਰਾਂ ਦੀ ਬਲੈਕ ਵਿਚ ਕੀਮਤ ਕੰਟਰੋਲ ਤੋਂ ਦੋ ਤਿੰਨ ਗੁਣਾਂ ਵਧ ਹੈ। ਉਪਰੰਤ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਹਿਲੇ ਦੇ ਲੋੜ ਅਨੁਸਾਰ ਟਾਇਰ ਮਿਲਦੇ ਹੀ ਨਹੀਂ ਤੇ ਜੇਕਰ ਮਿਲਦੇ ਹਨ ਤਾਂ ਉਨ੍ਹਾਂ ਦੀ ਵੰਡ ਨਾਕਸ ਹੈ। ਟਰੱਕਾਂ ਤੇ ਲਾਰੀਆਂ ਦੇ ਮਾਲਕ ਮਾਰੇ ਮਾਰੇ ਫਿਰਦੇ ਹਨ ਤੇ ਉਨ੍ਹਾਂ ਦੀ ਬੁਰੀ ਤਰ੍ਹਾਂ ਲੁਟ ਹੁੰਦੀ ਹੈ। ਇਸ ਕਾਰਨ ਲਾਰੀਆਂ ਤੇ ਟਰੱਕਾਂ ਦੇ ਮਾਲਕਾਂ ਵਿਚ ਬਹੁਤ ਬੇਚੈਨੀ ਹੈ ਜੋ ਕਿ ਕਿਸੇ ਵੀ ਸਮੇਂ ਐਜੀਟੇਸ਼ਨ ਦਾ ਰੂਪ ਧਾਰ ਸਕਦੀ ਹੈ। ਇਸ ਗੰਭੀਰ ਸਮੱਸਿਆ ਦੇ ਜਨਤਕ ਮਹੱਤਵ ਨੂੰ ਮੁੱਖ ਰੱਖਕੇ ਸਰਕਾਰ ਨੂੰ ਆਖਿਆ ਜਾਵੇ ਕਿ ਸਦਨ ਵਿਚ ਇਸ ਮਸਲੇ ਉਤੇ ਬਿਆਨ ਦੇਵੇ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The hon. Minister concerned may please make a statement.)

(Serial No. 120)

Comarde Shamsher Singh Josh : Sir, I beg to draw the attention of the Government towards a matter of urgent public importance, namely, non-implementation of ward No. 9 of 1972 of Panjab Industrial Tribunal which had held that work-charged staff of the P.W.D. (B. & R.) etc. who have completed 3 years of continuous service should be made regular and those having completed 5 years service should be confirmed.

Almost two years have passed since this Award was given, the same has not been implemented. Great resentment prevails amongst workcharged staff of P.W.D. (B. & R.), Irrigation Public Health whose number nearely 30,000 all over the State. Punjab Government Mechanical Workers Union have launched an agitation for the implementation of this Award since 18th, February, 1972 and have started chain Hunger Fasts before Punjab Secretariat.

In view of the obvious importance of the matter, the Government may be asked to make a statement in the House.

Mr. Speaker : Admitted. The hon. Minister concerned may please make a statement.

(ਕ੍ਰਮ ਨੰ: 123)

ਮਾਸਟਰ ਚੰਦ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਮਿਤੀ 17 ਫਰਵਰੀ, 1974 ਨੂੰ ਸੁਨਾਮ, ਜ਼ਿਲ੍ਹਾ ਸੰਗਰੂਰ ਵਿਖੇ ਪੰਜਾਬ ਕਿਸਾਨ ਸਭਾ ਵੱਲੋਂ, ਜਿਸ ਦੀ ਅਗਵਾਈ ਕਾਮਰੇਡ ਦਲੀਪ ਸਿੰਘ ਟਪਿਆਲਾ ਕਰ ਰਹੇ ਸਨ, ਪੁਰ-ਅਮਨ ਜਲੂਸ ਕਢਿਆ ਜਾ ਰਿਹਾ ਸੀ, ਤਾਂ ਪੁਲਿਸ ਨੇ ਉਨ੍ਹਾਂ ਤੇ ਅੰਨ੍ਹੇਵਾਹ ਲਾਠੀ ਚਾਰਜ ਕੀਤਾ, ਅਥਰੂ ਗੈਸ ਦੇ 250 ਦੇ ਲੱਗ ਭੱਗ ਗੋਲੇ ਛੱਡੇ ਅਤੇ ਲੋਕਾਂ ਤੇ ਰੋੜੇ ਮਾਰੇ ਗਏ। ਸੁਨਾਮ ਦੇ ਸਵਾਗਤੀ ਕਮੇਟੀ, ਲੰਗਰ ਅਤੇ ਪੰਡਾਲ ਵਿਚ ਜਾ ਕੇ ਅਥਰੂ ਗੈਸ ਦੇ ਗੋਲੇ ਸੁੱਟੇ ਅਤੇ ਸਵਾਗਤੀ ਕਮੇਟੀ ਦੇ ਦਫ਼ਤਰ ਵਿਚੋਂ ਪ੍ਰਮੁੱਖ ਆਗੂ ਫੜੇ ਅਤੇ ਬਾਕੀ ਜਲੂਸ ਵਿਚੋਂ ਸੈਂਕੜੇ ਸਾਥੀ ਕੁੱਟ ਕੁੱਟ ਕੇ ਗ੍ਰਿਫ਼ਤਾਰ ਕੀਤੇ। ਇਹ ਬਹੁਤ ਅਹਿਮ ਮਸਲਾ ਹੈ। ਜਨਤਾ ਵਿਚ ਹਾਹਾ ਕਾਰ ਮਚੀ ਹੋਈ ਹੈ। ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਇਸ ਬਾਰੇ ਹਾਊਸ ਵਿਚ ਸਟੇਟਮੈਂਟ ਦੇਵੇ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted The hon. Minister concerned may please make a statement.)

(Serial No. 141)

Sardar Ajaib Singh Sandhu : Sir, I beg to draw the attention of the Government towards a matter of urgent public importance, namely, an attempt to shoot Mr. Roop Lal Sethi, Ex-M.L.A. of Moga on 3rd March, 1974 at 11-00 p.m. by certain goondas. No action has been taken against the culprits. The life of Shri Sethi is in danger.

This incident has caused great resentment in the illaqa. The matter is obviously of great public importance. The Government may by asked to make a statement in the House.

ਸ੍ਰੀ ਸਪੀਕਰ: ਪ੍ਰਵਾਨ ਕੀਤਾ ਜਾਂਦਾ ਹੈ। ਸੰਬਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The hon. Minister concerned may please make a statement.)

(ਇਸ ਵੇਲੇ ਕਾਮਰੇਡ ਸੱਤ ਪਾਲ ਡਾਂਗ ਹਾਊਸ ਵਿਚ ਆ ਗਏ।)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀਆਂ ਦੋ ਕਾਲ ਅਟੈਨਸ਼ਨ ਮੋਸ਼ਨਜ਼ ਨੰਬਰ, 90 ਅਤੇ 91 ਦਾ ਕੀ ਹੁਕਮ ਹੈ ਜੀ।

ਸ੍ਰੀ ਸਪੀਕਰ : ਤੁਸੀਂ ਤਾਂ ਵਾਕ ਆਊਟ ਕਰ ਗਏ ਸੀ। (You had staged walk out-then.)

ਕਾਮਰੇਡ ਸੱਤ ਪਾਲ ਡਾਂਗ : ਠੀਕ ਹੈ, ਮੈਂ ਤਾਂ ਵਾਕ ਆਊਟ ਕਰ ਗਿਆ ਸੀ ਔਰ ਫ਼ਿਰ ਵੀ ਕਰਾਂਗਾ ਪਰ ਤੁਸੀਂ ਐਬਸੈਂਸ ਵਿਚ ਵੀ ਐਡਮਿਟ ਕਰ ਲੈਂਦੇ ਹੋ.... (ਵਿਘਨ)

ਸ੍ਰੀ ਸਪੀਕਰ : ਠੀਕ ਹੈ, ਪ੍ਰਵਾਨ ਕੀਤੀਆਂ ਜਾਂਦੀਆਂ ਹਨ। Call Attention Notices Numbers 90 and 91 are Admitted. The hon. Minister(s) concerned may please make statements. (Allright. Call Attention Notices Numbers 90 and 91 are admitted. The hon. Minister(s) concerned may please make statements.)

(Serial No. 90)

Comrade Satya Pal Dang: To draw the attention of the Government towards a matter of urgent public importance, namely, extremely serious situation in Printing Industry arising out of rampant black-marketing in paper trade. There is shortage of Printing Ink and Oil—Continuous cut in electricity is almost perpetual Besides serious danger of Printing Industry being closed in the State at least two thousand dependent families of workers will face starvation.

In view of the abvious importance of the matter, the Government may be asked to make a statement in the House.

(Serial No. 91)

Comrade Satya Pal Dang: To draw the attention of the Government towards a matter of urgent public importance, namely, students of the Government Dental College and Hospital, Amritsar and Dental Wing, Patiala are on indefinite strike because of the failure of the Government to accept their just demands.

There is much discontentment amongst the public over the issue.

In view of the obvious and urgent importance of the matter, the Government may please be asked to make a statement in the House.

STATEMENTS LAID ON THE TABLE OF THE HOUSE IN REPLY TO CALL ATTENTION NOTICE No 54

Revenue and Election Minister (Sardar Umrao Singh): Sir, I beg to lay on the Table of the House reply to Call-Attention Notice No. 54.

Comrade Satya Pal Dang: To draw the attention of the Government towards a matter of urgent public importance, namely, on 23rd January, 1974 employees of the Bhatinda Thermal Plant were attacked by anti-social elements hired by the management, when the employees had gone to submit a memorandum to the Director against the elements.

There is serious discontentment amongst the employees of the Plant. The Union have threatened direct action in case amends are not made.

In view of the obvious and urgent importance of the matter for the economy of the whole State, the Government may please be asked to make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਅਸਲ ਵਾਕਿਆ ਇਹ ਨਹੀਂ ਹੈ ਕਿ ਥਰਮਲ ਪਲਾਂਟ ਬਠਿੰਡਾ ਦੀ ਮੈਨੇਜ਼ਮੈਂਟ ਦੇ ਪਿੱਠੂ ਸਮਾਜ ਵਿਰੋਧੀ ਅਫ਼ਸਰਾਂ ਨੇ ਪਲਾਂਟ ਦੇ ਕਾਮ-ਚਾਰੀਆਂ ਤੇ ਹਮਲਾ ਕੀਤਾ । ਦਰ-ਅਸਲ, ਕਰਮਚਾਰੀਆਂ ਦੇ ਦੋ ਧੜਿਆਂ ਦੇ ਵਿਚਕਾਰ ਆਪਸੀ ਝਗੜਾ ਸੀ ਅਤੇ ਇਨ੍ਹਾਂ ਵਿਚੋਂ ਇਕ ਧੜੇ ਨੇ ਆਪਣੇ ਵਿਰੋਧੀ ਧੜੇ ਦੇ 4 (ਚਾਰ) ਕਰਮਚਾਰੀਆਂ ਦੇ ਵਿਰੁਧ ਗੁੰਡਾ ਗਰਦੀ ਦਾ ਦੋਸ਼ ਲਾਇਆ ਪਰਤੂੰ ਪੁਲਿਸ ਪਾਸ ਕੋਈ ਰਿਪੋਰਟ ਜਾਂ ਸ਼ਿਕਾਇਤ ਨਹੀਂ ਕੀਤੀ । ਇਹ ਧੜਾ ਉਨ੍ਹਾਂ 4 ਕਰਮਚਾਰੀਆਂ ਦੇ ਵਿਰੁਧ ਡਾਇਰੈਕਟਰ ਥਰਮਲ ਪਲਾਂਟ ਨੂੰ ਮੈਮੋਰੈਂਡਮ ਦੇਣਾ ਚਾਹੁੰਦਾ ਸੀ ਜੋ ਡਾਇਰੈਕਟਰ ਨੇ ਲੈਣ ਤੋਂ ਇਨਕਾਰ ਕਰ ਦਿੱਤਾ । ਇਸ ਤੇ ਕਰਮਚਾਰੀਆਂ ਨੇ ਡਾਇਰੈਕਟਰ ਦਾ ਘੇਰਾਉ ਕੀਤਾ ਅਤੇ ਉਸ ਦੇ ਰਿਹਾਇਸ਼ੀ ਮਕਾਨ ਦੀਆਂ ਬਾਰੀਆਂ ਦੇ ਸ਼ੀਸ਼ੇ ਤੋੜ ਦਿੱਤੇ । ਡੀ.ਐਸ.ਪੀ., ਬਠਿੰਡਾ ਇਤਲਾਹ ਮਿਲਦੇ ਹੀ ਫੌਰਨ ਮੌਕੇ ਤੇ ਪੁਜਿਆ ਅਤੇ ਉਸ ਨੂੰ ਕਰਮਚਾਰੀਆਂ ਦੁਆਰਾ ਪਥਰਾਉ ਕਾਰਨ ਸਿਰ ਵਿਚ ਚੋਟ ਆਈ । ਐਸ.ਐਸ.ਪੀ. ਬਠਿੰਡਾ ਵੀ ਮੌਕੇ ਤੇ ਪੁਜ ਗਏ ਅਤੇ ਉਨ੍ਹਾਂ ਦੀ ਕੋਸ਼ਿਸ਼ ਨਾਲ ਭੀੜ ਖਿੰਡ ਗਈ । ਇਸ ਸਬੰਧ ਵਿਚ ਕੋਤਵਾਲੀ ਬਠਿੰਡਾ ਵਿਖੇ ਮੁਕੱਦਮਾ ਨੰ : 69 ਮਿਤੀ 22 ਫਰਵਰੀ, 1974 ਅਧੀਨ ਧਾਰਾ 147/148/149/341/353 ਆਈ. ਪੀ. ਸੀ. ਦਰਜ ਹੋਇਆ । ਇਸ ਮੁਕਦਮੇਂ ਵਿਚੋਂ ਹਾਲੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ । ਮਿਤੀ 23 ਫਰਵਰੀ, 1974 ਨੂੰ ਕਰਮਚਾਰੀਆਂ ਨੇ "ਸਟੇ ਇਨ ਸਟਰਾਇਕ" ਕੀਤੀ ਅਤੇ ਉਪਰੋਕਤ 4 ਕਰਮਚਾਰੀਆਂ ਦੀ ਤਬਦੀਲੀ ਦੀ ਮੰਗ ਕੀਤੀ । ਮਿਤੀ 27 ਫਰਵਰੀ, 1974 ਨੂੰ ਡਾਇਰੈਕਟਰ ਥਰਮਲ ਪਲਾਂਟ ਨੇ ਉਪਰੋਕਤ 4 ਕਰਮਚਾਰੀਆਂ ਵਿਚੋਂ 2 ਕਰਮਚਾਰੀਆਂ ਦੀ ਤਬਦੀਲੀ ਦੇ ਹੁਕਮ ਜਾਰੀ ਕੀਤੇ ਅਤੇ ਬਾਕੀ ਦੇ ਦੋ ਕਰਮਚਾਰੀਆਂ ਦੀ ਵਿਭਾਗੀ ਇਨਕੁਆਰੀ ਵਿਚ ਦੋਸ਼ੀ ਪਾਏ ਜਾਣ ਤੇ ਉਨ੍ਹਾਂ ਦੀ ਤਬਦੀਲੀ ਕਰਨ ਦਾ ਆਸ਼ਵਾਸਨ ਦਿੱਤਾ, ਹੜਤਾਲ ਦੇ ਦਿਨਾਂ ਦੀ ਤਨਖਾਹ ਦੀ ਅਦਾਇਗੀ ਕਰਨ ਦਾ ਵੀ ਆਸ਼ਵਾਸਨ ਦਿੱਤਾ ਅਤੇ ਮੈਮੋਰੈਂਡਮ ਲੈਣ ਤੋਂ ਇਨਕਾਰ ਕਰਨ ਦੀ ਮੁਆਫ਼ੀ ਮੰਗੀ । ਇਸ ਤੇ ਕਰਮਚਾਰੀਆਂ ਨੇ ਹੜਤਾਲ (ਸਟੇ-ਇਨ ਸਟਰਾਈਕ) ਖੋਲ੍ਹ ਦਿੱਤੀ ਅਤੇ ਇਸ ਸਮੇਂ ਪਲਾਂਟ ਵਿਚ ਕੰਮ ਆਮ ਵਾਂਗ ਹੋ ਰਿਹਾ ਹੈ ।

GENERAL DISCUSSION ON THE BUDGET FOR THE YEAR 1974-75 (*Resumption*)

Mr. Speaker: Now the House will resume discussion the Budget for the year 1974-75. Shri Sardari Lal Kapur was on his legs when the House adjourned on 1st March, 1974. He may please resume his speech.

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਮੈਂ ਤੁਹਾਡੇ ਰਾਹੀਂ ਚੀਫ ਮਨੀਸਟਰ ਸਾਹਿਬ ਨੂੰ ਅਪੀਲ ਕਰਾਂਗਾ ਕਿ ਜਗਰਾਓਂ ਦੇ ਬਾਰੇ ਵਿਚ ਜੋ ਫੈਸਲਾ ਹੋਇਆ ਹੈ ਉਹ ਇਹ ਹਾਊਸ ਵਿਚ ਅਨਾਊਂਸ ਕਰ ਦੇਣ ।

ਸ੍ਰੀ ਸਪੀਕਰ : ਬਜਟ ਡਿਬੇਟ ਦੇ ਉੱਤਰ ਵਿਚ ਕਰ ਦੇਣਗੇ । (He will refer to it while replying to the budget debate.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਡਾਂਗ ਸਾਹਿਬ ਦੀਆਂ ਕਾਲ ਅਟੈਨਸ਼ਨ ਮੋਸ਼ਨਜ਼ ਐਡਮਿਟ ਕਰ ਲਈਆਂ ਹਨ । ਮੈਂ ਇਹ ਅਰਜ਼ ਕਰਦਾ ਹਾਂ ਕਿ ਜਿਹੜਾ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਵੇ ਉਸ ਦੀਆਂ ਕਾਲ ਅਟੈਨਸ਼ਨ ਮੋਸ਼ਨਜ਼ ਕਿਸ ਰੂਲ ਦੇ ਥੱਲੇ ਐਡਮਿਟ ਹੋ ਸਕਦੀਆਂ ਹਨ ।

They should also suffer for their absence from the House. This is not the proper way.

ਸ੍ਰੀ ਸਪੀਕਰ : ਮੈਂ ਜਦੋਂ ਕਾਲ ਅਟੈਨਸ਼ਨਜ਼ ਮੋਸ਼ਨਜ਼ ਕਾਲ ਅਪਾਨ ਕਰ ਰਿਹਾ ਸੀ ਉਦੋਂ ਉਹ ਹਾਊਸ ਵਿਚ ਆ ਗਏ ਸਨ । (ਵਿਘਨ) (While I was still disposing of the Call Attention Notices the hon. Member Comrade Dang came back in the House.) (*Interruption*)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਉਹ ਬਾਅਦ ਵਿਚ ਆਏ ਸਨ । ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਵਿਚ ਇਸ ਤਰੀਕੇ ਨਾਲ ਬੈਡ ਪ੍ਰੈਸੀਡੈਂਟ ਕਾਇਮ ਨਾ ਕਰੋ । ਇਕ ਮੈਂਬਰ ਜਿਹੜਾ ਬਾਹਰ ਚਲਾ ਜਾਏ ਉਸ ਦੀਆਂ ਕਾਲ ਅਟੈਨਸ਼ਨ ਮੋਸ਼ਨਜ਼ ਐਡਮਿਟ ਨਹੀਂ ਹੋਣੀਆਂ ਚਾਹੀਦੀਆਂ ।

ਸ੍ਰੀ ਸਪੀਕਰ : ਮੈਂ ਇਸ ਤੇ ਬਾਦ ਵਿਚ ਵਿਚਾਰ ਕਰ ਲਵਾਂਗਾ । (ਵਿਘਨ) (I will go through it, later on.) (*Interruption*)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਨ੍ਹਾਂ ਨੂੰ ਵਕਾਲਤ ਦਾ ਕੰਮ ਤਾਂ ਮਿਲਦਾ ਨਹੀਂ ਇਨ੍ਹਾਂ ਨੂੰ ਇਥੇ ਹੀ ਵਕਾਲਤ ਕਰ ਲੈਣ ਦਿਉ । (ਹਾਸਾ)

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉੱਤਰ) : ਸਪੀਕਰ ਸਾਹਿਬ, ਮੈਂ ਉਸ ਦਿਨ ਫਾਇਨਾਂਸ ਮਨਿਸਟਰ ਸਾਹਿਬ ਨੇ ਜਿਹੜਾ ਬਜਟ ਹਾਊਸ ਵਿਚ ਪੇਸ਼ ਕੀਤਾ ਸੀ ਉਸ ਦੇ ਬਾਰੇ ਬੋਲ ਰਿਹਾ ਸੀ । ਮੈਂ ਅਰਜ਼ ਕੀਤੀ ਸੀ ਕਿ ਪੰਜਾਬ ਗੌਰਮਿੰਟ ਨੇ ਐਜੂਕੇਸ਼ਨ ਦੇ ਮਾਮਲੇ ਵਿਚ ਅਗੇ ਨਾਲੋਂ ਜ਼ਿਆਦਾ ਦਿਲਚਸਪੀ ਲਈ ਹੈ ਅਤੇ ਐਜੂਕੇਸ਼ਨ ਦੀ ਮੱਦ ਵਿਚ ਜਿਹੜਾ ਰੁਪਿਆ 1973-74 ਵਿਚ ਸੀ ਉਹ 45.49 ਕਰੋੜ ਸੀ ਅਤੇ 1974-75 ਵਿਚ 52.43 ਕਰੋੜ ਰਖਿਆ ਗਿਆ ਹੈ । ਇਸ ਦੇ ਵਿਚੋਂ ਬਹੁਤਾ ਖਰਚ ਐਲੀਮੈਂਟਰੀ ਐਜੂਕੇਸ਼ਨ ਤੇ ਕੀਤਾ ਜਾਏਗਾ, ਇਹ ਬੜੀ ਚੰਗੀ ਗਲ ਹੈ । ਪੰਜਾਬ ਨੇ ਐਜੂਕੇਸ਼ਨ ਨੂੰ ਬਾਕੀ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਬੜ੍ਹਾਵਾ ਦਿੱਤਾ ਹੈ । ਮੈਂ ਅਰਜ਼ ਕਰਾਂ ਕਿ ਐਜੂਕੇਸ਼ਨ ਇਸ ਕਿਸਮ ਦੀ ਦਿੱਤੀ ਜਾ ਰਹੀ ਹੈ ਜਿਸ ਦਾ ਕੋਈ ਬਹੁਤਾ ਚੰਗਾ ਪਰਿਣਾਮ ਨਹੀਂ ਨਿਕਲ ਰਿਹਾ । ਸਾਨੂੰ ਐਜੂਕੇਸ਼ਨ ਇਸ ਕਿਸਮ ਦੀ ਦੇਣੀ ਚਾਹੀਦੀ ਹੈ ਕਿ ਸਾਡੇ ਜਵਾਨ ਬੱਚੇ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸੜਕਾਂ ਤੇ ਨਾ ਫਿਰਨ ਅਤੇ ਉਨ੍ਹਾਂ ਨੂੰ ਆਸਾਨੀ ਨਾਲ ਨੌਕਰੀਆਂ ਮਿਲ ਸਕਣ ।

ਹਾਲੇ ਤਾਈਂ ਮੌਜੂਦਾ ਸਿਸਟਮ ਨਾਲ ਸਾਡੇ ਬੱਚਿਆਂ ਨੂੰ ਬੜੀ ਤਕਲੀਫ਼ ਮਹਿਸੂਸ ਹੋ ਰਹੀ ਹੈ ਅਤੇ ਸਟੂਡੈਂਟਸ ਵਿਚ ਪੂਰੇ ਤੌਰ ਤੇ ਵਿਸ਼ਵਾਸ ਪੈਦਾ ਨਹੀਂ ਹੋਇਆ । ਇਸ ਵੇਲੇ ਜੋ ਹਾਲਾਤ ਚਲ ਰਹੇ ਹਨ ਉਨ੍ਹਾਂ ਦੇ ਪੇਸ਼ੇ ਨਜ਼ਰ ਸਟੂਡੈਂਟਸ ਦੀ ਜ਼ਿੰਦਗੀ ਵੱਲ ਪੰਜਾਬ ਗੌਰਮਿਟ ਨੂੰ ਧਿਆਨ ਦੇਣ ਦੀ ਲੋੜ ਹੈ । ਸਟੂਡੈਂਟਸ ਦੇ ਮਾਤਾ ਪਿਤਾ ਉਸ ਨੂੰ ਪੜ੍ਹਾਉਂਦੇ ਹਨ ਅਤੇ ਉਸ ਤੇ ਕਾਫ਼ੀ ਧੰਨ ਖ਼ਰਚ ਕਰਦੇ ਹਨ ਲੇਕਿਨ ਪੜ੍ਹਾਈ ਤੋਂ ਬਾਅਦ ਉਨ੍ਹਾਂ ਨੂੰ ਕੋਈ ਜਾਬ ਨਹੀਂ ਮਿਲਦੀ । ਇਸ ਵਿਚ ਇਨਕਲਾਬ ਲਿਆਉਣ ਦੀ ਲੋੜ ਹੈ । ਪ੍ਰਾਇਮਰੀ ਸਕੂਲ ਵਿਚ ਬਚੇ ਬਗੈਰ ਫ਼ੀਸ ਦੇ ਦਾਖਲ ਕੀਤੇ ਜਾਂਦੇ ਹਨ, ਪਰ ਜਿਹੜੇ ਬਚੇ ਸਕੂਲਾਂ ਵਿਚ ਬਗੈਰ ਫ਼ੀਸ ਦੇ ਪੜ੍ਹਦੇ ਹਨ ਜਦ ਤੱਕ ਉਹ ਆਪਣੇ ਮਾਸਟਰ ਦੀ ਪ੍ਰਾਈਵੇਟ ਤੌਰ ਤੇ ਟਿਊਸ਼ਨ ਨਹੀਂ ਰਖਦੇ ਉਨ੍ਹਾਂ ਨੂੰ ਪਾਸ ਨਹੀਂ ਕੀਤਾ ਜਾਂਦਾ, ਇਹ ਜਿਹੜਾ ਤਰੀਕਾਕਾਰ ਹੈ ਇਹ ਠੀਕ ਨਹੀਂ । ਇਸ ਕੁਰੱਪਸ਼ਨ ਨੂੰ ਦੂਰ ਕਰਨ ਦੀ ਲੋੜ ਹੈ । ਇਹ ਠੀਕ ਹੈ ਕਿ ਬੱਚਿਆਂ ਦੀ ਸਕੂਲਾਂ ਵਿਚ ਫ਼ੀਸ ਨਹੀਂ ਲਗਦੀ ਪਰ ਹਰ 15 ਦਿਨਾਂ ਬਾਅਦ ਜਾਂ ਮਹੀਨੇ ਦੋ ਮਹੀਨੇ ਬਾਅਦ ਮਾਸਟਰ ਬਚਿਆਂ ਨੂੰ ਕਹਿੰਦੇ ਹਨ ਕਿ 2 ਰੁਪਏ ਲਿਆਉ ਜਾਂ 3 ਰੁਪਏ ਲਿਆਉ ਤੁਹਾਨੂੰ ਡਰਾਮਾ ਵਿਖਾਉਣਾ ਹੈ, ਹੋਰ ਨਹੀਂ ਤਾਂ ਇਹ ਕਹਿ ਦਿੰਦੇ ਹਨ ਕਿ ਤੁਹਾਨੂੰ ਬਾਬੀ ਫ਼ਿਲਮ ਵਿਖਾਉਣੀ ਹੈ । ਮੈਂ ਸਮਝਦਾ ਹਾਂ ਕਿ ਇਹ ਤਰੀਕਾਕਾਰ ਬੰਦ ਹੋਣਾ ਚਾਹੀਦਾ ਹੈ । ਹੁਣ ਮੈਂ ਉਨ੍ਹਾਂ ਸਕੂਲਾਂ ਅਤੇ ਕਾਲਜਾਂ ਬਾਰੇ ਅਰਜ਼ ਕਰਾਂਗਾ ਜਿਨ੍ਹਾਂ ਕੋਲ ਪੈਸੇ ਨਹੀਂ ਹੁੰਦੇ ਅਤੇ ਸਕੂਲ ਅਤੇ ਕਾਲਜ ਠੀਕ ਤਰ੍ਹਾਂ ਉਨ੍ਹਾਂ ਦੀਆਂ ਮੈਨੇਜਮੈਂਟਸ ਚਲਾ ਨਹੀਂ ਸਕਦੀਆਂ । ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਕੋਲ ਆਪਣੇ ਸਫੀਸ਼ੈਂਟ ਫੰਡਜ਼ ਨਹੀਂ ਹੁੰਦੇ ਉਨ੍ਹਾਂ ਸਕੂਲਾਂ, ਕਾਲਜਾਂ ਨੂੰ ਗੌਰਮਿੰਟ ਨੂੰ ਟੇਕ ਓਵਰ ਕਰ ਲੈਣਾ ਚਾਹੀਦਾ ਹੈ ਕਿਉਂਕਿ ਗੌਰਮਿੰਟ ਡੈਫ਼ਿਸ਼ਟ ਗਰਾਂਟ ਤਾਂ ਉਨ੍ਹਾਂ ਸਕੂਲਾਂ ਨੂੰ ਅਗੇ ਦਿੰਦੀ ਹੀ ਹੈ । ਮੈਂ ਕਹਿੰਦਾ ਹਾਂ ਕਿ ਗੌਰਮਿੰਟ ਡੈਫ਼ਿਸ਼ਟ ਗਰਾਂਟ ਉਨ੍ਹਾਂ ਸਕੂਲਾਂ ਕਾਲਜਾਂ ਨੂੰ ਦੇਵੇ ਜਿਨ੍ਹਾਂ ਕੋਲ ਆਪਣੇ ਕਾਫ਼ੀ ਫੰਡਜ਼ ਹਨ ।

ਹੁਣ ਮੈਂ ਇਕ ਗੱਲ ਹੈਲਥ ਦੇ ਬਾਰੇ ਵਿਚ ਕਹਾਂਗਾ । ਪੰਜਾਬੀ ਵੈਸੇ ਤਾਂ ਕੁਦਰਤਨ ਅਛੇ ਤਕੜੇ ਹੁੰਦੇ ਹਨ ਦੂਸਰੇ ਸੂਬਿਆਂ ਨਾਲੋਂ, ਮਗਰ ਫਿਰ ਵੀ ਮੈਂ ਅਰਜ਼ ਕਰਾਂਗਾ ਕਿ ਪੰਜਾਬ ਦੇ ਵਿਚ ਪਿਛਲੇ ਦਿਨਾਂ ਵਿਚ ਕੁਝ ਮਿਲਾਂ ਦੇ ਘੀ ਦੇ ਸੈਂਪਲ ਲਏ ਗਏ ਅਤੇ ਤਕਰੀਬਨ ਸਾਰੇ ਦੇ ਸਾਰੇ ਨਮੂਨੇ ਫੇਲ੍ਹ ਹੋ ਗਏ । ਉਨ੍ਹਾਂ ਦੇ ਨਮੂਨਿਆਂ ਦਾ ਰਿਜ਼ਲਟ ਆਉਣ ਤੋਂ ਪਹਿਲਾਂ ਉਨ੍ਹਾਂ ਮਿਲਾਂ ਕੋਲ ਕਾਫ਼ੀ ਘੀ ਪਿਆ ਸੀ ਜਿਹੜਾ ਕਿ ਉਨ੍ਹਾਂ ਨੇ ਮਾਰਕੀਟ ਵਿਚ ਭੇਜ ਦਿੱਤਾ । ਜਿਹੜੇ ਮਿੱਲਾਂ ਦੇ ਮਾਲਕ ਹਨ ਉਹ ਬੜੇ ਉਸਤਾਦ ਹਨ ਅਤੇ ਜਦੋਂ ਉਨ੍ਹਾਂ ਦੇ ਘੀ ਦਾ ਸੈਂਪਲ ਲਿਆ ਜਾਂਦਾ ਹੈ ਤਾਂ ਉਹ ਆਪ ਬਚਣ ਲਈ ਆਪਣੇ ਕਲਰਕਾਂ ਵਗੈਰਾ ਦਾ ਨਾਮ ਲਿਖਾ ਦਿੰਦੇ ਹਨ ਤਾਂ ਕਿ ਸੈਂਪਲ ਫੇਲ੍ਹ ਹੋਣ ਦੀ ਸੂਰਤ ਵਿਚ ਜਿਹੜੀ ਸਜ਼ਾ ਮਿਲੇ ਉਹ ਉਨ੍ਹਾਂ ਨੂੰ ਨਾ ਮਿਲੇ ਬਲਕਿ ਉਨ੍ਹਾਂ ਕਲਰਕਾਂ ਨੂੰ ਮਿਲੇ । ਉਨ੍ਹਾਂ ਕੋਲ ਕੋਈ 38 ਹਜ਼ਾਰ ਟੀਨ ਘੀ ਪਿਆ ਸੀ ਅਤੇ ਉਨ੍ਹਾਂ ਨੇ ਧੜਾ ਧੜ ਮਾਰਕੀਟ ਵਿਚ ਵੇਚ ਦਿੱਤਾ । ਮੈਂ ਕਹਿੰਦਾ ਹਾਂ ਕਿ ਜਦੋਂ ਤਕ ਉਨ੍ਹਾਂ ਦੇ ਨਮੂਨੇ ਦਾ ਰਿਜ਼ਲਟ ਨਾ ਆ ਜਾਏ ਉਨ੍ਹਾਂ ਨੂੰ ਘੀ ਨਹੀਂ ਵੇਚਣ ਦੇਣਾ ਚਾਹੀਦਾ ਕਿਉਂਕਿ ਖਰਾਬ ਘੀ ਦੇ ਮਾਰਕੀਟ ਵਿਚ ਵਿਕਣ ਨਾਲ ਲੋਕਾਂ ਦੀ ਸਿਹਤ ਖ਼ਰਾਬ ਹੋ ਜਾਂਦੀ ਹੈ । ਮੈਂ ਇਹ ਗੱਲ ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਸਿਲਸਿਲੇ ਵਿਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਜਿੰਨੇ ਮੈਜਿਸਟਰੇਟ ਹਨ ਉਨ੍ਹਾਂ ਕੋਲ ਕੋਈ 4-5 ਹਜ਼ਾਰ ਦੇ ਕਰੀਬ ਕੇਸ ਪੈਂਡਿੰਗ ਪਏ ਹਨ । ਮੈਂ ਕਹਿੰਦਾ ਹਾਂ ਕਿ ਜਿਹੜਾ ਐਡਲਟ੍ਰੇਸ਼ਨ ਦਾ ਕੇਸ ਹੈ ਉਸ ਲਈ ਕੋਈ ਐਸਾ ਤਰੀਕਾਕਾਰ ਨਿਕਾਲਣਾ ਚਾਹੀਦਾ ਹੈ ਕਿ

[ਸ੍ਰੀ ਸਰਦਾਰੀ ਲਾਲ ਕਪੂਰ]

ਉਸ ਦਾ ਫੈਸਲਾ ਬਹੁਤ ਥੋੜ੍ਹੇ ਸਮੇਂ ਵਿਚ ਹੋ ਜਾਵੇ । ਇਹ ਚੀਜ਼ ਸੈਂਟਰਲ ਗੌਰਮਿੰਟ ਕੋਲੋਂ ਪੰਜਾਬ ਸਰਕਾਰ ਨੂੰ ਟੇਕ ਓਵਰ ਕਰ ਲੈਣੀ ਚਾਹੀਦੀ ਹੈ ਅਤੇ ਹਰ ਜ਼ਿਲ੍ਹੇ ਵਿਚ ਇਸ ਕੰਮ ਲਈ ਇਕ ਸਪੈਸ਼ਲ ਮੈਜਿਸਟਰੇਟ ਹੋਣਾ ਚਾਹੀਦਾ ਹੈ । ਸਪੀਕਰ ਸਾਹਿਬ, ਜਿਹੜੇ ਛੋਟੇ ਛੋਟੇ ਕਰਿਆਨਾ ਮਰਚੈਂਟਸ ਹਨ, ਜਿਨ੍ਹਾਂ ਨੇ 3 ਸੌ, 4 ਸੌ ਜਾਂ 5 ਸੌ ਰੁਪਏ ਨਾਲ ਦੁਕਾਨ ਪਾਈ ਹੋਈ ਹੈ ਉਨ੍ਹਾਂ ਕੋਲੋਂ ਸੈਂਪਲ ਲਏ ਜਾਂਦੇ ਹਨ ਅਤੇ ਫੇਲ੍ਹ ਹੋਣ ਦੀ ਸੂਰਤ ਵਿਚ ਉਨ੍ਹਾਂ ਨੂੰ ਸਜ਼ਾਵਾਂ ਭੁਗਤਣੀਆਂ ਪੈਂਦੀਆਂ ਹਨ ।

11.38 a.m.

[ਇਸ ਸਮੇਂ ਚੌਧਰੀ ਸੁੰਦਰ ਸਿੰਘ, ਮੈਂਬਰ ਪੈਨਲ ਆਫ਼ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ]

ਮੈਂ ਕਹਿੰਦਾ ਹਾਂ ਕਿ ਜਿਹੜੇ ਵੱਡੇ ਦੁਕਾਨਦਾਰ ਹਨ ਜਿਨ੍ਹਾਂ ਕੋਲੋਂ ਉਹ ਮਾਲ ਲਿਆਉਂਦੇ ਹਨ ਉਨ੍ਹਾਂ ਨੂੰ ਖ਼ਮਿਆਜ਼ਾ ਭੁਗਤਣਾ ਚਾਹੀਦਾ ਹੈ, ਪਰ ਵੱਡੇ ਆਦਮੀ ਸਾਡੇ ਮਹਿਕਮੇ ਦੇ ਬੰਦਿਆਂ ਨਾਲ ਮਿਲਕੇ, ਕੁਰੱਪਟ ਤਰੀਕੇ ਅਪਣਾ ਕੇ ਆਪ ਬਚ ਜਾਂਦੇ ਹਨ ਅਤੇ ਜਿਹੜੇ ਛੋਟੇ ਛੋਟੇ ਕਰਿਆਨਾ ਮਰਚੈਂਟਸ ਹਨ ਉਹ ਫੱਸ ਜਾਂਦੇ ਹਨ । ਮੈਂ ਚਾਹੁੰਦਾ ਹਾਂ ਕਿ ਗੌਰਮਿੰਟ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ । ਮੈਂ ਕਹਿੰਦਾ ਹਾਂ ਕਿ ਜਿਹੜੇ ਵੱਡੇ ਵੱਡੇ ਲੋਕ ਮਾਲ ਵੇਚਦੇ ਹਨ ਉਹ ਬੰਦ ਡਬਿਆਂ ਵਿਚ ਮਾਲ ਦੇਣ ਅਤੇ ਛੋਟੇ ਦੁਕਾਨਦਾਰਾਂ ਨੂੰ ਗਰੰਟੀ ਹੋਣੀ ਚਾਹੀਦੀ ਹੈ ਤਾਂਕਿ ਮਾਲ ਦੇ ਫੇਲ੍ਹ ਹੋਣ ਦੀ ਸੂਰਤ ਵਿਚ ਛੋਟੇ ਦੁਕਾਨਦਾਰ ਨੂੰ ਨਾ ਫਸਾਇਆ ਜਾਵੇ ।

ਹੁਣ ਇਕ ਗੱਲ ਮੈਂ ਦਵਾਈਆਂ ਬਾਰੇ ਕਰਨੀ ਚਾਹੁੰਦਾ ਹਾਂ । ਪੰਜਾਬ ਵਿਚ ਕਾਫ਼ੀ ਦਵਾਈਆਂ ਨਕਲੀ ਆ ਰਹੀਆਂ ਹਨ । ਇਸ ਦੇ ਨਾਲ ਲੋਕਾਂ ਦੀ ਸਿਹਤ ਖ਼ਰਾਬ ਹੁੰਦੀ ਹੈ । ਮੈਂ ਕਹਿੰਦਾ ਹਾਂ ਕਿ ਜਿਹੜੀਆਂ ਦਵਾਈਆਂ ਜ਼ਿੰਦਗੀ ਨੂੰ ਬਚਾਉਣ ਵਾਲੀਆਂ ਹਨ ਉਹ ਜ਼ਿੰਦਗੀ ਲੈਣ ਵਾਲੀਆਂ ਬਣ ਗਈਆਂ ਹਨ । (ਵਿਘਨ)

ਕਾਮਰੇਡ ਜੰਗੀਰ ਸਿੰਘ ਜੋਗਾ : ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਜੋ ਕੁਝ ਕਹਿ ਰਹੇ ਹਨ ਉਸ ਨੂੰ ਨੋਟ ਕਰਨ ਲਈ ਇਥੇ ਫ਼ਾਇਨਾਂਸ ਮਨਿਸਟਰ ਸਾਹਿਬ ਦਾ ਬੈਠਣਾ ਬੜਾ ਜ਼ਰੂਰੀ ਹੈ ਤਾਂਕਿ ਉਹ ਜਵਾਬ ਦੇ ਸਕਣ । (ਵਿਘਨ)

ਖੇਤੀ ਬਾੜੀ ਮੰਤਰੀ : ਮੈਂ ਲਿਖ ਰਿਹਾ ਹਾਂ ਜੀ ।

ਸਰਦਾਰ ਅਜਾਇਬ ਸਿੰਘ ਸੰਧੂ : ਚੇਅਰਮੈਨ ਸਾਹਿਬ, ਮੰਤਰੀ ਸਾਹਿਬ ਨੇ ਫ਼ਰਮਾਇਆ ਹੈ ਕਿ ਉਹ ਨੋਟ ਲਿੱਖ ਰਹੇ ਹਨ ਅਗਰ ਉਹ ਵਾਕਈ ਲਿੱਖ ਰਹੇ ਹਨ ਤਾਂ ਉਹ ਪੜ੍ਹ ਕੇ ਸੁਣਾਉਣ । (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : ਚੇਅਰਮੈਨ ਸਾਹਿਬ, ਜਿਹੜਾ ਗੌਰਮਿੰਟ ਨੇ ਇਹ ਇਲਾਨ ਕੀਤਾ ਹੈ ਕਿ ਦਯਾ ਨੰਦ ਮੈਡੀਕਲ ਕਾਲਜ ਨੂੰ ਟੇਕਓਵਰ ਕੀਤਾ ਜਾਏਗਾ ਮੈਂ ਇਸ ਤੇ ਗੌਰਮਿੰਟ ਨੂੰ ਵਧਾਈ ਦਿੰਦਾ ਹਾਂ, ਇਹ ਬੜੀ ਅੱਛੀ ਗੱਲ ਹੈ । ਕਿਉਂਕਿ ਇਹ ਜਿਹੜੇ ਮੈਡੀਕਲ ਇੰਸਟੀਚਿਊਟਸ ਹਨ ਇਹ ਪ੍ਰਾਈਵੇਟ ਮੈਨੇਜਮੈਂਟਸ ਠੀਕ ਤਰ੍ਹਾਂ ਨਹੀਂ ਚਲਾ ਸਕਦੀਆਂ । ਮੈਂ ਇਹ ਵੀ ਕਹਾਂਗਾ ਕਿ ਜਿਹੜਾ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਹੈ

ਉਸ ਨੂੰ ਵੀ ਗੌਰਮਿੰਟ ਟੇਕ-ਓਵਰ ਕਰ ਲਵੇ । ਇਹ ਕੰਮ ਛੇਤੀ ਗੌਰਮਿੰਟ ਨੂੰ ਕਰ ਲੈਣਾ ਚਾਹੀਦਾ ਹੈ ਅੰਤੇ ਉਨ੍ਹਾਂ ਕਾਲਜਾਂ ਦੀਆਂ ਮੈਨੇਜਮੈਂਟਸ ਨੂੰ ਜਲਦੀ ਹੀ ਫਾਰਮੈਲਟੀਜ਼ ਪੂਰੀਆਂ ਕਰ ਦੇਣੀਆਂ ਚਾਹੀਦੀਆਂ ਹਨ ।

ਚੇਅਰਮੈਨ ਸਾਹਿਬ, ਜੂਨੀਅਰ ਡਾਕਟਰਜ਼ ਨੇ ਹੜਤਾਲ ਕੀਤੀ ਹੋਈ ਹੈ, ਉਨ੍ਹਾਂ ਦੇ ਮੁਤਅੱਲਕ ਮੈਂ ਪ੍ਰਾਰਥਨਾ ਕਰਾਂਗਾ ਕਿ ਗੌਰਮਿੰਟ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਬੁਲਾ ਕੇ ਉਨ੍ਹਾਂ ਨਾਲ ਗੱਲ ਬਾਤ ਕਰੇ । ਮੈਂ ਉਨ੍ਹਾਂ ਨਾਲ ਗੱਲ ਬਾਤ ਕੀਤੀ ਸੀ ਉਹ ਯਕੀਨ ਦਿਵਾਉਂਦੇ ਹਨ ਕਿ ਸੈਂਟਰਲ ਗੌਰਮਿੰਟ ਦੇ ਜਿਹੜੇ ਹੈਲਥ ਵਜ਼ੀਰ ਹਨ, ਜਿਹੜੇ ਉਨ੍ਹਾਂ ਨੇ ਜੂਨੀਅਰ ਡਾਕਟਰਜ਼ ਨੂੰ ਪੈਸੇ ਦੇਣੇ ਮੰਨਜ਼ੂਰ ਕੀਤੇ ਹਨ ਸਾਡੇ ਡਾਕਟਰ ਵੀ ਉਹ ਪੈਸੇ ਲੈਣ ਨੂੰ ਤਿਆਰ ਹਨ ਅਤੇ ਹੜਤਾਲ ਨੂੰ ਜਲਦੀ ਤੋਂ ਜਲਦੀ ਖ਼ਤਮ ਕੀਤਾ ਜਾਏ ਤਾਂਕਿ ਜਿਹੜੇ ਗਰੀਬ ਮਰੀਜ਼ ਹਨ ਉਨ੍ਹਾਂ ਦਾ ਇਲਾਜ ਹੋ ਸਕੇ ।

ਚੇਅਰਮੈਨ ਸਾਹਿਬ, ਮੈਂ ਇੰਡਸਟਰੀ ਦੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ । ਪੰਜਾਬ ਦੇ ਵਿਚ ਤਾਂ ਜ਼ਿਆਦਾ ਤਰ ਛੋਟੀ ਇੰਡਸਟਰੀ ਹੈ । ਵੱਡੀ ਇੰਡਸਟਰੀ ਤਾਂ ਅਜੇ ਹੁਣ ਮੁਹਾਲੀ ਵਿਚ ਸ਼ੁਰੂ ਹੋ ਰਹੀ ਹੈ । ਲੁਧਿਆਣੇ ਵਿਚ ਛੋਟੀ ਇੰਡਸਟਰੀ ਬੜੀ ਹੈ । ਅਸੀਂ ਬਾਹਰ ਕਾਫ਼ੀ ਪੈਸਾ ਮਾਲ ਭੇਜ ਕੇ ਕਮਾਉਂਦੇ ਹਾਂ । ਪਿਛਲੇ ਸਾਲ 22 ਕਰੋੜ ਰੁਪਿਆ ਲੁਧਿਆਣੇ ਨੇ ਦੂਸਰੇ ਮੁਲਕਾਂ ਨੂੰ ਆਪਣਾ ਮਾਲ ਭੇਜ ਕੇ ਕਮਾਇਆ । ਇਸ ਸਾਲ 16 ਕਰੋੜ ਰੁਪਏ ਦੇ ਆਰਡਰ ਰਸ਼ੀਆ ਤੋਂ ਸਾਨੂੰ ਮਿਲੇ ਹਨ । ਸਰਕਾਰ ਨੂੰ ਇਸ ਲੁਧਿਆਣੇ ਦੀ ਛੋਟੀ ਇੰਡਸਟਰੀ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ । ਅੱਜ ਉਥੇ ਇੰਡਸਟਰੀ ਦੀ ਬੜੀ ਵੱਰੀਇੰਗ ਹਾਲਤ ਹੈ । ਟੈਕਸਟਾਇਲ ਇੰਡਸਟਰੀ ਬੰਦ ਹੋਣ ਦੀ ਹਾਲਤ ਵਿਚ ਹੈ । ਰਾਮੈਟੀਰੀਅਲ ਮਿਲ ਨਹੀਂ ਰਿਹਾ ਅਤੇ ਇਸ ਕਾਰਨ ਕਾਫ਼ੀ ਮਜ਼ਦੂਰ ਬਕਾਰ ਹੋ ਜਾਣਗੇ । ਮੈਂ ਸਮਝਦਾ ਹਾਂ ਕਿ ਇਸ ਪਾਸੇ ਵਲ ਸਰਕਾਰ ਨੂੰ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ । ਇਸ ਵੇਲੇ ਬਿਜਲੀ ਦੀ ਬੜੀ ਕਮੀ ਹੈ । ਸਭ ਤੋਂ ਪਹਿਲਾਂ ਬਿਜਲੀ ਦੀ ਜ਼ਰੂਰਤ ਐਗਰੀਕਲਚਰਲ ਪਰਪਜ਼ਿਜ਼ ਲਈ ਹੈ । ਜੇ ਇਹ ਐਗਰੀਕਲਚਰਲ ਪਰਪਜ਼ਿਜ਼ ਲਈ ਇਸਤੇਮਾਲ ਹੋਵੇਗੀ ਤਾਂ ਹੀ ਸਾਨੂੰ ਰੋਟੀ ਮਿਲੇਗੀ । ਪੰਜਾਬ ਇਕੱਲਾ ਆਪਣੇ ਵਾਸਤੇ ਹੀ ਅਨਾਜ ਪੈਦਾ ਨਹੀਂ ਕਰਦਾ ਸਗੋਂ ਸਾਰੇ ਹਿੰਦੁਸਤਾਨ ਨੂੰ ਅਨਾਜ ਦਿੰਦਾ ਹੈ । ਪਰ ਜੇ ਇੰਡਸਟਰੀ ਨਹੀਂ ਚਲੇਗੀ ਤਾਂ ਮਜ਼ਦੂਰ ਬੇਕਾਰ ਹੋ ਜਾਣਗੇ । ਲੁਧਿਆਣੇ ਵਿਚ ਅੱਜ ਡੇਢ ਲੱਖ ਦੇ ਕਰੀਬ ਮਜ਼ਦੂਰ ਕੰਮ ਕਰਦੇ ਹਨ । ਇੰਡਸਟਰੀਜ਼ ਨਾ ਚੱਲਣ ਕਰਕੇ ਉਹ ਬੇਕਾਰ ਹੋ ਰਹੇ ਹਨ । ਉਨ੍ਹਾਂ ਕਾਰਖਾਨਿਆਂ ਨੇ ਜੈਨਰੇਟਰ ਵੀ ਖਰੀਦੇ ਹੋਏ ਹਨ ਪਰ ਉਨ੍ਹਾਂ ਨੂੰ ਚਲਾਉਣ ਲਈ ਡੀਜ਼ਲ ਵੀ ਨਹੀਂ ਮਿਲ ਰਿਹਾ, ਨਹੀਂ ਤਾਂ ਡੀਜ਼ਲ ਨਾਲ ਹੀ ਜੈਨਰੇਟਰ ਚਲਾ ਕੇ ਇੰਡਸਟਰੀ ਨੂੰ ਚਾਲੂ ਰਖ ਸਕਦੇ ਹਨ । ਜਿਹੜਾ ਮਜ਼ਦੂਰ ਉਥੇ ਕੰਮ ਕਰਦਾ ਹੈ ਉਸ ਦੀਆਂ ਵੇਜਿਜ਼ ਬੜੀਆਂ ਥੋੜ੍ਹੀਆਂ ਹਨ । ਇਸ ਮਹਿੰਗਾਈ ਦੀ ਹਾਲਤ ਵਿਚ ਉਨ੍ਹਾਂ ਦਾ ਚੰਗੀ ਤਰ੍ਹਾਂ ਗੁਜ਼ਾਰਾ ਨਹੀਂ ਚੱਲ ਸਕਦਾ । ਜੇ ਉਨ੍ਹਾਂ ਦੀਆਂ ਵੇਜਿਜ਼ ਵੱਧਣਗੀਆਂ ਅਤੇ ਉਹ ਪੇਟ ਭਰ ਰੋਟੀ ਖਾ ਸਕਣਗੇ ਤਾਂ ਚੰਗੀ ਤਰ੍ਹਾਂ ਕੰਮ ਕਰ ਸਕਣਗੇ ਅਤੇ ਇਸ ਨਾਲ ਪ੍ਰੋਡੱਕਸ਼ਨ ਵਿਚ ਵਾਧਾ ਹੋਵੇਗਾ । ਅੱਜ ਉਥੇ ਲੁਧਿਆਣੇ ਦੇ ਕਾਰਖਾਨਿਆਂ ਦੇ ਮਜ਼ਦੂਰ ਅਤੇ ਮਾਲਕਾਂ ਦੇ ਵਿਚ ਬੜੀ ਅਨਰੈਸਟ ਹੈ । ਇਸ ਨੂੰ ਗੌਰਮਿੰਟ ਨੂੰ ਹੱਲ ਕਰਨਾ ਚਾਹੀਦਾ ਹੈ । ਜੇ ਪ੍ਰੋਡਕਸ਼ਨ ਪੂਰੀ ਹੋਵੇਗੀ ਤਾਂ ਹੀ ਚੀਜ਼ਾਂ ਦੀਆਂ ਕੀਮਤਾਂ ਘੱਟਣਗੀਆਂ । ਅੱਜ ਕੋਈ ਹੋਰ ਕੀਮਤ ਹੈ, ਕਲ ਉਸੇ ਚੀਜ਼ ਦੀ ਹੋਰ

[ਸ਼੍ਰੀ ਸਰਦਾਰੀ ਲਾਲ ਕਪੂਰ]

ਕੀਮਤ ਹੋਵੇਗੀ । ਇਸ ਦਾ ਸਭ ਤੋਂ ਵੱਡਾ ਕਾਰਣ ਇਹ ਹੈ ਕਿ ਪ੍ਰੋਡਕਸ਼ਨ ਘੱਟ ਹੁੰਦੀ ਹੈ । ਹੜਤਾਲਾਂ ਪ੍ਰੋਡਕਸ਼ਨ ਘਟਾਉਂਦੀਆਂ ਹਨ । ਮੈਂ ਉਨ੍ਹਾਂ ਦੋਸਤਾਂ ਨੂੰ ਪ੍ਰਾਰਥਨਾ ਕਰਾਂਗਾ ਜਿਹੜੇ ਹੜਤਾਲਾਂ ਕਰਾਉਂਦੇ ਹਨ । ਇਸ ਨਾਲ ਦੇਸ਼ ਦਾ ਭਲਾ ਨਹੀਂ ਹੋਣਾ, ਸਗੋਂ ਨੁਕਸਾਨ ਹੋਣਾ ਹੈ । ਜੇ ਦੇਸ਼ ਵਿਚ ਹੜਤਾਲਾਂ ਨਾ ਹੋਣ ਤਾਂ ਪ੍ਰੋਡਕਸ਼ਨ ਵੱਧ ਹੋਵੇਗੀ ਅਤੇ ਇਸ ਨਾਲ ਚੀਜ਼ਾਂ ਦੀਆਂ ਕੀਮਤਾਂ ਵੀ ਗਿਰਨਗੀਆਂ ਅਤੇ ਲੋਕ ਸੁਖੀ ਹੋਣਗੇ । ਮੈਂ ਕਹਿੰਦਾ ਹਾਂ ਕਿ ਤਨਖਾਹਾਂ ਵਧਾਉਣੀਆਂ ਚਾਹੀਦੀਆਂ ਹਨ । ਅੱਜ ਦੀ ਮਹਿੰਗਾਈ ਵਿਚ ਗੁਜ਼ਾਰਾ ਨਹੀਂ ਹੋ ਸਕਦਾ । ਜੇ ਅੱਜ ਸਰਕਾਰ 20 ਰੁਪਏ ਤਨਖਾਹ ਵਧਾਉਂਦੀ ਹੈ ਤਾਂ ਕਲ 30 ਰੁਪਏ ਚੀਜ਼ਾਂ ਦੇ ਰੇਟ ਵੱਧ ਜਾਂਦੇ ਹਨ । ਇਸ ਤਰ੍ਹਾਂ ਜਿਹੜਾ ਮਹਿੰਗਾਈ ਦਾ ਅਸਰ ਹੈ ਇਸ ਨੂੰ ਲੋਕੀਂ ਕਿਸ ਤਰ੍ਹਾਂ ਬਰਦਾਸ਼ਤ ਕਰਨਗੇ । ਇਹ ਠੀਕ ਹੈ ਕਿ ਸਰਕਾਰ ਨੇ ਟੈਕਸ ਨਹੀਂ ਲਾਏ ਪਰ ਇਨ ਰਿਐਲਟੀ ਇਨਡਾਇਰੈਕਟਲੀ ਹਰ ਇੱਕ ਆਦਮੀ ਤੇ ਟੈਕਸ ਲੱਗੇ ਹਨ । ਰੇਲਵੇ ਦਾ ਕਿਰਾਇਆ ਵਧਾਇਆ ਗਿਆ ਹੈ । ਇਸ ਦੇ ਨਾਲ ਹੀ ਫ਼ਰੇਟ ਰੇਟ ਵੀ ਵਧਾਇਆ ਗਿਆ ਹੈ ! ਜੇ ਫ਼ਰੇਟ ਰੇਟ ਵੱਧ ਜਾਵੇ ਤਾਂ ਲਾਜ਼ਮੀ ਤੌਰ ਤੇ ਹਰ ਸ਼ਹਿਰੀ ਤੇ ਅਸਰ ਪੈਂਦਾ ਹੈ । ਇਸ ਨਾਲ ਚੀਜ਼ਾਂ ਦੀਆਂ ਕੀਮਤਾਂ ਕਮ-ਅਜ਼-ਕਮ 11 ਪ੍ਰਤੀਸ਼ਤ ਵੱਧ ਜਾਣਗੀਆਂ । ਇਸ ਦਾ ਮੁਕਾਬਲਾ ਕਰਨ ਵਾਸਤੇ ਹਰ ਤਰਕੀਬ ਨਾਲ ਪ੍ਰੋਡਕਸ਼ਨ ਨੂੰ ਵਧਾਉਣਾ ਚਾਹੀਦਾ ਹੈ । ਜਿਹੜੇ ਪ੍ਰੋਡਕਸ਼ਨ ਵਧਾਉਣ ਦੇ ਦਰਮਿਆਨ ਰੋੜੇ ਅਟਕਾਉਂਦੇ ਹਨ ਉਹ ਦੇਸ਼ ਦਾ ਭਲਾ ਨਹੀਂ ਕਰਦੇ । ਹਰ ਗੱਲ ਨੂੰ ਥਾਰੋਲੀ ਐਗਜ਼ਾਮਿਨ ਕਰਨਾ ਚਾਹੀਦਾ ਹੈ । ਮੈਂ, ਚੇਅਰਮੈਨ ਸਾਹਿਬ, ਪ੍ਰਾਰਥਨਾ ਕਰਾਂਗਾ ਕਿ ਜਿਹੜੇ ਲੇਬਰਰਜ਼ ਹਨ, ਜਿਹੜੇ ਕਾਰਖਾਨਿਆਂ ਵਿਚ ਕੰਮ ਕਰਦੇ ਹਨ, ਉਨ੍ਹਾਂ ਦੀ ਅਵਸਥਾ ਬੜੀ ਖਰਾਬ ਹੈ । ਕਾਰਖਾਨੇ ਬੜੇ ਅਨਸਾਇੰਟਿਫਿਕ ਤਰੀਕਿਆਂ ਨਾਲ ਚਲਾਏ ਜਾਂਦੇ ਹਨ । ਸੈਨੀਟੇਸ਼ਨ ਅਤੇ ਹਵਾ ਆਉਣ ਦੇ ਰਸਤੇ ਬਹੁਤ ਖਰਾਬ ਹਨ । ਗੌਰਮਿੰਟ ਨੂੰ ਇਸ ਪਾਸੇ ਵਲ ਧਿਆਨ ਦੇਣ ਦੀ ਲੋੜ ਹੈ । ਉਨ੍ਹਾਂ ਕਾਰਖਾਨਿਆਂ ਵਿਚ ਕੰਮ ਕਰਨ ਵਾਲਿਆਂ ਦੀਆਂ ਸਿਹਤਾਂ ਠੀਕ ਨਹੀਂ ਹਨ । ਜੇ ਮੈਡੀਕਲ ਤੌਰ ਤੇ ਚੈਕ ਕੀਤਾ ਜਾਵੇ ਤਾਂ ਪਤਾ ਲਗੇਗਾ ਕਿ ਜਿਹੜੇ ਮਜ਼ਦੂਰ ਕਾਰਖਾਨਿਆਂ ਵਿਚ ਕੰਮ ਕਰਦੇ ਹਨ, ਜੇ 100 ਬੰਦਿਆਂ ਨੂੰ ਤਪਦਿਕ ਦੀ ਬਿਮਾਰੀ ਹੈ ਤਾਂ 33 ਬੰਦੇ ਉਨ੍ਹਾਂ ਵਿਚੋਂ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਹੋਣਗੇ । ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਦੀ ਸਿਹਤ ਦਾ ਪੂਰਾ ਪੂਰਾ ਖਿਆਲ ਕੀਤਾ ਜਾਵੇ । ਮੈਂ ਦੇਖਿਆ ਹੈ ਕਿ ਕਾਰਖਾਨਿਆਂ ਵਿਚ ਕਿਤਨੀ ਅੰਧੇਰਗਰਦੀ ਹੈ । ਕਾਗਜ਼ਾਂ ਵਿਚ ਤਾਂ ਮਜ਼ਦੂਰ ਦੀ ਤਨਖਾਹ 120 ਰੁਪਏ ਮਹੀਨਾ ਦਿਖਾਈ ਜਾਂਦੀ ਹੈ ਪਰ ਅਮਲ ਵਿਚ ਉਸ ਨੂੰ ਸਿਰਫ 90 ਰੁਪਏ ਹੀ ਮਿਲਦੇ ਹਨ । ਅੱਜ ਦੀ ਮਹਿੰਗਾਈ ਵਿਚ ਕਿਸ ਤਰ੍ਹਾਂ ਕੋਈ ਬੰਦਾ 90 ਰੁਪਏ ਵਿਚ ਗੁਜ਼ਾਰਾ ਕਰ ਸਕਦਾ ਹੈ । ਗੌਰਮਿੰਟ ਨੂੰ ਇਸ ਪਾਸੇ ਜ਼ਿਆਦਾ ਤੋਂ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ । ਮੈਂ ਤਾਂ ਇਹ ਰਾਏ ਵੀ ਦਿਆਂਗਾ ਕਿ ਹਰ ਕਾਰਖਾਨੇ ਵਿਚ ਹਰ ਮਜ਼ਦੂਰ ਦਾ ਹਿੱਸਾ ਹੋਣਾ ਚਾਹੀਦਾ ਹੈ । ਜੇ ਹਰ ਮਜ਼ਦੂਰ ਉਸ ਵਿਚ ਹਿੱਸੇਦਾਰ ਬਣ ਜਾਵੇ ਤਾਂ ਫਿਰ ਲਾਜ਼ਮੀ ਤੌਰ ਤੇ ਕਾਰਖਾਨੇ ਠੀਕ ਚਲਣਗੇ ਅਤੇ ਉਨ੍ਹਾਂ ਨੂੰ ਹੜਤਾਲਾਂ ਕਰਨ ਦਾ ਮੌਕਾ ਨਹੀਂ ਮਿਲੇਗਾ । (ਘੰਟੀ) ਮੈਂ ਤਾਂ, ਚੇਅਰਮੈਨ ਸਾਹਿਬ, ਅਜੇ ਹੁਣੇ ਹੀ ਸ਼ੁਰੂ ਕੀਤਾ ਹੈ । ਮੈਨੂੰ ਪੂਰਾ ਅੱਧਾ ਘੰਟਾ ਮਿਲਿਆ ਹੈ ।

ਸ਼੍ਰੀ ਸਭਾਪਤੀ : ਤੁਸੀਂ ਪੰਜ ਮਿੰਟਾਂ ਵਿਚ ਖ਼ਤਮ ਕਰ ਦਿਉ । ਤੁਸੀਂ ਕਾਫ਼ੀ ਬੋਲ ਚੁੱਕੇ ਹੋ । (Please try to finish within five minutes. You have already taken enough time.)

ਸ੍ਰੀ ਸਰਦਾਰੀ ਲਾਲ ਕਪੂਰ : ਚੇਅਰਮੈਨ ਸਾਹਿਬ, ਲੁਧਿਆਣੇ ਵਿਚ ਇੰਡਸਟਰੀ ਨੂੰ ਜਿਹੜੀ ਬਿਜਲੀ ਦਿੱਤੀ ਜਾਂਦੀ ਹੈ, ਉਸ ਦੇ ਵਿਚ ਬੜੀ ਕਟੌਤੀ ਕੀਤੀ ਗਈ ਹੈ। ਫੀਡਰ ਇੱਕ ਵਜੇ ਤੋਂ ਲੈ ਕੇ ਸ਼ਾਮ ਦ ਸਾਢੇ ਛੇ ਵਜੇ ਤੱਕ ਬੰਦ ਕਰਨ ਦਾ ਆਰਡਰ ਦਿੱਤਾ ਹੈ ਅਤੇ ਸਵੇਰੇ ਛੇ ਵਜੇ ਤੋਂ ਸੱਤ ਵਜੇ ਤਕ ਬੰਦ ਕਰਨ ਦਾ ਆਰਡਰ ਦਿੱਤਾ ਹੈ। ਇਸ ਤਰ੍ਹਾਂ ਨਾਲ ਜਿਹੜੀਆਂ ਪਾਣੀ ਦੀਆਂ ਟੈਂਕੀਆਂ ਹਨ ਉਹ ਵੀ ਨਹੀਂ ਭਰਨਗੀਆਂ ਅਤੇ ਲੋਕਾਂ ਨੂੰ ਪੀਣ ਲਈ ਪਾਣੀ ਵੀ ਨਹੀਂ ਮਿਲੇਗਾ। ਮੈਂ ਤਾਂ ਕਹਾਂਗਾ ਕਿ ਟਾਈਮ ਵਿਚ ਕੁਝ ਤਬਦੀਲੀ ਕਰਨੀ ਚਾਹੀਦੀ ਹੈ। ਜੇ ਇਕ ਵਾਰੀ ਬਿਜਲੀ ਬੰਦ ਕਰ ਦੇਣੀ ਹੈ ਅਤੇ ਥੋੜ੍ਹੀ ਦੇਰ ਬਾਅਦ ਫਿਰ ਦੇਣੀ ਹੈ ਤਾਂ ਫਿਰ ਗਰਿੱਪ ਕੱਢਣ ਦਾ ਕੀ ਮਤਲਬ। ਇਸ ਦਾ ਮਤਲਬ ਤਾਂ ਇਹ ਹੈ ਕਿ ਕੁਰੱਪਸ਼ਨ ਫੈਲਾਣੀ ਹੈ। ਜਿਹੜਾ ਪੈਸੇ ਦੇ ਕੇ ਆ ਜਾਵੇਗਾ ਉਸ ਦਾ ਗਰਿੱਪ ਤਾਂ ਬੱਚ ਜਾਇਆ ਕਰੇਗਾ ਬਾਕੀਆਂ ਦੇ ਗਰਿੱਪ ਕੱਢ ਲਿਆ ਕਰਨਗੇ। ਇਸ ਦੀ ਤਰਕੀਬ ਇਹ ਹੈ ਕਿ ਜਿਸ ਵੇਲੇ ਮੁਕੱਰਰ ਟਾਈਮ ਤੇ ਬਿਜਲੀ ਬੰਦ ਰਹਿਣੀ ਹੈ ਤਾਂ ਫਿਰ ਗਰਿੱਪ ਕੱਢਣ ਦੀ ਕੀ ਲੋੜ ਹੈ।

ਇਹ ਗੌਰਮਿੰਟ ਨੇ, ਚੇਅਰਮੈਨ ਸਾਹਿਬ, ਬੜਾ ਅੱਛਾ ਕੀਤਾ ਹੈ ਕਿ ਇੰਪਲਾਈਜ਼ ਦੀਆਂ ਬਾਰ ਬਾਰ ਮੰਗਾਂ ਮੰਨੀਆਂ ਹਨ ਅਤੇ ਉਨ੍ਹਾਂ ਦਾ ਡੀਅਰਨੈੱਸ ਅਲਾਊਂਸ ਅਤੇ ਤਨਖ਼ਾਹ ਵਿਚ ਵਾਧਾ ਕੀਤਾ ਹੈ। ਪਰ ਬਾਵਜੂਦ ਇਸ ਚੀਜ਼ ਦੇ ਹਾਲੇ ਵੀ ਉਨ੍ਹਾਂ ਦੀ ਸੇਟਿਸਫ਼ੈਕਸ਼ਨ ਨਹੀਂ ਹੋਈ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਇੰਪਲਾਈਜ਼ ਦੇ ਰਿਪਰਜੈਂਟੇਟਿਵਜ਼ ਨੂੰ ਬੁਲਾ ਕੇ ਪੁਛਣ ਅਤੇ ਉਨ੍ਹਾਂ ਦੀਆਂ ਮੰਗਾਂ ਤੇ ਹਮਦਰਦਾਨਾ ਗੌਰ ਕਰਨ। ਇਸ ਸੂਬੇ ਵਿਚ ਕੋਈ ਅਨਰੈਸਟ ਨਹੀਂ ਹੋਣੀ ਚਾਹੀਦੀ। ਜਿਹੜੇ ਗੇਟ-ਕੀਪਰ ਹਨ ਇਨ੍ਹਾਂ ਦੀ ਤਨਖਾਹ ਵੀ ਕਾਂਸਟੇਬਲਜ਼ ਦੇ ਬਰਾਬਰ ਕਰਨੀ ਚਾਹੀਦੀ ਹੈ। ਸਾਡੇ ਪੰਜਾਬ ਵਿਚ ਜਿਹੜੇ 31,000 ਵਰਕ-ਚਾਰਜਡ ਇੰਪਲਾਈਜ਼ ਕੰਮ ਕਰ ਰਹੇ ਹਨ, ਉਨ੍ਹਾਂ ਦੇ ਮੁਤਅਲਕ ਟ੍ਰਿਬਿਊਨਲ ਨੇ ਜਦ ਫ਼ੈਸਲਾ ਦੇ ਦਿੱਤਾ ਹੈ ਤਾਂ ਫ਼ਿਰ ਉਸ ਫ਼ੈਸਲੇ ਦੇ ਮੁਤਾਬਿਕ ਉਨ੍ਹਾਂ ਨੂੰ ਤਿੰਨ ਸਾਲ ਦੇ ਬਾਅਦ ਕਿਉਂ ਨਹੀਂ ਕਨਫ਼ਰਮ ਕੀਤਾ ਗਿਆ। 20, 20 ਸਾਲ ਤੋਂ ਉਹ ਕੰਮ ਕਰ ਰਹੇ ਹਨ। ਗੌਰਮਿੰਟ ਨੂੰ ਉਨ੍ਹਾਂ ਇੰਪਲਾਈਜ਼ ਨੂੰ ਪੱਕਾ ਕਰਨਾ ਚਾਹੀਦਾ ਹੈ ਅਤੇ ਇੰਪਲਾਈਜ਼ ਵਿਚ ਅਨਰੈਸਟ ਨੂੰ ਦੂਰ ਕਰਨਾ ਚਾਹੀਦਾ ਹੈ ਜੇ ਕੋਈ ਆਦਮੀ ਬੇਰੁਜ਼ਗਾਰ ਹੋ ਜਾਂਦਾ ਹੈ ਤਾਂ ਉਸ ਨੂੰ ਬਹੁਤ ਜ਼ਿਆਦਾ ਤਕਲੀਫ਼ ਹੁੰਦੀ ਹੈ। ਜਿਹੜੇ ਇਹ 31,000 ਇੰਪਲਾਈਜ਼ ਹਨ ਇਨ੍ਹਾਂ ਨੂੰ ਲਾਜ਼ਮੀ ਤੌਰ ਤੇ ਪੱਕਾ ਕਰਨਾ ਚਾਹੀਦਾ ਹੈ। ਆਖਿਰ ਵਿਚ ਮੈਂ ਸਾਰੇ ਹਾਊਸ ਨੂੰ ਇਹ ਪ੍ਰਾਰਥਨਾ ਕਰਾਂਗਾ ਕਿ ਕਿਤਨੇ ਦਿਨਾਂ ਤੋਂ ਇਥੇ ਜਿਹੜੀ ਆਪਸ ਵਿਚ ਖਿੱਚਾਤਾਨੀ ਚਲ ਰਹੀ ਹੈ, ਇਹ ਨਹੀਂ ਹੋਣੀ ਚਾਹੀਦੀ। ਇਸ ਦੇਸ਼ ਨੂੰ ਆਜ਼ਾਦ ਕਰਾਉਣ ਲਈ ਬਹੁਤ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ ਅਤੇ ਆਪਣੀਆਂ ਜਾਨਾਂ ਤਕ ਵਾਰ ਦਿੱਤੀਆਂ। ਪੰਜਾਬ ਦੇ ਕਈ ਹੋਨਹਾਰ ਨੌਜਵਾਨਾਂ ਨੇ ਫ਼ਾਂਸੀ ਦੇ ਤਖਤੇ ਤੇ ਚੜ੍ਹਕੇ ਪੰਜਾਬ ਦਾ ਨਾਂ ਉਚਾ ਕੀਤਾ। ਜਿਸ ਵੇਲੇ ਦੇਸ਼ ਆਜ਼ਾਦ ਹੋਇਆ ਤਾਂ ਪੰਜਾਬ ਤੇ ਬੜੀ ਮੁਸੀਬਤ ਆਈ। ਪੰਜਾਬ ਦੀ ਤਕਸੀਮ ਹੋਈ। ਇਸ ਕਾਰਣ ਬਹੁਤ ਸਾਰੀਆਂ ਭੈਣਾਂ ਆਪਣੇ ਭਰਾਵਾਂ ਤੋਂ ਜੁਦਾ ਹੋ ਗਈਆਂ। ਆਪਣੇ ਆਸ਼ਿਆਨੇ ਛੱਡ ਕੇ ਦੂਜੀ ਜਗ੍ਹਾਂ ਨਵੇਂ ਆਸ਼ਿਆਨੇ ਬਣਾਏ। ਸਾਡਾ ਸੂਬਾ ਉਸ ਵੇਲੇ ਅਨਾਜ ਦੇ ਮਾਮਲੇ ਵਿਚ ਘਾਟੇ ਵਿਚ ਸੀ। ਇਥੋਂ ਦੇ ਕਿਸਾਨ ਨੇ ਬੜੀ ਮਿਹਨਤ ਨਾਲ ਇਸ ਸੂਬੇ ਦੀ ਪੈਦਾਵਾਰ ਨੂੰ ਵਧਾਇਆ ਹੈ। ਇਸ ਤੋਂ ਬਾਅਦ ਸਾਨੂੰ ਦੋ ਤਿੰਨ ਲੜਾਈਆਂ ਵੀ ਲੜਨੀਆਂ ਪਈਆਂ। ਪੰਜਾਬੀਆਂ ਨੇ ਇਨ੍ਹਾਂ ਲੜਾਈਆਂ ਵਿਚ ਦੇਸ਼ ਦੀ ਇੱਜ਼ਤ ਬਚਾਉਣ ਲਈ ਆਪਣੀਆਂ

[ਸ੍ਰੀ ਸਰਦਾਰੀ ਲਾਲ ਕਪੂਰ]

ਜਾਨਾਂ ਵਾਰ ਦਿੱਤੀਆਂ । ਮੈਂ ਉਨ੍ਹਾਂ ਸ਼ਹੀਦਾਂ ਦਾ ਨਾਂ ਲੈ ਕੇ ਸਾਰੇ ਹਾਊਸ ਨੂੰ ਅਪੀਲ ਕਰਦਾ ਹਾਂ ਕਿ ਹਾਊਸ ਦਾ ਡੈਕੋਰਮ ਚੰਗਾ ਰਖਣ । ਜੇ ਆਪਣੀਆਂ ਮੰਗਾਂ ਆਪੋਜੀਸ਼ਨ ਨੇ ਮੰਨਵਾਉਣੀਆਂ ਹਨ ਤਾਂ ਉਸ ਲਈ ਕਈ ਢੰਗ ਹਨ । ਇਸ ਵਿਧਾਨ ਸਭਾ ਤੇ ਜੰਤਾ ਦਾ ਤਿੰਨ ਲੱਖ ਰੁਪਿਆ ਮਹੀਨਾ ਖਰਚ ਆਉਂਦਾ ਹੈ ਅਤੇ ਇਸ ਤਰ੍ਹਾਂ ਸਾਲ ਦਾ 36 ਲੱਖ ਰੁਪਿਆ ਖਰਚ ਹੈ । ਲੋਕੀਂ ਸਾਡੇ ਤੋਂ ਕੁਝ ਉਮੀਦ ਰਖਦੇ ਹਨ । ਨਾਹਰਿਆਂ ਨਾਲ ਕੋਈ ਮੰਗ ਨਹੀਂ ਮਨਾਈ ਜਾ ਸਕਦੀ । ਵਧੀਆ ਆਪੋਜ਼ੀਸ਼ਨ ਉਹ ਹੁੰਦੀ ਹੈ ਜਿਹੜੀ ਤਾਮੀਰੀ ਤਰੀਕੇ ਨਾਲ, ਚੰਗੇ ਢੰਗ ਨਾਲ ਗੌਰਮਿੰਟ ਨੂੰ ਸੁਝਾਉ ਦੇਵੇ । ਅਗਰ ਗੌਰਮਿੰਟ ਸਮਝੇ ਕਿ ਕੋਈ ਗੱਲ ਠੀਕ ਹੈ ਤਾਂ ਮੰਨ ਲਵੇ । ਮੈਂ ਸਾਰਿਆਂ ਨੂੰ ਅਪੀਲ ਕਰਾਂਗਾ ਕਿ ਸਾਨੂੰ ਇਸ ਪੰਜਾਬ ਨੂੰ ਉੱਚਾ ਕਰਨਾ ਚਾਹੀਦਾ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟਕਪੂਰਾ) : ਚੇਅਰਮੈਨ ਸਾਹਿਬ, ਫ਼ਾਇਨਾਂਸ ਮਨਿਸਟਰ ਸਾਹਿਬ ਨੇ ਜਿਹੜਾ ਬਜਟ ਪੇਸ਼ ਕੀਤਾ ਹੈ ਉਸ ਨੂੰ ਇਨ੍ਹਾਂ ਨੇ ਪਹਿਲੀ ਪਰੰਪਰਾ ਵਾਂਗ ਰੈਡੀਕਲ, ਅਗਾਂਹ-ਵਧੂ ਅਤੇ ਸੋਸ਼ਲਿਸਟਕ ਦਸਿਆ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬਿਲਕੁਲ ਅਗਾਂਹ ਵਧੂ ਨਹੀਂ, ਬਿਲਕੁਲ ਰੇਡੀਕਲ ਨਹੀਂ ਹੈ ਅਤੇ ਬਿਲਕੁਲ ਸੋਸਲਿਸਟਕ ਨਹੀਂ ਹੈ । ਗਰੀਬੀ ਹਟਾਉਣ ਦਾ ਜੋ ਨਾਹਰਾ ਇੰਦਰਾਂ ਗਾਂਧੀ ਨੇ,ਭਾਵੇਂ ਇਲੈਕਸ਼ਨ ਜਿੱਤਣ ਵਾਸਤੇ ਲਾਇਆ ਸੀ, ਉਹ ਬਿਲਕੁਲ ਫੋਕਾ ਨਾਹਰਾ ਸਾਬਤ ਹੋਇਆ ਹੈ । ਇਸ ਬਜਟ ਨਾਲ ਗਰੀਬਾਂ ਨੂੰ ਅਤੇ ਪਛੜੀਆਂ ਜਾਤੀਆਂ ਨੂੰ ਬਿਲਕੁਲ ਕੋਈ ਲਾਭ ਨਹੀਂ ਹੋਇਆ । ਚੇਅਰਮੈਨ ਸਾਹਿਬ, ਪਿਛਲੀ ਵਜ਼ਾਰਤ ਨੇ 80 ਕਰੋੜ ਦੇ ਟੈਕਸ ਛੱਡੇ ਸੀ । ਜਿੰਨੀ ਬੇਟਰਮੈਂਟ ਲੇਵੀ ਸੀ ਉਹ ਮਾਫ਼ ਕਰਕੇ ਲੋਕਾਂ ਨੂੰ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ ਸੀ । ਉਸ ਦਾ ਅਸਰ ਇਹ ਹੋਇਆ ਕਿ ਇਹ ਜੋ ਛੋਟਾ ਜਿਹਾ ਪੰਜਾਬ ਹੈ, ਜੇ ਇਸ ਦੇ ਨਕਸ਼ੇ ਤੇ ਅੰਗੂਠਾ ਰਖੀਏ ਤਾਂ ਅੰਗੂਠੇ ਥੱਲੇ ਆ ਜਾਂਦਾ ਹੈ, ਇਸ ਨੇ ਇਤਨਾ ਅਨਾਜ ਪੈਦਾ ਕਰਕੇ ਦਿੱਤਾ ਹੈ ਕਿ ਪ੍ਰਾਈਮ ਮਨਿਸਟਰ ਨੇ ਵੀ ਕਿਹਾ ਸੀ ਕਿ ਜਿਹੜਾ ਸਾਨੂੰ ਬਾਹਰੋਂ ਅਨਾਜ ਮੰਗਵਾਉਣਾ ਪੈਂਦਾ ਸੀ ਉਹ ਰੁਕ ਗਿਆ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਸ ਐਗਰੀਕਲਚਰ ਨੂੰ ਖਤਮ ਕਰਨ ਵਾਸਤੇ ਰਾਜ ਕਮੇਟੀ ਬਣਾਈ ਗਈ ਜਿਸ ਨੇ ਐਗਰੀਕਲਚਰ ਟੈਰਿਫ਼ ਲਿਆਂਦਾ, ਜਿਸ ਦਾ ਨਤੀਜਾ ਇਹ ਹੋਇਆ ਕਿ ਜਿਹੜਾ ਘਾਟਾ ਪਿਛਲੇ ਸਾਲ 14.69 ਕਰੋੜ ਦਾ ਸੀ ਉਹ ਹੁਣ 37.21 ਕਰੋੜ ਹੋ ਗਿਆ । ਮੈਂ ਬੇਨਤੀ ਕਰਾਂਗਾ ਕਿ ਇਸ ਸਰਕਾਰ ਨੇ ਉਨ੍ਹਾਂ ਤੇ ਟੈਕਸ ਲਾਇਆ ਹੈ ਜਿਨ੍ਹਾਂ ਨੇ ਹਿੰਦੋਸਤਾਨ ਦਾ ਸਿਰ ਉੱਚਾ ਕੀਤਾ ਅਤੇ ਗਰੀਬ ਲੋਕਾਂ ਦਾ ਢਿੱਡ ਭਰਿਆ ।

ਮੈਂ ਚੇਅਰਮੈਨ ਸਾਹਿਬ, ਮਨੋਪਲਿਸਟਾਂ, ਬਿਰਲਾ ਅਤੇ ਟਾਟੇ ਦੀਆਂ ਗੱਲਾਂ ਨਹੀਂ ਕਰ ਰਿਹਾ । ਮੈਂ ਤਾਂ ਗੱਲ ਕਰਦਾ ਹਾਂ 17 ਕਰੋੜ ਕਿਸਾਨਾਂ ਦੀ, ਜਿਨ੍ਹਾਂ ਨੇ ਖੂਨ ਪਸੀਨੇ ਦੀ ਕਮਾਈ ਕਰਕੇ, ਆਪਣੇ ਬਾਲ ਬੱਚਿਆਂ ਨੂੰ ਆਪਣੇ ਨਾਲ ਕੰਮ ਤੇ ਲਾ ਕੇ ਇਸ ਹਿੰਦੋਸਤਾਨ ਦਾ ਸਿਰ ਉੱਚਾ ਕੀਤਾ, ਗਰੀਬਾਂ ਦਾ ਢਿੱਡ ਭਰਿਆ । ਇਹ ਸਰਕਾਰ ਉਨ੍ਹਾਂ ਨੂੰ ਕੁਝ ਰੀਲੀਫ਼ ਦਿੰਦੀ ਜਾਂ ਉਨ੍ਹਾਂ ਵਿਚ ਕੁਝ ਖੁਸ਼ਹਾਲੀ ਲਿਆਉਂਦੀ ਪਰ ਇਨ੍ਹਾਂ ਨੇ ਉਨ੍ਹਾਂ ਨੂੰ ਨੰਗਾ ਕਰਨ ਵਾਸਤੇ, ਮਲੰਗ ਕਰਨ ਵਾਸਤੇ ਕਿਸਾਨ ਦੇ ਅਨਾਜ ਦੀ ਕੀਮਤ ਜਿਹੜੀ ਕਿ 1965 ਵਿਚ ਵੀ 76 ਰੁਪਏ ਸੀ ਉਹ 76 ਰੁਪਏ ਹੀ ਮੁਕੱਰਰ ਕਰ ਦਿੱਤੀ । ਬਾਦ ਵਿਚ ਜਿਹੜਾ ਇਨ੍ਹਾਂ ਨੇ ਕੇਂਦਰ ਦੀ ਸਰਕਾਰ ਦੇ ਕਹਿਣ ਤੇ ਬੋਨਸ ਦਿੱਤਾ ਉਹ 3 % ਸੈਂਟਰ

ਕੋਲੋਂ ਲੈਕੇ ਅਤੇ 2 ਪ੍ਰਤੀਸ਼ਤ ਆਪਣੇ ਕੋਲੋਂ ਦਿੱਤਾ ਪਰ ਇਹ ਬੋਨਸ ਉਨ੍ਹਾਂ ਕਿਸਾਨਾਂ ਨੂੰ ਵੇਲੇ ਸਿਰ ਨਹੀਂ ਦਿੱਤਾ ਗਿਆ ਜਿਸ ਵੇਲੇ ਕਿ ਉਨ੍ਹਾਂ ਦੀ 6 ਮਹੀਨੇ ਦੀ ਫ਼ਸਲ ਆਉਂਦੀ ਹੈ ਜਾਂ ਜਿਸ ਵੇਲੇ ਉਨ੍ਹਾਂ ਦੇ ਬੱਚੇ ਭੁੱਖੇ ਮਰ ਰਹੇ ਸਨ।

ਇਸ ਵੇਲੇ ਹਾਊਸ ਵਿਚ ਸ਼ਰਮਾ ਸਾਹਿਬ ਵੀ ਨਹੀਂ ਬੈਠੇ ਹਨ ਜਿਹੜੇ ਮੇਰੀਆਂ ਗੱਲਾਂ ਨੂੰ ਨੋਟ ਕਰਦੇ ਪਰ ਇਥੇ ਇਸ ਵੇਲੇ ਜਿਹੜੇ ਵਜ਼ੀਰ ਸਾਹਿਬ ਬੈਠੇ ਹਨ ਉਨ੍ਹਾਂ ਨੂੰ ਮੈਂ ਕਹਾਂਗਾ ਕਿ ਉਹ ਨੋਟ ਕਰਨ ਦਾ ਯਤਨ ਕਰਨ।

ਚੇਅਰਮੈਨ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਇਹ ਸਰਕਾਰ ਕਿਸਾਨਾਂ ਨੂੰ ਮਾਰਨ ਵਾਸਤੇ, ਉਨ੍ਹਾਂ ਨੂੰ ਜ਼ਲੀਲ ਕਰਨ ਵਾਸਤੇ ਡੀਜ਼ਲ ਤੇ ਟੈਕਸ ਲਗਾਈ ਜਾ ਰਹੀ ਹੈ। ਰਾਜ ਕਮੇਟੀ ਦੀਆਂ ਸਿਫ਼ਾਰਸ਼ਾਂ ਮੰਨ ਕੇ ਗਰੀਬਾਂ ਨੂੰ ਹੋਰ ਗ਼ਰੀਬ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਬਜਾਏ ਇਸ ਦੇ ਕਿ ਜਿਹੜੇ ਵੱਡੇ ਵੱਡੇ ਕਾਰਖਾਨੇ ਹਨ ਉਨ੍ਹਾਂ ਵਿਚ ਮਜ਼ਦੂਰਾਂ ਨੂੰ ਹਿੱਸੇਦਾਰ ਬਣਾਇਆ ਜਾਵੇ ਇਹ ਉਨ੍ਹਾਂ ਨੂੰ ਹੋਰ ਗਰੀਬ ਕਰ ਰਹੇ ਹਨ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਸ ਸਰਕਾਰੀ ਬੈਂਚਿਜ਼ ਤੇ ਬੈਠੇ ਮੈਂਬਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਹਿੰਦੋਸਤਾਨ ਦੇ ਗ਼ਰੀਬ ਲੋਕ ਕੁੱਲੀ, ਗੁੱਲੀ, ਜੁੱਲੀ, ਅਤੇ ਮੈਡੀਕਲ ਏਡ ਮੰਗਦੇ ਹਨ ਜਿਸ ਦਾ ਕਿ ਇਨ੍ਹਾਂ ਨੂੰ ਇੰਤਜ਼ਾਮ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਵੱਡੇ ਵੱਡੇ ਆਦਮੀ ਹਨ, ਚਾਹੇ ਉਹ ਦਿਹਾਤੀ ਹਨ, ਚਾਹੇ ਉਹ ਸ਼ਹਿਰੀ ਹਨ, ਚਾਹੇ ਉਹ ਕਾਰਖਾਨੇਦਾਰ ਹਨ, ਚਾਹੇ ਉਹ ਬਿਰਲਾ ਜਾਂ ਟਾਟਾ ਹੈ ਉਨ੍ਹਾਂ ਦੀ ਖੁੱਲ੍ਹੀ ਕਮਾਈ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇ ਅਤੇ ਸਭ ਨੂੰ ਇਕੋ ਜਿਹਾ ਕਰ ਦਿੱਤਾ ਜਾਏ।

ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜੋ ਵੀ ਮੈਂਬਰ ਇਸ ਸਦਨ ਵਿਚ ਆ ਕੇ ਗੱਲ ਕਰਦਾ ਹੈ ਇਹ ਪਰਜ਼ਿਊਮ ਕੀਤਾ ਜਾਂਦਾ ਹੈ ਕਿ ਉਹ ਦਿਲੋਂ ਗੱਲ ਕਰਦਾ ਹੈ। ਇਸ ਵਾਸਤੇ ਇਨਾਂ ਨੂੰ ਚਾਹੀਦਾ ਹੈ ਕਿ ਉਹ ਇਥੇ ਜਿਹੜੀ ਵੀ ਗੱਲ ਕਰਨ ਉਹ ਬਿਲਕੁਲ ਦਿੱਲ ਦੀ ਗੱਲ ਕਰਨ। ਸਾਡੇ ਚੀਫ਼ ਮਨਿਸਟਰ ਸਾਹਿਬ ਨੂੰ ਚਾਹੀਦਾ ਸੀ ਕਿ ਉਹ ਗਰੀਬਾਂ ਵਾਸਤੇ, ਪਛੜੀਆਂ ਜਾਤੀਆਂ ਵਾਸਤੇ ਕੁਝ ਨਾ ਕੁਝ ਰੀਲੀਫ਼ ਦੇਣ ਦਾ ਇੰਤਜ਼ਾਮ ਕਰਦੇ (ਸ਼ੋਰ) (ਵਿਘਨ) ਪਰ ਇਹ ਕਾਰਖਾਨੇਦਾਰਾਂ ਅਤੇ ਵੱਡੇ ਵੱਡੇ ਆਦਮੀਆਂ ਨੂੰ ਹੋਰ ਤਕੜਾ ਕਰਨ ਲਗੇ ਹਨ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਦਾ ਹਾਂ ਕਿ ਅੱਜ ਜਿਹੜੀਆਂ ਗਰੀਬ ਲੋਕਾਂ ਦੀ ਬੇਸਿਕ ਨੀਡਜ਼ ਹਨ ਉਹ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਵੱਡੇ ਵੱਡੇ ਕਾਰਖਾਨੇਦਾਰਾਂ ਅਤੇ ਅਮੀਰਾਂ ਦੀ ਖੁੱਲੀ ਕਮਾਈ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇ ਅਤੇ ਪਛੜੀਆਂ ਜਾਤੀਆਂ ਅਤੇ ਗਰੀਬ ਲੋਕਾਂ ਨੂੰ ਉੱਚਾ ਚੁਕਿਆ ਜਾਵੇ।

ਚੇਅਰਮੈਨ ਸਾਹਿਬ, ਮੈਂ ਇਸ ਬਜਟ ਦੀ ਬਾਬਤ ਸਿਰਫ਼ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਇਹ ਬਜਟ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਇਕ ਜ਼ਹਿਰ ਦੀ ਗੋਲੀ ਨੂੰ ਖੰਡ ਵਿਚ ਲਪੇਟ ਕੇ ਕਿਸੇ ਨੂੰ ਹਜ਼ਮ ਕਰਨ ਵਾਸਤੇ ਕਿਹਾ ਜਾਵੇ। ਬਤੌਰ ਅਕਾਲੀ ਪਾਰਟੀ ਦੇ ਮੈਂ ਆਪਣੀ ਪਾਰਟੀ ਵਲੋਂ ਪੰਜਾਬ ਨੂੰ ਵਾਰਨ ਕਰਦਾ ਹਾਂ ਕਿ ਇਹ ਜਿਹੜੇ ਕਾਂਗ੍ਰਸੀ ਬੈਂਚਿਜ਼ ਤੇ ਬੈਠੇ ਹਨ ਇਨ੍ਹਾਂ ਦੀਆਂ ਕੁਟਿਲ ਨੀਤੀਆਂ ਹਨ ਅਤੇ ਇਹ ਆਪਣੇ ਛੋਟੇ ਛੋਟੇ ਬਿਜ਼ਨੈਸ ਨੂੰ ਵੱਡਾ ਕਰਨਾ ਚਾਹੁੰਦੇ ਹਨ। ਇਹ ਗ਼ਰੀਬ ਲੋਕਾਂ ਨੂੰ, ਕਿਸਾਨਾਂ ਨੂੰ, ਮਜ਼ਦੂਰਾਂ ਨੂੰ ਉੱਚਾ ਨਹੀਂ ਚੁਕਣਾ ਚਾਹੁੰਦੇ।

[ਸਰਦਾਰ ਜਸਵਿੰਦਰ ਸਿੰਘ ਬਰਾੜ]

ਇਸ ਨਾਲ ਗਰੀਬ ਹੋਰ ਗਰੀਬ ਹੋ ਜਾਣਗੇ ਔਰ ਉਨ੍ਹਾਂ ਦੀ ਆਰਥਿਕ ਹਾਲਤ ਮਾੜੀ ਹੋ ਜਾਵੇਗੀ। ਅਤੇ ਜੇ ਉਨ੍ਹਾਂ ਦੀ ਹਾਲਤ ਮਾੜੀ ਹੋ ਗਈ ਤਾਂ ਫ਼ਿਰ ਉਨ੍ਹਾਂ ਦੇ ਸਿਰ ਤੇ ਤੁਸੀਂ ਪੱਗਾਂ ਨਹੀਂ ਰਹਿਣ ਦੇਣੀਆਂ। (ਵਿਘਨ)

ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਹੇਠਲੇ ਵਰਗ ਦੇ ਲੋਕਾਂ ਦਾ ਕਾਫੀ ਧਿਆਨ ਰਖਿਆ ਜਾਣਾ ਚਾਹੀਦਾ ਹੈ ਉਨ੍ਹਾਂ ਵਾਸਤੇ ਰਿਜ਼ਰਵੇਸ਼ਨ ਕੀਤੀ ਜਾਵੇ। ਪੰਜਾਬ ਵਿਚ ਹਰੀਜਨਾਂ ਦੀ ਆਬਾਦੀ 27 ਪ੍ਰਤੀਸ਼ਤ ਹੈ ਉਨ੍ਹਾਂ ਨੂੰ 27 ਪ੍ਰਤੀਸ਼ਤ ਨੁਮਾਇੰਦਗੀ ਮਿਲਣੀ ਚਾਹੀਦੀ ਹੈ। ਬਲਕਿ ਜਿੰਨੀ ਸੈਂਟਰ ਵਿਚ ਹੈ ਉਤਨੀ ਰਿਜ਼ਰਵੇਸ਼ਨ ਇਥੇ ਵੀ ਦੇਣੀ ਚਾਹੀਦੀ ਹੈ। (ਵਿਘਨ) ਚੇਅਰਮੈਨ ਸਾਹਿਬ ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਫੌਜ ਵਿਚ ਵੀ ਪੰਜਾਬੀਆਂ ਨੂੰ ਪੂਰਾ ਹਿੱਸਾ ਮਿਲਣਾ ਚਾਹੀਦਾ ਹੈ। ਸਾਡੇ ਪੰਜਾਬ ਦੇ ਗਰੀਬ ਲੋਕਾਂ ਨਾਲ ਚਾਹੇ ਉਹ ਹਰੀਜਨ ਹੈ, ਚਾਹੇ ਕਿਸਾਨ ਹੈ, ਚਾਹੇ ਦੁਕਾਨਦਾਰ ਹੈ ਉਸ ਨਾਲ ਧੱਕਾ ਹੋਇਆ ਹੈ (ਵਿਘਨ) ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਹਰੀਜਨਾਂ ਨੂੰ 27 ਪ੍ਰਤੀਸ਼ਤ ਰਿਜ਼ਰਵੇਸ਼ਨ ਦਿੱਤੀ ਜਾਵੇ।

ਸ਼੍ਰੀ **ਚੇਅਰਮੈਨ** : ਕੀ ਤੁਸੀਂ ਇਹ ਦਿਲੋਂ ਗੱਲ ਕਰ ਰਹੇ ਹੋ ? (Are you sincere about it ?)

ਸਰਦਾਰ ਜਸਵਿੰਦਰ ਸਿੰਘ ਬਰਾੜ : ਚੇਅਰਮੈਨ ਸਾਹਿਬ, ਮੈਂ ਦਿਲੋਂ ਗੱਲ ਕਰ ਰਿਹਾ ਹਾਂ। ਜੇ ਸਾਡੀ ਸਰਕਾਰ ਹੋਵੇ ਤਾਂ ਜਿੰਨੀ ਤੁਸੀਂ ਰਿਜ਼ਰਵੇਸ਼ਨ ਕਹੋਗੇ ਉਤਨੀ ਕਰ ਦਿਆਂਗੇ। (ਵਿਘਨ)

12.00 Noon

ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਸ ਬੱਜਟ ਦੇ ਥਰੂ ਪੰਜਾਬ ਦੀ ਅਕਾਨਮੀ ਨੂੰ ਸ਼ੈਟਰ ਕੀਤਾ ਜਾ ਰਿਹਾ ਹੈ ਔਰ ਉਹ ਦਿਨ ਦੂਰ ਨਹੀਂ ਹੋਵੇਗਾ ਜਦੋਂ ਡ੍ਰਮ ਹੋ ਜਾਵੇਗਾ, ਪੰਜਾਬ ਵਿਚੋਂ ਦੁੱਧ ਖ਼ਤਮ ਹੋ ਜਾਵੇਗਾ, ਮਜ਼ਦੂਰ ਦੀ ਹਾਲਤ ਮੰਦੀ ਹੋ ਜਾਵੇਗੀ ਔਰ ਇਨਕਲਾਬ ਵਾਸਤੇ ਤਿਆਰੀ ਹੋ ਜਾਵੇਗੀ ਜੋ ਅੱਜ ਤੋਂ ਕੁਝ ਚਿਰ ਪਹਿਲਾਂ ਰੂਸ ਔਰ ਚੀਨ ਵਿਚ ਆਇਆ ਸੀ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਤੁਸੀਂ ਜਾਗੀਰਦਾਰਾਂ ਤੇ ਕਾਰਖਾਨੇਦਾਰਾਂ ਦੇ ਆਖੇ ਲਗਣਾ ਬੰਦ ਕਰ ਦਿਉ ਨਹੀਂ ਤਾਂ ਤੁਹਾਨੂੰ ਉਹ ਹੀ ਦਿਨ ਦੇਖਣਾ ਪਵੇਗਾ ਜੋ ਚੀਨ ਔਰ ਰੂਸ ਦੀ ਹਕੂਮਤ ਨੂੰ ਵੇਖਣਾ ਪਿਆ ਸੀ। (ਥੰਪਿੰਗ)

ਚੇਅਰਮੈਨ ਸਾਹਿਬ, ਜਿਵੇਂ ਕਿ ਮਾਨਯੋਗ ਮੈਂਬਰ ਕਪੂਰ ਸਾਹਿਬ ਨੇ ਕਿਹਾ ਹੈ ਕਿ ਪਾਕਿਸਤਾਨ ਨਾਲ ਵਾਰ ਹੋਣ ਕਰਕੇ ਇੰਡਸਟਰੀ ਨੂੰ ਬਹੁਤ ਨੁਕਸਾਨ ਹੋਇਆ ਹੈ। ਚੇਅਰਮੈਨ ਸਾਹਿਬ, ਇਹ 100 ਕਰੋੜ ਰੁਪਏ ਦਾ ਨੁਕਸਾਨ ਸਾਡੀ ਇੰਡਸਟਰੀ ਨੂੰ ਹੋਇਆ ਹੈ।

ਸ਼੍ਰੀ ਸਭਾਪਤੀ: ਬਰਾੜ ਸਾਹਿਬ, ਪੰਜ ਮਿੰਟ ਹੋਰ ਲੈ ਲਵੋ। (Brar Sahib, please try to finish within five minutes.)

ਸਰਦਾਰ ਜਸਵਿੰਦਰ ਸਿੰਘ ਬਰਾੜ: ਨਹੀਂ ਜੀ, ਅੱਧਾ ਘੰਟਾ ਹੋਰ ਲਵਾਂਗਾ।

ਸ੍ਰੀ ਸਭਾਪਤੀ: ਹਰੀਜਨਾਂ ਵਾਸਤੇ ਬੋਲੋ ਫਿਰ ਜਿਤਨਾਂ ਚਿਰ ਮਰਜ਼ੀ ਹੈ ਬੋਲਦੇ ਰਹੋ। ਹਰੀਜਨਾਂ ਲਈ ਬੋਲਦੇ ਬੜੇ ਚੰਗੇ ਲਗਦੇ ਹੋ । (If you want to speak for Harijans, then you may take as much time as you may deem proper. It becomes you when you support the Harijans' cause.)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਾਡੇ ਬਿਜਲੀ ਦੀ ਉਪਜ ਘੱਟ ਹੋਈ ਹੈ ਅੌਰ 100 ਕਰੋੜ ਰੁਪਏ ਦਾ ਨੁਕਸਾਨ ਇੰਨਡਸਟਰੀ ਨੂੰ ਹੋਇਆ ਹੈ । ਬੱਜਟ ਵਿਚ ਇਹ ਘਾਟਾ ਪੂਰਾ ਕਰਨ ਲਈ ਕੁਝ ਨਹੀਂ ਦੱਸਿਆ ਗਿਆ । ਪਾਣੀ ਘੱਟ ਮਿਲਣ ਨਾਲ 140 ਕਰੋੜ ਰੁਪਏ ਦਾ ਕਿਸਾਨ ਨੂੰ ਨੁਕਸਾਨ ਹੋਇਆ ਹੈ, ਵਾਰ ਜਾਂ ਐਮਰਜੈਂਸੀ ਕਰਕੇ ਦਰਿਆਵਾਂ ਵਿਚ ਪਾਣੀ ਘੱਟ ਛੱਡਣ ਨਾਲ ਇਹ ਘਾਟਾ ਕਿਸਾਨ ਨੂੰ ਪਿਆ ਹੈ ਪਰ ਇਹ ਨੁਕਸਾਨ ਸਰਕਾਰ ਨੇ ਕਿਸੇ ਤਰ੍ਹਾਂ ਵੀ ਪੂਰਾ ਕਰਨ ਦਾ ਯਤਨ ਨਹੀਂ ਕੀਤਾ। ਇਸ ਤਰ੍ਹਾਂ ਹੀ ਇਲੈਕਟ੍ਰੀਸਿਟੀ ਦੀ ਪ੍ਰੋਡੱਕਸ਼ਨ ਵਧਾਉਣੀ ਚਾਹੀਦੀ ਸੀ ਅੌਰ ਇੰਡਸਟਰੀ ਨੂੰ ਤਕੜਾ ਕਰਨਾ ਚਾਹੀਦਾ ਸੀ ਜਿਹੜਾ ਕਿ ਨਹੀਂ ਕੀਤਾ ਗਿਆ ।

ਇਥੇ ਮੈਂ, ਚੇਅਰਮੈਨ ਸਾਹਿਬ, ਹਾਈਡਲ ਪ੍ਰਾਜੈਕਟ ਬਾਰੇ ਵੀ ਕੁਝ ਗੱਲਾਂ ਕਰਨੀਆਂ ਚਾਹੁੰਦਾ ਹੈ। ਜਿਹੜੀ ਸਾਨੂੰ ਸੈਂਟਰ ਪਾਸੋਂ ਮਨਜ਼ੂਰੀ ਲੈਣੀ ਪੈਂਦੀ ਹੈ ਉਸ ਬਾਰੇ ਅਸੀਂ ਇਨ੍ਹਾਂ ਨੂੰ ਕਹਿੰਦੇ ਹਾਂ ਕਿ ਸਾਨੂੰ ਜ਼ਿਆਦਾ ਅਧਿਕਾਰ ਹੋਣੇ ਚਾਹੀਦੇ ਹਨ । ਚੇਅਰਮੈਨ ਸਾਹਿਬ, ਅਸੀਂ ਇਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਪਾਕਿਸਤਾਨ ਦੇ ਕੈਦੀਆਂ ਨੂੰ ਛੱਡ ਦਿਉ ਤਾਂ ਚੰਗੀ ਗੱਲ ਹੈ ਪਰ ਇਨ੍ਹਾਂ ਨੇ ਸਾਡੀ ਉਸ ਗੱਲ ਦਾ ਗੁੱਸਾ ਕੀਤਾ । ਇਨ੍ਹਾਂ ਨੇ ਕਿਹਾ ਕਿ ਇਹ ਕੌਮ ਨਾਲ ਗੱਦਾਰੀ ਹੈ ਲੇਕਿਨ ਹੁਣ ਪ੍ਰਧਾਨ ਮੰਤਰੀ ਸਾਹਿਬਾ ਨੇ ਸਮਝੌਤਾ ਕਰਕੇ ਉਹ ਕੈਦੀ ਛੱਡ ਦਿਤੇ ਹਨ । ਹੁਣ ਵੀ ਅਸੀਂ ਕਹਿੰਦੇ ਹਾਂ ਅੌਰ ਅਸੀਂ ਇਨ੍ਹਾਂ ਨੂੰ ਵੇਲੇ ਵੇਲੇ ਸਿਰ ਵਾਰਨ ਕਰਦੇ ਰਹਿੰਦੇ ਹਾਂ ਕਿ ਥੇਈਂ ਡੈਮ, ਜਿਸ ਦੀ ਮਨਜ਼ੂਰੀ ਸਾਲ ਬਾਅਦ ਮਿਲੀ ਸੀ, ਮੈਨੂੰ ਤਾਂ ਇਥੋਂ ਤੱਕ ਪਤਾ ਹੈ ਕਿ ਸ਼ਾਇਦ ਥੀਨ ਡੈਮ ਦੀ ਅਜੇ ਤੱਕ ਵੀ ਮਨਜ਼ੂਰੀ ਨਹੀਂ ਮਿਲੀ, ਇਨ੍ਹਾਂ ਸਾਰੀਆਂ ਚੀਜ਼ਾਂ ਦਾ ਹੱਲ ਇਕੋ ਹੀ ਹੈ ਕਿ ਪੰਜਾਬ ਨੂੰ ਤਕੜਾ ਕਰਨ ਵਾਸਤੇ ਪੰਜਾਬ ਦੇ ਫਾਈਨੈਂਨਸ਼ਲ ਅਧਿਕਾਰ ਵੱਧ ਹੋਣੇ ਚਾਹੀਦੇ ਹਨ । ਅਸੀਂ ਇਹ ਕਿਹਾ ਸੀ ਕਿ ਕੁਝ ਮਹਿਕਮੇ ਸੈਂਟਰ ਆਪਣੇ ਪਾਸ ਰੱਖ ਲਵੇ । ਚੇਅਰਮੈਨ ਸਾਹਿਬ, ਅਸੀਂ ਹਿੰਦੀ ਹਾਂ ਕਿਉਂਕਿ ਅਸੀਂ ਹਿੰਦੋਸਤਾਨ ਵਿਚ ਰਹਿੰਦੇ ਹਾਂ ਪਰ ਅਸੀਂ ਪੰਜਾਬ ਨੂੰ ਫੁੱਲਾਂ ਵਰਗਾ ਬਣਾਉਣਾ ਚਾਹੁੰਦੇ ਹਾਂ ਅੌਰ ਹਰ ਬੰਦੇ ਨੂੰ ਤਾਕਤਵਰ ਬਣਾਉਣਾ ਚਾਹੁੰਦੇ ਹਾਂ ਅੌਰ ਇਸ ਪੰਜਾਬ ਨੂੰ ਪਰਫੁੱਲਤ ਕਰਨਾ ਚਾਹੁੰਦੇ ਹਾਂ । ਇਸ ਵਾਸਤੇ ਹੀ ਅਸੀਂ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਤੁਸੀਂ ਅਧਿਕਾਰ ਹੋਰ ਲਵੋ ਤਾਂਕਿ ਤੁਹਾਨੂੰ ਮਨਜ਼ੂਰੀ ਲੈਣ ਵਾਸਤੇ ਦਿੱਲੀ ਨਾ ਜਾਣਾ ਪਵੇ, ਦਿੱਲੀ ਦੇ ਗੇੜੇ ਨਾ ਮਾਰਨੇ ਪੈਣ। ਲੇਕਿਨ ਜਦੋਂ ਅਸੀਂ ਫੌਜੀਆਂ ਬਾਰੇ ਕਿਹਾ ਸੀ ਕਿ ਉਨ੍ਹਾਂ ਨੂੰ ਛੱਡ ਦਿਓ ਤਾਂ ਇਨ੍ਹਾਂ ਨੇ ਉਸ ਨੂੰ ਗੱਦਾਰੀ ਕਿਹਾ ਸੀ ਸ਼ਾਇਦ ਉਸ ਤਰ੍ਹਾਂ ਹੀ ਹੁਣ ਵੀ ਇਹ ਕਹਿਣ ਕਿ ਇਸ ਵਿਚ ਵੀ ਗੱਦਾਰੀ ਹੈ ।

ਚੇਅਰਮੈਨ ਸਾਹਿਬ, ਸਾਡਾ ਪੰਜਾਬ ਹਿੰਦੋਸਤਾਨ ਦਾ ਇਕ ਅੰਗ ਹੈ । ਅਸੀਂ ਇਸ ਨੂੰ ਤਕੜਾ ਵੇਖਣਾ ਚਾਹੁੰਦੇ ਹਾਂ । ਅਸੀਂ ਇਮਾਨਦਾਰੀ ਨਾਲ ਕਹਿੰਦੇ ਹਾਂ ਕਿ ਇਥੇ ਕਿਸੇ

[ਸਰਦਾਰ ਜੁਗਿੰਦਰ ਸਿੰਘ ਬਰਾੜ]

ਦੀ ਵੀ ਸਰਕਾਰ ਹੋਵੇ, ਅਸੀਂ ਆਪਣੀਆਂ ਸਕੀਮਾਂ ਨੂੰ ਬੜੇ ਪਲਾਂਡ ਤਰੀਕੇ ਨਾਲ ਮੁਕਾ ਸਕਦੇ ਹਾਂ ਜੇਕਰ ਸਾਨੂੰ ਜ਼ਿਆਦਾ ਫਾਈਨੈਨਸ਼ੀਅਲ ਅਧਿਕਾਰ ਹੋਣ।

ਇਸ ਤੋਂ ਬਾਅਦ, ਚੇਅਰਮੈਨ ਸਾਹਿਬ, ਕੋਆਪ੍ਰੇਟਿਵ ਇੰਡਸਟਰੀਅਲ ਕਾਰਪੋਰੇਸ਼ਨ ਬਣਾਈ ਗਈ ਹੈ। ਮੈਂ ਇਨ੍ਹਾਂ ਨੂੰ ਇਹ ਪੁੱਛਦਾ ਹਾਂ ਕਿ ਉਹ ਕਿਸ ਵਾਸਤੇ ਬਣਾਈ ਗਈ ਹੈ? ਉਹ ਉਨ੍ਹਾਂ ਵਾਸਤੇ ਬਣਾਈ ਗਈ ਹੈ ਜਿਹੜੇ ਕਿ ਚੰਮੜਾ ਰੰਗਣ ਵਾਲੇ ਹਨ, ਜੁੱਤੀਆਂ ਸੀਉਣ ਵਾਲੇ ਹਨ, ਉਨ੍ਹਾਂ ਨੇ ਕੋਆਪ੍ਰੇਟਿਵ ਸੋਸਾਇਟੀਆਂ ਬਣਾਈਆਂ ਹੋਈਆਂ ਹਨ। ਉਨ੍ਹਾਂ ਦੀ ਗਿਣਤੀ ਕਿਤਨੀ ਹੈ? ਇਹ ਵੀ ਮੈਂ ਦਸਦਾ ਹਾਂ। ਚੇਅਰਮੈਨ ਸਾਹਿਬ, 34 ਹਜ਼ਾਰ ਸੋਸਾਇਟੀਆਂ ਹਨ ਲੇਕਿਨ ਕੀਤਾ ਕੀ ਜਾ ਰਿਹਾ ਹੈ ਉਨ੍ਹਾਂ 34 ਹਜ਼ਾਰ ਦਾ ਹੱਕ ਖੋਹ ਕੇ, ਮਸ਼ੀਨਾਂ ਲਾਉਣ ਵਾਲਿਆਂ, ਚੰਮੜਾ ਰੰਗਣ ਵਾਲਿਆਂ ਦਾ, ਜੁੱਤੀਆਂ ਸੀਉਣ ਵਾਲਿਆਂ ਦਾ ਹੱਕ ਖੋਹ ਕੇ ਵੱਡੇ ਇੰਡਸਟ੍ਰੀਅਲਿਸਟਾਂ ਨੂੰ ਦੇ ਦਿੱਤਾ ਹੈ। 25 ਹਜ਼ਾਰ ਰੁਪਏ ਪਰ ਯੂਨਿਟ ਦਿੱਤੇ ਜਾਣੇ ਚਾਹੀਦੇ ਸਨ ਪਰ ਇਨ੍ਹਾਂ ਨੇ ਕੀ ਦਿੱਤਾ ਹੈ, ਸਿਰਫ ਪੰਜ ਹਜ਼ਾਰ ਰੁਪਏ। (ਸ਼ੇਮ ਸ਼ੇਮ) ਚੇਅਰਮੈਨ ਸਾਹਿਬ, ਤੁਸੀਂ ਇਨਸਾਫ ਦੀ ਕੁਰਸੀ ਤੇ ਬੈਠੇ ਹੋ, ਤੁਹਾਨੂੰ ਵੀ ਪਤਾ ਹੈ ਕਿ ਕੀ ਕੋਈ ਗਰੀਬ ਪੰਜ ਹਜ਼ਾਰ ਰੁਪਏ ਨਾਲ ਖਰਾਦ ਲਗਾ ਸਕਦਾ ਹੈ। ਇਸ ਲਈ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜੇਕਰ ਇਹ ਗਰੀਬਾਂ ਪ੍ਰਤੀ ਇਮਾਨਦਾਰ ਹਨ ਜੇਕਰ ਇਹ ਚੰਮੜਾ ਰੰਗਣ ਵਾਲਿਆਂ ਨਾਲ ਇਨਸਾਫ ਕਰਨਾ ਚਾਹੁੰਦੇ ਹਨ, ਬਿਰਲੇ, ਟਾਟਿਆਂ, ਬਾਟਿਆਂ ਨੂੰ ਮਾਰਕੇ ਇਨਸਾਫ ਕਰਨਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਘੱਟ ਤੋਂ ਘੱਟ ਉਨ੍ਹਾਂ ਸੋਸਾਇਟੀਆਂ ਨੂੰ 25 ਹਜ਼ਾਰ ਰੁਪਏ ਪਰ ਯੂਨਿਟ ਦੇਣਾ ਚਾਹੀਦਾ ਹੈ। ਲੇਕਿਨ ਕੀਤਾ ਕੀ ਗਿਆ? ਉਨ੍ਹਾਂ ਗਰੀਬਾਂ ਦਾ ਹੱਕ ਖੋਹ ਕੇ ਵੱਡੇ ਵੱਡੇ ਆਦਮੀਆਂ ਨੂੰ ਦਿੱਤਾ ਗਿਆ ਹੈ। ਉਨ੍ਹਾਂ ਦੇ ਮੈਂ ਨਾਮ ਦੱਸਾਂਗਾ ਜਿਨਾਂ ਨੂੰ ਦੋ ਦੋ ਲੱਖ ਰੁਪਏ ਦਿੱਤੇ ਗਏ ਹਨ। ਉਹ ਪੈਸਾ ਵੱਡੀਆਂ ਇੰਡਸਟਰੀਆਂ ਨੂੰ ਦਿੱਤਾ ਗਿਆ ਹੈ। ਅੱਜ ਹਾਲਤ ਇਹ ਹੈ ਕਿ ਜਿਹੜਾ ਵਲਦਾਰ ਸਰੀਆ ਹੈ ਇਸ ਦਾ ਭਾ 28 ਸੌ ਰੁਪਏ ਹੈ ਪਰ ਗੁਰਾਇਆ ਵਿਚ ਇਹ 32 ਸੌ ਰੁਪਏ ਵਿਚ ਮਿਲਦਾ ਹੈ। ਐਮ. ਪੀ. ਕੁਝ ਅਫਸਰਾਂ ਨਾਲ ਮਿਲੇ ਹੋਏ ਹਨ। ਉਨ੍ਹਾਂ ਅਫਸਰਾਂ ਨੇ ਕੁੱਲੂ ਤੋਂ ਚੰਡੀਗੜ੍ਹ ਤੱਕ ਨਾਜਾਇਜ਼ ਟੀ.ਏ. ਕਲੇਮ ਕੀਤੇ ਹਨ। ਉਸ ਅਫਸਰ ਦਾ ਮੈਂ ਨਾਉਂ ਨਹੀਂ ਲੈਣਾ ਚਾਹੁੰਦਾ। ਉਸ ਦੇ ਖਿਲਾਫ਼ ਵਿਜੀਲੈਂਸ ਡਿਪਾਰਟਮੈਂਟ ਦੀਆਂ ਰਿਪੋਰਟਾਂ ਹਨ। ਇਹ ਸਭ ਅਫਸਰਾਂ ਔਰ ਐਮ. ਪੀ. ਦੀ ਰਲੀ ਮਿਲੀ ਭੁਗਤ ਹੈ। ਇਕ ਅਫ਼ਸਰ ਬੰਬਈ ਜਾ ਕੇ ਆਇਆ ਮੈਂ ਉਸ ਦਾ ਨਾਉਂ ਨਹੀਂ ਲੈਣਾ ਚਾਹੁੰਦਾ ਕਿਉਂਕਿ ਉਹ ਆਪਣੇ ਆਪ ਨੂੰ ਪ੍ਰੋਟੈਕਟ ਨਹੀਂ ਕਰ ਸਕੇਗਾ। ਉਸ ਦੀਆਂ ਤਿੰਨ ਸਾਲ ਦੀਆਂ ਰਿਪੋਰਟਾਂ ਉਸ ਦੇ ਖਿਲਾਫ਼ ਹਨ। ਚੀਫ ਮਨਿਸਟਰ ਨੇ ਆਪਣਾ ਇਕ ਐਮ. ਪੀ. ਦਿੱਲੀ ਭੇਜਿਆ ਹੋਇਆ ਹੈ। ਵੱਡੇ ਵੱਡੇ ਕੋਟਾ ਹੋਲਡਰਾਂ ਨੂੰ ਕੋਟਾ ਦੇ ਦਿੱਤਾ ਜਾਂਦਾ ਹੈ ਔਰ ਜੋ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ ਉਹ ਉਨ੍ਹਾਂ ਨੂੰ ਹੀ ਦਿੱਤੀਆਂ ਜਾਂਦੀਆਂ ਹਨ। ਹੁਣ ਤਾਂ ਸਰਕਾਰ ਨੇ ਕਹਿ ਦਿੱਤਾ ਹੈ ਕਿ ਕੋਟਾ 4 ਹਜ਼ਾਰ ਟਨ ਹੀ ਲੈਣਾ ਹੈ ਜਦੋਂ ਕਿ ਬਣਦਾ 9 ਹਜ਼ਾਰ ਟਨ ਹੈ। ਜੇਕਰ ਇਹ ਘੱਟ ਕੋਟਾ ਲੈਣਾ ਹੈ ਤਾਂ ਇਨ੍ਹਾਂ ਨੂੰ ਕੀ ਕਰੈਡਿਟ ਮਿਲਣਾ ਹੈ, ਇਹ ਇਹੀ ਜਾਣਦੇ ਹਨ। ਜੇਕਰ ਸਰਕਾਰ ਕੁਝ ਕਰ ਸਕਦੀ ਹੈ ਤਾਂ ਵੱਧ ਕੋਟਾ ਲਵੇ, ਆਇਰਨ ਦਾ ਹੈ ਜਾਂ ਹੋਰ ਕਿਸੇ ਚੀਜ਼ ਦਾ ਕੋਟਾ ਹੈ ਪਰ ਹੋ ਇਹ ਰਿਹਾ ਹੈ ਕਿ 100 ਟਨ ਸਮਾਲ ਸਕੇਲ ਕਾਰਪੋਰੇਸ਼ਨ ਨੂੰ, ਚੇਅਰਮੈਨ ਸਾਹਿਬ,

ਮਨਜ਼ੂਰ ਹੋਇਆ ਹੈ। ਜੇਕਰ ਆਇਰਨ ਆਉਣਾ ਹੈ ਤਾਂ ਉਹ 100 ਟਨ ਮਨਜ਼ੂਰ ਹੈ, ਲੇਕਿਨ ਉਸ ਵਿਚੋਂ ਗ਼ਰੀਬ ਨੂੰ ਕੀ ਦਿਤਾ ਜਾਂਦਾ ਹੈ ਸਿਰਫ ਢਾਈ ਟਨ ਦਿੱਤਾ ਜਾਂਦਾ ਹੈ ਔਰ ਉਸ ਤੋਂ ਐਡਵਾਂਸ ਮਨੀ ਲਈ ਜਾਂਦੀ ਹੈ ਜੋ ਕਿ ਸੈਂਟਰ ਨੇ ਕਿਹਾ ਹੋਇਆ ਹੈ ਕਿ ਨਹੀਂ ਲੈਣੀ ਚਾਹੀਦੀ। ਇਸ ਵਾਸਤੇ ਉਹ ਕਾਰਪੋਰੇਸ਼ਨ ਮਨਾਫਾ ਵਿਖਾ ਰਹੀ ਹੈ। ਚੇਅਰਮੈਨ ਸਾਹਿਬ, ਉਹ ਕਾਰਪੋਰੇਸ਼ਨ ਮਨਾਫਾ ਕਮਾਉਣ ਵਾਸਤੇ ਨਹੀਂ ਸੀ ਬਣੀ, ਇਹ ਤਾਂ ਨੋ ਪ੍ਰਾਫਿਟ ਨੋ ਲਾਸ ਬੇਸਿਜ਼ ਤੇ ਬਣੀ ਸੀ, ਗਰੀਬਾਂ ਦਾ ਖ਼ੂਨ ਨਿਚੋੜਨ ਵਾਸਤੇ ਨਹੀਂ ਸੀ ਬਣਾਈ ਗਈ। ਜੋ 33 ਲੱਖ ਦਾ ਪਰਾਫਿਟ ਹੋਇਆ ਹੈ ਉਹ ਗਰੀਬਾਂ ਵਿਚ ਕਿਉਂ ਨਹੀਂ ਵੰਡਿਆ ਗਿਆ ਅਤੇ ਕੋਟਾ ਹੋਲਡਰਾਂ ਨੂੰ ਕਿਉਂ ਦਿੱਤਾ ਗਿਆ ਹੈ?

ਸ਼੍ਰੀ ਸਭਾਪਤੀ: ਬਰਾੜ ਸਾਹਿਬ, ਤੁਸੀਂ ਹੁਣ ਵਾਈਂਡ-ਅਪ ਕਰੋ। (Brar Sahib, please wind up now.)

ਸਰਦਾਰ ਜਸਵਿੰਦਰ ਸਿੰਘ ਬਰਾੜ: ਚੇਅਰਮੈਨ ਸਾਹਿਬ, ਇਕ ਗੋਲਡਨ ਇੰਡਸਟਰੀਜ਼ ਬੋਗਸ ਫਰਮ ਹੈ ਅਤੇ ਦੂਜੀ ਹੈ ਬਰਾਸ ਬੇਕਰਜ਼, ਜੀ. ਟੀ. ਰੋਡ ਬਾਈ ਪਾਸ, ਜਲੰਧਰ। ਕੋਈ ਸੌ ਦੋ ਸੌ ਅਜਿਹੀਆਂ ਫਰਮਾਂ ਹਨ। ਲਿਸਟ ਮੈਂ ਟੇਬਲ ਤੇ ਬਾਅਦ ਵਿਚ ਲੇ ਕਰ ਦੇਵਾਂਗਾ।

ਸ਼੍ਰੀ ਸਭਾਪਤੀ. ਬਰਾੜ ਸਾਹਿਬ, ਹੁਣ ਤੁਹਾਡਾ ਟਾਈਮ ਹੋ ਗਿਆ ਹੈ, ਤੁਸੀਂ ਖ਼ਤਮ ਕਰੋ। (Brar Sahib, your time is over. Please wind up now.)

ਸਰਦਾਰ ਜਸਵਿੰਦਰ ਸਿੰਘ ਬਰਾੜ: ਮੈਂ ਥੋੜ੍ਹਾ ਜਿਹਾ ਹੈਲਥ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਜੋ ਹੈਲਥ ਦਾ ਪਰੋਗਰਾਮ ਇਨ੍ਹਾਂ ਨੇ ਸ਼ੁਰੂ ਕੀਤਾ ਹੈ ਉਹ ਮੈਂ ਸਮਝਦਾ ਹਾਂ ਗ਼ਲਤ ਹੈ। ਜੋ ਇਨ੍ਹਾਂ ਨੇ ਮੈਡੀਕਲ ਮੰਥਨ ਦਾ ਕੰਮ ਸ਼ੁਰੂ ਕੀਤਾ ਹੈ ਉਸ ਦੇ ਨਾਲ ਸਾਰੇ ਮੁਲਕ ਨੂੰ ਅਤੇ ਸਾਡੇ ਪੰਜਾਬ ਨੂੰ ਕੋਈ ਫਾਇਦਾ ਨਹੀਂ ਹੋਇਆ। ਇਨ੍ਹਾਂ ਨੇ ਮੈਡੀਕਲ ਮੰਥਨ 4 ਕੀਤੇ ਹਨ, ਜਿਸ ਦੇ ਵਿਚ ਮੈਟਰੀਕੁਲੇਟ ਮੁੰਡੇ ਹੀ ਪਿੰਡਾਂ ਵਿਚ ਵੇਖੇ ਗਏ ਹਨ। ਪੈਂਚੂਆਂ ਨੂੰ ਖੁਸ਼ ਕਰਨ ਵਾਸਤੇ ਇਹ ਮੈਡੀਕਲ ਮੰਥਨ ਸ਼ੁਰੂ ਕੀਤੇ ਗਏ ਇਨ੍ਹਾਂ ਸਾਰਿਆਂ ਨਾਲ ਕੁਝ ਸੱਜਣਾਂ ਨੂੰ ਹੀ ਖੁਸ਼ ਕੀਤਾ ਗਿਆ ਹੈ ਅਤੇ ਕਿਸੇ ਗਰੀਬ ਨੂੰ, ਕਿਸਾਨ ਨੂੰ ਅਤੇ ਦੂਜੇ ਲੋਕਾਂ ਨੂੰ ਇਨ੍ਹਾਂ ਦਾ ਕੋਈ ਫਾਇਦਾ ਨਹੀਂ ਪੁੱਜਾ। ਹੁਣ ਤੱਕ 4 ਮੰਥਨ ਜਿਹੜੇ ਹੋਏ ਹਨ, ਚੇਅਰਮੈਨ ਸਾਹਿਬ, 3 ਲੱਖ ਇਕ ਮੰਥਨ ਤੇ ਖਰਚ ਹੋਇਆ ਅਤੇ ਇਸ ਤਰ੍ਹਾਂ ਨਾਲ 4 ਤੇ 12 ਲੱਖ ਰੁਪਿਆ ਖਰਚ ਹੋਇਆ। ਇਸ ਰੁਪਏ ਨਾਲ 30 ਡਿਸਪੈਂਸਰੀਆਂ ਬਣ ਸਕਦੀਆਂ ਸਨ ਅਤੇ ਇਹ ਡਿਸਪੈਂਸਰੀਆਂ ਪਰਮਾਨੈਂਟ ਤੌਰ ਤੇ ਬਣ ਸਕਦੀਆਂ ਸਨ, ਜਿਨ੍ਹਾਂ ਨਾਲ ਲੋਕਾਂ ਨੂੰ ਫਾਇਦਾ ਹੁੰਦਾ। ਚੇਅਰਮੈਨ ਸਾਹਿਬ, ਕਿਹਾ ਗਿਆ ਹੈ ਕਿ 60 ਹਜ਼ਾਰ ਆਦਮੀਆਂ ਨੂੰ ਐਗਜ਼ਾਮਿਨ ਕੀਤਾ ਹੈ। ਚਲੋ ਮੰਨ ਲੈਂਦੇ ਹਾਂ ਕਿ 60 ਹਜ਼ਾਰ ਆਦਮੀਆਂ ਨੂੰ ਹੀ ਐਗਜ਼ਾਮਿਨ ਕੀਤਾ ਹੈ, ਪਰ ਕੀ ਕਿਸੇ ਨੂੰ ਦਵਾਈ ਵੀ ਦਿੱਤੀ ਗਈ, ਕੋਈ ਇਨ੍ਹਾਂ ਕੋਲ ਇਕਉਪਮੈਂਟ ਸੀ, ਕੀ ਇਸ ਕੰਮ ਵਾਸਤੇ ਟਰੇਂਡ ਡਾਕਟਰ ਸਨ ਜਾਂ ਕੋਈ ਹੋਰ ਇੰਤਜ਼ਾਮ ਸੀ? ਸਰਕਾਰ ਦੇ ਡਾਕਟਰਾਂ ਨੇ ਇਸ ਕੰਮ ਨੂੰ ਕੰਡੈਮ ਕੀਤਾ ਹੈ ਅਤੇ ਕਿਹਾ ਹੈ ਕਿ ਗਲਤ ਕੰਮ ਸੀ।

ਸ਼੍ਰੀ ਸਭਾਪਤੀ: ਬਰਾੜ ਸਾਹਿਬ, ਹੁਣ ਤੁਸੀਂ ਵਾਈਂਡ-ਅੱਪ ਕਰ ਦੇਵੋ। (Brar Sahib, please wind up now.)

ਸਰਦਾਰ ਜਸਵਿੰਦਰ ਸਿੰਘ ਬਰਾੜ: 5 ਮਿੰਟ ਹੋਰ ਲਵਾਂਗਾ ਜੀ ।

ਸ੍ਰੀ ਸਭਾਪਤੀ: ਨਹੀਂ, ਤੁਹਾਡਾ ਟਾਈਮ ਹੋ ਗਿਆ ਹੈ। (No, your time is already over.)

ਸਰਦਾਰ ਜਸਵਿੰਦਰ ਸਿੰਘ ਬਰਾੜ: ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦਾ ਟਰੱਸਟ ਬਣਿਆ ਹੈ, ਉਹ ਬਿਲਕੁਲ ਗਲਤ ਹੈ ਅਤੇ ਫੰਡਜ਼ ਦੀ ਕੁਲੈਕਸ਼ਨ ਗਲਤ ਕੀਤੀ ਜਾਂਦੀ ਹੈ। ਉਸ ਟਰੱਸਟ ਦੇ ਵਿਚ ਕਿਸੇ ਲੋਕਲ ਸੱਜਣ ਨੂੰ ਲੈਣਾ ਚਾਹੀਦਾ ਹੈ ਅਤੇ ਜਿਨ੍ਹਾਂ ਦਾ ਮੈਡੀਕਲ ਕਾਲਜ ਨਾਲ ਕੋਈ ਸਬੰਧ ਨਾ ਹੋਵੇ ਅਤੇ ਜਿਨ੍ਹਾਂ ਨੇ ਮੈਡੀਕਲ ਕਾਲਜ ਵਿਚੋਂ ਕੁਝ ਲੈਣਾ ਨਾ ਹੋਵੇ। ਉਥੇ ਕੋਈ ਬਿਲਡਿੰਗ ਨਹੀਂ ਹੈ ਅਤੇ ਉਥੇ ਪੈਸੇ ਦਾ ਬੜਾ ਘਪਲਾ ਹੈ। ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਮੈਂ ਇਸ ਗੱਲ ਦੀ ਜ਼ਿੰਮੇਦਾਰੀ ਲੈਂਦਾ ਹਾਂ ਕਿ ਉਥੇ ਟਰੱਸਟ ਦੇ ਮੈਂਬਰਾਂ ਦਾ ਘਪਲਾ ਹੈ, ਉਨ੍ਹਾਂ ਮੈਂਬਰਾਂ ਨੇ ਉਸ ਪੈਸੇ ਨਾਲ ਘਰ ਖਰੀਦੇ, ਉਨ੍ਹਾਂ ਵਾਸਤੇ ਕਾਰਾਂ ਖਰੀਦੀਆਂ ਗਈਆਂ। ਗਰੀਬ ਮੁੰਡਿਆਂ ਦੀਆਂ ਮਾਵਾਂ ਨੇ ਆਪਣੇ ਗਹਿਣੇ ਵੇਚ ਕੇ 5-5 ਹਜ਼ਾਰ ਰੁਪਿਆ ਦਿੱਤਾ ਅਤੇ ਇਸ ਤਰ੍ਹਾਂ ਨਾਲ 10 ਲੱਖ ਰੁਪਿਆ ਇੱਕਠਾ ਕੀਤਾ ਗਿਆ ਪਰ ਇਸ ਵਿਚ ਬੜਾ ਭਾਰੀ ਘਪਲਾ ਕੀਤਾ ਗਿਆ ਹੈ। ਇਹ ਪੰਜਾਬ ਸਰਕਾਰ ਦੇ ਮੱਥੇ ਤੇ ਇਕ ਬਹੁਤ ਵੱਡਾ ਕਲੰਕ ਹੈ; ਇਕ ਬਹੁਤ ਵੱਡਾ ਕਲੰਕ ਦਾ ਟਿੱਕਾ ਹੈ ਜੋ ਇਹ ਕੁਰਪਸ਼ਨ ਅਤੇ ਰਿਸ਼ਵਤ-ਖੋਰੀ ਦਾ ਕੰਮ ਚਲ ਰਿਹਾ ਹੈ।

ਸ੍ਰੀ ਸਭਾਪਤੀ : ਹੁਣ ਬਰਾੜ ਸਾਹਿਬ ਖਤਮ ਕਰ ਦੇਵੋ। (Brar Sahib, please wind up now.)

ਸਰਦਾਰ ਜਸਵਿੰਦਰ ਸਿੰਘ ਬਰਾੜ : ਬੱਸ ਜੀ, ਜਲਦੀ ਹੀ ਖਤਮ ਕਰ ਦੇਂਦਾ ਹਾਂ। ਦੂਜਾ ਨੰਦ ਮੈਡੀਕਲ ਕਾਲਜ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਨੂੰ ਸਰਕਾਰ ਆਪਣੇ ਹੱਥਾਂ ਵਿਚ ਲੈ ਲਵੇ....

ਸ੍ਰੀ ਸਭਾਪਤੀ : ਬਰਾੜ ਸਾਹਿਬ, ਤੁਸੀਂ ਚੰਗੇ ਆਦਮੀ ਹੋ, ਤੁਸੀਂ ਬੜਾ ਸਮਾਂ ਲੈ ਲਿਆ ਹੈ, ਹੁਣ ਤੁਸੀਂ ਬੰਦ ਕਰ ਦੇਵੋ। (Brar Sahib, you are a nice man, you have taken much time. Now please, resume your seat.)

ਸਰਦਾਰ ਜਸਵਿੰਦਰ ਸਿੰਘ ਬਰਾੜ : ਚੇਅਰਮੈਨ ਸਾਹਿਬ, ਜੇਲ੍ਹਾਂ ਵਿਚ ਬਹੁਤ ਬੁਰੀ ਹਾਲਤ ਹੈ, ਉਥੇ ਦੀ ਹਾਈਜੀਨਿਕ ਕੰਡੀਸ਼ਨ ਬਹੁਤ ਖਰਾਬ ਹੈ। ਬਾਦਲ ਸਾਹਿਬ ਦੇ ਨਾਲ ਮੈਂ ਵੀ, ਬੀਬੀ ਇੰਦਰਾ ਗਾਂਧੀ ਜੀ ਜਦੋਂ ਅੰਮ੍ਰਿਤਸਰ ਆਏ ਸਨ, ਜੇਲ੍ਹ ਵਿਚ ਗਿਆ ਸੀ। (ਵਿਘਨ) ਸਾਡਾ ਪੁਰਅਮਨ ਮੁਜ਼ਾਹਰਾ ਸੀ। ਅਸੀਂ ਕੁਰਪਟ ਅਤੇ ਬੇਈਮਾਨ ਲੋਕਾਂ ਦੇ ਵਿਰੁਧ ਮੁਜ਼ਾਹਰਾ ਕਰਨ ਵਾਸਤੇ ਅੰਮ੍ਰਿਤਸਰ ਗਏ ਸੀ। ਸਾਨੂੰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਅਸੀਂ ਉਥੇ ਮੈਮੋਰੰਡਮ ਦੇਣ ਜਾਣਾ ਸੀ। ਅਸੀਂ ਜੇਲ੍ਹ ਵਿਚ ਵੇਖਿਆ ਕਿ ਉਥੋਂ ਦੀ ਹਾਲਤ ਬਹੁਤ ਮਾੜੀ ਹੈ ਕੋਈ ਇੰਤਜ਼ਾਮ ਨਹੀਂ, ਹਾਈਜੀਨਿਕ ਕੰਡੀਸ਼ਨਜ਼ ਠੀਕ ਨਹੀਂ, ਫੂਡ ਅੱਛਾ ਨਹੀਂ, ਕੋਈ ਰੈਜ਼ੀਡੈਂਸ ਨਹੀਂ, ਛੁੱਟੀ ਵੀ ਪੈਸੇ ਲੈ ਕੇ ਦਿਤੀ ਜਾਂਦੀ ਹੈ, ਕਿਉਂਕਿ ਪਰੋਸੀਜਰ ਬੜਾ ਖਰਾਬ ਹੈ।

ਸ੍ਰੀ ਸਭਾਪਤੀ : ਬਰਾੜ ਸਾਹਿਬ, ਬਹੁਤ ਸਮਾਂ ਹੋ ਗਿਆ, ਤੁਸੀਂ ਮੰਨਦੇ ਨਹੀਂ ਬੈਠ ਜਾਓ । (Brar Sahib, you have already taken more than your due time. You are not obeying the Chair. Please resume your seat. * ** **)

ਸਰਦਾਰ ਜਸਵਿੰਦਰ ਸਿੰਘ ਬਰਾੜ : ਜੋ ਪੰਜਾਬ ਦਾ ਮੁਲਾਜ਼ਮ ਹੈ, ਉਸ ਨਾਲ ਧੱਕਾ ਹੋ ਰਿਹਾ ਹੈ । ਰਣਬੀਰ ਢਿਲੋਂ ਨੂੰ ਇਨ੍ਹਾਂ ਨੇ ਫੜਿਆ ਹੋਇਆ ਹੈ, ਰੋਡਵੇਜ਼ ਦੇ ਵਰਕਰਾਂ ਨੂੰ ਕਪੂਰਥਲੇ ਵਿਚ ਫੜਿਆ ਹੋਇਆ ਹੈ । ਕਪੂਰਥਲਾ ਅਤੇ ਜਗਰਾਉਂ ਵਿਚ ਲਾਠੀ ਚਾਰਜ ਹੋਇਆ ਅਤੇ ਫਾਇਰਿੰਗ ਹੋਈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਲੋਕਾਂ ਦੀ ਸਰਕਾਰ ਹੈ ਅਤੇ ਉਨ੍ਹਾਂ ਤੇ ਅੱਜ ਗੋਲੀਆਂ ਚਲਾਈਆਂ ਜਾ ਰਹੀਆਂ ਸਨ, ਲਾਠੀ ਚਾਰਜ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਸੁਪਰੈਸ ਕੀਤਾ ਜਾ ਰਿਹਾ ਹੈ ।

ਚੇਅਰਮੈਨ ਸਾਹਿਬ, ਮੈਂ ਇਕ ਫਰਮਾਂ ਦੀ ਲਿਸਟ ਇਸ ਹਾਊਸ ਦੀ ਟੇਬਲ ਤੇ ਰਖਣਾ ਚਾਹੁੰਦਾ ਹਾਂ ।

(ਸ੍ਰੀ ਸਭਾਪਤੀ ਨੇ ਫਰਮਾਂ ਦੀ ਲਿਸਟ ਟੇਬਲ ਤੇ ਲੇ ਕਰਨ ਦੀ ਇਜਾਜ਼ਤ ਨਹੀਂ ਦਿਤੀ ।)

ਚੇਅਰਮੈਨ ਸਾਹਿਬ, ਲੋਕਾਂ ਨੂੰ ਇਸ ਸਰਕਾਰ ਤੋਂ ਛੁਟਕਾਰਾ ਮਿਲਣਾ ਚਾਹੀਦਾ ਹੈ ਜਿਥੇ ਕੁਰੱਪਸ਼ਨ ਹੈ, ਰਿਸ਼ਵਤਖੋਰੀ ਹੈ ਅਤੇ ਹਰ ਜਗ੍ਹਾ ਹਾਹਾਕਾਰ ਮਚੀ ਹੋਈ ਹੈ, ਇਨ੍ਹਾਂ ਕਾਂਗਰਸੀਆਂ ਤੋਂ ਲੋਕਾਂ ਨੂੰ ਛੁਟਕਾਰਾ ਮਿਲਣਾ ਚਾਹੀਦਾ ਹੈ ।

ਬੱਸ ਇੰਨਾ ਹੀ ਕਹਿ ਕੇ ਮੈਂ ਬੈਠਦਾ ਹਾਂ ।

ਸਰਦਾਰ ਪ੍ਰੇਮ ਸਿੰਘ ਪ੍ਰੇਮ (ਰਾਏਪੁਰ) : ਚੇਅਰਮੈਨ ਸਾਹਿਬ, ਮੈਂ ਆਪ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ । ਫਾਈਨੈਂਸ ਮਨਿਸਟਰ ਸਾਹਿਬ ਨੇ ਜਿਹੜਾ ਬਜਟ ਇਥੇ ਪੇਸ਼ ਕੀਤਾ ਹੈ, ਮੈਂ ਉਸ ਨੂੰ ਵੈਲਕਮ ਕਰਨ ਵਾਸਤੇ ਖੜ੍ਹਾ ਹੋਇਆ ਹਾਂ. . . .

(ਕੁਝ ਅਕਾਲੀ ਮੈਂਬਰਾਂ ਵਲੋਂ ਵਿਘਨ ।)

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਇਸ ਤਰ੍ਹਾਂ ਚੰਗਾ ਨਹੀਂ ਲਗਦਾ, ਇਨ੍ਹਾਂ ਨੂੰ ਇਨਟਰੱਪਟ ਨਾ ਕਰੋ, ਬਰਾੜ ਸਾਹਿਬ ਜਦੋਂ ਬੋਲ ਰਹੇ ਸਨ ਤਾਂ ਸਾਡੇ ਕਿਸੇ ਮੈਂਬਰ ਨੇ ਇੰਟਰੱਪਟ ਨਹੀਂ ਕੀਤਾ ।

ਸਰਦਾਰ ਪ੍ਰੇਮ ਸਿੰਘ ਪ੍ਰੇਮ: ਮੈਂ ਇਸ ਬਜਟ ਨੂੰ ਵੈਲਕਮ ਕਰਦਾ ਹਾਂ । ਇਸ ਕਰਕੇ ਵੀ ਵੈਲਕਮ ਕਰਦਾ ਹਾਂ ਕਿ ਇਸ ਦੇ ਵਿਚ ਉਨ੍ਹਾਂ ਨੇ ਜੋ ਪਿਛਲੀ ਪਰਫਾਰਮੈਂਸ ਬਾਰੇ ਦਸਿਆ ਹੈ ਜੇ ਉਹ ਫਿਗਰਜ਼ ਵੇਖੀਆਂ ਜਾਣ ਤਾਂ ਪਤਾ ਲਗਦਾ ਹੈ ਕਿ ਸਟੇਟ ਦਾ ਜੋ ਗਰੋਥ ਰੇਟ ਹੈ, ਉਹ ਸਾਰੇ ਹਿੰਦੁਸਤਾਨ ਦੀ ਐਵਰੇਜ ਨਾਲੋਂ ਵੱਧ ਹੈ । ਪਰ ਕੈਪੀਟਾ ਇਨਕਮ ਦਾ ਜੋ ਰੇਟ ਹੈ, ਉਹ ਵੀ ਇਸ ਦਾ ਵੱਧ ਹੈ ਅਤੇ ਇੰਡਸਟਰੀਅਲ ਗਰੋਥ ਰੇਟ ਵਿਚ ਵੀ ਵਾਧਾ ਹੋਇਆ । ਜਦੋਂ ਇਸ ਤਰ੍ਹਾਂ ਦੀ ਪਰਫਾਰਮੈਂਸ ਹੋਵੇ ਤਾਂ ਕੁਦਰਤੀ ਤੌਰ ਤੇ ਬਜਟ ਨੂੰ ਵੈਲਕਮ ਕਰਨਾ ਪੈਂਦਾ ਹੈ । ਇਕ ਗੱਲ ਹੋਰ ਹੈ । ਮੈਂ ਕਾਫੀ ਦੇਰ ਤੋਂ ਅਸੈਂਬਲੀ ਵਿਚ ਮੈਂਬਰ

**Expunged as ordered by the Chair.

(ਸਰਦਾਰ ਪ੍ਰੇਮ ਸਿੰਘ ਪ੍ਰੇਮ)

ਰਿਹਾ ਹਾਂ । ਇਸ ਦਫਾ ਫਾਈਨੈਂਸ ਸੈਕਟਰੀ ਸਾਹਿਬ ਵੀ ਵਧਾਈ ਦੇ ਹੱਕਦਾਰ ਹਨ, ਜਿਨ੍ਹਾਂ ਨੇ ਨਵੇਂ ਢੰਗ ਨਾਲ ਬਜਟ ਪੇਸ਼ ਕੀਤਾ ਹੈ, ਜਿਸ ਨਾਲ ਕਿ ਇਕ ਲੇਮੈਨ ਵੀ ਫਿਗਰਜ਼ ਨੂੰ ਬੜੀ ਚੰਗੀ ਤਰ੍ਹਾਂ ਸਮਝ ਸਕਦਾ ਹੈ । ਚੇਅਰਮੈਨ ਸਾਹਿਬ, ਇਕ ਗੱਲ ਹੋਰ, ਜਿਸ ਦਾ ਤੌਖਲਾ ਬਰਾੜ ਸਾਹਿਬ ਨੇ ਪ੍ਰਗਟ ਕੀਤਾ ਹੈ (ਵਿਘਨ) ਚੇਅਰਮੈਨ ਸਾਹਿਬ, ਇਕ ਗੱਲ ਹੋਰ ਜਿਹੜੀ ਬਜਟ ਵਿਚ ਵੈਲਕਮ ਕਰਨ ਵਾਲੀ ਹੈ ਉਹ ਇਹ ਹੈ ਕਿ ਮੌਜੂਦਾ ਹਾਲਾਤ ਨੂੰ ਵੇਖਦਿਆਂ ਹੋਇਆਂ ਇਕਨੌਮਿਕ ਕਰਾਈਸਿਜ਼ ਨੂੰ ਅਤੇ ਮਹਿੰਗਾਈ ਨੂੰ ਵੇਖਦਿਆਂ ਹੋਇਆਂ ਜੋ ਸਟੇਟ ਵਿਚ ਹੈ, ਸਰਕਾਰ ਦੇ ਨਬਜ਼ ਤੇ ਹੱਥ ਰਖਕੇ ਵੇਖਿਆ ਤੇ ਕੋਈ ਟੈਕਸ ਨਹੀਂ ਲਗਾਇਆ । ਬਰਨਾਲਾ ਸਾਹਿਬ ਨੇ ਇਹ ਤੌਖਲਾ ਜਿਹੜਾ ਪਰਗਟ ਕੀਤਾ ਕਿ ਪਲੈਨਿੰਗ ਕਮਿਸ਼ਨ ਨੇ ਇਸ਼ਾਰਾ ਕੀਤਾ ਹੈ ਕਿ ਕੋਈ ਟੈਕਸ ਲਗਾਉਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਖ਼ਤਰਾ ਹੈ ਕਿ ਪਿਛੋਂ ਟੈਕਸ ਲਗਾ ਦੇਣਾ ਹੈ ਉਸ ਉਤੇ ਅਜੇ ਡਰਨ ਦੀ ਲੋੜ ਨਹੀਂ ਜਦੋਂ ਆਵੇਗਾ ਤਾਂ ਵੇਖਾਂਗੇ । ਦੂਸਰੇ ਉਹਨਾਂ ਨੇ ਕਿਹਾ ਹੈ ਕਿ ਦੂਸਰੇ ਸਾਲਾ ਵਿਚ ਵੀ ਇਨ੍ਹਾਂ ਨੇ ਡੈਫਿਸਿਟ ਫਾਈਨੈਂਸਿੰਗ ਦੀ ਡੋਜ਼ ਦਿੱਤੀ ਅਤੇ ਜੋ ਇਨ੍ਹਾਂ ਨੇ ਪਲੈਨ ਆਉਟਲੇ ਦਿੱਤੀ ਹੈ, ਉਹ ਪਿਛਲੇ ਸਾਲਾਂ ਨਾਲੋਂ ਡਬਲ ਕਰ ਦਿੱਤੀ ਹੈ । ਡੈਫਿਸਿਟ ਫਾਈਨੈਂਸਿੰਗ ਨੂੰ ਜਾਂ ਪਲੈਨ ਨੂੰ ਇਸ ਤਰ੍ਹਾਂ ਵੇਖਿਆ ਜਾਣਾ ਚਾਹੀਦਾ ਹੈ ਕਿ ਅਗਲੇ ਸਾਲ ਦੀ ਪਰਫਾਰਮੈਂਸ ਕਿਸ ਤਰ੍ਹਾਂ ਦੀ ਹੋਵੇਗੀ ਜੇ ਅਗਲੇ ਸਾਲ ਦੀ ਪਰਫਾਰਮੈਂਸ ਚੰਗੀ ਹੋਵੇ ਤਾਂ ਡੈਫਿਸਿਟ ਫਾਈਨੈਂਸਿੰਗ ਮਾੜੀ ਚੀਜ਼ ਨਹੀਂ ਜੇ ਪਰਫਾਰਮੈਂਸ ਠੀਕ ਨਾ ਹੋਈ ਤਾਂ ਇਸ ਨਾਲ ਸਟੇਟ ਦੀ ਪਿਕਚਰ ਹੋਰ ਹੋਵੇਗੀ । ਲੇਕਿਨ ਮੈਂ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਪਿਛਲੇ ਸਾਲ ਦੀ ਪਰਫਾਰਮੈਂਸ ਹੈ, ਉਸ ਤਰ੍ਹਾਂ ਹੀ ਜਿਹੜੀਆਂ ਸਾਊਂਡ ਪਰਪੋਜ਼ਲਜ਼ ਇਨ੍ਹਾਂ ਨੇ ਦਿੱਤੀਆਂ ਹਨ, ਉਸ ਦੇ ਮੁਤਾਬਿਕ ਅਗਲੇ ਸਾਲਾਂ ਦੀ ਪਰਫਾਰਮੈਂਸ ਚੰਗੀ ਵਿਖਾਉਣਗੇ ਤਾਂ ਜੋ ਇਹ ਡੈਫਿਸਿਟ ਫਾਈਨੈਂਸਿੰਗ ਆਪਣੀਆਂ ਸੇਵਿੰਗਜ਼ ਦੇ ਵਿਚੋਂ ਅਤੇ ਬਿਨਾਂ ਟੈਕਸ ਲਾਏ ਜਦੋਂ ਕਿ ਹੁਣ ਸਟੇਟ ਹੋਰ ਟੈਕਸ ਬਰਦਾਸ਼ਤ ਕਰਨ ਦੇ ਕਾਬਲ ਨਹੀਂ, ਇਸ ਤਰੀਕੇ ਨਾਲ ਆਪਣੀ ਪਰਫਾਰਮੈਂਸ ਵਿਖਾਉਣਗੇ ਅਤੇ ਆਪਣਾ ਟੀਚਾ ਪੂਰਾ ਕਰਨਗੇ । ਚੇਅਰਮੈਨ ਸਾਹਿਬ, ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਸ ਵੇਲੇ ਪਰਾਈਸ ਦਾ ਕਰਾਈਸਿਜ਼, ਸ਼ਾਰਟੇਜ਼ ਦਾ ਕਰਾਈਸਿਜ਼ ਬਹੁਤ ਹੈ ਅਤੇ ਹਜ਼ਾਰਾਂ ਲੋਕ ਕੇਨੀਆਂ ਲੈ ਕੇ ਫਿਰਦੇ ਰਹਿੰਦੇ ਹਨ, ਪਰ ਡੀਜ਼ਲ ਨਹੀਂ ਮਿਲਦਾ ਅਤੇ ਇਹ ਵੀ ਠੀਕ ਹੈ ਕਿ ਇਸ ਵੇਲੇ ਫਸਲ ਜਿਹੜੀ ਹੈ ਉਹ ਵੀ ਕਰੀਟੀਕਲ ਸਟੇਜ਼ ਤੋਂ ਨਿਕਲ ਰਹੀ ਹੈ ਅਤੇ ਜੇ ਉਸ ਨੂੰ ਨਾ ਸੰਭਾਲਾਂਗੇ ਤਾਂ ਨੁਕਸਾਨ ਹੋਵੇਗਾ ।

ਜੇ ਇਸ ਸਾਲ ਫ਼ਸਲਾਂ ਨਾ ਮਾਰੀਆਂ ਗਈਆਂ ਤਾਂ ਉਮੀਦ ਹੈ ਕਿ 85 ਲੱਖ ਅਨਾਜ ਦੇ ਭੰਡਾਰ ਦਾ ਟਾਰਗੇਟ ਪੂਰਾ ਹੋ ਹੀ ਜਾਣਾ ਹੈ, ਮੈਨੂੰ ਇਹੋ ਆਸ ਹੈ ਕਿ ਇਹ ਪੂਰਾ ਹੋ ਜਾਵੇਗਾ । ਮੈਂ ਇਹ ਕਹਿੰਦਾ ਹਾਂ ਕਿ ਐਜੀਟੇਸ਼ਨ ਕਰਨੀ, ਗੁੱਸਾ ਜ਼ਾਹਰ ਕਰਨਾ, ਜਦੋਂ ਕਿ ਹਾਲਾਤ ਇਹੋ ਜਿਹੇ ਹੋਣ ਤਾਂ ਕੋਈ ਮਾੜੀ ਗਲ ਨਹੀਂ । ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ ਕਿ ਇਸ ਤਰ੍ਹਾਂ ਦੇ ਫੈਸਲੇ ਗਲੀਆਂ ਵਿਚ ਨਹੀਂ ਹੋ ਸਕਦੇ । ਬਿਊਰੋਕਰੇਸੀ ਦੇ ਮਗਰ ਚਲਣ ਵਾਲਿਆਂ ਨੂੰ ਮੈਂ ਕਹਾਂਗਾਂ ਕਿ ਇਹ ਫੈਸਲੇ ਉਨ੍ਹਾਂ ਲੋਕਾਂ ਦੇ ਹਾਲਾਤ ਵੇਖ ਕੇ ਹੀ ਹੋ ਸਕਦੇ ਹਨ । ਉਨ੍ਹਾਂ ਨੂੰ ਇਤਨਾ ਸੈਂਸੇਟਿਵ ਨਹੀਂ ਹੋਣਾ ਚਾਹੀਦਾ, ਹਾਲਾਤ ਨੂੰ ਮਦੇਨਜ਼ਰ ਰਖ ਕੇ ਉਨ੍ਹਾਂ ਲੋਕਾਂ ਦੀਆਂ ਤਕਲੀਫਾਂ ਦੂਰ ਕਰਨੀਆਂ ਚਾਹੀਦੀਆਂ ਹਨ । ਇਥੇ ਹਾਊਸ ਵਿਚ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਤੇਲ ਦੀਆਂ ਗੱਡੀਆਂ ਚਲ ਚੁੱਕੀਆਂ ਹਨ, ਗੱਡੀਆਂ ਪਹੁੰਚੀਆਂ ਵੀ

ਹਨ, ਅਤੇ ਜੇ ਪਹੁੰਚੀਆਂ ਹਨ ਤਾਂ ਕਿਥੇ ਕਿਥੇ ਇਹ ਪੁਜੀਆਂ ਹਨ । ਮੈਂ ਇਸ ਬਾਰੇ ਬਰਨਾਲਾ ਸਾਹਿਬ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਸਰਕਾਰ ਨੂੰ ਹੁਣ ਤੋਂ ਹੀ ਨਾ ਸਿਰਫ ਇਨ੍ਹਾਂ ਦਿਨਾਂ ਵਾਸਤੇ ਸਗੋਂ ਥਰੈਸ਼ਿੰਗ ਸੀਜ਼ਨ ਵਾਸਤੇ ਵੀ ਡੀਜ਼ਲ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਫਸਲ ਦਾ ਨੁਕਸਾਨ ਨਾ ਹੋ ਜਾਵੇ । (ਵਿਘਨ-ਸ਼ੋਰ) ਚੇਅਰਮੈਨ ਸਾਹਿਬ, ਇਸ ਵੇਲੇ ਦੇਸ਼ ਦੇ ਹਾਲਾਤ ਭਾਵੇਂ ਬੜੇ ਗੰਭੀਰ ਹਨ, ਪਰ ਸਾਨੂੰ ਤਕਲੀਫਾਂ ਬਰਦਾਸ਼ਤ ਕਰਨ ਦਾ ਪੂਰਾ ਪਤਾ ਹੈ ਅਤੇ ਸਾਨੂੰ ਇਤਨੀ ਜਲਦੀ ਐਜੀਟੇਟਿਡ ਨਹੀਂ ਹੋਣਾ ਚਾਹੀਦਾ । ਮੈਂ ਜਾਣਦਾ ਹਾਂ ਕਿ ਕੁਝ ਕੁਆਰਟਰਜ਼ ਦੀ ਇਹ ਕੋਸ਼ਿਸ਼ ਹੈ ਕਿ ਇਸ ਡੈਮੋਕਰੇਟਿਕ ਸੈਟਅੱਪ ਨੂੰ ਅਪਸੈਟ ਕਰ ਦਿੱਤਾ ਜਾਵੇ । ਮੈਂ ਸਮਝਦਾ ਹਾਂ ਇਨ੍ਹਾਂ ਹਾਲਾਤ ਵਿਚ ਸਰਕਾਰ ਨੂੰ ਲੋਕਾਂ ਤੱਕ ਜਾਣਾ ਚਾਹੀਦਾ ਹੈ । ਪੰਜਾਬ ਦੀ ਜਨਤਾ ਨੇ ਬੜੀਆਂ ਬੜੀਆਂ ਸਿਚੂਏਸ਼ਨਜ਼ ਦਾ ਮੁਕਾਬਲਾ ਕੀਤਾ ਹੈ, ਉਨ੍ਹਾਂ ਤੇ ਅਗਰੈਸ਼ਨ ਵੇਲੇ ਤਕਲੀਫਾਂ ਆਈਆਂ ਜੋ ਉਨ੍ਹਾਂ ਨੇ ਖਿੜੇ ਮੱਥੇ ਬਰਦਾਸ਼ਤ ਕੀਤੀਆਂ । ਜੇਕਰ ਮਹਿੰਗਾਈ ਇੰਟਰਨੈਸ਼ਨਲ ਹਾਲਾਤ ਕਰਕੇ ਹੈ, ਜੇਕਰ ਇਮਪੀਰੀਅਲਿਜ਼ਟ ਕੰਟਰੀਜ਼ ਦੀ ਵਜਾਹ ਕਰਕੇ ਇਹ ਹੈ ਤਾਂ ਸਾਡੇ ਲੋਕਾਂ ਨੇ ਇਸ ਹਾਲਤ ਦਾ ਹਰ ਹਾਲਤ ਵਿਚ ਮੁਕਾਬਲਾ ਕਰਨਾ ਹੈ, ਇਸ ਤੇ ਕਿਸੇ ਨੂੰ ਸ਼ੱਕ ਨਹੀਂ ਕਰਨਾ ਚਾਹੀਦਾ । ਮੈਂ ਹਾਲਾਤ ਨੂੰ ਵੇਖਦੇ ਹੋਏ ਸਰਕਾਰ ਨੂੰ ਵਾਰਨਿੰਗ ਦਿੰਦਾ ਹਾਂ ਕਿ ਜੇ ਉਹ ਜਨਤਾ ਕੋਲ ਜਾਣਗੇ ਤਾਂ ਲੋਕ ਉਨ੍ਹਾਂ ਦੀ ਗੱਲ ਸੁਣਨਗੇ । ਜਿਸ ਚੀਜ਼ ਦੀ ਜੇਕਰ ਕਮੀ ਹੈ ਅਤੇ ਉਹ ਪਿਛਲੇ ਦਰਵਾਜ਼ੇ ਤੋਂ ਮਿਲਦੀ ਹੈ ਤਾਂ ਵਾਕਈ ਇਹੋ ਪਿਛਲਾ ਦਰਵਾਜ਼ਾ ਹੀ ਮਹਿੰਗਾਈ ਦਾ ਕਾਰਨ ਹੈ ਅਤੇ ਸਰਕਾਰ ਇਸ ਗੈਰ-ਜ਼ਿੰਮੇਵਾਰੀ ਦੀ ਗੱਲ ਤੋਂ ਮੁਬੱਰਾ ਨਹੀਂ ਹੋ ਸਕਦੀ । ਜੇਕਰ ਹਾਲਾਤ ਐਸੇ ਹੋਣ ਤਾਂ ਮੈਂ ਨਹੀਂ ਕਹਾਂਗਾ ਕਿ ਸਰਕਾਰ ਨੂੰ ਇਸ ਇਲਜ਼ਾਮ ਤੋਂ ਬਰੀ ਕਰੋ । ਜਿਹੜੀ ਸਰਕਾਰ ਲਈ ਕੋਈ ਮਜਬੂਰੀ ਹੈ ਉਸ ਨੂੰ ਲੋਕਾਂ ਨੂੰ ਦਸਣਾ ਚਾਹੀਦਾ ਹੈ ਨਹੀਂ ਤਾਂ ਜੋ ਰੁਕਾਵਟ ਹੈ ਉਸ ਨੂੰ ਦੂਰ ਕਰਨਾ ਚਾਹੀਦਾ ਹੈ । ਮੈਂ ਹੁਣ ਵੀ ਕਹਿੰਦਾ ਹਾਂ ਕਿ "ਵਿਲੀਅਨ ਆਫ ਦੀ ਪੀਸ", ਇਹ ਸਰਕਾਰ ਨਹੀਂ ਬਲਕਿ ਬਲੈਕ-ਮਾਰਕੀਟੀਏ ਹਨ ਔਰ ਹੋਰਡਰਜ਼ ਹਨ । ਸਰਕਾਰ ਨੂੰ ਇਸ ਪਾਸੇ ਆਪਣੀ ਖਾਸ ਤਵੱਜੋ ਦੇਣੀ ਚਾਹੀਦੀ ਹੈ । ਜੇ ਇਧਰ ਤਵੱਜੋ ਨਹੀਂ ਦੇਣਗੇ ਤਾਂ ਫਿਰ ਇਹ ਸਰਕਾਰ ਜ਼ਿੰਮੇਵਾਰੀ ਤੋਂ ਬਰੀ ਨਹੀਂ ਹੋ ਸਕਦੀ ।

ਚੇਅਰਮੈਨ ਸਾਹਿਬ, ਉਸ ਦਿਨ ਬਰਨਾਲਾ ਜੀ ਨੇ ਆਪਣੀ ਤਕਰੀਰ ਵਿਚ ਸੈਂਟਰ ਅਤੇ ਸਟੇਟ ਦੇ ਰੀਲੇਸ਼ਨਜ਼ ਦਾ ਜ਼ਿਕਰ ਕੀਤਾ ਸੀ । ਇਹ ਇਕ ਬੜਾ ਇੰਪਾਰਟੈਂਟ ਪੁਆਇੰਟ ਹੈ । ਮੈਂ ਇਹ ਨਹੀਂ ਕਹਿੰਦਾ ਕਿ ਪ੍ਰੋਵਿੰਸ਼ੀਅਲ ਅਟਾਨੋਮੀ ਹੋਣੀ ਹੀ ਨਹੀਂ ਚਾਹੀਦੀ । ਪਰ ਇਹ ਆਪੋ ਆਪਣੀ ਸੂਝ ਹੈ, ਮੈਂ ਸਮਝਦਾ ਹਾਂ ਕਿ ਜਿਤਨੀ ਸੈਂਟਰ ਸਾਨੂੰ ਖੁਲ੍ਹ ਦੇ ਸਕਦੀ ਹੈ, ਉਹ ਪਹਿਲਾਂ ਹੀ ਦਿੱਤੀ ਹੋਈ ਹੈ । ਕੋਇਲੇ, ਲੋਹੇ ਅਤੇ ਸੀਮਿੰਟ ਦੀ ਘਾਟ ਜੇਕਰ ਪੰਜਾਬ ਨੂੰ ਹੈ ਤਾਂ ਸਰਕਾਰ ਨੂੰ ਇਹ ਚੀਜ਼ਾਂ ਲੈਣ ਵਾਸਤੇ ਆਪਣਾ ਪੂਰਾ ਜ਼ੋਰ ਲਾਉਣਾ ਚਾਹੀਦਾ ਹੈ । ਪਰ ਮੈਂ ਉਨ੍ਹਾਂ ਦੀ ਇਸ ਗੱਲ ਨਾਲ ਮੁਤਫਿਕ ਨਹੀਂ ਕਿ ਸੈਂਟਰਲ ਸਰਕਾਰ ਤੋਂ ਜੇ ਇਕ ਗੱਡੀ ਕੋਇਲੇ ਦੀ ਲਓ ਤਾਂ ਇਕ ਗੱਡੀ ਕਣਕ ਦੀ ਦਿਓ, ਇਹ ਤਾਂ ਸੈਂਟਰ ਅਤੇ ਸਟੇਟ ਦੀ ਬਜਾਏ ਇਕ ਦੂਸਰੇ ਦੇਸ਼ ਦੇ ਤਾਅਲੁੱਕਾਤ ਵਾਲੀ ਗੱਲ ਹੋਵੇਗੀ । ਮੈਨੂੰ ਖੁਸ਼ੀ ਹੈ ਕਿ ਸਾਡੇ ਚੀਫ ਮਨਿਸਟਰ ਸਾਹਿਬ ਨੇ ਪ੍ਰਾਈਮ ਮਨਿਸਟਰ ਸਾਹਿਬਾ ਦੀ ਮੌਜੂਦਗੀ ਵਿਚ 5-7 ਫੰਕਸ਼ਨਜ਼ ਤੇ, ਜਿਥੇ ਕਿ ਮੈਂ ਵੀ ਸੀ, ਬੜੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਹੈ ਕਿ ਜੇ ਤੁਸੀਂ ਐਗਰੀਕਲਚਰ ਦੀ ਆਊਟਪੁੱਟ ਪੰਜਾਬ ਦੇ ਵਿਚ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬ ਨੂੰ ਲੋਹਾ ਸੀਮਿੰਟ ਅਤੇ ਤੇਲ ਆਦਿ ਚੀਜ਼ਾਂ ਵੀ ਦਿਉ । ਪੰਜਾਬ ਜ਼ਿੰਮੇਵਾਰੀ ਲੈਂਦਾ ਹੈ ਕਿ ਅਸੀਂ ਉਨ੍ਹਾਂ

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਨੂੰ ਪੂਰੀ ਖ਼ੁਰਾਕ ਮੁਹੱਈਆ ਕਰਦੇ ਰਹਾਂਗੇ । ਇਸ ਤਰ੍ਹਾਂ ਦੀਆਂ ਗੱਲਾਂ ਫਾਇਨੈਂਸ ਮਨਿਸਟਰ ਅਤੇ ਚੀਫ ਮਨਿਸਟਰ ਸਾਹਿਬ ਨੇ ਨੈਸ਼ਨਲ ਡੀਵੈਲਪਮੈਂਟ ਕੌਂਸਲ ਦੇ ਵਿਚ ਵੀ ਕਹੀਆਂ ਸਨ । ਪਰ ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਕਿ ਇਕ ਹੱਥ ਲਓ ਤੇ ਦੂਸਰੇ ਹੱਥ ਦਿਓ ਇਸ ਨਾਲ ਨੈਸ਼ਨਲ ਇੰਟੈਗਰੇਸ਼ਨ ਨਹੀਂ ਆ ਸਕਦੀ ਇਹ ਤਾਂ ਇਕ ਦੂਸਰੇ ਦੇਸ਼ ਨਾਲ ਜਿਸ ਤਰ੍ਹਾਂ ਡੀਲਿੰਗਜ਼ ਹੁੰਦੀਆਂ ਹਨ, ਉਸ ਤਰ੍ਹਾਂ ਦੀ ਗੱਲ ਹੋ ਜਾਵੇਗੀ । ਜੇ ਬਰਨਾਲਾ ਜੀ ਹਿੰਦੋਸਤਾਨ ਦੇ ਇਤਿਹਾਸ ਤੇ ਜ਼ਰਾ ਨਜ਼ਰ ਮਾਰਨ ਤਾਂ ਪਤਾ ਲਗੇਗਾ ਕਿ ਹਿੰਦੋਸਤਾਨ ਤੇ ਗਜ਼ਨਵੀ, ਮੁਹੰਮਦ ਗੌਰੀ, ਬਾਬਰ, ਨਾਦਰ-ਸ਼ਾਹ ਜਾਂ ਗੁਲਾਮ ਕਾਦਰ ਰੁਹੇਲੇ ਨੇ ਹਮਲਾ ਕੀਤਾ ਜਦੋਂ ਦਿਲੀ ਦੀ ਸਲਤਨਤ ਕਮਜ਼ੋਰ ਹੋ ਜਾਂਦੀ ਸੀ । ਇਸ ਲਈ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਤੁਸੀਂ ਦਿੱਲੀ ਨੂੰ ਕਮਜ਼ੋਰ ਨਾ ਕਰੋ, ਤੁਸੀਂ ਸਗੋਂ ਸੈਂਟਰ ਨੂੰ ਮਜ਼ਬੂਤ ਕਰੋ, ਆਪਣੇ ਪ੍ਰਾਈਮ ਮਨਿਸਟਰ ਦੇ ਹੱਥ ਮਜ਼ਬੂਤ ਕਰੋ । ਮੈਂ ਉਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਜੋ ਘਾਟ ਕਰਕੇ ਲੋਕਾਂ ਨੂੰ ਔਖ ਆ ਰਹੀ ਹੈ ਉਹ ਸਰਕਾਰ ਨੂੰ ਜਲਦੀ ਤੋਂ ਜਲਦੀ ਦੂਰ ਕਰਨੀ ਚਾਹੀਦੀ ਹੈ । (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ ਸਰ । ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਪਤਾ ਨਹੀਂ ਕਿ ਦਿੱਲੀ ਤੇ ਉਸ ਵੇਲੇ ਹਮਲਾ ਹੁੰਦਾ ਸੀ ਜਦੋਂ ਪੰਜਾਬ ਕਮਜ਼ੋਰ ਹੋ ਜਾਂਦਾ ਸੀ । ਤੁਸੀਂ ਹੁਣ ਪੰਜਾਬ ਨੂੰ ਕਮਜ਼ੋਰ ਕਰਨ ਤੇ ਲਗੇ ਹੋਏ ਹੋ । ਇਸ ਲਈ ਉਹ ਵੇਲਾ ਦੂਰ ਨਹੀਂ ਕਿ ਦਿੱਲੀ ਵਲ ਹੀ ਫੇਰ ਅੱਗ ਲੱਗ ਜਾਵੇ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਚੇਅਰਮੈਨ ਸਾਹਿਬ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । ਮੈਂ ਅਗੇ ਵੀ ਬਹੁਤ ਵਾਰ ਕਿਹਾ ਹੈ, ਜੇ ਪੰਜਾਬੀ ਸੂਬਾ ਬਣਾਇਆ ਗਿਆ ਤਾਂ ਉਹ ਪੰਜਾਬੀਆਂ ਨੇ ਨਹੀਂ ਬਣਾਇਆ, ਪੰਜਾਬੀ ਬੋਲਣ ਵਾਲੇ ਇਲਾਕੇ ਤਾਂ ਬਾਹਰ ਰਹਿ ਗਏ । ਅਗੇ ਪੰਜਾਬੀ ਅਟਕ ਤੋਂ ਅਲਵਰ ਤੱਕ ਬੋਲੀ ਜਾਂਦੀ ਸੀ, ਇਹ ਪੰਜਾਬ ਬਣਾਉਣ ਵਾਲੇ ਤਾਂ ਉਹ ਪੰਜਾਬ ਦੇ ਨੇਤਾ ਸੀ ਜਿਨ੍ਹਾਂ ਨੂੰ ਆਪਣੀ ਚੌਧਰ ਚਾਹੀਦੀ ਸੀ । ਜੇ ਅਗੇ ਪੰਜਾਬੀ ਗੁੜਗਾਵਾਂ ਤੱਕ ਬੋਲੀ ਜਾਂਦੀ ਸੀ, ਕੁਲੂ ਮਨਾਲੀ ਤੱਕ ਲਿਖੀ ਪੜ੍ਹੀ ਜਾਂਦੀ ਸੀ, ਹੁਣ ਇਹ ਰਾਜਪੁਰੇ ਤੱਕ ਹੀ ਪੰਜਾਬੀ ਸੂਬਾ ਬਣਾ ਕੇ ਰਹਿ ਗਈ । ਸੈਂਟਰ ਦੀ ਸਰਕਾਰ ਨੇ ਜਦੋਂ ਵੇਖਿਆ ਕਿ ਇਨ੍ਹਾਂ ਦੇ ਨੇਤਾ ਜਿਹੜੇ ਇਸ ਤਰ੍ਹਾਂ ਦਾ ਛੋਟਾ ਸੂਬਾ ਚਾਹੁੰਦੇ ਹਨ, ਅਤੇ ਜੇ ਨਾ ਦਿੱਤਾ ਤਾਂ ਉਹ ਸੜ ਮਰਨ ਲਈ ਤਿਆਰ ਹਨ ਤਾਂ ਉਨ੍ਹਾਂ ਨੇ ਲੋਕਾਂ ਦੇ ਸਤਿਕਾਰ ਵਜੋਂ ਇਹ ਮੰਗ ਮੰਨ ਲਈ । ਜਿਹੜਾ ਇਲਾਕਾ ਲਿਆ ਇਸ ਦੇ ਲਈ ਪੰਜਾਬੀ ਲੈਂਗੁਏਜ ਦਾ ਉੱਕਾ ਹੀ ਕੋਈ ਸਵਾਲ ਨਹੀਂ ਸੀ ਸਿਰਫ ਇਨ੍ਹਾਂ ਲੋਕਾਂ ਨੂੰ ਆਪਣੀਆਂ ਕੁਰਸੀਆਂ ਦਾ ਖ਼ਤਰਾ ਸੀ ਇਸ ਕਰਕੇ ਪੰਜਾਬੀ ਸੂਬੇ ਦੀ ਡੀਮਾਂਡ ਰਖੀ । ਅੱਜ ਪੰਜਾਬ ਨੂੰ ਕੋਈ ਜਾਣਦਾ ਤੱਕ ਨਹੀਂ ਜਦੋਂ ਕਿ ਉਹ ਲੋਕ ਪੰਜਾਬੀ ਲਿਟਰੇਚਰ ਪੜ੍ਹਦੇ ਸਨ, ਸਿੱਖ ਇਤਿਹਾਸ ਪੜ੍ਹਦੇ ਸਨ, ਗੁਰੂ ਗਰੰਥ ਸਾਹਿਬ ਪੜ੍ਹਦੇ ਸਨ, ਪਰ ਹੁਣ ਪੰਜਾਬੀ ਸਿਰਫ ਰਾਜਪੁਰੇ ਤੱਕ ਪੜ੍ਹੀ ਜਾਂਦੀ ਹੈ । ਕਿਉਂਕਿ ਇਹ ਤਾਂ ਏਥੋਂ ਤੱਕ ਹੀ ਰਾਜ ਕਰਨਾ ਚਾਹੁੰਦੇ ਸਨ । ਨਤੀਜਾ ਕੀ ਹੋਇਆ ਕਿ—

"ਨਾ ਖ਼ੁਦਾ ਹੀ ਮਿਲਾ ਨਾ ਵਿਸਾਲੇ ਸਨਮ,
ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ ।"

ਇਸ ਵਾਸਤੇ, ਚੇਅਰਮੈਨ ਸਾਹਿਬ, ਮੈਂ ਬੜੇ ਸਤਿਕਾਰ ਨਾਲ ਅਰਜ਼ ਕਰਾਂਗਾ ਕਿ ਇਹ ਹੁਣ ਉਸ ਪਾਸੇ ਨਾ ਚਲਣ ਜਿਸ ਪਾਸੇ ਇਹ ਪਹਿਲਾਂ ਚਲਦੇ ਸਨ। ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਦਾ ਕੋਈ ਔਹਦੇਦਾਰ ਸਿੱਖ ਹੋਮਲੈਂਡ ਦਾ ਨਾਅਰਾ ਲਾਵੇ ਤਾਂ ਇਹ ਉਹਨੂੰ ਕੰਟ੍ਰਾਡਿਕਟ ਵੀ ਕਰਦੇ ਹਨ ਅਤੇ ਉਸ ਤੇ ਐਕਸ਼ਨ ਵੀ ਕੋਈ ਨਹੀਂ ਲੈਂਦੇ ਹਨ। ਪੁਰਾਣੇ ਔਹਦੇਦਾਰ ਬਾਹਰਲੇ ਮੁਲਕਾਂ ਵਿਚ (ਵਿਘਨ) ਜੋ ਅਜਿਹੀਆਂ ਗੱਲਾਂ ਕਰਦੇ ਹਨ ਤਾਂ ਇਹ ਉਹਨੂੰ ਡਿਸਓਨ ਵੀ ਕਰਦੇ ਹਨ (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਜੋ ਇਹ ਗਲਤ ਬਿਆਨੀ ਕਰ ਰਹੇ ਹਨ ਉਹ ਨਹੀਂ ਕਰਨ ਦੇਵਾਂਗੇ (ਵਿਘਨ) ਜੋ ਫੈਕਟਸ ਪਹਿਲਾਂ ਟਰਾਈ ਹੋ ਚੁਕੇ ਹਨ ਉਸ ਬਾਰੇ ਮੁੜ ਮੁੜ ਗੱਲ ਨਹੀਂ ਹੋਣੀ ਚਾਹੀਦੀ (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ਼ ਆਰਡਰ, ਸਰ। (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਜੋ ਨੈਸ਼ਨਲ ਲੀਡਰਜ਼ ਦਾ ਰੋਲ ਹੈ, ਜੋ ਪਾਕਿਸਤਾਨ ਬਣਿਆ ਹੈ, ਕੀ ਉਹ ਸਾਰਾ ਦਸਣਾ ਚਾਹੁੰਦੇ ਹੋ ? ਇਹ ਪਾਕਿਸਤਾਨ ਬਣਾਉਣ ਦੀ ਜ਼ਿਮੇਵਾਰ ਕਾਂਗਰਸ ਹੈ (ਵਿਘਨ) ਇਨ੍ਹਾਂ ਨੇ ਕਿਹਾ ਸੀ ਕਿ ਭਾਰਤ ਮਾਤਾ ਦੀ ਵੰਡ ਨਹੀਂ ਹੋਣ ਦੇਣੀ। ਕੀ ਇਹ ਸਾਰਾ ਪਰੋਸੀਜਰ ਡਿਸਕੱਸ ਕਰਨਾ ਚਾਹੁੰਦੇ ਹੋ ? (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਕਸ਼ਮੀਰ ਦਾ ਹਿੱਸਾ ਕਿਸ ਨੇ ਦਿੱਤਾ ਹੈ, ਇਸ ਦਾ ਜ਼ਿਮੇਵਾਰ ਕੌਣ ਹੈ ? (ਵਿਘਨ)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮੇਰੀ ਆਦਤ ਹੈ ਕਿ ਜੇ ਕੋਈ ਬੋਲਦਾ ਹੋਵੇ ਤਾਂ ਮੈਂ ਵਿਚ ਨਹੀਂ ਬੋਲਦਾ ਹੁੰਦਾ। (ਵਿਘਨ) ਚੇਅਰਮੈਨ ਸਾਹਿਬ, ਵਜ਼ੀਰੀ ਵਾਸਤੇ ਮੈਂ ਕਾਂਗਰਸ ਵਿਚ ਸ਼ਾਮਿਲ ਨਹੀਂ ਹੋਇਆ। ਜੇ ਇਸ ਕਰਕੇ ਸ਼ਾਮਿਲ ਹੋਇਆ ਹੁੰਦਾ ਤਾਂ ਜ਼ਿੰਦਗੀ ਵਿਚ ਬਹੁਤ ਚੀਜ਼ਾਂ ਆਈਆਂ ਹਨ .. (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ, ਸਰ। (ਵਿਘਨ)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਇਥੇ ਫ਼ਾਜ਼ਿਲਕਾ ਅਤੇ ਅਬੋਹਰ ਦਾ ਮਸਲਾ ਆਇਆ ਹੈ। ਬਾਦਲ ਸਾਹਿਬ ਨੇ ਤੌਖਲਾ ਜ਼ਾਹਿਰ ਕੀਤਾ ਹੈ, ਆਪੋਜ਼ੀਸ਼ਨ ਵਾਲਿਆਂ ਨੇ ਕੀਤਾ ਹੈ, ਕਾਂਗਰਸ ਵਾਲਿਆਂ ਨੇ ਕੀਤਾ ਹੈ। (ਵਿਘਨ)

ਸ਼੍ਰੀ ਸਭਾਪਤੀ : ਹੁਣ ਵਾਈਂਡ ਅਪ ਕਰੋ। (Please wind up now.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮੈਂ ਅਰਜ਼ ਕਰ ਰਿਹਾ ਸੀ, ਚੇਅਰਮੈਨ ਸਾਹਿਬ, ਇਕ ਮਸਲਾ ਇਥੇ ਆਇਆ ਹੈ ਬਾਦਲ ਸਾਹਿਬ ਨੇ ਕਿਹਾ ਹੈ (ਵਿਘਨ) ਮੈਂ ਸਮਝਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਜੋ ਸਟੈਂਡ ਲਿਆ ਸੀ ਕਿ ਇਹ ਗੌਰਮਿੰਟ ਦਾ ਡਿਸੀਜ਼ਨ ਹੋਵੇ ਅਤੇ ਪ੍ਰਾਈਮ ਮਨਿਸਟਰ ਦਾ ਅਵਾਰਡ ਨਹੀਂ ਕਿਉਂਕਿ ਉਸ ਵੇਲੇ ਦੇ ਚੀਫ ਮਨਿਸਟਰਜ਼

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਨੇ ਗਿਆਨੀ ਗੁਰਮੁਖ ਸਿੰਘ ਮੁਸਾਫਰ ਅਤੇ ਪੰਡਿਤ ਭਗਵਤ ਦਿਆਲ ਸ਼ਰਮਾ ਨੇ ਪ੍ਰਾਈਮ ਮਨਿਸਟਰ ਨੂੰ ਸਾਲਸ ਮੰਨਿਆ ਸੀ। (ਵਿਘਨ) ਜੇ ਸਾਲਸੀ ਫੈਸਲਾ ਨਹੀਂ ਦਿੱਤਾ ਪ੍ਰਾਈਮ ਮਨਿਸਟਰ ਨੇ, ਤਾਂ ਚੀਫ ਮਨਿਸਟਰ ਦਾ ਸਟੈਂਡ ਪੂਰਾ ਹੋ ਗਿਆ। ਹੁਣ ਅਸੀਂ ਫੈਸਲਾ ਮੰਨੀਏ ਜਾਂ ਨਾ ਮੰਨੀਏ, ਇਹ ਵੱਖਰੀ ਗੱਲ ਹੈ। ਇਹ ਫੈਸਲਾ ਕਿਉਂ ਮੰਨੀਏ ? ਪ੍ਰਾਈਮ ਮਨਿਸਟਰ ਸਾਹਿਬਾ ਅਵਾਰਡ ਦੇਣਗੇ ਅਸੀਂ ਮੰਨਾਂਗੇ ਜੋ ਫੈਸਲਾ ਦਿੱਤਾ ਹੈ, ਉਸ ਵਾਸਤੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਮੈਂ ਜਾਵਾਂਗਾ ਅਤੇ ਕਹਾਂਗਾ ਕਿ ਇਹ ਫੈਸਲਾ ਬਦਲੋ ਅਤੇ ਜੋ ਪ੍ਰਾਈਮ ਮਨਿਸਟਰ ਸਾਹਿਬਾ ਨੇ ਅਵਾਰਡ ਦੇਣਾ ਹੈ, ਉਹ ਦੇਵੋ। ਸਾਡੀ ਪੁਜ਼ੀਸ਼ਨ ਕਲੀਅਰ ਹੈ। ਜਦੋਂ ਚੰਡੀਗੜ੍ਹ ਅਤੇ ਖ਼ਰੜ ਇਥੋਂ ਚਲੇ ਗਏ ਸੀ ਉਦੋਂ ਮੈਂ ਕੈਬਨਿਟ ਵਿਚ ਸੀ, ਉਦੋਂ ਸਾਰੀ ਕਾਂਗਰਸ ਪਾਰਟੀ ਨੇ ਦਿੱਲੀ ਬੈਠਕੇ ਆਪਣੇ ਅਸਤੀਫੇ ਲਿਖਕੇ ਕਾਂਗਰਸ ਹਾਈ ਕਮਾਂਡ ਨੂੰ ਦੇ ਦਿੱਤੇ ਸਨ। ਇਥੇ ਮੈਂ ਸ਼ਲਾਘਾ ਕੀਤੇ ਬਗ਼ੈਰ ਨਹੀਂ ਰਹਿ ਸਕਦਾ ਉਸ ਵੇਲੇ ਜੋ ਸਰਦਾਰ ਸਵਰਨ ਸਿੰਘ ਜੀ ਨੇ ਸਾਡੇ ਨਾਲ ਕੀਤਾ ਔਰ ਸਰਦਾਰ ਹੁਕਮ ਸਿੰਘ ਜੀ ਨੇ ਸਾਨੂੰ ਕਿਹਾ ਕਿ ਜਿਸ ਹੱਦ ਤੱਕ ਤੁਸੀਂ ਚਲੋਗੇ ਉਸੇ ਹੱਦ ਤੱਕ ਮੈਂ ਵੀ ਤੁਹਾਡੇ ਨਾਲ ਚਲਾਂਗਾ। ਸੈਂਟਰ ਨੇ ਮਜਬੂਰ ਹੋ ਕੇ ਖ਼ਰੜ ਸਾਨੂੰ ਦਿੱਤਾ ਔਰ ਚੰਡੀਗੜ੍ਹ ਯੂਨੀਅਨ ਟੈਰੇਟਰੀ ਬਣਾ ਦਿਤਾ। (ਵਿਘਨ) ਇਸ ਮਸਲੇ ਵਿਚ ਕਾਂਗਰਸ ਪਾਰਟੀ ਪਿਛੇ ਰਹੀ ਹੋਵੇ ਤਾਂ ਕਹੋ। ਮੈਂ ਸਮਝਦਾ ਹਾਂ ਕਿ ਇਹ ਪਿਛੇ ਨਹੀਂ ਰਹੀ।

ਚੇਅਰਮੈਨ ਸਾਹਿਬ, ਹੁਣ ਕੁਝ ਗੱਲਾਂ ਮੈਂ ਕੌੜੀਆਂ ਵੀ ਕਹਿਣੀਆਂ ਚਾਹੁੰਦਾ ਹਾਂ ਜੋ ਮੈਂ ਮਹਿਸੂਸ ਕਰਦਾ ਹਾਂ।

"ਐ ਖੁਦਾ ਸੁਣ,
ਥੋੜਾ ਸਾ ਸ਼ਿਕਵਾ ਔਰ ਥੋੜਾ ਸਾ ਗਿਲਾ ਵੀ ਸੁਣ ਲੇ।"

ਬਰਨਾਲਾ ਸਾਹਿਬ ਨੇ ਕੋਆਪਰੇਸ਼ਨ ਦਾ ਜ਼ਿਕਰ ਕੀਤਾ ਹੈ। ਇਹ ਮਹਿਕਮਾ ਬਾਹਰਲੇ ਮੁਲਕਾਂ ਵਿਚ ਕਾਮਯਾਬ ਹੋਇਆ ਹੈ। ਪੰਡਿਤ ਨਹਿਰੂ ਨੇ ਇਹ ਸਕੀਮ ਲਿਆਉਣੀ ਚਾਹੀ ਸੀ। ਇਸ ਤੋਂ ਅਗੇ ਵਧਕੇ ਹੈ ਕਿ ਖੇਤੀ ਸਾਂਝੀ ਕਰ ਦਿਆਂਗੇ। ਇਹ ਕਾਮਜਾਬ ਨਹੀਂ। ਇਸ ਵਿਚ ਮੈਨੂੰ ਕੋਈ ਸ਼ੱਕ ਨਹੀਂ ਕਿ ਕੋਆਪ੍ਰੇਸ਼ਨ ਮਹਿਕਮੇ ਵਿਚ ਬੜੀ ਭਾਰੀ ਕੁਰੱਪਸ਼ਨ ਹੈ। Department has miserably failed to control it. ਕੋਆਪ੍ਰੇਟਿਵ ਸੋਸਾਇਟੀਆਂ ਜਾਂ ਸਬੰਧਤ ਕਰਮਚਾਰੀਆਂ ਨੇ, ਖਾਦ ਜਾਂ ਹੋਰ ਅਜਿਹੀਆਂ ਚੀਜ਼ਾਂ ਵੀ ਕਿਸਾਨਾਂ ਤੱਕ ਨਹੀਂ ਪਹੁੰਚਾਈਆਂ। ਫਾਈਨੈਂਸ ਮਨਿਸਟਰ ਸਾਹਿਬ ਨੇ ਆਪਣੀ ਬਜਟ ਸਪੀਚ ਵਿਚ ਕਿਹਾ ਹੈ ਕਿ ਕਿਸਾਨਾਂ ਨੂੰ ਫ਼ਾਇਦਾ ਹੋਇਆ ਹੈ। ਮੈਂ ਸਮਝਦਾ ਹਾਂ ਕਿ ਕੋਆਪਰੇਟਿਵ ਡਿਪਾਰਟਮੈਂਟ ਕਿਸਾਨਾਂ ਵਾਸਤੇ ਵਬਾਲੇ ਜਾਨ ਬਣਕੇ ਰਹਿ ਗਿਆ ਹੈ। ਕੋਈ ਚੀਜ਼ ਉਨ੍ਹਾਂ ਤੱਕ ਨਹੀਂ ਪਹੁੰਚੀ। ਕੋਆਪਰੇਟਿਵ ਮਹਿਕਮੇ ਦੇ ਕਰਮਚਾਰੀ ਮਿਲਕੇ ਉਨ੍ਹਾਂ ਤੋਂ ਅਸ਼ਟਾਮ ਵੀ ਭਰਵਾ ਲੈਂਦੇ ਹਨ ਅਤੇ ਰੁਪਿਆ ਵੀ ਆਪ ਹੀ ਖਾ ਜਾਂਦੇ ਹਨ। I have brought this fact to the notice of the Department. ਜਿਹੜੇ ਆਦਮੀ ਖ਼ਰਾਬੀ ਕਰਦੇ ਹਨ ਬਜਾਏ ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰਨ ਦੇ ਉਨ੍ਹਾਂ ਦੀਆਂ ਪਰਮੋਸ਼ਨਜ਼ ਹੁੰਦੀਆਂ ਹਨ। ਇਸ ਲਈ ਮੈਂ, ਚੇਅਰਮੈਨ ਸਾਹਿਬ, ਅਰਜ਼ ਕਰਾਂਗਾ ਕਿ ਜਦ ਤਕ ਚੀਫ਼ ਮਨਿਸਟਰ ਸਾਹਿਬ ਆਪਣੇ ਹੋਰ ਰੁਝੇਵਿਆਂ ਵਿਚੋਂ ਟਾਈਮ

ਕੱਢ ਕੇ ਆਪ ਇਸ ਵਲ ਤਵਜੋ ਨਹੀਂ ਦੇਣਗੇ ਉਨੀ ਦੇਰ ਤੱਕ ਇਹ ਖਰਾਬੀ ਦੂਰ ਨਹ ਹੋ ਸਕਦੀ ਹੈ ।

ਇਸ ਕੋਆਪਰੇਸ਼ਨ ਡਿਪਾਰਟਮੈਂਟ ਵਿਚ ਖਰਾਬੀਆਂ ਹੋਣ ਕਰਕੇ ਸਾਡੀ ਗੌਰਮਿੰਟ ਦੀ ਬਦਨਾਮੀ ਹੋ ਰਹੀ ਹੈ । ਇਸ ਬਦਨਾਮੀ ਨੂੰ ਦੂਰ ਕਰਨ ਵਾਸਤੇ ਮੈਂ ਅਰਜ਼ ਕਰਾਂਗਾ ਕਿ ਇਸ ਮਹਿਕਮੇ ਦੇ ਕੰਮ ਕਾਜ ਦੀ ਦੇਖ ਭਾਲ ਚੀਫ਼ ਮਨਿਸਟਰ ਸਾਹਿਬ ਖ਼ੁਦ ਆਪ ਕਰਨ । ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਟਾਈਮ ਨਹੀਂ ਦੇਣਾ ਨਹੀਂ ਤਾਂ ਮੈਂ ਇਕ ਇਕ ਮਸਲੇ ਤੇ ਦਸਦਾ ਕਿ ਉਥੇ ਖ਼ਰਾਬੀ ਕਿਸ ਤਰ੍ਹਾਂ ਨਾਲ ਹੋ ਰਹੀ ਹੈ । ਇਹ ਸਾਰਾ ਜ਼ੋਰ ਲਗਾਕੇ ਹਟਾਇਆ ਜਾਣੀਆਂ ਚਾਹੀਦੀਆਂ ਹਨ । ਜਸਟਿਸ ਹੋਮ, ਜੋ ਕਿ ਅਮਰੀਕਾ ਦੀ ਸੁਪਰੀਮ ਕੋਰਟ ਦਾ ਚੀਫ਼ ਜਸਟਿਸ ਸੀ, ਨੇ ਕਿਹਾ ਸੀ—

'I pay taxes and buy civilization'

Here I say 'We pay taxes and we buy bureaucracy'

ਜਿਹੜੀ ਚੀਜ਼ ਵਿਚ ਨੁਕਸ ਹੋਵੇ ਉਸ ਵਾਸਤੇ ਮੇਰਾ ਫ਼ਰਜ਼ ਬਣਦਾ ਹੈ ਕਿ ਉਹ ਮੈਂ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਵਾਂ । (ਵਿਘਨ) ਚੀਫ਼ ਮਨਿਸਟਰ ਸਾਹਿਬ ਨੂੰ ਇਸ ਪਾਸੇ ਆਪਣੀ ਤਵਜੋ ਦੇਣੀ ਚਾਹੀਦੀ ਹੈ । ਮੈਂ ਤਾਂ ਡਿਪਾਰਟਮੈਂਟ ਤੇ ਜ਼ਿੰਮੇਂਵਾਰੀ ਸੁਟੀ ਹੈ ।

ਸ੍ਰੀ ਸਭਾਪਤੀ : ਵਾਈਂਡ ਅਪ ਕਰੋ। (Please wind up.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਚੇਅਰਮੈਨ ਸਾਹਿਬ, ਹਾਲੇ ਦੋ ਤਿੰਨ ਗੱਲਾਂ ਮੈਂ ਹੋਰ ਕਰਨੀਆਂ ਹਨ । ਮੱਦਾਂ ਬੜੀਆਂ ਹਨ । ਜਿਹੜਾ ਬਰਨਾਲਾ ਸਾਹਿਬ ਨੇ ਤੌਖਲਾ ਪਰਗਟ ਕੀਤਾ ਸੀ ਕਿ ਇਹ ਟੈਕਸ ਲਗਾਉਣਗੇ ਇਸ ਸਬੰਧ ਵਿਚ ਮੈਂ ਫ਼ਾਈਨੈਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਆਪਣੀਆਂ ਬੱਚਤਾਂ ਕਰੋ । ਇਨਕਮ ਟੈਕਸ ਤੋਂ ਸ਼ੇਅਰ ਮਿਲਦਾ ਹੈ । ਬਾਕੀ ਜਿਹੜਾ ਇਸ ਤੇ ਸਰਚਾਰਜ ਲਗਦਾ ਹੈ ਉਸ ਵਿਚੋਂ ਸੈਂਟਰ ਵਾਲਿਆਂ ਤੋਂ ਆਪਣਾ ਹਿਸਾ ਮੰਗੋ । ਇਹ ਸਾਡਾ ਹੱਕ ਬਣਦਾ ਹੈ ।

ਮੈਂਬਰਾਂ ਨੇ ਕਈ ਗੱਲਾਂ ਕਹੀਆਂ ਹਨ, ਚਾਹੇ ਉਹ ਸੀਨੀਅਰ ਮੈਂਬਰ ਹੋਣ, ਚਾਹੇ ਫਰੰਟ ਬੈਂਚਿਜ਼ ਤੇ ਬੈਠੇ ਹੋਣ, ਚਾਹੇ ਚੌਧਰੀ ਸੁੰਦਰ ਸਿੰਘ ਹੋਵੇ, ਇਨ੍ਹਾਂ ਦੀਆਂ ਗੱਲਾਂ ਵਲ ਤਵਜੋ ਨਹੀਂ ਹੁੰਦੀ । ਇਕ ਮਹਿਕਮੇ ਵਿਚ ਕਈ ਕਈ ਸੈਕਟਰੀ ਹਨ, ਜਿਸ ਤਰ੍ਹਾਂ ਕਿ ਸੈਕਟਰੀ, ਜੁਆਇੰਟ ਸੈਕਟਰੀ, ਡਿਪਟੀ ਸੈਕਟਰੀ, ਅੰਡਰ ਸੈਕਟਰੀ ਔਰ ਅਸਿਸਟੈਂਟ ਸੈਕਟਰੀ । ਕੀ ਲੋੜ ਹੈ ਐਨੇ ਸੈਕਟਰੀਆਂ ਦੀ ? ਖ਼ਾਹ ਮਖ਼ਾਹ ਐਨਾ ਰੁਪਿਆ ਖਰਚ ਹੋ ਰਿਹਾ ਹੈ । ਮਹਿਕਮੇ ਵਿਚ ਇਕ ਸੈਕਟਰੀ ਹੋਣਾ ਚਾਹੀਦਾ ਹੈ ਅਤੇ ਫਾਲਤੂ ਸਟਾਫ ਨੂੰ ਫੀਲਡ ਵਿਚ ਭੇਜਣਾ ਚਾਹੀਦਾ ਹੈ । ਇਸ ਤਰ੍ਹਾਂ ਕਰਕੇ ਕਾਫੀ ਪੈਸੇ ਬਚ ਸਕਦੇ ਹਨ । ਪੰਜਾਬ ਹੋਰ ਟੈਕਸ ਬਰਦਾਸ਼ਤ ਨਹੀਂ ਕਰ ਸਕਦਾ।

Mr. Chairman : Please wind up.

ਸਰਦਾਰ ਪ੍ਰੇਮ ਸਿੰਘ ਪ੍ਰੇਮ: ਇਨ੍ਹਾਂ ਨੇ ਕੁਝ ਲੈਂਡਲੈਸ ਕਲਾਸ ਦੇ ਮੁਤੱਲਕ ਕਿਹਾ ਹੈ ਕਿ ਲੈਂਡਲੈਸ ਨੂੰ ਜ਼ਮੀਨ ਦੇਣੀ ਹੈ, ਹਰੀਜਨ ਨੂੰ ਜ਼ਮੀਨ ਦੇਣੀ ਹੈ । ਮੈਂ ਕਹਿੰਦਾ ਹਾਂ ਕਿ ਇਹ ਹਕੀਕਤ ਹੈ ਕਿ ਇਹ ਜ਼ਮੀਨ ਹਰੀਜਨਾਂ ਵਾਸਤੇ ਹੀ ਨਹੀਂ ਹੈ, ਇਹ ਸਕੀਮ ਲੈਂਡਲੈਸ ਵਾਸਤੇ ਹੈ, ਭਾਵੇਂ ਉਹ ਕੋਈ ਵੀ ਹੋਵੇ । ਉਸ ਦਿਨ ਮਨਿਸਟਰ ਕਨਸਰਨਡ ਨੇ ਬੜੇ ਅੱਛੇ ਤਰੀਕੇ

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਨਾਲ ਕਿਹਾ ਸੀ ਕਿ ਜਿਨ੍ਹਾਂ ਨੂੰ ਸ਼ੱਕ ਪੈਂਦਾ ਹੈ ਉਹ ਉਨ੍ਹਾਂ ਨਾਲ ਜਾਣ ਨੂੰ ਤਿਆਰ ਹਨ। ਉਨ੍ਹਾਂ ਨੇ ਕਿਹਾ ਕਿ ਮੈਨੂੰ ਦਿਖਾਓ ਜਿਨ੍ਹਾਂ ਨੂੰ ਜ਼ਮੀਨ ਨਹੀਂ ਮਿਲੀ ਮੈਂ ਹੁਣ ਦਿਵਾ ਦਿੰਦੀ ਹਾਂ। ਲੇਕਿਨ ਹੁਣ ਜਿਹੜੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਛੇਤੀ ਤੋਂ ਛੇਤੀ ਉਨ੍ਹਾਂ ਦੇ ਰੁਪਏ ਦਾ ਇੰਤਜ਼ਾਮ ਕਰਕੇ ਉਥੇ ਕੋਠੇ ਬਣਾ ਦਿਓ ਤਾਂਕਿ ਜਿਹੜੇ ਪਲਾਟ ਹਨ ਉਹ ਸਾਡੀ ਬਦਨਾਮੀ ਦਾ ਕਾਰਨ ਨਾ ਬਣਨ। (ਘੰਟੀ)

ਸ੍ਰੀ ਸਭਾਪਤੀ : ਹੁਣ ਤੁਸੀਂ ਬੈਠ ਜਾਉ। (Please resume your seat now.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਬਸ ਜੀ, ਮੈਂ 5 ਮਿੰਟਾਂ ਵਿਚ ਹੀ ਖਤਮ ਕਰਾਂਗਾ।

ਸ੍ਰੀ ਸਭਾਪਤੀ : ਨਹੀਂ ਜੀ, ਤੁਸੀਂ ਬੈਠ ਜਾਓ। (No, please resume your seat.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮੈਂ ਇਕ ਦੋ ਗੱਲਾਂ ਰੋਡਜ਼ ਅਤੇ ਪਰੋਜੈਕਟਸ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। (ਵਿਘਨ) ਮੈਂ ਆਪਣੇ ਹਲਕੇ ਦੇ ਬਾਰੇ ਵਿਚ ਇਕ ਦੋ ਗਲਾਂ ਕਹਿਣਾ ਚਾਹੁੰਦਾ ਹਾਂ।

ਸ੍ਰੀ ਸਭਾਪਤੀ : ਇਹ ਪਹਿਲਾਂ ਕਰਨੀਆਂ ਸਨ। (You should have taken up your constituency problems first.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਬਸ ਜੀ, ਮੈਂ ਇਕ ਗੱਲ ਕਰਕੇ ਹੀ ਬੈਠ ਜਾਂਦਾ ਹਾਂ। ਇਹ ਤੁਹਾਡੇ ਮਤਲਬ ਦੀ ਗੱਲ ਹੈ।

ਸ੍ਰੀ ਸਭਾਪਤੀ : ਤੁਸੀਂ ਬੈਠ ਜਾਉ। (Please resume your seat.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਚੇਅਰਮੈਨ ਸਾਹਿਬ, ਕਿਸਾਨਾਂ ਦੇ ਮਸਲੇ ਵਿਚ ਮੈਂ ਸਰਕਾਰ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ। ਇਨ੍ਹਾਂ ਨੇ 5 ਕਰੋੜ ਰੁਪਿਆ ਥੀਨ ਡੈਮ ਵਾਸਤੇ ਰਖਿਆ ਹੈ ਪਰ ਉਸ ਦੀ ਟੈਕਨੀਕਲ ਕਲੀਅਰੈਂਸ ਨਹੀਂ ਆਈ। ਟੈਕਨੀਕਲ ਕਲੀਅਰੈਂਸ ਇਨਾਂ ਨੂੰ ਛੇਤੀ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਜਿਹੜਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ ਉਹ ਹੁਣ ਉਧਰ ਨਹੀਂ ਜਾਵੇਗਾ ਅਤੇ ਸਾਡੇ ਲੋਕਾਂ ਨੂੰ ਮਿਲੇਗਾ। (ਵਿਘਨ) (ਘੰਟੀ) ਮੇਰੇ ਹਲਕੇ ਵਿਚ ਫਲੱਡ ਆਏ ਜਿਸ ਨਾਲ ਬਹੁਤ ਭਾਰੀ ਨੁਕਸਾਨ ਹੋਇਆ। ਉਥੇ ਪੁਲ ਬਣਾਉਣ ਲਈ ਕੁਝ ਇੰਤਜ਼ਾਮ ਹੋਣਾ ਚਾਹੀਦਾ ਹੈ। ਘੱਗਰ, ਟਾਂਗਰੀ ਅਤੇ ਮਾਰਕੰਡਾ ਉਥੇ ਵਗਦੇ ਹਨ। ਤੁਹਾਡਾ ਅਸੂਲ ਹੈ ਆਪਣੇ ਹਲਕੇ ਵਿਚ ਕੰਮ ਕਰ ਲੈਣਾ। (ਘੰਟੀ)

ਸ੍ਰੀ ਸਭਾਪਤੀ : ਤੁਸੀਂ ਬੈਠ ਜਾਉ। (Please resume your seat.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਵਾਟਰ ਸਪਲਾਈ ਵਿਚ ਜਿਹੜੀ ਡਿਸਕਰੀਮੀਨੇਸ਼ਨ ਹੋਈ ਹੈ ..

ਸ੍ਰੀ ਸਭਾਪਤੀ : ਤੁਸੀਂ ਬੈਠ ਜਾਉ । ਜਦ ਮੈਂ ਖੜਾ ਹਾਂ, ਤੁਸੀਂ ਬੈਠ ਜਾਉ । (Please resume your seat. While I am on my legs, you should resume your seat.)

ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ): ਇਸ ਡਿਸਕਸ਼ਨ ਦਾ ਮੈਂ ਜਵਾਬ ਦੇਣਾ ਹੈ ਮੈਨੂੰ 45 ਮਿੰਟ ਚਾਹੀਦੇ ਹਨ ।

चौधरी कांशी राम (फाज़िलका): चेयरमैन साहिब, वित्त मन्त्री जी ने 39 करोड़ रूपए का घाटे का बजट पेश किया है। इस बजट में 39 करोड़ रुपए का घाटा दिखाया गया है। इसी में से जैसी कि डांग साहिब ने प्वायंट आऊट किया था कि 15 करोड़ रुपए की आमदनी और करने का प्रोवीजन है। जहां तक कि ऐग्रीकलचर टैक्स का सवाल है, मेरे इधर बैठे दोस्त ऐग्रीकल्चर सैक्टर को टैक्स करने की मुखालफित करते हैं। मगर इस बात की रिएलाईजेशन है कि खेतीबाड़ी एक ऐसा धंदा है जोकि सब से उत्तम धंदा है। इससे बढ़िया धंदा कोई नहीं है। हर आदमी चाहे वह छोटा है या बड़ा है वह चाहता है कि 2 बीघे ज़मीन मिल जाए। वह कहता है कि चाहे हरिजन के नाम पर ही मिल जाए, पर ज़मीन ज़रूर मिल जाए। सब की रिएलाइज़ेशन है कि खेतीबाड़ी से ऊपर कोई धंदा नहीं है। कम-अज़-कम मैं फिनांस मिनिस्टर साहिब को बेनती करूंगा कि वह ऐग्रीकल्चर सैक्टर में कुछ न कुछ टैक्स ज़रूर लगाएं। मैं डांग साहिब से इस बात में सहमत हूँ कि यह डाइरैक्ट टैक्स हो। एक बात मैं कहूँगा, जैसे कि डांग साहिब ने कहा है, कि डाइरैक्ट टैक्सेशन से एक बात होगी कि आपको विशेष मशीनरी set-up नहीं करनी पड़ेगी। चाणक्या ने यह कहा है कि सब से अच्छा कुलैक्टर वह होता है जो कम से कम खर्च से ज्यादा से ज्यादा और जल्द से जल्द पैसा इकट्ठा कर ले। एफ. एम. साहिब इस पर खर्च नहीं करना चाहते और इस टैक्स को इकट्ठा करने का खर्च इसी तरह से ही पूरा कर लेंगे। ऐसा टैक्स इन पर ज़्यादा बोझ नहीं डालेगा और पहली मशीनरी से ही इकट्ठा कर लेंगे। इस चीज़ की मैं उनको बधाई देता हूँ। यह दोस्त कहते हैं कि ज़मीन आपको मिलेगी। आप गंगा नगर ज़िला में चले जाएं। वहां पर भी लोगों ने फार्म बनाए हुए हैं और बड़े अच्छे फार्म हैं। मगर इस से कुछ साल पहले ऐसा नहीं था। वहां के बाशिंदे वहां पानी ले गए। पहले वहां पानी नहीं था। महाराजा गंगा सिंह ने कैनाल बनाई और आज वहां लोगों की इतनी अच्छी ज़मीनें हैं जितनी कि हमारे पंजाब में भी नहीं हैं। लेकिन ज़मीन अकेली भी काऊंट नहीं करती। ज़मीन में पानी से ही उपज होती है। और यह पंजाब की खुशकिस्मती है कि इस पंजाब में पानी के रिसोर्सिज़ बहुत हैं जैसे कि दरिया है, नैचुरल रिसोर्सिज़ हैं। मगर जैसा कि सरदार प्रेम सिंह प्रेम ने कहा है कि थीन डैम बनाने के लिये 5 करोड़ रुपये की प्रोवीजन की गई है। उन्होंने और सरदार सुरजीत सिंह बरनाला ने भी कहा है कि उसकी टैक्नीकल कलियरैंस नहीं आई। क्यों नहीं आई? इसलिये कि जो हम लोग सरकार में बैठे हैं या जो दूसरी तरफ बैठे हैं हम प्रोविन्शेलिज़म का सटिफ ऐटीचूड लेते हैं। सरदार कृपाल सिंह ढिल्लों ने कहा है कि हमें पाकिस्तान को पानी नहीं देना चाहिए। इस तरह करके हम अपना खून उन्हें दे रहे हैं। 1970 में मुआयदे की डेट ऐक्सपायर हो गई है मगर फिर भी हम उनको पानी दे रहे हैं। मैं कहता हूँ कि एक तो हमारे इधर पानी नहीं मिल रहा और दूसरे हम पाकिस्तान को पानी दे रहे हैं, क्या भारत के लोग पाकिस्तान के लोगों से बुरे हैं? इनको पानी क्यों नहीं दिया जाता?

[चौधरी कांशी राम]

बरनाला जी ने स्टेट और सैंटर के रिलेशन्ज़ के बारे में कहा है। उन्होंने कहा है कि हमें खुद कफील होना चाहिए। उन्होंने कहा है कि सैंटर हमें कम ऐड देता है। बरनाला जी की मैं इस बात पर ऐप्रीसियेशन करता हूँ कि पंजाब एक खाती पीती स्टेट है। मगर जब डैट रिलीफ की बात आती है तो हमें यह 16 प्रतिशत मिलता है हरियाणा को 32 प्रतिशत और राजस्थान को बहुत ज्यादा मिलता है। मेरे दोस्त यह बताएं कि कौन खाते पीते आदमी से पैसे छोड़ेगा ? यह कहना कि पंजाब कुछ न दे, तो यह बात ठीक नहीं है। हमारे पास पैसा है, हम दे सकते हैं। We can afford to repay that. हमें छूट नहीं मांगनी चाहिए। हमें कहना चाहिए कि पंजाब की डिवैलपमेंट के लिये हमें ज्यादा पैसा देना चाहिए।

दूसरी बात बिजली के टैरिफ के रेट की है। डांग साहिब ने कहा है कि यह नहीं होना चाहिए। मैं इस कन्फर्मड ओपीनियन का हूं कि बिजली का रेट बढ़ जाना चाहिए। सरकार ने तमाम चीज़ों की तरफ देखना है। एक तरफ सरकार ने इम्प्लाएमैंट पोटैंशियल करीएट करनी है और दूसरी तरफ टैक्स वगैरा के मुआमलों में जनता के सामने जवाबदेह होना है। हमारा बिजली बोर्ड हर साल घाटे में जाता है। डांग साहिब पब्लिक अंडरटेकिंगज़ कमेटी के चेयरमैन हैं। डांग साहिब ने पहिली बार बिजली बोर्ड के बारे में प्वाईंट आऊट किया था। वह एक बात कहते हैं, जिसके बारे में मैं भी कुछ कहना चाहता हूँ। यह सिर्फ मिसमैनेजमेंट पर ही ज़ोर देते हैं और ज्यादा सट्रैस लेकर करते हैं। आप कोई भी सिस्टम अडाप्ट कर लें वह फूल परूफ होना चाहिए। किसी न किसी एजैन्सी के थरू आपने अपनी पालसीज़ तो इम्पलीमैंट करवानी ही होगी। अगर आई. ए. ऐस. केडर आपको बुरा लगेगा तो मुझे समझ में नहीं आता कि वह किस खुशी में काम करेगा। (विघ्न) (घंटी)

ਸ੍ਰੀ ਸਭਾਪਤੀ : ਚੌਧਰੀ ਸਾਹਿਬ, ਵਾਇੰਡ ਅੱਪ ਕਰੋ। (ਵਿਘਨ) (Chaudhri Sahib, please wind up.)

Chaudhri Kanshi Ram : Thank you, Sir. (*Interruption*)

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.) : ਚੇਅਰਮੈਨ ਸਾਹਿਬ, 28 ਤਾਰੀਖ ਨੂੰ ਸ਼ਰਮਾ ਜੀ ਨੇ ਇਸ ਹਾਊਸ ਵਿਚ ਬਜਟ ਪੇਸ਼ ਕੀਤਾ ਹੈ ਔਰ ਇਹ ਬਜਟ ਮੁਲਾਜ਼ਮ, ਮਜ਼ਦੂਰ ਅਤੇ ਕਿਸਾਨ ਮਾਰੂ ਬਜਟ ਹੈ। ਇਨ੍ਹਾਂ ਨੇ ਇਕ ਗੱਲ ਕਹੀ ਹੈ ਕਿ ਜਿਹੜਾ ਪੁਰਾਣਾ ਢਾਂਚਾ ਸੀ ਉਹ ਬਦਲ ਦਿੱਤਾ ਹੈ ਪਰ ਇਸ ਦੇ ਵਿਚ, ਚੇਅਰਮੈਨ ਸਾਹਿਬ, ਲਫਜ਼ੀ ਹੇਰਾ ਫੇਰੀ ਹੀ ਹੈ, ਕੋਈ ਬੁਨਿਆਦੀ ਫਰਕ ਨਹੀਂ ਰਖਿਆ। ਇਸ ਸਾਲ ਵੀ ਘਾਟੇ ਦਾ ਬਜਟ ਪੇਸ਼ ਕੀਤਾ ਹੈ ਅਤੇ 38-39 ਕਰੋੜ ਰੁਪਿਆ ਘਾਟੇ ਦਾ ਦਸਿਆ ਹੈ ਅਤੇ ਉਸ ਦੇ ਵਿਚ 21.39 ਕਰੋੜ ਰੁਪਏ ਦਾ ਘਾਟਾ ਅਣਪੂਰਿਆ ਹੀ ਛੱਡ ਦਿੱਤਾ ਹੈ। ਮੈਨੂੰ ਸ਼ੱਕ ਹੈ ਕਿ ਇਹ ਜਿਹੜਾ ਘਾਟੇ ਦਾ ਬਜਟ ਪੇਸ਼ ਕੀਤਾ ਹੈ ਇਹ ਇਨ੍ਹਾਂ ਨੇ ਲੋਕਾਂ ਤੇ ਸਿਧੇ ਟੈਕਸ ਲਾ ਕੇ ਪੂਰਾ ਕਰਨਾ ਹੈ।

ਉਹ ਟੈਕਸ ਵੀ ਕਿਸ ਤੇ ਲਗਣਾ ਹੈ ? ਉਹ ਟੈਕਸ ਲਗਣਾ ਹੈ ਕਿਸਾਨਾਂ, ਗਰੀਬ ਮਜ਼ਦਰਾਂ ਤੇ। ਚੇਅਰਮੈਨ ਸਾਹਿਬ, ਕਿਸਾਨ ਤੇ ਅਗੇ ਹੀ 15 ਕਿਸਮ ਦੇ ਟੈਕਸ ਹਨ।

ਜਿਸ ਤਰ੍ਹਾਂ ਕਿ ਚੁਲ੍ਹਾ ਟੈਕਸ ਆਦਿ ਪੜ੍ਹ ਜੋ ਇਸੇ ਤਰ੍ਹਾਂ ਹੀ ਉਨ੍ਹਾਂ ਤੇ ਟੈਕਸ ਲਾਉਂਦੇ ਰਹੇ ਤਾਂ ਉਨ੍ਹਾਂ ਦੀ ਕੀ ਹਾਲਤ ਹੋਵੇਗੀ ? ਕਿਸਾਨਾਂ ਤੇ ਇਕ ਇਨਕਮ ਟੈਕਸ ਹੀ ਲਾ ਲਉ । ਉਨ੍ਹਾਂ ਤੇ ਇਨਕਮ ਟੈਕਸ ਲਾ ਦਿਉ ਤਾਂ ਕਿ ਉਨ੍ਹਾਂ ਤੇ ਬਹੁਤ ਜ਼ਿਆਦਾ ਬੋਝ ਨਾ ਪੈ ਸਕੇ । ਸ਼ਰਮਾ ਜੀ ਨੇ ਇਸ ਬਜਟ ਦੇ ਵਿਚ ਇਕ ਹੋਰ ਗੱਲ ਕਹੀ ਹੈ ਕਿ ਬਜਟ ਵਿਚ ਆਰਥਿਕ ਹਾਲਤ ਚੰਗੀ ਹੈ ਪਰ ਇਨਫਲੇਸ਼ਨ ਘਟ ਹੈ । ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਵੇਲੇ ਮਹਿੰਗਾਈ ਕਿਤਨੀ ਵਧ ਗਈ ਹੈ ਕਿ ਇਕ ਰੁਪਏ ਦੀ ਕੀਮਤ ਇਸ ਵੇਲੇ ਘਟ ਕੇ ਸਰਕਾਰੀ ਅੰਕੜਿਆਂ ਅਨੁਸਾਰ ਸਿਰਫ 36 ਪੈਸੇ ਰਹਿ ਗਈ ਹੈ ਪਰ ਜੇ ਇਸ ਤਰ੍ਹਾਂ ਹੀ ਚੀਜ਼ਾਂ ਨਾ ਮਿਲਦੀਆਂ ਰਹੀਆਂ ਅਤੇ ਇਹੋ ਜਿਹੇ ਹਾਲਾਤ ਰਹੇ ਤਾਂ ਰੁਪਏ ਦੀ ਕੀਮਤ 20 ਪੈਸੇ ਰਹਿ ਜਾਏਗੀ ਅਸਲ ਵਿਚ ਹੁਣ ਹੈ ਹੀ । ਇਨ੍ਹਾਂ ਨੇ ਕੋਈ ਏਜੰਸੀ ਆਪ ਤਾਂ ਸਿਕੇ ਦੀ ਨਹੀਂ ਲਈ । ਕਿਉਂਕਿ ਇਹ ਕਹਿੰਦੇ ਹਨ ਕਿ ਪੰਜਾਬ ਵਿਚ ਸਿਕੇ ਦੇ ਫੈਲਾਉ ਦਾ ਘਟ ਅਸਰ ਹੋਇਆ ਹੈ । (ਵਿਘਨ) ਇਹ ਕਹਿੰਦੇ ਹਨ ਕਿ ਕਿਸਾਨ ਦੀ ਹਾਲਤ ਚੰਗੀ ਕਰਨੀ ਹੈ । ਅਜ ਤੁਸੀਂ ਦੇਖੋ ਕਿ ਕਿਸਾਨ ਨੂੰ ਤੇਲ ਨਹੀਂ ਮਿਲਦਾ, ਉਨ੍ਹਾਂ ਨੂੰ ਗੋਲੀਆਂ ਨਾਲ ਮਾਰਿਆ ਜਾਂਦਾ ਹੈ । ਤੁਸੀਂ ਦੇਖਿਆ ਹੈ ਕਿ ਜਗਰਾਉਂ ਵਿਚ ਕਿਸ ਤਰ੍ਹਾਂ ਇਕ ਕਿਸਾਨ ਨੂੰ ਮਾਰਿਆ ਗਿਆ ? ਕਪੂਰਥਲੇ ਵਿਚ ਕੀ ਹੋਇਆ ? (ਵਿਘਨ) ਉਥੇ ਵੀ ਇਕ ਮਰਿਆ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਭਾਪਤੀ : ਬੈਠ ਜਾਉ, ਮੈਂ ਤੁਹਾਨੂੰ ਟਾਈਮ ਨਹੀਂ ਦੇਣਾ । (ਵਿਘਨ) (ਹਾਸਾ) (Please resume your seat. I will not give you any time.)

ਮਾਸਟਰ ਚੰਦ ਸਿੰਘ : ਚੇਅਰਮੈਨ ਸਾਹਿਬ, ਇਸ ਮਹਿੰਗਾਈ ਨਾਲ ਅਤੇ ਚੀਜ਼ਾਂ ਨਾ ਮਿਲਣ ਕਰਕੇ ਕਿਸਾਨ ਦੀ ਹਾਲਤ ਕੀ ਹੈ ? (ਵਿਘਨ)

12.55 p.m. (ਇਸ ਵਕਤ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮਸਾਂ ਮਸਾਂ ਸਾਡਾ ਇਕ ਹਰੀਜਨ ਚੇਅਰਮੈਨ ਬਣ ਕੇ ਬੈਠਾ ਸੀ . . . . (ਵਿਘਨ)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਸ ਮਹਿੰਗਾਈ ਦਾ ਅਤੇ ਚੀਜ਼ਾਂ ਨਾ ਮਿਲਣ ਦਾ ਮਜ਼ਦੂਰ ਤੇ, ਕਿਸਾਨਾਂ ਤੇ ਅਤੇ ਮੁਲਾਜ਼ਮਾਂ ਤੇ, ਆਮ ਗਰੀਬ ਆਦਮੀਆਂ ਤੇ ਬਹੁਤ ਅਸਰ ਪੈਂਦਾ ਹੈ । ਮਜ਼ਦੂਰ ਤੇ ਕੀ ਅਸਰ ਹੈ ? ਫੈਕਟਰੀਆਂ ਵਿਚ ਕੱਚਾ ਮਾਲ ਨਹੀਂ ਮਿਲਦਾ, ਕੋਲਾ ਨਹੀਂ ਮਿਲਦਾ ਜਿਸ ਕਰਕੇ ਮਜ਼ਦੂਰਾਂ ਦੀ ਛਾਂਟੀ ਹੁੰਦੀ ਜਾ ਰਹੀ ਹੈ ਅਤੇ ਇਸ ਦਾ ਉਨ੍ਹਾਂ ਤੇ ਬਹੁਤ ਅਸਰ ਪੈ ਰਿਹਾ ਹੈ ਤੇ ਉਹ ਬੇਕਾਰ ਹੋ ਰਹੇ ਹਨ । ਕਿਸਾਨ ਨੂੰ ਤੇਲ ਨਹੀਂ ਮਿਲ ਰਿਹਾ ਅਤੇ ਉਸ ਦੀ ਫਸਲ ਸੁਕਦੀ ਜਾ ਰਹੀ ਹੈ । ਫਿਰ ਕਿਸਾਨਾਂ ਨੂੰ ਅਨਾਜ ਦਾ ਪੂਰਾ ਭਾਅ ਨਹੀਂ ਮਿਲਦਾ । ਕਿਸਾਨਾਂ ਤੋਂ 76 ਰੁਪਏ ਕੁਇੰਟਲ ਕਣਕ ਲੈ ਕੇ ਅਜ ਮਾਰਕੀਟ ਦੇ ਵਿਚ ਆਟਾ 150 ਰੁਪਏ ਵਿਕ ਰਿਹਾ ਹੈ । ਇਹ ਹਾਲਤ ਕਿਸਾਨਾਂ ਦੀ ਇਨ੍ਹਾਂ ਨੇ ਬਣਾ ਰਖੀ ਹੈ । ਮੁਲਾਜ਼ਮਾਂ ਤੇ ਕੀ ਅਸਰ ਹੈ ? ਅਜ 27%

[ਮਾਸਟਰ ਚੰਦ ਸਿੰਘ]

ਕੀਮਤਾਂ ਵਧੀਆਂ ਹੋਈਆਂ ਹਨ । ਜੇਕਰ ਕੋਈ ਮੁਲਾਜ਼ਮ 400 ਰੁਪਏ ਮਹੀਨਾ ਤਨਖਾਹ ਲੈਂਦਾ ਸੀ ਤਾਂ ਅੱਜ ਉਸ ਨੂੰ 300 ਰੁਪਿਆ ਵੀ ਨਹੀਂ ਪੈਂਦਾ । ਗੱਲ ਕੀ ? 100 ਰੁਪਏ ਤੋਂ ਵੱਧ ਤਾਂ ਮਹਿੰਗਾਈ ਖਾ ਗਈ । ਜੇ, ਸਪੀਕਰ ਸਾਹਿਬ, ਗਰੀਬ ਮੁਲਾਜ਼ਮ ਦੇ 10 ਰੁਪਏ ਇਹ ਵਧਾਉਂਦੇ ਹਨ ਤਾਂ 20 ਰੁਪਏ ਉਸ ਦੇ ਮਹਿੰਗਾਈ ਖਾ ਜਾਂਦੀ ਹੈ । (ਵਿਘਨ)

ਸਪੀਕਰ ਸਾਹਿਬ, ਫਿਰ ਇਨ੍ਹਾਂ ਨੇ ਪੰਜਵੀਂ ਪਲੈਨ ਦੀ ਰੇਟ ਆਫ ਗਰੋਥ 7.4% ਕਰ ਦੇਣੀ ਹੈ । ਇਹ ਕਹਿੰਦੇ ਹਨ ਕਿ ਇੰਡਸਟਰੀਜ਼ ਦੀ 4% ਅਤੇ ਐਗਰੀਕਲਚਰ ਦੀ 5.1% ਕਰ ਦੇਣੀ ਹੈ । ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਇਨ੍ਹਾਂ ਨੇ ਕਿਸ ਤਰ੍ਹਾਂ ਅੰਦਾਜ਼ਾ ਲਗਾ ਲਿਆ ਕਿ ਅਸੀਂ ਇਹ ਕਰ ਦੇਣੀ ਹੈ ਜਦ ਕਿ ਇਸ ਵੇਲੇ ਕਿਸਾਨ ਨੂੰ ਐਗਰੀਕਲਚਰ ਵਾਸਤੇ ਤੇਲ ਨਹੀਂ ਮਿਲ ਰਿਹਾ । ਇੰਡਸਟਰੀਜ਼ ਵਾਸਤੇ ਕੱਚਾ ਮਾਲ ਨਹੀਂ ਮਿਲ ਰਿਹਾ । ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਇਹ ਜਿਹੜੇ ਅੰਕੜੇ ਇਨ੍ਹਾਂ ਨੇ ਦੱਸੇ ਹਨ ਇਹ ਕਿਸ ਤਰ੍ਹਾਂ ਸਿਰੇ ਚੜ੍ਹਨਗੇ । ਇਨ੍ਹਾਂ ਨੇ ਆਪਣੇ ਤਿਆਰ ਕੀਤੇ ਹੋਏ ਅੰਕੜੇ ਹੀ ਪੇਸ਼ ਕਰ ਦਿੱਤੇ ਹਨ ਪਰ ਹੋਣਾ ਕੁਝ ਵੀ ਨਹੀਂ । ਪੰਜਵੀਂ ਪਲੈਨ ਬਾਰੇ ਤਾਂ ਮੇਰਾ ਆਪਣਾ ਵਰਜ਼ਨ ਇਹ ਹੈ ਕਿ—

'ਬੇਰੀਆਂ ਨੂੰ ਬੇਰ ਲਗ ਗਏ ਤੈਨੂੰ ਕੁਝ ਨਾ ਲਗਾ ਮੁਟਿਆਰੇ' (ਵਿਘਨ)

Mr. Speaker : Order, order please.

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਅਜ ਬਿਜਲੀ ਵਿਚ ਹੋਰ ਕਟੌਤੀ ਕਰ ਦਿੱਤੀ ਹੈ । ਬਿਜਲੀ ਵਿਚ ਕਟੌਤੀ 60% ਕਰ ਦਿੱਤੀ ਹੈ । ਇਨ੍ਹਾਂ ਨੇ ਥਰਮਲ ਪਲਾਂਟ ਬਾਰੇ ਕਿਹਾ ਹੈ ਕਿ 1974 ਵਿਚ ਕੰਪਲੀਟ ਹੋ ਜਾਵੇਗਾ । ਸਿਬੀਆ ਸਾਹਿਬ ਨੇ ਵੀ ਇਥੇ ਕਹਿ ਦਿੱਤਾ ਕਿ ਜੁਲਾਈ, 74 ਵਿਚ ਪਹਿਲਾ ਜੈਨਰੇਟਰ ਜ਼ਰੂਰ ਚਾਲੂ ਕਰ ਦਿਆਂਗੇ । ਬੜੀ ਖੁਸ਼ੀ ਦੀ ਗੱਲ ਹੈ ਜੇ ਇਹ ਚਾਲੂ ਕਰ ਦੇਣ ਪਰ ਇਹ ਨਿਰੀਆਂ ਗਲਾਂ ਹੀ ਹਨ । ਮੈਨੂੰ ਸ਼ੱਕ ਹੈ ਕਿ ਇਹ ਵਾਇਦਾ ਪੂਰਾ ਨਹੀਂ ਕਰ ਸਕਣਗੇ । 5 ਕਰੋੜ ਰੁਪਿਆ ਇਨ੍ਹਾਂ ਥੇਈਂ ਡੈਮ ਵਾਸਤੇ ਰਖ ਦਿੱਤਾ ਪਰ ਹਾਲੇ ਤਕ ਉਸ ਡੈਮ ਦੀ ਮਨਜ਼ੂਰੀ ਨਹੀਂ ਲੈ ਸਕੇ । ਆਪਣੀਆਂ ਕੁਰਸੀਆਂ ਨੂੰ ਬਚਾਉਣ ਵਾਸਤੇ ਤਾਂ ਦਿੱਲੀ ਚਕਰ ਮਾਰਦੇ ਰਹਿੰਦੇ ਹਨ ਪਰ ਕਿਸੇ ਮਨਜ਼ੂਰੀ ਲੈਣ ਦੀ ਕੋਈ ਗੱਲ ਨਹੀਂ ਕਰਦੇ । (ਵਿਘਨ)

ਫਿਰ, ਸਪੀਕਰ ਸਾਹਿਬ, ਮੈਂ ਟੈਕਸਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਇਨ੍ਹਾਂ ਨੇ ਕਿਹਾ ਹੈ ਕਿ ਟੈਕਸ ਕੋਈ ਨਹੀਂ ਲਾਇਆ । ਇਨ੍ਹਾਂ ਨੇ ਮਾਰਕੀਟ ਫੀਸ ਲਗਾਈ ਹੈ, ਇਹ ਵੀ ਤਾਂ ਗਰੀਬ ਆਦਮੀ ਤੇ ਹੀ ਅੰਤ ਪੈਣਾ ਹੈ । (ਘੰਟੀ) ਸਪੀਕਰ ਸਾਹਿਬ, ਮੈਂ ਤਾਂ ਹਾਲੇ ਹੁਣੇ ਹੀ ਬੋਲਣ ਲਗਾ ਹਾਂ ।

ਸ੍ਰੀ ਸਪੀਕਰ : ਦੋ ਮਿੰਟਾਂ ਵਿਚ ਵਾਈਂਡ ਅਪ ਕਰ ਦਿਉ ਜੀ । (ਵਿਘਨ)
(Please wind up within two minutes.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸਿੱਧੇ ਟੈਕਸ ਅਸੀਂ ਜਨਤਾ ਤੇ ਨਹੀਂ ਲਾਉਂਦੇ । ਪਰ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਸਿੱਧਾ ਟੈਕਸ ਇਨ੍ਹਾਂ

ਨੇ ਪਰ ਕੈਪੀਟਾ 83.92 ਰੁਪਏ ਹੈ । ਉਤਰ ਪ੍ਰਦੇਸ਼ ਵਿਚ ਇਹ 28.17 ਹੈ ਅਤੇ ਆਂਧਰਾ ਵਿਚ 37.85 ਰੁਪਏ ਹੈ। ਪਰ ਇਨ੍ਹਾਂ ਨੇ ਆਪਣੀ ਕਿਤਾਬ ਵਿਚ ਕਿਹਾ ਕਿ ਪਰ ਕੈਪੀਟਾ ਟੈਕਸ ਘਟ ਹੈ । (ਵਿਘਨ) (ਘੰਟੀ) ਇਨ੍ਹਾਂ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਘਟ ਹੈ ਜਾਂ ਵੱਧ ।

ਸਪੀਕਰ ਸਾਹਿਬ, ਐਜੂਕੇਸ਼ਨ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਕਈ ਮਿਡਲ ਸਕੂਲ ਹਾਈ ਸਕੂਲ ਬਣਾਉਣ ਦੇ ਕਾਬਲ ਹਨ ਪਰ ਉਹ ਨਹੀਂ ਬਣਾ ਰਹੇ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਹਾਈ ਸਕੂਲ ਬਣਾਏ ਜਾਣ । (ਵਿਘਨ) (ਘੰਟੀ) ਬਸ ਜੀ ਇਕ ਮਿੰਟ ।

ਫਿਰ ਮੈਂ ਪਲਾਟਾਂ ਦੀ ਗੱਲ ਕਹਿਣੀ ਚਾਹੁੰਦਾ ਹਾਂ । ਸਪੀਕਰ ਸਾਹਿਬ, ਇਨ੍ਹਾਂ ਨੇ ਐਲਾਨ ਕਰ ਦਿੱਤਾ ਕਿ 1,86,000 ਬੇਘਰਾਂ ਨੂੰ ਪਲਾਟ ਦਿੱਤੇ ਹਨ । ਚੀਫ਼ ਮਨਿਸਟਰ ਸਾਹਿਬ ਇਸ ਗੱਲ ਨੂੰ ਬੜੇ ਜ਼ੋਰ ਨਾਲ ਕਹਿੰਦੇ ਹਨ । ਇਨ੍ਹਾਂ ਨੇ ਗਰੀਬਾਂ ਨੂੰ ਪੱਟੇ ਤਾਂ ਲਿਖ ਦਿੱਤੇ ਹਨ ਪਰ ਜ਼ਮੀਨ ਹੈ ਹੀ ਨਹੀਂ । ਪਤਾ ਨਹੀਂ ਇਹ ਜ਼ਮੀਨ ਕਿਥੋਂ ਦੇ ਦੇਣਗੇ ? ਪਤਾ ਨਹੀਂ ਇਹ ਜ਼ਮੀਨ ਕਿਥੇ ਹੈ ? ਇਥੇ ਹੈ ਜਾਂ ਇਹ ਆਸਮਾਨ ਵਿਚ ਹੈ ?

ਜੁਆਇੰਟ ਸੈਕਟਰ ਦੇ ਬਾਰੇ ਗਲ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਇਹ ਆਪਣੇ ਭਾਈਚਾਰੇ ਨੂੰ ਰੁਪਿਆ ਦੇ ਰਹੇ ਹਨ । 51% ਰੁਪਿਆ ਇਨ੍ਹਾਂ ਨੇ ਉਨ੍ਹਾਂ ਨੂੰ ਦਿੱਤਾ ਅਤੇ 49% ਮਨੇਜਮੈਂਟ ਨੂੰ ਦਿੱਤਾ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜੀਆਂ ਪੰਜਾਬ ਵਿਚ ਬੋਗਸ ਇੰਡਸਟਰੀਆਂ ਚਲ ਰਹੀਆਂ ਹਨ ਮੈਂ ਆਪਣੀ ਸਪੀਚ ਵਿਚ ਬੋਲਦਿਆਂ 2 ਇੰਡਸਟਰੀਆਂ ਦਾ ਨਾਉਂ ਲਿਆ ਸੀ ਅਤੇ ਮੈਂ ਬਾਕੀ ਇੰਡਸਟਰੀਆਂ ਦੀ ਲਿਸਟ ਚੇਅਰ ਦੀ ਆਗਿਆ ਨਾਲ ਟੇਬਲ ਤੇ ਰੱਖ ਦਿੱਤੀ ਸੀ । (ਵਿਘਨ) ਪਰ ਤੁਹਾਡਾ ਹੁਣੇ ਮੇਰੇ ਕੋਲ ਆਰਡਰ ਆਇਆ ਹੈ ਕਿ ਉਹ ਲਿਸਟ ਨਹੀਂ ਰਖੀ ਜਾ ਸਕਦੀ । ਮੈਂ ਕਹਿੰਦਾ ਹਾਂ ਕਿ ਮੈਨੂੰ ਚੇਅਰਮੈਨ ਸਾਹਿਬ ਨੇ ਉਹ ਲਿਸਟ ਰਖਣ ਦੀ ਆਗਿਆ ਦਿੱਤੀ ਸੀ ।

1.00 p.m.

ਸ੍ਰੀ ਸਪੀਕਰ : ਤੁਸੀਂ ਉਹ ਲਿਸਟ ਪਹਿਲਾਂ ਮੇਰੇ ਕੋਲ ਭੇਜ ਦੇਣਾ, ਮੈਂ ਵੇਖ ਲਵਾਂਗਾ ਅਤੇ ਉਸ ਦੇ ਬਾਅਦ ਜੇ ਮੁਨਾਸਬ ਸਮਝੀ ਤਾਂ ਇਜਾਜ਼ਤ ਦੇਵਾਂਗਾ । (ਵਿਘਨ) (You, may please send that list to me, I will examine it and if it is in order, then I will allow it to be laid on the Table.) (*Interruption*)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਜੁਆਇੰਟ ਸੈਕਟਰ ਦੇ ਨਾਮ ਤੇ ਇਹ ਇਸ ਤਰ੍ਹਾਂ ਲੱਖਾਂ ਰੁਪਏ ਕਮਾ ਰਹੇ ਹਨ, ਇਹ ਜੁਆਇੰਟ ਸੈਕਟਰ ਬੰਦ ਹੋਣੇ ਚਾਹੀਦੇ ਹਨ । ਕਿਸੇ ਵੀ ਸਮਾਜਵਾਦੀ ਕੰਟਰੀ ਵਿਚ ਜੁਆਇੰਟ ਸੈਕਟਰ ਦੀ ਆਗਿਆ ਨਹੀਂ ਦਿੱਤੀ ਜਾਂਦੀ । ਜੁਆਇੰਟ ਸੈਕਟਰ ਖਤਮ ਕਰਕੇ ਉਹ ਪੈਸਾ ਗਰੀਬਾਂ ਤੇ ਖਰਚ ਹੋਣਾ ਚਾਹੀਦਾ ਹੈ। (ਵਿਘਨ)

ਸ਼੍ਰੀ ਸਪੀਕਰ : ਹੁਣ ਤੁਸੀਂ ਤਸ਼ਰੀਫ ਰਖੋ । (ਵਿਘਨ) (Now you may please resume your seat.) (*Interruption*)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਹੁਣ ਥੋੜੇ ਜਿਹੇ ਸ਼ਬਦ ਪੁਲਿਸ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ । (ਵਿਘਨ) ਪੰਜਾਬ ਵਿਚ ਪੁਲਿਸ ਰਾਜ ਹੈ।

ਸ਼੍ਰੀ ਸਪੀਕਰ : ਚੋਪੜਾ ਸਾਹਿਬ, ਤੁਸੀਂ ਤਸ਼ਰੀਫ ਰਖੋ, ਤੁਸੀਂ ਕਾਫੀ ਸਮਾਂ ਲੈ ਲਿਆ ਹੈ । (Chopra Sahib, please resume your seat. you have taken sufficient time.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਰੋਡਵੇਜ਼ ਦੀਆਂ ਬੱਸਾਂ ਬੰਦ ਪਈਆਂ ਹਨ । ਉਨ੍ਹਾਂ ਨੇ ਹੜਤਾਲ ਕੀਤੀ ਹੋਈ ਹੈ । ਕਪੂਰਥਲੇ ਪੁਲਿਸ ਨੇ ਆਪ ਬੰਦਾ ਮਾਰ ਕੇ ਕੇਸ ਰੋਡਵੇਜ਼ ਵਰਕਰਾਂ ਤੇ ਬਣਾਏ ਹਨ। (ਵਿਘਨ) ਸੂਬੇ ਵਿਚ ਹਰ ਥਾਂ ਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਭਵਾਨੀਗੜ੍ਹ ਵਿਚ ਲਾਠੀ ਚਾਰਜ ਕੀਤਾ ਗਿਆ । (ਵਿਘਨ)

ਸ਼੍ਰੀ ਸਪੀਕਰ : ਚੋਪੜਾ ਜੀ, ਹੁਣ ਤੁਸੀਂ ਬੈਠ ਜਾਉ । (Chopra Sahib, please resume your seat now.)

ਮਾਸਟਰ ਚੰਦ ਸਿੰਘ : ** ** **

ਸ਼੍ਰੀ ਸਪੀਕਰ : ਜੋ ਕੁਝ ਵੀ ਚੋਪੜਾ ਸਾਹਿਬ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever Mr. Chopra is saying should not be recorded.)

ਮਾਸਟਰ ਚੰਦ ਸਿੰਘ : ਹੁਣ ਮੈਂ, ਸਪੀਕਰ ਸਾਹਿਬ, ਐਜੂਕੇਸ਼ਨ ਦੇ ਮੁਤਅੱਲਕ ਕਹਿਣਾ ਚਾਹੁੰਦਾ ਹਾਂ .. .. ।

ਸ਼੍ਰੀ ਸਪੀਕਰ : ਕਲ ਨੂੰ ਐਜੂਕੇਸ਼ਨ ਦੀ ਡੀਮਾਂਡ ਤੇ ਤੁਸੀਂ ਬੋਲ ਲੈਣਾ । ਹੁਣ ਤੁਸੀਂ ਤਸ਼ਰੀਫ ਰਖੋ । (You can speak tomorrow on the Demand for Education. Now please take your seat.)

ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਜਨਰਲ ਡਿਸਕਸ਼ਨ ਜਿਹੜੀ ਕਿ ਬਜਟ ਤੇ ਹੋਈ ਹੈ ਉਸ ਦੇ ਬਾਰੇ ਵਿਚ ਬਰਨਾਲਾ ਜੀ ਨੇ ਮੋਟੇ ਤੌਰ ਤੇ ਬਜਟ ਦੀ ਤਾਰੀਫ ਹੀ ਕੀਤੀ ਹੈ । ਉਹ ਬੋਲਦੇ ਵੀ ਸਾਲ ਵਿਚ ਇਕ ਦੋ ਦਿਨ ਹਨ ਔਰ ਬਹੁਤੇ ਪੁਆਇੰਟ ਆਫ ਆਰਡਰ ਵੀ ਨਹੀਂ ਕਰਦੇ ਔਰ ਸੰਧੂ ਸਾਹਿਬ ਉਨ੍ਹਾਂ ਨੂੰ ਬੋਲਣ ਵੀ ਨਹੀਂ ਦਿੰਦੇ, ਲੇਕਿਨ ਜਦੋਂ ਬੋਲਦੇ ਹਨ ਬੜਾ ਸੁੰਦਰ ਬੋਲਦੇ ਹਨ । ਮੈਂ ਉਨ੍ਹਾਂ ਦਾ ਮਸ਼ਕੂਰ ਹਾਂ ਉਨ੍ਹਾਂ ਨੇ ਜਿਥੇ ਬਰਾਡਲੀ ਐਪ੍ਰੀਸ਼ੀਏਟ ਕੀਤਾ ਉਥੇ ਬਰਨਾਲਾ ਜੀ ਨੂੰ ਬਜਟ ਬਾਰੇ ਕੁਝ ਗਲਤ-ਫਹਿਮੀਆਂ ਵੀ ਹੋ ਗਈਆਂ ਜਿਹੜੀਆਂ ਕਿ ਮੈਂ ਕਲੀਅਰ ਕਰਨਾ ਚਾਹੁੰਦਾ ਹਾਂ ।

(ਇਸ ਸਮੇਂ ਵਿੱਤ ਮੰਤਰੀ ਦਾ ਮਾਈਕ ਠੀਕ ਨਹੀਂ ਸੀ ਕੰਮ ਕਰ ਰਿਹਾ)

**Not recorded as ordered by the Chair.

ਸ੍ਰੀ ਸਪੀਕਰ : ਸ਼ਰਮਾ ਜੀ, ਤੁਹਾਡਾ ਮਾਈਕ ਠੀਕ ਕੰਮ ਨਹੀਂ ਕਰ ਰਿਹਾ ਤੁਸੀਂ ਅਗਲੇ ਮਾਈਕ ਤੋਂ ਬੋਲ ਲਵੋ। (Sharma Ji, your mike is out of order; you may please speak from the next mike.)

ਵਿੱਤ ਮੰਤਰੀ : ਬਹੁਤ ਅੱਛਾ ਜੀ। (ਇਸ ਵਕਤ ਵਿੱਤ ਮੰਤਰੀ ਅਗਲੇ ਮਾਈਕ ਤੇ ਬੋਲਣ ਲਈ ਚਲੇ ਗਏ)

ਸਪੀਕਰ ਸਾਹਿਬ, ਮੋਟੇ ਤੋਰ ਤੇ ਪ੍ਰੋਗਰੈਸਿਵ ਬਜਟ ਵਿਚ ਇਹ ਵੇਖਿਆ ਜਾਂਦਾ ਹੈ ਕਿ ਗਰੋਥ ਰੇਟ ਕੀ ਹੈ, ਔਰ ਓਵਰ ਆਲ ਜਿਹੜੀ ਅਕਾਨੋਮੀ ਹੈ ਕੀ ਉਹ ਤੇਜ਼ੀ ਨਾਲ ਅਗੇ ਜਾ ਰਹੀ ਹੈ ? ਸੋਸ਼ਲ ਸਰਵਿਸ ਤੇ ਕਿੰਨਾਂ ਖਰਚ ਹੈ ਅਤੇ ਆਇਆ ਹਰ ਸਾਲ ਪ੍ਰੋਗਰੈਸ ਵੱਧ ਰਹੀ ਹੈ ਜਾਂ ਨਹੀਂ ਔਰ ਟੈਕਸੇਸ਼ਨ ਦੀ ਜਿਹੜੀ ਪਾਲਿਸੀ ਹੈ ਉਹ ਕੀ ਹੈ ? ਇਸ ਕਰਕੇ ਮੈਂ ਡਾਂਗ ਜੀ ਨੂੰ ਕਹਾਂਗਾ ਕਿ ਜਿਥੋਂ ਤਕ ਮੋਟੇ ਤੌਰ ਤੇ ਸਾਡੇ ਪਲਾਨ ਦੇ ਆਂਕੜੇ ਹਨ, ਪਲਾਨ ਐਕਸਪੈਂਡੀਚਰ ਜਿਹੜਾ ਹੈ, ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ 1969-70 ਵਿਚ 60 ਕਰੋੜ, 1970-71 ਵਿਚ 65 ਕਰੋੜ, 1971-72 ਵਿਚ 78 ਕਰੋੜ, 1972-73 ਵਿਚ 99 ਕਰੋੜ, 1973-74 ਵਿਚ 123 ਕਰੋੜ ਅਤੇ 1974-75 ਵਿਚ 126 ਕਰੋੜ ਹੋ ਗਿਆ ਹੈ। ਇਹ ਜ਼ਰਾ ਵੇਖੋ ਕਿ ਜਿਹੜਾ ਸਟੇਟ ਦਾ ਪਲਾਨ ਐਕਸਪੈਂਡੀਚਰ ਹੈ ਅਸੀਂ ਉਸ ਨੂੰ ਅਗੇ ਲਿਜਾ ਰਹੇ ਹਾਂ। (ਤਾੜੀਆਂ) ਇਸ ਦੇ ਨਾਲ ਹੀ ਅਸੀਂ ਫੈਕਟਸ ਦਿੱਤੇ ਹਨ ਕਿ ਕਿੰਨਾਂ ਰੁਪਿਆ ਖਰਚ ਕਰਨਾ ਹੈ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਵੀ ਦਸੋ ਕਿ ਪ੍ਰਾਈਸ ਰਾਈਜ਼ ਕਿੰਨੀਂ ਹੈ ? (ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਸਰਕਾਰ ਦੀ ਗੱਲ ਨਹੀਂ ਕਰਦਾ। ਲੇਕਿਨ ਮੈਂ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਗੌਰਮਿੰਟ ਵੇਲੇ ਇਨ੍ਹਾਂ ਨੇ ਲਿਖਿਆ ਸੀ ਕਿ ਇਹ 80 ਕਰੋੜ ਤੋਂ ਵੱਧ ਖਰਚ ਨਹੀਂ ਕਰ ਸਕਦੇ। ਇਨ੍ਹਾਂ ਨੇ ਪਲਾਨਿੰਗ ਕਮਿਸ਼ਨ ਨੂੰ ਲੈਟਰ ਲਿਖਿਆ ਸੀ, ਲੇਕਿਨ ਅਸੀਂ 1972-73 ਵਿਚ 99 ਕਰੋੜ ਰੁਪਏ ਖਰਚ ਕੀਤੇ ਔਰ 1973-74 ਦੇ ਪਲੈਨ ਐਕਸਪੈਂਡੀਚਰ ਵਿਚ 123 ਕਰੋੜ ਰੁਪਏ ਰਖੇ। ਅਗਲੇ ਸਾਲ ਵਿਚ ਜੋ ਮੈਂ ਰਖਿਆ ਹੈ 126.58 ਕਰੋੜ ਹੈ। (ਥੰਪਿੰਗ) ਇਸ ਦੇ ਨਾਲ ਹੀ ਨਾਨ-ਪਲਾਨ ਦਾ ਖ਼ਰਚਾ ਹੈ। ਤਨਖਾਹਾਂ ਤੋਂ ਅਲਾਵਾ ਜਿਹੜਾ ਦੂਸਰਾ ਖਰਚ ਹੈ ਉਹ ਵੀ ਬਹੁਤ ਸਾਰਾ ਨਾਨ-ਪਲਾਨ ਖਰਚੇ ਵਿਚ ਹੁੰਦਾ ਹੈ। ਉਸ ਵਿਚ ਦਸਿਆ ਜਾਂਦਾ ਹੈ ਕਿ ਸੋਸ਼ਲ ਸਰਵਿਸ ਤੇ ਕਿੰਨਾ ਖਰਚ ਕਰਨਾ ਹੈ ਅਤੇ ਨਵੇਂ ਪ੍ਰਾਜੈਕਟਸ ਤੇ ਕਿੰਨਾਂ ਖਰਚ ਕਰਨਾ ਹੈ। ਨਾਨ-ਪਲਾਨ ਵਿਚ 1972-73 ਵਿਚ 240 ਕਰੋੜ, 1973-74 ਵਿਚ 376 ਕਰੋੜ ਅਤੇ 1974-75 ਵਿਚ 422 ਕਰੋੜ ਕਰ ਦਿੱਤਾ ਹੈ। (ਥੰਪਿੰਗ) ਇਹ ਅਸੀਂ ਨਾਨ-ਪਲਾਨ ਚੀਜ਼ਾਂ ਤੇ ਖਰਚ ਕਰਨਾ ਹੈ। ਇਥੋਂ ਜ਼ਾਹਿਰ ਹੁੰਦਾ ਹੈ ਕਿ ਸਾਡੀ ਅਕਾਨੋਮੀ ਲਗਾਤਾਰ ਬਾਕੀ ਸਾਰੇ ਸੂਬਿਆਂ ਨਾਲੋਂ ਵੱਧ ਰਹੀ ਹੈ। ਸਾਡੇ ਸੂਬੇ ਦੇ ਛੋਟਾ ਹੋਣ ਦੇ ਬਾਵਜੂਦ, ਜਿਹੜਾ ਸਾਡੇ ਦੋਸਤਾਂ ਦੀ ਮਿਹਰਬਾਨੀ ਨਾਲ ਸਾਡੇ ਪੰਜਾਬ ਦਾ ਕੁਝ ਹਿੱਸਾ ਹਰਿਆਣਾ ਅਤੇ ਹਿਮਾਚਲ ਨੂੰ ਚਲਾ ਗਿਆ। (ਵਿਘਨ) (ਸ਼ੋਰ) ਸਾਡੀ ਅਕਾਨੋਮੀ ਲਗਾਤਾਰ ਵੱਧਦੀ ਗਈ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ** ** **

**Expunged as ordered by the Chair.

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (ਵਿਘਨ) ਸੰਧੂ ਸਾਹਿਬ, ਤੁਸੀਂ ਤਸ਼ਰੀਫ਼ ਰਖੋ । (ਵਿਘਨ) (This is no point of order, (*Interruption*) Sandhu Sahib, please resume your seat.) (*Interruption*)

ਵਿੱਤ ਮੰਤਰੀ: ਸਪੀਕਰ ਸਾਹਿਬ, ਅਗਰ ਇਹ ਸੂਬਾ ਬਣਾਉਣ ਦਾ ਕਰੈਡਿਟ ਨਹੀਂ ਲੈਣਾ ਚਾਹੁੰਦੇ । ..(ਵਿਘਨ) ਇਹ ਮਰਨ ਵਰਤ ਦਾ ਕਰੈਡਿਟ ਨਹੀਂ ਲੈਣਾ ਚਾਹੁੰਦੇ.. (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਅਸੀਂ ਬਣਾਉਣ ਦਾ....

ਸ੍ਰੀ ਸਪੀਕਰ : ਸੰਧੂ ਸਾਹਿਬ, ਤੁਸੀਂ ਤਸ਼ਰੀਫ਼ ਰਖੋ (ਵਿਘਨ) (Sandhu Sahib, please resume your seat.) (*Interruption*)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਨਿਹਾਇਤ ਜ਼ਿੰਮੇਵਾਰੀ ਨਾਲ ਅਤੇ ਅਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਤਮਾਮ ਪਾਰਟੀਆਂ ਨੇ ਆਪਣੇ ਮੈਮੋਰੰਡਮ ਬਣਾ ਕੇ ਦਿੱਤੇ ਕਿ ਬਾਊਂਡਰੀ ਕਮਿਸ਼ਨ ਫ਼ੈਸਲਾ ਕਰੇ ਕਿ ਪੰਜਾਬ ਦੀ ਕਿਹੜੀ ਹੱਦ ਹੋਣੀ ਚਾਹੀਦੀ ਹੈ, ਪਰ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੇ ਨਹੀਂ ਲਿਖ ਕੇ ਦਿੱਤਾ । (ਵਿਘਨ) ਉਹ ਕਿਤਾਬ, ਸਪੀਕਰ ਸਾਹਿਬ, ਤੁਹਾਡੀ ਲਾਇਬ੍ਰੇਰੀ ਵਿਚ ਪਈ ਹੈ.... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਸਧੂ ਸਾਹਿਬ, ਚੇਅਰ ਦੀ ਆਗਿਆ ਤੋਂ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਏ । (ਵਿਘਨ) (Whatever Sandhu Sahib is saying without the permission of the Chair, should not be recorded.)

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਬਜਟ ਵਿਚ ਘਾਟੇ ਦਾ ਤੁਅੱਲਕ ਹੈ, ਇਸ ਬਾਰੇ ਹਾਊਸ ਦੇ ਸਾਰੇ ਮੈਂਬਰ ਜਾਣਦੇ ਹਨ । ਬਰਨਾਲਾ ਜੀ ਨੇ ਵੀ ਇਸ ਵਲ ਇਸ਼ਾਰਾ ਕੀਤਾ ਸੀ । ਜਿਸ ਦਿਨ ਤੋਂ ਇਹ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਬਣੀ ਹੈ, ਅਸੀਂ ਕੋਈ ਟੈਕਸ ਨਹੀਂ ਲਾਇਆ ।

ਜਥੇਦਾਰ ਗੁਰਬਚਨ ਸਿੰਘ ; ਡਿਪੂਆਂ ਤੇ ਜਿਹੜੀਆਂ 100, 100 ਬੰਦਿਆਂ ਦੀਆਂ ਕਤਾਰਾਂ ਤੁਸੀਂ ਲਵਾਈਆਂ ਹਨ । (ਸ਼ੋਰ) ਹਰ ਚੀਜ਼ ਬਲੈਕ ਵਿਚ ਮਿਲਦੀ ਹੈ । (ਸ਼ੋਰ) (ਵਿਘਨ)

ਸ੍ਰੀ ਸਪੀਕਰ : ਇਤਨੀ ਬਹਿਸ ਹੋ ਜਾਣ ਦੇ ਬਾਵਜੂਦ ਵੀ ਇਸ ਤਰ੍ਹਾਂ ਇਨਟਰੱਪਸ਼ਨ ਕਰਨਾ ਹਾਊਸ ਦੀ ਡਿਗਨਿਟੀ ਅਤੇ ਡੈਕੋਰਮ ਲਈ ਠੀਕ ਨਹੀਂ । (In view of the fact that there has been so much discussion on the topic, such interruptions are not conducive to maintain the dignity and decorum of the House.)

**Not recorded as ordered by the Chair.

ਵਿੱਤ ਮੰਤਰੀ: ਇਹ ਸਾਰਾ ਹਾਊਸ ਜਾਣਦਾ ਹੈ ਕਿ ਅਸੀਂ ਕੋਈ ਟੈਕਸ ਨਹੀਂ ਲਾਇਆ ।

ਸਰਦਾਰ ਜਸਦੇਵ ਸਿੰਘ ਸੰਧੂ: ਮਾਰਕਿਟ ਫੀਸ ਜਿਹੜੀ ਵਧਾਈ ਹੈ ।

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸ਼ਰਮਾ ਸਾਹਿਬ, ਦੀ ਸਪੀਚ ਸਾਡੇ ਪੱਲੇ ਤਾਂ ਪੈ ਨਹੀਂ ਰਹੀ । ਜਾਂ ਤੁਸੀਂ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਨੂੰ ਟਾਈਮ ਦੇ ਦਿਉ ਜਾਂ ਫਿਰ ਸ਼ਰਮਾ ਜੀ ਨੂੰ ਟਾਈਮ ਦੇ ਦਿਉ । ਮੈਂ ਦਰਖ਼ਾਸਤ ਕਰਾਂਗਾ ਕਿ ਘੱਟ ਤੋਂ ਘੱਟ ਜਿਹੜੇ ਪੁਆਇੰਟ ਅਸੀਂ ਉਠਾਏ ਹਨ, ਉਨ੍ਹਾਂ ਦਾ ਜਵਾਬ ਤਾਂ ਸਾਨੂੰ ਸੁਣ ਲੈਣ ਦੇਣ । (ਸ਼ੋਰ) (ਵਿਘਨ)

ਸ੍ਰੀ ਸਪੀਕਰ : ਮੈਨੂੰ ਅਫਸੋਸ ਹੈ ਕਿ ਲੀਡਰਜ਼ ਦਾ ਆਪਣੇ ਮੈਂਬਰਜ਼ ਤੇ ਕੋਈ ਕੰਟਰੋਲ ਨਹੀਂ ਹੈ ! (I am sorry to point out that the leaders have no control over the members of their parties.)

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਪੀਕਰ : ਤੁਸੀਂ ਕਿਸ ਪੁਆਇੰਟ ਤੇ ਬੋਲਣਾ ਚਾਹੁੰਦੇ ਹੋ ? ਕੋਈ ਇਨਫਰਮੇਸ਼ਨ ਲੈਣੀ ਹੈ ਜਾਂ ਫਿਰ ਪੁਆਇੰਟ ਆਫ ਆਰਡਰ ਕਰਨਾ ਹੈ ? (On what point do you want to speak ? Do you want to seek some information or to raise a point of order ?)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਅਸੀਂ ਜਿਹੜੇ ਪੁਆਇੰਟ ਬਜਟ ਸਪੀਚ ਤੇ ਬਹਿਸ ਵੇਲੇ ਉਠਾਏ ਹਨ ਪਹਿਲਾਂ ਉਨ੍ਹਾਂ ਦਾ ਜਵਾਬ ਦੇ ਦੇਣ ।

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਤਨਾ ਇਹ ਮੈਨੂੰ ਘੱਟ ਛੇੜਣਗੇ ਮੈਂ ਉਤਨਾ ਜ਼ਿਆਦਾ ਜਵਾਬ ਦੇ ਸਕਾਂਗਾ ।

ਸਰਦਾਰ ਦਰਸ਼ਨ ਸਿੰਘ, ਕੇ. ਪੀ. : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ ਜਦੋਂ ਅਸੀਂ ਪੁਆਇੰਟ ਆਫ ਆਰਡਰ ਕਰਦੇ ਹਾਂ ਤਾਂ ਤੁਸੀਂ ਕਰਨ ਤੋਂ ਪਹਿਲਾਂ ਹੀ ਆਪਣੀ ਜੱਜਮੈਂਟ ਦੇ ਦਿੰਦੇ ਹੋ ।

ਵਿੱਤ ਮੰਤਰੀ : ਸਪੀਕਰ ਸਾਹਿਬ, ਬਰਨਾਲਾ ਜੀ ਨੇ ਕਿਹਾ ਹੈ ਕਿ 15 ਕਰੋੜ ਰੁਪਿਆ ਜਿਹੜਾ ਅਸੀਂ ਹੋਰ ਰੇਜ਼ ਕਰਨਾ ਹੈ, ਜੇ ਇਹ ਨਾ ਕੀਤਾ ਗਿਆ ਤਾਂ ਇਸ ਤਰ੍ਹਾਂ ਨਾਲ ਬਜਟ ਵਿਚ ਜਿਹੜਾ ਘਾਟਾ ਹੈ ਇਹ ਵੱਧ ਕੇ 54 ਕਰੋੜ ਦਾ ਹੋ ਜਾਵੇਗਾ । ਇਹ ਇਨ੍ਹਾਂ ਨੂੰ ਗਲਤ ਫਹਿਮੀ ਹੈ । ਜੇ ਅਸੀਂ ਇਹ 15 ਕਰੋੜ ਰੁਪਿਆ ਰੇਜ਼ ਕਰ ਲਿਆ ਤਾਂ ਇਹ

**Expunged as ordered by the Chair.

[ਵਿੱਤ ਮੰਤਰੀ]

ਘਾਟਾ ਘੱਟ ਕੇ 21 ਕਰੋੜ ਰਹਿ ਜਾਵੇਗਾ। ਜਿਹੜੇ ਮਈਅਰਜ਼ ਮੈਂ ਅਡਾਪਟ ਕਰਨੇ ਹਨ, ਇਹ ਮੇਰੀ ਇਮੈਜੀਨੇਸ਼ਨ ਦੇ ਬੇਸਿਜ਼ ਤੇ ਨਹੀਂ ਹਨ। ਪਿਛਲੇ ਸਾਲ, ਬਜਟ ਸਪੀਚ ਵੇਲੇ ਮੈਂ ਅਰਜ਼ ਕੀਤੀ ਸੀ ਕਿ ਟੈਕਸ ਇਵੇਜ਼ਨ ਨੂੰ ਰੋਕਾਂਗੇ, ਟੈਕਸੇਸ਼ਨ ਮਸ਼ੀਨਰੀ ਨੂੰ ਹੋਰ ਤੇਜ਼ ਕਰਾਂਗੇ ਅਤੇ ਜਿਹੜੇ ਲੂਪਹੋਲਜ਼ ਵਗੈਰਾ ਹਨ ਉਨ੍ਹਾਂ ਨੂੰ ਪਲੱਗ ਕਰਾਂਗੇ ਅਤੇ ਨਾਨ-ਪਲਾਨ ਐਕਸਪੈਂਡੀਚਰ ਅਤੇ ਹੋਰ ਜਿਹੜਾ ਫਾਲਤੂ ਦਾ ਐਕਸਪੈਂਡੀਚਰ ਹੈ ਉਸ ਵਿਚ ਬੱਚਤ ਕਰਾਂਗੇ। ਇਸ ਦੇ ਨਾਲ ਹੀ ਮੈਂ ਬਜਟ ਸਪੀਚ ਦੇ ਵਿਚ ਦੱਸਿਆ ਹੈ ਕਿ 20 ਕਰੋੜ ਰੁਪਏ ਦਾ ਫਰਕ ਪਿਆ ਹੈ। (ਤਾੜੀਆਂ) ਸਰਦਾਰ ਪ੍ਰੇਮ ਸਿੰਘ ਪ੍ਰੇਮ ਅਤੇ ਸ੍ਰੀ ਸਰਦਾਰੀ ਲਾਲ ਕਪੂਰ ਜੀ ਨੇ ਵੀ ਕਿਹਾ ਸੀ ਕਿ ਖਰਚੇ ਨੂੰ ਘਟਾਇਆ ਜਾਵੇ। ਇਸ ਚੀਜ਼ ਨੂੰ ਅਸੀਂ ਪਿਛਲੇ ਦੋ ਸਾਲਾਂ ਵਿਚ ਪੂਰੀ ਤਰ੍ਹਾਂ ਫਾਲੋ ਕੀਤਾ ਹੈ ਅਸੀਂ ਪਹਿਲਾਂ ਵੀ ਕਹਿੰਦੇ ਰਹੇ ਹਾਂ ਕਿ ਹੋਰ ਟੈਕਸ ਨਹੀਂ ਲਗਾਉਣੇ ਚਾਹੀਦੇ। ਜਿਹੜੀ ਟੈਕਸਾਂ ਵਿਚ ਚੋਰੀ ਹੁੰਦੀ ਹੈ, ਇਸ ਨੂੰ ਰੋਕਣਾ ਚਾਹੀਦਾ ਹੈ। ਇਸ ਚੀਜ਼ ਨੇ ਪਿਛਲੇ ਸਾਲ ਸਾਨੂੰ 20 ਕਰੋੜ ਰੁਪਿਆ ਬਚਾ ਕੇ ਦਿੱਤਾ ਹੈ। ਇਸ ਲਈ ਮੈਂ ਬਰਨਾਲਾ ਜੀ ਦੀ ਸੇਵਾ ਵਿਚ ਅਰਜ਼ ਕਰਾਂਗਾ ਕਿ ਇਹ ਜਿਹੜਾ 20 ਕਰੋੜ ਰੁਪਿਆ ਮੈਂ ਅਨਕਵਰਡ ਛੱਡਿਆ ਹੈ, ਇਹ ਪੂਰਾ ਹੋ ਜਾਵੇਗਾ। ਜੇ ਕੋਈ ਮੇਰੇ ਰਾਹ ਵਿਚ ਅੜੱਚਣ ਪਈ ਜਾਂ ਕੋਈ ਹੋਰ ਰੁਕਾਵਟ ਆਈ ਤਾਂ ਮੈਨੂੰ ਦੁਬਾਰਾ ਇਸ ਸਦਨ ਵਿਚ ਕਾਂਸਟੀਚੂਸ਼ਨ ਦੇ ਮੁਤਾਬਿਕ ਆਉਣ ਲਈ ਕੋਈ ਮਨਾਹੀ ਨਹੀਂ ਹੈ। ਰਾਜ ਕਮੇਟੀ ਦਾ ਪੂਰਾ ਕੰਮ ਸਾਡੇ ਦਿਮਾਗ ਵਿਚ ਅਜੇ ਨਹੀਂ ਆਉਂਦਾ। ਇਲੈਕਟਰੀਸਿਟੀ ਟੈਰਿਫ, ਵਾਟਰ ਰੇਟ, ਜਿਸ ਤਰ੍ਹਾਂ ਮੇਰੇ ਵੀਰ ਸ੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਸੀ ਕਿ ਜਿਸ ਵੇਲੇ ਲੋੜ ਪਵੇਗੀ ਤਾਂ ਵਧਾ ਦੇਵਾਂਗੇ। ਜਿਹੜੇ ਵੱਡੇ ਕਿਸਾਨ ਹਨ ਅਤੇ ਲੈਂਡਲਾਰਡ ਹਨ ਜੇ ਉਨ੍ਹਾਂ ਤੇ ਟੈਕਸ ਲਾਉਂਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਗਰੀਬ ਕਿਸਾਨ ਨੂੰ ਮਾਰ ਦਿੱਤਾ ਹੈ। ਇਨ੍ਹਾਂ ਨੂੰ, ਸਪੀਕਰ ਸਾਹਿਬ, ਕੋਈ ਤੌਖਲਾ ਨਹੀਂ ਹੋਣਾ ਚਾਹੀਦਾ। ਅਸੀਂ ਗ਼ਰੀਬ ਆਦਮੀ ਤੇ ਕੋਈ ਟੈਕਸ ਨਹੀਂ ਲਾਉਣਾ।

ਕਾਮਰੇਡ ਸੱਤ ਪਾਲ ਡਾਂਗ : ਸ਼ਰਮਾ ਸਾਹਿਬ ਨੇ ਕਿਹਾ ਹੈ ਕਿ ਰਾਜ ਕਮੇਟੀ ਦੀ ਗੱਲ ਮੈਨੂੰ ਸਮਝ ਨਹੀਂ ਆਈ। ਬਾਹਰ ਤਾਂ ਇਹ ਮੈਨੂੰ ਕਹਿੰਦੇ ਸਨ ਕਿ ਮੇਰੀ ਸਮਝ ਵਿਚ ਤਾਂ ਆਉਂਦੀ ਹੈ ਪਰ ਸਰਦਾਰ ਉਮਰਾਓ ਸਿੰਘ ਦੀ ਸਮਝ ਵਿਚ ਨਹੀਂ ਆਉਂਦੀ।

ਵਿੱਤ ਮੰਤਰੀ : ਰਾਜ ਕਮੇਟੀ ਦੀ ਅਪਰੋਚ ਅਤੇ ਐਟੀਚਿਊਡ ਤਾਂ ਗੌਰਮਿੰਟ ਅਕਸੈਪਟ ਕਰਦੀ ਹੈ। ਲੇਕਿਨ ਉਸ ਤੇ ਅਮਲ ਕਰਕੇ ਅਸੀਂ ਆਪਣੀ ਐਗਰੀਕਲਚਰ, ਜਿਹੜੀ ਸਾਡੀ ਰੀੜ੍ਹ ਦੀ ਹੱਡੀ ਹੈ, ਉਸ ਨੂੰ ਕਰਿੱਪਲ ਨਹੀਂ ਕਰਨਾ ਚਾਹੁੰਦੇ। Short of that we will follow the approach and attitude given there.

ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਮਾਰਕੀਟਿੰਗ ਫੀਸ ਲਾ ਕੇ ਕਿਸਾਨਾਂ ਤੇ ਬੜਾ ਭਾਰੀ ਬੋਝ ਪਏਗਾ ਅਤੇ ਇਹ ਵਧਾ ਕੇ ਕਿਸਾਨਾਂ ਨਾਲ ਬੜਾ ਧੱਕਾ ਹੋ ਰਿਹਾ ਹੈ। ਇਨ੍ਹਾਂ ਨੂੰ ਪਤਾ ਹੈ ਕਿ ਮਾਰਕੀਟਿੰਗ ਫੀਸ ਨਾਲ ਜਿਹੜਾ ਪੈਸਾ ਇਕੱਠਾ ਹੋਵੇਗਾ ਉਹ ਸੜਕਾਂ ਤੇ ਲਗਾਇਆ ਜਾਵੇਗਾ ਅਤੇ ਇਸ ਤਰ੍ਹਾਂ ਜਨਤਾ ਤੇ ਉਤਨਾ ਟੈਕਸ ਘੱਟ ਲੱਗੇਗਾ। ਜਿਹੜੇ ਗਰੀਬ ਹਰੀਜਨ ਪਿੰਡਾਂ ਵਿਚ ਰਹਿੰਦੇ ਹਨ ਉਹ ਤਾਂ ਆਪਣਾ ਅਨਾਜ ਪਿੰਡਾਂ ਵਿਚ ਹੀ ਖਰੀਦ ਲੈਂਦੇ ਹਨ ਅਤੇ ਇਸ ਤਰ੍ਹਾਂ ਨਾਲ ਉਨ੍ਹਾਂ ਤੇ ਤਾਂ ਮਾਰਕੀਟਿੰਗ ਫੀਸ ਬਿਲਕੁਲ ਨਹੀਂ

ਲੱਗਣੀ । ਜਿਹੜੀ ਕਣਕ ਕਿਸਾਨ ਆਪਣੇ ਖਾਣ ਵਾਸਤੇ ਰਖਦਾ ਹੈ ਉਸ ਤੇ ਵੀ ਇਹ ਨਹੀਂ ਲੱਗਣੀ । ਸਾਡਾ ਅਨਾਜ ਜਿਹੜੇ ਹਿੰਦੁਸਤਾਨ ਦੇ ਦੂਜਿਆਂ ਸੂਬਿਆਂ ਵਿਚ ਜਾਵੇਗਾ, ਉਨ੍ਹਾਂ ਤੇ ਉਥੇ ਲਗੇਗਾ । ਜੇ ਅਸੀਂ ਵੱਡੇ ਕਿਸਾਨ ਤੇ ਟੈਕਸ ਲਾਉਂਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਕਿਸਾਨ ਨੂੰ ਮਾਰ ਦਿੱਤਾ ਹੈ । ਇਹ ਜਿਹੜਾ ਪੈਸਾ ਇਕੱਠਾ ਹੋਵੇਗਾ ਇਸ ਨਾਲ ਹਸਪਤਾਲ ਬਣਨਗੇ ਅਤੇ ਸਕੂਲ ਹੋਰ ਖੁਲ੍ਹਣਗੇ । (ਤਾੜੀਆਂ)

ਸਪੀਕਰ ਸਾਹਿਬ, ਇਕ ਹੋਰ ਪੁਆਇੰਟ ਵੀ ਇਥੇ ਆਇਆ ਸੀ । ਜੁਆਇੰਟ ਸੈਕਟਰ ਇਕ ਨਵਾਂ ਕਨਸੈਪਟ ਹੈ । ਇਸ ਨੂੰ ਗੌਰਮਿੰਟ ਆਫ ਇੰਡੀਆ ਅਤੇ ਪਲਾਨਿੰਗ ਕਮਿਸ਼ਨ ਨੇ ਮਨਜ਼ੂਰ ਕੀਤਾ ਹੈ । ਜੁਆਇੰਟ ਸੈਕਟਰ ਇਸ ਕਰਕੇ ਚਲਾਇਆ ਹੈ ਕਿ ਜਿਹੜੀਆਂ ਇੰਡਸਟਰੀਜ਼ ਸਰਕਾਰ ਚਲਾਉਂਦੀ ਸੀਂ, ਉਸ ਵਿਚ ਜਿਹੜੇ ਅਫ਼ਸਰ ਲਾਏ ਜਾਂਦੇ ਸਨ ਉਨ੍ਹਾਂ ਨੂੰ ਟਰੇਨਿੰਗ ਨਹੀਂ ਹੈ, ਉਹ ਮਾਹਿਰ ਨਹੀਂ ਹਨ । ਗੌਰਮਿੰਟ ਆਫ ਇੰਡੀਆ ਨੇ ਕਿਹਾ ਹੈ ਕਿ 10 ਫੀ ਸਦੀ ਸਰਕਾਰ ਪੈਸੇ ਦੇਵੇ ਅਤੇ 90 ਫੀ ਸਦੀ ਪੈਸਾ ਲੋਕਾਂ ਦਾ ਹੋਵੇਗਾ । 25 ਫੀ ਸਦੀ ਪੈਸਾ ਉਸ ਦਾ ਹੋਵੇਗਾ ਜਿਸ ਨੇ ਕਿ ਇੰਡਸਟਰੀ ਚਲਾਉਣੀ ਹੈ । ਅਗਰ 10 ਫੀ ਸਦੀ ਰੁਪਿਆ ਲਾ ਕੇ ਅਸੀਂ 40 ਕਰੋੜ ਰੁਪਏ ਦੀ ਇੰਡਸਟਰੀ ਅਗਲੇ ਸਾਲ ਵਿਚ ਪੰਜਾਬ ਵਿਚ ਲਾਉਣੀ ਹੈ ਜਾਂ 11 ਕਰੋੜ ਰੁਪਏ ਦੀ ਇਸ ਸਾਲ ਲਾਈ ਹੈ ਤਾਂ ਕੋਈ ਬੁਰਾ ਕੰਮ ਨਹੀਂ ਕੀਤਾ । ਮੈਂ ਦੁਬਾਰਾ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ ਕਿ ਇਸ ਗੱਲ ਤੇ ਮੁੜ ਕੇ ਗੌਰ ਕਰਨ ਕਿਉਂਕਿ ਇਸ ਕ੍ਰਿਟੀਸੀਜ਼ਮ ਨਾਲ ਸਾਡੀ ਇੰਡਸਟਰੀ ਇਤਨੀ ਨਹੀਂ ਲਗ ਸਕੇਗੀ ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜੀ ਇੰਡਸਟਰੀ ਲਾਈ ਜਾ ਰਹੀ ਹੈ ਉਸ ਵਿਚ ਕੋਈ ਹਰੀਜਨਾਂ ਦਾ ਵੀ ਹਿੱਸਾ ਹੈ ਜਾਂ ਇਹ ਸਿਰਫ ਆਪਣੇ ਵਾਸਤੇ ਹੀ ਲਾ ਰਹੇ ਹਨ ?

ਵਿੱਤ ਮੰਤਰੀ : ਅਸੀਂ ਪੰਜਾਬ ਵਿਚ ਇੰਡਸਟਰੀ ਲਗਾਈ ਹੈ । ਜੋ ਕਾਰਪੋਰੇਸ਼ਨਜ਼ ਸਰਕਾਰ ਨੇ ਬਣਾਈਆਂ ਹਨ ਜਾਂ ਕਾਰਪੋਰੇਸ਼ਨਜ਼ ਰਾਹੀਂ ਇੰਡਸਟਰੀਜ਼ ਲਾਈਆਂ ਹਨ, ਸਰਕਾਰ ਨੇ ਹਦਾਇਤਾਂ ਦਿੱਤੀਆਂ ਕਿ ਜੋ ਕੋਟਾ ਗੌਰਮਿੰਟ ਸਰਵਿਸ ਵਿਚ ਹਰੀਜਨਾਂ ਨੂੰ ਦਿੱਤਾ ਜਾਂਦਾ ਹੈ ਉਹ ਹੀ ਸਾਰੀਆਂ ਕਾਰਪੋਰੇਸ਼ਨਜ਼ ਅਤੇ ਇੰਡਸਟਰੀਜ਼ ਵਿਚ ਹਰੀਜਨਾਂ ਨੂੰ ਦਿੱਤਾ ਜਾਵੇ । ਇਹ ਆਰਡਰ ਬਕਾਇਦਾ ਤੌਰ ਤੇ ਕੀਤਾ ਹੈ। ਲੇਕਿਨ ਬਾਦਲ ਸਾਹਿਬ ਨੂੰ ਇਹ ਨਹੀਂ ਪਤਾ ਕਿ ਇਹ ਵੱਡੇ ਵੱਡੇ ਕਾਰਖਾਨਿਆਂ ਦੀ ਗੱਲ ਹੋ ਰਹੀ ਹੈ । ਅਗਰ ਖੇਤੀ ਬਾੜੀ ਨਾਲ ਕਾਰਖਾਨਿਆਂ ਨੂੰ ਜੋੜ ਦਿੱਤਾ ਜਾਵੇਗਾ ਤਾਂ ਜ਼ਮੀਨ ਜਿਹੜੀ ਕਿ ਹੁਣ ਜ਼ਿਆਦਾ ਬੋਝ ਨਹੀਂ ਸਹਿ ਸਕਦੀ, ਇਸ ਨੂੰ ਕੁਝ ਰਾਹਤ ਮਿਲੇਗੀ । ਲੋਕਾਂ ਨੂੰ ਕਾਰਖਾਨਿਆਂ ਵਿਚ ਇੰਪਲਾਇ-ਮੈਂਟ ਦਿੱਤੀ ਜਾਵੇਗੀ। ਅਸੀਂ ਇਕੱਲੀ ਖੇਤੀ ਬਾੜੀ ਦੇ ਸਿਰ ਤੇ ਪੰਜਾਬ ਨੂੰ ਪਹਿਲੇ ਨੰਬਰ ਤੇ ਨਹੀਂ ਰਖ ਸਕਦੇ ।

ਸਰਦਾਰ ਧੰਨਾ ਸਿੰਘ ਗੁਲਸ਼ਨ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਹ ਕੁਐਸਚਨ ਆਵਰ ਨਹੀਂ ਹੈ। (This is no point of order. This is not the Question Hour.)

**Expunged as ordered by the Chair

ਵਿੱਤ ਮੰਤਰੀ: ਸਪੀਕਰ ਸਾਹਿਬ, ਕਪਨੀਆਂ ਵਿਚ ਹੇਰਾ ਫੇਰੀ ਨੂੰ ਕੰਟਰੋਲ ਕਰਨ ਵਾਸਤੇ ਸਰਕਾਰ ਨੇ ਇਹ ਪਰੋਵਾਈਡ ਕੀਤਾ ਹੈ:

Members of Joint Sector Companies work under the overall control and policy directive of the State Government.

ਸਪੀਕਰ ਸਾਹਿਬ, ਇਹ ਉਨ੍ਹਾਂ ਦਾ ਐਗਰੀਮੈਂਟ ਹੈ ਕਿ ਚੇਅਰਮੈਨ ਸਾਰੀਆਂ ਕੰਪਨੀਆਂ ਵਿਚ ਸਟੇਟ ਗਵਰਨਮੈਂਟ ਦੇ ਸੈਕਟਰੀ ਜਾਂ ਕੋਈ ਸੀਨੀਅਰ ਅਫ਼ਸਰ ਹੋਣਗੇ।

ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਸੋਸ਼ਲ ਅਤੇ ਕਮਿਊਨਿਟੀ ਸਰਵਿਸਿਜ਼ ਵਾਸਤੇ ਬਜਟ ਵਿਚ ਘੱਟ ਪੈਸਾ ਰੱਖਿਆ ਹੈ। ਮੈਂ ਕਹਿੰਦਾ ਹਾਂ ਕਿ 47 ਫੀ ਸਦੀ ਪੈਸਾ ਬਿਜਲੀ ਪੈਦਾ ਕਰਨ ਵਾਸਤੇ ਰਖਿਆ ਹੈ। ਬਾਕੀ ਵਿਚੋਂ ਕੁਝ ਹਿੱਸਾ ਐਗਰੀਕਲਚਰ ਅਤੇ ਇੰਡਸਟਰੀ ਤੇ ਲਾਇਆ ਜਾਂਦਾ ਹੈ ਅਤੇ ਬਾਕੀ ਸਾਰਾ ਪੈਸਾ ਕਮਿਊਨਿਟੀ ਅਤੇ ਸੋਸ਼ਲ ਸਰਵਿਸਿਜ਼ ਤੇ ਖ਼ਰਚ ਹੋ ਜਾਂਦਾ ਹੈ। ਸਪੀਕਰ ਸਾਹਿਬ, ਅਸੀਂ ਪ੍ਰਾਇਰਟੀਜ਼ ਰੱਖੀਆਂ ਹਨ। ਇਨ੍ਹਾਂ ਵਿਚ ਸਭ ਤੋਂ ਪਹਿਲਾਂ ਬਿਜਲੀ, ਐਗਰੀਕਲਚਰ ਅਤੇ ਇੰਡਸਟਰੀ ਆਉਂਦੇ ਹਨ ਅਤੇ ਬਾਕੀ ਬਚਦਾ ਸਾਰਾ ਪੈਸਾ ਸੋਸ਼ਲ ਸਰਵਿਸਿਜ਼ ਤੇ ਹੀ ਖ਼ਰਚ ਕੀਤਾ ਜਾਂਦਾ ਹੈ। ਸਪੀਕਰ ਸਾਹਿਬ, ਕੋਈ ਟੈਕਸ ਨਾ ਲਗਣ ਦੇ ਬਾਵਜੂਦ ਅਤੇ ਇਹ ਪ੍ਰਾਇਰਟੀ ਰਖਣ ਦੇ ਬਾਵਜੂਦ ਅਸੀਂ ਹੁਣ ਜਿਹੜਾ ਖਰਚ ਸੋਸ਼ਲ ਸਰਵਿਸਿਜ਼ ਤੇ ਕੀਤਾ ਹੈ ਜੇ ਉਸ ਨੂੰ ਪਿਛਲੇ ਸਾਲਾਂ ਨਾਲ ਮਿਲਾਇਆ ਜਾਵੇ ਤਾਂ ਇਹ ਬਹੁਤ ਵੱਧ ਗਿਆ ਹੈ। ਸਪੀਕਰ ਸਾਹਿਬ, 1969-70 ਵਿਚ ਸੋਸ਼ਲ ਅਤੇ ਕਮਿਊਨਿਟੀ ਸਰਵਿਸਿਜ਼ ਲਈ 39 ਕਰੋੜ ਰੁਪਿਆ ਸੀ। ਉਸ ਤੋਂ ਬਾਅਦ 1972-73 ਵਿਚ 74 ਕਰੋੜ ਰੁਪਿਆ ਅਤੇ 1973-74 ਵਿਚ 86 ਕਰੋੜ ਰੁਪਿਆ ਹੋ ਗਿਆ ਔਰ ਜਿਹੜੇ ਸਾਲ ਦਾ ਮੈਂ ਬਜਟ ਪੇਸ਼ ਕੀਤਾ ਹੈ ਉਸ ਵਿਚ ਹਸਪਤਾਲ ਵੀ ਸ਼ਾਮਲ ਹਨ ਔਰ ਬਾਕੀ ਕਮਿਊਨਿਟੀ ਸਰਵਿਸਿਜ਼, ਲੇਬਰ, ਇਮਪਲਾਇਮੈਂਟ ਤੇ ਖਰਚ ਕਰਨ ਲਈ 92 ਕਰੋੜ ਰੁਪਿਆ ਰਖਿਆ ਗਿਆ ਹੈ। (ਤਾੜੀਆਂ) ਸਪੀਕਰ ਸਾਹਿਬ, ਅਸੀਂ 39 ਕਰੋੜ ਤੋਂ ਚੁੱਕ ਕੇ 92 ਕਰੋੜ ਤੱਕ ਖਰਚ ਨੂੰ ਵਧਾਇਆ ਹੈ। ਇਨ੍ਹਾਂ ਅੰਕੜਿਆਂ ਤੋਂ ਅੰਦਾਜ਼ਾ ਲਗਾਉ ਕਿ ਇਹ ਬਜਟ ਕਿੰਨਾਂ ਕੁ ਪਰੋਗਰੈਸਿਵ ਹੈ।

ਸਪੀਕਰ ਸਾਹਿਬ, ਜਿਥੋਂ ਤਕ ਹਰੀਜਨਾਂ ਦਾ ਸਵਾਲ ਹੈ, ਮੈਂ ਪਿਛਲੇ 4 ਸਾਲਾਂ ਦੇ ਆਂਕੜੇ ਦੱਸਦਾ ਹਾਂ। ਧਰਮਸ਼ਾਲਾਵਾਂ ਤੇ ਹੋਰ ਹਰੀਜਨਾਂ ਦੇ ਇਨਵਾਰਨਮੈਂਟ ਦੀ ਇਮਪਰੂਵਮੈਂਟ ਵਾਸਤੇ ਜਿਹੜੀ ਨਵੀਂ ਸਕੀਮ ਸ਼ੁਰੂ ਕੀਤੀ ਗਈ ਹੈ ਉਸ ਤੇ ਪਿਛਲੇ ਸਾਲਾਂ ਨਾਲੋਂ 5 ਗੁਣਾ ਜ਼ਿਆਦਾ ਖਰਚ ਹੋਇਆ ਹੈ। (ਤਾੜੀਆਂ) ਸਪੀਕਰ ਸਾਹਿਬ, ਮੈਂ ਇਕ ਗੱਲ ਦਸਦਾ ਹਾਂ ਜਿਸ ਤੇ ਇਹ ਪੁਆਇੰਟ ਆਫ ਆਰਡਰ ਕਰਨਗੇ ਪਰ ਇਨ੍ਹਾਂ ਨੂੰ ਮੰਨਣਾ ਪਵੇਗਾ। ਜਿਹੜੀ ਇਨ੍ਹਾਂ ਨੇ ਹਰੀਜਨਾਂ ਦੀ ਕਾਰਪੋਰੇਸ਼ਨ ਬਣਾਈ ਸੀ ਉਸ ਵਿਚ ਇਨ੍ਹਾਂ ਨੇ ਹਰੀਜਨਾਂ ਨੂੰ ਕਰਜ਼ੇ ਦੇਣ ਵਾਸਤੇ 9% ਸੂਦ ਰਖਿਆ ਸੀ। (ਸ਼ੋਰ) ਸਪੀਕਰ ਸਾਹਿਬ, ਹਰੀਜਨ ਵੀਕਰ ਸੈਕਸ਼ਨ ਤੋਂ ਇਹ ਉਹ ਇੰਟਰੈਸਟ ਲੈਂਦੇ ਸਨ ਜਿਹੜਾ ਕਿ ਕਾਰਖਾਨੇਦਾਰਾਂ ਤੋਂ ਲਿਆ ਜਾਂਦਾ ਹੈ। ਪਰ ਇਸ ਸਰਕਾਰ ਨੇ ਇਹ ਇੰਟਰੈਸਟ ਬੰਦ ਕਰ ਦਿੱਤਾ ਹੈ। ਇਸ ਸਰਕਾਰ ਨੇ ਹਰੀਜਨਾਂ ਵਾਸਤੇ ਪਹਿਲੇ 3 ਹਜ਼ਾਰ ਤੱਕ ਕਰਜ਼ਾ ਲੈਣ ਲਈ ਕੋਈ ਇੰਟਰੈਸਟ ਨਹੀਂ ਰਖਿਆ। ਜਿਹੜਾ 3 ਹਜ਼ਾਰ ਤੋਂ 10 ਹਜ਼ਾਰ ਤੱਕ ਲਵੇਗਾ ਉਸ ਤੋਂ 3% ਇੰਟਰੈਸਟ ਲਿਆ ਜਾਵੇਗਾ, ਜਿਹੜਾ 10 ਹਜ਼ਾਰ ਤੋਂ 20 ਹਜ਼ਾਰ ਤਕ ਲਵੇਗਾ ਉਸ ਤੋਂ 4% ਇੰਟਰੈਸਟ ਲਿਆ ਜਾਵੇਗਾ ਅਤੇ ਜਿਹੜਾ 20 ਹਜ਼ਾਰ ਤੋਂ 30 ਹਜ਼ਾਰ ਤੱਕ ਲਵੇਗਾ ਉਸ ਤੋਂ 5% ਇੰਟਰੈਸਟ ਲਿਆ ਜਾਵੇਗਾ। (ਥੰਪਿੰਗ) 9% ਇੰਟਰੈਸਟ ਤਾਂ ਬਿਲਕੁਲ ਹੀ ਖਤਮ ਕਰ ਦਿੱਤਾ ਹੈ।

ਸਪੀਕਰ ਸਾਹਿਬ, ਇਕ ਹੋਰ ਇਨ੍ਹਾਂ ਨੇ ਗਰੀਬ ਲੋਕਾਂ ਨਾਲ ਉਸਤਾਦੀ ਕੀਤੀ ਸੀ ਅਤੇ ਉਹ ਇਹ ਕਿ ਖੇਤੀ ਬਾੜੀ ਕਰਨ ਵਾਲਿਆਂ ਤੇ ਤਾਂ ਸਟੈਂਪ ਡਿਊਟੀ ਨਹੀਂ ਲਾਈ ਸੀ ਪਰ ਜਿਹੜੇ ਹਰੀਜਨ ਹਨ ਉਨ੍ਹਾਂ ਤੇ ਸਟੈਂਪ ਡਿਊਟੀ ਲਾ ਦਿੱਤੀ ਸੀ। ਪੰਜਾਬ ਸਰਕਾਰ ਨੇ ਉਸ ਸਟੈਂਪ ਡਿਊਟੀ ਨੂੰ ਵੀ ਮਾਫ ਕਰ ਦਿੱਤਾ ਹੈ। (ਤਾੜੀਆਂ) ਬਾਕੀ ਹਾਲੇ ਹੁਣ ਜਦ ਲੀਡਰ ਆਫ ਦੀ ਹਾਊਸ ਹਰੀਜਨਾਂ ਦੀ ਭਲਾਈ ਦੇ ਬਾਰੇ ਐਲਾਨ ਕਰਨਗੇ ਤਾਂ ਇਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ ਸਰਕਾਰ ਦੇ ਦਿਲ ਵਿਚ ਹਰੀਜਨਾਂ ਦੇ ਬਾਰੇ ਕਿੰਨੀ ਹਮਦਰਦੀ ਹੈ।

ਸਪੀਕਰ ਸਾਹਿਬ, ਪਿਛਲੇ 15 ਸਾਲਾਂ ਤੋਂ ਇਹ ਮੰਗ ਰਹੀ ਹੈ ਕਿ ਹਰੀਜਨਾਂ ਨਾਲੋਂ ਬੈਕਵਰਡ ਕਲਾਸਾਂ ਨੂੰ ਅਲੱਗ ਰਖਿਆ ਜਾਵੇ। ਸਾਡੀ ਸਰਕਾਰ ਨੇ ਬੈਕਵਰਡ ਕਲਾਸਾਂ ਵਾਸਤੇ ਵੀ 1,800 ਰੁਪਏ ਤੋਂ ਵਧਾ ਕੇ 6,000 ਰੁਪਏ ਤਕ ਦੀ ਸਾਲਾਨਾ ਆਮਦਨ ਵਾਲੇ ਦੇ ਬਚਿਆਂ ਲਈ ਵਜ਼ੀਫੇ ਕਰ ਦਿੱਤੇ ਹਨ। (ਤਾੜੀਆਂ) ਸਪੀਕਰ ਸਾਹਿਬ, ਬੈਕਵਰਡ ਕਲਾਸ ਦੇ ਕਿਸਾਨਾਂ ਤੇ ਜਿਹੜਾ ਚੌਕੀਦਾਰਾ ਟੈਕਸ ਮਾਫ ਨਹੀਂ ਸੀ ਕੀਤਾ ਜਾ ਰਿਹਾ ਉਹ ਵੀ ਇਸ ਸਰਕਾਰ ਨੇ 30 ਲੱਖ ਰੁਪਿਆ ਰਖ ਕੇ ਬੈਕਵਰਡ ਕਲਾਸ ਤੋਂ ਚੌਕੀਦਾਰਾ ਟੈਕਸ ਹਟਾ ਦਿੱਤਾ ਹੈ। (ਤਾੜੀਆਂ) ਹੁਣ ਇਹ ਡਾਂਗ ਸਾਹਿਬ ਦਸਣਗੇ ਕਿ ਬਜਟ ਪਰੋਗਰੈਸਿਵ ਹੈ ਜਾਂ ਨਹੀਂ। ਮੈਂ ਤਾਂ ਸਿਰਫ ਇਹ ਕਹਾਂਗਾ ਕਿ ਇਹ ਪੰਜਾਬ ਦੀ ਉਸਾਰੀ ਦਾ ਬਜਟ ਹੈ, ਪੰਜਾਬ ਨੂੰ ਨੰਬਰ 1 ਦੀ ਪੁਜੀਸ਼ਨ ਤੇ ਰੱਖਣ ਦਾ ਬਜਟ ਹੈ। ਪੰਜਾਬ ਦੀ ਇੰਡਸਟਰੀ ਨੂੰ ਪਰਫੁਲਤ ਅਤੇ ਨੰਬਰ ਵੰਨ ਤੇ ਰਖਣ ਵਾਲਾ ਬਜਟ ਹੈ। (ਤਾੜੀਆਂ)

EXTENSION OF TIME OF THE SITTING

ਸ਼੍ਰੀ ਸਪੀਕਰ : ਸ਼ਰਮਾ ਸਾਹਿਬ, ਤੁਸੀਂ ਕਿੰਨੀ ਦੇਰ ਹੋਰ ਬੋਲਣਾ ਹੈ ? ਕੀ ਹਾਊਸ ਦਾ ਟਾਈਮ 15 ਮਿੰਟ ਐਕਸਟੈਂਡ ਕਰ ਦਿੱਤਾ ਜਾਵੇ ? (Sharma Sahib, how much time will you take ? Should the time of the sitting be extended by 15 minutes ?)

ਵਿੱਤ ਮੰਤਰੀ : 15 ਮਿੰਟ ਐਕਸਟੈਂਡ ਕਰ ਦਿਉ।

Mr. Speaker : Is it the pleasure of the House ?

(Voices: Yes, Yes)

ਸ਼੍ਰੀ ਸਪੀਕਰ : ਹਾਊਸ ਦੀ ਮਰਜ਼ੀ ਨਾਲ 15 ਮਿੰਟ ਹਾਊਸ ਦਾ ਸਮਾਂ ਹੋਰ ਐਕਸਟੈਂਡ ਕੀਤਾ ਜਾਂਦਾ ਹੈ। (ਸ਼ੋਰ) (With the approval of the House, the time of the sitting is extended by 15 minutes.)

GENERAL DISCUSSION ON THE BUDGET FOR THE YEAR 1974-75
(Resumption)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਨਿਹਾਇਤ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਜੇ ਗਲਤ ਹੋਵੇ ਤਾਂ ਬੇਸ਼ਕ ਇਹ ਪ੍ਰਿਵਿਲਜ਼ ਮੋਸ਼ਨ ਲੈ ਆਉਣ। ਸਪੀਕਰ ਸਾਹਿਬ, ਜਿਹੜੀਆਂ ਪੰਚਾਇਤਾਂ ਦੀਆਂ ਚੋਣਾਂ ਪਿਛਲੇ 8 ਸਾਲ ਤੋਂ ਨਹੀਂ ਹੋਈਆਂ ਸਨ ਉਹ ਚੋਣਾਂ ਇਸ ਸਰਕਾਰ ਨੇ ਕਰਵਾਈਆਂ ਹਨ। (ਤਾੜੀਆਂ) ਸਪੀਕਰ ਸਾਹਿਬ, ਜਿਹੜੀਆਂ ਪਿਛਲੇ 8, 10 ਸਾਲਾਂ ਤੋਂ ਮਿਊਂਸਿਪਲ ਕਮੇਟੀ ਦੀਆਂ ਇਲੈਕਸ਼ਨਾਂ ਨਹੀਂ ਹੋਈਆਂ ਸਨ ਉਹ ਵੀ ਇਸ ਸਰਕਾਰ ਨੇ ਕਰਵਾ ਦਿੱਤੀਆਂ ਹਨ। (ਤਾੜੀਆਂ) ਸਪੀਕਰ ਸਾਹਿਬ, ਇਹ ਸਰਕਾਰ ਲੋਕਾਂ ਤੋਂ ਡਰਦੀ ਨਹੀਂ ਬਲਕਿ ਲੋਕਾਂ ਨਾਲ ਪਿਆਰ ਰਖਦੀ ਹੈ।

(ਇਸ ਵੇਲੇ ਆਪੋਜ਼ੀਸ਼ਨ ਵਲੋਂ ਕਈ ਮੈਂਬਰ ਬੋਲਣ ਲਗ ਪਏ)

ਸ੍ਰੀ ਸਪੀਕਰ : ਜਥੇਦਾਰ ਸਾਹਿਬ, ਇਹ ਮੇਲਾ ਨਹੀਂ, ਇਹ ਹਾਊਸ ਹੈ। (Jathedar Sahib, this is not a fair; you are sitting in the House.)

ਵਿੱਤ ਮੰਤਰੀ : ਸਪੀਕਰ ਸਾਹਿਬ, ਹੁਣ ਮੈਂ ਕੌਨਸਟੈਂਟ ਪਰਾਈਸਿਜ ਤੇ ਪਰ ਕੈਪਿਟਾ ਇਨਕਮ ਦਸਦਾ ਹਾਂ। 1969-70 ਵਿਚ ਇਹ 470 ਰੁਪਏ ਸੀ ਔਰ 1970-71 ਵਿਚ 472 ਰੁਪਏ ਸੀ। 1971-72 ਵਿਚ ਇਹ 481 ਰੁਪਏ ਸੀ ਔਰ 1972-73 ਦੀ ਮੈਂ ਬਜਟ ਸਪੀਚ ਵਿਚ ਦਸ ਚੁੱਕਾ ਹਾਂ। ਸਪੀਕਰ ਸਾਹਿਬ, ਨੈਸ਼ਨਲ ਅਤੇ ਇੰਟਰਨੈਸ਼ਨਲ ਕਾਰਨਾਂ ਕਰਕੇ ਚੀਜ਼ਾਂ ਦੇ ਨਾ ਮਿਲਣ ਦੇ ਬਾਵਜੂਦ ਸੀਮਿੰਟ ਦੇ ਨਾਂ ਮਿਲਣ ਦੇ ਬਾਵਜੂਦ, ਇੱਟਾਂ ਦੇ ਨਾ ਮਿਲਣ ਦੇ ਬਾਵਜੂਦ ਸਾਡੀ ਸਰਕਾਰ ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ ਵੀ ਪਰ ਕੈਪਿਟਾ ਇਨਕਮ ਵਿਚ ਵਾਧਾ ਕਰਦੀ ਰਹੀ ਹੈ। ਇਹ ਜਿਹੜੇ ਕਰਾਈਸਿਜ਼ ਹੁਣ ਪੰਜਾਬ ਵਿਚ ਪੈਂਦਾ ਹੋ ਰਹੇ ਹਨ ਇਨ੍ਹਾਂ ਨੂੰ ਮੀਟ ਕਰਨ ਵਾਸਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਇਨ੍ਹਾਂ ਕਰਾਈਸਿਜ਼ ਦਾ ਮੁਕਾਬਲਾ ਕਰਨਾ ਚਾਹੀਦਾ ਹੈ।

ਆਪਣੀ ਸਪੀਚ ਵਿਚ ਇਕ ਗਲ ਗਿਆਨੀ ਜ਼ੈਲ ਸਿੰਘ ਜੀ ਨੇ ਕਹੀ ਸੀ ਕਿ ਜਿਨ੍ਹਾਂ ਚੀਜ਼ਾਂ ਦੀ ਸ਼ਾਰਟੇਜ ਹੋਵੇਗੀ, ਮਿਲ ਕੇ, ਵੰਡ ਕੇ ਖਾ ਲਵਾਂਗੇ, ਥੋੜ੍ਹੀ ਖਾ ਲਵਾਂਗੇ ਪਰ ਇਹ ਕਿਸੇ ਨੂੰ ਵੀ ਇਜ਼ਾਜਤ ਨਹੀਂ ਹੋਵੇਗੀ ਕਿ ਚੀਜ਼ਾਂ ਬਲੈਕ ਵਿਚ ਵੇਚੀਆਂ ਜਾਣ ਔਰ ਇਸ ਢੰਗ ਨਾਲ ਨਾ ਮਿਲਣ। (ਸ਼ੋਰ)

ਸਪੀਕਰ ਸਾਹਿਬ, ਜਦ ਪਿਛੇ ਅੰਮ੍ਰਿਤਸਰ ਅਤੇ ਲੁਧਿਆਣੇ ਕਈ ਹੋਰਡਰਜ਼ ਫੜੇ ਸਨ ਜਿਹੜੇ ਕਿ ਬਲੈਕ ਕਰਦੇ ਸਨ ਤਾਂ ਆਪੋਜ਼ੀਸ਼ਨ ਪਾਰਟੀ ਦੇ ਬੰਦਿਆਂ ਨੇ ਉਨ੍ਹਾਂ ਦੀ ਸਿਫਾਰਸ਼ ਕੀਤੀ ਸੀ। (ਸ਼ੋਰ) ਸਪੀਕਰ ਸਾਹਿਬ, ਅੱਜ ਅਗਰ ਹਾਊਸ ਇਹ ਚਾਹੁੰਦਾ ਹੈ ਕਿ ਬਲੈਕ ਮਾਰਕੀਟ ਖਤਮ ਕੀਤੀ ਜਾਵੇ ਤਾਂ ਹਰ ਪਾਰਟੀ ਦਾ ਇਹ ਧਰਮ ਹੈ ਕਿ ਉਹ ਜਿਸ ਨੂੰ ਵੀ ਬਲੈਕ ਮਾਰਕੀਟ ਕਰਦਾ ਫੜਨ, ਸਾਡੇ ਨੋਟਿਸ ਵਿਚ ਲੈ ਆਉਣ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਜਿਸ ਦਿਨ ਬਾਜਰਾ ਬੰਦ ਹੋਇਆ ਸੀ ਤਾਂ ਧੂਰੀ ਰੇਲਵੇ ਸਟੇਸ਼ਨ ਤੇ ਜਿਹੜੀ 4 ਹਜ਼ਾਰ ਬੋਰੀ ਬਾਜਰੇ ਦੀ ਪਈ ਸੀ, ਉਹ ਕਿਧਰ ਗਈ ?

ਸ੍ਰੀ ਸਪੀਕਰ : ਹਾਊਸ ਵਿਚ ਕੋਈ ਗੱਲ ਆਵੇ ਉਸ ਦੇ ਬਾਰੇ ਇਨਫਰਮੇਸ਼ਨ ਲਈ ਜਾ ਸਕਦੀ ਹੈ ਪਰ ਇਸ ਵਿਚ ਬਾਜਰੇ ਦਾ ਸਵਾਲ ਕਿਥੇ ਆ ਗਿਆ ? (Information can be obtained only on the point, which is referred to in the House. There is no reference to the sale of Bajra in the speech of Finance Minister.)

**Expunged as ordered by the Chair.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਇਨ੍ਹਾਂ ਨੇ ਬਲੈਕ ਦੀ ਗੱਲ ਕੀਤੀ ਹੈ । ਮੈਂ ਇਨ੍ਹਾਂ ਤੋਂ ਇਹ ਪੁੱਛਦਾ ਹਾਂ ਕਿ ਜਿਹੜੀ 4 ਹਜ਼ਾਰ ਬੋਰੀ ਧੂਰੀ ਸਟੇਸ਼ਨ ਤੇ ਪਈ ਸੀ ਉਹ ਕਿਥੇ ਗਈ ?

ਸ੍ਰੀ ਸਪੀਕਰ : ਸਰਦਾਰ ਬਲਵਿੰਦਰ ਸਿੰਘ ਜੀ, ਤੁਸੀਂ ਤਸ਼ਰੀਫ ਰੱਖੋ । (Sardar Balwinder Singh Ji, please resume your seat.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੇਕਰ ਕੋਈ ਬਲੈਕੀਆ ਫੜਿਆ ਜਾਵੇ ਤਾਂ ਉਸ ਨੂੰ ਛੁਡਾਉਣ ਲਈ ਕਿਸੇ ਪਾਰਟੀ ਦਾ ਕੋਈ ਬੰਦਾ ਨਾ ਜਾਵੇ । ਮੈਂ ਇਨ੍ਹਾਂ ਤੋਂ ਇਹ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਕੀ ਇਹ ਇਸ ਗੱਲ ਤੇ ਤਿਆਰ ਹਨ ਕਿ ਇਸ ਹਾਊਸ ਦੀ ਤਿੰਨ ਮੈਂਬਰਾਂ ਦੀ ਇਕ ਕਮੇਟੀ ਬਣਾ ਦਿੱਤੀ ਜਾਵੇ । ਜੇਕਰ ਕੋਈ ਸ਼ਿਕਾਇਤ ਆਵੇ ਕਿ ਬਲੈਕੀਆ ਫੜਿਆ ਗਿਆ ਸੀ ਅੌਰ ਫਲਾਣਾ ਮੈਂਬਰ ਉਸ ਦੀ ਮਦਦ ਲਈ ਆਇਆ ਸੀ ਤਾਂ ਉਹ ਕਮੇਟੀ ਉਸ ਨੂੰ ਵੇਖੇ ?

ਸ੍ਰੀ ਸਪੀਕਰ : ਡਾਂਗ ਸਾਹਿਬ, ਇਹ ਇਨਫਰਮੇਸ਼ਨ ਤਾਂ ਨਹੀਂ ਹੈ, ਸੁਜੇਸ਼ਨ ਹੈ । (Dang Sahib, this is not a point of information, it is a suggestion.)

ਵਿੱਤ ਮੰਤਰੀ : ਜਿਹੜਾ ਕੋਡ ਆਫ ਕੰਡਕਟ ਹਾਊਸ ਵਿਚ ਆ ਰਿਹਾ ਹੈ, ਇਨ੍ਹਾਂ ਸਾਰੀਆਂ ਗਲਾਂ ਬਾਰੇ ਸਪੀਕਰ ਸਾਹਿਬ, ਉਸ ਵਿਚ ਫੈਸਲਾ ਹੋ ਜਾਵੇਗਾ । ਸੋ ਮੈਂ ਇਹ ਦੱਸ ਰਿਹਾ ਸੀ ਕਿ ਇਸ ਸਰਕਾਰ ਨੇ ਸੰਨ 1972-73 ਵਿਚ 11 ਕਰੋੜ, 1973-74 ਵਿਚ 17 ਕਰੋੜ ਅੌਰ ਸੰਨ 1974-75 ਵਿਚ 18 ਕਰੋੜ ਖੇਤੀ ਬਾੜੀ ਲਈ ਸਾਇਲ ਨੂੰ ਠੀਕ ਕਰਨ ਲਈ ਰਖਿਆ ਹੈ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਟਿਊਬਵੈਲਜ਼ ਦੇ ਬਾਰੇ ਕਿਹਾ ਹੈ । ਕਿਹਾ ਇਹ ਗਿਆ ਕਿ ਟਿਊਬਵੈਲਜ਼ ਜਿਹੜੇ ਲਗਾਏ ਜਾਂਦੇ ਹਨ ਉਹ ਚਲਦੇ ਨਹੀਂ ਹਨ । ਕਾਮਰੇਡ ਦਰਸ਼ਨ ਸਿੰਘ ਜੀ ਕੈਨੇਡੀਅਨ ਮੈਨੂੰ ਦੱਸ ਗਏ ਹਨ ਕਿ ਬਹੁਤ ਸਾਰੇ ਹੁਣ ਚਲਦੇ ਪਏ ਹਨ ।

ਕਾਮਰੇਡ ਸੱਤ ਪਾਲ ਡਾਂਗ : ਟਿਊਬਵੈਲਜ਼ ਕਾਰਪੋਰੇਸ਼ਨ ਦਾ ਕੋਈ ਨਹੀਂ ਚਲਿਆ, ਜਿਹੜੇ ਚਲਦੇ ਹਨ ਉਹ ਮਹਿਕਮੇ ਦੇ ਹਨ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਇਹ ਬਿਲਕੁਲ ਗਲਤ ਬਿਆਨੀ ਕਰ ਰਹੇ ਹਨ । ਫਰੀਦਕੋਟ ਤੇ ਬਠਿੰਡੇ ਦੇ ਜ਼ਿਲ੍ਹੇ ਵਿਚ ਸਰਕਾਰ ਨੇ ਕੋਈ ਟਿਊਬਵੈਲ ਨਹੀਂ ਲਗਾਇਆ ਜਿਹੜਾ ਕਿ ਚੰਗਾ ਪਾਣੀ ਕੱਢਦਾ ਹੋਵੇ ।

ਵਿੱਤ ਮੰਤਰੀ : ਸਪੀਕਰ ਸਾਹਿਬ, ਸਰਹੰਦ ਕੈਨਾਲ ਤੇ, 66 ਟਿਊਬਵੈਲਜ਼ ਲਗਾਏ ਸਨ ਅੌਰ ਜਿਹੜੇ ਡੀਪ ਟਿਊਬਵੈਲਜ਼ ਲਗਾਏ ਹਨ ਉਹ ਸੱਬ-ਮਾਊਂਟੇਨੀਅਸ ਏਰੀਆਜ਼ ਵਿਚ 150 ਲਗਾਏ ਹਨ । ਜਿਹੜੇ ਬਿਜਲੀ ਬੋਰਡ ਨਾਲ ਮੀਟਿੰਗਾਂ ਕਰਕੇ ਐਨਰਜਾਈਜ਼ ਹੋਏ ਉਨ੍ਹਾਂ ਦੀ ਤਾਦਾਦ 82 ਹੈ । ਬਾਕੀਆਂ ਬਾਰੇ ਵੀ ਮੈਂ ਬਿਜਲੀ ਬੋਰਡ ਵਾਲਿਆਂ ਨੂੰ ਕਿਹਾ ਹੈ ਕਿ

[ਵਿੱਤ ਮੰਤਰੀ]

ਜਲਦੀ ਐਨਰਜਾਈਜ਼ ਕਰੋ । ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ ਕਿ ਅਗਲੇ ਸਾਲ ਵੀ ਟਿਊਬਵੈਲ ਲਗਾਉਣ ਦਾ ਪ੍ਰੋਗਰਾਮ ਹੈ ਪਰ ਬਹੁਤ ਸਾਰੇ ਪ੍ਰੋਗਰਾਮ ਬਿਜਲੀ ਦੀ ਉਪਜ ਤੇ ਡੀਪੈਂਡ ਕਰਦੇ ਹਨ । ਜਿਸ ਤਰ੍ਹਾਂ ਕਿ ਮੇਰੇ ਮਾਨਯੋਗ ਦੋਸਤ ਨੇ ਕਿਹਾ ਕਿ ਜਿਹੜਾ ਬਠਿੰਡੇ ਦਾ ਥਰਮਲ ਪਲਾਂਟ ਹੈ ਜਾਂ ਤੁਹਾਡੇ ਜ਼ਿਲ੍ਹੇ ਵਿਚ ਵੀ, ਸਪੀਕਰ ਸਾਹਿਬ, ਜਿਹੜੇ ਪ੍ਰਾਜੈਕਟ ਹਨ ਉਹ ਵੀ ਹਾਲੀਂ ਕੰਮਪਲੀਟ ਹੋਣੇ ਹਨ । (ਚੌਧਰੀ ਜਗਤ ਰਾਮ ਵਲੋਂ ਵਿਘਨ) ਸਪੀਕਰ ਸਾਹਿਬ, ਇਹ ਮੰਨਣਾ ਪਵੇਗਾ ਕਿ ਜਿਹੜੀ ਬਿਜਲੀ ਦੀ ਪਲਾਨਿੰਗ ਹੈ ਇਹ ਠੀਕ ਨਹੀਂ ਹੋਈ ਔਰ ਸਾਨੂੰ ਉਸ ਵਿਚ ਘਾਟਾ ਪਿਆ ਹੈ । ਮੰਗ ਔਰ ਬਿਜਲੀ ਦੀ ਉਪਜ ਵਿਚ ਬੜਾ ਫਰਕ ਹੈ । ਇਸ ਲਈ ਅਸੀਂ ਇਹ ਪ੍ਰਾਜੈਕਟ ਕੰਮਪਲੀਟ ਕਰਕੇ ਬਿਜਲੀ ਦੇ ਖੱਪੇ ਨੂੰ ਪੂਰਾ ਕਰਨ ਦਾ ਯਤਨ ਕਰਾਂਗੇ । ਅਸੀਂ ਛੇਵੀਂ ਪਲਾਨ ਵਿਚ ਵੀ ਇਸ ਬਾਰੇ ਹੁਣ ਤੋਂ ਸੋਚ ਰਹੇ ਹਾਂ ਔਰ ਇਸ ਬਿਜਲੀ ਦੇ ਘਾਟੇ ਨੂੰ ਪੂਰਾ ਕਰਾਂਗੇ । ਅਸੀਂ ਅਨੰਦਪੁਰ ਸਾਹਿਬ ਦੇ ਪ੍ਰਾਜੈਕਟ ਵਾਸਤੇ ਵੀ ਪੈਸਾ ਰੱਖਿਆ ਹੈ । ਹਿਮਾਚਲ ਪ੍ਰਦੇਸ਼ ਨਾਲ ਵੀ ਸੀ. ਐਮ. ਸਾਹਿਬ ਗਲ ਬਾਤ ਕਰ ਰਹੇ ਹਨ ਤਾਕਿ ਸਾਂਝੇ ਪੈਸੇ ਲਗਾ ਦੇਈਏ । ਵੈਸੇ ਉਨ੍ਹਾਂ ਵਿਚਾਰਿਆਂ ਨੇ ਬਿਜਲੀ ਕੀ ਕਰਨੀ ਹੈ, ਉਨ੍ਹਾਂ ਨੂੰ ਕਣਕ ਚਾਹੀਦੀ ਹੈ ਉਹ ਉਨ੍ਹਾਂ ਨੂੰ ਅਸੀਂ ਭੇਜ ਦਿਆਂਗੇ ।

ਇਸੇ ਤਰ੍ਹਾਂ ਹੀ ਅੰਮ੍ਰਿਤਸਰ ਦੇ ਕੁਆਰਟਰਜ਼ ਬਾਰੇ ਕਿਹਾ ਗਿਆ ਹੈ । ਉਨ੍ਹਾਂ ਬਾਰੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਤਿੰਨ ਚਾਰ ਗਲਾਂ ਬਾਰੇ ਤਾਂ ਫੈਸਲਾ ਹੋ ਗਿਆ ਹੈ, ਕੁਝ ਰਹਿ ਗਈਆਂ ਹਨ । ਕੁਝ ਹਜ਼ਾਰ ਰੁਪਏ ਦੀ ਉਸ ਵਿਚ ਸਾਨੂੰ ਸੱਟ ਖਾਣੀ ਪਵੇਗੀ, ਉਹ ਵੀ ਅਸੀਂ ਖਾ ਲਵਾਂਗੇ । (ਵਿਘਨ)

Mr. Speaker : Order please.

ਵਿੱਤ ਮੰਤਰੀ : ਜਿਹੜੀ ਲੇਬਰ ਦੀ ਡੀਮਾਂਡ ਆ ਰਹੀ ਹੈ, ਬਾਕੀ ਗਲਾਂ, ਮੈਂ ਉਸ ਦੇ ਬਾਰੇ ਜਦੋਂ ਬੋਲਾਂਗਾ ਤਾਂ ਦੱਸਾਂਗਾ । ਸਪੀਕਰ ਸਾਹਿਬ, ਪੰਜ ਚਾਰ ਕੰਮ ਜਿਹੜੇ ਅਸੀਂ ਲੇਬਰ ਬਾਰੇ ਚੰਗੇ ਕੀਤੇ ਹਨ ਉਹ ਮੈਂ ਲੇਬਰ ਦੀ ਡੀਮਾਂਡ ਵੇਲੇ ਕਹਾਂਗਾ । ਪਾਵਰ ਜੇਨਰੇਸ਼ਨ ਬਾਰੇ ਜੋ ਖਰਚ ਕੀਤਾ ਹੈ ਉਹ ਇਸ ਤਰ੍ਹਾਂ ਹੈ 1972-73 ਵਿਚ 29 ਕਰੋੜ, 1973-74 ਵਿਚ 46 ਕਰੋੜ ਔਰ 1974-75 ਲਈ 59 ਕਰੋੜ ਰੱਖੇ ਹਨ ।

ਹੁਣ ਮੈਂ ਹਾਊਸ ਦਾ ਧਿਆਨ ਓਲਡ ਏਜ ਪੈਨਸ਼ਨ ਔਰ ਵਿੱਡੋਜ਼ ਦੀ ਪੈਨਸ਼ਨ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਪਾਸੇ ਸਰਕਾਰ ਨੇ ਕਿਤਨਾ ਪੈਸਾ ਖਰਚ ਕੀਤਾ ਹੈ । ਸੰਨ 1972-73 ਵਿਚ 41 ਲੱਖ, 1973-74 ਵਿਚ 104 ਲੱਖ ਤੇ 1974-75 ਲਈ 190 ਲੱਖ ਰੁਪਏ ਰੱਖੇ ਹਨ । ਸਪੀਕਰ ਸਾਹਿਬ, ਹੁਣ ਤੁਸੀਂ ਅੰਦਾਜ਼ਾ ਲਗਾ ਲਵੋ ਕਿ ਅਸੀਂ ਕਿਥੇ ਆ ਗਏ ਹਾਂ । ਸਰਦਾਰ ਉਮਰਾਓ ਸਿੰਘ ਜੀ ਮੈਨੂੰ ਕਹਿ ਰਹੇ ਹਨ ਕਿ ਇਹ ਫਿੱਗਰਜ਼ ਜਿਹੜੇ ਮੈਂ ਦੱਸੇ ਹਨ ਇਹ ਕਰੋੜਾਂ ਵਿਚ ਦੱਸੋ ਕਿਉਂਕਿ ਇਨ੍ਹਾਂ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਨੂੰ ਲੱਖਾਂ ਵਿਚ ਸਮਝ ਨਹੀਂ ਆਉਣੀ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਸ਼ਰਮਾ ਜੀ ਨੂੰ ਪੁਛੋ ਕਿ ਇਕ ਕਰੋੜ 90 ਲੱਖ ਰੁਪਏ ਕਿਤਨੇ ਹੁੰਦੇ ਹਨ । (ਹਾਸਾ)

ਵਿੱਤ ਮੰਤਰੀ : ਮੈਂ ਤਾਂ ਨਹੀਂ ਕਿਹਾ ਇਹ (ਮਾਲ ਮੰਤਰੀ ਵਲ ਇਸ਼ਾਰਾ ਕਰਦੇ ਹੋਏ) ਉਨ੍ਹਾਂ ਨੇ ਕਿਹਾ ਹੈ । (ਹਾਸਾ)

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਇਨ੍ਹਾਂ ਨੇ ਅੰਕੜੇ ਦਸੇ ਹਨ ਜਿਹੜੇ ਕਿ ਕਰਮਵਾਰ ਵਧਦੇ ਹੀ ਵਿਖਾਏ ਹਨ ਪਰ ਕੀ ਇਹ ਦਸਣਗੇ ਕਿ ਪੈਨਸ਼ਨ ਵਾਸਤੇ ਇਨ੍ਹਾਂ ਦੇ ਪਾਸ ਪੈਂਡਿੰਗ ਐਪਲੀਕੇਸ਼ਨਜ਼ ਕਿਤਨੀਆਂ ਹਨ ? (ਵਿਘਨ)

ਸ੍ਰੀ ਸਪੀਕਰ : ਸਰਦਾਰ ਹਰਬੰਸ ਸਿੰਘ ਜੀ, ਤੁਸੀਂ ਹੁਣ ਤਸ਼ਰੀਫ ਰਖੋ, ਤੁਸੀਂ ਆਪਣੀ ਗੱਲ ਕਹਿ ਲਈ ਹੈ । (Sardar Harbans Singh Ji, please resume your seat. You have had your say.)

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ....

(ਵਿਘਨ)

ਵਿੱਤ ਮੰਤਰੀ : ਬੈਠ ਜਾਉ ਕਾਕਾ ਜੀ ਹੁਣ....(ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । (ਵਿਘਨ) ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਆਨਰੇਬਲ ਫਾਈਨੈਂਸ ਮਨਿਸਟਰ ਸਾਹਿਬ ਨੇ ਆਨਰੇਬਲ ਮੈਂਬਰ ਸਰਦਾਰ ਹਰਬੰਸ ਸਿੰਘ ਜਲਾਲ ਜੀ ਨੂੰ ਕਾਕਾ ਜੀ ਕਿਹਾ ਹੈ .. .. (ਵਿਘਨ)

ਵਿੱਤ ਮੰਤਰੀ : ਨਹੀਂ ਜੀ, ਮੈਂ ਕਿਹਾ ਹੈ ਵੀਰ ਜੀ ਬੈਠ ਜਾਉ ....(ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਸੜਕਾਂ ਦਾ ਖਰਚਾ ਵੀ ਵੇਖ ਲਤੇ । ਸੰਨ 1971-72 ਵਿਚ ਇਹ ਖਰਚਾ 7 ਕਰੋੜ ਸੀ, 1972-73 ਵਿਚ 16 ਕਰੋੜ ਖਰਚ ਕੀਤਾ ਔਰ ਸੰਨ 1973-74 ਵਿਚ 18 ਕਰੋੜ ਰੁਪਿਆ ਖਰਚ ਕੀਤਾ ਗਿਆ ।

ਕਾਮਰੇਡ ਅੱਛਰਾ ਸਿੰਘ: ਸਪੀਕਰ ਸਾਹਿਬ, ਸ਼ਰਮਾ ਜੀ ਨੇ ਦੱਸਿਆ ਹੈ ਕਿ ਬਿਜਲੀ ਦੇ ਉਤਪਾਦਨ ਬਾਰੇ 68 ਕਰੋੜ ਰੁਪਿਆ ਰਖਿਆ ਹੈ । ਇਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਪਤਾ ਨਹੀਂ ਹੋਵੇਗਾ ਕਿ 26% ਪ੍ਰਾਈਸਿਜ਼ ਰਾਈਜ਼ ਹੋ ਗਈਆਂ ਹਨ । ਜੇਕਰ ਅਸੀਂ ਇਸ ਤਰ੍ਹਾਂ ਹਿਸਾਬ ਲਾਈਏ ਤਾ ਇਹ 48 ਕਰੋੜ ਹੀ ਬਣਦਾ ਹੈ ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਕਾਨਸਟੈਂਟ ਪ੍ਰਾਈਸਿਜ਼ ਤੇ ਵੀ ਦੱਸ ਦਿੱਤਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਜੀ ਦਾ ਸ਼ੁਕਰੀਆ ਅਦਾ ਕਰਦਾ ਹਾਂ ।

Mr. Speaker: The House stands adjourned till 9.00 a.m. on Thursday, the 7th March, 1974.

1.38 P.M.

(The Sabha then adjourned till 9.00 a. m. on Thursday, the 7th March, 1974)

———

1427/23-5-75—286—Pb. Govt. Press, Patiala.

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Punjab Vidhan Sabha Debates

7th March, 1974

Vol. I—No. 11

OFFICIAL REPORT

CONTENTS

Thursday the 7th March, 1974.

Punjab Vidhan Sabha Secretariat, Chandigarh.

Price Rs. 25.50 Paise

PUNJAB VIDHAN SABHA

Thursday the 7th March, 1974.

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9.00 A.M. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

* Supplementary Questions to Starred Question No. 2115.

ਸ੍ਰੀ ਸਪੀਕਰ : ਸਟਾਰਡ ਸਵਾਲ ਨ: 2115 ਤੇ ਸਪਲੀਮੈਂਟਰੀ ਸ਼ੁਰੂ ਕਰੋ ਜੀ।

(The House will start with supplementary questions to Starred Question No. 2115).

ਕਾਮਰੇਡ ਸੱਤ ਪਾਲ ਡਾਂਗ: ਹਰਚੰਦ ਸਿੰਘ ਕਮੇਟੀ ਜੰਮੀ ਅਤੇ ਮਰ ਗਈ ......

ਸ੍ਰੀ ਸਪੀਕਰ : ਕਮੇਟੀ ਨੇ ਰਿਪੋਰਟ ਦਿੱਤੀ ਹੈ, ਮਰੀ ਤਾਂ ਨਹੀਂ। (The Committee has submitted its report. It did not just die out).

ਕਾਮਰੇਡ ਸੱਤ ਪਾਲ ਡਾਂਗ: ਹਰਚੰਦ ਸਿੰਘ ਕਮੇਟੀ ਨੇ ਜਿਨ੍ਹਾਂ ਅਫ਼ਸਰਾਂ ਨੂੰ ਇੰਡਿਕਟ ਕੀਤਾ ਸੀ ਉਨ੍ਹਾਂ ਨੂੰ ਸਸਪੈਂਡ ਕੀਤਾ, ਬਹਾਲ ਕਰਕੇ, ਤਰੱਕੀਆਂ ਦੇ ਕੇ ਇਸੇ ਮਹਿਕਮੇ ਵਿਚ ਲਗਾ ਦਿੱਤਾ। ਘੱਟੋ ਘੱਟ ਜਿਹੜੀ ਇਹ ਰਿਪੋਰਟ ਸੀ ਕਿ ਇਵੈਕਿਵੀ ਲੈਂਡ ਜਿਹੜੀ ਹੈ, ਉਹ ਹਰੀਜਨਾਂ ਨੂੰ ਦੇਣੀ ਹੈ, ਆਕਸ਼ਨ ਨਹੀਂ ਹੋਣੀ ਅਤੇ ਅੱਗੋਂ ਨਾ ਕੀਤੀ ਜਾਵੇ, ਕੀ ਇਹ ਰਿਪੋਰਟ ਸਰਕਾਰ ਨੇ ਮਨਜ਼ੂਰ ਕਰਨੀ ਹੈ ਜਾਂ ਨਹੀਂ ਕਰਨੀ, ਇਸ ਗੱਲ ਦਾ ਕਦੋਂ ਫੈਸਲਾ ਕਰਨਾ ਹੈ?

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ): ਇਹ ਮਾਮਲਾ ਵਿਚਾਰ ਅਧੀਨ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਵਾਲ ਦੇ ਜਵਾਬ ਵਿਚ ਦੱਸਿਆ ਗਿਆ ਹੈ ਕਿ ਹਰਚੰਦ ਸਿੰਘ ਕਮੇਟੀ ਨੇ ਜਿਨ੍ਹਾਂ ਕੇਸਾਂ ਨੂੰ ਨਾਜਾਇਜ਼ ਕਬਜ਼ਾ ਕਰਾਰ ਦਿੱਤਾ ਸੀ, ਉਨ੍ਹਾਂ ਵਿਚ 72 ਬੰਦਿਆਂ ਦੇ ਵਿਰੁੱਧ ਸਰਕਾਰ ਨੇ ਜ਼ਮੀਨਾਂ ਦਾ ਨਾਜਾਇਜ਼ ਕਬਜ਼ਾ ਤੋੜਨ ਵਾਸਤੇ ਕੋਰਟਸ ਵਿਚ ਦਾਅਵੇ ਦਾਇਰ ਕੀਤੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸਰਕਾਰ ਨੂੰ ਪਤਾ ਹੈ, ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ, ਕਿ ਲੱਖਾਂ ਏਕੜ ਜ਼ਮੀਨ ਤੇ ਲੋਕਾਂ ਦਾ ਨਾਜਾਇਜ਼ ਕਬਜ਼ਾ ਹੈ, ਸਰਕਾਰ ਨੇ ਇਕ ਆਰਡੀਨੈਂਸ ਜਾਰੀ ਕਰਕੇ ਇਨ੍ਹਾਂ ਤਮਾਮ ਜ਼ਮੀਨਾਂ ਦੇ ਕਬਜ਼ਿਆਂ ਨੂੰ ਨਾਜਾਇਜ਼ ਕਰਾਰ ਕਿਉਂ ਨਹੀਂ ਦਿੱਤਾ ?

ਮੰਤਰੀ : ਜਿਹੜੇ ਨਾਜਾਇਜ਼ ਕਬਜ਼ੇ ਹਨ, ਉਨ੍ਹਾਂ ਲਈ ਆਲਰੈਡੀ ਕਾਨੂੰਨ ਦੇ ਮੁਤਾਬਿਕ, ਪਬਲਿਕ ਪ੍ਰੀਮਿਸਿਜ਼ ਐਂਡ ਲੈਂਡ (ਇਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973, ਦੇ ਅਧੀਨ ਕਾਰਵਾਈ ਹੋ ਰਹੀ ਹੈ। ਇਸ ਗੱਲ ਦਾ ਮਜਾਜ਼ ਕੋਲੈਕਟਰ ਹੈ ।

ਸਰਦਾਰ ਹਰਚੰਦ ਸਿੰਘ: ਡਾਂਗ ਸਾਹਿਬ ਨੇ ਫਰਮਾਇਆ ਹੈ ਕਿ ਹਰਚੰਦ ਸਿੰਘ ਕਮੇਟੀ ਜੰਮੀ ਤੇ ਮਰ ਗਈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਮੇਟੀ ਦਾ ਕੰਮ ਹੁੰਦਾ ਹੈ ਰਿਪੋਰਟ ਦੇਣੀ ਇਸ ਕਰਕੇ ਪਤਾ ਨਹੀਂ ਕਿ ਸਰਕਾਰ ਮਰ ਗਈ ਹੈ ਜਾਂ ਜਿਊਂਦੀ ਹੈ? (ਹਾਸਾ)

---

*For starred Question No. 2115 and reply thereto please see Punjab Vidhan Sabha Debates dated 5th March, 1974

ਗਿਆਨੀ ਕੁੰਦਨ ਸਿੰਘ ਪਤੰਗ : ਸਰਕਾਰ ਨੇ, ਜਿਹੜੇ ਅਫਸਰਾਂ ਤੇ ਕੋਈ ਥੋੜ੍ਹੇ ਬਹੁਤ ਹਰਚੰਦ ਸਿੰਘ ਕਮੇਟੀ ਰਿਪੋਰਟ ਵਿਚ ਦੋਸ਼ ਲੱਗੇ ਸੀ, ਉਨ੍ਹਾਂ ਨੂੰ ਬਹਾਲ ਕਰ ਦਿੱਤਾ ਹੈ, ਤਰੱਕੀ ਦੇ ਦਿਤੀ ਹੈ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵਜ਼ੀਰ, ਸਪੀਕਰ ਜਾਂ ਪਾਰਲੀਮੈਂਟਰੀ ਸੈਕਟਰੀ ਸਨ, ਕੀ ਉਨ੍ਹਾਂ ਨੂੰ ਵੀ ਕੋਈ ਤਰੱਕੀ ਦਿੱਤੀ ਜਾਵੇਗੀ ?

Mr. Speaker: This is no question.

ਸਰਦਾਰ ਬਸੰਤ ਸਿੰਘ ਖਾਲਸਾ: ਇਹ ਜਿਹੜੀਆਂ ਜ਼ਮੀਨਾਂ ਸਨ, ਇਹ ਹਰੀਜਨਾਂ ਨੂੰ ਮਿਲਣੀਆਂ ਸਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਪਿਛਲੀ ਸਰਕਾਰ ਨੇ ਇਸ ਬਾਰੇ ਪਾਲਿਸੀ ਬਣਾਈ ਸੀ ਅਤੇ ਜਿਸ ਨੂੰ ਹੁਣ ਬਦਲ ਦਿੱਤਾ ਗਿਆ ਹੈ, ਉਸ ਨੂੰ ਨਾ ਬਦਲਿਆ ਜਾਵੇ।

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਰਦਾਰ ਦਰਬਾਰਾ ਸਿੰਘ : ਸਵਾਲ ਦੇ ਜਵਾਬ ਦੇ ਪਾਰਟ 'ਬੀ' ਵਿਚ ਜਵਾਬ ਗਲਤ ਦਿੱਤਾ ਗਿਆ ਹੈ ਕਿ ਕੋਈ ਥਾਂ ਖਾਲੀ ਨਹੀਂ ਹੋਈ। ਇਹ ਗਲਤ ਇਨਫਰਮੇਸ਼ਨ ਦਿੱਤੀ ਗਈ ਹੈ। ਇਹ ਮੇਰਾ ਪ੍ਰਿਵਿਲੇਜ ਬਣਦਾ ਹੈ ਕੀ ਉਹ ਥਾਂ ਖਾਲੀ ਨਹੀਂ ਹੋਈ ਜਿਥੇ ਤੁਸੀਂ ਬੈਠੇ ਹੋ? (ਹਾਸਾ)

Mr. Speaker ; This is no question.

ਸਰਦਾਰ ਦਰਸ਼ਨ ਸਿੰਘ ਕੇ. ਪੀ : ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਰਚੰਦ ਸਿੰਘ ਕਮੇਟੀ ਬਣੀ ਅਤੇ ਜਿਨ੍ਹਾਂ ਨੇ ਜ਼ਮੀਨਾਂ ਦੱਬੀਆਂ ਸਨ, ਉਨ੍ਹਾਂ ਬਾਰੇ ਰਿਪੋਰਟ ਦਿੱਤੀ। 1960 ਵਿਚ ਜਿਹੜੀ ਜ਼ਮੀਨ, ਇਵੈਕਿਊ ਲੈਂਡ ਸਰਕਾਰ ਨੇ ਖਰੀਦੀ ਸੀ ਅਤੇ ਜਿਹੜੀ ਲੋਕਾਂ ਨੇ ਦਬਾ ਲਈ ਸੀ, ਜਿਸ ਕਾਰਨ ਕਮੇਟੀ ਦੀ ਰਿਪੋਰਟ ਆਉਣ ਤੇ ਅਫਸਰ ਸਸਪੈਂਡ ਹੋਏ, ਸਪੀਕਰ ਸਾਹਿਬ, ਤੁਹਾਡੀ ਜਗ੍ਹਾ ਮੁਹਤਰਮ ਸਪੀਕਰ ਵੀ ਥੱਲੇ ਆਏ, ਕੀ ਜਿਹੜੀ ਜ਼ਮੀਨ ਇਨ੍ਹਾਂ ਲੋਕਾਂ ਤੋਂ ਵਾਪਸ ਲੈਣਗੇ, ਉਹ ਮੁਜ਼ਾਰਿਆਂ ਨੂੰ ਦਿੱਤੀ ਜਾਵੇਗੀ? ਕੀ ਸਰਕਾਰ ਇਹ ਅਸ਼ੋਰੈਂਸ ਦੇਵੇਗੀ ਕਿ ਉਹ ਹਰੀਜਨਾਂ ਨੂੰ ਦਿੱਤੀ ਜਾਵੇਗੀ?

ਮੰਤਰੀ : ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਦੇ ਮੁਤਾਬਿਕ ਜਿਨ੍ਹਾਂ ਕੇਸਾਂ ਵਿਚ ਜ਼ਮੀਨ ਵਾਪਸ ਲਈ ਜਾ ਰਹੀ ਹੈ, ਉਹ ਹਰੀਜਨਾਂ ਨੂੰ ਦੇਵਾਂਗੇ।

ਕਾਮਰੇਡ ਰਾਜ ਕੁਮਾਰ : ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਇਕ ਅਫ਼ਸਰ ਜੋ ਕਿ ਹਰਚੰਦ ਸਿੰਘ ਕਮੇਟੀ ਰਿਪੋਰਟ ਵਿਚ ਇੰਡਿਕਟਿਡ ਹੈ, ਜਿਸ ਦਾ ਪੂਰਾ ਨਾਉਂ ਤਾਂ ਮੈਂ ਨਹੀਂ ਜਾਣਦਾ, ਉਸ ਨੂੰ ਏ. ਡੀ. ਸੀ. ਕਹਿੰਦੇ ਹਨ, ਇਸ ਮਹਿਕਮੇ ਦੀ ਐਡਵਾਇਜ਼ਰੀ ਕਮੇਟੀ ਜਿਹੜੀ ਬਣਾਈ ਹੈ, ਉਸ ਦਾ ਸੈਕਟਰੀ ਬਣਾ ਦਿੱਤਾ ਗਿਆ ਹੈ ? ਹਰਚੰਦ ਸਿੰਘ ਕਮੇਟੀ ਵਿਚ ਇਕ ਹੋਰ ਇੰਡਿਕਟਿਡ ਅਫਸਰ ਜਿਹੜਾ ਐਸ. ਡੀ. ਓ. ਸੀ, ਉਸ ਨੂੰ ਏ. ਡੀ. ਸੀ. ਲਗਾ ਦਿੱਤਾ ਗਿਆ ਹੈ?

ਮੰਤਰੀ: ਰਿਹੈਬਿਲੀਟੇਸ਼ਨ ਡਿਪਾਰਟਮੈਂਟ ਦੀ ਐਡਵਾਇਜ਼ਰੀ ਕਮੇਟੀ ਦਾ ਕਿਸੇ ਆਦਮੀ ਨੂੰ ਸੈਕ-ਟਰੀ ਨਹੀਂ ਲਗਾਇਆ ਗਿਆ। ਜਿਥੋਂ ਤਕ ਏ. ਡੀ. ਸੀ. ਦਾ ਤੁਅੱਲਕ ਹੈ, ਮੈਂ ਨਹੀਂ ਕਹਿ ਸਕਦਾ, ਮੇਰੀ ਇੱਤਲਾਹ ਹੈ ਕਿ ਉਹ ਉਥੇ ਨਹੀਂ ਲੱਗਿਆ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪੈਕੇਜ ਡੀਲ ਵਿਚ ਸੈਂਟਰਲ ਗਵਰਨਮੈਂਟ ਕੋਲੋਂ ਜ਼ਮੀਨ ਆਈ ਹੈ, ਕੀ ਉਹ ਹਰੀਜਨਾਂ ਨੂੰ ਦਿੱਤੀ ਜਾਵੇਗੀ ?

ਮੰਤਰੀ: ਜਿਹੜੇ ਹਰੀਜਨ ਪੰਜਾਬ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਦੇਣ ਦਾ ਯਤਨ ਕਰਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਇਨ੍ਹਾਂ ਨੇ ਫਰਮਾਇਆ ਹੈ ਕਿ ਜਿਹੜੀ ਜ਼ਮੀਨ ਹਰਚੰਦ ਸਿੰਘ ਕਮੇਟੀ ਦੀ ਮੇਹਰਬਾਨੀ ਨਾਲ, ਉਨ੍ਹਾਂ ਦੀ ਰਿਪੋਰਟ ਕਰਕੇ ਨਿਕਲੀ ਹੈ, ਉਹ ਅਸੀਂ ਦੇਣੀ ਸ਼ੁਰੂ ਕਰ ਦਿੱਤੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੇ ਕਿਹੜੇ ਸੱਜਣ ਨੂੰ ਕਿੱਥੇ ਕਿੱਥੇ ਜ਼ਮੀਨ ਦਿੱਤੀ ਗਈ ਹੈ?

ਮੰਤਰੀ: ਮੈਂ ਇਹ ਨਹੀਂ ਕਿਹਾ ਕਿ ਦਿੱਤੀ ਜਾ ਰਹੀ ਹੈ, ਮੈਂ ਇਹ ਕਿਹਾ ਹੈ ਕਿ ਕਬਜ਼ੇ ਖਾਲੀ ਕਰਵਾਏ ਜਾ ਰਹੇ ਹਨ , ਉਸ ਤੋਂ ਬਾਅਦ ਦੇਵਾਂਗੇ ।

ਕਾਮਰੇਡ ਸੱਤ ਪਾਲ ਡਾਂਗ : ਪਾਰਟ 'ਬੀ' ਵਿਚ ਇਹ ਕਿਹਾ ਗਿਆ ਹੈ :

72 applications had been filed in the courts of the Collectors concerned, under the provisions.

54 ਕੇਸਾਂ ਵਿਚ ਫੈਸਲਾ ਹੋ ਗਿਆ ਹੈ ਜਿਥੇ ਨਾਜਾਇਜ਼ ਜ਼ਮੀਨਾਂ ਤੇ ਕਬਜ਼ੇ ਸਨ ਅਤੇ 18 ਕੇਸ ਪੈਂਡਿੰਗ ਹਨ ਜਿਨ੍ਹਾਂ ਨੇ ਸਰਕਾਰੀ ਜ਼ਮੀਨ ਹਰੀਜਨਾਂ ਨੂੰ ਦੇਣ ਵਾਸਤੇ ਖਾਲੀ ਕਰਨੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ 72 ਵਿਚੋਂ ਕਿੰਨੇ ਐਮ. ਐਲ. ਏਜ਼ ਹਨ, ਕਿੰਨੇ ਮਨਿਸਟਰ ਹਨ ਅਤੇ ਕਿੰਨੇ ਪਾਲੀਟੀਸ਼ਨ ਹਨ ?

ਮੰਤਰੀ: ਨੋਟਿਸ ਦੇ ਦੇਵੋ। ਮੈਂ ਇਸ ਵੇਲੇ ਤਾਂ ਇਹ ਸੂਚਨਾ ਨਹੀਂ ਦੇ ਸਕਦਾ ਹੈ, ਹੋ ਸਕਦਾ ਹੈ ਇਸ ਦੇ ਵਿਚ ਅਫਸਰ ਵੀ ਹੋਣ ਅਤੇ ਨਾਨ-ਅਫਸਰ ਵੀ ਹੋਣ ।

ਚੌਧਰੀ ਸੁੰਦਰ ਸਿੰਘ: ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਇਵੈਕਿਉ ਲੈਂਡ ਹੈ ਇਸ ਨੂੰ 8 ਅਪਰੈਲ, 1964 ਦੇ ਫੈਸਲੇ ਦੇ ਮੁਤਾਬਿਕ, ਜਿਹੜਾ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਕੀਤਾ ਸੀ ਕਿ ਇਹ ਜ਼ਮੀਨ ਹਰੀਜਨਾਂ ਨੂੰ ਦਿੱਤੀ ਜਾਣੀ ਹੈ। ਉਸ ਤੋਂ ਬਾਅਦ ਜਿਹੜੀ ਸਰਪਲੱਸ ਲੈਂਡ ਹੋਈ, ਉਹ ਹਰੀਜਨਾਂ ਨੂੰ ਦਿੱਤੀ ਜਾਵੇਗੀ। ਕਿਉਂਕਿ ਜਿਹੜਾ ਉਦੋਂ ਫੈਸਲਾ ਹੋਇਆ ਸੀ ਉਸ ਦੇ ਮੁਤਾਬਿਕ ਇਹ ਜ਼ਮੀਨ ਪਿਓਰਲੀ ਹਰੀਜਨਾਂ ਨੂੰ ਦਿੱਤੀ ਜਾਣੀ ਸੀ, ਪਰ ਇਹ ਦੂਸਰਿਆਂ ਨੂੰ ਦਿੱਤੀ ਗਈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਿਹੜੀ ਜ਼ਮੀਨ ਵਾਪਸ ਹੋਵੇਗੀ ਉਹ ਪਿਓਰਲੀ ਹਰੀਜਨਾਂ ਨੂੰ ਦਿੱਤੀ ਜਾਵੇਗੀ ਜਾਂ ਨਹੀਂ ? Whether the Govt. is ready to give all the evacuee land to the Harijans or not ? According to the decision taken on 8/4/64 all the evacuee land has to be given purely to the Harijans either by allotment or by the open sale amongst Harijans only. But later on after the death of S. Partap Singh Kairon there was Congress Govt. and the Akali, Jan Sangh and Communist Govt. These Governments by hook or by crook, tried to make loopholes in this decision so that the non-Harijans also may get this land. Now there is again Congress Govt. which tries to show to the public that it is pro-Harijan Govt. If it is so, will the Govt. fulfil the promise made by S. Partap Singh on 8/4/64 ?

ਮੰਤਰੀ: ਇਸ ਬਾਰੇ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਇਹ ਮੁਆਮਲਾ ਕੈਬਨਿਟ ਦੇ ਵਿਚਾਰ ਅਧੀਨ ਹੈ ।

Sale of Sponsored Soft Coke in the State on prescribed Rates.

***2181. Shri Prem Gupta**: Will the Minister of State for Food and Supplies be pleased to state :—

(a) whether the Punjab Government has prescribed rates for sponsored soft coke, both for wholesale and retail purposes; if so, the details thereof ;

[Shri Prem Gupta]

(b) whether some wholesale coal merchants, in the State, had refused to sell the sponsored soft coke on the rates prescribed by the Government and sold the said coal at much higher rates than those prescribed by the Government ;

(c) if the answer to part (b) above be in the affirmative, the action taken or proposed to be taken against the defaulting coal merchants ?

Sardar Gurdarshan Singh :(a) Yes Sir. The details of the rates fixed under Punjab Coal price control Order, 1973, are as under :—

Soft Coke Wholesale/Superior	Rs. 79.16 per tonne
Soft Coke (Ordinary)	Rs. 66.80 per tonne

Above prices are for wagon loads and exclusive of Railway freight, Sales-Tax and Octroi payable, if any.

Soft coke Retail Sale (Superior)	Rs. 19.60 per quintal inclusive of all taxes.
Soft Coke (Ordinary)	Rs. 18.10 per quintal inclusive of all taxes.

(b) No such instance has come to notice

(c) Question does not arise.

[(ੳ) ਹਾਂ ਜੀ। ਪੰਜਾਬ ਕੋਲ ਪਰਾਈਸ ਕੰਟਰੋਲ ਆਰਡਰ 1973 ਦੇ ਹੇਠ ਬਣੇ ਭਾਵਾਂ ਦਾ ਵਿਸਥਾਰ (ਡੀਟੇਲ) ਹੇਠ ਪ੍ਰਕਾਰ ਹੈ:-

ਥੋਕ

ਸਾਫਟ ਕੋਲ (ਵਧੀਆ)	79.16 ਪੈਸੇ ਪ੍ਰਤੀ ਟਨ
ਸਾਫਟ (ਘਟੀਆ)	66.80 ਪੈਸੇ ਪ੍ਰਤੀ ਟਨ

ਉਪਰੋਕਤ ਕੀਮਤਾਂ ਵੈਗਨ ਲੋਡਜ਼ ਲਈ ਹਨ ਤੇ ਇਹ ਰੇਲਵੇ ਭਾੜਾ. ਸੇਲ ਟੈਕਸ ਅਤੇ ਚੁੰਗੀ ਜੇ ਕੋਈ ਦਿਤੀ ਹੈ, ਇਸ ਤੋਂ ਇਲਾਵਾ ਹੈ।

ਪਰਚੂਨ

ਸਾਫਟ ਕੋਲ (ਵਧੀਆ)	19.60 ਪੈਸੇ ਪ੍ਰਤੀ ਕੁਇੰਟਲ ਸਾਰੇ ਟੈਕਸਾਂ ਸਮੇਤ
,, (ਘਟੀਆ)	18.10 ਪੈਸੇ ਪ੍ਰਤੀ ਕੁਇੰਟਲ ਸਾਰੇ ਟੈਕਸਾਂ ਸਮੇਤ

(ਅ) ਇਹੋ ਜਿਹਾ ਵਾਕਿਆ ਧਿਆਨ ਵਿਚ ਨਹੀਂ ਆਇਆ

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ।]

ਸ੍ਰੀ ਪ੍ਰੇਮ ਗੁਪਤਾ: ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਇਕ ਤਰ੍ਹਾਂ ਨਾਲ ਬਲੈਕ-ਮਾਰਕਿਟ ਕਰਨ ਵਾਲਿਆਂ ਨੂੰ ਕਲੀਨ ਚਿੱਟ ਦੇ ਦਿੱਤੀ, ਇਹ ਕਹਿਕੇ ਕਿ ਸਾਡੇ ਨੋਟਿਸ ਵਿਚ ਕੋਈ ਗੱਲ ਨਹੀਂ ਆਈ। ਮੈਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦੇ ਨੋਟਿਸ ਵਿਚ ਕੋਈ ਇਹੋ ਜਿਹੀ ਫ਼ਰਮ ਵੀ ਆਈ ਕਿ ਜਿਸ

ਨੇ ਪੰਜਾਬ ਵਿਚ ਕੋਲ ਬਲੈਕ ਵਿਚ ਵੇਚਿਆ ਹੈ, ਅਤੇ ਗਵਰਨਮੈਂਟ ਦੇ ਕਹਿਣ ਤੇ ਰੀਲੀਜ਼ ਨਹੀਂ ਕੀਤਾ, ਬਲਕਿ ਉਸ ਵੇਲੇ ਕੀਤਾ ਜਦੋਂ ਕਿ ਪੁਲੀਸ ਰਾਹੀਂ ਦਖਲ ਦਿੱਤਾ ਗਿਆ?

ਰਾਜ ਮੰਤਰੀ : ਸਾਡੇ ਨੋਟਿਸ ਵਿਚ ਇਕ ਫਰਮ ਮੈਸਰਜ਼ ਅਲਾਈਡ ਕੋਲ ਏਜੈਂਸੀਜ਼ ਆਈ ਸੀ, ਇਹ ਬਾਹਰੋਂ ਕੋਲ ਲਿਆ ਕੇ ਰਾਜਪੁਰੇ ਅਤੇ ਪਟਿਆਲੇ ਵੇਚਦੇ ਸਨ। ਅਸੀਂ ਉਨ੍ਹਾਂ ਨੂੰ ਇਹ ਕਿਹਾ ਸੀ ਕਿ ਜੇ ਵੇਚਣਾ ਹੈ ਤਾਂ ਤੁਸੀਂ ਜੋ ਸਰਕਾਰ ਰੇਟ ਫ਼ਿਕਸ ਕਰੇ ਉਸ ਤੇ ਵੇਚੋ। ਇਹ ਨਹੀਂ ਮੰਨੇ ਅਤੇ ਇਸ ਤਰ੍ਹਾਂ ਕੇਸ ਹਾਈ ਕੋਰਟ ਵਿਚ ਚਲਾ ਗਿਆ ਜਿਸ ਤੇ ਇਹੋ ਫ਼ੈਸਲਾ ਹੋਇਆ ਕਿ ਉਨ੍ਹਾਂ ਨੂੰ ਉਸੇ ਰੇਟ ਤੇ ਵੇਚਣਾ ਪੈਣਾ ਹੈ ਜੋ ਪੰਜਾਬ ਸਰਕਾਰ ਰੇਟ ਨਿਸ਼ਚਿਤ ਕਰੇਗੀ।

ਸ੍ਰੀ ਪ੍ਰੇਮ ਗੁਪਤਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕੋਲੇ ਦੀ ਸਪਾਨਸਰਸ਼ਿਪ 27 ਪ੍ਰਤੀਸ਼ਤ ਹੋਈ ਯਾਨੀ 73 ਪ੍ਰਤੀਸ਼ਤ ਸਪਾਨਸਰਸ਼ਿਪ ਘੱਟ ਸੀ। ਇਸ ਘਾਟੇ ਨੂੰ ਪੂਰਾ ਕਰਨ ਵਾਸਤੇ ਸਰਕਾਰ ਕੀ ਕਰ ਰਹੀ ਹੈ ਤਾਂ ਜੋ ਕਨਜ਼ਿਊਮਰ ਨੂੰ ਪੂਰਾ ਮਿਲੇ?

ਰਾਜ ਮੰਤਰੀ : ਪੰਜਾਬ ਸਰਕਾਰ ਦੇ ਕੋਟੇ ਵਿਚ 1500 ਵੈਗਨਜ਼ ਸਪਾਨਸਰਡ ਕੋਲ ਦੀਆਂ ਆਉਣੀਆਂ ਸਨ। ਇਸ ਵਿਚੋਂ 231 ਵੈਗਨਜ਼ ਨਵੰਬਰ ਵਿਚ, ਦਸੰਬਰ ਵਿਚ 195 ਵੈਗਨਜ਼ ਅਤੇ ਜਨਵਰੀ ਦੇ ਵਿਚ ਸਾਰੀਆਂ 363 ਵੈਗਨਜ਼ ਆਈਆਂ ਹਨ। ਰੇਲਵੇ ਦੀਆਂ ਕਿਉਂਕਿ ਵੈਗਨਜ਼ ਮਿਲ ਨਹੀਂ ਰਹੀਆਂ ਇਸ ਲਈ ਇਹ ਘਾਟ ਹੈ। ਇਹ ਘਾਟ ਸਰਕਾਰ ਰੇਲਵੇ ਵੈਗਨਜ਼ ਲੈਣ ਦੀ ਕੋਸ਼ਿਸ਼ ਕਰ ਰਹੀ ਹੈ ਜੋ ਜਲਦੀ ਹੀ ਪੂਰੀ ਹੋ ਜਾਵੇਗੀ। ਵੈਸੇ ਜਿਹੜੇ ਲੋਕ ਪ੍ਰਾਈਵੇਟਲੀ ਟਰੱਕਾਂ ਤੇ ਲਿਆਉਂਦੇ ਹਨ ਅਸੀਂ ਉਨ੍ਹਾਂ ਨੂੰ ਵੇਚਣ ਦੀ ਇਜਾਜ਼ਤ ਦਿੱਤੀ ਹੈ ਪਰ ਉਹ 44 ਕੁਇੰਟਲ ਤੋਂ ਵੱਧ ਵੇਚ ਹੀ ਨਹੀਂ ਸਕਦੇ।

ਚੌਧਰੀ ਰਾਮ ਸਿੰਘ: ਜਿਹੜਾ ਪੰਜਾਬ ਸਟੇਟ ਵਿਚ ਕੋਲੇ ਦਾ ਘਾਟਾ ਹੈ ਕੀ ਸਰਕਾਰ ਇਸ ਘਾਟੇ ਨੂੰ ਪੂਰਾ ਕਰਨ ਵਾਸਤੇ ਸਪੈਸ਼ਲ ਕੋਟਾ ਸੈਂਟਰ ਤੋਂ ਲੈਣ ਲਈ ਤਿਆਰ ਹੈ ਤਾਂ ਜੋ ਇਹ ਕਮੀ ਪੂਰੀ ਹੋ ਸਕੇ ?

ਰਾਜ ਮੰਤਰੀ : ਇਹ ਘਾਟਾ ਪੂਰਾ ਕਰਨ ਵਾਸਤੇ ਅਸੀਂ ਗੌਰਮਿੰਟ ਆਫ਼ ਇੰਡੀਆ ਨਾਲ ਲਿਖਾ-ਪੜ੍ਹੀ ਕਰ ਰਹੇ ਹਾਂ। ਉਮੀਦ ਹੈ ਅਗਲੇ ਮਹੀਨੇ ਵਿਚ ਇਹ ਮੁਸ਼ਕਲ ਦੂਰ ਹੋ ਜਾਵੇਗੀ।

ਸਰਦਾਰ ਦਰਬਾਰਾ ਸਿੰਘ: ਜਿਹੜੇ ਲੋਕੀਂ ਨੈਸ਼ਨਲ ਕੋਲ ਮਾਈਨਜ਼ ਤੋਂ ਡਾਇਰੈਕਟ ਕੋਲ ਲਿਆ ਕੇ ਸਟੇਟ ਵਿਚ ਵੇਚਦੇ ਹਨ, ਉਹ ਪ੍ਰਾਫ਼ਿਟ ਬਹੁਤ ਕਮਾਉਂਦੇ ਹਨ ਅਤੇ ਬਲੈਕ ਰੇਟ ਚਾਰਜ ਕਰਦੇ ਹਨ। ਕੀ ਸਰਕਾਰ ਇਸ ਤਰ੍ਹਾਂ ਦੇ ਕੋਲ ਦੀ ਡਿਸਟ੍ਰੀਬਿਊਸ਼ਨ ਅਤੇ ਸਪਲਾਈ ਆਪਣੇ ਹੱਥ ਵਿਚ ਲੈਣ ਲਈ ਤਿਆਰ ਹੋਵੇਗੀ, ਤਾਂ ਜੋ ਸਸਤੇ ਰੇਟ ਤੇ ਲੋਕਾਂ ਨੂੰ ਕੋਇਲਾ ਮਿਲੇ ?

ਰਾਜ ਮੰਤਰੀ: ਜਿਹੜੀਆਂ ਕੋਇਲੇ ਦੀਆਂ ਗੱਡੀਆਂ ਆਉਂਦੀਆਂ ਹਨ ਉਹ ਵਿਕਦੀਆਂ ਰਹਿੰਦੀਆਂ ਹਨ, ਸਟਾਕ ਨਹੀਂ ਹੁੰਦੀਆਂ ਕਿਉਂ ਜੋ ਅਜੇ ਤੱਕ ਅਸੀਂ ਕੋਈ ਕੋਇਲੇ ਦੇ ਡੰਪ ਨਹੀਂ ਬਣਾਏ। ਵੈਸੇ ਜੋ ਆਨਰੇਬਲ ਮੈਂਬਰ ਦਾ ਸੁਝਾਓ ਹੈ ਉਸ ਤੇ ਗੌਰ ਕਰ ਸਕਦੇ ਹਾਂ।

ਸਰਦਾਰ ਗੁਰਬਚਨ ਸਿੰਘ: ਕੁਝ ਭੱਠੇ ਐਸੇ ਹਨ ਜਿਹੜੇ ਕਾਗ਼ਜ਼ਾਂ ਦੇ ਵਿਚ ਚਲਦੇ ਵਿਖਾਈ ਦਿੰਦੇ ਹਨ, ਉਨ੍ਹਾਂ ਦਾ ਕੋਇਲਾ ਜੋ ਲਿਆ ਜਾਂਦਾ ਹੈ ਉਹ ਬਲੈਕ ਵਿਚ ਵੇਚਿਆ ਜਾਂਦਾ ਹੈ। ਕੀ ਸਰਕਾਰ ਇਸ ਪਾਸੇ ਕੋਈ ਧਿਆਨ ਦੇਵੇਗੀ ?

ਰਾਜ ਮੰਤਰੀ: ਇਹ ਭੱਠਿਆਂ ਦੇ ਕੋਇਲੇ ਦੀ ਗੱਲ ਨਹੀਂ ਹੋ ਰਹੀ ਹੈ ਸਰਦਾਰ ਜੀ।

ਸ੍ਰੀ ਵਿਸ਼ਵਾ ਮਿੱਤਰ ਸੇਖੜੀ: ਕੀ ਸਰਕਾਰ, ਪੰਜਾਬ ਦਾ ਕੋਈ ਸੀਨੀਅਰ, ਆਈ.ਏ. ਐਸ. ਅਫ਼ਸਰ ਕਲਕੱਤੇ ਭੇਜ ਕੇ ਸਪੈਸ਼ਲ ਰਿਆਇਤ ਤੇ ਕੋਇਲਾ ਲੈਣ ਦਾ ਪ੍ਰਬਧ ਕਰੇਗੀ ਤਾਂ ਜੋ ਕੋਇਲਾ ਛੇਤੀ ਤੋਂ ਛੇਤੀ ਮੰਗਵਾ ਕੇ ਡੰਪ ਕੀਤਾ ਜਾ ਸਕੇ ?

ਰਾਜ ਮੰਤਰੀ: ਅਸੀਂ ਪੋਜ਼ੀਸ਼ਨ ਇੰਮਪਰੂਵ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਸਬੰਧ ਵਿਚ ਸਾਡੀ ਇਹ ਕੋਸ਼ਿਸ਼ ਹੈ ਕਿ ਰੇਲਵੇ ਵੈਗਨਜ਼ ਦਾ ਪ੍ਰਬੰਧ ਕੀਤਾ ਜਾਵੇ।

ਕਾਮਰੇਡ ਸੱਤ ਪਾਲ ਡਾਂਗ: ਜੇ ਸਰਕਾਰ ਇਸ ਟਰੇਡ ਨੂੰ ਨੈਸ਼ਨੇਲਾਈਜ਼ ਕਰਨ ਵਾਸਤੇ ਤਿਆਰ ਨਹੀਂ, ਤਾਂ ਕੀ ਸਰਕਾਰ ਸਟੇਟ ਦੀ ਕੋਲੇ ਦੀ ਘਾਟ ਪੂਰੀ ਕਰਨ ਵਾਸਤੇ ਪ੍ਰਾਈਵੇਟ ਡਿੱਪੂ ਹੋਲਡਰਜ਼ ਨੂੰ ਡਾਇਰੈਕਟ ਕੋਲ ਮੰਗਵਾਉਣ ਦੀ ਇਜਾਜ਼ਤ ਦੇਵੇਗੀ ?

ਰਾਜ ਮੰਤਰੀ: ਪਹਿਲਾਂ ਪੰਜਾਬ ਵਿਚ ਇਹੋ ਤਰੀਕਾ ਵਰਤਿਆ ਜਾਂਦਾ ਸੀ ਪਰ ਇਹ ਨਾਕਾਮਯਾਬ ਹੋਇਆ ਹੈ।

ਸ੍ਰੀ ਪ੍ਰੇਮ ਗੁਪਤਾ: ਕੀ ਵਜ਼ੀਰ ਸਾਹਿਬ ਕੋਈ ਕਾਰਪੋਰੇਸ਼ਨ ਬਣਾਉਣ ਲਈ ਤਿਆਰ ਹਨ ਜੋ ਲੋਕਾਂ ਨੂੰ ਸਸਤੇ ਰੇਟ ਤੇ ਕੋਲ ਸਪਲਾਈ ਕਰ ਸਕੇ। ਇਸ ਵਕਤ ਪੋਜ਼ੀਸ਼ਨ ਇਹ ਹੈ ਕਿ ਕੋਇਲਾ ਸਰਕਾਰੀ ਰੇਟ ਤੇ 19 ਰੁਪਏ ਕੁਇੰਟਲ ਵਿਕਦਾ ਹੈ ਪਰ ਜਿਹੜੇ ਟਰੱਕਾਂ ਵਾਲੇ ਡਾਇਰੈਕਟ ਲਿਆਉਂਦੇ ਹਨ ਉਹ 44 ਰੁਪਏ ਪਰ ਕੁਇੰਟਲ ਵੇਚਦੇ ਹਨ। ਜਿਹੜਾ 25 ਰੁਪਏ ਪਰ ਕੁਇੰਟਲ ਦਾ ਬੋਝ ਕਨਜ਼ਿਊਮਰ ਤੇ ਪੈ ਰਿਹਾ ਹੈ ਕੀ ਸਰਕਾਰ ਉਸ ਨੂੰ ਸਬਸੀਡਾਈਜ਼ ਕਰਨ ਲਈ ਤਿਆਰ ਹੈ?

ਰਾਜ ਮੰਤਰੀ: ਅਜੇ ਮੌਕਾ ਨਹੀਂ, ਅੱਗੇ ਨੂੰ ਵਿਚਾਰ ਕਰਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਕੀ ਸਰਕਾਰ ਨੇ ਜਿਤਨੀਆਂ ਵੈਗਨਾਂ ਪੰਜਾਬ ਵਿਚ ਕਣਕ ਦੀਆਂ ਭੇਜੀਆਂ ਹਨ, ਉਤਨੀਆਂ ਹੀ ਕੋਇਲੇ ਦੀਆਂ ਬਾਹਰੋਂ ਮੰਗਵਾਉਣ ਦੀ ਕੋਸ਼ਿਸ਼ ਕਰੇਗੀ ਤਾਂ ਜੋ ਪੰਜਾਬ ਦੀ ਘਾਟ ਪੂਰੀ ਕੀਤੀ ਜਾ ਸਕੇ?

ਸ੍ਰੀ ਸਪੀਕਰ: ਇਤਨਾ ਕੋਇਲਾ ਕੀ ਕਰਨਾ ਹੈ? (What will the hon. Member do of this much coal?)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਅਸੀਂ ਵੀ ਤਾਂ ਥਰਮਲ ਪਲਾਂਟ ਚਾਲੂ ਕਰਨਾ ਹੈ। (ਹਾਸਾ)

Steps taken to meet the shortage of cement in the State

*2182. **Shri Prem Gupta** : Will the Minister of State for Food and Supplies be pleased to State the steps being taken by the Punjab Government to meet the shortage of cement in the State and the success achieved in this regard during the period from Ist April, 1973 to 31st December, 1973 ?

Sardar Gurdarshan Singh :The requisite information is laid on the table of the House.

[ਲੋੜੀਂਦੀ ਸੂਚਨਾ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ।]

ANNEXURE

A. Following steps were taken to improve the allocation and supply position of cement :—

(1) From 1st July, 1973, Government of India introduced the system of allocating fixed quantities of cement to the states for its further allocation by the States themselves among the Government deptts., Semi-Government organisations/bulk consumers, and general public. Efforts were made at personal level by the then Minister for Food and Supplies, through personal representations to the Union Minister of Industrial Development, at the relevant time to get adequate quota fixed for Punjab. The quota of Punjab was fixed at 5.05 lac tonnes per annum or say 1,26,250 tonnes per quarter.

(2) Continuous efforts were made to ensure full supplies against the quota. Officers of the Central Government were approached at the level of the Senior Officers of the Department quite frequently. The Minister for Food and Supplies also addressed, demi-official letters from time to time to the Union Minister for Industrial Development and followed these up through personal meetings also. Even the Chief Minister, Punjab had been addressing the Union Minister demi-officially and met him also personally to press Punjab's needs.

(3) Five meetings were held with the representatives of the Manufacturers, Officers, of Government of India and the Railways from time to time to accelerate the despatches of cement to Punjab.

(4) M. P.s. from Punjab were suitably briefed in this behalf to represent our case to the Government of India and the Prime Minister at an apportune time for supply of more cement to Punjab

B. Even after these sustained efforts, the supply position of cement during 1973 did not improve much. Overall it was only marginally better than that during 1972, as per figures given below :—

(Figures in M. Tonnes)

Quarter		1973	1972
April to June (including Central quota)	..	1,47,000	1,54,000
July to September (State Account only)	..	1,13,000	80,000
October to December (State Account only)	..	93,000	1,00,000
Total	..	3,53,000	3,34,000

It may be stated that during the above priod supply of cement under the Rate Contract (Government Departments) and other than Rate Contract (Semi Government Organisation/bulk consumers) categories had improved though it was slightly poor in Free-Sale (Stockists quota) category.

ਅਨੈਕਸਚਰ

[ਸੀਮਿੰਟ ਦੀ ਐਲੋਕੇਸ਼ਨ ਅਤੇ ਸਪਲਾਈ ਪੁਜ਼ੀਸ਼ਨ ਨੂੰ ਸੁਧਾਰਣ ਲਈ ਹੇਠ ਦਿੱਤੇ ਕਦਮ ਉਠਾਏ ਗਏ:–

(1) 1 ਜੁਲਾਈ, 1973 ਤੋਂ ਕੇਂਦਰੀ ਸਰਕਾਰ ਨੇ ਰਾਜਾਂ ਨੂੰ ਸੀਮਿੰਟ ਦੀ ਮੁਕਰੱਰ ਕੀਤੀ ਗਈ ਤਾਦਾਦ ਦੀ ਐਲੋਕੇਸ਼ਨ ਕਰਨ ਦਾ ਤਰੀਕਾ ਅਪਣਾਇਆ ਤਾਂ ਜੋ ਰਾਜ ਆਪਣੇ ਆਪ ਇਸ ਦੀ ਵੰਡ ਅੱਗੇ ਸਰਕਾਰੀ

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਵਿਭਾਗਾਂ, ਅੱਧ ਸਰਕਾਰੀ ਅਦਾਰਿਆਂ, ਥੋਕ ਖਪਤਕਾਰਾਂ ਅਤੇ ਆਮ ਪਬਲਿਕ ਵਿਚ ਕਰ ਸਕਣ । ਉਸ ਵੇਲੇ ਦੇ ਖੁਰਾਕ ਮੰਤਰੀ ਜੀ ਨੇ ਕੇਂਦਰੀ ਸਰਕਾਰ ਦੇ ਉਦਯੋਗ ਸੁਧਾਰ ਮੰਤਰੀ ਜੀ ਨਾਲ ਸਮੇਂ ਸਮੇਂ ਤੇ ਨਿੱਜੀ ਤੌਰ ਤੇ ਅਤੇ ਲਿਖਤੀ ਰੂਪ ਵਿਚ ਪ੍ਰਤੀਬੇਨਤੀਆਂ ਕਰਕੇ ਪੰਜਾਬ ਲਈ ਸੀਮਿੰਟ ਦਾ ਮੁਨਾਸਿਬ ਕੋਟਾ ਮੁਕੱਰਰ ਕਰਵਾਇਆਂ । ਇਸ ਤਰ੍ਹਾਂ ਪੰਜਾਬ ਦਾ ਤਿਮਾਹੀ ਕੋਟਾ 1,26,250 ਟਨ, ਜੋ ਕਿ ਸਾਲਾਨਾ 5.05 ਲੱਖ ਟਨ ਬਣਦਾ ਹੈ ਮੁਕੱਰਰ ਹੋਇਆ।

2. ਕੋਟੇ ਦੇ ਵਿਰੁੱਧ ਪੂਰੀ ਪੂਰੀ ਸਪਲਾਈ ਲੈਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਗਈਆਂ। ਕੇਂਦਰੀ ਸਰਕਾਰ ਦੇ ਅਫ਼ਸਰਾਂ ਨੂੰ ਵੀ ਸਮੇਂ ਸਮੇਂ ਸਿਰ ਪੰਜਾਬ ਸਰਕਾਰ ਦੇ ਉੱਚ ਅਫ਼ਸਰ ਇਸ ਬਾਰੇ ਵਿਚ ਪਹੁੰਚ ਕਰਦੇ ਰਹੇ। ਖੁਰਾਕ ਮੰਤਰੀ ਜੀ ਨੇ ਵੀ ਇਸ ਬਾਰੇ ਵਿਚ ਕੇਂਦਰੀ ਸਰਕਾਰ ਦੇ ਉਦਯੋਗ ਮੰਤਰੀ ਜੀ ਨੂੰ ਅੱਧ ਸਰਕਾਰੀ ਪੱਤਰ ਲਿਖੇ ਅਤੇ ਸਮੇਂ ਸਮੇਂ ਸਿਰ ਨਿਜੀ ਪੱਧਰ ਤੇ ਵੀ ਉਨ੍ਹਾਂ ਨਾਲ ਮੀਟਿੰਗਾਂ ਕੀਤੀਆਂ। ਇਥੇ ਤੀਕ ਕਿ ਪੰਜਾਬ ਦੇ ਮੁੱਖ ਮੰਤਰੀ ਜੀ ਵੀ ਕੇਂਦਰੀ ਮੰਤਰੀ ਜੀ ਨਾਲ ਪੱਤਰ ਵਿਹਾਰ ਕਰਦੇ ਰਹੇ ਅਤੇ ਨਿਜੀ ਪੱਧਰ ਤੇ ਵੀ ਪੰਜਾਬ ਦੀ ਜ਼ਰੂਰਤ ਤੇ ਜ਼ੋਰ ਪਾਉਣ ਖਾਤਰ ਮਿਲੇ।

3. ਪੰਜਾਬ ਲਈ ਸੀਮਿੰਟ ਦੀ ਡਿਸਪੈਚਿਜ਼ ਨੂੰ ਤੇਜ਼ ਕਰਨ ਲਈ ਸੀਮਿੰਟ ਮੈਨੂੰਫੈਕਚਰਜ਼ ਦੇ ਪ੍ਰਤੀ-ਨਿਧੀਆਂ ਅਤੇ ਕੇਦਰੀ ਸਰਕਾਰ/ਰੇਲਵੇ ਦੇ ਸਬੰਧਤ ਅਫ਼ਸਰਾਂ ਨਾਲ ਵਕਤ ਵਕਤ ਤੇ ਪੰਜ ਮੀਟਿੰਗਾਂ ਕੀਤੀਆਂ ਗਈਆਂ ।

4. ਪੰਜਾਬ ਦੇ ਮੈਂਬਰ ਪਾਰਲੀਆਮੈਂਟ ਨੂੰ ਵੀ ਇਸ ਬਾਰੇ ਵਿਚ ਮੁਨਾਸਿਬ ਸੰਖੇਪ ਭੇਜੇ ਗਏ ਤਾਂ ਜੋ ਉਹ ਪੰਜਾਬ ਨੂੰ ਸੀਮਿੰਟ ਦੀ ਵਧੇਰੇ ਸਪਲਾਈ ਕਰਵਾਉਣ ਬਾਰੇ ਮੁਨਾਸਿਬ ਸਮੇਂ ਤੇ ਕੇਂਦਰੀ ਸਰਕਾਰ ਨਾਲ ਅਤੇ ਪ੍ਰਧਾਨ ਮੰਤਰੀ ਜੀ ਨਾਲ ਪੰਜਾਬ ਦੇ ਇਸ ਮਾਮਲੇ ਵਿਚ ਕੇਸ ਦੀ ਚੰਗੀ ਤਰ੍ਹਾਂ ਨਾਲ ਪ੍ਰਤੀਨਿਧਤਾ ਕਰ ਸਕਣ ।

5. ਇਨ੍ਹਾਂ ਸਾਰੀਆਂ ਕੋਸ਼ਿਸ਼ਾ ਦੇ ਬਾਵਜੂਦ ਵੀ ਸੀਮਿੰਟ ਦੀ ਸਪਲਾਈ ਪੱਜ਼ੀਸ਼ਨ ਵਿਚ 1973 ਦੇ ਦੌਰਾਨ ਵਧੇਰੇ ਸੁਧਾਰ ਨਹੀਂ ਹੋ ਸਕਿਆ। ਹੇਠ ਦਿੱਤੇ ਵਿਸਥਾਰ ਅਨੁਸਾਰ 1972 ਨਾਲੋਂ ਸੀਮਿੰਟ ਦੀ ਸਪਲਾਈ ਦੇ ਸੁਧਾਰ ਵਿਚ ਕੇਵਲ ਥੋੜ੍ਹਾ ਜਿਹਾ ਹੀ ਫ਼ਰਕ ਪਿਆ ਹੈ:

(ਰਕਮ ਟਨਾਂ ਵਿਚ)

ਤਿਮਾਹੀ		1973	1972
ਅਪਰੈਲ ਤੋਂ ਜੂਨ (ਕੇਂਦਰੀ ਕੋਟੇ ਸਮੇਤ)	...	1,47,000	1,54,000
ਜੁਲਾਈ ਤੋਂ ਸਤੰਬਰ (ਕੇਵਲ ਰਾਜ ਖਾਤੇ)	...	1,13,000	80,000
ਅਕਤੂਬਰ ਤੋਂ ਸਤੰਬਰ (ਕੇਵਲ ਰਾਜ ਖਾਤੇ)	...	93,000	1,00,000
ਜੋੜ	...	3,53,000	3,34,000

ਉਪ੍ਰੋਕਤ ਦਸੇ ਸਮੇਂ ਵਿਚ ਰੇਟ ਕੰਟਰੈਕਟ (ਸਰਕਾਰੀ ਵਿਭਾਗਾਂ) ਅਤੇ ਰੇਟ ਕੰਟਰੈਕਟ ਤੋਂ ਇਲਾਵਾ (ਅੱਧ-ਸਰਕਾਰੀ ਅਦਾਰਿਆਂ/ਥੋਕ ਖਪਤਕਾਰਾ) ਦੀ ਕੈਟਾਗਰੀ ਵਿਚ ਸੀਮਿੰਟ ਦੀ ਸਪਲਾਈ ਵਿਚ ਸੁਧਾਰ ਹੋਇਆ ਹੈ ਪਰ ਫ਼ਰੀ ਸੇਲ (ਸਟੌਕਿਸਟ ਕੋਟਾ) ਕੈਟਾਗਰੀ ਥੋੜੀ ਜਿਹੀ ਕਮਜ਼ੋਰ ਰਹੀ।]

ਸ੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਅਨੈਕਸਚਰ ਵਿਚ ਸ਼ੋਅ ਕੀਤਾ ਗਿਆ ਹੈ ਕਿ ਇਹ ਸਟੈਪਸ ਲਏ ਗਏ ਹਨ ਪਰ ਸੀਮੈਂਟ ਨਜ਼ਰ ਕਿਤੇ ਨਹੀਂ ਆਉਂਦਾ। ਇਥੇ ਇਹ ਲਿਖਿਆ ਹੋਇਆ ਹੈ though it was slightly poor in free sale (stockist quota) category, ਪਰ ਕਨਜ਼ਿਊਮਰ ਨੂੰ ਕੋਈ ਫਰੀ ਸੇਲ ਨਹੀਂ ਮਿਲਦੀ। ਇਹ ਇੰਪਲੀਮੈਂਟ ਕਰਨ ਵਾਸਤੇ ਸਰਕਾਰ ਨੂੰ ਸਟੈਪਸ ਲੈਣੇ ਚਾਹੀਦੇ ਹਨ ਤਾਂ ਜੋ ਬਲੈਕ ਮਾਰਕਿਟ ਦੂਰ ਹੋ ਸਕੇ?

ਰਾਜ ਮੰਤਰੀ : ਪੰਜਾਬ ਲਈ ਸੀਮਿੰਟ ਦਾ ਕੋਟਾ 73 ਹਜ਼ਾਰ ਟਨ ਸੀ, ਇਸ ਹਿਸਾਬ ਨਾਲ ਪੰਜਾਬ ਵਿਚ ਅਪ੍ਰੈਲ ਤੋਂ ਜੂਨ ਤੱਕ ਦਾ ਕੋਟਾ 27,650 ਟਨ ਅਤੇ ਜੁਲਾਈ ਤੋਂ ਸਤੰਬਰ ਤੱਕ 38 ਹਜ਼ਾਰ ਟਨ ਸੀ ਅਤੇ ਅਕਤੂਬਰ ਤੋਂ ਦਸੰਬਰ ਤੱਕ 16 ਹਜ਼ਾਰ ਟਨ ਸੀ 59 ਹਜ਼ਾਰ ਮਿਲੀਅਨ ਟਨ ਫਰੀ ਸੇਲ ਦਾ ਸੀ।

ਕਾਮਰੇਡ ਸੱਤ ਪਾਲ ਡਾਂਗ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਸੀਮਿੰਟ ਜਿਸ ਪਰਪਜ਼ ਲਈ ਲਿਆ ਜਾਂਦਾ ਹੈ ਉਹ ਉਥੇ ਵਰਤਿਆ ਨਹੀਂ ਜਾਂਦਾ, ਬਲੈਕ ਵਿਚ ਜਾਂਦਾ ਹੈ? ਕੀ ਵਜ਼ੀਰ ਸਾਹਿਬ ਅੰਮ੍ਰਿਤਸਰ ਫੂਡ ਕਾਰਪੋਰੇਸ਼ਨ ਦੇ ਆਪਣੇ ਕਿਸੇ ਰਿਪਰੇਜ਼ੈਂਟੇਟਿਵ ਨੂੰ ਮੇਰੇ ਨਾਲ ਭੇਜ ਕੇ ਇਸ ਤਰ੍ਹਾਂ ਦੇ ਸਿਰਫ਼ 100 ਪਰਮਿਟ ਚੈੱਕ ਕਰਨ ਲਈ ਤਿਆਰ ਹਨ, ਜਿਨ੍ਹਾਂ ਨੂੰ ਸੀਮਿੰਟ ਇਸ਼ੂ ਹੋਇਆ ਹੈ ਪਰ ਕਿਤੇ ਲਾਇਆ ਨਹੀਂ ?

ਰਾਜ ਮੰਤਰੀ : ਜਿੰਨੇ ਕੇਸਿਜ਼ ਮੇਰੇ ਨੋਟਿਸ ਵਿਚ ਲਿਆਉਗੇ, ਅਸੀਂ ਗੌਰ ਕਰਾਵਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸੀਮਿੰਟ ਦੀ ਸ਼ਾਰਟੇਜ ਵਾਸਤੇ ਬਹੁਤ ਕਦਮ ਚੁੱਕੇ ਹਨ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਤੁਸੀਂ ਸੀਮਿੰਟ ਦੀ ਬਲੈਕ ਮਾਰਕਿਟਿੰਗ ਦੇ ਕਿੰਨੇ ਕੇਸਿਜ਼ ਰਜਿਸਟਰ ਕਰਾਏ ਹਨ ਅਤੇ ਕਿੰਨਿਆਂ ਦੇ ਖਿਲਾਫ਼ ਐਕਸ਼ਨ ਲਿਆ ਗਿਆ ਹੈ?

ਰਾਜ ਮੰਤਰੀ : ਇਸ ਬਾਰੇ ਕੱਲ੍ਹ ਮੈਂ ਜਵਾਬ ਦੇ ਚੁੱਕਾ ਹਾਂ। 10 ਕੇਸਿਜ਼ ਅਸੈਂਸੀਅਲ ਕਮੋਡਿਟੀਜ਼ ਅਧੀਨ ਹੋਏ ਹਨ ਅਤੇ 9 ਕੇਸਿਜ਼ ਡਿਪਾਰਟਮੈਂਟਲ ਅਸੀਂ ਕਰ ਰਹੇ ਹਾਂ।

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਰੁਪਏ ਇਨ੍ਹਾਂ ਨੇ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਬਣਾਉਣ ਲਈ ਰੱਖੇ ਹਨ ਉਹ ਸੀਮਿੰਟ ਨਾ ਮਿਲਣ ਕਾਰਨ ਲੈਪਸ ਹੋ ਰਹੇ ਹਨ। ਕੀ ਇਹ ਯਕੀਨ ਦਿਵਾਉਣਗੇ ਕਿ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਲਈ ਸੀਮਿੰਟ ਦਾ ਕੋਟਾ ਰਿਜ਼ਰਵ ਕੀਤਾ ਜਾਵੇਗਾ ?

(ਇਸ ਸਮੇਂ ਸ੍ਰੀ ਕੇਸ਼ੋ ਰਾਮ ਜੀ ਫ਼ਲੋਰ ਆਫ ਦੀ ਹਾਊਸ ਕ੍ਰਾਸ ਕਰ ਰਹੇ ਸਨ।)

ਸ੍ਰੀ ਸਪੀਕਰ : ਕੇਸ਼ੋ ਰਾਮ ਜੀ, ਫ਼ਲੋਰ ਕ੍ਰਾਸ ਨਾ ਕਰੋ। (Kesho Ram ji, you should not cross the Floor of the House).

ਰਾਜ ਮੰਤਰੀ: ਅਸੀਂ ਕਿਹਾ ਹੈ ਕਿ ਜਿਥੇ ਪੰਚਾਇਤਾਂ ਨੂੰ ਸਕੂਲਾਂ ਨੂੰ ਗਰਾਂਟਾਂ ਮਿਲੀਆਂ ਹਨ ਉਥੇ ਲਈ 31 ਮਾਰਚ, 1974 ਤੋਂ ਪਹਿਲਾਂ ਪਹਿਲਾਂ ਫਸਟ ਪ੍ਰਾਇਰਟੀ ਦਿੱਤੀ ਹੈ।

ਚੌਧਰੀ ਰਾਮ ਸਿੰਘ: ਜਿਸ ਤਰ੍ਹਾਂ ਕੋਲੇ ਵਾਸਤੇ ਇਜਾਜ਼ਤ ਦੇ ਦਿਤੀ ਹੈ ਅਤੇ ਕਲਕੱਤੇ ਤੋਂ ਕੋਲਾ ਆ ਗਿਆ ਹੈ, ਹਾਇਰ ਰੇਟ ਹੋ ਗਿਆ ਹੈ। ਇਸੇ ਤਰ੍ਹਾਂ ਹੀ ਸੀਮਿੰਟ ਦੇ ਡੀਲਰਜ਼ ਨੂੰ ਵੀ ਇਜਾਜ਼ਤ ਦੇ ਦੇਣੀ ਚਾਹੀਦੀ ਹੈ ਕਿ ਉਹ ਇਕ ਰੁਪਿਆ ਫੀ ਬੋਰੀ ਜ਼ਿਆਦਾ ਵੇਚ ਸਕਣ। ਇਸ ਤਰ੍ਹਾਂ ਕਰਕੇ ਉਹ ਸੀਮਿੰਟ ਬਹੁਤਾਤ ਵਿਚ ਇਥੇ ਲਿਆ ਸਕਦੇ ਹਨ। ਕੀ ਇਸ ਤਰ੍ਹਾਂ ਕਰਨ ਦੀ ਉਨ੍ਹਾਂ ਨੂੰ ਇਜਾਜ਼ਤ ਦਿੱਤੀ ਜਾਏਗੀ?

ਰਾਜ ਮੰਤਰੀ : ਸੀਮਿੰਟ ਡੀਲਰਜ਼ ਨੇ ਰਿਪ੍ਰੈਜ਼ੈਂਟ ਕੀਤਾ ਹੈ ਅਤੇ ਉਸ ਤੇ ਗੌਰ ਹੋ ਰਿਹਾ ਹੈ ।

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸੇ ਤਰ੍ਹਾਂ ਦਾ ਕੇਸ ਪਿੰਡ ਕਾਕਾ ਧਾਲਾ (ਲੁਧਿਆਣਾ) ਵਿਚ ਹੈ। ਉਥੇ 1300 ਦੀ ਆਬਾਦੀ ਹੈ ਅਤੇ 2800 ਥੈਂਦੇ ਖੰਡ ਲੈ ਰਹੇ ਹਨ (ਵਿਘਨ) ਇਹ ਵੀ ਕੁਰੱਪਸ਼ਨ ਹੈ। ਕੀ ਇਸ ਨੂੰ ਰੋਕਣ ਦੇ ਯਤਨ ਕੀਤੇ ਜਾਣਗੇ ?

Mr. Speaker: This is no question.

ਰਾਜ ਮੰਤਰੀ : ਅਸੀਂ ਅਡੱਲਟ੍ਰੇਸ਼ਨ ਨਹੀਂ ਕਰਦੇ, ਖੰਡ ਅੱਡ ਵੇਚਦੇ ਹਾਂ ਅਤੇ ਸੀਮਿੰਟ ਅੱਡ ਵੇਚਦੇ ਹਾਂ ।

ਡਾਕਟਰ ਅਮੀਰ ਸਿੰਘ ਕਲਕਟ: ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਕੰਡੀ ਏਰੀਆ ਵਿਚ ਸਰਵੇ ਕਰਾਇਆ ਹੈ ਅਤੇ ਉਸ ਏਰੀਆ ਵਿਚ ਕਾਫ਼ੀ ਮਿਕਦਾਰ ਵਿਚ ਡਿਪਾਜ਼ਿਟਸ ਪਾਏ ਗਏ ਹਨ। ਇਸ ਲਈ ਕੀ ਸਰਕਾਰ ਇਸ ਤੇ ਵਿਚਾਰ ਕਰੇਗੀ ਕਿ ਉਸ ਏਰੀਆ ਵਿਚ ਫ਼ੈਕਟਰੀ ਲਗਾਈ ਜਾਵੇ ਤਾਂ ਕਿ ਇਹ ਜੋ ਹੁਣ ਸ਼ਾਰਟੇਜ ਮਹਿਸੂਸ ਹੋ ਰਹੀ ਹੈ ਇਹ ਹਟ ਸਕੇ ?

Mr. Speaker : Question does not arise.

ਚੌਧਰੀ ਜਗਤ ਰਾਮ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਚੌਧਰੀ ਰਾਮ ਸਿੰਘ ਦੇ ਜਵਾਬ ਵਿਚ ਕਿਹਾ ਹੈ ਕਿ ਅਸੀਂ ਇਕ ਰੁਪਿਆ ਫ਼ੀ ਬੋਰੀ ਕੀਮਤ ਵਧਾਉਣ ਤੇ ਗੌਰ ਕਰ ਰਹੇ ਹਾਂ। ਮੈਂ ਆਪ ਦੇ ਰਾਹੀਂ ਦੱਸਣਾ ਚਾਹੁੰਦਾ ਹਾਂ (ਵਿਘਨ) ਮੈਨੂੰ ਭੁਲੇਖਾ ਲੱਗ ਗਿਆ ਹੈ ਕਿ ਕਿਤੇ ਸ਼ਾਇਦ ਮੈਂ ਹੀ ਵਜ਼ੀਰ ਹਾਂ। ਮੈ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਵਾਬ ਵਿਚ ਕਿਹਾ ਹੈ ਕਿ ਇਕ ਰੁਪਿਆ ਵਧਾਉਣ ਵਾਸਤੇ ਪਰ, ਸਪੀਕਰ ਸਾਹਿਬ, ਡੀਲਰਜ਼ ਐਨੇ ਹੁਸ਼ਿਆਰ ਹਨ (ਵਿਘਨ)

ਸ਼੍ਰੀ ਸਪੀਕਰ : ਕੇ. ਪੀ. ਸਾਹਿਬ, ਫ਼ਲੋਰ ਕ੍ਰਾਸ ਕੀਤਾ ਹੈ, ਇਹ ਠੀਕ ਗੱਲ ਨਹੀਂ ਹੈ। (K. P. Sahib, you have crossed the Floor of the House. It is not proper.)

ਸਰਦਾਰ ਅਜਾਇਬ ਸਿੰਘ ਸੰਧੂ: ਇਹ ਤਾਂ ਪਾਰਟੀ ਕ੍ਰਾਸ ਕਰਨ ਨੂੰ ਫਿਰਦੇ ਹਨ (ਵਿਘਨ)

ਚੌਧਰੀ ਜਗਤ ਰਾਮ : ਮੈਂ ਕਹਿ ਰਿਹਾ ਸੀ ਕਿ ਸਾਡੇ ਡੀਲਰਜ਼ ਐਨੇ ਹੁਸ਼ਿਆਰ ਹਨ ਕਿ ਉਹ ਇਕ ਰੁਪਏ ਦੀ ਬਜਾਏ ਤਿੰਨ ਰੁਪਏ ਵੇਚਣਗੇ ਅਤੇ ਰੱਜ ਕੇ ਬਲੈਕ ਕਰਨਗੇ। ਅਗਰ ਇਨਕੁਆਇਰੀ ਕਰਾਉ ਤਾਂ ਪਤਾ ਲੱਗ ਜਾਏਗਾ ਬੰਗੇ ਦੇ ਹਲਕੇ ਵਿਚ ਇਨਕੁਆਇਰੀ ਸ਼ੁਰੂ ਵੀ ਹੋਈ ਸੀ (ਵਿਘਨ) ਕੋਈ ਐਸਾ ਕਾਨੂੰਨ ਬਣਾਉਣ ਨੂੰ ਸਰਕਾਰ ਤਿਆਰ ਹੈ ਜਿਸ ਨਾਲ ਕਿ ਉਨ੍ਹਾਂ ਤੇ ਕਾਬੂ ਪਾਇਆ ਜਾ ਸਕੇ?

ਰਾਜ ਮੰਤਰੀ : ਅਸੈਂਸ਼ੀਅਲ ਕਮੌਡਿਟੀਜ਼ ਹੇਠ ਪਹਿਲਾਂ ਐਕਸ਼ਨ ਲਿਆ ਜਾ ਸਕਦਾ ਸੀ ਪਰ ਹੁਣ ਫਰਵਰੀ ਤੋਂ ਬਾਅਦ ਡੀ.ਆਈ.ਆਰ. ਲਿਆਂਦਾ ਹੈ ਤਾਂ ਕਿ ਸਟਰੌਂਗ ਤੋਂ ਸਟਰੌਂਗ ਐਕਸ਼ਨ ਲਿਆ ਜਾ ਸਕੇ ।

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਸਿਰਫ 307 ਰਾਜੇ ਮਹਾਰਾਜੇ ਡੀ-ਰਿਕੁਗਨਾਈਜ਼ ਹੋਏ ਜਿਨ੍ਹਾਂ ਨੇ ਮਹੱਲ ਉਸਾਰੇ ਹੋਏ ਸੀ। ਪਰ ਹੁਣ ਤਾਂ ਹਰ ਸ਼ਹਿਰ ਵਿਚ ਨਵੇਂ ਬਲੈਕੀਏ, ਕਾਲੇ ਧਨ ਵਾਲੇ ਮਹੱਲ ਉਸਾਰ ਰਹੇ ਹਨ। ਸਾਰਾ ਸੀਮਿੰਟ ਇਨ੍ਹਾਂ ਦੀਆਂ ਕੋਠੀਆਂ ਉਸਾਰਨ ਤੇ ਲੱਗ ਜਾਂਦਾ ਹੈ। ਅਤੇ ਲੋਕਾਂ ਨੂੰ ਟਿਊਬਵੈਲ ਅਤੇ ਆਪਣੇ ਖੂਹਾਂ ਦੇ ਚਬੱਚੇ ਬਣਾਉਣ ਲਈ, ਸਕੂਲਾਂ ਦੀਆਂ ਫ਼ਾਊਂਡੇਸ਼ਨਜ਼, ਧਰਮਸ਼ਾਲਾਵਾਂ ਲਈ ਕੋਈ ਸੀਮਿੰਟ ਨਹੀਂ ਮਿਲਦਾ ਹੈ। ਕੀ ਇਸ ਗੱਲ ਨੂੰ ਮੁੱਖ ਰੱਖ ਕੇ ਕਿ ਡਿਵੈਲਪਮੈਂਟ ਜ਼ਿਆਦਾ ਅਜ਼ੀਜ਼ ਹੈ ਸਰਕਾਰ ਵੱਧ ਤੋਂ ਵੱਧ ਕਾਲੇ ਧਨ ਕਮਾਉਣ ਵਾਲਿਆਂ ਤੇ ਪਾਬੰਦੀ ਲਗਾਏਗੀ ਅਤੇ ਜਿਥੇ ਲੋੜ ਹੈ ਉਥੇ ਦੇਣ ਦਾ ਪਰਬੰਧ ਕਰੇਗੀ?

(ਕੋਈ ਉੱਤਰ ਨਹੀਂ ਦਿੱਤਾ ਗਿਆ ।)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਤਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਪੁੱਛਦਾ ਹਾਂ ਕਿ ਕੋਈ ਕੋਆਰਡੀਨੇਸ਼ਨ ਸੋਸ਼ਲ ਵੈਲਫੇਅਰ ਮਨਿਸਟਰ ਨਾਲ ਕਰਨ ਤਾਂ ਕਿ ਜਿੰਨੀਆਂ ਧਰਮਸ਼ਾਲਾਵਾਂ ਸੈਂਕਸ਼ਨ ਕਰਨ ਉਨ੍ਹਾਂ ਨੂੰ ਸੀਮਿੰਟ ਲਾਜ਼ਮੀ ਮਿਲ ਜਾਏ ਔਰ ਪੰਚਾਂ ਸਰਪੰਚਾਂ ਨੂੰ ਅਫ਼ਸਰਾਂ ਦੀਆਂ ਕੋਠੀਆਂ ਫਿਰ ਫਿਰ ਕੇ ਬਲੈਕ ਵਿਚ ਸੀਮਿੰਟ ਨਾ ਖਰੀਦਣਾ ਪਏ?

ਰਾਜ ਮੰਤਰੀ : ਸਾਡੀ ਮਨਿਸਟਰੀ ਵਿਚ ਬਹੁਤ ਕੋਆਰਡੀਨੇਸ਼ਨ ਹੈ। ਜੇ ਕੋਈ ਸਪੈਸੇਫ਼ਿਕ ਚੀਜ਼ ਨੋਟਿਸ ਵਿਚ ਲਿਆਉਣਗੇ ਉਥੇ ਪੂਰੀ ਕੋਆਰਡੀਨੇਸ਼ਨ ਕੀਤੀ ਜਾਵੇਗੀ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਇਹ ਠੀਕ ਹੈ ਕਿ ਜਿਹੜੀ ਵੰਡ ਹੈ ਉਹ ਠੀਕ ਨਹੀਂ ਹੈ। ਜਿੰਨਾ ਸੀਮਿੰਟ ਇਥੇ ਆਉਂਦਾ ਹੈ ਉਹ ਬਲੈਕ ਵਿਚ ਜਾਂਦਾ ਹੈ। ਇਹ ਵੀ ਠੀਕ ਹੈ ਕਿ ਇਥੇ ਸੀਮਿੰਟ ਥੋੜ੍ਹੀ ਮਿਕਦਾਰ ਵਿਚ ਆਉਂਦਾ ਹੈ ਅਤੇ ਚਾਹੀਦਾ ਜ਼ਿਆਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਜੋ ਸੀਮਿੰਟ ਦਾ ਕੋਟਾ ਅਲਾਟ ਕੀਤਾ ਗਿਆ ਹੈ ਇਸ ਕੋਟੇ ਨੂੰ ਵਧਾਉਣ ਲਈ ਪੰਜਾਬ ਸਰਕਾਰ ਕੀ ਕੁਝ ਕਰ ਰਹੀ ਹੈ?

ਰਾਜ ਮੰਤਰੀ: ਅਸੀਂ ਪਿਛਲੀ ਦਫ਼ਾ ਵੀ ਗੌਰਮਿੰਟ ਆਫ ਇੰਡੀਆ ਨੂੰ ਰਿਪ੍ਰੈਜ਼ੈਂਟ ਕੀਤਾ ਸੀ। ਅਸਲ ਵਿਚ ਸੀਮਿੰਟ ਦੀ ਪ੍ਰੋਡਕਸ਼ਨ ਘਟ ਗਈ ਹੈ ਅਤੇ ਉਸ ਦੇ ਲਿਹਾਜ਼ ਨਾਲ ਹੀ ਸਾਨੂੰ ਸੀਮਿੰਟ ਦਿਤਾ ਜਾਂਦਾ ਹੈ। (ਸ਼ੋਰ)

Mr. Speaker : Next question by Comrade Mehtab Singh.

Non supply of Sugar quota in Chheherta and Amritsar

***2312. 1. Comrade Mehtab Singh**
2. Comrade Satya Pal Dang } : Will the Minister of State for Food and Suplies be pleased to state whether it is a fact that the depot-holders in Chheherta and Amritsar City have not been given full sugar quota (at controlled rates) for December, 1973 and January, 1974, if so, the reasons for delay?

Sardar Gurdarshan Singh : No Sir. Allocations of quota were made in full but due to delay in receipt of sugar from the Sugar Mills in U.P. and Maharashtra depot holders could get only part supplies in these months. The balance quantities were made up in the succeeding months.

[ਨਹੀਂ ਜੀ। ਖੰਡ ਦਾ ਕੋਟਾ ਪੂਰਾ ਦਿਤਾ ਗਿਆ ਸੀ ਪ੍ਰੰਤੂ ਯੂ.ਪੀ. ਅਤੇ ਮਹਾਰਾਸ਼ਟਰ ਦੀਆਂ ਮਿੱਲਾਂ ਤੋਂ ਖੰਡ ਦੇਰ ਨਾਲ ਆਉਣ ਦੇ ਕਾਰਨ ਡੀਪੂ ਹੋਲਡਰ ਪੂਰੇ ਕੋਟੇ ਦੇ ਕੁੱਝ ਹਿੱਸੇ ਦੀ ਸਪਲਾਈ ਇਨ੍ਹਾਂ ਮਹੀਨਿਆਂ ਵਿਚ ਨਾ ਲੈ ਸਕੇ ਅਤੇ ਬਾਕੀ ਕੋਟੇ ਦੀ ਮਾਤਰਾ ਉਨ੍ਹਾਂ ਨੂੰ ਅਗਲੇ ਮਹੀਨਿਆਂ ਵਿਚ ਦੇ ਦਿਤੀ ਗਈ।]

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਪਿਛਲੇ ਸਵਾਲ ਤੇ ਇਕ ਜ਼ਰੂਰੀ ਸਵਾਲ ਪੁੱਛਣਾ ਹੈ। (ਵਿਘਨ) ਨਾ ਤੁਸੀਂ ਮੈਨੂੰ ਬੋਲਣ ਲਈ ਟਾਈਮ ਦੇ ਰਹੇ ਹੋ ਅਤੇ ਨਾ ਹੀ ਸੀਮਿੰਟ ਦੇ ਰਹੇ ਹੋ। (ਵਿਘਨ)

Mr. Speaker : I can't allow any more supplementary on the previous question (Interruption). Supplementary on Starred Question. No. 2312.

ਕਾਮਰੇਡ ਸੱਤ ਪਾਲ ਡਾਂਗ : ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਕਿ ਮਜ਼ਦੂਰਾਂ ਨੂੰ ਤਨ-ਖਾਹ 7 ਤਾਰੀਖ ਨੂੰ ਮਿਲਦੀ ਹੈ ਅਤੇ ਹੋਰ ਮੁਲਾਜ਼ਮਾਂ ਨੂੰ 1 ਤਾਰੀਖ ਨੂੰ ਮਿਲਦੀ ਹੈ, ਮਨਿਸਟਰ ਸਾਹਿਬ ਇਸ ਗੱਲ ਨੂੰ ਅੱਗੇ ਲਈ ਐਨਸ਼ਿਓਰ ਕਰਨਗੇ ਕਿ ਹਰ ਡਿਪੂ ਉਤੇ ਹਰ ਮਹੀਨੇ ਦੀ ਖੰਡ ਦਾ ਕੋਟਾ 7 ਤਾਰੀਖ ਤੋਂ ਪਹਿਲਾਂ ਪਹਿਲਾਂ ਪਹੁੰਚ ਜਾਇਆ ਕਰੇਗਾ ਕਿਉਂਕਿ ਲੇਟ ਪਹੁੰਚਣ ਨਾਲ ਲੋਕ ਖਰੀਦ ਨਹੀਂ ਸਕਦੇ ਹਨ ।

ਰਾਜ ਮੰਤਰੀ : ਕੋਸ਼ਿਸ਼ ਜ਼ਰੂਰ ਕਰਦੇ ਹਾਂ। ਪਿਛਲੇ ਸਾਲ ਮਹਾਰਾਸ਼ਟਰ ਤੋਂ 92 ਲੱਖ ਟਨ ਚੀਨੀ ਖਰੀਦਣੀ ਸੀ। ਇਹ ਰੀ-ਇਵੈਲੂਏਟ ਕੀਤੀ ਸੀ। (ਵਿਘਨ) ਕੁਝ ਰੇਲਵੇ ਵੀ ਬੰਦ ਹੋ ਗਈ ਸੀ, ਇਸ ਲਈ ਦੇਰ ਹੋ ਗਈ। ਸਾਡੀ ਪੂਰੀ ਕੋਸ਼ਿਸ਼ ਹੋਵੇਗੀ ਕਿ ਪਹਿਲੀ ਤਾਰੀਖ ਨੂੰ ਉਥੇ ਚੀਨੀ ਪਹੁੰਚ ਜਾਏ ।

ਡਾਕਟਰ ਅਮੀਰ ਸਿੰਘ ਕਲਕਟ : ਜਿਹੜੀ ਮਹਾਰਾਸ਼ਟਰ ਤੋਂ ਖੰਡ ਲੈਣੀ ਮਿਥੀ ਗਈ ਹੈ, ਇਸ ਸਬੰਧ ਵਿਚ ਕੀ ਮਨਿਸਟਰ ਸਾਹਿਬ, ਇਹ ਕੋਸ਼ਿਸ਼ ਕਰਨਗੇ ਕਿ ਇਹ ਕੋਟਾ ਖੰਡ ਦਾ ਸਾਨੂੰ ਪੰਜਾਬ ਦੀਆਂ ਮਿਲਾਂ ਤੋਂ ਮਿਲ ਜਾਇਆ ਕਰੇ ? ਇਸ ਨਾਲ ਜਿਹੜੀ ਖੰਡ ਲੇਟ ਪਹੁੰਚਦੀ ਹੈ ਉਹ ਤਕਲੀਫ ਦੂਰ ਹੋ ਜਾਏਗੀ ?

ਰਾਜ ਮੰਤਰੀ : ਪੰਜਾਬ ਦੀਆਂ ਮਿਲਾਂ ਦੀ ਪ੍ਰੋਡਕਸ਼ਨ ਸਾਰੇ ਪੰਜਾਬ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੀ ਹੈ। ਇਸ ਲਈ ਬਾਹਰਲੀ ਸਟੇਟ ਤੋਂ ਲਿਆਉਣੀ ਪੈਂਦੀ ਹੈ। ਗੌਰਮਿੰਟ ਆਫ਼ ਇੰਡੀਆ ਨੂੰ ਰਿਪਰੇਜ਼ੈਂਟ ਕਰ ਦਿੱਤਾ ਹੈ ਕਿ ਯੂ.ਪੀ. ਅਤੇ ਹਰਿਆਣਾ ਤੋਂ ਸ਼ੂਗਰ ਦਾ ਕੋਟਾ ਦਿਤਾ ਜਾਇਆ ਕਰੇ ।

ਸਰਦਾਰ ਬੇਅੰਤ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਸਾਨੂੰ ਜਿਹੜਾ ਸ਼ੂਗਰ ਦਾ ਕੋਟਾ ਮਿਲਦਾ ਹੈ ਕੀ ਉਹ 1961 ਦੀ ਮਰਦਮਸ਼ੁਮਾਰੀ ਦੇ ਆਧਾਰ ਤੇ ਮਿਲਦਾ ਹੈ ਜਾਂ ਕਿ 1971 ਦੀ ਮਰਦਮਸ਼ੁਮਾਰੀ ਦੇ ਆਧਾਰ ਤੇ ਮਿਲਦਾ ਹੈ ? ਜੇ 1961 ਦੀ ਮਰਦਮਸ਼ੁਮਾਰੀ ਦੇ ਆਧਾਰ ਤੇ ਮਿਲਦਾ ਹੈ ਤਾਂ ਕੀ ਇਹ ਭਰੋਸਾ ਦਿਵਾਉਣਗੇ ਕਿ ਹੁਣ ਉਹ 1971 ਦੀ ਮਰਦਮਸ਼ੁਮਾਰੀ ਦੇ ਆਧਾਰ ਤੇ ਦਿਵਾਉਣ ਲੱਗਣਗੇ ?

ਰਾਜ ਮੰਤਰੀ : ਇਹ ਸਵਾਲ ਇਸ ਤੋਂ ਐਰਾਈਜ਼ ਨਹੀਂ ਹੁੰਦਾ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਬਹੁਤ ਸਾਰੇ ਪਿੰਡਾਂ ਦੇ ਵਿਚ ਜਿਹੜੀਆਂ ਸੋਸਾਇਟੀਆਂ ਹਨ, ਉਹ ਡੀਫ਼ਾਲਟਰਜ਼ ਹਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਖੰਡ ਲਿਜਾ ਨਹੀਂ ਸਕਦੀਆਂ ਤੇ ਉਨ੍ਹਾਂ ਨੂੰ ਚੀਨੀ ਨਹੀਂ ਮਿਲਦੀ। (ਵਿਘਨ)

ਰਾਜ ਮੰਤਰੀ : ਸਵਾਲ ਵਿਚ ਤਾਂ ਅੰਮ੍ਰਿਤਸਰ ਅਤੇ ਛੇਹਰਟੇ ਦੇ ਬਾਰੇ ਪੁੱਛਿਆ ਗਿਆ ਸੀ ਪਰ ਹੁਣ ਇਹ ਆਮ ਸਵਾਲ ਪੁੱਛਣ ਲੱਗ ਗਏ ਹਨ। (ਵਿਘਨ) ਇਹ ਸਵਾਲ ਦੇ ਦੇਣ ਪਤਾ ਕਰਕੇ ਦੱਸ ਦਿਆਂਗੇ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਬਠਿੰਡਾ ਦੇ ਪਿੰਡਾਂ ਨੂੰ ਹੁਣ ਕਿੰਨਾਂ ਕੋਟਾ ਅਲਾਟ ਹੋਇਆ ਹੈ। (ਵਿਘਨ) ਜ਼ਿਲ੍ਹਾ ਬਠਿੰਡਾ ਨੂੰ ਕਿੰਨਾ ਕੋਟਾ ਅਲਾਟ ਹੋਇਆ ਹੈ। ਕਿਹੜੇ ਕਿਹੜੇ ਮਹੀਨੇ ਵਿਚ

ਬਠਿੰਡਾ ਜ਼ਿਲ੍ਹੇ ਦੇ ਪਿੰਡਾਂ ਵਿਚ ਕੋਟਾ ਗਿਆ ਅਤੇ ਕਿਹੜੇ ਕਿਹੜੇ ਮਹੀਨੇ ਵਿਚ ਕੋਟਾ ਨਹੀਂ ਗਿਆ, ਕੀ ਇਹ ਇਸ ਬਾਰੇ ਦੱਸਣਗੇ ।

ਰਾਜ ਮੰਤਰੀ : ਇਸ ਬਾਰੇ ਨੋਟਿਸ ਦੇ ਦਿਓ ।

ਚੌਧਰੀ ਜਗਤ ਰਾਮ : ਕੀ ਮਨਿਸਟਰ ਸਾਹਿਬ ਇਹ ਗੱਲ ਦੱਸਣ ਦੀ ਕੋਸ਼ਿਸ਼ ਕਰਨਗੇ ਕਿ ਸ਼ੂਗਰ ਵਾਲਿਆਂ ਨੂੰ ਤਾਂ ਖੰਡ ਦੀ ਲੋੜ ਨਹੀਂ ਹੈ ਤਾਂ ਕੀ ਬਾਕੀਆਂ ਦੀ ਡਾਕਟਰੀ ਕਰਾਕੇ ਜਿਨ੍ਹਾਂ ਨੂੰ ਸ਼ੂਗਰ ਦੀ ਲੋੜ ਹੈ, ਉਨ੍ਹਾਂ ਨੂੰ ਦੇਣਗੇ ਕਿਉਂਕਿ ਸ਼ੂਗਰ ਵਾਲੇ ਤਾਂ ਵੇਚ ਲੈਂਦੇ ਹਨ ? (ਵਿਘਨ)

Mr. Speaker : The question does not arise.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹੈ ਕਿ ਪਿਛਲੇ ਹਾਊਸ ਵਿਚ ਇਨ੍ਹਾਂ ਨੇ ਭਰੋਸਾ ਦਿਵਾਇਆ ਸੀ ਕਿ ਸਾਰੇ ਪੰਜਾਬ ਵਿਚ ਪਿੰਡਾਂ ਅਤੇ ਸ਼ਹਿਰਾਂ ਦਾ ਖੰਡ ਦਾ ਕੋਟਾ ਬਰਾਬਰ ਹੋਵੇਗਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਾਰੇ ਪਿੰਡਾਂ ਵਿਚ 200 ਗਰਾਮ ਤੋਂ ਵੱਧ ਖੰਡ ਨਹੀਂ ਦਿੱਤੀ ਜਾਂਦੀ ਜਦ ਕਿ ਸ਼ਹਿਰਾਂ ਵਿਚ ਜ਼ਿਆਦਾ ਦਿੱਤੀ ਜਾਂਦੀ ਹੈ। ਕੀ ਅੱਗੇ ਤੋਂ ਸ਼ਹਿਰਾਂ ਅਤੇ ਪਿੰਡਾਂ ਦਾ ਖੰਡ ਦਾ ਕੋਟਾ ਬਰਾਬਰ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਹੈ। (ਵਿਘਨ) ਰੂਰਲ ਅਤੇ ਅਰਬਨ ਵਾਸਤੇ 500 ਗਰਾਮ ਦਾ ਕੋਟਾ ਰੱਖਿਆ ਗਿਆ ਹੈ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਾਰਡਰ ਦੇ ਪਿੰਡਾਂ ਵਿਚ ਸਾਲ ਸਾਲ ਦਾ ਕੋਟਾ ਨਹੀਂ ਗਿਆ ਕੀ ਵਜ਼ੀਰ ਸਾਹਿਬ ਉਨ੍ਹਾਂ ਪਿੰਡਾਂ ਵੱਲ ਧਿਆਨ ਕਰਨਗੇ ?

ਰਾਜ ਮੰਤਰੀ : ਇਹ ਮੇਰੀ ਨਾਲਿਜ ਵਿਚ ਲਿਆਉਣ, ਅਸੀਂ ਦੇਖ ਲਵਾਂਗੇ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਡਿਪੂਆਂ ਤੋਂ ਖੰਡ ਸਵਾ ਦੋ ਰੁਪਏ ਜਾਂ ਢਾਈ ਰੁਪਏ ਦੇ ਹਿਸਾਬ ਨਾਲ ਮਿਲਦੀ ਹੈ ਪਰ ਬਾਜ਼ਾਰ ਤੋਂ ਖੰਡ 5 ਰੁਪਏ ਕਿਲੋ ਦੇ ਹਿਸਾਬ ਨਾਲ ਮਿਲਦੀ ਹੈ। ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਖੰਡ ਬਾਜ਼ਾਰ ਵਿਚੋਂ 5 ਰੁਪਏ ਕਿਲੋ ਦੇ ਹਿਸਾਬ ਨਾਲ ਮਿਲਦੀ ਹੈ ਕੀ ਉਸ ਦਾ ਰੇਟ ਘਟਾ ਕੇ ਜਿਸ ਰੇਟ ਤੇ ਸਰਕਾਰੀ ਖੰਡ ਮਿਲਦੀ ਹੈ ਉਸੇ ਰੇਟ ਤੇ ਦੇਣਗੇ ਜਾਂ ਉਸ ਦਾ ਭਾਅ 3 ਰੁਪਏ ਕਿਲੋ ਕਰ ਦੇਣਗੇ ਤਾਂਕਿ ਲੋਕੀ ਖੁਲ੍ਹੀ ਖੰਡ ਵੀ ਆਸਾਨੀ ਨਾਲ ਲੈ ਸਕਣ ?

ਰਾਜ ਮੰਤਰੀ : ਜਿਹੜੀ ਹੁਣ ਤੱਕ ਪਰੈਕਟਿਸ ਹੈ, ਉਹ ਤਾਂ ਇਹੀ ਹੈ ਕਿ ਸਪਲਾਈ ਕੋਟੇ ਦੇ ਬੇਸ ਤੇ ਕਰਦੇ ਹਾਂ । ਫਰੀ ਸੇਲ ਦਾ ਬਿਲ ਕੋਈ ਸਬੰਧ ਨਹੀਂ ਹੈ । (ਵਿਘਨ)

ਸਰਦਾਰ ਸੱਤਪਾਲ ਸਿੰਘ ਰੰਧਾਵਾ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿਛਲੇ ਸਾਲ ਖੰਡ ਦਾ ਕੋਟਾ ਸਪਲਾਈ ਹੋਇਆ ਸੀ ਉਹ 12 ਮਹੀਨਿਆਂ ਦੀ ਥਾਂ ਤੇ 10 ਮਹੀਨਿਆਂ ਦਾ ਸਪਲਾਈ ਹੋਇਆ ਸੀ, ਇਸ ਦੇ ਕੀ ਕਾਰਨ ਹਨ।

ਰਾਜ ਮੰਤਰੀ : ਇਸ ਦੇ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਤਕਰੀਬਨ 60% ਪਿੰਡਾਂ ਵਿਚ ਸੋਸਾਇਟੀਆਂ ਡੀਫਾਲਟਰਜ਼ ਹਨ ਅਤੇ ਉਨ੍ਹਾਂ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਸੁਸਾਇਟੀਆਂ ਵਿਚ ਖੰਡ ਨਹੀਂ ਜਾਂਦੀ। ਇਸ ਲਈ ਜਿਹੜੀਆਂ ਪਿੰਡ ਦੀਆਂ ਸੁਸਾਇਟੀਆਂ ਡੀਫ਼ਾਲ-ਟਰਜ਼ ਹਨ ਉਨ੍ਹਾਂ ਤੇ ਦੁਬਾਰਾ ਗੌਰ ਕਰਕੇ ਉਨ੍ਹਾਂ ਨੂੰ ਖੰਡ ਦਾ ਪ੍ਰਬੰਧ ਕਰਨ ਤਾਕਿ ਉਨ੍ਹਾਂ ਨੂੰ ਖੰਡ ਮਿਲ ਜਾਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਵੀ ਸੁਸਾਇਟੀਆਂ ਪਿੰਡਾਂ ਵਿਚ ਡੀਫ਼ਾਲਟਰਜ਼ ਹਨ ਉਨ੍ਹਾਂ ਬਾਰੇ ਸਾਨੂੰ ਦੱਸ ਦੇਣ ਜਿਨ੍ਹਾਂ ਵਿਚ ਖੰਡ ਨਹੀਂ ਜਾਂਦੀ। ਇਹ ਚੀਜ਼ ਸਾਡੇ ਨੋਟਿਸ ਵਿਚ ਲਿਆਉਣ । (ਵਿਘਨ)

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਖੰਡ ਦੀ ਬੜੀ ਸ਼ਾਰਟੇਜ ਹੈ। ਇਸ ਦੀ ਪੈਦਾਵਾਰ ਵਧਾਉਣ ਵਾਸਤੇ ਕੀ ਇਹ ਖੰਡ ਦੀਆਂ ਮਿੱਲਾਂ ਪੰਜਾਬ ਵਿਚ ਲਾਉਣ ਬਾਰੇ ਸੋਚਣਗੇ ?

ਰਾਜ ਮੰਤਰੀ : ਮੇਰੇ ਡਿਪਾਰਟਮੈਂਟ ਨਾਲ ਇਸ ਦਾ ਕੋਈ ਤੁਅੱਲਕ ਨਹੀਂ ਹੈ। ਇਹ ਇੰਡਸਟਰੀ ਦੇ ਮਹਿਕਮੇ ਨਾਲ ਕਨਸਰਨਡ ਹੈ।

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਸਵਾਲ ਦੀ ਸੈਂਸ ਇਹ ਹੈ ਕਿ ਉਨ੍ਹਾਂ ਨੂੰ ਕੋਟਾ ਕੰਟਰੋਲ ਰੇਟ ਤੇ ਨਹੀਂ ਦਿੱਤਾ ਗਿਆ। ਪਹਿਲਾਂ ਇਸ ਬਾਰੇ ਇਕ ਕਰਾਈਟੇਰੀਆ ਬਣਿਆ ਸੀ ਕਿ ਇਕ ਡਿਪੂ ਨਾਲ 200 ਰਾਸ਼ਨ ਕਾਰਡਜ਼ ਅਟੈਚ ਕਰਨੇ ਹਨ ਪਰ ਇਸ ਕਰਾਈਟੇਰੀਆ ਨੂੰ ਤੋੜਿਆ ਗਿਆ ਹੈ, ਜਿਸ ਕਰਕੇ ਸ਼ਾਰਟੇਜ ਆਈ ਹੈ। (ਵਿਘਨ) ਜੋ ਬਲੈਕ ਮਾਰਕਿਟ ਹੁੰਦੀ ਹੈ ਅਤੇ ਜੋ ਉਥੇ ਹੇਰਾ ਫੇਰੀ ਹੋਈ ਹੈ, ਕੀ ਉਸ ਦਾ ਕਾਰਨ ਇਹੀ ਨਵਾਂ ਪਰੋਸੀਜਰ ਤਾਂ ਨਹੀਂ ਹੈ। (ਵਿਘਨ) ਕੀ ਇਸੇ ਕਰਕੇ ਸ਼ਾਰਟੇਜ ਤਾਂ ਨਹੀਂ ਆਈ ?

Mr. Speaker : Question does not arise. (ਵਿਘਨ) ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਹ ਜਿਹੜਾ ਖੰਡ ਦਾ ਮਾਮਲਾ ਹੈ ਇਹ ਪਿੰਡਾਂ ਵਿਚ 500 ਗਰਾਮ ਦੇ ਹਿਸਾਬ ਨਾਲ ਪੂਰੀ ਸਪਲਾਈ ਨਹੀਂ ਹੁੰਦੀ ਜਿਸ ਤਰ੍ਹਾਂ ਕਿ ਸ਼ਹਿਰ ਵਿਚ ਮਿਲਦੀ ਹੈ। ਇਸ ਕਰਕੇ ਇਹ ਕੋਟਾ ਵਧਾਉਣ ਲਈ ਐਸ਼ਿਅਰ ਕੀਤਾ ਜਾਵੇ ਕਿ ਪਿੰਡਾਂ ਨੂੰ ਵੀ ਪੂਰਾ ਕੋਟਾ ਦਿੱਤਾ ਜਾਵੇਗਾ। (ਤਾੜੀਆਂ) (Question does not arise (interruption) I would like to point out to the hon. Minister that quota of 500 grams of sugar is not being supplied in the villages as is the case in the cities. So I would request him to increase the sugar supply to the villages so that the villagers are also given their quota of sugar.)

Allotment of newly constructed shops near Clock Tower, Ludhiana

***2086. Sardar Dhanna Singh Gulshan** : Will the Minister of State for Housing be pleased to state—

(a) whether it is a fact that the main bazar of Clock Tower, Ludhiana near Railway Station has recently been widened;

(b) whether it is also a fact that the newly constructed shops in the vicinity of said bazar were allotted during 1972-73;

if so, whether refugees belonging to the Scheduled Castes were given due consideration at the time of allotment of said shops?

Shri Hans Raj Sharma (Minister for Finance and Local Govt.) :

(a) Yes, sir.

(b) Yes, sir. None of the allottees was a Scheduled Castes. These shops were allotted only to refugees from West Pakistan who were carrying on their business since partition in *Khokhas* installed on the G.T. Road. The list of these *Khokha* holders was certified as such by the President, G.T. Road Stall Holder's Union (Registered.)

[(ੳ) ਹਾਂ ਜੀ।

(ਅ) ਹਾਂ ਜੀ। ਅਨੁਸੂਚਿਤ ਜਾਤੀਆਂ ਦਾ ਕਈ ਅਲਾਟੀ ਨਹੀਂ ਸੀ। ਇਹ ਦੁਕਾਨਾਂ ਕੇਵਲ ਪੱਛਮੀ ਪਾਕਿਸਤਾਨ ਦੇ ਸ਼ਰਨਾਰਥੀਆਂ ਨੂੰ ਅਲਾਟ ਕੀਤੀਆਂ ਗਈਆਂ ਸਨ ਜਿਹੜੇ ਦੇਸ਼ ਦੇ ਬਟਵਾਰੇ ਉਪਰੰਤ ਜੀ. ਟੀ. ਰੋਡ ਤੇ ਸਥਿਤ ਖੋਖਿਆਂ ਵਿਚ ਆਪਣਾ ਕਾਰੋਬਾਰ ਚਲਾ ਰਹੇ ਸਨ। ਇਨ੍ਹਾਂ ਖੋਖੇ ਵਾਲਿਆਂ ਦੀ ਲਿਸਟ ਜੀ. ਟੀ. ਰੋਡ ਸਟਾਲ-ਹੋਲਡਰਜ਼ ਯੂਨੀਅਨ (ਰਜਿਸਟਰਡ) ਵਲੋਂ ਤਸਦੀਕ ਕੀਤੀ ਗਈ ਸੀ।]

ਸਰਦਾਰ ਧੰਨਾ ਸਿੰਘ ਗੁਲਸ਼ਨ : ਜੋ ਲੁਧਿਆਣਾ ਘੰਟਾ ਘਰ ਦਾ ਬਾਜ਼ਾਰ ਚੌੜਾ ਕਰਨ ਵੇਲੇ ਖੋਖਿਆਂ ਵਾਲਿਆਂ ਨੂੰ ਉਠਾਇਆ ਗਿਆ ਅਤੇ ਉਨ੍ਹਾਂ ਨੂੰ ਫਿਰ ਨਵੀਆਂ ਬਣੀਆਂ ਦੁਕਾਨਾਂ ਅਲਾਟ ਕੀਤੀਆਂ ਗਈਆਂ। ਉਨ੍ਹਾਂ ਵਿਚ ਦੋ ਸਿਰਕੀਵਾਸ ਹਨ ਜਿਹੜੇ ਕਿ ਪਾਕਿਸਤਾਨ ਤੋਂ ਆਏ ਸਨ ਪਰ ਉਨ੍ਹਾਂ ਨੂੰ ਮੁੜਕੇ ਦੁਕਾਨਾਂ ਨਾ ਦਿੱਤੀਆਂ ਜਾਣ, ਇਸ ਦਾ ਕੀ ਕਾਰਨ ਹੈ ?

ਵਿੱਤ ਅਤੇ ਸਥਾਨਕ ਸਰਕਾਰ ਮੰਤਰੀ : ਸਪੀਕਰ ਸਾਹਿਬ, ਇਹ ਰੇਲਵੇ ਬੋਰਡ ਤੋਂ ਜ਼ਮੀਨ ਲਈ ਗਈ ਸੀ। ਉਥੇ ਖੋਖਾ ਹੋਲਡਰਜ਼ ਦੀ ਇਕ ਯੂਨੀਅਨ ਸੀ ਜਿਹੜੇ ਕਿ ਉਥੇ ਦੁਕਾਨਾਂ ਦਾ ਕੰਮ ਕਰਦੇ ਹਨ। ਉਸ ਵੇਲੇ ਸ਼ਰਤ ਤੇ ਜ਼ਮੀਨ ਲਈ ਗਈ ਸੀ ਅਤੇ ਉਨ੍ਹਾਂ ਨੂੰ ਫਿਰ ਉਨ੍ਹਾਂ ਦੁਕਾਨਾਂ ਵਿਚ ਬਿਠਾ ਦਿੱਤਾ ਗਿਆ। (ਵਿਘਨ) ਜਿਹੜੀ ਖੋਖਾ ਵਾਲਿਆਂ ਦੀ ਐਸੋਸੀਏਸ਼ਨ ਸੀ ਉਨ੍ਹਾਂ ਨੇ ਸਾਨੂੰ ਲਿਸਟ ਸਪਲਾਈ ਕੀਤੀ ਅਤੇ ਉਸ ਦੇ ਮੁਤਾਬਿਕ ਸਾਰੇ ਖੋਖਾ ਹੋਲਡਰਜ਼ ਨੂੰ ਇਹ ਦੁਕਾਨਾਂ ਦਿਤੀਆਂ ਗਈਆਂ। ਉਨ੍ਹਾਂ ਖੋਖਿਆਂ ਵਿਚ ਹਰੀਜਨ ਕੋਈ ਨਹੀਂ ਸੀ ਬੈਕਵਰਡ ਦੇ 7 ਆਦਮੀ ਹਨ, ਉਨ੍ਹਾਂ 7 ਆਦਮੀਆਂ ਨੂੰ ਦੁਕਾਨਾਂ ਦਿੱਤੀਆਂ ਗਈਆਂ ਹਨ। (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਸ ਗੱਲ ਦਾ ਜਵਾਬ ਨਹੀਂ ਦਿੱਤਾ ਗਿਆ ਕਿ ਜਦ ਹਿੰਦੁਸਤਾਨ ਦੇ ਕੰਸਟੀਚਿਊਸ਼ਨ ਵਿਚ ਰਿਜ਼ਰਵੇਸ਼ਨ ਬੈਕਵਰਡ ਕਲਾਸਿਜ਼ ਅਤੇ ਹਰੀਜਨਾਂ ਵਾਸਤੇ ਹੈ ਤਾਂ ਫਿਰ ਇਹ ਜਿਹੜੀਆਂ ਦੁਕਾਨਾਂ ਹਨ ਉਨ੍ਹਾਂ ਵਿਚ ਹਰੀਜਨਾਂ ਵਾਸਤੇ ਰਿਜ਼ਰਵੇਸ਼ਨ ਕਿਉਂ ਨਹੀਂ ਰੱਖੀ ਗਈ ?

ਮੰਤਰੀ : ਇਹ ਕੋਈ ਖੰਡ ਦਾ ਸਵਾਲ ਨਹੀਂ ਹੈ। (ਵਿਘਨ) ਜਿਹੜੇ ਉਥੇ ਬੈਠੇ ਸਨ ਉਨ੍ਹਾਂ ਨੂੰ ਹੀ ਅਕਾਮੋਡੇਟ ਕੀਤਾ ਗਿਆ ਹੈ। (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਉਨਾਂ ਨੇ ਸਵਾਲ ਦਾ ਜਵਾਬ ਠੀਕ ਨਹੀਂ ਦਿੱਤਾ। ਮੈਂ ਅਰਜ਼ ਕੀਤੀ ਸੀ ਕਿ ਉਥੇ ਦੋ ਸਿਰਕੀਵਾਸ ਹਨ ਅਤੇ ਉਹ ਉਦੋਂ ਤੋ ਹੀ ਬੈਠੇ ਸਨ ਜਦੋਂ

[ਸਰਦਾਰ ਧੰਨਾ ਸਿੰਘ ਗੁਲਸ਼ਨ]
ਤੋਂ ਦੂਜੇ ਬੈਠੇ ਸਨ। ਉਹ ਸ਼ਿਡਿਊਲਡ ਕਾਸਟਸ ਹਨ। ਜਿਹੜੀ ਉਨ੍ਹਾਂ ਨੇ ਐਸੋਸੀਏਸ਼ਨ ਬਣਾਈ ਸੀ, ਹਰੀਜਨ ਹੋਣ ਕਰਕੇ ਉਨ੍ਹਾਂ ਨੂੰ ਨਾਲ ਨਹੀਂ ਲਿਆ ਗਿਆ ਅਤੇ ਇਸ ਕਰਕੇ ਉਨ੍ਹਾਂ ਦਾ ਨਾਮ ਰਿਕੁਮੈਂਡ ਨਹੀਂ ਕੀਤਾ ਗਿਆ। ਇਸ ਲਈ ਕੀ ਜੇ ਉਹ ਦੁਬਾਰਾ ਐਪਲੀਕੇਸ਼ਨ ਦੇਣ ਤਾਂ ਕੀ ਉਨ੍ਹਾਂ ਨੂੰ ਵੀ ਦੁਕਾਨਾਂ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਪੂਰੀ ਹਮਦਰਦੀ ਨਾਲ ਗੌਰ ਕਰ ਰਹੇ ਹਾਂ, ਅਗਰ ਕੋਈ ਹਰੀਜਨ ਰਹਿ ਗਏ ਹਨ ਤਾਂ ਉਨ੍ਹਾਂ ਦਾ ਇੰਤਜ਼ਾਮ ਕਰ ਦੇਵਾਂਗੇ। ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਐਸੋਸੀਏਸ਼ਨ ਨੇ, ਯੂਨੀਅਨ ਨੇ ਜੋ ਲਿਸਟ ਸਪਲਾਈ ਕੀਤੀ ਸੀ ਉਸ ਦੇ ਮੁਤਾਬਕ ਹੀ ਕੀਤਾ ਹੈ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਅੱਗੇ ਲਈ ਇਸ ਤਰ੍ਹਾਂ ਦੇ ਅਦਾਰੇ, ਰਿਹਾਇਸ਼ੀ ਪਲਾਟ ਜਾਂ ਕੁਮੱਰਸ਼ਲ ਐਸਟੈਬਲਿਸ਼ਮੈਂਟ ਸ਼ਹਿਰਾਂ ਵਿਚ ਬਣਾਉਣ ਤਾਂ ਕੀ ਉਸ ਦੇ ਵਿਚ ਹਰੀਜਨਾਂ ਦੀ ਰਿਜ਼ਰਵੇਸ਼ਨ ਰੱਖੀ ਜਾਵੇਗੀ ?

ਮੰਤਰੀ: ਸਪੀਕਰ ਸਾਹਿਬ, ਮੈਂ ਅੱਗੇ ਵੀ ਦੁਕਾਨਾਂ ਬਾਰੇ ਅਰਜ਼ ਕੀਤੀ ਸੀ ਕਿ ਇਸ ਢੰਗ ਨਾਲ ਛੋਟੀਆਂ ਛੋਟੀਆਂ ਦੁਕਾਨਾਂ ਔਰ ਸਟਾਲ ਬਣਾ ਰਹੇ ਹਾਂ ਕਿ ਉਨ੍ਹਾਂ ਦੇ ਵਿਚ ਰਿਜ਼ਰਵੇਸ਼ਨ ਕੀਤੀ ਜਾਵੇ, ਵੀਕਰ ਸੈਕਸ਼ਨ ਅਤੇ ਹਰੀਜਨਾਂ ਵਾਸਤੇ ਅਤੇ ਜਿਹੜੇ ਬਹੁਤ ਗਰੀਬ ਹਨ ਜਿਨ੍ਹਾਂ ਕੋਲ ਆਪਣੀ ਕੋਈ ਦੁਕਾਨ ਜਾਂ ਸਟਾਲ ਨਹੀਂ ਹੈ ਉਨ੍ਹਾਂ ਨੂੰ ਰਿਜ਼ਰਵ ਪ੍ਰਾਈਸ ਦੇ ਉਤੇ ਦਿਤੀਆਂ ਜਾਣ, ਆਕਸ਼ਨ ਨਾ ਕੀਤੀ ਜਾਵੇ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਕਹਿੰਦੇ ਹਨ ਕਿ ਜਿਹੜੇ ਖੋਖਿਆਂ ਵਾਲੇ ਪਹਿਲਾਂ ਉਥੇ ਬੈਠੇ ਸੀ ਉਨ੍ਹਾਂ ਨੂੰ ਹੀ ਦੁਕਾਨਾਂ ਦਿੱਤੀਆਂ ਹਨ। ਕੀ ਇਨ੍ਹਾਂ ਨੇ ਉਨ੍ਹਾਂ ਤੋਂ ਇਲਾਵਾ ਵੀ ਦੁਕਾਨਾਂ ਦਿੱਤੀਆਂ ਹਨ ਜਿਹੜੇ ਖੋਖਿਆਂ ਵਿਚ ਨਹੀਂ ਬੈਠੇ ਸੀ? ਜੇ ਉਨ੍ਹਾਂ ਤੋਂ ਇਲਾਵਾ ਦਿਤੀਆਂ ਹਨ ਤਾਂ ਫਿਰ ਸ਼ਡਿਊਲਡ ਕਾਸਟਸ ਨੂੰ ਕਿਉਂ ਨਹੀਂ ਦਿਤੀਆਂ ?

ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਜੇ ਕੋਈ ਇਕ ਦੋ ਹਰੀਜਨ ਰਹਿ ਗਏ ਹਨ, ਉਨ੍ਹਾਂ ਦਾ ਹੱਕ ਬਣਦਾ ਹੈ ਤਾਂ ਅਸੀਂ ਇਨਕੁਆਇਰੀ ਕਰਵਾ ਕੇ ਉਨ੍ਹਾਂ ਨੂੰ ਆਪਣਾ ਹੱਕ ਦੇਵਾਂਗੇ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਹੁਣੇ ਹੀ ਇਕ ਪ੍ਰਸ਼ਨ ਦਾ ਉੱਤਰ ਦਿੰਦਿਆਂ ਇਹ ਕਿਹਾ ਹੈ ਕਿ [ਖੋਖਾ ਯੂਨੀਅਨ ਨੇ ਜੋ ਲਿਸਟ ਦਿੱਤੀ ਹੈ ਉਸ ਦੇ ਮੁਤਾਬਕ ਹੀ ਅਲਾਟਮੈਂਟ ਹੋਈ ਹੈ। ਅਗਰ ਇਹ ਸਾਬਤ ਕੀਤਾ ਜਾਵੇ ਕਿ ਲਿਸਟ ਦੇ ਮੁਤਾਬਕ ਅਲਾਟਮੈਂਟ ਨਹੀਂ ਹੋਈ ਹੈ ਬਲਕਿ ਕਿਸੀ ਹੋਰ ਬੇਸਿਜ਼ ਤੇ ਅਲਾਟਮੈਂਟ ਹੋਈਆਂ ਹਨ ਤਾਂ ਕੀ ਮਨਿਸਟਰ ਸਾਹਿਬ ਇਨਕੁਆਇਰੀ ਕਰਵਾਉਣ ਲਈ ਤਿਆਰ ਹਨ ?

ਮੰਤਰੀ : ਹਾਂ ਜੀ, ਅਸੀਂ ਜ਼ਰੂਰ ਇਨਕੁਆਇਰੀ ਕਰਵਾਵਾਂਗੇ ਅਗਰ ਫੈਕਟਸ ਸਾਡੇ ਨੋਟਿਸ ਵਿਚ ਲਿਆਂਦੇ ਜਾਣ।

ਡਾਕਟਰ ਅਮੀਰ ਸਿੰਘ ਕਲਕਟ : ਮਨਿਸਟਰ ਸਾਹਿਬ ਨੇ ਫੁਰਮਾਇਆ ਹੈ ਕਿ ਸ਼ਡਿਊਲਡ ਕਾਸਟਸ, ਬੈਕਵਰਡ ਕਲਾਸ ਅਤੇ ਇਕਨਾਮੀਕਲੀ ਬੈਕਵਰਡ ਲੋਕਾਂ ਨੂੰ ਅਲਾਟਮੈਂਟ ਵਿਚ ਹਿਮਾਇਤ ਕੀਤੀ ਜਾਂਦੀ ਹੈ। ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਉਨ੍ਹਾਂ ਲੋਕਾਂ ਨੂੰ ਕਰਾਇਆਂ ਦੀ ਸੁਵਿਧਾ ਦਿਤੀ ਜਾਵੇਗੀ, ਚੀਪਰ ਰੇਟਸ ਤੇ ਐਸਟੈਬਲਿਸ਼ਮੈਂਟਸ ਦਿਤੀਆਂ ਜਾਣਗੀਆਂ ਤਾਂ ਕਿ ਇਹ ਜਿਹੜੇ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸ ਹਨ ਜਾਂ ਇਕਨਾਮੀਕਲੀ ਬੈਕਵਰਡ ਹਨ ਉਨ੍ਹਾਂ ਦੀ ਮੱਦਦ ਹੋ ਸਕੇ ?

ਮੰਤਰੀ: ਸਪੀਕਰ ਸਾਹਿਬ, ਮੈਂ ਅੱਗੇ ਹੀ ਇਹ ਕਹਿ ਚੁਕਾ ਹਾਂ ਕਿ ਇਸ ਤੇ ਵਿਚਾਰ ਕਰ ਲਵਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ . ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਫੁਰਮਾਇਆ ਹੈ ਕਿ ਜਿਹੜੀ ਲਿਸਟ ਸੀ ਉਸ ਦੇ ਮੁਤਾਬਕ ਹੀ ਦੁਕਾਨਾਂ ਦਿਤੀਆਂ ਹਨ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਲਿਸਟ ਵਿਚੋਂ 6 ਆਦਮੀਆਂ ਨੂੰ ਦੁਕਾਨਾਂ ਨਹੀਂ ਮਿਲੀਆਂ। ਉਨ੍ਹਾਂ ਦਾ ਕੇਸ ਹਾਈ ਕੋਰਟ ਵਿਚ ਚਲ ਰਿਹਾ ਹੈ ਅਤੇ ਸਟੇ ਮਿਲੀ ਹੈ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਉਨ੍ਹਾਂ 6 ਆਦਮੀਆਂ ਦਾ ਕੇਸ ਇਨ੍ਹਾਂ ਦੇ ਨੋਟਿਸ ਵਿਚ ਹੈ?

ਮੰਤਰੀ : ਸਪੀਕਰ ਸਾਹਿਬ, ਮੇਰੇ ਤਾਂ ਨੋਟਿਸ ਵਿਚ ਨਹੀਂ ਜੀ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਇਕ ਪ੍ਰਸ਼ਨ ਦਾ ਉੱਤਰ ਦਿੰਦਿਆਂ ਇਕ ਪਾਲਿਸੀ ਦੀ ਗੱਲ ਵੀ ਕਹੀ ਹੈ ਕਿ ਜਿਹੜੇ ਲੋਕ ਪਹਿਲਾਂ ਇਨ੍ਹਾਂ ਪਲਾਟਾਂ ਉਤੇ, ਖੋਖਿਆਂ ਵਿਚ ਰਹਿਣਗੇ ਉਨ੍ਹਾਂ ਨੂੰ ਅਲਾਟ ਕੀਤੇ ਜਾਇਆ ਕਰਨਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੁਹਾਲੀ ਦੇ ਪਲਾਟਾਂ ਬਾਰੇ 4 ਫਰਵਰੀ, 1974 ਨੂੰ ਤੁਸੀਂ ਇਕ ਲੈਟਰ ਜਾਰੀ ਕੀਤਾ ਹੈ। ਇਸ ਦੇ ਵਿਚ 4 ਗੱਲਾਂ ਲਿਖੀਆਂ ਹਨ। ਨੰਬਰ 1 ਕਿ ਜਿਹੜੇ ਸਾਰੀਆਂ ਕਿਸ਼ਤਾਂ ਦੇ ਦੇਣ, ਨੰਬਰ 2 ਜਿਹੜੇ ਦੋ ਕਿਸ਼ਤਾਂ ਦੇ ਦੇਣ, ਨੰਬਰ 3 ਜਿਹੜੇ ਤਿੰਨ ਕਿਸ਼ਤਾਂ ਦੇ ਦੇਣ ਅਤੇ ਨੰਬਰ 4 ਜਿਹੜੇ ਤਹਿ ਸ਼ੁਦਾ ਕਿਸ਼ਤਾਂ ਦੇਣਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਪਾਲਿਸੀ ਦਾ ਐਲਾਨ ਕੀਤਾ ਹੈ ਉਸ ਦੇ ਨਾਲ ਮੁਹਾਲੀ ਦੇ ਪਲਾਟਾਂ ਦੇ ਬਾਰੇ ਵੀ ਕਹਿ ਦੇਣ ਕੀ ਇਸ ਲੈਟਰ ਦੇ ਨਿਕਲਣ ਨਾਲ ਹਜ਼ਾਰਾਂ ਆਦਮੀਆਂ ਦੇ ਨਾਲ ਜਿਨ੍ਹਾਂ ਨੇ ਪਹਿਲਾਂ ਅਪਲਾਈ ਕੀਤਾ ਹੋਇਆ ਹੈ ਉਨ੍ਹਾਂ ਨਾਲ ਜ਼ਿਆਦਤੀ ਨਹੀਂ ?

ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਤਾਂ ਲੁਧਿਆਣਾ ਦੀਆਂ ਸ਼ਾਪਸ ਦਾ ਸੀ ਪਰ ਇਨ੍ਹਾਂ ਨੇ ਵਿਚ ਮੁਹਾਲੀ ਦੇ ਪਲਾਟਾਂ ਦੀ ਗੱਲ ਕਰ ਦਿੱਤੀ ਹੈ। ਮੈਂ ਅੱਗੇ ਵੀ ਰਿਹਾਇਸ਼ੀ ਪਲਾਟਾਂ ਬਾਰੇ ਕਹਿ ਚੁੱਕਾ ਹਾਂ ਕਿ 25 ਪ੍ਰਤੀਸ਼ਤ ਵੀਕਰ ਸੈਕਸ਼ਨ ਨੂੰ ਉਨ੍ਹਾਂ ਕਿਸ਼ਤਾਂ ਤੇ ਹੀ ਦਿੱਤੇ ਜਾਣਗੇ ਜਿਨ੍ਹਾਂ ਕਿਸ਼ਤਾਂ ਤੇ ਪਹਿਲਾਂ ਦਿੱਤੇ ਜਾਂਦੇ ਹਨ, ਰਿਜ਼ਰਵ ਪ੍ਰਾਈਸ ਤੇ ਦੇਵਾਂਗੇ। ਬਾਕੀ ਜੇ ਅਗਰ ਪੈਸਿਆਂ ਵਾਲਿਆਂ ਤੋਂ ਪਹਿਲਾਂ ਹੀ ਪੂਰੀਆਂ ਕਿਸ਼ਤਾਂ ਲੈ ਲਈਏ ਅਤੇ ਉਸ ਦੇ ਨਾਲ ਜ਼ਿਆਦਾ ਅਰਬਨ ਐਸਟੇਟਸ ਬਣ ਜਾਣ ਤਾਂ ਅੱਛਾ ਹੈ। ਇਕ ਵਾਰੀ ਫਿਰ ਮੈਂ ਦੱਸਣਾ ਚਾਹੁੰਦਾ ਹਾਂ ਕਿ 25 ਪ੍ਰਤੀਸ਼ਤ ਵੀਕਰ ਸੈਕਸ਼ਨ ਨੂੰ ਪੂਰੀਆਂ ਰਿਆਇਤਾਂ ਵੀ ਦੇਵਾਂਗੇ ਔਰ ਉਨ੍ਹਾਂ ਤੋਂ ਰਿਜ਼ਰਵ ਪ੍ਰਾਈਸ ਵੀ ਲਵਾਂਗੇ। (ਵਿਘਨ)

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਕ ਲਫਜ਼ ਲੱਭ ਲਿਆ ਹੈ ਵੀਕਰ ਸੈਕਸ਼ਨ ਦਾ। ਮੈਂ ਸਪੈਸੀਫ਼ੀਕਲੀ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਵੀਕਰ ਸੈਕਸ਼ਨ ਜੋ ਸਵਰਨ ਜਾਤੀਆਂ ਦਾ ਹੈ ਉਸ ਨੂੰ 25 ਪ੍ਰਤੀਸ਼ਤ ਉਸ ਦੇ ਵਿਚੋਂ ਦੇਣ ਅਤੇ ਜਿਹੜੇ ਹਰੀਜਨ ਵੀਕਰ ਸੈਕਸ਼ਨ ਹੈ ਕੀ ਉਨ੍ਹਾਂ ਲਈ 25 ਪ੍ਰਤੀਸ਼ਤ ਤਜਾਰਤੀ ਦੁਕਾਨਾਂ ਲਈ, ਰਿਹਾਇਸ਼ੀ ਪਲਾਟਾਂ ਲਈ ਜਾਂ ਮੁਹਾਲੀ ਜੋ ਹਾਊਸਿੰਗ ਸਕੀਮ ਹੈ ਸਿਰਫ਼ ਹਰੀਜਨਾਂ ਲਈ, ਬੈਕਵਰਡ ਕਲਾਸ ਅਤੇ ਸ਼ਡਿਊਲਡ ਕਾਸਟਸ ਲੋਕਾਂ ਲਈ ਰਿਜ਼ਰਵੇਸ਼ਨ ਕਰਨਗੇ ? (ਵਿਘਨ)

ਮੰਤਰੀ: ਸਪੀਕਰ ਸਾਹਿਬ, ਮੇਰਾ ਵੀਕਰ ਸੈਕਸ਼ਨ ਤੋਂ ਮਤਲਬ ਹੈ ਕਿ ਜਿਹੜਾ ਬਹੁਤ ਪਲਿਆ ਪੁਲਿਆ ਨਾ ਹੋਵੇ। ਬਾਕੀ ਮੈਂ ਐਕਨਾਮੀਕਲੀ ਵੀਕਰ ਸੈਕਸ਼ਨ ਕਿਹਾ ਹੈ। (ਵਿਘਨ) 25 ਪ੍ਰਤੀਸ਼ਤ ਰੱਖ ਲਿਆ ਹੈ ਜੇ ਹਰੀਜਨ ਨਾ ਆਉਣਗੇ ਤਾਂ ਹੋਰਾਂ ਨੂੰ ਦਿੱਤੇ ਜਾਣਗੇ। ਫ਼ਰਜ਼ ਕੀਤਾ ਇਨ੍ਹਾਂ ਵਿਚੋਂ 20 ਪ੍ਰਤੀਸ਼ਤ ਹਰੀਜਨ ਆਉਂਦੇ ਹਨ ਤਾਂ ਬਾਕੀ 5 ਪ੍ਰਤੀਸ਼ਤ ਦੂਸਰਿਆਂ ਨੂੰ ਦਿੱਤੇ ਜਾਣਗੇ। (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮਿਊਨਿਸਪਲ ਕਮੇਟੀ ਦੀ ਹਦੂਦ ਵਿਚ ਜਾਂ ਹੁਣ ਇਮਪਰੂਵਮੈਂਟ ਟਰੱਸਟ ਦੀ ਹਦੂਦ ਵਿਚ ਸ਼ਾਪਸ ਬਣਦੀਆਂ ਹਨ, ਖੋਖਿਆਂ ਨੂੰ ਉਠਾ ਕੇ ਸ਼ਾਪਸ ਬਣਾਈਆਂ ਹਨ ਉਹ ਪਿੰਡਾਂ ਵਿਚ ਨਹੀਂ ਬਣਦੀਆਂ, ਸ਼ਹਿਰਾਂ ਦੇ ਵਿਚ ਹੀ ਬਣਦੀਆਂ ਹਨ। ਸਰਕਾਰ ਸਾਡੀ ਤਸੱਲੀ ਲਈ, ਹਰੀਜਨਾਂ ਦੀ ਤਸੱਲੀ ਲਈ ਹੁਣੇ ਡਿਕਲੇਅਰ ਕਿਉਂ ਨਹੀਂ ਕਰਦੀ ਕਿ ਅੱਜ ਤੋਂ ਹੀ ਰਿਜ਼ਰਵੇਸ਼ਨ 25 ਪ੍ਰਤੀਸ਼ਤ ਦੁਕਾਨਾਂ ਔਰ ਰਿਹਾਇਸ਼ੀ ਜਗ੍ਹਾ ਲਈ ਦਿਤੀ ਜਾਵੇਗੀ ?

ਮੰਤਰੀ: ਸਪੀਕਰ ਸਾਹਿਬ, ਮੈਂ ਇਸ ਦੇ ਬਾਰੇ ਪਹਿਲਾਂ ਵੀ ਕਹਿ ਚੁੱਕਾ ਹਾਂ। ਸਰਕਾਰ ਦੀ ਨੀਅਤ ਬਿਲਕੁਲ ਸਾਫ਼ ਹੈ। ਪਹਿਲਾਂ 5 ਪ੍ਰਤੀਸ਼ਤ, 10 ਪ੍ਰਤੀਸ਼ਤ ਤਕ ਵੀ ਇਹ ਨਹੀਂ ਸੀ ਪਹੁੰਚੀ ਹੁਣ ਅਸੀਂ ਇਸ ਨੂੰ 25 ਪ੍ਰਤੀਸ਼ਤ ਤਕ ਪਹੁੰਚਾਵਾਂਗੇ।

ਸ੍ਰੀ ਸਰਦਾਰੀ ਲਾਲ ਕਪੂਰ: ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਥੇ ਦੁਕਾਨਾਂ ਬਣ ਰਹੀਆਂ ਹਨ ਉਨ੍ਹਾਂ ਦੇ ਵਿਚ ਜਿਹੜੇ ਲੋਕੀਂ ਅੱਗੇ ਬੈਠੇ ਸਨ ਉਨ੍ਹਾਂ ਦੀ ਲਿਸਟ ਦੇ ਮੁਤਾਬਕ ਤਦਾਦ ਇੰਨੀ ਹੈ ਜਿਸ ਦੇ ਨਾਲ ਕੋਈ ਜਗ੍ਹਾ ਖਚਣ ਦੀ ਗੱਲ ਬਣਦੀ ਹੀ ਨਹੀਂ। ਜਿਹੜੇ ਬੈਠੇ ਹਨ, ਉਨ੍ਹਾਂ ਨੂੰ ਤਾਂ ਜਗ੍ਹਾ ਦੇਣੀ ਹੈ ਇਸ ਦੇ ਇਲਾਵਾ ਹੋਰਾਂ ਨੂੰ ਜਗ੍ਹਾ ਕਿਵੇਂ ਦੇਣੀ ਹੈ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਇਹ ਮੈਂ ਇਨ੍ਹਾਂ ਨੂੰ ਪਤਾ ਕਰਕੇ ਦੱਸ ਦੇਵਾਂਗਾ।

Raid made by Senior Superintendent of Police on Fertilizer Stock of Bhatinda Agro-Industry

*2085. **Sardar Dhanna Singh Gulshan** : Will the Chief Minister be pleased to state—

(a) whether it is a fact that the Senior Superintendent of Police made a raid on the fertilizer stock of Bhatinda Agro-Industry in September/October, 1973; if so, whether any bags of adulterated fertilizers were detected;

(b) whether any case was registered with the police in this connection, if so; the result thereof ?

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੁੱਖ ਸੰਸਦੀ ਸਕੱਤਰ) : (ੳ ਅਤੇ ਅ) ਐਸ. ਐਸ. ਪੀ. ਬਠਿੰਡਾਂ ਨੇ ਖੁਦ ਤਾਂ ਕੋਈ ਛਾਪਾ ਨਹੀਂ ਮਾਰਿਆ ਸੀ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਮਿਲਾਵਟ ਵਾਲੀ ਖਾਦ ਮਿਲੀ ਸੀ। ਪਰ ਇਤਲਾਹ ਮਿਲਣ ਤੇ ਮੁਕੱਦਮਾਂ ਨੰ: 382, ਮਿਤੀ 13 ਨਵੰਬਰ, 1973 ਅਧ 408, 409, 420 ਹਿ: ਡੰ: ਕੋਤਵਾਲੀ, ਬਠਿੰਡਾ ਵਿਚ ਐਗਰੋ ਇੰਡਸਟਰੀ, ਬਠਿੰਡਾ ਦੇ ਇਕ ਕਲਰਕ ਅਤੇ ਸਟੋਰ ਕੀਪਰ ਦੇ ਵਿਰੁੱਧ ਦਰਜ਼ ਹੋਇਆ ਹੈ। ਜਿਸ ਦੀ ਤਫ਼ਤੀਸ਼ ਦੇ ਦੌਰਾਨ 20 ਬੋਰੀਆਂ ਖਾਦ ਪੁਲਿਸ ਨੇ ਕਬਜ਼ੇ ਵਿਚ ਲਈਆਂ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ। ਮੁਕੱਦਮਾਂ ਅਜੇ ਜ਼ੇਰੇ ਤਫ਼ਤੀਸ਼ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਸੰਸਦੀ ਸਕੱਤਰ ਨੂੰ ਪੁਛੱਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਜਦੋਂ ਵੀ ਕੋਈ ਸਕੈਂਡਲ ਸਰਕਾਰੀ ਅਦਾਰਿਆਂ ਵਿਚ ਫੜਿਆ ਜਾਂਦਾ ਹੈ ਤਾਂ ਇਹ ਕਿਹਾ ਜਾਂਦਾ ਹੈ ਕਿ ਕਲੱਰਕ, ਪਟਵਾਰੀ ਜਾਂ ਕੋਈ ਚੌਕੀਦਾਰ ਰੰਗੇ ਹੱਥੀਂ ਫੜ ਲਿਆ ਔਰ ਜਿਹੜੇ ਮਹਿਕਮਿਆਂ ਦੇ ਹੈੱਡ ਹਨ ਔਰ ਸਾਰਾ ਦਿਨ ਚੋਰੀ ਕਰਵਾਉਂਦੇ ਰਹਿੰਦੇ ਹਨ ਔਰ ਉਹ ਸਰਕਾਰ ਨਾਲ ਮਿਲੇ ਹੋਏ ਹਨ ਇਸ ਲਈ ਉਨ੍ਹਾਂ ਨੂੰ ਨਹੀਂ ਫੜਿਆ ਜਾਂਦਾ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਜਿਸ ਦੇ ਖ਼ਿਲਾਫ਼ ਕੋਈ ਸ਼ਿਕਾਇਤ ਕਰਦਾ ਹੈ ਉਸ ਦੇ ਖਿਲਾਫ਼ ਕਾਰਵਾਈ ਕੀਤੀ ਜਾਂਦੀ ਹੈ। ਸਰਦਾਰ ਬੁੱਧ ਸਿੰਘ ਨੇ ਸ਼ਿਕਾਇਤ ਕੀਤੀ ਸੀ ਕਿ ਸਬੰਧਤ ਕਰਮਚਾਰੀ ਉਸ ਦੇ ਕੋਲੋਂ 100 ਰੁਪਏ ਜ਼ਿਆਦਾ ਮੰਗਦਾ ਹੈ ਉਸ ਨੇ ਰੁਪਏ ਦੇਣ ਤੋਂ ਇਨਕਾਰ ਕਰ ਦਿਤਾ ਅਤੇ ਐਸ. ਐਸ. ਪੀ. ਸਾਹਿਬ ਕੋਲ ਸ਼ਿਕਾਇਤ ਕੀਤੀ ਅਤੇ ਕਾਰਵਾਈ ਸ਼ੁਰੂ ਹੋ ਗਈ। ਇਸ ਤੋਂ ਇਲਾਵਾ ਇਹ ਸ਼ਿਕਾਇਤ ਆਈ ਸੀ ਕਿ ਕਲਰਕ ਔਰ ਸਟੋਰਕੀਪਰ ਬੋਰੀਆਂ ਵਿਚੋਂ ਕੁੱਝ ਖਾਦ ਕੱਢ ਲੈਂਦੇ ਹਨ। ਉਸ ਤੇ 20 ਬੋਰੀਆਂ ਤੋਲੀਆਂ ਗਈਆਂ ਅਤੇ ਸਬੰਧਤ ਕਰਮਚਾਰੀਆਂ ਤੇ ਕੇਸ ਬਣਾਇਆ ਗਿਆ। ਉਨ੍ਹਾਂ ਦੀ ਜ਼ਮਾਨਤ ਜੁਡੀਸ਼ੀਅਲ ਮੈਜਿਸਟਰੇਟ ਨੇ ਲੈ ਲਈ ਹੈ ਅਤੇ ਤਫ਼ਤੀਸ਼ ਹੋ ਰਹੀ ਹੈ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਬੜੇ ਸੀਰੀਅਸ ਚਾਰਜ ਉਥੇ ਦੇ ਐਸ. ਐਸ. ਪੀ. ਦੇ ਖ਼ਿਲਾਫ਼ ਲਗਾਏ ਗਏ ਹਨ ਮੈਨੂੰ ਇਸ ਗੱਲ ਦਾ ਦੁਖ ਹੁੰਦਾ ਹੈ ਕਿ ਉਹ ਬੰਦਾ ਡਾਕਟਰ ਜਗਜੀਤ ਸਿੰਘ ਦਾ ਭਾਣਜਾ ਹੈ ਅਤੇ ਫਿਰ ਵੀ ਇਹ ਇਲਜ਼ਾਮ ਲਾਈ ਜਾ ਰਹੇ ਹਨ, ਇਹ ਦਸਣ ਕਿ ਕੀ ਇਹ ਸੱਚ ਹੈ ਜਾਂ ਝੂਠ ਹੈ?

(ਕੋਈ ਉੱਤਰ ਨਹੀਂ ਦਿੱਤਾ ਗਿਆ।)

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਤਲਵੰਡੀ ਵਿਚ 108 ਬੋਰੀਆਂ ਅਤੇ 69 ਬੋਰੀਆਂ ਮਿਲਾਵਟ ਵਾਲੀ ਖਾਦ ਪਕੜੀ ਗਈ। ਉਨ੍ਹਾਂ ਦਾ ਪਰਚਾ ਵੀ ਹੋ ਗਿਆ (ਵਿਘਨ) ਉਸ ਕੇਸ ਨੂੰ ਹੱਸ਼ ਅੱਪ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮਿਲਾਵਟ ਦਾ ਯੂਨੀਵਰਸਿਟੀ ਵਲੋਂ ਵੀ ਰਿਨਲਆ ਚੁੱਕਾ ਹੈ। ਕਰਮਚਾਰੀਆਂ ਨੇ ਬਿਆਨ ਦਿਤੇ ਹਨ ਕਿ ਉਨ੍ਹਾਂ ਨੂੰ ਮੈਨੇਜਰ ਮਿਲਾਵਟ ਕਰਨ ਲਈ ਕਹਿੰਦਾ ਰਿਹਾ ਹੈ, ਪਰ ਉਸ ਤੇ ਕੋਈ ਕਾਰਵਾਈ ਸਿਰੇ ਨਾ ਚੜ੍ਹਾਉਣ ਦੇ ਕੀ ਕਾਰਨ ਹਨ ? (ਵਿਘਨ)

ਮੁੱਖ ਸੰਸਦੀ ਸਕੱਤਰ: ਇਹ ਕੁਐਸਚਨ ਬਠਿੰਡੇ ਦੇ ਮੁਤਅੱਲਕ ਹੈ, ਜੋ ਮੈਂਬਰ ਸਾਹਿਬ ਕਹਿੰਦੇ ਹਨ ਉਸ ਦੇ ਲਈ ਨਵਾਂ ਨੋਟਿਸ ਦੇ ਦੇਣ ਮੈਂ ਜਵਾਬ ਦੇ ਦਿਆਂਗਾ।

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਸੀ. ਪੀ. ਐਸ. ਸਾਹਿਬ ਨੇ ਦਸਿਆ ਹੈ ਕਿ 13 ਨਵੰਬਰ, 1973 ਨੂੰ ਕੇਸ ਰਜਿਸਟਰ ਹੋਇਆ ਸੀ ਔਰ ਤਫ਼ਤੀਸ਼ ਅਜੇ ਤਾਈਂ ਹੋ ਰਹੀ ਹੈ। ਮੈਂ ਕਹਿੰਦਾ ਹਾਂ ਕਿ ਤਫ਼ਤੀਸ਼ ਕਰਨ ਵਾਲਾ ਪੁਲੀਸ ਦਾ ਦਫ਼ਤਰ ਅਤੇ ਐਗਰੋ-ਇੰਡਸਟਰੀ ਦਾ ਦਫ਼ਤਰ ਦੋਵੇਂ ਬਠਿੰਡੇ ਵਿਚ ਹਨ, ਇਤਨੀ ਦੇਰੀ ਦੇ ਕੀ ਕਾਰਨ ਹਨ ਅਤੇ ਉਹ ਤਫ਼ਤੀਸ਼ ਕਦੋਂ ਤਕ ਖ਼ਤਮ ਹੋ ਜਾਵੇਗੀ ?

ਮੁੱਖ ਸੰਸਦੀ ਸਕੱਤਰ : ਮੈਂ, ਸਪੀਕਰ ਸਾਹਿਬ, ਮਜ਼ੀਦ ਤਸੱਲੀ ਕਰਨ ਵਾਸਤੇ ਉਥੋਂ ਦੇ ਐਸ. ਐਸ. ਪੀ. ਨੂੰ ਟੈਲੀਫ਼ੋਨ ਤੇ ਗੱਲ ਕੀਤੀ ਹੈ ਅਤੇ ਉਸ ਨੂੰ ਇਹ ਵੀ ਪੁੱਛਿਆ ਹੈ ਕਿ ਇਕੱਲੀ ਦਫ਼ਾ 420 ਕਿਉਂ ਲਗਾਈ ਗਈ ਹੈ। ਉਸ ਨੇ ਦੱਸਿਆ ਕਿ ਦਫ਼ਾ 420 ਤੋਂ ਇਲਾਵਾ 408 ਅਤੇ 409 ਵੀ ਲਾਈ ਹੈ ਅਤੇ ਇਸ ਮਹੀਨੇ ਦੇ ਅੰਦਰ ਅੰਦਰ ਚਲਾਨ ਪੇਸ਼ ਕਰ ਦਿਤਾ ਜਾਵੇਗਾ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਸੇ ਤਰ੍ਹਾਂ ਦਾ ਇਕ ਕੇਸ ਮੇਰੇ ਹਲਕੇ ਮੁੱਲਾਂਪੁਰ ਵਿਚ ਹੋਇਆ ਹੈ। ਉਹ ਕੇਸ ਦਰਜ ਵੀ ਹੋ ਚੁੱਕਾ ਹੈ ਪਰ ਮੁਲਾਜ਼ਮ ਨਹੀਂ ਫੜੇ ਜਾ ਰਹੇ......(ਵਿਘਨ)

ਸ੍ਰੀ ਸਪੀਕਰ: ਇਹ ਸੁਆਲ ਤਾਂ ਇਸ ਵਿਚੋਂ ਉਠਦਾ ਹੀ ਨਹੀਂ। (This supplementary question does not arise out of this question.)

ਮੁੱਖ ਸੰਸਦੀ ਸਕੱਤਰ : ਸਾਡਾ ਕੋਈ ਬੰਦਾ ਇਸ ਤਰ੍ਹਾਂ ਦੀ ਦਖ਼ਲ ਅੰਦਾਜ਼ੀ ਨਹੀਂ ਕਰਦਾ।

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਸੀ. ਪੀ. ਐਸ. ਸਾਹਿਬ ਨੇ ਮੰਨਿਆ ਹੈ ਕਿ ਕੇਸ ਤਾਂ ਫੜਿਆ ਗਿਆ ਪਰ ਗ੍ਰਿਫ਼ਤਾਰੀ ਕੋਈ ਨਹੀਂ ਹੋਈ। ਕੀ ਸੀ. ਪੀ. ਐਸ. ਸਾਹਿਬ ਯਕੀਨ ਦਿਵਾਉਣਗੇ ਕਿ ਕਿਹੜੀ ਤਾਰੀਖ਼ ਗਿਰਫ਼ਤਾਰੀਆਂ ਕੀਤੀਆਂ ਜਾਣਗੀਆਂ?

ਮੁੱਖ ਸੰਸਦੀ ਸਕੱਤਰ : ਹਾਲੇ ਤਾਈਂ ਕੋਈ ਐਵੀਡੈਂਸ ਨਹੀਂ ਮਿਲ ਰਹੀ। ਐਸ. ਐਸ. ਪੀ. ਨੇ, ਸਰਦਾਰ ਗੁਰਚਰਨ ਸਿੰਘ ਨੂੰ ਕਿਹਾ ਹੈ ਕਿ ਐਵੀਡੈਂਸ ਦਿਓ ਤਾਂ ਕਿ ਕੇਸ ਤੇ ਅਗਲੀ ਕਾਰਵਾਈ ਕੀਤੀ ਜਾਵੇ ਪਰ ਹਾਲੇ ਤਕ ਕੋਈ ਐਵੀਡੈਂਸ ਨਹੀਂ ਪੇਸ਼ ਹੋਈ।

Case registered with Civil Lines Police Station, Amritsar in December, 1973.

***2478. 1. Comrade Achhra Singh**
2. Comrade Satya Pal Dang : Will the Chief Minister be pleased to state—

(a) whether any case was registered with the Civil Lines Police Station, Amritsar in the month of December, 1973, about the theft of medicines from the V.J. Hospital by some persons getting them issued by forging signatures of some Doctor (s) of the Hospital on false prescription; if so, whether any accused have been arrested;

(b) whether any challan in the said case has been put up in the court?

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੁੱਖ ਸੰਸਦੀ ਸਕੱਤਰ) : (ੳ) ਹਾਂ ਜੀ। ਅਜੇ ਤਕ ਕੋਈ ਦੋਸ਼ੀ ਗਿਰਫ਼ਤਾਰ ਨਹੀਂ ਕੀਤਾ ਗਿਆ।

(ਅ) ਨਹੀਂ ਜੀ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਕੁਝ ਸੱਜਣ ਡਾਕਟਰਾਂ ਦੇ ਜਾਲ੍ਹੀ ਦਸਤਖ਼ਤ ਕਰ ਕੇ ਹਸਪਤਾਲ ਵਿਚੋਂ ਕੀਮਤੀ ਦਵਾਈਆਂ ਕਢਵਾ ਕੇ ਬਾਹਰ ਵੇਚਦੇ ਰਹੇ, ਅਤੇ ਹਾਲੇ ਤਕ ਉਹ ਮੁਕਦਮਾ ਅੱਗੇ ਚਲਦਾ ਹੀ ਨਹੀਂ ਪਿਆ, ਕੀ ਸਰਦਾਰ ਗੁਰਚਰਨ ਸਿੰਘ ਚਾਹੁੰਦੇ ਹਨ ਕਿ ਮਰੀਜ਼ਾਂ ਨੂੰ ਦਵਾਈਆਂ ਨਾ ਮਿਲਣ?

ਮੁੱਖ ਸੰਸਦੀ ਸਕੱਤਰ: ਜੋ ਡਾਂਗ ਸਾਹਿਬ ਨੇ ਕਿਹਾ ਹੈ ਮੈਂ ਇਹ ਨਹੀਂ ਚਾਹੁੰਦਾ। ਮੈਂ ਕਹਿੰਦਾ ਹਾਂ ਕਿ ਡਾਕਟਰ ਗੁਰਜੰਡ ਸਿੰਘ ਨੇ ਮੈਡੀਕਲ ਸੁਪਰਡੰਟ ਦੇ ਖਿਲਾਫ਼ ਦਵਾਈਆਂ ਵੇਚਣ ਦੀ ਸ਼ਿਕਾਇਤ ਕੀਤੀ ਕੇਸ ਦਰਜ ਹੋ ਗਿਆ ਹੈ। ਐਸ. ਐਸ. ਪੀ. ਨੇ ਗਵਾਹੀਆਂ ਲਈ ਕਿਹਾ ਹੈ ਪਰ ਉਹ ਭੁਗਤ ਨਹੀਂ ਰਹੀਆਂ, ਜਦੋਂ ਸਾਬਤ ਹੋ ਗਿਆ, ਕਾਰਵਾਈ ਕੀਤੀ ਜਾਵੇਗੀ।

ਕਾਮਰੇਡ ਸੱਤ ਪਾਲ ਡਾਂਗ : ਕੀ ਨਿਹਾਲ ਸਿੰਘ ਵਾਲਾ ਜੀ ਉਥੇ ਹਸਪਤਾਲ ਜਾ ਕੇ ਇਸ ਬਾਰੇ ਪੁੱਛ ਲੈਣਗੇ, ਕਿਉਂਕਿ ਉਥੇ ਦਾ ਬੱਚਾ ਬੱਚਾ ਜਾਣਦਾ ਹੈ ਕਿ ਉਹ ਜਾਲ੍ਹੀ ਦਸਤਖ਼ਤ ਕੌਣ ਕਰਦਾ ਸੀ। Every child in the V. J. Hospital knows it. It is an open secret. ਕੀ ਉਹ ਉਨ੍ਹਾਂ ਦਸਤਖ਼ਤਾਂ ਨੂੰ ਫਲੌਰ ਵਿਚ ਚੈੱਕ ਕਰਵਾ ਕੇ ਕਾਰਵਾਈ ਕਰਨਗੇ?

ਮੁੱਖ ਸੰਸਦੀ ਸਕੱਤਰ: ਮੈਂ ਡਾਂਗ ਸਾਹਿਬ ਨੂੰ ਯਕੀਨ ਦਿਲਾਉਂਦਾ ਹਾਂ ਕਿ ਤੁਸੀਂ ਮੱਦਦ ਕਰੋ, ਮੈਂ ਨਾਲ ਚਲਣ ਨੂੰ ਤਿਆਰ ਹਾਂ, ਅਗਰ ਕੋਈ ਦੋਸ਼ੀ ਸਾਬਤ ਹੋਇਆ ਤਾਂ ਕਾਰਵਾਈ ਜ਼ਰੂਰ ਕੀਤੀ ਜਾਵੇਗੀ।

ਸਰਦਾਰ ਅਜਾਇਬ ਸਿੰਘ ਸੰਧੂ : ਡਾਂਗ ਸਾਹਿਬ, ਨੂੰ ਤਾਂ ਮੈਂ ਨਾਲ ਭੇਜ ਦਿਆਂਗਾ ਕੀ ਇਹ ਵਾਇਦਾ ਕਰਨਗੇ ਕਿ ਅਗਰ ਇਨ੍ਹਾਂ ਦੇ ਕਿਸੇ ਵਜ਼ੀਰ ਨੇ ਕੋਈ ਜ਼ੋਰ ਪਾਇਆ ਤਾਂ ਪਿਛੇ ਤਾਂ ਨਹੀਂ ਹਟਣਗੇ?

(ਕੋਈ ਉੱਤਰ ਨਹੀਂ ਦਿੱਤਾ ਗਿਆ।)

Memoranda submitted by the General Secretary, Punjab Subordinate Services Federation Regarding Dearness Allowance for Government Employees

***2485. Comrade Arjan Singh Mastana** : Will the Chief Minister be pleased to—

(a) lay on the Table of the House a copy each of the memoranda submitted by Mr. Ranbir Dhillon, General Secretary, Punjab Subordinate Services Federation, during the year 1973, regarding payment of dearness allowance to the State Government employees;

(b) state the dates on which Government held discussions with him to consider the points raised in the said memoranda ;

(c) state the reason which led to breaking of negotiations with him ; and

(d) state the steps Government proposes to take to resolve the deadlock ?

Shri Hans Raj Sharma (Finance Minister) : (a) A copy each of the communications, dated 8th/14th June, 1973, 12th July, 1973, 29th September, 1973 and 9th December, 1973 is laid on the Table of the House.

(b) Talks were held on the 18th October, 24th October, and 31st December, 1973, with the employees' representatives, including the Dhillon group.

(c) There was no such thing as breaking of negotiations, because the talks were not meant to enter into any formal agreement with the employees' representatives, including the Dhillon group, for granting additional dearness allowance on Central pattern.

(d) The additional dearness allowance has been granted on Central pattern, in accordance with the commitment of the Government. Therefore, there is no deadlock as far as Government is concerned.

[Finance Minister]

COPY

PUNJAB SUBORDINATE SERVICES FEDERATION
1680, Sector 22-B, Chandigarh.

Dated 8th /14th June 1973

Ref. No. PSSF/PC-III-73/419

To

The Secretary to Government, Punjab,
Finance Department, Chandigarh.

Subject.—Grant of D. A. rise.

Sir,

I have been directed by the Executive Committee, P. S. S. F. to draw your attention that the price index 12-monthly average stood at 249 points (1949-100) in February, 1973. The table given below shall explain the position:—

Month	(1960-100)	(1949-100)	Month	(1960-100)	(1949-100)
January, 1972	194	230	August, 1972	207	252
February, 1972	193	235	September, 1972	208	253
March, 1972	194	236	October, 1972	209	254
April, 1972	195	237	November, 1972	210	255
May, 1972	196	238	December, 1972	..	..
June, 1972	201	244	January, 1973	210	255
July, 1972	205	249	February, 1973	212	259

(12-monthly average-249)

2. The Punjab had always given D A. rise for 10-points (12-monthly average) rise in price index ever since after 175 points. Accordingly the Punjab Government granted D.A. rise of Rs. 7—15 at 238 points (though it was due at 235 points). Now the index had crossed 10 points in February, 1973, and hence on the said rise, the D.A. rise may be granted from February, 1973, at Rs. 7—15.

3. The prices of essential commodities had crossed all old records and family budgets had been disturbed ever since April, 73. In order to save the employees wages from further erosion, the Government is requested to grant "*Ad hoc* Allowance "of Rs. 25.

The Punjab Subordinate Services Federation hopes that the Government would grant:—

(i) D A. rise of Rs. 7—15 from February, 1973, in lieu of 10-point index rise (12-monthly average).

(ii) *Ad hoc* Allowance of Rs. 25 to off set the abnormal rise in prices of essential commodities.

An early decision shall be appreciated.

(Sd) Yours faithfully,

RANBIR DHILLON,
General Secretary.

COPY

PUNJAB SUBORDINATE SERVICES FEDERATION

1680, Secor 22-B,
Chandigarh.
Dated 12th July, 1973

Ref. No. PSSF/PCIII/73-585.

Chief Minister, Punjab,
Chandigarh.

Subject.—Grant of increase in dearness allowance.

Dear Sir,

Reference to our letter No. PSSF./PCIII-73/419-21, dated 8th June, 1973 requesting for the grant of increase in dearness allowance, I have been directed to invite your attention to the growing discontentment amongst the low-paid employees.

2. Ever since December, 1967 the Punjab Government has been granting D.A. rise in lieu of 10 points rise in price index (12-monthly average). In August, 1972, the Punjab Government deviated from this practice and with a view to follow the Central Government the 3rd slab of Interim Relief was sanctioned at 238 points (12-monthly average instead of 235 points). On the basis of 10 point formula the Punjab Government employees may be granted the D. A. rise from February, 1973, when price index reached 249 (12-monthly average).

3. The Central Government, on the recommendation of 3rd Pay Commission as contained in para 55.14 of the Pay Commission's report having considered the fixation of pay scales on 200 points for 12-monthly average in October, 1972 (1960-100), decided to grant interim D. A. with effect from 1st May, 1973. The Finance Minister has categorically stated in Punjab Vidhan Sabha during Budget Session, 1973 that Punjab Government would follow Central Government for the payment of Dearness Allowance. Again the Finance Minister declared that the Punjab Government should grant D. A. on Central Government pattern. The delay in implementing the assurances is adding to the resentment amongst the employees. It is therefore requested that the D. A may be granted on Central Government pattern from May, 73 and the Pay Commission Report may also be implemented by mutual negotiations.

Yours faithfully,
(Sd.)
RANBIR DHILLON.

COPY

PUNJAB SUBORDINATE SERVICES FEDERATION

1680,Sector 22-B,
Chandigarh.

Ref. No. PSSF/73-2II(i)/726, dated 29th September, 1973.

To

The Secretary to Government, Punjab.
Finance Department.

Suqject:— Grant of dearness allowance to Punjab Government Employees.

Dear Sir,

Reference your Memo. No. 27-FD(P. C. C.)-73/19112, dated the 18th September, 1973, on the subject cited above, I have been directed by Executive Committee, Punjab Subordinate Services Federation, which met on 25th September, 1973, to reply as under in continuation of our earlier letters.

[Finance Minister]

2. Second Pay Commission recommended D. A. rise for every 12-monthly average of 10 points rise to Central Government employees. The Central Government D. A. was accordingly revised from time to time and as per the Government of India, Ministry of Finance (Department of Expenditure) letter No. F. I. (36)EII(8)/66, dated 19th October, 1966 the D. A. corresponding to 175 points (12-monthly average) was granted. These rates of Dearness Allowance were made applicable to Punjab Government employees (at 175 points) with effect from 1st May, 1967 *vide* Punjab Finance Department letter No. 3313-3FR-67/10503 dated 11th May, 1967. The D. A. rates were revised again with effect from 1st June, 1967, so as to grant the D. A. to Central staff corresponding to 195 points (12-monthly average). The Punjab Government introduced the same rates to Punjab Government employees with effect from 1st May 1967, *vide* Punjab Finance Department letter No. 6602-3FR-67/26722, dated 15th December, 1967.

3. Punjab Government, *vide* letter No. PSCS-67/14673 dated 14th December, 1967, from Chief Secretary to Government, Punjab, decided that D. A. rise in future would be granted on Central Government pattern. Accordingly, when the Central Staff got D. A. increase at 205 points, the same was allowed to Punjab Government employees with effect from 1st November, 1967, *vide* F. D. letter No. 314-3FD—68/723, dated 11th/15th January, 1968. In order to grant D. A. rise at 215 points with effect from 1st September, 1968, the new D. A. rates were introduced on Central Government pattern—*vide* Punjab Government Finance Department, letter No. 10222(5)-FR-68/23074, dated 7th November, 1968. Later, the Government of India declared a portion of Dearness Allowacne as Dearness Pay. On that very pattern, the Government of Punjab ordered to convert portion of D. A. into Dearness Pay on Central Government pattern,—*vide* F. D letter No. 7558-(3)-FR-69/25550, dated 12th November, 1969.

4. The Punjab Government accordingly followed the Central Government formula of Dearness Allowance based upon the recommendations of Gajendragadkar Commission. The Commission had recommended grant of Dearness Allowance at the following rates to employees drawing pay upto Rs. 575 per month.

Pay range		Percentage of neutralisation for 10 point rise in 12-months average in the index above 175 points	D.A. paid at 175 points	Amount of D. A. for 10-points rise
1		2	3	4
			Rs.	Rs.
Rs. 70—109	..	90 per cent	47	6
Rs. 110—149	..	60 per cent	70	7
Rs. 150—209	..	55 per cent	90	8
Rs. 210—399	..	45 per cent	110	9
Rs. 400—449	..	25 per cent	120	10
Rs. 450—499	..	24 per cent	120	11 (Allowed after 205 points)
Rs. 500—575	..	24 per cent	120	12 (Allowed after 225 points)

The D. A. rates granted in lieu of 10-points (12-monthly average) at 175 points and after to Punjab and Central Government Staff had been same as per table given below :—

12-monthly average Price Index	175* (1-5-67)	195** (1-5-67)	205*** (1-11-67)	215**** (1-9-68)	225***** (1-7-71)
Pay range Rs.	Rs.	Rs.	Rs.	Rs.	Rs.
70—109	47	59	65	71	76(78/79)
110—149	70	84	91	98	105(106)
150—209	90	106	124	122	130(130)
210—399	110	128	137	146	155(156)
400—449	120	140	150	160	170(170)
450—499	120	120	153	164	175(175)
500—575	120	120	120	120	132(135)

*Punjab Government F. D. letter No. 3313-3FR-67/10503, dated 11th May, 1967

**Punjab Government F.D. letter No. 6602-3FR-67/36722, dated 15th December, 1967.

***Punjab Government F.D. letter No. 20222(3)-FR-68/23074, dated 7th November, 1968.

****Punjab Government F.D. letter No. 314-3FR-68/723, dated 11th/15th January, 1968

*****Punjab Government F. D. letter No. 3912-(5)-FR-70/13830, dated 14th July, 1971.

The Punjab Subordinate Services Federation wishes to point out that following the Gajendragad kar D. A. formula for D. A. rise in lieu of 10 points (12-monthly average), the Punjab Government granted D. A. rise of Rs. 6, 7, 8, 9, 10, 11 and 12 from July, 1971, when price index reached 225 points (12-monthly average). In October, 1971, on the pattern of D. A.M. rates on the basis of second interim report of the Third Pay Commission, the rates of D.A. were revised with effect from 1st October, 1971, (as in the case of Central Government), —*vide* Punjab F. D. letter No. 1581-(4)-FR-72/5269, dated 16th March, 1972 as indicated in brackets in table given above on Central formula:—

Basic Pay	*Rates of Relief*
Below Rs. 85	.. Rs. 7
Rs. 85—209	.. Rs. 8
Rs. 210—499	.. Rs. 10
Rs. 500—1250	.. Rs. 15

5. Punjab Government granted further relief in lieu of 10-points (12-monthly average) price index (at 236) from 1st August, 1972,—*vide* Punjab Government, F. D. letter No. 7128-(5)-FR-72/20807, dated 12th October, 1972. on Central Government pattern based upon this interim report of 3rd Pay Commission.

[Finance Minister]

6. The interim relief of Rs. 15, 25, 30 and 45 had been sanctioned by Punjab Government on Central Government pattern with effect from 17th March, 1972 (though due from 1st March, 1970, as in the Central Government) *vide* Punjab F. D. letter No. 2628-(5)-FR-72/7889, dated 20th April, 1972. Even in 1945/47, the emoluments of low-paid Punjab Government staff were more or less on Central Government pattern. As a result of pay revision, consequent upon Punjab Pay Commission recommendations and grant of Central rates of D. A., the same parity in emoluments with Central Government staff was established with effect from 1st February, 1968. The Third Pay Commission on the basis of points raised in the 1st interim report to avoid erosion in wages recommended in 1959-60 on the basis of norms laid therein by Second Pay Commission, besides bringing parity in wages with those in other organised Sectors, recommended the interim relief at 218 points. It is established beyond doubt that rates of D. A. rise on the basis of Gajendragadkar Commission were found wanting and instead granted relief in lieu of 10 points at rates higher to provide higher rates of neutralisation.

Effective neutralisation at the minimum of each slab for the index average 215 points (percentage)

Pay slab		Das formula	Gajendragadkar formula	Third Pay Commission norm
Rs. 70—84	..	89.4	88.2	106.8
Rs. 85—109	..	73.6	72·6	98.2
Rs. 110—149	..	84.6	77.5	97.2
Rs. 150—209	..	80.0	70.7	85.2
Rs. 210—309	..	70 .0	60.5	72.9
Rs. 400—449	..	40.0	34.8	41.3
Rs. 450—499	..	35.2	31.7	37.5

7. The Punjab Subordinate Services Federation pressed for the claims of interim relief for the reasons stated above and accordingly the claims at 218 points were settled. The second and third relief were granted at 228 and 238 points.

8· The Punjab Government is committed to grant D. A. rise on the formula of Central Government as per Chief Secretary to Punjab letter No. PSCS-67/14673, dated 14th December, 1967, and ever since as is explained above, the Punjab Government staff enjoyed D. A. rise in lieu of 10 points (12-monthly average) rise till the price index reached 238 points in August, 1972 (1949-100). The Third Pay Commission recommended the Dearness Allowance on 8 point (12 monthly average) formula (1960-100). The price-index reached 208 points 30th April, 1973 (1960-100) and 216 points (1960-100) on 31st July, 1973 according to 12-monthly aver age.

9. The Punjab Subordinate Services Federation expected that in view of Punjab Government agreement.—*vide* Chief Secretary letter dated 14th December, 1967, the Government would announce the dearness allowance, the first slab from 1st May, 1973 and second slab from 1st August, 1973, on the Central Government pattern:—

Pay Slab		Rates of Dearness Allowance
Upto Rs. 85	..	Rs. 7
Rs. 85—209	..	Rs. 8
Rs. 210—575	..	Rs. 10

The Punjab Subordinate Services Federation hopes that Punjab Government would honour its commitments and grant the two slabs from 1st May and 1st August, 1973, on pattern given above failing which the Punjab Subordinate Services Federation would be justified to launch the struggle.

A line at the earliest would oblige. It is also hoped that the Punjab Government would invite the representatives of Punjab Subordinate Services Federation for discussion and we hope the meeting with our representatives would be fixed at the earliest to avert any agitation.

Yours faithfully,

(Sd.) RANBIR DHILLON,

General Secretary.

LONG LIVE EMPLOYEES UNITY

Punjab Subordinate Services Federation (A representative organisation of Class III and IV Punjab Govt. Employees) 1680, Sector 22 B.

Ref. PSSF 420/73(i)853, dated 9th December, 1973.

ਗਿਆਨੀ ਜ਼ੈਲ ਸਿੰਘ,

ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।

ਵਿਸ਼ਾ:—ਪੰਜਾਬ ਦੇ ਸਰਕਾਰੀ ਕਰਮਚਾਰੀਆਂ ਦੀ ਹੜਤਾਲ ਸਬੰਧੀ ਨੋਟਿਸ ।

ਸ੍ਰੀਮਾਨ ਜੀ,

ਮੈਨੂੰ ਆਦੇਸ਼ ਹੋਇਆ ਹੈ ਕਿ ਮੈਂ ਆਪ ਦਾ ਧਿਆਨ ਆਪ ਨੂੰ ਲਿਖੇ ਪੱਤਰ ਪੀ.ਐਸ.ਐਸ. ਐਫ-421/73(1)–786, ਮਿਤੀ 24 ਨਵੰਬਰ, 1973 ਵੱਲ ਦਿਵਾਵਾਂ ।

2. ਉਪਰੋਕਤ ਪੱਤਰ ਵਿਚ ਮੈਂ ਆਪ ਨੂੰ ਪੰਜਾਬ ਸਬਾਰਡੀਨੇਟ ਸਰਵਿਸਿਜ਼ **ਫੈਡਰੇਸ਼ਨ** ਦੇ ਪੱਖ ਤੋਂ ਜਾਣੂ ਕਰਵਾ ਕੇ ਆਪ ਦਾ ਮਿਤੀ 20 ਨਵੰਬਰ, 1973 ਨੂੰ ਕੀਤੇ ਮਹਿੰਗਾਈ ਭੱਤੇ ਸਬੰਧੀ ਇਕ-ਪਾਸੜ ਬਿਆਨ ਦੇ ਸਬੰਧੀ ਅਸੰਤੁਸ਼ਟਤਾ ਅਤੇ ਜਨਵਰੀ, 1971 ਨੂੰ ਇਕ ਦਿਨ ਦੀ ਹੜਤਾਲ ਕਰਨ ਬਾਰੇ ਨਿਰਨੈ ਬਾਰੇ ਲਿਖਿਆ ਸੀ ਪਰ ਅਫ਼ਸੋਸ ਇਹ ਹੈ ਕਿ ਆਪ ਵਲੋਂ ਮੈਨੂੰ ਉਸ ਪੱਤਰ ਦੀ ਪਹੁੰਚ ਰਸੀਦ ਤੱਕ ਨਹੀਂ ਭਜੀ ਗਈ। ਇਸ ਤਰ੍ਹਾਂ ਪਹਿਲਾਂ ਭੀ ਹੁੰਦਾ ਰਿਹਾ ਹੈ ।

3. ਪੰਜਾਬ ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਲੋਂ ਆਪ ਦਾ ਧਿਆਨ ਮੈਂ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਪੱਤਰ ਨੰ: 1(8)–ਈ11 ਨੂੰ. (ਬੀ)/73 ਮਿਤੀ 21 ਨਵੰਬਰ, 1973, ਦੇ ਪੈਰਾ ਇਕ ਅਤੇ ਦੋ ਵਲ ਦਿਵਾ ਕੇ ਬੇਨਤੀ ਹੈ ਕਿ ਆਪ ਦੇ ਮਿਤੀ 20 ਨਵੰਬਰ, 1973 ਦੇ ਬਿਆਨ 'ਚ ਭਾਰਤ ਸਰਕਾਰ ਹੁਕਮ ਮਿਤੀ 1 ਨਵੰਬਰ, 1973 [ਭਾਵ 70(34)73 ਮਿਤੀ 1 ਨਵੰਬਰ, 1973, ਜੋ ਭਾਰਤ ਸਰਕਾਰ ਦੀ ਗਜ਼ਟ ਦੇ ਭਾਗ 1 ਸੈਕਸ਼ਨ 1 ਨੰਬਰ 257, ਮਿਤੀ 1 ਨਵੰਬਰ, 1973 'ਚ ਛਪਿਆ ਸੀ] ਅਨੁਸਾਰ ਭਾਰਤ ਸਰਕਾਰ ਨੇ ਆਪਣੇ ਕਰਮਚਾਰੀਆਂ ਦਾ ਮਹਿੰਗਾਈ ਭੱਤਾ 12 ਮਾਸਕ

[ਵਿੱਤ ਮੰਤਰੀ]

ਔਸਤ ਅੰਕ 'ਚ 8 ਅੰਕ ਵਾਧਾ ਹੋਣ ਤੇ ਵਧਾਉਣ ਦਾ ਜ਼ਿਕਰ ਕੀਤਾ ਹੈ। ਉਪਰ ਦੱਸੇ ਹੁਕਮ ਮਿਤੀ 21 ਨਵੰਬਰ, 1973 ਅਨੁਸਾਰ ਸਥਿਤੀ ਇਸ ਪ੍ਰਕਾਰ ਹੈ :--

ਸਮਾਂ	ਤਨਖਾਹ ਰੇਂਜ	ਮਹਿੰਗਾਈ ਭਤੇ ਦੇ ਦਰ
1 ਮਈ, 1973 ਤੋਂ 31 ਜੁਲਾਈ, 1973	300 ਰੁਪਏ ਤੱਕ	ਤਨਖਾਹ ਦਾ 4%
	300 ਰੁਪਏ ਤੋਂ 900 ਤੱਕ	ਤਨਖਾਹ ਦਾ 3% ਪਰ ਘੱਟ ਤੋਂ ਘੱਟ 12 ਰੁਪਏ ਤੇ ਵਧ ਤੋਂ ਵਧ 27 ਰੁਪਏ।
1 ਅਗੱਸਤ, 1973 ਤੋਂ ਪਿਛੋਂ	300 ਰੁਪਏ ਤੱਕ	ਤਨਖਾਹ ਦਾ 8%
	300 ਰੁਪਏ ਤੋਂ 1200 ਰੁਪਏ ਤੱਕ	ਤਨਖਾਹ ਦਾ 6% ਪਰ ਘੱਟ ਤੋਂ ਘੱਟ 24 ਰੁਪਏ ਤੇ ਵਧ ਤੋਂ ਵਧ 54 ਰੁਪਏ।

4. ਇਸ ਤਰ੍ਹਾਂ ਹੀ ਹੁਣ ਭਾਰਤ ਸਰਕਾਰ ਦੇ ਨਵੇਂ ਨਿਰਨੇ ਕਾਰਨ ਕੀਮਤਾਂ ਦਾ 12 ਮਾਸਕ ਔਸਤ ਅੰਕ 224 ਪੁੱਜਣ ਤੇ 1 ਅਕਤੂਬਰ, 1973 ਤੋਂ ਮਹਿੰਗਾਈ ਭੱਤੇ ਸਬੰਧੀ ਕੇਂਦਰ 'ਚ ਸਥਿਤੀ ਇਸ ਪ੍ਰਕਾਰ ਹੋ ਗਈ ਹੈ:--

ਅਕਤੂਬਰ, 1, 1973 ਤੋਂ ਬਾਅਦ	300 ਰੁਪਏ ਤੱਕ	ਤਨਖਾਹ ਦਾ 12%
	300 ਰੁਪਏ ਤੋਂ 1200 ਰੁ: ਤੱਕ	ਤਨਖਾਹ ਦਾ 9% ਪਰ ਘੱਟ ਤੋਂ ਘੱਟ 36 ਰੁਪਏ ਤੇ ਵਧ ਤੋਂ ਵਧ 81 ਰੁਪਏ।

ਇਸ ਪੰਜਾਬ ਸਬਾਰਡੀਨੇਟ ਸਰਵਿਸਿਜ਼ ਫ਼ੈਡਰੇਸ਼ਨ ਦੀ ਮੰਗ ਹੈ ਕਿ ਮਹਿੰਗਾਈ ਭੱਤਾ ਕੇਂਦਰੀ ਦਰਾਂ ਤੇ ਦੇਣ ਲਈ ਜਿਵੇਂ ਭਾਰਤ ਸਰਕਾਰ ਦੇ ਹੁਕਮ ਮਿਤੀ 21 ਨਵੰਬਰ, 1973 ਦੇ ਪੈਰਾ 2 ਵਿਚ ਸਪਸ਼ਟ ਹੈ ਕਿ ਮਹਿੰਗਾਈ ਭੱਤੇ ਦਾ ਨਿਰਨਾ ਕਰਨ ਲਈ ਤਨਖਾਹ ਤੋਂ ਭਾਵ ਬੁਨਿਆਦੀ ਤਨਖਾਹ, ਮਹਿੰਗਾਈ ਤਨਖਾਹ, ਮਹਿੰਗਾਈ ਭੱਤਾ ਅਤੇ ਪੂਰੀ ਅੰਤਰਮ ਰਲੀਫ਼ ਹੈ ਅਤੇ ਇਸ ਲਈ ਡੀ.ਏ. ਇਸ ਪ੍ਰਕਾਰ ਦਿਤਾ ਜਾਵੇ।

ਸਮਾਂ	ਤਨਖਾਹ ਰੇਂਜ	ਮਹਿੰਗਾਈ ਭੱਤੇ ਦੇ ਦਰ
1-5-73 ਤੋਂ 31-5-73 ਤਕ	ਬੁਨਿਆਦੀ ਤਨਖਾਹ+ ਮਹਿੰਗਾਈ ਤਨਖਾਹ + ਮਹਿੰਗਾਈ ਭੱਤਾ + ਅੰਤਰਮ ਰੀਲ਼ੀਫ ਦਾ ਜੋੜ 300 ਰੁ: ਤੱਕ	ਇਸ ਜੋੜ ਦਾ 4%

ਸਮਾਂ	ਤਨਖਾਹ ਰੇਂਜ	ਮਹਿੰਗਾਈ ਭੱਤੇ ਦੇ ਦਰ
	300 ਰੁ: ਤੱਕ ਜੋੜ 300—900	ਇਸ ਜੋੜ ਦਾ 3% ਤੱਕ ਪਰ ਘੱਟ ਤੋਂ ਘੱਟ 12 ਰੁਪਏ ਤੇ ਵਧ ਤੋਂ ਵਧ 27 ਰੁਪਏ।
1-8-73 ਤੋਂ	,, ਜੋੜ 300 ਰੁਪਏ ਤੱਕ	ਇਸ ਜੋੜ ਦਾ 8%
30-9-73 ਤੱਕ	,, ਜੋੜ 300—1200	ਇਸ ਜੋੜ ਦਾ 6% ਪਰ ਘੱਟ ਤੋਂ ਘੱਟ 24 ਰੁਪਏ ਤੇ ਵਧ ਤੋਂ ਵਧ 54 ਰੁਪਏ।
1-10-73 ਤੋਂ ਬਾਅਦ	,, 300 ਰੁਪਏ ਤੱਕ	ਇਸ ਜੋੜ ਦਾ 12%
	,, 300--1200 ਰੁਪਏ	ਇਸ ਜੋੜ ਦਾ 9% ਪਰ ਘੱਟ ਤੋਂ ਘੱਟ 36 ਰੁਪਏ ਅਤੇ ਵਧ ਤੋਂ ਵਧ 81 ਰੁਪਏ ਤੱਕ।

5. ਜਿਥੋਂ ਤੱਕ ਕਰਮਚਾਰੀਆਂ ਲਈ ਸਟੋਰ ਖੋਲ੍ਹ ਕੇ ਸਬਸਿਡੀ ਦੇਣ ਦਾ ਸਬੰਧ ਹੈ, ਕਿ ਇਸ ਫੈਸਲੇ ਦਾ ਅਸੀਂ ਸਵਾਗਤ ਕਰਦੇ ਹਾਂ ਪਰ 5% ਸਬਸਿਡੀ ਇਕ ਮਖੌਲ ਹੈ। ਇਹ ਘਟ ਤੋਂ ਘਟ 25% ਹੋਣੀ ਚਾਹੀਦੀ ਹੈ ਅਤੇ ਅਗੇ ਤੋਂ ਸਮੇਂ ਸਮੇਂ ਸਿਰ ਇਸ ਬਾਰੇ ਸਬਸਿਡੀ ਦਾ ਨਿਰਨਾ ਕੀਤਾ ਜਾਵੇ। ਸਬਸਿਡੀ ਰਾਹੀਂ ਚੀਜ਼ਾਂ ਦੇਣ ਬਾਰੇ ਸਟੋਰਾਂ ਦਾ ਪ੍ਰਬੰਧ ਸਮੇਂ ਸਿਰ ਤੇ ਪੂਰੀ ਸਪਲਾਈ ਲਈ ਸਟੋਰ ਦੇ ਪ੍ਰਬੰਧ ਵਿਚ ਫੈਡਰੇਸ਼ਨ ਦੇ ਪ੍ਰਤੀਨਿਧੀ ਲਏ ਜਾਣ। ਇਨ੍ਹਾਂ ਸਟੋਰਾਂ ਲਈ ਧਨ ਦੇ ਸਵਾਲ ਲਈ ਵੀ ਫੈਡਰੇਸ਼ਨ ਸੁਝਾਵ ਦੇਣ ਲਈ ਤਿਆਰ ਹੈ। ਪਰ ਇਕ-ਪਾਸੜ ਫ਼ੈਸਲਾ ਘਾਤਕ ਹੋਵੇਗਾ ਅਤੇ ਇਹ ਨਿਰਨਾ ਇਕ ਫਰਾਡ ਸਿੱਧ ਹੋਵੇਗਾ।

6. ਸਰਕਾਰ ਦੇ ਇਕ-ਪਾਸੜ ਬਿਆਨਾਂ (ਡੀ.ਏ. ਅਤੇ ਸਟੋਰਾਂ) ਅਤੇ ਕੀਤੇ ਨਿਰਨਿਆਂ ਤੋਂ ਭੱਜਣ ਅਤੇ ਗਲਬਾਤ ਦੇ ਸਭ ਦਰਵਾਜ਼ੇ ਬੰਦ ਕਰਨ ਕਾਰਣ ਉਤਪਤ ਸਥਿਤੀ ਨੂੰ ਮੁੱਖ ਰਖਕੇ ਪੰਜਾਬ ਸਬਾਰ-ਡੀਨੇਟ ਸਰਵਿਸਿਜ਼ ਫੈਡਰੇਸ਼ਨ ਨੂੰ ਫੈਸਲਾ ਲੈਣ ਲਈ ਮਜ਼ਬੂਰ ਹੋਣਾ ਪਿਆ ਹੈ ਕਿ ਪੰਜਾਬ ਦੇ ਕਰਮਚਾਰੀ 9 ਜਨਵਰੀ, 1974 ਨੂੰ ਇਕ ਦਿਨ ਦੀ ਹੜਤਾਲ ਕਰਨ। ਮੰਗਾਂ ਸਬੰਧੀ ਸਾਰਾ ਵਿਸਥਾਰ ਫ਼ੈਡਰੇਸ਼ਨ ਦੇ ਉਪਰ ਦੱਸੇ ਪੱਤਰ ਮਿਤੀ 23 ਨਵੰਬਰ, 1973 ਦੇ ਦਿਤਾ ਗਿਆ ਹੈ।

ਫ਼ੈਡਰੇਸ਼ਨ ਹਰ ਸਮੇਂ ਗਲਬਾਤ ਲਈ ਤਿਆਰ ਹੈ ਤਾਂ ਜੋ ਗਲਬਾਤ ਰਾਹੀਂ ਫ਼ੈਸਲਾ ਕੀਤਾ ਜਾ ਸਕੇ ਪਰ ਸਰਕਾਰ ਨੇ ਇਹ ਅੜੀ ਜਾਰੀ ਰਖੀ ਤਾਂ ਹੜਤਾਲ ਕਰਨ ਲਈ ਦੋਸ਼ ਸਰਕਾਰ ਦਾ ਹੋਵੇਗਾ। ਸਰਕਾਰ ਵਲੋਂ ਕੀਤੀ ਭੜਕਾਊ ਕਾਰਵਾਈ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

ਆਪ ਦਾ ਸ਼ੁਭਚਿੰਤਕ,
(ਸਹੀ)......
(ਰਣਬੀਰ ਢਿਲੋਂ)

ਨੰ: 854--56, ਮਿਤੀ :
ਇਸ ਦਾ ਉਤਾਰਾ:--
(1) ਸ਼੍ਰੀ ਹੰਸਰਾਜ ਸ਼ਰਮਾ, ਵਿੱਤ ਮੰਤਰੀ, ਪੰਜਾਬ ਸਰਕਾਰ।

[ਵਿੱਤ ਮੰਤਰੀ]

(2) ਸ੍ਰੀ ਗੁਰਦਰਸ਼ਨ ਸਿੰਘ, ਖੁਰਾਕ ਮੰਤਰੀ, ਪੰਜਾਬ ਸਰਕਾਰ।

(3) ਸ੍ਰੀ ਆਰ.ਐਸ. ਤਲਵਾੜ, ਮੁੱਖ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾਂ ਤੇ ਜ਼ਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

(4) Copy to Finance Secretary, Govt. Punjab Chandigarh.

(ਸਹੀ)...,
(ਰਣਬੀਰ ਢਿਲੋਂ)

General Secretary,
Punjab Subordinate Services Federation,
Head Office, Chandigarh.

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਮਹਿੰਗਾਈ ਭੱਤੇ ਵਿਚੋਂ ਕਟੌਤੀ ਕੀਤੀ ਗਈ ਹੈ ਕੀ ਇਸ ਨੂੰ ਬਹਾਲ ਕੀਤਾ ਜਾਵੇਗਾ ਅਤੇ ਅਗੇ ਨੂੰ ਇਸ ਤਰ੍ਹਾਂ ਦੀ ਕਟੌਤੀ ਨਹੀਂ ਕੀਤੀ ਜਾਵੇਗੀ ?

ਵਿੱਤ ਮੰਤਰੀ : ਅਸੀਂ ਮਹਿੰਗਾਈ ਭੱਤੇ ਦੀ ਕੋਈ ਕਟੌਤੀ ਨਹੀਂ ਕੀਤੀ।

ਕਾਮਰੇਡ ਸੱਤ ਪਾਲ ਡਾਂਗ : ਕੀ ਇਹ ਹਕੀਕਤ ਹੈ ਕਿ ਮੁਲਾਜ਼ਮਾਂ ਨੇ ਕੁਝ ਵਾਜਬ ਮੰਗਾਂ ਮਨਾਉਣ ਲਈ ਇਕ ਦਿਨ ਦੀ ਹੜਤਾਲ ਕੀਤੀ ਜਿਹੜਾ ਕਿ ਉਨ੍ਹਾਂ ਦਾ ਕੰਸਟੀਚਿਊਸ਼ਨਲ ਰਾਈਟ ਹੈ ਉਸ ਤੇ ਸਰਕਾਰ ਨੇ ਉਨ੍ਹਾਂ ਦੀ ਇਕ ਦਿਨ ਦੀ ਤਨਖਾਹ ਕੱਟ ਲਈ ਅਤੇ ਸਰਕਾਰ ਨੇ ਉਨ੍ਹਾਂ ਨੂੰ ਧਮਕੀ ਦੇਣ ਲਈ ਪੰਜਾਬ ਸਿਵਲ ਸਰਵਿਸ ਰੂਲਜ਼ ਨੂੰ ਅਮੈਂਡ ਕਰ ਦਿੱਤਾ ਕਿ ਅਗਰ ਕੋਈ ਇਕ ਦਿਨ ਦੀ ਹੜਤਾਲ ਤੇ ਜਾਏਗਾ ਤਾਂ ਉਸ ਦੀ ਸਰਵਿਸ ਵਿਚ, ਭਾਵੇਂ ਉਸ ਦੀ ਸਰਵਿਸ 20 ਸਾਲ ਦੀ ਕਿਉਂ ਨਾ ਹੋਵੇ, ਬਰੇਕ ਪਾ ਦਿਤੀ ਜਾਏਗੀ। ਮੁਲਾਜ਼ਮ ਇਸ ਤੇ ਬਹੁਤ ਐਜੀਟੇਟਿਡ ਹਨ ਕੀ ਇਸ ਬਾਰੇ ਵਜ਼ੀਰ ਸਾਹਿਬ ਕੋਈ ਬਿਆਨ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੁਲਾਜ਼ਮ ਕੋਈ ਐਜੀਟੇਟਿਡ ਨਹੀਂ ਹਨ। ਸਰਕਾਰ ਨੇ ਜੋ ਹਾਊਸ ਦੇ ਵਿਚ ਵਾਇਦੇ ਕੀਤੇ ਸਨ ਉਨ੍ਹਾਂ ਨੂੰ ਲਗਾਤਾਰ ਪੂਰਾ ਕੀਤਾ ਹੈ। ਬਜਟ ਦੀ ਸਪੀਚ ਵੇਲੇ ਵੀ ਮੈਂ ਇਕ ਹੋਰ ਕਿਸ਼ਤ ਡੀ.ਏ. ਦੀ ਦੇਣ ਦਾ ਐਲਾਨ ਕੀਤਾ ਸੀ। ਜਿਹੜਾ ਸੈਂਟਰਲ ਪੇ ਕਮਿਸ਼ਨ ਨੇ ਕਿਹਾ ਸੀ ਕਿ ਜਦੋਂ ਵੀ ਅੱਠ ਪੁਆਇੰਟ ਵੱਧ ਜਾਣ ਤਾਂ ਉਦੋਂ ਹੀ ਇੰਪਲਾਈਜ਼ ਨੂੰ ਡੀ.ਏ. ਦੀ ਕਿਸ਼ਤ ਦਿੱਤੀ ਜਾਵੇ ਤਾਂ ਕਿ ਕਿਸੇ ਨੂੰ ਐਜੀਟੇਸ਼ਨ ਕਰਨ ਦਾ ਮੌਕਾ ਹੀ ਨਾ ਮਿਲੇ। ਮੈਂ ਇਸ ਸਬੰਧ ਵਿਚ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ 11 ਤਾਰੀਖ਼ ਨੂੰ ਚੀਫ਼ ਮਨਿਸਟਰ ਸਾਹਿਬ ਨੇ ਇੰਪਲਾਈਜ਼ ਦੇ ਲੀਡਰ ਬੁਲਾਏ ਹਨ।

Mr. Speaker : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Legislative Assembly. The House will resume supplementaries to Starred Question No. 2485 on Monday, the 11th March, 1974.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Starred Question No. 2087.

(Extenstion has been asked for in respect of Starred Question No. 2087.)

Collection of Octroi by Private Contractors

***2196. Comrade Shamsher Singh Josh**: Will the Minister for Finance be pleased to state whether the State Government has decided to hand over the collection of octroi to private contractors and take it out of the purview of the Municipal Committee ?

Shri Hans Raj Sharma: No. Sir.

(ਨਹੀਂ ਜੀ ।)

Starred Question No. 2317

(Extension has been asked for in respect of Starred Question No. 2317.)

ਅੱਧ ਸਰਕਾਰੀ ਪੱਤਰ ਨੰ: 2999-4 ਸੀ -1-74

ਮਿਤੀ, ਚੰਡੀਗੜ੍ਹ 5 ਮਾਰਚ, 1974 ।

ਹੰਸ ਰਾਜ ਸ਼ਰਮਾ,

ਮੰਤਰੀ, ਵਿੱਤ ਅਤੇ ਸੁਥਾਨਕ ਸਰਕਾਰ ।

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2317, ਜੋ ਮਿਤੀ 6 ਮਾਰਚ, 1974 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਮਹਿਤਾਬ ਸਿੰਘ, ਐਮ. ਐਲ. ਏ. ਅਤੇ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਨੂੰ ਮਿਤੀ 7 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸ ਪਾਤਰ,

ਸਹੀ)...

(ਹੰਸ ਰਾਜ ਸ਼ਰਮਾ)

ਸ੍ਰੀ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ ।
ਚੰਡੀਗੜ੍ਹ

Grant of D. A. to State Government Employees on Central Pattern

***2486. Comrade Arjan Singh Mastana** ; Will the Minister for Finance be pleased to state —

(a) whether the State Government had agreed in December, 1967 to grant dearness allowance to its employees on Central pattern ;

[Comrade Arjan Singh Mastana]

(b) whether the Government granted the Central rates of D. A. to its employees after the publication of the Third Pay Comission Report; if so, the rates at which the D. A. was granted during the year 1973;

(c) whether the Government imposed any deductions on the D. A.;

(d) whether the Government proposes to withdraw the orders of deductions ?

Shri Hans Raj Sharma : (a) Yes.

(b) After the submission of the Report of the Third Central Pay Commission, the Punjab Government sanctioned the additional dearness allowance to the State employees getting basic pay upto Rs. 575/- with effect from 1st September, 1973, at the rates of Rs. 7/-, Rs. 8/-and Rs. 10/- per month, which were the same as provisionally granted by the Government of India to its employees. This dearness allowance has been subsequently adjusted while granting the additional dearness allowance at the Central rates, paid on the basis of the recommendations of the Central Pay Commission, with effect from 1st May, 1973, 1st August, 1973 and 1st October, 1973, as has been done by the Government of India with respect to the dearness allowance provisionally sanctioned by it with effect from 1st May, 1973 and 1st August, 1973.

(c) No deductions have been imposed on the dearness allowance. Only the 'pay-portion, of the additional relief has been adjusted against the additional dearness allowance sanctioned on Central pattern.

(d) This question does not arise in view of the reply to Part (c) above.

Recruitment of Masters/Mistresses

***2183. Shri Prem Gupta** : Will the Minister for Education be pleased to state the number of Masters/Mistresses recruited by the Punjab Government in each district, both under the regular and the crash programmes separately, during the period from 1st April, 1973 to 31st December, 1973.

Shri Gurmail Singh : A statement containing the requisite information is laid on the Table of the House.

(ਸੂਚੀ, ਜਿਸ ਵਿਚ ਲੋੜੀਂਦੀ ਸੂਚਨਾ ਦਿੱਤੀ ਗਈ ਹੈ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।)

Statement showing the number of masters/mistresses-Districtwise, both under the regular and crash programmes.

Serial No.	Name of District		Recruitment made from 1-4-73 to 31-12-73	
			Recruitment made on Regular basis	Under the Crash Programme
1.	Jullundur	..	17	62
2.	Amritsar	..	13	106

ਸ੍ਰੀ ਸਪੀਕਰ : ਤੁਸੀਂ ਚੀਫ਼ ਮਨਿਸਟਰ ਸਾਹਿਬ ਨੂੰ ਇਸ ਸਬੰਧ ਵਿਚ ਮਿਲ ਲੈਣਾ। ਇਸ ਗੱਲ ਨੂੰ ਹੋਰ ਕਲੀਅਰ ਕਰਵਾ ਲੈਣਾ। Please resume your seat now. (You may meet the hon. Chief Minister in this connection and get further clarification. Please resume your seat now.)

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੇਰੀ ਪ੍ਰਿਵਿਲੇਜ ਮੋਸ਼ਨ ਤੇ ਜਿਹੜੀ ਤੁਸੀਂ ਰੂਲਿੰਗ ਦਿੱਤੀ ਹੈ। ਇਹ ਤੁਸੀਂ ਪੰਜਾਬੀ ਵਿਚ ਪੜ੍ਹ ਕੇ ਸੁਣਾ ਦਿਓ।

ਸ੍ਰੀ ਸਪੀਕਰ: ਇਹ ਇਕ ਪ੍ਰਥਾ ਹੈ ਕਿ ਇਸ ਹਾਊਸ ਵਿਚ ਜਿਹੜੀਆਂ ਰੂਲਿੰਗਜ਼ ਦਿਤੀਆਂ ਜਾਂਦੀਆਂ ਹਨ ਉਹ ਇੰਗਲਿਸ਼ ਵਿਚ ਹੀ ਦਿਤੀਆਂ ਜਾਂਦੀਆਂ ਹਨ। ਬਾਕੀ ਹਾਊਸ ਦੀਆਂ ਵਿਸ਼ਿਜ਼ ਦੇ ਮੁਤਾਬਿਕ ਇਸ ਤੇ ਵਿਚਾਰ ਕਰ ਲਵਾਂਗੇ। (It is a practice of this House to give rulings in English. However, the matter can be reviewed if the House so desires.)

ਸ੍ਰੀ ਪਿਆਰਾ ਰਾਮ ਧੰਨੋਵਾਲੀ: ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਸਪੀਕਰ : ਆਨਰੇਬਲ ਮੈਂਬਰ ਜ਼ਿਆਦਾ ਪੁਆਇੰਟ ਆਫ਼ ਆਰਡਰ ਉਠਾਉਣ ਦੀ ਕੋਸ਼ਿਸ਼ ਨਾ ਕਰਿਆ ਕਰਨ। ਇਸ ਬਾਰੇ ਲੀਡਰਜ਼ ਆਫ਼ ਦੀ ਪਾਰਟੀਜ਼ ਨਾਲ ਗੱਲ-ਬਾਤ ਹੋ ਚੁੱਕੀ ਹੈ। (Hon. Members should not raise volleys of points of orders. The matter has been discussed with the Leaders of the Parties.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਤਾਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਪ੍ਰਥਾ ਤਾਂ ਠੀਕ ਹੈ ਪਰ ਤੁਸੀਂ ਮੈਂਬਰ ਦੀ ਮੁਸ਼ਕਲ ਸਮਝੋ ਕਿਉਂਕਿ ਉਸ ਨੂੰ ਅੰਗਰੇਜ਼ੀ ਨਹੀਂ ਆਉਂਦੀ। ਤੁਸੀਂ ਰੂਲਿੰਗ ਅੰਗਰੇਜ਼ੀ ਵਿਚ ਪੜ੍ਹ ਕੇ ਸੁਣਾ ਦਿੱਤੀ, ਉਸ ਨੂੰ ਤਾਂ ਕੁਝ ਵੀ ਸਮਝ ਨਹੀਂ ਆਈ। ਇਸ ਲਈ ਇਹੋ ਜਿਹੇ ਕੇਸਿਜ਼ ਵਿਚ ਪੰਜਾਬੀ ਵਿਚ ਰੂਲਿੰਗ ਦੇਣ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ ਅਤੇ ਪਿਛਲੀ ਪ੍ਰਥਾ ਨੂੰ ਬਦਲਣਾ ਚਾਹੀਦਾ ਹੈ।

ਸ੍ਰੀ ਸਪੀਕਰ : ਠੀਕ ਹੈ ਜੀ। ਇਸ ਤੇ ਵਿਚਾਰ ਕਰ ਲਵਾਂਗੇ। (All right, it will be considered).

ਕੇਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਇਕ ਇਨਫ਼ਰਮੇਸ਼ਨ ਲੈਣੀ ਹੈ। ਆਨਰੇਬਲ ਮੈਂਬਰ ਨੇ ਆਪਣੀ ਪ੍ਰਿਵਿਲੇਜ ਮੋਸ਼ਨ ਕਿਸ ਜ਼ਬਾਨ ਵਿਚ ਦਿੱਤੀ ਹੈ ?

ਸ੍ਰੀ ਸਪੀਕਰ: ਇਹ ਮੈਂ ਦੇਖ ਕੇ ਦਸ ਦਿੰਦਾ ਹਾਂ। (I will check up and let you know.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਇਹ ਸਰਕਾਰ ਹਰੀਜਨਾਂ ਨਾਲ ਨਿਆਂ ਕਰਨ ਦੀਆਂ ਹਮੇਸ਼ਾਂ ਗੱਲਾਂ ਕਰਦੀ ਰਹਿੰਦੀ ਹੈ। ਮੇਰੀ ਕਾਲ ਅਟੈਨਸ਼ਨ ਮੋਸ਼ਨ ਇਸ ਸਬੰਧ ਵਿਚ ਕਲ ਰੱਦ ਕਰ ਦਿੱਤੀ ਸੀ। ਦੋ ਹਰੀਜਨ ਅਫ਼ਸਰਾਂ ਨੂੰ ਜਾਣ ਬੁਝ ਕੇ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਇਕ ਸਵਰਨ ਜਾਤੀ ਦੇ ਪਰਮਜੀਤ ਸਿੰਘ ਨੂੰ ਪਰਮੋਸ਼ਨ ਦਿੱਤੀ ਗਈ ਹੈ। ਇਹ ਪਰਸੋਂ ਦੀ ਗੱਲ ਹੈ। ਰੀਸੈਂਟ ਅਕਰੈਂਸ ਹੈ। ਇਕ ਪਾਸੇ ਹਰੀਜਨਾਂ ਨੂੰ ਇਨਸਾਫ਼ ਦਿਵਾਉਣ ਦੀਆਂ ਗੱਲਾਂ ਕਰਦੇ ਹਨ। ਉਹ ਹਰੀਜਨ ਡੀ.ਐਸ.ਪੀ. ਸੰਨ 63 ਦਾ ਕਨਫ਼ਰਮ ਸੀ। ਇਹ ਜਿਹੜਾ ਪਰਮੋਟ ਕੀਤਾ ਹੈ ਇਹ 1969 ਵਿਚ ਕਨਫ਼ਰਮ ਹੋਇਆ ਸੀ।

ਸ੍ਰੀ ਸਪੀਕਰ : ਜੋ ਲੀਡਰਜ਼ ਨੇ ਫ਼ੈਸਲੇ ਕੀਤੇ ਹਨ, ਉਸ ਮੁਤਾਬਿਕ ਤਾਂ ਤੁਸੀਂ ਪੂਰੇ ਨਹੀਂ ਉਤਰਦੇ । (You don't abide by the promises made by the Party Leaders.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਬੇਨਤੀ ਕਰਾਂ ਕਿ ਸਰਦਾਰ ਉੱਤਮ ਸਿੰਘ ਜਿਹੜੇ ਕਿ ਜ਼ਿਲ੍ਹਾ ਕਾਂਗਰਸ ਪਾਰਟੀ, ਗੁਰਦਾਸਪੁਰ ਦੇ ਪ੍ਰਧਾਨ ਨੇ, ਉਹ 5 ਹਾਰਸ ਪਾਵਰ ਮਸ਼ੀਨ ਦਾ ਕਿਰਾਇਆ ਦਿੰਦੇ ਰਹੇ ਪਰ ਉਨ੍ਹਾਂ ਨੇ 10 ਹਾਰਸ ਪਾਵਰ ਦੀ ਮਸ਼ੀਨ ਲਾਈ ਹੋਈ ਸੀ। (ਸ਼ੋਰ) (ਵਿਘਨ) ਮੈਂ ਉਸ ਬਾਰੇ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ (ਸ਼ੋਰ)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਵਿਚ ਕਿਸੇ ਇੰਡੀਵਿਜੂਅਲ ਦੀ ਗੱਲ ਨਹੀਂ ਹੁੰਦੀ ਬਲਕਿ ਸਾਰੀ ਸਟੇਟ ਦੀ ਕੋਈ ਗੱਲ ਹੁੰਦੀ ਹੈ । (ਸ਼ੋਰ) (A Call Attention Notice cannot be about an individual; it has to refer to some matter pertaining to the State.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ਼ ਆਰਡਰ , ਸਰ। ਸਪੀਕਰ ਸਾਹਿਬ, ਮੈਂ ਇਕ ਪ੍ਰਿਵਿਲੇਜ ਮੋਸ਼ਨ ਦਿੱਤੀ ਸੀ ਜਿਹੜੀ ਕਿ ਪੰਜਾਬ ਲੈਂਡ ਰਿਫ਼ਾਰਮਜ਼ ਐਕਟ ਨੂੰ ਨੌਵੇਂ ਸ਼ਡਿਊਲ ਵਿਚ ਸ਼ਾਮਲ ਕਰਨ ਲਈ ਸੀ ਅਤੇ ਜਿਸ ਤੇ ਸਰਦਾਰ ਉਮਰਾਓ ਸਿੰਘ ਜੀ ਨੇ ਜਵਾਬ ਵੀ ਦਿਤਾ ਸੀ। ਉਸ ਬਾਰੇ ਮੈਂ ਪ੍ਰੀਵਿਲੇਜ ਮੋਸ਼ਨ ਇਥੇ ਦਿੱਤੀ ਸੀ ਪਰ ਉਸ ਦਾ ਹੁਣ ਤੱਕ ਕੋਈ ਪਤਾ ਨਹੀਂ ਲਗਾ।

ਸ੍ਰੀ ਸਪੀਕਰ : ਇਹ ਹੁਣੇ ਹੀ ਆਈ ਹੈ, ਇਸ ਨੂੰ ਐਗਜ਼ਾਮਨ ਕਰ ਲਵਾਂਗੇ । (I have received it just now and I would examine it.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਹ ਪਰਸੋਂ ਦੀ ਦਿੱਤੀ ਹੋਈ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਪਿਛੇ ਕਈ ਬੈਂਚਾਂ ਤੇ ਕੰਸਪੀਰੇਸੀ ਹੋ ਰਹੀ ਹੈ। ਕੀ ਇਹ ਹਾਊਸ ਵਿਚ ...... (ਸ਼ੋਰ)

ਸ੍ਰੀ ਸਪੀਕਰ : ਮੈਂ ਹਾਊਸ ਦੇ ਮੈਂਬਰਾਂ ਨੂੰ ਰਿਕੁਐਸਟ ਕਰਾਂਗਾ ਕਿ ਉਹ ਹਾਊਸ ਨੂੰ ਲੌਬੀ ਨਾ ਬਣਾਉਣ। (ਸ਼ੋਰ) (I would request the hon. Members not to treat this House as a lobby). (*Noise*)

आचार्य पृथ्वी सिंह आज़ाद : मैं प्वायंट आफ आर्डर पर दो बातें कहना चाहता हूं । पहली बात तो यह है कि फिनांस मिनिस्टर साहिब ने बजट की स्पीच में जवाब देते हुए कहा था कि चीफ मिनिस्टर साहिब हाउस में हरिजनों को और रियायतें देने के लिए अनाउंसमैंट करेंगे । मैं सरकार को रिकवैस्ट करूंगा कि क्या वह इस अनाउंसमैंट के लिए कोई date fix करेंगे कि वह कल या सोमवार तक यह अनाऊंसमैंट कर देंगे। दूसरी बात मेरी यह है कि कल जब आप हाउस में विराजमान नहीं थे तो चौधरी सुन्दर सिंह जी आप की चेयर पर विराजमान थे । उस समय जब कुछ अकाली मैंबरों ने शोर किया तो चेयरमैन साहिब ने कहा था कि आप बैठ जायें । ** ** ** ** ** मैं कहता हूं कि यह remarks expunge होने चाहिएं ।

**Expunged as ordered by the Chair.

ਸ੍ਰੀ ਸਪੀਕਰ: ਚੌਧਰੀ ਸਾਹਿਬ ਨੇ ਮਜ਼ਾਕ ਵਿਚ ਕਿਹਾ ਹੋਣਾ ਹੈ (Chaudhri Sahib might have said these words in lighter vein.)

(ਇਸ ਵੇਲੇ ਕਈ ਮੈਂਬਰ ਸਾਹਿਬਾਨ ਬੋਲਣ ਲਗ ਪਏ)

ਸ੍ਰੀ ਸਪੀਕਰ : ਠੀਕ ਹੈ ਕੇਵਲ ਕ੍ਰਿਸ਼ਨ ਬਾਰੇ ਸ਼ਬਦ ਕੱਟ ਦਿੱਤੇ ਜਾਣ । (All right, the words concerning Kewal Krishan may be expunged.)

Mr. Speaker: Comrade Raj Kumar, M.L.A. and four other Members of the the C.P.I. group have given notice of a privilege motion wherein they have referred to mis-reporting of certain parts of the proceedings of the Vidhan Sabha in the Pradeshak Samachar Bulletin of the All India Radio on 6th March, 1974.

Following the past practice, I am referring the matter to the Chairman of the Press Gallery Committee of which the representative of All India Radio is a member. On hearing from the Chairman, I will give my ruling.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਇਕ ਪ੍ਰਿਵਿਲੇਜ ਮੋਸ਼ਨ ਬੜੀ ਦੇਰ ਹੋਈ, ਜਿਹੜੀ ਕਿ ਸਰਦਾਰ ਗੁਰਮੇਲ ਸਿੰਘ ਦੇ ਖਿਲਾਫ ਸੀ, ਪੈਂਡਿੰਗ ਹੈ, ਉਸ ਦਾ ਕੀ ਬਣਿਆ ?

ਸ੍ਰੀ ਸਪੀਕਰ : ਜਵਾਬ ਆਉਣ ਤੇ ਟੇਕ-ਅੱਪ ਕਰ ਲਵਾਂਗੇ । (This will be taken up on receipt of the reply)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** .** (ਸ਼ੋਰ)

ਸ੍ਰੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ । Please resume your seat. (This is no point of order. Please resume your seat).

ADJOURNMENT MOTION

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਕੁਝ ਮੈਂਬਰਾਂ ਨੇ ਪ੍ਰਿਵਿਲੇਜ ਮੋਸ਼ਨ ਦਿਤੀ ਸੀ ਅਤੇ ਮੈਂ ਇਕ ਐਡਜਰਨਮੈਂਟ ਮੋਸ਼ਨ ਵੀ ਦਿਤੀ ਸੀ ਜਿਹੜੀ ਕਿ ਤੁਸੀਂ ਰੂਲ ਆਊਟ ਕਰ ਦਿਤੀ ਹੈ। ਸਪੀਕਰ ਸਾਹਿਬ, ਇਹ ਮਸਲਾ ਬੜਾ ਅਹਿਮ ਹੈ ਜੇ ਤੁਸੀਂ ਇਸ ਨੂੰ ਐਡਜਰਨਮੈਂਟ ਮੋਸ਼ਨ ਵਿਚ ਅਲਾਓ ਨਹੀਂ ਕਰਦੇ ਤਾਂ ਕਾਲ ਅਟੈਨਸ਼ਨ ਮੋਸ਼ਨ ਵਿਚ ਤਬਦੀਲ ਕਰ ਦਿਓ। ਪੰਜਾਬ ਸਰਕਾਰ ਨੇ ਜਿਹੜੀ ਫਿਲਮ ਕਾਰਪੋਰੇਸ਼ਨ ਬਣਾਈ ਹੈ ਇਸ ਕਾਰਪੋ-ਰੇਸ਼ਨ ਵਲੋਂ ਕੁਝ ਕਨੇਡੀਅਨ ਇਥੇ ਆ ਕੇ ਫਿਲਮਾਂ ਵਿਖਾ ਰਹੇ ਹਨ ਜਿਹੜੀਆਂ ਕਿ ਬੜੀਆਂ ਹੀ ਵਲਗਰ pornographic ਅਤੇ obscene ਹਨ। ਸਾਡੇ ਦੇਸ਼ ਦੇ ਯੂਥ ਨੂੰ ਖ਼ਰਾਬ ਕਰਨ ਵਾਸਤੇ ਇਸ ਦਾ ਬੜਾ ਅਸਰ ਪੈਂਦਾ ਹੈ। ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਕੁਝ ਡੀਸੈਂਟ ਬੰਦੇ ਜਿਹੜੇ ਕਿ ਫਿਲਮ ਵੇਖਣ ਵਾਸਤੇ ਹਾਲ ਵਿਚ ਬੈਠੇ ਸਨ ਉਨ੍ਹਾਂ ਨੂੰ ਇਹੋ ਜਿਹੇ ਸੀਨ ਵੇਖ ਕੇ ਉਠ ਕੇ ਬਾਹਰ ਆਉਣਾ ਪਿਆ। ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਇਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਬਦਲ ਕੇ ਹਾਊਸ ਵਿਚ ਲੈ ਆਓ ਤਾਕਿ ਗੌਰਮਿੰਟ ਇਸ ਦਾ ਜਵਾਬ ਦੇ ਸਕੇ।

**Expunged as ordered by the Chair.

ਸ੍ਰੀ ਸਪੀਕਰ : ਠੀਕ ਹੈ ਮੈਂ ਇਸ ਨੂੰ ਕਾਲ ਅਟੈਨਸ਼ਨ ਵਿਚ ਬਦਲ ਦਿਆਂਗਾ । (ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਸੀ) ਮੈਂ ਮੈਂਬਰ ਸਾਹਿਬਾਨ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਫੈਸਲਾ ਹੋਇਆ ਸੀ ਜ਼ੀਰੋ ਆਵਰ ਵਿਚ ਪੁਆਇੰਟ ਆਫ ਆਰਡਰ ਪਾਰਟੀ ਦੇ ਲੀਡਰ ਹੀ ਕਰਨਗੇ ਬਾਕੀ ਨਹੀਂ ਕਰਨਗੇ (ਸ਼ੋਰ) (All right. I would convert it into Call Attention Notice. I would like to inform the House that it has been decided that during the zero hour only the Leaders of the Parties would raise points of order).

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਹੁਣੇ ਹੀ ਜਿਹੜੇ ਤੁਸੀਂ ਰੀਮਾਰਕਸ ਦਿੱਤੇ ਹਨ ਉਸ ਦੇ ਮੁਤੱਲਕ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਫੈਸਲਾ ਇਹ ਕੀਤਾ ਗਿਆ ਹੈ ਇਸ ਵਿਚ ਕਿਸੇ ਪਾਰਟੀ ਦਾ ਸਵਾਲ ਨਹੀਂ, ਇਹ ਤਾਂ ਨਿਯਮਾਂ ਦੇ ਅਨੁਸਾਰ ਹੈ ਇਸ ਹਾਊਸ ਦੇ ਹਰ ਮੈਂਬਰ ਨੂੰ ਇਹ ਹੱਕ ਹੈ ਕਿ ਉਹ ਪੁਆਇੰਟ ਆਫ਼ ਆਰਡਰ ਕਰ ਸਕੇ ।

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਬਹੁਤ ਸਾਰੇ ਮੈਂਬਰ ਜ਼ੀਰੋ ਆਵਰ ਵਿਚ ਪੁਆਇੰਟ ਆਫ਼ ਆਰਡਰ ਤੇ ਖੜੇ ਹੁੰਦੇ ਹਨ ਪਰ ਸਿਵਾਏ ਇੰਟਰੱਪਸ਼ਨ ਦੇ ਉਨ੍ਹਾਂ ਦਾ ਕੋਈ ਪੁਆਇੰਟ ਆਫ ਆਰਡਰ ਨਹੀਂ ਬਣਦਾ । ਇਸ ਵਾਸਤੇ ਪਾਰਟੀਆਂ ਦੇ ਲੀਡਰਜ਼ ਨੇ ਇਹ ਫੈਸਲਾ ਕੀਤਾ ਸੀ ਕਿ ਜ਼ੀਰੋ ਆਵਰ ਵਿਚ ਜੇ ਪੰਜਾਬ ਦਾ ਕੋਈ ਅਹਿਮ ਮਸਲਾ ਹੋਵੇਗਾ ਤਾਂ ਉਸ ਤੇ ਪਾਰਟੀ ਦਾ ਲੀਡਰ 2 ਮਿੰਟ ਕਹਿ ਕੇ ਹਾਊਸ ਦਾ ਧਿਆਨ ਦਿਵਾ ਸਕਦਾ ਹੈ। ਕਈ ਮੈਂਬਰ ਪੁਆਇੰਟ ਆਫ ਆਰਡਰ ਤੇ ਖੜ੍ਹੇ ਹੁੰਦੇ ਹਨ ਪਰ ਉਹ ਕੋਈ ਪੁਆਇੰਟ ਆਫ ਆਰਡਰ ਦੀ ਗੱਲ ਨਹੀਂ ਹੁੰਦੀ ਸਿਰਫ ਇੰਟਰੱਪਸ਼ਨ ਵਾਸਤੇ ਹੀ ਖੜ੍ਹੇ ਹੁੰਦੇ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜੇ ਕੋਈ ਠੀਕ ਪੁਆਇੰਟ ਆਫ਼ ਆਰਡਰ ਹੋਵੇ ਤਾਂ ਬੇਸ਼ਕ ਉਹ ਰੇਜ਼ ਕਰੇ ਪਰ ਜੇ ਉਹ ਪੁਆਇੰਟ ਆਫ਼ ਆਰਡਰ ਨਹੀਂ ਹੋਵੇਗਾ ਤਾਂ ਉਹ ਰੂਲ ਆਊਟ ਹੋ ਜਾਵੇਗਾ ਔਰ ਸ਼ਾਇਦ ਪਰੋਸੀਡਿੰਗਜ਼ ਵਿਚ ਰੀਕਾਰਡ ਵੀ ਨਾ ਕੀਤਾ ਜਾਵੇ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜੋ ਮੈਂਬਰ ਪੁਆਇੰਟ ਆਫ਼ ਆਰਡਰ ਤੇ ਖੜ੍ਹੇ ਹੋਣ ਉਹ ਪੁਆਇੰਟ ਆਫ ਆਰਡਰ ਹੀ ਹੋਣਾ ਚਾਹੀਦਾਂ ਹੈ। (Most of the hon'ble Members rise on a point of order during the zero hour but actually they do so merely to cause interruptions. It was, therefore, decided in the meeting of the Party Leaders that any important matter relating to the State of Punjab can be referred to bythe leader of the Party for a couple of minutes only. Despite this decision many Members rise on a point of order for the purpose of causing interruptions only. I, therefore, request that only proper points of order should be raised otherwise these will be ruled out of order and may not even be recorded).

ਸਰਦਾਰ ਕਿਰਪਾਲ ਸਿੰਘ : ** ** (ਸ਼ੋਰ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਤੁਸੀਂ ਤਸ਼ਰੀਫ ਰਖੋ। (This is no point of order. Please resume your seat).

**Expunged as ordered by the Chair.

ਡਾਕਟਰ ਅਮੀਰ ਸਿੰਘ ਕਲੱਕਟ : ** ** ** (ਸ਼ੋਰ)

(ਇਸ ਵੇਲੇ ਕਈ ਮੈਂਬਰ ਸਾਹਿਬਾਨ ਬੋਲਣ ਲਗ ਪਏ)

ਸ੍ਰੀ ਸਪੀਕਰ : ਆਰਡਰ ਪਲੀਜ਼। ਇਹ ਪੁਆਇੰਟ ਆਫ ਆਰਡਰ ਨਹੀਂ ਹੈ। (ਸ਼ੋਰ) (Order please. This is no point of order).

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਬੜਾ ਹੀ ਗੰਭੀਰ ਮਸਲਾ ਹੈ। (ਵਿਘਨ)

Mr. Speaker : Order please.

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਗੱਲਾਂ ਕੀਤੀਆਂ ਜਾਂਦੀਆਂ ਹਨ ਅਰਬਨ ਪ੍ਰਾਪਰਟੀ ਤੇ ਸੀਲਿੰਗ ਲਗਾਉਣ ਦੀਆਂ। (ਵਿਘਨ) ......

ਸ੍ਰੀ ਸਪੀਕਰ : ਆਰਡਰ ਪਲੀਜ਼, ਆਰਡਰ। ਕਾਮਰੇਡ ਅੱਛਰਾ ਸਿੰਘ ਜੀ ਤੁਸੀਂ ਬੋਲੋ ਵੀ ਕੀ ਹੈ ਤੁਹਾਡਾ ਪੁਆਇੰਟ ਆਫ ਆਰਡਰ। (Order please, order. Comrade Achhra Singh ji, what is your point of order?)

ਕਾਮਰੇਡ ਅੱਛਰਾ ਸਿੰਘ : ** ** **

ਸ੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ। ਤੁਸੀਂ ਤਸ਼ਰੀਫ ਰੱਖੋ। (This is no point of order. You please resume your seat).

ਕਾਮਰੇਡ ਅੱਛਰਾ ਸਿੰਘ : ** ** **

Mr. Speaker : This is no point of order. Please resume your seat.

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਮੈਂ ਇਕ ਸਟਰਾਈਕ ਦੇ ਬਾਰੇ ਰੀਸੈਂਟਲੀ ਅਡਜਰਨਮੈਂਟ ਮੋਸ਼ਨ ਦਿਤੀ ਸੀ। ਉਸ ਦੇ ਬਾਰੇ ਸਪੀਕਰ ਸਾਹਿਬ 13 ਤਾਰੀਖ ਦਿੱਤੀ ਗਈ ਹੈ। ਮੇਰੀ ਬੇਨਤੀ ਹੈ ਕਿ 13 ਤਾਰੀਖ ਤਾਂ ਬਹੁਤ ਦੂਰ ਹੈ, ਇਸ ਲਈ ਉਸ ਨੂੰ ਕਾਲ ਅਟੈਨਸ਼ਨ ਵਿਚ ਹੀ ਬਦਲ ਦਿਓ ਤਾਂ ਕਿ ਕਲ੍ਹ ਨੂੰ ਇਥੇ ਆ ਜਾਵੇ।

ਸ੍ਰੀ ਸਪੀਕਰ : ਠੀਕ ਹੈ ਜੀ। (All right.)

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਜਿਹੜੀਆਂ ਇਹ ਮੋਸ਼ਨਾਂ ਕਾਲ ਅਟੈਨਸ਼ਨਾਂ ਵਿਚ ਕਨਵਰਟ ਕੀਤੀਆਂ ਹਨ ਇਹ ਇਨ ਰਾਈਟਿੰਗ ਹੋਇਆ ਕਰਦੀਆਂ ਹਨ ਜਾਂ ਕਿ ਜ਼ਬਾਨੀ ਹੀ ?

ਸ੍ਰੀ ਸਪੀਕਰ : ਇਨ ਰਾਈਟਿੰਗ ਵੀ ਹੋ ਜਾਣਗੀਆਂ ਜੀ। (These will also be in writing).

ਸਰਦਾਰ ਸੁਖਦੇਵ ਸਿੰਘ ਢਿਲੋਂ : ਸਪੀਕਰ ਸਾਹਿਬ, ਪੰਦਰਾਂ ਦਿਨ ਹੋ ਗਏ ਹਨ ਅਸੀਂ ਇਕ ਪ੍ਰਿਵਿਲੇਜ ਮੋਸ਼ਨ ਦਿਤੀ ਸੀ। ......

ਸ੍ਰੀ ਸਪੀਕਰ : ਉਹ ਕਿਸ ਦੇ ਬਾਰੇ ਸੀ। (What was its subject-matter ?)

ਸਰਦਾਰ ਸੁਖਦੇਵ ਸਿੰਘ ਢਿੱਲੋਂ : ਸੀ.ਐਮ. ਸਾਹਿਬ ਨੇ ਇਕ ਰੇਹ ਦਾ ਕੇਸ ਫੜਿਆ ਸੀ। ਤੁਸੀਂ ਕਿਹਾ ਸੀ ਕਿ ਗੌਰਮਿੰਟ ਨੂੰ ਮੈਟਰ ਰੈਫਰ ਕੀਤਾ ਹੈ। ਉਸ ਦਾ ਜਵਾਬ ਅਜੇ ਤੱਕ ਨਹੀਂ ਆਇਆ।

**Expunged as ordered by the Chair.

ਸ੍ਰੀ ਸਪੀਕਰ: ਮੈਂ ਦੁਬਾਰਾ ਪੁੱਛ ਲਵਾਂਗਾ ਜੀ, ਤੁਸੀਂ ਬੈਠੋ। (I will remind the Government. You please resume your seat).

CALL ATTENTION NOTICES UNDER RULE 66

(Serial No. 103)

Comrade Satya Pal Dang : I beg to draw the attention of the Government towards a matter of urgent public importance, namely, there is acute discontentment amongst the public of Amritsar regarding the manner in which the much publicized scheme to provide Atta and pulses and at subsidized rates to certain sections of the people. The acute discontentment is due to following reasons :—

(a) Subsidy is admissible only in case of employees whose income is upto Rs. 575 per mensem but not to people belonging to other professions with low income.

(b) Subsidy is nominal and is applicable only in case of two necessities.

(c) Cards of consumers have been registered without considering their own choice and often at far away depots leaving out depots nearby.

(d) New depots in connection with the scheme have been allotted without any regard to any principles or the interests of the people.

In view of the obvious and urgent importance of the matter, the Government be asked to make a statement in the House.

Mr. Speaker : Admitted. The Minister concerned may please make a statement.

Call Attention Notice No. 111 by Comrade Darshan Singh Canadian.

(The hon'ble Member was not present in the House).

Mr. Speaker : Call Attention Notice No. 112 by Comrade Darshan Singh Canadian.

'(The hon'ble Member was not present in the House).

ਕਾਮਰੇਡ ਸੱਤ ਪਾਲ ਡਾਂਗ ; ਸਪੀਕਰ ਸਾਹਿਬ, ਕਾਮਰੇਡ ਦਰਸ਼ਨ ਸਿੰਘ ਜੀ ਬੀਮਾਰ ਹਨ, ਇਸ ਲਈ ਤੁਸੀਂ ਇਹ ਮਤੇ ਐਡਮਿਟ ਕਰ ਲਵੋ ।

Mr. Speaker : All right. Call Attention Nos. 111 and 112 are admitted. The Ministers concerned may please make statements.

(ਕ੍ਰਮ ਨੰ: 111)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ ਅਰਥਾਤ, 1972-73 ਵਿਚ ਗੜ੍ਹ ਸ਼ੰਕਰ ਤੇ ਸੜੋਆ ਬਲਾਕ ਦੇ ਕੰਢੀ ਦੇ ਲਗ ਭਗ 22 ਡੂੰਘੇ ਟਿਊਬ ਵੈੱਲ ਸਿੰਜਾਈ ਲਈ ਲਾਏ ਗਏ ਸਨ। ਪਿਛਲੇ ਦੋ ਸਾਲ ਵਿਚ ਇਨ੍ਹਾਂ

ਨੂੰ ਡਿਵੈਲਪ ਨਹੀਂ ਕੀਤਾ ਗਿਆ ਜਿਹੜੇ ਕਿ ਦੋ ਤਿੰਨ ਮਹੀਨੇ ਦੇ ਅੰਦਰ ਅੰਦਰ ਹੋਣੇ ਚਾਹੀਦੇ ਸਨ। ਹੁਣ ਇੰਨਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਇਸ ਗੱਲ ਦਾ ਡਰ ਹੈ ਕਿ ਇਹ ਟਿਊਬ ਵੈਲਾਂ ਦੇ ਫਿਲਟਰ ਬੰਦ ਹੋ ਕੇ ਇਹ ਮੁਕੰਮਲ ਤੌਰ ਤੇ ਨਸ਼ਟ ਹੋ ਜਾਣ ਤੇ ਸਰਕਾਰ ਦਾ ਲੱਖਾਂ ਰੁਪਏ ਦਾ ਨੁਕਸਾਨ ਨਾ ਹੋ ਜਾਵੇ। ਇਨ੍ਹਾਂ 25-30 ਪਿੰਡਾਂ ਦੇ ਲੋਕਾਂ ਨੂੰ ਸਿੰਜਾਈ ਲਈ ਪਾਣੀ ਨਹੀਂ ਮਿਲਦਾ ਜਿਸ ਕਾਰਨ ਉਨ੍ਹਾਂ ਵਿਚ ਬਹੁਤ ਭਾਰੀ ਬੇਚੈਨੀ ਹੈ ਜਿਹੜੀ ਕੇ ਕਿਸੇ ਸਮੇਂ ਵੀ ਐਜੀਟੇਸ਼ਨ ਦਾ ਰੂਪ ਧਾਰ ਸਕਦੀ ਹੈ। ਕਿਉਂਕਿ ਸਮੱਸਿਆ ਫੌਰੀ ਮਹੱਤਵ ਦੀ ਹੈ ਇਸ ਲਈ ਸਰਕਾਰ ਨੂੰ ਇਸ ਬਾਰੇ ਸਦਨ ਵਿਚ ਬਿਆਨ ਦੇਣ ਲਈ ਕਿਹਾ ਜਾਏ।

(ਕ੍ਰਮ ਨੰ: 112)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ, ਗੜ੍ਹ ਸ਼ੰਕਰ ਤਹਿਸੀਲ ਦੇ ਦਸ ਹਜ਼ਾਰ ਦੀ ਆਬਾਦੀ ਦੇ ਪਿੰਡਾਂ ਲਈ 1972 ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਸਕੀਮ ਬਣੀ ਸੀ ਜਿਸ ਲਈ 3 ਲੱਖ ਤੋਂ ਉਪਰ ਰਕਮ ਸਰਕਾਰ ਵਲੋਂ ਮਨਜ਼ੂਰ ਕੀਤੀ ਗਈ ਸੀ। ਦੋ ਸਾਲ ਵਿਚ ਇਸ ਰਕਮ ਵਿਚੋਂ ਬਹੁਤ ਪੈਸਾ ਬੇ-ਅਰਥ ਖਰਚ ਕਰ ਦਿਤਾ ਗਿਆ ਹੈ ਤੇ ਅਜੇ ਤਕ ਪੀਣ ਵਾਲੇ ਪਾਣੀ ਦਾ ਕੋਈ ਇੰਤਜ਼ਾਮ ਨਹੀਂ ਹੋਇਆ। ਗਰਮੀਆਂ ਦੇ ਮੌਸਮ ਵਿਚ ਇਨ੍ਹਾਂ ਲੋਕਾਂ ਨੂੰ ਅਪਣੇ ਲਈ ਤੇ ਪਸ਼ੂਆਂ ਲਈ ਪਾਣੀ ਤਿੰਨ-ਤਿੰਨ ਚਾਰ-ਚਾਰ ਮੀਲ ਦੀ ਦੂਰੀ ਤੋਂ ਮਿਲਦਾ ਹੈ ਤੇ ਉਹ ਬਹੁਤ ਕਸ਼ਟ ਉਠਾਉਂਦੇ ਹਨ। ਉਪ੍ਰੋਕਤ ਅਵਸਥਾ ਕਾਰਨ ਇਲਾਕੇ ਦੇ ਲੋਕਾਂ ਵਿਚ ਭਾਰੀ ਬੇਚੈਨੀ ਹੈ ਤੇ ਉਥੇ ਐਜੀਟੇਸ਼ਨ ਅਰੰਭ ਹੋਣ ਦਾ ਡਰ ਹੈ। ਕਿਉਂਕਿ ਸਮੱਸਿਆ ਫੌਰੀ ਜਨਤਕ ਮਹੱਤਵ ਦੀ ਹੈ। ਇਸ ਲਈ ਸਰਕਾਰ ਇਸ ਮਾਮਲੇ ਬਾਰੇ ਸਦਨ ਵਿਚ ਬਿਆਨ ਦੇਵੇ।

(Serial No. 115)

Comrade Achhra Singh : I beg to draw the attention of the Government towards a matter of urgent public importance, namely, over one thousand Panchayat Secretaries (recently trained) are facing unemployment from the 28th February, 1974. They were selected for training with the promise that they will be absorbed in Government jobs immediately after their training courses are over. No policy statement for keeping up the agreed promise has come forward by Punjab Government. Hence great unrest and discontentment amongst them.

In view of great importance of the matter the Government may please be asked to make a statement in the House.

Mr. Speaker : Admitted. The Minister concerned may please make a statement.

(ਕ੍ਰਮ ਨੰ: 129)

1. **ਸਰਦਾਰ ਗੁਰਦੇਵ ਸਿੰਘ ਬਾਦਲ**
2. **ਸਰਦਾਰ ਤਾਰਾ ਸਿੰਘ ਛੀਨਾ**

: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਪਿੰਡ ਘੁਮਿਆਰ ਮੋਰਾਂ ਵਾਲੀ ਭਾਗ ਬਲਾ ਬਰਸਾਂ ਤੇ ਸੇਮ ਨਾਲੀ ਨਾ ਹੋਣ ਦੇ ਕਾਰਨ ਫਸਲ ਬਰਬਾਦ ਹੋ ਗਈ ਹੈ, ਅਜੇ ਤੱਕ ਜ਼ਮੀਨਾਂ ਵਿਚ ਪਾਣੀ

[ਸਰਦਾਰ ਗੁਰਦੇਵ ਸਿੰਘ ਬਾਦਲ]

ਖਲੋਤਾ ਹੈ ਅਤੇ ਲੋਕਾਂ ਨੂੰ ਨਾ ਤਾਂ ਸਾਉਣੀ ਦੀ ਫਸਲ ਹੋਈ ਅਤੇ ਨਾ ਹੀ ਹਾੜ੍ਹੀ ਦੀ, ਸਰਕਾਰ ਤੁਰੰਤ ਸਿੰਮ ਨਾਲੀ ਦਾ ਪ੍ਰਬੰਧ ਕਰ ਕੇ ਲੋਕਾਂ ਦੀ ਬੇਚੈਨੀ ਨੂੰ ਰੋਕੇ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ (Admitted, the hon. Minister concerned may please make a statement.)

(Serial No. 133)

Shri Sardari Lal Kapur : I beg to draw the attention of the Government towards a matter of urgent public importance, namely, Ludhiana is a city with majority of small scale industries therein. Due to shortage of electricity the production of small scale factories has very much dwindled down. From 6 a.m. to 7 a.m. and from 1 p.m. to 6 p.m. no electricity is supplied to small scale factories in Ludhiana. When the small scale factories start their work, after the current is given to them, in many cases the staff of Electricity Department take away the grips from the main connections on the so-called plea that such factories consume more electricity. This adversely affects the output of the factories. Moreover, the labour employed there also suffer financial loss. This is, therefore, a fit case in which the Government should make a statement on the floor of the House as to what it proposes doing so as to create a sense of satisfaction amongst the owners of small scale industries and labourers working in such industries in Ludhiana.

Mr. Speaker : Admitted. The Minister concerned may please make a statement in the House.

(Serial No. 134)

Shri Sardari Lal Kapoor : Sir, I beg to draw the attention of the Government towards a matter of urgent public importance, namely, that about twenty-five thousand work chargemen in the Irrigation and Electricity Departments of the State Government are not made regular for the last ten to twenty years, with the result that their uncertain appointments are causing a lot of mental agony to them and their family members. It is, therefore, a fit matter on which the Government should make a statement on the floor of the House, as to when such a large number of work charge men would be confirmed in their appointments so that they may also heave a sigh of relief.

Mr. Speaker : Admitted. The Minister concerned may please make a statement.

(Serial No. 135)

Shri Sardari Lal Kapur : I beg to draw the attention of the Government towards a matter of urgent public importance, namely, that at present sixty per centum cut on electricity is imposed in this State. This cut also applies to the Cold Storages in Punjab. The imposition of this cut on the cold storages adversely affects the food position of the State, as majority of the cold stores are used for safe-keeping of potatoes and other edible articles. It is, therefore, a fit matter on which the Government should make a statement on the floor of the House as to what it proposes doing so that the cold stores keeping potatoes and other edible articles are not hard hit and the foodstuffs may not get wasted due to stoppage of electricity to the cold stores of the State.

Mr. Speaker : Admitted. The Minister concerned may please make a statement.

STATEMENTS LAID ON THE TABLE OF THE HOUSE IN REPLY TO CALL ATTENTION NOTICES

Chief Parliamentary Secretary (Sardar Gurcharan Singh Nihalsinghwala): I beg to lay on the Table of the House replies to Call Attention Notices Nos. 25, 27 and 107.

(Serial No. 25)

Shri Sardari Lal Kapur : To draw the attention of the Government towards a matter of urgent public importance, namely, the strike in the Dayananad Medical College, Ludhiana, is going on for the last more than a month. This Medical College, which was started more than forty years ago as a Medical School in the beginning and thereafter as a Medical College, has done great service to the State. The Medical Council has decided that this important Institution shall be disaffiliated if the hospital attached thereto with capacity for 300 beds, does not increase it to a 500 bed hospital and if this is not done by 1st March, 1974, it will be disaffiliated by the Medical Council. If this unfortunate thing happens, the future of the students studying in this Medical College will be jeoperdised. The Managing Body/Governing Council of this Medical College cannot afford to have a 500 bed hospital because it has no money. The Hospital attached to this Medical College serves mostly the people of rural areas around Ludhiana. This is, therefore, a fit matter on which the Government should make a statement on the floor of the House as to whether it is prepared to take over this important medical institution so that the career of students may not suffer any longer.

Shri Gurmail Singh (Education Minister) : The Inspection Committee of the Medical Council of the India pointed out the following chief deficiencies, in its report of October, 1972 :—

1. Total beds strength of the Hospital to be raised to 500 from the existing beds strength of 300.
2. The staff of the clinical and non-clinical units should be in accordance with the norms laid down by the Medical Council of India in this behalf.
3. Full facilities for clinical training in Medicine and Surgery, should be available at Ludhiana instead of sending the students to P.G.I., Chandigarh.
4. Accommodation in the Library and the number of books etc. is inadequate.
5. The equipment position in various departments needs improvement.

The Medical Council of India had warned that if the deficiencies are not removed by 1st March, 1974 the institution will face dis-affiliation. The Managing Committee had tried to remove some of the deficiencies, to the extent possible and had also written to the State Government that either the Government should take over the institution or shift the students to some other colleges, under the control of Punjab Government as well as to Guru Gobind Singh Medical College. Further it was requested that if the Government is unable to do so, then an additional recurring grant of Rs. 13.83 lacs be given to make up the budget deficit of the institution.

The Managing Committee also wants the new Civil Hospital, proposed to be constructed at Ludhiana, to be built at the site of the new college hospital to make up deficiency of beds. A copy of the statement, showing details of various grants received by Dayanand Medical College Ludhiana (copy attached) shows that the Punjab Government has given a total recurring and non-recurring grant of about Rs 54 lacs, in the last 7 years. Besides this, the college received a sum of Rs. 13.82 lacs from Central Government, as a non-recurring aid for building and equipment, the Municipal Committee Ludhiana gave a grant of Rs. 5 lacs, for the equipment. All this comes to Rs. 71.77 lacs. In addition, the Punjab Government has given a loan of Rs. 6 lacs, on very nominal interest for building a boys' hostel. A grant of Rs. 6 lakhs has been sanctioned towards endowment . The Punjab Government has also requested the

[Education Minister]

Vice Chancellor, Panjab University, to take a lenient view of the short-comings and assured him that the State Government will do its best to assist the institution to the extent possible. The Vice Chancellor had already assured that he will take up the matter with the Syndicate, for a sympathetic consideration. A Ten member Committee has been constituted by the Punjab Government to look into the affairs of the Dayanand Medical College and location of the new Civil Hospital, Ludhiana. This Committee will give its suggestions at the earliest. In any case, Government is seriously considering all the issues of the D.M. College, Ludhiana.

STATEMENT SHOWING DETAILS OF VARIOUS GRANTS RECEIVED FROM THE STATE GOVERNMENT

DAYANAND MEDICAL COLLEGE, LUDHIANA

Serial No.	Year	Students Grant		Beas grant	Grant for upgrading of School to Medical College (ADHOC)	Building Grants	Central Government contribution
		M.B.B.S.	L.S.M.F.				
1	1965-66 ..	76,000	86,400	24,000	5,00,000	..	9,00,000
2	1966-67 ..	1,03,000	54,400	31,500	5,00,000	..	..
3	1967-68 ..	1,14,000	29,695·30	31,400	5,00,000	..	..
4	1968-69 ..	1,54,000	6,466·66	31,500	5,00,000	..	..
5	1969-70 ..	1,98,000	..	31,500	..	..	..
6	1970-71 ..	1,91,000	..	31,500	..	..	..
7	1971-72 ..	4,00,000	..	63,000	..	1,50,000	1,50,000
8	1972-73 ..	3,81,500	..	1,00,500	..	6,00,000	..
9	1973-74 ..	4,00,000	..	1,00,500	..	..	..
	Total ..	20,22,500	1,76,96,1·96	4,45,500	20,00,000	7,50,000	10,50,000

*In addition a loan of Rs. 6,00,000 was given on nominal interest for building boys' Hostel.

Total ..	53,94,962
Loan ..	6,00,000
Central Government Assistance ..	10,50,000
	70,44,962

(Serial No. 27)

Acharya Prithvi Singh Azad : To draw the attention of the Government towards a matter of urgent public importance, namely, the failure of the Government to implement

its declared policy of providing reservation for persons belonging to Scheduled Castes in promotions to Class I and II posts, so as to give justice to these Castes. The matter has been hanging fire for quite sometime, but the Government have not done anything in the matter.

The Government is, therefore, requested to make a statement in this behalf.

Miss Sarla Prasher, Minister of State for Social Welfare : The High Powered Committee on the Welfare of Scheduled Castes and Backward Classes recommended in it meeting held on the 5th June, 1973 that there should be reservation in promotion to th extent of 10 per cent in Class I & II services under the State Government. Governmen have since been actively engaged in the implementation of this recommendation of the Hig Powered Committee. Steps have already been taken to finalise a memorandum on thi matter, which would be placed very early before the Council of Ministers for a decision

(ਕ੍ਰਮ ਨੰ: 107)

ਮਾਸਟਰ ਚੰਦ ਸਿੰਘ : ਸਰਕਾਰ ਦਾ ਧਿਆਨ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਜ਼ਿਲ੍ਹਾ ਜਲੰਧਰ ਦਾ ਕੁਝ ਫਰੀਡਮ ਫਾਈਟਰਾਂ ਦੀਆਂ, ਸਰਕਾਰ ਵਲੋਂ ਮਨਜ਼ੂਰ ਕੀਤੀਆਂ ਪੈਨ-ਸ਼ਨਾਂ ਜਲੰਧਰ ਸ਼ਹਿਰ ਦਾ ਖਜ਼ਾਨਾ ਅਫ਼ਸਰ ਕਾਫੀ ਚਿਰ ਤੋਂ ਨਹੀਂ ਦੇ ਰਿਹਾ ਸਗੋਂ ਅਜੇ ਵੀ ਨਹੀਂ ਦੇ ਰਿਹਾ। ਜਿਸ ਕਰ ਕੇ ਇਨ੍ਹਾਂ ਆਜ਼ਾਦੀ ਦੇ ਘੁਲਾਟੀਆਂ ਦਾ ਮਹਿੰਗਾਈ ਦੇ ਸਮੇਂ ਵਿਚ ਗੁਜ਼ਾਰਾ ਕਰਨਾ ਔਖਾ ਹੋ ਰਿਹਾ ਹੈ । ਉਨ੍ਹਾਂ ਫਰੀਡਮ ਫਾਈਟਰਾਂ ਵਿਚ ਬਹੁਤ ਭਾਰੀ ਬੇ-ਚੈਨੀ ਪਾਈ ਜਾ ਰਹੀ ਹੈ। ਇਹ ਬਹੁਤ ਅਹਿਮ ਮਸਲਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਬੰਧਤ ਖਜ਼ਾਨਾ ਅਫਸਰ ਤੇ ਤੁਰਤ ਐਕਸ਼ਨ ਲਵੇ ਅਤੇ ਫਰੀਡਮ ਫਾਈਟਰਾਂ ਨੂੰ ਪੈਨਸ਼ਨ ਦੀ ਤੁਰਤ ਅਦਾਇਗੀ ਕਰਾਵੇ ਤਾਂ ਕਿ ਉਨ੍ਹਾਂ ਆਜ਼ਾਦੀ ਦੇ ਘੁਲਾਟੀਆਂ ਵਿਚ ਫੈਲੀ ਹੋਈ ਬੇਚੈਨੀ ਖਤਮ ਹੋ ਸਕੇ।

ਗਿਆਨੀ ਜ਼ੈਲ ਸਿੰਘ : (ਮੁੱਖ ਮੰਤਰੀ) : ਫਰਵਰੀ, 1972 ਵਿਚ ਭਾਰਤ ਸਰਕਾਰ ਨੇ ਦੇਸ਼ ਦੇ ਸੁਤੰਤਰਤਾ ਸੰਗਰਾਮੀਆਂ ਨੂੰ 15 ਅੱਗਸਤ, 1972 ਤੋਂ 200 ਰੁਪਏ ਮਾਸਕ ਪੈਨਸ਼ਨ ਦੇਣ ਦੀ ਇਕ ਸਕੀਮ ਤਿਆਰ ਕੀਤੀ। ਉਸ ਵੇਲੇ ਪੰਜਾਬ ਸਰਕਾਰ ਆਪਣੇ ਸੁਤੰਤਰਤਾ ਸੰਗਰਾਮੀਆਂ ਨੂੰ 25 ਰੁਪਏ ਮਾਸਕ ਦੀ ਦਰ ਨਾਲ ਮਾਇਕ ਸਹਾਇਤਾ ਦੇ ਰਹੀ ਸੀ। ਭਾਰਤ ਸਰਕਾਰ ਵਲੋਂ ਬਣਾਈ ਗਈ ਸਕੀਮ ਹੇਠ ਘੱਟੋ ਘੱਟ ਪੈਨਸ਼ਨ 200 ਰੁਪਏ ਮਾਸਕ ਹੋਣੀ ਸੀ ਅਤੇ ਪੰਜਾਬ ਸਰਕਾਰ ਵਲੋਂ ਦਿਤੀ ਗਈ ਪੈਨਸ਼ਨ ਨੂੰ ਇਸ ਰਕਮ ਵਿਚੋਂ ਕੱਢੇ ਜਾਣ ਦੀ ਕੋਈ ਪ੍ਰੋਵੀਜ਼ਨ ਨਹੀਂ ਸੀ।

2. ਕਿਉਂ ਜੋ ਭਾਰਤ ਸਰਕਾਰ ਵਲੋਂ ਬਣਾਈ ਗਈ ਸਕੀਮ ਆਜ਼ਾਦੀ ਦੀ 25 ਵੀਂ ਜਯੰਤੀ ਮਨਾਉਣ ਦੇ ਸਬੰਧ ਵਿਚ ਸੀ ਅਤੇ ਸੁਤੰਤਰਤਾ ਸੰਗਰਾਮੀਆਂ ਦੀਆਂ ਪੈਨਸ਼ਨਾਂ 15 ਅਗਸਤ, 1972 ਤੋਂ ਸ਼ੁਰੂ ਹੋਣੀਆਂ ਸਨ, ਪੰਜਾਬ ਦੇਸ਼ ਭਗਤ ਸਹਾਇਤਾ ਤੇ ਪੁਨਰਵਾਸ ਬੋਰਡ ਨੇ ਆਪਣੀ 4 ਜੁਲਾਈ, 1972 ਨੂੰ ਹੋਈ ਇਕੱਤਰਤਾ ਵਿਚ ਪੰਜਾਬ ਸਰਕਾਰ ਵਲੋਂ ਦਿੱਤੀ ਜਾ ਰਹੀ ਘੱਟੋ ਘਟ ਪੈਨਸ਼ਨ ਦੀ ਦਰ 15 ਅਗਸਤ, 1972 ਤੋਂ 25 ਰੁਪਏ ਤੋਂ ਵਧਾ ਕੇ 50 ਰੁਪਏ ਕਰਨ ਦਾ ਫੈਸਲਾ ਕੀਤਾ। ਬੋਰਡ ਨੇ ਇਹ ਫੈਸਲਾ ਸੁਤੰਤਰਤਾ ਸੰਗਰਾਮੀਆਂ ਨੂੰ ਫੌਰੀ ਰੀਲੀਫ ਦੇਣ ਲਈ (ਕਿਉਂ ਜੋ ਭਾਰਤ ਸਰਕਾਰ ਵਲੋਂ ਪੈਨਸ਼ਨ ਜਾਰੀ ਹੋਣ ਵਿਚ ਦੇਰ ਲਗਣ ਦੀ ਸੰਭਾਵਨਾ ਸੀ) ਅਤੇ ਇਸ ਖਿਆਲ ਨਾਲ ਕੀਤਾ ਕਿ ਜਦੋਂ ਭਾਰਤ ਸਰਕਾਰ ਵਲੋਂ ਪੈਨਸ਼ਨ ਮਨਜ਼ੂਰ ਹੋ ਗਈ ਤਾਂ ਪੰਜਾਬ ਸਰਕਾਰ ਵਲੋਂ ਦਿੱਤੀ ਜਾ ਰਹੀ ਪੈਨਸ਼ਨ ਆਪਣੇ ਆਪ ਹੀ ਬੰਦ ਹੋ ਜਾਵੇਗੀ, ਕਿਉਂ ਜੋ ਪੰਜਾਬ ਸਰਕਾਰ ਵਲੋਂ ਦਿੱਤੀ ਜਾ ਰਹੀ ਮਾਇਕ ਸਹਾਇਤਾ ਕੇਵਲ ਉਨ੍ਹਾਂ ਸੁਤੰਤਰਤਾ ਸੰਗਰਾਮੀਆਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਮਾਇਕ ਆਮਦਨ ਬਾਰੇ ਵਸੀਲਿਆਂ ਤੋਂ 200 ਜਾਂ 200

[ਮੁੱਖ ਮੰਤਰੀ]

ਰੁਪਏ ਤੋਂ ਵੱਧ ਨਾ ਹੋਵੇ। ਇਹ ਵੀ ਵਿਚਾਰ ਸੀ ਕਿ ਜੇਕਰ ਭਾਰਤ ਸਰਕਾਰ ਵੱਲੋਂ ਪੈਨਸ਼ਨ ਦਿੱਤੇ ਜਾਣ ਮਗਰੋਂ ਇਹ ਮਹਿਸੂਸ ਕੀਤਾ ਗਿਆ ਕਿ ਸੁਤੰਤਰਤਾ ਸੰਗਰਾਮੀਆਂ ਨੂੰ ਹੋਰ ਰਲੀਫ ਦੇਣ ਦੀ ਲੋੜ ਹੈ ਤਾਂ ਬਚੀ ਹੋਈ ਰਕਮ ਵਿਚੋਂ ਇਹ ਦਿੱਤੀ ਜਾ ਸਕੇਗੀ। ਪੰਜਾਬ ਸਰਕਾਰ ਵੱਲੋਂ ਵਧਾਈ ਗਈ ਮਾਇਕ ਸਹਾਇਤਾ ਭਾਵੇਂ ਦਿੱਤੀ ਤਾਂ 15 ਅਗੱਸਤ, 1972 ਤੋਂ ਗਈ ਸੀ, ਪ੍ਰੰਤੂ ਇਸ ਦੀ ਐਕਚੂਅਲ ਅਦਾਇਗੀ ਸਤੰਬਰ 1972 ਦੇ ਅਖੀਰ ਵਿੱਚ ਹੋਈ ਅਤੇ ਉਦੋਂ ਤੱਕ ਬਹੁਤ ਸਾਰੇ ਸੁਤੰਤਰਤਾ ਸੰਗ-ਰਾਮੀ ਭਾਰਤ ਸਰਕਾਰ ਦੀ ਸਕੀਮ ਅਧੀਨ ਪੈਨਸ਼ਨ ਲਈ ਦਰਖਾਸਤਾਂ ਦੇ ਚੁੱਕੇ ਸਨ ਅਤੇ ਉਨ੍ਹਾਂ ਨੇ ਪੈਨਸ਼ਨਾਂ ਲਈ ਦਰਖਾਸਤਾਂ ਵਿਚ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਮਾਇਕ ਸਹਾਇਤਾ 25 ਰੁਪਏ ਮਾਸਿਕ ਦਰਸਾਈ ਅਤੇ ਐਸਾ ਕਰਨ ਵਿਚ ਉਹ ਠੀਕ ਸਨ।

੩. ਪ੍ਰੰਤੂ ਬਾਅਦ ਵਿੱਚ ਭਾਰਤ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਜੋ ਪੈਨਸ਼ਨ ਉਨ੍ਹਾਂ ਵਲੋਂ ਦਿੱਤੀ ਜਾਣੀ ਹੈ ਉਸ ਵਿਚੋਂ ਪੰਜਾਬ ਸਰਕਾਰ ਵਲੋਂ ਦਿੱਤੀ ਜਾ ਰਹੀ ਪੈਨਸ਼ਨ ਕੱਟ ਲਈ ਜਾਵੇਗੀ। ਦੂਜੇ ਸ਼ਬਦਾਂ ਵਿੱਚ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਮਾਇਕ ਸਹਾਇਤਾ ਅਤੇ ਭਾਰਤ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਪੈਨਸ਼ਨ ਦਾ ਜੋੜ 200 ਰੁਪਏ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਕਿ ਉਪਰ ਦੱਸਿਆ ਗਿਆ ਹੈ, ਸੁਤੰਤਰਤਾ ਸੰਗਰਾਮੀਆਂ ਨੇ ਭਾਰਤ ਸਰਕਾਰ ਦੀ ਸਕੀਮ ਹੇਠ ਪੈਨਸ਼ਨ ਲਈ ਦਿੱਤੀਆਂ ਅਰਜ਼ੀ-ਆਂ ਵਿੱਚ ਪੰਜਾਬ ਸਰਕਾਰ ਵੱਲੋਂ ਮਿਲ ਰਹੀ ਮਾਇਕ ਸਹਾਇਤਾ 25 ਰੁਪਏ ਮਾਸਿਕ ਦਰਸਾਈ ਸੀ। ਇਸ ਗੱਲ ਨੂੰ ਮੁੱਖ ਰੱਖਦਿਆਂ ਹੋਇਆਂ ਭਾਰਤ ਸਰਕਾਰ ਨੇ ਇਹੋ ਜਿਹੇ ਕੇਸਾਂ ਵਿੱਚ 175 ਰੁਪਏ ਮਾਸਿਕ ਦੀ ਦਰ ਨਾਲ ਪੈਨਸ਼ਨ ਮਨਜ਼ੂਰ ਕੀਤੀ। ਪ੍ਰੰਤੂ, ਕਿਉਂਜੋ 15 ਅਗੱਸਤ, 1972 ਤੋਂ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਮਾਇਕ ਸਹਾਇਤਾ ਦੀ ਘੱਟੋ ਘੱਟ ਦਰ 50 ਰੁਪਏ ਹੋ ਗਈ ਸੀ, ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਪੈਨਸ਼ਨਾਂ ਦਾ ਜੋੜ ਇਹੋ ਜਿਹੇ ਕੇਸਾਂ ਵਿੱਚ 200 ਰੁਪਏ ਤੋਂ ਵੱਧ ਗਿਆ ਅਤੇ ਕੁੱਲ ਰਕਮ 225 ਰੁਪਏ ਹੋ ਗਈ। ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਮਾਇਕ ਸਹਾਇਤਾ ਖਜ਼ਾਨਚੀ, ਪੁੰਨ ਅਰਥ ਜਾਇਦਾਦ, ਪੰਜਾਬ ਵੱਲੋਂ ਦਿੱਤੀ ਜਾਂਦੀ ਹੈ, ਪ੍ਰੰਤੂ ਭਾਰਤ ਸਰਕਾਰ ਵੱਲੋਂ ਦਿੱਤੀ ਜਾ ਰਹੀ ਪੈਨਸ਼ਨ ਖਜ਼ਾਨਾ ਅਫਸਰਾਂ ਰਾਹੀਂ ਦਿੱਤੀ ਜਾ ਰਹੀ ਹੈ। ਜਦੋਂ ਭਾਰਤ ਸਰਕਾਰ ਦੇ ਨੋਟਿਸ ਵਿੱਚ ਇਹ ਗੱਲ ਆਈ ਕਿ ਦੋਨਾਂ ਪੈਨਸ਼ਨਾਂ ਦਾ ਜੋੜ 200 ਰੁਪਏ ਮਾਸਿਕ ਤੋਂ ਵੱਧ ਹੈ ਤਾਂ ਉਨ੍ਹਾਂ ਨੇ ਮਹਾਂ ਲੇਖਾਕਾਰ ਰਾਹੀਂ ਖ਼ਜ਼ਾਨਾ ਅਫਸਰਾਂ ਨੂੰ ਇਹ ਹਦਾਇਤਾਂ ਕਰ ਦਿੱਤੀਆਂ ਕਿ ਜਿਨ੍ਹਾਂ ਜਿਨ੍ਹਾਂ ਕੇਸਾਂ ਵਿੱਚ ਦੋਨਾਂ ਪੈਨਸ਼ਨਾਂ ਦਾ ਜੋੜ 200 ਰੁਪਏ ਤੋਂ ਵੱਧ ਹੈ, ਉਨ੍ਹਾਂ ਸੁਤੰਤਰਤਾ ਸੰਗਰਾਮੀਆਂ ਕੋਲੋਂ 200 ਰੁਪਏ ਤੋਂ ਵੱਧ ਦਿੱਤੀ ਗਈ ਰਕਮ ਵਸੂਲ ਕਰ ਲਈ ਜਾਵੇ। ਖਜ਼ਾਨਾ ਅਫਸਰ ਅਦਾ-ਇਗੀ ਦੇ ਮਾਮਲੇ ਵਿੱਚ ਮਹਾਂ ਲੇਖਾਕਾਰ ਦੇ ਅਧੀਨ ਹਨ ਅਤੇ ਉਨ੍ਹਾਂ ਵੱਲੋਂ ਇਸ ਸਿਲਸਿਲੇ ਵਿੱਚ ਕੀਤੀ ਗਈ ਕਾਰਵਾਈ ਮਹਾਂ ਲੇਖਾਕਾਰ ਦੀਆਂ ਹਦਾਇਤਾਂ ਤੇ ਆਧਾਰਤ ਹੈ ਅਤੇ ਉਹ ਇਸ ਮਾਮਲੇ ਵਿੱਚ ਕੁਝ ਹੋਰ ਕਰਨ ਤੋਂ ਅਸਮਰਥ ਹਨ।

4. ਪ੍ਰੰਤੂ ਇਹ ਕਹਿਣਾ ਗਲਤ ਹੈ ਕਿ ਖਜ਼ਾਨਾ ਅਫਸਰ, ਜਲੰਧਰ ਨੇ ਸੁਤੰਤਰਤਾ ਸੰਗਰਾਮੀਆਂ ਨੂੰ ਪੈਨਸ਼ਨਾਂ ਦੇਣੀਆਂ ਬੰਦ ਕਰ ਦਿੱਤੀਆਂ ਹਨ। ਉਨ੍ਹਾਂ ਨੇ ਕੇਵਲ ਉਸ ਰਕਮ ਦੀ ਅਡਜਸਟਮੈਂਟ ਸੁਤੰਤਰਤਾ ਸੰਗਰਾਮੀਆਂ ਨੂੰ ਦਿੱਤੀ ਜਾ ਰਹੀ ਪੈਨਸ਼ਨ ਵਿਚੋਂ ਕੀਤੀ ਹੈ ਜੋ ਉਨ੍ਹਾਂ ਨੂੰ 200 ਰੁਪਏ ਮਾਸਿਕ ਤੋਂ ਵੱਧ ਦਿੱਤੀ ਗਈ ਸੀ। ਖਜ਼ਾਨਾ ਅਫਸਰ, ਜਲੰਧਰ ਤੋਂ ਆਈ ਰਿਪੋਰਟ ਅਨੁਸਾਰ ਕਿਸੇ ਸੁਤੰਤਰਤਾ ਸੰਗਰਾਮੀ ਦੀ ਪੈਨਸ਼ਨ ਇਸ ਵਕਤ ਉਨ੍ਹਾਂ ਕੋਲ ਨਹੀਂ ਰੁਕੀ ਹੋਈ ਅਤੇ ਜਿਤਨੀ ਜਿਤਨੀ ਰਕਮ ਕਿਸੇ ਸੁਤੰਤਰਤਾ ਸੰਗਰਾਮੀ ਦੀ ਬਣਦੀ ਸੀ ਉਸ ਦੀ ਅਦਾਇਗੀ ਬਕਾਇਦਾ ਕੀਤੀ ਜਾ ਰਹੀ ਹੈ।

5. ਇਹ ਮਾਮਲਾ ਪੰਜਾਬ ਦੇਸ਼ ਭਗਤ ਸਹਾਇਤਾ ਅਤੇ ਪੁਨਰ ਵਾਸ ਬੋਰਡ ਦੇ ਨੋਟਿਸ ਵਿੱਚ ਵੀ ਆਇਆ ਸੀ ਅਤੇ ਉਨ੍ਹਾਂ ਨੇ ਇਸ ਬਾਰੇ ਵਿਚਾਰ ਆਪਣੀ ਐਮਰਜੈਂਟ ਮੀਟਿੰਗ ਜੋ 16 ਜਨਵਰੀ, 1974 ਨੂੰ ਹੋਈ ਸੀ, ਵਿੱਚ ਕੀਤਾ। ਬੋਰਡ ਨੇ ਇਹ ਫੈਸਲਾ ਕੀਤਾ ਕਿ ਇਹ ਮਾਮਲਾ ਭਾਰਤ ਸਰਕਾਰ ਨਾਲ ਉਠਾਇਆ ਜਾਵੇ ਅੱਤੇ ਉਨਾਂ ਨੂੰ ਇਹ ਬੇਨਤੀ ਕੀਤੀ ਜਾਵੇ ਕਿ ਸੁਤੰਤਰਤਾ ਸੰਗਰਾਮੀਆਂ ਨੂੰ ਭਾਰਤ ਸਰਕਾਰ ਵੱਲੋਂ ਦਿੱਤੀ ਗਈ ਪੈਨਸ਼ਨ ਘਟੋ ਘੱਟ 200 ਰੁਪਏ ਮਾਸਿਕ ਦਿੱਤੀ ਜਾਣੀ ਚਾਹੀਦੀ ਹੈ ਅਤੇ ਜੇਕਰ ਇਹ ਗੱਲ ਕਿਸੇ ਹਾਲਤ ਵਿਚ ਸੰਭਵ ਨਾ ਹੋਵੇ ਤਾਂ ਕੇਵਲ 25 ਰੁਪਏ ਹੀ ਭਾਰਤ ਸਰਕਾਰ ਵਲੋਂ ਦਿੱਤੀ ਜਾ ਰਹੀ ਪੈਨਸ਼ਨ ਵਿਚੋਂ ਅਡਜਸਟ ਕੀਤੇ ਜਾਣ ਕਿਉਂਕਿ for all practical purposes 15 ਅਗੱਸਤ, 1972 ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਮਾਇਕ ਸਹਾਇਤਾ 25 ਰੁਪਏ ਮਾਸਿਕ ਹੀ ਸੀ ਅਤੇ ਇਹ ਸਹਾਇਤਾ ਇਸ ਖਿਆਲ ਨਾਲ 15 ਅਗਸਤ, 1972 ਨੂੰ ਵਧਾਈ ਗਈ ਸੀ ਕਿ ਭਾਰਤ ਸਰਕਾਰ ਵੱਲੋਂ ਪੈਨਸ਼ਨ ਮਨਜ਼ੂਰ ਹੋਣ ਤੇ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਮਾਇਕ ਸਹਾਇਤਾ ਬੰਦ ਹੋ ਜਾਵੇਗੀ ਕਿਉਂਕਿ ਜੋ ਉਨ੍ਹਾਂ ਦੀ ਆਮਦਨ ਸਾਰੇ ਵਸੀਲਿਆਂ ਤੋਂ 200 ਰੁਪਏ ਹੋ ਜਾਵੇਗੀ ਅਤੇ ਪੰਜਾਬ ਸਰਕਾਰ ਵਲੋਂ ਕੇਵਲ ਉਹ ਹੀ ਸੁਤੰਤਰਤਾ ਸੰਗਰਾਮੀ ਮਾਇਕ ਸਹਾਇਤਾ ਦੇ ਹੱਕਦਾਰ ਸਨ ਜਿਨ੍ਹਾਂ ਦੀ ਸਾਰੀਆਂ ਵਸੀਲਿਆਂ ਤੋਂ ਮਾਸਿਕ ਆਮਦਨ 200 ਰੁਪਏ ਤੋਂ ਘੱਟ ਸੀ। ਭਾਰਤ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਉਹ ਪੈਂਸ਼ਨਾਂ ਮਨਜ਼ੂਰ ਕਰਨ ਸਮੇਂ ਕੇਵਲ ਉਸ ਰਕਮ ਨੂੰ ਅਡਜਸਟ ਕਰਨਗੇ ਜਿਹੜੀ ਸੁਤੰਤਰਤਾ ਸੰਗਰਾਮੀਆਂ ਨੂੰ ਮਾਇਕ ਸਹਾਇਤਾ ਵਜੋਂ 15 ਅਗੱਸਤ, 1972 ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਸੀ। ਇਸ ਗੱਲ ਨੂੰ ਮੁੱਖ ਰੱਖਦਿਆਂ ਜੇਕਰ ਵਧਾਈ ਗਈ ਮਾਇਕ ਸਹਾਇਤਾ 16 ਅਗਸਤ, 1972 ਤੋਂ ਲਾਗੂ ਕੀਤੀ ਜਾਂਦੀ ਹੈ ਤਾਂ ਕੇਵਲ 25 ਰੁਪਏ ਹੀ ਅਡਜਸਟ ਕੀਤੇ ਜਾਣੇ ਸਨ। ਇਹ ਮਾਮਲਾ ਇਕ ਅਧ ਸਰਕਾਰੀ ਪੱਤਰ ਰਾਹੀਂ ਭਾਰਤ ਸਰਕਾਰ ਨਾਲ ਉਠਾਇਆ ਗਿਆ ਹੈ। ਇਕ ਤਾਰ ਰਾਹੀਂ ਭਾਰਤ ਸਰਕਾਰ ਨੂੰ ਵਸੂਲੀ ਰੋਕਣ ਵਾਸਤੇ ਵੀ ਬੇਨਤੀ ਕੀਤੀ ਗਈ ਹੈ, ਪ੍ਰੰਤੂ ਹਾਲੇ ਤੀਕ ਉਨ੍ਹਾਂ ਵੱਲੋਂ ਇਸ ਮਾਮਲੇ ਬਾਰੇ ਕੋਈ ਉੱਤਰ ਨਹੀਂ ਆਇਆ।

PRESENTATION OF REPORT

Chairman Committee on Public Undertakings (Comrade Satya Pal Dang): Sir, I beg to present the *4th Report of the Committee on Public Undertakings on the General Working of the Undertakings.

RESUMPTION OF DISCUSSION ON THE RESOLUTION MOVED BY SARDAR GURDEV SINGH BADAL M.L.A. ON 28TH FEBRUARY, 1974

Mr. Speaker : Now the House will resume discussion on the Resolution moved by Sardar Gurdev Singh Badal on the 25th February, 1974. Chaudhri Jagat Ram was on his legs when the House adjourned on the 28th February, 1974. He may please resume his speech.

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ ਮੈਂ ਇਕ ਸਵਾਲ ਪੁੱਛਣਾ ਹੈ।

ਸ੍ਰੀ ਸਪੀਕਰ : ਅਗਲੀ ਸਿਟਿੰਗ ਤੇ ਕਰ ਲੈਣਾ ਜੀ। (The hon. Member may please do so during the next sitting of the House.)

---

*Placed in the Library.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਹ ਫ਼ੈਸਲਾ ਬਿਜ਼ਨੈਸ ਅਡਵਾਇਜ਼ਰੀ ਕਮੇਟੀ ਵਿਚ ਹੋਇਆ ਸੀ ਕਿ **ਕਰੈਸ਼ ਹੈਲਮਟਸ ਬਾਰੇ** ਇਕ ਸਾਂਝਾ ਮੱਤਾ ਹਾਉਸ ਵਿਚ ਆਵੇ। ਬਾਕੀ ਦਿਨਾਂ ਨੂੰ ਹੋਰ ਸਰਕਾਰੀ ਕੰਮ ਹੋਣਾ ਹੈ, ਜੇ ਇਸ ਆਈਟਮ ਨੂੰ ਅੱਜ ਹੀ ਲੈ ਲੈਂਦੇ ਤਾਂ ਚੰਗਾ ਸੀ।

ਸ਼੍ਰੀ ਸਪੀਕਰ : 11-30 ਵਜੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੈ, ਉਥੇ ਗੱਲ ਕਰ ਲੈਣਾ ਜੀ। (The meeting of the Business Advisory Committee is being held at 11.30 a. m. The hon. Member may raise this matter there.)

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮੈਂ ਇਕ ਬੜੀ ਜ਼ਰੂਰੀ ਗਲ ਕਾਲ ਅਟੈਨਸ਼ਨ ਨੰ: 69 ਦੇ ਬਾਰੇ ਕਰਨੀ ਹੈ। ਸਪੀਕਰ ਸਾਹਿਬ, 78 ਫੁੱਟ ਲੰਮੇ ਪਿਲਰਜ਼ ਬਣੇ ਉਨ੍ਹਾਂ ਦਾ ਡੀਜ਼ਾਈਨ ਕੰਟਰੈਕਟਰ ਨੇ ਬਣਾਇਆ ਹੈ ਅਤੇ ਮਹਿਕਮੇਂ ਨੇ ਅਪਰੂਵ ਕੀਤਾ। 5 ਸੂਤਰ ਦਾ ਸਰੀਆ ਲਗਾਇਆ ਗਿਆ, ਬਜਾਏ 25 ਐਮ. ਐਮ. ਦੇ ਉਥੇ ਦੋ ਆਦਮੀ ਮਰ ਗਏ। ਕੀ ਮਨਿਸਟਰ ਸਾਹਿਬ ਇਸ ਗੱਲ ਦੀ ਇਨਕੁਵਾਇਰੀ ਕਰਵਾਉਣ ਲਈ ਤਿਆਰ ਹਨ। 78 ਫੁੱਟ ਲੰਮੇ ਪਿਲਰਜ਼ ਸਨ, ਉਥੇ ਮਸਾਲਾ ਘੱਟ ਪਾਇਆ ਗਿਆ, ਦੋ ਆਦਮੀਆਂ ਦੀਆਂ ਜਾਨਾਂ ਗਈਆਂ। ਇਸ ਦੀ ਇਨਕੁਵਾਇਰੀ ਹੋਣੀ ਚਾਹੀਦੀ ਹੈ, ਮਹਿਕਮੇਂ ਨੇ ਗਲਤ ਜਵਾਬ ਦਿੱਤਾ ਹੈ।

ਉਪ-ਮੰਤਰੀ ਕਾਟੇਜ ਇੰਡਸਟਰੀਜ਼ (ਸ਼੍ਰੀ ਖੁਸ਼ਹਾਲ ਬਹਿਲ) : ਜਿਹੜਾ ਡਿਜ਼ਾਇਨ ਸੀ, ਉਹ ਐਗਜ਼ੈਕਟਿਵ ਇੰਜੀਨੀਅਰ ਨੇ ਐਪਰੂਵ ਕੀਤਾ ਸੀ। ਜਿਹੜੀ ਫਾਊਂਡੇਸ਼ਨ ਸੀ, ਉਹ ਇੰਟੈਕਟ ਰਹੀ ਹੈ। ਗੱਲ ਇਹ ਹੈ ਕਿ ਕਾਫ਼ੀ ਅੰਧੀ ਤੇ ਤੂਫਾਨ ਆਇਆ, ਕਈ ਦਰੱਖਤ ਅਤੇ ਕਈ ਬਿਜਲੀ ਦੇ ਖੰਬੇ ਉਖੜ ਗਏ, ਇਹ ਕੁਦਰਤੀ ਕਹਿਰ ਦੀ ਗੱਲ ਹੈ। ਫਾਊਂਡੇਸ਼ਨ ਤਾਂ ਉਥੇ ਹੀ ਹੈ, ਉਸ ਦਾ ਕੋਈ ਨੁਕਸਾਨ ਨਹੀਂ ਹੋਇਆ, ਸਿਰਫ ਉੱਪਰ ਉੱਪਰ ਦਾ ਹਿੱਸਾ ਡਿਗਿਆ ਹੈ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਪਿਲਰ ਡਿਮਾਲਿਸ਼ ਹੋ ਗਏ ਹਨ, ਗਲਤ ਇਨਫਰਮੇਸ਼ਨ ਡਿਪਾਰਟਮੈਂਟ ਨੇ ਦਿਤੀ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ : ਮੇਰਾ ਅਤੇ ਤਾਰਾ ਸਿੰਘ ਦਾ ਇਕ ਧਿਆਨ ਦਿਵਾਊ ਮਤਾ ਸੀ, ਜਿਸ ਦੇ ਜ਼ਰੀਏ ਇਹ ਕਿਹਾ ਗਿਆ ਸੀ ਕਿ ਬੁਢਾ ਦਰਿਆ ਤੇ ਪੁਲ ਦੇ ਬਾਰੇ.................

ਸ਼੍ਰੀ ਸਪੀਕਰ : ਜਿਹੜਾ ਧਿਆਨ ਦਿਵਾਊ ਮਤਾ ਹੁੰਦਾ ਹੈ, ਉਹ ਹੁੰਦਾ ਹੈ ਜੇ ਕੋਈ ਅਰਜੈਂਟ ਅਤੇ ਬੜਾ ਇੰਪਾਰਟੈਂਟ ਮਾਮਲਾ ਹੋਵੇ। (The Call Attention Notice should relate to a matter of urgent public importance only.)

ਸਰਦਾਰ ਗੁਰਦੇਵ ਸਿੰਘ ਬਾਦਲ : ਜਿਹੜੇ 8 ਪਿੰਡਾਂ ਦੇ ਲੋਕ ਹਨ.................

Mr. Speaker : Order please, resume your seat.

ਚੌਧਰੀ ਜਗਤ ਰਾਮ (ਬੰਗਾ ਐਸ. ਸੀ.) : ਸਪੀਕਰ ਸਾਹਿਬ ਮੈਂ ਇਸ ਰੈਜ਼ੋਲਿਊਸ਼ਨ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ ....

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ ਅਤੇ ਉਹ ਇਸ ਬਾਰੇ ਸੀ ਕਿ ਇਕ ਐਡਵੋਕੇਟ ਨੇ ਮੁਜ਼ਾਰਿਆਂ ਤੇ ਗੋਲੀ ਚਲਾਈ, 30 ਗੁੰਡੇ ਬੁਲਾ ਕੇ ਉਸ ਐਡਵੋਕੇਟ ਨੇ ....

ਸ੍ਰੀ ਸਪੀਕਰ : ਇਹ ਕਾਲ ਅਟੈਨਸ਼ਨ ਦਾ ਸਮਾਂ ਨਹੀਂ ਹੈ, ਚੌਧਰੀ ਜਗਤ ਰਾਮ ਜੀ ਸ਼ੁਰੂ ਕਰੋ। (This is not the time for Call Attention Notices. Chaudhri Jagat Ram may please resume discussion on the resolution.)

ਕਾਮਰੇਡ ਰਾਜ ਕੁਮਾਰ : ਮੈਂ ਇਕ ਕਾਲ ਅਟੈਨਸ਼ਨ ਦਿੱਤੀ ਸੀ, ਉਸ ਬਾਰੇ ਮੇਰਾ ਕੁਐਸ਼ਚਨ ਪੋਸਟਪੋਨ ਕਰ ਦਿੱਤਾ ਸੀ ਕਿਉਂਕਿ ਉਸ ਬਾਰੇ ਸੀ, ਐਮ. ਸਾਹਿਬ ਤਿਆਰ ਨਹੀਂ ਸਨ ਅਤੇ ਇਹ ਕਿਹਾ ਗਿਆ ਸੀ ਕਿ ਕਿਸੇ ਹੋਰ ਦਿਨ ਕਰ ਲੈਣਾ।

ਸ੍ਰੀ ਸਪੀਕਰ : ਅਗਲੇ ਦਿਨ ਕਰ ਲੈਣਾ ਜੀ। (The hon. Member may take up this question at the next sitting of the House.)

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਜਨਾਬ ਨੂੰ ਬਠਿੰਡਾ ਲੈਂਡ ਮਾਟਗੇਜ਼ ਬੈਂਕ ਦੇ ਬਾਰੇ ਦਿੱਤੀ ਸੀ ....

ਸ੍ਰੀ ਸਪੀਕਰ : ਗੁਲਸ਼ਨ ਜੀ, ਤੁਸੀਂ ਤਾਂ ਪਾਰਲੀਮੈਂਟ ਦੇ ਮੈਂਬਰ ਰਹੇ ਹੋ, ਤੁਹਾਨੂੰ ਤਾਂ ਹਾਊਸ ਦੇ ਪਰੋਸੀਜਰ ਦਾ ਪਤਾ ਹੈ ਕਿ ਇਸ ਵੇਲੇ ਕਾਲ ਅਟੈਨਸ਼ਨ ਨਹੀਂ ਡਿਸਕਸ ਹੋ ਸਕਦੀਆਂ। (The hon. Member has been a Member of the Parliament and he knows the procedure of the House that Call Attention Notices cannot he discussed at this stage.)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਉਥੇ ਵੋਟ ਨਹੀਂ ਕਰਵਾਈ ਜਾ ਰਹੀ (ਵਿਘਨ)...............................

Mr. Speaker : Order, order Please resume your seat.

ਸਰਦਾਰ ਹਰਬੰਸ ਸਿੰਘ ਜਲਾਲ : ਇਕ ਹਾਊਸ ਦੇ ਵਿਚ ਦੋ ਮੈਂਬਰਾਂ ਲਈ ਵੱਖੋ ਵੱਖ ਕਰਾਈਟੇਰੀਆ ਨਹੀਂ ਹੋ ਸਕਦਾ। ਸ਼ੁਕਰਵਾਰ ਦੀਆਂ ਪਰੋਸੀਡਿੰਗਜ਼ ਕਢਵਾ ਕੇ ਵੇਖ ਲਵੋ। ਕੁਐਸ਼ਚਨ ਆਵਰ ਵਿਚ ਡਾਂਗ ਸਾਹਿਬ ਨੇ ਪੁਆਇੰਟ ਆਫ ਆਰਡਰ ਉਠਾਇਆ ਅਤੇ ਤੁਸੀਂ ਐਡਮਿਟ ਕੀਤਾ, ਬੇਸ਼ਕ ਪ੍ਰੋਸੀਡਿੰਗਜ਼ ਕਢਵਾ ਕੇ ਵੇਖ ਲਵੋ।

ਸ੍ਰੀ ਸਪੀਕਰ : ਕੁਐਸ਼ਚਨ ਆਵਰ ਵਿਚ ਕਿਸੇ ਦਾ ਵੀ ਪੁਆਇੰਟ ਆਫ਼ ਆਰਡਰ ਐਡਮਿਟ ਨਹੀਂ ਹੁੰਦਾ। (No point of order is allowed during the question hour.)

ਸਰਦਾਰ ਹਰਬੰਸ ਸਿੰਘ ਜਲਾਲ : ਇਸ ਤਰ੍ਹਾਂ ਹੋਇਆ ਹੈ, ਤੁਸੀਂ ਪਰੋਸੀਡਿੰਗਜ਼ ਕਢਵਾ ਕੇ ਵੇਖ ਲਵੋ ਜੀ।

ਸ੍ਰੀ ਸਪੀਕਰ : ਮੈਂ ਵੇਖ ਲਵਾਂਗਾ ਜੀ। (I will see to that.)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਮੇਰੀ ਕਾਲ ਅਟੈਨਸ਼ਨ ਨੰ: 143 ਸੀ ਅਤੇ ਉਹ ਸੀ ਨਾਨ-ਟੀਚਿੰਗ ਸਟਾਫ ਦੇ ਬਾਰੇ। ਸਰਕਾਰ ਟੀਚਰਜ਼ ਦੀ ਸਿਕਿਉਰਟੀ ਆਫ਼ ਸਰਵਿਸ ਦਾ ਬਿੱਲ ਲਿਆ ਰਹੀ ਹੈ, ਉਨ੍ਹਾਂ ਨੂੰ ਐਡਜਸਟ ਵੀ ਕਰਨਾ ਚਾਹੀਦਾ ਹੈ।

ਸ੍ਰੀ ਸਪੀਕਰ : ਇਸ ਬਾਰੇ ਕਪੂਰ ਸਾਹਿਬ ਦਾ ਐਡਮਿਟ ਹੋ ਚੁੱਕਾ ਹੈ। (A similar Call Attention Motion has already been admitted in the name of Mr. Kapur.)

ਸ੍ਰੀ ਗੁਰਦਿਆਲ ਸੈਣੀ: ਚਲੋ ਠੀਕ ਹੈ ਜੀ।

ਚੌਧਰੀ ਜਗਤ ਰਾਮ: ਇਹ ਜਿਹੜਾ ਰੈਜ਼ੋਲਿਊਸ਼ਨ ਹੈ ਇਸ ਤੇ ਬੋਲਣ ਵਾਲੇ ਮੇਰੇ ਦੋਸਤਾਂ ਨੇ ਕਿਹਾ ਕਿ ਹਰੀਜਨਾਂ ਦੀ ਆਟੇ ਦੀ ਕਿਲਤ ਦੂਰ ਕੀਤੀ ਜਾਵੇ। ਇਹ ਤਾਂ ਠੀਕ ਹੈ। ਮੈਂ ਉਸ ਦਿਨ ਅਰਜ਼ ਕੀਤੀ ਸੀ ਕਿ ਜੇ ਐਕਚੂਅਲੀ ਅਸੀਂ ਇਰਾਦਤਨ ਸਾਰੇ ਦੇ ਸਾਰੇ ਇਹ ਗੱਲ ਚਾਹੁੰਦੇ ਹੋਈਏ ਤਾਂ ਕੋਈ ਵੀ ਦੁਖ ਨਹੀਂ ਰਹਿ ਸਕਦਾ।

ਸ੍ਰੀ ਸਪੀਕਰ: ਚੌਧਰੀ ਸਾਹਿਬ ਕਿੰਨਾ ਟਾਈਮ ਲਵੋਗੇ ? (Chaudhri Sahib, how much time would you take?)

ਚੌਧਰੀ ਜਗਤ ਰਾਮ: ਮੈਂ ਬਹੁਤ ਟਾਈਮ ਨਹੀਂ ਲਵਾਂਗਾ।

ਸ੍ਰੀ ਸਪੀਕਰ: 5 ਮਿੰਟ ਹੋਰ ਲੈ ਲਵੋ ਜੀ। (Please wind up within five minutes.)

ਚੌਧਰੀ ਜਗਤ ਰਾਮ: 10 ਮਿੰਟ ਵਿਚ ਖਤਮ ਕਰ ਦੇਵਾਂਗਾ ਜੀ।

ਸ੍ਰੀ ਸਪੀਕਰ: 15 ਮਿੰਟ ਤੋਂ ਜ਼ਿਆਦਾ ਸਾਡੇ ਰੂਲਜ਼ ਪ੍ਰੋਵਾਈਡ ਨਹੀਂ ਕਰਦੇ। (Rules do not provide for more than fifteen minutes).

ਚੌਧਰੀ ਜਗਤ ਰਾਮ: ਰੂਲਾਂ ਦਾ ਮੈਂ ਬੜਾ ਖਿਆਲ ਰੱਖਦਾ ਹਾਂ ਜੀ।

ਸ੍ਰੀ ਸਪੀਕਰ: ਇਹ ਤਾਂ ਬੜੀ ਚੰਗੀ ਗੱਲ ਹੈ ਅਗਰ ਆਨਰੇਬਲ ਮੈਂਬਰਜ਼ ਇਨ੍ਹਾਂ ਚੀਜ਼ਾਂ ਦਾ ਖਿਆਲ ਰੱਖਣ। (It is very nice of the hon. Members if they keep in view the provisions of the Rules).

ਚੌਧਰੀ ਜਗਤ ਰਾਮ: ਜੇ ਐਕਚੂਅਲੀ ਅਸੀਂ ਇਰਾਦੇ ਨਾਲ, ਨਿਯਤ ਨਾਲ ਇਸ ਰੈਜ਼ੋਲਿਊਸ਼ਨ ਨੂੰ ਲਿਆਉਂਦੇ, ਜੇ ਇਸ ਰੈਜ਼ੋਲਿਊਸ਼ਨ ਦੇ ਨਾਲ ਪਿਆਰ ਹੋਵੇ ਤਾਂ ਮੈਨੂੰ ਥੋੜਾ ਜਿਹਾ ਖਿਆਲ ਹੈ ਕਿ ਹਰੀਜਨਾਂ ਦਾ ਭਲਾ ਹੋ ਸਕਦਾ ਹੈ, ਇਸ ਤੇ ਮੈਨੂੰ ਕੋਈ ਸ਼ੱਕ ਨਹੀਂ। ਮੇਰਾ ਦੇਸ਼ ਤਾਂ ਰਿਸ਼ੀਆਂ ਮੁਨੀਆਂ ਦਾ ਹੈ, ਗੁਰੂਆਂ ਦਾ ਹੈ, ਦੇਵਤਿਆਂ ਦਾ ਹੈ। ਉਨ੍ਹਾਂ ਦੇ ਕਹੇ ਹੋਏ ਰਸਤੇ ਦੇ ਮੁਤਾਬਿਕ ਅਸੀਂ ਸੱਚੀ ਮੁੱਚੀ ਇਸ ਜਮਹੂਰੀਅਤ ਵਿਚ ਆਏ, ਸਾਨੂੰ ਆਜ਼ਾਦੀ ਮਿਲੀ, ਇਹ ਸੱਚ ਮੁੱਚ ਗੁਰੂਆਂ ਦਾ ਵਰਦਾਨ ਹੈ, ਗੁਰੂਆਂ ਦੇ ਉਪਦੇਸ਼ ਦੇ ਕਾਰਨ ਹੈ, ਉਨ੍ਹਾਂ ਦੇ ਮੁਤਾਬਿਕ ਅਸੀਂ ਆਪਣਾ ਵਿਧਾਨ ਬਣਾਇਆ ਅਤੇ ਉਸ ਵਿਧਾਨ ਦੇ ਮੁਤਾਬਿਕ ਅਗਰ ਅਸੀਂ ਚਲ ਪੈਂਦੇ ਹਾਂ ਤਾਂ ਸਭ ਮਸਲਿਆਂ ਦਾ ਹੱਲ ਹੋ ਜਾਵੇ ਅਤੇ ਕਿਸੇ ਕਿਸਮ ਦੇ ਦੁੱਖ ਨਾ ਰਹਿਣ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਅਤੇ ਆਪਣੇ ਦੋਸਤ ਸੱਜਣਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਸੱਚੀ ਮੁੱਚੀ ਇਸ ਗੱਲ ਨੂੰ ਆਪਣਾ ਮਾਰਲ ਬਣਾਕੇ ਅਸੂਲ ਬਣਾਕੇ ਚਲੀਏ ਤਾਂ ਕੋਈ ਹਰੀਜਨਾਂ ਦਾ ਮਸਲਾ ਨਹੀਂ ਰਹਿੰਦਾ ਜਿਹੜਾ ਕਿ ਠੀਕ ਤਰ੍ਹਾਂ ਹੱਲ ਨਾ ਹੋ ਜਾਵੇ। ਅਸੀਂ ਕੁਰਬਾਨੀਆਂ ਕੀਤੀਆਂ ਸਨ ਅਤੇ ਉਨ੍ਹਾਂ ਕੁਰਬਾਨੀਆਂ ਦੇ ਆਧਾਰ ਤੇ ਸਾਨੂੰ ਆਜ਼ਾਦੀ ਮਿਲੀ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਭੀਲਣੀ ਦੇ ਜੂਠੇ ਬੇਰ ਉਨ੍ਹਾਂ ਨੇ ਹੀ ਖਾਧੇ ਸਨ, ਜਿਨ੍ਹਾਂ ਨੂੰ ਪਰਮਾਤਮਾ ਕਹਿੰਦੇ ਹਾਂ, ਸਰੋਵਰ ਦਾ ਪਾਣੀ ਪਵਿੱਤਰ ਹਰੀਜਨ ਦੇ ਹੱਥੋਂ ਹੀ ਹੋਇਆ ਸੀ। ਮੈਂ ਆਪਣੇ ਦੋਸਤਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਹਰੀਜਨਾਂ ਨਾਲ ਉਨ੍ਹਾਂ ਹੀ ਪਿਆਰ ਕਰਦੇ ਹਨ ਜਿੰਨਾ ਗੁਰੂਆਂ, ਰਿਸ਼ੀਆਂ ਮੁਨੀਆਂ ਅਤੇ ਦੇਵਤਿਆਂ ਨੇ ਕੀਤਾ। ਜਦੋਂ ਚਮਕੌਰ ਸਾਹਿਬ ਵਿਚ ਦਸ਼ਮੇਸ਼ ਪਿਤਾ ਜੀ ਆਏ, ਤਾਂ ਯੁੱਧ ਵਿਚ ਗੁਰੂਆਂ ਦੀ ਖਾਤਰ ਦੋ ਹਰੀਜਨ ਹੀ ਸ਼ਹੀਦ ਹੋਏ ਸਨ ਅਤੇ ਗੁਰੂਆਂ ਨੇ ਖੁਸ਼ ਹੋ ਕੇ ਆਪਣੀ ਜਗ੍ਹਾ ਕਲਗੀ, ਉਨ੍ਹਾਂ ਦੇ ਸਿਰ ਤੇ ਰੱਖ ਦਿੱਤੀ ਸੀ। ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗੁਰੂਆਂ, ਦੇਵਤਿਆਂ ਦੇ ਲਈ ਕੁਰਬਾਨੀ ਕਰਨ ਦੀ ਮਿਸਾਲ ਅਸੀਂ ਹਾਂ।

ਅਸੀਂ ਗੁਰੂ ਸਾਹਿਬ ਨੂੰ ਉਚ ਦਾ ਪੀਰ ਕਰਕੇ ਕਢਿਆ ਸੀ। ਇਹ ਜਿਹੜਾ ਹਰੀਜਨਾਂ ਦੀ ਭਲਾਈ ਲਈ ਰੈਜ਼ੋਲਿਊਸ਼ਨ ਹੈ। ਮੈਂ ਇਥੇ ਹਰੀਜਨ ਦੀ ਇਕ ਹੋਰ ਮਿਸਾਲ ਦਿੰਦਾ ਹਾਂ ਕਿ ਹਰੀਜਨ ਅੱਜ

ਤੋਂ ਨਹੀਂ ਜੁਗਾਂ ਤੋਂ ਵਪਾਰ ਕਰਦਾ ਆ ਰਿਹਾ ਹੈ। ਜਿਸ ਵੇਲੇ ਰਾਜਾ ਹਰੀ ਚੰਦ ਜਿਸ ਨੂੰ ਵੇਦਾਂ ਸ਼ਾਸਤਰਾਂ ਦੇ ਵਿਚ ਧਰਮੀ ਰਾਜਾ ਆਖਿਆ ਜਾਂਦਾ ਹੈ ਤੇ ਐਸਾ ਵਕਤ ਪਿਆ ਕਿ ਉਹ ਆਪਣੇ ਆਪ ਨੂੰ ਵੇਚਣ ਲਈ ਤਿਆਰ ਹੋ ਗਿਆ ਉਸ ਵੇਲੇ ਉਸ ਦਾ ਕੋਈ ਖਰੀਦਦਾਰ ਨਹੀਂ ਸੀ ਉਸ ਵੇਲੇ ਉਸ ਨੂੰ ਇਕ ਹਰੀਜਨ ਨੇ ਖਰੀਦਿਆ ਅਤੇ ਉਸ ਦਾ ਧਰਮ ਬਚਾਇਆ। ਸਾਡਾ ਸਮਾਜ ਹੀ ਇਸ ਢੰਗ ਨਾਲ ਬਣਿਆ ਹੋਇਆ ਹੈ, ਕਿ ਅਸੀਂ ਇਸ ਵਿਧਾਨ ਵਿਚ ਹਰੀਜਨ ਦਾ ਨਾਉਂ ਲੈ ਕੇ ਆਏ ਹਾਂ ਜੇ ਨਾਉਂ ਲੈ ਕੇ ਖੜ੍ਹੇ ਨਾ ਹੁੰਦੇ ਤਾਂ ਸਾਨੂੰ ਇਹ ਜਗ੍ਹਾ ਨਹੀਂ ਸੀ ਮਿਲਣੀ। ਸਾਡਾ ਦੇਸ਼ ਭਗਤਾਂ ਦਾ ਮੁਲਕ ਹੈ ਅਸੀਂ ਦੇਸ਼ ਦੀ ਸੇਵਾ ਕਰਨੀ ਹੈ ਅਤੇ ਆਪਣੇ ਮੁਲਕ ਨੂੰ ਉੱਚਾ ਚੁੱਕਣਾ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਜਿਥੇ ਸਰਕਾਰ ਨੇ ਆਪਣਾ ਪਾਰਟ ਅਦਾ ਕਰਨਾ ਹੈ ਉਥੇ ਆਪੋਜ਼ੀਸ਼ਨ ਨੇ ਵੀ ਆਪਣਾ ਰੋਲ ਅਦਾ ਕਰਨਾ ਹੈ ਉਹ ਸਰਕਾਰ ਨਿਕੰਮੀ ਹੁੰਦੀ ਹੈ ਜੋ ਆਪੋਜ਼ੀਸ਼ਨ ਦੀ ਗੱਲ ਨਾ ਸੁਣੇ। ਜੇ ਆਪੋਜ਼ੀਸ਼ਨ ਚੰਗੀ ਹੋਵੇ ਤਾਂ ਉਹ ਠੋਸ ਨੁਕਤਾ-ਚੀਨੀ ਕਰਦੀ ਹੈ ਅਤੇ ਸਰਕਾਰ ਨਿਕੰਮੀ ਰਹਿ ਨਹੀਂ ਸਕਦੀ। ਜੇ ਆਪੋਜ਼ੀਸ਼ਨ ਚੰਗੀ ਨਾ ਹੋਵੇ ਤਾਂ ਸਰਕਾਰ ਬੇਪਰਵਾਹ ਹੋ ਜਾਂਦੀ ਹੈ। ਇਸ ਲਈ ਜੇ ਸਰਕਾਰ ਚੰਗੀ ਹੋਵੇ ਤਾਂ ਉਹ ਆਪੋਜ਼ੀਸ਼ਨ ਨੂੰ ਆਪਣਾ ਰੋਲ ਅਦਾ ਕਰਨ ਦੀ ਪੂਰੀ ਖੁਲ੍ਹ ਦੇਵੇ। ਫਿਰ ਮੈਂ ਆਪੋਜ਼ੀਸ਼ਨ ਨੂੰ ਮਾੜਾ ਨਹੀਂ ਕਹਿੰਦਾ ਸੰਧੂ ਜੀ ਬੈਠੇ ਹਨ, ਹੋਰ ਮੈਂਬਰ ਸਾਹਿਬਾਨ ਹਨ ਸਾਰੇ ਮੇਰੇ ਦੋਸਤ ਹਨ ਅਸੀਂ ਸਾਰੀ ਇਕ ਬਿਰਾਦਰੀ ਹਾਂ ਅਸੀਂ ਚਾਹੁੰਦੇ ਹਾਂ ਕਿ ਕਿਵੇਂ ਇਸ ਮੁਲਕ ਨੂੰ ਉੱਚਾ ਚੁਕਿਆ ਜਾਵੇ। ਪੁਰਾਣੇ ਵਕਤਾਂ ਤੋਂ ਇਹ ਚੀਜ਼ ਚਲੀ ਆਈ ਹੈ ਕਿ ਅਸੀਂ ਕਿਸੇ ਨਾ ਕਿਸੇ ਢੰਗ ਨਾਲ ਇਸ ਸਮਾਜ ਨੂੰ ਉੱਚਾ ਚੁਕਿਆ ਹੈ ਅਤੇ ਸਾਡੇ ਸਹਿਯੋਗ ਨਾਲ ਇਸ ਮੁਲਕ ਦੀ ਤਰੱਕੀ ਹੋਈ ਹੈ। ਮੇਰੀ ਇਕ ਗੱਲ ਨੂੰ ਬੁਰਾ ਨਾ ਮੰਨਾਉਣ ਬੇਗਮ ਸਾਹਿਬਾ ਬੈਠੇ ਹਨ ਮੈਂ ਇਕ ਮੁਸਲਮਾਨ ਦੀ ਮਿਸਾਲ ਦਿੰਦਾ ਹਾਂ। ਉਹ ਇਹ ਕਿ ਕਿਸੇ ਨੇ ਇਕ ਮੁਸਲਮਾਨ ਨੂੰ ਪੁਛਿਆ ਕਿ ਤੁਸੀਂ ਮੁਰਦਾ ਜਾਲਦੇ ਹੋ ਜਾਂ ਦਬਾਉਂਦੇ ਹੋ। ਉਹ ਕਹਿੰਦਾ ਕਿ ਤੁਸੀਂ ਕੀ ਕਰਦੇ ਹੋ। ਜਵਾਬ ਦੇਣ ਵਾਲਾ ਹਿੰਦੂ ਸੀ ਕਹਿੰਦਾ ਕਿ ਅਸੀਂ ਤਾਂ ਬਈ ਜਾਲਦੇ ਹਾਂ ਉਹ ਕਹਿੰਦਾ ਫਿਰ ਅਸੀਂ ਦਬਾਉਂਦੇ ਹਾਂ। ਹਿੰਦੂ ਫ਼ਿਰ ਕਹਿੰਦਾ ਕਿ ਨਹੀਂ ਅਸੀਂ ਤਾਂ ਦਬਾਉਂਦੇ ਹਾਂ ਤਾਂ ਮੁਸਲਮਾਨ ਕਹਿੰਦਾ ਕਿ ਅਸੀਂ ਸਾੜਦੇ ਹਾਂ। ਹਿੰਦੂ ਕਹਿੰਦਾ ਕਿ ਇਹ ਕੀ ਗੱਲਾ ਉਸ ਮੁਸਲਮਾਨ ਨੇ ਉੱਤਰ ਦਿੱਤਾ ਕਿ ਜੋ ਤੁਸੀਂ ਕਰਨਾ ਹੈ ਉਹ ਅਸੀਂ ਨਹੀਂ ਕਰਨਾ ਗੱਲ ਤਾਂ ਸਾਰੀ ਇਹ ਹੈ। ਇਸੇ ਤਰ੍ਹਾਂ ਮੈਂ ਅਪੋਜ਼ੀਜਨ ਤੇ ਬੈਠੇ ਭਰਾਵਾਂ ਨੂੰ ਕਹਾਗਾਂ ਕਿ ਉਹ ਜਿਹੜੀ ਗੱਲਾਂ ਜਾਇਜ਼ ਹੋਵੇ ਉਸ ਤੇ ਨੁਕਤਾ-ਚੀਨੀ ਨਾਂ ਕਰਿਆ ਕਰਨ ਸਗੋਂ ਸਹਿਯੋਗ ਦੇਣ। ਇਹ ਨਹੀਂ ਹੋਣਾ ਚਾਹੀਦਾ ਕਿ ਭਾਵੇਂ ਕੋਈ ਵੀ ਗੱਲ ਹੋਵੇ ਉਨ੍ਹਾਂ ਨੇ ਤਾਂ ਖਿਲਾਫ਼ ਕਹਿਣਾ ਹੈ, ਉਲਟ ਜਾਣਾ ਹੈ।

ਇਕ ਗੱਲ ਮੈਂ ਅਨਾਜ ਦੇ ਬਾਰੇ ਵੀ ਕਹਿ ਦੇਵਾਂ ਕਿ ਇਸ ਵਿਚ ਦੋ ਰਾਇਆਂ ਨਹੀਂ ਹੋ ਸਕਦੀਆਂ, ਪਿੰਡਾਂ ਦੇ ਲੋਕਾਂ ਨੂੰ ਕਾਫ਼ੀ ਮਹਿੰਗਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੈਂ ਉਨ੍ਹਾਂ ਗ਼ਰੀਬ ਲੋਕਾਂ ਦੀ ਕੋਈ ਝੂਠੀ ਵਕਾਲਤ ਨਹੀਂ ਕਰਦਾ ਇਹ ਇਕ ਮੰਨੀ ਪਰਮੰਨੀ ਗੱਲ ਹੈ। ਇਸ ਤਰ੍ਹਾਂ 25 ਪ੍ਰਤੀਸ਼ਤ ਤਬਕਾ ਇਸ ਦੇਸ਼ ਦਾ ਹੈ ਜੋ ਬਹੁਤ ਗਰੀਬ ਹੈ, ਜਿਸ ਦੇਸ਼ ਦਾ ਤਬਕਾ ਇਤਨਾ ਗਰੀਬ ਹੋਵੇ, ਉਸ ਨੂੰ ਉਚਾ ਚੁਕਣ ਵਾਸਤੇ ਇਸ ਮੁਲਕ ਨੂੰ ਬੜੀਆਂ ਘਾਲਾਂ ਘਾਲਣੀਆਂ ਪੈਣੀਆਂ ਹਨ। ਇਸ ਦੇਸ਼ ਦਾ ਹਰੀਜਨ ਤਬਕਾ ਇਸ ਗਰੀਬ ਸ਼ਰੇਣੀ ਵਿਚੋਂ ਹੈ ਸਾਨੂੰ ਸਾਰਿਆ ਨੂੰ ਰਲਕੇ ਇਹਨੂੰ ਲੈਵਲ ਤੋਂ ਉੱਚਾ ਚੁਕਣਾ ਚਾਹੀਦਾ ਹੈ, ਅਸੀਂ ਇਸ ਦੇ ਨਾਉਂ ਤੇ ਟਿਕਟ ਲੈਂਦੇ ਹਾਂ ਕਿ ਅਸੀਂ ਇਸ ਦੀ ਭਲਾਈ ਕਰਨੀ ਹੈ। ਇਹ ਇਤਨਾ ਗਰੀਬ ਹੈ ਕੋਈ ਐਜੀਟੇਸ਼ਨ ਨਹੀਂ ਕਰ ਸਕਦਾ, ਇਹ ਆਪਣੇ ਬਚਿਆਂ ਨੂੰ ਝੋਲੀ ਵਿਚ ਪਾਈ ਆਪਣਾ ਪੇਟ ਪਾਲਣ ਦੀ ਖਾਤਰ ਦੁਰਮਟ ਹੱਥ ਵਿਚ ਲੈ ਕੇ ਸੜਕਾਂ ਕੁਟਦਾ ਹੈ, ਇਹ ਲੱਕ ਤੋੜ ਦੇਣ ਵਾਲੀ ਮਹਿੰਗਾਈ ਦਾ

[ਚੌਧਰੀ ਜਗਤ ਰਾਮ]

ਕਿਵੇਂ ਮੁਕਾਬਲਾ ਕਰ ਸਕਦਾ ਹੈ। ਅੱਜ ਵੀ ਉਹ ਗ਼ਰੀਬੀ ਦੀ ਹਾਲਤ ਵਿਚ ਇਸ ਦੇਸ਼ ਦੀ ਉੱਨਤੀ ਕਰਦਾ ਹੈ, ਮਿਹਨਤ ਕਰਕੇ ਅਨਾਜ਼ ਪੈਦਾ ਕਰਦਾ ਹੈ, ਫਿਰ ਜੇ ਉਸ ਨੂੰ ਰੋਟੀ ਨਾ ਮਿਲੇ, ਪੇਟ ਭਰਨ ਵਾਸਤੇ ਇਹ ਕਿਤਨੀ ਮਾੜੀ ਗੱਲ ਹੋਵੇਗੀ। ਹਰੀਜਨ ਸਹੀ ਅਰਥਾਂ ਦੇ ਵਿਚ ਦੇਸ਼ ਭਗਤ ਹੈ। ਕੁਝ ਦੋਸਤ ਹਰੀਜਨਾਂ ਦੇ ਹਿਮਾਇਤੀ ਤਾਂ ਕਹਾਉਂਦੇ ਹਨ ਪਰ ਜਦੋਂ ਉਨ੍ਹਾਂ ਦੀ ਮਦਦ ਕਰਨ ਦਾ ਸਵਾਲ ਆਉਂਦਾ ਹੈ ਤਾਂ ਪਿਛੇ ਹੱਟ ਜਾਂਦੇ ਹਨ। ਇਹ ਗੱਲ ਨਹੀਂ ਹੋਣੀ ਚਾਹੀਦੀ ਕਿ ਹਾਥੀ ਕੇ ਦਾਂਤ ਖਾਣੇ ਕੇ ਔਰ ਦਿਖਾਣੇ ਕੇ ਔਰ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਰੀਜਨ ਦੇਸ਼ ਦੀ ਸੇਵਾ ਕਰਦਾ ਆ ਰਿਹਾ ਹੈ ਅਤੇ ਕਰਦਾ ਵੀ ਜਾਵੇਗਾ। ਅਸੀਂ ਹਰੀਜਨਾਂ ਨੂੰ ਵਿਉਪਾਰ ਵਿਚ ਪਾਉਣ ਦੇ ਸਬੰਧ ਵਿਚ 5-7 ਜਣੇ ਮਿਲੇ ਸੀ ਅਤੇ ਉਨ੍ਹਾਂ ਦੀ ਜੋ ਨੀਅਤ ਸੀ ਅਤੇ ਉਨ੍ਹਾਂ ਨੂੰ ਜੋ ਪਿਆਰ ਸੀ ਉਸ ਤੋਂ ਜ਼ਾਹਰ ਹੁੰਦਾ ਸੀ ਕਿ ਉਹ ਹਰੀਜਨਾਂ ਲਈ ਕੁਝ ਨਾ ਕੁਝ ਅੱਜ ਹੀ ਅਨਾਊਂਸ ਕਰਨਗੇ ਜੇ ਅੱਜ ਕੋਈ ਔਕੱੜ ਹੋਵੇ ਉਹ ਸੋਮਵਾਰ ਨੂੰ ਕਰਨ । ਅੱਜ ਹਰੀਜਨ ਹਰ ਕੰਮ ਕਰਨ ਨੂੰ ਤਿਆਰ ਹੈ। ਸਪੀਕਰ ਸਾਹਿਬ, ਮੈਂ ਇਕ ਗੱਲ ਅਰਜ਼ ਕਰਾਂ ਸੰਧੂ ਸਾਹਿਬ ਭਾਵੇਂ ਮੇਰੀ ਇਸ ਗੱਲ ਤੇ ਹੱਸਣਗੇ। ਮੈਂ ਇਕ ਵਾਰ ਇੰਗਲੈਂਡ ਗਿਆ, ਉਥੇ ਜ਼ਿਲ੍ਹਾਂ ਜਲੰਧਰ ਅਤੇ ਹੁਸ਼ਿਆਰਪੁਰ ਦੇ ਬਹੁਤ ਮੁੰਡੇ ਹਨ, ਉਨ੍ਹਾਂ ਨੇ ਮੈਨੂੰ ਰੋਟੀ ਕੀਤੀ। ਉਥੇ ਦੋ ਅੰਗਰੇਜ਼ ਵੀ ਸਨ ਜਿਹੜੇ ਬੜੇ ਬੁੱਢੇ ਸਨ ਅਤੇ ਸ਼ਰਾਬ ਪੀ ਰਹੇ ਸਨ, ਉਨ੍ਹਾਂ ਨੇ ਮੈਨੂੰ ਵੀ ਸ਼ਰਾਬ ਪੀਣ ਲਈ ਕਿਹਾ ਮੈਂ ਕਿਹਾ ਕਿ ਮੈਂ ਨਾ ਸ਼ਰਾਬ ਪੀਂਦਾ ਹਾਂ ਅਤੇ ਨਾ ਹੀ ਮਾਸ ਖਾਂਦਾ ਹਾਂ। ਇਹ ਸਾਰੀਆਂ ਗੱਲਾਂ ਉਹ ਪੰਜਾਬੀ ਵਿਚ ਬੋਲਦੇ ਸਨ। ਮੈਂ ਪੁਛਿਆ ਕਿ ਇਤਨੀ ਅੱਛੀ ਪੰਜਾਬੀ ਤੁਹਾਨੂੰ ਕਿਥੋਂ ਆਈ, ਉਹ ਕਹਿੰਦੇ ਅਸੀਂ ਜਦੋਂ ਅੰਗਰੇਜ਼ ਰਾਜ ਸੀ ਉਸ ਵੇਲੇ ਡੀ. ਸੀ. ਲੱਗੇ ਰਹੇ ਹਾਂ । ਹੁਸ਼ਿਆਰਪੁਰ ਅਤੇ ਜਲੰਧਰ ਰਹੇ ਹਾਂ ਉਥੋਂ ਇਹ ਪੰਜਾਬੀ ਸਿੱਖੀ ਹੈ ਜਦੋਂ ਮੈਂ ਕਿਹਾ ਕਿ ਨਾ ਮੈਂ ਸ਼ਰਾਬ ਪੀਂਦਾ ਹਾਂ ਨਾ ਮਾਸ ਖਾਂਦਾ ਹਾਂ। ਉਹ ਹੈਰਾਨ ਹੋ ਕੇ ਪੁਛੱਣ ਲੱਗੇ ਕਿ ਕਿਸ ਜਾਨਵਰ ਦਾ ਮਾਸ ਨਹੀਂ ਖਾਂਦੇ। ਮੈਂ ਕਿਹਾ ਕਿ ਕਿਸੇ ਦਾ ਵੀ ਨਹੀਂ।

10.48 A.M.

(ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ) ਉਹ ਕਹਿਣ ਲੱਗੇ ਕਿ ਹਿੰਦੋਸਤਾਨ ਵਿਚ ਤਾਂ ਇਕ ਆਦਮੀ ਦੂਸਰੇ ਆਦਮੀ ਦਾ ਮਾਸ ਖਾਂਦਾ ਹੈ ਤੁਸੀਂ ਕੈਸੇ ਹਿੰਦੋਸਤਾਨੀ ਹੋ ਕਿ ਕੋਈ ਵੀ ਮਾਸ ਨਹੀਂ ਖਾਂਦੇ। ਇਹ ਗੱਲ ਉਨ੍ਹਾਂ ਦੀ ਵਾਕਈ ਠੀਕ ਸੀ, ਅੱਜ ਹਿੰਦੁਸਤਾਨ ਵਿਚ ਵੱਡੀ ਮੱਛੀ ਛੋਟੀ ਮੱਛੀ ਨੂੰ ਖਾਈ ਜਾ ਰਹੀ ਹੈ। ਉਹ ਲੋਕ ਜੋ ਕੁਰਬਾਨੀ ਦੀ ਜਾਚ ਲੈਣੀ ਚਾਹੁੰਦੇ ਹਨ, ਅਵਤਾਰਾਂ ਦੇ ਨਾਮ ਲੈਂਦੇ ਹਨ। ਉਨ੍ਹਾਂ ਨੂੰ ਇਹ ਗਿਆਨ ਤਿਆਗ ਦਾ ਹਰੀਜਨਾਂ ਤੋਂ ਸਿੱਖਣਾ ਚਾਹੀਦਾ ਹੈ । ਉਹ ਮਿਲਾਵਟ ਨਹੀਂ ਕਰਦਾ, ਅੱਜ ਕੀ ਹੁੰਦਾ ਹੈ ਘਿਉ ਵਿਚ ਗਰੀਸ ਮਿਲਾਈ ਜਾਂਦੀ ਹੈ, ਡਬਿਆਂ ਤੇ ਕਰਿਸ਼ਨ ਜੀ ਜਾਂ ਹੋਰ ਅਵਤਾਰਾਂ ਦੀਆਂ ਤਸਵੀਰਾਂ ਲਾਈਆਂ ਜਾਂਦੀਆਂ ਹਨ, ਕਿਤੇ ਗੁਰੂ ਗੋਬਿੰਦ ਸਿੰਘ ਦੀ ਫੋਟੋ ਲਾਈ ਜਾਂਦੀ ਹੈ। ਇਸ ਤਰ੍ਹਾਂ ਦੀ ਗੱਲ ਮੈਂ ਦਾਅਵੇ ਨਾਲ ਕਹਿੰਦਾ ਹਾਂ ਕੋਈ ਹਰੀਜਨ ਨਹੀਂ ਕਰ ਸਕਦਾ। ਮੇਰਾਂ ਤਾਂ ਇਹ ਭਰੋਸਾ ਹੈ ਕਿ ਜਿਹੜਾ ਵਾਹਿਗੁਰੂ ਦਾ ਖੌਫ਼ ਨਹੀਂ ਕਰਦਾ ਉਹ ਚੰਗੇ ਕੰਮ ਕਰ ਨਹੀਂ ਸਕਦਾ ।

ਇਸ ਕਰਕੇ ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਨਾਲ ਜੋ ਮਹਾਤਮਾ ਗਾਂਧੀ ਨੇ, ਦੇਸ਼ ਦੇ ਬਾਪੂ ਨੇ ਜੋ ਕੁਝ ਸਾਡੇ ਦੇਸ਼ ਨਾਲ ਕੀਤਾ ਹੈ, ਉਨ੍ਹਾਂ ਦੀਆਂ ਚੰਗਿਆਈਆਂ ਦਾ ਖਿਆਲ ਰੱਖੀਏ। ਪਰ ਉਨ੍ਹਾਂ ਨੂੰ ਗੋਲੀ ਅਸੀਂ ਨਹੀਂ ਮਾਰੀ ਹੈ, ਕਿਸੇ ਹਰੀਜਨ ਨੇ ਉਨ੍ਹਾਂ ਨੂੰ ਗੋਲੀ ਨਹੀਂ ਮਾਰੀ ਹੈ। ਇਹ ਅਮੀਰਾਂ ਦੇ ਮੁੰਡੇ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਗੋਲੀ ਮਾਰੀ ਹੈ। ਜਦੋਂ ਉਨ੍ਹਾਂ ਨੂੰ ਤਿਆਗ ਪੱਤਰ ਦਿੱਤਾ, ਗੁਰੂਆਂ ਨੂੰ ਬਦਾਵਾ ਦਿੱਤਾ ਤਾਂ ਉਹ ਵੀ ਅਮੀਰਾਂ ਦੇ ਮੁੰਡੇ ਸਨ, ਸਾਡੇ ਵਿਚੋਂ ਕੋਈ ਨਹੀਂ ਸੀ। ਜੇ ਦੇਸ਼ ਸੇਵਾ ਸਿੱਖਣੀ ਹੈ ਤਾਂ ਐਕਚੂਅਲੀ ਸਾਡੇ ਕੋਲੋਂ ਸਿੱਖੋ। ਮੈਂ ਸਰਕਾਰ ਨੂੰ, ਤੁਹਾਡੇ ਰਾਹੀਂ, ਅਰਜ਼ ਕਰਾਂਗਾ ਕਿ ਇਸ ਵੇਲੇ ਸਰਦਾਰ ਗੁਰਦਰਸ਼ਨ ਸਿੰਘ ਜੀ ਨੇ ਪਰ ਉਹ ਵੀ ਹੋਰ ਸੀਟ ਤੇ ਹਨ (ਵਿਘਨ) ਮੈਂ ਆਪਣੀ ਸਰਕਾਰ ਨੂੰ ਇਹ ਗੱਲ ਕਹਾਂਗਾ ਕਿ ਗ਼ਰੀਬੀ ਲਾਹਨਤ ਹੈ ਕਾਂਗਰਸ ਸਰਕਾਰ ਸਿਰਫ਼ ਇਸ ਕਰਕੇ ਮੰਨਦੀ ਹੈ ਕਿਉਂਕਿ ਜਿਹੜੇ ਹਰੀਜਨ ਭਰਾ

ਇਧੱਰ ਬੈਠੇ ਹਨ ਜਿਹੜਾ ਵਿਧਾਨ ਪ੍ਰਮਾਤਮਾ ਦਾ ਬਣਾਇਆ ਹੋਇਆ ਸੀ, ਜਿਹੜਾ ਗੁਰੂਆਂ ਦਾ ਬਣਾਇਆ ਹੋਇਆ ਸੀ, ਉਹਦਾ ਉਪਯੋਗ ਕੀਤਾ ਗਿਆ ਹੈ। ਉਸ ਤੇ ਸੱਚ ਮੁੱਚ ਅਮਲ ਨਹੀਂ ਕੀਤਾ ਗਿਆ ਹੈ। ਜੇ ਅਮਲ ਕਰਦੇ ਤਾਂ ਕਾਨੂੰਨ ਕਾਇਦੇ ਇਸੇ ਤਰ੍ਹਾਂ ਦੇ ਬਣਦੇ (ਵਿਘਨ) । ਜਮਹੂਰੀਅਤ ਤੋਂ ਬਾਅਦ ਇਥੇ ਕਾਂਗਰਸ ਸਰਕਾਰ ਆਈ ਹੈ। ਇਸ ਕਾਂਗਰਸ ਸਰਕਾਰ ਨੇ ਕਾਨੂੰਨ ਬਣਾ ਦਿੱਤਾ ਕਿ ਜਿਹੜਾ ਛੂਆ- ਛਾਤ ਕਰੇਗਾ (ਵਿਘਨ) ਡਿਪਟੀ ਸਪੀਕਰ ਸਾਹਿਬ, ਕਿੰਨੇ ਅਫਸੋਸ ਦੀ ਗੱਲ ਹੈ ਕਿ ਇਥੇ ਬੰਦਾ ਬੰਦੇ ਤੋਂ ਨਫ਼ਰਤ ਕਰੇ। (ਵਿਘਨ) ਲਵ ਕੁਸ਼ ਨੂੰ ਉਹ ਵਿਦਿਆ ਸਿਖਾਈ ਹੋਵੇ ਜਿਸ ਦੇ ਨਾਲ ਰਾਮ ਜੀ ਨੂੰ ਮੂਰਛਾ ਆਈ ਹੈ। ਸਾਡੀ ਐਡੇ ਵਡਿਆਂ ਦੀ ਔਲਾਦ ਅਤੇ ਉਹ ਆਟੇ ਤੋਂ ਭੁੱਖੀ ਮਰੇ, ਇਹ ਗ਼ਰੀਬੀ ਦੀ ਲਾਹਨਤ ਹੈ। ਇਸ ਨੂੰ ਲਾਹ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਲਿਆਂਦਾ ਹੈ ਕਿ ਹਰੀਜਨਾਂ ਨੂੰ ਡਿਪੂ ਦਿੱਤੇ ਜਾਣ। ਇਹ ਠੀਕ ਹੈ, ਇਨ੍ਹਾਂ ਨੂੰ ਦੇਣੇ ਚਾਹੀਦੇ ਹਨ ਪਰ ਇੱਕ ਗੱਲ ਹੈ ਕਿ ਐਡੇ ਵੱਡੇ ਫ਼ਲਾਸਫਰ ਦੀ ਔਲਾਦ- ਲਵ ਕੁਸ਼ ਅਗਰ ਬਾਲਮੀਕ ਜੀ ਨਾ ਆਉਂਦੇ ਸਾਡੇ ਹਰੀਜਨ ਬਜ਼ੁਰਗ ਨਾ ਅਉਂਦੇ ਤਾਂ ਸੱਚ ਮੁੱਚ ਸੀਤਾ ਦੀ ਬਿਪਤ ਕਾਲ ਨਾ ਕਟਾਈ ਜਾਂਦੀ। ਲਵ ਕੁਸ਼ ਦੀ ਪਰਵਰਿਸ਼ ਨਾ ਹੁੰਦੀ ਜੇ ਬਾਲਮੀਕ ਜੀ ਨਾ ਹੁੰਦੇ। ਅਗਰ ਬਾਲਮੀਕ ਜੀ ਨਾ ਹੁੰਦੇ ਤਾਂ ਗੈਰ-ਹਰੀਜਨ ਵੀ ਨਾ ਹੁੰਦੇ। (ਵਿਘਨ) ਇਹ ਜਿਹੜੇ ਅਮੀਰ ਲੋਕ ਹਨ ਇਨ੍ਹਾਂ ਨੂੰ ਹੇਰਾ ਫੇਰੀ ਕਰਨ ਦੀ ਜਾਚ ਹੈ। ਪਰ ਜਿਹੜੇ ਹਰੀਜਨ ਭਰਾ ਹਨ ਇਨ੍ਹਾਂ ਨੂੰ ਹੇਰਾ ਫੇਰੀ ਕਰਨ ਦੀ ਜਾਂਚ ਨਹੀਂ ਹੈ। ਇਹ ਹਰੀਜਨ ਆਪਣੇ ਧਰਮ ਤੇ ਕਾਇਮ ਰਹਿੰਦੇ ਹਨ। ਹਰੀਜਨਾਂ ਦੇ ਹਿੱਸੇ ਆਉਂਦੀਆਂ ਸਾਰੀਆਂ ਚੀਜ਼ਾਂ ਜਿਵੇਂ ਕਿ ਟਰਾਂਸਪੋਰਟ ਇੰਡਸਟਰੀ ਹਰ ਇਕ ਚੀਜ ਇਨ੍ਹਾਂ ਦੇ ਜੋ ਹਿੱਸੇ ਆਉਂਦੀ ਹੈ ਉਹ ਇਨ੍ਹਾਂ ਨੂੰ ਮਿਲਣੀ ਚਾਹੀਦੀ ਹੈ। (ਵਿਘਨ) ਆਜ਼ਾਦ ਸਾਹਿਬ ਦੀ ਗੱਲ ਮੇਰੇ ਕੰਨ ਵਿਚ ਪਈ। ਇਨ੍ਹਾਂ ਨੇ ਆਪਣਾ ਮੁੰਡਾ ਹੋਰ ਪਾਸੇ ਵਿਆਹ ਲਿਆ ਹੈ। ਅਤੇ ਉਹ ਵੀ ਸਾਡੇ ਵਿਚ ਨਹੀਂ ਰਹਿਣ ਦਿੱਤਾ ਹੈ। ਜੇ ਕੋਈ ਸਾਡੇ ਵਿਚੋਂ ਅੱਗੇ ਵੱਧਦਾ ਹੈ ਤਾਂ ਉਹਨੂੰ ਕਾਬੂ ਕਰਨ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਅਰਜ਼ ਕਰਦਾ ਹਾਂ ਕਿ ਤਕੜਿਆ ਹੋ ਕੇ ਸਾਨੂੰ ਡਿਪੂ ਜਿਹੜੇ ਦੇਣੇ ਹਨ ਉਸ ਬਾਰੇ ਅਜ ਇਥੇ ਅਨਾਊਂਸਮੈਂਟ ਕਰ ਦੇਣੀ ਚਾਹੀਦੀ ਹੈ। ਗਿਆਨੀ ਜੀ ਨੇ ਫ਼ੈਸਲਾ ਕਰ ਲਿਆ ਹੈ, ਰੇਡਿਊ ਦੀ ਖ਼ਬਰ ਸੁਣੀ ਹੈ, ਹਿਦਾਇਤਾਂ ਕਰ ਦਿੱਤੀਆਂ ਹਨ। ਮੇਰੇ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਹਿਦਾਇਤਾਂ ਕਰ ਦਿਤੀਆਂ ਹਨ ਪਰ ਉਹਦੇ ਵਿਚ ਇਕ ਚੀਜ਼ ਆਉਣੀ ਚਾਹੀਦੀ ਹੈ ਕਿ ਸਬੰਧਤ ਬੰਦਿਆਂ ਨੂੰ ਸਿਕਿਊਰਿਟੀ ਰੱਖਣੀ ਪੈਣੀ ਹੈ। ਉਨ੍ਹਾਂ ਕੋਲ ਤਾਂ ਪੈਸੇ ਨਹੀਂ ਹਨ ਇਹ ਬਗੈਰ ਪੈਸੇ ਤੋਂ ਕਿਵੇਂ ਕੀਤਾ ਜਾਏਗਾ। ਇਹ ਸਾਰੀ ਤਕਲੀਫ਼ ਨੂੰ ਨਜਿਠਣਾ ਸਰਕਾਰ ਦੀ ਜ਼ਿਮੇਂਵਾਰੀ ਹੈ। ਜਦੋਂ ਡਿਕਟੇਟਰਸ਼ਿਪ ਸੀ ਉਦੋਂ ਕੋਈ ਸਰਕਾਰ ਵੀ ਸਾਡੇ ਲਈ ਆਪਣੀ ਜ਼ਿਮੇਂਵਾਰੀ ਨਹੀਂ ਸਮਝਦੀ। ਪਰ ਹੁਣ ਤਾਂ ਲੋਕਾਂ ਦੀਆਂ ਵੋਟਾਂ ਨਾਲ ਬਣੀ ਹੋਈ ਸਰਕਾਰ ਹੈ। ਡਿਪਟੀ ਸਪੀਕਰ ਸਾਹਿਬ, ਆਪੋਜ਼ੀਸ਼ਨ ਵਾਲੇ ਜੋ ਇਥੇ ਇਲੈਕਸ਼ਨਜ਼ ਲੜ ਕੇ ਆਏ ਹਨ ਉਹ ਇਨ੍ਹਾਂ ਲਈ ਕਿੰਨਾ ਰੌਲਾ ਪਾਉਂਦੇ ਹਨ ਅਤੇ ਇਨ੍ਹਾਂ ਕੋਲ ਤਿੰਨ ਤਿੰਨ ਚਾਰ ਚਾਰ ਟੈਰਾਲੀਨ ਦੀਆਂ ਪੈਂਟਾਂ ਹਨ ਅਤੇ ਟੇਢੀ ਲੱਤ ਕਰਕੇ ਕਹਿੰਦੇ ਹਨ ਕਿ ਸਰਕਾਰ ਨਹੀਂ ਚਲਣ ਦਿਆਂਗੇ। ਪਰ ਇਨ੍ਹਾਂ ਨੂੰ ਮੈਂ ਦੱਸ ਦਿਆਂ ਕਿ ਜਿਹੜੇ ਸਰਕਾਰ ਬਨਾਉਣ ਵਾਲੇ ਹਨ, ਜਿਹੜੇ ਦੇਸ਼ ਦੇ ਮਾਲਿਕ ਹਨ ਉਹ ਤਾਂ ਦੁਰਮਟ ਨਾਲ ਰੋੜੀ ਸੜਕਾਂ ਤੇ ਕੁਟਦੇ ਪਏ ਹਨ। ਸਾਰੇ ਦੇਸ਼ ਦੀ ਪੁਰਾਣੀ ਹਿਸਟਰੀ ਪੜ੍ਹਕੇ ਵੇਖ ਲਉ ਉਨ੍ਹਾਂ ਲੋਕਾਂ ਨੇ ਦੇਸ਼ ਨਾਲ ਗੱਦਾਰੀ ਕੀਤੀ ਹੁੰਦੀ ਹੈ ਜਿਹੜੇ ਉਪਰ ਉਪਰ ਫਿਰਦੇ ਹੋਣ (ਵਿਘਨ) ਇਕ ਗੱਲ ਇਸ ਸਬੰਧ ਵਿਚ ਯਾਦ ਆ ਗਈ ਹੈ। ਇਕ ਸੱਜਣ ਨੇ ਕਿਹਾ ਸੀ ਕਿ ਤਾਜ ਵਿਚ ਜਿਹੜੀ ਮਣੀ ਹੁੰਦੀ ਹੈ ਉਹ ਨੂੰ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੁੰਦੀ ਹੈ। ਭਾਵੇਂ ਵੈਰੀ ਉਤੇ ਤਾਜ ਚਲਾ ਜਾਏ ਉਹ ਮਣੀ ਨੂੰ ਕੋਈ ਫਰਕ ਨਹੀਂ ਪੈਂਦਾ ਹੈ ਅਤੇ ਮਣੀ ਉਹਦੇ ਸਿਰ ਤੇ ਚਲੀ ਜਾਣੀ ਹੈ। ਆਪੋਜ਼ੀਸ਼ਨ ਵਾਲੇ ਵੀ ਅਤੇ ਕਾਮਰੇਡ ਵੱਲ ਵੀ ਇਸ ਵੇਲੇ ਭਰਾ ਮੌਜੂਦ ਨਹੀਂ ਹਨ (ਵਿਘਨ) ਸਾਡੇ ਪਾਸੇ ਗੈਰ-ਹਰੀਜਨ ਭਰਾ ਬੈਠੇ ਹਨ।

ਆਵਾਜ਼ (ਅਕਾਲੀ ਬੈਂਚਾਂ ਵੱਲੋਂ) : ਸਾਡਾ ਇਕੱਲਾ ਹੀ ਸਵਾ ਲੱਖ ਦੇ ਬਰਾਬਰ ਹੈ । (ਵਿਘਨ)

ਚੌਧਰੀ ਜਗਤ ਰਾਮ : ਮੈਂ ਅਰਜ਼ ਕਰਾਂਗਾ ਕਿ ਜਿਹੜੇ ਸਾਡੇ ਦੋਸਤਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ ਉਹ ਸੁਚੱਜੇ ਢੰਗ ਨਾਲ ਸਹਿਯੋਗ ਦੇਣ । ਡਿਪਟੀ ਸਪੀਕਰ ਸਾਹਿਬ, ਇਸ ਦੇਸ਼ ਵਿਚ ਇਕ ਬਿਮਾਰੀ ਹੈ ਜਿਸ ਨੂੰ ਅਸੀਂ ਧਰਮ ਔਰ ਮਜ਼ੂਬ ਕਹਿੰਦੇ ਪਏ ਹਾਂ । 1947 ਤੋਂ ਪਹਿਲਾਂ ਮੇਰਾ ਪਿੰਡ ਮੁਸਲਮਾਨਾਂ ਦਾ ਸੀ । ਉਸ ਵੇਲੇ ਇਕ ਬੜੀ ਲਹਿਰ ਚੱਲੀ ਕਿ ਲੇਕਰ ਰਹੇਂਗੇ ਪਾਕਿਸਤਾਨ । ਮੇਰੇ ਪਿੰਡ ਵਿਚ ਇਮਾਮਦੀਨ ਫਕੀਰ ਮੰਗਦਾ ਹੁੰਦਾ ਸੀ । ਉਹ ਵੀ ਕਿਹਾ ਕਰਦਾ ਸੀ ਕਿ ਲੇਕਰ ਰਹੇਂਗੇ ਪਾਕਿਸਤਾਨ । ਮੈਂ ਇਕ ਦਿਨ ਉਸ ਨੂੰ ਪੁੱਛ ਬੈਠਾ ਕਿ ਭਰਾ ਤੂੰ ਕਿਉਂ ਰੌਲਾ ਪਾ ਰਿਹਾ ਹੈਂ ਤੇਰਾ ਘਰ ਨਾ ਘਾਟ । ਉਹਨੇ ਕਿਹਾ ਕਿ ਹਰੀਜਨਾਂ ਨੂੰ ਨਾ ਧਰਮ ਅਤੇ ਨਾ ਹੀ ਮਜ਼ੂਬ ਤੇ ਲੜਨਾ ਆਉਂਦਾ ਹੈ । ਮੈਂ ਕਿਹਾ ਤੇਰੀ ਗੱਲ ਠੀਕ ਹੈ । ਪਾਕਿਸਤਾਨ ਬਣ ਗਿਆ ਔਰ ਉਹ ਲੋਕ ਉਧਰ ਚਲੇ ਗਏ । ਆਜ਼ਾਦੀ ਤੋਂ ਬਾਅਦ ਮੈਂ ਇੱਥੇ ਐਮ. ਐਲ. ਏ. ਬਣ ਗਿਆ । ਫਿਰ ਮੈਨੂੰ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ । ਮੈਨੂੰ ਪਿਆਰ ਜਾਗਿਆ ਉਨ੍ਹਾਂ ਲੋਕਾਂ ਨਾਲ ਅਤੇ ਮੈਂ ਸੋਚਿਆ ਕਿ ਉਨ੍ਹਾਂ ਦੋਸਤਾਂ ਨੂੰ ਮਿਲਿਆ ਜਾਵੇ । ਮੈਂ ਆਪਣੇ ਪਿੰਡ ਦੇ ਭਰਾਵਾਂ ਨੂੰ ਮਿਲਿਆ । ਉਨ੍ਹਾਂ ਨੇ ਮੈਨੂੰ ਕਿਹਾ ਕਿ ਉਦੋਂ ਤਾਂ ਪੰਚਾਇਤ ਦਾ ਮੈਂਬਰ ਵੀ ਨਹੀਂ ਬਣਨ ਦਿੰਦੇ ਸੀ ਤੂੰ ਐਮ. ਐਲ. ਏ. ਕਿਵੇਂ ਬਣ ਗਿਆ ਹੈਂ ? ਉਸ ਵੇਲੇ ਜ਼ਿਮੀਂਦਾਰ ਸਾਨੂੰ ਪੰਚਾਇਤ ਦਾ ਮੈਂਬਰ ਵੀ ਨਹੀਂ ਬਣਨ ਦਿੰਦੇ ਸੀ । ਉਨ੍ਹਾਂ ਨੇ ਪੁਛਿਆ ਜਗਤ ਰਾਮਾ ਤੂੰ ਕਦੋਂ ਆਇਆ ਹੈਂ । ਮੈਂ ਕਿਹਾ ਕਿ ਮੈਂ ਪਰਸੋਂ ਆਇਆ ਹਾਂ । ਉਨ੍ਹਾਂ ਨੇ ਕਿਹਾ ਕਿ ਕੀ ਹਾਲਤ ਹੈ ਹਿੰਦੁਸਤਾਨ ਦੀ । ਮੈਂ ਕਿਹਾ ਕਿ ਬਹੁਤ ਅੱਛੀ ਹਾਲਤ ਹੈ । ਉਸ ਵੇਲੇ ਇਮਾਮਦੀਨ ਵੀ ਉਥੇ ਆ ਗਿਆ । ਮੈਂ ਉਸ ਨੂੰ ਕਿਹਾ ਸੁਣਾ ਬਈ ਕੀ ਹਾਲ ਹੈ, ਤੇਰੀ ਖਾਹਿਸ਼ ਦੇ ਮੁਤਾਬਿਕ ਤੇਰਾ ਦੇਸ਼ ਬਣ ਗਿਆ । ਹੁਣ ਤੇਰਾ ਕੀ ਹਾਲ ਹੈ । ਤੂੰ ਤਾਂ ਬੜਾ ਸਿਆਣਾ ਹੈਂ ਪਰ ਤੇਰੀ ਇਥੇ ਕੋਈ ਪੁੱਛ ਗਿੱਛ ਨਹੀਂ ਕੀਤੀ ਹੈ । ਉਹਨੇ ਕਿਹਾ ਕੀ ਦੱਸਾਂ ਜਗਤ ਰਾਮਾ ਮੈਂ ਹਿੰਦੁਸਤਾਨ ਵਿਚ ਝੋਲੀ ਛੱਡ ਕੇ ਆਇਆ ਸੀ । ਜਿਸ ਦਾ ਜੋ ਕਲੇਮ ਸੀ ਉਹੀ ਉਹਨੂੰ ਮਿਲਣਾ ਸੀ । ਮੇਰਾ ਝੋਲੀ ਦਾ ਕਲੇਮ ਸੀ ਇਸ ਲਈ ਉਹੀ ਮੈਨੂੰ ਇਥੇ ਮਿਲਣਾ ਸੀ । ਉਹਨੇ ਮੈਨੂੰ ਪੁੱਛਿਆ ਕਿ ਤੇਰੀ ਕੀ ਹਾਲਤ ਹੈ । ਮੈਂ ਜਵਾਬ ਦਿੱਤਾ ਕਿ ਮੈਂ ਤਾਂ ਅਸੈਂਬਲੀ ਦਾ ਮੈਂਬਰ ਬਣ ਗਿਆ ਹਾਂ । (ਵਿਘਨ) ਇਮਾਮਦੀਨ ਨੇ ਕਿਹਾ ਕਿ ਜਿੰਨੇ ਬਾਲਮੀਕ ਧਰਮ ਨੂੰ ਮੰਨਣ ਵਾਲੇ ਸੀ ਉਹ ਸਾਰੇ ਦੇ ਸਾਰੇ ਹਿੰਦੁਸਤਾਨ ਚਲੇ ਗਏ ਹਨ ਅਤੇ ਪਾਕਿਸਤਾਨ ਛੱਡ ਗਏ ਹਨ । ਉਹਨੇ ਕਿਹਾ ਕਿ ਮਮਦੋਟ ਹੋਰਾਂ ਦੇ ਘਰ ਤਾਂ ਪੱਕੇ ਹਨ । ਪਰ ਫਲੱਸ਼ ਸਿਸਟਮ ਨਹੀਂ ਬਣਿਆ ਹੈ । ਸਾਡੇ ਦਿਲ ਤਾਂ ਨਹੀਂ ਚਾਹੁੰਦੇ ਪਰ ਡੰਡੇ ਦੇ ਜ਼ੋਰ ਨਾਲ ਟੱਟੀ ਦਾ ਕੰਮ ਸਾਡੇ ਤੋਂ ਲਿਆ ਜਾਂਦਾ ਹੈ । ਜੋ ਕਹਿੰਦੇ ਹਨ ਮਜ਼ੂਬ ਉਤੇ ਲੜਨਾ ਨਹੀਂ ਜਾਣਦੇ, ਮਰਨਾ ਨਹੀਂ ਜਾਣਦੇ, ਇਹ ਭੁਲੇਖਾ ਹੈ । ਮਜ਼ੂਬ ਕਹਿੰਦਾ ਹੈ ਕਿ ਦੋ ਚੀਜ਼ਾਂ ਹਨ, ਅਮੀਰ ਅਤੇ ਗਰੀਬ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਜਿਹੜੀਆਂ ਮਜ਼ੂਬ ਦੀਆਂ ਗੱਲਾਂ ਕਰਦੇ ਹਨ, ਇਸ ਦੀਆਂ ਹੋਰ ਵੰਡੀਆਂ ਨਾ ਪਾਓ, ਇਸ ਨੂੰ ਹੋਰ ਨਾ ਵੰਡੋ । (ਵਿਘਨ) ਮੈਂ ਪਹਿਲਾਂ ਅਰਜ਼ ਕੀਤੀ ਸੀ ਕਿ ਜਿਹੜਾ ਗਰੀਬ ਹੈ ਉਸ ਨੂੰ ਤੁਸੀਂ ਹਰ ਚੀਜ਼ ਮੁਹੱਈਆ ਕਰੋ । ਗਰੀਬ ਨੂੰ ਇਹ ਸਰਕਾਰ ਸਾਰੀਆਂ ਚੀਜ਼ਾਂ ਮੁਹੱਈਆ ਕਰੇ । ਗਰੀਬ ਬੜਾ ਦੇਸ਼ ਭਗਤ ਹੈ । ਜੇ ਉਸ ਨੂੰ ਚੀਜ਼ਾਂ ਮੁਹੱਈਆ ਨਾ ਕੀਤੀਆਂ ਗਈਆਂ ਤਾਂ ਉਸ ਦੇ ਵਾਸਤੇ ਬੜੀ ਮੁਸ਼ਕਲ ਹੋਵੇਗੀ । ਕਈ ਆਦਮੀਆਂ ਨੇ ਇਥੇ ਹੋਰਨਾਂ ਕਈ ਗੱਲਾਂ ਦਾ ਰੌਲਾ ਪਾਇਆ। ਕਿਹਾ ਕਿ ਹਰੀਜਨ ਆਈ. ਏ. ਐਸ. ਬਣ ਗਏ ਅਤੇ ਉਹ ਪੀ. ਸੀ. ਐਸ. ਬਣ ਗਏ । ਠੀਕ ਹੈ ਬਣ ਗਏ ਹਨ, ਆਪਣੇ ਜ਼ੋਰ ਨਾਲ ਬਣ ਗਏ ਹਨ । (ਵਿਘਨ) ਮੇਰਾ ਆਪਣਾ ਵਿਚਾਰ ਹੈ ਕਿ ਜਦ

ਦੂਜਿਆਂ ਦੀਆਂ ਇਨਕੁਆਇਰੀਆਂ ਹੁੰਦੀਆਂ ਹਨ ਤਾਂ ਠੀਕ ਹੈ ਸਾਡੀਆਂ ਵੀ ਹੋਣੀਆਂ ਚਾਹੀਦੀਆਂ ਹਨ। ਪਰ ਮੇਰੀ ਸਮਝ ਵਿਚ ਨਹੀਂ ਆਇਆ ਕਿ ਵੱਡੇ ਵੱਡੇ ਆਦਮੀਆਂ ਦੀ ਇਨਕੁਆਇਰੀ ਨਹੀਂ ਹੁੰਦੀ ਜਿਨ੍ਹਾਂ ਦੇ ਕੋਲ ਬੇ-ਹਿਸਾਬੀ ਜ਼ਮੀਨ ਹੈ, ਜਾਂ ਬੇ-ਹਿਸਾਬਾ ਧਨ ਹੈ, ਉਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। (ਵਿਘਨ) (ਕਾਮਰੇਡ ਦਾਨਾ ਰਾਮ ਵੱਲੋਂ ਵਿਘਨ)

ਕਾਮਰੇਡ ਦਾਨਾ ਰਾਮ : ਉਸ ਰਿਪੋਰਟ ਵਿਚ ਤੇਰਾ ਨਾਮ ਨਹੀਂ ਆਇਆ। ਉਨ੍ਹਾਂ ਨੇ ਤੇਰੀ ਰਿਪੋਰਟ ਨਹੀਂ ਦਿੱਤੀ। (ਵਿਘਨ)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਕਾਮਰੇਡ ਦਾਨਾ ਰਾਮ ਨੇ ਕਿਹਾ ਹੈ ਕਿ ਤੇਰੀ ਉਸ ਨੇ ਰਿਪੋਰਟ ਨਹੀਂ ਦਿੱਤੀ। ਮੈਂ ਕਹਿੰਦਾ ਹਾਂ ਕਿ ਕਨੇਡੀਅਨ ਜੀ ਇਨ੍ਹਾਂ ਦੇ ਸੀਨੀਅਰ ਮੈਂਬਰ ਹਨ, ਉਹ ਉਸ ਕਮੇਟੀ ਦੇ ਮੈਂਬਰ ਸਨ। ਇਹ ਉਥੇ ਜਾ ਕੇ ਦੇਖ ਆਉਣ ਅਤੇ ਦੇਖਿਆ ਵੀ ਹੈ ਪਰ ਜਿਸ ਵੇਲੇ ਇਨ੍ਹਾਂ ਦਾ ਮੂੰਹ ਭੱਜਾ ਤਾਂ ਫ਼ਿਰ ਇਨ੍ਹਾਂ ਨੇ ਰਿਪੋਰਟ ਕੀ ਦੇਣੀ ਹੈ। ਇਸ ਤੋਂ ਪਹਿਲਾਂ ਅਕਾਲੀ ਸਰਕਾਰ ਨੇ ਵੀ ਇਸ ਤਰ੍ਹਾਂ ਕੀਤਾ ਹੈ ਪਰ ਮਿਲਿਆ ਕੁਝ ਨਹੀਂ। (ਵਿਘਨ) ਇਹ ਚਾਹੁੰਦੇ ਹਨ ਕਿ ਜਗਤ ਰਾਮ ਐਮ. ਐਲ. ਏ. ਨਾ ਹੋਵੇ ਅਤੇ ਜਸਦੇਵ ਸਿੰਘ ਸੰਧੂ ਵਰਗਾ ਇਹ ਕਹੇ ਕਿ ਅੱਜ ਜੇ ਵਿਹਲਾ ਹੈ ਤਾਂ ਦਿਹਾੜੀ ਗੁੱਡਣ ਵਾਸਤੇ ਆਵੀਂ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ** **

Mr. Deputy Speaker: This is no point of order.

ਚੌਧਰੀ ਜਗਤ ਰਾਮ : ਗੁਰਦੁਆਰਿਆਂ ਦੀ ਸੇਵਾ ਜ਼ਰੂਰੀ ਹੋਣੀ ਚਾਹੀਦੀ ਹੈ। (ਵਿਘਨ) ਮੈਨੂੰ ਗੁਰਬਾਣੀ ਨਾਲ ਪਿਆਰ ਹੈ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦ ਵੀ ਕੋਈ ਚੀਜ਼ ਵੰਡੀ ਜਾਂਦੀ ਹੈ, ਭਾਵੇਂ ਧਨ ਹੋਵੇ ਜਾਂ ਮਾਲ ਹੋਵੇ, ਉਸ ਵੇਲੇ ਸਾਨੂੰ ਸਾਰਿਆਂ ਤੋਂ ਅੱਗੇ ਕੀਤਾ ਜਾਂਦਾ ਹੈ ਪਰ ਦਿੱਤਾ ਕੁਝ ਨਹੀਂ ਜਾਂਦਾ। ਜਦ ਗੁਰਬਾਣੀ ਦੀ ਵੰਡ ਹੋਈ ਤਾਂ ਸਾਨੂੰ ਕਹਿੰਦੇ ਹਨ ਕਿ ਰੱਬ ਮਿਲਦਾ ਗਰੀਬੀ ਦਾਅਵੇ ਦੁਨੀਆਂ ਮਾਣ ਕਰਦੀ.........(ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਇਹ ਮਿਸ-ਇੰਟਰਪਰੇਟ ਕਰਦੇ ਹਨ। ਇਹ ਗੁਰਬਾਣੀ ਦੀ ਵੰਡ ਨਾ ਕਰਨ। ਗੁਰਬਾਣੀ ਸਾਂਝੀ ਹੈ।

ਸ੍ਰੀ ਡਿਪਟੀ ਸਪੀਕਰ : ਤੁਸੀਂ ਰੈਲੇਵੈਂਟ ਰਹੋ। (Please be relevant.)

ਚੌਧਰੀ ਜਗਤ ਰਾਮ : ਠੀਕ ਹੈ ਜੀ। ਪਰ ਇਹ ਕਹਿੰਦੇ ਹਨ ਕਿ ਲੁਟ ਲਵੋ ਰਾਮ ਨਾਮ ਕਹਿਕੇ। (ਵਿਘਨ) ਇਹ ਠੀਕ ਹੈ ਕਿ ਸਾਡੇ ਅਫਸਰ ਆਈ. ਏ. ਐਸ. ਹਨ ਅਤੇ ਪੀ. ਸੀ. ਐਸ. ਅਫਸਰ ਹਨ। ਪੰਜਾਬ ਰੋਡਵੇਜ਼ ਵਿਚ ਹਨ ਅਤੇ ਹੋਰ ਬਹੁਤ ਸਾਰੀਆਂ ਥਾਂਵਾਂ ਤੇ ਹਨ। ਡੀ. ਸੀ. ਜਲੰਧਰ ਸ਼ੈਡਿਊਲਡ ਕਾਸਟ ਹੈ। ਸਾਡੇ ਬੜੇ ਚੰਗੇ ਚਗੇ ਆਦਮੀ ਹਨ। ਚੰਗੇ ਆਦਮੀਆਂ ਨਾਲ ਹੀ ਸਰਕਾਰਾਂ ਬਣਦੀਆਂ ਹਨ। (ਵਿਘਨ) ਕਿੰਨੀਆਂ ਸਰਕਾਰਾਂ ਬਣੀਆਂ ਹਨ ਪਰ ਕੋਈ ਵੀ ਹਰੀਜਨ ਐਮ. ਐਲ. ਏ. ਚਾਹੇ ਉਹ ਇਧਰ ਹੈ ਜਾਂ ਉਧਰ ਹੈ, ਉਹ ਪੱਕਾ ਹੈ ਉਹ ਕਿਸੇ ਪਾਸੇ ਨਹੀਂ ਗਿਆ ਪਰ ਬਾਕੀ ਦੇ ਜਿਹੜੇ ਫੰਨੇ ਖਾਂ ਬਣੇ ਫਿਰਦੇ ਹਨ ਉਹ ਕਦੇ ਇਧਰ ਅਤੇ ਕਦੇ ਉਧਰ ਆਉਂਦੇ ਜਾਂਦੇ ਰਹੇ ਹਨ। (ਵਿਘਨ) ਮੈਂ ਕਹਾਂਗਾ ਕਿ ਇਹ ਜਿਹੜਾ ਡਿਪੋ ਅਤੇ ਆਟੇ ਬਾਰੇ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਸਿਰਫ਼ ਇਕ ਮਹੀਨਾ ਹੀ ਰਹਿੰਦਾ ਹੈ ਉਸ ਦੇ ਬਾਅਦ ਕਣਕ ਅਤੇ ਆਟਾ ਆ ਜਾਵੇਗਾ। ਮਿਹਨਤ ਕਰਨ ਵਾਲਾ ਮਜ਼ਦੂਰ ਕਦੇ ਭੁੱਖਾ ਨਹੀਂ ਰਹਿ ਸਕਦਾ। ਉਹ ਸਦਾ ਧਰਮ ਦੀ ਕਮਾਈ ਕਰਦਾ ਹੈ। ਗ਼ਰੀਬ ਧਰਮ ਦੀ ਕਮਾਈ ਕਰਦਾ

**Expunged as ordered by the Chair.

[ਚੌਧਰੀ ਜਗਤ ਰਾਮ]

ਹੈ ਅਤੇ ਉਸ ਨੂੰ ਹੇਰਾ ਫੇਰੀ ਨਹੀਂ ਆਉਂਦੀ । ਇਹ ਜਿਹੜਾ ਰੈਜ਼ੋਲਿਊਸ਼ਨ ਹੈ, ਇਹ ਬੜਾ ਚੰਗਾ ਹੈ ਪਰ ਮੇਰੇ ਦੋਸਤ ਨੇ, ਜਿਸ ਨੇ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ, ਉਸ ਦੇ ਵਿਚ ਡਿਪੋ ਅਤੇ ਆਟੇ ਦੀ ਹੀ ਗੱਲ ਕੀਤੀ ਹੈ । ਅਸੀਂ ਬੜੇ ਸੁਚੱਜੇ ਢੰਗ ਨਾਲ ਉਸ ਵਿਚ ਲਿਆ ਰਹੇ ਹਾਂ...... (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਉਸ ਰੈਜ਼ੋਲਿਊਸ਼ਨ ਵਿਚ ਆਟੇ ਦੀ ਗੱਲ ਕੀਤੀ ਗਈ ਹੈ । ਮੈਂ ਕਹਿੰਦਾ ਹਾਂ ਕਿ ਸਾਡੀ ਅਮੈਂਡਮੈਂਟ ਆਈ ਹੈ ਅਤੇ ਉਸ ਵਿਚ ਕੋਟੇ ਦੀ, ਪਰਮਿਟ ਦੀ ਅਤੇ ਆਟੇ ਆਦਿ ਦੀ ਸਭ ਕੁਝ ਬਾਰੇ ਕਿਹਾ ਗਿਆ ਹੈ ।

ਚੌਧਰੀ ਜਗਤ ਰਾਮ : ਸਾਡੇ ਦੇਸ਼ ਦਾ ਹਿਸਾਬ ਇਸ ਢੰਗ ਨਾਲ ਹੈ। ਜੇ ਕੋਈ ਸ਼ਾਇਰ ਆਇਆ ਤਾਂ ਉਸ ਨੇ ਵੀ ਸਾਡੀ ਤਾਰੀਫ਼ ਹੀ ਨਹੀਂ ਕੀਤੀ ਸਗੋਂ ਠੀਕ ਨੂੰ ਠੀਕ ਹੀ ਕਿਹਾ ਹੈ । ਜਿਵੇਂ ਕਿ :—

ਐ ਦੇਸ਼ ਦੇ ਬੰਦਿਓ, ਪੂਜੋ ਉਨ੍ਹਾਂ ਕਿਸਾਨਾਂ ਨੂੰ,
ਜਿਹੜੇ ਦੇਸ਼ ਦੀ ਖਾਤਰ ਵਾਰ ਗਏ ਨੇ ਪਿਆਰੀਆਂ ਪਿਆਰੀਆਂ ਜਾਨਾਂ ਨੂੰ ।

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਬੈਠ ਜਾਓ । (Please resume your seat now.)

ਚੌਧਰੀ ਜਗਤ ਰਾਮ : ਮੈਂ ਇਕ ਫਿਕਰਾ ਹੀ ਕਹਿਣਾ ਹੈ ....

ਸ੍ਰੀ ਡਿਪਟੀ ਸਪੀਕਰ : ਨਹੀਂ, ਹੁਣ ਤੁਸੀਂ ਬੈਠ ਜਾਓ । (ਇਸ ਸਮੇਂ ਚੌਧਰੀ ਸੁੰਦਰ ਸਿੰਘ ਬੋਲਣ ਵਾਸਤੇ ਖੜੇ ਹੋਏ।) ਚੌਧਰੀ ਸੁੰਦਰ ਸਿੰਘ ਜੀ ਪੁਆਇੰਟ ਆਫ਼ ਆਰਡਰ ਤੇ ਬੋਲਣਾ ਚਾਹੁੰਦੇ ਹਨ । (Now please resume your seat. Chaudhri Sunder Singh wants to raise a point of order.)

ਚੌਧਰੀ ਸੁੰਦਰ ਸਿੰਘ : ਮੇਰਾ ਪੁਆਇੰਟ ਆਫ਼ ਆਰਡਰ ਕੋਈ ਨਹੀਂ ਹੈ । ਮੈਂ ਬੋਲਣਾ ਹੈ । ਮੈਨੂੰ ਟਾਈਮ ਦਿਓ । ਮੈਂ ਆਪਣੇ ਜਜ਼ਬਾਤ ਰਿਜ਼ਰਵ ਰੱਖੇ ਹਨ, ਜੇ ਕਹੋ ਤਾਂ ਮੈਂ ਕੱਢ ਹੀ ਲਵਾਂ । (ਹਾਸਾ) (ਵਿਘਨ)

ਕਾਮਰੇਡ ਸੱਘੜ ਸਿੰਘ (ਨਿਹਾਲਸਿੰਘਵਾਲਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਮੇਰੇ ਦੋਸਤ ਬਾਦਲ ਨੇ ਰੈਜ਼ੋਲਿਊਸ਼ਨ ਲਿਆਂਦਾ ਹੈ, ਉਸ ਵਿਚ ਸਮਾਜਵਾਦ, ਬੇਰੁਜ਼ਗਾਰੀ, ਭੁੱਖ ਅਤੇ ਡਿਪੋ ਦਾ ਵੀ ਸਵਾਲ ਹੈ। ਡਿਪਟੀ ਸਪੀਕਰ ਸਾਹਿਬ, ਇਸ ਰੈਜ਼ੋ-ਲਿਊਸ਼ਨ ਤੇ ਤੁਸੀਂ ਮੈਨੂੰ ਟਾਈਮ ਬੋਲਣ ਲਈ ਦਿੱਤਾ ਹੈ, ਤੁਹਾਡੀ ਬੜੀ ਮਿਹਰਬਾਨੀ ਹੈ । ਮੈਂ ਕੁਝ ਅੰਕੜੇ ਪੇਸ਼ ਕਰਾਂਗਾ ਜਿਸ ਦੇ ਬਾਰੇ ਸਰਕਾਰ ਨੇ ਗੌਰ ਕਰਨਾ ਹੈ ਅਤੇ ਇਹ ਉਨ੍ਹਾਂ ਦੀ ਮਰਜ਼ੀ ਹੈ ਗੌਰ ਕਰਨਾ ਜਾਂ ਨਾ ਕਰਨਾ ਪਰ ਪਿੰਡਾਂ ਵਿਚ ਡਿਪੋ ਖੋਲ੍ਹੇ ਜਾਣ। ਮੈਂ ਕਹਾਂਗਾ ਕਿ ਅਨਾਜ ਦੇ ਭੰਡਾਰ ਹਰੀਜਨਾਂ ਨੂੰ ਦਿੱਤੇ ਜਾਣ ਅਤੇ ਜਾਂ ਕੋਆਪ੍ਰੇਟਿਵ ਸੁਸਾਇਟੀਆਂ ਦੇ ਰਾਹੀਂ ਖੰਡ, ਕੱਪੜਾ ਅਤੇ ਹੋਰ ਚੀਜ਼ਾਂ ਹਰੀਜਨਾਂ ਨੂੰ ਦੇਣ ਤਾਂ ਬੜੀ ਚੰਗੀ ਗੱਲ ਹੋਵੇਗੀ । (ਵਿਘਨ) ਮੈਂ ਤੁਹਾਨੂੰ ਦੱਸਦਾ ਹਾਂ ਕਿ 1951 ਵਿਚ ਜਿਹੜੀ 10 ਸਾਲਾ ਪਲਾਨ ਬਣੀ ਸੀ, ਉਸ ਵਿਚ ਜੋ ਕੁਝ ਉਸ ਵੇਲੇ ਦੇਖਿਆ ਗਿਆ, ਉਸ ਅਨੁਸਾਰ 1951 ਵਿਚ ਕੋਈ ਬੇਰੁਜ਼ਗਾਰੀ ਐਡੀ ਵੱਡੀ ਨਹੀਂ ਸੀ ਜਿਵੇਂ ਕਿ ਅੱਜ ਹੈ ਅਤੇ ਬੇਰੁਜ਼ਗਾਰੀ ਭੂਤ ਬਣ ਕੇ ਅੱਜ ਸਾਨੂੰ ਦਿੱਸ ਰਹੀ ਹੈ । 1951 ਵਿਚ ਜਦ ਇਹ 10 ਸਾਲਾ ਪਲਾਨ ਬਣੀ ਤਾਂ ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਬਹੁਤ ਘੱਟ

ਬੇਰੁਜ਼ਗਾਰੀ ਸੀ ਅਤੇ ਬਹੁਤ ਘੱਟ ਲੋਕਾਂ ਨੂੰ ਬੇਚੈਨੀ ਸੀ ਜਿਸ ਤਰ੍ਹਾਂ ਕਿ ਅੱਜ ਲੋਕਾਂ ਨੂੰ ਬੇਚੈਨੀ ਹੋ ਰਹੀ ਹੈ । ਕਲਕੱਤੇ ਸੈਸ਼ਨ ਵਿਚ ਕਾਂਗਰਸ ਪਾਰਟੀ ਦੀ ਜਿਹੜੀ ਕਾਨਫਰੰਸ ਹੋਈ ਉਥੇ ਪਲੈਨਾਂ ਦੇ ਬਾਰੇ ਵਿਚ ਇਹ ਸਵਾਲ ਆਇਆ ਜਿਹੜਾ ਕਿ ਮੈਂ ਦੱਸਣ ਲਗਾ ਹਾਂ । ਕਲਕੱਤੇ ਸੈਸ਼ਨ ਦੇ ਵਿਚ ਕਾਂਗਰਸ ਪਾਰਟੀ ਨੇ 1972 ਦੇ ਵਿਚ ਜਿਹੜੀ ਕਾਨਫਰੰਸ ਕੀਤੀ ਹੈ ਉਸ ਦੇ ਵਿਚ ਦੱਸਿਆ ਹੈ ਕਿ 1961 ਦੇ ਵਿਚ 50 ਲੱਖ ਬੇਰੁਜ਼ਗਾਰ ਸੀ ਅਤੇ ਉਸ ਦੇ ਬਾਅਦ 1971 ਦੇ ਵਿਚ 2 ਕਰੋੜ 80 ਲੱਖ ਬੇਰੁਜ਼ਗਾਰ ਸੀ ਅਤੇ 1972 ਦੇ ਵਿਚ 3 ਕਰੋੜ 10 ਲੱਖ ਬੇਰੁਜ਼ਗਾਰ ਲੋਕ ਸਨ । ਇਤਨੀ ਬੇਰੁਜ਼ਗਾਰੀ ਵੱਧੀ ਹੈ । ਡਿਪਟੀ ਸਪੀਕਰ ਸਾਹਿਬ, ਪਲੈਨਾਂ ਦੇ ਮੁਤਾਬਿਕ ਬੇਰੁਜ਼ਗਾਰੀ ਕਿਵੇਂ ਵੱਧਦੀ ਗਈ ਮੈਂ ਇਹ ਤੁਹਾਡੇ ਕੋਲ ਬੇਨਤੀ ਕਰਾਂਗਾ । ਸੈਸ਼ਨ ਦੇ ਵਿਚ ਇਕ ਸਵਾਲ ਦੇ ਜਵਾਬ ਵਿਚ ਉਥੇ ਦੱਸਿਆ ਗਿਆ ਕਿ ਪੜ੍ਹੇ ਲਿਖੇ ਬੇਰੁਜ਼ਗਾਰ 20 ਲੱਖ ਹਨ, ਜਿਨ੍ਹਾਂ ਵਿਚੋਂ 10 ਲੱਖ ਗਰੈਜੂਏਟਸ ਹਨ, 9 ਹਜ਼ਾਰ ਇੰਜੀਨੀਅਰਜ਼ ਹਨ, 90 ਹਜ਼ਾਰ ਉਹ ਲੋਕ ਹਨ ਜਿਨ੍ਹਾਂ ਨੇ ਰਿਸਰਚ ਕੀਤੀ ਹੋਈ ਹੈ ਅਤੇ 29 ਹਜ਼ਾਰ 35 ਡਾਕਟਰੀ ਪਾਸ ਕਰਕੇ ਬੇਰੁਜ਼ਗਾਰ ਤੁਰੇ ਫਿਰਦੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਦੀਆਂ ਆਪਣੀਆ ਫਿਗਰਜ਼ ਹਨ ਮੈਂ ਤੁਹਾਨੂੰ ਆਪਣੇ ਕੋਲੋਂ ਕੁਝ ਨਹੀਂ ਕਹਿ ਰਿਹਾ । ਉਥੇ 1972 ਵਿਚ ਇਕ ਸਵਾਲ ਦੇ ਜਵਾਬ ਵਿਚ ਸਰਕਾਰ ਨੇ ਇਹ ਦੱਸਿਆ ਕਿ 84 ਹਜਾਰ ਅੰਡਰ ਮੈਟਰਿਕ ਮੁੰਡੇ ਸਾਡੇ ਬੇਰੁਜ਼ਗਾਰ ਹਨ, 36 ਹਜ਼ਾਰ ਦੇ ਕਰੀਬ ਬੀ. ਏ. ਅਤੇ 1,553 ਐਮ. ਏ. ਬੇਰੁਜ਼ਗਾਰ ਹਨ । ਇਨ੍ਹਾਂ ਨੇ ਜਿਹੜੀ ਕਾਂਗਰਸ ਦੀ ਕਾਨਫਰੰਸ ਹੋਈ ਹੈ ਉਸ ਦੇ ਵਿਚ ਇਹ ਦੱਸਿਆ ਹੈ । ਇਤਨੀ ਬੇਰੁਜ਼ਗਾਰੀ ਵੱਧਦੀ ਜਾ ਰਹੀ ਹੈ । ਫਿਰ ਉਸ ਦੇ ਬਾਅਦ ਇਨ੍ਹਾਂ ਨੇ ਸਾਰਾ ਹਿਸਾਬ ਲਗਾਇਆ ਕਿ 1981 ਤੱਕ 6 ਕਰੋੜ 81 ਲੱਖ ਬੇਰੁਜ਼ਗਾਰ ਹੋ ਜਾਣਗੇ । ਜਿਹੜਾ ਆਉਣ ਵਾਲਾ ਸਮਾਂ ਹੈ, ਆਉਣ ਵਾਲੇ ਭਵਿਖ ਦਾ ਇਨ੍ਹਾਂ ਨੇ ਇਹ ਅੰਦਾਜ਼ਾ ਲਗਾ ਕੇ ਦੱਸਿਆ ਹੈ । ਡਿਪਟੀ ਸਪੀਕਰ ਸਾਹਿਬ, ਜੇ ਇਨ੍ਹਾਂ ਦੀਆਂ ਪਲੈਨਾਂ 1951 ਤੋਂ ਲੈ ਕੇ ਹੁਣ ਤੱਕ ਦੀਆਂ ਸਾਰੀਆਂ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਜੋ ਬੇਰੁਜ਼ਗਾਰੀ ਵਧੀ ਹੈ ਉਸ ਦੇ ਵਿਚ ਬਹੁਤ ਵੱਡਾ ਹਿੱਸਾ ਹਰੀਜਨਾਂ ਦਾ ਹੈ । ਜਿਹੜੀ ਸਰਕਾਰ ਅੱਜ ਇਹ ਦਾਅਵਾ ਕਰ ਰਹੀ ਹੈ ਕਿ ਅਸੀਂ ਹਰੀਜਨਾਂ ਲਈ ਬਹੁਤ ਕੁਝ ਕੀਤਾ ਹੈ ਤਾਂ ਮੇਰਾ ਖਿਆਲ ਹੈ ਕਿ ਇਹ ਜਿਹੜਾ ਉਸ ਦਾ ਦਾਅਵਾ ਹੈ ਇਹ ਬਨਾਵਟੀ ਹੀ ਹੈ । ਜੇ ਮੈਂ ਇਥੇ ਇਹ ਕਹਾਂ ਕਿ ਇਕ ਸੰਤ ਨੇ ਦੁੱਧ ਇਕੱਠਾ ਕਰਨ ਵਾਸਤੇ ਹੁਕਮ ਕੀਤਾ ਕਿ ਰਾਤ ਨੂੰ ਇਸ ਕੜਾਹੇ ਵਿਚ ਦੁੱਧ ਇਕੱਠਾ ਕੀਤਾ ਜਾਵੇ । ਰਾਤ ਨੂੰ ਕੜਾਹਿਆ ਰੱਖ ਦਿੱਤਾ ਗਿਆ ਅਤੇ ਉਸ ਤੇ ਚਾਨਣੀ ਲਗਾ ਦਿੱਤੀ ਅਤੇ ਦੋ ਪਹਿਰੇਦਾਰ ਖੜੇ ਕਰ ਦਿੱਤੇ । ਜਿਹੜਾ ਆਦਮੀ ਦੁੱਧ ਪਾਉਣ ਲਈ ਆਵੇ ਇਹੀ ਸੋਚੇ ਕਿ ਜੇ ਮੈਂ ਦੁੱਧ ਦੀ ਥਾਂ ਪਾਣੀ ਦਾ ਗੜਵਾ ਪਾ ਦਿਆਂ ਤਾਂ ਸਾਰੇ ਦੁੱਧ ਵਿਚੋਂ ਮੇਰੇ ਪਾਣੀ ਦਾ ਕੀ ਪਤਾ ਲਗਣਾ ਹੈ । ਇਹੀ ਸੋਚ ਕੇ ਹਰ ਆਦਮੀ ਉਸ ਕੜਾਹੇ ਵਿਚ ਦੁੱਧ ਦੀ ਥਾਂ ਤੇ ਪਾਣੀ ਪਾਉਂਦਾ ਰਿਹਾ । ਜਦੋਂ ਸਵੇਰੇ ਉਠ ਕੇ ਕੜਾਹਿਆ ਦੇਖਿਆ ਗਿਆ ਤਾਂ ਉਥੇ ਸਾਰਾ ਪਾਣੀ ਹੀ ਸੀ ਦੁੱਧ ਦਾ ਨਾਮੋ ਨਿਸ਼ਾਨ ਵੀ ਨਹੀਂ ਸੀ । ਸਰਕਾਰ ਦੀਆਂ ਪਲੈਨਾਂ ਦਾ ਵੀ ਇਹੀ ਹਾਲ ਹੈ । ਸਰਕਾਰ ਨੂੰ ਇਸ ਗੱਲ ਦੇ ਬਾਵਜੂਦ ਕਿ ਸਭ ਕੁਝ ਪਤਾ ਹੈ ਅਤੇ ਆਪਣੀਆਂ ਪਲੈਨਾਂ ਵਿਚ ਸਭ ਕੁਝ ਮੰਨਣ ਦੇ ਬਾਵਜੂਦ ਗਰੀਬਾਂ ਲਈ ਕੁਝ ਨਹੀਂ ਕਰ ਰਹੀ । ਡਿਪਟੀ ਸਪੀਕਰ ਸਾਹਿਬ, ਸਾਡੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਜਿਹੜੇ ਅੱਜ ਤੜਫਦੇ ਫਿਰਦੇ ਹਨ ਉਨ੍ਹਾਂ ਲਈ ਕੋਈ ਰੁਜ਼ਗਾਰ ਨਹੀਂ ਮਿਲ ਰਿਹਾ । ਉਹ ਵਿਚਾਰੇ ਕਿਥੇ ਜਾਣ ਉਨ੍ਹਾਂ ਨੂੰ ਕੋਈ ਗਲ ਨਾਲ ਨਹੀਂ ਲਾਉਂਦਾ ਇਸ ਦਾ ਕਾਰਨ ਕੀ ਹੈ? ਸਰਕਾਰ ਭਾਵੇਂ ਕਹੀ ਜਾਵੇ ਕਿ ਸਾਡੀ ਸਰਕਾਰ ਪ੍ਰੋਗਰੈਸਿਵ ਹੈ । ਜਿਵੇਂ ਚੌਧਰੀ ਸਾਹਿਬ ਨੇ ਵੀ ਹੁਣੇ ਹੁਣੇ ਕਿਹਾ ਹੈ ਕਿ ਸਾਡੀ ਸਰਕਾਰ ਬੜੀ ਪ੍ਰੋਗਰੈਸਿਵ ਹੈ । ਪਰ ਡਿਪਟੀ ਸਪੀਕਰ ਸਾਹਿਬ, ਸਰਕਾਰ ਦੇ ਆਪਣੇ ਅੰਕੜਿਆਂ ਤੋਂ ਹੀ ਪਤਾ ਲਗਦਾ ਹੈ ਕਿ ਸਰਕਾਰ ਨੇ ਕਿੰਨਾ ਚੰਗਾ ਕੰਮ ਕੀਤਾ ਹੈ ਅਤੇ ਕਿੰਨਾਂ ਮੰਦਾ ਕੰਮ ਕੀਤਾ ਹੈ । ਮੈਂ ਇਤਨਾ ਅੰਧ ਵਿਸ਼ਵਾਸੀ ਨਹੀਂ । ਮੈਂ ਅਤੇ ਮੇਰੀ ਪਾਰਟੀ ਅਗੇ ਵਧੂਆਂ ਨਾਲ ਤਾਲ ਮੇਲ ਵੀ ਕਰਦੀ ਹੈ ਅਤੇ ਉਨ੍ਹਾਂ ਦੇ ਚੰਗੇ ਕੰਮਾਂ ਦੀ ਸ਼ਲਾਘਾ ਵੀ ਕਰਦੀ ਹੈ । ਬੜੀ ਖੁਸ਼ੀ ਦੀ ਗੱਲ ਹੈ ਕਿ ਗਿਆਨੀ ਜੀ ਨੇ ਇਹ ਕੰਮ ਚੰਗਾ ਕੀਤਾ ਹੈ ਕਿ ਹਰੀਜਨਾਂ ਨੂੰ 3,000 ਰੁਪਿਆ ਬਿਨਾ ਸੂਦ

[ਕਾਮਰੇਡ ਸੱਘੜ ਸਿੰਘ]

ਤੋਂ ਦੇ ਰਹੇ ਹਨ, ਮੈਂ ਇਸ ਕੰਮ ਦੀ ਸ਼ਲਾਘਾ ਕਰਦਾ ਹਾਂ ਪਰ ਜਿਥੇ ਇਨ੍ਹਾਂ ਨੇ ਕੋਈ ਚੰਗਾ ਕੰਮ ਨਹੀਂ ਕੀਤਾ ਨਿਰੀਆਂ ਗੱਲਾਂ ਹੀ ਕੀਤੀਆਂ ਹਨ ਉਹ ਪਰਦਾ ਫਾਸ਼ ਕਰਨ ਤੋਂ ਵੀ ਅਸੀਂ ਪਿਛੇ ਨਹੀਂ ਰਹਿ ਸਕਦੇ। ਇਥੇ ਚੀਫ਼ ਮਨਿਸਟਰ ਸਾਹਿਬ ਨੇ ਐਲਾਨ ਕਰ ਦਿੱਤਾ ਹੈ ਕਿ ਅਸੀਂ ਗ਼ਰੀਬਾਂ ਨੂੰ, ਹਰੀਜਨਾਂ ਨੂੰ ਪਲਾਟ ਦੇ ਦਿੱਤੇ ਹਨ ਪਰ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਪਲਾਟ ਵਗੈਰਾ ਨਹੀਂ ਦਿੱਤੇ। ਮੈਂ ਡੀ. ਸੀ ਦੀ ਮੀਟਿੰਗ ਵਿਚ ਫ਼ਰੀਦਕੋਟ ਬੈਠਾ ਸੀ ਉਥੇ ਮੈਂ ਇਕ ਸਵਾਲ ਪੁਛਿਆ ਕਿ ਕਿੰਨੇ ਲੋਕਾਂ ਨੂੰ ਤੁਸੀਂ ਪਲਾਟ ਦੇ ਚੁਕੇ ਹੋ ਅਤੇ ਕਿੰਨੇ ਲੋਕਾਂ ਨੂੰ ਹਾਲੀਂ ਹੋਰ ਦੇਣੇ ਹਨ, ਇਸ ਦੀ ਸਾਨੂੰ ਇਕ ਲਿਸਟ ਦਿੱਤੀ ਜਾਵੇ। ਪਰ ਡਿਪਟੀ ਸਪੀਕਰ ਸਾਹਿਬ, ਡਿਪਟੀ ਕਮਿਸ਼ਨਰ ਸਾਹਿਬ ਸਾਨੂੰ ਇਕ ਬੰਦੇ ਦਾ ਨਾਮ ਵੀ ਨਹੀਂ ਦੱਸ ਸਕੇ ਜਿਸ ਨੂੰ ਕਿ ਪਲਾਟ ਦਿੱਤਾ ਗਿਆ ਹੋਵੇ ਪਰ ਸਾਡੇ ਚੀਫ਼ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਅਸੀਂ ਗਰੀਬਾਂ ਨੂੰ ਪਲਾਟ ਦੇ ਦਿੱਤੇ ਹਨ। ਫ਼ਿਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਬਾਘਾ ਪੁਰਾਣਾ ਵਿਚ ਜਿਹੜਾ ਕਿ ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲੇ ਦਾ ਹਲਕਾ ਹੈ ਜੋ ਇਸ ਵੇਲੇ ਚੀਫ ਪਾਰਲੀਮੈਂਟਰੀ ਸੈਕਟਰੀ ਹਨ ਉਥੇ ਲੋਕਾਂ ਨੂੰ ਪਲਾਟ ਦਿੱਤੇ ਗਏ ਹਨ ਪਰ ਉਥੇ ਉਨ੍ਹਾਂ ਪਲਾਟਾਂ ਵਿਚ ਲੋਕਾਂ ਨੇ ਪਾਣੀ ਲਗਾ ਕੇ ਫਸਲਾਂ ਬੀਜ ਦਿੱਤੀਆਂ ਹਨ। ਤੁਸੀਂ ਆਪ ਜਾ ਕੇ ਉਥੇ ਦੇਖ ਸਕਦੇ ਹੋ ਕਿ ਲੋਕਾਂ ਨੂੰ ਪਲਾਟ ਦਿੱਤੇ ਗਏ ਹਨ ਪਰ ਉਨ੍ਹਾਂ ਨੇ ਉਥੇ ਕਣਕ ਬੀਜੀ ਹੋਈ ਹੈ। (ਵਿਘਨ) ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਕਹਿੰਦੇ ਹਨ ਕਿ ਅਸੀਂ ਹਰੀਜਨਾਂ ਨੂੰ ਪਲਾਟ ਦਿੱਤੇ ਹਨ ਇਹ ਗੱਲ ਤਸੱਲੀ ਬਖਸ਼ ਨਹੀਂ ਹੈ।

ਫ਼ਿਰ ਡਿਪਟੀ ਸਪੀਕਰ ਸਾਹਿਬ, ਨਾਕਾ ਬੰਦੀਆਂ ਦਾ ਸਵਾਲ ਉਠਦਾ ਹੈ। ਗਿਆਨੀ ਜੀ ਨੇ ਇਥੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਹੈ ਕਿ ਮੇਰੀ ਸਰਕਾਰ ਦੇ ਵੇਲੇ ਕੋਈ ਨਾਕਾ ਬੰਦੀ ਨਹੀਂ ਹੋਈ। ਮੈਂ ਸਪਲੀ-ਮੈਂਟਰੀ ਕਰਨ ਦੀ ਇਜਾਜ਼ਤ ਮੰਗੀ ਸੀ ਪਰ ਮੈਨੂੰ ਇਜਾਜ਼ਤ ਨਹੀਂ ਸੀ ਮਿਲੀ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ, ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਦੇ ਪਿੰਡ ਵਿਚ ਇਕ ਮਹੀਨਾ ਪੂਰਾ ਨਾਕਾਬੰਦੀ ਰਹੀ 11 ਜਨਵਰੀ ਨੂੰ ਇਹ ਸ਼ੁਰੂ ਹੋਈ ਅਤੇ ਇਕ ਮਹੀਨੇ ਵਿਚ 11 ਫ਼ਰਵਰੀ ਨੂੰ ਕੁਝ ਬੰਦਿਆਂ ਨੇ ਇਸ ਦੇ ਵਿਚ ਪੈ ਕੇ ਛੁਟਕਾਰਾ ਕਰਵਾਇਆ। ਉਥੇ ਫੌਜਦਾਰੀ ਵੀ ਹੋਈ ਹੈ। ਫਿਰ ਇਸੇ ਸਾਲ ਡਿਪਟੀ ਸਪੀਕਰ ਸਾਹਿਬ, ਮੇਰੇ ਪਿੰਡ ਵਿਚ ਨਾਕਾਬੰਦੀ ਹੋਈ ਅਤੇ ਉਥੇ ਇਤਨੀ ਖਲਬਲੀ ਮਚੀ ਜਿਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ, ਲੋਕਾਂ ਨੂੰ ਬਾਹਰ ਜਾਣਾ ਬੰਦ ਹੋ ਗਿਆ। ਇਸੇ ਤਰ੍ਹਾਂ ਇਕ ਪਿੰਡ ਫਤੂ ਹੀਰਾ ਸਿੰਘ ਵਿਚ ਵੀ ਨਾਕਾ ਬੰਦੀ ਹੋਈ ਅਤੇ ਉਥੇ 10 ਦਿਨ ਲੋਕੀ ਬਾਹਰ ਨਾ ਜਾ ਸਕੇ। ਫਿਰ ਖੋਤੇ ਪਿੰਡ ਵਿਚ ਨਾਕਾ-ਬੰਦੀ ਹੋਈ ਉਹ ਮਸਾਂ ਮਸਾਂ 15–20 ਦਿਨਾਂ ਵਿਚ ਜਾ ਕੇ ਦਬਵਾਈ। ਜੇ ਸਰਕਾਰ ਦੀ ਆਪਣੀ ਲਿਖਾ ਪੜ੍ਹੀ ਵਿਚ ਕੋਈ ਗੱਲ ਨਾ ਆਵੇ ਅਤੇ ਸੱਚੀ ਗੱਲ ਦਿੱਸਦੀ ਨਾ ਹੋਵੇ ਤਾਂ ਉਸ ਦੇ ਉਤੇ ਪਰਦਾ ਪਾਉਣ ਲਈ ਅਸੀਂ ਕਿਸ ਤਰ੍ਹਾਂ ਆਪਣੇ ਹੱਥ ਖੜੇ ਕਰ ਦੇਈਏ। ਅਸਲੀਅਤ ਵਿਚ ਹਰੀਜਨ ਵਿਚਾਰੇ ਹਰ ਪੱਖੋਂ ਔਖੇ ਹਨ ਅਤੇ ਹਰੀਜਨਾਂ ਦਾ ਕੋਈ ਸੁਧਾਰ ਨਹੀਂ ਹੋਇਆ। (ਵਿਘਨ) ਜਿਵੇਂ ਅੱਜ ਵੀ ਇਥੇ ਚੌਧਰੀ ਸਾਹਿਬ ਨੇ ਰਿਸ਼ੀਆਂ ਮੁਨੀਆਂ ਦੀ ਗੱਲ ਤੋਰੀ ਹੈ। ਖੈਰ ਮੈਂ ਕੋਈ ਚੈਲੈਂਜ ਨਹੀਂ ਕਰਦਾ ਅਤੇ ਨਾ ਹੀ ਕਿਸੇ ਧਰਮ ਦੀ ਕੋਈ ਗੱਲ ਕਰਦਾ ਹਾਂ। ਇਨ੍ਹਾਂ ਨੂੰ ਨਹੀਂ ਪਤਾ ਕਿ ਰਿਸ਼ੀ ਮੁਨੀ ਕਹਿ ਗਏ ਅਤੇ ਬਾਅਦ ਵਿਚ ਗਰੰਥ ਕਿਵੇਂ ਬਣੇ। ਮੈਂ ਉਹ ਗੱਲ ਨਹੀਂ ਕਰਨੀ।

'ਮੜੀ ਮਾੜੀਆਂ ਉਠਾ ਕੇ ਬਣਾ ਦਿਉ ਮਸਣ'

ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਮਜ਼ਹਬ ਨੂੰ ਨਿੰਦਣਾ ਨਹੀਂ ਚਾਹੁੰਦਾ। (ਵਿਘਨ) ਅੱਜ ਸਾਰਾ ਕਾਰੋਬਾਰ ਕਿਨ੍ਹਾਂ ਲੋਕਾਂ ਦੇ ਹੱਥਾਂ ਵਿਚ ਹੈ? ਅੱਜ ਕਾਰੋਬਾਰ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਹੈ ਜਿਨ੍ਹਾਂ ਨੂੰ

ਸਰਕਾਰ ਆਪਣੇ ਨੇੜੇ ਰੱਖਦੀ ਹੈ, ਜਿਨ੍ਹਾਂ ਨੂੰ ਸਰਕਾਰ ਕੋਟੇ ਪ੍ਰਮਿਟ ਦਿੰਦੀ ਹੈ, ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਅੱਜ ਕਾਰੋਬਾਰ ਹੈ। ਗ਼ਰੀਬ ਦੇ ਕਿਸੇ ਦੇ ਹੱਥ ਵਿਚ ਕੋਈ ਕਾਰੋਬਾਰ ਨਹੀਂ ਹੈ। ਗ਼ਰੀਬ ਵਾਸਤੇ ਸਰਕਾਰ ਤਦ ਸੋਚ ਸਕਦੀ ਹੈ ਜੇ ਸਰਕਾਰ ਵਿਚ ਕੋਈ ਗ਼ਰੀਬਾਂ ਦਾ ਭਲਾ ਚਾਹੁੰਣ ਵਾਲਾ ਹੋਵੇ। ਸਰਕਾਰ ਵਿਚ ਬੈਠੇ ਕੌਣ ਹਨ? ਸਰਕਾਰ ਵਿਚ ਉਹ ਲੋਕ ਬੈਠੇ ਹਨ ਜਿਹੜੇ ਗ਼ਰੀਬਾਂ ਨੂੰ ਦਬਾਉਣ ਦੀ ਖਾਤਰ ਭਾਵੇਂ ਦੋ ਪੱਗਾਂ ਰੱਖਣੀਆਂ ਪੈਣ ਇਕ ਨੀਲੀ ਤੇ ਇਕ ਚਿੱਟੀ। ਜਦੋਂ ਅਕਾਲੀਆਂ ਦੀ ਸਰਕਾਰ ਆਵੇ ਤਾਂ ਨੀਲੀ ਪੱਗ ਬੰਨ ਲਈ ਅਤੇ ਜੇ ਕਾਂਗਰਸੀਆਂ ਦੀ ਸਰਕਾਰ ਆਵੇ ਤਾਂ ਚਿਟੀ ਪੱਗ ਬੰਨ ਲਈ। ਜੇ ਉਹ ਇਥੇ ਆਉਂਦੇ ਹਨ ਤਾਂ ਗਰੀਬਾਂ ਦੇ ਭਲੇ ਵਾਸਤੇ ਨਹੀਂ ਆਉਂਦੇ ਗ਼ਰੀਬਾਂ ਨੂੰ ਦਬਾਉਣ ਵਾਸਤੇ ਪੱਗਾਂ ਬਦਲਣ ਵਾਸਤੇ ਆਉਂਦੇ ਹਨ। ਮੈਂ ਇਸ ਗੱਲ ਦਾ ਚੈਲੈਂਜ ਕਰਦਾ ਹਾਂ ਕਿ ਇਨ੍ਹਾਂ ਨੇ ਗਰੀਬਾਂ ਦੇ ਲਈ ਕੁਝ ਨਹੀਂ ਕੀਤਾ। ਜੇ ਇਨ੍ਹਾਂ ਨੇ ਗ਼ਰੀਬਾਂ ਦੇ ਲਈ ਕੁਝ ਕੀਤਾ ਹੈ ਤਾਂ ਮੈਨੂੰ ਸਾਬਤ ਕਰਕੇ ਦੱਸ ਦੇਣ ਕਿ ਅਸੀਂ ਗ਼ਰੀਬਾਂ ਦੇ ਲਈ ਇਹ ਕੁਝ ਕੀਤਾ ਹੈ। ਇਸ ਲਈ ਡਿਪਟੀ ਸਪੀਕਰ ਸਾਹਿਬ, ਕੋਟੇ ਪ੍ਰਮਿਟ ਲੈਣ ਵਾਲੇ ਕੌਣ ਹਨ ਅੱਜ ਫੈਕਟਰੀਆਂ ਚਲਾਉਣ ਵਾਲੇ ਕੌਣ ਹਨ? ਉਨ੍ਹਾਂ ਦੀ ਗ਼ਰੀਬਾਂ ਨਾਲ ਕੋਈ ਹਮਦਰਦੀ ਨਹੀਂ, ਉਨ੍ਹਾਂ ਨੂੰ ਆਪਣਾ ਪੈਸਾ ਕਮਾਉਣ ਦੀ ਲੱਗੀ ਰਹਿੰਦੀ ਹੈ ਭਾਵੇਂ ਕਿਸੇ ਤਰੀਕੇ ਨਾਲ ਲਤੇ। ਉਨ੍ਹਾਂ ਨੇ ਗ਼ਰੀਬਾਂ ਲਈ ਕੁਝ ਨਹੀਂ ਕਰਨਾ। ਅੱਜ ਡਿਪਟੀ ਸਪੀਕਰ ਸਾਹਿਬ, ਜਿਵੇਂ ਪਿੰਡਾਂ ਵਿਚ ਲੋਨ ਲਈ ਸੋਸਾਇਟੀਆਂ ਬਣੀਆਂ ਹੋਈਆਂ ਹਨ, ਉਨ੍ਹਾਂ ਵਿਚ ਵੀ ਹਾਹਾਕਾਰ ਮਚੀ ਹੋਈ ਹੈ। ਉਨ੍ਹਾਂ ਵਿਚ 30-30, 40-40 ਲੱਖ ਦੇ ਗਬਨ ਦੇ ਕੇਸ ਆਉਂਦੇ ਹੋਣਗੇ ਤੁਹਾਡੇ ਕੋਲ ਕਿਉਂਕਿ ਤੁਸੀਂ ਵੀ ਹੋਮ ਮਨਿਸਟਰ ਰਹਿ ਚੁੱਕੇ ਹੋ। ਉਸ ਦੇ ਵਿਚ ਹਰੀਜਨ ਤਾਂ ਕੁਝ ਕਰਦਾ ਨਹੀਂ ਕਿਉਂਕਿ ਕਿਸਾਨਾਂ ਕੋਲ ਤਾਂ ਬਹਾਨਾ ਹੈ ਕਿ ਫ਼ਸਲ ਸੁੱਕ ਰਹੀ ਹੈ ਜਾਂ ਫਸਲ ਬੀਜਣ ਵਾਲੀ ਹੈ, ਠੀਕ ਹੈ ਉਹ ਤਾਂ ਰੁਪਏ ਲਈ ਜਾਂਦਾ ਹੈ, ਪਰ ਜਿਹੜਾ ਹਰੀਜਨ ਹੈ ਉਸ ਦੀ ਕੋਈ ਜ਼ਮੀਨ ਨਹੀਂ ਉਹ ਕਾਸ਼ਤਕਾਰੀ ਨਹੀਂ ਕਰਦਾ ਉਸ ਨੂੰ ਉਨ੍ਹਾਂ ਵਿਚੋਂ ਵੀ ਕੁਝ ਨਹੀਂ ਮਿਲਦਾ। ਉਨ੍ਹਾਂ ਦੇ ਲਾਅ ਮੁਤਾਬਿਕ ਸੋਸਾਇਟੀ ਉਨ੍ਹਾਂ ਨੂੰ ਪੈਸੇ ਨਹੀਂ ਦਿੰਦੀ। ਇਹ ਵੀ ਇਕ ਚੰਗੀ ਗੱਲ ਹੈ ਕਿ ਕਿਸਾਨਾਂ ਨੂੰ ਪੈਸੇ ਮਿਲ ਜਾਂਦੇ ਹਨ। ਮੈਂ ਕਿਸਾਨਾਂ ਦੇ ਉਲਟ ਨਹੀਂ ਮੈਂ ਇਸ ਗੱਲ ਦੇ ਹੱਕ ਵਿਚ ਹਾਂ, ਪਰ ਹਰੀਜਨਾਂ ਨੂੰ ਕੋਈ ਲਾਭ ਨਹੀਂ ਉਨ੍ਹਾਂ ਸੋਸਾਇਟੀਆਂ ਦਾ। ਡਿਪਟੀ ਸਪੀਕਰ ਸਾਹਿਬ, ਇਥੇ ਇਹ ਸਰਕਾਰ ਹਾਊਸ ਵਿਚ ਕਹਿ ਦਿੰਦੀ ਹੈ ਕਿ ਨੌਕਰੀਆਂ ਵਿਚ ਹਰੀਜਨਾਂ ਲਈ 22 ਪ੍ਰਤੀਸ਼ਤ ਸੀਟਾਂ ਰਿਜ਼ਰਵ ਹਨ। ਮੈਨੂੰ ਇਸ ਤੇ ਵੀ ਸ਼ਕ ਹੈ ਕਿ ਕਿਸੇ ਮਹਿਕਮੇ ਵਿਚ ਇਹ 2 ਪ੍ਰਤੀਸ਼ਤ ਪੂਰੀਆਂ ਸੀਟਾਂ ਹੋਣ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਗੱਲ ਦਾ ਭਰੋਸਾ ਦਿਵਾਏ ਕਿ ਪੁਲੀਸ ਦੇ ਮਹਿਕਮੇ ਵਿਚ, ਮਾਲ ਦੇ ਮਹਿਕਮੇ ਵਿਚ ਅਤੇ ਹੋਰ ਮਹਿਕਮਿਆਂ ਵਿਚ ਇਹ ਰਿਜ਼ਰਵੇਸ਼ਨ ਪੂਰੀ ਕਰ ਦੇਣ ਤਾਂ ਵੀ ਮੈਂ ਗਿਆਨੀ ਜੀ ਦੀ ਸਰਕਾਰ ਨੂੰ ਜੀ ਆਇਆਂ ਕਹਾਂਗਾ ਅਤੇ ਸਰਕਾਰ ਦਾ ਸੁਆਗਤ ਕਰਾਂਗਾ, ਪਰ ਨਾ ਤਾਂ ਇਹ 22 ਪ੍ਰਤੀਸ਼ਤ ਰੱਖਦੇ ਹਨ ਅਤੇ ਨਾ ਹੀ ਰਖ ਸਕਦੇ ਹਨ ਜੇ ਇਸ ਗੱਲ ਵਿਚ ਸਚਾਈ ਹੋਵੇ ਤਾਂ ਸਰਕਾਰ ਕਹਿ ਦੇਵੇਗੀ ਕਿ ਇਹ ਲਵੋ ਰਿਕਾਰਡ ਵੇਖ ਲਵੋ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਸਾਡਾ ਕੋਰਮ ਘੱਟ ਗਿਆ ਹੈ ਇਹ ਪੂਰਾ ਕਰਾਓ। (ਵਿਘਨ)

ਕਾਮਰੇਡ ਸੱਘੜ ਸਿੰਘ : ਡਿਪਟੀ ਸਪੀਕਰ ਸਾਹਿਬ, ਹਰੀਜਨਾਂ ਦੇ ਵਜ਼ੀਫਿਆਂ ਬਾਰੇ ਇਥੇ ਕੁਐਸ਼ਚਨ ਆਇਆ ਸੀ ਅਤੇ ਸਰਕਾਰ ਨੇ ਜਵਾਬ ਦਿੱਤਾ ਕਿ ਗੌਰ ਕਰ ਰਹੇ ਹਾਂ। ਇਹ ਜਿਹੜਾ 6 ਰੁਪਏ ਵਜ਼ੀਫਾ ਦੇਣ ਦਾ ਫ਼ੈਸਲਾ ਹੋਇਆ ਸੀ ਇਹ ਦੱਸਣ ਤਾਂ ਸਹੀ ਕਿ ਇਹ ਕਦੋਂ ਹੋਇਆ ਸੀ। ਇਥੇ ਹਰ ਮੁਲਾਜ਼ਮ ਇਹ ਮੰਗ ਕਰ ਰਿਹਾ ਹੈ ਕਿ ਸਾਡਾ ਮਹਿੰਗਾਈ ਭੱਤਾ ਵਧਾਇਆ ਜਾਵੇ ਕਿਉਂਕਿ ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਾਰੀਆਂ ਚੀਜ਼ਾਂ ਮਹਿੰਗੀਆਂ ਮਿਲਦੀਆਂ ਹਨ ਲੇਕਿਨ ਉਹ ਗ਼ਰੀਬ ਹਰੀਜਨ ਐਜੀਟੇਸ਼ਨ ਤਾਂ ਕਰ ਨਹੀਂ ਸਕਦੇ, ਪਰ ਸਰਕਾਰ ਨੇ ਉਹ ਜਿਹੜੇ 6 ਸਾਲ ਤੋਂ ਲੈ ਕੇ 12 ਜਾਂ 14 ਸਾਲ ਦੇ ਹਰੀਜਨਾਂ ਦੇ ਬੱਚੇ ਹਨ ਉਨ੍ਹਾਂ ਦਾ ਵਜ਼ੀਫਾ ਵਧਾਉਣ ਵੱਲ ਹਾਲੇ ਤੱਕ ਕੋਈ ਧਿਆਨ ਨਹੀਂ ਦਿੱਤਾ। ਸਰਕਾਰ ਬਹਾਨਾ ਕਰਦੀ ਹੈ ਕਿ ਲੋਕ ਐਜੀਟੇਸ਼ਨ

[ਕਾਮਰੇਡ ਸੱਘੜ ਸਿੰਘ]

ਕਰਦੇ ਹਨ ਤਾਂ ਹੀ ਇਹ ਸਰਕਾਰ ਉਨ੍ਹਾਂ ਦੀ ਗੱਲ ਨਹੀਂ ਮੰਨਦੀ। ਪਰ ਮੈਂ ਕਹਿੰਦਾ ਹਾਂ ਕਿ ਜਿਹੜੇ 12 ਜਾਂ 14 ਸਾਲ ਤੱਕ ਦੇ ਬੱਚੇ ਹਨ ਜਿਨ੍ਹਾਂ ਨੇ ਸਰਕਾਰ ਦਾ ਕੁਝ ਨਹੀਂ ਵਿਗਾੜਿਆ ਉਨ੍ਹਾਂ ਬਾਰੇ ਸਰਕਾਰ ਹਰ ਸੈਸ਼ਨ ਵਿਚ ਕਹਿ ਦਿੰਦੀ ਹੈ ਕਿ ਗੌਰ ਕਰ ਲਵਾਂਗੇ ਪਰ ਅਜੇ ਤੱਕ ਕੋਈ ਗੌਰ ਨਹੀਂ ਹੋਈ। ਡਿਪਟੀ ਸਪੀਕਰ ਸਾਹਿਬ, ਜਿਹੜੇ ਬੇਮਾਲਕੇ ਹਨ, ਜਿਨ੍ਹਾਂ ਦੀ ਕੋਈ ਔਲਾਦ ਨਹੀਂ ਉਨ੍ਹਾਂ ਨੂੰ ਬੁਢਾਪਾ ਪੈਂਨਸ਼ਨ ਦੇਣ ਬਾਰੇ ਸਰਕਾਰ ਨੇ ਬੜੇ ਦਾਅਵੇ ਕੀਤੇ ਹਨ। ਮੈਂ ਇਕ ਮਿਸਾਲ ਦਿੰਦਾ ਹਾਂ ਕਿ ਮੇਰੇ ਆਪਣੇ ਹਲਕੇ ਦੀਆਂ ਦਰ-ਖ਼ਾਸਤਾਂ ਜਿਹੜੀਆਂ ਕਿ ਮੈਂ 29 ਦਸੰਬਰ, 1972 ਨੂੰ ਸ੍ਰੀ ਗੁਰਮੇਲ ਸਿੰਘ ਨੂੰ ਦਿੱਤੀਆਂ ਸਨ ਉਹ 10 ਦਿਨਾਂ ਤੋਂ ਭਾਲ ਰਹੇ ਹਾਂ ਮਿਲਦੀਆਂ ਨਹੀਂ ਪਈਆਂ। ਡਾਇਰੈਕਟਰ ਕਹਿੰਦਾ ਹੈ ਕਿ ਸਾਡੇ ਕੋਲ ਨਹੀਂ ਆਈਆਂ ਅਤੇ ਸ੍ਰੀ ਗੁਰਮੇਲ ਸਿੰਘ ਜੀ ਕਹਿੰਦੇ ਹਨ ਕਿ ਪਤਾ ਕਰ ਲਵਾਂਗੇ। ਉਹ ਦਰਖਾਸਤਾਂ ਅਜੇ ਤੱਕ ਮੰਨਜ਼ੂਰ ਨਹੀਂ ਹੋਈਆਂ। ਜੱਦ ਤੱਕ ਕੰਮ ਠੀਕ ਨਾ ਹੋ ਜਾਵੇ ਕਿਵੇਂ ਕਹਿ ਦਈਏ ਕਿ ਠੀਕ ਹੈ, ਜੇ ਸਰਕਾਰ ਐਵੇਂ ਕਹੀ ਜਾਏ ਕਿ ਚੰਗੇ ਕੰਮ ਕੀਤੇ ਹਨ ਕਿਵੇਂ ਮੰਨ ਲਈਏ। ਇਸੇ ਹਾਊਸ ਦੇ ਅੰਦਰ ਬੈਠੇ ਡੀਗਾਂ ਮਾਰੀ ਜਾਂਦੇ ਹਨ ਕਿ ਅਸੀਂ ਇਹ ਕੀਤਾ ਉਹ ਕੀਤਾ। ਜਦੋਂ ਬਾਹਰ ਜਾ ਕੇ ਲੋਕਾਂ ਨੂੰ, ਲੁਧਿਆਣਾ ਵਿਚ, ਰੋਪੜ ਵਿਚ, ਮੋਗੇ ਵਿਚ, ਜਗਰਾਓਂ ਵਿਚ ਲੋਕਾਂ ਨੂੰ ਹੱਥ ਵਿਚ ਡੋਲੂ ਫੜੇ ਵੇਖਦੇ ਹਾਂ ਤਾਂ ਰੋਣਾ ਆਉਂਦਾ ਹੈ। ਉਹ ਕਿੰਨਾ ਕਿੰਨਾਂ ਚਿਰ ਉਥੋਂ ਹਿਲਦੇ ਤੱਕ ਨਹੀਂ ਕਿਉਂਕਿ ਉਨ੍ਹਾਂ ਨੂੰ ਇਹ ਡਰ ਹੁੰਦਾ ਹੈ ਕਿ ਕਿਤੇ ਉਨ੍ਹਾਂ ਦੀ ਵਾਰੀ ਨਾ ਚਲੀ ਜਾਵੇ। ਕਿਵੇਂ ਕਹਿ ਦਈਏ ਕਿ ਲੋਕਾਂ ਦੀ ਤਸੱਲੀ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਲੋਕਾਂ ਵਿਚ ਜੇ ਫ਼ੀਸਦੀ ਦੇ ਹਿਸਾਬ ਨਾਲ ਬੇਚੈਨੀ ਵੇਖੀਏ ਤਾਂ ਹਰੀਜਨਾਂ ਵਿਚ ਬਹੁਤ ਬੇਚੈਨੀ ਹੈ। ਉਹ ਗ਼ਰੀਬ ਹਨ ਉਨ੍ਹਾਂ ਦੀ ਕੋਈ ਪਹੁੰਚ ਨਹੀਂ ਉਹ ਵਿਚਾਰੇ ਬਹੁਤ ਦੁੱਖੀ ਹਨ। ਇਹ ਗੱਲ ਜਿਹੜੀ ਡਿਪੂ ਖੋਲ੍ਹਣ ਦੀ ਹੈ ਠੀਕ ਹੈ ਇਹ ਚੰਗੀ ਗੱਲ ਹੈ, ਪਰ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਨਾਜ਼ ਦੀ ਕੀ ਹਾਲਤ ਹੈ। ਜਦੋਂ ਕਿਸਾਨ ਕੋਲੋਂ ਸਰਕਾਰ ਨੇ 76 ਰੁਪਏ ਅਨਾਜ ਲਿਆ ਤਾਂ ਉਨ੍ਹਾਂ ਨੇ ਰੌਲਾ ਪਾਇਆ ਕਿ ਭਾਅ ਬਹੁਤ ਥੋੜੇ ਹਨ, ਖੈਰ ਮੈਂ ਇਸ ਗੱਲ ਵਿਚ ਨਹੀਂ ਜਾਣਾ ਚਾਹੁੰਦਾ। ਮੈਂ ਇਹ ਕਹਿੰਦਾ ਹਾਂ ਕਿ ਜਦੋਂ ਕਿਸਾਨ ਕੋਲੋਂ ਸਰਕਾਰ ਨੇ ਕਣਕ ਖਰੀਦੀ ਤਾਂ ਉਸ ਦਾ ਭਾਅ 76 ਰੁਪਏ ਰੱਖਿਆ, ਪਰ ਹੁਣ ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ 7-8 ਜ਼ਿਲ੍ਹਿਆਂ ਵਿਚ ਮੈਨੂੰ ਜਾਣ ਦਾ ਮੌਕਾ ਮਿਲਿਆ ਹੈ ਉਥੇ ਦਿੱਤੇ ਕਿਤੇ 125 ਰੁਪਏ, ਕਿਤੇ 135 ਰੁਪਏ ਅਤੇ ਕਿਤੇ 150 ਰੁਪਏ ਕੁਇੰਟਲ ਕਣਕ ਵਿਕ ਰਹੀ ਹੈ। ਸਰਕਾਰ ਨੇ ਜਿਹੜਾ ਅਨਾਜ ਕਿਸਾਨ ਤੋਂ ਲੈ ਕੇ ਹਰੀਜਨਾਂ ਅਤੇ ਗਰੀਬ ਮਜ਼ਦੂਰਾਂ ਵਾਸਤੇ ਰੱਖਿਆ ਸੀ ਉਨ੍ਹਾਂ ਲਈ ਡਿਪੂ ਖੋਲ੍ਹਣ ਲਈ ਸਰਕਾਰ ਨੇ ਹੁਣ ਤੱਕ ਕਿਉਂ ਗੌਰ ਨਹੀਂ ਕੀਤਾ ਅਤੇ ਹੁਣ ਇਕ ਮਹੀਨਾ ਕਣਕ ਆਉਣ ਵਿਚ ਰਹਿ ਗਿਆ ਅਤੇ ਸਰਕਾਰ ਡਿਪੂ ਖੋਲਣ ਬਾਰੇ ਸੋਚ ਰਹੀ ਹੈ। ਮੈਂ ਕਹਿੰਦਾ ਹਾਂ ਕਿ ਗ਼ਰੀਬਾਂ ਨੂੰ ਉਸ ਭਾਅ ਤੇ ਦਿਉ ਜਿਸ ਭਾਅ ਤੇ ਤੁਸੀਂ ਕਿਸਾਨ ਕੋਲੋਂ ਕਣਕ ਖਰੀਦੀ ਸੀ। ਤੁਸੀਂ 2-4 ਰੁਪਏ ਆਪਣਾ ਖਰਚਾ ਪਾ ਲਵੋ ਅਤੇ 80 ਰੁਪਏ ਉਨ੍ਹਾਂ ਨੂੰ ਦਿਉ। ਡਿਪਟੀ ਸਪੀਕਰ ਸਾਹਿਬ, ਅਸੀਂ ਡਿਪੂ ਖੋਲ੍ਹਣ ਦਾ ਸੁਆਗਤ ਕਰਦੇ ਹਾਂ, ਪਰ ਡਿਪਟੀ ਸਪੀਕਰ ਸਾਹਿਬ, ਮੈਨੂੰ ਵੀ ਸ਼ਕ ਹੈ ਜਿਵੇਂ ਕਿ ਚੌਧਰੀ ਜਗਤ ਰਾਮ ਨੇ ਕਿਹਾ ਹੈ ਕਿ ਫ਼ਸਲ ਆਉਣ ਵਿਚ ਤਾਂ ਇਕ ਮਹੀਨਾ ਰਹਿ ਗਿਆ ਹੈ ਅਤੇ ਉਸਦੇ ਬਾਅਦ ਪਤਾ ਨਹੀਂ ਕੀ ਹੋਵੇਗਾ। ਮੈਂ ਕਹਿੰਦਾ ਹਾਂ ਕਿ ਜਿਹੜੀਆਂ ਨਿਤ ਲੋੜ ਦੀਆਂ ਚੀਜ਼ਾਂ ਹਨ ਜਿਵੇਂ ਕਿ ਦਾਲਾਂ, ਲੂਣ, ਮਿਰਚ, ਮਸਾਲੇ ਆਦਿ ਹਨ ਉਹ ਤਾਂ ਇਕ ਮਹੀਨੇ ਦੀ ਗੱਲ ਨਹੀਂ। ਇਹ ਸਾਰੀਆਂ ਚੀਜ਼ਾਂ ਡਿਪੂਆਂ ਤੇ ਸਸਤੇ ਭਾਅ ਤੇ ਮਿਲਣੀਆਂ ਚਾਹੀਦੀਆਂ ਹਨ। ਮੈਂ ਕਹਿੰਦਾ ਹਾਂ ਕਿ ਜਿਥੇ ਵੀ 250 ਕਾਰਡ ਹੋਵੇ ਪਿੰਡਾਂ ਵਿਚ ਜਿਹੜੇ ਗ਼ਰੀਬ ਹਰੀਜਨ ਹਨ ਉਨ੍ਹਾਂ ਨੂੰ ਡਿਪੂਆਂ ਰਾਹੀਂ, ਜਾਂ ਜਿਹੜੀਆਂ ਸੋਸਾਇਟੀਆਂ ਹਨ ਉਨ੍ਹਾਂ ਰਾਹੀਂ ਜਾਂ ਪੰਚਾਇਤ ਦੇ ਜਿਹੜੇ ਮੈਂਬਰ ਹਨ ਉਨ੍ਹਾਂ ਰਾਹੀਂ ਸਸਤੇ ਰੇਟ ਤੇ ਚੀਜ਼ ਦਿਉ। ਉਥੇ ਲੋਕਾਂ ਨੂੰ ਅਨਾਜ ਮੁਹੱਈਆ ਕਰੋ, ਮੈਂ ਇਸ ਗੱਲ ਦੇ ਹੱਕ ਵਿਚ ਹਾਂ ਪਰ ਡਿਪਟੀ ਸਪੀਕਰ ਸਾਹਿਬ, ਸਰਕਾਰ ਅਪਣੇ ਆਪ ਹੀ ਕਹੀ ਜਾਂਦੀ ਹੈ ਕਿ ਠੀਕ ਹੈ ਇਹ ਸਰਕਾਰ ਦਾ ਰਵੱਈਆ ਠੀਕ ਨਹੀਂ। ਮੈ ਕਹਿੰਦਾ ਹਾਂ ਕਿ ਜਿਹੜਾ ਪੁਲਿਸ ਵਾਲੇ ਜ਼ਬਰ ਤੇ ਜ਼ੁਲਮ

ਕਰਦੇ ਹਨ ਇਹ ਕਿਸ ਤੇ ਜ਼ਿਆਦਾ ਹੁੰਦਾ ਹੈ, ਇਹ ਹਰੀਜਨਾਂ ਤੇ ਹੁੰਦਾ ਹੈ ਗਰੀਬਾਂ ਤੇ ਹੁੰਦਾ ਹੈ। ਉਹ ਐਜੀਟੇਸ਼ਨਾਂ ਕਰਦੇ ਹਨ ਆਪਣੀਆਂ ਤਕਲੀਫਾਂ ਲੈ ਕੇ ਸਰਕਾਰ ਦੇ ਮੁਲਾਜ਼ਮਾਂ ਡੀ. ਸੀ., ਐਸ. ਪੀ. ਅਤੇ ਐਸ. ਡੀ. ਓ. ਕੋਲ ਜਾਂਦੇ ਹਨ, ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ। (ਵਿਘਨ)

ਸ੍ਰੀ ਡਿਪਟੀ ਸਪੀਕਰ: ਤੁਹਾਡਾ ਟਾਈਮ ਹੋ ਗਿਆ ਹੈ ਤੁਸੀ ਰੈਜ਼ੋਲਿਉਸ਼ਨ ਤੇ ਬੋਲੋ। (Your time is up. Please confine yourself to the resolution).

ਕਾਮਰੇਡ ਸੱਘੜ ਸਿੰਘ: ਬੱਸ ਜੀ ਮੈ ਦੋ ਮਿੰਟਾਂ ਵਿਚ ਹੀ ਬੈਠ ਜਾਵਾਂਗਾ। ਡਿਪਟੀ ਸਪੀਕਰ ਸਾਹਿਬ, ਮੈ ਪੁਲਿਸ ਬਾਰੇ ਇਸ ਲਈ ਕਹਿ ਰਿਹਾ ਸੀ ਕਿ ਇਹ ਜਿਹੜੇ ਡਿਪੂ ਖੋਲਣੇ ਹਨ ਇਥੇ ਵੀ ਪੁਲੀਸ ਦੀ ਲੋੜ ਪਵੇਗੀ ਕਿਉਂਕਿ ਜਦੋਂ ਉਥੇ ਡਿਪੂਆਂ ਤੇ ਲੋਕੀ ਰਾਸ਼ਨ ਕਾਰਡ ਲੈ ਕੇ ਜਾਣਗੇ ਅਤੇ ਉਥੇ ਭੀੜ ਹੋਵੇਗੀ ਅਤੇ ਡਿਪੂਆਂ ਵਾਲੇ ਲੋਕਾਂ ਨੂੰ ਇਨਸਾਫ ਨਹੀਂ ਦੇਣਗੇ ਤਾਂ ਉਨ੍ਹਾਂ ਨੇ ਪੁਲਿਸ ਕੋਲ ਹੀ ਜਾਣਾ ਹੈ। ਹਰ ਕੰਮ ਵਾਸਤੇ ਪੁਲਿਸ ਦੀ ਲੋੜ ਪੈਂਦੀ ਹੈ। ਜਿਸ ਤਰ੍ਹਾਂ ਤੁਹਾਨੂੰ ਪੁਲਿਸ ਲੈ ਕੇ ਜਾਂਦੀ ਹੈ ਅਤੇ ਲੈ ਕੇ ਆਉਂਦੀ ਹੈ। ਉਸੇ ਤਰ੍ਹਾਂ ਲੋਕਾਂ ਨੂੰ ਵੀ ਰਾਸ਼ਨ ਲੈਣ ਲਈ ਪੁਲਿਸ ਦੀ ਲੋੜ ਪੈਣੀ ਹੈ। ਮੈਂ ਕਹਿੰਦਾ ਹਾਂ ਕਿ ਡਿਪੂ ਖੋਲ੍ਹਣ ਵਾਲੀ ਸਕੀਮ ਬੜੀ ਚੰਗੀ ਹੈ। ਇਸ ਵਿਚ ਇਹ ਸਰਕਾਰ ਸਮਾਜਵਾਦ ਦਾ ਨਾਹਰਾ ਲਾਉਂਦੀ ਹੈ। ਮੈਂ ਕਹਿੰਦਾ ਹਾਂ ਕਿ ਸਮਾਜਵਾਦ ਤਾਂ ਆਵੇਗਾ ਜੇ ਕਰ ਜਿਹੜੇ ਵੱਡੇ ਵੱਡੇ ਧਨਾਡ ਹਨ, ਜਿਨ੍ਹਾਂ ਕੋਲ ਕੋਟੇ ਪਰਮਿਟ ਹਨ, ਜਿਨ੍ਹਾਂ ਦੇ ਹੱਥ ਵਿਚ 75 ਫੀ ਸਦੀ ਕਾਰੋਬਾਰ ਹੈ ਉਨ੍ਹਾਂ ਨੂੰ ਖ਼ਤਮ ਕਰੋ ਅਤੇ ਬਾਕੀ ਦੇ ਪ੍ਰਬੰਧ ਚੰਗੇ ਬਣਾਓ ਤਾਂ ਕਿ ਲੋਕਾਂ ਨੂੰ ਇਨਸਾਫ ਮਿਲ ਸਕੇ। ਇਤਨਾਂ ਕਹਿੰਦਾ ਹੋਇਆ ਮੈਂ ਡਿਪਟੀ ਸਪੀਕਰ ਸਾਹਿਬ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ।

ਚੌਧਰੀ ਸੁੰਦਰ ਸਿੰਘ: (ਨਰੋਟ ਮੈਹਰਾ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਇਸ ਰੈਜ਼ੋ-ਲਿਊਸ਼ਨ ਦੇ ਜਿਹੜੇ ਲਫਜ਼ ਹਨ:

> "In view of the unemployment, poverty and high prices and to achieve socialism this House recommends to the State Government to allot Fair Price Depots to the unemployed persons belonging to the Scheduled Castes."

ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਹਰੀਜਨਾਂ ਵਿਚ ਅਨਇੰਪਲਾਇ-ਮੈਂਟ ਕਿਸ ਤਰ੍ਹਾਂ ਹੋਈ ? 8 ਅਪ੍ਰੈਲ, 1964 ਦਾ ਫੈਸਲਾ ਇਸ ਵਾਸਤੇ ਹੋਇਆ ਸੀ ਕਿ ਹਰੀਜਨਾਂ ਨੂੰ ਇਵੈਕੁਈ ਲੈਂਡ ਅਲਾਟ ਕਰਨੀ ਹੈ। ਇਹ ਗੱਲ ਇਸ ਵਾਸਤੇ ਕੀਤੀ ਗਈ ਸੀ ਕਿਉਂਕਿ ਹਿੰਦੁਸਤਾਨ ਇਕ ਐਗਰੀਕਲਚਰਲ ਮੁਲਕ ਹੈ, ਇੰਡਸਟਰੀਅਲ ਮੁਲਕ ਨਹੀਂ। ਜੇ ਕਿਸੇ ਕੋਲ ਜ਼ਮੀਨ ਹੋਵੇ ਤਾਂ ਅਨਇੰਪਲਾਇਮੈਂਟ ਆਪਣੇ ਆਪ ਦੂਰ ਹੋ ਜਾਂਦੀ ਹੈ। ਹੁਣ ਜਿਹੜਾ ਦੇਸ਼ ਵਿਚ ਕਣਕ ਦਾ ਸੰਕਟ ਹੈ, ਇਹ ਕਿਸ ਵਜ੍ਹਾ ਨਾਲ ਹੈ। ਜਿਹੜੇ ਵਿਹਲੇ ਆਦਮੀ ਹਨ ਉਨ੍ਹਾਂ ਕੋਲ ਜ਼ਮੀਨ ਨਹੀਂ। ਇਸ ਚੀਜ਼ ਨੂੰ ਮੱਦੇਨਜ਼ਰ ਰੱਖਦੇ ਹੋਏ, ਅੱਜ ਲੋਕਾਂ ਨੂੰ ਜਿਹੜੇ ਕਿ ਵਿਹਲੇ ਹਨ ਜ਼ਮੀਨ ਪ੍ਰੋਵਾਈਡ ਕਰਨ ਦੀ ਲੋੜ ਹੈ। ਇੰਡਸਟਰੀਜ਼ ਖੋਲ੍ਹਣ ਨਾਲ ਗੱਲ ਨਹੀਂ ਬਣਨੀ। ਜੇ ਗਰੀਬ ਨੂੰ ਜ਼ਮੀਨ ਮਿਲ ਜਾਵੇ ਤਾਂ ਅਨ-ਇੰਪਲਾਇਮੈਂਟ ਦੂਰ ਹੋ ਸਕਦੀ ਹੈ। ਇਸ ਮਸਲੇ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ ਗਿਆ। ਇਥੇ ਕਿਹਾ ਜਾਂਦਾ ਰਿਹਾ ਹੈ ਕਿ ਜ਼ਮੀਨ ਤਾਂ ਜ਼ਿਮੀਂਦਾਰਾਂ ਨੇ ਨਿਕਲਣ ਨਹੀਂ ਦੇਣੀ ਕਿਉਂਕਿ ਜ਼ਿਮੀਂਦਾਰ ਬੜੇ ਖਚਰੇ ਹਨ ਅਤੇ ਇੱਧਰ ਉੱਧਰ ਕਰ ਦਿੰਦੇ ਹਨ। ਦਿਹਾਤਾਂ ਵਿਚ ਜਿਤਨੇ ਹਰੀਜਨ ਵੇਹਲੇ ਹਨ ਉਤਨੇ ਸ਼ਹਿਰਾਂ ਵਿਚ ਨਹੀਂ ਹਨ। ਇਸ ਲਈ ਸਭ ਤੋਂ ਪਹਿਲਾਂ ਇਹ ਕਰਨਾ ਚਾਹੀਦਾ ਹੈ ਕਿ ਜਿਹੜੀ ਜ਼ਮੀਨ ਹੈ ਇਹ ਹਰੀਜਨਾਂ ਨੂੰ ਦਿੱਤੀ ਜਾਵੇ ਤਾਂ ਹੀ ਇਨ੍ਹਾਂ ਦੀ ਅਨਇੰਪਆਇਮੈਂਟ ਦੂਰ ਹੋ ਸਕਦੀ ਹੈ ਅਤੇ ਅੰਨ ਸੰਕਟ ਵੀ ਦੂਰ ਹੋ ਜਾਵੇਗਾ। ਪਰ ਅੱਜ ਤੱਕ ਇਹ ਚੀਜ਼ ਨਹੀਂ ਹੋਈ। ਪੰਜਾਬ ਵਿਚ ਸਾਰੇ ਆਦਮੀ ਕੰਮ ਕਰਦੇ ਹਨ। ਯੂ. ਪੀ. ਵਿਚ ਬੇਤਹਾਸ਼ਾ ਜ਼ਮੀਨ ਹੈ, ਪਰ ਉਥੇ ਕੰਮ ਕੋਈ ਨਹੀਂ ਕਰਦਾ। ਹੁਣ ਇਹ ਕੋਸ਼ਿਸ਼ ਕਰ ਰਹੇ ਹਨ ਕਿ ਜਿਸ ਤਰ੍ਹਾਂ ਪੰਜਾਬ ਵਿਚ ਲੋਕਾਂ ਨੇ ਮਿਹਨਤ ਕਰ ਕੇ

[ਚੌਧਰੀ ਸੁੰਦਰ ਸਿੰਘ]

ਪ੍ਰੋਡਕਸ਼ਨ ਵਧਾਈ ਹੈ, ਇਸੇ ਤਰ੍ਹਾਂ ਹੀ ਬਾਕੀ ਸੂਬਿਆਂ ਵਿਚ ਲੋਕ ਪ੍ਰੋਡਕਸ਼ਨ ਵਧਾਉਣ । ਜੇ ਲੋਕਾਂ ਨੂੰ ਜ਼ਮੀਨ ਦਿਆਂਗੇ ਤਾਂ ਉਹ ਕੰਮ ਕਰਨਗੇ ਅਤੇ ਤਕੜੇ ਹੋਣਗੇ। ਅਗਰ ਚੰਗੇ ਸਟੈਪ ਲਏ ਜਾਣ ਤਾਂ ਮੇਰਾ ਖ਼ਿਆਲ ਹੈ ਕਿ ਇਹ ਸਾਰਾ ਮਸਲਾ ਖ਼ਤਮ ਹੋ ਸਕਦਾ ਹੈ। ਇਥੇ ਬੜਾ ਹਵਾਲਾ ਦਿੱਤਾ ਜਾਂਦਾ ਹੈ । ਪ੍ਰਚਾਰ ਵੀ ਕੀਤਾ ਜਾਂਦਾ ਹੈ। ਗੁਰੂਆਂ ਦਾ ਹਵਾਲਾ ਦਿੱਤਾ ਜਾਂਦਾ ਹੈ ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਦੇ ਲੋਕਾਂ ਵਿਚ ਨੈਸ਼ਨੇਲੇਟੀ ਬਹੁਤ ਕਮ ਹੈ । ਇੰਡੀਵਿਜੁਅਲਟੀ ਇਥੇ ਸੱਭ ਤੋਂ ਜ਼ਿਆਦਾ ਹੈ । ਲੋਕੀਂ ਇਸ ਕਾਰਨ ਆਪਣੀ ਸੇਫਟੀ ਚਾਹੁੰਦੇ ਹਨ, ਦੂਸਰਿਆਂ ਦੀ ਬਿਲਕੁਲ ਨਹੀਂ। ਇਹ ਜਿਹੜੀ ਚੀਜ਼ ਹੈ ਇਹ ਕਾਨੂੰਨ ਨਾਲ ਤਾਂ ਲੋਕਾਂ ਦੇ ਦਿਲਾਂ ਵਿਚੋਂ ਹਟਾਈ ਨਹੀਂ ਜਾ ਸਕਦੀ । ਜੇ ਉਨ੍ਹਾਂ ਵਿਚ ਇਹੋ ਜਿਹੀ ਸਪਿਰਟ ਹੋਵੇ ਤਾਂ ਹੀ ਹੋ ਸਕਦਾ ਹੈ। ਇਹ ਕੋਈ ਚੀਜ਼ ਚੰਗੀ ਨਹੀਂ ਕਿ ਪ੍ਰਮਾਤਮਾ ਦਾ ਨਾਂ ਲੈ ਕੇ ਅਸੀਂ ਸਾਰੀਆਂ ਚੀਜ਼ਾਂ ਆਪਣੇ ਕੋਲ ਦੱਬੀ ਰੱਖੀਏ। ਚੌਧਰੀ ਜਗਤ ਰਾਮ ਜੀ ਬੜਾ ਹਵਾਲਾ ਦਿੰਦੇ ਰਹੇ ਹਨ। ਇਨ੍ਹਾਂ ਨੂੰ ਪ੍ਰਚਾਰ ਨਹੀਂ ਕਰਨਾ ਚਾਹੀਦਾ। ਰਿਕੁਐਸਟ ਨਾਲ ਤਾਂ ਕੋਈ ਵੀ ਚੀਜ਼ ਨਹੀਂ ਦਿੰਦਾ। ਜੇ ਕੋਈ ਚੀਜ਼ ਸਾਨੂੰ ਨਹੀਂ ਮਿਲਦੀ ਤਾਂ ਇਹ ਸਾਡਾ ਕਸੂਰ ਹੈ, ਹਰੀਜਨਾਂ ਦਾ ਕਸੂਰ ਹੈ।

That without which we cannot live must come unto us.

—SAWAMI VIVEKA NANDA.

ਜਿਸ ਚੀਜ਼ ਦੇ ਬਗੈਰ ਅਸੀਂ ਨਹੀਂ ਰਹਿ ਸਕਦੇ, ਉਹ ਸਾਨੂੰ ਮਿਲ ਜਾਵੇਗੀ । ਜੇ ਅਸੀਂ ਕਹੀਏ ਕਿ ਕੋਈ ਗੱਲ ਨਹੀਂ, ਫ਼ਿਰ ਸਾਨੂੰ ਕੁਝ ਵੀ ਨਹੀਂ ਮਿਲਣਾ। ਜਦੋਂ ਸਾਡੇ ਦਿਲ ਵਿਚ ਇਹ ਚੀਜ਼ ਆਵੇਗੀ ਕਿ ਅਸੀਂ ਇਸ ਚੀਜ਼ ਤੋਂ ਬਗੈਰ ਰਹਿ ਨਹੀਂ ਸਕਦੇ ਤਾਂ ਸਾਨੂੰ ਜ਼ਰੂਰ ਮਿਲ ਜਾਵੇਗੀ।

ਸਰਦਾਰ ਜਸਦੇਵ ਸਿੰਘ ਸੰਧੂ: ਡਿਪਟੀ ਸਪੀਕਰ ਸਾਹਿਬ, ਕੋਰਮ ਤਾਂ ਹੈ ਨਹੀਂ ।

ਸ੍ਰੀ ਡਿਪਟੀ ਸਪੀਕਰ: ਕੋਰਮ ਤਾਂ ਹੈ । (The House is in quorum).

ਚੌਧਰੀ ਸੁੰਦਰ ਸਿੰਘ: ਜਿਹੜੀ ਆਪਣੇ ਆਪ ਨੂੰ ਠੀਕ ਕਰਨ ਦੀ ਗੱਲ ਹੈ ਇਹ ਬੜੀ ਮੁਸ਼ਕਿਲ ਹੈ। ਹਰੀਜਨ ਲੋਕਾਂ ਨੂੰ ਅੱਜ ਉਪਦੇਸ਼ ਕਰਦੇ ਹਨ। ਪ੍ਰਚਾਰ ਨਾਲ ਕੁਝ ਨਹੀਂ ਬਣ ਸਕਦਾ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ No man can get his rights by request. Rights are wrested from unwilling hands

ਡਿਪਟੀ ਸਪੀਕਰ ਸਾਹਿਬ, ਜੇ ਤਾਕਤ ਹੈ ਤਾਂ ਚੀਜ਼ ਮਿਲ ਜਾਂਦੀ ਹੈ। ਚੀਜ਼ ਅਜ ਹੱਥ ਮਰੋੜ ਕੇ ਲੈ ਸਕਦੇ ਹਾਂ। ਜੇ ਇਸੇ ਤਰ੍ਹਾਂ ਪ੍ਰਚਾਰ ਕਰੀ ਜਾਣਾ ਹੈ ਤਾਂ ਇਨ੍ਹਾਂ ਲੋਕਾਂ ਨੇ ਤਾਂ ਹੱਸਣਾ ਹੀ ਹੈ । ਜਿਨ੍ਹਾਂ ਆਦਮੀਆਂ ਨੂੰ ਆਪਣੇ ਹੱਕ ਹਕੂਕ ਨਹੀਂ ਮਿਲਦੇ ਇਸ ਵਿਚ ਉਸ ਦਾ ਹੀ ਕਸੂਰ ਹੈ, ਦੇਣ ਵਾਲੇ ਦਾ ਕੋਈ ਕਸੂਰ ਨਹੀਂ। ਇਸ ਵਿਚ ਲੈਣ ਵਾਲੇ ਦਾ ਕਸੂਰ ਹੈ ਜਿਸ ਕੋਲ ਜਾਨ ਨਹੀਂ ਹੈ । ਅਸੀਂ ਰਿਕੁਐਸਟ ਕਰਦੇ ਹਾਂ ਕਿ ਸਾਨੂੰ ਇਹ ਚੀਜ ਦੇ ਦਿਉ ਅਸੀਂ ਸਰਕਾਰ ਦੇ ਕੰਮਾਂ ਦੀ ਸ਼ਲਾਘਾ ਵੀ ਕਰਦੇ ਹਾ । ਮੈਂ ਕਈ ਵਜ਼ੀਰਾਂ ਨੂੰ ਇਸ ਤਰ੍ਹਾਂ ਕਹਿੰਦਾ ਹੋਇਆ ਵੀ ਵੇਖਿਆ ਹੈ। ਮੇਰੇ ਹੱਥ ਹੋਵੇ ਤਾਂ ਇਹੋ ਜਿਹੇ ਆਦਮੀਆਂ ਨੂੰ ਪਰਾਂ ਸੁਟ ਦੇਵਾਂ । ਰਿਕੁਐਸਟ ਕਿਨ੍ਹਾਂ ਕੋਲ ਕਰਦੇ ਹਨ ? ਜਿਨ੍ਹਾਂ ਨੇ ਸਾਰਾ ਕੁਝ ਖਾ ਛਡਿਆ ਹੈ, ਉਨ੍ਹਾਂ ਨੂੰ ਰਿਕੁਐਸਟ ਕਰਦੇ ਹੋ । ਜੇ ਹਰੀਜਨਾਂ ਨੂੰ ਕੋਈ ਚੀਜ਼ ਨਹੀਂ ਮਿਲਦੀ ਤਾਂ ਇਸ ਵਿਚ ਹਰੀਜਨਾਂ ਦਾ ਕਸੂਰ ਹੈ । ਮੈਂ ਤਾਂ ਇਹ ਕਹਾਂਗਾ ਕਿ ਮੇਰਾ ਕਸੂਰ ਹੈ। ਮੈਂ ਕਿਸੇ ਹੋਰ ਦਾ ਨਾਂ ਨਹੀਂ ਲੈਂਦਾ । ਮੈਂ ਇਸ ਚੀਜ਼ ਵਿਚ ਨਹੀਂ ਬਿਲੀਵ ਕਰਦਾ । ਜਿਹੜਾ 8 ਅਪ੍ਰੈਲ, 1964 ਦਾ ਫੈਸਲਾ ਹੋਇਆ ਸੀ ਹਰੀਜਨਾਂ ਨੂੰ ਜ਼ਮੀਨ ਦੇਣ ਦਾ ਉਸ ਤੇ ਅਮਲ ਕਿਉਂ ਨਹੀਂ ਹੋਇਆ ? ਸਾਡੇ ਆਦਮੀ ਵੀ ਬੜੇ ਧਰਮਾਤਮਾ ਹਨ ਉਹ ਕਹਿਣ ਲੱਗੇ ਕਿ ਫਲਾਣੇ ਨੂੰ ਦੇ ਦਿਉ, ਫਲਾਣੇ ਨੂੰ ਦੇ ਦਿਉ । ਜਿਹੜੀ ਜ਼ਮੀਨ ਸਰਦਾਰ ਪ੍ਰਤਾਪ ਸਿੰਘ ਨੇ ਸਾਨੂੰ ਦਿਵਾਉਣੀ ਸੀ ਉਹ ਸਾਨੂੰ ਨਹੀਂ ਮਿਲੀ । ਸਰਪਲਸ ਜ਼ਮੀਨ ਜ਼ਿਮੀਂਦਾਰ ਨਿਕਲਣ ਨਹੀਂ ਦਿੰਦੇ। ਜ਼ੋਰ ਤਾਂ ਸਾਰੇ ਲਾਉਂਦੇ ਹਨ ਪਰ ਉਹ ਨਿਕਲਣ

ਹੀ ਨਹੀਂ ਦਿੰਦੇ। ਇਹ ਇਸ ਲਈ ਨਹੀਂ ਨਿਕਲਣ ਦਿੰਦੇ ਕਿਉਂਕਿ ਆਪੋਜ਼ੀਸ਼ਨ ਸਟਰੋਂਗ ਨਹੀਂ ਹੈ। ਜੇ ਆਪੋਜ਼ੀਸ਼ਨ ਸਟਰੋਂਗ ਹੁੰਦੀ ਤਾਂ ਸਾਰੀ ਗੱਲ ਠੀਕ ਹੋ ਜਾਣੀ ਸੀ। ਆਪੋਜ਼ੀਸ਼ਨ ਇਸ ਸਾਰੇ ਸਿਲ-ਸਿਲੇ ਨੂੰ ਠੀਕ ਕਰ ਸਕਦੀ ਹੈ। ਗੌਰਮਿੰਟ ਕਿਸ ਤਰ੍ਹਾਂ ਠੀਕ ਨਹੀਂ ਹੋ ਸਕਦੀ ? ਪਹਿਲਾਂ ਤੁਸੀਂ ਆਪਣੇ ਆਪ ਨੂੰ ਠੀਕ ਕਰੋ। If the Opposition is progressive it can keep the Government on toes. If the Opposition is proland-lord, Government will become prolandlord. Therefore in Punjab, the Opposition is the main cause and hinderance, which makes even the Congress Government anti-Hari-jan. If the Opposition gives slogans in favour of land-lords then the Congress Government try to surpass the Oppo-sition in giving slogans in favour of landlords. Then how can the poor make progress in the Punjab ?

ਡਿਪਟੀ ਸਪੀਕਰ ਸਾਹਿਬ, ਹਰੀਜਨ ਪੜ੍ਹੇ ਲਿੱਖੇ ਤਾਂ ਹੁੰਦੇ ਨਹੀਂ ਜੇ ਪੜ੍ਹੇ ਲਿੱਖੇ ਹੁੰਦੇ ਅਤੇ ਕੋਈ ਅਫ਼ਸਰ ਹੁੰਦੇ ਤਾਂ ਸਾਰੀਆਂ ਆਪਣੀਆਂ ਗੱਲਾਂ ਮੰਨਵਾ ਲੈਂਦੇ। ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਧਰਮ ਦੀ ਗੱਲ ਕਰਨੀ ਚਾਹੀਦੀ ਹੈ, ਇਹ ਸੋਸ਼ਲਿਜ਼ਮ ਦਾ ਨਾਰ੍ਹਾ ਲਾਉਂਦੇ ਹਨ। ਇਸ ਸਰਕਾਰ ਨੂੰ ਜਿਹੜੇ ਪੜ੍ਹੇ ਲਿੱਖੇ ਹਰੀਜਨ ਹਨ ਉਨ੍ਹਾਂ ਨੂੰ 'ਕੀ ਪੋਸਟਾਂ' ਤੇ ਲਾਉਣਾ ਚਾਹੀਦਾ ਹੈ ਤਾਂ ਕਿ ਉਹ ਗਰੀਬ ਹਰੀਜਨਾਂ ਦੀ ਮਦਦ ਕਰ ਸਕਣ। ਇਸ ਤੋਂ ਬਿਨਾਂ ਹਰੀਜਨਾਂ ਦੀ ਭਲਾਈ ਨਹੀਂ ਹੋ ਸਕਦੀ।

ਕਿਸਾਨਾਂ ਵਿਚ ਇਹ ਚੀਜ਼ ਹੋ ਸਕਦੀ ਹੈ ਕਿ ਉਹ ਕੰਮ ਕਰਨ ਦੇ ਗਿਝੇ ਹੁੰਦੇ ਹਨ। ਇਸ ਕਰ ਕੇ ਉਹ ਕੰਮ ਕਰਦੇ ਥਕਦੇ ਨਹੀਂ। ਉਨ੍ਹਾਂ ਦੀ ਮਿਹਨਤ ਨਾਲ ਹੀ ਪੰਜਾਬ ਇਕ ਐਗਰੀਕਲਚਰਲ ਸਟੇਟ ਬਣਿਆ ਹੈ। ਜ਼ਿਆਦਾ ਹਰੀਜਨ ਪਿੰਡਾਂ ਵਿਚ ਹੀ ਵੱਸਦੇ ਹਨ ਅਤੇ ਜੇ ਇਹ ਸਰਕਾਰ ਉਨ੍ਹਾਂ ਹਰੀਜਨਾਂ ਦੀ ਭਲਾਈ ਦਾ ਖ਼ਿਆਲ ਨਹੀਂ ਕਰਦੀ ਤਾਂ ਹਰੀਜਨਾਂ ਨੂੰ ਚਾਹੀਦਾ ਹੈ ਕਿ ਉਹ ਸਾਰੇ ਮਿਲ ਕੇ ਆਪਣੇ ਹਕੂਕਾਂ ਵਾਸਤੇ ਸਰਕਾਰ ਨਾਲ ਲੜਾਈ ਕਰਨ ਤਾਂ ਹੀ ਇਹ ਸਰਕਾਰ ਉਨ੍ਹਾਂ ਵਾਸਤੇ ਠੀਕ ਕਦਮ ਚੁੱਕੇਗੀ।

ਜਦ ਗਿਆਨੀ ਜ਼ੈਲ ਸਿੰਘ ਚੀਫ਼ ਮਨਿਸਟਰ ਬਣੇ ਤਾਂ ਮੈਨੂੰ ਬੜੀ ਖੁਸ਼ੀ ਹੋਈ ਕਿ ਉਹ ਆਪ ਗਰੀਬ ਹਨ ਅਤੇ ਗਰੀਬਾਂ ਵਿਚੋਂ ਆਏ ਹਨ। ਇਸ ਵਾਸਤੇ ਮੌਜਾਂ ਹੋ ਗਈਆਂ। ਅਸੀਂ ਸੋਚਿਆ ਹੁਣ ਤਾਂ ਸਾਰੇ ਮਸਲੇ ਹੱਲ ਹੋ ਜਾਣਗੇ। ਪਰ ਡਿਪਟੀ ਸਪੀਕਰ ਸਾਹਿਬ, ਮੈਂ ਕੀ ਦੱਸਾਂ ਤੁਹਾਨੂੰ ਤਾਂ ਪਤਾ ਹੀ ਹੈ ਇਨ੍ਹਾਂ ਦੀ ਕਮਜ਼ੋਰੀ ਦਾ। ਹਾਂ ਜੇ ਆਪੋਜ਼ੀਸ਼ਨ ਸਟਰੋਂਗ ਹੁੰਦੀ ਤਾਂ ਇਸ ਸਰਕਾਰ ਨੇ ਠੀਕ ਹੋ ਜਾਣਾ ਸੀ। ਮੈਂ ਗਿਆਨੀ ਜ਼ੈਲ ਸਿੰਘ ਨੂੰ ਕਿਹਾ ਸੀ ਕਿ ਸੁੰਦਰ ਸਿੰਘ ਦੇ ਹੁੰਦੇ ਤੁਹਾਨੂੰ ਖ਼ਤਰਾ ਕਿਸੇ ਚੀਜ਼ ਦਾ ਨਹੀਂ। ਇਨ੍ਹਾਂ ਨੂੰ ਡਰਨਾ ਬਿਲਕੁਲ ਨਹੀਂ ਚਾਹੀਦਾ ਅਸੀਂ ਇਨ੍ਹਾਂ ਦੀ ਸੇਫਟੀ ਚਾਹੁੰਦੇ ਹਾਂ। (ਹਾਸਾ) ਇਨ੍ਹਾਂ ਨੂੰ ਗਰੀਬ ਹਰੀਜਨਾਂ ਦੀ ਮਦਦ ਕਰਨੀ ਚਾਹੀਦੀ ਹੈ। ਹਰੀਜਨਾਂ ਵਿਚ ਅਨਇਮਪਲਾਇਮੈਂਟ ਬਹੁਤ ਹੈ ਇਸ ਸਰਕਾਰ ਨੂੰ ਇਨ੍ਹਾਂ ਦੀ ਇਸ ਅਨਇਮਪਲਾਇਮੈਂਟ ਨੂੰ ਖ਼ਤਮ ਕਰਨਾ ਚਾਹੀਦਾ ਹੈ। ਪਰ ਇਹ ਅਨਇਮਪਲਾਇਮੈਂਟ ਖਤਮ ਤਾਂ ਹੋ ਸਕਦੀ ਹੈ ਜੇ ਉਨ੍ਹਾਂ ਨੂੰ ਜ਼ਮੀਨ ਮਿਲੇ ਪਰ ਸਰਪਲਸ ਜ਼ਮੀਨ ਤਾਂ ਨਿਕਲ ਨਹੀਂ ਰਹੀ ਜਿਹੜੀ ਕਿ ਹਰੀਜਨਾਂ ਨੂੰ ਮਿਲਣੀ ਸੀ। ਇਹ ਜਿਹੜਾ ਨਵਾਂ ਕਾਨੂੰਨ ਬਣਿਆ ਹੈ ਇਸ ਨਾਲ ਵੀ ਹਰੀਜਨਾਂ ਨੂੰ ਘਾਟਾ ਹੋਵੇਗਾ ਅਤੇ ਇਹ ਅਨਇਮਪਲਾਇਮੈਂਟ ਦੂਰ ਨਹੀਂ ਹੋਵੇਗੀ। ਜੇ ਕੋਈ ਸਰਪ-ਲਸ ਜ਼ਮੀਨ ਹਰੀਜਨਾਂ ਵਿਚ ਵੰਡੀ ਜਾਵੇਗੀ ਤਾਂ ਹੀ ਇਹ ਅਨਇਮਪਲਾਇਮੈਂਟ ਦੂਰ ਹੋ ਸਕਦੀ ਹੈ।

[ਚੌਧਰੀ ਸੁੰਦਰ ਸਿੰਘ]

ਡਿਪਟੀ ਸਪੀਕਰ ਸਾਹਿਬ, ਇਕ ਹੋਰ ਗੱਲ ਜਿਹੜੀ ਮੈਂ ਗਰੀਬਾਂ ਦੇ ਬਾਰੇ ਕਰਨੀ ਚਾਹੁੰਦਾ ਹਾਂ। ਜਿਹੜਾ ਗਰੀਬ ਹੁੰਦਾ ਹੈ ਉਹ ਠੰਢੇ ਸੁਭਾਅ ਦਾ ਹੁੰਦਾ ਹੈ ਪਰ ਜਿਹੜਾ ਅਮੀਰ ਹੁੰਦਾ ਹੈ ਉਹ ਤੇਜ਼ ਸੁਭਾਅ ਦਾ ਹੋ ਜਾਂਦਾ ਹੈ। ਇਸ ਵਾਸਤੇ ਗੁਰੂ ਨਾਨਕ ਨੇ ਗਰੀਬੀ ਮੰਗੀ ਸੀ। ਗਰੀਬ ਆਦਮੀ ਦੇ ਮਨ ਵਿਚ ਬੁਰੀ ਗੱਲ ਪੈਦਾ ਨਹੀਂ ਹੁੰਦੀ ਪਰ ਜਿਹੜਾ ਅਮੀਰ ਹੁੰਦਾ ਹੈ ਉਸ ਵਿਚ ਬੁਰਾਈ ਆ ਜਾਂਦੀ ਹੈ ਅਤੇ ਇਹੀ ਬੁਰਾਈ ਉਸ ਦਾ ਖਾਤਮਾ ਕਰਦੀ ਹੈ। Let the evil take its natural course. ਜਿਹੜਾ ਗਰੀਬ ਹੈ ਉਹ ਹਰ ਤਰ੍ਹਾਂ ਦਾ ਕੰਮ ਕਰ ਸਕਦਾ ਹੈ ਪਰ ਸਰਦਾਰ ਗੁਰਦਰਸ਼ਨ ਸਿੰਘ ਵਰਗੇ ਨੇ ਕੀ ਕਰਨਾ ਹੈ। (ਹਾਸਾ)

ਜਿਹੜੇ ਗਰੀਬ ਆਦਮੀ ਹੁੰਦੇ ਹਨ ਉਹ ਕੰਮ ਤਾਂ ਕਰ ਸਕਦੇ ਹਨ ਪਰ ਉਨ੍ਹਾਂ ਕੋਲ ਕੰਮ ਨਹੀਂ। ਉਨ੍ਹਾਂ ਕੋਲ ਜ਼ਮੀਨ ਨਹੀਂ। ਅੱਜ ਹਿੰਦੁਸਤਾਨ ਵਿਚ ਕੰਮ ਕਰਨ ਵਾਲੇ ਦਾ ਕਰੈਡਿਟ ਨਹੀਂ ਹੁੰਦਾ, ਕਰੈਡਿਟ ਤਾਂ ਉਸ ਦਾ ਹੁੰਦਾ ਹੈ ਜਿਹੜਾ ਸੱਭ ਤੋਂ ਜ਼ਿਆਦਾ ਖ਼ਰਚ ਕਰ ਸਕਦਾ ਹੈ। ਸਾਡੇ ਹਿੰਦੁਸਤਾਨ ਵਿਚ ਹਰੀਜਨਾਂ ਨੂੰ ਉੱਚਾ ਚੁੱਕਣ ਵਾਸਤੇ ਜਿੰਨੀ ਜ਼ਰੂਰਤ ਜ਼ਮੀਨ ਦੀ ਹੈ ਉਤਨੀ ਇੰਡਸਟਰੀਜ਼ ਦੀ ਨਹੀਂ। ਇਸ ਵਾਸਤੇ ਇਸ ਸਰਕਾਰ ਨੂੰ ਗਰੀਬ ਹਰੀਜਨਾਂ ਨੂੰ ਜ਼ਮੀਨ ਦੇਣੀ ਚਾਹੀਦੀ ਹੈ ਜਿਥੇ ਕਿ ਉਹ ਖੇਤੀ ਕਰ ਸਕਣ। ਇਸ ਤਰ੍ਹਾਂ ਨਾਲ ਅਨਇਮਪਲਾਇਮੈਂਟ ਵੀ ਦੂਰ ਹੋਵੇਗੀ।

ਜਦੋਂ ਇਥੇ ਸੋਸ਼ਲਿਜ਼ਮ ਬਣਿਆ ਹੈ ਤਾਂ ਸਾਰੇ ਅਸੀਂ ਭਾਈ ਭਾਈ ਹਾਂ। ਫ਼ਿਰ ਭਾਈਆਂ ਵਿਚ ਇਸ ਤਰ੍ਹਾਂ ਝਗੜਾ ਕਿਸ ਤਰ੍ਹਾਂ ਰਹਿ ਸਕਦਾ ਹੈ। ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ ਗਿਆਨੀ ਜ਼ੈਲ ਸਿੰਘ ਗਰੀਬਾਂ ਵਿਚੋਂ ਆਇਆ ਹੋਇਆ ਹੈ ਉਨ੍ਹਾਂ ਗਰੀਬ ਹਰੀਜਨਾਂ ਨੂੰ ਉੱਚਾ ਚੁੱਕਣ ਵਾਸਤੇ ਸਿਰਫ਼ ਕਾਗਜ਼ੀ ਕਾਰਵਾਈ ਨਹੀਂ ਕਰਨੀ ਚਾਹੀਦੀ ਬਲਕਿ ਇਸ ਨੂੰ ਕੋਈ ਪਰੈਕਟੀਕਲੀ ਸ਼ੇਪ ਦੇਣੀ ਚਾਹੀਦੀ ਹੈ। ਸਰਪਲਸ ਜ਼ਮੀਨ ਤਾਂ ਨਿਕਲਣੀ ਨਹੀਂ ਕਿਉਂ ਕਿ ਜ਼ਿਮੀਂਦਾਰ ਇਮਾਨਦਾਰ ਨਹੀਂ ਰਿਹਾ। (ਵਿਘਨ)। ਸਾਡੇ ਦੇਸ਼ ਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ —

> I seek God in the poor. This is why I go and worship them. The poor, the miserable are for our salvation; so that I see the God coming in the shape of lunatic, leper and even the sinner. The Lord is on my words and let me repeat them, that it is the greatest privilege to allow us to see the God in these shapes. VIVEKA NANDA

ਮਿਹਨਤ ਕਰੋਗੇ ਤਾਂ ਚੰਗੇ ਰਹੋਗੇ। ਅਸੀਂ ਤਾਂ ਗਰੀਬੀ ਵਿਚ ਚੰਗੇ ਰਹਾਂਗੇ। ਜਿਤਨੀ ਵੀ ਜ਼ਿਆਦਾ ਤਦਾਦ ਵਿਚ ਲੋਕ ਮਿਹਨਤ ਕਰਨਗੇ ਉਤੱਨੀ ਜ਼ਿਆਦਾ ਤਰੱਕੀ ਕਰ ਸੱਕਣਗੇ। ਇਸ ਵਾਸਤੇ ਤੁਹਾਨੂੰ ਵੀ ਚਾਹੀਦਾ ਹੈ ਕਿ ਖੂਬ ਕੰਮ ਕਰੋ।

ਸਰਦਾਰ ਕਿਰਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਚੌਧਰੀ ਸਾਹਿਬ ਤਦਾਦ ਵਧਾਉਣ ਦੀ ਗੱਲ ਕਰ ਰਹੇ ਹਨ ਕੀ ਇਹ ਫੈਮਲੀ ਪਲੈਨਿੰਗ ਨੂੰ ਖ਼ਤਮ ਕਰਨਾ ਚਾਹੁੰਦੇ ਹਨ ? (ਹਾਸਾ)

ਚੌਧਰੀ ਸੁੰਦਰ ਸਿੰਘ : ** ** ** ** **

ਸ੍ਰੀ ਡਿਪਟੀ ਸਪੀਕਰ : ਇਹ ਰੀਕਾਰਡ ਨਾ ਕੀਤਾ ਜਾਵੇ। (ਸ਼ੋਰ) (It should not be recorded.) (*Interruption*)

ਚੌਧਰੀ ਸੁੰਦਰ ਸਿੰਘ : ਜਿਹੜਾ ਆਦਮੀ ਗਰੀਬਾਂ ਦੀ ਮਦਦ ਕਰੇਗਾ ਉਹ ਹੀ ਉਚਾ ਹੋਵੇਗਾ। ਤੁਸੀਂ ਇਨ੍ਹਾਂ ਦੀ ਕੀ ਮੱਦਦ ਕਰਨੀ ਹੈ। ਇਸ ਵਾਸਤੇ ਸਿੱਧਾ ਰਸਤਾ ਹੈ ਕਿ ਜੇਕਰ ਤੁਸੀਂ ਆਪਣੇ ਆਪ ਨੂੰ

**Not recorded as ordered by the Chair.

ਬਚਾਉਣਾ ਹੈ ਤਾਂ ਇਨ੍ਹਾਂ ਦੀ ਮਦਦ ਕਰੋ। ਮੈਂ 1947 ਤੋਂ ਚਲਦਾ ਆ ਰਿਹਾ ਹਾਂ। ਮੇਰਾ ਇਹ ਹੀ ਤਜਰਬਾ ਹੈ ਕਿ ਜਿਹੜਾ ਆਦਮੀ ਆਪਣੇ ਆਪ ਨੂੰ ਠੀਕ ਕਰੇਗਾ ਉਹ ਦੁਨੀਆਂ ਨੂੰ ਠੀਕ ਕਰੇਗਾ। ਜੇਕਰ (ਵਿਰੋਧੀ ਧਿਰ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਪ੍ਰਾਗ੍ਰੈਸਿਵ ਹੋਵੋਗੇ ਤਾਂ ਕਾਂਗਰਸ ਵਾਲੇ ਵੀ ਠੀਕ ਹੋਣਗੇ। ਜੇਕਰ ਤੁਸੀਂ ਨਿਕੰਮੇ ਹੋਵੋਗੇ ਤਾਂ ਗੌਰਮਿੰਟ ਕਿਥੋਂ ਚੰਗੀ ਹੋਵੇਗੀ। ਇਸ ਵਾਸਤੇ ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਤੁਹਾਨੂੰ ਕੋਈ ਖਤਰਾ ਨਹੀਂ ਹੋਣਾ ਚਾਹੀਦਾ। ਤੁਹਾਨੂੰ ਕਿਸੇ ਪਾਸਿਉਂ ਵੀ ਖ਼ਤਰਾ ਨਹੀਂ ਹੋਣਾ ਚਾਹੀਦਾ। ਕੋਈ ਵੀ ਮੈਟਰ ਹੈ ਤੁਸੀਂ ਡਿਸੀਜ਼ਨ ਕਰ ਕੇ ਦੱਸੋ। ਤਕੜੇ ਹੋ ਕੇ ਤੁਸੀਂ ਪੈ ਜਾਉ। ਤੁਸੀਂ ਗਰੀਬਾਂ ਦਾ ਭਲਾ ਕਰੋ। ਕਈ ਆਦਮੀ ਠੀਕ ਹੋ ਗਏ ਹਨ। ਇਸ ਵਾਸਤੇ ਤੁਸੀਂ ਡੱਟ ਕੇ ਕੰਮ ਕਰੋ, ਘਬਰਾਉ ਨਾ। ਅਸੀਂ ਸਾਰੇ ਤੁਹਾਡੇ ਨਾਲ ਹਾਂ। ਭਰ ਭਰ ਬੁਕ ਵੰਡਦੇ ਇਹ ਰੰਗ ਸਦਾ ਨਹੀਂ ਰਹਿਣਾ। (ਹਾਸਾ) ਤੁਹਾਨੂੰ ਹਰੀਜਨਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਇਹ ਵਿਚਾਰੇ ਤਕੜੇ ਹੋ ਸਕਣ। ਇਸ ਲਈ ਗਿਆਨੀ ਜੀ ਨੂੰ ਚਾਹੀਦਾ ਹੈ ਕਿ ਇਹ ਇਨ੍ਹਾਂ ਨੂੰ ਇਕ ਵਾਰ ਖੁਸ਼ ਕਰ ਦੇਣ। ਜੇਕਰ ਕੋਈ ਨਿਕੰਮਾਂ ਹੈ ਤਾਂ ਇਹ ਸਾਨੂੰ ਪੁੱਛ ਲੈਣ, ਉਸ ਨਿਕੰਮੇ ਅਫ਼ਸਰ ਨੂੰ ਕੱਢ ਕੇ ਬਾਹਰ ਮਾਰਨ। ਮੈਂ ਅਗੇ ਵੀ ਕਿਹਾ ਹੈ ਕਿ ਜਿਹੜਾ ਆਦਮੀ ਗਰੀਬਾਂ ਦੀ ਮੱਦਦ ਤੇ ਅੱਗੇ ਆਉਂਦਾ ਹੈ ਉਹੀ ਅੱਗੇ ਰਹਿੰਦਾ ਹੈ।

> Be of good cheer and believe that we are selected by the God to do great things and we will do them. Hold yourself in readiness. i.e., be pure and holy and love for love's sake, love the poor, love the miserable and the downtrodden. God will bless you.
>
> —VIVEKA NANDA

ਸਿੱਧੀ ਗੱਲ ਇਹ ਹੈ ਕਿ ਜੋ ਗਰੀਬਾਂ ਦੀ ਮੱਦਦ ਕਰੇਗਾ ਉਹ ਹੀ ਕਾਮਯਾਬ ਹੋਵੇਗਾ। ਇਸ ਵਾਸਤੇ ਮੈਂ ਇਹ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਘਬਰਾਉਣਾ ਨਹੀਂ ਚਾਹੀਦਾ। ਸਾਰੇ ਆਦਮੀ ਤੁਹਾਨੂੰ ਚਾਹੁੰਦੇ ਹਨ, ਕੋਈ ਦਿਲੋਂ ਚਾਹੁੰਦਾ ਹੈ, ਕੋਈ ਐਵੇਂ ਐਕਸਪਲਾ-ਇਟ ਕਰਦਾ ਹੈ ਪਰ ਤੁਸੀਂ ਜੋ ਡਿਸੀਜ਼ਨ ਇਮਾਨਦਾਰੀ ਨਾਲ ਕਰਨਾ ਚਾਹੁੰਦੇ ਹੋ ਕਰ ਦਿਆ ਕਰੋ, ਡਰਿਆ ਨਾ ਕਰੋ। (ਹਾਸਾ)

ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਆਪ ਹੱਲ ਵਾਹੇ ਹਨ। ਮੈਨੂੰ ਪਤਾ ਹੈ ਸਾਰੀਆਂ ਗੱਲਾਂ ਦਾ। ਇਸ ਲਈ ਮੈਂ ਤੁਹਾਨੂੰ ਇਕ ਗੱਲ ਦੱਸਦਾ ਹਾਂ ਕਿ ਜੇਕਰ ਤੁਸੀਂ ਇਸ ਪਾਸੇ ਪੈ ਜਾਉ ਤਾਂ ਚੰਗੇ ਰਹੋ ਗੇ, ਸਾਰੀ ਕੌਮ ਚੰਗੀ ਰਹੇਗੀ ਨਹੀਂ ਤਾਂ ਸਾਡੀ ਜੋ ਹਾਲਤ ਹੈ ਉਹ ਤਾਂ ਹੈ ਹੀ। ਇਨ੍ਹਾਂ ਨੂੰ ਦੁਨੀਆਂ ਦੀ ਕੋਈ ਤਾਕਤ ਅੱਗੇ ਵੱਧਣ ਤੋਂ ਰੋਕ ਨਹੀਂ ਸਕੇਗੀ। ਜੇਕਰ ਤੁਸੀਂ ਆਪ ਵੀ ਤਕੜੇ ਹੋਣਾਂ ਚਾਹੁੰਦੇ ਹੋ ਤਾਂ ਇਨ੍ਹਾਂ ਦੀ ਮਦਦ ਕਰੋ। ਜਿਤਨੇ ਅਫ਼ਸਰ ਲੱਗੇ ਹੋਏ ਹਨ, ਉਨ੍ਹਾਂ ਦੀ ਜਗ੍ਹਾ ਹਰੀਜਨਾਂ ਨੂੰ ਲਗਾਉਣਾ ਚਾਹੀਦਾ ਹੈ। ਜਿਹੜੇ ਪੜ੍ਹੇ ਲਿਖੇ ਹਨ, ਸਿਆਣੇਂ ਹਨ, ਉਨ੍ਹਾਂ ਨੂੰ ਲਗਾਉਣਾ ਚਾਹੀਦਾ ਹੈ। ਜਿਹੜੇ ਨਿਕੰਮੇਂ ਹਨ ਉਨ੍ਹਾਂ ਨੂੰ ਰਿਵਰਟ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਰਿਵਰਟ ਕਰ ਕੇ ਬਾਹਰ ਕਰੋ। ਜਿਹੜੇ ਤੁਹਾਡੇ ਰਸਤੇ ਵਿਚ ਰੋੜਾ ਅਟਕਾਉਂਦੇ ਹਨ, ਉਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਤਾਕਤ ਤੁਹਾਨੂੰ ਪਰਮਾਤਮਾ ਨੇ ਦਿੱਤੀ ਹੈ। ਜਨਤਾ ਤੁਹਾਨੂੰ ਚਾਹੁੰਦੀ ਹੈ, ਦੁਨੀਆਂ ਤੁਹਾਨੂੰ ਚਾਹੁੰਦੀ ਹੈ ਕੋਈ ਤੁਹਾਡੇ ਨਾਲ ਨਾਰਾਜ਼ ਨਹੀਂ ਹੈ। ਕੋਈ ਗਰੀਬ ਤੁਹਾਡੇ ਨਾਲ ਨਰਾਜ਼ ਨਹੀਂ ਹੈ ਮਗਰ ਦੋ ਸਾਲ ਹੋ ਗਏ ਹਨ ਤੁਸੀਂ ਕੀ ਪਏ ਕਰਦੇ ਹੋ। ਤੁਸੀਂ ਤਕੜੇ ਹੋ ਕੇ ਕੰਮ ਕਰੋ, ਤੁਹਾਡੀ ਕੋਈ ਵਾ ਵੱਲ ਵੀ ਨਹੀਂ ਵੇਖ ਸਕਦਾ। ਸ਼ੁਕਰੀਆ। (ਥੰਪਿੰਗ)

CLOSURE MOTION

Sardar Harbans Singh Jalal: Sir, I move

That the question be now put.

(ਇਸ ਸਮੇਂ ਡਾਕਟਰ ਅਮੀਰ ਸਿੰਘ ਕਲਕਟ ਜੀ ਖੜੇ ਹੋ ਗਏ)

ਸਰਦਾਰ ਜਸਦੇਵ ਸਿੰਘ ਸੰਧੂ: ਇਹ ਫ਼ੈਸਲਾ ਕਰ ਲਵੋ। ਮੋਸ਼ਨ ਆ ਗਈ ਹੈ। ਡਿਪਟੀ ਸਪੀਕਰ ਸਾਹਿਬ, ਹੁਣ ਕੁਐਸ਼ਚਨ ਪੁੱਟ ਕਰੋ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਖੜ੍ਹੇ ਹੋ ਗਏ।) (ਵਿਘਨ)

Dr. Amir Singh Kalkat: I was on my legs, when you moved the motion.

ਸਰਦਾਰ ਜਸਦੇਵ ਸਿੰਘ ਸੰਧੂ: ਹਾਊਸ ਵਿਚ ਇਹ ਚੀਜ਼ ਪੁੱਟ ਕਰੋ।

ਸ੍ਰੀ ਡਿਪਟੀ ਸਪੀਕਰ : ਤੁਸੀਂ ਉਨ੍ਹਾਂ ਨੂੰ ਸੁਣ ਤਾਂ ਲਉ। (Please listen to him).

ਸਰਦਾਰ ਜਸਵਿੰਦਰ ਸਿੰਘ ਬਰਾੜ : ਦਰ ਅਸਲ ਗੱਲ ਇਹ ਹੈ ਕਿ ਸਰਕਾਰ ਪੇਚ ਅੱਪ ਕਰਨਾ ਚਾਹੁੰਦੀ ਹੈ।

ਸਰਦਾਰ ਹਰਬੰਸ ਸਿੰਘ ਜਲਾਲ : ਇਹ ਗੱਲ ਬਾਤ ਵਿਚ ਉਲਝਾਉਣਾ ਚਾਹੁੰਦੇ ਹਨ, ਇਸ ਲਈ ਇਹ ਨਹੀਂ ਹੋਣਾ ਚਾਹੀਦਾ। ਮੋਸ਼ਨ ਦਾ ਫ਼ੈਸਲਾ ਪਹਿਲਾਂ ਕਰ ਦਿਉ। । ...... (ਵਿਘਨ) ਤੁਸੀਂ ਫੈਸਲਾ ਕਰ ਲਵੋ।

ਸ੍ਰੀ ਡਿਪਟੀ ਸਪੀਕਰ: ਤੁਸੀਂ ਕਲਕਟ ਸਾਹਿਬ ਨੂੰ ਸੁਣ ਲਓ। (Please listen to the speech of Kalkat Sahib.)

ਸਰਦਾਰ ਜਸਦੇਵ ਸਿੰਘ ਸੰਧੂ : ਡਾਕਟਰ ਸਾਹਿਬ, ਨੇ ਕੋਈ ਕੰਮ ਦੀ ਗੱਲ ਨਹੀਂ ਕਰਨੀ ਇਸ ਨੂੰ ਮੱਤ ਨਹੀਂ ਹੈ ...... (ਵਿਘਨ)

Dr. Amir Singh Kalkat: I was on my legs. This motion is an after thought.

Sardar Jaswinder Singh Brar: The motion is already moved.

ਵਿਦਿਆ ਮੰਤਰੀ: ਉਨ੍ਹਾਂ ਨੇ ਮੋਸ਼ਨ ਮੂਵ ਨਹੀਂ ਕੀਤੀ।

(**ਆਵਾਜ਼ਾਂ**: ਕੀਤੀ ਹੈ, ਕੀਤੀ ਹੈ) (ਵਿਘਨ) (ਇਸ ਸਮੇਂ ਕਈ ਮੈਂਬਰ ਸਾਹਿਬਾਨ ਖੜ੍ਹੇ ਸਨ)

ਸ੍ਰੀ ਡਿਪਟੀ ਸਪੀਕਰ: ਤੁਸੀਂ ਕਲਕਟ ਸਾਹਿਬ ਦੀ ਗੱਲ ਤਾਂ ਸੁਣ ਲਉ। (Please listen to Kalkat Sahib.)

ਡਾਕਟਰ ਅਮੀਰ ਸਿੰਘ ਕਲਕੱਟ : ਡਿਪਟੀ ਸਪੀਕਰ ਸਾਹਿਬ, ਜ਼ਿਮੀਂਦਾਰਾਂ ਤੋਂ ਜ਼ਮੀਨ ਲੈਣੀ ਹੈ ਇਸ ਤੇ ਵਿਚਾਰ ਨਹੀਂ ਕੀਤੀ ਗਈ। ...... (ਵਿਘਨ)

(ਇਸ ਸਮੇਂ ਸਰਦਾਰ ਧੰਨਾ ਸਿੰਘ ਗੁਲਸ਼ਨ ਜੀ ਕੁਝ ਬੋਲੇ ਜੋ ਕਿ ਸੁਣਾਈ ਨਹੀਂ ਦਿੱਤਾ ਕਿਉਂ ਕਿ ਉਨ੍ਹਾਂ ਦਾ ਮਾਈਕ ਬੰਦ ਸੀ।)

Dr. Amir Singh Kalkat: I was called upon.

ਸਰਦਾਰ ਹਰਬੰਸ ਸਿੰਘ ਜਲਾਲ: ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਇਹ ਮਸਲਾ ਹੈ ਕਿ ਪਹਿਲਾਂ ਤੁਸੀਂ ਕਾਲ ਅਪੌਨ ਕਰ ਦਿੱਤਾ ਹੈ, ਉਹ ਤਾਂ ਤੁਹਾਡੇ ਸਾਹਮਣੇ ਪ੍ਰੋਸੀਡਿੰਗਜ਼ ਹਨ, ਉਹ ਪਹਿਲਾਂ ਕਢਵਾ ਕੇ ਫ਼ੈਸਲਾ ਕਰ ਲਵੋ। ਜੇਕਰ ਮੋਸ਼ਨ ਆਉਣ ਤੇ ਉਹ ਬੋਲ ਸਕਦੇ ਹਨ ਤਾਂ ਰੂਲ ਵਿਖਾ ਦਿਉ। ਮੋਸ਼ਨ ਮੂਵ ਕੀਤੀ ਹੈ ਜਾਂ ਕਾਲ ਅਪੌਨ ਕੀਤਾ ਹੈ। ਪ੍ਰੋਸੀਡਿੰਗਜ਼ ਤੁਹਾਡੇ ਸਾਹਮਣੇ ਹਨ।

Mr. Deputy Speaker: I will not allow you till I decide first.

ਸਰਦਾਰ ਹਰਬੰਸ ਸਿੰਘ ਜਲਾਲ: ਇਹ ਹਨ ਤੁਹਾਡੇ ਰੂਲ।

ਡਾਕਟਰ ਅਮੀਰ ਸਿੰਘ ਕਲਕੱਟ : ਇਹ ਮੋਸ਼ਨ ਆਫ਼ਟਰ ਥਾਟ ਹੈ।

ਸਰਦਾਰ ਹਰਬੰਸ ਸਿੰਘ ਜਲਾਲ : ਡਿਪਟੀ ਸਪੀਕਰ ਸਾਹਿਬ, ਮੋਸ਼ਨ ਤੋਂ ਬਾਅਦ ਕੀ ਕਰਨਾ ਹੈ ਇਹ ਫ਼ੈਸਲਾ ਕਰਨਾ ਤੁਹਾਡਾ ਕੰਮ ਹੈ। ਮੋਸ਼ਨ ਮੂਵ ਹੋ ਗਈ ਹੈ।

Education Minister: No, no. ਡਿਪਟੀ ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਤੁਸੀਂ ਉਨ੍ਹਾਂ ਦੇ motion move ਕਰਨ ਤੋਂ ਪਹਿਲਾਂ ਡਾਕਟਰ ਅਮੀਰ ਸਿੰਘ ਜੀ ਨੂੰ ਬੋਲਣ ਵਾਸਤੇ ਇਸ਼ਾਰਾ ਕੀਤਾ ਸੀ।

ਸਰਦਾਰ ਜਸਦੇਵ ਸਿੰਘ ਸੰਧੂ : ਇਹ ਬਿਲਕੁਲ ਗਲਤ ਹੈ, ਪ੍ਰੋਸੀਡਿੰਗਜ਼ ਵੇਖ ਲਵੋ । (ਇਸ ਸਮੇਂ ਬਰਾੜ ਸਾਹਿਬ ਤੇ ਮਰੜ੍ਹੀ ਸਾਹਿਬ ਵੀ ਬੋਲਣ ਵਾਸਤੇ ਖੜ੍ਹੇ ਹੋ ਗਏ)

ਵਿਦਿਆ ਮੰਤਰੀ : ਡਾਕਟਰ ਅਮੀਰ ਸਿੰਘ ਕਾਲ ਅਪਾਨ ਹੋ ਗਏ ਅਤੇ ਉਨ੍ਹਾਂ ਨੇ ਬੋਲਣਾ ਸ਼ੁਰੂ ਕਰ ਦਿੱਤਾ, ਉਸ ਤੋਂ ਬਾਅਦ ਇਨ੍ਹਾਂ ਨੇ motion move ਕੀਤਾ ਹੈ ...... (ਵਿਘਨ)

Mr. Deputy Speaker : Order please Resume your seat.

(ਇਸ ਵੇਲੇ ਕਈ ਅਕਾਲੀ ਮੈਂਬਰ ਬੋਲਣ ਵਾਸਤੇ ਖੜ੍ਹੇ ਹੋ ਗਏ)

ਵਿਦਿਆ ਮੰਤਰੀ : ਇਸ ਕਰ ਕੇ ਮੋਸ਼ਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਸਰਦਾਰ ਹਰਬੰਸ ਸਿੰਘ ਜਲਾਲ : ਰੂਲ ਵੇਖ ਲਵੋਂ । (ਵਿਘਨ)

Sardar Jasdev Singh Sandhu: Sir, I want to say something. I will take only two minutes.

Mr. Deputy Speaker: Order please.

ਸਰਦਾਰ ਜਸਵਿੰਦਰ ਸਿੰਘ ਬਰਾੜ : ** ** ** **

Mr. Deputy Speaker: This should not be recorded.

ਵਿਦਿਆ ਮੰਤਰੀ : ਤੁਸੀਂ ਡਾਕਟਰ ਅਮੀਰ ਸਿੰਘ ਜੀ ਨੂੰ ਕਾਲ ਅਪੌਨ ਕੀਤਾ ਸੀ, ਉਹ ਕਾਲ ਅਪੌਨ ਹੋ ਚੁੱਕੇ ਹਨ।

ਸਰਦਾਰ ਜਸਦੇਵ ਸਿੰਘ ਸੰਧੂ : ਇਸ ਤਰ੍ਹਾਂ ਨਹੀਂ ਹੋਇਆ, ਤੁਸੀਂ ਪ੍ਰੋਸੀਡਿੰਗਜ਼ ਕਢਵਾ ਕੇ ਵੇਖ ਲਵੋ।

ਵਿਦਿਆ ਮੰਤਰੀ : ਕਈ ਦਫ਼ਾ ਇਸ਼ਾਰਾ ਹੀ ਕਰ ਦਿੱਤਾ ਜਾਂਦਾ ਹੈ। (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ। ਪ੍ਰੋਸੀਡਿੰਗਜ਼ ਵੇਖੀਆਂ ਜਾਣ (ਵਿਘਨ)

ਸਰਦਾਰ ਹਰਬੰਸ ਸਿੰਘ ਜਲਾਲ : ** ** ** **

ਸ਼੍ਰੀ ਡਿਪਟੀ ਸਪੀਕਰ : ਇਹ ਜੋ ਜਲਾਲ ਸਾਹਿਬ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (Whatever Sardar Harbans Singh Jalal is saying should not be recorded.)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਜੋ ਮੂਵ ਹੋਇਆ ਹੈ ਇਹ ਬਹੁਤ ਜ਼ਰੂਰੀ ਰੈਜ਼ੋਲਿਊਸ਼ਨ ਹੈ ਅਤੇ ਹਰ ਮੈਂਬਰ ਦਾ ਇਸ ਤੇ ਬੋਲਣ ਦਾ ਰਾਈਟ ਹੈ ਅਤੇ ਹਰ ਮੈਂਬਰ, ਖਾਸ

**Not recorded as ordered by the Chair.

[ਚੌਧਰੀ ਦਰਸ਼ਨ ਸਿੰਘ]

ਕਰ ਸਾਡੀ ਪਾਰਟੀ ਦੇ, ਇਸ ਡਿਬੇਟ ਵਿਚ ਹਿੱਸਾ ਲੈਣਾ ਚਾਹੁੰਦੇ ਹਨ। ਦੂਜੀ ਗੱਲ ਇਹ ਹੈ ਕਿ ਮੋਸ਼ਨ ਜਿਸ ਬੰਦੇ ਦੀ ਹੈ, ਉਸ ਵੱਲੋਂ ਹੀ ਮੂਵ ਹੋਣੀ ਚਾਹੀਦੀ ਹੈ। ਇਸ ਤੋਂ ਬਾਅਦ ਜੇ ਮੋਸ਼ਨ ਮੂਵ ਵੀ ਹੋ ਜਾਵੇ ਤਾਂ ਵੀ it is not binding on the Chair that he shall put the question. ਇਸ ਬਾਰੇ ਰੂਲ 82 ਹੈ, ਜਿਸ ਵਿਚ ਲਿਖਿਆ ਹੈ

ਸਰਦਾਰ ਹਰਬੰਸ ਸਿੰਘ ਜਲਾਲ: ਡਿਪਟੀ ਸਪੀਕਰ ਸਾਹਿਬ, "ਐਟ ਐਨੀ ਟਾਈਮ" ਹੈ. . . .

ਸ੍ਰੀ ਡਿਪਟੀ ਸਪੀਕਰ: ਉਨ੍ਹਾਂ ਨੂੰ ਰੂਲ ਪੜ੍ਹ ਲੈਣ ਦੇਵੋ, ਮੈਂ ਫੈਸਲਾ ਦੇਣਾ ਹੈ। (Let the hon. Member read out the rule. I have to give my ruling).

Chaudhri Darshan Singh: Sir, Rule 82 of the Rules of Procedure and Conduct of Business in the Punjab Legislative Assembly is as under—

> "At any time after a question has been proposed any Member may move, "That the question be now put", and unless it appears to the Speaker that the motion is an abuse of these Rules or an infringement of the right of reasonable debate, the Speaker shall put the question :—
>
> "That the question be now put".

If the Speaker comes to the conclusion that it is not an infringement of the right of the hon. Members to take part in the Debate, only then the Speaker may put the question and not otherwise,

ਸਰਦਾਰ ਜਸਵਿੰਦਰ ਸਿੰਘ ਬਰਾੜ: ਡਿਪਟੀ ਸਪੀਕਰ ਸਾਹਿਬ, ਇਸ ਨੂੰ ਦੋ ਹਫ਼ਤੇ ਹੋ ਗਏ ਹਨ ਚਲਦੇ ਨੂੰ .. .. (ਵਿਘਨ)

ਸਰਦਾਰ ਹਰਬੰਸ ਸਿੰਘ ਜਲਾਲ: ਡਿਪਟੀ ਸਪੀਕਰ ਸਾਹਿਬ, ਇਹ ਚੀਜ਼ ਜਿਹੜੀ ਹੈ ਹਾਉਸ ਵਿਚ ਇਸ ਨੂੰ ਜ਼ਿਆਦਾ ਬਹਿਸ ਦਾ ਚਰਚਾ ਨਹੀਂ ਬਣਾਉਣਾ ਚਾਹੀਦਾ। ਰੂਲ 82 ਵਿਚ ਸਾਫ਼ ਲਿਖਿਆ ਹੈ:

> "At any time after a question has been proposed any Member may move, "That the question be now put"."

ਇਨ੍ਹਾਂ ਦਾ ਇਹ ਕਹਿਣਾ ਕਿ ਸਿਰਫ਼ ਉਹੀ ਮੈਂਬਰ ਮੋਸ਼ਨ ਮੂਵ ਕਰ ਸਕਦਾ ਹੈ, ਇਹ ਠੀਕ ਨਹੀਂ ਹੈ। ਉਸ ਤੋਂ ਅੱਗੇ ਸਾਫ਼ ਲਿਖਿਆ ਹੈ :

> "Unless it appears to the Speaker that the motion is an abuse of these Rules or an infringement of the right of reasonable Debate, the Speaker shall put the question. That the question be now put"

ਜਿਥ ਤਕ ਇਸ ਮਸਲੇ ਦਾ ਇਸ ਮੋਸ਼ਨ ਦਾ, ਐਬਿਊਜ਼ ਦਾ, ਜਾਂ ਇਨਫਰਿੰਜਮੈਂਟ ਦਾ ਸਵਾਲ ਹੈ ਇਸ ਬਾਰੇ ਤੁਸੀਂ ਆਪਣਾ ਰੂਲਿੰਗ ਦੇਵੋ। ** **

ਸ੍ਰੀ ਡਿਪਟੀ ਸਪੀਕਰ: ਇਹ ਜੋ ਜਲਾਲ ਸਾਹਿਬ ਨੇ ਟਾਕ ਆਊਟ ਦੀ ਗੱਲ ਕਹੀ ਹੈ, ਇਹ ਕਾਰਵਾਈ ਦਾ ਹਿੱਸਾ ਨਾ ਬਣੇ। (Whatever the hon. Member, Sardar Harbans Singh Jalal has said about talking out the Resolution, should not form part of the proceedings.)

**Expunged as ordered by the Chair.

ਸਰਦਾਰ ਜਸਵਿੰਦਰ ਸਿੰਘ ਬਰਾੜ : ਸਾਰਾ ਰੂਲ ਤੇ ਪਿਛਲਾ ਲਗ ਗਿਆ ਅਤੇ ਸਾਰਾ ਰੂਲ ਤੇ ਅੱਜ ਦਾ ਲਗ ਗਿਆ ਹੈ। ਜਿਹੜਾ ਬਜਟ ਇਕ ਅਹਿਮ ਚੀਜ਼ ਹੈ, ਉਸ ਨੂੰ ਦੋ ਦਿਨ ਮਿਲੇ। ਰੈਜ਼ੋਲਿਊਸ਼ਨ ਤੇ ਦੋ ਦਿਨ ਪੂਰੇ ਵੀ ਹੋ ਜਾਏ, 7-8 ਸਪੀਕਰ ਬੋਲ ਚੁੱਕੇ ਹਨ, ਅਤੇ ਜੇ ਇਹ ਗੱਲ ਹੈ ਤਾਂ 2—4 ਦਿਨ ਸੈਸ਼ਨ ਕਿਉਂ ਨਹੀਂ ਵਧਾ ਲੈਂਦੇ ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ (ਸਰਦਾਰ ਗੁਰਦਰਸ਼ਨ ਸਿੰਘ) : ਜਿਹੜਾ ਇਹ ਰੂਲ 82 ਚੌਧਰੀ ਦਰਸ਼ਨ ਸਿੰਘ ਜੀ ਨੇ ਕੋਟ ਕੀਤਾ ਹੈ, ਇਸ ਵਿਚ ਇਹ ਹੈ :

> Unless it appears to the Speaker that the motion is an abuse of these Rules or an infringement of the right of reasonable debate, the Speaker shall put the question.,....,

The Government has not yet explained its viewpoint. ਹੋਰ ਮੈਂਬਰ ਵੀ ਬੋਲਣਾ ਚਾਹੁੰਦੇ ਹਨ। ਨਾਨ-ਆਫੀਸ਼ਿਅਲ ਡੇ ਹੋਰ ਵੀ ਅੱਗੇ ਆਉਣਾ ਹੈ, ਗਵਰਨਮੈਂਟ ਦਾ ਵਿਊ ਨਾ ਆਵੇ, ਇਹ ਠੀਕ ਨਹੀਂ ਹੈ।

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਵੀ ਕੁਝ ਕਹਿਣਾ ਚਾਹੁੰਦਾ ਹਾਂ . . . .

ਸ੍ਰੀ ਡਿਪਟੀ ਸਪੀਕਰ : ਰੂਲਾਂ ਦੇ ਬਾਰੇ ਹੀ ਕਹਿਣਾ, ਹੋਰ ਨਾ ਕਹਿਣਾ। (The hon. Member can talk about rules and nothing else.)

ਸਰਦਾਰ ਜਸਦੇਵ ਸਿੰਘ ਸੰਧੂ : ਇਸ ਰੂਲ ਵਿਚ ਬੈਠ ਕੇ ਮੂਵ ਕਰਨ ਵਾਲੀ ਗੱਲ ਹੈ। ਗੱਲ ਇਹ ਹੈ ਕਿ ਅਸੀਂ ਕਲੋਜ਼ਰ ਮੋਸ਼ਨ ਉਠ ਕੇ ਮੂਵ ਕਰ ਦਿੱਤੀ ਹੈ । ਜੇ ਬੈਠ ਕੇ ਕੀਤੀ ਜਾਵੇ ਤਾਂ ਤੇ ਗੱਲ ਹੋਰ ਹੈ। ਉਠ ਕੇ ਇਸ ਨੂੰ ਕਲੋਜ਼ ਕਰਨ ਬਾਰੇ ਮੂਵ ਕਰ ਦਿੱਤਾ ਹੈ। ਜੇ ਤੁਸੀਂ ਸਮਝੋ ਕਿ ਅਸੀਂ ਬੈਠ ਕੇ ਕਾਰਵਾਈ ਨੂੰ ਇਨਟਰੱਪਟ ਕੀਤਾ ਤਾਂ ਤੇ ਠੀਕ ਹੈ, ਪਰ ਅਸੀਂ ਤਾਂ ਇਸੇ ਕਰ ਕੇ ਉਠ ਕੇ ਕੀਤਾ ਹੈ। ਦੂਜੇ ਇਸ ਤੇ ਬਹੁਤ ਬਹਿਸ ਹੋ ਚੁੱਕੀ ਹੈ, ਹੁਣ ਗਵਰਨਮੈਂਟ ਜਿਹੜੀ ਹੈ, ਉਹ ਜਵਾਬ ਦੇ ਦੇਵੇ ਅਤੇ ਇਹ ਮਸਲਾ ਹੱਲ ਹੋ ਜਾਵੇਗਾ । ਇਸ ਮਸਲੇ ਨੂੰ ਅਨਨਸੈਸਰੀ ਲਿੰਗਰਆਨ ਨਹੀਂ ਕਰਨਾ ਚਾਹੀਦਾ, ਟਾਈਮ ਬੜਾ ਮਿਲ ਚੁੱਕਾ ਹੈ, ਸਫੀਸ਼ੀਐਂਟ ਟਾਈਮ ਪਹਿਲਾਂ ਹੀ ਮਿਲ ਚੁੱਕਾ ਹੈ। Voices from Treasury Benches No. No.

ਸਰਦਾਰ ਜਸਦੇਵ ਸਿੰਘ ਸੰਧੂ : ਜੇ ਟਾਈਮ ਥੋੜ੍ਹਾ ਸੀ ਤਾਂ ਉਦੋਂ ਕਹਿੰਦੇ, ਇਕ ਘੰਟਾ ਹੋ ਗਿਆ ਹੈ ਅਸੀਂ ਮੋਸ਼ਨ ਮੂਵ ਕਰ ਦਿੱਤੀ ਹੈ ਇਸ ਨੂੰ ਟੇਕ-ਅੱਪ ਕੀਤਾ ਜਾਵੇ। ਇਕ ਦਿੱਨ ਅੱਗੇ ਮਿਲ ਚੁੱਕਾ ਹੈ, ਅੱਜ ਵੀ ਟਾਈਮ ਖ਼ਤਮ ਹੋਣ ਵਾਲਾ ਹੈ। ਅਨਨਸੈਸੈਰੇਲੀ ਤੁਸੀਂ ਕਾਰਵਾਈ ਨੂੰ ਲਿੰਗਰ ਆਨ ਕਰਨਾ ਚਾਹੁੰਦੇ ਹੋ ਤਾਂ ਜੋ ਇਹ ਰੈਜ਼ੋਲਿਊਸ਼ਨ ਪੁੱਟ ਨਾ ਹੋ ਸਕੇ। ਹਾਊਸ ਨੂੰ ਸਫੀਸੀਐਂਟ ਟਾਈਮ ਮਿਲ ਚੁੱਕਾ ਹੈ ਇਸ ਤੇ ਬੋਲਣ ਦਾ। ਜੇ ਗਵਰਨਮੈਂਟ ਨੇ ਜਵਾਬ ਦੇਣਾ ਹੈ ਤਾਂ ਦੇ ਦੇਵੇ। (ਵਿਘਨ) ਜੇ ਤੁਸੀਂ ਇਸ ਨੂੰ ਰਿਜੈਕਟ ਕਰਨਾ ਹੈ ਤਾਂ ਘੱਟੋ ਘੱਟ ਹਾਊਸ ਵਿਚ ਪੁੱਟ ਕਰ ਕੇ ਰਿਜੈਕਟ ਕਰੋ, ਇਸ ਤਰੀਕੇ ਨਾਲ ਕੁਝ ਨਹੀਂ ਕਰ ਸਕਦੇ ਕਿ ਮੈਂਬਰਾਂ ਨੂੰ ਟਾਈਮ ਨਹੀਂ ਮਿਲਿਆ ।

ਚੌਧਰੀ ਦਰਸ਼ਨ ਸਿੰਘ : ਰੂਲ 82 ਦੀ ਪ੍ਰੋਵੀਜ਼ਨ ਇਨਫਰਿੰਜਮੈਂਟ ਆਫ਼ ਰਾਈਟ ਜਿਹੜੀ ਹੈ, ਮੈਂਬਰਜ਼ ਦੀ, ਉਹ ਨਾ ਮਾਰੀ ਜਾਵੇ। ਰੂਲ 83 ਜਿਹੜਾ ਹੈ, ਉਹ ਇਹ ਹੈ।

> "Whenever the debate on any motion in connection with a Bill or any other motion becomes, in the opinion of the Speaker, unduly protracted, the Speaker may, after taking the sense of the Assembly, fix a time limit for the conclusion of discussion on any stage , , . , . , , , ,"

[ਚੌਧਰੀ ਦਰਸ਼ਨ ਸਿੰਘ]

So, Sir, according to this Rule, the Speaker is to fix a time limit for the conclusion of discussion. There are some members who want to take part in the debate. They want to express their opinion. The Leader of the House is to speak on this issue. ਅਸੈਂਬਲੀ ਦੀ ਸੈਂਸ ਇਹ ਹੈ ਕਿ They went to take part in the debate.

ਸਰਦਾਰ ਜਸਵਿੰਦਰ ਸਿੰਘ ਬਰਾੜ : ਇਸ ਵੇਲੇ ਸੈਂਸ ਨਹੀਂ ਲੈਣੀ ਚਾਹੀਦੀ ਜਦੋਂ ਨਮੋਸ਼ ਮੂਵ ਕਰ ਦਿਤੀ ਹੈ (ਵਿਘਨ)

ਸ੍ਰੀ ਡਿਪਟੀ ਸਪੀਕਰ : ਮੇਰੀ ਗੱਲ ਵੀ ਸੁਣੋ। ਹਾਊਸ ਦੀ ਸੈਂਸ ਇਹ ਹੈ ਕਿ ਸਾਰੇ ਮੈਂਬਰਜ਼ ਨੂੰ ਇਸ ਉਤੇ ਬੋਲ ਲੈਣਾ ਚਾਹੀਦਾ ਹੈ ਅਤੇ ਗਵਰਨਮੈਂਟ ਦਾ ਵਿਊ ਪੁਆਇੰਟ ਵੀ ਆਉਣਾ ਹੈ, ਗਵਰਨਮੈਂਟ ਨੇ ਵੀ ਆਪਣਾ ਵਿਊ ਪੁਆਇੰਟ ਕਲੀਅਰ ਕਰਨਾ ਹੈ। (ਵਿਘਨ) ਤੁਸੀ ਸਾਰਿਆਂ ਨੇ ਆਪਣੀ ਗੱਲ ਕਹਿ ਲਈ ਹੈ, ਹੁਣ ਮੇਰੀ ਵੀ ਸੁਣੋ। ਮੇਰਾ ਵਿਚਾਰ ਹੈ ਕਿ ਜਿਥੇ ਡਿਸਕਸ਼ਨ ਵਿਚ ਕਈ ਮੈਂਬਰ ਸਾਹਿਬਾਨ ਹਿੱਸਾ ਲੈ ਚੁੱਕੇ ਹਨ, ਉਥੇ ਹੋਰ ਵੀ ਕਈ ਬੋਲਣਾ ਚਾਹੁੰਦੇ ਹਨ, ਜਿਸ ਤਰ੍ਹਾਂ ਡਾਕਟਰ ਕਲਕੱਟ ਹਨ, ਸਰਦਾਰ ਗੁਰਬਚਨ ਸਿੰਘ, ਸੱਘੜ ਸਾਹਿਬ ਵਗੈਰਾ ਹਨ। ਇਸ ਲਈ ਮੇਰਾ ਵਿਚਾਰ ਹੈ ਕਿ ਮੈਂਬਰ ਸਾਹਿਬਾਨ ਨੂੰ ਬੋਲ ਲੈਣ ਦਿਤਾ ਜਾਵੇ। (Please listen to me. It is the sense of the House that all the hon. Members should be allowed to speak on this resolution. Moreover the Government has also to put forward its view point. (*Interruption*) The hon. Members have expressed their opinion, now they may please listen to me. My view is that where as some hon. Members have participated in the discussion on the resolution, still more Members like Dr. Kalkat, Sardar Gurbachan Singh, Saghar Sahib, etc. also would like to speak. So in my view, the hon. Members should be given time to speak on the Resolution.)

WALK OUTS

ਸਰਦਾਰ ਜਸਵਿੰਦਰ ਸਿੰਘ ਬਰਾੜ ** ** ਤੁਸੀਂ ਹਾਊਸ ਵਿਚ ਪੁੱਟ ਕਰੋ।

Mr. Deputy Speaker: No aspersion on the Chair. Resume your seat.)

ਸਰਦਾਰ ਜਸਵਿੰਦਰ ਸਿੰਘ ਬਰਾੜ : ਅਸੀਂ ਤੁਹਾਡੀ ਰੂਲਿੰਗ ਦੇ ਖਿਲਾਫ਼ ਵਾਕ ਆਊਟ ਕਰਦੇ ਹਾਂ। ** * * ** (ਵਿਘਨ)

(ਇਸ ਵਕਤ ਅਕਾਲੀ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਅਸੀਂ ਦਿਲੋਂ ਚਾਹੁੰਦੇ ਸੀ ਕਿ ਇਹ ਰੈਜ਼ੋਲਿਊਸ਼ਨ ਪਾਸ ਹੋਣਾ ਚਾਹੀਦਾ ਹੈ। ਪਰ ਇਸ ਅਹਿਮ ਮਸਲੇ ਤੇ ਸਰਕਾਰ ਨੇ ਜੋ ਰੱਵਈਆ ਧਾਰਨ ਕੀਤਾ ਹੋਇਆ ਹੈ ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਦੀ ਨੀਅਤ ਸਾਫ਼ ਨਹੀਂ। ਇਸ ਗੱਲ ਨੂੰ ਵੇਖਦੇ ਹੋਏ ਅਸੀਂ ਵਾਕ ਆਊਟ ਕਰਦੇ ਹਾਂ।

**Expunged as ordered by the Chair.

(ਆਨਰੇਬਲ ਮੈਂਬਰ ਸਰਦਾਰ ਧੰਨਾ ਸਿੰਘ ਗੁਲਸ਼ਨ ਸਦਨ ਤੋਂ ਬਾਹਰ ਚਲੇ ਗਏ)

ਸਰਦਾਰ ਹਰਬੰਸ ਸਿੰਘ ਜਲਾਲ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਰਿਜੈਕਟ ਕਰਨ ਤੋਂ ਪਹਿਲਾਂ . . . . . (ਵਿਘਨ)

ਸ੍ਰੀ ਡਿਪਟੀ ਸਪੀਕਰ : ਜਿਸ ਗੱਲ ਤੇ ਮੈਂ ਆਪਣਾ ਰੂਲਿੰਗ ਦੇ ਚੁੱਕਾ ਹਾਂ ਤੁਸੀਂ ਉਹ ਦੇ ਮੁਤੱਲਿਕ ਕੋਈ ਗੱਲ ਨਹੀਂ ਕਰ ਸਕਦੇ । (You may not refer to the matter on which ruling has already been given.)

ਸਰਦਾਰ ਹਰਬੰਸ ਸਿੰਘ ਜਲਾਲ : ਮੈਂ ਜਨਾਬ ਹੋਰ ਹੀ ਗੱਲ ਕਰਦਾ ਹਾਂ। ਜਨਾਬ ਦਾ ਰੂਲਿੰਗ ਇਹ ਸੀ ਕਿ . . . . . .

ਸ੍ਰੀ ਡਿਪਟੀ ਸਪੀਕਰ : ਇਸ ਗੱਲ ਨੂੰ ਮੈਂ ਡਿਸਅਲਾਓ ਕਰ ਚੁੱਕਾ ਹਾਂ। (I have already ruled that this may not be referred to.)

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਸਾਡੇ ਰਾਈਟਸ ਦੀ ਇਨਫਰਿੰਜਮੈਂਟ ਹੋਈ ਹੈ। (ਸ਼ੋਰ)

ਡਿਪਟੀ ਸਪੀਕਰ ਸਾਹਿਬ, ਹਾਊਸ ਦਾ ਪੁਰਾਣਾ ਰਿਕਾਰਡ ਕਢ ਕੇ ਵੇਖ ਲਓ ਜੇ ਇਸ ਤਰ੍ਹਾਂ ਦੀ ਕੋਈ ਹਾਊਸ ਦੀ ਰੂਲਿੰਗ ਹੋਵੇ ਤਾਂ ਅਸੀਂ ਦੇਣਦਾਰ ਹਾਂ। ** ** **

ਇਸ ਲਈ ਮੈਂ ਵਾਕ ਆਊਟ ਕਰਦਾ ਹਾਂ।

(ਇਸ ਵੇਲੇ ਸਰਦਾਰ ਹਰਬੰਸ ਸਿੰਘ ਜਲਾਲ ਸਦਨ ਤੋਂ ਬਾਹਰ ਚਲੇ ਗਏ ।)

(ਇਸ ਵਕਤ ਬੋਲਣ ਵਾਲੇ ਬਹੁਤ ਸਾਰੇ ਮੈਂਬਰ ਗਲਾਂ ਕਰ ਰਹੇ ਸਨ, ਅਤੇ ਸਦਨ ਵਿਚ ਕਾਫੀ ਸ਼ੋਰ ਸੀ।) ** ** ** (ਸ਼ੋਰ)

(ਵਿਘਨ)

ਸ੍ਰੀ ਡਿਪਟੀ ਸਪੀਕਰ : ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਿਹਾ ਜਾ ਰਿਹਾ ਹੈ, ਇਹ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ। (ਵਿਘਨ) I know my right. I will not allow you to waste the time of the House. (Whatever is being said without the permission of the Chair, should not form part of the proceedings. I know my right. I will not allow you to waste the time of the House.)

ਰਾਜ ਮੰਤਰੀ, ਖੁਰਾਕ ਤੇ ਸਪਲਾਈ (ਸਰਦਾਰ ਗੁਰਦਰਸ਼ਨ ਸਿੰਘ) : ਹੁਣ ਤੁਕ ਜੋ ਕਾਰਵਾਈ ਇਸ ਹਾਊਸ ਦੀ ਹੋਈ ਹੈ ਉਸ ਵਿਚ ਬਹੁਤ ਸਾਰੇ ਸ਼ਬਦ ਐਸੇ ਕਹੇ ਗਏ ਹਨ ਜੋ ਚੇਅਰ ਦੇ ਉਤੇ ਐਸਪਰਸ਼ਨ ਹਨ। ਮੇਰੀ ਇਹ ਰਿਕੁਐਸਟ ਹੈ ਕਿ ਇਹ ਲਫਜ਼ ਪ੍ਰੋਸੀਡਿੰਗ ਦਾ ਭਾਗ ਨਾ ਬਨਣ।

ਸ੍ਰੀ ਡਿਪਟੀ ਸਪੀਕਰ : ਇਹ ਡਿਲੀਟ ਕਰ ਦਿਤੇ ਜਾਣ। (These aspersions may be deleted.)

RESUMPTION OF DISCUSSION ON THE RESOLUTION MOVED BY SARDAR GURDEV SINGH BADAL, M.L.A. ON 28TH FEBRUARY, 1974.

ਡਾਕਟਰ ਅਮੀਰ ਸਿੰਘ ਕਲਕੱਟ (ਟਾਂਡਾ) : ਇਹ ਜਿਹੜਾ ਰੇਜ਼ੋਲਿਊਸ਼ਨ ਅਕਾਲੀ ਪਾਰਟੀ ਦੇ ਮੈਂਬਰਾਂ ਵਲੋਂ ਆਇਆ ਹੈ, ਇਹ ਉਸ ਆਦਮੀ ਨੇ ਲਿਆਂਦਾ ਹੈ ਜਿਸ ਨੇ ਜ਼ਮੀਨਾਂ ਦੀ ਵੰਡ ਵੇਲੇ ਇਹ

**Expunged as ordered by the Chair.

[ਡਾਕਟਰ ਅਮੀਰ ਸਿੰਘ ਕਲਕੱਟ]

ਕਿਹਾ ਸੀ ਕਿ ਜ਼ਮੀਨ ਵੰਡਣ ਦੀ ਲੋੜ ਨਹੀਂ। ਬਾਦਲ ਸਾਹਿਬ ਕੋਲ ਹੋਰ ਢੱਗੇ ਰਹਿਣ ਦਿਉ...... (ਵਿਘਨ) (ਸ਼ੋਰ)

ਕੁਝ ਮਾਨਯੋਗ ਮੈਂਬਰਜ਼ : ** ** ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਸਾਹਿਬਾਨ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। (Whatever is being said by the hon. Members, should not be recorded.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਮੈਂ ਬੜਾ ਹੈਰਾਨ ਹਾਂ ਸਰਕਾਰ ਉਨ੍ਹਾਂ ਸਰਮਾਇਦਾਰਾਂ ਨੂੰ ਜਿਨ੍ਹਾਂ ਨੂੰ ਇਹ ਪਤਾ ਨਹੀਂ ਕਿ ਉਨ੍ਹਾਂ ਦੀ ਆਪਣੀ ਜਾਇਦਾਦ ਕਿਤਨੀ ਕੁ ਹੈ। ਕਿਤਨਾ ਰੁਪਿਆ ਉਨ੍ਹਾਂ ਨੇ ** ** ਕਰਕੇ ਕਮਾਇਆ ਹੈ, ਅੱਜ ਹਰੀਜਨਾਂ ਦੇ ਫੇਵਰ ਦੀਆਂ ਗੱਲਾਂ ਕਰ ਰਹੇ ਹਨ। ਕਰੋੜਾਂ ਦੇ ਮਾਲਕ ਐਸੀਆਂ ਗੱਲਾਂ ਕਰਦੇ ਹਨ .... (ਵਿਘਨ) (ਸ਼ੋਰ) ਗਰੀਬਾਂ ਨੂੰ ਕੁਚਲ ਰਹੇ ਹਨ, ਉਨ੍ਹਾਂ ਦਾ ਖੂਨ ਪੀਂਦੇ ਹਨ। ਇਹ ** ** ਹਨ। (ਸ਼ੋਰ)

ਸ੍ਰੀ ਡਿਪਟੀ ਸਪੀਕਰ : ** ਦਾ ਸ਼ਬਦ ਡਿਲੀਟ ਕੀਤਾ ਜਾਵੇ। (Delete the word **)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ ਸਰ। ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਬੜਾ ਹੀ ਸੀਰੀਅਸ ਹੈ। ਮੈਂ ਚਾਹੁੰਦਾ ਹਾਂ ਕਿ ਮੈਂਬਰ ਸਾਹਿਬਾਨ ਇਸ ਦੇ ਉੱਤੇ ਉਥੋਂ ਤੱਕ ਹੀ ਬੋਲਣ ਜਿਥੋਂ ਤੱਕ ਕਿ ਇਸ ਦਾ ਸਕੋਪ ਹੈ। ਦੋਨੋਂ ਪਾਸੇ ਹਰੀਜਨ ਮੈਂਬਰ ਹਨ ਜੇ ਇਧਰ 6-7 ਹਨ ਤਾਂ ਉਧਰ 11-12 ਹਨ ਐਵੇਂ ਗਲਤਫਹਿਮੀ ਨਹੀਂ ਪਾਉਣੀ ਚਾਹੀਦੀ (ਸ਼ੋਰ)

ਡਾਕਟਰ ਅਮੀਰ ਸਿੰਘ ਕਲਕੱਟ : ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਦਾ ਕਿਤਨਾ ਕੁ ਹਰੀਜਨਾਂ ਦੇ ਨਾਲ ਪਿਆਰ ਹੈ, ਇਹ ਉਹ ਲੋਕ ਹਨ, ਖੇਤਾਂ ਵਿਚ ਕੰਮ ਕਰਾਉਂਦੇ ਹਨ ਦਿਹਾੜੀਆਂ ਮਾਰ ਲੈਂਦੇ ਹਨ, ਜਿਸ ਤਰ੍ਹਾਂ ਦਾ ਹਰੀਜਨਾਂ ਨਾਲ ਇਨ੍ਹਾਂ ਹੁਣ ਤੱਕ ਪ੍ਰੇਮ ਕੀਤਾ ਹੈ ਉਹ ਸਾਰੇ ਜਾਣਦੇ ਹਨ (ਸ਼ੋਰ) ਇਨ੍ਹਾਂ ਦੀ ਇਕਨਾਮਿਕ ਫਿਲਾਸਫੀ ਹਰੀਜਨਾਂ ਦੇ ਖਿਲਾਫ਼ ਹੈ, ਇਹ ਤਾਂ ਉਹ ਲੋਕ ਹਨ ਜਿਨ੍ਹਾਂ ਨੇ ਨਾਹਰੇ ਕਿਸੇ ਵੇਲੇ ਲਾਏ ਸੀ ਕਿ "ਧੋਤੀ ਟੋਪੀ ਜਮਨਾ ਪਾਰ" ਅੱਜ ਇਹ ਹਰੀਜਨਾਂ ਦੇ ਕਿਵੇਂ ਨੇੜੇ ਆ ਗਏ? (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਬਿਲਕੁਲ ਗਲਤ ਗਲ ਹੈ ਇਨ੍ਹਾਂ ਦੀ, ਅਕਾਲੀ ਦੱਲ ਨੇ ਕਦੇ ਵੀ "ਧੋਤੀ ਟੋਪੀ ਜਮਨਾ ਪਾਰ" ਦਾ ਨਾਹਰਾ ਨਹੀਂ ਲਾਇਆ।

ਸਰਦਾਰ ਹਰਬੰਸ ਸਿੰਘ ਜਲਾਲ : ਡਿਪਟੀ ਸਪੀਕਰ ਸਾਹਿਬ, ਇਥੇ ਇਕ ਆਨਰੇਬਲ ਮੈਂਬਰ ਨੇ ਇਹ ਗੱਲ ਕੀਤੀ ਕਿ ਇਕ ਪਾਰਟੀ ਨੇ "ਧੋਤੀ ਟੋਪੀ ਜਮਨਾ ਪਾਰ" ਦਾ ਨਾਹਰਾ ਲਾਇਆ ਸੀ। ਮੈਂ ਆਪ ਦੇ ਰਾਹੀਂ ਇਹ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਇਹ ਲਾਇਆ ਕਿਸ ਨੇ ਸੀ? (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇਟ ਆਫ਼ ਆਰਡਰ, ਸਰ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਡਾਕਟਰ ਅਮੀਰ ਸਿੰਘ ਨੇ ਬਿਲਕੁਲ ਇਰ-ਰਿਸ-ਪਾਂਸ਼ਿਬਲ, ਬੇਸਲੈਸ ਚਾਰਜ ਲਗਾਇਆ ਹੈ। ਤੁਸੀਂ ਕੀ ਉਹ ਕਟਾ ਦਿੱਤੇ ਹਨ ਜਾਂ ਨਹੀਂ ਕਟਾਏ।

ਸ੍ਰੀ ਡਿਪਟੀ ਸਪੀਕਰ : ਤੁਹਾਡੇ ਮੈਂਬਰ ਨੇ ਇਕ ਇਨਫ਼ਰਮੇਸ਼ਨ ਮੰਗੀ ਹੈ (ਵਿਘਨ) ਜਿਹੜਾ ਰੂਲਜ਼ ਦੇ ਅਗੇਂਨਸਟ ਹੋਏਗਾ ਉਹ ਰਿਕਾਰਡ ਤੇ ਨਹੀਂ ਆਵੇਗਾ। ਜਲਾਲ ਜੀ ਤੁਸੀਂ ਇਨਫਰਮੇਸ਼ਨ

**Not recorded. Expunged as ordered by the Chair,

ਚਾਹੁੰਦੇ ਹੋ ? (ਵਿਘਨ) (Your Member has sought information (*Interruption*) Any matter which will be against the rules will not come on the record. Jalal ji, do you require this information. ?) (*Interruption*)

ਸਰਦਾਰ ਹਰਬੰਸ ਸਿੰਘ ਜਲਾਲ: ਮੈਂ ਕਹਿਣਾ ਚਾਹੁੰਦਾ ਹਾਂ (ਸ਼ੋਰ) (ਵਿਘਨ)

ਸ਼੍ਰੀ ਗੁਰਦਿਆਲ ਸੈਣੀ : ਜਲਾਲ ਸਾਹਿਬ ਨੇ ਇਨਫਰਮੇਸ਼ਨ ਮੰਗੀ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ (ਵਿਘਨ) ਉਸ ਵੇਲੇ ਨਾਅਰਾ ਲਗਾਇਆ ਗਿਆ 'ਧੋਤੀ ਟੋਪੀ ਜਮਨਾ ਪਾਰ' (ਵਿਘਨ) (ਇਸ ਵੇਲੇ ਐਨਾ ਸ਼ੋਰ ਪੈ ਰਿਹਾ ਸੀ ਕਿ ਕੁਝ ਸੁਣਾਈ ਨਹੀਂ ਸੀ ਦਿੰਦਾ) ਇਹ ਨਾਅਰਾ ਇਨ੍ਹਾਂ ਨੇ ਲਗਾਇਆ ਸੀ। (ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਸੈਣੀ ਸਾਹਿਬ ਉਨ੍ਹਾਂ ਨੇ ਜੋ ਇਨਫਰਮੇਸ਼ਨ ਪੁੱਛੀ ਸੀ ਉਹ ਉਨ੍ਹਾਂ ਨੇ ਤੁਹਾਡੇ ਤੋਂ ਤਾਂ ਨਹੀਂ ਸੀ ਪੁੱਛੀ (ਵਿਘਨ) (Saini Sahib, the hon. Member had not asked for this information from you.) (*Interruption*)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਜਮਨਾ ਪਾਰ ਵਾਲੀ ਗੱਲ ਤਾਂ ਹੋਰ ਰਹੀ ਹੁਣ ਤਾਂ ਰਾਜਪੁਰਾ ਵਾਲੀ ਹੱਦ ਮੁਕੱਰਰ ਹੋ ਗਈ ਹੈ (ਵਿਘਨ)

ਸਰਦਾਰ ਕਰਨੈਲ ਸਿੰਘ ਮਰਵ੍ਹੀ : ** **

ਸ਼੍ਰੀ ਡਿਪਟੀ ਸਪੀਕਰ : ਜੋ ਵੀ ਇਹ ਮੈਂਬਰ ਸਾਹਿਬ ਨੇ ਬਗਰ ਚੇਅਰ ਦੀ ਇਜਾਜ਼ਤ ਦੇ ਕਿਹਾ ਹੈ, ਇਹ ਰਿਕਾਰਡ ਤੇ ਨਹੀਂ ਆ ਸਕਦਾ। (Whatever the hon. Member has said without the permission of the Chair, should not be recorded.)

ਡਾਕਟਰ ਅਮੀਰ ਸਿੰਘ ਕਲਕੱਟ : ਜੇ ਇਨ੍ਹਾਂ ਨੇ ਇਹੋ ਜਿਹੇ ਰੈਜ਼ੋਲਿਊਸ਼ਨ ਲਿਆਉਣੇ ਹਨ, ਇਨ੍ਹਾਂ ਦੀ ਨੀਅਤ ਸਾਫ਼ ਹੈ, ਨੇਕ ਹੈ ਤਾਂ ਕਿਉਂ ਨਹੀਂ ਅਗਲੀ ਵਾਰੀ ਇਹ ਅਕਾਲੀ ਸਾਰੇ ਟਿਕਟ ਹਰੀਜਨਾਂ ਨੂੰ ਹੀ ਦੇ ਦਿੰਦੇ। ਇਹ ਫ਼ਜ਼ੂਲ ਗੱਲ ਹੈ ਚਾਰ ** ** ਲਿਆ ਕੇ ਇਥੇ ਕਹਿੰਦੇ ਹਨ ਕਿ ਇਹ ਹਰੀਜਨਾਂ ਨੂੰ ਰਿਪ੍ਰਜ਼ੈਂਟ ਕਰਦੇ ਹਨ। (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ** ** ** (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ((This is no point of order.)

ਸਰਦਾਰ ਅਜਾਇਬ ਸਿੰਘ ਸੰਧੂ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਰਿਕਾਰਡ ਤੇ ਨਾ ਲਿਆਂਦਾ ਜਾਏ। ((This should not be recorded.)

**Not recorded Expunged as ordered by the Chair.

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਡਿਪਟੀ ਸਪੀਕਰ ਸਾਹਿਬ, ਭਾਵੇਂ ਕਾਂਗਰਸ ਦੇ ਜਾਂ ਅਕਾਲੀਆਂ ਦੇ ਐਮ. ਐਲ. ਏਜ਼. ਹੋਣ, ਇਹ ਸਾਰੇ ਬਰਾਬਰ ਹਨ (ਵਿਘਨ)। ਮੇਰੇ ਦੋਸਤ ਨੇ ਜਿਹੜਾ ਹਰੀਜਨ, ਮਜ਼ਬੀ ਸਿੱਖ ਐਮ. ਐਲ. ਏਜ਼. ਨੂੰ ਸੀਰੀ ਕਿਹਾ ਹੈ, ਉਹ ਸੀਰੀ ਨਹੀਂ ਹਨ, ਉਹ ਵੀ ਸਾਡੇ ਵਾਂਗੂੰ ਹਨ। ਇਨ੍ਹਾਂ ਨੂੰ ਇਹ ਲਫ਼ਜ਼ ਵਾਪਿਸ ਲੈਣਾ ਚਾਹੀਦਾ ਹੈ।

ਡਾਕਟਰ ਅਮੀਰ ਸਿੰਘ ਕਲਕੱਟ : ਡਿਪਟੀ ਸਪੀਕਰ ਸਾਹਿਬ, ਮੈਂ ਜੋ ਲਫ਼ਜ਼ ਕਿਹਾ ਹੈ ਉਹ ਮੈਂ ਸਾਬਤ ਕਰ ਸਕਦਾ ਹਾਂ। (ਵਿਘਨ) ਜਿਹੜਾ ਜ਼ਮੀਨਾਂ ਦਾ ਬਿਲ ਪੇਸ਼ ਕੀਤਾ ਹੈ ਉਸ ਬਾਰੇ ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਕੋਲ 34 ਏਕੜ ਜ਼ਮੀਨ ਹੈ। ਮੈਂ ਚਾਹੁੰਦਾ ਹਾਂ ਕਿ ਮੁਜ਼ਾਰਿਆਂ ਨੂੰ ਜ਼ਮੀਨ ਦਿੱਤੀ ਜਾਏ। ਮੇਰਾ ਹੱਕ ਨਹੀਂ ਹੈ। ਇਹ ਪਿਛਲੀਆਂ ਜ਼ਮੀਨਾਂ ਦੀਆਂ ਗੱਲਾਂ ਕਰਦੇ ਹਨ। ਅਸੀਂ ਪ੍ਰੈਕਟੀਕਲੀ ਕਰ ਕੇ ਦਿਖਾਉਂਣਾ ਹੈ। (ਵਿਘਨ)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਡਾਕਟਰ ਅਮੀਰ ਸਿੰਘ ਨੇ ਕਿਹਾ ਹੈ ਕਿ ਮੇਰੇ ਕੋਲ 34 ਏਕੜ ਜ਼ਮੀਨ ਹੈ ਅਤੇ ਮੈਂ ਸਾਰੇ ਹਰੀਜਨਾਂ ਨੂੰ ਦੇਣ ਨੂੰ ਤਿਆਰ ਹਾਂ। ਇਸ ਤੇ ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਕਿਸੇ ਨੇ ਰੋਕਿਆ ਹੈ ਕਿ ਉਹ ਜ਼ਮੀਨ ਨਾ ਦੇਣ ? (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਹਰੀਜਨਾਂ ਦੀ ਰਿਕੁਐਸਟ ਭੇਜਦਾ ਹਾਂ ਕਿ ਤੁਸੀਂ ਜ਼ਮੀਨ ਅਲਾਟ ਕਰ ਦਿਉ।

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਉਮਰਾਓ ਸਿੰਘ ਨੇ ਲੈਂਡ ਰਿਫਾਰਮਜ਼ ਬਿਲ ਲਿਆਂਦਾ ਅਤੇ ਹਰ ਪਾਸਿਉਂ ਮੁਬਾਰਕਬਾਦਾਂ ਮਿਲੀਆਂ। ਡਾਕਟਰ ਸਾਹਿਬ ਕੋਲ 17 ਕਿਲੇ ਰੱਖ ਕੇ ਬਾਕੀ ਦੀ ਜ਼ਮੀਨ ਉਨ੍ਹਾਂ ਤੋਂ ਲੈ ਕੇ ਗਰੀਬਾਂ ਨੂੰ ਵੰਡ ਦੇਣੀ ਚਾਹੀਦੀ ਹੈ, ਅਸੀਂ ਰਾਜ਼ੀ ਹਾਂ।

ਸ੍ਰੀ ਡਿਪਟੀ ਸਪੀਕਰ : ਮੈਨੂੰ ਅਫ਼ਸੋਸ ਨਾਲ ਇਹ ਗੱਲ ਕਹਿਣੀ ਪੈਂਦੀ ਹੈ ਕਿ ਇਧਰ ਦੇ ਸਾਥੀ ਪਹਿਲਾਂ ਵਾਕ ਆਊਟ ਇਸ ਗੱਲ ਤੇ ਕਰ ਕੇ ਗਏ ਸੀ ਕਿ ਸਰਕਾਰ ਮੋਸ਼ਨ ਨੂੰ ਪਾਸ ਨਹੀਂ ਕਰਨਾ ਚਾਹੁੰਦੀ ਹੈ। ਹੁਣ ਇਨ੍ਹਾਂ ਨੂੰ ਸੁਣ ਲਉ। (ਵਿਘਨ) (I am constrained to remark that the Members of this side (Akali Benches) staged a walk-out for the reason that the Government did not want to pass this motion. Now they should listen to the Government view point.) (*Interruption*).

ਸਰਦਾਰ ਅਜਾਇਬ ਸਿੰਘ ਸੰਧੂ : ਸਾਨੂੰ ਨਵੇਂ ਰੂਲਜ਼ ਨਾ ਪੜ੍ਹਾਉ। ਇਸ ਬਾਰੇ ਇਨ੍ਹਾਂ ਨੂੰ ਕ ਹੋ। ਜੇ ਇਹ ਗਲਤ ਗੱਲਾਂ ਕਹਿਣਗੇ ਤਾਂ ਅਸੀਂ ਵੀ ਕਹਾਂਗੇ। (ਵਿਘਨ)

(ਇਸ ਵੇਲੇ ਐਨਾ ਸ਼ੋਰ ਪੈ ਰਿਹਾ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਆਨ ਏ ਪੁਆਇੰਟ ਆਫ ਆਰਡਰ, ਸਰ। (ਵਿਘਨ)

ਡਾਕਟਰ ਅਮੀਰ ਸਿੰਘ ਕਲਕੱਟ : ਤੇਰੀ ਤਾਂ ਮੈਂ ਸ਼ਕਲ ਦੇਖਣ ਨੂੰ ਤਿਆਰ ਨਹੀਂ ਹਾਂ। (ਵਿਘਨ)

ਸਰਦਾਰ ਸਾਧੂ ਸਿੰਘ : ਜੋ ਡਾਕਟਰ ਸਾਹਿਬ ਨੇ ਮਰੜ੍ਹੀ ਸਾਹਿਬ ਨੂੰ ਕਿਹਾ ਹੈ ਕਿ ਤੇਰੀ ਤਾਂ ਮੈਂ ਸ਼ਕਲ ਦੇਖਣ ਨੂੰ ਤਿਆਰ ਨਹੀਂ ਹਾਂ, ਇਹ ਲਫ਼ਜ਼ ਵਾਪਸ ਲੈਣੇ ਚਾਹੀਦੇ ਹਨ। (ਸ਼ੋਰ)

ਡਾਕਟਰ ਅਮੀਰ ਸਿੰਘ ਕਲਕੱਟ : ** ** ** । (ਵਿਘਨ) ਇਹ ਦੁੱਧ ਵੇਚਦਾ ਹੁੰਦਾ ਸੀ। (ਸ਼ੋਰ) ਮੈਂ ਲਫਜ਼ ਕਿਸ ਤਰ੍ਹਾਂ ਵਾਪਸ ਲੈ ਸਕਦਾ ਹਾਂ ? ਇਸ ਲਈ ਇਸ ਆਦਮੀ ਦੀ ਮੈਂ ਕਿਸ ਤਰ੍ਹਾਂ ਸ਼ਕਲ ਦੇਖਾਂ। ਇਸ ਨੂੰ ਮੈਂ ਆਪਣੀ ਜ਼ਮੀਨ ਕਿਸ ਤਰ੍ਹਾਂ ਦੇ ਦੇਵਾਂ। (ਵਿਘਨ) (ਸ਼ੋਰ)

PERSONAL EXPLANATION BY SARDAR KARNAIL SINGH MARHARI

ਸਰਦਾਰ ਕਰਨੈਲ ਸਿੰਘ ਮਰੜ੍ਹੀ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਹਾਊਸ ਵਿਚ ਖੜਾ ਹੋ ਕੇ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਮੇਰੀ ਜਾਇਦਾਦ ਦੀ ਇਨਕੁਆਇਰੀ ਕਰਾਉ ਅਤੇ ਡਾਕਟਰ ਅਮੀਰ ਸਿੰਘ ਦੀ ਜਾਇਦਾਦ ਦੀ ਇਨਕੁਆਇਰੀ ਕਰਾਉ। ਇਸ ਦੀ ਜਾਇਦਾਦ ਮੇਰੇ ਨਾਲੋਂ ਜ਼ਿਆਦਾ ਹੋਵੇਗੀ। (ਵਿਘਨ) ਮੈਂ ਵੀ ਅਸਤੀਫਾ ਦੇਣ ਲਈ ਤਿਆਰ ਹਾਂ ਅਤੇ ਇਹ ਵੀ ਅਸਤੀਫ਼ਾ ਦੇਣ ਲਈ ਤਿਆਰ ਹੋ ਜਾਣ । ** ** ** (ਵਿਘਨ) (ਸ਼ੋਰ) (ਤਾੜੀਆਂ) ਇਹ ਨਾਮ ਦਾ ਹੀ ਡਾਕਟਰ ਹੈ, ਵੈਸੇ ਡਾਕਟਰ ਨਹੀਂ ਹੈ। ਇਸ ਆਦਮੀ ਨੂੰ ਸਜ਼ਾ ਦੇਣੀ ਚਾਹੀਦੀ ਹੈ । (ਵਿਘਨ) ਇਸ ਨੂੰ ਕਹਿਣਾ ਚਾਹੀਦਾ ਹੈ ਕਿ ਜੇ ਤੂੰ ਮੰਡਵਾ ਲਾਉਣਾ ਹੈ ਤਾਂ ਬਾਹਰ ਲਾ ਲੈ ਅਤੇ ਇਸ ਹਾਊਸ ਵਿਚ ਨਾ ਲਾਵੇ। (ਵਿਘਨ) (ਸ਼ੋਰ)

ਡਾਕਟਰ ਅਮੀਰ ਸਿੰਘ ਕਲਕੱਟ : ** ** (ਵਿਘਨ) (ਸ਼ੋਰ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ , ** ** ਇਹ ਬੇਸ਼ਕ ਦੇਖ ਲੈਣ। ਇਸ ਚੀਜ਼ ਨੂੰ ਬੇਸ਼ਕ ਦੇਖ ਲਵੋ ਜੇ ਇਹ ਚੀਜ਼ ਸਾਬਤ ਨਾ ਹੋਵੇ ਤਾਂ ਇਨ੍ਹਾਂ ਤੋਂ ਅਸਤੀਫਾ ਦਿਵਾਉ। (ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਜਿਸ ਵੇਲੇ ਆਨਰੇਬਲ ਮੈਂਬਰਜ਼ ਬਗੈਰ ਪ੍ਰਮਿਸ਼ਨ ਲੈਣ ਦੇ ਆਪਣੇ ਆਪ ਹੀ ਖੜ੍ਹੇ ਹੋ ਕੇ ਆਪਣੀ ਸੀਟ ਤੇ ਬੋਲਣਾ ਸ਼ੁਰੂ ਕਰ ਦਿੰਦੇ ਹਨ ਤਾਂ ਇਸ ਤਰ੍ਹਾਂ ਰੂਲਜ਼ ਦੀ ਉਲੰਘਣਾ ਹੈ। ਇਸ ਤਰ੍ਹਾਂ ਹਾਊਸ ਦਾ ਵਕਤ ਜ਼ਾਇਆ ਹੁੰਦਾ ਹੈ। ਇਸ ਲਈ ਸਾਡੇ ਸਾਰਿਆਂ ਦੇ ਫਾਇਦੇ ਦੀ ਗੱਲ ਹੈ ਕਿ ਰੂਲਜ਼ ਦੇ ਮੁਤਾਬਿਕ ਜਿਸ ਦੀ ਵਾਰੀ ਹੋਵੇ ਉਸ ਦੀ ਗੱਲ ਸੁਣ ਲਵੋ ਅਤੇ ਜੇ ਕੋਈ ਇਤਰਾਜ਼ ਹੋਵੇ ਤਾਂ ਤੁਸੀਂ ਉਹ ਨੋਟ ਕਰ ਲਵੋ ਅਤੇ ਜਦ ਤੁਹਾਨੂੰ ਟਾਈਮ ਮਿਲੇ ਤੁਸੀਂ ਉਦੋਂ ਉਸ ਬਾਰੇ ਕਹਿ ਲਵੋ । ਤੁਹਾਨੂੰ ਕਹਿਣ ਦਾ ਪੂਰਾ ਅਧਿਕਾਰ ਹੈ। ਦੂਸਰੀ ਚੀਜ਼ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਪਰਸਨਲ ਐਕਸਪਲੇਨੇਸ਼ਨ ਦੇ ਤਹਿਤ ਤੁਸੀਂ ਬੜੀਆਂ ਲੰਮੀਆਂ ਲੰਮੀਆਂ ਸਪੀਚਾਂ ਕਰਦੇ ਹੋ ਇਹ ਠੀਕ ਨਹੀਂ ਹੈ । ਡਾਕਟਰ ਸਾਹਿਬ ਨੇ ਮਰੜ੍ਹੀ ਜੀ ਤੇ ਕੁਝ ਇਲਜ਼ਾਮ ਲਾਇਆ ਕਿ ** ** ** ਅਤੇ ਇਸ ਕਰਕੇ ਉਨ੍ਹਾਂ ਕੋਲ ਐਨੀ ਜਾਇਦਾਦ ਆ ਗਈ ਪਰ ਉਸ ਦਾ ਤੁਸੀਂ ਕੋਈ ਜਵਾਬ ਹੀ ਨਹੀਂ ਦਿੱਤਾ। (ਵਿਘਨ) (ਸ਼ੋਰ) (ਇਸ ਸਮੇਂ ਅਕਾਲੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਵਾਸਤੇ ਖੜ੍ਹੇ ਸਨ।) ਜੇ ਕੋਈ ਮਾੜੀ ਗਲ ਕਰਦਾ ਹੈ ਤਾਂ ਤੁਸੀਂ ਬਾਅਦ ਵਿਚ ਕਹਿ ਸਕਦੇ ਹੋ। ਇਸ ਲਈ ਮੈਂ ਯਕੀਨ ਦਿਵਾਉਂਦਾ ਹਾਂ ਕਿ ਰੂਲਜ਼ ਦੇ ਖਿਲਾਫ਼ ਜੇ ਡਾਕਟਰ ਸਾਹਿਬ ਜਾਂ ਕੋਈ ਹੋਰ ਵੀ ਕਹੇਗਾ ਤਾਂ ਮੈਂ ਉਹ ਰਿਕਾਰਡ ਤੇ ਨਹੀਂ ਆਉਣ ਦੇਵਾਂਗਾ। (I would like to point out that to stand up and start speaking without the permission of the Chair is a breach of the

---

**Expunged as ordered by the Chair.

[ਸ੍ਰੀ ਡਿਪਟੀ ਸਪੀਕਰ]

Rules of Procedure. It is in the interest of all that, as provided in the Rules, you may note down any point touched upon by another hon. Member and refer to it only in your turn. You have full right to have your say. Secondly, I would like to point out that long speeches on a Personal Explanation cannot be made. Dr. Sahib levelled some allegations against Sardar Karnail Singh Marhari that ** ** how he has amassed so much property. But you have not given reply to that charge. (*Interruption*) (*Noise*) (*At this stage most of the hon. Members of the Akali Party were standing in their seats to speak*) You can point out any reference made here which you consider to be not in good taste. So I would like to assure you that Dr. Sahib or any other Member who may stay something which is against the rules will not be allowed to come on record.)

ਸਰਦਾਰ ਅਜਾਇਬ ਸਿੰਘ ਸੰਧੂ : ਪਰ ਡਾਕਟਰ ਅਮੀਰ ਸਿੰਘ ਨੇ ਸਾਡੇ ਮੈਂਬਰ ਤੇ ਇਸ ਤਰ੍ਹਾਂ ਕਿਉਂ ਇਲਜ਼ਾਮ ਲਗਾਇਆ ਹੈ ? (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਧੰਨਾ ਸਿੰਘ ਗੁਲਸ਼ਨ ਬੋਲਣ ਵਾਸਤੇ ਖੜੇ ਹੋਏ।)

ਸ੍ਰੀ ਡਿਪਟੀ ਸਪੀਕਰ : ਤੁਸੀਂ ਫਿਰ ਬਗੈਰ ਪਰਮਿਸ਼ਨ ਦੇ ਕਹਿ ਰਹੇ ਹੋ । (Again you are speaking without the permission.)

ਮਾਲ ਅਤੇ ਚੋਣ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਥੇ ਸੀਲਿੰਗ ਦੀ ਗੱਲ ਚੱਲ ਰਹੀ ਹੈ, ਉਹ ਤਾਂ ਸਰਕਾਰ ਸੀਲਿੰਗ ਲਗਾ ਰਹੀ ਹੈ ਪਰ ਇਹ ਇਸ ਤਰ੍ਹਾਂ ਬੋਲ ਰਹੇ ਹਨ ਇਨ੍ਹਾਂ ਤੇ ਤੁਸੀਂ ਸੀਲਿੰਗ ਲਗਾ ਦਿਓ। (ਵਿਘਨ) (ਹਾਸਾ)

ਸਰਦਾਰ ਦਰਬਾਰਾ ਸਿੰਘ : ਡਿਪਟੀ ਸਪੀਕਰ ਸਾਹਿਬ, ਇਥੇ ਮੈਂਬਰਾਂ ਵਲੋਂ ਇਕ ਦੂਜੇ ਤੇ ਕਾਊਂਟਰ ਚਾਰਜ ਲਗਾਏ ਗਏ । ਮੈਂ ਕਹਾਂਗਾ ਕਿ ਇਹ ਸਾਡੇ ਰੂਲਜ਼ ਆਫ ਪਰੋਸੀਜਰ ਦੀ ਵਿਰੋਧਤਾ ਹੈ। ਇਹ ਸਬਸਟਾਂਟਿਵ ਮੋਸ਼ਨ ਤੋਂ ਬਗੈਰ ਨਹੀਂ ਲਾਏ ਜਾ ਸਕਦੇ। ਇਸ ਲਈ ਇਹ ਜਿਹੜੇ ਇਲਜ਼ਾਮ ਰਿਕਾਰਡ ਤੇ ਆਏ ਹਨ, ਇਹ ਸਾਰੇ ਐਕਸਪੰਜ ਕਰ ਦਿੱਤੇ ਜਾਣ।

ਸ੍ਰੀ ਡਿਪਟੀ ਸਪੀਕਰ : ਠੀਕ ਹੈ, ਉਹ ਐਕਸਪੰਜ ਕਰ ਦਿੱਤੇ ਜਾਣ ((It is right. Those charges should be expunged.)

ਸਰਦਾਰ ਧੰਨਾ ਸਿੰਘ ਗੁਲਸ਼ਨ : ਡਿਪਟੀ ਸਪੀਕਰ ਸਾਹਿਬ, ਮੈਂ ਇਕ ਮਿੰਟ ਬੋਲਣਾ ਹੈ।

ਸ੍ਰੀ ਡਿਪਟੀ ਸਪੀਕਰ : ਤੁਸੀਂ ਬੈਠ ਜਾਓ । (Please resume your seat).

ਸਰਦਾਰ ਧੰਨਾ ਸਿੰਘ ਗੁਲਸ਼ਨ : ਜੇ ਤੁਸੀਂ ਮੈਨੂੰ ਛੱਡ ਕੇ ਕਿਸੇ ਹੋਰ ਨੂੰ ਬੋਲਣ ਦੀ ਇਜਾਜ਼ਤ ਦਿੱਤੀ ਤਾਂ ਫਿਰ ਠੀਕ ਨਹੀਂ ਹੋਵੇਗਾ, ਫਿਰ ਮੈਂ ਵੀ ਬੋਲਾਂਗਾ । (ਵਿਘਨ)

ਕਾਮਰੇਡ ਸੱਘੜ ਸਿੰਘ: ਇਥੇ ਸਰਦਾਰ ਦਰਬਾਰਾ ਸਿੰਘ ਨੇ ਕਿਹਾ ਹੈ ਕਿ ਉਹ ਭਾਗ ਐਕਸਪੰਜ ਕੀਤਾ ਜਾਵੇ, ਪਰ ਮੈਂ ਕਹਿੰਦਾ ਹਾਂ ਕਿ ਹੋਰ ਤਾਂ ਕਟਾ ਦਿਉ ਪਰ ਜਿਹੜੀ 34 ਕਿਲੇ ਵਾਲੀ ਗੱਲ ਹੈ, ਉਹ ਨਾ ਐਕਸਪੰਜ ਕੀਤੀ ਜਾਵੇ। (ਹਾਸਾ) (ਵਿਘਨ)

**Expunged as ordered by the Chair.

ਸਰਦਾਰ ਧੰਨਾ ਸਿੰਘ ਗੁਲਸ਼ਨ : ** ** ** (ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਇਹ ਐਵੇਂ ਹੀ ਗਰਮ ਹੋ ਗਏ ਹਨ। ਮੈਂ ਤਾਂ ਕਹਿ ਰਿਹਾ ਸੀ ਇਹ ਰੈਜ਼ੋਲਿਊਸ਼ਨ ਜਿਹੜਾ ਆਇਆ ਹੈ ਇਹ ਬਾਦਲ ਵਲੋਂ ਨਹੀਂ ਸੀ ਆਉਣਾ ਚਾਹੀਦਾ, ਇਹ ਕਿਸੇ ਸਿਆਣੇ ਆਦਮੀ ਵਲੋਂ ਆਉਣਾ ਚਾਹੀਦਾ ਸੀ। (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਰੈਲੇਵੈਂਟ ਰਹੋ । (Please be relevent)

ਡਾਕਟਰ ਅਮੀਰ ਸਿੰਘ ਕਲਕਟ : ਇਨ੍ਹਾਂ ਨੇ ** ** ਆਦਮੀ ਤੋਂ ਰੈਜ਼ੋਲਿਊਸ਼ਨ ਦਿਵਾਇਆ ਹੈ। ਕਿਸੇ ਸਿਆਣੇ ਆਦਮੀ ਤੋਂ ਦਿਵਾਉਂਣ? (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਤੁਸੀਂ ਪਹਿਲਾਂ ਆਪਣੀ ਰੂਲਿੰਗ ਵਿਚ ਕਿਹਾ ਸੀ ਕਿ ** ਲਫ਼ਜ਼ ਅਨਪਾਰਲੀਮੈਂਟਰੀ ਹੈ। ਜਿਸ ਤਰੀਕੇ ਨਾਲ ਡਾਕਟਰ ਜੀ ਨੇ ਇਕ ਮਾਨਯੋਗ ਮੈਂਬਰ ਵਾਸਤੇ ਵਰਤਿਆ ਹੈ, ਉਹ ਮੈਂ ਸਮਝ-ਦਾ ਹਾਂ ਕਿ ਬੜਾ ਕੰਡੈਮੇਬਲ ਹੈ। ਇਸ ਨੂੰ ਐਕਸਪੰਜ ਕਰਾਓ।

ਸ੍ਰੀ ਡਿਪਟੀ ਸਪੀਕਰ : ਇਹ ਲਫ਼ਜ਼ ਐਕਸਪੰਜ ਕੀਤਾ ਜਾਵੇ। (ਵਿਘਨ) (ਸ਼ੋਰ) (This word should be expunged) (*Interruption*) (*Noise*)

ਵਿਦਿਆ ਮੰਤਰੀ (ਸ੍ਰੀ ਗੁਰਮੇਲ ਸਿੰਘ) : ** ** (ਵਿਘਨ) (ਸ਼ੋਰ)

Mr. Deputy Speaker.: This is no point of order.

ਸਰਦਾਰ ਕਰਨੈਲ ਸਿੰਘ ਮਰੜ੍ਹੀ : ** ** ** (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ should not form part of the proceedings. (Whatever is being said without the permission of the Chair, should not form part of the proceedings.)

ਡਾਕਟਰ ਅਮੀਰ ਸਿੰਘ ਕਲਕਟ: ਮੈਂ ਪਰਸੋਂ ਵੀ ਆਪਣੀਆਂ ਸੇਵਾਵਾਂ ਆਫਰ ਕੀਤੀਆਂ ਸਨ। ਜਿਹੜੇ ਮੈਂਟਲ ਪੇਸ਼ੈਂਟ ਹਨ, ਉਹ ਮੇਰੀ ਸਰਵਿਸ ਕਬੂਲ ਕਰ ਲੈਣ । (ਵਿਘਨ) (ਸ਼ੋਰ) ਹੁਣ ਮੈਂ ਇੰਪਲਾਇਮੈਂਟ ਦੇ ਬਾਰੇ ਕਹਿਣਾ ਚਾਹੁੰਦਾ ਹਾਂ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਡਾਕਟਰ ਜੀ ਨੇ ਹੁਣੇ ਬੋਲਦੇ ਹੋਇਆਂ ਕਿਹਾ ਹੈ ਕਿ ਮਰੜ੍ਹੀ ਸਾਹਿਬ ਮੈਂਟਲ ਪੇਸ਼ੈਂਟ ਹਨ। (ਵਿਘਨ)

ਸ੍ਰੀ ਡਿਪਟੀ ਸਪੀਕਰ : ਉਨ੍ਹਾਂ ਨੇ ਨਹੀਂ ਕਿਹਾ। (He has not said so.)

**Expunged as ordered by the Chair.

ਸ੍ਰੀ ਗੁਰਦਿਆਲ ਸੈਣੀ : ** **

Mr. Deputy Speaker: It should not be recorded.

ਸਰਦਾਰ ਅਜਾਇਬ ਸਿੰਘ ਸੰਧੂ : ਕੀ ਮੈਂਟਲ ਪੇਸ਼ੈਂਟ ਵਾਲਾ ਕਟਾ ਦਿਤਾ ਹੈ । (ਵਿਘਨ)

ਸ੍ਰੀ ਡਿਪਟੀ ਸਪੀਕਰ : ਉਨ੍ਹਾਂ ਨੇ ਨਹੀਂ ਕਿਹਾ । (He has not said so.)

RESUMPTION OF DISCUSSION ON THE RESOLUTION MOVED BY SARDAR GURDEV SINGH BADAL, M.L.A., ON 28TH FEBRUARY, 1974.

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਇਸ ਰੈਜ਼ੋਲਿਊਸ਼ਨ ਵਿਚ ਅਨਐਮਪਲਾਇਮੈਂਟ ਬਾਰੇ .... (ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕਿੰਨਾਂ ਇਨਕਲਾਬ ਆ ਗਿਆ ਹੈ । ਜਿਹੜੇ ਹਜ਼ਾਰਾਂ ਏਕੜ ਜ਼ਮੀਨਾਂ ਦੇ ਮਾਲਕ ਸੀ .... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : (ਬੈਠੇ ਬੈਠੇ) ਜੈ ਭੀਮ, ਜੈ ਭੀਮ।

ਸ੍ਰੀ ਡਿਪਟੀ ਸਪੀਕਰ : ਆਰਡਰ, ਆਰਡਰ ਪਲੀਜ਼ । ਬੈਠੇ ਬੈਠੇ ਇਨਟਰੱਪਟ ਕਰਨਾ ਮਾੜੀ ਗਲ ਹੈ । ((Order, order please. It is not proper to interrupt while seated.)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਰਗੇ ਜਿਨ੍ਹਾਂ ਕੋਲ ਹਜ਼ਾਰਾਂ ਏਕੜ ਜ਼ਮੀਨ ਹੈ ਉਹ ਨਹੀਂ ਕਹਿੰਦੇ ਕਿ ਲੈ ਲਓ । ਡਾਕਟਰ ਅਮੀਰ ਸਿੰਘ ਕਲਕੱਟ ਜੀ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਜਿਹੜੀ ਜ਼ਮੀਨ ਸੀਲਿੰਗ ਤੋਂ ਬਚਦੀ ਹੈ ਉਹ ਹਰੀਜ਼ਨਾਂ ਨੂੰ ਦੇਣ ਦਾ ਉਨ੍ਹਾਂ ਨੇ ਵਾਇਦਾ ਕੀਤਾ ਹੈ। (ਵਿਘਨ)

ਅਕਾਲੀ ਪਾਰਟੀ ਵਲੋਂ ਇਕ ਆਵਾਜ਼ : ਉਨ੍ਹਾਂ ਨੇ ਸਾਰੀ ਕਿਹਾ ਹੈ। (ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਚਲੋ ਸਾਰੀ ਹੀ ਸਹੀ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ .... (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਤਾਂ ਇਹੀ ਕਹਿੰਦਾ ਹਾਂ ਕਿ ਇਹੋ ਜਿਹੇ ਰੈਜ਼ੋਲਿਊਸ਼ਨਾਂ ਨਾਲ ਕੁਝ ਨਹੀਂ ਬਣਨਾ, ਕੁਝ ਪ੍ਰੈਕਟੀਕਲੀ ਕਰਕੇ ਦਿਖਾਓ। ਗਿਆਨੀ ਜੀ ਨੇ ਜੋ ਕੁਝ ਕਿਹਾ ਹੈ ਉਹ ਪ੍ਰੈਕਟੀਕਲੀ ਕਰਕੇ ਦਿਖਾਇਆ ਹੈ। (ਵਿਘਨ) ਇੰਦਰਾ ਗਾਂਧੀ ਜੀ ਨੇ ਜੋ ਕੁਝ ਕਿਹਾ ਉਹ ਕਰਕੇ ਦਿਖਾ ਰਹੇ ਹਨ। ਇਹ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਕਰੈਡਿਟ ਜਾਂਦਾ ਹੈ, ਇਹ ਇੰਦਰਾ ਗਾਂਧੀ ਜੀ ਨੂੰ ਕਰੈਡਿਟ ਜਾਂਦਾ ਹੈ ਕਿ ਉਸ ਨੇ ਮੁਲਕ ਵਿਚ ਗਰੀਬਾਂ ਨੂੰ ਰੋਟੀ ਦਿਤੀ । (ਵਿਘਨ) ਉਨ੍ਹਾਂ ਨੇ ਗਰੀਬੀ ਹਟਾਓ ਦਾ ਨਾਹਰਾ ਲਗਾਇਆ ਸੀ । (ਵਿਘਨ) ਇਨ੍ਹਾਂ ਨੂੰ ਅਮਰੀਕਾ ਵਲੋਂ ਜੀਪਾਂ ਮਿਲੀਆਂ ਯੂ.ਪੀ. ਦੀ ਇਲੈਕਸ਼ਨ ਲੜਨ ਵਾਸਤੇ। ਇਹ ਯੂ.ਪੀ. ਵਿਚ ਜੀਪਾਂ ਲਈ ਫਿਰਦੇ ਰਹੇ। (ਵਿਘਨ) ਇੰਦਰਾ ਗਾਂਧੀ ਜੀ ਨੇ ਸੋਸ਼ਲਿਜ਼ਮ ਲਿਆਉਣਾ ਹੈ, ਸਮਾਜਵਾਦ ਲਿਆਉਣਾ ਹੈ, ਗਰੀਬੀ ਦੂਰ ਕਰਨੀ ਹੈ ਪਰ ਇਹ ਉਨ੍ਹਾਂ ਦੇ ਖਿਲਾਫ ਗਲਾਂ ਕਰ ਰਹੇ ਹਨ .... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ** ** ** (ਵਿਘਨ)

Mr. Deputy Speaker : This is no point of order. Please be seated.

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਜਨਸੰਘ ਅਤੇ ਹੋਰ ਪਾਰਟੀਆਂ ਨੇ ਬਾਹਰੋਂ ਰੁਪਿਆ ਲੈ ਕੇ, ਅਮਰੀਕਾ ਵਰਗੇ ਜਿਹੜੇ ਇਸ ਚੀਜ਼ ਨੂੰ ਜਰ ਨਹੀਂ ਸਕਦੇ ਕਿ

**Not recorded Expunged as ordered by the Chair.

ਇੰਦਰਾ ਗਾਂਧੀ ਜੀ ਦੀ ਦੁਨੀਆਂ ਵਿਚ ਕੋਈ ਸਿਫਤ ਹੋਵੇ, ਅੰਗਰੇਜ਼ ਜਿਨ੍ਹਾਂ ਨੇ .... (ਵਿਘਨ) (ਸਰਦਾਰ ਅਜਾਇਬ ਸਿੰਘ ਸੰਧੂ ਵਲੋਂ ਵਿਘਨ) ਉਸ ਵੇਲੇ ਜਿਸ ਹਿੰਦੁਸਤਾਨੀ ਨੂੰ ਕਿਸੇ ਹੋਟਲ ਵਿਚ ਵੜਨ ਨਹੀਂ ਸੀ ਦਿਤਾ ਜਾਂਦਾ, ਜਿਸ ਹਿੰਦੁਸਤਾਨੀ ਨੂੰ ਦੇਰਕਾਰਿਆ ਜਾਂਦਾ ਸੀ ਉਸ ਦੇ ਲਈ ਇੰਦਰਾ ਗਾਂਧੀ ਜੀ ਨੇ ਉਹ ਕੁਝ ਕਰ ਦਿਖਾਇਆ ਹੈ ਜਿਹੜਾ ਦੁਨੀਆਂ ਵਿਚ ਕੋਈ ਨਹੀਂ ਕਰ ਸਕਦਾ। (ਵਿਘਨ) ਕਿੰਨਾਂ ਜ਼ੋਰ ਤੁਸੀਂ ਲਾਇਆ, ਕੀ ਲਭਿਆ ਹੈ ਯੂ.ਪੀ. ਤੋਂ ?

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਅੰਤੇ ਤੁਹਾਡੀ ਕੁਰਸੀ ਦਾ ਬਹੁਤ ਇਹਤਰਾਮ ਕਰਦਾ ਹਾਂ। ਤੁਸੀਂ ਪਿਛਲੇ ਦਿਨਾਂ ਵਿਚ ਇਹ ਫੁਰਮਾਇਆ ਸੀ ਕਿ ਕਾਂਗਰਸ ਪਾਰਟੀ ਦਾ ਨਾਮ ਨਹੀਂ ਲੈਣਾ ਉਸ ਵੇਲੇ ਅਸੀਂ ਤੁਹਾਡੇ ਨਾਲ ਇਹ ਗੱਲ ਕੀਤੀ ਸੀ ਕਿ ਨਾ ਇਹ ਸਾਡਾ ਨਾਮ ਲੈਣ ਅਤੇ ਨਾ ਅਸੀਂ ਇਨ੍ਹਾਂ ਦਾ ਨਾਮ ਲਵਾਂਗੇ। ਅਸੀਂ ਜੋ ਕਹਿਣਾ ਹੈ ਉਹ ਗੌਰਮਿੰਟ ਕਹਿ ਕੇ ਕਹਾਂਗੇ ਅਤੇ ਜੋ ਇਹ ਕਹਿਣ ਆਪੋਜ਼ੀਸ਼ਨ ਕਹਿ ਕੇ ਕਹਿਣ। ਅੱਜ ਡਾਕਟਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਅਮਰੀਕਾ ਤੋਂ ਜੀਪਾਂ ਲੈ ਕੇ , ਯੂ.ਪੀ. ਵਿਚ ਗਏ ਹਾਂ। ਇਹ ਬੇਸਲੈਸ ਗੱਲ ਹੈ, ਇਸ ਨੂੰ ਕਟਾ ਦਿਉ। (ਵਿਘਨ)

ਸ੍ਰੀ ਡਿਪਟੀ ਸਪੀਕਰ: ਜੇ ਅਕਾਲੀ ਪਾਰਟੀ ਕਿਹਾ ਹੈ ਤਾਂ ਕਟ ਦਿਉ , ਜੇ ਆਪੋਜ਼ੀਸ਼ਨ ਕਿਹਾ ਹੈ ਤਾਂ .... (ਵਿਘਨ) (If the word 'Akali Party' has been used then it may be expunged, if 'Opposition' has been said ....) (*Interruption*)

Sardar Ajaib Singh Sandhu : Here 'Opposition' means 'Akali Dal'. (*Interruption*). ਇਹ ਮਾਮਲਾ ਮਾੜਾ ਹੋਵੇਗਾ। (ਵਿਘਨ)

ਸ੍ਰੀ ਡਿਪਟੀ ਸਪੀਕਰ : ਆਪੋਜ਼ੀਸ਼ਨ ਵਿਚ ਸੀ.ਪੀ.ਆਈ. ਵੀ ਹਨ, ਅਕਾਲੀ ਵੀ ਹਨ, ਸੀ.ਪੀ. ਆਈ. (ਐਮ.) ਵੀ ਹੈ। (ਵਿਘਨ) (In the Opposition there are Members of the C. P. I. Group, Akali Party and C. P. I. (M) Group)

Sardar Ajaib Singh Sandhu : We are Akali Members. He is referring to us.

ਮਾਲ ਅਤੇ ਚੋਣ ਮੰਤਰੀ: (ਸਰਦਾਰ ਉਮਰਾਓ ਸਿੰਘ): ਡਿਪਟੀ ਸਪੀਕਰ ਸਾਹਿਬ, ਜੇ ਤਾਂ ਅਕਾਲੀ ਪਾਰਟੀ ਦਾ ਨਾਮ ਲਿਆ ਹੈ ਤਾਂ ਤੇ ਬੇਸ਼ਕ ਲਫਜ਼ ਕਟਵਾ ਦਿਤੇ ਜਾਣ ਪਰ ਜੇ ਆਪੋਜ਼ੀਸ਼ਨ ਪਾਰਟੀ ਕਿਹਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਲੈਣਾ ਚਾਹੀਦਾ ਕਿ ਉਹ ਅਕਾਲੀ ਹੀ ਹਨ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸਪੈਸ਼ਲੀ ਇਨ੍ਹਾਂ ਨੂੰ ਲਫਜ਼ ਕਿਹਾ ਸੀ, ਜੇ ਉਸ ਦਾ ਮਤਲਬ ਅਕਾਲੀ ਦਲ ਨਹੀਂ ਸੀ ਤਾਂ ਠੀਕ ਹੈ। (ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕਿਸ ਰੂਲ ਦੇ ਤਹਿਤ ਅਕਾਲੀ ਪਾਰਟੀ ਕਾਂਗਰਸ ਪਾਰਟੀ ਦਾ ਨਾਮ ਨਹੀਂ ਲਿਆ ਜਾਣਾ ਚਾਹੀਦਾ ? ਇਸ ਤੇ ਆਪਣੀ ਤੁਸੀਂ ਰੂਲਿੰਗ ਦਿਓ । (ਵਿਘਨ)

ਸ੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਮੈਂ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਹੜੇ ਰੂਲ ਦੇ ਮੁਤਾਬਕ ਤੁਸੀਂ ਕਹਿੰਦੇ ਹੋ ਕਿ ਪਾਰਟੀ ਦਾ ਨਾਮ ਨਾ ਲਿਆ ਜਾਵੇ। ਅਸੀਂ ਪਾਰਟੀ ਦੇ ਮੈਂਬਰ ਹਾਂ ਅਤੇ ਇਲੈਕਸ਼ਨ ਲੜ ਕੇ ਇਥੇ ਆਏ ਹਾਂ, ਅਸੀਂ ਆਪਣੀ ਪਾਰਟੀ ਦੀ ਸਿਫਤ ਵੀ ਕਰਨੀ ਹੈ ਅਤੇ ਦੂਸਰੀ ਪਾਰਟੀ ਜੇ ਕੋਈ ਮਾੜਾ ਕੰਮ ਕਰਦੀ ਹੈ ਤਾਂ ਉਸਦੇ ਖਿਲਾਫ਼ ਵੀ ਬੋਲਣਾ ਹੈ। ਜੇ ਅਸੀਂ ਇਸ ਤਰ੍ਹਾਂ ਦੀ ਗੱਲ ਨਹੀਂ ਕਹਿ ਸਕਦੇ ਤਾਂ ਸਾਡੇ ਇਥੇ ਬੈਠਣ ਦਾ ਕੀ ਲਾਭ ਹੈ। ਸਾਡਾ ਕੋਈ ਹੱਕ ਨਹੀਂ ...... (ਵਿਘਨ)

ਸ੍ਰੀ ਡਿਪਟੀ ਸਪੀਕਰ : ਮੇਰਾ ਵਿਚਾਰ ਹੈ ਕਿ ਅਕਾਲੀ ਪਾਰਟੀ ਜਾਂ ਕਾਂਗਰਸ ਪਾਰਟੀ ਦੀ ਪ੍ਰਸ਼ੰਸਾ ਜਾਂ ਵਿਰੋਧਤਾ ਹਾਊਸ ਦੇ ਬਾਹਰ ਕਰੋ। ਇਹ ਜਿਹੜਾ ਹਾਊਸ ਹੈ ਇਥੇ ਪੰਜਾਬ ਦੀਆਂ ਸਮੱਸਿਆਵਾਂ ਤੇ ਵਿਚਾਰ ਕਰਨਾ ਚਾਹੀਦਾ ਹੈ। ਅਗਰ ਰੂਲਿੰਗ ਪਾਰਟੀ ਨੂੰ, ਸਰਕਾਰ ਨੂੰ ਕੋਈ ਕ੍ਰਿਟਿਸਾਈਜ਼ ਕਰਨਾ ਹੈ ਤਾਂ ਜੋ ਆਪੋਜ਼ੀਸ਼ਨ ਪਾਰਟੀ ਨੇ ਇਤਰਾਜ਼ ਕਰਨਾ ਹੈ ਉਹ ਰੂਲਿੰਗ ਪਾਰਟੀ ਕਹਿ ਕੇ ਕਰ ਸਕਦੀ ਹੈ ਅਤੇ ਜੇ ਰੂਲਿੰਗ ਪਾਰਟੀ ਨੇ ਆਪੋਜ਼ੀਸ਼ਨ ਨੂੰ ਕ੍ਰਿਟਿਸਾਈਜ਼ ਕਰਨਾ ਹੈ ਤਾਂ ਆਪੋਜ਼ੀਸ਼ਨ ਕਹਿ ਕੇ ਇਤਰਾਜ਼ ਕਰ ਸਕਦੀ ਹੈ। ਲੇਕਿਨ ਜਿਹੜੀਆਂ ਸਿਆਸੀ ਪਾਰਟੀਆਂ ਬਾਹਰ ਹਨ ਅਤੇ ਜਿਹੜੀਆਂ ਇਥੇ ਮੌਜੂਦ ਨਹੀਂ ਜੇ ਉਨ੍ਹਾਂ ਦਾ ਨਾਮ ਲੈ ਕੇ ਇਸ ਦੇ ਵਿਚ ਕੋਈ ਗੱਲ ਇਨਵਾਲਵਡ ਕਰਾਂਗੇ ਤਾਂ ਜੋ ਡੀਬੇਟ ਦਾ ਮੰਤਵ ਹੈ ਉਹ ਹੱਲ ਨਹੀਂ ਹੋਵੇਗਾ(ਵਿਘਨ) ਥੰਪਿੰਗ))

(I think that the Congress Party or the Akali Party should be discussed outside the House. In this House we should discuss the problems of the people. If the opposition party wants to criticise the policies of ruling party or the Government, it can do so and if the ruling party wants to criticise the role of Opposition here it can also do so. But if we involve and discuss all the political parties which are not present in the House then the purpose of the debate will not be served).

ਸ੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਇਧਰ ਅਕਾਲੀ ਪਾਰਟੀ ਬੈਠੀ ਹੈ ਅਤੇ ਇਧਰ ਕਾਂਗਰਸ ਪਾਰਟੀ ਬੈਠੀ ਹੈ, ਤੁਸੀਂ ਕਿਹੜੀ ਪਾਰਟੀ ਨੂੰ ਕਹਿੰਦੇ ਹੋ ...... (ਵਿਘਨ) ਤੁਸੀਂ ਡਿਪਟੀ ਸਪੀਕਰ ਸਾਹਿਬ, ਇਹ ਰੂਲਿੰਗ ਠੀਕ ਨਹੀਂ ਦਿਤੀ। (ਵਿਘਨ)

ਸ੍ਰੀ ਡਿਪਟੀ ਸਪੀਕਰ : ਹਾਊਸ ਸੁਪਰੀਮ ਹੈ, ਅਗਰ ਹਾਊਸ ਇਸ ਗੱਲ ਤੇ ਸਹਿਮਤ ਨਹੀਂ ਔਰ ਸਿਆਸੀ ਪਾਰਟੀਆਂ ਨੂੰ ਇਥੇ ਡਿਸਕਸ ਕਰਨਾ ਚਾਹੁੰਦਾ ਹੈ ਤਾਂ ਮੇਰੇ ਵਲੋਂ ਕੋਈ ਇਤਰਾਜ਼ ਨਹੀਂ ਪਾਸ ਕਰ ਲਓ ਮੈਂ ਅਲਾਓ ਕਰ ਦੇਵਾਂਗਾ। ਮੈਂ ਤਾਂ ਆਪਣੇ ਵਿਚਾਰ ਤੁਹਾਨੂੰ ਦਿਤੇ ਹਨ

(House is supreme. If the House does not agree to my suggestion and want to discuss here all the political parties then I have no objection. The House may decide it and I will allow it. I have given only my views.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜੀ ਹੁਣੇ ਤੁਸੀਂ ਰੂਲਿੰਗ ਦਿਤੀ ਹੈ, ਇਹ ਰੂਲਿੰਗਜ਼ ਕਈ ਵਾਰ ਪ੍ਰੈਸੀਡੈਂਟਸ ਬਣ ਜਾਂਦੀਆਂ ਹਨ। ਮੈਂ ਸਮਝਦਾ ਹਾਂ ਕਿ ਸਾਡੇ ਰੂਲਜ਼ ਵਿਚ ਐਸੀ ਕੋਈ ਗੱਲ ਨਹੀਂ ਕਿ ਕਿਸੇ ਪਾਰਟੀ ਨੂੰ ਕ੍ਰਿਟਿਸਾਈਜ਼ ਨਾ ਕਰੋ। ਇਸ ਵਾਸਤੇ ਮੇਰੀ ਅਰਜ਼ ਹੈ ਕਿ ਤੁਸੀਂ ਆਪਣੀ ਇਸ ਰੂਲਿੰਗ ਨੂੰ ਰੀਕੰਸਿਡਰ ਕਰੋ। ਅਸੀਂ ਪਾਰਟੀਆਂ ਦੇ ਨੁਮਾਇੰਦੇ ਇਥੇ ਬੈਠੇ ਹਾਂ ਅਸੀਂ ਆਪਣੀ ਪਾਰਟੀ ਦਾ

ਪੁਆਇੰਟ ਆਫ਼ ਵਿਉ ਦਸਣਾ ਹੈ ਅਤੇ ਜਿਹੜੀ ਦੂਸਰੀ ਮੁਖ਼ਾਲਿਫ ਪਾਰਟੀ ਹੈ ਉਸ ਦੀਆਂ ਕਾਰਵਾਈਆਂ ਬਾਰੇ ਵੀ ਦਸਣਾ ਹੈ ਕਿ ਉਹ ਕੀ ਰੋਲ ਅਦਾ ਕਰ ਰਹੀਆਂ ਹਨ। ਤੁਸੀਂ ਐਡੀ ਵੱਡੀ ਰੂਲਿੰਗ ਨਾ ਦਿਓ ...... (ਵਿਘਨ)

ਸ੍ਰੀ ਡਿਪਟੀ ਸਪੀਕਰ : ਜੋ ਗਲ ਪ੍ਰੇਮ ਸਿੰਘ ਪ੍ਰੇਮ ਨੇ ਕਹੀ ਹੈ, ਉਸ ਬਾਰੇ ਮੈਂ ਸਾਰੀਆਂ ਪਾਰਟੀਆਂ ਦੇ ਲੀਡਰਜ਼ ਸਾਹਿਬਾਨ ਨੂੰ ਬੁਲਾ ਕੇ ਉਨ੍ਹਾਂ ਦੀ ਕਨਸੈਂਟ ਲੈ ਲਵਾਂਗਾ ਅਤੇ ਜੋ ਫੈਸਲਾ ਹੋਇਆ ਉਹ ਕਰ ਲਵਾਂਗੇ। (I will call the meeting of the party leaders to consider the views expressed by Sardar Prem Singh Prem and whatever is decided in that meeting will be followed).

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜੋ ਪ੍ਰੇਮ ਜੀ ਨੇ ਨੁਕਤਾ ਉਠਾਇਆ ਹੈ ਮੈਂ ਉਸ ਦੇ ਸਮਰਥਨ ਵਾਸਤੇ ਖੜਾ ਹੋਇਆ ਹਾਂ। ਅਸੀਂ ਇਸ ਹਾਊਸ ਵਿਚ ਸਿਆਸੀ ਪਾਰਟੀਆਂ ਦੇ ਰੋਲ ਜਾਂ ਸਰਕਾਰ ਦਾ ਜਿਸ ਤਰ੍ਹਾਂ ਸਰਕਾਰ ਦੀ ਐਡਮਨਿਸਟਰੇਸ਼ਨ ਚਲਦੀ ਹੈ ਉਨ੍ਹਾਂ ਸਾਰਿਆਂ ਦੀ ਡੈਲੀਬਰੇਸ਼ਨ ਵਾਸਤੇ ਇਕੱਠੇ ਹੋਏ ਹਾਂ। ਸਿਆਸੀ ਪਾਰਟੀਆਂ ਦਾ ਰੋਲ ਚੰਗਾ ਹੈ ਜਾਂ ਮੰਦਾ ਹੈ ਉਹ ਦਸਣਾ ਹੁੰਦਾ ਹੈ। ਇਸ ਲਈ ਐਡੀ ਵੱਡੀ ਰੂਲਿੰਗ ਨਹੀਂ ਹੋਣੀ ਚਾਹੀਦੀ।

ਸ੍ਰੀ ਡਿਪਟੀ ਸਪੀਕਰ : ਤਿੰਨੇ ਲੀਡਰ ਸਾਹਿਬਾਨ ਨੂੰ ਬਲਾ ਕੇ ਇਸ ਬਾਰੇ ਫੈਸਲਾ ਕਰ ਲਵਾਂਗੇ । (It will be decided in consultation with all the three party leaders.)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਹਾਊਸ ਦੀ ਕਨਵੈਨਸ਼ਨ ਇਹ ਹੈ ਕਿ ਇਸ ਹਾਊਸ ਵਿਚ ਐਸੇ ਬੰਦੇ ਦਾ ਜਾਂ ਐਸੇ ਲੀਡਰ ਦਾ, ਜਿਹੜਾ ਕਿਸੇ ਵੀ ਪਾਰਟੀ ਨਾਲ ਤੁਅੱਲਕ ਰਖਦਾ ਹੋਵੇ, ਨਾਮ ਨਹੀਂ ਲੈਣਾ ਜਿਹੜਾ ਕਿ ਆਪਣੇ ਆਪ ਨੂੰ ਡਿਫੈਂਡ ਨਾ ਕਰ ਸਕੇ ਜਿਸ ਤਰ੍ਹਾਂ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਦਸਿਆ ਹੈ ਕਿ ਅਸੀਂ ਪਾਰਟੀਆਂ ਦੇ ਮੈਂਬਰ ਹਾਂ, ਅਸੀਂ ਇਲੈਕਸ਼ਨ ਲੜ ਕੇ ਆਏ ਹਾਂ, ਅਸੀਂ ਆਪਣੀ ਗੱਲ ਵੀ ਇਥੇ ਹਾਊਸ ਵਿਚ ਦਸਣੀ ਹੈ ਅਤੇ ਮੁਖਾਲਿਫ਼ ਪਾਰਟੀ ਦੀ ਵੀ ਗਲ ਦਸਣੀ ਹੈ। ਪਾਰਟੀਲੈਸ ਹਾਊਸ ਕਦੇ ਨਹੀਂ ਹੋ ਸਕਦਾ। ਇਹ ਚੀਜ਼ ਹੋਰ ਸੂਬਿਆਂ ਵਿਚ ਵੀ ਹੁੰਦੀ ਹੈ ਅਤੇ ਪੰਜਾਬ ਦੀ ਅਸੈਂਬਲੀ ਨੈਸ਼ਨਲ ਸਿਸਟਮ ਤੋਂ ਅਲਾਹਿਦਾ ਨਹੀਂ ਹੋ ਸਕਦੀ। ਪਾਰਟੀਆਂ ਤਾਂ ਡਿਸਕਸ ਹੁੰਦੀਆਂ ਹੀ ਰਹਿਣਗੀਆਂ।

ਮਾਲ ਮੰਤਰੀ(ਸਰਦਾਰ ਉਮਰਾਓ ਸਿੰਘ) : ਡਿਪਟੀ ਸਪੀਕਰ ਸਾਹਿਬ, ਗੱਲ ਸਿਰਫ਼ ਇਤਨੀ ਹੀ ਸੀ ਕਿ ਡਾਕਟਰ ਸਾਹਿਬ ਨੇ ਕੁਝ ਪਾਰਟੀਆਂ ਦਾ ਨਾਮ ਲੈ ਕੇ ਕਿਹਾ ਸੀ (ਵਿਘਨ) ਕਿ ਉਹ ਅਮਰੀਕਾ ਵਿਚੋਂ ਜੀਪਾਂ ਲੈਂਦੀਆਂ ਹਨ ਯਾਨੀ ਫਾਰਨ ਕੰਟਰੀਜ਼ ਤੋਂ ਜੀਪਾਂ ਲੈਂਦੀਆਂ ਹਨ। ਮੈਂ ਪਹਿਲੋਂ ਹੀ ਤੁਹਾਨੂੰ ਇਸ ਬਾਰੇ ਰਿਕੁਐਸਟ ਕਰ ਦਿਤੀ ਸੀ ਕਿ ਅਗਰ ਉਸ ਵਿਚ ਕੋਈ ਇਤਰਾਜ਼ ਵਾਲੀ ਚੀਜ਼ ਹੈ ਤਾਂ ਐਕਸਪੰਜ ਕਰਾ ਦਿਤੀ ਜਾਵੇ। ਮੈਂ ਇਹ ਨਹੀਂ ਚਾਹੁੰਦਾ ਕਿ ਅਸੀਂ ਇਕ ਦੂਜੇ ਦੇ ਖਿਲਾਫ਼ ਕਹੀਏ। ਗੌਰਮੈਂਟ ਦਾ ਫ਼ਰਜ਼ ਹੈ ਕਿ ਉਹ ਆਪਣੇ ਕਮ ਠੀਕ ਤਰੀਕੇ ਨਾਲ ਦਸੇ ਅਤੇ ਆਪੋਜ਼ੀਸ਼ਨ ਦਾ ਫਰਜ਼ ਹੈ ਕਿ ਉਹ ਆਪਣੀ ਗੱਲ ਕਹੇ ਕਿ ਉਨ੍ਹਾਂ ਨੇ ਕੀ ਰੋਲ ਅਦਾ ਕੀਤਾ। (ਵਿਘਨ)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਕੀ ਫੈਸਲਾ ਹੋਇਆ ?

ਸ੍ਰੀ ਡਿਪਟੀ ਸਪੀਕਰ : ਉਹ ਫੈਸਲਾ ਕਰ ਲਵਾਂਗੇ। (We will decide that matter).

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਤੁਸੀਂ ਆਪਣਾ ਫੈਸਲਾ ਰਿਜ਼ਰਵ ਰਖ ਲਿਆ ਡਾਕਟਰ ਸਾਹਿਬ ਨੇ ਬੋਲਣਾ ਹੈ ਉਸ ਵਾਸਤੇ ਕੀ ਹੁਕਮ ਹੈ ਉਨ੍ਹਾਂ ਨੇ ਪਾਰਟੀਆਂ ਦਾ ਨਾਮ ਲੈਣਾ ਹੈ ? ......

ਸ੍ਰੀ ਡਿਪਟੀ ਸਪੀਕਰ : ਮੈਂ ਆਪਣਾ ਫੈਸਲਾ ਦੇ ਦਿਤਾ ਹੈ। ਬਾਕੀ ਪਾਰਟੀਆਂ ਦੇ ਲੀਡਰਜ਼ ਨਾਲ ਫਿਰ ਗੱਲ ਕਰ ਲਵਾਂਗੇ ...... (I have given my ruling. However, we will discuss it with the leaders of all the parties)

ਸ੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅਜੇ ਹਾਊਸ ਦਾ ਅੱਧਾ ਘੰਟਾ ਟਾਈਮ ਰਹਿੰਦਾ ਹੈ ਔਰ ਡਾਕਟਰ ਸਾਹਿਬ ਨੇ ਬੋਲਣਾ ਹੈ, ਮੈਂ ਵੀ ਬੋਲਣਾ ਹੈ ਅਤੇ ਮੇਰੇ ਬਾਅਦ ਹਰ ਮੈਂਬਰ ਸਾਹਿਬਾਨ ਨੇ ਬੋਲਣਾ ਹੈ। ਅਸੀਂ ਨਾਮ ਲੈ ਸਕਦੇ ਹਾਂ ਜਾਂ ਨਹੀ ?

ਸ੍ਰੀ ਡਿਪਟੀ ਸਪੀਕਰ : ਤੁਸੀਂ ਬੋਲੋ ਤਾਂ ਸਹੀ ... (Let the hon. Member continue his speech)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਪਿਛਲੇ ਦਿਨਾਂ ਵਿਚ ਵੀ ਤੁਸੀਂ ਇਹ ਫ਼ੈਸਲਾ ਕੀਤਾ ਸੀ ਅਤੇ ਇਹ ਮਾਮਲਾ ਸਪੀਕਰ ਸਾਹਿਬ ਦੇ ਕੋਲ ਵੀ ਆਇਆ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਪਾਰਟੀਆਂ ਦਾ ਨਾਮ ਲਿਆ ਜਾ ਸਕਦਾ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਤੁਹਾਡੀ ਰੂਲਿੰਗ ਠੀਕ ਹੈ ਜਾਂ ਸਪੀਕਰ ਸਾਹਿਬ ਦੀ ? (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਚੀਜ਼ ਤਾਂ ਕੰਟੈਕਸਟ ਤੋਂ ਵੇਖਾਂਗੇ ...... (ਵਿਘਨ) (Everything is to be decided in the context of the speech)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਾਡਾ ਜਿਹੜਾ ਗੌਰਮਿੰਟ ਦਾ ਸਿਸਟਮ ਹੈ ਇਹ ਪੁਲੀਟੀਕਲ ਪਾਰਟੀਆਂ ਤੇ ਬੇਸਿਡ ਹੈ ਇਸ ਲਈ ਤੁਹਾਨੂੰ ਕਿਸੇ ਆਪੋਜ਼ੀਸ਼ਨ ਦੇ ਲੀਡਰ ਨਾਲ ਜਾਂ ਕਿਸੇ ਹੋਰ ਲੀਡਰ ਨਾਲ ਇਸ ਗੱਲ ਬਾਰੇ ਸਲਾਹ ਲੈਣ ਦੀ ਲੋੜ ਨਹੀਂ ਹੈ, ਤੁਸੀਂ ਆਪ ਹੀ ਰਿਸਿੰਡ ਕਰ ਦਿਓ ਆਪਣੀ ਰੂਲਿੰਗ...... (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਸਾਡੀ ਮਹਾਨ ਪ੍ਰਾਈਮ ਮਨਿਸਟਰ ਨੇ ਇਕ ਬੜਾ ਤਕੜਾ ਕਰੈਸ਼ ਪ੍ਰੋਗਰਾਮ ਸਾਰੇ ਹਿੰਦੁਸਤਾਨ ਵਿਚ ਲਾਗੂ ਕੀਤਾ ਜਿਸ ਦੇ ਨਾਲ ਜਿਹੜੇ ਸਾਡੇ ਬਹੁਤ ਸਾਰੇ ਅਨਐਮਪਲਾਇਡ ਲੋਕ ਸਨ ਉਨ੍ਹਾਂ ਨੂੰ ਜਾਬਜ਼ ਮਿਲੀਆਂ। ਅਨਐਮਪਲਾਇਮੈਂਟ ਦੂਰ ਕਰਨ ਵਾਸਤੇ ਸਾਡੀ ਸਰਕਾਰ ਪੂਰੇ ਯਤਨ ਕਰ ਰਹੀ ਹੈ। ਮੈਨੂੰ ਖੁਸ਼ੀ ਹੈ ਕਿ ਮੇਰੀ ਸਰਕਾਰ ਨੇ ਹਾਫ਼ ਮਿਲੀਅਨ ਪ੍ਰੋਗਰਾਮ ਲਿਆ ਹੈ ......

1-00 p.m. (ਇਸ ਸਮੇਂ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਜਿਹੜੇ ਬੇਕਾਰ ਲੋਕ ਸਨ ਉਨ੍ਹਾਂ ਨੂੰ ਐਮਪਲਾਇਮੈਂਟ ਦਿਤੀ। ਸਾਡੀ ਸੈਂਟਰ ਦੀ ਸਰਕਾਰ ਵਾਲਿਆਂ ਦੀ ਇਹ ਪੂਰੀ ਕੋਸ਼ਿਸ਼ ਹੈ ਕਿ ਅਨਐਮਪਲਾਇਮੈਂਟ ਨੂੰ ਹਟਾਇਆ ਜਾਏ। ਇਸ ਦੇ ਉਤੇ ਸਾਡੇ ਪਲਾਨਿੰਗ ਕਮਿਸ਼ਨ ਦੇ ਮੰਤਰੀ ਸ੍ਰੀ ਡੀ.ਪੀ. ਧਰ ਨੇ ਇਕ ਬਹੁਤ ਵੱਡਾ ਪ੍ਰੋਗਰਾਮ ਬਣਾਇਆ

ਹੈ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਇਕਨਾਮਿਕ ਕਰਾਈਸਿਜ਼ ਸਾਡੇ ਮੁਲਕ ਤੇ ਆਇਆ ਹੈ। ਪਿਛਲੇ 100 ਸਾਲਾਂ ਵਿਚ ਕਦੇ ਨਹੀਂ ਸੀ ਆਇਆ। ਮੈਂ ਸਮਝਦਾ ਹਾਂ ਕਿ ਅਗਰ ਇਹ ਨਾ ਆਉਂਦਾ ਤਾਂ ਸਾਡੇ ਹਿੰਦੁਸਤਾਨ ਵਿਚ ਸੈਂਟ ਪਰਸੈਂਟ ਐਮਪਲਾਇਮੈਂਟ ਹੋਣੀ ਸੀ। ਸਪੀਕਰ ਸਾਹਿਬ, ਐਵੇਂ ਕਹਿ ਦੇਣਾ ਕਿ ਸਰਕਾਰ ਕੁਝ ਨਹੀਂ ਕਰ ਰਹੀ ਇਹ ਠੀਕ ਨਹੀਂ ...... (ਵਿਘਨ)

ਸ੍ਰੀ ਸਪੀਕਰ : ਡਾਕਟਰ ਸਾਹਿਬ, ਰੂਲਜ਼ ਦੇ ਮੁਤਾਬਿਕ ਰੈਜ਼ੋਲਿਊਸ਼ਨ ਤੇ ਆਨਰੇਬਲ ਮੈਂਬਰ ਜ਼ਿਆਦਾ ਤੋਂ ਜ਼ਿਆਦਾ 15 ਮਿੰਟ ਬੋਲ ਸਕਦਾ ਹੈ। ਤੁਸੀਂ ਹੁਣ ਤਸ਼ਰੀਫ ਰਖੋ। (Dr. Sahib, an hon. Member can speak on the resolution for 15 minutes at the most. Now you may please resume your seat.)

ਡਾਕਟਰ ਅਮੀਰ ਸਿੰਘ ਕਲੱਕਟ : ਸਪੀਕਰ ਸਾਹਿਬ, ਪੰਜਾਂ ਮਿੰਟਾਂ ਵਿਚ ਹੀ ਖ਼ਤਮ ਕਰ ਦਿਆਂਗਾ। ਸਪੀਕਰ ਸਾਹਿਬ, ਸਾਡੇ ਤੇ ਜਿਹੜਾ ਇਕਨਾਮਿਕ ਕਰਾਈਸਿਜ਼ ਆਇਆ ਇਹ ਸਾਡੇ ਮੁਲਕ ਦੇ ਹਜ਼ਾਰਾਂ ਮੀਲਾਂ ਵਿਚ ਬਾਰਸ਼ ਨਾ ਹੋਣ ਕਰਕੇ ਆਇਆ ਹੈ। ਮੈਨੂੰ ਫ਼ਖ਼ਰ ਹੈ ਇਸ ਗੱਲ ਦਾ (ਵਿਘਨ) ਕਿ ਮੈਂ ਆਪਣੀ ਕਮੇਟੀ ਨੂੰ ਲੈ ਕੇ ਜਦੋਂ ਬੰਬਈ ਗਿਆ ਤਾਂ ਉਥੇ ਦੇ ਇੰਜੀਨੀਅਰਜ਼ ਨੇ ਸਾਨੂੰ ਦਸਿਆ ਕਿ ਇਥੇ 7 ਸਾਲਾਂ ਤੋਂ ਭਰਪੂਰ ਬਾਰਸ਼ ਨਹੀਂ ਹੋਈ। ਮੈਂ ਸਮਝਦਾ ਹਾਂ ਕਿ ਐਸੇ ਹਾਲਾਤ ਵਿਚ ਅਗਰ ਸਾਡੀ ਸਰਕਾਰ ਕੰਮ ਨਾ ਕਰਦੀ ਤਾਂ ਹਜ਼ਾਰਾਂ ਲੋਕ ਭੁਖੇ ਮਰ ਜਾਂਦੇ। (ਵਿਘਨ) ਸਪੀਕਰ ਸਾਹਿਬ, ਸਾਡੀ ਸਰਕਾਰ ਨੂੰ ਉਨ੍ਹਾਂ ਨੇ ਬੜੇ ਟਰਬਿਊਟਸ ਦਿਤੇ ਔਰ ਕਿਹਾ ਕਿ ਤੁਸੀਂ ਸਾਨੂੰ ਅਨਾਜ ਦੇਣ ਵਾਲੇ ਹੋ। ਸਾਡੀ ਸਰਕਾਰ ਨੂੰ ਉਨ੍ਹਾਂ ਨੇ ਇਹ ਵੀ ਟਰਬਿਊਟ ਦਿਤਾ ਕਿ ਤੁਹਾਡੀ ਸਰਕਾਰ ਨੇ ਪਿੰਡ ਪਿੰਡ ਵਿਚ ਬਿਜਲੀ ਅਤੇ ਸੜਕਾਂ ਪਹੁੰਚਾ ਦਿਤੀਆਂ ਹਨ। (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤਾਂ ਇਤਨੀ ਬੇਨਤੀ ਕਰਨੀ ਹੈ ਕਿ ਅੱਜ ਹਾਊਸ ਸੰਜੀਦਗੀ ਨਾਲ ਨਹੀਂ ਚਲਿਆ। ਕਿਰਪਾ ਕਰਕੇ ਬੋਲਣ ਵਾਲਿਆਂ ਨੂੰ ਹੁਕਮਨਾਮਾ ਜਾਰੀ ਕਰੋ ਕਿ ਉਹ ਰੈਜ਼ੋਲਿਊਸ਼ਨ ਤੇ ਬੋਲਣ। ਰੈਜ਼ੋਲਿਊਸ਼ਨ ਹੈ ਅਨਐਮਪਲਾਇਮੈਂਟ ਬਾਰੇ, ਗਰੀਬੀ ਬਾਰੇ ਅਤੇ ਗਰੀਬੀ ਕਿਸ ਤਰ੍ਹਾਂ ਦੂਰ ਹੋ ਸਕਦੀ ਹੈ। ਪਰ ਮੈਂਬਰ ਸਾਹਿਬ ਕੁਝ ਦਾ ਕੁਝ ਬੋਲ ਰਹੇ ਹਨ। ਮੈਂਬਰ ਸਾਹਿਬਾਨ ਨੂੰ ਬੋਲਣ ਵੇਲੇ ਬਿਲਕੁਲ ਰੈਲੇਵੈਂਟ ਹੋਣਾ ਚਾਹੀਦਾ ਹੈ। ਡਾਕਟਰ ਸਾਹਿਬ ਨੇ ਇਕ ਲਫ਼ਜ਼ ਵੀ ਰੈਜ਼ੋਲਿਊਸ਼ਨ ਤੇ ਨਹੀਂ ਕਿਹਾ (ਵਿਘਨ)

Mr. Speaker: Please be relevant.

ਡਾਕਟਰ ਅਮੀਰ ਸਿੰਘ ਕਲੱਕਟ : ਸਪੀਕਰ ਸਾਹਿਬ, ਮੈਂ ਕੋਈ ਇਰਰੈਲੇਵੈਂਟ ਗੱਲ ਨਹੀਂ ਕਹੀ। ਮੈਂ ਇਸ ਰੈਜ਼ੋਲਿਊਸ਼ਨ ਉਤੇ ਟੀਕਾ ਟਿੱਪਣੀ ਕਰ ਰਿਹਾ ਹਾਂ।

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਰੂਲਜ਼ ਜਿਹੜੇ ਹਨ ਇਹ ਤਾਂ ਜ਼ਿਆਦਾ ਡਿਫਾਈਂਨਡ ਨਹੀਂ ਹਨ। ਇਸ ਲਈ ਜ਼ਿਆਦਾ ਤਰ ਤੁਹਾਡੀ ਡਿਸਕਰੀਸ਼ਨ ਤੇ ਚਲਦਾ ਹੈ। ਇਹ ਜਿਹੜਾ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਪੇਸ਼ ਹੋਇਆ ਹੈ ਇਹ ਹਰੀਜਨ ਬੇਕਾਰਾਂ ਨੂੰ ਡਿਪੂ ਦੇਣ ਵਾਸਤੇ ਹਨ। ਤੁਸੀਂ ਡਾਕਟਰ ਸਾਹਿਬ ਦੀ ਸਾਰੀ ਸਪੀਚ ਕਢਵਾ ਕੇ ਵੇਖ ਲਓ । ਇਨ੍ਹਾਂ ਨੇ ਇਕ ਵਾਰੀ ਵੀ ਨਹੀਂ ਕਿਹਾ ਕਿ ਹਰੀਜਨਾਂ ਨੂੰ ਡਿਪੂ ਦਿੱਤੇ ਜਾਣ। ਜੇ ਕਿਹਾ ਹੋਵੇ ਤਾਂ ਤੇ ਠੀਕ ਹੈ ਨਹੀਂ ਤਾਂ ਇਨ੍ਹਾਂ ਦੀ ਸਾਰੀ ਸਪੀਚ ਹਾਊਸ ਦੀਆਂ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ।

ਸ੍ਰੀ ਸਪੀਕਰ : ਤਸ਼ਰੀਫ ਰਖੋ। ਮੈਂ ਇਸ ਨੂੰ ਐਗਜ਼ਾਮਿਨ ਕਰਾ ਲਵਾਂਗਾ। (Please resume your seat. I will examine it)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਇਹ ਵੀ ਨਾ ਦਸਾਂ ਕਿ ਹਰੀਜਨਾਂ ਵਿਚ ਅਨਐਮਪਲਾਇਮੈਂਟ ਦੂਰ ਕਰਨ ਵਾਸਤੇ ਇਸ ਸਰਕਾਰ ਨੇ ਕੀ ਕੀਤਾ? ਮੈਂ ਸੋਸ਼ਲਿਜ਼ਮ ਦੇ ਬਾਰੇ ਗੱਲ ਨਾ ਕਰਾਂ?

ਸ੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ। (Please wind up now)

ਡਾਕਟਰ ਅਮੀਰ ਸਿੰਘ ਕਲਕਟ : ਦੇਸ਼ ਵਿਚ ਅੱਜ ਇਕਨਾਮਿਕ ਕਰਾਈਸਿਜ਼ ਹੈ। ਇਹ ਐਂਟੀ-ਨੈਸ਼ਨਲ ਅਤੇ ਅਨਡੈਮੋਕਰੈਟਿਕ ਫੋਰਸਿਜ਼ ਆਪਣੀਆਂ ਜੇਬਾਂ ਵਿਚ ਫਾਰਨ ਪਾਵਰਜ਼ ਦਾ ਪੈਸਾ ਲੈ ਕੇ ਯੂ.ਪੀ. ਵਿਚ ਖਰਚਣ ਜਾਂਦੇ ਹਨ। ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਇੰਦਰਾ ਗਾਂਧੀ ਦੀ ਸਰਕਾਰ, ਇਹ ਨੈਸ਼ਨਲ ਕਾਂਗਰਸ ਇਸ ਦੇਸ਼ ਵਿਚ ਜ਼ਰੂਰ ਸੋਸ਼ਲਿਜ਼ਮ ਲਿਆਵੇਗੀ। ਅਸੀਂ ਇਸ ਕੰਮ ਲਈ ਆਪਣੀਆਂ ਜਾਨਾਂ ਤਕ ਨਿਛਾਵਰ ਕਰ ਦੇਵਾਂਗੇ। ਤੁਸੀਂ ਰੈਜ਼ੋਲਿਊਸ਼ਨ ਲਿਆ ਕੇ ਕੀ ਖਟਣਾ ਹੈ। ਤੁਸੀ ਉਸ ਬੰਦੇ ਦੁਵਾਰਾ ਇਹ ਰੈਜ਼ੋਲਿਊਸ਼ਨ ਲਿਆਏ ਹੋ ਜਿਹੜਾ ਕਿ ਤੁਹਾਡੇ ਲੀਡਰ ਦਾ * * ਹੈ।

ਸ੍ਰੀ ਸਪੀਕਰ : * * * * ਸ਼ਬਦ ਐਕਸਪੰਜ ਕਰ ਦਿਤਾ ਜਾਵੇ। (The word * * may be expunged)

SECOND REPORT OF THE BUSINESS ADVISORY COMMITTEE—(*Presentation*)

Mr. Speaker : I have to present to the House, the Second Report of the Business Advisory Committee. The report reads :—

> "After some discussion it was decided that on Thursday, the 14th March, 1974 instead of the Non-Official Business (Resolutions), the Twentieth Report of the Commissioner for Scheduled Castes and Scheduled Tribes for the year 1970-71 be discussed".

Revenue and Election Minister (Sardar Umrao Singh) : Sir, I move—

> That this House agrees with the recommendations contained in the second report of the Business Advisory Committee.

Mr. Speaker : Motion moved—

> That this House agrees with the recommendations contained in the second report of the Business Advisory Committee.

Mr. Speaker : Question is—

> That this House agrees with the recommendations contained in the second report of the Business Advisory Committee.

The Motion was carried.

ANNOUNCEMENT BY THE SPEAKER REGARDING THE DATE-WISE PROGRAMME FOR THE ELECTION OF THE FINANCIAL COMMITTEES

Mr. Speaker : The following programme has been decided in regard to the election of the Financial Committees :—

(1) Nominations to be received by 6.00 p.m. on 11th March, 1974.

**Expunged as ordered by the Chair.

(2) Scrutiny at 11.00 a.m. on 12th March, 1974.

(3) Withdrawals up to 12.30 p.m. on 13th March, 1974.

(4) Election , if necessary, between 10.00 a.m. and 1.00 p.m. on 15th March, 1974.

Nomination papers are being made available to the Members in the House immediately. Another set will also be despatched to the Members at their residences.

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਰਿਪੋਰਟ ਨੂੰ ਹਾਊਸ ਨੇ ਅਡਾਪਟ ਕੀਤਾ ਹੈ। ਇਸ ਤੇ ਬਹਿਸ 14 ਤਰੀਕ ਨੂੰ ਕਰਨੀ ਹੈ। ਸ਼ਡਿਊਲਡ ਕਾਸਟਸ ਕਮਿਸ਼ਨਰ ਦੀ 20ਵੀਂ ਰਿਪੋਰਟ ਸਾਨੂੰ ਦਿੱਤੀ ਨਹੀਂ ਗਈ। ਮੈਂ ਤੁਹਾਡੇ ਜ਼ਰੀਏ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਰਿਪੋਰਟ ਦੀਆਂ ਕਾਪੀਆਂ ਸਾਨੂੰ ਦੇ ਦੇਣ ਤਾਂਕਿ ਅਸੀਂ ਇਸ ਨੂੰ ਪੜ੍ਹ ਲਈਏ।

ਸ਼੍ਰੀ ਸਪੀਕਰ : ਇਸ ਰਿਪੋਰਟ ਦੀਆਂ ਕਾਪੀਆਂ ਬਹੁਤ ਥੋੜੀਆਂ ਆਈਆਂ ਹਨ, ਇਸ ਲਈ ਲਾਇਬਰੇਰੀ ਵਿਚ ਰੱਖ ਦਿੱਤੀਆਂ ਹਨ। (We have received very limited copies of this report and the same have been placed in the library)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਹਾਡੇ ਕੋਲ 40, 50 ਕਾਪੀਆਂ ਤਾਂ ਇਸ ਰਿਪੋਰਟ ਦੀਆਂ ਆਈਆਂ ਹੋਣੀਆਂ ਹਨ। ਪਿਛਲੀ ਵਾਰੀ ਵੀ ਸਾਨੂੰ ਇਹ ਪਰਪੋਰਸ਼ਨੇਟਲੀ ਵੰਡ ਦਿੱਤੀਆਂ ਸਨ। ਇਸ ਵਾਰੀ ਵੀ ਸਾਨੂੰ ਇਹ ਪਰਪੋਰਸ਼ਨੇਟਲੀ ਦੇ ਦਿਓ ਤਾਂਕਿ ਬਜਾਏ ਲਾਇਬਰੇਰੀ ਵਿਚ ਪੜ੍ਹਨ ਦੇ ਅਸੀਂ ਆਪਣੇ ਬਿਸਤਰਿਆਂ ਵਿਚ ਬੈਠ ਕੇ ਪੜ੍ਹੀਏ।

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਇਸ ਰਿਪੋਰਟ ਨੂੰ ਕਿਸੇ ਚੰਗੀ ਜਗ੍ਹਾ ਤੇ ਬੈਠ ਕੇ ਪੜ੍ਹਨ।

ਸਰਦਾਰ ਧੰਨਾ ਸਿੰਘ ਗੁਲਸ਼ਨ : (ਨਥਾਣਾ ਐਸ.ਸੀ.) ਸਪੀਕਰ ਸਾਹਿਬ, ਸਰਦਾਰ ਗੁਰਦੇਵ ਸਿੰਘ ਬਾਦਲ ਵਲੋਂ ਇੱਕ ਬਹੁਤ ਹੀ ਮਹੱਤਵਪੂਰਣ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਆਇਆ ਹੈ। ਇਹ ਸਰਬਸੰਮਤੀ ਨਾਲ ਬਗੈਰ ਕਿਸੇ ਨੋਕ-ਝੋਕ ਦੇ ਪਾਸ ਹੋ ਜਾਣਾ ਚਾਹੀਦਾ ਸੀ। ਪਰ ਅਫ਼ਸੋਸ ਹੈ ਕਿ ਬਹੁਤ ਸਾਰੇ ਮੈਂਬਰ ਸਾਹਿਬਾਨ ਵਲੋਂ ਇਸ ਮਤ ਨੂੰ ਅੱਖੋਂ ਓਹਲੇ ਕਰਕੇ ਗ਼ੈਰ-ਜ਼ਰੂਰੀ ਗੱਲਾਂ ਕੀਤੀਆਂ ਗਈਆਂ ਹਨ ਜਿਹੜੀਆਂ ਕਿ ਲੋੜੀਂਦੀਆਂ ਨਹੀਂ ਸਨ। ਸਪੀਕਰ ਸਾਹਿਬ, ਅੱਜ ਦੇਸ਼ ਦੀ ਹਾਲਤ ਐਸੀ ਹੈ।

ਮਾਲ ਮੰਤਰੀ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਇੱਕ ਸਟੇਟਮੈਂਟ ਦੇਣੀ ਹੈ। ਜਾਂ ਤਾਂ ਤੁਸੀਂ ਹੁਣ ਇਜਾਜ਼ਤ ਦੇ ਦਿਓ ਜਾਂ ਫਿਰ ਉਹ ਬਾਅਦ ਦੇ ਵਿਚ ਸਟੇਟਮੈਂਟ ਦੇ ਦੇਣਗੇ।

ਸ਼੍ਰੀ ਸਪੀਕਰ : ਹੁਣੇ ਹੀ ਦੇ ਦੇਣ।

STATEMENT BY THE CHIEF MINISTER *RE.* RESERVATION IN SERVICES FOR THE SCHEDULED CASTES AND BACKWARD CLASSES

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਸਾਡੇ ਵਿਧਾਨ ਦੇ ਅਨੁਸਾਰ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਜ਼ ਦੀ ਰਿਜ਼ਰਵੇਸ਼ਨ ਆਬਾਦੀ ਦੇ ਮੁਤਾਬਿਕ ਸਰਵਿਸਿਜ਼ ਵਿਚ ਹੋਣੀ ਚਾਹੀਦੀ ਹੈ। 1971 ਦੀ ਮਰਦਮ-ਸ਼ੁਮਾਰੀ ਵਿਚ ਜੋ ਆਂਕੜੇ ਆਏ ਹਨ, ਉਸ ਮੁਤਾਬਿਕ ਪੰਜਾਬ ਵਿਚ ਵਸਣ ਵਾਲੇ ਇਨ੍ਹਾਂ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੀ ਪਰਸੈਂਟੇਜ ਵੱਧ ਕੇ 24.7% ਹੋ ਗਈ ਹੈ, ਯਾਨੀ ਲਗਭਗ 25% ਤੱਕ ਪਹੁੰਚ ਗਈ ਹੈ। ਇਹ ਮਾਮਲਾ ਬੜੀ ਦੇਰ ਤੋਂ ਸਰਕਾਰ ਦੇ ਵਿਚਾਰ ਅਧੀਨ ਸੀ। ਮੇਰੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਲਈ ਸਰਕਾਰੀ ਮੁਲਾਜ਼ਮਤ ਵਿਚ ਪੂਰੀ ਪੂਰੀ ਨੁਮਾਇੰਦਗੀ ਦੇਣ ਲਈ ਹੇਠ ਲਿਖਿਆ ਤਰੀਕਾ ਅਪਣਾਇਆ ਜਾਵੇਗਾ :

ਸਾਰੀਆਂ ਨੌਕਰੀਆਂ ਵਿਚ ਸਿੱਧੀ ਭਰਤੀ ਵਿਚ ਸ਼ਡਿਊਲਡ ਕਾਸਟਸ ਲਈ ਰਿਜ਼ਰਵੇਸ਼ਨ ਪਹਿਲਾਂ 20% ਸੀ, ਇਹ ਹੁਣ 25% ਕਰਨ ਦਾ ਫੈਸਲਾ ਕਰ ਦਿੱਤਾ ਗਿਆ ਹੈ (ਤਾੜੀਆਂ)

ਇਸੇ ਤਰ੍ਹਾਂ ਪਛੜੀਆਂ ਸ਼੍ਰੇਣੀਆਂ ਲਈ 2 ਫ਼ੀ ਸਦੀ ਤੋਂ ਵਧਾਕੇ 5 ਫ਼ੀ ਸਦੀ ਕਰ ਦਿੱਤੀ ਗਈ ਹੈ। ਕਲਾਸ 1 ਅਤੇ ਕਲਾਸ 2 ਦੀਆਂ ਅਸਾਮੀਆਂ ਵਿਚ ਤਰੱਕੀਆਂ ਲਈ ਸ਼ਡਿਊਲਡ ਕਾਸਟਾਂ ਵਾਸਤੇ 14 ਫ਼ੀ ਸਦੀ ਸੀਟਾਂ ਸਰਕਾਰ ਨੇ ਰਿਜ਼ਰਵ ਕਰਨ ਦਾ ਫੈਸਲਾ ਕੀਤਾ ਹੈ। ਬੈਕਵਰਡ ਕਲਾਸਿਜ਼ ਲਈ 2 ਫ਼ੀ ਸਦੀ ਰਿਜ਼ਰਵੇਸ਼ਨ ਕਰ ਦਿੱਤੀ ਗਈ ਹੈ । ਕਲਾਸ 3 ਅਤੇ ਕਲਾਸ 4 ਦੀਆਂ ਅਸਾਮੀਆਂ ਲਈ ਇਸੇ ਤਰ੍ਹਾਂ ਤਰੱਕੀ ਲਈ ਰਿਜਰਵੇਸ਼ਨ 20 ਫ਼ੀ ਸਦੀ ਸ਼ਡਿਊਲਡ ਕਾਸਟਾਂ ਵਾਸਤੇ ਤੇ 2 ਫ਼ੀ ਸਦੀ ਬੈਕਵਰਡ ਕਲਾਸਿਜ਼ ਵਾਸਤੇ ਰਖੀ ਗਈ ਹੈ । (ਥੰਪਿੰਗ)

ਸਪੀਕਰ ਸਾਹਿਬ, ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਕਾਂਸਟੇਬਲਾਂ ਅਤੇ ਪਟਵਾਰੀਆਂ ਦੀ ਭਰਤੀ ਲਈ 50 ਫ਼ੀ ਸਦੀ ਰਿਜ਼ਰਵੇਸ਼ਨ ਕਰ ਦਿੱਤੀ ਗਈ ਹੈ। ਇਸ ਵਿਚੋਂ 40 ਫ਼ੀ ਸਦੀ ਸ਼ਡਿਊਲਡ ਕਾਸਟ ਹੋਣਗੇ ਅਤੇ 10 ਫ਼ੀ ਸਦੀ ਬੈਕਵਰਡ ਕਲਾਸਿਜ਼ ਲਈ ਅਸਾਮੀਆਂ ਰਿਜ਼ਰਵ ਕੀਤੀਆਂ ਗਈਆਂ ਹਨ। (ਥੰਪਿੰਗ) ਔਰ ਇਹ ਰਿਜ਼ਰਵੇਸ਼ਨਾਂ ਉਨਾਂ ਚਿਰ ਜਾਰੀ ਰਹਿਣਗੀਆਂ ਜਦ ਤਕ ਕਿ ਇਨ੍ਹਾਂ ਦੀ ਗਿਣਤੀ ਨੌਕਰੀਆਂ ਵਿਚ ਸ਼ਡਿਊਲਡ ਕਾਸਟਾਂ ਲਈ 25 ਫ਼ੀ ਸਦੀ ਅਤੇ ਪਛੜੀਆਂ ਸ਼੍ਰੇਣੀਆਂ ਲਈ 5 ਫ਼ੀ ਸਦੀ ਪੂਰੀ ਨਹੀਂ ਹੋ ਜਾਂਦੀ। (ਥੰਪਿੰਗ)

ਇਹ ਜਿੰਨੀਆਂ ਰਿਜ਼ਰਵੇਸ਼ਨ ਹੋਈਆਂ ਹਨ ਇਸ ਵਿਚੋਂ ਐਡਮਿਨਿਸਟਰੇਟਿਵ ਤਰੀਕੇ ਨਾਲ ਔਰ ਮੁਨਾਸਿਬ ਨਿਯਮਾਂ ਅਨੁਸਾਰ ਸਰਕਾਰ ਇਹ ਯਤਨ ਕਰੇਗੀ ਕਿ ਇਸ ਵਿਚ 50 ਫ਼ੀ ਸਦੀ ਰਿਜ਼ਰਵੇਸ਼ਨ ਬਾਲਮੀਕੀ ਅਤੇ ਮਜਹਬੀ ਸਿੱਖਾਂ ਨੂੰ ਵੀ ਮਿਲੇ ਔਰ 50 ਫ਼ੀ ਸਦੀ ਸ਼ਡਿਊਲਡ ਕਾਸਟਾਂ ਦੀਆਂ ਦੂਜੀਆਂ ਸ਼੍ਰੇਣੀਆਂ ਨੂੰ ਮਿਲ ਜਾਵੇ।

ਇਸ ਹਾਊਸ ਵਿਚ ਮੈਂਬਰਾਂ ਦੀ ਹੁਣ ਤਕ ਸ਼ਿਕਾਇਤ ਰਹੀ ਹੈ ਕਿ ਸ਼ਡਿਊਲਡ ਕਾਸਟਾਂ ਵਿਚ ਇਨ੍ਹਾਂ ਤੋਂ ਵੀ ਜ਼ਿਆਦਾ ਗਰੀਬ ਅਤੇ ਜ਼ਿਆਦਾ ਕਮਜ਼ੋਰ ਅਤੇ ਵੀਕ ਉਹ ਬਾਲਮੀਕੀ ਅਤੇ ਮਜ਼ਹਬੀ ਹਨ ਜਿਨ੍ਹਾਂ ਨੂੰ ਕਿ ਪਹਿਲਾ ਹੋਰ ਨਾਂ ਨਾਲ ਬੁਲਾਇਆ ਜਾਂਦਾ ਸੀ।

ਸਪੀਕਰ ਸਾਹਿਬ, ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਨਿਯਮਾਂ ਕਾਇਦਿਆਂ ਅਤੇ ਕਾਨੂੰਨਾਂ ਅਨੁਸਾਰ ਗੌਰਮਿੰਟ ਵਲੋਂ ਬਣਾਈਆ ਗਈਆਂ ਕਾਰਪੋਰੇਸ਼ਨਾਂ, ਅਟਾਨੋਮਸ ਬਾਡੀਆਂ, ਮਿਊਨਿਸਪਲ ਕਮੇਟੀਆਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ ਕਿ

ਉਹ ਸ਼ਡਿਊਲਡ ਕਾਸਟਾਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਸਰਕਾਰੀ ਪਾਲਿਸੀ ਅਨੁਸਾਰ ਹੀ ਭਰਤੀ ਅਤੇ ਤਰੱਕੀਆਂ ਕਰਨ। ਇਸ ਵੇਲੇ 11 ਕਾਰਪੋਰੇਸ਼ਨਾਂ ਵਿਚ ਇਹ ਪਾਲਿਸੀ ਲਾਗੂ ਹੈ ਬਾਕੀ ਕਾਰਪੋਰੇਸ਼ਨਾਂ ਵਿਚ ਮੁਨਾਸਿਬ ਹਿਦਾਇਤਾਂ ਬਹੁਤ ਛੇਤੀ ਜਾਰੀ ਕੀਤੀਆਂ ਜਾ ਰਹੀਆਂ ਹਨ।

ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਜਿੰਨੀ ਖੇਤੀ ਬਾੜੀ ਵਾਲੀ ਫ਼ਜ਼ੂਲ ਜ਼ਮੀਨ, ਨਿਕਾਰੀ ਜ਼ਮੀਨ ਸਟੇਟ ਵਿਚ ਖਾਲੀ ਪਈ ਹੈ ਉਹ ਹਰੀਜਨਾਂ ਅਤੇ ਦੂਸਰੇ ਬੇਜ਼ਮੀਨੇ ਖੇਤੀਬਾੜੀ ਕਰਨ ਵਾਲੇ ਕਾਮਿਆਂ ਨੂੰ ਅਲਾਟ ਕੀਤੀ ਜਾਵੇ (ਥੰਪਿੰਗ) ਇਸੇ ਤਰ੍ਹਾਂ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਅਧੀਨ ਜਿੰਨੀ ਵੀ ਜ਼ਮੀਨ ਖਾਲੀ ਹੋਵੇਗੀ ਉਹ ਹਰੀਜਨਾਂ ਅਤੇ ਬੇਜ਼ਮੀਨੇ ਕਿਸਾਨਾਂ ਅਤੇ ਖੇਤੀਬਾੜੀ ਕਰਨ ਵਾਲੇ ਕਾਮਿਆਂ ਨੂੰ ਅਲਾਟ ਕੀਤੀ ਜਾਵੇਗੀ। (ਵਿਘਨ)

(ਇਸ ਵੇਲੇ ਆਪੋਜ਼ੀਸ਼ਨ ਵਲੋਂ ਵਿਘਨ ਪਾਇਆ ਜਾ ਰਿਹਾ ਸੀ)

ਸਪੀਕਰ ਸਾਹਿਬ, ਮੇਰੀ ਅਨਾਊਂਸਮੈਂਟ ਦੇ ਨਾਲ ਨਾਲ ਇਨ੍ਹਾਂ ਵਲੋਂ ਕੌਮੈਂਟਰੀ ਨਹੀਂ ਹੋਣੀ ਚਾਹੀਦੀ। ਇਹ ਜਿਹੜੀ ਸਰਕਾਰ ਹੈ ਪੰਜਾਬ ਦੇ ਇਤਹਾਸ ਵਿਚ ਪਹਿਲਾ ਮੌਕਾ ਹੈ ਜੋ ਕਿ ਹਰੀਜਨਾਂ ਦੀ ਕਮਿਊਨਿਟੀ ਵਿਚੋਂ 2 ਪੂਰੇ ਵਜ਼ੀਰ ਲਏ ਗਏ ਹਨ ਇਸ ਵਾਸਤੇ ਇਮਪਲੀਮੈਂਟੇਸ਼ਨ ਵਿਚ ਕੋਈ ਕਮੀ ਨਹੀਂ ਆਵੇਗੀ। ਜੋ ਅਸੀਂ ਫੈਸਲੇ ਕੀਤੇ ਹਨ ਉਹ ਇਮਾਨਦਾਰੀ ਨਾਲ ਪੂਰੇ ਕੀਤੇ ਜਾਣਗੇ।

ਇਨ੍ਹਾਂ ਦੀ ਇਸ ਕੌਮੈਂਟਰੀ ਦਾ ਫਾਇਦਾ ਹੋਇਆ ਹੈ ਕਿ ਇਕ ਮੋਨਾ ਹੈ ਤੇ ਇਕ ਸਿੱਖ ਹੈ (ਹਾਸਾ) ਜਿਹੜਾ ਕੇਸ ਤੇ ਦਾੜੀ ਨਹੀਂ ਕਟਵਾਉਣ ਵਾਲਾ ਉਹ ਤਾਂ ਆਪਣੇ ਆਪ ਨੂੰ ਹਿੰਦੂ ਕਹਾਉਂਦਾ ਹੈ ਅਤੇ ਜਿਹੜਾ ਕੇਸ ਦਾੜ੍ਹੀ ਕਟਵਾਉਂਦਾ ਹੈ ਉਹ ਸਿੱਖ ਕਹਾਉਂਦਾ ਹੈ (ਹਾਸਾ) (ਸੰਧੂ ਸਾਹਿਬ ਵਲੋਂ ਵਿਘਨ) ਸਪੀਕਰ ਸਾਹਿਬ, ਮੈਨੂੰ ਸੰਧੂ ਸਾਹਿਬ ਨਾਲ ਬੜੀ ਹਮਦਰਦੀ ਹੈ ਵਾਹਿਗੁਰੂ ਕਰੇ ਉਨ੍ਹਾਂ ਦਾ ਕੰਮ ਬਣ ਜਾਵੇ। ਜੇ ਉਨ੍ਹਾਂ ਦਾ ਕੰਮ ਬਣ ਗਿਆ ਤਾਂ ਸਾਡੀ ਗਲ ਪੂਰੀ ਹੋ ਜਾਵੇਗੀ। (ਹਾਸਾ) ਕਿਉਂ ਕਿ ਸੰਧੂ ਸਾਹਿਬ ਕਹਿਣ ਤੋਂ ਸੰਕੋਚ ਕਰਦੇ ਹਨ ਵੈਸੇ ਤਾਂ ਪੱਕੇ ਦੋਸਤ ਬਣ ਜਾਂਦੇ ਹਨ।

ਸਰਦਾਰ ਅਜਾਇਬ ਸਿੰਘ ਸੰਧੂ : ਨੋ ਪੁਲੀਟੀਕਲ ਦੋਸਤੀ।

ਮੁੱਖ ਮੰਤਰੀ : ਸਾਡਾ ਜ਼ਿਲ੍ਹਾ ਵੀ ਇਕੋ ਹੈ ਔਰ ਬਹੁਤ ਪੁਰਾਣੇ ਤਾਲੁਕਾਤ ਹਨ ਔਰ ਇਸ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਦੇ ਭਤੀਜੇ ਹਨ। ਪਰ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਮੇਰਾ ਇਨ੍ਹਾਂ ਨਾਲ ਕੋਈ ਤੁਅਲਕ ਨਹੀਂ। (ਹਾਸਾ) (ਸ਼ੋਰ)

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਕੰਬੋਜ ਬਰਾਦਰੀ ਵੀ ਪਛੜੀਆਂ ਸ਼੍ਰੇਣੀਆਂ ਵਿਚੋਂ ਹੈ। ਉਨ੍ਹਾਂ ਦੇ ਬੈਕਵਰਡ ਹੋਣ ਬਾਰੇ ਨੋਟੀਫੀਕੇਸ਼ਨ 8 ਸਤੰਬਰ, 1973 ਨੂੰ ਖ਼ਤਮ ਹੋ ਗਈ ਸੀ ਹੁਣ ਫੈਸਲਾ ਕੀਤਾ ਗਿਆ ਹੈ ਕਿ ਪਛੜੀਆਂ ਸ਼੍ਰੇਣੀਆਂ ਵਾਲੀਆਂ ਸਾਰੀਆਂ ਰਿਆਇਤਾਂ ਕੰਬੋਜ ਬਰਾਦਰੀ ਨੂੰ ਹੋਰ 5 ਸਾਲ ਲਈ ਜਾਰੀ ਰਖੀਆਂ ਜਾਣ। (ਥੰਪਿੰਗ)

ਸਪੀਕਰ ਸਾਹਿਬ, ਸਰਕਾਰ ਨੇ ਇਹ ਫੈਸਲਾ ਕਰ ਦਿਤਾ ਹੈ ਕਿ ਸਵਰਨਕਾਰ ਅਤੇ ਸੁਨਿਆ-ਰਿਆਂ ਨੂੰ ਵੀ ਪੰਜ ਸਾਲ ਲਈ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰ ਦਿਤਾ ਜਾਵੇ। ਇਸ ਤਰ੍ਹਾਂ ਹੀ ਅਰਾਈਂ ਬਰਾਦਰੀ ਐਸੀ ਹੈ ਜੋ ਪਛੜੀ ਹੋਈ ਹੈ। ਉਸ ਨੂੰ ਵੀ ਇਸ ਸੂਚੀ ਵਿਚ ਪੰਜ ਸਾਲ ਲਈ ਸ਼ਾਮਲ ਕਰ ਦਿਤਾ ਹੈ।

ਸਪੀਕਰ ਸਾਹਿਬ, ਹਰੀਜਨਾਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਇਹ ਜੋ ਫੈਸਲੇ ਕੀਤੇ ਗਏ ਹਨ ਪੰਜਾਬ ਸਰਕਾਰ ਇਨ੍ਹਾਂ ਦੀ ਇੰਮਪਲੀਮੈਂਟੇਸ਼ਨ ਵਾਸਤੇ ਐਡਮਨਿਸਟਰੇਟਿਵ ਨਿਯੁਕਤੀਆਂ ਔਰ ਉਨ੍ਹਾਂ

[ਮੁੱਖ ਮੰਤਰੀ]

ਦੀ ਦੇਖ ਭਾਲ ਲਈ ਕਿ ਇਨ੍ਹਾਂ ਵਿਚ ਕੋਈ ਕਮੀਂ ਨਾ ਰਹਿ ਜਾਵੇ, ਗੌਰ ਕਰ ਰਹੀ ਹੈ। ਇਹ ਐਡਮਨਿਸਟਰੇਟਿਵ ਮਾਮਲਾ ਹੈ, ਇਨ੍ਹਾਂ ਨੂੰ ਪੂਰੇ ਧਿਆਨ ਨਾਲ ਵੇਖਣਾ ਪਵੇਗਾ ਤਾਕਿ ਜੋ ਫੈਸਲੇ ਕੀਤੇ ਹਨ ਉਹ ਠੀਕ ਤਰੀਕੇ ਨਾਲ ਇੰਮਪਲੀਮੈਂਟ ਹੋਣ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਗਿਆਨੀ ਜੀ ਨੂੰ ਵਧਾਈ ਦਿੰਦਾ ਹਾਂ ਇਸ ਗਲ ਦੀ ਕਿ ਜਿਹੜੇ ਸ਼ਡਿਊਲਡ ਕਾਸਟ ਹਨ ਭਾਵੇਂ ਉਹ ਕਿਸੇ ਪਾਰਟੀ ਨਾਲ ਸਬੰਧ ਰਖਦੇ ਹਨ ਜੋ ਉਨ੍ਹਾਂ ਦੀ ਰਿਜ਼ਰਵੇਸ਼ਨ ਬਾਰੇ ਮੰਗ ਸੀ ਉਸ ਨੂੰ ਇਨ੍ਹਾਂ ਨੇ ਮੰਨਿਆ ਹੈ। ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਪਰ ਇਕ ਗਲ ਸਪੀਕਰ ਸਾਹਿਬ, ਮੈਂ ਕਹਿਣੀ ਹੈ।

ਸ੍ਰੀ ਸਪੀਕਰ : ਹੁਣ ਡਿਸਕਸ਼ਨ ਨਾ ਕਰੋ। ਵਧਾਈ ਦੇ ਸ਼ਬਦ ਤੁਹਾਡੇ ਰਿਕਾਰਡ ਤੇ ਆ ਗਏ ਹਨ। (Now there should be no discussion. Your congratulations have been recorded)

ਮੁੱਖ ਮੰਤਰੀ : ਸਪੀਕਰ ਸਾਹਿਬ, ਨਾ ਇਹ ਸਵਾਲ ਦਾ ਜਵਾਬ ਹੈ, ਨਾ ਇਹ ਕਿਸੇ ਕਾਲ ਅਟੈਂਨਸ਼ਨ ਬਾਰੇ ਸਟੇਟਮੈਂਟ ਹੈ ਜਿਸ ਬਾਰੇ ਇਹ ਡਿਸਕਸ਼ਨ ਕਰਨ ਲਗੇ ਹਨ। ਇਹ ਗੌਰਮਿੰਟ ਦੀ ਅਨਾਊਂਸਮੈਂਟ ਹੈ। ਅਨਾਊਂਸਮੈਂਟ ਤੇ ਡਿਸਕਸ਼ਨ ਕਰਨੀ ਪਾਰਲੀਮੈਂਟਰੀ ਪ੍ਰੋਸੀਜਰ ਦੇ ਖਿਲਾਫ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਡਿਸਕਸ਼ਨ ਦੀ ਗਲ ਨਹੀਂ ਹੈ। ਮੇਰੀ ਗੱਲ ਤਾਂ ਸੁਣ ਲਓ। ਜਨਾਬ, ਸਪੀਕਰ ਸਾਹਿਬ,। ਓਨਲੀ ਵਨ ਮਿੰਟ ਮੇਰੀ ਬੇਨਤੀ ਸੁਣ ਲਓ।

Mr. Speaker : Please resume your seat. ਅਨਾਊਂਸਮੈਂਟ ਤੇ ਕੋਈ ਕਮੈਂਟ ਨਹੀਂ ਹੋ ਸਕਦੀ। (Please resume your seat. No comment can be made on the announcement.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਿਹੜਾ ਸਰਕਾਰ ਨੇ ਮਜ਼ਹਬੀਆਂ ਨੂੰ ਲੜਾਉਣ ਦਾ ਯਤਨ ਕੀਤਾ ਹੈ ਇਸ ਨੂੰ ਬੰਦ ਕਰਨਾ ਚਾਹੀਦਾ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਏਸੇ ਇਲਾਨ ਉਤੇ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਪਛੜੇ ਲੋਕਾਂ ਲਈ ਕਦਮ ਪੁੱਟੇ ਹਨ। ਇਹ ਸਰਕਾਰ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਮੈਂ ਸਰਦਾਰ ਦਰਸ਼ਨ ਸਿੰਘ ਕੇ.ਪੀ. ਨੂੰ ਵੀ ਵਧਾਈ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਸੁੱਤੀ ਪਈ ਸਰਕਾਰ ਨੂੰ ਜਗਾਇਆ ਹੈ। ਮੈਂ ਸਪੀਕਰ ਸਾਹਿਬ, ਇਕ ਗੱਲ ਕਹਿਣੀ ਹੈ ਜਿਸ ਤਰ੍ਹਾਂ ਸਰਕਾਰ ਨੇ ਇਹ ਅਨਾਊਂਸਮੈਂਟ ਕੀਤੀ ਹੈ ਇਸ ਤਰ੍ਹਾਂ ਹੀ ਜਿਹੜੀ ਸੈਣੀ ਬਰਾਦਰੀ ਹੈ ਜਾਂ ਇਸਾਈਆਂ ਵਿਚ ਵੀ ਕੁਝ ਬਰਾਦਰੀਆਂ ਹਨ ਉਨ੍ਹਾਂ ਨੂੰ ਵੀ ਬੈਕਵਰਡ ਕਰਾਰ ਦੇਣਾ ਚਾਹੀਦਾ ਹੈ।

(ਇਸ ਸਮੇਂ ਸਰਦਾਰ ਦਰਸ਼ਨ ਸਿੰਘ ਕੇ.ਪੀ. ਜੀ. ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ)

ਸ੍ਰੀ ਸਪੀਕਰ : ਕੇ.ਪੀ. ਸਾਹਿਬ ਤੁਸੀਂ ਬੈਠੋ। (K.P. Sahib, please resume your seat.)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਤਾਂ ਜੀ ਇਸ ਸਾਰੇ ਡਰਾਮੇ ਦੇ ਹੀਰੋ ਹਨ।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ, ਜੋ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਪਛੜੀਆਂ ਸ਼੍ਰੇਣੀਆਂ ਵਾਸਤੇ, ਸਮਾਜਵਾਦ ਲਿਆਉਣ ਵਾਸਤੇ ਨੀਤੀਆਂ ਅਪਣਾਈਆਂ ਹਨ। ਉਨ੍ਹਾਂ ਵਾਸਤੇ ਮੈਂ ਇਨ੍ਹਾਂ ਨੂੰ ਦਿਲੋਂ ਵਧਾਈ ਦਿੰਦਾ ਹਾਂ। ਇਹ ਕੇ.ਪੀ. ਨੂੰ ਵਧਾਈ ਨਹੀਂ ਕਾਂਗਰਸ ਪਾਰਟੀ ਨੂੰ ਵਧਾਈ ਹੈ, ਪ੍ਰਧਾਨ ਮੰਤਰੀ ਨੂੰ ਵਧਾਈ ਹੈ, ਸਮਾਜਵਾਦ ਲਈ ਵਧਾਈ ਹੈ। ਇਨ੍ਹਾਂ ਲਫਜ਼ਾਂ ਨਾਲ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਖੜੇ ਹੋਏ)

ਸ੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ। ਇਸ ਤਰ੍ਹਾਂ ਵਧਾਈਆਂ ਦਾ ਸਿਲਸਲਾ ਲੰਬਾ ਹੋ ਜਾਵੇਗਾ। (Please resume your seat. In this way congratulations will go on pouring in.)

ਮਾਲ ਮੰਤਰੀ : ਸਪੀਕਰ ਸਾਹਿਬ, ਅਨਾਊਂਸਮੈਂਟ ਤੋਂ ਬਾਅਦ ਕੋਈ ਡਿਸਕਸ਼ਨ ਨਹੀਂ ਹੋਣੀ ਚਾਹੀਦੀ।

(ਇਸ ਸਮੇਂ ਚੌਧਰੀ ਜਗਤ ਰਾਮ ਜੀ ਔਰ ਭਗਤ ਗੁਰਾਂ ਦਾਸ ਜੀ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ)

RESUMPTION OF DISCUSSION ON THE RESOLUTION MOVED BY SARDAR GURDEV SINGH BADAL, M.L.A. ON 28TH FEBRUARY, 1974

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਨਾਨਕ ਦੁਖੀਆ ਸਭ ਸੰਸਾਰ, ।

ਚੌਧਰੀ ਜਗਤ ਰਾਮ : ਇਹ ਤਾਂ ਦੁਖੀ ਹੀ ਰਹਿਣਗੇ। (ਹਾਸਾ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਤੁਸੀਂ ਮੈਨੂੰ ਰੋਕ ਦਿਤਾ ਸੀ ਕਿ ਸੀ.ਐਮ. ਸਾਹਿਬ ਨੇ ਐਲਾਨ ਕਰਨਾ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪਛੜੀਆਂ ਸ਼੍ਰੇਣੀਆਂ ਬਾਰੇ ਐਲਾਨ ਕੀਤਾ ਹੈ ਲੇਕਿਨ ਗਰੀਬਾਂ ਵਾਸਤੇ ਤਾਂ ਮੈਨੂੰ ਇਸ ਵਿਚ ਕੋਈ ਵਜ਼ਨ ਨਹੀਂ ਲਗਿਆ। ਪਟਵਾਰੀਆਂ ਦੀ ਭਰਤੀ ਵਿਚ 50% ਰਿਜ਼ਰਵੇਸ਼ਨ ਰਖੀ ਹੈ।......

Revenue Minister: He should be relevant.

ਸਰਦਾਰ ਧੰਨਾ ਸਿੰਘ ਗੁਲਸ਼ਨ : ਜੋ ਪੁਲਿਸ ਵਿਚ ਹਿੱਸਾ ਰਖਿਆ ਹੈ ਉਹ 50 ਫੀ ਸਦੀ ਹੈ। ਪਰ, ਸਪੀਕਰ ਸਾਹਿਬ, ਇਹ ਕੋਈ ਅੱਜ ਦੀ ਗਲ ਨਹੀਂ ਹੈ, ਇਹ ਤਾਂ ਸੰਨ 1955-56 ਤੋਂ ਚਲਦੀ ਆ ਰਹੀ ਹੈ। ਪਰ ਜਿਹੜੀ ਪਟਵਾਰੀਆਂ ਦੀ ਗੱਲ ਹੈ......।

ਸ੍ਰੀ ਸਪੀਕਰ : ਗੁਲਸ਼ਨ ਸਾਹਿਬ, ਇਸ ਵਿਚ ਪਟਵਾਰੀਆਂ ਦਾ ਜ਼ਿਕਰ ਨਹੀਂ ਹੈ। ਜਿਹੜਾ ਹਰੀਜਨਾਂ ਵਾਸਤੇ ਰੈਜ਼ੋਲਿਊਸ਼ਨ ਹੈ ਤੁਸੀਂ ਉਸ ਤੇ ਹੀ ਬੋਲੋ। (Gulshan Sahib, there is no mention of Patwaries in it. You may please speak on the resolution which is for the welfare of the Harijans.)

ਸਰਦਾਰ ਧੰਨਾ ਸਿੰਘ ਗੁਲਸ਼ਨ : ਹਾਂ, ਜਨਾਬ, ਮੈਂ ਇਥੋਂ ਸ਼ੁਰੂ ਕੀਤਾ ਸੀ ਕਿ ਨਾਨਕ ਦੁਖੀਆ ਸਭ ਸੰਸਾਰ ਤਾਂ ਤੁਸੀਂ ਕਹਿ ਦਿਤਾ ਸੀ ਕਿ ਤੁਸੀਂ ਬੈਠ ਜਾਓ, ਸੀ.ਐਮ. ਸਾਹਿਬ ਨੇ ਅਨਾਊਂਸਮੈਂਟ ਕਰਨੀ ਹੈ। ਸੋ ਮੈਂ ਅਰਜ਼ ਕਰ ਰਿਹਾ ਸੀ ਕਿ ਦੁਖੀ ਸਭ ਹਨ। ਇਕ ਤਾਂ ਉਹ ਹਨ ਜਿਨ੍ਹਾਂ ਪਾਸ ਕੋਟੇ ਹਨ ਘਿਉ ਦੇ, ਚੀਨੀ ਦੇ, ਟਰਾਂਸਪੋਰਟ ਦੇ ਹਨ ਜਾਂ ਹੋਰ ਕਈ ਕਿਸਮ ਦੇ ਕੋਟੇ ਹਨ ਔਰ ਉਨ੍ਹਾਂ ਪਾਸ ਧਨ ਇਤਨਾ ਇਕੱਠਾ ਹੋਇਆ ਹੋਇਆ ਹੈ ਕਿ ਉਸ ਨੂੰ ਸੰਭਾਲਣਾ ਔਖਾ ਹੋ ਗਿਆ ਹੈ। ਵਾਸ਼ੂ ਕਮੇਟੀ ਦੇ ਅਨੁਸਾਰ 37 ਸੌ ਕਰੋੜ ਰੁਪਏ ਦਾ ਕਾਲਾ ਧੰਨ ਹੈ, । ਉਨ੍ਹਾਂ ਲੋਕਾਂ ਪਾਸ ਜਿਨ੍ਹਾਂ ਪਾਸ ਕੋਟੇ ਹਨ, ਵੱਡੇ ਵੱਡੇ ਡਿਪੂ ਹਨ। ਇਸ ਕਰਕੇ ਜਿਹੜੇ ਗਰੀਬ ਹਨ ਉਹ ਭੁੱਖੇ ਮਰ ਰਹੇ ਹਨ। ਮੈਂ ਅਰਜ਼ ਕਰ ਰਿਹਾ ਸੀ ਕਿ ਨਾਨਕ ਦੁਖੀਆ ਸਭ ਸੰਸਾਰ। ਅੱਜ ਗਰੀਬ ਰੋਟੀ ਨੂੰ ਤਰਸਦੇ ਹਨ। ਉਹ ਰੋਟੀ ਮੰਗਦੇ ਹਨ ਤਾਂ ਦੂਜੇ ਪਾਸੇ ਤੋਂ ਗੋਲੀ ਪੈਂਦੀ ਹੈ। ਲੋਕੀ ਡੀਜ਼ਲ ਮੰਗਦੇ ਹਨ ਤਾਂ ਸਰਕਾਰ ਵਲੋਂ ਗੋਲੀਆਂ ਮਿਲਦੀਆਂ ਹਨ। ਔਰ ਦੂਜੇ ਪਾਸੇ ਉਹ ਲੋਕ ਹਨ ਜਿਹੜੇ ਕਿ ਜ਼ਿਆਦਾ ਖਾ ਕੇ ਆਫਰ ਜਾਂਦੇ ਹਨ। ਉਹ ਵੀ ਦੁਖੀ ਹਨ ਕਿਉਂਕਿ ਉਨ੍ਹਾਂ ਨੂੰ ਰਾਤ ਨੂੰ ਡਾਕਟਰ ਦੀ ਲੋੜ ਪੈਂਦੀ ਹੈ। ਦੋ ਜਹਾਨ ਦੇ

[ਸਰਦਾਰ ਧੰਨਾ ਸਿੰਘ ਗੁਲਸ਼ਨ]

ਵਾਲੀ ਗੁਰੂ ਨਾਨਕ ਦੇਵ ਜੀ ਨੇ ਵਲਵਲਾ ਕੇ ਆਖਿਆ ਹੈ, "ਜਗਤ ਜਲੰਦਾ ਰਾਖੁ ਲਹੁ ਆਪਨੀ ਕਿਰਪਾ ਧਾਰਿ"। "ਕਲ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਾਰਿਆ"।

ਅੱਜ, ਸਪੀਕਰ ਸਾਹਿਬ, ਸਰਕਾਰ ਨੇ ਅਮੀਰਾਂ ਨੂੰ ਨਿਵਾਜਿਆ ਹੈ ਲੇਕਿਨ ਜਿਹੜੇ ਗਰੀਬ ਹਨ ਉਹ ਚੀਨੀ ਤੋਂ ਤਰਸਦੇ ਹਨ, ਘਿਓ ਤੋਂ ਤਰਸਦੇ ਹਨ, ਆਟੇ ਨੂੰ ਤਰਸਦੇ ਹਨ। ਸਪੀਕਰ ਸਾਹਿਬ, ਮੇਰੇ ਪਾਸ ਬਹੁਤ ਮਿਸਾਲਾਂ ਹਨ। ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਸਰਕਾਰ ਵੱਡੇ ਵੱਡੇ ਲੋਕਾਂ ਦੀ ਮਦਦ ਕਰਦੀ ਹੈ। ਤੁਸੀਂ ਤਿੰਨ ਤਾਰੀਖ ਨੂੰ ਹਿੰਦ ਸਮਾਚਾਰ ਪੱਤਰ ਵਿਚ ਖ਼ਬਰ ਪੜ੍ਹੀ ਹੀ ਹੋਣੀ ਹੈ ਜਿਸ ਵਿਚ ਦੱਸਿਆ ਹੋਇਆ ਸੀ ਕਿ ਵੱਡੇ ਵੱਡੇ ਬਲੈਕ ਮਾਰਕੀਟੀਏ ਕੀ ਕਰਦੇ ਹਨ। ਬੰਬਈ ਦੇ ਇਕ ਵੱਡੇ ਸਾਰੇ ਸਮੱਗਲਰ ਨੇ ਇਕ ਕਰੋੜ ਇਕ ਸੌ ਰੁਪਏ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਨੂੰ ਦਿਤੇ।

ਸ੍ਰੀ ਸਪੀਕਰ : ਗੁਲਸ਼ਨ ਜੀ ਗੱਲ ਤਾਂ ਡਿਪੂ ਵੰਡਣ ਦੀ ਹੈ, ਇਥੇ ਸਮਗਲਰਾਂ ਦਾ ਜ਼ਿਕਰ ਕਿਥੇ ਆ ਗਿਆ ? ਬੀ ਰੈਲੇਵੈਂਟ। (The resolution is about the allotment of Depots to Harijans and you are referring to smuggling. Please be relevant)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਸਰਕਾਰ ਦੇ ਕਾਰਨਾਮੇ ਦੱਸਦਾ ਹਾਂ। ਸੰਨ 1964 ਤੋਂ 1969 ਤਕ 900 ਵਾਰ ਗੋਲੀ ਚਲੀ ਹੈ। ਪੰਜ ਸੌ ਬੰਦੇ ਮਰੇ ਤੇ ਦੋ ਹਜ਼ਾਰ ਜ਼ਖਮੀ ਹੋਏ। ਫਿਰ ਮੈਂ ਕਿਵੇਂ ਨਾ ਕਹਾਂ ਕਿ ਇਕ ਤਾਂ ਉਹ ਗਰੀਬ ਹੈ ਜਿਹੜਾ ਕਿ ਰੋਟੀ ਤੋਂ ਆਤਰ ਹੈ, ਜਿਸ ਕੋਲ ਰੋਟੀ ਖਾਣ ਨੂੰ ਨਹੀਂ ਹੈ ਅਤੇ ਉਹ ਦੁਖੀ ਹੈ ਪਰ ਇਕ ਉਹ ਵੀ ਹੈ ਜਿਹੜਾ ਕਿ ਖਾਕੇ ਆਫਰ ਜਾਂਦਾ ਹੈ। ਜਿਹੜਾ ਕਿ ਭੁੱਖ ਤੋਂ ਵੀ ਵੱਧ ਖਾਂਦਾ ਹੈ ਔਰ ਫਿਰ ਖਾ ਕੇ ਆਫਰ ਜਾਂਦਾ ਹੈ। ਜਨਾਬੇਆਲੀ ਅਸੀਂ ਕਿਹਾ ਸੀ ਕਿ ਸਮਾਜਵਾਦ ਲਿਆਉਣ ਵਾਸਤੇ ਗਰੀਬ ਨੂੰ ਰਜਵੀਂ ਰੋਟੀ ਦਿਓ। ਪੁਰਾਣੇ ਰਾਜੇ ਮਾਰੇ ਹਨ, ਉਹ ਤਾਂ ਰਾਜੇ ਮਾਰੇ ਗਏ ਪਰ ਵੱਡੇ ਵੱਡੇ ਧੰਨਪਤੀ ਜਿਨ੍ਹਾਂ ਦੀਆਂ ਕਈ ਕਈ ਕੋਠੀਆਂ ਹਨ, ਬੰਗਲੇ ਹਨ, ਕਈ ਕਈ ਡਿਪੂ ਹਨ ਔਰ ਬਹੁਤ ਸਾਰੇ ਸੁੱਖ ਉਨ੍ਹਾਂ ਪਾਸ ਹਨ, ਉਹ ਪੈਦਾ ਹੋ ਗਏ ਹਨ। ਇਸ ਕਰਕੇ, ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਸੀ ਕਿ ਤੁਸੀਂ ਅਮੀਰਾਂ ਨੂੰ ਨਾ ਪਾਲੋ, ਗਰੀਬ ਦੀ ਮੱਦਦ ਕਰੋ। ਜਨਾਬ, ਭਾਵੇਂ ਸਮਾਂ ਹੋ ਗਿਆ ਹੈ ਹਾਊਸ ਐਡਜਰਨ ਹੋਣ ਦਾ ਪਰ ਮੇਰੀ ਬੇਨਤੀ ਹੈ ਕਿ ਮੇਰੀ ਇਹ ਸਪੀਚ ਅਗੇ ਚਲਦੀ ਰਹੇ।

ਸ੍ਰੀ ਸਪੀਕਰ : ਗੁਲਸ਼ਨ ਜੀ ਜਿਤਨਾਂ ਚਿਰ ਮੈਂ ਹਾਊਸ ਐਡਜਰਨ ਨਹੀਂ ਕਰਦਾ ਤੁਸੀਂ ਬੋਲ ਦੇ ਜਾਓ। (Gulshan ji, you may continue your speech till I adjourn the House).

ਸਰਦਾਰ ਧੰਨਾ ਸਿੰਘ ਗੁਲਸ਼ਨ : ਸੋ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਸਰਕਾਰ ਨੂੰ ਇਹ ਬੇਨਤੀ ਕਰਨੀ ਹੈ ਕਿ ਤੁਸੀਂ ਗਰੀਬ ਦੀ ਹਾਲਤ ਵਲ ਵੇਖੋ।

Mr. Speaker : The House stands adjourned till 2.00 P.M. on Monday, the 11th March, 1974.

1.30 p.m.

(*The House then adjurned till* 2.00 *p.m. on Monday, the* 11*th March*, 1974).

14887/PVS—286 Copies-Govt. Press, Chd.

Published under the authority of the Punjab Vidhan Sabha Secretariat and printed by the Controller, Government Press, Chandigarh.

12
SP

Punjab Vidhan Sabha Debates

11th March, 1974

Vol. I—No. 12

OFFICIAL REPORT

CONTENTS

Monday, the 11th March, 1974

Punjab Vidhan Sabha Secretariat, Chandigarh

Price : Rs. 44.00

PUNJAB VIDHAN SABHA

Monday, the 11th March, 1974

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 p.m. of the Clock. Mr. Speaker (Dr. Kewal Krishan) in the Chair.

POSTPONED STARRED QUESTIONS AND ANSWERS

Construction of Approach Roads in Ludhiana District

***2432. Giani Arjan Singh Litt**: Will the Minister of State for Public Works be pleased to state—

(a) whether it is a fact that the amounts for the construction of the approach roads leading to the villages have been deposited by the Market Committees in district Ludhiana but the approach roads to several villages have not been constructed so far;

(b) if the reply to part (a) above be in the affirmative, the names of such villages for which amounts have been deposited but approach roads have not so far been constructed; together with the reasons for not constructing the roads?

Shri Joginder Pal Pandey: (a) Yes. In the current financial year (1973-74).

(b) List of link roads on which work could not be started is laid on the Table of the House. Construction of these roads will be taken in hand after considering their alignments.

[(ੳ) ਹਾਂ। ਚਾਲੂ ਸਾਲ (1973-74) ਵਿਚ।

(ਅ) ਜਿਨ੍ਹਾਂ ਸੜਕਾਂ ਤੇ ਕੰਮ ਚਾਲੂ ਨਹੀਂ ਕੀਤਾ ਜਾ ਸਕਿਆ, ਉਨ੍ਹਾਂ ਦੀ ਸੂਚੀ ਸਭਾ ਦੀ ਮੇਜ਼ ਤੇ ਰੱਖੀ ਹੈ। ਇਨ੍ਹਾਂ ਸੜਕਾਂ ਦੀ ਸਿਧਾਈ ਬਾਰੇ ਵਿਚਾਰ ਕਰਨ ਉਪਰੰਤ ਇਨ੍ਹਾਂ ਦੀ ਉਸਾਰੀ ਦਾ ਕੰਮ ਹੱਥ ਵਿਚ ਲਿਆ ਜਾਵੇਗਾ।]

Names of link Roads on which the work could not be started

(1) Constg. Saidpur Approach Road.
(2) Constg. Kailpur App. road.
(3) Constg. Meerpur Alu Majra.
(4) Constg. Pamal Badowal road.
(5) Constg. road from Kothi late Shri Dhinan Singh to village Rahun Samrala, Model Town Lalheri road.
(6) Constg. Hathur Bus Stand to Civil Dispensary.
(7) Constg. Malah Chakkar connecting Lakha Chakkar.
(8) L.C. road to Uchi Mangli
(9) Sahnewala-Kohara-Ramgarh.

[Minister of State for Public Works]

(10) Heeran L.C. road to Pangaliah.
(11) Katani Kot Gangurai approach road to Chooti Katani.
(12) Bhagpur to Rayan.
(13) Heran Kanetch Rampur road.
(14) L.C. road to Heeran Rayan.
(15) Link road from Bus stand to Main Bazar at Machhiwara.
(16) Manjali Kalan to Madhpur Lopon.
(17) Shergarh to Samrala.
(18) Bijlipur to L.C. road,
(19) Jaipura to Gurthali, Gurditpur,

ਗਿਆਨੀ ਅਰਜਨ ਸਿੰਘ ਲਿੱਟ : ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪਿੱਛੇ ਰਿਹਾ ਕੰਮ ਹੈ, ਉਹ ਕਦੋਂ ਤਕ ਪੂਰਾ ਕਰ ਦਿੱਤਾ ਜਾਵੇਗਾ ? ਕੀ ਉਹ ਜਲਦੀ ਮੁਕੰਮਲ ਕਰ ਦਿੱਤਾ ਜਾਵੇਗਾ ਤਾਂ ਜੋ ਜਿਹੜੀ ਲੋਕਾਂ ਵਿਚ ਬਦਅਮਨੀ ਫੈਲੀ ਹੋਈ ਹੈ, ਉਹ ਦੂਰ ਹੋ ਸਕੇ ?

ਰਾਜ ਮੰਤਰੀ : ਜਿਹੜੀਆਂ ਜਿਹੜੀਆਂ ਸੜਕਾਂ ਦਾ ਮੋਟੇ ਤੌਰ ਤੇ ਪਤਾ ਲਗਾ ਅਤੇ ਮੇਰੇ ਕੋਲ ਲਿਸਟ ਆ ਗਈ, ਉਹ ਮੈਂ ਦਸ ਦਿੱਤੀ ਹੈ, ਪਰ ਜਿਹੜੀਆਂ ਹੋਰ ਸੜਕਾਂ ਰਹਿੰਦੀਆਂ ਹਨ ਅਤੇ ਜਿਹੜੇ ਜਿਹੜੇ ਵੀ ਛੋਟੇ ਛੋਟੇ ਟੁਕੜੇ ਰਹਿੰਦੇ ਹਨ ਉਹ ਅਗਲੇ ਸਾਲ ਸਰਕਾਰ ਟੇਕ-ਅਪ ਕਰ ਲਵੇਗੀ ।

ਸਰਦਾਰ ਬਸੰਤ ਸਿੰਘ ਖਾਲਸਾ : ਜਿਹੜੀ ਪਾਲਿਸੀ ਸਰਕਾਰ ਨੇ ਅਨਾਊਂਸ ਕੀਤੀ ਹੈ ਕਿ ਅੱਧੇ ਅੱਧੇ ਮੀਲ ਤੋਂ ਜਿਹੜੀ ਸੜਕ ਵੱਧ ਹੈ, ਉਹ ਕੀਤੀ ਜਾਵੇ, ਕੀ ਸਰਕਾਰ ਇਸ ਗੱਲ ਦੇ ਪੇਸ਼ੇਨਜ਼ਰ ਕਿ ਜੀ.ਟੀ. ਰੋਡ ਤੇ ਬਹੁਤ ਸਾਰੇ ਪਿੰਡ ਅੱਧੇ ਅੱਧੇ ਮੀਲ ਤੇ ਪੈਂਦੇ ਹਨ, ਇਸ ਪਾਲਿਸੀ ਨੂੰ ਰਿਵਾਈਜ਼ ਕਰਨ ਵਾਸਤੇ ਤਿਆਰ ਹੈ, ਕਿਉਂਕਿ ਉਨ੍ਹਾਂ ਪਿੰਡਾਂ ਨੂੰ ਜੀ.ਟੀ. ਰੋਡ ਨਾਲ ਮਿਲਾਉਣ ਦਾ ਹੋਰ ਕੋਈ ਰਸਤਾ ਨਹੀਂ ਹੈ ?

ਰਾਜ ਮੰਤਰੀ : ਸਰਕਾਰ ਦੀ ਪਾਲਿਸੀ ਇਹੀ ਸੀ ਕਿ ਪਹਿਲਾਂ ਪਿੰਡਾਂ ਵਿਚ ਲਿੰਕ ਰੋਡਜ਼ ਕੰਪਲੀਟ ਹੋ ਜਾਣ, ਅਤੇ ਉਸ ਤੋਂ ਬਾਅਦ ਮਿਸਿੰਗ ਲਿੰਕਸ ਨੂੰ ਕੰਪਲੀਟ ਕਰਨਾ ਹੈ। ਮੇਰਾ ਖਿਆਲ ਹੈ ਕਿ ਪਹਿਲਾਂ ਲਿੰਕ ਰੋਡਜ਼ ਨੂੰ ਪੂਰਾ ਕਰਕੇ ਜਿਹੜੇ ਮਿਸਿੰਗ ਲਿੰਕਸ ਹਨ, ਉਨ੍ਹਾਂ ਨੂੰ ਬਾਅਦ ਵਿਚ ਮੁਕੰਮਲ ਕਰ ਦਿਤਾ ਜਾਵੇਗਾ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਗੱਲ ਦੇ ਪੇਸ਼ੇਨਜ਼ਰ ਕਿ ਸਾਰੇ ਪੰਜਾਬ ਵਿਚ ਮੇਰੇ ਹਲਕੇ ਵਿਚ ਡੇਢ੍ਹ ਕਰੋੜ ਰੁਪਿਆ ਮਾਰਕੀਟ ਕਮੇਟੀ ਨੇ 1970-71 ਵਿਚ ਵਿਸ਼ੇਸ਼ ਤੌਰ ਤੇ ਸੜਕਾਂ ਵਾਸਤੇ ਜਮ੍ਹਾਂ ਕਰਵਾਏ ਹਨ, ਪਰ ਹੁਣ ਤਕ ਸੜਕਾਂ ਨਹੀਂ ਬਣੀਆਂ । ਕੀ ਮੰਤਰੀ ਜੀ ਇਸ ਬਾਰੇ ਆਮ ਹਦਾਇਤਾਂ ਜਾਰੀ ਕਰਨਗੇ ਕਿ ਜਿਥੇ ਜਿਥੇ ਲਈ 2—2 ਸਾਲ ਤੋਂ ਰੁਪਿਆ ਪਿਆ ਹੋਇਆ ਹੈ, ਉਥੇ ਸੜਕਾਂ ਬਣਾਉਣ ਲਈ ਪਰਾਇਰਟੀ ਦਿੱਤੀ ਜਾਵੇ ?

ਰਾਜ ਮੰਤਰੀ : ਜਿਥੋਂ ਤੱਕ ਮਾਰਕੀਟ ਕਮੇਟੀਆਂ ਦੀ ਗੱਲ ਹੈ, 1972-73 ਵਿਚ ਪਾਲਿਸੀ ਇਸ ਵੇਲੇ ਨਾਲੋਂ ਮੁਖ਼ਤਲਿਫ ਸੀ। 1973 ਵਿਚ ਸਾਂਝੇ ਤੌਰ ਤੇ ਇਹ ਫੈਸਲਾ ਕੀਤਾ ਗਿਆ ਸੀ ਕਿ ਮਾਰਕੀਟ ਕਮੇਟੀਆਂ ਜਿਹੜੀਆਂ ਸੜਕਾਂ ਆਪ ਤਹਿ ਕਰਕੇ ਦੇਣ, ਉਹ ਪੋਰਸ਼ਨ ਬਣਾ ਦਿੱਤੇ ਜਾਣ। ਪਰ ਜਿਥੇ ਜਨਰਲ ਤੌਰ ਤੇ ਪੈਸਾ ਜਮ੍ਹਾਂ ਕਰਵਾਇਆ ਜਾਂਦਾ ਹੈ, ਉਸ ਕੇਸ ਵਿਚ ਅਸੀਂ ਸਾਰੀਆਂ ਚੀਜ਼ਾਂ ਨੂੰ ਵੇਖਣਾ ਹੁੰਦਾ ਹੈ, ਕਈ ਦਫਾ ਪੈਸੇ ਵੱਧ ਹੁੰਦੇ ਹਨ, ਅਤੇ ਕਈ ਦਫਾ ਘੱਟ ਹੁੰਦੇ ਹਨ। ਅਸੀਂ 2—4 ਦਿਨਾਂ ਤਕ ਮਾਰਕੀਟਿੰਗ ਬੋਰਡ ਨਾਲ ਇਸ ਬਾਰੇ ਮੀਟਿੰਗ ਕਰ ਰਹੇ ਹਾਂ ਤਾਂ ਜੋ ਪਿਛਲੇ ਪਏ ਪੈਸੇ ਨੂੰ ਤਹਿ ਕਰਕੇ ਸਾਰਾ ਕੰਮ ਸ਼ੁਰੂ ਕੀਤਾ ਜਾ ਸਕੇ ।

ਕਾਮਰੇਡ ਅੱਛਰ ਸਿੰਘ : ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣ ਚਾਹੁੰਦਾ ਹਾਂ ਕਿ ਜ਼ਿਲ੍ਹਾ ਮਾਰਕੀਟ ਰੋਡਜ਼, ਜਿਸ ਤਰ੍ਹਾਂ ਸੰਗਰੂਰ—ਲੁਧਿਆਣਾ ਅਤੇ ਹੋਰ ਜ਼ਿਲ੍ਹਿਆਂ ਵਿਚ, ਜਿਸ ਤਰ੍ਹਾਂ ਪਟਿਆਲਾ–ਲੁਧਿਆਣਾ ਅਤੇ ਸੰਗਰੂਰ ਦੀਆਂ ਸੜਕਾਂ 12 ਫੁਟ ਚੌੜੀਆਂ ਹਨ, ਉਨ੍ਹਾਂ ਨੂੰ 18 ਫੁਟ ਚੌੜਾ ਕਰਨ ਦਾ ਕੰਮ ਕਦੋਂ ਤਕ , ਕਿਹੜੀ ਤਾਰੀਖ ਤਕ ਸ਼ੁਰੂ ਕਰ ਦਿੱਤਾ ਜਾਵੇਗਾ ?

ਰਾਜ ਮੰਤਰੀ : ਜਿਹੜੀਆਂ ਸੜਕਾਂ ਪੰਜਾਬ ਦੇ ਅੰਦਰ ਸਟਰੈਟੇਜਿਕ ਹਨ, ਉਨ੍ਹਾਂ ਵਾਸਤੇ ਰੁਪਿਆ ਗੌਰਮਿੰਟ ਆਫ ਇਡੀਆ ਤੋਂ ਮਿਲਦਾ ਹੈ ਅਤੇ ਉਹ ਉਸ ਦੇ ਤਹਿਤ ਬਣਾਈਆਂ ਜਾਂਦੀਆਂ ਹਨ। ਜਿਹੜੀਆਂ ਡਿਸਟਰਿਕਟ ਸੰਗਰੂਰ, ਬਠਿੰਡਾ, ਫਿਰੋਜ਼ਪੁਰ ਅਤੇ ਫਰੀਦਕੋਟ ਦੀਆਂ ਸੜਕਾਂ ਹਨ, ਉਨ੍ਹਾਂ ਨੂੰ ਵਾਈਡਨ ਕਰਨ ਵਾਲੀ ਗੱਲ ਅਗਲੇ ਪੰਜ ਸਾਲਾ ਪਲੈਨ ਵਿਚ ਜਿਹੜੀ ਇਕ ਅਪਰੈਲ ਤੋਂ ਸ਼ੁਰੂ ਹੋਣ ਵਾਲੀ ਹੈ, ਉਸ ਵਿਚ ਲਿਆਇਆ ਜਾ ਰਿਹਾ ਹੈ ਅਤੇ ਜਿਉਂ ਜਿਉਂ ਪੈਸਾ ਮਿਲਦਾ ਜਾਵੇਗਾ, ਉਨ੍ਹਾਂ ਸੜਕਾਂ ਨੂੰ ਵਾਈਡਨ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

ਕਾਮਰੇਡ ਜੰਗੀਰ ਸਿੰਘ ਜੋਗਾ: ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਗਿਆਨੀ ਜੀ 11 ਜੂਨ ਨੂੰ ਜੋਗਾ ਪਿੰਡ ਵਿਚ ਇਕ ਸੜਕ ਦਾ ਉਦਘਾਟਨ ਕਰਨ ਗਏ ਸੀ। ਉਹ ਸੜਕ ਕੋਈ ਅੱਧਾ ਮੀਲ ਟੋਟਾ ਹੈ, ਉਸ ਤੇ ਮਿੱਟੀ ਵੀ ਪਾ ਦਿੱਤੀ ਗਈ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸੜਕ ਨੂੰ ਹੁਣ ਅਗਲੇ ਪਲੈਨ ਵਿਚ ਲੈ ਲਿਆ ਜਾਵੇਗਾ ਕਿਉਂਕਿ ਪਿੰਡ ਨੂੰ ਹੋਰ ਕੋਈ ਰਸਤਾ ਨਹੀਂ ਹੈ ?

ਰਾਜ ਮੰਤਰੀ : ਜੋਗਾ ਪਿੰਡ ਵਾਲੀ ਸੜਕ ਦੀ ਮੈਂ ਇਨ੍ਹਾਂ ਤੋਂ ਤਫਸੀਲ ਲੈ ਲਵਾਂਗਾ ਅਤੇ ਉਸ ਰੋਡ ਨੂੰ ਅਗਲੇ ਸਾਲ ਵਿਚ ਲੈ ਆਂਦਾ ਜਾਵੇਗਾ।

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਾਰਕੀਟ ਕਮੇਟੀਆਂ ਦਾ ਜਿਹੜਾ ਰੁਪਿਆ ਪੀ.ਡਬਲਿਊ.ਡੀ. ਕੋਲ ਜਮ੍ਹਾਂ ਪਿਆ ਹੈ ਉਹ ਅਜੇ ਤਕ ਸੜਕਾਂ ਬਣਾਉਣ ਲਈ ਇਸਤੇਮਾਲ ਨਹੀਂ ਕੀਤਾ ਗਿਆ, ਕੀ ਮਾਰਕੀਟ ਕਮੇਟੀਆਂ ਨੂੰ ਇਹ ਇਜਾਜ਼ਤ ਦਿੱਤੀ ਜਾਵੇਗੀ ਕਿ ਉਹ ਆਪਣੇ ਪੈਸੇ ਨਾਲ ਉਥੇ ਆਪ ਸੜਕਾਂ ਬਣਵਾ ਲੈਣ ?

ਮੁੱਖ ਸੰਸਦੀ ਸਕੱਤਰ : ਉਹ ਪੈਸੇ ਖਾ ਜਾਣਗੇ।

ਰਾਜ ਮੰਤਰੀ : ਸਾਡੀ ਸਰਕਾਰ ਤੇਜ਼ੀ ਨਾਲ ਸੜਕਾਂ ਨੂੰ ਬਣਾ ਦੇਣਾ ਚਾਹੁੰਦੀ ਹੈ, ਅਤੇ ਮੈਂ ਪਹਿਲਾਂ ਵੀ ਕਿਹਾ ਹੈ ਕਿ ਮਾਰਕੀਟਿੰਗ ਬੋਰਡ ਨਾਲ ਮੀਟਿੰਗ ਕਰ ਰਹੇ ਹਾਂ, ਅਤੇ ਆਪੋ ਵਿਚ ਇਸ ਗੱਲ ਨੂੰ ਤਹਿ ਕਰ ਲਿਆ ਜਾਵੇਗਾ।

चौधरी कांशी राम : मैं मिनिस्टर साहिब से यह पूछना चाहता हूं कि जिस तरह मारकिट कमेटीज़ का पूल बनाया है, ऐसी हालत में बहुत सारी मारकिट कमेटियाँ ऐसी हैं जिन की आय बहुत ज़्यादा है और बहुत सारी ऐसी हैं जिन की आय कम है । जैसे अबोहर मारकिट कमेटी की सालाना आमदनी 50 लाख है । तो मैं यह पूछना चाहता हूं कि क्या कामन पूल को तोड़ने के लिए सरकार सोचेगी ताकि जिन मारकिट कमेटियों का ज़्यादा रुप्या जमा है वहाँ ज़्यादा सड़कें बन सकें ?

ਰਾਜ ਮੰਤਰੀ : ਚੌਧਰੀ ਸਾਹਿਬ ਨੂੰ ਇਹ ਸ਼ੰਕਾ ਹੈ ਕਿ ਕਿਸੇ ਮਾਰਕੀਟ ਕਮੇਟੀ ਕੋਲ ਘੱਟ ਰੁਪਿਆ ਹੋਵੇ ਅਤੇ ਸੜਕਾਂ ਉਥੇ ਜ਼ਿਆਦਾ ਬਣ ਜਾਣਗੀਆਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰੁਪਿਆ ਭਾਵੇਂ ਘੱਟ ਵੀ ਹੋਵੇ, ਸੜਕਾਂ ਜ਼ਰੂਰ ਬਣਾਈਆਂ ਜਾਣਗੀਆਂ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਕੁਝ ਜਿਹੜੀਆਂ ਸੜਕਾਂ ਰਹਿ ਗਈਆਂ ਹਨ, ਉਨ੍ਹਾਂ ਬਾਰੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਮੈਹਲਾਂ-ਪੰਡੋਰੀ ਜਿਹੜੇ ਪਿੰਡ ਹਨ, ਇਥੇ ਰੋਡ ਪਰੋਵਾਈਡ ਨਹੀਂ ਕੀਤੀ ਗਈ, ਕੀ ਇਹ ਬਣਾ ਦਿੱਤੀ ਜਾਵੇਗੀ ?

ਰਾਜ ਮੰਤਰੀ : ਹੋਰ ਕੋਈ ਮਿਸਿੰਗ ਲਿੰਕਸ ਹਨ, ਚੈਕ-ਅਪ ਕਰਨਾ ਹੈ ਅਤੇ ਜ਼ਰੂਰ ਉਨ੍ਹਾਂ ਨੂੰ ਕੰਪਲੀਟ ਕਰਾਂਗੇ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਬੇਟ ਦਾ ਜਿਹੜਾ ਏਰੀਆ ਹੈ, ਉਸ ਦੇ ਵਿਚ ਐਸੇ ਪਿੰਡ ਵੀ ਹਨ ਜਿਥੇ ਦੋ ਦੋ ਤਿੰਨ ਤਿੰਨ ਮੀਲ ਸੜਕਾਂ ਨਹੀਂ ਬਣੀਆਂ। ਕੀ ਰਾਜ ਮੰਤਰੀ ਜੀ ਦੱਸਣਗੇ ਕਿ ਉਸ ਬੇਟ ਦੇ ਇਲਾਕੇ ਦੀ ਡਿਵੈਲਪਮੈਂਟ ਦਾ ਖਿਆਲ ਰਖਦੇ ਹੋਏ ਉਨ੍ਹਾਂ ਸੜਕਾਂ ਨੂੰ ਕੰਪਲੀਟ ਕੀਤਾ ਜਾਵੇਗਾ ?

ਰਾਜ ਮੰਤਰੀ : ਅਟਵਾਲ ਸਾਹਿਬ ਨੇ ਜਿਨ੍ਹਾਂ ਸੜਕਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਵੀ ਧਿਆਨ ਰਖਿਆ ਜਾਵੇਗਾ ।

ਸਰਦਾਰ ਬਸੰਤ ਸਿੰਘ ਖ਼ਾਲਸਾ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਥਾਨੇ ਦੇ ਦੋ ਹਿੱਸੇ ਹੋ ਗਏ ਅਤੇ 22 ਪਿੰਡ ਜ਼ਿਲ੍ਹਾ ਫਰੀਦਕੋਟ ਵਿਚ ਚਲੇ ਗਏ। ਇਕ ਲੰਭਿਆਨਾ ਪਿੰਡ ਹੈ, ਜਿਥੋਂ ਦੇ ਇਕ ਨਰਾਇਣ ਸਿੰਘ ਨੇ ਦੇਸ਼ ਦੀ ਆਜ਼ਾਦੀ ਲਈ ਸ਼ਹੀਦੀ ਦਿੱਤੀ ਸੀ ਅਤੇ ਜਦੋਂ ਕਿ ਸਰਕਾਰ ਸ਼ਹੀਦਾਂ ਦੇ ਮੈਮੋਰੀਅਲ ਬਣਾ ਰਹੀ ਹੈ, ਉਸ ਇਕ ਮੀਲ ਦੇ ਟੁਕੜੇ ਨੂੰ ਪੂਰਾ ਨਹੀਂ ਕੀਤਾ ਗਿਆ। ਇਸ ਬਾਰੇ ਪੰਚਾਇਤ ਵਲੋਂ ਰੈਜ਼ੋਲਿਊਸ਼ਨ ਵੀ ਪਾਸ ਕਰਕੇ ਭੇਜਿਆ ਗਿਆ, ਪਰ ਕੁਝ ਨਹੀਂ ਕੀਤਾ ਗਿਆ ।

ਰਾਜ ਮੰਤਰੀ : ਸਪੀਕਰ ਸਾਹਿਬ, ਸਵਾਲ ਤਾਂ ਚਲ ਰਿਹਾ ਸੀ ਮਿਉਂਸੀਪਲ ਕਮੇਟੀ ਏਰੀਆਂ ਲਿੰਕ ਰੋਡਜ਼ ਦਾ। ਜੇ ਇਹ ਕੋਈ ਸ਼ਹੀਦ ਦੇ ਨਾਉਂ ਤੇ ਸੜਕ ਬਣਾਉਣਾ ਚਾਹੁੰਦੇ ਹਨ, ਇਸ ਦੇ ਲਈ ਬਾਕਾਇਦਾ ਕਮੇਟੀ ਬਣੀ ਹੋਈ ਹੈ, ਉਹ ਮੈਨੂੰ ਦਸ ਦੇਣ ਅਸੀਂ ਜ਼ਰੂਰ ਬਣਾ ਦੇਵਾਂਗੇ।

ਸ੍ਰੀ ਪ੍ਰੇਮ ਗੁਪਤਾ : ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਜਿਹੜਾ ਸਟਰੈਂਥਨਿੰਗ ਆਫ ਰੋਡਜ਼ ਦੇ ਲਈ ਅਤੇ ਵਾਈਡਨਿੰਗ ਆਫ ਰੋਡਜ਼ ਦੇ ਲਈ ਸੜਕਾਂ ਤੇ ਮੈਟੀ-ਰੀਅਲ ਪਿਆ ਹੈ, ਕੀ ਇਸ ਗੱਲ ਨੂੰ ਧਿਆਨ ਵਿਚ ਰਖਦੇ ਹੋਏ ਛੇਤੀ ਤੋਂ ਛੇਤੀ ਸੜਕਾਂ ਬਣਾਉਣਗੇ ਤਾਂ ਜੋ ਮੈਟੀਰੀਅਲ ਖੁਰਦ ਬੁਰਦ ਨਾ ਹੋ ਜਾਵੇ ?

ਰਾਜ ਮੰਤਰੀ : ਅਸੀਂ ਐਸਾ ਨਹੀਂ ਹੋਣ ਦੇਵਾਂਗੇ ਜੀ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਿਵੇਂ ਜੋਗਾ ਜੀ ਨੇ ਕਿਹਾ ਹੈ ਕਿ ਸੜਕ ਸੈਂਕਸ਼ਨ ਨਹੀਂ ਹੋਈ ਹੁੰਦੀ ਅਤੇ ਚੀਫ ਮਨਿਸਟਰ ਸਾਹਿਬ ਪਹਿਲਾਂ ਉਦਘਾਟਨ ਕਰ ਆਉਂਦੇ ਹਨ ਕੀ ਵਜ਼ੀਰ ਸਾਹਿਬ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਅਗੇ ਤੋਂ ਸੈਂਕਸ਼ਨ ਹੋਏ ਬਗੈਰ ਉਹ ਕਿਸੇ ਸੜਕ ਦਾ ਉਦਘਾਟਨ ਨਹੀਂ ਕਰਨਗੇ ?

ਰਾਜ ਮੰਤਰੀ : ਸ਼ਾਇਦ ਸੰਧੂ ਸਾਹਿਬ ਨੂੰ ਆਪਣੇ ਵਕਤ ਦੀਆਂ ਗੱਲਾਂ ਯਾਦ ਆਉਂਦੀਆਂ ਹਨ ਜਦੋਂ ਕਿ ਕੰਮ ਹੁੰਦਾ ਨਹੀਂ ਸੀ ਅਤੇ ਨੀਂਹ ਪੱਥਰ ਜ਼ਰੂਰ ਰਖ ਦਿੱਤਾ ਜਾਂਦਾ ਸੀ। ਅਸੀਂ ਤਾਂ ਕੰਮ ਕਰਨ ਤੇ ਵਿਸ਼ਵਾਸ ਕਰਦੇ ਹਾਂ ਨੀਂਹ ਪੱਥਰ ਤੇ ਵਿਸ਼ਵਾਸ ਨਹੀਂ ਕਰਦੇ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਈ ਥਾਵਾਂ ਤੇ ਕੁਝ ਹਿੱਸਾ ਸੜਕ ਦਾ ਮਿਉਂਸੀਪਲ ਏਰੀਆ ਵਿਚ ਫਾਲ ਕਰਦਾ ਹੈ ਅਤੇ ਬਾਕੀ ਦਾ ਪਿੰਡ ਦੀ ਹੱਦ ਹੁੰਦੀ ਹੈ, ਕੀ ਸਰਕਾਰ ਐਸੀਆਂ ਥਾਵਾਂ ਤੇ ਸੜਕਾਂ ਬਣਾਏਗੀ ? ਕੀ ਇਸ ਤਰ੍ਹਾਂ ਦੀਆਂ ਵੀ ਲਿੰਕ ਰੋਡਜ਼ ਤਿਆਰ ਕੀਤੀਆਂ ਜਾਣਗੀਆਂ ?

ਰਾਜ ਮੰਤਰੀ : ਅਸੀਂ ਇਸ ਤਰ੍ਹਾਂ ਦੀਆਂ ਸੜਕਾਂ, ਜਿਨ੍ਹਾਂ ਵਿਚ ਕੁਝ ਹਿੱਸਾ ਮਿਉਂਸੀਪਲ ਕਮੇਟੀ ਨਾਲ ਵੈਸਟ ਕਰਦਾ ਹੈ ਅਤੇ ਕੁਝ ਹਿੱਸਾ ਪੰਜਾਬ ਦੇ ਨਾਲ ਹੁੰਦਾ ਹੈ, ਲਿੰਕ ਰੋਡਜ਼ ਕੰਪਲੀਟ ਕਰਦੇ ਹਾਂ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਸੜਕ ਰੋਪੜ ਤੋਂ ਟਾਂਡਾ ਤੱਕ ਇਕ ਸਟ੍ਰੈਟਿਜਿਕ ਰੋਡ ਗਿਣੀ ਜਾਂਦੀ ਹੈ, ਇਸ ਤੇ ਕੰਮ ਕਦੋਂ ਸ਼ੁਰੂ ਹੋਵੇਗਾ ਅਤੇ ਇਹ ਖਤਮ ਕਦੋਂ ਹੋ ਜਾਵੇਗਾ ?

ਰਾਜ ਮੰਤਰੀ : ਇਸ ਬਾਰੇ ਮੈਂ ਕਾਮਰੇਡ ਜੀ ਨੂੰ ਇਤਨਾ ਕੁ ਹੀ ਦਸ ਸਕਦਾ ਹਾਂ ਕਿ ਇਸ ਸੜਕ ਦਾ ਕੰਮ ਜਿਹੜੀ ਪੰਜ ਸਾਲਾ ਪਲੈਨ ਰਾਹੀਂ ਮੁਕੰਮਲ ਹੋਣਾ ਹੈ, ਪਹਿਲੇ ਸਾਲ ਹੀ ਸ਼ੁਰੂ ਹੋਵੇਗਾ ਅਤੇ ਸ਼ੁਰੂ ਹੋਣ ਤੋਂ ਬਾਅਦ ਇਸ ਨੂੰ ਖਤਮ ਕਰਕੇ ਹੀ ਦਮ ਲਵਾਂਗੇ ।

Construction of Some Parts of Talwara-Mubarakpur Road

*2467. **Doctor Amir Singh Kalkat :** Will the Minister of State for Public Works be pleased to state—

(a) whether it is a fact that some portion, measuring about 5 Kms. of the Talwara-Mubarakpur road, has not been constructed so far; if so, the reasons therefor;

(b) the time by which the said portion is likely to be constructed?

Shri Joginder Pal Pandey :(a) Only 3 Kms. length is yet to be metalled There are 22 choes in this length and the road cannot be constructed unless the choes are bridged.

(b) No definite date can be given.

[(ੳ) ਸਿਰਫ 3 ਕਿਲੋਮੀਟਰ ਲੰਬਾਈ ਅਜੇ ਬਣਾਉਣੀ ਰਹਿੰਦੀ ਹੈ । ਇਸ ਲੰਬਾਈ ਵਿੱਚ 22 ਚੋ ਹਨ ਅਤੇ ਸੜਕ ਉਤਨੀ ਦੇਰ ਨਹੀਂ ਬਣਾਈ ਜਾ ਸਕਦੀ ਜਿਤਨੀ ਦੇਰ ਤਕ ਚੋਆਂ ਤੇ ਪੁਲ ਨਹੀਂ ਬਣਦੇ ।

(ਅ) ਕੋਈ ਪੱਕੀ ਤਾਰੀਖ ਨਹੀਂ ਦੱਸੀ ਜਾ ਸਕਦੀ ।]

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜਦੋਂ ਸੜਕ ਬਣੇਗੀ ਤਾਂ ਘਟੋ ਘੱਟ 20 ਚੋਆਂ ਦੇ ਪੁਲ ਬਣਨਗੇ । ਮੈਂ ਅਰਜ਼ ਕਰਾਂਗਾ ਕਿ ਇਹ ਇਲਾਕਾ ਚੋਆਂ ਅਤੇ ਚੌਧਰੀਆਂ ਲਈ ਮਸ਼ਹੂਰ ਹੈ, ਇਥੇ ਸੜਕਾਂ ਕਦੋਂ ਤੱਕ ਕੰਪਲੀਟ ਹੋਣਗੀਆਂ ? ਬਹੁਤ ਸਾਰੀਆਂ ਥਾਵਾਂ ਤੇ ਸਰਕਾਰ ਨੇ ਸੜਕਾਂ ਸ਼ੁਰੂ ਕੀਤੀਆਂ ਅਤੇ ਫੇਰ ਵਿਚੇ ਛੱਡ ਦਿੱਤੀਆਂ । ਮੈਂ ਬਤੌਰ ਚੇਅਰਮੈਨ ਐਸਟੀਮੇਟ ਕਮੇਟੀ ਦੇ ਇਹ ਨੋਟ ਵੀ ਕੀਤਾ ਹੈ ਕਿ ਸਰਕਾਰ ਨੇ ਜਿਹੜੀ ਸੜਕ ਬਣਾਉਣੀ ਹੋਵੇ ਉਹ ਵਿਚ ਨਾ ਛਡੇ ਸਗੋਂ ਉਸ ਨੂੰ ਕੰਪਲੀਟ ਕਰੇ ।

ਰਾਜ ਮੰਤਰੀ: ਇਸ ਤਰ੍ਹਾਂ ਦੀਆਂ ਜਿਹੜੀਆਂ ਵੀ ਇਨਕੰਪਲੀਟ ਸੜਕਾਂ ਹਨ ਅਸੀਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਕੰਪਲੀਟ ਕਰਾਂਗੇ।

ਚੌਧਰੀ ਰਾਮ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਪੰਜਾਬ ਸਰਕਾਰ ਕੋਈ ਰੋਡ ਕਾਰਪੋਰੇਸ਼ਨ ਬਨਾਉਣ ਦਾ ਵਿਚਾਰ ਕਰ ਰਹੀ ਹੈ ?

ਰਾਜ ਮੰਤਰੀ: ਇਕ ਪ੍ਰੋਪੋਜ਼ਲ ਯੂ.ਪੀ. ਪੈਟਰਨ ਤੇ ਸਰਕਾਰ ਦੇ ਜ਼ੇਰੇ ਗ਼ੌਰ ਹੈ, ਜੇ ਇਸ ਰਾਹੀਂ ਕੋਈ ਲਾਭ ਨਜ਼ਰ ਆਇਆ ਤਾਂ ਇਸ ਤੇ ਜ਼ਰੂਰ ਗੌਰ ਕਰਾਂਗੇ।

ਸ੍ਰੀ ਪ੍ਰੇਮ ਗੁਪਤਾ: ਕੀ ਸਰਕਾਰ ਰੋਡ ਕਾਰਪੋਰੇਸ਼ਨ ਬਾਰੇ ਹੀ ਗੌਰ ਕਰ ਰਹੀ ਹੈ ਜਾਂ ਉਨ੍ਹਾਂ ਬੰਦਿਆਂ ਬਾਰੇ ਵੀ ਵਿਚਾਰ ਹੋ ਰਿਹਾ ਹੈ ਕਿ ਕਿਹੜੇ ਕਿਹੜੇ ਲਾਉਣੇ ਹਨ ?

ਰਾਜ ਮੰਤਰੀ: ਨਾਵਾਂ ਬਾਰੇ ਤਾਂ ਮੈਂ ਇਤਨਾ ਕੁ ਜ਼ਰੂਰ ਦਸ ਸਕਦਾ ਹਾਂ ਕਿ ਉਨ੍ਹਾਂ ਬੰਦਿਆਂ ਦੀ ਲਿਸਟ ਵਿਚ ਤੁਹਾਡਾ ਨਾਉ ਨਹੀਂ ਹੈ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਹੁਸ਼ਿਆਰਪੁਰ ਅਤੇ ਕੰਡੀ ਦੇ ਇਲਾਕੇ ਵਿਚ ਸੜਕਾਂ ਬਣਾਉਣ ਲਈ ਪਹਿਲਾਂ ਮਿੱਟੀ ਪਾਉਂਦੇ ਹਨ, ਹਰ ਸਾਲ ਸੜਕ ਅਜੇ ਬਣਦੀ ਨਹੀਂ ਪਰ ਮਿੱਟੀ ਬਰਸਾਤ ਵਿਚ ਰੁੜ੍ਹ ਜਾਂਦੀ ਹੈ। ਕੀ ਸਰਕਾਰ ਇਸ ਹਿਸਾਬ ਦੇ ਨਾਲ ਮਿੱਟੀ ਪਾਉਣ ਦਾ ਯਤਨ ਕਰੇਗੀ ਕਿ ਉਹ ਬਰਸਾਤ ਤੋਂ ਪਹਿਲਾਂ ਮੁਕੰਮਲ ਹੋ ਜਾਵੇ, ਮਿੱਟੀ ਰੁੜ੍ਹੇ ਨਾਂ ?

ਰਾਜ ਮੰਤਰੀ: ਕਨੇਡੀਅਨ ਜੀ ਦੇ ਨੋਟਿਸ ਵਿਚ ਜੇ ਕੋਈ ਐਸੀ ਬੇਕਾਇਦਗੀ ਨਜ਼ਰ ਆਈ ਹੋਵੇ ਤਾਂ ਉਹ ਦਸ ਦੇਣ, ਅਸੀਂ ਉਸ ਤੇ ਜ਼ਰੂਰ ਗੌਰ ਕਰਾਂਗੇ।

ਚੌਧਰੀ ਸੁੰਦਰ ਸਿੰਘ: ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਕੁਝ ਬਾਰਡਰ ਦਾ ਏਰੀਆ ਹੈ, ਕੁਝ ਬੇਟ ਦਾ ਹੈ ਅਤੇ ਕੁਝ ਕੰਡੀ ਏਰੀਆ ਹੈ। ਨਰੋਟ ਜੈਮਲ ਸਿੰਘ ਨੂੰ ਕੋਈ ਬਸ ਜਾ ਹੀ ਨਹੀਂ ਸਕਦੀ। ਕੀ ਸਰਕਾਰ ਹੋਰਨਾਂ ਥਾਵਾਂ ਤੇ ਸੜਕਾਂ ਬਣਾਉਣ ਦੀ ਬਜਾਏ ਇਸ ਇਲਾਕੇ ਨੂੰ ਤਰਜੀਹ ਦੇਵੇਗੀ ?

ਰਾਜ ਮੰਤਰੀ: ਮੈਂ ਤਾਂ ਚੌਧਰੀ ਸਾਹਿਬ ਦੇ ਹਲਕੇ ਵਿਚ ਉਨ੍ਹਾਂ ਦੇ ਨਾਲ ਪਹਿਲੀ ਵਾਰੀ ਹੀ ਗਿਆ ਸੀ ਅਤੇ ਉਨ੍ਹਾਂ ਨੂੰ ਇਕ ਪੁਲ ਬਣਵਾਕੇ ਦੇ ਆਇਆ ਸੀ, ਜਿਹੜਾ ਇਨਟਾਈਮ ਤਿਆਰ ਹੋ ਗਿਆ ਸੀ। ਬਾਕੀ ਜੋ ਵੀ ਪਛੜਿਆ ਇਲਾਕਾ ਹੈ ਅਸੀਂ ਉਸ ਨੂੰ ਤਰਜੀਹ ਦਿੰਦੇ ਹਾਂ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ: ਮੇਰਾ ਹਲਕਾ ਜਲਾਲਾਬਾਦ ਦਾ ਬਾਰਡਰ ਏਰੀਆ ਹੈ, ਇਥੇ ਦੇ ਇਲਾਕੇ ਨੂੰ ਕਈ ਵਾਰੀ ਜਗ ਕਾਰਨ ਬੰਬਾਂ ਨੇ ਤੋੜਿਆ ਭੰਨਿਆ ਹੈ। ਬਾਮ੍ਹਣਕੇ ਤੋਂ ਜਲਾਲਾਬਾਦ ਸੜਕ 6—7 ਸਾਲਾਂ ਤੋਂ ਇਨਕੰਪਲੀਟ ਪਈ ਹੈ, ਕੀ ਸਰਕਾਰ ਏਧਰ ਧਿਆਨ ਦੇਵੇਗੀ ?

ਰਾਜ ਮੰਤਰੀ: ਸਵਾਲ ਤਾਂ ਕੁਝ ਹੋਰ ਹੈ। ਵੈਸੇ ਉਹ ਜਿਹੜੀ ਸੜਕ ਦੀ ਗੱਲ ਕਰਦੇ ਹਨ ਉਸ ਬਾਰੇ ਦਸ ਦੇਣ ਜਵਾਬ ਦੇ ਦੇਵਾਂਗੇ।

ਸਰਦਾਰ ਕਿਰਪਾਲ ਸਿੰਘ ਢਿੱਲੋਂ: ਚੌਧਰੀ ਸਾਹਿਬ ਨੇ ਕਿਹਾ ਸੀ ਉਨ੍ਹਾਂ ਦਾ ਇਲਾਕਾ ਬਾਰਡਰ ਦਾ ਏਰੀਆ ਵੀ ਹੈ, ਕੰਡੀ ਦਾ ਇਲਾਕਾ ਵੀ ਹੈ ਅਤੇ ਬੇਟ ਏਰੀਆ ਵੀ ਹੈ, ਚੋਆਂ ਦੇ ਹੋਣ ਕਰਕੇ ਕੋਈ ਸੜਕ ਨਹੀ ਅਤੇ ਨਾ ਹੀ ਕੋਈ ਬਸ ਜਾਂਦੀ ਹੈ। ਮੈਂ ਉਨ੍ਹਾਂ ਤੋਂ ਪੁੱਛਦਾ ਹਾਂ ਕਿ ਜੇ ਸੜਕ ਬਣਨ ਕਰਕੇ ਬਸ ਲਗ ਗਈ ਤਾਂ ਫੇਰ ਉਹ ਮੈਂਬਰ ਬਣ ਕੇ ਏਥੇ ਆ ਸਕਣਗੇ ? (ਹਾਸਾ)

STARRED QUESTIONS AND ANSWERS

Supplementary Questions on Starred Question No 2325**

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮਿਰਜ਼ਾ ਦਿਆਲ ਪੁਰਾ ਦੇ ਸਰਪੰਚ ਦੇ ਖਿਲਾਫ ਪਿੰਡ ਦੀ ਪੰਚਾਇਤ ਦੇ ਮੈਂਬਰਾਂ ਨੇ ਸ਼ਿਕਾਇਤ ਡੀ.ਸੀ. ਨੂੰ ਕੀਤੀ। ਇਸ ਦੀ ਪੜਤਾਲ ਹੋ ਕੇ ਅੱਜ ਰਿਪੋਰਟ ਆਈ ਨੂੰ ਵੀ 6 ਮਹੀਨੇ ਹੋ ਗਏ ਹਨ। ਉਸ ਦੇ ਖਿਲਾਫ ਅਜੇ ਤੱਕ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਕੀ ਉਹ ਦੱਸਣਗੇ ਕਿ ਉਹ ਕਾਰਵਾਈ ਕਦੋਂ ਤਕ ਹੋ ਜਾਏਗੀ ?

ਰਾਜ ਮੰਤਰੀ, ਵਿਕਾਸ (ਸਰਦਾਰ ਸੰਤੋਖ ਸਿੰਘ ਰੰਧਾਵਾ): ਸਪੀਕਰ ਸਾਹਿਬ, ਤੁਸੀਂ ਇਹ ਸਵਾਲ ਸਸਪੈਂਡ ਕੀਤਾ ਸੀ। ਇਸ ਦਾ ਜਵਾਬ ਆਉਣ ਤੇ ਜਵਾਬ ਦਿੱਤਾ ਜਾਏਗਾ। ਇਨ੍ਹਾਂ ਨੂੰ ਦੋ ਤਿੰਨ ਦਿਨਾਂ ਵਿਚ ਜਵਾਬ ਦੇ ਦਿੱਤਾ ਜਾਏਗਾ। ਹਾਲੇ ਜਵਾਬ ਨਹੀਂ ਆਇਆ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਜਵਾਬ ਦਿੱਤਾ ਹੈ ਕਿ ਮਿਰਜ਼ਾ ਦਿਆਲਪੁਰ ਵਿਖੇ 2 ਕਨਾਲ 7 ਮਰਲੇ ਜ਼ਮੀਨ ਡੇਢ ਸੌ ਰੁਪਏ ਨੂੰ ਵੇਚ ਦਿੱਤੀ, ਡਾਇਰੈਕਟਰ ਆਫ਼ ਪੰਚਾਇਤ ਦੀ ਮੰਜ਼ੂਰੀ ਤੋਂ ਬਿਨਾਂ। ਇਹਦੇ ਵਿਚ ਡੀ.ਸੀ. ਦੀ ਇਨਕੁਆਇਰੀ ਦੀ ਲੋੜ ਨਹੀਂ ਹੈ। ਡਾਇਰੈਕਟਰ ਆਫ ਪੰਚਾਇਤ ਦੇ ਦਫਤਰ ਤੋਂ ਪਤਾ ਲਗ ਸਕਦਾ ਸੀ ਆਇਆ ਮਨਜ਼ੂਰੀ ਲਈ ਗਈ ਹੈ ਜਾਂ ਨਹੀਂ। ਜੇ ਨਹੀਂ ਲਈ ਗਈ ਤਾਂ ਸਰਪੰਚ ਨੂੰ ਸਸਪੈਂਡ ਕੀਤਾ ਜਾ ਸਕਦਾ ਹੈ। ਪੰਚਾਇਤ ਨੇ ਡਾਇਰੈਕਟਰ ਆਫ ਪੰਚਾਇਤਸ ਤੋਂ ਇਹ ਜ਼ਮੀਨ ਵੇਚਣ ਲਗਿਆਂ ਮਨਜ਼ੂਰੀ ਨਹੀਂ ਲਈ।

ਸ੍ਰੀ ਸਪੀਕਰ: ਮੈਂ ਬੇਨਤੀ ਕਰਾਂਗਾ ਕਿ ਬਜਟ ਸੈਸ਼ਨ ਵਿਚ ਹੀ ਇਸ ਦਾ ਜਵਾਬ ਆ ਜਾਣਾ ਚਾਹੀਦਾ ਹੈ। (I would request that its reply be given during the Budget Session itself.)

ਰਾਜ ਮੰਤਰੀ : ਇਹਦਾ ਕਲ ਜਵਾਬ ਦੇ ਦਿਆਂਗੇ ।

Supplementary Questions on Starred Question No. 2485**

ਸ੍ਰੀ ਸਪੀਕਰ : ਹੁਣ ਮੈਂਬਰ ਸਾਹਿਬਾਨ ਸਵਾਲ ਨੰ: 2485 ਵਲੋਂ ਕਾਮਰੇਡ ਅਰਜਨ ਸਿੰਘ ਮਸਤਾਨਾ ਤੇ ਸਪਲੀਮੈਂਟਰੀ ਸਵਾਲ ਕਰ ਲੈਣ । (Now the Members may put supplementary questions with regard to the reply given to the Starred Question No. 2485, by Comrade Arjan Singh Mastana.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਵਜ਼ੀਰ ਸਾਹਿਬ ਨੇ ਜਵਾਬ ਵਿਚ ਫ਼ੁਰਮਾਇਆ ਹੈ ਕਿ ਮੁਲਾਜ਼ਮਾਂ ਨਾਲ ਕੋਈ ਕਿਸੇ ਕਿਸਮ ਦਾ ਡੈਡ ਲਾਕ ਨਹੀਂ ਹੋਇਆ ਹੈ। (ਵਿਘਨ) ਮੈਂ ਸਵਾਲ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮੁਲਾਜ਼ਮਾਂ ਦੀਆਂ ਗਰੀਵੈਂਸਿਜ਼ ਕਰਕੇ 9 ਜਨਵਰੀ ਨੂੰ ਹੜਤਾਲ ਹੋਈ ਔਰ ਚੰਗਾ ਹੋਇਆ ਕਿ ਇਹ 21 ਅਤੇ 22 ਤਾਰੀਖ ਦੀਆਂ ਹੜਤਾਲਾਂ ਟਲ ਗਈਆਂ, ਢਿੱਲੋਂ ਭੁਖ ਹੜਤਾਲ ਤੇ ਪਿਆ ਹੋਇਆ ਹੈ, ਇਹ ਡੈਡ ਲਾਕ ਨਹੀਂ ਤਾਂ ਹੋਰ ਕੀ ਹੈ। ਮੈਂ, ਸਪੀਕਰ ਸਾਹਿਬ, ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਉਨ੍ਹਾਂ ਨੂੰ ਸਦ ਕੇ ਉਨ੍ਹਾਂ ਨਾਲ ਸੀਰੀਅਸ ਨੈਗੋਸੀਏਸ਼ਨ ਕਰਕੇ ਝਗੜੇ ਨੂੰ ਮੁਕਾਉਣਗੇ ?

**For Starred Questions Nos. 2325 and 2485 and replies thereto please *see* Debates dated 25th February, 1974 and 6th March, 1974, respectively.

ਵਿੱਤ ਮੰਤਰੀ : ਜਿੰਨੇ ਵੀ ਐਂਪਲਾਈਜ਼ ਯੂਨੀਅਨਜ਼ ਦੇ ਗਰੁਪਸ ਹਨ ਉਨ੍ਹਾਂ ਦੇ ਨੁਮਾਇੰਦੇ ਅੱਜ ਸ਼ਾਮ ਨੂੰ ਚੀਫ਼ ਮਨਿਸਟਰ ਸਾਹਿਬ ਨੂੰ ਮਿਲ ਰਹੇ ਹਨ। ਸਾਨੂੰ ਦੁਆ ਕਰਨੀ ਚਾਹੀਦੀ ਹੈ ਕਿ ਚੰਗੀ ਗਲ ਹੋ ਜਾਏ। ਜਿਹੜੀ ਹੜਤਾਲ ਨਹੀਂ ਹੋਈ, ਸਾਰੇ ਐਮਪਲਾਈਜ਼ ਨੂੰ ਪੰਜਾਬ ਨਾਲ ਪਿਆਰ ਔਰ ਦੇਸ਼ ਭਗਤ ਹੋਣ ਕਰਕੇ, ਇਹ 21 ਔਰ 22 ਨੂੰ ਹੜਤਾਲ ਨਹੀਂ ਹੋਈ। ਇਹ ਮੇਰਾ ਕਸੂਰ ਨਹੀਂ ਕਿ ਉਨ੍ਹਾਂ ਦੀ ਹੜਤਾਲ ਨਹੀਂ ਹੋਈ। ਅੱਜ ਉਹ ਸ਼ਾਮ ਨੂੰ ਸੀ.ਐਮ. ਸਾਹਿਬ ਨਾਲ ਆ ਕੇ ਗਲ ਬਾਤ ਕਰ ਰਹੇ ਹਨ।

ਕਾਮਰੇਡ ਸੱਤ ਪਾਲ ਡਾਂਗ : ਕੀ ਇਹ ਹਕੀਕਤ ਹੈ ਕਿ ਸਿਵਿਲ ਸਰਵਿਸ ਰੂਲਜ਼ ਵਿਚ ਅਮੈਂਡਮੈਂਟ ਕੀਤੀ ਹੈ ਕਿ ਜੇ ਕੋਈ ਮੁਲਾਜ਼ਮ ਇਕ ਦਿਨ ਗੈਰਹਾਜ਼ਰ ਹੋਵੇ ਤਾਂ ਉਹਦੀ ਸਾਰੀ ਪਿਛਲੀ ਸਰਵਿਸ ਖਤਮ ਕੀਤੀ ਜਾ ਸਕਦੀ ਹੈ ? ਜੇ ਇਹ ਅਮੈਂਡਮੈਂਟ ਕੀਤੀ ਹੈ ਤਾਂ ਇਹ ਸੋਸ਼ਲਿਜ਼ਮ ਦੇ ਦਾਵਿਆਂ ਨਾਲ ਕਿਸ ਤਰ੍ਹਾਂ ਢੁੱਕਦੀ ਹੈ ?

ਮੰਤਰੀ : ਗੌਰਮਿੰਟ ਐਮਪਲਾਇਜ਼ ਔਰ ਇੰਡਸਟਰੀਅਲ ਵਰਕਰਜ਼ ਦਾ ਬਹੁਤ ਫਰਕ ਹੈ। ਗੌਰਮਿੰਟ ਐਮਪਲਾਈਜ਼ ਇਕ ਮਸ਼ੀਨਰੀ ਦਾ ਅਹਿਮ ਹਿੱਸਾ ਹੈ, ਜਿਨ੍ਹਾਂ ਨੇ ਸਕੀਮ ਨੂੰ ਇੰਪਲੀਮੈਂਟ ਕਰਨਾ ਹੈ। ਗੌਰਮਿੰਟ ਪਾਲਿਸੀ ਨੂੰ ਸਿਰੇ ਚੜ੍ਹਾਉਣਾ ਹੈ। ਉਹ ਸਟ੍ਰਾਈਕ ਦੀ ਰਿਆਇਤ ਕਿਸੇ ਨੇ ਵਾਪਿਸ ਨਹੀਂ ਲਈ ਹੈ ਲੇਕਿਨ ਐਨਾ ਜ਼ਰੂਰੀ ਹੈ ਕਿ ਜਿਹੜੀ ਪਰੰਪਰਾ ਪਿੱਛੋਂ ਚਲਦੀ ਆ ਰਹੀ ਸੀ ਉਸ ਨੂੰ ਹਟਾ ਦਿੱਤਾ ਸੀ ਕਿ ਸਰਵਿਸ ਬਰੇਕ ਨਹੀਂ ਹੋ ਸਕਦੀ ਪਰ ਜਦੋਂ ਦੇਖਿਆ ਕਿ ਉਸ ਦੇ ਹਟਨ ਨਾਲ ਕੋਈ ਠੀਕ ਅਸਰ ਨਹੀਂ ਹੋਇਆ ਤਾਂ ਉਹੀ ਪੁਰਾਣੀ ਚੀਜ਼ ਨੂੰ ਚਾਲੂ ਕਰ ਦਿੱਤਾ। ਕੋਈ ਅਮੈਂਡਮੈਂਟ ਨਹੀਂ ਕੀਤੀ ਬਲਕਿ ਆਪਣੀ ਰਿਆਇਤ ਵਾਪਿਸ ਲੈ ਲਿਤੀ ਹੈ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਐਮਪਲਾਈਜ਼ ਦੀ ਗਰਦਨ ਉਤੇ ਤਲਵਾਰ ਰਖਣੀ ਇਕ ਦਿਨ ਦੀ ਹੜਤਾਲ ਕਰ ਲੈਣ ਤਾਂ ਪਿਛਲੀ ਨੌਕਰੀ ਖਤਮ ਇਹ ਰੀਐਕਸ਼ਨਰੀ ਸਟੈਪਸ ਹਨ। ਪਹਿਲਾਂ ਉਸ ਨੂੰ ਖਤਮ ਕਰਕੇ ਇਕ ਸ਼ਲਾਘਾਯੋਗ ਕੰਮ ਕੀਤਾ ਸੀ। ਪਰ ਕੀ ਹੁਣ ਉਹਨੂੰ ਰੀਵਾਇਜ਼ ਕਰਕੇ ਇਨ੍ਹਾਂ ਨੇ ਰੀਐਕਸ਼ਨਰੀ ਢੰਗ ਨਾਲ ਸੋਚਣਾ ਸ਼ੁਰੂ ਕਰ ਦਿੱਤਾ ਹੈ ?

ਮੰਤਰੀ : ਜਨਤਾ ਦੇ ਫਾਇਦੇ ਵਾਸਤੇ (ਵਿਘਨ) ਇਕ ਕਰੋੜ 30 ਲੱਖ ਆਬਾਦੀ ਵਾਸਤੇ ਜੋ ਕਰਨਾ ਚਾਹੀਦਾ ਹੈ ਉਹ ਕਰਨਾ ਪੈਂਦਾ ਹੈ। ਇਨ੍ਹਾਂ 1 ਕਰੋੜ 30 ਲੱਖ ਨੂੰ ਮੁੱਖ ਰਖਕੇ ਜੋ ਕੰਮ ਕਰਨਾ ਚਾਹੀਦਾ ਹੈ ਉਹੀ ਕਰਨਾ ਪੈਂਦਾ ਹੈ। ਸਪੀਕਰ ਸਾਹਿਬ ਨੂੰ ਉਸ ਤਲਵਾਰ ਤੋਂ ਨਹੀਂ ਡਰਨਾ ਚਾਹੀਦਾ ਹੈ (ਹਾਸਾ)।

ਸ੍ਰੀ ਸਪੀਕਰ : ਮੈਂ ਤਾਂ ਨਹੀਂ ਡਰਦਾ। (I am not afraid of it.)

ਆਵਾਜ਼ : ਉਹ ਐਕਸ-ਸਪੀਕਰ ਹਨ।

ਕਾਮਰੇਡ ਸੱਤ ਪਾਲ ਡਾਂਗ : ਜਿਥੇ ਅਕਾਲੀ ਪਹੁੰਚੇ ਹਨ ਉਥੇ ਇਹ ਵੀ ਪਹੁੰਚ ਜਾਣੇ ਹਨ। ਜਿਸ ਤਰ੍ਹਾਂ ਇਹ ਰੀਐਕਸ਼ਨਰੀ ਐਡੀਸ਼ਨ ਕੀਤੀ ਹੈ, ਸਿਵਿਲ ਸਰਵਿਸ ਰੂਲਜ਼ ਵਿਚ ਅਮੈਂਡਮੈਂਟ ਕਰਕੇ ਤਲਵਾਰ ਲਟਕਾਈ ਗਈ ਹੈ, ਜੋ ਇਹ ਰੀਐਕਸ਼ਨਰੀ ਕਦਮ ਚੁਕਿਆ ਗਿਆ ਹੈ, ਕੀ ਉਹ ਉਸ ਪਾਲਿਸੀ ਦਾ ਹਿੱਸਾ ਹੈ, ਜਦੋਂ ਇਲੈਕਸ਼ਨਜ਼ ਹੋਣੀਆਂ ਸਨ ਤਾਂ ਵਾਇਦਾ ਕੀਤਾ ਸੀ ਕਿ ਅਸੀਂ ਇੰਟੈਰਮ

ਰਲੀਫ ਦਿਆਂਗੇ, ਦੇਣ ਤੋਂ ਮੁਨਕਰ ਹੋਣ ਦਾ ਯਤਨ ਕੀਤਾ, ਮਗਰ ਮੁੜ ਫੇਰ ਦਿੱਤਾ। ਇਹ ਕੀ ਜਵਾਬ ਉਸ ਇੰਟੈਰਿਮ ਰਲੀਫ ਦਾ ਹੈ ਕਿ ਇਕੱ ਹਿੱਸਾ ਮਹਿੰਗਾਈ ਅਲਾਊਂਸ ਦਾ ਕਟਿਆ ਜਾਏ। ਇੱਹ ਅਨਹੋਣੀ ਗੱਲ ਕੀਤੀ ਹੈ। ਕੀ ਇਹ ਸੋਸ਼ਿਲਿਜ਼ਮ ਹੈ?

ਮੰਤਰੀ : ਇਨ੍ਹਾਂ ਮਾਨਯੋਗ ਮੈਂਬਰਾਂ ਨੇ ਜੋ ਸਵਾਲ ਦਿੱਤਾ ਸੀ ਉਹਦਾ ਮੈਂ ਜਵਾਬ ਦਿੱਤਾ ਸੀ। ਅਸੀਂ ਕੋਈ ਕਟੌਤੀ ਨਹੀਂ ਕੀਤੀ। ਕਮਿਟਮੈਂਟ ਸੀ ਕਿ ਡੀ.ਏ. ਸੈਂਟਰਲ ਪੈਟਰਨ ਤੇ ਦਿਆਂਗੇ ਇੰਟੈਰਿਮ ਰਲੀਫ ਨੂੰ ਐਡਹਾਕ ਰਲੀਫ ਕੀਤਾ ਸੀ ਕਿ ਜਦ ਪੇ ਕਮਿਸ਼ਨ ਦੀ ਰਿਪੋਰਟ ਆਵੇਗੀ ਤਾਂ ਉਹਦੀ ਐਡਜਸਟਮੈਂਟ ਹੋ ਜਾਏਗੀ। ਅਕਾਲੀ ਗੌਰਮਿੰਟ ਆਈ ਜਾਂ ਯੂਨਾਈਟਿਡ ਫਰੰਟ ਦੀ ਸਰਕਾਰ ਆਈ, ਪਰ ਹੁਣ ਦੀ ਸਰਕਾਰ ਨੇ 20 ਕਰੋੜ ਰੁਪਏ ਐਡੀਸ਼ਨਲ ਦਿੱਤੇ ਹਨ ਔਰ ਅਗੇ ਨੂੰ ਵੀ 20 ਕਰੋੜ ਰੁਪਏ ਦੀ ਐਡੀਸ਼ਨਲ ਲਾਇਬਿਲਿਟੀ ਸਰਕਾਰ ਨੇ ਲਈ ਹੈ। ਜ਼ਿਆਦਾ ਟੈਕਸ ਲਗਾਏ ਨਹੀਂ ਜਾ ਸਕਦੇ (ਵਿਘਨ)। ਹੋਰ ਜਿੰਨੀਆਂ ਸਰਕਾਰਾਂ ਆਈਆਂ ਹਨ ਅਤੇ ਇਸ ਸਰਕਾਰ ਦੇ ਕੰਮਾਂ ਨੂੰ ਵੇਖ ਕੇ ਰੀਐਕਸ਼ਨਰੀ ਅਤੇ ਪ੍ਰੋਗਰੈਸਿਵ ਦਾ ਪਤਾ ਲਗ ਜਾਏਗਾ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਜਿਹੜਾ ਇਨ੍ਹਾਂ ਨੇ ਡੀ.ਏ. ਅਨਾਊਂਸ ਕੀਤਾ ਹੈ ਔਰ ਜੋ ਕਟੌਤੀ ਕੀਤੀ ਹੈ, ਉਸ ਤੋਂ ਬਾਅਦ ਹਜ਼ਾਰਾਂ ਕਲਾਸ IV ਐਂਪਲਾਈਜ਼ ਪੰਜਾਬ ਵਿਚ ਅਜਿਹੇ ਹਨ ਜਿਨ੍ਹਾਂ ਨੂੰ ਇਕ ਰੁਪਏ ਤੋਂ ਵਧ ਇਸ ਮਹਿੰਗਾਈ ਦੇ ਦੌਰ ਵਿਚ ਨਹੀਂ ਮਿਲਿਆ ਹੈ?

ਮੰਤਰੀ : ਇਸ ਚੀਜ਼ ਨੂੰ ਮੁੱਖ ਰਖਕੇ ਕਿ ਐਂਪਲਾਈਜ਼ ਨੇ ਦੇਸ਼ ਭਗਤੀ ਦਾ ਜਜ਼ਬਾ ਦਿਖਾਇਆ ਹੈ, ਇਕ ਜਨਵਰੀ ਤੋਂ ਸਰਕਾਰ ਨੇ ਇਕ ਹੋਰ ਕਿਸ਼ਤ ਦੇਣ ਦਾ ਇਲਾਨ ਕਰ ਦਿੱਤਾ ਹੈ। ਮੈਂ ਅਦਬ ਨਾਲ ਔਰ ਇਨ੍ਹਾਂ ਦੀ ਮਾਣ ਇਜ਼ਤ ਕਰਦਾ ਹੋਇਆ ਕਹਿੰਦਾ ਹਾਂ ਕਿ ਸਾਰੇ ਫੈਕਸ਼ਨਜ਼ ਜਿਨ੍ਹਾਂ ਨੇ ਐਮਪਲਾਈਜ਼ ਦੀ ਸੇਵਾ ਕੀਤੀ ਹੈ ਜਾਂ ਕਰਦੇ ਰਹੇ ਹਨ, ਉਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਹੁਣ ਸਰਕਾਰ ਔਰ ਐਮਪਲਾਈਜ਼ ਅਗੇ ਨਿਕਲ ਗਏ ਹਨ ਔਰ ਉਨ੍ਹਾਂ ਨੇ ਇਕ ਦੂਸਰੇ ਦੇ ਪੁਆਇੰਟ ਨੂੰ ਸਮਝ ਲਿਆ ਹੈ। ਔਰ ਇਮਪਲਾਈਜ਼ ਇਹ ਸਮਝਦੇ ਹਨ ਕਿ ਇਹ ਪਹਿਲੀ ਸਰਕਾਰ ਹੈ ਜਿਸ ਨੇ ਪਹਿਲਾਂ ਹੀ ਡੀ.ਏ. ਨਹੀਂ ਦਿੱਤਾ ਬਲਕਿ ਅੱਗੇ ਨੂੰ ਵੀ ਜਦੋਂ 8 ਪੁਆਇੰਟ ਮਹਿੰਗਾਈ ਵਧੇਗੀ ਉਦੋਂ ਵੀ ਇਨ੍ਹਾਂ ਨੂੰ ਮਿਲੇਗਾ। ਇਹ ਐਮਪਲਾਈਜ਼ ਦੇ ਦਿਲਾਂ ਵਿਚ ਗਲ ਚਲੀ ਗਈ ਹੈ। ਕੋਈ ਵੀ ਸਿਆਸੀ ਪਾਰਟੀ ਹੋਵੇ, ਚਾਹੇ ਸੀ.ਪੀ.ਆਈ. ਜਾਂ ਕਾਂਗਰਸ ਪਾਰਟੀ ਹੋਵੇ, ਚਾਹੇ ਅਕਾਲੀ ਪਾਰਟੀ ਹੋਵੇ ਜਾਂ ਹੋਰ ਕੋਈ ਹੋਵੇ ਇਹ ਇਮਪਲਾਈਜ਼ ਨੂੰ ਐਕਸਪਲਾਇਟ ਨਹੀਂ ਕਰ ਸਕਦੇ। 21 ਔਰ 22 ਦੀ ਹੜਤਾਲ ਵਾਸਤੇ ਐਮਪਲਾਈਜ਼ ਨੇ ਕਿਹਾ ਸਾਨੂੰ ਮੁਆਫ ਕਰੋ ਅਸੀਂ ਕੰਮ ਕਰਨਾ ਚਾਹੁੰਦੇ ਹਾਂ।

ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਲੇਬਰ ਲੀਡਰ ਵੀ ਰਹੇ ਹਨ। ਔਰ ਮੈਂ ਵੀ 1947 ਤੋਂ ਪਹਿਲਾਂ ਲੇਬਰ ਵਿਚ ਕੰਮ ਕੀਤਾ ਹੈ। ਕੀ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਜਿਹੜੇ ਇਮਪਲਾਈਜ਼ ਰੂਲਜ਼ ਸਨ ਕਿ ਇਕ ਦਿਨ ਦੀ ਜੇ ਸਟਰਾਈਕ ਹੋਵੇ ਤਾਂ ਇਨ੍ਹਾਂ ਦੀ ਸਰਵਿਸ ਬਰੇਕ ਕਰਨ ਦਾ ਰੂਲ ਸੀ ਜਾਂ ਨਹੀਂ? ਜਿਹੜਾ ਹੁਣ ਪੰਜਾਬ ਸਰਕਾਰ ਨੇ ਰੂਲ ਲਾਗੂ ਕੀਤਾ ਹੈ ਕਿ ਜਿਹੜਾ ਇਕ ਦਿਨ ਦੀ ਸਟਰਾਈਕ ਕਰੇਗਾ ਤਾਂ ਉਹਦੀ ਸਰਵਿਸ ਵਿਚ ਬਰੇਕ ਆ ਜਾਵੇਗੀ ਕੀ ਇਹ ਰੂਲ ਕੇਂਦਰ ਸਰਕਾਰ ਨੇ ਔਰ ਦੂਜਿਆਂ ਸੂਬਿਆਂ ਦੀ ਸਰਕਾਰਾਂ ਨੇ ਲਾਗੂ ਕਰ ਦਿੱਤਾ ਹੈ?

ਮੰਤਰੀ: ਇਹ ਰੂਲ ਇਥੇ ਲਾਗੂ ਸੀ । ਅਸੀਂ ਤਾਂ ਇਸ ਨੂੰ ਹਟਾ ਦਿੱਤਾ ਸੀ ਅਤੇ ਮੁੜ ਫੇਰ ਇਸ ਨੂੰ ਲਗਾਇਆ ਹੈ। ਅਸੀਂ ਮਹਿਸੂਸ ਕੀਤਾ ਕਿ ਜਦ ਤਕ ਉਹ ਪਿਆਰ ਔਰ ਮੁਹੱਬਤ ਨਾਲ ਨਹੀਂ ਸਮਝਦੇ ਉਦੋਂ ਤਕ ਇਸ ਦੀ ਜਨਤਾ ਦੇ ਹਿੱਤ ਵਿਚ ਇਸ ਦੀ ਲੋੜ ਹੈ। ਲੇਕਿਨ ਮੈਂ ਆਚਾਰਿਆ ਜੀ ਨੂੰ, ਇਹ ਪੁਰਾਣੇ ਲੀਡਰ ਹਨ, ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜਾ ਹੁਣ ਮਾਹੌਲ ਪੈਦਾ ਹੋਇਆ ਹੈ ਕੌਰਡੀਅਲ ਰਿਲੇਸ਼ਨਜ਼ ਐਮਪਲਾਈ ਔਰ ਸਰਕਾਰ ਦੇ ਆਪਸ ਵਿਚ, ਉਹਦੇ ਸਨਮੁਖ ਸ਼ਾਇਦ ਇਸ ਰੂਲ ਨੂੰ ਐਪਲਾਈ ਕਰਨ ਦੀ ਲੋੜ ਨਾ ਪਏ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ 1 ਜਨਵਰੀ ਤੋਂ ਇਕ ਕਿਸ਼ਤ ਉਨ੍ਹਾਂ ਨੂੰ ਹੋਰ ਦੇ ਦਿੱਤੀ ਹੈ। ਇਸ ਲਈ ਕੀ ਇਹ ਹਕੀਕਤ ਨਹੀਂ ਕਿ 1 ਜਨਵਰੀ ਤੋਂ ਸੈਂਟਰਲ ਗੌਰਮਿੰਟ ਦੇ ਫੈਸਲੇ ਦੇ ਮੁਤਾਬਿਕ ਇਹ ਕਿਸ਼ਤ ਮਿਲਣੀ ਸੀ। ਅਤੇ ਜਿਹੜੀ ਪਿਛਲੀ ਕਟੌਤੀ ਕੀਤੀ ਹੈ ਕੀ ਮਨਿਟਰ ਸਾਹਿਬ ਦੱਸਣਗੇ ਕਿ ਇਨ੍ਹਾਂ ਵਿਚ ਅਤੇ ਹੇਰਾ ਫੇਰੀ ਕਰਨ ਵਾਲੇ ਦੁਕਾਨਦਾਰ ਵਿਚ ਕੀ ਫਰਕ ਹੈ ਜਿਹੜਾ ਕਿ ਘੱਟ ਤੋਲਦਾ ਹੈ। ਉਸੇ ਤਰ੍ਹਾਂ ਹੀ ਇਹ ਕਟੌਤੀ ਕਰਦੇ ਹਨ।

ਮੰਤਰੀ: ਇਸ ਬਾਰੇ ਅੱਜ ਸ਼ਾਮ ਨੂੰ ਬਾਤ ਚੀਤ ਹੋ ਰਹੀ ਹੈ । ਇਸ ਕਰਕੇ ਮੈਂ ਇਸ ਦਾ ਜ਼ਿਆਦਾ ਜੁਆਬ ਨਹੀਂ ਦੇਣਾ ਚਾਹੁੰਦਾ। ਮੈਂ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਜੋ ਸਰਕਾਰ ਅਤੇ ਇਮਪਲਾਈਜ਼ ਦੇ ਤੁਅੱਲਕ ਬਣੇ ਹਨ ਉਨ੍ਹਾਂ ਨੂੰ ਕਹੋ ਕਿ ਹੋਰ ਮਜ਼ਬੂਤ ਕਰਨ। (ਵਿਘਨ) ਇਮਪਲਾਈਜ਼ ਔਰ ਅਫ਼ਸਰ ਅਤੇ ਇਹ ਜਿਹੜੇ ਸਾਡੇ ਮੈਂਬਰਜ਼ ਹਨ, ਦੇ ਬਗੈਰ ਪੰਜਾਬ ਦਾ ਕਲਿਆਣ ਨਹੀਂ ਹੋ ਸਕਦਾ ਅਤੇ ਪੰਜਾਬ ਦੀ ਡਿਵੈਲਪਮੈਂਟ ਨਹੀਂ ਹੋ ਸਕਦੀ।

ਸ਼੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਤੁਅੱਲਕਾਤ ਤਾਂ ਪਹਿਲਾਂ ਵੀ ਸਨ, ਹੁਣ ਵੀ ਹਨ ਅਤੇ ਫਿਰ ਵੀ ਰਹਿਣਗੇ। ਇਹ ਤੁਅੱਲਕਾਤ ਨਵੇਂ ਨਹੀਂ ਹਨ। 21—22 ਤਾਰੀਖ ਦੀ ਮੁਲਾਜ਼ਮਾਂ ਦੀ ਹੜਤਾਲ ਨਹੀਂ ਹੋਈ, ਇਹ ਵੀ ਚੰਗੀ ਗੱਲ ਹੈ। ਮੈਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਦ ਤੁਅੱਲਕਾਤ ਖੁਸ਼ਗਵਾਰ ਹੋ ਗਏ ਹਨ ਤਾਂ ਫਿਰ ਕੀ 9 ਜਨਵਰੀ ਦੀ ਜਿਹੜੀ ਤਨਖਾਹ ਵਿਚ ਕਟੌਤੀ ਕੀਤੀ ਗਈ ਹੈ ਅਤੇ ਉਨ੍ਹਾਂ ਦੀ ਸਰਵਿਸ ਵਿਚ ਬਰੇਕ ਪਾਈ ਗਈ ਹੈ, ? ਕੀ ਉਸ ਨੂੰ ਰੀਕੰਸਿਡਰ ਕਰਨਗੇ ? ਇਕ ਤਾਂ ਮੇਰਾ ਸਵਾਲ ਇਹ ਹੈ। (ਵਿਘਨ) ਦੂਸਰਾ ਮੇਰਾ ਸਵਾਲ ਇਹ ਹੈ, ਕਿ ਚਾਹੇ ਰੀਡਕਸ਼ਨ ਹੈ ਚਾਹੇ ਐਡਜਸਟਮੈਂਟ ਹੈ, ਮੈਂ ਵਿੱਤ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੀ ਤਨਖਾਹ ਦੇ ਵਿਚ ਉਨ੍ਹਾਂ ਨੂੰ ਕੋਈ ਸਬਸਟੈਂਸ਼ੀਅਲ ਲਾਸ ਤਾਂ ਨਹੀਂ ਹੋਇਆ ?

ਮੰਤਰੀ: ਜਿਥੋਂ ਤੱਕ ਡੀ.ਏ. ਕਾਊਂਟ ਕਰਨ ਦਾ ਸਵਾਲ ਹੈ, ਜਿਹੜਾ ਡੀ.ਏ. ਸੈਂਟਰ ਨੇ ਦਿੱਤਾ ਹੈ ਉਹ ਸਾਰਾ ਅਸੀਂ ਉਸੀ ਪੈਟਰਨ ਤੇ ਜਿੰਨਾ ਸੀ, ਅਸੀਂ ਵਿਚ ਸ਼ਾਮਿਲ ਕਰ ਲਿਆ ਹੈ । (ਵਿਘਨ) ਉਸ ਦੇ ਨਾਲ ਇਮਪਲਾਈਜ਼ ਨੂੰ ਕੋਈ ਨੁਕਸਾਨ ਨਹੀਂ ਹੋਇਆ। ਟੋਟਲ ਅਮਾਲੂਮੈਂਟਸ ਤੇ ਅਸੀਂ 3% ਅਤੇ 4% ਦਿੱਤਾ ਹੈ । ਇਸ ਲਈ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਸੈਂਟਰਲ ਪੈਟਰਨ ਤੇ ਇਨ੍ਹਾਂ ਨੂੰ ਸਭ ਕੁਝ ਮਿਲ ਜਾਵੇਗਾ । ਯੂਨੀਫਾਰਮਜ਼ ਵੀ ਦੇ ਦਿੱਤੀਆਂ ਹਨ ਅਤੇ ਹੋਰ ਚੀਜ਼ਾਂ ਵੀ ਦਿੱਤੀਆਂ ਹਨ । (ਵਿਘਨ) ਇਨ੍ਹਾਂ ਚੀਜ਼ਾਂ ਤੇ ਅਮਲ ਕਰਾਉਣ ਲਈ ਕੋਈ ਸਰਕਾਰ ਨੂੰ ਸਖਤੀ ਕਰਨ ਦੀ ਲੋੜ ਨਹੀਂ ਹੈ।

ਸ੍ਰੀ ਸਰਦਾਰੀ ਲਾਲ ਕਪੂਰ : ਸੈਂਟਰਲ ਗੌਰਮਿੰਟ ਵੀ ਚੰਡੀਗੜ੍ਹ ਵਿਚ ਆਪਣੇ ਇਮਪਲਾਈਜ਼ ਨੂੰ ਕੰਪੈਨਸੇਟਰੀ ਅਲਾਊਂਸ ਦਿੰਦੀ ਹੈ। ਕੀ ਪੰਜਾਬ ਸਰਕਾਰ ਵੀ ਆਪਣੇ ਇਮਪਲਾਈਜ਼ ਨੂੰ ਕੰਪੈਨਸੇਟਰੀ ਅਲਾਊਂਸ ਦੇਵੇਗੀ ?

ਮੰਤਰੀ : ਉਹ ਤਾਂ ਦੇਣਾ ਸ਼ੁਰੂ ਕੀਤਾ ਹੋਇਆ ਹੈ। ਉਨ੍ਹਾਂ ਦੀ ਵਧਾਉਣ ਦੀ ਮੰਗ ਸੀ ਉਹ ਵੀ ਵਧਾ ਦਿੱਤਾ ਹੈ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ 9 ਤਾਰੀਖ ਦੀ ਤਨਖਾਹ ਕੱਟੀ ਗਈ ਹੈ ਕੀ ਇਹ ਉਨ੍ਹਾਂ ਨੂੰ ਵਾਪਸ ਦੇ ਦੇਣਗੇ ?

ਮੰਤਰੀ : ਇਹ ਅੱਜ ਸ਼ਾਮ ਨੂੰ ਗੱਲ ਬਾਤ ਹੋ ਰਹੀ ਹੈ ? ਜੇ ਤੁਹਾਡੀ ਮਿਹਰਬਾਨੀ ਰਹੀ ਤਾਂ ਉਹ ਵੀ ਦੇ ਦਿਆਂਗੇ।

ਕੈਪਟਨ ਰਤਨ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਵੱਧ ਰਹੀਆਂ ਕੀਮਤਾਂ ਦੇ ਨਾਲ ਡੀ.ਏ. ਅਤੇ ਟੀ.ਏ. ਵਧਾਉਣਾ ਪੈਂਦਾ ਹੈ ਜਾਂ ਵਧਦਾ ਹੈ ? ਕੀ ਇਸ ਦੇ ਇਲਾਵਾ ਸਰਕਾਰ ਇਹ ਸੋਚੇਗੀ ਕਿ ਅਸੈਂਸ਼ੀਅਲ ਕਮਾਡਿਟੀਜ਼ ਜਾਂ ਜਿਸ ਤਰ੍ਹਾਂ ਵੀਟ ਹੈ ਜਾਂ ਹੋਰ ਦੋ ਤਿੰਨ ਜ਼ਰੂਰੀ ਚੀਜ਼ਾਂ ਹਨ, ਇਹ ਇਮਪਲਾਈਜ਼ ਨੂੰ ਫਿਕਸ ਰੇਟ ਤੇ ਦਿੱਤੀਆਂ ਜਾਣ ਤਾਂਕਿ ਇਮਪਲਾਈਜ਼ ਦਾ ਇਹ ਜਿਹੜਾ ਮਸਲਾ ਹੈ ਕਿ ਐਨੀ ਮਹਿੰਗਾਈ ਵਿਚ ਕੁਝ ਨਹੀਂ ਹੁੰਦਾ, ਉਸ ਦਾ ਕੁਝ ਸੋਚਿਆ ਜਾ ਸਕੇ ? ਕੀ ਇਹ ਇਸ ਨੂੰ ਸੋਚਕੇ ਕੋਈ ਨਵਾਂ ਢੰਗ ਕੱਢਣਗੇ ?

ਮੰਤਰੀ : ਨਵਾਂ ਢੰਗ ਅੰਮ੍ਰਿਤਸਰ ਤੋਂ ਸ਼ੁਰੂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪਟਿਆਲਾ, ਜਲੰਧਰ ਅਤੇ ਲੁਧਿਆਣਾ ਵਿਚ ਵੀ ਆਰਡਰ ਚਲੇ ਗਏ ਹਨ ਕਿ ਜਿਹੜੇ ਇੰਡਸਟਰੀਅਲ ਵਰਕਰਜ਼ ਹਨ, ਇਮਪਲਾਈਜ਼ ਹਨ ਜਾਂ ਮਿਊਂਸਪੈਲਿਟੀ ਦੇ ਇਮਪਲਾਈਜ਼ ਹਨ ਜਾਂ ਹੋਰ ਇਮਪਲਾਈਜ਼ ਹਨ ਉਨ੍ਹਾਂ ਨੂੰ ਆਟਾ ਅਤੇ ਤੇਲ ਸਬਸੇਡਾਈਜ਼ ਰੇਟ ਤੇ ਦਿਓ। ਹਿੰਦੁਸਤਾਨ ਵਿਚ ਸਾਡਾ ਇਹ ਪਹਿਲਾ ਸੂਬਾ ਹੈ ਜਿਸ ਨੇ ਇਸ ਗੱਲ ਵੱਲ ਕਦਮ ਚੁਕਿਆ ਹੈ। ਇਕ ਐਸਾ ਵਕਤ ਆਵੇਗਾ ਜਦ ਡੀ.ਏ. ਵਧਾਉਣ ਜਾਂ ਡੀ.ਏ./ਮਹਿੰਗਾਈ ਦਾ ਜਿਹੜਾ ਪੈਸਾ ਦਿੰਦੇ ਹਾਂ ਉਸ ਨਾਲੋਂ ਇਹ ਪੈਸਾ ਅਸੈਂਸ਼ੀਅਲ ਕਾਮੋਡਿਟੀਜ਼ ਵਾਲੇ ਪਾਸੇ ਲਾਗੂ ਕੀਤਾ ਜਾਵੇਗਾ ਤਾਂ ਹੀ ਕਾਮਰੇਡਾਂ ਨੂੰ ਪਤਾ ਲੱਗੇਗਾ। (ਵਿਘਨ) ਕੇਰਲਾ ਵਿਚ ਵੀ ਪਹਿਲਾਂ ਸਬਸੇਡਾਈਜ਼ਡ ਦੀ ਸਕੀਮ ਸ਼ੁਰੂ ਹੋਈ ਸੀ। ਅਸੀਂ ਇਹ ਸਕੀਮ ਅੰਮ੍ਰਿਤਸਰ ਵਿਚ ਸ਼ੁਰੂ ਕੀਤੀ ਹੈ ਅਤੇ ਇਸੇ ਤਰ੍ਹਾਂ ਹੀ ਪਟਿਆਲਾ, ਜਲੰਧਰ ਅਤੇ ਲੁਧਿਆਣਾ ਵਿਚ ਵੀ ਆਰਡਰ ਚਲੇ ਗਏ ਹਨ। ਕੰਮ ਸ਼ੁਰੂ ਹੋ ਗਿਆ ਹੈ। ਫਿਰ ਹੀ ਇਨ੍ਹਾਂ ਨੂੰ ਪਤਾ ਲੱਗੇਗਾ ਕਿ ਪੰਜਾਬ ਸਰਕਾਰ ਨੇ ਇਮਪਲਾਈਜ਼ ਅਤੇ ਦੂਸਰੇ ਗਰੀਬਾਂ ਲਈ ਕੀ ਕੀਤਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਲੋਕ ਕਹਿੰਦੇ ਹਨ ਕਿ ਸਾਨੂੰ ਭਾਸ਼ਣ ਨਹੀਂ ਚਾਹੀਦਾ ਸਾਨੂੰ ਰਾਸ਼ਨ ਚਾਹੀਦਾ ਹੈ। ਇਹ ਸਾਨੂੰ ਵੀ ਭਾਸ਼ਣ ਦਿੰਦੇ ਹਨ। ਅਸੀਂ ਇਨ੍ਹਾਂ ਕੋਲੋਂ ਜਵਾਬ ਲੈਣਾ ਚਾਹੁੰਦੇ ਹਾਂ।

ਸ੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ। (Please put a question.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਸਵਾਲ ਹੀ ਪੁੱਛ ਰਿਹਾ ਹਾਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਸਰਕਾਰੀ ਮੁਲਾਜ਼ਮਾਂ ਨੇ ਇਹ ਹੜਤਾਲ ਕਰਨ ਦਾ ਇਰਾਦਾ ਕੀਤਾ ਸੀ ਉਨ੍ਹਾਂ ਦੀ ਮੰਗ ਇਹ ਸੀ ਕਿ ਜਿਵੇਂ ਤੁਹਾਡੀਆਂ ਕਾਂਗਰਸ ਸਰਕਾਰਾਂ ਨੇ ਯੂ. ਪੀ. ਅਤੇ ਉੜੀਸਾ ਵਿਚ ਸਰਕਾਰੀ ਮੁਲਾਜ਼ਮਾਂ ਦੀ ਗੱਲ ਮਨ੍ਹੀ ਹੈ, ਉਹ ਇਸ ਕਰਕੇ ਕਿਉਂਕਿ ਉਥੇ ਇਲੈਕਸ਼ਨ ਹੋ ਰਹੇ ਸਨ, ਇਸ ਕਰਕੇ ਤੁਸੀਂ ਵੀ ਇਸ ਤਰ੍ਹਾਂ ਕਿਉਂ ਨਹੀਂ ਕਰਦੇ ?

ਮੰਤਰੀ : ਸਪੀਕਰ ਸਾਹਿਬ, ਇਹ ਲਾਠੀ ਚਾਰਜ ਕਰਦੇ ਸਨ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਪਾਉਂਦੇ ਸੀ ਪਰ ਅਸੀਂ ਆ ਕੇ ਉਨ੍ਹਾਂ ਨੂੰ 20 ਕਰੋੜ ਰੁਪਿਆ ਦੇ ਦਿੱਤਾ ਹੈ। (ਤਾੜੀਆਂ) (ਵਿਘਨ)।

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਕੋਠਾਰੀ ਕਮਿਸ਼ਨ ਲਾਗੂ ਕੀਤਾ ਸੀ। (ਵਿਘਨ)

Mr. Speaker: Please resume your seat.

ਕਾਮਰੇਡ ਅੱਛਰਾ ਸਿੰਘ : ਵਜ਼ੀਰ ਸਾਹਿਬ ਨੇ ਆਪਣੇ ਭਾਸ਼ਣ ਦੇ ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਰਕਾਰ ਨੇ ਆਪਣੇ ਮੁਲਾਜ਼ਮਾਂ ਦਾ ਅਤੇ ਗਰੀਬਾਂ ਦਾ ਭਲਾ ਕੀਤਾ ਹੈ। ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਅੱਗੇ ਨਾਲੋਂ ਖਾਸ ਤੌਰ ਤੇ 46% ਕੀਮਤਾਂ ਵੱਧ ਗਈਆਂ ਹਨ। ਅੱਗੇ ਨਾਲੋਂ ਬਹੁਤ ਜ਼ਿਆਦਾ ਕੀਮਤਾਂ ਵੱਧ ਗਈਆਂ ਹਨ। ਪਰਾਈਸਿਜ਼ ਇਤਨੀਆਂ ਰਾਈਜ਼ ਹੋ ਗਈਆਂ ਹਨ ਕਿ ਇਹੋ ਜਿਹੀ ਹਾਲਤ ਵਿਚ ਐਨੀ ਬੇਰੁਜ਼ਗਾਰੀ ਹੋ ਗਈ ਹੈ ਕਿ ਮੁਲਾਜ਼ਮਾਂ ਲਈ ਅਤੇ ਹੋਰਨਾਂ ਲਈ ਹੜਤਾਲ ਤੋਂ ਬਿਨਾਂ ਹੋਰ ਕੁਝ ਚਾਰਾ ਨਹੀਂ ਰਿਹਾ ਜਾਂ ਫਿਰ ਉਨ੍ਹਾਂ ਨੂੰ ਗੋਲੀਆਂ ਮਿਲ ਰਹੀਆਂ ਹਨ।

ਮੰਤਰੀ: ਜਿਹੜੇ ਲੋਕਾਂ ਨੂੰ ਸਭ ਕੁਝ ਮਿਲ ਰਿਹਾ ਹੈ, ਪੰਜਾਬ ਦੇ 40% ਲੋਕਾਂ ਨਾਲੋਂ ਉਨ੍ਹਾਂ ਦੀ ਹਾਲਤ ਚੰਗੀ ਹੈ। ਸਰਕਾਰ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਦੇ ਰਹੀ ਹੈ। ਉਨ੍ਹਾਂ ਨੂੰ 20 ਕਰੋੜ ਰੁਪਿਆ ਦਿੱਤਾ ਹੈ। ਹੁਣ ਤੁਸੀਂ ਉਨ੍ਹਾਂ ਤੇ ਰਹਿਮ ਕਰੋ (ਵਿਘਨ)। ਤੁਸੀਂ ਬਾਕੀ ਜਿਹੜੇ 40% ਲੋਕ ਹਨ ਉਨ੍ਹਾਂ ਵਲ ਵੀ ਧਿਆਨ ਦਿਓ।

ਕੈਪਟਨ ਰਤਨ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਫਾਈਨੈਂਸ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਇਸ ਗੱਲ ਤੇ ਵਿਚਾਰ ਕਰਨਗੇ ਕਿ ਇਕ ਲੈਜਿਸਲੇਸ਼ਨ ਲਿਆਉਣ ਜਿਸ ਦੇ ਰਾਹੀਂ ਜਿਹੜੇ ਅਦਰ ਇਮਪਲਾਇਰਜ਼ ਹਨ, ਭਾਵੇਂ ਉਹ ਕਾਰਖਾਨੇਦਾਰ ਹਨ, ਫੈਕਟਰੀਆਂ ਵਾਲੇ ਹਨ ਜਾਂ ਫਾਰਮਾਂ ਵਾਲੇ ਹੋਣ, ਕੋਈ ਵੀ, ਇਮਪਲਾਇਰਜ਼ ਹੋਣ, ਉਹ ਲਾਜ਼ਮੀ ਤੌਰ ਤੇ ਇਮਪਲਾਈਜ਼ ਨੂੰ ਫਿਕਸ ਰੇਟ ਤੇ ਅਸੈਂਸ਼ੀਅਲ ਗੁੱਡਜ਼ ਦੇਣ। ਕੀ ਇਸ ਕਿਸਮ ਦੀ ਕੋਈ ਲੈਜਿਸਲੇਸ਼ਨ ਲਿਆ ਸਕਦੇ ਹਨ ਤਾਂਕਿ ਰਾਈਜ਼ ਇਨ ਪਰਾਈਸਿਜ਼ ਦਾ ਜਿਹੜਾ ਮਸਲਾ ਆਉਂਦਾ ਹੈ ਇਹ ਹਮੇਸ਼ਾ ਵਾਸਤੇ ਖਤਮ ਕੀਤਾ ਜਾਵੇ ?

ਮੰਤਰੀ : ਸਪੀਕਰ ਸਾਹਿਬ, ਲੇਬਰ ਦੀ ਡਿਮਾਂਡ ਤੇ ਮੈਂ ਬੋਲਣਾ ਸੀ ਅਤੇ ਮੈਂ ਜਵਾਬ ਦੇਣਾ ਸੀ। ਮੈਂ ਦੱਸ ਦਿੰਦਾ ਹਾਂ ਕਿ ਸਿਵਿਲ ਸਪਲਾਈ ਕਾਰਪੋਰੇਸ਼ਨ ਪੰਜਾਬ ਸਰਕਾਰ ਨੇ ਬਣਾਈ ਹੈ ਅਤੇ ਇਹ ਕੰਮ ਸਾਰਿਆਂ ਸੂਬਿਆਂ ਵਿਚੋਂ ਪਹਿਲਾਂ ਅਸੀਂ ਕੀਤਾ ਹੈ। ਇਹ ਸਿਵਿਲ ਸਪਲਾਈ ਕਾਰਪੋਰੇਸ਼ਨ ਦਾ ਕੰਮ ਹੈ। ਉਹ ਅਸੈਂਸ਼ੀਅਲ ਕਾਮਡਿਟੀਜ਼ ਨੂੰ ਵੀਕਰ ਸੈਕਸ਼ਨ ਵਿਚ ਖਾਸ ਕਰਕੇ ਜਿਹੜੇ ਇਮਪਲਾਈਜ਼ ਖੇਤ ਮਜ਼ਦੂਰ ਹਨ ਜਾਂ ਸ਼ਹਿਰਾਂ ਵਿਚ ਮਜ਼ਦੂਰ ਹਨ ਉਨ੍ਹਾਂ ਨੂੰ ਇਕ ਕਾਨਸਟੈਂਟ ਪਰਾਈਸ ਤੇ ਸਾਰਾ ਸਾਲ ਅਸੈਂਸ਼ੀਅਲ ਕਾਮੋਡਿਟੀਜ਼ ਨੂੰ ਸਪਲਾਈ ਕਰੇਗੀ। ਵੀਕਰ ਸੈਕਸ਼ਨ ਨੂੰ ਸਬਸੇਡਾਈਜ਼ਡ ਰੇਟ ਤੇ ਸਪਲਾਈ ਕਰਨਾ, ਇਹ ਸਾਰਾ ਕੰਮ ਸਿਵਿਲ ਸਪਲਾਈ ਕਾਰਪੋਰੇਸ਼ਨ ਨੇ ਸੰਭਾ-ਲਣਾ ਹੈ। ਉਹ ਕਾਰਪੋਰੇਸ਼ਨ ਰਜਿਸਟਰ ਹੋ ਗਈ ਹੈ ਜਿਸ ਦੇ ਮੈਨੇਜਿੰਗ ਡਾਇਰੈਕਟਰ ਐਪੁਆਇੰਟ ਹੋ ਗਏ ਹਨ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਫਾਈਨੈਂਸ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਸ੍ਰੀ ਰਣਬੀਰ ਸਿੰਘ ਢਿਲੋਂ ਜਿਹੜੇ ਕਿ ਪੰਜਾਬ ਦੇ ਲੱਖਾਂ ਸਰਕਾਰੀ ਕਰਮ-ਚਾਰੀਆਂ ਤੇ ਮਜ਼ਦੂਰਾਂ ਦੇ ਦਿਲ ਅਤੇ ਰੂਹ ਹਨ, ਨੇ 18-19 ਦਿਨਾਂ ਤੋਂ ਭੁੱਖ ਹੜਤਾਲ ਕੀਤੀ ਹੋਈ ਹੈ। ਕੀ ਵਜ਼ੀਰ ਸਾਹਿਬ ਜਿਸ ਤਰ੍ਹਾਂ ਕਹਿੰਦੇ ਹਨ ਕਿ ਅਸੀਂ ਮੁਲਾਜ਼ਮ ਲੋਕਾਂ ਨੂੰ ਸਹੂਲਤਾਂ

ਦਿੰਦੇ ਹਾਂ ਅਤੇ ਉਨ੍ਹਾਂ ਦੇ ਹਿਤ ਵਿਚ ਹਾਂ, ਕੀ ਇਹ ਲੈਲਾ ਏ ਸਰਕਾਰ ਮਜਨੂ ਏ ਇਹ ਇੰਮਪਲਾਈਜ਼ ਦੀਆਂ ਮੰਗਾਂ ਨੂੰ ਮੰਨੇਗੀ ਜਿਹੜੇ ਕਿ ਆਪਣੀਆਂ ਮੰਗਾਂ ਵਾਸਤੇ ਜ਼ੱਦੋ ਜਹਿਦ ਕਰ ਰਹੇ ਹਨ ?

ਮੰਤਰੀ : ਉਨ੍ਹਾਂ ਦੀ ਅੱਜ ਸ਼ਾਮ ਨੂੰ ਗੱਲ ਬਾਤ ਹੋ ਰਹੀ ਹੈ ਅਤੇ ਕੋਈ ਹੱਲ ਕੱਢਿਆ ਜਾਵੇਗਾ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬੜੀਆਂ ਗਰੀਬਾਂ ਦੇ ਹਿੱਤ ਦੀਆਂ ਗੱਲਾਂ ਕੀਤੀਆਂ ਹਨ। ਸਪੀਕਰ ਸਾਹਿਬ, ਮੋਗੇ ਦੇ ਵਿਚ 1 ਰੁਪਿਆ 60 ਪੈਸੇ ਕਿਲੋ ਮੱਕੀ ਦਾ ਆਟਾ ਵਿਕਿਆ ਹੈ ਪਰ ਇਹ ਕਹਿੰਦੇ ਹਨ ਕਿ ਅਸੀਂ ਇਸ ਤਰ੍ਹਾਂ ਕਰ ਰਹੇ ਹਾਂ, ਅਸੀਂ ਅੰਮ੍ਰਿਤਸਰ ਤਾਰ ਦਿੱਤਾ ਹੈ......

ਸ਼੍ਰੀ ਸਪੀਕਰ : ਤੁਸੀਂ ਸਵਾਲ ਕਰੋ। **(Please put a question.)**

ਸਰਦਾਰ ਗੁਰਦੇਵ ਸਿੰਘ ਬਾਦਲ : ਮੇਰਾ ਸਵਾਲ ਇਹ ਹੈ ਕਿ ਗਰੀਬ ਲੋਕਾਂ ਨੂੰ 1 ਰੁਪਿਆ 60 ਪੈਸੇ ਕਿਲੋ ਮੱਕੀ ਦਾ ਆਟਾ ਖਰੀਦਣਾ ਪੈਂਦਾ ਹੈ ਅਤੇ ਉਹ ਵੀ ਮਿਲ ਨਹੀਂ ਰਿਹਾ। ਇਹ ਜਿਹੜੀ ਅੰਮ੍ਰਿਤਸਰ ਦੀ ਗਲ ਕਰ ਰਹੇ ਹਨ, ਇਹ ਲੋਕਾਂ ਨਾਲ ਠੱਗੀ ਮਾਰ ਰਹੇ ਹਨ... ....(ਵਿਘਨ)

Mr. Speaker: No question.

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਸਾਰੇ ਪੰਜਾਬ ਦੇ ਲੋਕਾਂ ਨਾਲ ਠੱਗੀ ਮਾਰ ਰਹੇ ਹਨ। (ਵਿਘਨ) ਇਸ ਦਾ ਜਵਾਬ ਤਾਂ ਦੁਆਓ ਜੀ। (ਵਿਘਨ)

ਇਕ ਆਵਾਜ਼ : ਜਵਾਬ ਦੀ ਲੋੜ ਨਹੀਂ, ਬਾਦਲ ਸਾਹਿਬ ਸਵਾਲ ਕਰਨਾ ਸਿੱਖੋ ਪਹਿਲਾਂ। (ਵਿਘਨ)

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਸਬਸਿਡੀ ਦੇਣ ਦੀ ਸਕੀਮ ਬਣਾਈ ਹੈ, ਮੈਂ ਇਕ ਕਾਲ ਅਟੈਨਸ਼ਨ ਨੋਟਿਸ ਵੀ ਦਿੱਤਾ ਸੀ ਕਿ ਰਿਕਸ਼ਾ ਪੁੱਲਰ ...... (ਵਿਘਨ)

ਸ਼੍ਰੀ ਸਪੀਕਰ : ਇਹ ਕਰਮਚਾਰੀਆਂ ਦੇ ਬਾਰੇ ਸਵਾਲ ਹੈ, ਤਸ਼ਰੀਫ ਰਖੋ। (ਵਿਘਨ) (The present issue is regarding the employees. Please resume your seat.) (*Interruptions*)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਬਜਟ ਵਿਚ ਕਿੰਨੀ ਸਬਸਿਡੀ ਇਨਵਿਸੇਜ਼ ਕੀਤੀ ਹੈ, ਕੀ ਇਹ ਦੱਸ ਸਕਦੇ ਹਨ ?

ਮੰਤਰੀ : ਸਪੀਕਰ ਸਾਹਿਬ, ਜਿਸ ਦਿਨ ਅਸੀਂ ਨਹੀਂ ਦੇਵਾਂਗੇ ਉਸ ਦਿਨ ਕੈਪਟਨ ਸਾਹਿਬ ਇਹ ਸਵਾਲ ਕਰ ਸਕਦੇ ਹਨ।

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਇਨਸਪੈਕਟਰਾਂ ਨੇ ਹੜਤਾਲ ਛਡ ਦਿਤੀ ਹੈ ਕੀ ਗੌਰਮਿੰਟ ਕੋਈ ਵਿਚਾਰ ਕਰ ਰਹੀ ਹੈ ਕਿ ਜਿਹੜੇ ਸਸਪੈਂਡ ਕੀਤੇ ਹਨ ਉਨ੍ਹਾਂ ਨੂੰ ਬਹਾਲ ਕੀਤਾ ਜਾਵੇ ?

ਖੇਤੀ ਬਾੜੀ ਮੰਤਰੀ (ਮਾਸਟਰ ਗੁਰਬੰਤਾ ਸਿੰਘ) : ਸਪੀਕਰ ਸਾਹਿਬ, ਜਿਹੜੇ ਸਸਪੈਂਡ ਹੋਏ ਸੀ ਉਨ੍ਹਾਂ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੇ ਖਿਲਾਫ ਭੰਨ ਤੋੜ ਦੇ ਕੇਸ ਬਣੇ ਸੀ ਉਹ ਬਹਾਲ ਨਹੀਂ ਕੀਤੇ ਬਾਕੀ ਸਾਰਿਆਂ ਨੂੰ ਅਸੀਂ ਬਹਾਲ ਕਰ ਰਹੇ ਹਾਂ। (ਵਿਘਨ) (ਥੰਪਿੰਗ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਹੁਣੇ ਕਿਹਾ ਹੈ ਕਿ ਅੰਮ੍ਰਿਤਸਰ ਦੇ ਵਿਚ ਕੇਰਲਾ ਦੇ ਨਾਲੋਂ ਵੀ ਪਹਿਲਾਂ ਇਮਪਲਾਈਜ਼ ਨੂੰ ਸਬਸਿਡੀ ਦੇ ਦਿੱਤੀ ਹੈ।

[ਕਾਮਰੇਡ ਸੱਤ ਪਾਲ ਡਾਂਗ]

ਕੇਰਲਾ ਵਿਚ ਕੀ ਹੋ ਰਿਹਾ ਹੈ ਜਾਂ ਕੀ ਨਹੀਂ ਹੋ ਰਿਹਾ ਇਸ ਦੇ ਬਾਰੇ ਮੁੜ ਕੇ ਗੱਲ ਕਰ ਲਵਾਂਗੇ। ਹੁਣ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਅੰਮ੍ਰਿਤਸਰ ਦੇ ਵਿਚ ਜਿਹੜੀ ਸਕੀਮ ਲਾਗੂ ਕੀਤੀ ਸੀ ਕਿ ਦਾਲਾਂ ਅਤੇ ਕਣਕ ਦੇ ਵਿਚ 3% ਸਬਸਿੱਡੀ ਦੇਵਾਂਗੇ ਉਸ ਦੇ ਲਈ ਕੀ ਵਜ਼ੀਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਵਾਉਣਗੇ ਕਿ ਅੰਮ੍ਰਿਤਸਰ ਦੇ ਡਿਪੂਆਂ ਤੇ ਦਾਲਾਂ ਤਾਂ ਹੈ ਹੀ ਨਹੀਂ, ਰਹੀ ਆਟੇ ਦੀ ਗਲ ਜਿਸ ਦੇ ਵਿਚ 575 ਰੁਪਏ ਤਕ ਦੇ ਇਮਪਲਾਈਜ਼ ਨੂੰ ਸਬਸਿਡੀ ਦੇਣੀ ਹੈ ਅਤੇ ਉਸ ਦੇ ਲਈ ਕਾਰਡ ਨੀਲੇ ਰੰਗ ਦੇ ਜੋ ਦਿੱਤੇ ਹਨ ਉਹ ਬੜੀ ਛੋਟੀ ਮੈਨਾਰਟੀ ਨੂੰ ਕਾਰਡ ਮਿਲੇ ਹਨ। ਜਿਹੜੇ ਲੋਕ 575 ਰੁਪਏ ਤੋਂ ਘੱਟ ਤਨਖਾਹ ਵੀ ਲੈਂਦੇ ਹਨ ਉਨ੍ਹਾਂ ਨੂੰ ਜ਼ਬਰਦਸਤੀ ਦੂਸਰੇ ਕਾਰਡ ਦਿੱਤੇ ਗਏ ਹਨ ?

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ ਉਸ ਦੀ ਇਨਕੁਆਇਰੀ ਤਾਂ ਹੋ ਸਕਦੀ ਹੈ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ 23 ਹਜ਼ਾਰ ਫੈਮਿਲੀਜ਼ ਨੂੰ ਗਰੀਨ ਕਾਰਡ ਵੰਡਿਆ ਜਾ ਚੁਕਾ ਹੈ। ਫਿਰ ਇਹ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਦਾਲਾਂ ਦੀ ਕੋਈ ਕਮੀ ਨਹੀਂ, ਅਸੀਂ ਕਾਫੀ ਦਾਲਾਂ ਸਪਲਾਈ ਕਾਰਪੋਰੇਸ਼ਨ ਨੂੰ ਹੈਂਡ ਓਵਰ ਕਰ ਰਹੇ ਹਾਂ। ਜੇ ਅੰਮ੍ਰਿਤਸਰ ਵਿਚ ਨਹੀਂ ਪਹੁੰਚੀਆਂ ਤਾਂ ਅਸੀਂ ਜਲਦੀ ਹੀ ਪਹੁੰਚਾ ਦੇਵਾਂਗੇ। ਸਪੀਕਰ ਸਾਹਿਬ, ਮੈਂ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਨੇ ਜੋ ਕਿਹਾ ਸੀ ਕਿ ਕਿੰਨਾ ਪੈਸਾ ਫੂਡ ਐਂਡ ਸਪਲਾਈ ਕਾਰਪੋਰੇਸ਼ਨ ਵਿਚ ਰੱਖ ਲਿਆ ਹੈ, ਇਹ ਮੇਰੇ ਕੋਲ ਆ ਕੇ ਸਮਝ ਲੈਣ ਮੈਂ ਇਨ੍ਹਾਂ ਨੂੰ ਦਸ ਦਿਆਂਗਾ ਕਿ ਪੈਸੇ ਕਿੱਥੇ ਹਨ। (ਵਿਘਨ) ਫੂਡ ਐਂਡ ਸਪਲਾਈ ਕਾਰਪੋਰੇਸ਼ਨ ਨੇ ਇਹ ਸਾਰਾ ਕੰਮ ਕਰਨਾ ਹੈ।

ਸਰਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ, ਗੌਰਮਿੰਟ ਇਮਪਲਾਈਜ਼ ਬਹੁ-ਗਿਣਤੀ ਵਿਚ ਵੱਖ ਵੱਖ ਮਹਿਕਮਿਆਂ ਵਿਚ ਦਿਹਾਤਾਂ ਵਿਚ ਕੰਮ ਕਰਦੇ ਹਨ ਕੀ ਉਨ੍ਹਾਂ ਨੂੰ ਹਾਊਸ ਰੈਂਟ ਦੇਣ ਵਾਸਤੇ ਗੌਰਮਿੰਟ ਕੋਈ ਵਿਚਾਰ ਕਰੇਗੀ ?

ਮੰਤਰੀ : ਇਹ ਸਵਾਲ ਤਾਂ ਇਸ ਦੇ ਵਿਚੋਂ ਬਣਦਾ ਨਹੀਂ ਜੀ।

Police Verification in respect of new Appointments of Government Employees

*2272. **Comrade Satya Pal Dang** : Will the Chief Minister be pleased to state whether there is any system under which verification by the Police authorities is required in case of new appointments of Government; if so, what exactly the Police is required to verify?

Sardar Gurcharan Singh Nihalsinghwala (Chief Parliamentary Secretary) :

ਹਾਂ ਜੀ। ਪੁਲਿਸ ਹੇਠ ਦਸੇ ਨੁਕਤਿਆਂ ਬਾਰੇ ਤਸਦੀਕ ਕਰਦੀ ਹੈ :

(ੳ) ਕੀ ਉਮੀਦਵਾਰ ਦੇ ਦਿੱਤੇ ਹੋਏ ਵੇਰਵੇ ਸਹੀ ਹਨ ;

(ਅ) ਕੀ ਉਸ ਦੇ ਵਿਰੁੱਧ ਕੋਈ ਮੁਜਰਮਾਨਾ ਰਿਕਾਰਡ ਤਾਂ ਨਹੀਂ ;

(ੲ) ਕੀ ਉਹ ਕਿਸੀ ਐਸੀ ਸਰਗਰਮੀ ਵਿਚ ਹਿੱਸਾ ਤਾਂ ਨਹੀਂ ਲੈਂਦੇ ਜਿਹੜੀ ਕਿ ਲੋਕ ਹਿਤ ਵਿਚ ਨਾ ਹੋਵੇ ਅਤੇ ਉਸ ਨੂੰ ਸਰਕਾਰੀ ਨੌਕਰੀ ਦੇ ਅਯੋਗ ਬਣਾਵੇ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਦਸਿਆ ਹੈ ਕਿ ਉਹ ਕਿਸੀ ਐਸੀ ਸਰਗਰਮੀ ਵਿਚ ਹਿੱਸਾ ਤਾਂ ਨਹੀਂ ਲੈਂਦਾ ਜਿਹੜੀ ਕਿ ਪਬਲਿਕ ਇਨਟ੍ਰੈਸਟ ਵਿਚ ਨਾ ਹੋਵੇ, ਮੈਂ

ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਹੈ ਕਿ ਇਸ ਮੱਦ ਹੇਠਾਂ ਸਰਕਾਰ ਨੇ ਕੋਈ ਸਰਕੂਲਰ ਪੁਲਿਸ ਵਾਲਿਆਂ ਨੂੰ ਜਾਰੀ ਕੀਤਾ ਹੋਇਆ ਹੈ ਕਿ ਫਲਾਂ ਫਲਾਂ ਜਥੇਬੰਦੀਆਂ ਜਾਂ ਪੋਲੀਟੀਕਲ ਪਾਰਟੀਆਂ ਦਾ ਜੇ ਕੋਈ ਮੈਂਬਰ ਹੋਵੇ ਤਾਂ ਉਹ ਸਰਕਾਰੀ ਸਰਵਿਸ ਵਾਸਤੇ ਅਨਫਿਟ ਸਮਝਿਆ ਜਾਵੇ ? ਅਗਰ ਕੋਈ ਸਰਕੁਲਰ ਕੀਤਾ ਹੋਇਆ ਹੈ ਤਾਂ ਦਸਿਆ ਜਾਵੇ ਕਿ ਕਿਹੜੀ ਕਿਹੜੀ ਪਾਰਟੀ ਦਾ ਨਾਮ ਉਸ ਦੇ ਵਿਚ ਲਿਖਿਆ ਹੈ ਕਿ ਇਨ੍ਹਾਂ ਪਾਰਟੀਆਂ ਦੇ ਮੈਂਬਰਜ਼ ਨੂੰ ਸਰਕਾਰੀ ਨੌਕਰੀ ਦੇ ਫਿੱਟ ਨਾ ਸਮਝਿਆ ਜਾਵੇ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਕੋਈ ਸਰਕੁਲਰ ਸਰਕਾਰ ਨੇ ਇਸ਼ੂ ਨਹੀਂ ਕੀਤਾ ਹੋਇਆ ਔਰ ਕਿਸੀ ਪਾਰਟੀ ਦਾ ਇਸ ਗੱਲ ਦੇ ਨਾਲ ਕੋਈ ਤੁਅੱਲਕ ਨਹੀਂ ਹੈ। ਨਵੀਂ ਭਰਤੀ ਵੇਲੇ ਵੇਰੀਫੀਕੇਸ਼ਨ ਥਰੂ ਪੁਲਿਸ, ਥਰੂ ਡਿਸਟ੍ਰਿਕਟ ਮੈਜਿਸਟਰੇਟ ਕਰਨੀ ਜ਼ਰੂਰੀ ਹੈ ਕਿ ਉਹ ਕਿਸੇ ਸਰਗਰਮ ਐਕਟਿਵਿਟੀਜ਼ ਵਿਚ ਸ਼ਾਮਲ ਤਾਂ ਨਹੀਂ ਹੁੰਦਾ। ਕੁਝ ਸ਼ਰਤਾਂ ਹਨ ਜੋ ਦੇਖਣੀਆਂ ਪੈਂਦੀਆਂ ਹਨ। ਜਿਹੜੀ ਇਹ ਸਰਕੁਲਰ ਵਾਲੀ ਗੱਲ ਕਹਿੰਦੇ ਹਨ ਇਹ ਬੇਬੁਨਿਆਦ ਗੱਲ ਹੈ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਦਸਿਆ ਹੈ ਕਿ ਇਸ ਗੱਲ ਦਾ ਖ਼ਿਆਲ ਰਖਿਆ ਜਾਂਦਾ ਹੈ ਕਿ ਕਿਸੇ ਪੋਲੀਟੀਕਲ ਪਾਰਟੀ ਦੇ ਨਾਲ ਸਰਗਰਮੀ ਨਾਲ ਤੱਲਕ ਤਾਂ ਨਹੀਂ ਰਖਦਾ। (ਵਿਘਨ) ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗਲਤ ਬਿਆਨੀ ਨਹੀਂ ਕਰ ਰਹੇ ਜਦੋਂ ਕਿ ਸਰਕੁਲਰ ਮੌਜੂਦ ਹੈ ਅਤੇ ਜਿਸ ਦੇ ਵਿਚ ਪੋਲੀਟੀਕਲ ਪਾਰਟੀਆਂ ਨੋਮਡ ਹਨ ਜਿਨ੍ਹਾਂ ਨੂੰ ਦੇਖ ਕੇ ਪੁਲਿਸ ਵਾਲੇ ਕਹਿ ਦਿੰਦੇ ਹਨ ਕਿ ਇਹ ਅਨਫਿਟ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜੋ ਕਿਹਾ ਹੈ ਉਹ ਬਿਲਕੁਲ ਬੇਬੁਨਿਆਦ ਹੈ। ਵੇਰੀਫੀਕੇਸ਼ਨ ਕਰਨ ਦਾ ਇਹ ਮਤਲਬ ਹੈ ਕਿ ਕਈ ਮੁੰਡੇ ਨਕਸਲਬਾੜੀਆਂ ਨਾਲ ਤੱਲਕ ਰਖਦੇ ਹਨ ਅਤੇ ਉਨ੍ਹਾਂ ਦੀਆਂ ਸਰਗਰਮ ਐਕਟਿਵਿਟੀਜ਼ ਵਿਚ ਸ਼ਾਮਲ ਹੁੰਦੇ ਹਨ, ਉਨ੍ਹਾਂ ਨੂੰ ਲਾਜ਼ਮੀ ਨਜ਼ਰ ਵਿਚ ਰਖਿਆ ਜਾਂਦਾ ਹੈ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਇਕ ਪਾਸੇ ਤਾਂ ਇਹ ਕਿਹਾ ਹੈ ਕਿ ਕੋਈ ਸਰਕੁਲਰ ਨਹੀਂ ਹੈ, ਦੂਸਰੇ ਪਾਸੇ ਕਰਾਈਟੇਰੀਆ ਦੱਸਿਆ ਹੈ ਕਿ ਇਹਨਾਂ ਇਹਨਾਂ ਗੱਲਾਂ ਦੀ ਵੇਰੀਫੀਕੇਸ਼ਨ ਕਰਦੇ ਹਾਂ, ਨਾਲ ਹੀ ਇਹ ਵੀ ਦੱਸਿਆ ਹੈ ਕਿ ਅਸੀਂ ਇਹ ਵੀ ਦੇਖਦੇ ਹਾਂ ਕਿ ਕਿਸੇ ਪੋਲੀਟੀਕਲ ਪਾਰਟੀ ਨਾਲ ਸਬੰਧ ਤਾਂ ਉਹ ਨਹੀਂ ਰਖਦਾ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਅਗਰ ਕੋਈ ਕਿਸੇ ਪੋਲੀਟੀਕਲ ਪਾਰਟੀ ਨਾਲ ਸਬੰਧ ਰਖਦਾ ਹੋਵੇ ਤਾਂ ਕੀ ਉਸ ਨੂੰ ਇਸ ਕਰਕੇ ਡਿਸਕੁਆਲੀਫਾਈ ਕਰ ਦਿੰਦੇ ਹੋ ਕਿ ਉਹ ਕਿਸੇ ਪਾਰਟੀ ਨਾਲ ਸਬੰਧ ਰਖਦਾ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਕਿਸੇ ਪਾਰਟੀ ਨਾਲ ਸਬੰਧ ਰਖਣਾ ਕੋਈ ਮਾੜੀ ਗੱਲ ਨਹੀਂ ਅਤੇ ਇਸ ਗੱਲ ਦੀ ਕੋਈ ਬੰਦਿਸ਼ ਨਹੀਂ। ਲੇਕਿਨ ਕਰੈਕਟਰ ਵੇਰੀਫਾਈ ਕਰਨਾ ਜ਼ਰੂਰੀ ਹੁੰਦਾ ਹੈ। ਅਕਾਲੀਆਂ ਦੇ ਮੁੰਡੇ ਡੀ.ਸੀ. ਲਗੇ ਹੋਏ ਹਨ ਅਤੇ ਕਮਿਊਨਿਸਟਾਂ ਦੇ ਮੁੰਡੇ ਫੌਜ ਵਿਚ ਮੇਜਰ ਅਤੇ ਕਰਨਲ ਲਗੇ ਹੋਏ ਹਨ, ਐਸੀ ਤਾਂ ਕੋਈ ਗੱਲ ਨਹੀਂ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਜੋ ਕਰਾਈਟੇਰੀਆ ਦੱਸਿਆ ਹੈ ਅਤੇ ਜਿਸ ਦੇ ਵਿਚ 4 ਨੁਕਤੇ ਦਸੇ ਹਨ ਰਿਕਰੂਟਮੈਂਟ ਤੋਂ ਬਾਅਦ ਅਤੇ ਜੁਆਇਨ ਕਰਨ ਤੋਂ ਪਹਿਲਾਂ ਦੇਖਣੇ ਹਨ। ਅੱਜ ਤਕ ਤਾਂ ਕੋਈ ਬੰਦਾ ਡੀਬਾਰ ਹੋਇਆ ਨਹੀਂ,

[ਸ੍ਰੀ ਪ੍ਰੇਮ ਗੁਪਤਾ]

ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਚੀਜ਼ ਇਮਪਲੀਮੈਂਟ ਹੀ ਨਹੀਂ ਹੁੰਦੀ ਤਾਂ ਕੀ ਇਸ ਨੂੰ ਰਿਵਾਈਜ਼ ਕਰਨ ਨੂੰ ਤਿਆਰ ਹਨ ?

ਮੁੱਖ ਸੰਸਦੀ ਸਕੱਤਰ : ਇਸ ਬਾਰੇ ਇਨ੍ਹਾਂ ਕੋਲ ਭਾਵੇਂ ਕੋਈ ਇਨਫਰਮੇਸ਼ਨ ਹੋਵੇ, ਪਰ ਸਾਡੇ ਨੋਟਿਸ ਵਿਚ ਨਹੀਂ। ਇਸ ਦੇ ਲਈ ਇਹ ਫ੍ਰੈਸ਼ ਨੋਟਿਸ ਦੇ ਦੇਣ। ਵੈਸੇ ਅਸੀਂ ਰਿਵਾਈਜ਼ ਕਰਨ ਨੂੰ ਤਿਆਰ ਨਹੀਂ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਸੀ.ਪੀ.ਐਸ. ਸਾਹਿਬ ਨੇ ਕਿਹਾ ਹੈ ਕਿ ਸਰਕੂਲਰ ਕੋਈ ਨਹੀਂ ਅਤੇ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੁਲੀਟੀਕਲ ਚਾਲ ਚਲਣ ਬਾਰੇ ਜਿਹੜੀਆਂ ਹਦਾਇਤਾਂ ਹਨ ਕੀ ਇਹ ਇਸ ਸਰਕਾਰ ਨੇ ਜਾਰੀ ਕੀਤੀਆਂ ਹਨ ਜਾਂ ਅਕਾਲੀ ਸਰਕਾਰ ਨੇ ਕੀਤੀਆਂ ਹਨ ਜਾਂ ਇਸ ਤੋਂ ਪਹਿਲਾਂ ਦੀਆਂ ਸਰਕਾਰਾਂ ਨੇ ਕੀਤੀਆਂ ਹੋਈਆਂ ਹਨ ?

ਮੁੱਖ ਸੰਸਦੀ ਸਕੱਤਰ : ਮੈਂ ਜੋਸ਼ ਜੀ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਮੁੱਢ ਤੋਂ ਹੀ ਚਲੀਆਂ ਆ ਰਹੀਆਂ ਹਨ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਮੁੱਢ ਕਦੀਮ ਦੀ ਗੱਲ ਕੀਤੀ ਹੈ। (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਟੈਸਟ ਕਰਾਉਂਦੇ ਹਾਂ ਕਿ ਕੋਈ ਮੁੰਡਾ ਨਕਸਲਾਈਟ ਤਾਂ ਨਹੀਂ। ਇਹ ਟੈਸਟ ਕਰਾਉਂਦੇ ਹਨ ਥਾਣੇਦਾਰ ਤੋਂ ਤੇ ਉਹ ਗਲਤ ਵੀ ਕਰ ਸਕਦਾ ਹੈ। ਕੀ ਐਸ. ਐਚ. ਓ. ਤੋਂ ਇਲਾਵਾ ਕੋਈ ਹੋਰ ਏਜੈਂਸੀ ਵੀ ਹੈ ਜਿਸ ਤੋਂ ਇਹ ਪਤਾ ਲਗ ਸਕਦਾ ਹੋਵੇ ਕਿ ਥਾਣੇਦਾਰ ਨੇ ਗਲਤ ਲਿਖ ਦਿੱਤਾ ਹੈ ?

ਮੁੱਖ ਸੰਸਦੀ ਸਕੱਤਰ : ਮੇਰਾ ਇਹ ਕੋਈ ਇਰਾਦਾ ਨਹੀਂ ਕਿ ਕਿਸੇ ਨੂੰ ਨਾਜਾਇਜ਼ ਤਰੀਕੇ ਕੱਢਿਆ ਜਾਵੇ ਜਾਂ ਕਿਸੇ ਦੇ ਖਿਲਾਫ਼ ਕੋਈ ਐਕਸ਼ਨ ਲਿਆ ਜਾਵੇ, ਪਰ ਇਹ ਵੇਖਣਾ ਜ਼ਰੂਰੀ ਹੈ ਕਿ ਕੌਣ ਕਿਥੇ ਰਹਿੰਦਾ ਰਿਹਾ ਹੈ ਅਤੇ ਕੀ ਕਾਰਵਾਈ ਕਰਦਾ ਰਿਹਾ ਹੈ। ਜੇ ਤੁਹਾਡੇ ਵਰਗਾ (ਸਰਦਾਰ ਅਜਾਇਬ ਸਿੰਘ ਸੰਧੂ ਨੂੰ ਸੰਬੋਧਨ ਕਰਦੇ ਹੋਏ) ਕੋਈ ਕਾਰਵਾਈ ਕਰਕੇ ਕਿਤੇ ਚਲਾ ਜਾਵੇ ਤਾਂ ਪੁੱਛਣਾ ਤਾਂ ਪੈਂਦਾ ਹੀ ਹੈ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸੀ.ਪੀ.ਐਸ ਸਾਹਿਬ ਨੇ ਕਿਹਾ ਹੈ ਕਿ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਕੀ ਉਨ੍ਹਾਂ ਦੇ ਵਿਚ ਇਹ ਲਫ਼ਜ਼ ਨਹੀਂ ਕਿ ਜੇ ਕੋਈ ਗੁੰਡਾ ਟਾਈਪ ਦਾ, ਐਂਟੀ-ਨੈਸ਼ਨਲ ਔਰ ਐਂਟੀ-ਸੋਸ਼ਲ ਜਿਹੜਾ ਆਦਮੀ ਹੈ ਉਸ ਦਾ ਧਿਆਨ ਰਖਿਆ ਜਾਵੇ ?

ਮੁੱਖ ਸੰਸਦੀ ਸਕੱਤਰ : ਲਾਜ਼ਮੀ ਤੌਰ ਤੇ ਹੈ ਅਤੇ ਧਿਆਨ ਰਖਿਆ ਜਾਂਦਾ ਹੈ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਸ ਗੱਲ ਨੂੰ ਮੁੱਖ ਰਖ ਕੇ ਕਿ ਸਮਾਜਵਾਦ, ਸਾਮਰਾਜ ਸਥਾਪਤ ਕਰਨਾ ਹੈ, ਜਿਥੇ ਐਮਪਲਾਈਜ਼ ਨੂੰ ਹੁਣ ਤਕ ਪ੍ਰੋਹਿਬਿਟ ਕੀਤਾ ਗਿਆ ਹੈ ਕਿ ਉਹ ਸਿਆਸਤ ਵਿਚ ਹਿੱਸਾ ਨਹੀਂ ਲੈ ਸਕਣਗੇ, ਕੀ ਹੁਣ ਇਸ ਗੱਲ ਦੀ ਇਜਾਜ਼ਤ ਦਿੱਤੀ ਜਾਏਗੀ ?

ਮੁੱਖ ਸੰਸਦੀ ਸਕੱਤਰ : ਇਹ ਸਜੈਸ਼ਨ ਹੈ ਜੀ।

ਸ੍ਰੀ ਕੇਸ਼ੋ ਰਾਮ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਹ ਨੈਕਸਲਾਈਟਸ ਦੀ ਗਲ ਕਰਦੇ ਹਨ ਆਇਆ ਕਮਿਊਨਿਸਟਾਂ ਤੇ ਵੀ ਇਹੋ ਜਿਹੀ ਕੋਈ ਪਾਬੰਦੀ ਲਾਉਣ ਲਈ ਤਿਆਰ ਹਨ ?

ਮੁੱਖ ਸੰਸਦੀ ਸਕੱਤਰ : ਹਾਲੇ ਕੋਈ ਇਰਾਦਾ ਨਹੀਂ ।

Starred Question No. 2388

Mr. Speaker : Question No. 2388 by Comrade Raj Kumar.

ਆਵਾਜ਼ਾਂ : ਉਹ ਹਾਜ਼ਰ ਨਹੀਂ ਜੀ ।

(ਮੈਂਬਰ ਸਾਹਿਬ ਹਾਊਸ ਵਿਚ ਨਾ ਹੋਣ ਕਰਕੇ ਸਵਾਲ ਪੇਸ਼ ਨਾ ਕੀਤਾ ਗਿਆ)

Mr. Speaker : Next question by Comrade Satya Pal Dang.)

Land Allotted to the Widows/Dependents of Army Personnel Killed in Action in 1965 Indo-Pak War

*2339. 1. **Comrade Dana Ram,** 2. **Comrade Satya Pal Dang**: Will the Minister for Revenue and Election be pleased to state—

(a) the number of widows and/or dependents of Armymen from Punjab who were killed in action during the 1965 Indo-Pak War, district-wise, in the State;

(b) the number district-wise of those out of those mentioned in part (a) above who were found entitled for the allotment of land;

(c) the number out of those mentioned in part (b) above who were allotted land and of those whose cases are pending, district-wise;

(d) the reasons for not allotting the land to such persons for such a long time?

Sardar Umrao Singh: (a), (b), (c) and (d) : The reply is contained in the annexure which is placed on the Table of the House.

[(ੲ), (ਬੀ), (ਸੀ) ਅਤੇ (ਡੀ): ਉੱਤਰ ਅੰਤਕਾ ਵਿਚ ਦਿੱਤਾ ਗਿਆ ਹੈ ਜੋ ਸਦਨ ਵਿਚ ਪੇਸ਼ ਕੀਤਾ ਜਾਂਦਾ ਹੈ ।]

ANNEXURE

(a) 685 soldiers belonging to Punjab were killed in the Indo-Pakistan Conflict of 1965, leaving behind 338 widows, and 347 dependents. Their district-wise details are as under .

Serial No.	Name of District	No. of Armed Forces personnel killed	No. of widows	No. of Dependents
1	Jullundur	65	36	29
2	Amritsar	84	40	44
3	Gurdaspur	82	47	35

[Minister for Revenue and Elections]

Serial No.	Name of District	No. of Armed Forces personnel killed	No. of widows	No, of Dependents
4	Hoshiarpur ..	162	81	81
5	Ludhiana	81	28	53
6	Ropar ..	23	13	10
7	Kapurthlala ..	24	10	14
8	Patiala ..	40	25	15
9	Sangrur ..	31	17	14
10	Bhatinda * ..	39	16	23
11	Ferozepur* ..	54	25	29
	Total ..	685	338	347

*Includes Faridkot District.

(b) 642 widows and dependents, as per details given below were found eligible for allotment of surplus rural evacuee agricultural land:—

Serial No.	Name of District	No. of widows/dependents who were found entitled to the allotment of land
1	Jullundur ..	74
2	Amritsar ..	45
3	Gurdaspur ..	63
4	Hoshiarpur ..	168
5	Ludhiana ..	96
6	Ropar ..	27
7	Kapurthala ..	27
8	Patiala ..	50
9	Sangrur ..	18
10	Bhatinda ..	16
11	Ferozepur ..	41
12	Faridkot ..	17
	Total	642

(c) Out of the number mentioned at (b) above, 512 widows/dependents have been allotted land, while the case of 130 are still pending. The following table will give their district-wise details :—

Serial No.	Name of District		No. of widows/ dependents who have been allotted land	No. of widows/ dependents whose cases are still pending
1	Jullundur	..	70	4
2	Amritsar	..	40	5
3	Gurdaspur	..	46	17
4	Hoshiarpur	..	131	37
5	Ludhiana	..	79	17
6	Ropar	..	27	..
7	Kapurthala	..	21	6
8	Patiala	..	34	16
9	Sangrur	..	16	2
10	Bhatinda	..	1	15
11	Ferozepur	..	41	..
12	Faridkot	..	6	11
	Total	..	512	130

(d) No allotment has been made in the pending cases because the area reserved in each district at the rate of 5 per cent of the total area available for the purpose of allotment of land to permanently disabled soldiers and widows/dependents of the soldiers killed in the Chinese aggression of 1962 and Pakistani aggression of 1965, has been exhausted.

[ਅੰਤਕਾ

(ੲ) ਹਿੰਦ ਅੱਤੇ ਪਾਕਿਸਤਾਨ ਦੀ 1965 ਦੀ ਲੜਾਈ ਵਿੱਚ 685 ਪੰਜਾਬੀ ਫੌਜੀ ਮਾਰੇ ਗਏ, ਜਿਨ੍ਹਾਂ ਦੀਆਂ 338 ਬੇਵਾਵਾਂ ਤੇ 347 ਆਸ਼ਰਿਤ ਸਨ, ਇਹਨਾਂ ਦਾ ਜ਼ਿਲ੍ਹੇਵਾਰ ਵੇਰਵਾ ਨਿਮਨਲਿਖਤ ਹੈ :—

ਲੜੀ ਨੰ:	ਜ਼ਿਲ੍ਹੇ ਦਾ ਨਾਂ		ਸ਼ਹੀਦ ਹੋਏ ਫੌਜੀਆਂ ਦੀ ਗਿਣਤੀ	ਬੇਵਾਵਾਂ ਦੀ ਗਿਣਤੀ	ਆਸ਼ਰਿਤਾਂ ਦੀ ਗਿਣਤੀ
1	ਜਲੰਧਰ	...	65	36	29
2	ਅੰਮ੍ਰਿਤਸਰ	...	84	40	44
3	ਗੁਰਦਾਸਪੁਰ	...	82	47	35
4	ਹੁਸ਼ਿਆਰਪੁਰ	...	162	81	81
5	ਲੁਧਿਆਣਾ	...	81	28	53

[Minister for Revenue and Election]

ਲੜੀ ਨੰ.	ਜ਼ਿਲ੍ਹੇ ਦਾ ਨਾਂ		ਸ਼ਹੀਦ ਹੋਏ ਫੌਜੀਆਂ ਦੀ ਗਿਣਤੀ	ਬੇਵਾਵਾਂ ਦੀ ਗਿਣਤੀ	ਆਸ਼ਿਰਤਾਂ ਦੀ ਗਿਣਤੀ
6	ਰੋਪੜ	...	23	13	10
7	ਕਪੂਰਥਲਾ	...	24	10	14
8	ਪਟਿਆਲਾ	...	40	25	15
9	ਸੰਗਰੂਰ	...	31	17	14
10	ਬਠਿੰਡਾ*	...	39	16	23
11	ਫਿਰੋਜ਼ਪੁਰ*	...	54	25	29
	ਜੋੜ	...	685	338	347

*ਇਸ ਵਿੱਚ ਫਰੀਦਕੋਟ ਜ਼ਿਲ੍ਹਾ ਵੀ ਸ਼ਾਮਲ ਹੈ

(ਬੀ.) 642 ਵਿਧਵਾਵਾਂ ਅਤੇ ਆਸ਼ਰਿਤ ਨਿਕਾਸੀ ਭੌਂ ਦੀ ਅਲਾਟਮੈਂਟ ਦੇ ਪਾਤਰ ਪਾਏ ਗਏ ਸਨ, ਜਿਹਨਾਂ ਦਾ ਵੇਰਵਾ ਹੇਠ ਦਰਸਾਇਆ ਜਾਂਦਾ ਹੈ :—

ਲੜੀ ਨੰ:	ਜਿਲ੍ਹੇ ਦਾ ਨਾਂ		ਵਿਧਵਾਵਾਂ/ਆਸ਼ਰਿਤਾਂ ਦੀ ਸੰਖਿਆ ਜੋ ਨਿਕਾਸੀ ਭੌਂ ਦੀ ਅਲਾਟਮੈਂਟ ਦੇ ਪਾਤਰ ਹਨ
1	ਜਲੰਧਰ	...	74
2	ਅੰਮ੍ਰਿਤਸਰ	...	45
3	ਗੁਰਦਾਸਪੁਰ	...	63
4	ਹੁਸ਼ਿਆਰਪੁਰ	...	168
5	ਲੁਧਿਆਣਾ	...	96
6	ਰੋਪੜ	...	27
7	ਕਪੂਰਥਲਾ	...	27
8	ਪਟਿਆਲਾ	...	50
9	ਸੰਗਰੂਰ	...	18
10	ਬਠਿੰਡਾ	...	16
11	ਫਿਰੋਜ਼ਪੁਰ	...	41
12	ਫਰੀਦਕੋਟ	...	17
	ਜੋੜ	...	642

(ਸੀ.) ਉਪਰ (ਬੀ) ਵਿੱਚ ਦੱਸੀ ਗਈ ਸੰਖਿਆ ਵਿਚੋਂ 512 ਵਿਧਵਾਵਾਂ/ਆਸ਼ਰਿਤਾਂ ਨੂੰ ਨਿਕਾਸੀ ਭੋਂ ਅਲਾਟ ਕੀਤੀ ਜਾ ਚੁਕੀ ਹੈ, ਜਦ ਕਿ 130 ਕੇਸ ਅਜੇ ਲੰਬਿਤ ਹਨ, ਇਹਨਾਂ ਦਾ ਜ਼ਿਲ੍ਹੇਵਾਰ ਵੇਰਵਾ ਹੇਠ ਦਰਸਾਇਆ ਜਾਂਦਾ ਹੈ :--

ਲੜੀ ਨੰ:	ਜ਼ਿਲ੍ਹੇ ਦਾ ਨਾਂ		ਵਿਧਵਾਵਾਂ/ਆਸ਼ਰਿਤਾਂ ਦੀ ਸੰਖਿਆ ਜਿਹਨਾਂ ਨੂੰ ਨਿਕਾਸੀ ਭੋਂ ਅਲਾਟ ਕੀਤੀ ਗਈ	ਵਿਧਵਾਵਾਂ/ਆਸ਼ਰਿਤਾਂ ਜਿਹਨਾਂ ਦੇ ਕੇਸ ਲਮਕਾ ਅਵਸਥਾ ਵਿੱਚ ਪਏ ਹਨ
1	ਜਲੰਧਰ	...	70	4
2	ਅੰਮ੍ਰਿਤਸਰ	...	40	5
3	ਗੁਰਦਾਸਪੁਰ	...	46	17
4	ਹੁਸ਼ਿਆਰਪੁਰ	...	131	37
5	ਲੁਧਿਆਣਾ	...	79	17
6	ਰੋਪੜ	...	27	--
7	ਕਪੂਰਥਲਾ	...	21	6
8	ਪਟਿਆਲਾ	...	34	16
9	ਸੰਗਰੂਰ	...	16	2
10	ਬਠਿੰਡਾ	...	1	15
11	ਫਿਰੋਜ਼ਪੁਰ	...	41	--
12	ਫਰੀਦਕੋਟ	...	6	11
	ਜੋੜ	...	512	130

(ਡੀ) ਲੰਬਿਤ ਕੇਸਾਂ ਵਿੱਚ ਅਲਾਟਮੈਂਟ ਨਹੀਂ ਕੀਤੀ ਗਈ ਕਿਉਂਜੋ ਹਰ ਇਕ ਜ਼ਿਲ੍ਹੇ ਦੇ ਕੁਲ ਰਕਬੇ ਦਾ 5% ਜਿਹੜਾ ਕਿ ਚੀਨ ਦੀ 1962 ਦੀ ਅਤੇ ਪਾਕਿਸਤਾਨ ਦੀ 1965 ਦੀ ਲੜਾਈ ਵਿੱਚ ਸਦਾ ਲਈ ਨਾਕਾਰਾ ਹੋਏ ਫੌਜੀਆਂ ਅਤੇ ਇਹਨਾਂ ਦੋ ਲੜਾਈਆਂ ਵਿੱਚ ਮਾਰੇ ਗਏ ਫੌਜੀਆਂ ਦੀਆਂ ਵਿਧਵਾਵਾਂ/ਆਸ਼ਰਿਤਾਂ ਨੂੰ ਅਲਾਟਮੈਂਟ ਲਈ ਰਾਖਵਾਂ ਰੱਖਿਆ ਗਿਆ ਸੀ, ਖ਼ਤਮ ਹੋ ਚੁੱਕਾ ਹੈ ।]

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇਕ ਐਸੀ ਸਕੀਮ ਬਣਾਈ ਗਈ ਸੀ ਕਿ 1965 ਵਿਚ ਜਿਹੜੇ ਬੰਦੇ ਪਾਕਿਸਤਾਨ ਦੇ ਨਾਲ ਲੜਾਈ ਵਿਚ ਮਾਰੇ ਗਏ ਉਨ੍ਹਾਂ ਦੀਆਂ ਵਿਡੋਜ਼ ਨੂੰ ਅਤੇ ਡਿਪੈਂਡੈਂਟਸ ਨੂੰ ਜ਼ਮੀਨ ਦਿਆਂਗੇ। ਕਈਆਂ ਨੂੰ ਜ਼ਮੀਨ ਦੇ ਦਿੱਤੀ ਗਈ ਅਤੇ ਜਿਨ੍ਹਾਂ ਨੂੰ ਨਹੀਂ ਮਿਲੀ ਉਨ੍ਹਾਂ ਬਾਰੇ ਸਰਕਾਰ ਨੇ ਕਿਹਾ ਹੈ ਕਿ ਜਿੰਨੀ ਜ਼ਮੀਨ ਇਸ ਕੰਮ ਲਈ ਰੱਖੀ ਗਈ ਸੀ ਉਹ ਮੁੱਕ ਗਈ ਹੈ। ਸਰਕਾਰ ਨੇ ਸਾਲਮੰਨਲੀ ਵਾਇਦਾ ਕੀਤਾ ਸੀ ਕਿ ਜਿਹੜੇ ਜਵਾਨ ਡਿਫੈਂਸ ਵਿਚ ਮਾਰੇ ਗਏ ਉਨ੍ਹਾਂ ਦੀਆਂ ਵਿਡੋਜ਼ ਨੂੰ ਜਾਂ ਡਿਪੈਂਡੈਂਟਸ ਨੂੰ ਜ਼ਮੀਨ ਮਿਲੇਗੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਰੱਖੀ ਜ਼ਮੀਨ ਐਗਜ਼ਾਸਟ ਹੋ ਗਈ ਹੈ ਤਾਂ ਕੀ ਸਰਕਾਰ ਹੋਰ ਜ਼ਮੀਨ ਲੈ ਕੇ ਉਨ੍ਹਾਂ ਨੂੰ ਦੇਵੇਗੀ ਜਿਨ੍ਹਾਂ ਦੀਆਂ ਐਪਲੀਕੇਸ਼ਨਜ਼ ਸਰਕਾਰ ਕੋਲ ਆਈਆਂ ਹੋਈਆਂ ਹਨ ਅਤੇ ਇਨ੍ਹਾਂ ਦੀ ਸਕੀਮ ਦੇ ਮੁਤਾਬਿਕ ਜਿਨ੍ਹਾਂ ਦਾ ਹੱਕ ਬਣਦਾ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਦੋਵੇਂ ਫੈਸਲੇ ਇਕੱਠੇ ਹੋਏ ਸੀ ਕਿ ਇਕ ਤਾਂ ਵਿਡੋਜ਼ ਅਤੇ ਡਿਪੈਂਟਡੈਂਟਸ ਨੂੰ ਜ਼ਮੀਨ ਦੇਣ ਦਾ ਅਤੇ ਦੂਸਰਾ ਇਵੈਕਿਊ ਪ੍ਰਾਪਰਟੀ ਵਿਚੋਂ 5 ਫ਼ੀ ਸਦੀ ਦੇਣ ਦਾ। ਉਸ ਦੇ ਮੁਤਾਬਿਕ ਇਹ ਲਾਗੂ ਕੀਤੇ ਗਏ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀ ਜ਼ਮੀਨ ਦਿੱਤੀ ਹੈ ਉਥੇ ਅੱਗੇ ਹੀ ਪੱਟੇ ਤੇ ਬੈਠੇ ਹੋਏ ਹਨ ਅਤੇ 5-6 ਸਾਲਾਂ ਤੋਂ ਮੁਕੱਦਮੇ ਚੱਲ ਰਹੇ ਹਨ ਅਤੇ ਕਬਜ਼ੇ ਨਹੀਂ ਮਿਲ ਰਹੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਐਸੀ ਜ਼ਮੀਨ ਦਿੱਤੀ ਜਾਏਗੀ ਜਿਸ ਤੇ ਕੋਈ ਕਾਬਜ਼ ਨਹੀਂ ?

ਮੰਤਰੀ : ਸਪੀਕਰ ਸਾਹਿਬ, ਰੂਲਜ਼ ਦੇ ਮੁਤਾਬਿਕ ਜਿਹੜੇ ਐਂਟਾਈਟਲਡ ਹਨ ਇਹ ਜ਼ਮੀਨ ਉਨ੍ਹਾਂ ਨੂੰ ਦਿੱਤੀ ਗਈ, ਜਿਹੜੇ ਅੱਨਆਥੋਰਾਈਜ਼ਡ ਬੈਠੇ ਹਨ ਉਨ੍ਹਾਂ ਤੋਂ ਤਾਂ ਕਿਸੇ ਵੇਲੇ ਵੀ ਖਾਲੀ ਕਰਾਈ ਜਾ ਸਕਦੀ ਹੈ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਿੰਨੀਆਂ ਦਰਖਾਸਤਾਂ ਵਿਡੋਜ਼ ਦੀਆਂ ਇਨ੍ਹਾਂ ਕੋਲ ਬਾਕੀ ਹਨ ਜਿਨ੍ਹਾਂ ਨੂੰ ਜ਼ਮੀਨ ਹਾਲੇ ਤੱਕ ਨਹੀਂ ਮਿਲੀ ?

ਮੰਤਰੀ : ਇਹ ਜਵਾਬ ਵਿਚ ਦਿੱਤਾ ਹੋਇਆ ਹੈ।

चौधरी कांशी राम: स्पीकर साहिब, मैं यह पूछना चाहता हूं कि क्या पंजाब में कोई ऐसी जमीन है जिस पर कोई काबज न हो और कितनी जमीन का इन्तकाल सरकार के नाम है ?

Mr. Speaker : This does not arise out of it.

Cases of Socio—/Economic boycott of Harijan Agricultural Workers

*2130. **Comrade Satya Pal Dang** : Will the Minister for Revenue and Election be pleased to state—

(a) the number of cases of Nakabandi, i.e., socio-economic boycott of Harijan agricultural workers at the hands of land owner

on questions like wage disputes brought to the notice of the Government in the Revenue Department since April, 1973;

(b) the number of such cases in which the authorities concerned intervened and with what results?

Sardar Umrao Singh : (a) 8 cases.
(b) 8 cases. Compromise was effected.

[(ੳ) 8 ਕੇਸ।

(ਅ) 8 ਕੇਸ। ਸਮਝੌਤਾ ਕਰਾ ਦਿੱਤਾ ਗਿਆ।]

ਕਾਮਰੇਡ ਸੱਤ ਪਾਲ ਡਾਂਗ : ਸਰਕਾਰ ਦੀ ਆਪਣੀ ਇਤਲਾਹ ਦੇ ਮੁਤਾਬਕ 8 ਕੇਸਾਂ ਵਿਚ ਹਰੀਜਨਾਂ ਦਾ ਪਿੰਡਾਂ ਵਿਚ ਬਾਈਕਾਟ ਹੋਇਆ ਹੈ ਅਤੇ ਉਸ ਵਿਚ ਉਨ੍ਹਾਂ ਲੋਕਾਂ ਦਾ ਖੇਤਾਂ ਵਿਚ ਟੱਟੀ ਪਿਸ਼ਾਬ ਜਾਣਾ ਬੰਦ ਕੀਤਾ ਗਿਆ। ਜਿਹੜੇ ਕੇਸ ਇਨ੍ਹਾਂ ਦੇ ਨੋਟਿਸ ਵਿਚ ਨਹੀਂ ਉਹ ਵੱਖਰੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਚੂੰਕਿ ਇਹ ਗੱਲ ਪੰਜਾਬ ਵਿਚ ਕਾਫੀ ਵਾਪਰ ਰਹੀ ਹੈ ਜਦੋਂ ਖੇਤ ਮਜ਼ਦੂਰ ਆਪਣੀ ਵਾਜਬ ਦਿਹਾੜੀ ਮੰਗਦੇ ਹਨ ਉਨ੍ਹਾਂ ਦਾ ਸੋਸ਼ਲ ਬਾਈਕਾਟ ਅਤੇ ਨਾਕਾਬੰਦੀ ਕੀਤੀ ਜਾਂਦੀ ਹੈ। ਕੀ ਇਸ ਬਾਰੇ ਸਰਕਾਰ ਨਵੀਂ ਲੈਜਿਸਲੇਸ਼ਨ ਲਿਆਵੇਗੀ ਜਿਸ ਵਿਚ ਇਸ ਨੂੰ ਸੀਰੀਅਸ ਕਰਾਈਮ ਕਰਾਰ ਦਿੱਤਾ ਜਾਏ ਅਤੇ ਅਜਿਹਾ ਕਰਨ ਵਾਲੇ ਨੂੰ ਡੇਟਰੈਂਟ ਪਨਿਸ਼ਮੈਂਟ ਦਿੱਤੀ ਜਾਵੇ ?

ਮੰਤਰੀ : ਸਪੀਕਰ ਸਾਹਿਬ, ਇਹ ਬੜੇ ਮਾਈਨਰ ਜਿਹੇ ਕੇਸਿਜ਼ ਹਨ ਔਰ ਥੋੜ੍ਹੀ ਮਿਕਦਾਰ ਵਿਚ ਹਨ। ਇਸ ਲਈ ਲੈਜਿਸਲੇਸ਼ਨ ਲਿਆਉਣ ਦੀ ਲੋੜ ਨਹੀਂ। ਮੇਰਾ ਖਿਆਲ ਹੈ ਕਿ ਆਰਡੀਨਰੀ ਤਰੀਕੇ ਨਾਲ ਇਹ ਮਸਲਾ ਹੱਲ ਕੀਤਾ ਜਾ ਸਕਦਾ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅਨੁਸੂਚਿਤ ਜਾਤੀਆਂ ਦੇ ਲੋਕਾਂ ਦਾ ਜਿਥੇ ਬਾਈਕਾਟ ਕੀਤਾ ਜਾਂਦਾ ਹੈ ਉਥੇ ਥੋੜ੍ਹੇ ਜਿਹੇ ਦਾਇਰੇ ਵਿਚ ਹੀ ਕੀਤਾ ਜਾਂਦਾ ਹੈ। ਇਸ ਦਾਇਰੇ ਨੂੰ ਸਮਝਦੇ ਹੋਏ ਕਿ ਇਹ ਵੱਡਾ ਹੋ ਸਕਦਾ ਹੈ ਕੀ ਉਸ ਦੀ ਰੋਕ ਥਾਮ ਲਈ ਸਰਕਾਰ ਕੋਈ ਕਾਨੂੰਨ ਬਣਾਉਣ ਲਈ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਕੇਸਿਜ਼ ਸਿਰਫ ਲੁਧਿਆਣਾ ਅਤੇ ਸੰਗਰੂਰ ਜ਼ਿਲ੍ਹੇ ਵਿਚ ਹੋਏ ਹਨ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਹੋ ਜਿਹੇ ਕੇਸਿਜ਼ ਨਾ ਉਠਣ। ਮੈਂ ਵਿਰੋਧੀ ਭਰਾਵਾਂ ਨੂੰ ਕਹਾਂਗਾ ਕਿ ਜਿਸ ਏਰੀਆ ਵਿਚ ਐਸੇ ਕੇਸਿਜ਼ ਹੁੰਦੇ ਹਨ ਹੋ ਸਕਦਾ ਹੈ ਕਿ ਉਥੇ ਦੇ ਜੇਕਰ ਅਸੈਂਬਲੀ ਦੇ ਨੁਮਾਇੰਦੇ ਨਾ ਹੋਣ ਤਾਂ ਇਹੋ ਜਿਹਾ ਕੰਮ ਨਹੀਂ ਹੋ ਸਕਦਾ।

आचार्य पृथ्वी सिंह आजाद : स्पीकर साहिब, क्या वज़ीर साहिब इस तरह की नाकाबन्दी को रोकने के लिये जो रिमूवल आफ अनटचेबिलिटी पंजाब ऐक्ट है क्या उसमें संशोधन कर के कोई पग उठाएंगे ?

ਮੰਤਰੀ : ਅਗਰ ਜ਼ਰੂਰਤ ਪਈ ਤਾਂ ਜ਼ਰੂਰ ਉਠਾਵਾਂਗੇ। ਅਸੀਂ ਚਾਹੁੰਦੇ ਹਾਂ ਕਿ ਹਰੀਜਨਾਂ ਦੇ ਖਿਲਾਫ ਕਿਸੇ ਕਿਸਮ ਦੀ ਕੋਈ ਨਾਕਾਬੰਦੀ ਨਾ ਕੀਤੀ ਜਾਵੇ। ਬੜੇ ਮਾਈਨਰ ਕੇਸਿਜ਼ ਹੋਏ ਹਨ ਅਤੇ ਲੋਕਲ ਕੰਪਰੋਮਾਈਜ਼ ਹੋ ਚੁਕੇ ਹਨ ਐਸੀ ਕੋਈ ਗੱਲ ਨਹੀਂ ਹੋਈ ਜਿਸ ਨਾਲ ਝਗੜਾ ਤੂਲ ਪਕੜ ਚੁਕਾ ਹੋਵੇ।

ਡਾਕਟਰ ਅਮੀਰ ਸਿੰਘ ਕਲਕਟ : ਮੈਂ ਮੰਤਰੀ ਮਹੋਦਯ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਸਿਰਫ 8 ਕੇਸ ਹੀ ਨਹੀਂ ਜਿਹੜੇ ਇਨ੍ਹਾਂ ਨੇ ਦੱਸੇ ਹਨ ਬਲਕਿ ਮੇਰੇ ਜ਼ਿਲ੍ਹੇ ਹੁਸ਼ਿਆਰਪੁਰ ਵਿਚ ਚੇਗਾ ਤੇ ਕੰਧਾਲੀ ਨਾਰੰਗਪੁਰ ਵਿਚ ਇਸੇ ਤਰ੍ਹਾਂ ਦੇ 2 ਕੇਸ ਹੋਏ ਹਨ । ਉਥੇ ਲੋਕਾਂ ਦਾ ਸੋਸ਼ਲ ਬਾਈਕਾਟ ਕੀਤਾ ਗਿਆ ਹੈ । (ਸ਼ੋਰ) ਕੀ ਸਰਕਾਰ ਇਨ੍ਹਾਂ ਹਾਲਾਤਾਂ ਨੂੰ ਸੁਲਝਾਉਣ ਵਾਸਤੇ ਇਨ੍ਹਾਂ ਸੋਸ਼ਲ ਬਾਈਕਾਟਾਂ ਨੂੰ ਪੈਨਲ ਔਫੈਂਸ ਜਾਂ ਕਾਗਨੀਜ਼ੇਬਲ ਔਫੈਂਸ ਬਣਾਵੇਗੀ ?

ਮੰਤਰੀ : ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਜੋ ਗੱਲ ਕੀਤੀ ਹੈ ਉਹ ਆਪ ਵੀ ਇਸ ਨੂੰ ਸੁਲਝਾ ਸਕਦੇ ਹਨ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਸਰਕਾਰ ਦਾ ਤੁਅੱਲਕ ਹੈ ਸਰਕਾਰ ਨੇ ਇਸ ਲਈ ਹਦਾਇਤਾਂ ਜਾਰੀ ਕੀਤੀਆਂ ਹਨ ਅਤੇ ਜੋ ਕੋਈ ਇਸ ਤਰ੍ਹਾਂ ਦਾ ਕਦਮ ਚੁਕੇਗਾ ਤਾਂ ਉਸ ਦੇ ਨਾਲ ਸਖ਼ਤੀ ਨਾਲ ਵਰਤਿਆ ਜਾਵੇਗਾ ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Names of Students of XI Class of Higher Secondary School, Jandwala Bhimashah, District Ferozepur, struck off by the Principal.

*2273. **Comrade Satya Pal Dang**: Will the Minister for Education be pleased to state—

(a) whether it is a fact that names of all the students of XI class of the Government Higher Secondary School, Jandwala Bhimashah, District Ferozepur were struck off on 30th July, 1973 or there about by the Principal; if so, the reasons therefor;

(b) whether any representation in this connection was forwarded to the D.P.I. by any Legislator during the first half of September 1973 for suitable action, if so, a copy of the same alongwith the action taken thereon be laid on the Table of the House?

Shri Gurmail Singh: (a) Yes, without assigning any reasons.

(b) No such representation has been received direct from any Legislator in the office of D.P.I., Punjab.

[(ੳ) ਹਾਂ ਜੀ, ਬਿਨਾ ਕਾਰਨ ਦਸੇ ।

(ਅ) ਕਿਸੇ ਐਮ. ਐਲ. ਏ. ਵਲੋਂ ਕੋਈ ਸਿੱਧੀ ਅਰਜ਼ੀ ਨਿਰਦੇਸ਼ਕ, ਸਿਖਿਆ ਵਿਭਾਗ, ਪੰਜਾਬ ਦੇ ਦਫ਼ਤਰ ਵਿਚ ਪ੍ਰਾਪਤ ਨਹੀਂ ਹੋਈ ।]

Aided Schools taken over by the Government during 1972-73 and 1973-74

*2310 1. **Comrade Saghar Singh**
2. **Comrade Satya Pal Dang** : Will the Minister for Education be pleased to state—

(a) whether any aided schools have been taken over by the Government during the year 1972-73 and 1973-74. if so,

district-wise and year-wise lists thereof be laid on the Table of the House;

(b) whether there is any proposal under the consideration of the Government to take over more aided-schools; if so, the details thereof district-wise?

Shri Gurmail Singh : (a) Yes. A list is laid on the Table of the House.

(b) Yes. The cases for the taking over of the following three schools are under the consideration of the Government.

(i) Public High School, Binewal (Hoshiarpur) (2) Beet Public High School, Guru Bishan Puri (Hoshiarpur)	—Orders for taking over of these two schools have since been issued. Formalities for taking over these schools are under way
(3) Public High School, Mahal Gehlen, District Jullundur	The case of this school is under active consideration of the Government.

[(ੲ) ਹਾਂ ਜੀ। ਲਿਸਟ ਸਦਨ ਦੀ ਮੇਜ ਤੇ ਰੱਖੀ ਜਾਂਦੀ ਹੈ ।

(ਬੀ) ਹਾਂ ਜੀ। ਹੇਠ ਲਿਖੇ ਤਿੰਨ ਸਕੂਲਾਂ ਨੂੰ ਸਰਕਾਰ ਅਧੀਨ ਲੈਣ ਬਾਰੇ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ :–

1. ਪਬਲਿਕ ਹਾਈ ਸਕੂਲ, ਬਿਨੈਵਾਲ (ਹੁਸ਼ਿਆਰਪੁਰ) 2. ਬੀਤ ਪਬਲਿਕ ਹਾਈ ਸਕੂਲ, ਗੁਰੂ ਬਿਸ਼ਨਪੁਰੀ (ਹੁਸ਼ਿਆਰਪੁਰ)	ਇਨ੍ਹਾਂ ਸਕੂਲਾਂ ਨੂੰ ਸਤਕਾਰ ਅਧੀਨ ਕਰਨ ਬਾਰੇ ਹੁਕਮ ਜਾਰੀ ਕੀਤੇ ਜਾ ਚੁਕੇ ਹਨ। ਵਿਭਾਗ ਅਧੀਨ ਕਰਨ ਬਾਰੇ ਰਸਮੀ ਕਾਰਵਾਈ ਕੀਤੀ ਜਾ ਰਹੀ ਹੈ।
3. ਪਬਲਿਕ ਹਾਈ ਸਕੂਲ, ਮਹਿਲ ਗਹਿਲਾਂ (ਜਲੰਧਰ)	ਇਸ ਸਕੂਲ ਨੂੰ ਸਰਕਾਰ ਅਧੀਨ ਕਰਨ ਬਾਰੇ ਮੁਆਮਲਾ ਸਰਕਾਰ ਦੇ ਸਰਗਰਮ ਵਿਚਾਰ ਅਧੀਨ ਹੈ।]

ANNEXURE

List of Schools taken over during 1972-73 and 1973-74

Part (a) Starred Assembly Question 2310.

Year		Serial No.	District	Name of the School
1972-73	..	1	Hoshiarpur	Public High School, Teli Chak
1972-73	..	2	Jullundur	Panchayat High School, Sindher
1973-74	..	1	Jullundur	Khalsa High School, Nagar

[ਵਿਦਿਆ ਮੰਤਰੀ]

[1972-73 ਤੇ 1973-74 ਦੇ ਦੌਰਾਨ ਸਰਕਾਰ ਅਧੀਨ ਲਏ ਸਕੂਲਾਂ ਦੀ ਸੂਚੀ

(ਭਾਗ ੲ) ਤਾਰਾ ਅੰਕਤ ਪ੍ਰਸ਼ਨ ਨੰ: 2310

ਸਾਲ	ਲੜੀ ਨੰ:	ਜ਼ਿਲ੍ਹਾ	ਸਕੂਲ ਦਾ ਨਾਂ
1	2	3	4
1972-73	1	ਹੁਸ਼ਿਆਰਪੁਰ	ਪਬਲਿਕ ਹਾਈ ਸਕੂਲ, ਤੇਲੀ ਚੱਕ
1972-73	2	ਜਲੰਧਰ	ਪੰਚਾਇਤ ਹਾਈ ਸਕੂਲ, ਸਿੱਧਰ
1973 74	1	ਜਲੰਧਰ	ਖਾਲਸਾ ਹਾਈ ਸਕੂਲ, ਨੱਗਰ]

Schools Upgraded in 1972-73 and 1973-74

***2416. Acharya Prithvi Singh Azad** : Will the Minister for Education be pleased to state the names of Primary and Middle Schools upgraded during 1972-73 and 1973-74 to date in the state together with the names of those villages where the new Primary Schools have been opened during the said period ?

Shri Gurmail Singh : The time and labour involved (in collecting the information) will not be commensurate with the benefits to be derived at. However, if the Hon'ble Member wants information about certain District or a particular place, the same can be supplied.

[ਸੂਚਨਾ ਇਕੱਤਰ ਕਰਨ ਉਤੇ ਖ਼ਰਚ ਹੋਣ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਉਤੇ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਵੁਕਤ ਨਹੀਂ ਹੋਵੇਗੀ। ਫ਼ਿਰ ਵੀ ਜੇਕਰ ਮਾਨਯੋਗ ਮੈਂਬਰ ਉਚੇਚਾ ਕਿਸੇ ਜ਼ਿਲ੍ਹੇ ਜਾਂ ਕਿਸੇ ਖਾਸ ਜਗ੍ਹਾ ਬਾਰੇ ਸੂਚਨਾ ਲੈਣੀ ਚਾਹੁੰਦੇ ਹਨ, ਤਾਂ ਉਹ ਦਿੱਤੀ ਜਾ ਸਕਦੀ ਹੈ।]

Letter from a Legislator in connection with the construction of Village Link Roads

***2387. Comrade Raj Kumar :** Will the Minister of State for Public Works be pleased to state whether the Chief Minister, Punjab, received a letter, dated 31st October, 1973 from a Legislator regarding need for co-ordination and review machinery consisting of three agencies connected with construction of village link roads in the State in order to overcome delay in construction of roads (particularly in Dhariwal/Kalanaur Block District Gurdaspur, if so, a copy of the letter alongwith the action or proposed to be taken thereon be laid on the Table of the House?

Shri Joginder Pal Pandey : Yes. A copy of letter, dated 31st October, 1973 from Com. Raj Kumar is laid on the Table of the House. The present system for co-ordination and review of construction of link roads is satisfactory and no action is considered necessary on the letter in question.

[ਜੀ ਹਾਂ। ਕਾਮਰੇਡ ਰਾਜ ਕੁਮਾਰ ਦੇ ਮਿਤੀ 31 ਅਕਤੂਬਰ, 1973 ਦੇ ਪੱਤਰ ਦੀ ਇਕ ਨਕਲ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਲਿੰਕ ਸੜਕਾਂ ਦੀ ਉਸਾਰੀ ਬਾਰੇ ਤਾਲਮੇਲ ਰੱਖਣ ਦਾ ਤੇ ਪ੍ਰਗਤੀ ਨੂੰ ਰਿਵਿਊ ਕਰਨ ਦਾ ਸਿਸਟਮ ਤਸੱਲੀ ਬਖਸ਼ ਹੈ ਅਤੇ ਉਪਰੋਕਤ ਦੱਸੇ ਪੱਤਰ ਤੇ ਕੋਈ ਕਾਰਵਾਈ ਦੀ ਲੋੜ ਨਹੀਂ ਸਮਝੀ ਗਈ।]

From

Com. Raj Kumar, M.L.A.,
345, Sector 21-A,
Chandigarh.

To

Giani Zail Singh,
Chief Minister, Punjab,
Chandigarh.

No. 2101, dated the 31st October, 1973

Subject.—Delay in implementation of Time Bound Programme of Roads and Link Roads construction in Dhariwal Constituency, particularly and in Gurdaspur District generally.

Shrimanji,

On his return from abroad, a sample survey in the district in respect of above mentioned programme was undertaken by the undersigned on 26th October, as a result of innumerable complaints from his constituency regarding delay in the implementation of the above programme. Thus he felt need to write you this letter.

Out of 18 sanctioned and 26 unsanctioned roads, 14 and two respectively were taken as samples. What was generally revealed as a result of survey is as under :—

(i) On almost all roads, progress of work was wholly or partially blocked due to lack of required amount of earthwork. This is a responsibility of the Development and Panchayat Department.

(ii) In almost all cases progress stands retarded on account of non-availability of demarcation of passages in villages either in whole or in parts. This is responsibility of the Revenue Department and its agency in the district.

(iii) There is almost complete absence of coordination of activities among three Government agencies concerned with the programme namely the P.W.D. (B.&R.), the Development and Panchayat Department and the Revenue Department. This malady is serious particularly at grass root level of implementation which provided alibi to each defaulter at its own responsibility on the other which in totality has resulted in perpetual inactivity on this front.

(iv) Whereas functionaries of P.W.D. (B.&R.) Department grudge that sufficient and proper earth work was not done, the officials of Development and Panchayat Department complain that P.W.D. (B.&R.) Department invariably fail to indicate proper levels etc. to provide for satisfactory earth work. Both jointly complain that Revenue Department officials do not act with required sense of urgency and in many cases deliberately neglect giving demarcations.

[Minister of State for Public Works]

Due to absence of the inter-departmental co-ordination at top on the one hand and lack of contact between top and district at the time of decision making in current programme a very anomolous situation came into existence. Some roads were begun as a result of decision in the district but these were abandoned after programme was decided in Department to top and came to the district. This is likely to result in quite big loss to the State. For instance take the following two roads under XEN, Shri Vij :—

(i) Satkoha-Taragarh-Peroshah Link on to Batala-Kanhuwan road.

(ii) Behbal Chak-Satkoha link on the AUK-Sekhwan Road, in both cases sufficient earth work having been done. More than 2 kilometers length of bricks laying has been completed besides storing of stone metal on some parts. A very similar situation exist on many other roads. If sanctioning of work, on all such roads is not done forthwith, it is not difficult to imagine the loss of material and money involved. As remedy of the situation narrated above the following steps are recommended for immediate implementation :—

(i) Inter-departmental coordinating Committees consisting of Block Development and Panchayat Officers, S.D.Os. (B.&R.) and Tehsildar (Revenue) under the Chairmanship of concerned M.L.A. should be set up with the aim of periodical review of progress in each Construction Division/Sub-Division. Setting up of similar machinery at all other levels is also required.

(ii) All un-sanctioned roads, on which work was begun before Chief Engineer's revised programme reached in the district, should be sanctioned forthwith, with issuing of immediate direction to resume work on them.

Yours sincerely,

Sd/-
(RAJ KUMAR).

A copy is forwarded to the Deputy Commissioner, Gurdaspur, for infoımaticn and immediate necessary action.

Sd/-
(RAJ KUMAR).

Supply of stone for the construction of Link Road from Talwara to Chamuhi, district Hoshiarpur

***2417. 1. Sardar Balwinder Singh Bhunder**
2. Sardar Surjit Singh Sidhu } Will the Minister of State for Public Works be pleased to state the name of the contractor who was given the contract to supply the stone for the construction of link road from Talwara to Chamuhi in Talwara Block, district Hoshiarpur together with the amount thereof and the place from where the stone was to be supplied?

Shri Joginder Pal Pandey : Works in 6 groups were allotted to various contractors as under :—

Reach			Rs.
(i) K.M. (0—3)	..	Shri Avtar Singh	10,000
(ii) K.M. (3—6)	..	Ditto	10,000

(iii) K. M. (6—9)	..	Shri Som Raj	10,000
(iv) K.M. (9—12)	..	Ditto	10,000
(v) K.M. (12—14)	..	Shri Satish Kumar	7,000
(vi) K. M. (14—16)	..	Shri Kesar Singh	7,000

Stone was to be supplied locally under maximum lead of 2½ furlongs.

[6 ਗਰੁੱਪਾਂ ਵਿੱਚ ਕੰਮ ਵਖਰੇ ਵਖਰੇ ਠੇਕੇਦਾਰਾਂ ਨੂੰ ਵੰਡਿਆ ਗਿਆ ਸੀ ।

		ਰੁਪਏ
1. ਕਿ: ਮੀ: (0–3)	ਸ੍ਰ: ਅਵਤਾਰ ਸਿੰਘ	10,000
2. ਕਿ: ਮੀ: (3–6)	ਉਪਰੋਕਤ ਅਨੁਸਾਰ	10,000
3. ਕਿ: ਮੀ: (6–9)	ਸ੍ਰੀ ਸੋਮ ਰਾਜ	10,000
4. ਕਿ: ਮੀ: (9–12)	ਉਪਰੋਕਤ ਅਨੁਸਾਰ	10,000
5. ਕਿ: ਮੀ: (12–14)	ਸ੍ਰੀ ਸਤੀਸ਼ ਕੁਮਾਰ	7,000
6. ਕਿ: ਮੀ: (14–16)	ਸ੍ਰੀ ਕੇਸਰ ਸਿੰਘ	7,000

ਪੱਥਰ $2\frac{1}{2}$ ਫਰਲਾਂਗ ਤੋਂ ਲੋਕਲੀ ਲੈਣਾ ਸੀ ।]

Starred Question No. 2475

ਜ : ਪ: ਪਾਂਡੇ

ਅ. ਸ. ਪੱਤਰ ਨੰ : 1749-ਇਸ-2(1)-74
ਰਾਜ ਮੰਤਰੀ, ਲੋਕ ਨਿਰਮਾਣ, ਪੰਜਾਬ
ਮਿਤੀ 5 ਮਾਰਚ, 1974 ।

ਵਿਸ਼ਾ :—ਸਟਾਰਡ ਸਵਾਲ ਨੰ: 2475, ਵਲੋਂ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਐਮ. ਐਲ. ਏ. ।

ਪਿਆਰੇ ਕੇਵਲ ਕ੍ਰਿਸ਼ਨ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2475 ਜੋ ਮਿਤੀ 7 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਐਮ. ਐਲ. ਏ., ਦੇ ਨਾਂ ਵੱਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ 15 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ
ਸਹੀ............,
(ਜ. ਪ. ਪਾਂਡੇ)

ਸ੍ਰੀ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

Fisheries Farms

***2356. Chaudhri Ram Singh** : Will the Minister of State for Development be pleased to state :—

(a) the names of the places considered suitable for setting up Fisheries Farms in the State ;

(b) the names of places where Government Fisheries Farms have so far been started in the State ;

(c) the names of places where such Fisheries Farms are likely to be started ?

Sardar Santokh Singh Randhawa : (a) Under the Plan Programmes, each District of the State will be having one Fish Seed Farm.

(b) Sangrur, Bir Dosanj (near Nabha), Rajasansi (District Amritsar) Hayat Nagar (district Gurdaspur), Bir Shikargah (district Kapurthala) and Campus of the Punjab Agricultural University at Ludhiana.

(c) During the Fifth Five-Year Plan, two more fish seed farms will be established. Sites are yet to be selected.

[(ੳ) ਪਲੈਨ ਪ੍ਰੋਗਰਾਮਾਂ ਦੇ ਅਧੀਨ ਹਰ ਜ਼ਿਲ੍ਹੇ ਵਿਖੇ ਇਕ ਫਿਸ਼ ਸੀਡ ਫਾਰਮ ਸਥਾਪਿਤ ਕੀਤਾ ਜਾਵੇਗਾ।

4. ਸ੍ਰੀ ਗੁਰਦਿੱਤ ਸਿੰਘ, ਐਮ. ਐਲ. ਏ., ਅੰਮ੍ਰਿਤਸਰ ।
5. ਸ੍ਰੀ ਸ਼ਮਸ਼ੇਰ ਸਿੰਘ, ਐਮ. ਐਲ. ਏ., ਪਿੰਡ ਤੇ ਡਾਕਖਾਨਾ ਖਰੜ, ਜ਼ਿਲ੍ਹਾ ਰੋਪੜ ।
6. ਸ੍ਰੀ ਦਲੀਪ ਸਿੰਘ, ਐਮ. ਐਲ. ਏ., ਬਲਾਚੌਰ, ਜ਼ਿਲ੍ਹਾ ਹੁਸ਼ਿਆਰਪੁਰ ।
7. ਸ੍ਰੀ ਸੁਰਜੀਤ ਸਿੰਘ, ਐਮ. ਐਲ. ਏ., ਪੱਕਾ ਕਲਾਂ, ਜ਼ਿਲ੍ਹਾ ਬਠਿੰਡਾ ।
8. ਬੀਬੀ ਜਸਵੰਤ ਕੌਰ, ਐਮ. ਐਲ. ਏ., ਪਿੰਡ ਘਸੀਟਪੁਰ, ਡਾਕਖਾਨਾ ਕੰਗ, ਜ਼ਿਲ੍ਹਾ ਅੰਮ੍ਰਿਤਸਰ ।
9. ਸ੍ਰੀ ਚੰਦ ਸਿੰਘ, ਐਮ. ਐਲ. ਏ., ਸ਼ੇਰਪੁਰ, ਜ਼ਿਲ੍ਹਾ ਸੰਗਰੂਰ ।
10. ਸ੍ਰੀ ਅਛੱਰ ਸਿੰਘ, ਐਮ. ਐਲ. ਏ., ਪਿੰਡ ਗੁਬਾਰਾ, ਜ਼ਿਲ੍ਹਾ ਸੰਗਰੂਰ ।
11. ਸ੍ਰੀ ਮਹਿਤਾਬ ਸਿੰਘ, ਐਮ. ਐਲ. ਏ., 345 ਸੈਕਟਰ 21-ਏ, ਚੰਡੀਗੜ੍ਹ ।
12. ਡਾਕਟਰ ਹਰਭਜਨ ਸਿੰਘ, ਐਮ. ਐਲ. ਏ., ਭੋਗਪੁਰ, ਜ਼ਿਲ੍ਹਾ ਜਲੰਧਰ ।
13. ਸ੍ਰੀ ਪ੍ਰਿਥੀਪਾਲ ਸਿੰਘ, ਐਮ. ਐਲ. ਏ., ਚੀਲ ਮੰਡੀ, ਅੰਮ੍ਰਿਤਸਰ ।
14. ਸ੍ਰੀ ਬਲਵਿੰਦਰ ਸਿੰਘ ਭੂੰਦੜ, ਐਮ. ਐਲ. ਏ., ਸਰਦੂਲਗੜ੍ਹ ।
15. ਸ੍ਰੀ ਅਮੀਰ ਸਿੰਘ, ਐਮ. ਐਲ. ਏ., ਟਾਂਡਾ ।
16. ਸ੍ਰੀ ਪ੍ਰੇਮ ਗੁਪਤਾ, ਐਮ. ਐਲ. ਏ., ਪਟਿਆਲਾ ।
17. ਸ੍ਰੀ ਕੁੰਦਨ ਸਿੰਘ, ਐਮ. ਐਲ. ਏ., ਹੁਸ਼ਿਆਰਪੁਰ ।
18. ਸ੍ਰੀ ਜੰਗੀਰ ਸਿੰਘ ਜੋਗਾ, ਐਮ. ਐਲ. ਏ., ਪਿੰਡ ਤੇ ਡਾਕਘਰ ਜੋਗਾ, ਜ਼ਿਲ੍ਹਾ ਬਠਿੰਡਾ ।
19. ਸ੍ਰੀ ਅਰਜਨ ਸਿੰਘ ਮਸਤਾਨਾ, ਐਮ. ਐਲ. ਏ., ਪਿੰਡ ਤੇ ਡਾਕਘਰ ਚਰਿਆਲਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ।
20. ਸ੍ਰੀ ਰਾਜ ਕੁਮਾਰ, 345, ਸੈਕਟਰ 21-ਏ, ਚੰਡੀਗੜ੍ਹ ।
21. ਸ੍ਰੀ ਜੈ ਮੁਨੀ, ਐਮ. ਐਲ. ਏ., ਦੀਨਾ ਨਗਰ, ਜ਼ਿਲ੍ਹਾ ਗੁਰਦਾਸਪੁਰ ।
22. ਸ੍ਰੀ ਸੋਹਨ ਸਿੰਘ ਜਲਾਲਉਸਮਾਂ, ਐਮ. ਐਲ. ਏ., ਬਾਗ ਅਕਾਲੀ, ਅੰਮ੍ਰਿਤਸਰ ।

ਸਾਲ 1973-74 ਵਿਚ ਮੁੱਖ ਮੰਤਰੀ ਜੀ ਦੇ ਸਰਕਾਰੀ ਕੋਟੇ ਵਿਚੋਂ ਐਮ. ਐਲ. ਏਜ਼. ਨੂੰ ਅਲਾਟ ਹੋਏ ਸਕੂਟਰਾਂ ਦੀ ਸੂਚੀ

1. ਸ੍ਰੀ ਗੁਰਦੇਵ ਸਿੰਘ ਸਿੱਧੂ, ਐਮ. ਐਲ. ਏ., ਸਮਾਨਾ ।
2. ਸ੍ਰੀ ਅਜੇ ਕੁਮਾਰ ਸੇਖਰੀ, ਸਪੁੱਤਰ ਵੀ. ਐਮ. ਸੇਖਰੀ, ਐਮ. ਐਲ. ਏ., ਬਟਾਲਾ ।

3. ਸ੍ਰੀ ਅਮਰਜੀਤ ਸਿੰਘ, ਸਪੁੱਤਰ ਸ੍ਰੀ ਗੁਰਬਚਨ ਸਿੰਘ, ਐਮ. ਐਲ. ਏ., ਰੋਪੜ ।

4. ਸ੍ਰੀ ਦਰਸ਼ਨ ਸਿੰਘ ਕੈਨੇਡੀਅਨ, ਐਮ. ਐਲ. ਏ., ਗੜ੍ਹਸ਼ੰਕਰ ।

5. ਸ੍ਰੀ ਅਜਾਇਬ ਸਿੰਘ ਸੰਧੂ, ਐਮ. ਐਲ. ਏ. ।

6. ਸ੍ਰੀ ਹਰਭਜਨ ਸਿੰਘ, ਐਮ. ਐਲ. ਏ., ਭੋਗਪੁਰ ।

7. ਸ੍ਰੀ ਅਜਿੰਦਰ ਪਾਲ, ਸਪੁੱਤਰ ਸ੍ਰੀ ਹਰਚੰਦ ਸਿੰਘ, ਐਮ. ਐਲ. ਏ., ਪਟਿਆਲਾ ।

8. ਸ੍ਰੀ ਰਾਵਿੰਦਰ ਪਾਲ ਸਿੰਘ, ਸਪੁੱਤਰ ਸ੍ਰੀ ਕਿਰਪਾਲ ਸਿੰਘ ਰੰਧਾਵਾ, ਐਮ. ਐਲ. ਏ., ਪਿੰਡ ਤੇ ਡਾਕਖਾਨਾ ਕਾਥੂ ਨੰਗਲ, ਜ਼ਿਲ੍ਹਾ ਅੰਮ੍ਰਿਤਸਰ ।

9. ਸ੍ਰੀ ਗੁਰਦੇਵ ਸਿੰਘ ਬਾਦਲ, ਐਮ. ਐਲ. ਏ., ਭੋਗਰ ਬਸਤੀ, ਫ਼ਰੀਦਕੋਟ ।

10. ਸ੍ਰੀ ਦਾਨਾ ਰਾਮ, ਐਮ. ਐਲ. ਏ., 343 ਸੈਕਟਰ 21-ਏ, ਚੰਡੀਗੜ੍ਹ ।

11. ਸ੍ਰੀ ਅਰਜਨ ਸਿੰਘ, ਐਮ. ਐਲ. ਏ., ਪਿੰਡ ਬੁਰਜ ਕੋਟਾਂ, ਡਾਕਖਾਨਾ ਹਲਵਾਰਾ, ਜ਼ਿਲ੍ਹਾ ਲੁਧਿਆਣਾ ।

12. ਸ੍ਰੀ ਸਤਨਾਮ ਸਿੰਘ ਬਾਜਵਾ, ਐਮ. ਐਲ. ਏ., ਜ਼ਿਲ੍ਹਾ ਗੁਰਦਾਸਪੁਰ ।

13. ਸ੍ਰੀ ਰਾਜਿੰਦਰ ਕੁਮਾਰ, ਸਪੁੱਤਰ ਸ੍ਰੀ ਬਾਲ ਮੁਕੰਦ, ਐਮ. ਐਲ. ਏ., ਫ਼ਿਰੋਜ਼ਪੁਰ ।

14. ਸ੍ਰੀ ਹਰਜੋਧ ਸਿੰਘ, ਸਪੁੱਤਰ ਸ੍ਰੀ ਹਰਚਰਨ ਸਿੰਘ, ਐਮ. ਐਲ. ਏ., ਬੇਅੰਤ ਨਿਵਾਸ, ਡਾਕਖ਼ਾਨਾ ਰਾਜਾ ਸਾਂਸੀ, ਜ਼ਿਲ੍ਹਾ ਅੰਮ੍ਰਿਤਸਰ ।

15. ਸ੍ਰੀ ਸੁਰਜੀਤ ਸਿੰਘ, ਸਪੁੱਤਰ ਸ੍ਰੀ ਲਛਮਣ ਸਿੰਘ, ਐਮ. ਐਲ. ਏ., ਪਿੰਡ ਲਾਤਿਆਂ ਵਾਲ ਡਾ: ਨਾਲੈਵਾਂ, ਜ਼ਿਲ੍ਹਾ ਫਿਰੋਜ਼ਪੁਰ ।

16. ਸ੍ਰੀ ਹਰਬੰਸ ਸਿੰਘ ਜਲਾਲ, ਐਮ. ਐਲ. ਏ., ਪਿੰਡ ਤੇ ਡਾ: ਜਲਾਲ, ਜ਼ਿਲ੍ਹਾ ਬਠਿੰਡਾ ।

17. ਸ੍ਰੀ ਸੱਤਪਾਲ ਡਾਂਗ, ਐਮ. ਐਲ. ਏ., ਛੇਹਰਟਾ ।

18. ਸ੍ਰੀ ਸੁਖਦੇਵ ਸਿੰਘ, ਸਪੁੱਤਰ ਸ੍ਰੀ ਸੁੰਦਰ ਸਿੰਘ, ਪਿੰਡ ਡਾਲੀਆ ਮਰਜਨਪੁਰ, ਡਾ: ਦੀਨਾ-ਨਗਰ, ਜ਼ਿਲ੍ਹਾ ਗੁਰਦਾਸਪੁਰ ।

19. ਸ੍ਰੀਮਤੀ ਕੁਲਦੀਪ ਕੌਰ, ਸਪੁੱਤਰੀ ਸ: ਸਾਧੂ ਸਿੰਘ, ਐਮ. ਐਲ. ਏ., ਕੋਟ ਲਾਜਪਤ ਰਾਏ, ਪਟੇਲ ਚੌਕ, ਜਲੰਧਰ ।

Breaches on Nilowal Canal within the limits of Village Ugrahan in Tehsil and District Sangrur

788. Jathedar Gurbachan Singh : Will the Minister of State for Irrigation and Power be pleased to state the number of times the Nilowal Canal has breached within the limits of village Ugrahan tehsil and district Sangrur during the last 5 years together with the reasons therefor ?

Sardar Gurbaksh Singh Sibia : There is no such canal within the limits of village Ugrahan, tehsil and district Sangrur and as such the question of giving details of any such breaches does not arise.

[ਪਿੰਡ ਉਗਰਾਹਾਂ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ ਦੀ ਹਦੂਦ ਵਿਚ ਕੋਈ ਅਜਿਹੀ ਨਹਿਰ ਨਹੀਂ। ਇਸ ਲਈ ਇਸ ਦੀਆਂ ਟੁੱਟਾਂ ਸਬੰਧੀ ਵੇਰਵਾ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।]

Unstarred Question No. 789

ਵਿਸ਼ਾ :—ਤਾਰਾਹੀਣ ਸਵਾਲ ਨੰ : 789

ਵਿਧਾਨ ਸਭਾ ਦਾ ਸਵਾਲ ਨੰ : 789 ਜੋ ਮਿਤੀ 7 ਮਾਰਚ, 1974 ਲਈ ਤਾਰਾਹੀਣ ਸਵਾਲਾਂ ਦੀ ਸੂਚੀ ਵਿਚ ਜੱਥੇਦਾਰ ਗੁਰਬਚਨ ਸਿੰਘ, ਐਮ. ਐਲ. ਏ. ਵਲੋਂ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

(ਸਹੀ) . . .,

ਰਾਜ ਮੰਤ੍ਰੀ, ਸਿੰਜਾਈ ਤੇ ਬਿਜਲੀ,
ਪੰਜਾਬ ।

ਸੇਵਾ ਵਿਖੇ,
ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ. ਸ. ਨੰ: 173–ਏ-ਕਿਉ.ਸਿ.ਇ.(3)–74/ਮਿਤੀ, ਚੰਡੀਗੜ੍ਹ 5 ਮਾਰਚ, 1974

———

QUESTION OF PRIVILEGE

ਸ੍ਰੀ ਸਪੀਕਰ : ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ, ਕਾਮਰੇਡ ਸੱਤਪਾਲ ਡਾਂਗ ਅਤੇ ਕਾਮਰੇਡ ਮਹਿਤਾਬ ਸਿੰਘ ਜੀ ਨੇ ਇਕ ਪ੍ਰਿਵਿਲੇਜ ਮੋਸ਼ਨ ਦਾ ਨੋਟਿਸ ਦਿੱਤਾ ਸੀ ਕਿ ਆਲ ਇੰਡੀਆ ਰੇਡਿਉ ਨੇ 6 ਮਾਰਚ ਨੂੰ "ਪ੍ਰਾਦੇਸ਼ਕ ਸਮਾਚਾਰ" ਵਿਚ ਵਿਧਾਨ ਸਭਾ ਦੀ ਕਾਰਵਾਈ ਨੂੰ ਠੀਕ ਤਰ੍ਹਾਂ ਨਾਲ ਬਰੌਡਕਾਸਟ ਨਹੀਂ ਕੀਤਾ । ਜਿਨ੍ਹਾਂ ਮੈਂਬਰਾਂ ਨੇ ਨੋਟਿਸ ਦਿੱਤਾ ਸੀ ਉਨ੍ਹਾਂ ਨੇ ਪਰੈੱਸ ਗੈਲਰੀ ਕਮੇਟੀ ਦੇ ਮੈਂਬਰਾਂ ਅਤੇ ਆਲ ਇੰਡੀਆ ਰੇਡਿਉ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰ ਲਈ ਹੈ ਅਤੇ ਉਨ੍ਹਾਂ ਦੀ ਤਸੱਲੀ ਹੋ ਗਈ ਹੈ । ਇਸ ਲਈ ਉਹ ਹੁਣ ਪ੍ਰਿਵਿਲੇਜ ਮੋਸ਼ਨ ਤੇ ਜ਼ੋਰ ਨਹੀਂ ਦੇਣਾ ਚਾਹੁੰਦੇ। ਇਹ ਗੱਲ ਹੁਣ ਖਤਮ ਸਮਝੀ ਜਾਵੇ । (Comrade Darshan Singh Canadian, Comrade Satya Pal Dang and Comrade Mehtab Singh had sought to raise a question of privilege regarding misreporting of certain parts of the proceedings of the Vidhan Sabha in the "Pradeshak Samachar" Bulletin of the All India Radio on 6th March, 1974. The Members concerned had a discussion with the A. I. R. correspondent concerned and other representatives of the Press Gallery Committee and they were satisfied with the discussion and did not want to press the Privilege Motion in question. In view of this, the matter be treated as closed.)

OBITUARY REFERENCES

ਮੁੱਖ ਮੰਤਰੀ : ਸਪੀਕਰ ਸਾਹਿਬ, ਆਪ ਜੀ ਨੂੰ ਪਤਾ ਹੈ ਕਿ ਸ੍ਰੀ ਕਰਿਸ਼ਨਾਮਚਾਰੀ 7 ਮਾਰਚ ਨੂੰ ਸਵਰਗਵਾਸ ਹੋ ਗਏ ਹਨ । ਉਹ ਇਕ ਬੜੇ ਯੋਗ ਅਤੇ ਸਿਆਣੇ ਵਿਅਕਤੀ ਸਨ । ਉਹ ਬਹੁਤ ਹੀ ਸੱਭਿਆ ਅਤੇ ਉਚ ਪਾਏ ਦੇ ਬੌਧਿਕ ਸਨ । ਉਨ੍ਹਾਂ ਨੇ ਦੇਸ਼ ਵਿਚ ਬਦਲ ਰਹੀਆਂ ਸਮਾਜਿਕ ਪਰੀਸਥਿਤੀਆਂ ਅਨੁਸਾਰ ਤਬਦੀਲੀਆਂ ਲਿਆਉਣ ਵਿਚ ਬੜਾ ਅਹਿਮ ਹਿੱਸਾ ਪਾਇਆ । ਉਨ੍ਹਾਂ ਦੀ ਆਪਣੇ ਦੇਸ਼ ਲਈ ਅਥਾਹ ਲਗਨ ਅਤੇ ਗਰੀਬ ਤੇ ਮਜ਼ਲੂਮ ਲੋਕਾਂ ਦੇ ਹਿੱਤਾਂ ਲਈ ਕੀਤੀ ਗਈ ਜਦੋ ਜਹਿਦ ਹਮੇਸ਼ਾਂ ਲਈ ਯਾਦ ਰਹੇਗੀ ।

ਉਹ ਭਾਰਤ ਦੇ ਬਹੁਤ ਪ੍ਰਸਿੱਧ ਅਰਥ ਵਿਗਿਆਨੀ ਅਤੇ ਵਿੱਤੀ ਮਾਹਿਰਾਂ ਵਿਚੋਂ ਇਕ ਸਨ । ਵਪਾਰ ਅਤੇ ਵਣਿਜ ਦੇ ਖੇਤਰ ਵਿਚ ਵੀ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ । ਉਹ 1956 ਤੋਂ 1958 ਅਤੇ ਫਿਰ 1963 ਤੋਂ 1965 ਤੀਕ ਕੇਂਦਰੀ ਵਿੱਤ ਮੰਤਰੀ ਰਹੇ । ਵਿੱਤ ਮੰਤਰੀ ਦੇ ਰੂਪ ਵਿਚ ਉਨ੍ਹਾਂ ਨੇ ਅਹਿਮ ਸਮਾਜਕ ਤਬਦੀਲੀਆਂ ਲਿਆਉਣ ਲਈ ਇਨਕਲਾਬੀ ਉਪਾਵਾਂ ਨੂੰ ਅਪਣਾਇਆ ਅਤੇ ਕੇਂਦਰੀ ਮੰਤਰੀ ਦੇ ਰੂਪ ਵਿਚ ਉਨ੍ਹਾਂ ਨੇ ਉਦਯੋਗਿਕ ਵਿਕਾਸ ਵਿਚ ਵਾਧਾ ਕਰਨ, ਦੇਸ਼ ਨੂੰ ਆਤਮ ਨਿਰਭਰ ਬਣਾਉਣ ਲਈ ਜੋ ਰੋਲ ਅਦਾ ਕੀਤਾ, ਉਹ ਹਮੇਸ਼ਾਂ ਯਾਦ ਰਹੇਗਾ ।

ਉਹ ਇਕ ਉੱਘੇ ਨੀਤੀਵਾਨ, ਅਤੇ ਇਕ ਅਦੁੱਤੀ ਗੁਣਾਂ ਵਾਲੇ ਮਹਾਨ ਪਾਰਲੀਮੈਂਟੇਰੀਅਨ ਸਨ । ਉਹ ਸੰਵਿਧਾਨ ਸਭਾ ਦੇ ਮੈਂਬਰ ਵੀ ਰਹੇ ਜਿਸ ਵਿਚ ਉਨ੍ਹਾਂ ਨੇ ਬਹੁਮੁੱਲਾ ਯੋਗਦਾਨ ਵੀ ਪਾਇਆ । ਦੇਸ਼ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਉਨ੍ਹਾਂ ਦਾ ਦ੍ਰਿਸ਼ਟੀਕੋਣ ਸਦਾ ਮੌਲਿਕ ਹੁੰਦਾ ਸੀ ।

ਉਨ੍ਹਾਂ ਦੀ ਮਿਰਤੂ ਨਾਲ ਦੇਸ਼ ਇਕ ਪ੍ਰਸਿੱਧ ਅਰਥ ਸ਼ਾਸ਼ਤਰੀ, ਇਕ ਯੋਗ ਪਾਰਲੀਮੈਂਟੇਰੀਅਨ, ਇਕ ਚੰਗੇ ਪ੍ਰਬੰਧਕ, ਇਕ ਉਸਾਰੂ ਕਾਰਜ ਕਰਤਾ ਤੋਂ ਵਾਂਝਾ ਹੋ ਗਿਆ ਹੈ ।

ਸਪੀਕਰ ਸਾਹਿਬ, ਮੈਂ ਆਸ ਕਰਦਾ ਹਾਂ ਕਿ ਇਸ ਮਤੇ ਨਾਲ ਸਾਰੇ ਹਾਊਸ ਦੇ ਮੈਂਬਰਾਂ ਨੂੰ ਸਹਿਮਤੀ ਹੋਵੇਗੀ ਅਤੇ ਇਸ ਮਤੇ ਦੀ ਇਕ ਕਾਪੀ ਉਨ੍ਹਾਂ ਦੇ ਪਰਿਵਾਰ ਨੂੰ ਵੀ ਭੇਜ ਦਿੱਤੀ ਜਾਵੇ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਜੋ ਮਤਾ ਲੀਡਰ ਆਫ਼ ਦੀ ਹਾਊਸ ਨੇ ਪੇਸ਼ ਕੀਤਾ ਹੈ ਮੈਂ ਆਪਣੀ ਪਾਰਟੀ ਵੱਲੋਂ ਇਸ ਮਤੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ । ਸ੍ਰੀ ਕ੍ਰਿਸ਼ਨਾਮਚਾਰੀ 74 ਸਾਲ ਦੀ ਉਮਰ ਵਿਚ ਸਾਡੇ ਨਾਲੋਂ ਹਮੇਸ਼ਾਂ ਲਈ ਜੁਦਾ ਹੋ ਗਏ । ਇਹ 2 ਦਫ਼ਾ ਹਿੰਦੁਸਤਾਨ ਦੇ ਵਿੱਤ ਮੰਤਰੀ ਵੀ ਬਣੇ ਅਤੇ ਇਨ੍ਹਾਂ ਨੇ ਬੜਾ ਅੱਛਾ ਕੰਮ ਕੀਤਾ । ਉਹ ਇਕ ਬੜੇ ਵੱਡੇ ਪਾਰਲੀਮੈਂਟੇਰੀਅਨ ਸਨ । ਜਦੋਂ ਉਹ ਫ਼ਇਨਾਂਸ ਮਨਿਸਟਰ ਸਨ ਤਾਂ ਇਨ੍ਹਾਂ ਨੇ ਵੈੱਲਥ ਟੈਕਸ ਅਤੇ ਐਕਸਪੈਂਡੀਚਰ ਟੈਕਸ ਵਰਗੇ ਟੈਕਸ ਲਾਏ ਸਨ ।

ਇਨ੍ਹਾਂ ਨੇ ਆਪਣੀ ਤਾਲੀਮ ਤੋਂ ਬਾਅਦ ਵਪਾਰ ਸ਼ੁਰੂ ਕੀਤਾ ਅਤੇ ਕੁਝ ਚਿਰ ਬਾਅਦ ਉਹ ਮਦਰਾਸ ਲੈਜਿਸਲੇਚਰ ਅਸੈਂਬਲੀ ਦੇ ਮੈਂਬਰ ਬਣ ਗਏ । ਉਹ Constitution ਦੀ ਡਰਾਫ਼ਟਿੰਗ ਕਮੇਟੀ ਦੇ ਵੀ ਮੈਂਬਰ ਰਹੇ ।

ਸ੍ਰੀ ਕ੍ਰਿਸ਼ਨਾਮਚਾਰੀ ਇਕ ਬੜੇ ਵੱਡੇ ਪੈਟਰੀਆਟ ਸਨ । ਉਨ੍ਹਾਂ ਦੀ ਮੌਤ ਨਾਲ ਸਾਡੇ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਜਿਹੜਾ ਕਿ ਮੈਂ ਸਮਝਦਾ ਹਾਂ ਕਿ ਪੂਰਾ ਹੋਣਾ ਬਹੁਤ ਮੁਸ਼ਕਲ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਲੀਡਰ ਆਫ਼ ਦੀ ਹਾਊਸ ਦੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਆਪਣੀ ਪਾਰਟੀ ਵੱਲੋਂ ਜਿਹੜਾ ਮਤਾ ਗਿਆਨੀ ਜੀ ਨੇ ਰੱਖਿਆ ਹੈ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਸ੍ਰੀ ਕ੍ਰਿਸ਼ਨਾਮਚਾਰੀ ਬਹੁਤ ਵੱਡੇ ਉਘੇ ਆਦਮੀਆਂ ਵਿਚੋਂ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਉਨ੍ਹਾਂ ਨੇ ਕੇਂਦਰ ਸਰਕਾਰ ਦੇ ਕੰਮ-ਕਾਜ ਵਿਚ ਬਹੁਤ ਹਿੱਸਾ ਪਾਇਆ। ਉਹ ਆਪਣੇ ਦੇਸ਼ ਵਿਚ ਲੋਕਾਂ ਦੇ ਬੜੇ ਹਮਾਇਤੀ ਸਨ। 1956 ਵਿਚ ਇਕ ਦਫ਼ਾ ਉਨ੍ਹਾਂ ਨੂੰ ਜਦੋਂ ਅਸਤੀਫ਼ਾ ਦੇਣ ਤੇ ਮਜ਼ਬੂਰ ਕੀਤਾ ਗਿਆ, ਆਦਮ ਖੋਰਾਂ ਅੱਗੇ ਉਨ੍ਹਾਂ ਦੀ ਬਲੀ ਚੜ੍ਹ ਗਈ।

ਉਹ ਇਕ ਬਹੁਤ ਵੱਡੇ ਦੇਸ਼ ਭਗਤ ਸਨ। ਮਦਰਾਸ ਵਿਚ ਜਿਹੜੀ ਹਿੰਦੀ ਦੇ ਖਿਲਾਫ਼ ਐਜ਼ੀਟੇਸ਼ਨ ਹੋਈ ਸੀ ਉਸ ਵਿਚ ਉਨ੍ਹਾਂ ਨੇ ਬੜਾ ਚੰਗਾ ਰੋਲ ਅਦਾ ਕੀਤਾ।

ਇਨ੍ਹਾਂ ਦੀ ਮੌਤ ਨਾਲ ਸਾਡੇ ਦੇਸ਼ ਨੂੰ ਬਹੁਤ ਵੱਡਾ ਘਾਟਾ ਪਹੁੰਚਿਆ ਹੈ। ਮੈਂ ਆਪਣੀ ਪਾਰਟੀ ਵੱਲੋਂ ਇਸ ਮਤੇ ਨਾਲ ਆਪਣੀ ਸਹਿਮਤੀ ਪਰਗਟ ਕਰਦਾ ਹਾਂ।

ਸ੍ਰੀ ਸਪੀਕਰ : ਸ੍ਰੀ ਕ੍ਰਿਸ਼ਨਾਮਚਾਰੀ ਹਿੰਦੁਸਤਾਨ ਦੇ ਬੜੇ ਵੱਡੇ ਅਰਥ ਸ਼ਾਸਤਰੀ ਸਨ। ਉਨ੍ਹਾਂ ਨੇ ਹਿੰਦੁਸਤਾਨ ਦੀ ਜਮਹੂਰੀਅਤ ਅਤੇ ਹਿੰਦੁਸਤਾਨ ਦੇ ਸੰਵਿਧਾਨ ਵਿਚ ਇਕ ਉੱਘਾ ਹਿੱਸਾ ਪਾਇਆ ਹੈ। ਉਨ੍ਹਾਂ ਦੀ ਮੌਤ ਨਾਲ ਸਾਰੇ ਦੇਸ਼ ਨੂੰ ਬਹੁਤ ਦੁੱਖ ਹੋਇਆ ਹੈ। ਜੋ ਮਤਾ ਲੀਡਰ ਆਫ਼ ਦੀ ਹਾਊਸ ਨੇ ਪੇਸ਼ ਕੀਤਾ ਹੈ ਅਤੇ ਆਪੋਜ਼ੀਸ਼ਨ ਦੀ ਪਾਰਟੀ ਵੱਲੋਂ ਜੋ ਵਿਚਾਰ ਪ੍ਰਗਟ ਕੀਤੇ ਗਏ ਹਨ ਮੈਂ ਵੀ ਉਨ੍ਹਾਂ ਨਾਲ ਸ਼ਾਮਲ ਹੁੰਦਾ ਹਾਂ ਅਤੇ ਅਫ਼ਸੋਸ ਦੇ ਜਜ਼ਬਾਤ ਉਨ੍ਹਾਂ ਦੇ ਪਰਿਵਾਰ ਨੂੰ ਭੇਜੇ ਜਾਣਗੇ। ਆਨਰੇਬਲ ਮੈਂਬਰਜ਼ ਹੁਣ 2 ਮਿੰਟ ਲਈ ਖੜੇ ਹੋ ਕੇ ਪਰਮਾਤਮਾ ਅੱਗੇ ਬੇਨਤੀ ਕਰਨ। (Shri Krishanamachari was a great eonomist of India. He played prominent part in the framing of the Indian Constitution as well as in the establishment of democracy here. The country is shocked at his demise. I associate myself with the sentiments expressed in the House from the side of the Opposition as also with the motion moved by the Chief Minister. These condolences will be conveyed to the bereaved family. I would request the hon. Members to rise in their seats for a couple of minutes and pray for the departed soul.)

ADJOURNMENT MOTION

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ ਉਸ ਦੇ ਬਾਰੇ ਤੁਹਾਡੇ ਵੱਲੋਂ ਇਤਲਾਹ ਪਹੁੰਚ ਗਈ ਹੈ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਅੱਜ ਤੋਂ ਤਿੰਨ ਚਾਰ ਦਿਨ ਪਹਿਲਾਂ ਛੇ ਮਾਰਚ ਨੂੰ ਸਾਢੇ ਅੱਠ ਵਜੇ ਦੇ ਕਰੀਬ ਅੰਮ੍ਰਿਤਸਰ ਦੇ ਡੈਨਟਲ ਕਾਲਿਜ ਦੀ ਫ਼ਾਈਨਲ ਯੀਅਰ ਦੀ ਇਕ ਵਿਦਿਆਰਥਣ ਬੈਠੀ ਸੀ ਤੇ ਉਸ ਦੇ ਨਾਲ ਇਕ ਮੈਡੀਕਲ ਕਾਲਜ ਦਾ ਮੇਲ ਸਟੂਡੈਂਟ ਸੀ। ਇਕ ਕਰੀਮ ਕਲਰ ਦੀ ਐਮਬੈਸਡਰ ਕਾਰ ਆਈ। ਉਸ ਵਿਚੋਂ ਤਿੰਨ ਬੰਦੇ ਨਿਕਲੇ। ਉਨ੍ਹਾਂ ਨੇ ਛੁਰੇ ਨਾਲ ਮੇਲ ਸਟੂਡੈਂਟ ਤੇ ਅਟੈਕ ਕਰਕੇ ਉਸ ਨੂੰ ਸਖਤ

ਜ਼ਖਮੀ ਕਰ ਦਿੱਤਾ ਔਰ ਲੜਕੀ ਨੂੰ ਜ਼ਬਰਦਸਤੀ ਲੈ ਗਏ । ਉਸ ਲੜਕੀ ਨਾਲ ਚਾਰ ਗੁੰਡਿਆਂ ਨੇ ਜ਼ਬਰਦਸਤੀ ਕੀਤੀ । ਪ੍ਰੋਟੈਸੱਟ ਦੇ ਤੌਰ ਤੇ ਸਟੂਡੈਂਟਸ ਨੇ ਹੜਤਾਲ ਕਰ ਦਿੱਤੀ ਹੈ । ਡੈਂਟਲ ਨਰਸਿਜ਼ ਨੇ ਵੀ ਹੜਤਾਲ ਕਰ ਦਿੱਤੀ ਹੈ । ਉਨ੍ਹਾਂ ਦਾ ਹੜਤਾਲ ਕਰਨ ਦਾ ਮੁੱਖ ਕਾਰਨ ਇਹ ਹੈ ਕਿ ਉਨ੍ਹਾਂ ਗੁੰਡਿਆਂ ਦੇ ਖਿਲਾਫ਼ ਸਰਕਾਰ ਕੁਝ ਨਹੀਂ ਕਰ ਰਹੀ । ਸਟੂਡੈਂਟਸ ਨੂੰ ਇਹ ਡਰ ਹੈ ਕਿ ਕਿਉਂਕਿ ਉਹ ਗੁੰਡੇ ਬੜੇ ਹੀ ਅਮੀਰਜ਼ਾਦੇ ਹਨ, ਰਿੱਚ ਫ਼ੈਮੇਲੀਜ਼ ਵਿਚੋਂ ਹਨ, ਇਸ ਲਈ ਸਰਕਾਰ ਕੋਈ ਐਕਸ਼ਨ ਨਹੀਂ ਲਏਗੀ ।

ਸਪੀਕਰ ਸਾਹਿਬ, ਅਗਰ ਤੁਸੀਂ ਇਹ ਐਡਜਰਨਮੈਂਟ ਮੋਸ਼ਨ ਐਡਮਿਟ ਨਹੀਂ ਕੀਤੀ, ਤਾਂ ਮੈਂ ਬੇਨਤੀ ਕਰਾਂਗਾ ਕਿ ਸੀ. ਐਮ. ਸਾਹਿਬ, ਹਾਊਸ ਵਿਚ ਹੀ ਦੱਸ ਦੇਣ ਕਿ ਕੀ ਸਾਰੇ ਕਲਪਰਿਟ ਫੜੇ ਗਏ ਹਨ ਔਰ ਕੀ ਇਹ ਐਸ਼ੋਰੈਂਸ ਦੇਣ ਨੂੰ ਤਿਆਰ ਹਨ ਕਿ ਉਨ੍ਹਾਂ ਕਲਪਰਿਟਸ ਨਾਲ ਕੋਈ ਰਿਆਇਤ ਨਹੀਂ ਹੋਵੇਗੀ ਭਾਵੇਂ ਕਿਤਨੇ ਵੀ ਅਮੀਰਜ਼ਾਦੇ ਹੋਣ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਘਟਨਾ ਬੜੀ ਹੀ ਨਿੰਦਨੀ ਹੈ ਔਰ ਇਸ ਦੇ ਬਾਰੇ ਸਾਨੂੰ ਸਾਰਿਆਂ ਨੂੰ ਅਫ਼ਸੋਸ ਅਤੇ ਗਿਲਾ ਹੈ । ਉਹ ਚਾਰੇ ਮੁਲਜ਼ਮ ਪਕੜੇ ਗਏ ਹਨ । (ਥੰਪਿੰਗ) ਉਨ੍ਹਾਂ ਦੇ ਖਿਲਾਫ਼ ਮੁਕੱਦਮਾ ਰਜਿਸਟਰ ਹੋ ਗਿਆ ਹੈ। ਲੜਕੀ ਮਾਪਿਆਂ ਪਾਸ ਪੁਜ ਗਈ ਹੈ । ਜਿਸ ਲੜਕੇ ਨੂੰ ਜ਼ਖਮੀ ਕੀਤਾ ਸੀ ਉਸ ਦਾ ਇਲਾਜ ਪੂਰੇ ਗੌਰ ਨਾਲ ਹੋ ਰਿਹਾ ਹੈ । ਸਟੂਡੈਂਟਸ ਵਿਚ ਇਸ ਗੱਲ ਦਾ ਗੁੱਸਾ ਸੀ ਔਰ ਉਹ ਕੁਦਰਤੀ ਗੁੱਸਾ ਸੀ । ਉਹ ਮੈਨੂੰ ਕੱਲ੍ਹ ਮਿਲੇ ਸਨ । ਸਪੀਕਰ ਸਾਹਿਬ, ਉਨ੍ਹਾਂ ਸਾਰਿਆਂ ਦੀ ਔਰ ਲੜਕੀ ਦੇ ਮਾਪਿਆਂ ਦੀ ਮੰਗ ਸੀ ਕਿ ਇਹ ਮੁਕੱਦਮਾ ਬੰਦ ਕਮਰੇ ਵਿਚ ਸੁਣਿਆ ਜਾਣਾ ਚਾਹੀਦਾ ਹੈ । ਉਸ ਬਾਰੇ ਵੀ ਅਸੀਂ ਡਿਪਟੀ ਕਮਿਸ਼ਨਰ ਨੂੰ ਹਦਾਇਤ ਕਰ ਦਿੱਤੀ ਹੈ ਕਿ ਉਹ ਮੈਜਿਸਟਰੇਟ ਨੂੰ ਕਹੇ । ਉਹ ਸਲਾਹ ਹੀ ਦੇ ਸਕਦਾ ਹੈ । ਜੇਕਰ ਉਸ ਦੀ ਸਲਾਹ ਨਾ ਮੰਨੀ ਗਈ ਤਾਂ ਅਸੀਂ ਹਾਈ ਕੋਰਟ ਨੂੰ ਰਿਕੁਐਸਟ ਕਰਾਂਗੇ ਔਰ ਪੂਰੀ ਤਰ੍ਹਾਂ ਨਾਲ ਕੋਸ਼ਿਸ਼ ਕਰਾਂਗੇ ਮੁਲਜ਼ਮਾਂ ਨੂੰ ਸਜ਼ਾਵਾਂ ਮਿਲਣ । ਕੋਈ ਕਿਸੇ ਨਾਲ ਰਿਆਇਤ ਨਹੀਂ ਕੀਤੀ ਜਾਵੇਗੀ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੇਰੀ ਇਕ ਐਡਜਰਨਮੈਂਟ ਮੋਸ਼ਨ ਸੀ ਡੀਜ਼ਲ ਦੀ ਐਕਿਊਟ ਸ਼ਾਰਟੇਜ ਦੇ ਬਾਰੇ । ਜਨਾਬ ਸਰਕਾਰ ਨੇ ਕਿਹਾ ਸੀ ਕਿ ਡੀਜ਼ਲ ਦੀਆਂ ਗੱਡੀਆਂ ਤੁਰ ਪਈਆਂ ਹਨ ।

ਸ੍ਰੀ ਸਪੀਕਰ : ਉਹ ਤਾਂ ਅੱਜ ਆਈ ਹੈ 12.15 ਵਜੇ। ਹਾਊਸ ਦੀ ਸਿਟਿੰਗ ਸ਼ੁਰੂ ਹੋਣ ਤੋਂ ਦੋ ਘੰਟੇ ਪਹਿਲਾਂ ਆਉਣੀ ਚਾਹੀਦੀ ਹੈ । **(That has reached me today at 12-15 p. m. It should have reached me two hours before the sitting of the House.)**

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦੱਸ ਦਿੱਤਾ ਸੀ ।

ਸ੍ਰੀ ਸਪੀਕਰ : ਤੁਸੀਂ ਤਸ਼ਰੀਫ਼ ਰੱਖੋ ਕੱਲ ਇਸ ਨੂੰ ਕਾਲ ਅਟੈਨਸ਼ਨ ਬਣਾ ਕੇ ਐਡਮਿੱਟ ਕਰ ਲਵਾਂਗੇ । (Please resume your seat. This will be admitted tomorrow after converting it into a Call Attention Notice.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਤਾਂ ਸੁਣ ਲਓ । ਇਹ ਅੱਜ ਹੀ ਐਡਮਿੱਟ ਕਰ ਲਵੋ । ਕੱਲ ਨੂੰ ਐਡਮਿਟ ਕਰੋਗੇ ਤਾਂ ਸ਼ਾਰਟੇਜ ਤਾਂ ਅੱਜ ਹੈ। ਸਪੀਕਰ

[ਸਰਦਾਰ ਅਜਾਇਬ ਸਿੰਘ ਸੰਧੂ]

ਸਾਹਿਬ, ਡੀਜ਼ਲ ਤੋਂ ਬਿਨਾ ਹਾਹਾਕਾਰ ਮਚੀ ਹੋਈ ਹੈ । ਤੁਸੀਂ ਇਸ ਤਰ੍ਹਾਂ ਸਰਕਾਰ ਨੂੰ ਇਜਾਜ਼ਤ ਨਾ ਦਿਓ । ਇਸ ਲਈ ਮੇਰੀ ਬੇਨਤੀ ਹੈ ਕਿ ਇਸ ਨੂੰ ਅੱਜ ਹੀ ਐਡਮਿਟ ਕਰ ਲਵੋ ।

ਸ੍ਰੀ ਸਪੀਕਰ : ਤੁਸੀਂ ਤਸ਼ਰੀਫ਼ ਰੱਖੋ, ਕੱਲ ਨੂੰ ਕਰ ਲਵਾਂਗੇ । ਇਕੋ ਹੀ ਗੱਲ ਹੈ । (Please resume your seat. It will be admitted tomorrow. It makes hardly any difference.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਜਿਹੜਾ ਮੋਹਾਲੀ ਅਰਬਨ ਕੇਂਦਰ ਬਣ ਰਿਹਾ ਹੈ ਲੋਕਾਂ ਦੀਆਂ ਪਲਾਟਾਂ ਦੀਆਂ ਅਰਜ਼ੀਆਂ ਇਨ੍ਹਾਂ ਪਾਸ ਪੈਂਡਿੰਗ ਪਈਆਂ ਹਨ । ਸਪੀਕਰ ਸਾਹਿਬ, ਸਰਕਾਰ ਨੇ ਇਕ ਚਿੱਠੀ 4 ਫਰਵਰੀ ਨੂੰ ਜਾਰੀ ਕੀਤੀ ਹੈ ਜਿਸ ਵਿਚ ਕਿਹਾ ਹੈ ਕਿ ਜਿਹੜਾ ਕੁੱਲ ਪੈਸੇ ਦੇਵੇਗਾ ਉਸ ਨੂੰ ਪਲਾਟ ਦਿਆਂਗੇ । ਮਾਨਯੋਗ ਮਨਿਸਟਰ ਸਾਹਿਬ ਨੇ ਇਸ ਹਾਊਸ ਵਿਚ ਯਕੀਨ ਦਿਵਾਇਆ ਸੀ ਕਿ ਸਰਕਾਰ ਦੀ ਪਾਲਿਸੀ ਨੂੰ ਬਦਲ ਦਿੱਤਾ ਜਾਵੇਗਾ ਲੇਕਿਨ ਸਰਕਾਰ ਨੇ ਪਾਲਿਸੀ ਚੇਂਜ ਨਹੀਂ ਕੀਤੀ । ਸਪੀਕਰ ਸਾਹਿਬ ਸਰਕਾਰ ਨੂੰ ਕਹੋ ਕਿ ਉਹ ਪੁਜ਼ੀਸ਼ਨ ਵਾਜ਼ੇ ਕਰੇ ।

ਸ੍ਰੀ ਸਪੀਕਰ: ਤੁਸੀਂ ਕਾਲ ਅਟੈਨਸ਼ਨ ਦੇ ਦਿਓ, ਸਰਕਾਰ ਬਿਆਨ ਦੇ ਦੇਵੇਗੀ । (Please give notice of a Call Attention Motion. The Government will make a statement).

CALL ATTENTION NOTICES UNDER RULE 66

(ਕ੍ਰਮ ਨੰ: 118)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਜੇ.ਬੀ.ਟੀ. ਦੀਆਂ ਰਾਜ ਭਰ ਵਿਚ ਖਾਲੀ ਆਸਾਮੀਆਂ ਭਰਨ ਲਈ ਚੰਡੀਗੜ੍ਹ ਯੂਨੀਅਨ ਖੇਤਰ ਦੇ ਵਸਨੀਕਾਂ ਦੀਆਂ 1100 ਅਰਜ਼ੀਆਂ ਨੂੰ ਰੋਪੜ ਜ਼ਿਲ੍ਹੇ ਦੇ ਨਾਲ ਜੋੜ ਦਿੱਤਾ ਗਿਆ ਹੈ ਜੋ ਕਿ ਰੋਪੜ ਦੇ ਵਸਨੀਕਾਂ ਨਾਲ ਘੋਰ ਧੱਕਾ ਹੈ । ਕਿਉਂਕਿ ਇਨ੍ਹਾਂ ਨੂੰ ਰੋਪੜ ਦੇ ਕੋਟੇ ਵਿਚੋਂ ਹਿੱਸਾ ਦਿੱਤਾ ਜਾਵੇਗਾ । ਜ਼ਿਲ੍ਹਾ ਰੋਪੜ ਦੇ ਬੇਰੁਜ਼ਗਾਰ ਟੀਚਰਾਂ ਵਿਚ ਸਖਤ ਗੁੱਸੇ ਦੀ ਲਹਿਰ ਦੌੜ ਗਈ ਹੈ ਅਤੇ ਉਹ ਇਹ ਮੰਗ ਕਰ ਰਹੇ ਹਨ ਕਿ ਚੰਡੀਗੜ੍ਹ ਖੇਤਰ ਦੀਆਂ ਦਰਖ਼ਾਸਤਾਂ ਸਾਰੇ ਰਾਜ ਦੇ ਵਖੋ ਵਖਰੇ ਜ਼ਿਲ੍ਹਿਆਂ ਵਿਚ ਵੰਡ ਦਿੱਤੀਆਂ ਜਾਣ । ਮਾਮਲੇ ਦੀ ਮਹੱਤਤਾ ਨੂੰ ਦੇਖਦਿਆਂ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ ।

ਸ੍ਰੀ ਸਪੀਕਰ: ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The Minister concerned may please make a statement.)

(ਕ੍ਰਮ ਨੰ: 136)

ਕਾਮਰੇਡ ਅਰਜਨ ਸਿੰਘ ਮਸਤਾਨਾ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਮੰਡੀ ਗੋਂਦਵਾਲ, ਤਹਿਸੀਲ ਸੁਲਤਾਨਪੁਰ, ਜ਼ਿਲ੍ਹਾ ਕਪੂਰਥਲਾ ਬਿਆਸ ਬੇਟ ਵਿਚ ਆਬਾਦ ਹੋਏ ਕਈ ਸਾਲਾਂ ਤੋਂ ਵਸਦੇ ਹਰੀਜਨਾਂ ਅਤੇ ਗਰੀਬ ਕਿਸਾਨਾਂ ਨੂੰ ਉਜਾੜਨ

ਲਈ ਜੋ ਕਿ 20 ਸਾਲ ਤੋਂ ਜ਼ਮੀਨ ਪੁੱਟਕੇ ਬੈਠੇ ਹਨ, ਬਾਵਾ ਗੁਰਦਿਆਲ ਸਿੰਘ, ਐਡਵੋਕੇਟ, ਗੋਂਦਵਾਲ, ਜ਼ਿਲ੍ਹਾ ਅੰਮ੍ਰਿਤਸਰ ਨੇ 2 ਮਾਰਚ, 1974 ਨੂੰ ਸ਼ਾਮ 5.00-5.30 ਵਜੇ ਹਥਿਆਰਬੰਦ ਗੁੰਡੇ ਨਾਲ ਲੈਕੇ ਝੁਗੀਆਂ ਤੇ ਹਮਲਾ ਕੀਤਾ। ਜਿਸ ਤੇ ਇਕ ਕਿਸਾਨ ਨੂੰ ਗੋਲੀ ਲੱਗੀ ਲੋਕਾਂ ਵਿਚ ਬੜੀ ਬੇਚੈਨੀ ਹੈ। ਸਰਕਾਰ ਬਿਆਨ ਦੇਣ ਦੀ ਕਿਰਪਾ ਕਰੇ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The Minister concerned may please make a statement.)

(ਕ੍ਰਮ ਨੰ: 145)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨਾਰੀ ਵਿਚ ਪਿਛਲੇ ਕੁਝ ਦਿਨਾਂ ਤੋਂ ਪਿੰਡਾਂ ਦੇ ਜ਼ਿਮੀਂਦਾਰਾਂ ਨੇ ਹਰੀਜਨਾਂ ਦਾ ਸਮਾਜੀ ਬਾਈਕਾਟ ਤੇ ਨਾਕੇ-ਬੰਦੀ ਕੀਤੀ ਹੋਈ ਹੈ। ਹਰੀਜਨ ਲੋਕਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਤੇ ਉਨ੍ਹਾਂ ਦੀ ਜਾਨ ਤੇ ਮਾਲ ਸੁਰਖਿਅਤ ਨਹੀਂ ਹੈ। ਪਿੰਡ ਅਤੇ ਇਲਾਕੇ ਵਿਚ ਭਾਰੀ ਗੁੱਸਾ ਪਾਇਆ ਜਾਂਦਾ ਹੈ ਜੋ ਕਿ ਐਜੀਟੇਸ਼ਨ ਦਾ ਰੂਪ ਧਾਰ ਸਕਦਾ ਹੈ। ਕਿਉਂਕਿ ਮਾਮਲਾ ਫੌਰੀ ਮਹੱਤਵ ਦਾ ਹੈ ਇਸ ਲਈ ਇਸ ਬਾਰੇ ਸਰਕਾਰ ਨੂੰ ਸਦਨ ਵਿਚ ਬਿਆਨ ਦੇਣ ਲਈ ਕਿਹਾ ਜਾਵੇ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The Minister concerned may please make a statement.)

(ਕ੍ਰਮ ਨੰ: 146)

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, 5 ਮਾਰਚ, 1974 ਨੂੰ ਜਦੋਂ ਕਿ ਪੰਜ ਕਿਸਾਨ ਵੱਖ ਵੱਖ ਪਿੰਡਾਂ ਤੋਂ ਡੀਜ਼ਲ ਲੈਣ ਲਈ ਫਰੀਦਕੋਟ ਗਏ ਤਾਂ ਤੇਲ ਦੇ ਡੀਲਰਾਂ ਨੇ ਤੇਲ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਕੁਝ ਗੁੰਡਿਆਂ ਦੀ ਮਦਦ ਨਾਲ ਉਨ੍ਹਾਂ ਦੇ ਤੇਲ ਲਈ ਲਿਜਾਏ ਗਏ ਡਰੱਮ ਆਦਿ ਖੋਹ ਲਏ ਗਏ ਅਤੇ ਭੰਨ ਤੋੜ ਦਿੱਤੇ ਗਏ ਅਤੇ ਉਨ੍ਹਾਂ ਕਿਸਾਨਾਂ ਨੂੰ ਪੁਲਿਸ ਨੇ ਫੜ੍ਹਕੇ ਉਨ੍ਹਾਂ ਤੇ ਬਹੁਤ ਤਸ਼ੱਦਦ ਕੀਤਾ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਨਾਲ ਫਰੀਦਕੋਟ ਦੇ ਸਾਰੇ ਇਲਾਕੇ ਦੇ ਲੋਕ ਬਹੁਤ ਪਰੇਸ਼ਾਨ ਹਨ ਅਤੇ ਲੋਕਾਂ ਵਿਚ ਆਮ ਕਰਕੇ ਅਤੇ ਕਿਸਾਨਾਂ ਵਿਚ ਖਾਸ ਕਰਕੇ ਬਹੁਤ ਬੇਚੈਨੀ ਵਧ ਰਹੀ ਹੈ। ਸਰਕਾਰ ਇਸ ਬਾਰੇ ਬਿਆਨ ਦੇਵੇ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ, ਬਿਆਨ ਦੇਣ ਦੀ ਖੇਚਲ ਕਰਨ। (Admitted. The Minister concerned may please make a statement.)

(ਕ੍ਰਮ ਨੰ: 147)

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਹਲਕਾ ਫਰੀਦਕੋਟ ਵਿਚ ਡਰੇਨ ਦੀ ਸਫ਼ਾਈ ਨਾ

[ਸਰਦਾਰ ਗੁਰਦੇਵ ਸਿੰਘ ਬਾਦਲ]

ਹੋਣ ਦੇ ਕਾਰਨ ਸਾਉਂਣੀ ਦੀ ਫ਼ਸਲ ਤਬਾਹ ਹੋ ਗਈ ਹੈ। ਜਿਸ ਨਾਲ ਕੋਈ 34,35 ਪਿੰਡਾਂ ਦਾ ਨੁਕਸਾਨ ਹੋਇਆ ਹੈ। ਸਰਕਾਰ ਨੇ ਕੋਈ ਵੀ ਗ੍ਰਾਂਟ ਜਾਂ ਉਜੜੇ ਹੋਏ ਲੋਕਾਂ ਨੂੰ ਮਕਾਨ ਪਾਉਣ ਲਈ ਪੈਸਾ ਦਿੱਤਾ, ਨਾ ਕੋਈ ਫਸਲ ਦਾ ਮੁਆਵਜ਼ਾ ਦਿੱਤਾ। ਲੋਕ ਭੁੱਖ ਨਾਲ ਬੜੇ ਦੁਖੀ ਹਨ। ਸਰਕਾਰ ਤੁਰੰਤ ਧਿਆਨ ਦੇਕੇ ਬੇਚੈਨੀ ਨੂੰ ਤੁਰੰਤ ਰੋਕੇ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The Minister concerned may please make a statement.)

(ਕ੍ਰਮ ਨੰ: 161).

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ ਖੇਮ ਕਰਨ ਤੇ ਬਾਰਡਰ ਦੇ ਬਹੁਤੇ ਸਾਰੇ ਪਿੰਡਾਂ ਵਿਚ ਪਿਛਲੇ ਸਾਲ ਨਹਿਰੀ ਪਾਣੀ ਨਾ ਮਿਲਣ ਕਾਰਨ ਹਾੜ੍ਹੀ ਦੀ ਫਸਲ ਘਟ ਹੋਈ ਤੇ ਕਈਆਂ ਪਿੰਡਾਂ ਵਿਚ ਦਰਿਆ ਦੇ ਹੜ੍ਹਾਂ ਕਾਰਨ ਸਾਉਂਣੀ ਦੀ ਫਸਲ ਖਰਾਬ ਹੋ ਗਈ ਹੈ ਇਸ ਲਈ ਹੁਣ ਇਲਾਕੇ ਵਿਚ ਕਈਆਂ ਪਿੰਡਾਂ ਵਿਚ ਡੀਪੂ ਨਹੀਂ ਹਨ ਤੇ ਜਿਹੜੇ ਡੀਪੂ ਹਨ ਉਨ੍ਹਾਂ ਤੇ ਆਟਾ ਬੜਾ ਘਟ ਜਾ ਰਿਹਾ ਹੈ। ਸਰਕਾਰ ਬਿਆਨ ਦੇਣ ਦੀ ਕਿਰਪਾ ਕਰੇ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ, ਬਿਆਨ ਦੇਣ ਦੀ ਖੇਚਲ ਕਰਨ। (Admitted. The Minister concerned may please make a statement.)

(Serial No. 164)

Sardar Sadhu Singh: Sir, I beg to draw the attention of the Government towards a matter of urgent public importance, namely, the police has arrested students of Guru Nanak Khalsa College, Sultanpur for violating section 144 of Cr.P.C. Further college is closed and there is loss of studies of the students. It has caused a great resentment in the illaqa. I would request the Government to release the arrested students and studies be re-started by the opening of the college.

In view of urgent and obvious public importance of the matter, the Government may please be asked to make a statement in the House.

Mr. Speaker : Admitted. The Minister concerned may please make a statement.

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਦੋ ਕਾਲ ਅਟੈਨਸ਼ਨ ਨੋਟਿਸਜ਼ ਮੇਰੇ ਹੋਰ ਸੀ।

ਸ੍ਰੀ ਸਪੀਕਰ : ਤੁਸੀਂ ਉਨ੍ਹਾਂ ਬਾਰੇ ਮੇਰੇ ਚੈਂਬਰ ਵਿਚ ਆ ਕੇ ਗੱਲ ਕਰ ਲੈਣਾ ਜੀ। (Please discuss the matter with me in my Chamber.)

STATEMENTS LAID ON THE TABLE OF THE HOUSE IN REPLY TO CALL ATTENTION NOTICES

Chief Parliamentary Secretary (Sardar Gurcharan Singh Nihal-singh-wala) : Sir, I beg to lay on the Table of the House replies to Call Attention Notices Nos. 45, 52, 67, 69 and 141.

Serial No. 45

1. **Comrade Darshan Singh Canadian**
2. **Comrade Shamsher Singh Josh**

} to draw the attention of the Government towards a matter of urgent public importance, namely, that almost two years ago in its anxiety to expedite the development of the Sub-Mountaneous areas of the State the Punjab Government had formed a Sub-Mountaneous Areas Advisory Council, which was to meet from time to time to review the work of development and give its suggestion and advice on the same. In the last two years, the Council has met only once and there has been no meeting at all during the last 17 months. Due to this the developmental speed in this area has slackened. Due to this considerable resentment has been generated among the people of the Kandi and the Hill areas of the State. In view of the urgent and immediate public importance of the matter, the Government may please be asked to make a statement in the House.

Giani Zail Singh (Chief Minister) : Government had constituted the Punjab State Submontane Areas Advisory Council for the development of sub-montane areas in the State in August, 1972. The Council held its first meeting at Hoshiarpur on 23rd October, 1972, under the chairmanship of the Chief Minister. Although dates for convening its next meeting was fixed twice i.e., on 26th November, 1973 at Dinanagar and on 3rd January, 1974. at Chandigarh and notices were issued to the Hon'ble Members, these had to be postponed due to some other pressing engagements. It is, however, not correct to say that since the Council did not meet again, the speed of development in these areas has slackened.

As per decision of the Advisory Council, an Implementation Committee of officers was set up to review the progress of implementation of the schemes of various departments engaged in development activities in these areas. The Implementation Committee held two meetings on 16th January, 1973 and 29th March, 1973 and reviewed the progress regarding implementation of various schemes of development departments. The Implementation Committee also ensured implementation of two important decisions of the Council dealing with (i) definition and (ii) Approach to be adopted, in regard to the development of sub-montane areas.

Some additional areas lying on the south-west of the road running from Chandigarh to Pathankot as also certain areas lying between Lalru and Chandigarh have been included in the sub-mountane areas on the recommendation of the Officers Sub-Committee constituted to survey and identify such areas where conditions similar to those in the sub-montane areas prevailed.

A Sub Plan under the State Plan has been drawn up under which various schemes for the development of sub-montane areas of the State have been prepared by Development Departments in their Annual Plan as well as the Fifth Five Year Plan in accordance with the guide-lines issued by the Planning Department. Sums earmarked for plans and programmes in the sub-montane areas cannot be spent in other areas without approval of the State Government.

The next meeting of the Council has been fixed for 7th April at Hoshiarpur and it has been decided to hold at least three meetings of the Council in a year.

[ਰਾਜ ਦੇ ਸਬ-ਮਾਉਨਟੇਨ ਏਰੀਆਜ਼ ਦੇ ਵਿਕਾਸ ਲਈ ਸਰਕਾਰ ਨੇ ਅਗਸਤ, 1972 ਨੂੰ ਪੰਜਾਬ ਰਾਜ ਸਬ-ਮਾਉਨਟੇਨ ਏਰੀਆਜ਼ ਐਡਵਾਇਜਰੀ ਕੌਂਸਲ ਦੀ ਸਥਾਪਨਾ ਕੀਤੀ । ਇਸ ਕੌਂਸਲ ਦੀ ਪਹਿਲੀ ਮੀਟਿੰਗ ਹੁਸ਼ਿਆਰਪੁਰ ਵਿਖੇ ਮਿਤੀ 23-10-1972 ਹੈ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ । ਭਾਵੇਂ ਇਸ ਦੀ ਅਗਲੀ ਮੀਟਿੰਗ ਬੁਲਾਉਣ ਬਾਰੇ ਦੋ ਵਾਰੀ ਮਿਤੀ ਮਿਥੀ ਗਈ (ਇਸ ਦੀ ਮੀਟਿੰਗ ਦੀਨਾ ਨਗਰ ਬੁਲਾਉਣ ਬਾਰੇ ਮਿਤੀ 26-11-73 ਅਤੇ ਦੂਸਰੀ ਵਾਰ ਇਸ ਦੀ ਮੀਟਿੰਗ ਚੰਡੀਗੜ੍ਹ ਵਿਖੇ ਬੁਲਾਉਣ ਬਾਰੇ ਮਿਤੀ 3-1-74 ਮਿਥੀ ਗਈ) ਅਤੇ ਇਸ ਦੇ ਨੋਟਿਸ ਮਾਨਯੋਗ ਮੈਂਬਰਾਂ ਨੂੰ ਭੇਜ ਦਿਤੇ ਗਏ ਸਨ ਪਰੰਤੂ ਹਰ ਵਾਰੀ ਕੁਝ ਹੋਰ ਜ਼ਰੂਰੀ

[ਮੁੱਖ ਮੰਤਰੀ]
ਰੁਝੇਵਿਆਂ ਕਾਰਨ ਇਸ ਨੂੰ ਅੱਗੇ ਪਾ ਦਿੱਤਾ ਜਾਂਦਾ ਰਿਹਾ। ਇਹ ਕਹਿਣਾ ਠੀਕ ਨਹੀਂ ਕਿ ਚੂੰਕਿ ਕੌਂਸਲ ਦੀ ਮੀਟਿੰਗ ਨਹੀਂ ਹੋ ਸਕੀ ਇਸ ਲਈ ਇਨ੍ਹਾਂ ਇਲਾਕਿਆਂ ਦੇ ਵਿਕਾਸ ਦੀ ਰਫ਼ਤਾਰ ਧੀਮੀ ਪੈ ਗਈ ਹੈ।

ਐਡਵਾਇਜ਼ਰੀ ਕੌਂਸਲ ਦੇ ਫ਼ੈਸਲੇ ਅਨੁਸਾਰ ਇਨ੍ਹਾਂ ਇਲਾਕਿਆਂ ਦੇ ਵਿਕਾਸ ਸਬੰਧੀ ਵੱਖ ਵੱਖ ਵਿਭਾਗਾਂ ਦੀਆਂ ਸਕੀਮਾਂ ਦੀ ਪ੍ਰਾਪਤੀ ਦੀ ਸਮੀਖਿਆ ਕਰਨ ਲਈ ਅਫ਼ਸਰਾਂ ਦੀ ਇਕ ਇਮਪਲੀ-ਮੈਨਟੇਸ਼ਨ ਕਮੇਟੀ ਬਣਾਈ ਗਈ। ਇਸ ਕਮੇਟੀ ਨੇ 16 ਜਨਵਰੀ, 1973 ਅਤੇ 29 ਮਾਰਚ, 1973 ਨੂੰ ਦੋ ਵਾਰੀ ਮੀਟਿੰਗਾਂ ਕੀਤੀਆਂ ਅਤੇ ਵਿਕਾਸ ਵਿਭਾਗਾਂ ਦੀਆਂ ਵੱਖ ਵੱਖ ਸਕੀਮਾਂ ਦੇ ਲਾਗੂ ਕਰਨ ਸਬੰਧੀ ਪ੍ਰਗਤੀ ਤੇ ਮੁੜ ਵਿਚਾਰ ਕੀਤਾ। ਇਮਪਲੀਮੈਨਟੇਸ਼ਨ ਕਮੇਟੀ ਨੇ ਕੌਂਸਲ ਦੇ ਦੋ ਮਹੱਤਵਪੂਰਨ ਫ਼ੈਸਲਿਆਂ (1 ਪਰਿਭਾਸ਼ਾ ਅਤੇ 2. ਅਰਧ ਪਹਾੜੀ ਇਲਾਕਿਆਂ ਦੀਆਂ ਵਿਕਾਸਆਤਮਕ ਯੋਜਨਾਵਾਂ ਲਈ ਅਪਣਾਇਆ ਜਾਣ ਵਾਲਾ ਢੰਗ) ਨੂੰ ਵੀ ਯਕੀਨੀ ਤੌਰ ਤੇ ਲਾਗੂ ਕਰ ਦਿੱਤਾ।

ਕੁਝ ਵਾਧੂ ਇਲਾਕੇ ਜਿਹੜੇ ਚੰਡੀਗੜ੍ਹ ਤੋਂ ਪਠਾਨਕੋਟ ਨੂੰ ਜਾਣ ਵਾਲੀ ਸੜਕ ਦੇ ਦੱਖਣ-ਪੱਛਮ ਵਲ ਪੈਂਦੇ ਹਨ ਅਤੇ ਪੰਜਾਬ ਦੇ ਕੁਝ ਉਹ ਇਲਾਕੇ ਜਿਹੜੇ ਲਾਲੜੂ ਅਤੇ ਚੰਡੀਗੜ੍ਹ ਦੇ ਵਿਚਕਾਰ ਪੈਂਦੇ ਹਨ, ਨੂੰ ਅਫ਼ਸਰਾਂ ਦੀ ਇਕ ਸਬ-ਕਮੇਟੀ ਜਿਹੜੀ ਇਨ੍ਹਾਂ ਇਲਾਕਿਆਂ ਦਾ ਸਰਵੇਖਣ ਕਰਨ ਅਤੇ ਅਜਿਹੇ ਇਲਾਕਿਆਂ ਦੀ ਸ਼ਨਾਖ਼ਤ ਕਰਨ ਜਿਥੋਂ ਸਬ-ਮਾਊਟੇਨ ਏਰੀਆਜ਼ ਵਰਗੇ ਹਾਲਾਤ ਪਾਏ ਜਾਂਦੇ ਹਨ, ਬਾਰੇ ਬਣਾਈ ਗਈ ਸੀ, ਦੀ ਸਿਫ਼ਾਰਸ਼ ਅਨੁਸਾਰ ਰਾਜ ਦੇ ਸਬ-ਮਾਊਂਟੇਨੱਸ ਏਰੀ-ਆਜ਼ ਵਿਚ ਸ਼ਾਮਲ ਕਰ ਲਿਆ ਗਿਆ ਹੈ।

ਰਾਜ ਪਲਾਨ ਅਧੀਨ ਇਕ ਸਬ-ਪਲਾਨ ਬਣਾਈ ਗਈ ਹੈ ਜਿਸ ਵਿਚ ਯੋਜਨਾ ਵਿਭਾਗ ਵਲੋਂ ਜਾਰੀ ਕੀਤੀਆਂ ਗਾਈਡ-ਲਾਈਨਜ਼ ਅਨੁਸਾਰ ਰਾਜ ਦੇ ਸਬ-ਮਾਊਨਟੇਨ ਏਰੀਆਜ਼ ਦੇ ਵਿਕਾਸ ਲਈ ਵਿਕਾਸ ਵਿਭਾਗਾਂ ਨੇ ਵੱਖ ਵੱਖ ਸਕੀਮਾਂ ਤਿਆਰ ਕਰਕੇ ਆਪਣੇ ਸਲਾਨਾ ਪਲਾਨ ਅਤੇ ਪੰਜਵੇਂ ਪੰਜ ਸਾਲਾ ਪਲਾਨ ਵਿਚ ਸ਼ਾਮਲ ਕਰ ਲਿਆ ਗਿਆ ਹੈ।

ਸਬ-ਮਾਊਨਟੇਨਸ ਏਰੀਆਜ਼ ਸਬੰਧੀ ਯੋਜਨਾਵਾਂ ਅਤੇ ਪ੍ਰੋਗਰਾਮਾਂ ਲਈ ਰੱਖੀਆਂ ਗਈਆਂ ਰਕਮਾਂ ਨੂੰ ਰਾਜ ਸਰਕਾਰ ਦੀ ਮਨਜ਼ੂਰੀ ਬਗੈਰ ਦੂਸਰੇ ਇਲਾਕਿਆਂ ਵਾਸਤੇ ਖ਼ਰਚ ਨਹੀਂ ਕੀਤਾ ਜਾ ਸਕਦਾ।

ਕੌਂਸਲ ਦੀ ਅਗਲੀ ਮੀਟਿੰਗ ਹੁਸ਼ਿਆਰਪੁਰ ਵਿਖੇ 7 ਅਪ੍ਰੈਲ, 1974 ਨੂੰ ਮਿੱਥੀ ਗਈ ਹੈ ਅਤੇ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਸਾਲ ਵਿਚ ਕੌਂਸਲ ਦੀਆਂ ਘੱਟੋ ਘੱਟ ਤਿੰਨ ਮੀਟਿੰਗਾਂ ਹੋਇਆ ਕਰਨਗੀਆਂ।]

(ਕ੍ਰਮ ਨੰ : 52)

ਮਾਸਟਰ ਦਲੀਪ ਚੰਦ: ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੀ, ਅਰਥਾਤ, ਬਲਾਚੌਰ ਤੋਂ ਨੂਰ ਪੁਰ ਬੇਦੀ ਲਗ ਭਗ 60-70 ਸਾਲ ਤੋਂ ਬੱਸਾਂ ਚਲਦੀਆਂ ਸਨ। ਹੁਣ ਇਹ ਬੱਸਾਂ ਬੰਦ ਕਰ ਦਿਤੀਆਂ ਗਈਆਂ ਹਨ। ਕਿਉਂਕਿ ਇਸ ਸੜਕ ਦਾ 3 ਮੀਲ ਦਾ ਟੋਟਾ ਮਾਮੂਲੀ ਖਰਾਬ ਹੋ ਗਿਆ ਹੈ। ਇਸ ਸੜਕ ਤੇ ਲੋਕਾਂ ਦੀ ਆਵਾਜਾਈ ਨਵਾਂ ਸ਼ਹਿਰ ਤੋਂ ਬਰਾਸਤਾ ਨੂਰ ਪੁਰ ਬੇਦੀ ਅਨੰਦਪੁਰ ਸਾਹਿਬ ਨੂੰ ਬਹੁਤ ਰਹਿੰਦੀ ਹੈ। ਹੁਣ ਜਦੋਂ ਕਿ ਹੋਲੇ ਦਾ ਮੇਲਾ ਨੇੜੇ ਆ ਰਿਹਾ ਹੈ ਲੋਕਾਂ ਵਿਚ ਬਹੁਤ ਬੇਚੈਨੀ ਹੈ ਕਿ ਸਰਕਾਰ ਨੇ ਅਜੇ ਤਕ ਬੱਸਾਂ ਨਹੀਂ

ਚਲਾਈਆਂ । ਇਸ ਰਸਤੇ ਘੱਟ ਤੋਂ ਘੱਟ ਇਕ ਲੱਖ ਲੋਕਾਂ ਨੇ ਹੋਲੇ ਦੇ ਮੇਲੇ ਤੇ ਆਨੰਦਪੁਰ ਸਾਹਿਬ ਜਾਣਾ ਹੈ । ਸਰਕਾਰ ਇਸ ਸਬੰਧ ਵਿਚ ਸਦਨ ਵਿੱਚ ਬਿਆਨ ਦੇਣ ਦੀ ਕਿਰਪਾ ਕਰੇ ।

ਸ੍ਰੀ ਦਿਲਬਾਗ ਸਿੰਘ ਡਾਲੇਕੇ (ਰਾਜ ਮੰਤਰੀ ਸ਼ਹਿਰੀ ਹਵਾਬਾਜ਼ੀ) : ਬਲਾਚੌਰ-ਨੂਰ ਪੁਰ ਬੇਦੀ ਦੇ ਰੂਟ ਤੇ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਨੂੰ ਕੌਮੀਕਰਨ ਸਕੀਮ ਅਧੀਨ ਬੱਸ ਚਲਾਉਣ ਵਾਸਤੇ ਪਰਮਿਟ ਦਿਤੇ ਸਨ। ਜਰਨਲ ਮਨੇਜਰ ਪੰਜਾਬ ਰੋਡਵੇਜ, ਹੁਸ਼ਿਆਰਪੁਰ ਨੇ ਇਕ ਬੱਸ, ਜਿਸ ਵਿਚ ਟ੍ਰੈਫਿਕ ਮਨੇਜਰ ਅਤੇ ਹੋਰ ਅਮਲੇ ਤੋਂ ਇਲਾਵਾ ਭੱਦੀ ਪਿੰਡ ਦੇ ਸਰਪੰਚ ਅਤੇ ਸ੍ਰੀ ਸੁਭਾਸ਼ ਚੰਦਰ ਜੋਸੀਆ, ਪ੍ਰੈਸ ਨਾਮਾਨਿਗਾਰ ਵੀ ਸਨ, ਸਰਵੇ ਕਰਨ ਵਾਸਤੇ ਚਲਾਈ, ਇਹ ਬੱਸ ਬਲਾਚੌਰ ਤੋਂ 1 ਕਿਲੋ ਮੀਟਰ ਬੜੀ ਮੁਸ਼ਕਲ ਨਾਲ ਜਾ ਸਕੀ, ਕਿਉਂਕਿ ਸੜਕ ਪਥਰੀਲੀ ਅਤੇ ਬਿਲਕੁਲ ਖਰਾਬ ਸੀ। ਇਹ ਸਾਰੇ ਲੋਕ ਉਥੇ ਪੈਦਲ ਕੋਈ 4 ਕਿਲੋ ਮੀਟਰ ਕਾਟਾ ਸਭੌਰ ਤਕ ਸਰਵੇ ਕਰਨ ਵਾਸਤੇ ਗਏ। ਉਨ੍ਹਾਂ ਦੀ ਰਿਪੋਰਟ ਅਨੁਸਾਰ ਭੱਦੀ ਤੋਂ ਕਾਟਾ ਸਭੌਰ ਤਕ ਸੜਕ ਬੱਸ ਚੱਲਣ ਯੋਗ ਨਹੀਂ ਹੈ, ਕਿਉਂਕਿ ਇਸ ਤੇ ਕਈ ਬਰਸਾਤੀ ਨਾਲੇ ਹਨ । ਇਸ ਵੇਲੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਨੰਗਲ ਤੋਂ ਕਾਟਾ ਸਭੌਰ ਅਤੇ ਬਲਾਚੌਰ ਤੋਂ ਭੱਦੀ ਤਕ ਚਲਦੀਆਂ ਹਨ, ਪਰ ਕਾਟਾ ਸਭੌਰ ਤੋਂ ਭੱਦੀ ਤਕ ਉਹ ਨਹੀਂ ਚਲ ਸਕਦੀਆਂ ਕਿਉਂਕਿ ਇਹ ਇਲਾਕਾ ਰੇਤਲਾ ਤੇ ਖੱਡਾਂ ਵਾਲਾ ਹੈ । ਕਾਟਾ ਸਭੌਰ ਤੋਂ ਬੱਸਾਂ ਨੂਰਪੁਰ ਬੇਦੀ ਤਕ ਆਮ ਚਲਦੀਆਂ ਹਨ ਅਤੇ ਲੋਕਾਂ ਨੂੰ ਆਵਾਜਾਈ ਵਿਚ ਕੋਈ ਔਖ ਨਹੀਂ ਹੈ । ਇਸ ਪੂਰੇ ਰੂਟ ਤੇ, ਜੋ ਬਲਾਚੌਰ ਤੋਂ ਨੂਰਪੁਰ ਬੇਦੀ ਦਾ ਹੈ, ਕਈ ਵਾਰ ਬੱਸਾਂ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਸਫ਼ਲਤਾ ਪ੍ਰਾਪਤ ਨਹੀਂ ਹੋਈ । ਇਸ ਕੱਚੇ ਟੋਟੇ ਤੇ ਸੜਕ ਪੱਕੀ ਕਰਨ ਵਾਸਤੇ ਲੋਕ ਨਿਰਮਾਣ ਵਿਭਾਗ ਨੂੰ ਬੇਨਤੀ ਕੀਤੀ ਗਈ ਹੈ ਅਤੇ ਸੜਕ ਬਨਣ ਉਪਰੰਤ ਬੱਸਾਂ ਚਲਾਈਆਂ ਜਾਣਗੀਆਂ ।

Comrade Raj Kumar: to draw the attention of the Government towards a matter of urgent public importance, namely, agonising situation prevailing among cultivators of sugarcane in Batala Sugar Mill area due to failure of Sugar Mill Management to lift bonded quantity of sugar-cane, over 25 lac quintals of sugar cane is still standing in fields which the management is not lifting, Cane has already started drying resulting in huge loss to farmers.

There is acute resentment among cane-growers of large parts of Gurdaspur District over the lifting system followed by Management.

In view of the obvious importance of the matter, the Government may please be asked to make a statement in the House.

Master Gurbanta Singh (Agriculture and Forest Minister): The total area under sugarcane in Batala Sugar Mill area, this year was, 5700 hectares. The total estimated production of cane is about 28 lac quintals at the average of 500 quintals per hectare. The Sugar Mills, Batala will be able to crush about 15-16 lac quintals. So far it has crushed about 11 lac quintals. It is expected that they will be able to crush the remaining 4-5 lac upto 30th April, 1974. There will be a surplus of 7 lac quintals only, out of which about 3.2 lac quintals is being diverted to Bhogpur Sugar Mill which will start purchasing the cane from Batala Zone with effect from the 15th March, 1974, onward, after fixing weighbridges. The cane crop which was severely damaged by frost will not be purchased by the Sugar Mills due to poor yield of sugar therefrom, so the growers have been allowed to crush this cane themselves for Gur making, etc., apart from 25 percent which is permissible to them to crush for their domestic needs while 10 per cent (2.8 lac quintals) will be used as seed by the cane-growers. The actual position of production and disposal of cane is indicated in the table below:—

Total area under Sugarcane in the 10 miles radius of the Batala Sugar Mills (Reserved area)	5,700 hectares.

[Agriculture and Forest Minister]

Estimated production of cane at 500 quintals per hectare	28 lac quintals
Seed requirements (10 per cent) ..	2.8 lac quintals.
Permissible quantity of Cane to be crushed for domestic need by the growers (25 per cent)	7 lac quintals
Qunantity of cane crushed by the Sugar Mills so far ..	11 lac quintals
Quantity of cane that will be crushed up to 30th April by the Sugar Mills	4 lac quintals
Quantity of cane diverted to the Bhogpur Sugar Mills	3.2 lac quintals

2. There is no real cause for resentment amongst the cane growers over the lifting system being followed by the Mill Management. Every grower is simply anxious to clear his cane first and by all means before the end of March which is against the interest of the Sugar Mills. However, all efforts are being made by Government to utilise the total production of cane in the Reserved Area by the 30th April. 1974.

Serial No. 69

Shri Vishwa Mittar Sekhri: to draw the attention of the Government towards a matter of urgent public importance, namely, the pillars of a 78 feet high water tank in Batala collapsed on 22nd February, 1974 with the result that two persons were killed as a result of this mishap. The design of this Tank is understood to have been prepared by some untrained person though it was finally approved by the P.W.D. (P.H.). Since the design and the material used seem to be defective, it resulted in the collapse of the pillars of the tank, which has resulted in the death of two persons. This is, therefore, a fit matter on which the Government should made a statement.

Sardar Sohan Singh Jalalusman (Minister of Public Health) : The design of the water tank which collapsed at Batala on 22nd February, 1974, was based on the designs accepted in the case of similar reservoirs and it was approved by the Executive Engineer, Public Health Division, Gurdaspur. The accident occurred not due to the faulty design but because of natural clamity as the structure was engulfed by a powerful hurricane type whirl-wind which lasted about a couple of minutes. If it were a faulty design then the structure would have collapsed. But contrary to that the columns of the reservoir were twisted and spun in the whirl-wind. The foundation is intact. The whirl-wind was so severe that it did extensive damage to electric poles, trees and boundary wall in the neighbourhood of the reservoir. One iron gate of M/s Guru Ram Dass Rice Mills, the size of which was 12'X6' was pulled out of the hinges, lifted over the nearby Poultry Farm and thrown away at a distance of about 500 feet.

Government will suffer no loss on account of this accident as the Contractor, who is constructing this reservoir is responsible for these damages under the terms and conditions of the contract. Compensation to the injured and relatives of the deceased persons will also be paid by him.

[ਪਾਣੀ ਦੀ ਟੈਂਕੀ, ਜਿਹੜੀ ਮਿਤੀ 22 ਫਰਵਰੀ, 1974 ਨੂੰ ਬਟਾਲੇ ਵਿਚ ਡਿਗ ਪਈ ਸੀ, ਦਾ ਡਿਜ਼ਾਈਨ ਅਜਿਹੀਆਂ ਟੈਂਕੀਆਂ ਦੇ ਪਹਿਲਾਂ ਪ੍ਰਵਾਨਤ ਡਿਜ਼ਾਈਨਾਂ ਤੇ ਅਧਾਰਤ ਸੀ ਅਤੇ ਇਸ ਨੂੰ ਕਾਰਜ ਕਾਰੀ ਇੰਜੀਨੀਅਰ, ਜਨ ਸਿਹਤ ਮੰਡਲ, ਗੁਰਦਾਸਪੁਰ ਨੇ ਪ੍ਰਵਾਨ ਕੀਤਾ ਸੀ। ਇਹ ਦੁਰਘਟਨਾ ਟੈਂਕੀ ਦੇ ਡਿਜ਼ਾਈਨ ਠੀਕ ਨਾ ਹੋਣ ਦੇ ਕਾਰਨ ਨਹੀਂ ਸੀ ਹੋਈ ਸਗੋਂ ਖੁਦਾਈ ਕਹਿਰ ਦਾ ਨਤੀਜਾ ਸੀ ਕਿਉਂਕਿ ਟੈਂਕੀ ਦੇ ਢਾਂਚੇ ਨੂੰ ਤੁਫਾਨ ਵਰਗੇ ਵਾ ਵਰੋਲੇ ਨੇ, ਜਿਹੜਾ ਕੁਝ ਮਿੰਟ ਰਿਹਾ ਸੀ, ਆਪਣੀ ਲਪੇਟ ਵਿਚ ਲੈ ਲਿਆ ਸੀ। ਜੇਕਰ ਟੈਂਕੀ ਦਾ ਡਿਜ਼ਾਈਨ ਠੀਕ ਨਾ ਹੁੰਦਾ ਤਾਂ ਸਾਰਾ ਢਾਂਚਾ ਢਹਿ ਪੈਂਦਾ ਪਰ ਇਸ ਦੇ ਉਲਟ ਟੈਂਕੀ ਦੇ ਥੰਮੇ ਵਾਵਰੋਲੇ ਦੁਆਰਾ ਮਰੋੜ ਦਿਤੇ ਗਏ ਸਨ ਪਰ ਬੁਨਿਆਦ ਨੂੰ ਕੋਈ ਨੁਕਸਾਨ ਨਹੀਂ ਪੁਜਾ। ਇਹ ਵਾ ਵਰੋਲਾ ਇਨ੍ਹਾਂ ਜ਼ਬਰਦਸਤ ਸੀ ਕਿ ਉਸ ਨੇ

ਟੈਂਕੀ ਦੇ ਆਸ ਪਾਸ ਬਿਜਲੀ ਦੇ ਖੰਬਿਆਂ, ਦਰਖਤਾਂ ਅਤੇ ਬਾਊਂਡਰੀ ਵਾਲ ਨੂੰ ਵੀ ਗੰਭੀਰ ਨੁਕਸਾਨ ਪਹੁੰਚਾਇਆ ਹੈ । ਇਥੋਂ ਤਕ ਕਿ ਗੁਰੂ ਰਾਮ ਦਾਸ ਰਾਈਸ ਮਿਲ ਦੇ ਲੋਹੇ ਦੇ ਗੇਟ, ਜਿਸ ਦਾ ਸਾਈਜ਼ 12 ਫੁਟ × 6 ਫੁਟ ਸੀ, ਕਬਜ਼ਿਆਂ ਸਮੇਤ ਉਖਾੜ ਕੇ ਨਾਲ ਲਗਦੇ ਮੁਰਗੀ ਫਾਰਮ ਉਤੋਂ ਦੀ ਉਡਾ ਕੇ 500 ਫੁਟ ਦੀ ਦੂਰੀ ਤੇ ਸੁੱਟ ਦਿੱਤਾ ਸੀ।

ਇਸ ਦੁਰਘਟਨਾ ਦੇ ਕਾਰਨ ਸਰਕਾਰ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਕਿਉਂਕਿ ਠੇਕੇ ਦੀਆਂ ਸ਼ਰਤਾਂ ਅਨੁਸਾਰ ਸਬੰਧਤ ਠੇਕੇਦਾਰ ਇਸ ਨੁਕਸਾਨ ਦਾ ਜ਼ੁਮੇਵਾਰ ਹੈ। ਹਾਦਸੇ ਵਿਚ ਜ਼ਖਮੀ ਹੋਣ ਵਾਲਿਆਂ ਅਤੇ ਮਰਨ ਵਾਲਿਆਂ ਦੇ ਰਿਸ਼ਤੇਦਾਰਾਂ ਨੂੰ ਮੁਆਵਜ਼ਾ ਵੀ ਠੇਕੇਦਾਰ ਨੇ ਹੀ ਦੇਣਾ ਹੈ।]

(Serial No. 141)

Sardar Ajaib Singh Sandhu: to draw the attention of the Government towards a matter of urgent public importance, namely an attempt to shoot Mr. Roop Lal Sathi, Ex-M, L. A. of Moga on 3. 3. 1974 at 11.00 P. M. by certain goondas No action has been taken against the culprits. The life of Shri Sathi is in danger.

This incident has caused great resentment in the illaqa. The matter is obviously of great public importance. The Government may be asked to make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ): ਇਸ ਧਿਆਨ ਦਵਾਊ ਮਤੇ ਦਾ ਸਬੰਧ ਮੁਕਦਮਾਂ ਐਫ. ਆਈ. ਆਰ. ਨੰ: 34 ਮਿਤੀ 3 ਮਾਰਚ, 1974 ਅਧੀਨ ਧਾਰਾ 307/34 ਭ: ਦ: ਥਾਨਾ ਸਿਟੀ ਮੋਗਾ, ਜ਼ਿਲ੍ਹਾ ਫਰੀਦਕੋਟ ਨਾਲ ਹੈ । ਇਹ ਮੁਕਦਮਾ ਸ਼੍ਰੀ ਰੂਪ ਲਾਲ ਸਾਥੀ, ਸਾਬਕਾ ਐਮ. ਐਲ. ਏ., ਮੋਗਾ ਵਲੋਂ ਥਾਨਾ ਸਿਟੀ ਮੋਗਾ ਵਿਚ ਇਹ ਇਤਲਾਹ ਦੇਣ ਉਤੇ ਦਰਜ ਕੀਤਾ ਗਿਆ ਕਿ ਮਿਤੀ 2 ਮਾਰਚ, 1974 ਦੀ ਰਾਤ ਨੂੰ ਜਦੋਂ ਉਹ ਆਪਣੇ ਸਾਥੀ ਸਤੀਸ਼ ਚੰਦਰ ਸਮੇਤ ਟਾਊਣ ਹਾਲ, ਮੋਗਾ ਵਿਖੇ ਕਲੱਬ ਤੋਂ ਆਪਣੇ ਘਰ ਨੂੰ ਵਾਪਸ ਜਾ ਰਹੇ ਸਨ ਤਾਂ ਦੋ ਅਣ ਪਛਾਤੇ ਮੁਲਾਜ਼ਮਾਂ ਨੇ, ਜਿਨ੍ਹਾਂ ਦੇ ਮੂੰਹ ਵਲੇਟੇ ਹੋਏ ਸਨ, ਉਨ੍ਹਾਂ ਤੇ ਫਾਇਰ ਕੀਤਾ ਪਰ ਗੋਲੀ ਉਨ੍ਹਾਂ ਨੂੰ ਨਾ ਲਗੀ । ਇਹ ਮੁਕਦਮਾ ਪਹਿਲਾਂ ਧਾਰਾ 336/506/34 ਭ: ਦ: ਵਿਚ ਦਰਜ ਕੀਤਾ ਗਿਆ ਪਰ ਮੌਕਾ ਤੇ ਪੜਤਾਲ ਮਗਰੋਂ ਇਸ ਨੂੰ ਧਾਰਾ 307/34 ਭ: ਦ: ਵਿਚ ਬਦਲਿਆ ਗਿਆ ।

ਤਫ਼ਤੀਸ਼ ਦੇ ਦੌਰਾਨ ਤਫ਼ਤੀਸ਼ੀ ਅਫਸਰ ਨੇ ਘਟਨਾ ਵਾਲੀ ਥਾਂ ਦਾ ਨਿਰੀਖਣ ਕੀਤਾ ਅਤੇ ਉਥੇ ਦੋ ਪੈੜਾਂ ਦੇ ਮੋਲਡ ਉਠਾਏ । ਮਿਤੀ 4 ਮਾਰਚ, 1974 ਨੂੰ ਸ਼੍ਰੀ ਰੂਪ ਲਾਲ ਸਾਥੀ ਨੇ ਪੁਲਿਸ ਨੂੰ ਦਸਿਆ ਕਿ ਉਨ੍ਹਾਂ ਨੂੰ ਧੰਨਾ, ਭਿੰਨਾ ਅਤੇ ਨੰਨਾ ਵਸਨੀਕ ਮੋਗਾ ਤੇ ਇਸ ਘਟਨਾ ਵਿਚ ਹੱਥ ਹੋਣ ਬਾਰੇ ਸ਼ੱਕ ਸੀ । ਪੁਲਿਸ ਨੇ ਇਨ੍ਹਾਂ ਦੇ ਘਰਾਂ ਤੇ ਛਾਪੇ ਮਾਰੇ ਪਰ ਉਹ ਉਥੇ ਨਹੀਂ ਮਿਲੇ। ਉਨ੍ਹਾਂ ਨੂੰ ਸ਼ਾਮਲ ਤਫ਼ਤੀਸ਼ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਸ ਤੋਂ ਇਲਾਵਾ ਕੁਝ ਹੋਰ ਵਿਅਕਤੀਆਂ ਤੋਂ, ਘਟਨਾ ਦੀ ਥਾਂ ਦੇ ਨੇੜੇ ਰਹਿਣ ਵਾਲਿਆਂ ਤੋਂ ਅਤੇ ਦੁਕਾਨਦਾਰਾਂ ਤੋਂ ਵੀ ਪੁਛ ਗਿੱਛ ਕੀਤੀ ਹੈ ਪ੍ਰੰਤੂ ਦੋਸ਼ੀਆਂ ਦੀ ਸੂਹ ਨਹੀਂ ਮਿਲੀ। ਮੁਕਦਮੇਂ ਦੀ ਤਫ਼ਤੀਸ਼ ਗਹੁ ਨਾਲ ਕੀਤੀ ਜਾ ਰਹੀ ਹੈ ਅਤੇ ਐਡੀਸ਼ਨਲ ਸੁਪਰਡੈਂਟ ਪੁਲਿਸ ਫ਼ਰੀਦਕੋਟ ਨੂੰ ਇਸ ਤਫ਼ਤੀਸ਼ ਦੀ ਨਿਜੀ ਤੌਰ ਤੇ ਨਿਗਰਾਨੀ ਕਰਨ ਦਾ ਆਦੇਸ਼ ਦਿੱਤਾ ਗਿਆ ਹੈ । ਇਲਾਕੇ ਵਿਚ ਕੋਈ ਦਹਿਸ਼ਤ ਨਹੀਂ ।

QUESTIONS ON STATEMENTS MADE IN REPLY TO CALL ATTENTION NOTICES

ਸ਼੍ਰੀ ਸਪੀਕਰ: ਹਾਂ ਜੀ, ਡਾਂਗ ਸਾਹਿਬ, ਤੁਸੀਂ ਕੋਈ ਸਵਾਲ ਕਰਨਾ ਹੈ (*Addressing Comrade Satya Pal Dang*: Would you like to put some question?)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਦੋ ਬੇਨਤੀਆਂ ਕਰਨੀਆਂ ਹਨ । ਪਹਿਲੀ ਬੇਨਤੀ ਤਾਂ ਇਹ ਹੈ ਕਿ ਪਿਛੇ ਤਿੰਨ ਛੁੱਟੀਆਂ ਆ ਗਈਆਂ ਸਨ । ਇਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਇਨ੍ਹਾਂ ਦਿਨਾਂ ਵਿਚ ਅਹਿਮ ਘੱਟਨਾ ਵਾਪਰ ਜਾਵੇ ਅਤੇ ਉਸ ਬਾਰੇ ਕਾਲ ਅਟੈਨਸ਼ਨ ਮੋਸ਼ਨ ਦੇਣੀ ਹੋਵੇ ਤਾਂ ਮੇਰਾ ਖਿਆਲ ਹੈ ਕਿ ਅਸੈਂਬਲੀ ਦੇ ਦਫ਼ਤਰ ਵਿਚ ਉਸ ਨੂੰ ਰਿਸੀਵ ਕਰਨ ਦਾ ਕੋਈ ਅਰੇਂਜਮੈਂਟ ਨਹੀਂ ਹੈ । ਅਸੈਂਬਲੀ ਦੇ ਸੈਸ਼ਨ ਦੇ ਦੌਰਾਨ, ਛੁਟੀਆਂ ਵਿਚ ਨੋਟਿਸ ਆਫ਼ਿਸ ਵਿਚ ਇਸ ਤਰ੍ਹਾਂ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ । ਦੂਜੀ ਗੱਲ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੈਂਬਲੀ ਦਾ ਸੈਸ਼ਨ 15 ਤਾਰੀਖ਼ ਨੂੰ ਮੁਕ ਜਾਣਾ ਹੈ । ਅਸੈਂਬਲੀ ਦੀਆਂ ਬੜੀਆਂ ਕਮੇਟੀਆਂ ਬਣਾਈਆਂ ਹੋਈਆਂ ਹਨ, ਰਿਪੋਰਟ ਸਿਰਫ਼ ਪਬਲਿਕ ਅੰਡਰਟੇਕਿੰਗਜ਼ ਕਮੇਟੀ ਦੀ ਆਈ ਹੈ, ਬਾਕੀ ਕਮੇਟੀਆਂ ਦੀਆਂ ਰਿਪੋਰਟਾਂ ਨਹੀਂ ਆਈਆਂ, ਇਸ ਬਾਰੇ ਵੀ ਕੁਝ ਕਰਨਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਇਸ ਬਾਰੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਫਿਰ ਸੋਚ ਲਵਾਂਗੇ। (This matter will again be discussed in the meeting of the Business Advisory Committee.)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ, ਉਸ ਦਾ ਨੰਬਰ ਸੀ 27 ਅਤੇ ਉਹ ਸੀ ਕਲਾਸ ਵਨ ਅਤੇ ਕਲਾਸ ਟੂ ਵਿਚ ਰਿਜ਼ਰਵੇਸ਼ਨ ਅਤੇ ਪਰਮੋਸ਼ਨ ਬਾਰੇ ਅਤੇ ਮੈਨੂੰ ਉਸ ਦਾ ਜਵਾਬ 7 ਤਰੀਕ ਨੂੰ ਮਿਲਿਆ । ਉਸ ਦਿਨ ਚੀਫ਼ ਮਨਿਸਟਰ ਸਾਹਿਬ ਨੇ ਇਕ ਬੜਾ ਮਹੱਤਵ ਪੂਰਨ ਬਿਆਨ ਦੇਣ ਦੀ ਕ੍ਰਿਪਾਲਤਾ ਕੀਤੀ । ਇਸ ਕਾਲ ਅਟੈਨਸ਼ਨ ਮੋਸ਼ਨ ਦਾ ਜੋ ਚੀਫ਼ ਮਨਿਸਟਰ ਸਾਹਿਬ ਨੇ ਮਹੱਤਵ ਪੂਰਨ ਬਿਆਨ ਦਿੱਤਾ, ਉਸ ਤੋਂ ਬਾਅਦ ਪ੍ਰਸ਼ਨ ਇਹ ਪੈਦਾ ਹੋਇਆ ਹੈ, ਉਹ ਇਹ ਹੈ ਕਿ ਸਰਕਾਰ ਉਨ੍ਹਾਂ ਮੁਰਾਇਆਤ, ਜਿਨ੍ਹਾਂ ਦਾ ਕਿ ਚੀਫ਼ ਮਨਿਸਟਰ ਸਾਹਿਬ ਨੇ ਐਲਾਨ ਕੀਤਾ, ਉਸ ਨੂੰ ਨੋਟੀਫ਼ਿਕੇਸ਼ਨ ਦੇ ਰੂਪ ਵਿਚ ਗਜ਼ਟ ਵਿਚ ਛਪਵਾਇਆ ਜਾਵੇਗਾ, ਪਰ ਜਿਹੜਾ ਦੂਜਾ ਹਿੱਸਾ ਹੈ, ਉਹ ਇਹ ਹੈ ਕਿ ਜਿਹੜੀਆਂ ਆਟੋਨੋਮਸ ਬੋਡੀਜ਼ ਯਾਨੀ ਬੋਰਡਜ਼ ਕਾਰ-ਪੋਰੇਸ਼ਨ ਵਗੈਰਾ ਹਨ, ਉਨ੍ਹਾਂ ਬਾਰੇ ਗੱਲ ਇਹ ਹੈ ਕਿ ਜਦੋਂ ਤਕ ਉਨ੍ਹਾਂ ਦੇ ਐਕਟਾਂ ਵਿਚ ਅਮੈਂਡਮੈਂਟ ਨਹੀਂ ਹੁੰਦੀ, ਚੀਫ਼ ਮਨਿਸਟਰ ਸਾਹਿਬ ਦਾ ਐਲਾਨ ਇੰਪਲੀਮੈਂਟ ਨਹੀਂ ਹੋ ਸਕਦਾ । ਇਸ ਕਰਕੇ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਅਨੈਕਟਮੈਂਟ ਦੀ ਲੋੜ ਹੈ, ਉਸ ਬਾਰੇ ਕੀ ਸਰਕਾਰ ਇਸੇ ਸੈਸ਼ਨ ਵਿਚ ਅਮੈਂਡਮੈਂਟ ਲਿਆਵੇਗੀ ?

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਆਚਾਰਿਆ ਸਾਹਿਬ ਨੂੰ ਇਹ ਭਲਾ ਚੰਗਾ ਪਤਾ ਹੈ ਕਿ ਹਾਊਸ ਵਿਚ ਜਿਹੜੀ ਅਨਾਊਂਸਮੈਂਟ ਕੀਤੀ ਗਈ ਹੈ, ਉਸ ਦੀ ਇਪਲੀਮੈਂਟੇਸ਼ਨ ਬਾਰੇ ਮੈਂ ਕਿਹਾ ਸੀ ਕਿ ਉਸ ਬਾਰੇ ਮੁਨਾਸਿਬ ਕਦਮ ਜਲਦੀ ਹੀ ਚੁਕੇ ਜਾਣਗੇ । ਜਿਹੜੀ ਗੱਲ ਨੋਟੀਫ਼ਿਕੇਸ਼ਨ ਨਾਲ ਹੋਵੇਗੀ, ਉਹ ਨੋਟੀਫ਼ਿਕੇਸ਼ਨ ਨਾਲ ਕਰ ਦਿੱਤੀ ਜਾਵੇਗੀ ਅਤੇ ਜਿਥੇ ਕਿਤੇ ਅਨੈਕਟਮੈਂਟ ਦੀ ਅਮੈਂਡਮੈਂਟ ਦੀ ਲੋੜ ਹੈ, ਉਸ ਬਾਰੇ ਅਮੈਂਡਮੈਂਟ ਲਿਆਂਵਾਂਗੇ । ਜੇ ਇਹ ਅਸੀਂ ਹਾਊਸ ਵਿਚ ਨਹੀਂ ਲਿਆ ਸਕਾਂਗੇ ਤਾਂ ਬਾਈ ਆਰਡੀਨੈਂਸ ਜਾਰੀ ਕਰ ਦੇਵਾਂਗੇ । ਆਚਾਰਿਆ ਸਾਹਿਬ ਨੂੰ ਇਸ ਬਾਰੇ ਕੋਈ ਚਿੰਤਾ ਕਰਨ ਦੀ ਲੋੜ ਨਹੀਂ। ਮੈਂ ਜਾਣਦਾ ਹਾਂ ਕਿ ਵੀਕਰ ਸੈਕਸ਼ਨ ਵਾਸਤੇ ਕੀਤੇ ਹੋਏ ਫ਼ੈਸਲਿਆਂ ਵਿਚ ਕਈ ਸ਼ਕਤੀਆਂ ਰੁਕਾਵਟ ਪਾਉਣ ਦਾ ਯਤਨ ਕਰਦੀਆਂ ਹਨ, ਪਰ ਇਸ ਵਿਚ ਕੋਈ ਰੁਕਾਵਟ ਨਹੀਂ ਪੈਣ ਦਿੱਤੀ ਜਾਵੇਗੀ ਅਤੇ ਪੂਰੀ ਤਰ੍ਹਾਂ ਇਨ੍ਹਾਂ ਗੱਲਾਂ ਦੀ ਇਪਲੀਮੈਂਟੇਸ਼ਨ ਹੋਵੇਗੀ ।

ਸਰਦਾਰ ਹਰਬੰਸ ਸਿੰਘ ਜਲਾਲ : ਆਨ ਏ ਪੁਆਇੰਟ ਆਫ਼ ਆਰਡਰ ਸਰ। ਮੈਂ, ਸਪੀਕਰ ਸਾਹਿਬ, 7 ਕਾਲ ਅਟੈਨਸ਼ਨ ਮੋਸ਼ਨਜ਼ ਦਿਤੀਆਂ ਸਨ, ਜਿਨ੍ਹਾਂ ਵਿਚੋਂ ਇਕ ਤੁਸੀਂ ਐਡਮਿਟ ਕਰ ਲਈ ਸੀ, ਟਰਾਂਸਪੋਰਟ ਵਰਕਰਾਂ ਦੇ ਵਾਇਦੇ ਪੂਰਾ ਕਰਨ ਬਾਰੇ, ਪਰ ਉਸ ਦੀ ਐਡਵਾਂਸ ਕਾਪੀ ਮੇਰੇ ਕੋਲ ਨਹੀਂ ਪੁੱਜੀ। ਇਕ ਸੀ ਪ੍ਰਾਈਵੇਟ ਕਾਲੇਜ ਟੀਚਰਜ਼ ਦੀ ਸਿਕਿਉਰਟੀ ਬਾਰੇ।

ਸ੍ਰੀ ਸਪੀਕਰ : ਉਹ ਤਾਂ ਅਗੇ ਆ ਚੁਕੀ ਹੈ। (That has already been taken up.)

ਸਰਦਾਰ ਹਰਬੰਸ ਸਿੰਘ ਜਲਾਲ : ਇਨ੍ਹਾਂ ਨੇ ਵਾਇਦਾ ਕੀਤਾ ਸੀ ਪਰ ਬਿਲ ਦਾ ਨੋਟਿਸ ਅਜੇ ਨਹੀਂ ਪੁਜਾ। ਫਿਰ ਅੰਮ੍ਰਿਤਸਰ ਰਿਕਸ਼ਾਪੁੱਲਰਜ਼ ਬਾਰੇ, ਫਿਰ ਇਕ ਇਹ ਸੀ ਕਿ 66 ਹੈਡਮਾਸਟਰਾਂ ਦੀ ਕਮੀ ਹੈ ਅਤੇ ਇਕ ਬਲੈਕ ਮਾਰਕੀਟ ਵਿਚ ਡਿਪੋ ਅਲਾਟ ਕਰਨ ਬਾਰੇ, ਇਨ੍ਹਾਂ ਚੀਜ਼ਾਂ ਨਾਲ ਜਨਤਾ ਵਿਚ ਬੜੀ ਬੇਚੈਨੀ ਹੈ। ਫਿਰ ਇਕ ਹੋਰ ਸੀ, ਗੁਰੂ ਗਰੰਥ ਸਾਹਿਬ ਦੀ ਬੇਇਜ਼ਤੀ ਕੀਤੀ ਗਈ.......

ਸ੍ਰੀ ਸਪੀਕਰ : ਇਹ ਤਾਂ ਯੂ. ਪੀ. ਦਾ ਮਾਮਲਾ ਹੈ। ਜਲਾਲ ਸਾਹਿਬ, ਤੁਸੀਂ ਇਨ੍ਹਾਂ ਬਾਰੇ ਮੇਰੇ ਚੈਂਬਰ ਵਿਚ ਆ ਜਾਣਾ, ਉਥੇ ਡਿਸਕੱਸ ਕਰ ਲਵਾਂਗੇ। (This relates to U. P. You may please come to my Chamber in this connection.)

DEMANDS FOR GRANTS

Mr. Speaker : There are three demands for grants which are to be discussed and voted upon today. These demands will be deemed to have been read and moved. If the hon. Members agree, these may be discussed together.

(Voices : Yes, Yes.)

There are also cut motions to these demands, these will also be deemed to have been read and moved and can also be discussed along with the main motions.

(Voices ; Yes, Yes)

Demand No. 8

That a sum not exceeding Rs. 1,34,94,000 be granted to the Governor to defray the charges that will come in course of payment for the year 1974-75 in respect of Civil Secretariat.

Demand No. 9

That a sum not exceeding Rs. 1.95,80,000 be granted to the Governor to defray the charges that will come in course of payment for the year 1974-75 in respect of District Administration.

Demand No. 20

That a sum not exceeding Rs 3,23,64,000 be granted to the Governor to defray the charges that will come in course of payment for the year 1974-75 in respect of Labour, Employment and Industrial Training.

Demand No. 8

(CIVIL SECRETARIAT)

1. **Sardar Harbans Singh Jalal, M.L.A. :**

That Major Head 252—Secretariat—General Services be reduced by Rs. 100.

2. **Acharya Prithvi Singh Azad, M.L.A. :**

That Major Head 252—Secretariat—General Services be reduced by Re. 1.

Demand No. 20

(LABOUR, EMPLOYMENT AND INDUSTRIAL TRAINING)

1. **Sardar Harbans Singh Jalal, M. L. A.:**

That Major head 287—Labour and Employment (Labour) be reduced by Rs. 10.

ADDITIONAL INFORMATION REGARDING CALL ATTENTION NOTICES Nos. 69 AND 131

Minister of State for Health and Family Planning (S. Balbir Singh); Sir, I want to supplement some information with regard to replies to Call Attention Notices Nos. 69 and 131.

ਬਾਅਦ ਵਿਚ ਉੱਚ ਪੱਧਰ ਤੇ ਜਨ ਸਿਹਤ ਮੰਤਰੀ ਦੇ ਆਦੇਸ਼ ਅਨੁਸਾਰ ਹੋਰ ਘੋਖ ਕਰਨ ਤੋਂ ਇਹ ਪਤਾ ਲਗਿਆ ਹੈ ਕਿ ਠੇਕੇਦਾਰ ਵਲੋਂ ਕਮਜ਼ੋਰ ਸੀਮਿੰਟ ਕੰਕਰੀਟ ਇਸਤੇਮਾਲ ਕਰਨ ਕਰ ਕੇ ਢਾਂਚਾ ਵੀ ਢਹਿ ਗਿਆ ਸੀ । ਇਸ ਵਿਚ ਕਾਰਜ ਕਾਰੀ ਇੰਜੀਨੀਅਰ, ਉਪ-ਮੰਡਲ ਇੰਜੀਨੀਅਰ ਅਤੇ ਭਾਗ ਅਫਸਰ ਵੀ ਸ਼ਾਮਲ ਹਨ ਜਿਨ੍ਹਾਂ ਦੀ ਢਿੱਲ ਕਾਰਨ ਘਟੀਆ ਸਮੱਗਰੀ ਇਸਤੇਮਾਲ ਕੀਤੀ ਗਈ ਇਸ ਲਈ ਸਰਕਾਰ ਨੇ ਸਬੰਧਤ ਕਾਰਜਕਾਰੀ ਇੰਜੀਨੀਅਰ ਤੇ ਉਪ-ਮੰਡਲ ਇੰਜੀਨੀਅਰ ਅਤੇ ਭਾਗ ਅਫਸਰ ਨੂੰ ਬੇਕਾਇਦਗੀ ਕਾਰਨ ਤਤਕਾਲ ਮੁਅੱਤਲ ਕਰ ਦਿੱਤਾ ਹੈ ਅਤੇ ਪੜਤਾਲ ਜਾਰੀ ਹੈ । ਠੇਕੇ-ਦਾਰ ਦੇ ਖ਼ਿਲਾਫ਼ ਵੀ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ। ਜਿਹੜੇ ਦੋ ਵਿਅੱਕਤੀ ਇਸ ਦੁਰਘਟਨਾ ਵਿਚ ਮਾਰੇ ਗਏ ਉਨ੍ਹਾਂ ਦੇ ਪਰਿਵਾਰਾਂ ਨੂੰ ਸਰਕਾਰ ਵਲੋਂ ਕੁਝ ਗਰਾਂਟ ਦੇਣ ਤੇ ਵਿਚਾਰ ਹੋ ਰਿਹਾ ਹੈ।

DEMANDS FOR GRANTS (RESUMPTION OF DISCUSSION)

ਸ੍ਰੀ ਸਪੀਕਰ : ਕੱਟ ਮੋਸ਼ਨਜ਼ ਜਿਹੜੀਆਂ ਆਈਆਂ ਹਨ, ਉਹ ਵੀ ਨਾਲ ਹੀ ਡਿਸਕਸ ਹੋ ਜਾਣ।

(The Cut Motions will also be discussed alongwith the main motions.)

ਆਵਾਜ਼ਾਂ : ਹਾਂ ਜੀ ।

ਸਰਦਾਰ ਜਸਦੇਵ ਸਿੰਘ ਸਧੂ (ਡਕਾਲਾ) : ਜਿਹੜਾ ਬਜਟ ਸ਼ਰਮਾ ਜੀ ਵਲੋਂ ਪੇਸ਼ ਕੀਤਾ ਗਿਆ ਹੈ, ਮੈਂ ਇਸ ਦੀ ਵਿਰੋਧਤਾ ਕਰਨ ਵਾਸਤੇ ਖੜਾ ਹੋਇਆ ਹਾਂ ਕਿਉਂਕਿ ਇਸ ਵੇਲੇ ਮੈਂ ਇਹ ਸਮਝਦਾ ਹਾਂ ਕਿ ਪੰਜਾਬ ਵਿਚ ਕੋਈ ਸਰਕਾਰ ਹੀ ਨਹੀਂ ਹੈ। ਜੇ ਸਰਕਾਰ ਦੀ ਕਾਰਕਰਦਗੀ ਵੇਖੀਏ ਤਾਂ ਪਿਛਲੇ ਸਾਲ ਵਿਚ ਇਹ ਸਰਕਾਰ ਹਰ ਖੇਤਰ ਵਿਚ ਫ਼ੇਲ੍ਹ ਹੋਈ ਹੈ, ਚਾਹੇ ਆਰਥਿਕ ਖੇਤਰ ਹੈ, ਚਾਹੇ ਪ੍ਰਬੰਧਕੀ ਖੇਤਰ ਹੈ, ਚਾਹੇ ਰਾਜਨੀਤਕ ਖੇਤਰ ਹੈ, ਹਰ ਖੇਤਰ ਵਿਚ ਇਹ ਸਰਕਾਰ ਫੇਲ੍ਹ ਹੋਈ ਹੈ । ਇਸ ਕਰਕੇ ਇਸ ਸਰਕਾਰ ਨੂੰ ਕੋਈ ਹੱਕ ਹਾਸਲ ਨਹੀਂ ਕਿ ਜਨਰਲ ਐਡਮਨਿਸਟ੍ਰੇਸ਼ਨ ਦੀ ਮੱਦ ਨੂੰ ਇਥੇ ਪਾਸ ਕਰਾਏ ਅਤੇ ਇਸ ਸੂਬੇ ਵਿਚ ਰਾਜ ਕਰਦੀ ਰਹੇ। ਪਿਛਲੇ ਸਾਲ ਵਿਚ ਜੋ ਕਾਰਨਾਮੇ ਇਸ ਸਰਕਾਰ ਨੇ ਕੀਤੇ, ਜੋ ਪੰਜਾਬ ਦੇ ਲੋਕਾਂ ਨਾਲ ਜ਼ਿਆਦਤੀਆਂ ਕੀਤੀਆਂ ਹਨ ਉਨ੍ਹਾਂ ਤੋਂ ਪੰਜਾਬ ਦੇ ਲੋਕ ਤੁਹਾਨੂੰ ਭਲੀ ਪ੍ਰਕਾਰ ਜਾਣਦੇ ਹਨ ।

ਹੁਣ ਮੈਂ ਕੁਝ ਗੱਲਾਂ ਸਿਵਲ ਐਡਮਨਿਸਟ੍ਰੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਪੰਜਾਬ ਦੀ ਸਿਵਲ ਐਡਮਨਿਸਟ੍ਰੇਸ਼ਨ ਟਾਪ ਹੈਵੀ ਐਡਮਨਿਸਟ੍ਰੇਸ਼ਨ ਹੈ ਅਤੇ ਇਸ ਦਾ ਸਾਰੇ ਹਿੰਦੁਸਤਾਨ ਵਿਚ ਤਨਾਸਿਬ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਆਈ. ਏ. ਐਸ. ਅਤੇ ਆਈ. ਪੀ. ਐਸ. ਅਤੇ ਹੋਰ ਸਿਵਲ ਸਰਵਿਸ ਦੇ ਜਿਹੜੇ ਆਦਮੀ ਹਨ, ਉਨ੍ਹਾਂ ਦਾ ਤਨਾਸਿਬ ਸਾਰੇ ਹਿੰਦੁਸਤਾਨ ਨਾਲੋਂ ਇਥੇ ਜ਼ਿਆਦਾ

ਹੈ। ਜਿਹੜਾ ਬਜਟ ਦਾ ਖਰਚ ਇਸ ਐਡਮਨਿਸਟ੍ਰੇਸ਼ਨ ਤੇ ਖਰਚ ਹੁੰਦਾ ਹੈ, ਉਹ ਹੈ ਕਿ ਨਾਨ ਪਲੈਨ ਬਜਟ ਦਾ 56.3 ਪਰਸੈਂਟ ਸਿਵਲ ਐਡਮਨਿਸਟ੍ਰੇਸ਼ਨ ਤੇ ਖਰਚ ਹੁੰਦਾ ਹੈ ਅਤੇ ਇਸ ਤਰ੍ਹਾਂ ਨਾਲ ਇਥੇ ਦਾ ਟਾਪ ਹੈਵੀ ਐਡਮਨਿਸਟ੍ਰੇਸ਼ਨ ਹੈ ਅਤੇ ਇਸ ਗੱਲ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਜਿਸ ਸੂਬੇ ਦਾ ਇਹ ਹਾਲ ਹੋਵੇ, ਇੰਨਾ ਖਰਚ ਸਿਵਲ ਐਡਮਨਿਸਟ੍ਰੇਸ਼ਨ ਤੇ ਹੋਵੇ, ਉਥੇ ਹੋਰ ਪਰੌਗਰੈਸ ਕੀ ਹੋ ਸਕਦੀ ਹੈ। ਇਸ ਐਡਮਨਿਸਟ੍ਰੇਸ਼ਨ ਦੇ ਨਾਲ ਜੋ ਸਰਕਾਰ ਚਲ ਰਹੀ ਹੈ, ਜਿਹੜੀ ਇਹ ਵਜ਼ੀਰ ਮੰਡਲੀ ਦਾ ਤਰੀਕਾ ਹੈ ਇਸ ਨਾਲ ਪੰਜਾਬ ਦੇ ਲੋਕਾਂ ਦੇ ਹਿੱਤਾਂ ਦਾ ਖਿਆਲ ਨਹੀਂ ਰਖਿਆ ਜਾ ਸਕਦਾ। ਪਿਛਲੇ ਸਾਲ ਵਿਚ ਜੋ ਜੋ ਲੋਕਾਂ ਨਾਲ ਹੋਇਆ ਹੈ, ਜੋ ਜੋ ਤਕਲੀਫ਼ਾਂ ਉਨ੍ਹਾਂ ਨੂੰ ਪੇਸ਼ ਆਈਆਂ ਹਨ, ਉਨ੍ਹਾਂ ਤੋਂ ਪਤਾ ਲਗਾ ਹੈ ਕਿ ਇਹ ਸਰਕਾਰ ਬੁਰੀ ਤਰ੍ਹਾਂ ਫ਼ੇਲ੍ਹ ਹੋਈ ਹੈ ਅਤੇ ਲੋਕ ਇਸ ਸਰਕਾਰ ਤੋਂ ਬੜੇ ਦੁਖੀ ਹਨ । ਨਾ ਹੁਣ ਤਕ ਏਥੇ ਕੋਈ ਖਾਦ ਦਾ ਇਨ੍ਹਾਂ ਤੋਂ ਪ੍ਰਬੰਧ ਹੋਇਆ ਅਤੇ ਨਾ ਹੀ ਬਿਜਲੀ ਦਾ ਕੋਈ ਪ੍ਰਬੰਧ ਇਹ ਕਰ ਸਕੇ ਹਨ। ਜਿਤਨੇ ਪੰਜਾਬ ਲਈ ਸਹੂਲੀਆਤ ਸਨ ਉਹ ਇਨ੍ਹਾਂ ਨੇ ਯੂ. ਪੀ. ਨੂੰ ਟਰਾਂਸਫਰ ਕਰ ਛੱਡੀਆਂ ਹਨ। ਪੰਜਾਬ ਵਿਚ ਫ਼ਸਲ ਦੇ ਮੌਕੇ ਤੇ ਇਤਨੀ ਡੀਜ਼ਲ ਦੀ ਸ਼ਾਰਟੇਜ ਹੋਈ ਹੈ ਪਰ ਇਨ੍ਹਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਜੇ ਇਨ੍ਹਾਂ ਨੂੰ ਪੰਜਾਬ ਦਾ ਕੋਈ ਫ਼ਿਕਰ ਹੁੰਦਾ ਤਾਂ ਇਹ ਪੰਜਾਬ ਵਿਚੋਂ ਇਹ ਸ਼ਾਰਟੇਜ ਖਤਮ ਕਰਨ ਦੀ ਕੋਸ਼ਿਸ਼ ਕਰਦੇ। ਇਹ ਵੇਖਦੇ ਕਿ ਕਿਸਾਨ ਨੂੰ ਖਾਦ ਦੀ ਘਾਟ ਹੈ ਉਹ ਪੂਰੀ ਕਰੀਏ, ਪਰ ਇਨ੍ਹਾਂ ਦਾ ਧਿਆਨ ਸੀ ਕਿ ਵਧ ਤੋਂ ਵਧ ਪੈਸਾ ਇਕੱਠਾ ਕਰ.ਕੇ ਭਾਵੇਂ ਕਿਸੇ ਵੀ ਤਰੀਕੇ ਦੇ ਨਾਲ ਕਿਉਂ ਨਾ ਹੋਵੇ ਇਹ ਪੰਜਾਬ ਦੇ ਖਜ਼ਾਨੇ ਵਿਚੋਂ ਦੇਂਦੇ ਰਹੇ । ਯੂ. ਪੀ. ਦੀ ਇਲੈਕਸ਼ਨ ਵੇਲੇ ਇਤਨੀ ਕੁਰੱਪਸ਼ਨ ਪੰਜਾਬ ਦੇ ਵਿਚ ਹੋਈ ਜਿਸ ਦਾ ਕੋਈ ਹੱਦ ਹਿਸਾਬ ਨਹੀਂ । ਇਨ੍ਹਾਂ ਨੇ ਪੰਜਾਬ ਦੇ ਆਫ਼ੀਸਰਜ਼ ਤੋਂ ਪੀ. ਡਬਲਿਊ. ਡੀ. ਦੇ ਐਕਸੀਅਨ ਅਤੇ ਇੰਜੀਨਿਅਰਜ਼ ਤੋਂ 500 ਰੁਪਏ ਲਿਆ । ਟਰਾਂਸਪੋਰਟ ਦੇ ਮਹਿਕਮੇ ਤੋਂ ਇਕ ਰੂਟ ਪਰਮਿਟ ਦਾ ਦੋ ਦੋ ਹਜ਼ਾਰ ਰੁਪਿਆ ਲਿਆ, ਅਤੇ ਇਸ ਤਰ੍ਹਾਂ ਇਕੱਠਾ ਕਰ ਕੇ ਯੂ. ਪੀ. ਦੀਆਂ ਅਲੈਕਸ਼ਨਾਂ ਦੇ ਵਿਚ ਦਿੱਤਾ। ਇਹ ਚਾਰ ਪੰਜ ਮਹੀਨੇ ਤਾਈਂ ਓਧਰ ਹੀ ਫਿਰਦੇ ਰਹੇ, ਪੰਜਾਬ ਦੇ ਲੋਕਾਂ ਦਾ ਇਨ੍ਹਾਂ ਨੂੰ ਕੋਈ ਧਿਆਨ ਨਹੀਂ ਆਇਆ । ਇਨ੍ਹਾਂ ਨੇ 500 ਟਰੱਕ ਪੰਜਾਬ ਦੇ ਬੇਗਾਰ ਦੇ ਵਿਚ ਫੜੇ ਅਤੇ ਯੂ. ਪੀ. ਨੂੰ ਭੇਜੇ । ਇਤਨੀ ਪੰਜਾਬ ਦੇ ਵਿਚ ਡੀਜ਼ਲ ਦੀ ਸ਼ਾਰਟੇਜ ਸੀ ਇਨ੍ਹਾਂ ਨੇ ਏਥੇ ਦੇ ਲੋਕਾਂ ਦੇ ਹਿਤਾਂ ਨੂੰ ਨਹੀਂ ਵੇਖਿਆ ਸਗੋਂ ਟਰੱਕਾਂ ਦੇ ਟਰੱਕ ਡੀਜ਼ਲ ਦੇ ਭਰ ਕੇ ਯੂ. ਪੀ. ਵਿਚ ਭੇਜੇ । ਪਿਛਲੇ 4-5 ਮਹੀਨਿਆਂ ਤੋਂ ਉਹ ਟਰੱਕ ਬੇਗਾਰ ਵਿਚ ਓਧਰ ਉਨ੍ਹਾਂ ਲੋਕਾਂ ਦਾ ਕੰਮ ਕਰਦੇ ਰਹੇ। ਕਿਸੇ ਡੀ. ਸੀ. ਨੇ ਇਹ ਸਰਕਾਰ ਤੱਕ ਸ਼ਕਾਇਤ ਨਹੀਂ ਪਹੁੰਚਾਈ ਕਿ ਏਥੇ ਡੀਜ਼ਲ ਦੀ ਸ਼ਾਰਟੇਜ ਹੈ, ਇਥੇ ਬਿਜਲੀ ਦੀ ਘਾਟ ਹੈ, ਲੋਕਾਂ ਨੂੰ ਟਿਊਬਵੈਲਾਂ ਲਈ ਕੋਈ ਬਿਜਲੀ ਹੈ ਨਹੀਂ ਪਰ ਇਨ੍ਹਾਂ ਨੂੰ ਤਾਂ ਯੂ. ਪੀ. ਦੀਆਂ ਇਲੈਕਸ਼ਨਾਂ ਤੋਂ ਫ਼ੁਰਸਤ ਹੀ ਨਹੀਂ ਸੀ, ਇਨ੍ਹਾਂ ਨੇ ਤਾਂ ਹਰ ਚੀਜ਼ ਯੂ. ਪੀ. ਨੂੰ ਭੇਜਣੀ ਸੀ । ਇਸ ਸਰਕਾਰ ਨੇ ਪੰਜਾਬ ਦੇ ਹਿਤਾਂ ਨਾਲ ਗ਼ਦਾਰੀ ਕੀਤੀ ਹੈ । ਮੈਂ, ਸਪੀਕਰ ਸਾਹਿਬ, ਤੁਹਾਨੂੰ ਇਹ ਗੱਲ ਕਹਾਂਗਾ ਕਿ ਇਹ ਜਰਨਲ ਐਡਮਨਿਸਟ੍ਰੇਸ਼ਨ ਦੀ ਗਰਾਂਟ ਪਾਸ ਕਰ ਕੇ ਸਰਕਾਰ ਦੇ ਹੋਰ ਹੱਥ ਮਜ਼ਬੂਤ ਨਾ ਕੀਤੇ ਜਾਣ । ਇਹ ਸਰਕਾਰ ਕਿਸ ਤਰੀਕੇ ਦੇ ਨਾਲ ਕੰਮ ਕਰਦੀ ਰਹੀ ਹੈ ਇਸ ਦੀ ਇਕ ਮਿਸਾਲ ਮੈਂ ਹਾਊਸ ਦੇ ਵਿਚ ਦੇਣੀ ਚਾਹੁੰਦਾ ਹਾਂ । ਇਥੇ ਮਾਨਯੋਗ ਮੰਤਰੀ ਸਰਦਾਰ ਉਮਰਾਓ ਸਿੰਘ, ਮਾਲ ਮੰਤਰੀ ਬੈਠੇ ਹਨ । ਇਨ੍ਹਾਂ ਦੇ ਖਿਲਾਫ਼ 'ਲੋਕ ਲਹਿਰ' ਅਖ਼ਬਾਰ ਨੇ ਓਪਨ ਚਾਰਜਿਜ਼ ਲਗਾਏ ਕਿ ਆਪ ਇੰਗਲੈਂਡ ਵਿਚ ਇਕ ਫ਼ਾਈਨੈਂਸ਼ਲ ਕਾਰਪੋਰੇਸ਼ਨ ਦੇ ਡਾਇਰੈਕ-ਟਰ ਹਨ। ਇਹ ਏਧਰੋਂ ਓਧਰ ਅਤੇ ਓਧਰੋਂ ਏਧਰ ਬਲੈਕ ਦਾ ਪੈਸਾ ਭੇਜਣ ਦਾ ਕਾਰੋਬਾਰ ਕਰਦੇ ਹਨ । ਇਨ੍ਹਾਂ ਵਲੋਂ ਇਸ ਖ਼ਬਰ ਦੀ ਅਜੇ ਤੱਕ ਕੋਈ ਤਰਦੀਦ ਨਹੀਂ ਹੋਈ ਕਿ ਇਸ ਤਰ੍ਹਾਂ ਦਾ ਚਾਰਜ ਇਨ੍ਹਾਂ ਦੇ ਖ਼ਿਲਾਫ਼ ਸੀ ਅਤੇ ਇਹ ਅਖ਼ਬਾਰ ਵੀ ਇਕ ਜ਼ਿੰਮੇਵਾਰ ਪਾਰਟੀ ਦਾ ਆਫ਼ੀਸ਼ੀਅਲ ਪੇਪਰ

[ਸਰਦਾਰ ਜਸਦੇਵ ਸਿੰਘ ਸੰਧੂ]

ਸੀ। ਜੇ ਇਨ੍ਹਾਂ ਨੂੰ ਕੋਈ ਖ਼ਤਰਾ ਨਹੀਂ ਸੀ ਤਾਂ ਉਹ ਇਸ ਪੇਪਰ ਦੇ ਖ਼ਿਲਾਫ਼ ਕੋਈ ਮੁਕਦਮਾ ਚਲਾਉਂਦੇ। ਇਹ ਵਜ਼ੀਰ ਸਾਹਿਬ ਨੇ ਇਸ ਓਪਨ ਚਾਰਜ ਦਾ ਕੋਈ ਜਵਾਬ ਨਹੀਂ ਦਿੱਤਾ, ਇਸ ਤਰ੍ਹਾਂ ਦੇ ਇਸ ਸਰਕਾਰ ਦੇ ਵਜ਼ੀਰ ਲੋਕਾਂ ਦਾ ਭਲਾ ਕੀ ਕਰ ਸਕਦੇ ਹਨ। ਮੈਂ ਬੇਨਤੀ ਕਰਾਂਗਾ ਕਿ ਇਸ ਬਾਰੇ ਸਰਦਾਰ ਉਮਰਾਓ ਸਿੰਘ ਆਪਣੀ ਪੁਜ਼ੀਸ਼ਨ ਜ਼ਰੂਰ ਕਲੀਅਰ ਕਰਨ। ਸਰਕਾਰ ਪਰਚਾਰ ਇਹ ਕਰਦੀ ਹੈ ਕਿ ਅਸੀਂ ਮਜ਼ਦੂਰਾਂ ਦੇ ਹਿਤਾਂ ਦੀ ਰਾਖੀ ਕਰਦੇ ਹਾਂ।..........................(ਵਿਘਨ)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਸੰਧੂ ਸਾਹਿਬ ਨੇ ਤਕਰੀਰ ਕਰਦੇ ਹੋਏ, ਇਕ ਬੜਾ ਸੀਰੀਅਸ ਐਲੀਗੇਸ਼ਨ ਮਨਿਸਟਰ ਸਾਹਿਬ ਦੇ ਖ਼ਿਲਾਫ਼ ਲਾਇਆ ਹੈ ਮੇਰੀ ਬੇਨਤੀ ਹੈ ਕਿ ਜੋ ਵੀ ਐਲੀਗੇਸ਼ਨ ਲਾਇਆ ਜਾਂਦਾ ਹੈ ਯਾ ਤਾਂ ਉਸ ਦਾ ਸਬੂਤ ਇਸ ਹਾਊਸ ਦੀ ਮੇਜ਼ ਤੇ ਰੱਖਣ, ਜੇ ਨਹੀਂ, ਤਾਂ ਉਹ ਆਪਣੇ ਇਹ ਲਫ਼ਜ਼ ਵਿਦਡਰਾ ਕਰਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਐਲੀਗੇਸ਼ਨਜ਼ ਹਾਊਸ ਦੇ ਰਿਕਾਰਡ ਵਿਚ ਨਹੀਂ ਆਉਣੇ ਚਾਹੀਦੇ।

ਸ਼੍ਰੀ ਸਪੀਕਰ : ਆਨਰੇਬਲ ਮੈਂਬਰਾਂ ਨੂੰ ਯਾ ਤਾਂ ਐਲੀਗੇਸ਼ਨਜ਼ ਪਰੂਵ ਕਰਨੇ ਚਾਹੀਦੇ ਹਨ ਨਹੀਂ ਤਾਂ ਉਨ੍ਹਾਂ ਨੂੰ ਇਨ੍ਹਾਂ ਐਲੀਗੇਸ਼ਨਜ਼ ਦੇ ਲਈ ਸੈੱਟ ਪ੍ਰੋਸੀਜਰ ਵਿਚ ਸਬਸਟੈਂਟਿਵ ਮੋਸ਼ਨ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਤਕਰੀਰ ਵਿਚ ਮੈਨਸ਼ਨ ਨਹੀਂ ਕਰਨਾ ਚਾਹੀਦਾ। (Hon. Member should prove the allegations, otherwise he should submit a substantive motion according to the set procedure. He should not mention these in his speech like this.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਐਲੀਗੇਸ਼ਨਜ਼ ਕੋਈ ਅੱਜ ਦੇ ਨਹੀਂ ਕਈ ਮਹੀਨੇ ਹੋ ਗਏ ਹਨ ਜਦੋਂ ਕਿ ਇਕ ਅਖ਼ਬਾਰ ਨੇ ਆਪਣੇ ਪਹਿਲੇ ਪੇਜ ਤੇ ਲੋਕਾਂ ਦਾ ਧਿਆਨ ਦਵਾਇਆ ਸੀ ਅਤੇ ਦੁਹਾਈ ਮਚਾਈ। ਜੇ ਇਹ ਗੱਲਾਂ ਗ਼ਲਤ ਸਨ ਤਾਂ ਇਨ੍ਹਾਂ ਨੂੰ ਉਸੇ ਵੇਲੇ ਇਸ ਖ਼ਬਰ ਦੀ ਤਰਦੀਦ ਕਰਨੀ ਚਾਹੀਦੀ ਸੀ। ਮੈਂ ਅਰਜ਼ ਕਰਾਂ ਕਿ ਲਕਸ਼ਮੀ ਫ਼ਾਈਨੈਂਸਰਜ਼ ਦੇ ਨਾਉਂ ਦੀ ਇਕ ਲਿਮਿਟਿਡ ਫ਼ਰਮ ਹੈ, ਜਿਸ ਦੇ ਇਹ ਹਿੱਸੇਦਾਰ ਹਨ। ਜੇ ਕੋਈ ਇਸ ਵਿਚ ਝੂਠ ਹੋਵੇ, ਮੈਂ ਭੁਗਤਣ ਨੂੰ ਤਿਆਰ ਹਾਂ। ਉਹ ਹਿੱਸੇਦਾਰ ਹੀ ਨਹੀਂ ਉਸ ਫ਼ਰਮ ਦੇ ਡਾਇਰੈਕਟਰ ਹਨ, ਉਹ ਫ਼ਾਰਨ ਐਕਸਚੇਂਜ ਦੀ ਸਮੱਗਲਿੰਗ ਕਰਦੇ ਹਨ। (ਵਿਘਨ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਕਿਸੇ ਫ਼ਾਰਨ ਕੰਪਨੀ ਦਾ ਹਿੱਸੇਦਾਰ ਜਾਂ ਡਾਇਰੈਕਟਰ ਹੋਣਾ ਕੋਈ ਜੁਰਮ ਨਹੀਂ ਹੈ। ਇਹ ਇਸ ਤਰ੍ਹਾਂ ਕਿਸੇ ਕਾਨੂੰਨ ਦੀ ਜ਼ਦ ਵਿਚ ਨਹੀਂ ਆ ਸਕਦੇ।

ਸ਼੍ਰੀ ਸਪੀਕਰ : ਫ਼ੇਰ ਇਹ ਕੋਈ ਐਲੀਗੇਸ਼ਨ ਨਹੀਂ ਹੈ। (It is no allegation then.)

ਕਾਮਰੇਡ ਸਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਸ ਬਾਰੇ ਅਰਜ਼ ਕਰਾਂ ਕਿ ਅਗਰ ਕੋਈ ਆਦਮੀ ਫਾਰਨ ਕੰਪਨੀ ਦਾ ਹਿੱਸੇਦਾਰ ਬਣਦਾ ਹੈ ਤਾਂ ਉਸ ਨੂੰ ਫ਼ਾਰਨ ਐਕਸਚੇਂਜ ਵਿਚ ਮਨੀ ਦੇਣੀ ਪੈਂਦੀ ਹੈ ਅਤੇ ਇਸ ਤਰ੍ਹਾਂ ਉਹ ਆਪਣਾ ਹਿੱਸਾ ਨਹੀਂ ਦੇ ਸਕਦਾ ਜਦੋਂ ਤੱਕ ਕਿ ਉਸ ਨੂੰ ਰਿਜ਼ਰਵ ਬੈਂਕ ਪਰਮਿਸ਼ਨ ਨਾ ਦੇਵੇ। ਜੇਕਰ ਹਿੱਸੇ ਦੇ ਲਈ ਫ਼ਾਰਨ ਐਕਸਚੇਂਜ ਐਕੁਆਇਰ ਕਰਨਾ ਹੋਵੇ ਤਾਂ ਇਸ ਦੇ ਲਈ ਰਿਜ਼ਰਵ ਬੈਂਕ ਦੀ ਪਰਮਿਸ਼ਨ ਦੀ ਜ਼ਰੂਰਤ ਹੁੰਦੀ ਹੈ। ਇਸ ਵਿਚ ਫ਼ਾਈਨੈਂਸਲ ਇਮਪਲੀਕੇਸ਼ਨਜ਼ ਇਨਵਾਲਵਡ ਹਨ, ਇਹ ਉਨ੍ਹਾਂ ਨੂੰ ਕਲੈਰੀਫ਼ਾਈ ਕਰਨਾ ਚਾਹੀਦਾ ਹੈ।

PERSONAL EXPLANATION BY THE REVENUE MINISTER

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਆਨ ਏ ਪਰਸਨਲ ਐਕਸਪਲੇਨੇਸ਼ਨ ਸਰ। ਮੈਂ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੇਰਾ ਕਿਸੇ ਵੀ ਫ਼ਾਰਨ ਕੰਪਨੀ ਦੇ ਵਿਚ ਕੋਈ ਹਿੱਸਾ ਨਹੀਂ ਅਤੇ ਨਾ ਹੀ ਮੈਂ ਕਿਤੇ ਡਾਇਰੈਕਟਰ ਹਾਂ। ਜਿਸ ਵੇਲੇ ਮੈਨੂੰ ਇਸ ਗੱਲ ਦਾ ਪਤਾ ਲੱਗਾ ਮੈਂ ਇਕ ਟੈਲੀਗਰਾਮ ਦੇ ਦਿੱਤੀ ਕਿ ਮੈਨੂੰ ਡਾਇਰੈਕਟਰਸ਼ਿਪ ਤੋਂ ਡਿਸਐਸੋਸੀਏਟ ਕਰ ਦਿਉ। ਇਸ ਬਾਰੇ ਮੈਂ ਇਕ ਚਿੱਠੀ ਵੀ ਲਿਖੀ। ਮੈਂ ਇਹ ਗੱਲ ਮੁੜ ਸਪੱਸ਼ਟ ਕਰ ਦੇਵਾਂ ਕਿ ਨਾ ਮੈਂ ਕੋਈ ਫ਼ਾਰਨ ਐਕਸਚੇਂਜ ਵਿਚ ਪੈਸਾ ਜਮ੍ਹਾਂ ਕਰਾਇਆ ਅਤੇ ਨਾ ਹੀ ਮੈਂ ਕੋਈ ਹਿੱਸਾ ਖਰੀਦਿਆ ਹੈ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਵਜ਼ੀਰ ਸਾਹਿਬ ਤੋਂ ਇਕ ਗਲ ਪੁੱਛਣਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਕਿ ਉਸ ਫ਼ਰਮ ਵਿਚ ਮੇਰਾ ਕੋਈ ਹਿੱਸਾ ਨਹੀਂ। ਜਿਸ ਖਬਰ ਦਾ ਜ਼ਿਕਰ ਕੀਤਾ ਗਿਆ ਹੈ ਮੈਂ ਵੀ ਪੜ੍ਹੀ ਹੈ। ਇਹ ਇਕ ਰਜਿਸਟਰਡ ਫ਼ਰਮ ਹੈ ਜਿਹੜੀ ਇੰਗਲੈਂਡ ਵਿਚ ਹੈ। ਇਸ ਵਿਚ ਕੋਈ ਆਦਮੀ ਆਪਣੇ ਆਪ ਨੂੰ ਛਪਾਣ ਲਈ ਆਪਣਾ ਹਿੱਸਾ ਕਿਸੇ ਯਾਰ ਦੋਸਤ ਦੇ ਨਾਉਂ ਟਰਾਂਸਫ਼ਰ ਵੀ ਕਰ ਸਕਦਾ ਹੈ। Even that would constitute violation of the Foreign Exchange Act.

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੈ ਕਿ ਮੈਨੂੰ ਕਿਸ ਤਰ੍ਹਾਂ ਇਸ ਕੰਪਨੀ ਦਾ ਡਾਇਰੈਕਟਰ ਬਣਾ ਦਿੱਤਾ ਗਿਆ ਜਦ ਮੈਂ ਕੋਈ ਕਨਸੈਂਟ ਨਹੀਂ ਦਿੱਤੀ ਤੇ ਨਾ ਹੀ ਮੈਂ ਕੋਈ ਹਿੱਸਾ ਖਰੀਦਿਆ। ਡਾਂਗ ਸਾਹਿਬ ਦੀ ਮਰਜ਼ੀ ਨਾਲ ਮੇਰੇ ਨਾਲ ਕਿਸੇ ਨੇ ਸ਼ਰਾਰਤ ਕਰ ਕੇ ਜੇ ਜਮ੍ਹਾਂ ਕਰਾ ਦਿੱਤੇ ਤਾਂ ਇਸ ਵਿਚ ਮੇਰਾ ਕੋਈ ਤੁਅੱਲਕ ਨਹੀਂ ਹੈ। ਚਿੱਠੀ ਵਿਚ ਸਾਰੀ ਚੀਜ਼ ਸਪੱਸ਼ਟ ਕਰ ਦਿੱਤੀ ਹੈ।

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ। (ਵਿਘਨ)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਅਗਰ ਕਿਸੇ ਮਨਿਸਟਰ ਸਾਹਿਬ ਦੇ ਖਿਲਾਫ਼ ਚਾਰਜਿਜ਼ ਲਗਾਉਣੇ ਹਨ ਤਾਂ ਬਕਾਇਦਾ ਸਬਸਟਾਂਟਿਵ ਮੋਸ਼ਨ ਚਾਹੀਦੀ ਹੈ ਅਤੇ ਜੋ ਚਾਰਜਿਜ਼ ਲਗਾਉਣੇ ਹਨ ਉਨ੍ਹਾਂ ਦੀ ਕਾਪੀ ਮੇਰੇ ਕੋਲ ਪਹਿਲਾਂ ਆਉਣੀ ਚਾਹੀਦੀ ਹੈ। (I would request that in case charges are to be levelled against any Minister it should be done through a substantive motion and a copy of the charges should be sent to me before hand.)

ਮਾਲ ਮੰਤਰੀ : ਕੋਈ ਆਪਣਾ ਬਿਜ਼ਨੈਸ ਚਲਾਉਣ ਵਾਸਤੇ, ਆਪਣਾ ਪਰਚਾਰ ਕਰਵਾਉਣ ਵਾਸਤੇ ਮੇਰਾ ਨਾਂ ਦੇ ਦਿੰਦਾ ਹੈ ਤਾਂ ਇਹ ਗਲਤ ਗੱਲ ਹੈ। ਫ਼ਾਰਨ ਤਾਂ ਕੀ ਐਥੇ ਵੀ ਕਿਸੇ ਕੰਪਨੀ ਨਾਲ ਮੇਰਾ ਕੋਈ ਸਬੰਧ ਨਹੀਂ ਹੈ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਅਤੇ ਮੈਂ ਬੜੇ ਨੇੜੇ ਹਾਂ। ਅਸੀਂ ਇਕੋ ਸਕੂਲ ਦੀ ਪੈਦਾਵਾਰ ਹਾਂ ਔਰ ਇਕੋ ਜਮਾਤ ਵਿਚ ਪੜ੍ਹਦੇ ਰਹੇ ਹਾਂ। ਮੈਨੂੰ ਬਹੁਤ ਅਫ਼ਸੋਸ ਹੋਇਆ। (ਵਿਘਨ) ਉਹ ਮੇਰੇ ਜਮਾਤੀ ਹਨ, ਸਾਡੇ ਭਰਾ ਹਨ, ਉਨ੍ਹਾਂ ਦੇ ਖਿਲਾਫ਼ ਐਨੇ ਸੀਰੀਅਸ ਚਾਰਜਿਜ਼ ਕਿਉਂ ਲਗੇ ਹਨ। ਇਸ ਗੱਲ ਦਾ ਵੀ ਅਫ਼ਸੋਸ ਹੋਇਆ ਕਿ ਇਨ੍ਹਾਂ ਨੇ ਉਸ ਅਖ਼ਬਾਰ ਦੇ ਖ਼ਿਲਾਫ਼ ਹੱਤਕ ਦਾ ਦਾਅਵਾ ਕਿਉਂ ਨਹੀਂ ਕੀਤਾ। ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਪੁਜ਼ੀਸ਼ਨ ਸਾਫ਼ ਹੋਣੀ ਚਾਹੀਦੀ ਹੈ। ਜੇ ਉਸ ਅਖ਼ਬਾਰ ਨੇ ਇਨ੍ਹਾਂ ਦੇ ਖ਼ਿਲਾਫ਼ ਚਾਰਜਿਜ਼ ਲਗਾਏ ਹਨ

[ਸਰਦਾਰ ਜਸਦੇਵ ਸਿੰਘ ਸੰਧੂ]

ਤਾਂ ਇਹ ਉਸ ਦੇ ਖਿਲਾਫ਼ ਦਾਅਵਾ ਕਰਨ ਤਾਂ ਕਿ ਅਖਬਾਰ ਵਾਲੇ ਨੂੰ ਸਜ਼ਾ ਮਿਲੇ ਅਤੇ ਉਹ ਅਗੇ ਨੂੰ ਇਹੋ ਜਿਹਾ ਕੰਮ ਨਾ ਕਰ ਸਕੇ ।

ਮਾਲ ਮੰਤਰੀ : 'ਅਜੀਤ' ਅਖਬਾਰ ਵਿਚ ਜੋ ਛਪਿਆ ਹੈ ਉਹਦੀ ਮੈਂ ਤਰਦੀਦ ਕਰ ਦਿੱਤੀ ਹੈ। (ਵਿਘਨ)।

DEMANDS FOR GRANTS (*Resumption of Discussion*)

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਫੇਰ ਕਹਿੰਦਾ ਹਾਂ ਕਿ ਜੇ ਉਹ ਗਲਤ ਹੈ ਤਾਂ ਉਸ ਤੇ ਦਾਅਵਾ ਕਰਨਾ ਚਾਹੀਦਾ ਹੈ । ਉਸ ਦੇ ਖਿਲਾਫ਼ ਕ੍ਰਿਮਿਨਲ ਸੂਟ ਕਰਨ ਤਾਂ ਕਿ ਅੱਗੇ ਨੂੰ ਉਸ ਦਾ ਅਜਿਹਾ ਕਰਨ ਦਾ ਹੌਂਸਲਾ ਹੀ ਨਾ ਪਵੇ ਅਤੇ ਹੋਰ ਸਾਥੀਆਂ ਤੇ ਵੀ ਇਹੋ ਜਿਹੇ ਚਾਰਜਿਜ਼ ਨਾ ਲਗਾਏ ਜਾਣ।

ਸਪੀਕਰ ਸਾਹਿਬ, ਇਸ ਤੋਂ ਬਿਨਾ ਮੈਂ ਇਹ ਗੱਲ ਕਰਨੀ ਚਾਹੁੰਦਾ ਹਾਂ ਕਿ ਮੈਂ ਇਹ ਕਹਿ ਰਿਹਾ ਸੀ ਕਿ ਸਰਕਾਰ ਬੜੇ ਦਾਅਵੇ ਕਰ ਰਹੀ ਹੈ ਕਿ ਅਸੀਂ ਮਜ਼ਦੂਰਾਂ ਦੀ ਬੜੀ ਸੇਵਾ ਕੀਤੀ ਹੈ। ਜੋ ਇਨ੍ਹਾਂ ਨੇ ਮਜ਼ਦੂਰਾਂ ਦੀ ਸੇਵਾ ਕੀਤੀ ਹੈ, ਉਸ ਸਬੰਧ ਵਿਚ ਮੈਂ ਆਪਣੇ ਇਕ ਸਵਾਲ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਰਾਜਪੁਰਾ ਵਿਚ ਬਿਰਲਾ ਦੀ ਧਾਗਾ ਮਿੱਲ ਹੈ। ਇਸ ਦੇ ਮਜ਼ਦੂਰਾਂ ਨੇ ਹੜਤਾਲ ਕੀਤੀ, ਇਨ੍ਹਾਂ ਲੋਕਾਂ ਨੇ ਪੁਰ ਅਮਨ ਹੜਤਾਲ ਕੀਤੀ । ਇਸ ਤੇ ਪੁਲਿਸ ਨੇ ਨਾਜਾਇਜ਼ ਤਸ਼ੱਦਦ ਕੀਤਾ । ਮਜ਼ਦੂਰ ਮਿੱਲ ਕੋਲ ਨਹੀਂ ਸਨ ਬਲਕਿ ਇਹ ਮਿਲ ਤੋਂ ਡੇਢ ਮੀਲ ਦੂਰ ਕੈਂਪ ਵਿਚ ਬੈਠੇ ਸਨ। ਉਥੇ ਕੈਂਪ ਵਿਚ ਜਾ ਕੇ ਪੁਲਿਸ ਨੇ ਅੰਧਾ ਧੁੰਦ ਲਾਠੀ ਚਾਰਜ ਕੀਤਾ। ਜ਼ਬਰਦਸਤੀ ਉਥੋਂ ਮਜ਼ਦੂਰਾਂ ਨੂੰ ਲੈ ਕੇ ਯੂ. ਪੀ. ਵਿਚ ਭੇਜ ਦਿੱਤਾ। ਅਜੇ ਵੀ ਉਸ ਮਿੱਲ ਦੇ 151 ਮਜ਼ਦੂਰ ਔਰ ਉਨ੍ਹਾਂ ਦੇ ਲੀਡਰ ਪਟਿਆਲਾ ਜੇਲ੍ਹ ਵਿਚ ਬੈਠੇ ਹਨ ਔਰ ਉਨ੍ਹਾਂ ਤੇ ਮੁਕਦਮੇਂ ਬਣਾ ਕੇ ਜਿਹੜੇ ਕਿ ਬੇਸਲੈਸ ਸੀ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਇਸ ਸਰਕਾਰ ਨੇ ਬਿਰਲਾ ਨਾਲ ਮਿਲ ਕੇ ਉਨ੍ਹਾਂ ਦੀ ਹਿਮਾਇਤ ਕੀਤੀ ਹੈ । ਮਜ਼ਦੂਰਾਂ ਤੇ ਤਸ਼ੱਦਦ ਕੀਤਾ ਹੈ। ਰਾਜਪੁਰੇ ਦੀ ਹੜਤਾਲ ਵਿਚ ਪੁਰ ਅਮਨ ਸ਼ਹਿਰੀਆਂ ਤੇ ਬੇ-ਤਹਾਸ਼ਾ ਲਾਠੀ ਚਾਰਜ ਕੀਤਾ ਗਿਆ ਹੈ। ਇਹ ਸਰਕਾਰ ਦੀਆਂ ਕਰਤੂਤਾਂ ਹਨ ਅਤੇ ਉਤੋਂ ਕਹਿੰਦੀ ਹੈ ਕਿ ਇਹ ਮਜ਼ਦੂਰਾਂ ਦੀ ਹਿਮਾਇਤ ਕਰੇਗੀ ।

ਸ੍ਰੀ ਸਪੀਕਰ : ਕਿੰਨਾਂ ਟਾਈਮ ਲਵੋਂਗੇ। 15 ਮਿੰਟ ਹੋ ਗਏ ਹਨ । 10 ਮਿੰਟ ਇਕ ਮੈਂਬਰ ਦਾ ਸਮਾਂ ਸਮਝੋ । (How much time will you take ? You have already taken fifteen minutes. About ten minutes are earmarked for each speaker.)

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਵਾਈਂਡ ਅਪ ਕਰਦਾ ਹਾਂ ਜੀ। ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਨੇ ਇਹ ਸਾਰੀਆਂ ਗੱਲਾਂ ਕਿਉਂ ਕੀਤੀਆਂ ਜੇ ਮਜ਼ਦੂਰਾਂ ਦੀ ਭਲਾਈ ਦੀ ਗੱਲ ਹੁੰਦੀ ਤਾਂ ਇਥੇ ਇਹ ਜੋ ਸਰਮਾਏਦਾਰ ਇੰਡਸਟਰੀਜ਼ ਲੱਗਾ ਰਹੇ ਹਨ, ਇਹ ਇੰਡਸਟਰੀਜ਼ ਜੁਆਇੰਟ ਸੈਕਟਰ ਵਿਚ ਲਗਾਣ ਦੀ ਬਜਾਏ ਸਿੱਧੀ ਪ੍ਰਾਈਵੇਟ ਸੈਕਟਰ ਵਿਚ ਲਗਾਈ ਜਾਂਦੀ। ਸਰਕਾਰੀ ਰੁਪਿਆ ਔਰ ਪਬਲਿਕ ਇੰਟ੍ਰੈਸਟ ਦਾ ਰੁਪਿਆ ਇਨਵੈਸਟ ਹੋਵੇਗਾ ਔਰ ਸਰਮਾਇਦਾਰ ਨੂੰ 25 ਫ਼ੀ ਸਦੀ ਇਨਵੈਸਟ ਕਰਨਾ ਪੈਣਾ ਹੈ। ਇਹ ਪੰਜਾਬ ਸਰਕਾਰ ਨੇ ਕੀਤਾ ਹੈ ਜਿਸ ਤੇ ਸਾਡਾ ਕੰਟਰੋਲ ਨਹੀਂ ਹੈ।

ਪਬਲਿਕ ਕਾਰਪੋਰੇਸ਼ਨਜ਼ ਦੇ ਚੇਅਰਮੈਨ ਆਪਣੇ ਸਰਕਾਰੀ ਅਫ਼ਸਰ ਬਣਾ ਦਿੱਤੇ ਹਨ। ਐਮ. ਡੀ. ਇੰਡਸਟਰੀਜ਼ ਵਾਲਿਆਂ ਨੇ ਆਪਣੇ ਬਣਾ ਦਿੱਤੇ ਹਨ ਜਿਨ੍ਹਾਂ ਕੋਲ ਸਾਰੀ ਤਾਕਤ ਹੁੰਦੀ ਹੈ। ਇਸ ਵਲ

ਧਿਆਨ ਦੇਣਾ ਚਾਹੀਦਾ ਹੈ । ਸਰਕਾਰ ਦਾ ਰੁਪਿਆ ਸਸਤੇ ਭਾਅ ਨਾਲ ਪ੍ਰਾਈਵੇਟ ਸਰਮਾਇਦਾਰਾਂ ਨੂੰ ਨਹੀਂ ਮਿਲਣਾ ਚਾਹੀਦਾ ਹੈ । ਉਹ ਜੁਆਇੰਟ ਸੈਕਟਰ ਲਗਾ ਕੇ ਸਰਮਾਇਦਾਰ ਨੂੰ ਦਿੰਦੇ ਹਨ, ਕੀ ਇਹੀ ਹੀ ਸਮਾਜਵਾਦ ਦੀ ਪਾਲਿਸੀ ਹੈ ।

ਸਪੀਕਰ ਸਾਹਿਬ, ਮੈਂ ਦੂਜੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਤਾਂ ਪੰਜਾਬ ਵਿਚ ਰਹਿੰਦੀ ਨਹੀਂ ਇਹ ਤਾਂ ਦਿੱਲੀ ਵਿਚ ਰਹਿੰਦੀ ਹੈ । ਸਰਦਾਰ ਉਮਰਾਓ ਸਿੰਘ ਤੇ ਗੇਮਜ਼ ਦੇ ਇਨਚਾਰਜ ਹਨ, ਇਹ ਕਦੇ ਇਰਾਨ, ਕਦੇ ਇੰਗਲੈਂਡ ਅਤੇ ਕਦੇ ਯੂਰਪ ਵਿਚ ਚਲੇ ਜਾਂਦੇ ਹਨ ਅਤੇ ਉਥੇ ਜਾ ਕੇ ਜੋ ਉਹ ਪੰਜਾਬ ਦੀ ਸੇਵਾ ਕਰਦੇ ਹਨ ਉਹ ਮੈਂ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਅਖਬਾਰਾਂ ਵਿਚ ਇਸ ਬਾਰੇ ਖਬਰਾਂ ਛੱਪ ਚੁੱਕੀਆਂ ਹਨ। ਹੋਰ ਵਜ਼ੀਰ ਵੀ ਪੰਜਾਬ ਤੋਂ ਬਾਹਰ ਰਹਿੰਦੇ ਹਨ।

ਪੰਜਾਬ ਦੀ ਕਲਚਰ, ਸਭਿਅਤਾ ਨੂੰ ਉਜਾਗਰ ਕਰਨ ਵਾਸਤੇ ਦਿੱਲੀ ਵਿਚ ਮੇਲਾ ਲਗਿਆ ਸੀ ਜਿਸ ਤੇ 50 ਲੱਖ ਰੁਪਿਆ ਖ਼ਰਚ ਹੋਇਆ ਹੈ । ਉਥੇ ਕੀ ਕੀਤਾ ਗਿਆ, ਗੈਸਟਾਂ ਨੂੰ ਬੁਲਾ ਕੇ ਉਨ੍ਹਾਂ ਨੂੰ ਸ਼ਰਾਬਾਂ ਪਲਾਈਆਂ ਗੋਈਆਂ। ਉਥੇ ਪੰਜਾਬ ਦਾ ਕਲਚਰ ਦਰਸਾਉਣ ਵਾਸਤੇ ਨੰਗੇ ਡਾਂਸ ਕਰਾਏ ਗਏ (ਵਿਘਨ) ਹੋਟਲਾਂ ਵਿਚ ਇਹ ਕੰਮ ਕਰਕੇ ਇਹ ਪੰਜਾਬ ਦੇ ਕਲਚਰ ਦੀ ਮਸ਼ਹੂਰੀ ਕੀਤੀ ਗਈ। (ਵਿਘਨ) ਇਸ ਲਈ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਖ਼ਜ਼ਾਨੇ ਵਿਚੋਂ ਗਲਤ ਢੰਗ ਨਾਲ ਖ਼ਰਚ ਕੀਤਾ ਜਾ ਰਿਹਾ ਹੈ। ਇਸ ਦੀ ਮੈਂ ਨਿੰਦਿਆਂ ਕਰਦਾ ਹਾਂ। ਸਪੀਕਰ ਸਾਹਿਬ, ਇਸ ਤੋਂ ਬਿਨਾ ਮੈਂ ਐਡਮਨਿਸ-ਟ੍ਰੇਸ਼ਨ ਵਲ ਆਉਂਦਾ ਹਾਂ। ਇਕ ਸਵਾਲ ਦੇ ਜਵਾਬ ਵਿਚ ਇਹ ਮੰਨੇ ਕਿ ਪੰਜਾਬ ਵਿਚ 116 ਆਈ. ਏ. ਐਸ. ਔਰ ਕੋਈ 82 ਆਈ. ਪੀ. ਐਸ. ਅਫਸਰ ਪੰਜਾਬ ਵਿਚ ਹਨ। ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਉ ਕਿ ਪੰਜਾਬ ਵਿਚ 12 ਜ਼ਿਲ੍ਹੇ ਹਨ ਅਤੇ ਇਸ ਲਈ ਇਹ ਅਮਲਾ ਕਿੰਨਾ ਥੋੜ੍ਹਾ ਹੈ ਜਾਂ ਕਿੰਨਾਂ ਠੀਕ ਹੈ । ਇਨ੍ਹਾਂ ਨੇ ਟਾਪ ਹੈਵੀ ਐਡਮਨਿਸਟ੍ਰੇਸ਼ਨ ਕਰ ਰੱਖੀ ਹੈ ਅਤੇ ਇਸ ਦੀ ਛਾਂਟੀ ਦੀ ਲੋੜ ਹੈ। ਸੈਕਰੇ-ਟੇਰੀਏਟ ਵਿਚ ਇਕ ਸੈਕਟਰੀ ਹੁੰਦਾ ਹੈ, ਇਕ ਜੁਆਇੰਟ ਸੈਕਟਰੀ ਹੁੰਦਾ ਹੈ, ਐਡੀਸ਼ਨਲ ਸੈਕਟਰੀ ਹੁੰਦਾ ਹੈ । ਇਹ ਐਨੀਆਂ ਪੋਸਟਾਂ ਵੱਧ ਰੱਖੀਆਂ ਹੋਈਆਂ ਹਨ ਕਿ ਇਸ ਵਿਚ ਛਾਂਟੀ ਦੀ ਲੋੜ ਹੈ । ਸਪੀਕਰ ਸਾਹਿਬ ਮੈਂ ਇਹ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਕਿਸੇ ਵੀ ਚੰਗੇ ਸੈਕਰੇਟੇਰੀਏਟ ਜਾਂ ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਦਾ ਫਰਜ਼ ਹੈ ਕਿ ਉਹ ਅਫ਼ਸਰ ਲੋਕਾਂ ਦੇ ਨੇੜੇ ਹੋਣ । ਲੋਕਾਂ ਦੇ ਹਮਦਰਦ ਹੋਣ, ਲੋਕਾਂ ਦੀਆਂ ਗੱਲਾਂ ਨੂੰ ਚੰਗੀ ਤਰ੍ਹਾਂ ਨਾਲ ਸੁਣਨ ਅਤੇ ਅੱਗੇ ਤੱਕ ਪਹੁੰਚਾਉਣ। ਪਰ ਇਥੇ ਸਾਰੀਆਂ ਗੱਲਾਂ ਉਲਟ ਹਨ । ਜੋ ਸਾਡੇ ਸੈਕਰੇਟੇਰੀਏਟ ਵਿਚ ਵੱਡੇ ਵੱਡੇ ਅਫ਼ਸਰ ਬੈਠੇ ਹਨ ਫਾਈਨੈਨਸ਼ਲ ਕਮਿਸ਼ਨਰ, ਸੈਕਟਰੀ ਟੂ ਗੌਰਮਿੰਟ ਨੇ ਅੱਜ ਤੱਕ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਬਤੌਰ ਡਿਪਟੀ ਕਮਿਸ਼ਨਰ ਦੇ ਕੰਮ ਨਹੀਂ ਕੀਤਾ ਹੈ ਇਨ੍ਹਾਂ ਨੂੰ ਫ਼ੀਲਡ ਡਿਊਟੀ ਦਾ ਪਤਾ ਨਹੀਂ ਹੈ ਕਿ ਫ਼ੀਲਡ ਵਿਚ ਲੋਕਾਂ ਨਾਲ ਕਿਸ ਤਰ੍ਹਾਂ ਗੱਲ ਕਰਨੀ ਹੈ । ਉਹ ਕਿਵੇਂ ਇਹੋ ਜਿਹੀ ਪਾਲਿਸੀ ਅਪਣਾ ਸਕਣਗੇ ਜਿਹੜੀ ਕਿ ਇੰਪਲੀਮੈਂਟ ਹੋ ਸਕੇ ।

ਇਸ ਲਈ ਮੈਂ ਕਹਾਂਗਾ ਕਿ ਬਜਾਏ ਇਥੇ ਸੈਕਰੇਟੇਰੀਏਟ ਦਾ ਸ਼ੀਸ਼ ਮਹੱਲ ਬਣਾਉਣ ਦੇ ਇਨ੍ਹਾਂ ਅਫ਼ਸਰਾਂ ਨੂੰ ਡਿਸਪਰਸ ਕਰੋ, ਇਨ੍ਹਾਂ ਨੂੰ ਘਟਾਓ ਅਤੇ ਜ਼ਿਲ੍ਹੇ ਦੇ ਸਟਾਫ਼ ਨੂੰ ਤਕੜਾ ਕਰੋ ਤਾਂ ਕਿ ਉਹ ਲੋਕਾਂ ਦੇ ਜਜ਼ਬਾਤ ਨੂੰ ਦੇਖ ਸਕਣ । ਡਿਪਟੀ ਸਪੀਕਰ ਸਾਹਿਬ, ਇਹੋ ਜਿਹੇ ਇਥੇ ਫ਼ਾਈਨੈਨਸ਼ੀਅਲ ਕਮਿਸ਼ਨਰ ਬੈਠੇ ਹਨ ਜਿਨ੍ਹਾਂ ਨੇ ਲੋਕਾਂ ਦੀਆਂ ਜ਼ਮੀਨਾਂ ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ ਫਿਰ ਉਨ੍ਹਾਂ ਨੇ ਦੂਸਰਿਆਂ ਕੋਲੋਂ ਕਿਸ ਤਰ੍ਹਾਂ ਜ਼ਮੀਨਾਂ ਖਾਲੀ ਕਰਾਉਣੀਆਂ ਹਨ ਜਿਹੜੇ ਆਪ ਹੀ ਨਜਾਇਜ਼ ਤੌਰ ਤੇ ਦੱਬੀ ਬੈਠੇ ਹਨ। ਇਕ ਸੈਕਰੇਟੇਰੀਏਟ ਦਾ ਬਹੁਤ ਵੱਡਾ ਅਫ਼ਸਰ ਹੈ ਜਿਹੜਾ ਕਿ ਫ਼ਾਈਨੈਂਨਸ਼ੀਅਲ

[ਸਰਦਾਰ ਜਸਦੇਵ ਸਿੰਘ ਸੰਧੂ]

ਕਮਿਸ਼ਨਰ ਦੇ ਅਹੁਦੇ ਤੇ ਹੈ ਉਸ ਨੇ ਆਪਣੇ ਪਿੰਡ ਦੀ ਜੋ ਮੁਰੱਬਾ-ਬੰਦੀ ਤੋਂ ਬਾਅਦ ਜ਼ਮੀਨ ਬਚੀ ਸੀ, ਉਹ 40 ਕਿਲੇ ਜ਼ਮੀਨ ਤੇ ਉਸ ਨੇ ਕਬਜ਼ਾ ਕੀਤਾ ਹੋਇਆ ਹੈ। ਇਹੋ ਜਿਹੇ ਬੰਦੇ ਜਿਹੜੇ ਆਪ ਹੀ ਜ਼ਮੀਨਾਂ ਸਾਂਭੀ ਬੈਠੇ ਹਨ ਉਹ ਕਦੋਂ ਸਰਪਲੱਸ ਜ਼ਮੀਨਾਂ ਕੱਢ ਕੇ ਲੋਕਾਂ ਵਿਚ ਵੰਡਣਗੇ। ਇਸ ਕਰਕੇ ਜਿਹੜੇ ਇਹੋ ਜਿਹੇ ਅਫ਼ਸਰ ਹਨ ਜਿਹੜੇ ਕਿ ਸਰਕਾਰੀ ਕੰਮਾਂ ਦੀ ਵਿਰੋਧਤਾ ਕਰਦੇ ਹਨ, ਉਲਟ ਚੱਲਦੇ ਹਨ, ਇਨ੍ਹਾਂ ਵੱਲ ਧਿਆਨ ਕਰਨਾ ਚਾਹੀਦਾ ਹੈ। ਕਈ ਅਫ਼ਸਰ ਇਹੋ ਜਿਹੇ ਹਨ ਜਦ ਫ਼ੈਸਲਾ ਹੁੰਦਾ ਹੈ ਤਾਂ ਜਿਹੜੇ ਮਹਿਕਮੇ ਦੀ ਅਪੀਲ ਹੁੰਦੀ ਹੈ ਉਸ ਮਹਿਕਮੇ ਦੇ ਅਫ਼ਸਰ ਕੋਲੋਂ ਹੀ ਲਿਖਾਉਂਦੇ ਹਨ। ਸਾਡੇ ਕੋਲ ਅਜਿਹੇ ਵੀ ਇਨਸਟਾਂਸ ਹਨ ਉਥੇ ਅਪੀਲ ਸੁਣਨ ਵਾਲੇ ਅਫ਼ਸਰ ਨੇ ਫ਼ੈਸਲਾ ਹੋਰ ਸੁਣਾਇਆ ਹੋਵੇ ਪਰ ਮਹਿਕਮੇ ਦੇ ਅਫ਼ਸਰ ਨੇ ਕੁਝ ਹੋਰ ਹੀ ਲਿਖਿਆ ਹੋਵੇ। ਇਹੋ ਜਿਹੇ ਅਫ਼ਸਰ ਇਨ੍ਹਾਂ ਦੇ ਸੈਕਰੇਟੇਰੀਏਟ ਵਿਚ ਬੈਠੇ ਹੋਏ ਹਨ। ਮੈਂ ਉਨ੍ਹਾਂ ਦਾ ਨਾਮ ਨਹੀਂ ਲੈਣਾ ਚਾਹੁੰਦਾ। ਅਸੀਂ ਇਹ ਸਾਬਤ ਕਰ ਦਿਆਂਗੇ। ਮੈਂ ਉਨ੍ਹਾਂ ਦੇ ਨਾਮ ਨਹੀਂ ਲੈਣਾ ਚਾਹੁੰਦਾ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਦੱਸ ਦਿਆਂਗਾ। ਜਿਸ ਤਰ੍ਹਾਂ ਇਹੋ ਜਿਹੇ ਅਫ਼ਸਰ ਇਨ੍ਹਾਂ ਕੋਲੋਂ ਪੰਜਾਬ ਵਿਚ ਰਾਜ ਕਰਾਉਣਾ ਚਾਹੁੰਦੇ ਹਨ, ਇਸ ਤਰ੍ਹਾਂ ਉਹ ਪੰਜਾਬ ਦਾ ਬੇੜਾ ਡਬੋ ਦੇਣਗੇ। ਸੈਕਰੇਟੇਰੀਏਟ ਵਿਚ ਅਸਾਮੀਆਂ ਨੂੰ ਘੱਟ ਕਰੋ। ਇਹੋ ਜਿਹੇ ਅਫ਼ਸਰ, ਜਿਨ੍ਹਾਂ ਨੇ ਲੋਕਾਂ ਦਾ ਦੁੱਖ ਨਹੀਂ ਵੇਖਿਆ ਉਨ੍ਹਾਂ ਨੂੰ ਇਥੋਂ ਕੱਢੋ। ਡਿਪਟੀ ਸਪੀਕਰ ਸਾਹਿਬ, ਇਕ ਸਭ ਤੋਂ ਵੱਡੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੀ ਐਡਮਨਿਸਟਰੇਸ਼ਨ ਵਿਚ ਜਿਹੜੇ ਅਫ਼ਸਰ ਹਨ, ਉਨ੍ਹਾਂ ਅਫ਼ਸਰਾਂ ਵਿਚ ਪਾਰਟੀਬਾਜ਼ੀ ਹੈ। ਤੁਸੀਂ ਪੁਲਿਸ ਦੀ ਗੱਲ ਲੈ ਲਵੋ। ਇਸ ਦੇ ਵਿਚ ਪਾਰਟੀਬਾਜ਼ੀ ਮੰਨੀ ਹੋਈ ਹੈ। ਪਿਛੇ ਜਿਹੇ ਤੁਸੀਂ ਅਖ਼ਬਾਰਾਂ ਵਿਚ ਪੜ੍ਹਿਆ ਸੀ, ਅਜੀਤ ਅਖ਼ਬਾਰ ਵਿਚ ਇਕ ਖ਼ਬਰ ਆਈ ਸੀ ਪਹਿਲੇ ਸਫ਼ੇ ਤੇ --ਅਜੀਤ ਅਖ਼ਬਾਰ ਕਾਂਗਰਸ ਦਾ ਮੁਦੱਈ ਹੈ--ਉਸ ਨੇ ਬੜੀ ਵੱਡੀ ਖ਼ਬਰ ਦਿੱਤੀ ਸੀ ਕਿ ਪੁਲਿਸ ਵਿਚ ਬੜੀ ਭਾਰੀ ਬੇਚੈਨੀ ਫ਼ੈਲੀ ਹੋਈ ਹੈ। ਕਿਸ ਤਰ੍ਹਾਂ ਇਸ ਮਹਿਕਮੇ ਵਿਚ ਛੋਟੇ ਅਤੇ ਵੱਡੇ ਕਰਮਚਾਰੀ ਹਨ, ਉਹ ਬੜੇ ਬੇਚੈਨ ਹਨ ਅਤੇ ਐਨੀ ਪਾਰਟੀਬਾਜ਼ੀ ਪੈਦਾ ਹੋ ਗਈ ਹੈ ਕਿ ਪਤਾ ਨਹੀਂ ਕਿਸ ਵੇਲੇ ਯੂ. ਪੀ. ਵਾਂਗ ਪੰਜਾਬ ਦੀ ਪੁਲਿਸ ਵਿਚ ਲਾਵਾ ਫੁੱਟ ਪਵੇ। ਇਹ ਖ਼ਬਰ ਅਜੀਤ ਅਖ਼ਬਾਰ ਦੀ ਹੈ, ਇਹ ਮੈਂ ਕੋਈ ਆਪਣੇ ਕੋਲੋਂ ਨਹੀਂ ਕਹਿ ਰਿਹਾ। ਇਹ ਖ਼ਬਰ ਅਜੀਤ ਅਖ਼ਬਾਰ ਦੇ ਪਹਿਲੇ ਸਫ਼ੇ ਤੇ ਹੈ। ਇਸ ਲਈ ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਉਸ ਨੇ ਤੁਹਾਨੂੰ ਵਾਰਨਿੰਗ ਦਿੱਤੀ ਹੈ ਕਿ ਪੁਲਿਸ ਵਿਚ ਕਿਸ ਤਰ੍ਹਾਂ ਕੰਮ ਚੱਲ ਰਿਹਾ ਹੈ। ਕਿਸ ਤਰੀਕੇ ਨਾਲ ਇਥੇ ਪਾਰਟੀਬਾਜ਼ੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ। ਕਈ ਵੱਡੇ ਅਫ਼ਸਰ ਅਜਿਹੇ ਹੁੰਦੇ ਹਨ ਜਿਹੜੇ ਕਿ ਇਹ ਕਹਿੰਦੇ ਹਨ ਕਿ ਨਾ ਮੈਂ ਵਜ਼ੀਰ ਦਾ ਅਤੇ ਨਾ ਹੀ ਆਪਣੇ ਆਈ. ਜੀ. ਦਾ ਨਾਜਾਇਜ਼ ਹੁਕਮ ਮੰਨਣਾ ਹੈ। ਅਜਿਹੇ ਅਫ਼ਸਰ ਨਾ ਜ਼ਿਲ੍ਹੇ ਵਿਚ ਟਿੱਕ ਸਕਦੇ ਹਨ ਅਤੇ ਨਾ ਹੀ ਰੇਂਜ ਵਿਚ ਟਿੱਕ ਸਕਦੇ ਹਨ। ਪਰ ਜਿਹੜਾ ਕਹੇਗਾ ਕਿ ਮੈਂ ਤੁਹਾਡੇ ਕਹਿਣ ਮੁਤਾਬਿਕ ਚੱਲਾਂਗਾ ਉਸ ਦੀ ਬਦਲੀ ਨਹੀਂ ਹੁੰਦੀ ਪਰ ਜਿਹੜੇ ਅਫ਼ਸਰ ਇਨ੍ਹਾਂ ਦੇ ਨਾਜਾਇਜ਼ ਹੁਕਮ ਨਹੀਂ ਮੰਨਦੇ ਉਨ੍ਹਾਂ ਦੀ ਝੱਟ ਬਦਲੀ ਕੀਤੀ ਜਾਂਦੀ ਹੈ। ਜਿਹੜਾ ਸਰਕਾਰੀ ਅਫ਼ਸਰ ਜਾਂ ਦੂਸਰਾ ਅਫ਼ਸਰ ਚੰਦਾ ਇਕੱਠਾ ਨਹੀਂ ਕਰ ਸਕਦਾ ਉਸ ਅਫ਼ਸਰ ਨੂੰ ਫ਼ੌਰਨ ਬਦਲਿਆ ਜਾਂਦਾ ਹੈ। ਇਸ ਤਰੀਕੇ ਨਾਲ ਪੰਜਾਬ ਦੇ ਵੱਡੇ ਵੱਡੇ ਅਤੇ ਛੋਟੇ ਅਫ਼ਸਰ ਇਸ ਗੱਲ ਤੇ ਬਦਲੇ ਗਏ ਕਿ ਉਨ੍ਹਾਂ ਨੇ ਕਿਹਾ ਕਿ ਇਸ ਤਰੀਕੇ ਨਾਲ ਅਸੀਂ ਲਾਅ ਐਂਡ ਆਰਡਰ ਅਸੀਂ ਨਹੀਂ ਚਲਾ ਸਕਦੇ। (ਵਿਘਨ) ਇਸ ਲਈ ਏ. ਐਸ. ਆਈਜ਼. ਨੂੰ ਠੀਕ ਢੰਗ ਨਾਲ ਥਾਣਿਆਂ ਵਿਚ ਲਾਇਆ ਜਾਵੇ। ਇਸ ਲਈ ਜਨਰਲ ਐਡਮਨਿਸਟਰੇਸ਼ਨ ਦੀ ਹਾਲਤ ਜਿਹੜੀ ਹੈ, ਇਸ ਨੂੰ ਤੁਸੀਂ

ਠੀਕ ਕਰੋ ਨਹੀਂ ਤਾਂ ਇਸਦੇ ਨਤੀਜੇ ਬੜੇ ਭੈੜੇ ਨਿਕਲਣਗੇ । (ਵਿਘਨ)

ਡਾਕਟਰ ਅਮੀਰ ਸਿੰਘ ਕਲੱਕਟ : ਮੈਂ ਪੁਛਣਾ ਚਾਹੁੰਦਾ ਹਾਂ ਕਿ ਹੁਣ ਇਹ ਥਾਣੇ ਵਿਕਦੇ ਨਹੀਂ ਹਨ ਜਿਸ ਤਰ੍ਹਾਂ ਇਹ (ਅਕਾਲੀ ਪਾਰਟੀ ਵੱਲ ਇਸ਼ਾਰਾ) ਵੇਚਦੇ ਸਨ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਹੁਣ ਤਾਂ ਥਾਣਿਆਂ ਦੀ ਇਹ ਹਾਲਤ ਹੈ ਕਿ ਉਦੋਂ ਤੱਕ ਉਥੇ ਰਿਪੋਰਟ ਨਹੀਂ ਲਿਖੀ ਜਾਂਦੀ ਜਦ ਤੱਕ ਕਾਂਗਰਸ ਦੇ ਘਰ ਜਾ ਕੇ ਚੜ੍ਹਾਵਾ ਨਾ ਚੜ੍ਹਾਇਆ ਜਾਵੇ । ਇਥੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਗੱਲ ਚੱਲੀ ਸੀ ਕਿ ਉਹ ਚੌਧਰੀਆਂ ਦਾ ਇਲਾਕਾ ਹੈ, ਫਿਰ ਉਹ ਚੋਵਾਂ ਦਾ ਹੋ ਗਿਆ ਅਤੇ ਫਿਰ ਡਾਕਟਰਾਂ ਦਾ ਹੋ ਗਿਆ, ਉਹ ਵੀ ਜਿਸ ਕਿਸੇ ਡਾਕਟਰ ਦੀ ਬਾਂਹ ਨਹੀਂ, ਕਿਸੇ ਦੀ ਲੱਤ ਨਹੀਂ ਅਤੇ ਕਿਸੇ ਦੀ ਮੱਤ ਨਹੀਂ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਤਰੀਕੇ ਨਾਲ ਪੰਜਾਬ ਦੀ ਪੁਲਿਸ ਚੱਲ ਰਹੀ ਹੈ, ਪੰਜਾਬ ਦੀ ਐਡਮਨਿਸਟਰੇਸ਼ਨ ਚੱਲ ਰਹੀ ਹੈ, ਅਤੇ ਪੰਜਾਬ ਸਰਕਾਰ ਦੀ ਮਸ਼ੀਨਰੀ ਚੱਲ ਰਹੀ ਹੈ ਉਸ ਨਾਲ ਪੰਜਾਬ ਦੇ ਲੋਕਾਂ ਵਿਚ ਬੇਚੈਨੀ ਫ਼ੈਲੀ ਹੋਈ ਹੈ । ਉਸ ਨਾਲ ਪੰਜਾਬ ਦੀਆਂ ਸਰਵਿਸਿਜ਼ ਵਿਚ ਬੜੀ ਭਾਰੀ ਬੇਚੈਨੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਸਾਲ ਕੁਝ ਅਫ਼ਸਰਾਂ ਨੂੰ ਸਿਲੈਕੱਸ਼ਨ ਗਰੇਡ ਵਾਸਤੇ ਸਿਲੈਕੱਟ ਕੀਤਾ ਸੀ । ਉਸ ਦੀ ਸਿਲੈਕੱਸ਼ਨ ਲਿਸਟ ਆਈ ਹੈ ਜਿਹੜੇ ਜਿਹੜੇ ਪਾਸ ਕੀਤੇ ਹਨ । ਛੇ ਅਫ਼ਸਰ ਲਏ ਗਏ ਹਨ । ਦੋ ਹਰੀਜਨ ਅਫ਼ਸਰ ਸਨ ਇਕ ਸ੍ਰੀ ਅਮਰੀਕ ਸਿੰਘ ਅਦੇ ਦੂਜਾ ਚੌਧਰੀ ਪ੍ਰੀਤਮ ਸਿੰਘ ਬਾਲਾ, ਉਹ ਨਹੀਂ ਲਏ ਗਏ । ਇਨ੍ਹਾਂ ਦੀ ਮਨਜ਼ੂਰੀ ਨਹੀਂ ਆਈ । ਇਹ ਪਤਾ ਨਹੀਂ ਕਿਸ ਕਰਕੇ ਨਹੀਂ ਲਏ ਗਏ ਫਿਰ ਇਹ ਕਹਿੰਦੇ ਹਨ ਕਿ ਸਾਡੀ ਹਰੀਜਨਾਂ ਨਾਲ ਹਮਦਰਦੀ ਹੈ । ਜੇ ਹਰੀਜਨਾਂ ਕੋਲੋਂ ਫ਼ਾਇਦਾ ਲੈਣਾ ਹੋਵੇ ਤਾਂ ਆਪ ਉਨ੍ਹਾਂ ਦੇ ਠੇਕੇਦਾਰ ਬਣ ਜਾਂਦੇ ਹਨ ਪਰ ਜੇ ਉਨ੍ਹਾਂ ਦੀ ਭਲਾਈ ਦਾ ਕੰਮ ਹੋਵੇ ਤਾਂ ਪਿੱਛੇ ਹੋ ਜਾਂਦੇ ਹਨ । (ਵਿਘਨ) ਜਿਹੜੀ ਸਿਲੈਕੱਸ਼ਨ ਲਿਸਟ ਆਈ ਹੈ, ਉਨ੍ਹਾਂ ਦੋਨਾਂ ਅਫ਼ਸਰਾਂ ਦੇ ਨਾਲ ਦੇ ਵਿਚ ਲਏ ਗਏ ਹਨ ਪਰ ਉਨ੍ਹਾਂ ਦੋਨਾਂ ਦੀ ਮਨਜ਼ੂਰੀ ਨਹੀਂ ਆਈ, ਉਨ੍ਹਾਂ ਨੂੰ ਨਹੀਂ ਲਿਆ ਗਿਆ । ਕੀ ਇਸ ਕਰਕੇ ਕਿ ਉਹ ਹਰੀਜਨ ਹਨ ? ਕਿਉਂਕਿ ਉਨ੍ਹਾਂ ਦੀ ਹੋਰ ਕੋਈ ਪੁਛ ਪੜਤਾਲ ਨਹੀਂ ਹੈ ਜਾਂ ਇਸ ਕਰਕੇ ਕਿ ਉਹ ਚੰਦਾ ਇਕੱਠਾ ਕਰਕੇ ਨਹੀਂ ਦੇ ਸਕਦੇ । ਇਸ ਲਈ ਇਹ ਤਰੀਕਾ ਬੰਦ ਹੋਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਸਰਵਿਸਿਜ਼ ਨੂੰ ਡੀਮਾਰੇਲਾਈਜ਼ ਕੀਤਾ ਜਾਂਦਾ ਹੈ, ਉਸ ਦੀ ਮਿਸਾਲ ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇਥੇ ਇਕ ਪੰਜਾਬ ਬਰਿਊਰੀ ਕੰਪਨੀ ਬਣਾਈ ਹੈ ਜਿਸ ਦੇ ਐਮ. ਡੀ. ਇਕ ਆਈ. ਏ. ਐਸ. ਅਫ਼ਸਰ ਹਨ, ਜਿਸ ਨੂੰ ਬੁਲਾ ਕੇ ਕੁਝ ਸਰਕਾਰ ਦੇ ਵੱਡੇ ਵੱਡੇ ਪਰਭੂਆਂ ਨੇ ਕਿਹਾ ਕਿ ਇਸ ਕੰਪਨੀ ਦੀ ਜੋ ਬਰਿਊਰੀ ਬਣੇਗੀ ਉਸ ਦੀ ਡਿਸਟਰੀਬਿਊਸ਼ਨ ਦਾ ਠੇਕਾ ਵੱਡੇ ਹੋਟਲ ਵਾਲੇ ਓਬਰਾਏ ਨੂੰ ਦੇ ਦਿਉ । ਉਸ ਨੇ ਕਿਹਾ ਕਿ ਇਹ ਬਿਲਕੁਲ ਗਲਤ ਹੈ । ਜੇ ਸਰਕਾਰ ਨੇ ਪੈਸੇ ਕਮਾਉਣੇ ਹਨ ਤਾਂ ਸਰਕਾਰ ਇਸ ਨੂੰ ਬੰਦ ਕਰੇ । ਉਸ ਦੇ ਜਵਾਬ ਤੋਂ ਬਾਅਦ ਉਸ ਨੂੰ ਮਜਬੂਰ ਕੀਤਾ ਗਿਆ ਕਿ ਉਹ ਉਸ ਪੋਸਟ ਨੂੰ ਛੱਡੇ । ਇਸ ਕਰਕੇ ਉਸ ਨੂੰ ਉਸ ਪੋਸਟ ਤੋਂ ਅਸਤੀਫ਼ਾ ਦੇਣਾ ਪਿਆ । ਇਸ ਕਰਕੇ ਕਿ ਉਹ ਆਈ. ਏ. ਐਸ. ਅਫ਼ਸਰ ਇਨ੍ਹਾਂ ਦੇ ਨਾਜਾਇਜ਼ ਕੰਮ ਵਿਚ ਇਨ੍ਹਾਂ ਦਾ ਭਾਈਵਾਲ ਨਹੀਂ ਬਣਿਆ । ਇਸ ਤਰੀਕੇ ਨਾਲ ਆਈ. ਏ. ਐਸ. ਅਫ਼ਸਰ ਜਾਂ ਵੱਡੀ ਸਰਵਿਸ ਵਾਲੇ ਜਿਹੜੇ ਅਫ਼ਸਰ ਹਨ, ਜੇ ਉਹ ਇਨਸਾਫ਼ ਦੀ ਗੱਲ ਕਰਦੇ ਹਨ ਤਾਂ ਉਸ ਨੂੰ ਡੀਮਾਰੇਲਾਈਜ਼ ਕਰਦੇ ਹਨ । ਇਹੀ ਨਹੀਂ ਇਸ ਵੇਲੇ ਸੈਕਰੇਟੇਰੀਏਟ ਵਿਚ ਬਹੁਤ ਸਾਜ਼ਸ਼ਾਂ ਚੱਲ ਰਹੀਆਂ ਹਨ । ਆਈ. ਜੀ. ਦੇ ਖਿਲਾਫ਼ ਕਾਂਗਰਸ ਦੇ 10 ਐਮ. ਐਲ. ਏ. ਚੀਫ਼ ਮਨਿਸਟਰ ਨੂੰ

[ਸਰਦਾਰ ਜਸਦੇਵ ਸਿੰਘ ਸੰਧੂ]

ਕਹਿੰਦੇ ਹਨ ਕਿ ਉਸ ਨੂੰ ਬਦਲਿਆ ਜਾਵੇ ਅਤੇ 10 ਐਮ. ਐਲ. ਏ. ਦੂਸਰੇ ਦੇ ਖਿਲਾਫ਼ ਜਾਂਦੇ ਹਨ। ਇਸੇ ਤਰ੍ਹਾਂ ਚੀਫ਼ ਸੈਕਟਰੀ ਦੇ ਖਿਲਾਫ਼ ਕਹਿੰਦੇ ਹਨ। ਇਨ੍ਹਾਂ ਦਾ ਇਕ ਧੜਾ ਕਹਿੰਦਾ ਹੈ ਕਿ ਚੀਫ਼ ਸੈਕਟਰੀ ਨੂੰ ਬਦਲਿਆ ਜਾਵੇ ਅਤੇ ਹੋਰ ਇਸ ਦੀ ਥਾਂ ਤੇ ਲਵੋ। ਇਸ ਕਿਸਮ ਦੀ ਇਥੇ ਕੋਸ਼ਿਸ਼ ਹੋ ਰਹੀ ਹੈ। ਭਾਵੇਂ ਕਿਸੇ ਨੂੰ ਤਜਰਬਾ ਹੈ ਜਾਂ ਨਹੀਂ ਪਰ ਇਹ ਕਹਿੰਦੇ ਹਨ ਕਿ ਹੋਰ ਨੂੰ ਲਗਾ ਦਿਉ। ਚਾਹੇ ਉਹ ਵਿਦਿਅਕ ਯੋਗਤਾ ਰੱਖਦਾ ਹੈ ਜਾਂ ਨਹੀਂ ਪਰ ਇਨ੍ਹਾਂ ਨੂੰ ਆਪਣੀ ਮਰਜ਼ੀ ਦਾ ਆਦਮੀ ਚਾਹੀਦਾ ਹੈ। ਇਸ ਤਰ੍ਹਾਂ ਹੁਣ ਚੀਫ਼ ਸੈਕਟਰੀ ਨੂੰ ਬਦਲਣ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਕਿ ਉਹ ਇਨ੍ਹਾਂ ਕਾਂਗਰਸੀਆਂ ਦਾ ਹੱਥ ਝੋਕਾ ਬਣ ਸਕੇ। ਜਿਥੇ ਐਨੀ ਪਾਰਟੀਬਾਜ਼ੀ ਹੋਵੇ, ਵੱਡੇ ਵੱਡੇ ਅਫ਼ਸਰਾਂ ਨੂੰ ਯਕੀਨ ਨਾ ਹੋਵੇ ਕਿ ਮੈਂ ਗ਼ਲਤ ਕੰਮ ਕੀਤੇ ਬਗ਼ੈਰ ਨਹੀਂ ਰਹਿ ਸਕਦਾ ਤਾਂ ਮੈਂ ਸਮਝਦਾ ਹਾਂ ਕਿ ਅਜਿਹੀ ਸਰਕਾਰ ਕਿਸ ਤਰ੍ਹਾਂ ਚੱਲ ਸਕੇਗੀ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਜਿਸ ਤਰੀਕੇ ਨਾਲ ਸਾਡੇ ਵੱਡੇ ਵੱਡੇ ਅਫ਼ਸਰਾਂ ਜਿਸ ਤਰ੍ਹਾਂ ਆਈ. ਪੀ. ਐਸ. ਅਤੇ ਆਈ. ਏ. ਐਸ. ਅਫ਼ਸਰਾਂ ਦੀ ਬਹੁਤ ਭਾਰੀ ਗਿਣਤੀ ਹੈ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਘੱਟੋ ਘੱਟ 3 ਸਾਲਾਂ ਵਾਸਤੇ ਹੋਰ ਕੋਈ ਨਵਾਂ ਆਈ. ਪੀ. ਐਸ. ਅਤੇ ਆਈ. ਏ. ਐਸ. ਅਫ਼ਸਰ ਨਾ ਲਿਆ ਜਾਵੇ। ਜੋ ਸਾਡੀਆਂ ਸਟੇਟ ਦੀਆਂ ਸਰਵਿਸਿਜ਼ ਹਨ, ਜਿਨ੍ਹਾਂ ਦੀ ਭਰਤੀ ਪਿਛਲੇ ਕਈ ਸਾਲਾਂ ਤੋਂ ਬੰਦ ਹੈ, ਉਹ ਭਰਤੀ ਕੀਤੀ ਜਾਵੇ। ਜਿਵੇਂ ਕਿ ਪੀ. ਸੀ. ਐਸ. ਦੀ ਭਰਤੀ ਬੰਦ ਹੈ। ਇਸ ਲਈ ਇਨ੍ਹਾਂ ਪੰਜਾਬ ਦੀਆਂ ਸਰਵਿਸਿਜ਼ ਨੂੰ ਉਤਾਂਹ ਚੁੱਕਿਆ ਜਾਵੇ ਅਤੇ ਜਿਹੜੀ ਉਨ੍ਹਾਂ ਦੀ ਭਰਤੀ ਬੰਦ ਹੈ, ਉਹ ਕੀਤੀ ਜਾਵੇ ਅਤੇ ਆਈ. ਏ. ਐਸ. ਅਤੇ ਆਈ. ਪੀ. ਐਸ. ਅਫ਼ਸਰਾਂ ਦੀ ਭਰਤੀ ਘਟਾਈ ਜਾਵੇ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਮੌਕੇ ਲੋਕਾਂ ਨੂੰ ਇਨ੍ਹਾਂ ਤੋਂ ਇਨਸਾਫ਼ ਦੀ ਕੀ ਉਮੀਦ ਹੋ ਸਕਦੀ ਹੈ ? ਇਸ ਬਾਰੇ ਮੈਂ ਦੱਸਦਾ ਹਾਂ। ਸਾਡੇ ਹਾਊਸ ਦੇ ਇਕ ਮਾਨਯੋਗ ਮੈਂਬਰ, ਸਰਦਾਰ ਪ੍ਰੇਮ ਸਿੰਘ ਪ੍ਰੇਮ ਹਨ। ਉਨ੍ਹਾਂ ਦੇ ਰਿਸ਼ਤੇਦਾਰ ਨੇ ਐਸ. ਡੀ. ਓ., ਰਾਜਪੁਰਾ ਨੂੰ ਅਰਜ਼ੀ ਦਿੱਤੀ ਕਿ ਮੈਨੂੰ ਤੁਹਾਡੇ ਤੋਂ ਇਨਸਾਫ਼ ਦੀ ਤਵੱਕੋ ਨਹੀਂ ਹੈ ਕਿਉਂਕਿ ਤੁਸੀਂ ਇਕ ਪਾਰਟੀ ਦੀ ਹਮਾਇਤ ਕਰਦੇ ਹੋ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਦ ਕਾਂਗਰਸੀਆਂ ਨੂੰ ਆਪਣੇ ਕਾਂਗਰਸ ਦੇ ਰਾਜ ਵਿਚ ਅਫ਼ਸਰਾਂ ਕੋਲੋਂ ਇਨਸਾਫ਼ ਦੀ ਉਮੀਦ ਨਹੀਂ ਹੈ, ਕਿਉਂਕਿ ਉਹ ਸਮਝਦੇ ਹਨ ਕਿ ਕਾਂਗਰਸ ਦਾ ਦੂਜਾ ਧੜਾ ਸਾਡੇ ਨਾਲ ਬੇਇਨਸਾਫ਼ੀ ਕਰਨ ਤੇ ਤੁਲਿਆ ਹੋਇਆ ਹੈ ਤਾਂ ਫ਼ਿਰ ਲੋਕਾਂ ਨੂੰ ਇਨਸਾਫ਼ ਕਿਸ ਤਰ੍ਹਾਂ ਮਿਲੇਗਾ। ਉਨ੍ਹਾਂ ਵਿਚ ਬੜੀ ਭਾਰੀ ਬੇਚੈਨੀ ਹੈ। ਇਹ ਤਾਂ ਮੈਂ ਇਕ ਮਿਸਾਲ ਦਿੱਤੀ ਹੈ। ਪੁਲਿਸ ਵਾਲਿਆਂ ਦਾ ਫ਼ਰਜ਼ ਹੁੰਦਾ ਹੈ ਕਿ ਜਦ ਕੋਈ ਉਨ੍ਹਾਂ ਪਾਸ ਰਿਪੋਰਟ ਦਰਜ ਕਰਾਉਣ ਜਾਵੇ ਤਾਂ ਉਹ ਉਸ ਦੀ ਰਿਪੋਰਟ ਦਰਜ ਕਰਨ ਪਰ ਇਸ ਮੌਕੇ ਤੇ ਜੇ ਕਤਲ ਵੀ ਹੋ ਜਾਵੇ, ਤਾਂ ਉਨ੍ਹਾਂ ਦੀ ਵੀ ਰਿਪੋਰਟ ਇਸ ਕਰਕੇ ਨਹੀਂ ਲਿਖੀ ਜਾਂਦੀ ਕਿ ਦੂਜੇ ਪਾਸਿਉਂ ਕਾਂਗਰਸੀਆਂ ਦਾ ਦਬਾਉ ਪਿਆ ਹੁੰਦਾ ਹੈ। ਇਹੋ ਜਿਹਾ ਇਕ ਹੀ ਕੇਸ ਨਹੀਂ ਹੈ, ਬੇਸ਼ੁਮਾਰ ਕੇਸਿਜ਼ ਹਨ। ਜਦ ਸਾਡੇ ਤੇ ਹਮਲ ਹੋਣ, ਸਾਡੇ ਬੰਦੇ ਕਤਲ ਹੋਣ, ਸਾਡੇ ਆਦਮੀਆਂ ਨੂੰ ਧਮਕੀਆਂ ਦਿੱਤੀਆਂ ਜਾਣ ਪਰ ਸਾਡੀ ਰਿਪੋਰਟ ਦਰਜ ਨਾ ਕੀਤੀ ਜਾਵੇ। ਮੈਂ ਇਕੱਲਾ ਇਕੱਲਾ ਕੇਸ ਇਥੇ ਨਹੀਂ ਦੱਸਣਾ ਚਾਹੁੰਦਾ, ਸੀ. ਐਮ. ਨੂੰ ਦੱਸਾਂਗੇ। ਜਦ ਪੰਜਾਬ ਵਿਚ ਇਹ ਹਾਲਤ ਹੋਵੇ ਅਤੇ ਵੱਡੇ ਵੱਡੇ ਅਫ਼ਸਰ ਜਿਸ ਤਰ੍ਹਾਂ ਡੀ. ਆਈ. ਜੀ. ਅਤੇ ਐਸ. ਐਸ. ਪੀ. ਤਕ ਇਸ ਕਾਂਗਰਸ ਦੇ ਪਰਭਾਵ ਥੱਲੇ ਹੋਣ ਅਤੇ ਉਹ ਕਹਿਣ ਕਿ ਅਸੀਂ ਤੁਹਾਡਾ ਕੁਝ ਨਹੀਂ ਕਰ ਸਕਦੇ ਤਾਂ ਮੈਂ ਸਮਝਦਾ ਹਾਂ ਕਿ ਸਾਡੇ ਦੇਸ਼ ਦਾ ਕੀ ਬਣੇਗਾ, ਜਨਤਾ ਦਾ ਕੀ ਬਣੇਗਾ। ਤੁਸੀਂ ਅੰਦਾਜ਼ਾ ਲਗਾਓ ਇਸ ਤਰ੍ਹਾਂ ਜਨਤਾ ਨੂੰ ਕੀ ਇਨਸਾਫ਼ ਮਿਲੇਗਾ। ਲੋਕੀਂ ਫਿਰ ਇਨਸਾਫ਼ ਦੀ ਕੀ ਉਮੀਦ ਰੱਖ ਸਕਦੇ ਹਨ।

ਇਸ ਲਈ ਮੈਂ ਸਮਝਦਾ ਹਾਂ ਕਿ ਇਹ ਸਰਕਾਰ ਫ਼ੇਲ੍ਹ ਹੋਈ ਹੈ ਕਿ ਪੰਜਾਬ ਦੇ ਵਿਚ ਅਮਨ ਅਮਾਨ ਰੱਖਿਆ ਜਾਵੇ, ਪ੍ਰਬੰਧਕ ਮਸ਼ੀਨਰੀ ਜਿਹੜੀ ਹੈ ਉਹ ਬਿਨਾਂ ਪਾਰਟੀਬਾਜ਼ੀ ਦੇ ਚੱਲ ਸਕੇ ।

ਸ੍ਰੀ ਡਿਪਟੀ ਸਪੀਕਰ : ਸੰਧੂ ਸਾਹਿਬ, ਵਾਇੰਡ ਅੱਪ ਕਰ ਦਿਉ ਹੁਣ । (ਵਿਘਨ) ਤੁਹਾਡੇ 45 ਮਿੰਟ ਬਣਦੇ ਹਨ । ਜੇ ਕਿਸੇ ਹੋਰ ਮੈਂਬਰ ਸਾਹਿਬ ਨੇ ਤੁਹਾਡੇ ਵਿਚੋਂ ਨਹੀਂ ਬੋਲਣਾ ਤਾਂ ਤੁਸੀਂ ਬੋਲ ਸਕਦੇ ਹੋ ਨਹੀਂ ਤਾਂ ਵਾਇੰਡ ਅੱਪ ਕਰ ਦਿਓ । (Sandhu Sahib, please wind up now. (*Interruption*) Forty five minutes have been allotted to your party. If no other hon. Member from your side wants to speak, then you may continue, otherwise please wind up.)

ਸਰਦਾਰ ਜਸਦੇਵ ਸਿੰਘ ਸੰਧੂ : ਬਸ ਜੀ, ਮੈਂ ਦੋ ਮਿੰਟਾਂ ਵਿਚ ਹੀ ਵਾਇੰਡ ਅੱਪ ਕਰ ਦਿੰਦਾ ਹਾਂ ਜੀ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਕੋਆਪਰੇਟਿਵ ਦਾ ਮਹਿਕਮਾ ਹੈ ਉਹ ਕੁਰੱਪਸ਼ਨ ਦਾ ਮਹਿਕਮਾ ਬਣਿਆ ਹੋਇਆ ਹੈ । (ਵਿਘਨ)

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਇਸ ਡਿਮਾਂਡ ਨਾਲ ਤਾਂ ਇਸ ਦੀ ਕੋਈ ਰੈਲੇਵੈਂਸੀ ਨਹੀਂ ਹੈ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਦੱਸਦਾ ਹਾਂ ਕਿ ਕੀ ਰੈਲੇਵੈਂਸੀ ਹੈ । (ਵਿਘਨ) ਸੁਣ ਤਾਂ ਲਓ, ਅਸੀਂ ਇਕੱਠੇ ਬੈਠ ਕੇ ਪੜ੍ਹੇ ਹਾਂ । (ਵਿਘਨ)

ਮਾਲ ਅਤੇ ਚੋਣ ਮੰਤਰੀ : ਆਨ ਏ ਪੁਆਇੰਟ ਆਫ਼ ਪ੍ਰਸਨਲ ਐਕਸਪਲੇਨੇਸ਼ਨ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਹੱਤਕ ਕਰਾਉਣ ਵਾਸਤੇ ਤਿਆਰ ਨਹੀਂ ਕਿ ਮੈਂ ਸੰਧੂ ਸਾਹਿਬ ਨਾਲ ਬੈਠ ਕੇ ਪੜ੍ਹਿਆ ਹਾਂ......... (ਵਿਘਨ) (ਚੌਧਰੀ ਦਰਸ਼ਨ ਸਿੰਘ ਜੀ ਵੱਲੋਂ ਵਿਘਨ ।)

ਸਰਦਾਰ ਜਸਦੇਵ ਸਿੰਘ ਸੰਧੂ : ਫਿਰ, ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਕੋਈ ਝਗੜਾ ਹੁੰਦਾ ਹੈ ਤਾਂ ਅਸੀਂ ਜੁਡੀਸ਼ਲ ਇਨਕੁਆਇਰੀ ਦੀ ਮੰਗ ਕਰਦੇ ਹਾਂ । ਮੋਗੇ ਦੇ ਕੇਸ ਵਿਚ ਜੁਡੀਸ਼ਲ ਇਨਕੁਆਇਰੀ ਹੋਈ ਹੈ, ਦੂਸਰੀ ਸਦਾਵਰਤ ਫ਼ਾਇਰਿੰਗ ਦੀ ਇਨਕੁਆਇਰੀ ਹੋਈ ਹੈ ਲੇਕਿਨ ਇਹ ਨਹੀਂ ਦੱਸਿਆ ਗਿਆ ਕਿ ਉਸ ਤੇ ਕੀ ਫ਼ਾਲੋ ਅੱਪ ਐਕਸ਼ਨ ਹੋਇਆ ਜਾਂ ਕਿਸੇ ਕਸੂਰਵਾਰ ਨੂੰ ਕੋਈ ਸਜ਼ਾ ਮਿਲੀ ਹੈ ਜਾਂ ਕੀ ਹੋਇਆ ਹੈ । ਇਹ ਦੋ ਇਨਕੁਆਇਰੀਆਂ ਜਿਹੜੀਆਂ ਹੋਈਆਂ ਹਨ ਉਨ੍ਹਾਂ ਦੇ ਬਾਰੇ ਵਿਚ ਮੁੱਖ ਮੰਤਰੀ ਸਾਹਿਬ ਦੱਸਣ ਕਿ ਕਸੂਰਵਾਰ ਲੋਕਾਂ ਨੂੰ ਕੀ ਸਜ਼ਾ ਦਿਤੀ ਗਈ ਹੈ । ਨਹੀਂ ਤਾਂ ਜਿਸ ਤਰ੍ਹਾਂ ਲੋਕਾਂ ਦਾ ਇਸ ਸਰਕਾਰ ਤੋਂ ਵਿਸ਼ਵਾਸ ਮੁੱਕ ਗਿਆ ਹੈ ਕਿਧਰੇ ਐਸਾ ਨਾ ਹੋਵੇ ਕਿ ਜੁਡੀਸ਼ਰੀ ਤੋਂ ਵੀ ਲੋਕਾਂ ਦਾ ਵਿਸ਼ਵਾਸ ਨਾ ਮੁੱਕ ਜਾਵੇ । ਇਸ ਲਈ ਮੇਰੀ ਬੇਨਤੀ ਹੈ ਕਿ ਇਹ ਹਾਊਸ ਵਿਚ ਦੱਸਣ ਕਿ ਕਸੂਰਵਾਰ ਨੂੰ ਕੀ ਸਜ਼ਾ ਮਿਲੀ ਹੈ ।

ਫ਼ਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਸ ਤਰੀਕੇ ਨਾਲ ਸੈਕਰੇਟੇਰੀਏਟ ਵਿਚ ਪੋਸਟਾਂ ਵਧਾਈਆਂ ਜਾਂਦੀਆਂ ਹਨ ਸਾਨੂੰ ਉਸ ਤੇ ਵੀ ਬੜਾ ਭਾਰੀ ਇਤਰਾਜ਼ ਹੈ । ਪਿਛੇ ਜਿਹੇ ਇਨ੍ਹਾਂ ਨੇ 3 ਜੁਆਇੰਟ ਸੈਕਟਰੀਜ਼ ਦੀਆਂ ਪੋਸਟਾਂ ਵਧਾਈਆਂ ਹਨ ਇਹ ਕਹਿ ਕੇ ਕਿ ਇਹ ਐਕਸ-ਕਾਡਰ ਪੋਸਟਾਂ ਹਨ ਅਤੇ ਪੀ. ਸੀ. ਐਸ. ਸੀਨੀਅਰ ਆਫ਼ੀਸਰਜ਼ ਨੂੰ ਲਗਾਉਣਾ ਹੈ । ਲੇਕਿਨ ਹੋਇਆ ਕੀ ਉਨ੍ਹਾਂ ਦੇ ਵਿਚੋਂ ਸਿਰਫ਼ ਇਕੋ ਨੂੰ ਹੀ ਲਗਾਇਆ ਗਿਆ ਅਤੇ 2 ਆਈ. ਏ.

[ਸਰਦਾਰ ਜਸਦੇਵ ਸਿੰਘ ਸੰਧੂ]
ਐਸ. ਨੂੰ ਲਗਾ ਦਿੱਤਾ। ਮੇਰਾ ਖਿਆਲ ਹੈ ਕਿ ਅਵੱਲ ਤਾਂ ਪੀ. ਸੀ. ਐਸ. ਨੂੰ ਚਾਂਸ ਹੀ ਘੱਟ ਹੁੰਦੇ ਹਨ, ਜੇ ਕੋਈ ਚਾਂਸ ਮਿਲਦਾ ਵੀ ਹੈ ਤਾਂ ਉਸ ਨੂੰ ਆਪਣਾ ਪੂਰਾ ਹੱਕ ਮਿਲਣਾ ਚਾਹੀਦਾ ਹੈ, ਉਸ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਪੁਲਿਸ ਦੇ ਵਿਚ ਬੜੀ ਬੇਚੈਨੀ ਫ਼ੈਲੀ ਹੋਈ ਹੈ..............(ਵਿਘਨ)

ਸ੍ਰੀ ਡਿਪਟੀ ਸਪੀਕਰ : ਸੰਧੂ ਸਾਹਿਬ, ਰੈਪੀਟੀਸ਼ਨ ਨਾ ਕਰੋ। (ਵਿਘਨ) (Mr. Sandhu, please do not repeat your arguments.,) (*Interruption*)

ਸਰਦਾਰ ਜਸਦੇਵ ਸਿਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਪੁਲਿਸ ਅਫ਼ਸਰਾਂ ਨੂੰ ਪ੍ਰਮੋਸ਼ਨਜ਼ ਠੀਕ ਢੰਗ ਨਾਲ ਨਹੀਂ ਮਿਲ ਰਹੀਆਂ। ਬੇਸ਼ੁਮਾਰ ਇਨਸਪੈਕਟਰਾਂ ਅਤੇ ਡੀ. ਐਸ. ਪੀਜ਼. ਦੀਆਂ ਪੋਸਟਾਂ ਖਾਲੀ ਪਈਆਂ ਹਨ ਪਰ ਕਿਸੇ ਨੂੰ ਪ੍ਰਮੋਸ਼ਨ ਨਹੀਂ ਮਿਲ ਰਹੀ। ਜਦੋਂ ਸਰਵਿਸਿਜ਼ ਵਿਚ ਇਹ ਅਹਿਸਾਸ ਹੋ ਜਾਵੇ ਕਿ ਸਾਨੂੰ ਕੋਈ ਇਨਸਾਫ਼ ਨਹੀਂ ਮਿਲਦਾ, ਸਾਨੂੰ ਕੋਈ ਪ੍ਰਮੋਸ਼ਨ ਨਹੀਂ ਮਿਲਦੀ ਤਾਂ ਉਨ੍ਹਾਂ ਦੇ ਵਿਚ ਬੇਚੈਨੀ ਫ਼ੈਲ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਕ ਪੁਲਿਸ ਕਮਿਸ਼ਨ ਬਣਾਇਆ ਸੀ ਪਰ ਉਸ ਦੀਆਂ ਰਿਕੁਮੈਂਡੇਸ਼ਨਜ਼ ਤੇ ਕੋਈ ਪੂਰੀ ਤਰ੍ਹਾਂ ਅਮਲ ਨਹੀਂ ਹੋਇਆ। ਭਾਵੇਂ 12 ਸਾਲ ਲੱਗ ਗਏ ਹਨ ਪਰ ਪੀਰੀਅਡ ਐਕਸ-ਪਾਇਰ ਕਾਫ਼ੀ ਹੋ ਗਿਆ ਹੈ, ਉਨ੍ਹਾਂ ਸਿਫ਼ਾਰਸ਼ਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਨਿਰਾ ਉਨ੍ਹਾਂ ਸਿਫ਼ਾਰਸ਼ਾਂ ਤੇ ਹੀ ਅਮਲ ਨਾ ਕੀਤਾ ਜਾਵੇ ਬਲਕਿ ਇਕ ਨਵਾਂ ਪੁਲਿਸ ਕਮਿਸ਼ਨ ਬਣਾਇਆ ਜਾਵੇ ਜਿਹੜਾ ਕਿ ਇਸ ਨਵੇਂ ਐਟਮਾਸਫ਼ੀਅਰ ਵਿਚ ਦੇਖੇ ਕਿ ਪੁਲਿਸ ਨੂੰ ਕੀ ਕੀ ਫ਼ੈਸਿਲੀਟੀਜ਼ ਹੋਣੀਆਂ ਚਾਹੀਦੀਆਂ ਹਨ, ਉਨ੍ਹਾਂ ਨੂੰ ਕਿਸ ਤਰ੍ਹਾਂ ਸੁਧਾਰਿਆ ਜਾ ਸਕਦਾ ਹੈ। (ਘੰਟੀ) (ਵਿਘਨ)।

ਸੋ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਕੋਆਪਰੇਟਿਵ ਦਾ ਮਹਿਕਮਾ ਜੋ ਹੈ ਉਸ ਦੇ ਵਿਚ ਗਿਆਨੀ ਜੀ ਸੁਧਾਰ ਲਿਆਉਣ। ਕਰੋੜਾਂ ਰੁਪਏ ਦਾ ਗ਼ਬਨ ਹੋ ਰਿਹਾ ਹੈ। ਕਰੋੜਾਂ ਰੁਪਏ ਦੇ ਗ਼ਬਨ ਦੇ ਪਰਚੇ ਪੁਲਿਸ ਕੋਲ ਦਰਜ ਹਨ ਪਰ ਪੁਲਿਸ ਵਾਲਿਆਂ ਨੇ ਉਸ ਤੇ ਕੋਈ ਐਕਸ਼ਨ ਨਹੀਂ ਲਿਆ ਕਿਉਂਕਿ ਪੁਲਿਸ ਵਾਲਿਆਂ ਨੂੰ ਤਾਂ ਉਨ੍ਹਾਂ ਕੇਸਿਜ਼ ਤੋਂ ਵਿਹਲ ਨਹੀਂ ਮਿਲਦਾ ਜਿਨ੍ਹਾਂ ਦੇ ਵਿਚ ਉਨ੍ਹਾਂ ਦੇ ਹੱਥ ਗਰਮ ਹੁੰਦੇ ਹਨ, ਜਿਨ੍ਹਾਂ ਦੇ ਵਿਚ ਵਜ਼ੀਰਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਕਾਂਗਰਸੀਆਂ ਦੀਆਂ ਸਿਫ਼ਾਰਸ਼ਾਂ ਹੁੰਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਵਿਚ ਇਕ ਘੁਮਰਸੀ ਪਿੰਡ ਹੈ ਉਥੇ 10 ਲੱਖ ਰੁਪਏ ਦਾ ਗ਼ਬਨ ਹੋਇਆ ਹੈ। ਉਸ ਕੇਸ ਵਿਚ ਇਕ ਵਜ਼ੀਰ ਸਾਹਿਬ ਦੇ ਬਹੁਤ ਨਜ਼ਦੀਕੀ ਰਿਸ਼ਤੇਦਾਰ ਸ਼ਾਮਲ ਹਨ। ਇਸ ਲਈ ਉਸ ਕੇਸ ਤੇ ਕੋਈ ਐਕਸ਼ਨ ਨਹੀਂ ਹੋਇਆ। ਜੇ ਤੁਸੀਂ ਰੁਪਿਆ ਗ਼ਬਨ ਦਾ ਕੱਢਣਾ ਹੈ ਅਤੇ ਐਡਮਨਿਸ-ਟਰੇਸ਼ਨ ਦਾ ਵਿਸ਼ਵਾਸ ਲੋਕਾਂ ਦੇ ਵਿਚ ਕਰਵਾਉਣਾ ਹੈ ਤਾਂ ਜਿਹੜੇ ਲੋਕੀਂ ਇਹ ਕੰਮ ਕਰਦੇ ਹਨ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲਿਆ ਜਾਵੇ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ ਤਾ ਕਿ ਅਸੀਂ ਵੀ ਗਿਆਨੀ ਜੀ ਨੂੰ ਇਸ ਗੱਲ ਦੀ ਵਧਾਈ ਦੇ ਸਕੀਏ ਕਿ ਇਨ੍ਹਾਂ ਨੇ ਜਹਾਂਗੀਰ ਵਾਲਾ ਇਨਸਾਫ਼ ਦਿੱਤਾ ਹੈ। (ਵਿਘਨ)।

ਡਿਪਟੀ ਸਪੀਕਰ ਸਾਹਿਬ, ਸਮਾਜਵਾਦ ਲਿਆਉਣ ਵਾਲੀ ਸਰਕਾਰ ਨੇ ਸਮਾਜਵਾਦ ਨੂੰ ਪਿਛਲੇ ਪਾਸਿਓਂ ਲਿਆਉਣ ਵਾਸਤੇ ਯਤਨ ਸ਼ੁਰੂ ਕਰ ਦਿੱਤੇ ਹਨ। ਜਦੋਂ ਟਰਾਂਸਪੋਰਟ ਦਾ ਵਜ਼ੀਰ

ਇਹ ਬਿਆਨ ਦੇਵੇ ਕਿ ਟਰਾਂਸਪੋਰਟ ਦੇ ਵਿਚ, ਰੋਡਵੇਜ਼ ਦੇ ਵਿਚ, ਬਹੁਤ ਕੁਰੀਤੀਆਂ ਹਨ ਇਸ ਦੇ ਵਿਚ ਸੁਧਾਰ ਲਿਆਉਣਾ ਮੁਸ਼ਕਲ ਹੈ, ਮੈਂ ਸਮਝਦਾ ਹਾਂ ਕਿ ਜੇ ਉਹ ਇਸ ਦੇ ਵਿਚ ਸੁਧਾਰ ਨਹੀਂ ਲਿਆ ਸਕਦੇ ਤਾਂ ਉਨ੍ਹਾਂ ਨੂੰ ਵਜ਼ੀਰੀ ਛੱਡ ਦੇਣੀ ਚਾਹੀਦੀ ਹੈ। ਪਾਰਲੀਮੈਂਟਰੀ ਡੈਮੋਕਰੇਸੀ ਦੇ ਵਿਚ ਗੌਰਮਿੰਟ ਇਸ ਗੱਲ ਤੇ ਬਰੀ ਨਹੀਂ ਹੋ ਸਕਦੀ ਕਿ ਮਹਿਕਮਿਆਂ ਦੇ ਵਿਚ ਇਤਨੀ ਖ਼ਰਾਬੀ ਹੈ ਅਤੇ ਉਸ ਦੇ ਵਿਚ ਸੁਧਾਰ ਲਿਆਉਣਾ ਮੁਸ਼ਕਲ ਹੈ। ਮੈਂ ਸਮਝਦਾ ਹਾਂ ਕਿ ਜੇ ਉਹ ਇਸ ਮਹਿਕਮੇ ਦੇ ਵਿਚ ਸੁਧਾਰ ਨਹੀਂ ਲਿਆ ਸਕਦੇ ਤਾਂ ਉਨ੍ਹਾਂ ਨੂੰ ਆਪ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ ਨਹੀਂ ਤਾਂ ਗਿਆਨੀ ਜੀ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਾਹਰ ਕੱਢ ਦੇਣ ਜਾਂ ਉਨ੍ਹਾਂ ਦਾ ਮਹਿਕਮਾ ਬਦਲ ਦੇਣਾ ਚਾਹੀਦਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਪ੍ਰਾਈਵੇਟ ਟਰਾਂਸਪੋਰਟਰਾਂ ਨੇ ਯੂ. ਪੀ. ਦੇ ਵਿਚ 50 ਲੱਖ ਰੁਪਿਆ ਇਕੱਠਾ ਕਰ ਕੇ ਦਿੱਤਾ ਹੈ। ਜੇ ਉਨ੍ਹਾਂ ਨੂੰ ਰਿਆਇਤਾਂ ਦਿੱਤੀਆਂ ਗਈਆਂ ਤਾਂ ਇਹ ਗੱਲ ਸਮਾਜਵਾਦ ਦੇ ਬਿਲਕੁਲ ਉਲਟ ਹੋਵੇਗੀ। ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਜੇ ਟਰਾਂਸਪੋਰਟ ਦੇ ਵਿਚ ਕੋਈ ਨੁਕਸ ਹਨ ਤਾਂ ਉਨ੍ਹਾਂ ਨੂੰ ਸੁਧਾਰਨਾ ਚਾਹੀਦਾ ਹੈ, ਠੀਕ ਕਰਨਾ ਚਾਹੀਦਾ ਹੈ। ਜੇ ਵਜ਼ੀਰ ਸਾਹਿਬ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਬਦਲ ਦੇਣਾ ਚਾਹੀਦਾ ਹੈ। ਇਹ ਸਰਕਾਰ ਦੀ ਫ਼ੇਲਿਓਰ ਹੈ...........(ਵਿਘਨ)

Mr. Deputy Speaker : Please resume your seat now. (*Interruption*)

ਸਰਦਾਰ ਜਸਦੇਵ ਸਿੰਘ ਸੰਧੂ : ਬਸ ਜੀ, ਇਤਨਾ ਕਹਿ ਕੇ ਤੁਹਾਡਾ ਧੰਨਵਾਦ ਕਰਦਾ ਹੋਇਆ ਮੈਂ ਆਪਣੀ ਸੀਟ ਲੈਂਦਾ ਹਾਂ। (ਵਿਘਨ)

ਸਰਦਾਰ ਹਰਬੰਸ ਸਿੰਘ ਜਲਾਲ : ਡਿਪਟੀ ਸਪੀਕਰ ਸਾਹਿਬ, ਮੈਂ ਇਕ ਕੱਟ ਮੋਸ਼ਨ ਦਿੱਤੀ ਸੀ, ਤੁਸੀਂ ਡਿਸਕਸ਼ਨ ਅਲਾਓ ਕਰ ਦਿੱਤੀ ਹੈ ਅਤੇ ਮੈਨੂੰ ਟਾਈਮ ਨਹੀਂ ਦਿੱਤਾ। (ਵਿਘਨ)

ਸਰਦਾਰ ਸਾਧੂ ਸਿੰਘ (ਸੁਲਤਾਨਪੁਰ ਲੋਧੀ) : ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦਾ ਜਿਹੜਾ ਸਿਸਟਮ ਹੈ ਉਸ ਦੀ ਬਾਬਤ ਮੈਂ ਅਰਜ਼ ਕਰਨੀ ਚਾਹੁੰਦਾ ਹਾਂ........(ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਇਹ ਖ਼ਿਆਲ ਵੀ ਰੱਖਣਾ ਕਿ ਸਾਡੀ ਪਾਰਟੀ ਵੱਲੋਂ ਮਸਤਾਨਾ ਜੀ ਨੇ ਬੋਲਣਾ ਹੈ, ਉਨ੍ਹਾਂ ਨੂੰ ਟਾਈਮ ਮਿਲਣਾ ਚਾਹੀਦਾ ਹੈ।

ਸ੍ਰੀ ਡਿਪਟੀ ਸਪੀਕਰ : ਜ਼ਰੂਰ ਦਿਆਂਗੇ ਜੀ। (He will certainly be given time.)

ਸਰਦਾਰ ਸਾਧੂ ਸਿੰਘ : ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦਾ ਜਿਹੜਾ ਸਿਸਟਮ ਹੈ ਉਸ ਦੀ ਬਾਬਤ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਨੌਜਵਾਨ ਹਨ ਅਤੇ ਕਾਲਜਾਂ ਵਿਚ ਪੜ੍ਹਦੇ ਹਨ...............

ਸਰਦਾਰ ਜਸਦੇਵ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਤੇ ਬਹਿਸ ਤਾਂ ਕੱਲ ਨੂੰ ਹੋਣੀ ਹੈ ਜੀ। (ਵਿਘਨ)

ਸਰਦਾਰ ਸਾਧੂ ਸਿੰਘ : ਗੱਲ ਨੂੰ ਸੁਣ ਤਾਂ ਲਓ ਪਹਿਲਾਂ। (ਵਿਘਨ) ਐਜੂਕੇਸ਼ਨ ਦਾ ਜਿਹੜਾ ਸਿਸਟਮ ਹੈ ਇਸ ਨੂੰ ਬਦਲ ਦੇਣਾ ਚਾਹੀਦਾ ਹੈ। ਬੱਚੇ ਦਾ ਦਿਮਾਗ਼ ਜਿਸ ਪਾਸੇ ਵੱਲ ਨੂੰ ਚੱਲਦਾ ਹੈ ਉਸ ਨੂੰ ਉਸੇ ਪਾਸੇ ਵੱਲ ਲਾਉਣਾ ਚਾਹੀਦਾ ਹੈ। ਜੇ ਬੱਚੇ ਦਾ ਦਿਮਾਗ਼ ਇੰਡਸਟਰੀਜ਼ ਵੱਲ ਨੂੰ ਚੱਲਦਾ ਹੈ, ਐਗਰੀਕਲਚਰ ਵੱਲ ਨੂੰ ਚੱਲਦਾ ਹੈ ਜਾਂ ਸਰਵਿਸਿਜ਼ ਵੱਲ ਨੂੰ ਚੱਲਦਾ ਹੈ ਤਾਂ ਉਸ ਨੂੰ ਇੰਡਸਟਰੀਜ਼ ਵੱਲ, ਐਗਰੀਕਲਚਰ ਵੱਲ, ਜਾਂ ਸਰਵਿਸਿਜ਼ ਵੱਲ ਉਸੇ ਤਰੀਕੇ ਨਾਲ ਹੀ

[ਸਰਦਾਰ ਸਾਧੂ ਸਿੰਘ]

ਚਲਾਉਣਾ ਚਾਹੀਦਾ ਹੈ । ਇਸ ਦੇ ਨਾਲ ਜਿਹੜੀ ਸਾਡੀ ਅਨਐਂਪਲਾਇਮੈਂਟ ਹੈ, ਉਹ ਵੀ ਘਟੇਗੀ । ਮੈਂ ਇਕ ਹੋਰ ਬੇਨਤੀ ਵੀ ਕਰਾਂਗਾ ਕਿ ਸਾਡੀ ਟਾਪ ਐਡਮਨਿਸਟਰੇਸ਼ਨ ਜਿਹੜੀ ਹੈ ਉਹ ਹੈਵੀ ਹੈ ਉਸ ਨੂੰ ਥੋੜ੍ਹਾ ਜਿਹਾ ਲੋਅਰ ਲੈਵਲ ਤੇ ਲਿਆਓ ਤਾਂ ਕਿ ਛੋਟੀ ਸਰਵਿਸਿਜ਼ ਵਾਲੇ ਜਿਹੜੇ ਹਨ ਉਨ੍ਹਾਂ ਨੂੰ ਵੀ ਫ਼ਾਇਦਾ ਹੋ ਸਕੇ । ਜਿਸ ਤਰ੍ਹਾਂ, ਤੁਹਾਨੂੰ ਮੈਂ ਮਿਸਾਲ ਦੇਣੀ ਚਾਹੁੰਦਾ ਹਾਂ, ਕਿ ਜਦੋਂ ਸਾਰਾ ਪੰਜਾਬ ਇਕੱਠਾ ਸੀ ਤਾਂ ਉਦੋਂ ਇਕ ਆਈ. ਜੀ. ਅਤੇ 2 ਡੀ. ਆਈ. ਜੀ ਹੁੰਦੇ ਸੀ । ਪਰ ਹੁਣ 14 ਡੀ. ਆਈ. ਜੀ. ਹਨ, ਹੁਣ ਤੁਸੀਂ ਆਪ ਅੰਦਾਜ਼ਾ ਲਗਾਓ ਕਿ ਕਿੰਨਾ ਖ਼ਰਚ ਹੋ ਰਿਹਾ ਹੈ ਅਤੇ ਐਡਮਨਿਸਟਰੇਸ਼ਨ ਦਾ ਕੀ ਹੋ ਰਿਹਾ ਹੈ । (ਵਿਘਨ)

ਇਕ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਕਾਂਸਟੇਬਲ ਹੈ ਉਸ ਨੂੰ ਕਲਾਸ ਤਿੰਨ ਵਿਚ ਲੈ ਆਂਦਾ ਹੈ । ਇਸ ਦੇ ਵਿਚ ਵੀ ਮੈਂ ਬੇਨਤੀ ਕਰਾਂਗਾ ਕਿ ਸਾਡੀ ਆਬਾਦੀ ਵੱਧ ਰਹੀ ਹੈ ਅਤੇ ਆਬਾਦੀ ਦੇ ਲਿਹਾਜ਼ ਨਾਲ ਉਨ੍ਹਾਂ ਦੀ ਗਿਣਤੀ ਨਹੀਂ ਵਧਾਈ ਜਾ ਰਹੀ । ਉਸ ਰੇਸ਼ੋ ਨਾਲ ਕਾਂਸਟੇਬਲ ਅਤੇ ਹੈੱਡ ਕਾਂਸਟੇਬਲ ਦੀ ਗਿਣਤੀ ਵਧਾਉਣੀ ਚਾਹੀਦੀ ਹੈ ਤਾਂ ਕਿ ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਠੀਕ ਹੋਵੇ ।

ਹੁਣ ਮੈਂ ਇਕ ਗੱਲ ਹੈਵੀ ਇੰਡਸਟਰੀ ਬਾਬਤ ਕਹਾਂਗਾ । ਹੈਵੀ ਇੰਡਸਟਰੀ ਸਿਰਫ਼ ਵੱਡੇ ਵੱਡੇ ਸ਼ਹਿਰਾਂ ਵਿਚ ਲਗਾਈ ਜਾ ਰਹੀ ਹੈ । ਜਿਹੜੇ ਛੋਟੇ ਸ਼ਹਿਰ ਹਨ, ਸੁਲਤਾਨ ਪੁਰ ਅਤੇ ਕਪੂਰਥਲਾ, ਉਨ੍ਹਾਂ ਵਿਚ ਲਾਉਣੀ ਚਾਹੀਦੀ ਹੈ । ਜਿਹੜੇ ਵੱਡੇ ਵੱਡੇ ਬਿਜ਼ਨਸਮੈਨ ਹਨ ਉਹ ਛੋਟੇ ਸ਼ਹਿਰਾਂ ਵਿਚ ਤਾਂ ਜਾਂਦੇ ਹੀ ਨਹੀਂ, ਮੈਂ ਕਹਾਂਗਾ ਕਿ ਗੌਰਮਿੰਟ ਆਪਣੇ ਲੈਵਲ ਤੇ ਉਥੇ ਹੈਵੀ ਇੰਡਸਟਰੀ ਲਗਾਏ ਤਾਂ ਕਿ ਉਥੇ ਦੇ ਗਰੀਬ ਲੋਕ ਵੀ ਮੁਲਾਜ਼ਮਤ ਕਰ ਸਕਣ ।

ਇਕ ਬੇਨਤੀ ਮੈਂ ਐਗਰੀਕਲਚਰ ਦੇ ਬਾਰੇ ਵਿਚ ਕਰਾਂਗਾ । ਜਿਹੜੀ ਬਿਜਲੀ ਹੈ ਉਹ ਐਗਰੀਕਲਚਰ ਵਾਸਤੇ ਵੱਧ ਤੋਂ ਵੱਧ ਦਿੱਤੀ ਜਾਵੇ ਤਾਂ ਕਿ ਜਿਹੜੀਆਂ ਸਾਡੀਆਂ ਫ਼ਸਲਾਂ ਹਨ ਜਿਨ੍ਹਾਂ ਦੀ ਅੱਜ ਸਾਡੇ ਦੇਸ਼ ਨੂੰ ਬਹੁਤ ਜ਼ਿਆਦਾ ਜ਼ਰੂਰਤ ਹੈ ਉਹ ਵਕਤ ਸਿਰ ਅਤੇ ਜ਼ਿਆਦਾ ਮਿਕਦਾਰ ਨਾਲ ਪੈਦਾ ਹੋ ਸਕਣ ।

ਇਕ ਗੱਲ ਮੈਂ ਆਪਣੇ ਸਾਥੀਆਂ ਨੂੰ ਕਹਾਂਗਾ ਕਿ ਪੰਜਾਬ ਦਾ ਭਲਾ ਕਰੋ ਜਿਸ ਵਾਸਤੇ ਅਸੀਂ ਸਾਰੇ ਇਥੇ ਆਏ ਹਾਂ । ਇਹ ਜਿਹੜੇ ਆਏ ਦਿਨ ਇਥੇ ਐਜੀਟੇਸ਼ਨਾਂ ਕਰਾਉਂਦੇ ਹਨ ਇਹ ਨਾ ਕਰਵਾਉਣ ਅਤੇ ਕਿਸੇ ਚੰਗੇ ਕੰਮ ਵੱਲ ਬੱਚਿਆਂ ਨੂੰ, ਨੌਜਵਾਨਾਂ ਨੂੰ ਲਾਉਣ ਤਾਂ ਕਿ ਪੰਜਾਬ ਦਾ ਭਲਾ ਹੋਵੇ । ਮੈਂ ਇਤਨਾ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ।

ਕਾਮਰੇਡ ਅਰਜਨ ਸਿੰਘ ਮਸਤਾਨਾ (ਵਲਟੋਹਾ) : ਡਿਪਟੀ ਸਪੀਕਰ ਸਾਹਿਬ, ਅੱਜ ਲੇਬਰ ਅਤੇ ਜਨਰਲ ਐਡਮਨਿਸਟਰੇਸ਼ਨ ਦੀਆਂ ਡਿਮਾਂਡਜ਼ ਹਾਊਸ ਵਿਚ ਪੇਸ਼ ਹਨ । ਮੈਂ ਕਹਿੰਦਾ ਹਾਂ ਕਿ ਇਹ ਸਰਕਾਰ ਜਿਹੜੀ ਲੇਬਰ ਦੇ ਹਿੱਤ ਦੀ ਅਤੇ ਸੋਸ਼ਲਿਜ਼ਮ ਤੋਂ ਘੱਟ ਗੱਲ ਨਹੀਂ ਕਰਦੀ ਇਨ੍ਹਾਂ ਦਾ ਹਾਲ ਇਹ ਹੈ ਕਿ ਮਜ਼ਦੂਰਾਂ ਵਾਸਤੇ ਕੁਝ ਵੀ ਨਹੀਂ ਕਰ ਰਹੀ । ਅੰਮ੍ਰਿਤਸਰ ਵਿਚ ਇਸ ਵੇਲੇ 2 ਸਾਲਾਂ ਤੋਂ ਇਕ ਘੀ ਦਾ ਕਾਰਖਾਨਾ ਬੰਦ ਪਿਆ ਹੈ ਅਤੇ ਇਹ ਡੀਂਗਾਂ ਮਾਰਦੇ ਹਨ ਕਿ ਮਜ਼ਦੂਰਾਂ ਦਾ ਸੌ ਰੁਪਿਆ ਕਰ ਦਿੱਤਾ ਹੈ । ਜੇ ਉਹ ਮਿੱਲ ਚਾਲੂ ਕੀਤੀ ਜਾਵੇ ਤਾਂ ਲੱਖਾਂ ਰੁਪਏ ਦਾ ਘੀ ਤਿਆਰ ਹੋ ਸਕਦਾ ਹੈ । ਉਹ ਮਿੱਲ ਚਾਲੂ ਨਹੀਂ ਕੀਤੀ ਜਾ ਰਹੀ, ਹਾਲਾਂਕਿ ਬੜੇ ਸਖ਼ਤ ਰੂਲਜ਼ ਹਨ ਪਰ ਉਨ੍ਹਾਂ ਦੇ ਮਾਲਕਾਂ ਤੇ ਉਹ ਲਾਗੂ ਨਹੀਂ ਕੀਤੇ ਜਾ ਰਹੇ ਅਤੇ ਮਜ਼ਦੂਰ ਦੁਖੀ ਫਿਰਦੇ ਹਨ ।

ਇਸ ਤਰ੍ਹਾਂ ਇਕ ਕਪੜੇ ਦਾ ਕਾਰਖਾਨਾ ਡੇਢ ਦੋ ਸਾਲਾਂ ਤੋਂ ਬੰਦ ਹੈ। ਉਸ ਦੇ ਵਿਚ ਕੋਈ 10—12 ਮਜ਼ਦੂਰ ਮਰ ਚੁੱਕੇ ਹਨ। ਮਾਲਕਾਂ ਨੇ ਉਹ ਮਿੱਲ ਜਾਣ ਬੁਝ ਕੇ ਬੰਦ ਕੀਤੀ ਹੈ। ਉਨ੍ਹਾਂ ਤੇ ਕੋਈ ਰੂਲਜ਼ ਲਾਗੂ ਨਹੀਂ। ਜਿਹੜਾ ਮਜ਼ਦੂਰ ਹੈ ਉਸ ਦੀ ਤਨਖ਼ਾਹ 90 ਰੁਪਏ ਤੋਂ ਵੱਧ ਨਹੀਂ ਅਤੇ ਗੌਰਮਿੰਟ ਸੌ ਰੁਪਏ ਕਰਨ ਨੂੰ ਵੀ ਤਿਆਰ ਨਹੀਂ। ਡੀਂਗਾਂ ਬੜੀਆਂ ਮਾਰੀਆਂ ਜਾ ਰਹੀਆਂ ਹਨ। ਸੋਸ਼ਲਿਜ਼ਮ ਵਿਚ ਗੌਰਮਿੰਟ ਮਜ਼ਦੂਰਾਂ ਦੀ ਹੁੰਦੀ ਹੈ, ਪਰ ਇਸ ਰਾਜ ਵਿਚ ਮਜ਼ਦੂਰਾਂ ਨੂੰ ਸਭ ਤੋਂ ਜ਼ਿਆਦਾ ਮੁਸ਼ਕਲ ਪੇਸ਼ ਆ ਰਹੀ ਹੈ। ਜਿਹੜਾ ਸਾਡਾ ਪੀ. ਡਬਲਿਯੂ. ਦਾ ਮਹਿਕਮਾ ਹੈ ਜਿਹੜੇ ਜੰਗ ਦੇ ਦਿਨਾਂ ਵਿਚ ਗੈਰਹਾਜ਼ਰ ਨਹੀਂ ਹੋਏ, ਜਿਹੜੇ ਜੰਗ ਦੇ ਦਿਨਾਂ ਵਿਚ ਬਾਰਡਰ ਦੀਆਂ ਸੜਕਾਂ ਤੇ ਮਿੱਟੀ ਪਾ ਕੇ ਸੇਵਾ ਕਰਦੇ ਮਾਰੇ ਗਏ, ਉਸ ਮਹਿਕਮੇ ਦੇ 31 ਹਜ਼ਾਰ ਮਜ਼ਦੂਰ ਵਰਕ-ਚਾਰਜ ਹਨ, ਅੱਜ ਤੋਂ ਤਿੰਨ ਸਾਲ ਪਹਿਲਾਂ ਵੀ ਉਨ੍ਹਾਂ ਬਾਰੇ ਗੌਰਮਿੰਟ ਨੇ ਇਲਾਨ ਕੀਤਾ ਸੀ ਕਿ ਪੱਕੇ ਕੀਤੇ ਜਾਣਗੇ ਲੇਕਿਨ ਸਾਡੀ ਬਾਰ ਬਾਰ ਮੰਗ ਕਰਨ ਦੇ ਬਾਵਜੂਦ ਵੀ ਉਹ ਅਵਾਰਡ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ 31 ਹਜ਼ਾਰ ਵਰਕਚਾਰਜ ਦੇ ਨੁਮਾਇੰਦੇ ਅਸੈਂਬਲੀ ਹਾਲ ਤੋਂ ਬਾਹਰ ਭੁੱਖ ਹੜਤਾਲ ਤੇ ਬੈਠੇ ਹਨ ਜਿਹਨਾਂ ਵਿਚ ਰੈਸੱਟ ਹਾਊਸਿਜ਼ ਅਤੇ ਕੈਨਾਲ ਦੇ ਵੀ ਹਨ ਅਤੇ ਉਨ੍ਹਾਂ ਦੇ ਪੱਕਾ ਕਰਨ ਦੀ ਮੰਗ ਨਹੀਂ ਮੰਨੀ ਜਾ ਰਹੀ। ਉਨ੍ਹਾਂ ਨੂੰ 20—20 ਸਾਲ ਹੋ ਗਏ ਹਨ ਅਤੇ ਕਈ ਤਾਂ ਵਰਕ ਚਾਰਜ ਹੀ ਮਰ ਜਾਂਦੇ ਹਨ ਪਰ ਪੱਕੇ ਨਹੀਂ ਕੀਤੇ ਜਾ ਰਹੇ। ਗੱਲ ਸੋਸ਼ਲਿਜ਼ਮ ਦੀ ਕਰਦੇ ਹਨ ਔਰ ਜਿਸ ਦੀ ਰਹਿਨੁਮਾਈ ਦੇ ਥੱਲੇ ਗੌਰਮਿੰਟ ਚੱਲਦੀ ਹੈ ਉਹ ਹੜਤਾਲ ਕਰੇ ਅਤੇ ਸਰਕਾਰ ਨੂੰ ਕੋਈ ਰਸਤਾ ਨਹੀਂ ਮਿਲ ਰਿਹਾ। (ਵਿਘਨ)

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਪੁਲਿਸ ਦਾ ਕੀ ਹਾਲ ਹੈ, ਜੋ ਵੇਖਣ ਵਿਚ ਆ ਰਿਹਾ ਹੈ। ਪੁਲੀਸ ਨੇ ਲੋਕਾਂ ਵਾਸਤੇ ਤਾਂ ਕੀ ਕਰਨਾ ਹੈ ਉਹ ਇਕ ਦੂਜੇ ਨੂੰ ਖਾ ਰਹੇ ਹਨ। ਅੱਜ ਤੋਂ ਤਿੰਨ ਸਾਲ ਪਹਿਲਾਂ ਇਕ ਬਾਜ਼ ਸਿੰਘ ਥਾਣੇਦਾਰ ਸੀ, ਉਸ ਨੂੰ ਪਤਾ ਲਗਾ ਕਿ ਬਾਰਡਰ ਤੇ ਇਕ ਮੁਸਲਮਾਨ ਫੜਿਆ ਗਿਆ। ਉਸ ਤੋਂ ਪਤਾ ਲੱਗਾ ਕਿ 3 ਮੁਸਲਮਾਨ ਫ਼ਲਾਂ ਫ਼ਲਾਂ ਘਰ ਵਿਚ ਹਨ। ਉਨ੍ਹਾਂ ਨੂੰ ਫੜਨ ਵਾਸਤੇ ਪੁਲੀਸ ਗਈ ਉਨ੍ਹਾਂ ਨੇ ਗੋਲੀ ਚਲਾ ਦਿੱਤੀ, ਅੱਗੇ ਕੋਈ ਨਾ ਗਿਆ। ਉਹ ਬਾਜ਼ ਸਿੰਘ ਥਾਣੇਦਾਰ ਅੱਗੇ ਵਧਿਆ ਅਤੇ ਸਾਹਮਣੇ ਜਾ ਕੇ ਉਨ੍ਹਾਂ ਨੂੰ ਫੜ ਲਿਆ, ਪਰ ਉਹ ਉਥੇ ਹੀ ਬੇਹੋਸ਼ ਹੋ ਗਿਆ ਅਤੇ ਉਸ ਨੂੰ ਹਸਪਤਾਲ ਵਿਚ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਉਥੇ ਦੇ ਐਸ. ਡੀ. ਓ. ਅਤੇ ਸ੍ਰੀ ਮੋਹਨ ਲਾਲ, ਡੀ. ਐਸ. ਪੀ. ਨੇ ਉਨ੍ਹਾਂ ਸਮੱਗਲਰਾਂ ਕੋਲੋਂ 40 ਹਜ਼ਾਰ ਰੁਪਏ ਖਾ ਲਏ ਅਤੇ ਗੋਲੀ ਚੱਲਣ ਦਾ ਸਕੈਂਡਲ ਬਣਾ ਲਿਆ। ਸਰਕਾਰ ਨੇ ਬਾਜ਼ ਸਿੰਘ ਲਈ ਕੁਝ ਕੀਤਾ ਅਤੇ ਗਿਆਨੀ ਜੀ ਉਥੇ ਆਪ ਗਏ ਅਤੇ ਕੁਝ ਹੋਰ ਦੇਣ ਦਾ ਇਲਾਨ ਕਰ ਆਏ। ਅਗਰ ਕੁਝ ਦੇ ਦੇਣਗੇ ਤਾਂ ਚੰਗੀ ਗੱਲ ਹੋਵੇਗੀ। ਪਰ ਡੀ. ਐਸ. ਪੀ. ਮੋਹਨ ਲਾਲ ਜਿਹੜਾ ਕਿ ਅੱਜ ਕੱਲ ਸ਼ਾਇਦ ਰਾਜਪੁਰੇ ਵਿਚ ਲੱਗਾ ਹੋਇਆ ਹੈ ਉਸ ਨੇ ਪੈਸਾ ਖਾਧਾ ਅਤੇ ਲਾਸ਼ ਵੇਚ ਕੇ ਖਾਧੀ। ਮੈਂ ਮੰਗ ਕਰਦਾ ਹਾਂ ਕਿ ਇਸ ਗੱਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ਅਤੇ ਡੀ. ਐਸ. ਪੀ. ਦੇ ਖਿਲਾਫ਼ ਸਖ਼ਤ ਐਕਸ਼ਨ ਲੈਣਾ ਚਾਹੀਦਾ ਹੈ। ਕਿਸੇ ਆਦਮੀ ਦੀ ਜ਼ਿੰਦਗੀ ਸੁਰੱਖਿਅਤ ਨਹੀਂ।

ਡਿਪਟੀ ਸਪੀਕਰ ਸਾਹਿਬ, ਇਹ ਜਿਹੜੀਆਂ ਦੋ ਜੰਗਾਂ ਲੱਗੀਆਂ ਹਨ ਇਨ੍ਹਾਂ ਵਿਚ ਬੜੀ ਤਬਾਹੀ ਹੋਈ ਹੈ। ਸਰਕਾਰ ਨੇ ਪੈਸੇ ਵੀ ਬਹੁਤ ਦਿੱਤੇ। 1965 ਵਿਚ ਕੋਈ 3 ਕਰੋੜ 5-7 ਲੱਖ ਰੁਪਏ ਦਿੱਤੇ ਗਏ ਲੋਕਾਂ ਨੂੰ ਅਤੇ ਲੋਕਾਂ ਨੂੰ ਕੁਝ ਤਸੱਲੀ ਹੋਈ। ਐਤਕੀਂ 20 ਕਰੋੜ ਰੁਪਏ ਦਿੱਤੇ ਗਏ ਅਤੇ ਇਸ ਦੇ ਵਿਚ ਕੁਝ ਅਫ਼ਸਰਾਂ ਨੇ ਬੜੀ ਦਿਲਚਸਪੀ ਵੀ ਲਈ। ਪਰ ਥੱਲੇ ਦੇ ਕੁਝ ਅਫ਼ਸਰਾਂ ਨੇ ਬੜੀ

[ਕਾਮਰੇਡ ਅਰਜਨ ਸਿੰਘ ਮਸਤਾਨਾ]

ਖ਼ਰਾਬੀ ਮਚਾਈ । ਇਕ ਮਿਸਟਰ ਤੁਲ ਸਾਹਿਬ ਹਨ ਜਿਨ੍ਹਾਂ ਨੇ ਕੋਈ 1 ਲੱਖ 30 ਹਜ਼ਾਰ ਰੁਪਏ ਖਾਧੇ । ਮੈਂ ਜ਼ਿਲ੍ਹਾ ਸ਼ਿਕਾਇਤ ਕਮੇਟੀ ਵਿਚ ਵੀ ਇਹ ਸੁਆਲ ਉਠਾਇਆ ਸੀ ਅਤੇ ਅਸੈਂਬਲੀ ਦੇ ਨੋਟਿਸ ਵਿਚ ਵੀ ਲਿਆਂਦਾ (ਵਿਘਨ) ।

ਸ੍ਰੀ ਡਿਪਟੀ ਸਪੀਕਰ : ਅਫ਼ਸਰਾਂ ਦਾ ਨਾਮ ਨਹੀਂ ਲਿਆ ਜਾ ਸਕਦਾ ਕਿਉਂਕਿ ਉਹ ਡਿਫੈਂਡ ਨਹੀਂ ਕਰ ਸਕਦੇ। (The officers cannot be named here since they cannot defend themselves in the House.)

ਕਾਮਰੇਡ ਅਰਜਨ ਸਿੰਘ ਮਸਤਾਨਾ : ਡਿਪਟੀ ਸਪੀਕਰ ਸਾਹਿਬ, ਹੋਰ ਨਾਮ ਕਿਥੇ ਲਈਏ। ਉਨ੍ਹਾਂ ਅਫ਼ਸਰਾਂ ਦੇ ਬਾਰੇ ਵਿਚ ਇਨਕੁਆਇਰੀ ਹੋਣੀ ਚਾਹੀਦੀ ਹੈ । ਮੈਂ ਸਰਦਾਰ ਉਮਰਾਓ ਸਿੰਘ ਨੂੰ ਵੀ ਚੈਲੰਜ ਕੀਤਾ ਸੀ ਕਿ ਰਿਪੋਰਟ ਲਵੋ ਉਸ ਨੇ ਲੱਖਾਂ ਰੁਪਏ ਖਾਧੇ ਹਨ । ਇਸੇ ਤਰ੍ਹਾਂ ਮਹਿੰਦੀ, ਵਲਟੋਹਾ ਅਤੇ ਨਾਰਲੀ ਵਿੱਚ ਲੱਖਾਂ ਰੁਪਏ ਖਾਧੇ ਹਨ । ਅਸੀਂ ਇਹ ਮੰਨਦੇ ਹਾਂ ਔਰ ਸਾਨੂੰ ਪਤਾ ਹੈ ਕਿ ਉਪਰ ਕੁਝ ਇਮਾਨਦਾਰ ਬੰਦੇ ਵੀ ਹਨ ਜਿਹੜੇ ਉਨ੍ਹਾਂ ਨੂੰ ਚੈੱਕ ਅੱਪ ਕਰ ਰਹੇ ਹਨ, ਪਰ ਥੱਲੇ ਵਾਲੇ ਪਾਸੇ ਬੜੀ ਲੁੱਟ ਮਚੀ ਹੋਈ ਹੈ । ਸਰਕਾਰ ਨੇ ਫ਼ੈਸਲਾ ਕੀਤਾ ਸੀ ਕਿ ਜਿਹੜੇ ਬੰਦੇ ਬਾਰਡਰ ਤੇ ਮਰੇ ਉਨ੍ਹਾਂ ਨੂੰ 35 ਸੌ ਰੁਪਏ ਦਿੱਤੇ ਜਾਣਗੇ, ਪਰ ਸਾਡੇ ਦੋ ਨੌਜਵਾਨ ਹਰੀਜਨ ਮਰੇ ਉਨ੍ਹਾਂ ਨੂੰ ਸਿਰਫ਼ 5 ਸੌ ਰੁਪਏ ਦਿੱਤੇ ਗਏ ; ਉਥੇ ਦੋ ਆਦਮੀ ਨਾਨ-ਹਰੀਜਨ ਮਰੇ ਜਿਨ੍ਹਾਂ ਨੂੰ 35 ਸੌ ਰੁਪਏ ਦਿੱਤੇ ਗਏ । ਇਸ ਤਰ੍ਹਾਂ ਵਿਤਕਰਾ ਕੀਤਾ ਗਿਆ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਵੇਲੇ, ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਥੱਲੇ ਦੀ ਮਸ਼ੀਨਰੀ ਹੈ ਇਹ ਖ਼ਰਾਬ ਹੋ ਗਈ ਹੈ । ਇਨ੍ਹਾਂ ਦੇ ਝੂਠੇ ਕਿਰਦਾਰਾਂ ਕਰਕੇ ਵੱਡੇ ਵੱਡੇ ਅਫ਼ਸਰਾਂ ਨੇ ਫ਼ਾਇਦਾ ਲਿਆ ਹੈ ਅਤੇ ਜਿਹੜੇ ਛੋਟੇ ਗ਼ਰੀਬ ਲੋਕ ਹਨ ਉਨ੍ਹਾਂ ਨੂੰ ਕੋਈ ਫ਼ਾਇਦਾ ਨਹੀਂ ਹੋਇਆ । ਮੈਂ ਸਮਝਦਾ ਹਾਂ ਕਿ ਇਸ ਦੀ ਜ਼ਿੰਮੇਵਾਰੀ ਇਸ ਸਰਕਾਰ ਤੇ ਆਉਂਦੀ ਹੈ । ਪਿਛੇ ਜਿਹੇ ਜਦ ਮੁੱਖ ਮੰਤਰੀ ਸਾਹਿਬ, ਸਰਦਾਰ ਉਮਰਾਓ ਸਿੰਘ ਅਤੇ ਸਰਦਾਰ ਸੰਤੋਖ ਸਿੰਘ ਰੰਧਾਵਾ ਬਾਰਡਰ ਦੇ ਹਲਕੇ ਵਿਚ ਗਏ ਸਨ ਤਾਂ ਛੀਨਾ ਬੇਦੀ ਸਿੰਘ ਵਿਚ ਇਹ ਐਲਾਨ ਕਰਕੇ ਆਏ ਸਨ ਕਿ ਜਿਹੜਾ ਰਕਬਾ ਪਾਕਿਸਤਾਨ ਥੱਲੇ ਆ ਗਿਆ ਹੈ ਉਸ ਦਾ ਮੁਆਵਜ਼ਾ ਜੇ ਸੈਂਟਰ ਦੀ ਸਰਕਾਰ ਨੇ ਨਾ ਦਿੱਤਾ ਤਾਂ ਪੰਜਾਬ ਦੀ ਸਰਕਾਰ ਦੇਵੇਗੀ । ਮੈਨੂੰ ਇਹ ਪਤਾ ਲੱਗਾ ਹੈ ਕਿ ਗਿਆਨੀ ਜ਼ੈਲ ਸਿੰਘ ਜੀ ਨੇ ਕਿਹਾ ਹੈ ਕਿ ਅਸੀਂ 2 ਕਰੋੜ ਰੁਪਿਆ ਦੇਣਾ ਹੈ । ਪਰ ਡਿਪਟੀ ਸਪੀਕਰ ਸਾਹਿਬ, ਇਹ ਪੈਸਾ ਉਨ੍ਹਾਂ ਲੋਕਾਂ ਨੂੰ ਅਜੇ ਤਕ ਨਹੀਂ ਦਿੱਤਾ ਗਿਆ । ਜੋ ਪੈਸਾ ਇਸ ਸਰਕਾਰ ਨੂੰ ਡੇਰਾ ਬਾਬਾ ਨਾਨਕ ਦੇ ਇਲਾਕੇ ਨੂੰ ਦੇਣਾ ਚਾਹੀਦਾ ਸੀ ਉਹ ਵੀ ਅਜੇ ਤਕ ਨਹੀਂ ਦਿੱਤਾ ਗਿਆ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਦਾ ਹਾਂ ਕਿ ਜੋ ਇਹ ਸਰਕਾਰ ਐਲਾਨ ਕਰਦੀ ਹੈ ਉਸ ਤੇ ਇਨ੍ਹਾਂ ਨੂੰ ਜ਼ਰੂਰ ਅਮਲ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਬਹੁਤ ਹੈਰਾਨੀ ਦੀ ਗੱਲ ਹੈ ਕਿ ਬਠਿੰਡੇ ਵਿਚ ਇਕ ਲੜਕੀਆਂ ਦੇ ਕਾਲਜ ਦੀ ਮੈਨੇਜਮੈਂਟ ਨੇ ਇਕ ਇਸ਼ਤਿਹਾਰ ਕੱਢਿਆ ਹੈ ਜਿਸ ਰਾਹੀਂ ਕਾਲਿਜ ਦੀਆਂ ਲੜਕੀਆਂ ਅਤੇ ਪ੍ਰਿੰਸੀਪਲ ਤੇ ਗੰਦ ਪਾਇਆ ਗਿਆ ਹੈ । ਇਸ ਇਸ਼ਤਿਹਾਰ ਦੇ ਨਿਕਲਣ ਕਰਕੇ ਲੜਕੀਆਂ ਹੜਤਾਲ ਤੇ ਹਨ । ਇਸ ਵਾਸਤੇ ਮੈਂ ਮੰਗ ਕਰਦਾ ਹਾਂ ਕਿ ਇਹ ਜਿਹੜਾ ਗੰਦਾ ਇਸ਼ਤਿਹਾਰ ਕੱਢ ਕੇ ਗੰਦ ਪਾਇਆ ਗਿਆ ਹੈ ਉਸ ਤੇ ਸਖ਼ਤ ਐਕਸ਼ਨ ਲੈਣਾ ਚਾਹੀਦਾ ਹੈ ।

ਜਿਸ ਨੇ ਇਹ ਇਸ਼ਤਿਹਾਰ ਕੱਢਿਆ ਹੈ ਉਸ ਨੂੰ ਗਿਰਫ਼ਤਾਰ ਕਰਕੇ ਉਸ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇ । (ਸ਼ੋਰ) ਇਸ ਦਾ ਬੱਚਿਆਂ ਦੀ ਤਾਲੀਮ ਤੇ ਬਹੁਤ ਬੁਰਾ ਅਸਰ ਪੈਂਦਾ ਹੈ ।

ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਮੈਂ ਬਠਿੰਡਾ ਸਬ-ਡਵੀਜ਼ਨ ਨਹਿਰ ਦੇ ਬਾਰੇ ਕਰਨੀ ਹੈ। ਇਹ ਮਾਨਸਾ ਤੋਂ 4 ਮੀਲ ਦੀ ਦੂਰੀ ਤੇ ਹੈ । ਪਿਛੇ ਇਕ ਫ਼ੈਸਲਾ ਹੋਇਆ ਸੀ ਕਿ ਇਹ ਨਹਿਰ ਸਬ-ਡਵੀਜ਼ਨ ਮਾਨਸਾ ਵਿਚ ਬਣਾਈ ਜਾਵੇਗੀ ਪਰ ਇਹ ਹੁਣ ਤੱਕ ਉਥੇ ਨਹੀਂ ਬਣਾਈ ਗਈ ਇਸ ਨਾਲ ਲੋਕਾਂ ਵਿਚ ਕਾਫ਼ੀ ਬੇਚੈਨੀ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਗੱਲ ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਮੈਡੀਕਲ ਕਾਲਿਜ ਵਿਚੋਂ ਲੜਕੀਆਂ ਨੂੰ ਚੁੱਕਣ ਦੇ ਬਾਰੇ ਜਿਹੜੀ ਗੱਲ ਇਥੇ ਕੀਤੀ ਗਈ ਹੈ ਇਹ ਹਾਦਸਾ ਹੁਣ ਹੀ ਨਹੀਂ ਪਹਿਲਾਂ ਵੀ ਕਈ ਵਾਰ ਹੋ ਚੁਕਾ ਹੈ । ਇਸ ਬਾਰੇ ਅੱਜ ਮੁੱਖ ਮੰਤਰੀ ਸਾਹਿਬ ਨੇ ਜੋ ਕਿਹਾ ਹੈ ਉਹ ਠੀਕ ਹੈ ਪਰ ਉਸ ਤੇ ਅਮਲ ਹੋਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਥੇ ਇਕ ਟੋਲਾ ਬਣਿਆ ਹੋਇਆ ਹੈ ਜਿਹੜਾ ਕਿ ਇਸ ਤਰ੍ਹਾਂ ਦੇ ਕੰਮ ਕਰਦਾ ਹੈ। ਅੰਮ੍ਰਿਤਸਰ ਵਿਚ ਸਟੂਡੈਂਟਸ ਦੀ ਹੜਤਾਲ ਵੀ ਹੋਈ ਹੈ ਅਤੇ ਡਾਕਟਰਾਂ ਅਤੇ ਨਰਸਾਂ ਨੇ ਇਕ ਬਹੁਤ ਵੱਡਾ ਜਲੂਸ ਕੱਢਿਆ ਹੈ । ਇਹ ਚੰਗੀ ਗੱਲ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਸ ਵਾਸਤੇ ਕਈ ਆਦਮੀ ਗ੍ਰਿਫ਼ਤਾਰ ਹੋ ਗਏ ਹਨ, ਅਸੀਂ ਇਸ ਨੂੰ ਜੀ ਆਇਆਂ ਕਹਿੰਦੇ ਹਾਂ । ਇਸ ਸਰਕਾਰ ਨੂੰ ਇਨ੍ਹਾਂ ਆਦਮੀਆਂ ਤੇ ਬੜੀ ਸਖ਼ਤੀ ਨਾਲ ਐਕਸ਼ਨ ਲੈਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਸਮੱਗਲਿੰਗ ਦੇ ਬਾਰੇ ਦੱਸਦਾ ਹਾਂ। ਇਸ ਬਾਰੇ ਮੈਂ ਇਕ ਸਵਾਲ ਵੀ ਦਿੱਤਾ ਸੀ ਜਿਹੜਾ ਕਿ ਸਪੀਕਰ ਸਾਹਿਬ ਨੇ ਰੱਦ ਕਰ ਦਿੱਤਾ ਸੀ । ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਸਮੱਗਲਿੰਗ ਹੈ ਇਹ ਛੋਟੇ ਲੋਕ ਨਹੀਂ ਕਰਦੇ , ਇਹ ਵੱਡੇ ਲੋਕ ਹੀ ਕਰਦੇ ਹਨ । ਜਿਹੜੇ ਲੋਕ ਸਮੱਗਲਿੰਗ ਕਰਦੇ ਹਨ ਉਨ੍ਹਾਂ ਨੂੰ ਇਹ ਸਰਕਾਰ ਨਹੀਂ ਫੜਦੀ । ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਸਰਦਾਰ ਹਜ਼ਾਰਾ ਸਿੰਘ ਗਿੱਲ, ਜਿਹੜਾ ਐਮ. ਐਲ. ਏ. ਵੀ ਰਹਿ ਚੁੱਕਾ ਹੈ ਉਸ ਦੇ ਮੁੰਡੇ ਨੂੰ 4 ਟਾਂਗੇ ਪੱਤਿਆਂ ਦੇ ਸਮੱਗਲਿੰਗ ਕਰਦਾ ਹੋਇਆ ਖੇਮ ਕਰਨ ਦੇ ਬਾਰਡਰ ਤੋਂ ਫੜਿਆ ਗਿਆ । ਇਸੇ ਤਰ੍ਹਾਂ ਉਸ ਦੇ ਕੁੜਮਾਂ ਦਾ ਇਕ ਆਦਮੀ ਸਮੱਗਲਿੰਗ ਕਰਦਾ ਹੋਇਆ ਫੜਿਆ ਗਿਆ । ਉਸ ਦੇ ਖਿਲਾਫ਼ ਵੀ ਕੋਈ ਐਕਸ਼ਨ ਨਹੀਂ ਲਿਆ ਅਤੇ ਕੋਈ ਕਾਰਵਾਈ ਨਹੀਂ ਕੀਤੀ ਗਈ ।

ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਹ ਕਰਦੇ ਕੀ ਹਨ। ਜਿਹੜੇ ਲੋਕ ਨਿਰਦੋਸ਼ ਹੁੰਦੇ ਹਨ ਉਨ੍ਹਾਂ ਨੂੰ ਇਨ੍ਹਾਂ ਦੇ ਝੋਲੀ ਚੁੱਕ ਪਕੜਵਾ ਦਿੰਦੇ ਹਨ । ਇਸ ਤਰ੍ਹਾਂ ਹੀ ਨਾੜੇਮਲ ਪਿੰਡ ਦਾ ਸਰਪੰਚ ਰੇਸ਼ਮ ਸਿੰਘ ਦਾ ਕੇਸ ਹੈ ਉਸ ਤੇ ਇਨ੍ਹਾਂ ਨੇ ਝੂਠਾ ਕੇਸ ਬਣਾਇਆ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਵੀ ਇਸ ਬਾਰੇ ਪਤਾ ਹੋਣਾ ਹੈ ਤੁਹਾਡੇ ਹਲਕੇ ਦੇ ਲੋਕਾਂ ਦੀਆਂ ਵੀ ਉਥੇ 10 ਦਰਖ਼ਾਸਤਾਂ ਪਈਆਂ ਹਨ । ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਸੋਸ਼ਲਿਜ਼ਮ ਦੀਆਂ ਡੀਂਗਾਂ ਮਾਰਦੇ ਹਨ ਪਰ ਇਹ ਸੋਸ਼ਲਿਜ਼ਮ ਦੀ ਗੱਲ ਕੋਈ ਵੀ ਨਹੀਂ ਕਰਦੇ ।

ਡਿਪਟੀ ਸਪੀਕਰ ਸਾਹਿਬ, ਅੰਗਰੇਜ਼ਾਂ ਦੇ ਜ਼ਮਾਨੇ ਵਿਚ ਲਾਹੌਰ ਵਿਚ ਇਕ ਬੁੱਚੜਖਾਨਾ ਸੀ ਇਸੇ ਤਰ੍ਹਾਂ ਹੀ ਬਾਦਲ ਸਰਕਾਰ ਨੇ ਅੰਮ੍ਰਿਤਸਰ ਵਿਚ ਇਕ ਜੇਲ੍ਹ ਬਣਾਈ ਸੀ ਜਿਥੇ ਕਿ ਨੈਕਸੇਲਾਈਟਸ ਨੂੰ ਬੰਦ ਕੀਤਾ ਜਾਂਦਾ ਸੀ । ਹੁਣ ਉਥੇ ਸਮੱਗਲਿੰਗ ਕਰਨ ਵਾਲਿਆਂ ਨੂੰ ਲੈ ਜਾਇਆ ਜਾਂਦਾ ਹੈ

[ਕਾਮਰੇਡ ਅਰਜਨ ਸਿੰਘ ਮਸਤਾਨਾ]

ਅਤੇ ਉਥੇ ਪੁਲਿਸ ਦੇ ਅਫ਼ਸਰ ਉਨ੍ਹਾਂ ਕੋਲੋਂ ਪੈਸੇ ਲੈ ਕੇ ਛੱਡ ਦਿੰਦੇ ਹਨ । ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋ ਜਾਵੋਗੇ ਕਿ ਖੇਮਵਾਲ ਦੇ ਸਰਪੰਚ ਸਰੂਪ ਸਿੰਘ, ਬਲਾਕ ਸੰਮਤੀ ਦੇ ਮੈਂਬਰਾਂ ਦੇ ਖਿਲਾਫ਼ ਸਮੱਗਲਿੰਗ ਦੇ ਕੇਸ ਵਿਚ ਡਾਇਰੈਕਟਰ ਨੂੰ ਉਥੇ ਭੇਜਿਆ ਗਿਆ ਪਰ ਉਥੋਂ ਦੇ ਝੋਲੀ ਚੁੱਕਾਂ ਨੇ ਅਤੇ ਪੁਲਿਸ ਦੇ ਅਫ਼ਸਰਾਂ ਨੇ ਪੈਸਾ ਲੈ ਕੇ ਉਨ੍ਹਾਂ ਨੂੰ ਛੱਡ ਦਿਤਾ । ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਇਹ ਇਕ ਕੁਰੱਪਸ਼ਨ ਦਾ ਘਰ ਬਣਿਆ ਹੋਇਆ ਹੈ ਜਿਸ ਵੱਲ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

Mr. Deputy Speaker : Please wind up.

ਕਾਮਰੇਡ ਅਰਜਨ ਸਿੰਘ ਮਸਤਾਨਾ : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ਼ ਇੱਕ ਗੱਲ ਕਹਿਣੀ ਚਾਹੁੰਦਾ ਹਾਂ, ਮੈਨੂੰ 2 ਮਿੰਟ ਹੋਰ ਦੇ ਦੇਵੋ । ਇਹ ਜਿਹੜੀ ਸਾਡੀ ਮਸ਼ੀਨਰੀ ਹੈ ਇਸ ਦੀ ਹਾਲਤ ਖ਼ਰਾਬ ਹੋ ਰਹੀ ਹੈ । ਮੈਨੂੰ ਇਕ ਗੱਲ ਯਾਦ ਆ ਗਈ ਹੈ. ਉਹ ਮੈਂ ਤੁਹਾਨੂੰ ਸੁਣਾਉਂਦਾ ਹਾਂ। ਸ਼ਾਮ ਦਾ ਵੇਲਾ ਸੀ, ਇਕ ਕਾਜ਼ੀ, ਉਸ ਦੀ ਜ਼ਨਾਨੀ ਅਤੇ ਇਕ ਉਨ੍ਹਾਂ ਦੇ ਨੌਕਰ ਨੇ ਦਰਿਆ ਪਾਰ ਕਰਨਾ ਸੀ । ਬੇੜੀ ਵਾਲੇ ਨੇ ਕਿਹਾ ਕਿ ਸ਼ਾਮ ਵੇਲੇ ਬੇੜੀ ਨਹੀਂ ਚੱਲ ਸਕਦੀ ਤਾਂ ਕਾਜ਼ੀ ਨੇ ਕਿਹਾ ਤੈਨੂੰ ਪਤਾ ਨਹੀਂ ਮੈਂ ਕਾਜ਼ੀ ਹਾਂ । ਉਸ ਵੇਲੇ ਕਾਜ਼ੀ ਦਾ ਕੰਟਰੋਲ ਬਹੁਤ ਹੁੰਦਾ ਸੀ । ਉਸ ਦੇ ਕਹਿਣ ਤੇ ਬੇੜੀ ਵਾਲੇ ਨੇ ਬੇੜੀ ਠੇਲ੍ਹ ਦਿੱਤੀ । ਬੇੜੀ ਥੋੜ੍ਹੀ ਦੂਰ ਹੀ ਗਈ ਸੀ ਕਿ ਬੇੜੀ ਖੜ੍ਹੀ ਹੋ ਗਈ । ਬੇੜੀ ਅੱਗੇ ਨਹੀਂ ਜਾ ਸਕਦੀ ਸੀ । ਕਾਜ਼ੀ ਨੇ ਕਿਹਾ ਇਹ ਬੇੜੀ ਕਿਉਂ ਖੜ੍ਹੀ ਹੋ ਗਈ ਹੈ । ਤਾਂ ਜਵਾਬ ਮਿਲਿਆ ਤੁਸੀਂ ਪਰਮਾਤਮਾ ਤੇ ਭਰੋਸਾ ਰੱਖੋ ਅਤੇ ਪਰਮਾਤਮਾ ਅਗੇ ਬੇਨਤੀ ਕਰੋ, ਇਹ ਚੱਲ ਪਵੇਗੀ । ਕਾਜ਼ੀ ਨੇ ਇਸ ਤਰ੍ਹਾਂ ਕੀਤਾ । ਉਹ ਕਹਿਣ ਲੱਗਾ, ਹੇ ਪਰਮਾਤਮਾ ਮੇਰੀਆਂ ਭੁੱਲਾਂ ਬਖ਼ਸ਼ੋ, ਮੈਂ ਨੇਕੀ ਦਾ ਕੰਮ ਕਦੇ ਨਹੀਂ ਕੀਤਾ । ਹੁਣ ਮੈਨੂੰ ਬਖ਼ਸ਼ ਦਿਉ। ਕਾਜ਼ੀ ਦੀ ਬੇਨਤੀ ਤੇ ਉਹ ਬੇੜੀ ਚੱਲ ਪਈ ਪਰ ਅਜੇ ਥੋੜੀ ਦੂਰ ਹੀ ਗਈ ਸੀ ਕਿ ਫਿਰ ਖੜ੍ਹੀ ਹੋ ਗਈ । ਪਾਣੀ ਕਾਫੀ ਡੂੰਘਾ ਸੀ ਤੇ ਬੇੜੀ ਅੱਗੇ ਵੀ ਨਹੀਂ ਜਾ ਸਕਦੀ ਸੀ । ਕਾਜ਼ੀ ਨੇ ਪੁਛਿਆ ਕਿ ਹੁਣ ਕਿਉਂ ਖੜ੍ਹੀ ਹੋ ਗਈ। ਬੇੜੀ ਵਾਲੇ ਨੇ ਕਿਹਾ ਕਿ ਬੀਬੀ ਅਰਦਾਸ ਕਰੇ ਤਾਂ ਹੋ ਸਕਦਾ ਹੈ ਕਿ ਬੇੜੀ ਚੱਲ ਪਵੇ । ਹੁਣ ਬੀਬੀ ਵੀ ਪਰਮਾਤਮਾ ਅਗੇ ਅਰਦਾਸ ਕਰਨ ਲੱਗੀ, ਹੇ ਪਰਮਾਤਮਾ ਤੁਸੀਂ ਬਖ਼ਸ਼ਨਹਾਰ ਹੋ, ਮੈਂ ਕਦੇ ਨੇਕੀ ਦਾ ਕੰਮ ਨਹੀਂ ਕੀਤਾ ਹੁਣ ਮੈਨੂੰ ਬਖ਼ਸ਼ ਦਿਉ । ਬੀਬੀ ਦੀ ਅਰਦਾਸ ਤੇ ਬੇੜੀ ਫਿਰ ਚੱਲ ਪਈ । ਪਰ ਬੇੜੀ ਥੋੜ੍ਹੀ ਦੂਰ ਹੀ ਹੋਰ ਗਈ ਸੀ ਕਿ ਫਿਰ ਖੜ੍ਹੀ ਹੋ ਗਈ । ਕਾਜ਼ੀ ਨੇ ਪੁਛਿਆ ਕਿ ਹੁਣ ਕਿਉਂ ਖੜ੍ਹੀ ਹੋ ਗਈ ਹੈ । ਤਾਂ ਬੇੜੀ ਵਾਲਾ ਕਹਿਣ ਲੱਗਾ ਕਿ ਨੌਕਰ ਪਰਮਾਤਮਾ ਅੱਗੇ ਅਰਦਾਸ ਕਰੇ ਤਾਂ ਹੋ ਸਕਦਾ ਹੈ ਬੇੜੀ ਚੱਲ ਪਵੇ । ਨੌਕਰ ਵੀ ਪਰਮਾਤਮਾ ਅੱਗੇ ਬੇਨਤੀ ਕਰਨ ਲੱਗਾ ਕਿ ਮੇਰੀਆਂ ਭੁੱਲਾਂ ਬਖ਼ਸ਼ੋ ਮੈਂ ਵੀ ਬੁਰੇ ਕੰਮ ਬੜੇ ਕੀਤੇ ਹਨ। ਜੇ ਮੈਂ ਬਜ਼ਾਰ 2 ਰੁਪਏ ਦੀ ਕੋਈ ਚੀਜ਼ ਲੈਣ ਜਾਂਦਾ ਸੀ ਤਾਂ ਇਕ ਰੁਪਿਆ ਮੈਂ ਵੀ ਆਪਣੀ ਜੇਬ ਵਿਚ ਪਾ ਲੈਂਦਾ ਸੀ । 60 ਸਾਲ ਦਾ ਮੈਂ ਹੋ ਗਿਆ ਹਾਂ ਪਰ ਮੈਂ ਵੀ ਕਦੇ ਨੇਕ ਕੰਮ ਨਹੀਂ ਕੀਤਾ । ਤੁਸੀਂ ਬਖ਼ਸ਼ਨਹਾਰ ਹੋ, ਹੁਣ ਮੈਨੂੰ ਬਖ਼ਸ਼ ਦਿਉ । (ਹਾਸਾ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਸੇ ਤਰ੍ਹਾਂ ਹੀ ਸਾਡੀ ਸਰਕਾਰ ਦੀ ਮਸ਼ੀਨਰੀ ਦਾ ਹਾਲ ਹੈ । ਇਸ ਮਸ਼ੀਨਰੀ ਵਿਚ ਇਹੋ ਜਿਹੇ ਲੋਕ ਜ਼ਿਆਦਾ ਹੋ ਗਏ ਹਨ ਜਿਹੜੇ ਕਿ ਕੁਰੱਪਸ਼ਨ ਫ਼ੈਲਾਉਂਦੇ ਹਨ । ਇਸੇ ਤਰ੍ਹਾਂ ਹੀ ਇਨ੍ਹਾਂ ਨੇ ਇਹ ਬੇੜੀ ਨਹੀਂ ਚੱਲਣ ਦੇਣੀ । ਇਤਨਾ ਕਹਿ ਕੇ, ਡਿਪਟੀ ਸਪੀਕਰ ਸਾਹਿਬ, ਮੈਂ ਬੈਠਦਾ ਹਾਂ ।

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬ, ਮੈਂ, ਜਨਾਬ ਜਿਹੜੀ ਲੇਬਰ ਇੰਪਲਾਇਮੈਂਟ ਐਂਡ ਇੰਡਸਟਰੀਅਲ ਟ੍ਰੇਨਿੰਗ ਦੇ ਬਾਰੇ ਡਿਮਾਂਡ ਹੈ ਉਸ ਦੇ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ ਜਿਸ ਵਿਚ ਕਿ ਇਨ੍ਹਾਂ ਨੇ ਤਿੰਨ ਕਰੋੜ 23 ਲੱਖ 64 ਹਜ਼ਾਰ ਰੁਪਿਆ ਮੰਗਿਆ ਹੈ। ਮੇਰੀ ਬੇਨਤੀ ਹੈ ਕਿ ਸਰਕਾਰ ਨੇ ਦੂਸਰਿਆਂ ਸੂਬਿਆਂ ਨਾਲੋਂ ਔਰ ਪਿਛਲੇ ਸਾਲਾਂ ਨਾਲੋਂ ਕਾਫ਼ੀ ਦਿਲਚਸਪੀ ਲਈ ਹੈ। ਦੂਸਰਿਆਂ ਸੂਬਿਆਂ ਨੇ ਵੇਜਿਜ਼ ਵਿਚ ਇਤਨਾ ਬੜਾਵਾ ਨਹੀਂ ਕੀਤਾ ਜਿਤਨਾ ਕਿ ਇਸ ਸਰਕਾਰ ਨੇ ਕੀਤਾ ਹੈ। ਇਸ ਹਿਸਾਬ ਨਾਲ ਦੂਸਰੇ ਸੂਬੇ ਹਾਲੇ ਪਿੱਛੇ ਹਨ। ਸਾਡੇ ਸੂਬੇ ਵਿਚ ਜਿਹੜੀ ਘੱਟੋ ਘੱਟ ਵੇਜਿਜ਼ ਮੁਕੱਰਰ ਕੀਤੀ ਗਈ ਹੈ ਉਹ 150 ਰੁਪਏ ਕੀਤੀ ਗਈ ਹੈ। ਮੇਰੇ ਖ਼ਿਆਲ ਦੇ ਮੁਤਾਬਿਕ ਇਹ ਇਸ ਤੋਂ ਵੀ ਜ਼ਿਆਦਾ ਹੋਣੀ ਚਾਹੀਦੀ ਹੈ। ਲੇਕਿਨ ਅਸੀਂ ਦੂਸਰਿਆਂ ਸੂਬਿਆਂ ਨਾਲੋਂ ਫਿਰ ਵੀ ਅੱਗੇ ਹਾਂ। ਜਿਹੜੀਆਂ ਫ਼ੈਕਟਰੀਆਂ ਹਨ, ਮਿੱਲਾਂ ਹਨ ਗੌਰਮਿੰਟ ਨੇ ਉਨ੍ਹਾਂ ਦੇ ਮਜ਼ਦੂਰਾਂ ਵਾਸਤੇ ਹਾਊਸਿੰਗ ਵਾਸਤੇ ਵੀ ਰੁਪਿਆ ਦਿੱਤਾ ਹੈ। ਇਹ ਇਕ ਐਸੀ ਚੀਜ਼ ਹੈ ਜਿਹੜੀ ਕਿ ਹੋਰ ਸੂਬਿਆਂ ਵਿਚ ਨਹੀਂ ਹੋਈ ਭਾਵੇਂ ਉਥੇ ਵੀ ਕਾਫ਼ੀ ਮਿੱਲਾਂ ਹਨ। ਉਨ੍ਹਾਂ ਨੇ ਹਾਊਸਿੰਗ ਵਾਸਤੇ ਕਿਸੇ ਨੂੰ ਕੁਝ ਨਹੀਂ ਦਿੱਤਾ ਮਗਰ ਸਾਡੀ ਗੌਰਮਿੰਟ ਨੇ ਦਿੱਤਾ ਹੈ। ਸਾਡੇ ਜਿਹੜੇ ਫ਼ੈਕਟਰੀ ਮਜ਼ਦੂਰ ਹਨ, ਮਿੱਲ ਵਰਕਰ ਹਨ ਉਨ੍ਹਾਂ ਦੀਆਂ ਬੜੀਆਂ ਮੁਸ਼ਕਲਾਤਾਂ ਹਨ। ਸਭ ਤੋਂ ਵੱਡੀ ਮੁਸ਼ਕਲ ਇਹ ਹੈ ਕਿ ਜੇਕਰ ਮਜ਼ਦੂਰ ਔਰ ਮਿੱਲ ਮਾਲਕ ਦੇ ਦਰਮਿਆਨ ਕੋਈ ਝਗੜਾ ਹੋ ਜਾਂਦਾ ਹੈ ਤਾਂ ਇਨਸਾਫ਼ ਬੜਾ ਮਹਿੰਗਾ ਮਿਲਦਾ ਹੈ। ਅਫ਼ਸਰ ਕਹਿੰਦੇ ਹਨ ਕਿ ਲੇਬਰ ਕੋਰਟ ਵਿਚ ਚਲੇ ਜਾਓ। ਜੇਕਰ ਮਜ਼ਦੂਰ ਲੇਬਰ ਕੋਰਟ ਵਿਚ ਚਲਾ ਜਾਵੇ ਤਾਂ ਪਹਿਲਾਂ ਤਾਂ ਉਸ ਨੂੰ ਵਕੀਲ ਕਰਨਾ ਪੈਂਦਾ ਹੈ, ਉਸ ਤੇ ਖ਼ਰਚ ਕਰਨਾ ਪੈਂਦਾ ਹੈ ਫਿਰ ਉਸ ਕੇਸ ਦੇ ਫ਼ੈਸਲੇ ਲਈ ਤਿੰਨ ਚਾਰ ਸਾਲ ਲੱਗ ਜਾਂਦੇ ਹਨ ਔਰ ਉਹ ਵਿਚਾਰਾ ਮਾਰਿਆ ਮਾਰਿਆ ਫਿਰਦਾ ਹੈ। ਲੁਧਿਆਣੇ ਦੀ ਲੇਬਰ ਕੋਰਟ ਵਿਚ ਦੋ ਹਜ਼ਾਰ ਕੇਸਿਜ਼ ਤੋਂ ਘੱਟ ਪੈਂਡਿੰਗ ਨਹੀਂ ਹਨ। ਉਹ ਕੇਸਿਜ਼ ਉਹ ਹਨ ਜਿਨ੍ਹਾਂ ਨੂੰ ਤਿੰਨ ਚਾਰ ਸਾਲ ਹੋ ਗਏ ਹਨ। ਜਦੋਂ ਕਿਸੇ ਦੇ ਹੱਕ ਵਿਚ ਫ਼ੈਸਲਾ ਹੋ ਜਾਂਦਾ ਹੈ ਤਾਂ ਉਸ ਮਜ਼ਦੂਰ ਨੂੰ ਫ਼ੈਸਲੇ ਮੁਤਾਬਿਕ ਕਲੇਮ ਨਹੀਂ ਮਿਲਦਾ। ਉਸ ਨੂੰ ਬੜੀ ਮੁਸੀਬਤ ਉਠਾਉਣੀ ਪੈਂਦੀ ਹੈ। ਫਿਰ ਜਾਂ ਤਾਂ ਵਿਚਾਰਾ ਫ਼ੈਸਲਾ ਹੋਣ ਤਕ ਮਰ ਗਿਆ ਹੁੰਦਾ ਹੈ ਤੇ ਜਾਂ ਵੈਸੇ ਹੀ ਪਿੱਛੇ ਹੱਟ ਜਾਂਦਾ ਹੈ। ਇਸ ਲਈ ਸਰਕਾਰ ਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਨੂੰ ਇਹ ਕਰ ਦੇਣਾ ਚਾਹੀਦਾ ਹੈ ਕਿ ਜੇਕਰ ਕਿਸੇ ਨੇ ਕੋਰਟ ਵਿਚ ਜਾਣਾ ਹੋਵੇ ਤਾਂ ਉਸ ਲਈ ਪੈਨਲ ਆਫ਼ ਲਾਈਅਰਜ਼ ਬਣਾ ਦਿੱਤਾ ਜਾਵੇ। ਜੇਕਰ ਉਹ ਕੇਸ ਕੋਰਟ ਵਿਚ ਚੱਲਣ ਦੇ ਕਾਬਲ ਹੋਵੇ ਤਾਂ ਉਸ ਮਜ਼ਦੂਰ ਨੂੰ ਪੈਸੇ ਨਾ ਖਰਚਣੇ ਪੈਣ।

ਦੂਸਰੀ ਮੇਰੀ ਅਰਜ਼ ਇਹ ਹੈ ਕਿ ਜਿਤਨੀਆਂ ਵੀ ਫ਼ੈਕਟਰੀਜ਼ ਹਨ ਉਨ੍ਹਾਂ ਵਾਸਤੇ ਜਿਥੇ ਜਿਥੇ ਗੌਰਮਿੰਟ ਅਧਿਕਾਰੀ ਕੰਮ ਕਰਦੇ ਹਨ ਜਿਸ ਤਰ੍ਹਾਂ ਕਿ ਲੇਬਰ ਕਮਿਸ਼ਨਰ ਹੈ, ਲੇਬਰ ਅਫ਼ਸਰ ਹੈ ਜਾਂ ਲੇਬਰ ਇਨਸਪੈਕਟਰ ਹੈ ਉਹ ਜ਼ਿਆਦਾ ਤਰ ਅਮੀਰ ਦੇ ਹੱਕ ਵਿਚ ਹੀ ਹੋ ਜਾਂਦੇ ਹਨ ਇਸ ਲਈ ਮਜ਼ਦੂਰ ਨੂੰ ਇਨਸਾਫ਼ ਨਹੀਂ ਮਿਲਦਾ। ਮੈਂ ਸਮਝਦਾ ਹਾਂ ਇਸ ਚੀਜ਼ ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਵੇਲੇ ਮੈਂ ਸਮਝਦਾ ਹਾਂ ਕਿ ਸਾਰੇ ਦੇਸ਼ ਵਿਚ ਲੇਬਰ-ਅਨਰੈਸਟ ਹੈ। ਕਾਰਖਾਨੇਦਾਰ ਔਰ ਮਜ਼ਦੂਰ ਦਾ ਆਪਸ ਵਿਚ ਮੇਲ ਨਾ ਹੋਣ ਕਰਕੇ ਪ੍ਰੋਡਕਸ਼ਨ ਘੱਟਦੀ ਜਾਂਦੀ ਹੈ।

ਦੂਸਰੀ ਚੀਜ਼ ਇਹ ਹੈ ਕਿ ਜਿਹੜੇ ਇਹ ਕਾਰਖਾਨੇ ਕੰਮ ਕਰ ਰਹੇ ਹਨ ਜੇਕਰ ਬਿਜਲੀ ਘੱਟ ਹੋਵੇ, ਜੇਕਰ ਡੀਜ਼ਲ ਘੱਟ ਮਿਲੇ ਤਾਂ ਲਾਜ਼ਮੀ ਤੌਰ ਤੇ ਕਾਰਖਾਨੇ ਬੰਦ ਹੋ ਜਾਂਦੇ ਹਨ। ਫਿਰ ਸ਼ੋਰ ਸ਼ਰਾਬਾ ਸ਼ੁਰੂ ਹੋ ਜਾਂਦਾ ਹੈ। ਜਦੋਂ ਅਸੀਂ ਮਜ਼ਦੂਰਾਂ ਨੂੰ ਸਮਝਾਉਂਦੇ ਹਾਂ ਕਿ ਤੁਸੀਂ

[ਸ੍ਰੀ ਸਰਦਾਰੀ ਲਾਲ ਕਪੂਰ]

ਨਾਹਰੇ ਨਾ ਮਾਰੋ, ਹੜਤਾਲਾਂ ਨਾ ਕਰੋ ਤਾਂ ਉਹ ਮੰਨਦੇ ਨਹੀਂ ਹਨ ਔਰ ਹੜਤਾਲ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਕੋਰਟ ਵਿਚੋਂ ਬੜੀ ਦੇਰ ਬਾਅਦ ਇਨਸਾਫ਼ ਮਿਲਦਾ ਹੈ । ਇਸ ਕਰਕੇ ਉਹ ਐਕਸ਼ਨ ਕਰਦੇ ਹਨ । ਇਹ ਸਿਲਸਿਲਾ ਤਾਂ ਹੀ ਬੰਦ ਹੋ ਸਕਦਾ ਹੈ ਜੇਕਰ ਮਜ਼ਦੂਰ ਦੀਆਂ ਜਿਹੜੀਆਂ ਮੁਸ਼ਕਲਾਤਾਂ ਹਨ ਉਨ੍ਹਾਂ ਨੂੰ ਹੱਲ ਕੀਤਾ ਜਾਵੇ । ਉਸ ਦੀਆਂ ਮੰਗਾਂ ਨੂੰ ਮੰਨ ਲਿਆ ਜਾਵੇ । ਤੁਸੀਂ ਲੁਧਿਆਣੇ ਵਿਚ ਵੇਖ ਲਵੋ ਜਿਥੇ ਮਜ਼ਦੂਰ ਕੰਮ ਕਰਦੇ ਹਨ, ਸਾਰਾ ਦਿਨ ਮਿਹਨਤ ਕਰਦੇ ਹਨ, ਅੱਠ ਦਸ ਘੰਟੇ ਖੂਨ ਪਸੀਨਾ ਇਕ ਕਰਦੇ ਹਨ, ਉਥੇ ਦਾ ਮਾਹੌਲ ਬੜਾ ਹੀ ਖ਼ਰਾਬ ਹੈ। ਸੈਨੀਟੇਸ਼ਨ ਅੱਛੀ ਨਹੀਂ ਹੈ । ਇਹੋ ਜਿਹੀਆਂ ਚੀਜ਼ਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਕਈ ਵਾਰ ਲੇਬਰ ਅਫ਼ਸਰ ਨੂੰ ਕਿਹਾ ਹੈ ਕਿ ਉਸ ਪਾਸੇ ਧਿਆਨ ਦਿਉ ਪਰ ਉਨ੍ਹਾਂ ਵਲੋਂ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ । ਮਜ਼ਦੂਰ ਦੇ ਮੁਤੱਲਿਕ ਜਿਹੜੀ ਗੌਰਮਿੰਟ ਆਫ਼ ਇੰਡੀਆ ਦੀ ਰਿਪੋਰਟ ਹੈ, ਜਿਹੜੀ ਹੈਲਥ ਵਾਲਿਆਂ ਦੀ ਰਿਪੋਰਟ ਹੈ, ਉਸਦੇ ਮੁਤਾਬਿਕ ਅਗਰ 100 ਆਦਮੀ ਬਿਮਾਰ ਹੁੰਦੇ ਹਨ, ਉਸ ਵਿਚੋਂ 60 ਆਦਮੀ ਮਿੱਲਾਂ ਵਿਚ ਕੰਮ ਕਰਨ ਵਾਲੇ ਹੁੰਦੇ ਹਨ । 150 ਰੁਪਏ ਮਹੀਨਾ ਤਾਂ ਉਨ੍ਹਾਂ ਨੂੰ ਮਿਲਦੇ ਹਨ । ਉਸ ਵਿਚ ਉਹ ਕੀ ਕੁਝ ਕਰ ਸਕਦੇ ਹਨ, ਦੂਸਰੇ ਮੈਂ ਸਮਝਦਾ ਹਾਂ ਕਿ ਜਿਹੜੇ ਲੇਬਰ ਲਾਅਜ਼ ਬਣਾਏ ਹਨ, ਉਨ੍ਹਾਂ ਬਾਰੇ ਮੈਂ ਗੌਰਮਿੰਟ ਪਾਸ ਪ੍ਰਾਰਥਨਾ ਕਰਾਂਗਾ ਕਿ ਉਨ੍ਹਾਂ ਤੇ ਪੂਰੀ ਤਰ੍ਹਾਂ ਨਾਲ ਅਮਲ ਹੋਣਾ ਚਾਹੀਦਾ ਹੈ । ਜਦੋਂ ਤੱਕ ਉਨ੍ਹਾਂ ਲਾਅਜ਼ ਉਪਰ ਅਮਲ ਨਹੀਂ ਹੁੰਦਾ, ਅਨਰੈਸਟ ਰਹੇਗੀ ।

ਇਕ ਅਰਜ਼ ਮੈਂ ਹੋਰ ਕਰਾਂਗਾ । ਜਿਥੇ ਮਜ਼ਦੂਰਾਂ ਨੂੰ, ਵਰਕਰਾਂ ਨੂੰ ਕੰਮ ਕਰਨ ਦਾ ਮੌਕਾ ਮਿਲਦਾ ਹੈ ਉਥੇ ਉਨ੍ਹਾਂ ਦੇ ਰੀਕਰੀਏਸ਼ਨ ਦਾ ਕੋਈ ਸਾਧਨ ਨਹੀਂ ਹੁੰਦਾ । ਉਨ੍ਹਾਂ ਨੂੰ ਰੀਕਰੀਏਸ਼ਨ ਨਹੀਂ ਮਿਲਦੀ । ਇਸ ਲਈ ਜਿਸ ਵੇਲੇ ਉਨ੍ਹਾਂ ਨੂੰ ਪੈਸੇ ਮਿਲਦੇ ਹਨ ਤਾਂ ਉਨ੍ਹਾਂ ਪਾਸ ਇਕ ਹੀ ਰੀਕਰੀਏਸ਼ਨ ਹੁੰਦੀ ਹੈ ਕਿ ਉਹ ਠੇਕੇ ਤੇ ਚਲੇ ਜਾਂਦੇ ਹਨ । ਇੰਡਸਟਰੀਅਲ ਏਰੀਆ 'ਏ' ਹੈ ਜਾਂ ਬੀ ਹੈ, ਉਹ ਉਸ ਦੇ ਠੇਕਿਆਂ ਤੇ ਜਾਂਦੇ ਹਨ । ਸ਼ਰਾਬ ਦਾ ਅਸਰ ਇਹ ਹੁੰਦਾ ਹੈ ਕਿ ਉਹ ਲੋਕ ਆਪਣੇ ਬੱਚਿਆਂ ਨੂੰ ਭੁੱਖਾ ਮਾਰਦੇ ਹਨ, ਪੈਸੇ ਸਾਰੇ ਉਥੇ ਖ਼ਰਚ ਦਿੰਦੇ ਹਨ । ਇਸ ਲਈ ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਉਨ੍ਹਾਂ ਏਰੀਆਜ਼ ਵਿਚ ਕੋਈ ਸ਼ਰਾਬ ਦਾ ਠੇਕਾ ਨਹੀਂ ਹੋਣਾ ਚਾਹੀਦਾ ਔਰ ਵਰਕਰਾਂ ਦੀ ਰੀਕਰੀਏਸ਼ਨ ਵਾਸਤੇ ਕਲੱਬ ਹੋਣੇ ਚਾਹੀਦੇ ਹਨ । ਉਨ੍ਹਾਂ ਦੇ ਬੈਠਣ ਲਈ ਚਗੀ ਜਗ੍ਹਾ ਹੋਣੀ ਚਾਹੀਦੀ ਹੈ, ਖੁਲ੍ਹੀ ਜਗ੍ਹਾ ਹੋਣੀ ਚਾਹੀਦੀ ਹੈ । ਇਸ ਵੇਲੇ ਉਨ੍ਹਾਂ ਦੇ ਬੈਠਣ ਲਈ ਕੋਈ ਜਗ੍ਹਾ ਨਹੀਂ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਸਰਕਾਰ ਦੀ ਇਹ ਬੜੀ ਜ਼ਿੰਮੇਵਾਰੀ ਹੈ ਕਿ ਉਹ ਮਜ਼ਦੂਰ ਦੀ ਹਾਲਤ ਵੱਲ ਧਿਆਨ ਦੇਵੇ ।

ਦੂਸਰੀ ਮੈਂ ਇਹ ਅਰਜ਼ ਕਰਾਂਗਾ ਕਿ ਜਿਹੜੀਆਂ ਹੜਤਾਲਾਂ ਹੁੰਦੀਆਂ ਹਨ ਉਨ੍ਹਾਂ ਵਿਚ ਸਿਆਸੀ ਪਾਰਟੀਆਂ ਨੂੰ ਨਹੀਂ ਆਉਣਾ ਚਾਹੀਦਾ । ਮਿੱਲ ਮਾਲਿਕ ਔਰ ਮਜ਼ਦੂਰ ਦਾ ਕੋਈ ਝਗੜਾ ਹੋ ਜਾਂਦਾ ਹੈ ਤਾਂ ਵਿਚ ਸਿਆਸੀ ਪਾਰਟੀਆਂ ਆ ਜਾਂਦੀਆਂ ਹਨ ਔਰ ਉਹ ਉਨ੍ਹਾਂ ਵਿਚਾਰਿਆਂ ਨੂੰ ਭੁੱਖੇ ਮਾਰਨਾ ਸ਼ੁਰੂ ਕਰ ਦਿੰਦੇ ਹਨ । ਇਸ ਲਈ ਇਸ ਚੀਜ਼ ਨੂੰ ਵੀ ਰੋਕਣ ਦੀ ਲੋੜ ਹੈ ਤਾਕਿ ਮਜ਼ਦੂਰ ਔਰ ਮਾਲਿਕ ਦੇ ਇਸ ਕਿਸਮ ਦੇ ਸਬੰਧ ਹੋਣ ਜਿਨ੍ਹਾਂ ਨਾਲ ਪ੍ਰੋਡਕਸ਼ਨ ਵਧੇ । ਅਗਰ ਪ੍ਰੋਡਕਸ਼ਨ ਹੋਵੇਗੀ ਤਾਂ ਹੀ ਚੀਜ਼ਾਂ ਦੀਆਂ ਕੀਮਤਾਂ ਘਟਣਗੀਆਂ। ਔਰ ਮੈਂ ਕਹਾਂਗਾ ਕਿ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਇਕ ਮੈਂ ਹੋਰ ਅਰਜ਼ ਕਰਾਂਗਾ ਕਿ ਅੰਮ੍ਰਿਤਸਰ ਵਿਚ ਇਕ ਮਿੱਲ ਹੈ ਬਨਾਸਪਤੀ ਦੀ ਜਿਹੜੀ ਕਿ ਸੰਨ 1973 ਵਿਚ ਬੰਦ ਹੋ ਗਈ ਸੀ । ਉਸ ਵਿਚ ਤਿੰਨ ਸਾਢੇ ਤਿੰਨ ਸੌ ਵਰਕਰ ਕੰਮ ਕਰਦੇ

ਸਨ ਜਿਹੜੇ ਕਿ ਹੁਣ ਸੜਕ ਤੇ ਬੈਠੇ ਹਨ। ਉਸ ਮਿੱਲ ਨੂੰ ਸਰਕਾਰ ਨੂੰ ਆਪਣੇ ਕਬਜ਼ੇ ਵਿਚ ਲੈਣਾ ਚਾਹੀਦਾ ਹੈ । ਇਸ ਤਰ੍ਹਾਂ ਨਾਲ ਜਿਹੜੇ ਵਰਕਰ ਹਨ ਉਨ੍ਹਾਂ ਨੂੰ ਰੋਟੀ ਮਿਲਣ ਲਗ ਪਵੇਗੀ ਔਰ ਜਿਹੜੀ ਗੌਰਮਿੰਟ ਹੈ ਉਸ ਦੀ ਪ੍ਰੋਡਕਸ਼ਨ ਵਧੇਗੀ । ਮੈਂ ਅਰਜ਼ ਕਰਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਲੇਬਰ ਦੇ ਹਿਸਾਬ ਨਾਲ ਗੌਰਮਿੰਟ ਨੂੰ ਖ਼ਾਸ ਤੌਰ ਤੇ ਇਸ ਸੈਕਸ਼ਨ ਵਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ ।

ਫ਼ਿਰ, ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਵਾਸਤੇ ਬਿਜਲੀ ਦੀ ਬੜੀ ਲੋੜ ਹੁੰਦੀ ਹੈ । ਜਿਨ੍ਹਾਂ ਪਾਸ ਜੈਨਰੇਟਰ ਹਨ ਉਹ ਵੀ ਤਾਂ ਹੀ ਬਿਜਲੀ ਪੈਦਾ ਕਰ ਸਕਦੇ ਹਨ ਜੇਕਰ ਡੀਜ਼ਲ ਹੋਵੇ। ਡੀਜ਼ਲ ਵੀ ਨਹੀਂ ਮਿਲਦਾ । ਜਿਸ ਪਾਸ ਜੈਨਰੇਟਰ ਨਹੀਂ ਹੈ, ਬਿਜਲੀ ਤੇ ਡਿਪੈਂਡ ਕਰਦਾ ਹੈ, ਉਸ ਦੀ ਹਾਲਤ ਹੋਰ ਵੀ ਖ਼ਰਾਬ ਹੁੰਦੀ ਪਈ ਹੈ । ਤਿੰਨ ਸਾਲ ਪਹਿਲੇ ਇਸ ਪਾਸੇ ਵਲ ਠੀਕ ਧਿਆਨ ਨਹੀਂ ਸੀ ਦਿੱਤਾ ਗਿਆ ਜਿਸ ਕਰਕੇ ਅਸੀਂ ਬੜੇ ਪਿੱਛੇ ਚਲੇ ਗਏ ਹਾਂ। ਇਸ ਲਈ ਮੈਂ ਸਮਝਦਾ ਹਾਂ ਕਿ ਗੌਰਮਿੰਟ ਨੂੰ ਐਸੀ ਪਲਾਨਿੰਗ ਬਣਾਉਣੀ ਚਾਹੀਦੀ ਹੈ ਜਿਸ ਨਾਲ ਜ਼ਿਆਦਾ ਤੋਂ ਜ਼ਿਆਦਾ ਬਿਜਲੀ ਮਿਲ ਸਕੇ । ਜਿਹੜੇ ਬਾਹਰੋਂ ਜੈਨਰੇਟਰ ਮੰਗਵਾਏ ਸਨ ਜਿਥੇ ਜ਼ਿਆਦਾ ਇੰਡਸ-ਟਰੀ ਹੈ ਉਨ੍ਹਾਂ ਨੂੰ ਉਥੇ ਲਗਾਉਣਾ ਚਾਹੀਦਾ ਹੈ ਤਾਂ ਕਿ ਇੰਡਸਟਰੀ ਨੂੰ ਬਿਜਲੀ ਮਿਲ ਸਕੇ । ਜਿਹੜੇ ਗ਼ਰੀਬ ਆਦਮੀ ਹਨ, ਜਿਨ੍ਹਾਂ ਦਾ ਥੋੜ੍ਹਾ ਅਸਾਸਾ ਹੈ, ਉਹ ਜੈਨਰੇਟਰ ਆਪਣੇ ਨਹੀਂ ਲਗਾ ਸਕਦੇ । ਇਸ ਲਈ ਜਿਹੜੇ ਸਰਕਾਰ ਜੈਨਰੇਟਰ ਲਗਾਵੇ, ਉਨ੍ਹਾਂ ਨੂੰ ਉਥੋਂ ਬਿਜਲੀ ਮਿਲਣੀ ਚਾਹੀਦੀ ਹੈ । ਵੱਡੇ ਵੱਡੇ ਸ਼ਹਿਰਾਂ ਵਿਚ ਜਿਥੇ ਜ਼ਿਆਦਾ ਇੰਡਸਟਰੀ ਹੈ, ਉਥੇ ਉਹ ਜੈਨਰੇਟਰ ਲਗਾਉਣੇ ਚਾਹੀਦੇ ਹਨ ਕਿਉਂਕਿ ਸਰਕਾਰ ਦੀ ਪਲਾਨਿੰਗ ਦੇ ਮੁਤਾਬਿਕ ਪਤਾ ਨਹੀਂ ਹੈ ਕਿ ਬਠਿੰਡੇ ਦੀ ਬਿਜਲੀ ਕਦੋਂ ਮਿਲੇਗੀ । ਕਿਹਾ ਗਿਆ ਕਿ ਇਕ ਜੂਨ ਤੋਂ ਪਾਣੀ ਮਿਲ ਜਾਵੇਗਾ, ਹੋ ਸਕਦਾ ਹੈ ਕਿ ਦੇਰ ਲਗ ਜਾਵੇ । ਬਿਆਸ-ਸਤਲੁਜ ਲਿੰਕ ਹੈ, ਉਸ ਨੂੰ ਵੀ ਸ਼ਾਇਦ ਕਿੰਨਾਂ ਚਿਰ ਲਗ ਜਾਵੇ। ਫ਼ਿਰ ਭਾਖੜਾ ਦਾ ਪਾਣੀ ਹੈ, ਉਸ ਦਾ ਤਾਂ ਇਹ ਹੈ ਕਿ ਜੇ ਪਾਣੀ ਡੈਮ ਵਿਚ ਆ ਗਿਆ ਤਾਂ ਬਿਜਲੀ ਮਿਲ ਗਈ ਨਹੀਂ ਪਾਣੀ ਆਇਆ ਤਾਂ ਕੋਈ ਬਿਜਲੀ ਨਹੀਂ। ਇਸ ਕਰਕੇ ਸਵਾਲ ਤਾਂ ਪਲੈਨ ਦਾ ਹੈ ਕਿ ਇੰਡਸਟਰੀ ਨੂੰ ਕਿਸ ਤਰ੍ਹਾਂ ਠੀਕ ਤਰੀਕੇ ਨਾਲ ਚਲਾਇਆ ਜਾ ਸਕਦਾ ਹੈ।

ਇਕ ਗੱਲ ਹੋਰ ਜਿਹੜੀ ਮੈਂ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਲੇਬਰ ਜਿਹੜੀ ਐਗਰੀਕਲਚਰ ਦਾ ਕੰਮ ਕਰਦੀ ਹੈ, ਉਸ ਵਾਸਤੇ ਭਾਵੇਂ ਗਵਰਨਮੈਂਟ ਨੇ ਕਾਫ਼ੀ ਕੁਝ ਕੀਤਾ ਹੈ ਅਤੇ ਉਸ ਦੇ ਪੈਸੇ ਵਧਾਏ ਹਨ, ਪਰ ਉਨ੍ਹਾਂ ਨੂੰ ਅਜੇ ਵੀ ਬੜੀ ਮੁਸੀਬਤ ਹੈ ਅਤੇ ਉਨ੍ਹਾਂ ਦਾ ਬਾਈ-ਕਾਟ ਕੀਤਾ ਜਾਂਦਾ ਹੈ । ਵੱਡੇ ਵੱਡੇ ਜ਼ਿਮੀਂਦਾਰਾਂ ਵਲੋਂ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਖੇਤ ਵਿਚ ਨਹੀਂ ਜਾਣ ਦਿੱਤਾ ਜਾਵੇਗਾ ਅਤੇ ਉਨ੍ਹਾਂ ਦਾ ਸੋਸ਼ਲ ਬਾਈਕਾਟ ਕਰਨਾ ਸ਼ੁਰੂ ਕਰ ਦੇਂਦੇ ਹਨ, ਜੇ ਉਹ ਜ਼ਰਾ ਵੀ ਆਪਣੇ ਹੱਕ ਮੰਗਣ ਬਾਰੇ ਕੋਈ ਗੱਲ ਕਰਨ। ਇਸ ਕਰ ਕੇ ਇਸ ਕਿਸਮ ਦੇ ਸਿਰਫ਼ 6 ਕੇਸ ਹੀ ਨਹੀਂ, ਹੋਰ ਬੜੇ ਹੋਣਗੇ, ਜੇ ਵੇਖੇ ਜਾਣ, ਜਿਨ੍ਹਾਂ ਵਿਚ ਸੋਸ਼ਲ ਬਾਈਕਾਟ ਕੀਤਾ ਜਾਂਦਾ ਹੈ । ਅਗਰ ਇਹ ਚੀਜ਼ ਚਲਦੀ ਰਹੀ ਤਾਂ ਕਲਾਸ ਵਾਰ ਦੀ ਸੂਰਤ ਅਖ਼ਤਿਆਰ ਕਰ ਜਾਵੇਗੀ ਅਤੇ ਇਸ ਚੀਜ਼ ਨੂੰ ਸਾਨੂੰ ਰੋਕਣਾ ਚਾਹੀਦਾ ਹੈ । ਜਦੋਂ ਵੱਡੇ ਜ਼ਿਮੀਂਦਾਰ ਛੋਟੇ ਕਿਸਾਨ ਤੋਂ ਕੰਮ ਲੈਂਦੇ ਹਨ, ਤਾਂ ਉਨ੍ਹਾਂ ਦੇ ਤਅੱਲੁਕਾਤ ਅੱਛੇ ਹੋਣੇ ਚਾਹੀਦੇ ਹਨ, ਜਿਸ ਨਾਲ ਪੈਦਾਵਾਰ ਵਿਚ ਵੀ ਵਾਧਾ ਹੋਵੇ ਅਤੇ ਮਾਹੌਲ ਵੀ ਅੱਛਾ ਰਹੇ ਅਤੇ ਜਦ ਕਿ ਪੰਜਾਬ ਅਗੇ ਵੱਧ ਰਿਹਾ ਹੈ ਗੌਰਮਿੰਟ ਨੂੰ ਇਸ ਪਾਸੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਨਾਲ ਹਾਲਾਤ ਨੂੰ ਠੀਕ ਰਖਣਾ ਚਾਹੀਦਾ ਹੈ ।

ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਮਸ਼ੇਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਜਨਰਲ ਐਡਮਨਿਸਟਰੇਸ਼ਨ ਤੇ ਆਪਣੇ ਖ਼ਿਆਲਾਤ ਪੇਸ਼ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਡਿਪਟੀ ਸਪੀਕਰ

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਸਾਹਿਬ, ਪੰਜਾਬ ਜਦੋਂ ਵੱਡਾ ਪੰਜਾਬ ਸੀ, ਉਦੋਂ ਇਹ ਸੀ ਕਿ ਜਿੰਨੇ ਆਈ. ਏ. ਐਸ., ਆਈ. ਪੀ. ਐਸ., ਪੀ. ਸੀ. ਐਸ. ਜਾਂ ਡੀ. ਐਸ. ਪੀ. ਜਾਂ ਇਨਸਪੈਕਟਰ ਸਨ, ਉਨ੍ਹਾਂ ਨੂੰ ਇਕ ਜ਼ਿਲ੍ਹੇ ਵਿਚ ਹੀ ਲਗਾਇਆ ਜਾਂਦਾ ਸੀ, ਜਿਸ ਦਾ ਨਤੀਜਾ ਕੀ ਹੈ ਕਿ ਜੇ ਕੋਈ ਜਲੰਧਰ ਦਾ ਹੈ ਤਾਂ ਉਹ ਜਲੰਧਰ ਹੀ ਹੋਵੇਗਾ ਲੁਧਿਆਣੇ ਜਾਂ ਅੰਬਾਲੇ ਨਹੀਂ ਹੋਵੇਗਾ। ਹੁਣ ਹਰ ਅਫ਼ਸਰ ਇਹੀ ਚਾਹੁੰਦਾ ਹੈ ਕਿ ਜੇ ਉਹ ਜਲੰਧਰ ਦਾ ਹੈ ਤਾਂ ਉਸ ਨੂੰ ਜਲੰਧਰ ਹੀ ਰਖਿਆ ਜਾਵੇ ਅਤੇ ਉਸ ਨੂੰ ਸਾਰੇ ਪੰਜਾਬ ਨਾਲ ਕੋਈ ਪਿਆਰ ਨਹੀਂ। ਮੇਰੇ ਖਿਆਲ ਵਿਚ ਇਸ ਚੀਜ਼ ਵਿਚ ਕੋਈ ਕਮੀ ਨਹੀਂ ਹੋਈ, ਜਿਸ ਤਰ੍ਹਾਂ ਅੰਗਰੇਜ਼ਾਂ ਨੇ ਸ਼ੁਰੂ ਕੀਤਾ ਸੀ ਕਿ ਦੇਸ਼ ਨਾਲ ਕੋਈ ਪਿਆਰ ਨਹੀਂ ਸੀ ਅਤੇ ਉਨ੍ਹਾਂ ਨੇ ਅਫ਼ਸਰਾਂ ਨੂੰ ਇਹੀ ਸਿਖਾਇਆ ਸੀ ਕਿ ਉੱਚੇ-ਉੱਚੇ ਕਲੱਬਾਂ ਵਿਚ ਰਹਿਣ, ਸ਼ਾਹੀ ਠਾਠ ਨਾਲ ਰਹਿਣ ਅਤੇ ਆਲਾ-ਆਲਾ ਡਿਨਰ ਖਾਣ। ਇਸ ਚੀਜ਼ ਨੂੰ ਬਦਲਿਆ ਨਹੀਂ ਗਿਆ। ਸਾਡਾ ਮੁਲਕ ਗਰੀਬ ਹੈ, ਅਸੀਂ ਸਮਾਜਵਾਦ ਲਿਆਉਣਾ ਹੈ, ਗਰੀਬਾਂ ਨੂੰ ਉੱਚਾ ਕਰਨਾ ਹੈ। ਅੰਗਰੇਜ਼ਾਂ ਨੇ ਵੀ ਕ੍ਰਿਸ਼ਚੀਅਨ ਬਣਾਏ ਅਤੇ ਉਨ੍ਹਾਂ ਦਾ, ਗਲਿਆਂ ਸੜਿਆਂ ਦਾ ਇਲਾਜ ਕਰਵਾਇਆ ਅਤੇ ਆਪਣੇ ਕੰਮ ਵਿਚ ਲਿਆਂਦਾ ਅਤੇ ਉਨ੍ਹਾਂ ਨੂੰ ਦਿਮਾਗੀ ਤੌਰ ਤੇ ਵੀ ਬਦਲਿਆ, ਪਰ ਆਜ਼ਾਦੀ ਮਿਲਣ ਤੋਂ ਬਾਅਦ ਇਹ ਸਾਡੀ ਜ਼ਿੰਮੇਦਾਰੀ ਹੈ ਕਿ ਸਾਡੇ ਆਈ. ਏ. ਐਸ., ਆਈ. ਪੀ. ਐਸ. ਡੀ. ਐਸ. ਪੀ., ਜਾਂ ਇਨਸਪੈਕਟਰ ਸਾਡੇ ਦੇਸ਼ ਨੂੰ ਉੱਚਾ ਚੁੱਕਣ। ਅਸੀਂ ਉਨ੍ਹਾਂ ਦੇ ਸਿਰ ਤੇ ਹੀ ਚਲਣਾ ਹੈ ਅਤੇ ਜਮਹੂਰੀਅਤ ਦੀ ਸਰਕਾਰ ਹੈ ਅਤੇ ਜਿਹੜੇ ਅਸੀਂ ਇਨ੍ਹਾਂ ਅਸੈਂਬਲੀਆਂ ਵਿਚ ਫ਼ੈਸਲੇ ਕਰਨੇ ਹਨ, ਉਨ੍ਹਾਂ ਨੂੰ ਇਨ੍ਹਾਂ ਅਫ਼ਸਰਾਂ ਨੇ ਇਮਪਲੀਮੈਂਟ ਕਰਨਾ ਹੈ ਅਤੇ ਇਸ ਬਾਰੇ ਉਨ੍ਹਾਂ ਨੇ ਹਲਫ਼ ਚੁਕਿਆ ਹੈ ਕਿ ਅਸੀਂ ਇਮਾਨਦਾਰੀ ਨਾਲ ਇਸ ਦੇਸ਼ ਨੂੰ ਸਰਵ ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਤੁਹਾਨੂੰ ਦਸਦਾ ਹਾਂ। ਇਹ ਜਲੰਧਰ ਦਾ ਵਾਕਿਆ ਹੈ। ਇਕ ਸੈਂਟਰ ਦਾ ਅਫ਼ਸਰ, ਜਿਹੜਾ ਕਿ ਪੁਲਿਸ ਦੇ ਸੈਂਟਰਲ ਬਿਊਰੋ ਦਾ ਸੀ, ਬਲੈਕ ਮਨੀ ਨੂੰ ਕੈਚ ਕਰਨ ਵਾਸਤੇ ਜਲੰਧਰ ਵਿਚ ਲਗਿਆ। ਉਹ ਕੀ ਕਰਦਾ ਸੀ ਕਿ ਕਿਸੇ ਨੂੰ ਫੜ ਲੈਂਦਾ ਸੀ ਅਤੇ ਇਹ ਪੁੱਛਦਾ ਸੀ ਕਿ ਤੇਰੇ ਕੋਲ ਇਹ ਜ਼ਮੀਨ ਕਿਥੋਂ ਆਈ ਹੈ, ਤੂੰ ਇਹ ਕੋਠੀ ਕਿਥੋਂ ਬਣਾਈ ਹੈ, ਬਲੈਕ ਵਿਚ ਪੈਸਾ ਕਮਾਇਆ ਹੋਇਆ ਹੈ ? ਇਸ ਤਰ੍ਹਾਂ ਨਾਲ ਉਹ 40-50 ਲੱਖ ਰੁਪਿਆ ਲੋਕਾਂ ਤੋਂ ਇਕੱਠਾ ਕਰ ਕੇ ਲੈ ਗਿਆ। ਉਹ ਕੀ ਕਰਦਾ ਸੀ ਕਿ ਲੋਕਾਂ ਨੂੰ ਕਹਿੰਦਾ ਫਿਰਦਾ ਸੀ ਕਿ ਤੁਸੀਂ ਰੁਪਿਆ ਬਲੈਕ ਵਿਚ ਇਕੱਠਾ ਕੀਤਾ ਹੈ ਅਤੇ ਤੁਹਾਨੂੰ ਫੜ ਲਿਆ ਜਾਵੇਗਾ ਅਤੇ ਸਜ਼ਾ ਹੋ ਜਾਵੇਗੀ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੈਂਬਰ ਸਾਹਿਬ ਆਪਣੇ ਬਜਟ ਤੇ ਬੋਲ ਰਹੇ ਹਨ ਜਾਂ ਸੈਂਟਰ ਦੇ ਬਜਟ ਤੇ ਬੋਲ ਰਹੇ ਹਨ। (ਵਿਘਨ)।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਮੈਂ ਪੰਜਾਬ ਤੇ ਹੀ ਬੋਲ ਰਿਹਾ ਹਾਂ। ਸਾਰੇ ਦੇਸ਼ ਦਾ ਸੁਧਾਰ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਮੇਰਾ ਇਕ ਦੋਸਤ ਜੋਗਿੰਦਰ ਸਿੰਘ ਹੈ, ਉਸ ਨੂੰ ਇਕ ਅਫ਼ਸਰ 4 ਦਿਨ ਤੰਗ ਕਰਦਾ ਰਿਹਾ ਕਿ ਤੇਰੇ ਕੋਲ ਇਹ ਰੁਪਿਆ ਕਿਥੋਂ ਆਇਆ ਹੈ। ਉਹ ਮੇਰਾ ਦੋਸਤ ਗਾਰਡਨ ਕਾਲੋਨੀ ਵਿਚ ਰਹਿੰਦਾ ਹੈ। ਉਹ ਮੈਨੂੰ ਮਿਲਿਆ ਤਾਂ ਇਹ ਪਤਾ ਲਗਾ ਕਿ ਉਸ ਅਫ਼ਸਰਨੇ ਉਸ ਨਾਲ 10,000ਰੁਪਏ ਦਾ ਸੌਦਾ ਕਰ ਲਿਆ ਹੈ, ਦੋ ਹਜ਼ਾਰ ਰੁਪਿਆ ਉਸ ਨੂੰ ਦੇ ਦਿੱਤਾ ਗਿਆ ਅਤੇ 8,000 ਰੁਪਏ ਸਵੇਰੇ ਨੂੰ ਦੇਣਾ ਸੀ। ਉਹ ਜਦੋਂ ਮੈਨੂੰ ਸਵੇਰੇ 8 ਵਜੇ ਮਿਲਿਆ ਤਾਂ ਇਹ ਸਾਰਾ ਮਾਮਲਾ ਮੈਨੂੰ ਦਸਿਆ। ਮੈਂ ਕਿਹਾ ਕਿ ਕੋਈ ਗੱਲ ਨਹੀਂ, ਦੋਸਤ ਐਮ. ਐਲ. ਏ. ਬਣ ਕੇ ਰਿਸ਼ਵਤ ਨਹੀਂ ਦਿਵਾਉਂਦੇ। ਇਥੇ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਗੌਰਮਿੰਟ ਨੇ ਪੁਲਿਸ ਰੱਖੀ ਹੋਈ ਹੈ, ਸੀ. ਆਈ. ਡੀ. ਰੱਖੀ ਹੋਈ ਹੈ, ਉਹ ਇਸ ਕਰ ਕੇ ਨਹੀਂ ਰੱਖੀ ਹੋਈ ਕਿ ਸਰਕਾਰ ਦੇ ਬਜਟ ਨੂੰ ਖ਼ਰਚ ਕਰੀ ਜਾਣ, ਕੰਮ ਕਰਨ ਵਾਸਤੇ ਰੱਖੀ ਹੋਈ ਹੈ, ਅਤੇ ਦੱਬੇ ਹੋਏ ਲੋਕਾਂ ਨੂੰ

ਉੱਚਾ ਚੁੱਕਣ ਵਾਸਤੇ ਰੱਖੀ ਹੋਈ ਹੈ। ਇਹ ਵਿਜੀਲੈਂਸ ਡਿਪਾਰਟਮੈਂਟ ਕਿਸ ਵਾਸਤੇ ਰਖਿਆ ਹੋਇਆ ਹੈ ? ਹਾਲਤ ਕੀ ਹੈ ਸਾਡੀ, ਕਿਸੇ ਗੱਲ ਦਾ ਕੋਈ ਖ਼ਿਆਲ ਹੀ ਨਹੀਂ ਕਰਦਾ ਅਤੇ ਗਵਰਨਮੈਂਟ ਦੇ ਪੈਸੇ ਖ਼ਰਚ ਹੋਈ ਜਾਂਦੇ ਹਨ । ਸਾਡੇ ਜਲੰਧਰ ਵਿਚ ਐਸ. ਐਸ. ਪੀ. ਸ੍ਰੀ ਰੰਧਾਵਾ ਲਗੇ ਹੋਏ ਸਨ, ਉਨ੍ਹਾਂ ਨਾਲ ਗੱਲ ਕੀਤੀ ਅਤੇ ਉਸ ਅਫ਼ਸਰ ਨੂੰ ਸਵੇਰੇ 8 ਵਜੇ ਗ੍ਰਿਫ਼ਤਾਰ ਕੀਤਾ ਗਿਆ । ਪਰ ਸਾਡੀ ਵਿਜੀ-ਲੈਂਸ ਉਸ ਨੂੰ ਨਹੀਂ ਸੀ ਫੜ ਸਕਦੀ, ਉਹ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਦੇਂਦੇ । ਉਹ ਅਫ਼ਸਰ ਲੋਕਾਂ ਤੋਂ ਇਸ ਤਰ੍ਹਾਂ ਹੀ ਕੋਈ 40-50 ਲੱਖ ਰੁਪਿਆ ਲੈ ਗਿਆ । ਜਿਹੜੇ ਗਰੀਬ ਲੋਕ ਪਿੰਡਾਂ ਵਿਚ ਵਸਦੇ ਹਨ, ਉਨ੍ਹਾਂ ਕੋਲ ਦੁਆਬੇ ਵਿਚ ਜ਼ਮੀਨ ਨਹੀਂ ਹੁੰਦੀ ਅਤੇ ਉਨ੍ਹਾਂ ਦਾ ਕੋਈ ਘਰ ਦਾ ਆਦਮੀ ਕਿਤੇ ਬਾਹਰੋਂ ਗ਼ਲਤੀ ਨਾਲ ਪੈਸੇ ਭੇਜ ਦੇਵੇ ਤਾਂ ਹਾਲਤ ਇਹ ਹੈ ਕਿ ਉਸ ਨੂੰ ਇਹ ਪੁਛਿਆ ਜਾਂਦਾ ਹੈ ਕਿ ਤੇਰੇ ਕੋਲ ਇਹ ਪੈਸਾ ਕਿਥੋਂ ਆਇਆ ਹੈ । ਇਸ ਕਰ ਕੇ, ਡਿਪਟੀ ਸਪੀਕਰ ਸਾਹਿਬ, ਅਫ਼ਸਰਾਂ ਨੂੰ ਪੁਰਾਣੇ ਤੌਰ ਤਰੀਕੇ ਵਿਚ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਨੂੰ ਆਪਣੇ ਜ਼ਿਲ੍ਹੇ ਵਿਚ ਨਹੀਂ ਲਗਾਇਆ ਜਾਣਾ ਚਾਹੀਦਾ ਅਤੇ ਹਰ ਅਫ਼ਸਰ ਨੂੰ ਦੂਜੇ ਜ਼ਿਲ੍ਹੇ ਵਿਚ ਭੇਜਿਆ ਜਾਣਾ ਚਾਹੀਦਾ ਹੈ । ਅਜ ਕੱਲ ਤਾਂ ਗੱਲ ਇਹ ਹੈ ਕਿ ਜੇ ਕਿਸੇ ਅਫ਼ਸਰ ਨੂੰ, ਡੀ. ਐਸ. ਪੀ. ਨੂੰ ਜਲੰਧਰ ਵਿਚ ਲਗਾ ਦਿੱਤਾ ਤਾਂ ਪਹਿਲਾਂ ਤਾਂ ਉਹ ਕੋਠੀ ਬਣਾਏਗਾ, ਫਿਰ ਜ਼ਮੀਨ ਖਰੀਦੇਗਾ ਅਤੇ ਜਾਇਦਾਦ ਬਣਾਏਗਾ । ਹਰਚੰਦ ਸਿੰਘ ਕਮੇਟੀ ਬਣਾਈ ਗਈ, ਪਰ ਹੋਇਆ ਕੀ– ਜਿਨ੍ਹਾਂ ਦੇ ਖਿਲਾਫ਼ ਰਿਪੋਰਟ ਸੀ, ਉਨ੍ਹਾਂ ਨੂੰ ਆਲ੍ਹਾ-ਆਲ੍ਹਾ ਸਰਵਿਸ ਤੇ ਲਗਾ ਦਿੱਤਾ ਗਿਆ । ਅਸੀਂ ਇਹ ਚੀਜ਼ਾਂ ਨਹੀਂ ਮੰਨਣੀਆਂ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਚੀਜ਼ਾਂ ਨੂੰ ਕੰਡੈਮ ਕਰਨਾ ਚਾਹੀਦਾ ਹੈ । ਅਫ਼ਸਰਾਂ ਦਾ ਇਹ ਫ਼ਰਜ਼ ਹੈ ਅਤੇ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਤਰ੍ਹਾਂ ਨਿਭਾਉਣੀ ਚਾਹੀਦੀ ਹੈ । ਅਫ਼ਸਰ ਕੀ ਕਰਦੇ ਹਨ, ਕਿ 11 ਵਜੇ ਦਫ਼ਤਰ ਵਿਚ ਆਉਣਗੇ, ਬਾਬੂਆਂ ਸ਼ਾਬੂਆਂ ਨਾਲ ਇਕ ਦੋ ਗੱਲਾਂ ਕੀਤੀਆਂ ਅਤੇ ਬੱਸ ਹੋਰ ਕੋਈ ਕੰਮ ਨਹੀਂ । ਕੰਮ ਦੀ ਉਨ੍ਹਾਂ ਦੀ ਕੋਈ ਪ੍ਰੋਗਰੈਸ ਨਹੀਂ, ਕਿਸੇ ਦਾ ਡਰ ਨਹੀਂ। ਜੇ ਪਹਿਲਾਂ ਡਾਕਟਰ 50 ਮਰੀਜ਼ ਵੇਖਦਾ ਸੀ, ਹੁਣ ਕੋਈ ਪੁਛਦਾ ਨਹੀਂ, ਭਾਵੇਂ ਕੋਈ ਗਲ ਸੜ ਕੇ ਮਰ ਜਾਏ, ਕੋਈ ਪੁਛਦਾ ਨਹੀਂ, ਜੋ ਮਰਜ਼ੀ ਕੋਈ ਲੁੱਟ ਪਾਈ ਫਿਰੇ ਕੋਈ ਪੁਛਦਾ ਨਹੀਂ। ਕਿਸੇ ਦਾ ਕੋਈ ਨੁਕਸਾਨ ਹੋ ਜਾਵੇ, ਕੋਈ ਪੁਛਦਾ ਨਹੀਂ। ਦੋ ਦੋ ਸਾਲ ਅਫ਼ਸਰ ਕੇਸਾਂ ਨੂੰ ਨਹੀਂ ਕਢਦੇ । ਸਾਡਾ ਇਥੇ ਅਸੈਂਬਲੀ ਵਿਚ ਬੈਠਣ ਦਾ ਕੀ ਫ਼ਾਇਦਾ ਅਤੇ ਫ਼ੈਸਲੇ ਕਰਨ ਦਾ ਕੀ ਫ਼ਾਇਦਾ ਜੇ ਅਫ਼ਸਰਾਂ ਨੇ ਉਨ੍ਹਾਂ ਨੂੰ ਇਮਪਲੀਮੈਂਟ ਨਹੀਂ ਕਰਨਾ । ਇਸ ਕਰ ਕੇ ਮੈਂ ਸਰਕਾਰ ਨੂੰ ਇਹ ਕਹਾਂਗਾ ਕਿ ਅਸੀਂ ਸਾਰੇ ਭਰਾਵਾਂ ਨੇ ਇਸ ਗੱਲ ਦਾ ਹਲਫ਼ ਚੁਕਿਆ ਹੈ ਕਿ ਅਸੀਂ ਦੇਸ਼ ਦੀ ਸੇਵਾ ਕਰਨੀ ਹੈ ਅਤੇ ਦੇਸ਼ ਦੇ ਪਿਛੜੇ ਲੋਕਾਂ ਨੂੰ ਉੱਚਾ ਚੁੱਕਣਾ ਹੈ--ਪਰ ਅਮੀਰਾਂ ਨੂੰ ਉਜਾੜਣਾ ਨਹੀਂ—ਇਸ ਕਰ ਕੇ ਸਾਨੂੰ ਇਸ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ ਕਿ ਗ਼ਰੀਬ ਲੋਕਾਂ ਦਾ ਭਲਾ ਹੋ ਸਕੇ । ਮੈਂ 1967 ਤੋਂ ਕੀ ਵੇਖਦਾ ਆਇਆ ਹਾਂ ਕਿ ਜਿਹੜਾ 1972 ਵਿਚ ਸਰਕਾਰ ਦਾ ਜਵਾਬ ਸੀ, ਉਹੀ 1973 ਵਿਚ ਵੀ ਸਵਾਲ ਦਾ ਜਵਾਬ ਹੈ ਅਤੇ ਉਹੀ ਜਵਾਬ 1974 ਵਿਚ ਹੈ ਅਤੇ ਮਸਲਾ ਹੱਲ ਨਹੀਂ ਹੋ ਸਕਿਆ ।

ਇਸ ਤਰ੍ਹਾਂ ਪੰਜਾਬ ਦੀ ਬੋਲੀ ਦਾ ਕੋਈ ਹੱਲ ਨਹੀਂ ਹੋਇਆ । ਅਸੀਂ ਇਸ ਲਈ ਨਾਹਰਾ ਚੁੱਕਣ ਦਾ ਹਲਫ਼ ਲਿਆ । 1967 ਦੇ ਵਿਚ ਫਰੰਟ ਦੀ ਸਰਕਾਰ ਆਈ। ਅਸੀਂ ਉਨ੍ਹਾਂ ਦੀ ਇਮਦਾਦ ਕਰਨ ਦਾ ਪੰਜਾਬ ਦੀ ਬੋਲੀ ਦੇ ਮੁਆਮਲੇ ਤੇ ਯਕੀਨ ਦਿਲਾਇਆ। 1968 ਵਿਚ ਜਦੋਂ ਅਸੀਂ ਸਰਦਾਰ ਲਛਮਣ ਸਿੰਘ ਗਿੱਲ ਦੀ ਵਜ਼ਾਰਤ ਨੂੰ ਸੱਪੋਰਟ ਦਿੱਤੀ, ਉਸ ਦਾ ਨਤੀਜਾ ਇਹ ਹੋਇਆ ਕਿ ਪੰਜਾਬੀ ਜ਼ਬਾਨ ਇਸ ਸਟੇਟ ਦੇ ਵਿਚ ਲਾਗੂ ਹੋਈ, ਸਾਨੂੰ ਵੀ ਇਸ ਚੀਜ਼ ਦਾ ਕਰੈਡਿਟ ਮਿਲਿਆ। ਅਕਾਲੀਆਂ ਤੋਂ ਫੋਕੀਆਂ ਗਲਾਂ ਦੇ ਸਿਵਾਏ ਕਾਂਗਰਸ ਦਾ ਕੁਝ ਨਹੀਂ ਹੋ ਸਕਿਆ । ਇਨ੍ਹਾਂ ਨੇ ਤਾਂ ਲੋਕਾਂ ਨੂੰ ਉਕਸਾ ਕੇ ਮਰਨ ਵਰਤ ਰਖਣੇ ਸ਼ੁਰੂ ਕਰ ਦਿੱਤੇ । ਸੰਤਾਂ ਦਾ ਕੰਮ ਹੁੰਦਾ ਹੈ ਭਗਤੀ ਕਰਨੀ ਅਤੇ ਲੋਕਾਂ ਦਾ

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਸੁਧਾਰ ਕਰਨਾ, ਪਰ ਇਨ੍ਹਾਂ ਨੇ ਤਾਂ ਲੋਕਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ । ਇਸ ਚੁਕ ਚੁਕਾਈ ਦੇ ਵਿਚ 6-7 ਬੰਦਿਆਂ ਦਾ ਜਾਨੀ ਨੁਕਸਾਨ ਹੋਇਆ। ਫਾਜ਼ਿਲਕਾ, ਅਬੋਹਰ ਦਾ ਜ਼ਰਖੇਜ਼ ਇਲਾਕਾ ਵੀ ਸਾਡੇ ਤੋਂ ਖੁਸ ਗਿਆ। ਪਰ ਇਨ੍ਹਾਂ ਅਕਾਲੀਆਂ ਨੂੰ ਸਮਝ ਨਾ ਆਈ ਕਿ ਅਸੀਂ ਕੀ ਕਰ ਰਹੇ ਹਾਂ। ਇਹ ਅਜ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ । ਕਸਮਾਂ ਖਾਣ ਵਾਲਾ ਕੌਣ ਸੀ, ਉਹ ਸਨ ਸਹੀ ਅਕਾਲੀ ਦੱਲ ਦੇ ਬੰਦੇ, ਸਰਦਾਰ ਫੂਲਾ ਸਿੰਘ, ਜਿਨ੍ਹਾਂ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਆਖਿਆ ਜਾਂਦਾ ਹੈ, ਉਹ ਦੇਸ਼ ਭਗਤ ਅਕਾਲੀ ਦੱਲ ਸੀ ਜਿਸ ਵਿਚ ਕਿ ਕਿਸੇ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਮੋਰਚੇ ਵਿਚ ਆਪ ਜਾ ਕੇ ਹਿੱਸਾ ਪਾਇਆ ਸੀ। ਗੁਰੂ ਕੇ ਬਾਗ ਦੇ ਮੋਰਚੇ ਵਿਚ ਜਾ ਕੇ ਮਹਾਤਮਾ ਗਾਂਧੀ ਨੇ ਅੰਗਰੇਜ਼ ਸਰਕਾਰ ਨੂੰ ਚੈਲੰਜ ਦਿੱਤਾ ਸੀ, ਉਹ ਸੀ ਅਸਲੀ ਅਕਾਲੀ ਦੱਲ । ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਦੀ ਜੋ ਘਟਨਾ ਹੋਈ ਇਸ ਦੀ ਜ਼ਿੰਮੇਵਾਰੀ ਪੰਜਾਬ ਤੇ ਆਉਂਦੀ ਹੈ। ਗਿਆਨੀ ਜ਼ੈਲ ਸਿੰਘ ਨੇ 1971 ਵਿਚ ਮੁੱਖ ਮੰਤਰੀ ਦੇ ਅਹੁਦੇ ਦਾ ਹਲਫ਼ ਲਿਆ। ਹਲਫ਼ ਲੈਂਦੇ ਹੀ ਉਨ੍ਹਾਂ ਨੇ ਇਕ ਮਹਾਨ ਹਸਤੀ ਦਾ ਸਤਿਕਾਰ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਮਾਰਗ ਬਣਾ ਕੇ ਜਨਤਾ ਨੂੰ ਪ੍ਰਫੁਲਤ ਕੀਤਾ । ਉਹ ਲੋਕ ਜਿਹੜੇ ਅਗਰੇਜ਼ ਨੂੰ ਸਮਝਾਉਂਦੇ ਸੀ ਅੱਜ ਬਾਗਡੋਰ ਉਨ੍ਹਾਂ ਲੋਕਾਂ ਦੇ ਹੱਥ ਵਿਚ ਹੈ । ਉਨ੍ਹਾਂ ਨੇ ਅੰਗਰੇਜ਼ ਨੂੰ ਕਿਹਾ ਸੀ ਕਿ ਤੁਹਾਡੀਆਂ ਬੁਨਿਆਦਾਂ ਹੁਣ ਖ਼ਤਮ ਹੋ ਚੁਕੀਆਂ ਹਨ, ਤੁਹਾਡਾ ਘਰ ਹੁਣ ਏਥੇ ਨਹੀਂ ਤੁਸੀਂ ਜੇ ਇਸ ਦੇਸ਼ ਨੂੰ ਛੱਡ ਜਾਓ ਤਾਂ ਹੀ ਕੋਈ ਬਚ ਸਕਦਾ ਹੈ । ਅੰਗਰੇਜ਼ ਗਏ ਅਤੇ ਸਰਕਾਰ ਨੇ ਆਪਣੇ ਪ੍ਰੋਗਰਾਮ ਚਲਾਏ । ਗਿਆਨੀ ਜ਼ੈਲ ਸਿੰਘ ਸਰਕਾਰ ਨੇ ਮਾਰਗ ਬਣਾਉਣ ਤੋਂ ਬਾਅਦ ਇਕ ਪਰਉਪਕਾਰ ਦਾ ਕੰਮ ਹੋਰ ਇਹ ਕੀਤਾ ਕਿ ਉਨ੍ਹਾਂ ਨੇ ਸ਼ਹੀਦੇ ਆਜ਼ਮ ਦੀ ਮਾਤਾ ਦਾ ਸਨਮਾਨ ਕੀਤਾ । ਪੰਜਾਬ ਸਰਕਾਰ ਨੇ ਇਨ੍ਹਾਂ ਨੂੰ ਰਾਜ ਮਾਤਾ ਦਾ ਉਚਾ ਔਹਦਾ ਦਿੱਤਾ । ਇਸ ਤੋਂ ਬਾਅਦ ਦੇਸ਼ ਦੇ ਜਿਤਨੇ ਵੀ ਫਰੀਡਮ ਫ਼ਾਈਟਰ ਸਨ, ਜਿਨ੍ਹਾਂ ਨੇ ਇਸ ਦੇਸ਼ ਦੇ ਲਈ ਘਾਲਾਂ ਘਾਲੀਆਂ ਸਨ ਉਨ੍ਹਾਂ ਨੂੰ ਪੈਨਸ਼ਨਾਂ ਦਿੱਤੀਆਂ । ਇਸ ਤਰ੍ਹਾਂ ਸਹੀ ਮਾਅਨਿਆਂ ਦੇ ਵਿਚ ਸਮਾਜਵਾਦ ਦਾ ਨਾਹਰਾ ਲਾਇਆ । ਹਰੀਜਨਾਂ ਨੂੰ, ਜਿਨ੍ਹਾਂ ਨੂੰ ਕੋਈ ਪੁਛਦਾ ਤੱਕ ਨਹੀਂ ਸੀ, ਉਨ੍ਹਾਂ ਦੇ ਹੱਕ ਦਿੱਤੇ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰੀਜਨ ਸੰਤਾਂ ਨੂੰ, ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਦੇ ਵਿਚ ਦੇ ਕੇ, ਜਿਸ ਤਰ੍ਹਾਂ ਨਿਵਾਜਿਆ ਸੀ, ਉਸੇ ਤਰ੍ਹਾਂ ਇਸ ਸਰਕਾਰ ਨੇ ਹਰੀਜਨਾਂ ਦੇ ਹਿੱਤਾਂ ਦੀ ਰਾਖੀ ਕਰਕੇ ਉਨ੍ਹਾਂ ਨੂੰ ਆਪਣੀ ਛਾਤੀ ਦੇ ਨਾਲ ਲਾਇਆ । ਹੁਣ ਉਹ ਘਰ ਘਾਟ, ਜ਼ਮੀਨ ਦੇ ਮਾਲਕ ਬਣ ਸਕਦੇ ਹਨ । ਮੈਂ ਕਈ ਵਾਰ ਕ੍ਰਿਸ਼ਚਿਅਨ ਭਰਾਵਾਂ ਨੂੰ ਕਹਿ ਦੇਂਦਾ ਹਾਂ ਕਿ ਤੁਸੀਂ ਆਪ ਦੱਸੋ ਕਿ ਕ੍ਰਿਸ਼ਚਿਅਨ ਹੋ ਕੇ ਤੁਸੀਂ ਕੀ ਲਿਆ, ਕਿਸੇ ਨੂੰ 5 ਮਰਲੇ ਜ਼ਮੀਨ ਤਕ ਲੈਣ ਦਾ ਹੱਕ ਨਹੀਂ ਸੀ । ਪੰਜਾਬ ਸਰਕਾਰ ਨੇ 1948 ਵਿਚ ਵਿਧਾਨ ਬਣਾਇਆ । ਸਾਰਿਆਂ ਨੂੰ ਬਰਾਬਰ ਦੇ ਹੱਕ ਦਿੱਤੇ—ਕੋਈ ਜ਼ਮੀਨ ਲਵੇ, ਕੋਈ ਮਕਾਨ ਲਏ, ਕੋਈ ਕਿਤੇ ਫਿਰੇ ਤੁਰੇ । ਪਹਿਲਾਂ ਮਹਾਰਾਜਾ ਪਟਿਆਲਾ, ਕਪੂਰਥਲਾ ਵਰਗੇ ਰਿਆਸਤੀ ਰਾਜਿਆਂ ਦੇ ਬੱਚੇ ਹੀ ਇੰਗਲੈਂਡ ਜਾ ਸਕਦੇ ਸੀ । ਅੱਜ ਸਾਡੇ ਵਰਗੇ ਵੀ ਜਾ ਆਏ ਹਨ। ਉਥੇ ਮਜ਼ਦੂਰ ਵੀ ਗਏ ਹੋਏ ਹਨ । ਹਰ ਪਾਸੇ ਪੰਜਾਬ ਦੇ ਵਿਚ ਤਰੱਕੀ ਹੋਈ ਹੈ । ਏਥੇ ਸੜਕਾਂ ਬਣੀਆਂ, ਅਨਾਜ ਦੀ ਪੈਦਾਵਾਰ ਦੇ ਵਿਚ ਵਾਧਾ ਹੋਇਆ । ਕਿਸਾਨ ਨੇ ਇਤਨਾ ਭਾਵੇਂ ਕੀਤਾ ਪਰ ਇਸ ਦੀ ਹਾਲਤ ਦੇ ਵਿਚ ਕੋਈ ਸੁਧਾਰ ਨਹੀਂ ਹੋਇਆ । ਤੁਸੀਂ ਇਸ ਦਾ ਮੁਕਾਬਲਾ ਇਕ 200 ਰੁਪਏ ਲੈਣ ਵਾਲੇ ਬਾਬੂ ਨਾਲ ਕਰ ਲਉ । ਇਸ ਦਾ ਮੂੰਹ ਕਿਸਾਨ ਨਾਲੋਂ ਚੰਗਾ ਹੋਵੇਗਾ । ਕਿਸਾਨ ਇਤਨੀ ਮਿਹਨਤ ਕਰਦਾ ਹੈ, ਪਰ ਨਾ ਉਸ ਕੋਲ ਕੋਈ ਕੋਠੀ ਹੈ ਅਤੇ ਨਾ ਹੀ ਕੋਈ ਕਾਰ ਹੈ । ਪਰ ਨੌਕਰਸ਼ਾਹੀ ਜੋ ਉਸ ਦੇ ਸਿਰ ਤੇ ਮੌਜਾਂ ਕਰਦੇ ਹਨ, ਕਾਰਾਂ ਰੱਖਦੇ ਹਨ, ਕੋਠੀਆਂ ਵਿਚ ਰਹਿੰਦੇ ਹਨ। ਇਹ ਚੰਡੀਗੜ੍ਹ ਕਿਸ ਦਾ ਹੈ, ਇਹ ਉਨ੍ਹਾਂ ਲੋਕਾਂ ਦਾ ਹੈ ਜੋ ਕਿਸਾਨ ਦੇ ਸਿਰ ਤੇ

ਪਲਦੇ ਹਨ । ਪੈਦਾਵਾਰ ਕੋਈ ਕਰਦਾ ਹੈ, ਮੇਹਨਤ ਕੋਈ ਕਰਦਾ ਹੈ, ਪਰ ਅਨਾਜ ਦੇ ਭੰਡਾਰ ਕੋਈ ਭਰਦਾ ਹੈ । ਇਸੇ ਤਰ੍ਹਾਂ ਜਿਹੜਾ ਕੋਈ ਮਜ਼ਦੂਰ ਕਾਰਖਾਨੇ ਦੇ ਵਿਚ ਕੰਮ ਕਰਦਾ ਹੈ ਉਸਨੂੰ ਬਿਜਲੀ ਦੇ ਸ਼ਾਟ ਲਗਦੇ ਹਨ, ਪਰੇ ਖੜ੍ਹਾ ਕਾਰਖਾਨੇਦਾਰ ਤਮਾਸ਼ਾ ਵੇਖਦਾ ਹੈ । ਇਸ ਜ਼ਮਾਨੇ ਵਿਚ ਮਿਹਨਤ ਕਰਨ ਵਾਲਾ ਮਜ਼ਦੂਰ ਚਾਹੇ ਖੇਤ ਵਿਚ ਕੰਮ ਕਰਨ ਵਾਲਾ ਹੈ, ਚਾਹੇ ਉਹ ਕਾਰਖਾਨੇ ਵਿਚ ਕੰਮ ਕਰਦਾ ਹੈ, ਦਿਨ ਬਦਿਨ ਕਮਜ਼ੋਰ ਹੋ ਰਿਹਾ ਹੈ, ਪਰ ਅਸੀਂ ਤਾਂ ਸਰਬੱਤ ਦੇ ਭਲੇ ਦਾ ਹਲਫ਼ ਲਿਆ ਹੈ, ਅਸੀਂ ਚਾਹੁੰਦੇ ਹਾਂ ਸਾਰੇ ਲੋਕਾਂ ਨੂੰ ਰੱਜਵੀਂ ਰੋਟੀ ਮਿਲੇ । ਅਨਾਜ ਦਾ ਭਾਅ ਜੋ ਜੰਮੂ-ਕਸ਼ਮੀਰ ਦੇ ਵਿਚ ਹੈ, ਉਹੀ ਪੰਜਾਬ, ਯੂ. ਪੀ. ਅਤੇ ਕੇਰਲਾ ਵਿਚ ਹੋਣਾ ਚਾਹੀਦਾ ਹੈ । ਜੇ ਕਿਤੇ ਜ਼ਿਆਦਾ ਭਾਅ ਹੋਵੇ ਤਾਂ ਉਥੇ ਦੀ ਸਰਕਾਰ ਨੂੰ ਸਬਸੀਡਾਈਜ਼ ਕਰਨਾ ਚਾਹੀਦਾ ਹੈ । ਮੈਨੂੰ ਐਸਟੀਮੇਟਸ ਕਮੇਟੀ ਦੇ ਸਿਲਸਿਲੇ ਵਿਚ ਕੇਰਾਲਾ ਜਾਣ ਦਾ ਇਤਫ਼ਾਕ ਹੋਇਆ ਹੈ, ਉਥੇ ਜਿਹੜੀਆਂ ਲੇਡੀਜ਼ ਸੜਕ ਤੇ ਲੇਬਰ ਕਰਦੀਆਂ ਹਨ, ਉਨ੍ਹਾਂ ਨੂੰ 5 ਰੁਪਏ ਦਿਹਾੜੀ ਅਤੇ ਮਰਦਾਂ ਨੂੰ 6½ ਰੁ: ਦਿੱਤੇ ਜਾਂਦੇ ਹਨ । ਜਦੋਂ ਅਸੀਂ ਗਏ ਤਾਂ ਮੇਰੀ ਗੱਲ ਬਾਤ ਉਥੋਂ ਦੇ ਚੀਫ਼ ਮਨਿਸਟਰ, ਸ੍ਰੀ ਅਚੁਤਾ ਮੈਨਨ ਦੇ ਨਾਲ ਹੋਈ । ਉਨ੍ਹਾਂ ਨੇ ਦੱਸਿਆ ਕਿ ਸਾਡੀ ਸਰਕਾਰ ਨੇ 55 ਹਜ਼ਾਰ ਘਰ ਬਣਾ ਕੇ ਗਰੀਬਾਂ ਨੂੰ ਦਿਤੇ ਹਨ ਅਤੇ 50 ਹਜ਼ਾਰ ਜਿਹੜੇ ਬਣ ਰਹੇ ਹਨ, ਹੋਰ ਦੇਣੇ ਹਨ । ਇਸ ਤਰ੍ਹਾਂ ਦੀਆਂ ਭਾਵਨਾਵਾਂ ਦੱਸਦੀਆਂ ਹਨ ਕਿ ਇਹ ਸਰਕਾਰ ਕੀ ਕੁਝ ਕਿਥੇ ਕਿਥੇ ਕਰ ਰਹੀ ਹੈ । ਅੱਗੇ ਕੋਈ 20--25 ਸਾਲ ਵਿਚ ਇਕ ਮਕਾਨ ਵੀ ਤਿਆਰ ਨਹੀਂ ਸੀ ਕਰ ਸਕਦਾ ਅੱਜ ਸਰਕਾਰ ਲੋਕਾਂ ਨੂੰ ਇੱਟਾਂ ਦੇਂਦੀ ਹੈ, ਸੀਮਿੰਟ ਦੇਂਦੀ ਹੈ ਅਤੇ ਉਨ੍ਹਾਂ ਗਰੀਬਾਂ ਨੂੰ ਆਬਾਦ ਕਰਦੀ ਹੈ । ਔਰ ਇਕ ਇਕ ਮਕਾਨ ਵਿਚ ਢੰਗ ਨਾਲ ਦੋ ਦੋ ਟੱਬਰ ਰਹਿ ਰਹੇ ਹਨ । ਨਾਰੀਅਲ ਵਗੈਰਾ ਮਿਲਾ ਕੇ ਫ਼ੀ ਘਰ ਨੂੰ ਛੇ ਹਜ਼ਾਰ ਦੀ ਇਨਕਮ ਹੋ ਸਕਦੀ ਹੈ । ਪੈਸੇ ਸੈਂਟਰ ਦੇ ਹਨ ਅਤੇ ਵਡਿਆਈ ਲੈ ਗਿਆ ਅਛੂਤਾ ਮੈਨਨ । ਇਥੇ ਵੀ ਪੈਸੇ ਲੈਪਸ ਨਹੀਂ ਹੋਣ ਦੇਣੇ ਚਾਹੀਦੇ । (ਵਿਘਨ)

ਸ੍ਰੀ ਡਿਪਟੀ ਸਪੀਕਰ : ਹੋਰ ਕਿੰਨਾਂ ਚਿਰ ਲਵੋਗੇ ? (ਵਿਘਨ) (How much more time would you like to take?) (*Interruption*)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਪੰਜਾਬ ਕਿਸੇ ਨਾਲੋਂ ਘੱਟ ਨਹੀਂ ਹੈ । ਪੰਜਾਬ ਇਕ ਬਹਾਦਰ ਸੂਬਾ ਹੈ । ਇਸ ਨੇ ਫ਼ਰੰਟ ਤੇ ਲੜਾਈਆਂ ਲੜੀਆਂ ਹਨ । ਜਿਥੇ ਪੰਜਾਬ ਨੇ ਅਨਾਜ ਪੈਦਾ ਕੀਤਾ ਉਥੇ ਇਥੋਂ ਦੇ ਲੀਡਰ ਵੀ ਤਕੜੇ ਹਨ। ਉਹ ਕੌਣ ਲੀਡਰ ਹੈ ? ਪੰਜਾਬ ਔਰ ਹਿੰਦੁਸਤਾਨ ਦੀ ਸ਼ਖਸੀਅਤ ਸਰਦਾਰ ਸਵਰਨ ਸਿੰਘ ਹੈ । ਇਸ ਦੀਆਂ 104 ਦੇਸ਼ਾਂ ਵਿਚ ਧੁੰਮਾਂ ਪਈਆਂ ਹੋਈਆਂ ਹਨ । ਲੋਕਾਂ ਨੂੰ ਸਮਾਜਵਾਦ ਅਤੇ ਜਮਹੂਰੀਅਤ ਦਾ ਰਸਤਾ ਦਿਖਾਇਆ ਹੈ । ਬੰਗਲਾ ਦੇਸ਼ ਜਿਸ ਨੂੰ ਮਾਰ ਕੇ ਸੁੱਟ ਗਏ ਸੀ ਪਾਕਿਸਤਾਨੀ, ਉਸ ਨੂੰ ਰਿਕੁਗਨੀਸ਼ਨ ਦਿੱਤੀ । ਭੁੱਟੋ ਨੇ ਮੁਸਲਮਾਨ ਦੇਸ਼ਾਂ ਦੀ ਕਾਨਫਰੰਸ ਸਮੇਂ ਉਨ੍ਹਾਂ ਤੋਂ ਜ਼ਾਮਨੀ ਲੈ ਕੇ ਬੰਗਲਾ ਦੇਸ਼ ਨੂੰ ਰਿਕੁਗਨੀਸ਼ਨ ਦਿੱਤੀ । ਸਰਦਾਰ ਸਵਰਨ ਸਿੰਘ ਦੀ ਕਾਬਲੀਅਤ ਬਾਰੇ, ਅਗਰ ਉਨ੍ਹਾਂ ਦੀਆਂ ਸਪੀਚਾਂ ਅਤੇ ਰੈਜ਼ੋਲਿਊਸ਼ਨ ਕਢਵਾ ਕੇ ਦੇਖੇ ਜਾਣ ਤਾਂ ਇਸ ਅਸੈਂਬਲੀ ਦਾ ਕੋਠਾ ਭਰ ਜਾਵੇ । ਪੰਜਾਬ ਕਮਜ਼ੋਰ ਨਹੀਂ ਹੈ । ਪੰਜਾਬ ਦਾ ਸਰਦਾਰ ਦਰਬਾਰਾ ਸਿੰਘ ਐਮ. ਪੀ., ਉਹ ਵੀ ਬੜੀ ਸ਼ੈ ਹੈ । (ਥੰਪਿੰਗ) ਜਦ ਅਰਾਜ਼ੀ ਐਕਟ, 1948 ਵਿਚ ਬਣਿਆ ਤਾਂ ਮੇਰਾ ਪਿੰਡ ਮਿਥਲਪੁਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸੀ । ਉਥੇ ਜ਼ਮੀਨ ਲੈਣੀ ਸੀ । ਉਹ ਬੈ ਨਹੀਂ ਹੋ ਸਕਦੀ ਸੀ । ਉਸ ਵੇਲੇ ਸਰਦਾਰ ਦਰਬਾਰਾ ਸਿੰਘ ਨੂੰ, ਜੋ ਕਿ ਉਸ ਵੇਲੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਸੀ, ਉਸ ਵੇਲੇ 1945 ਦਾ ਸੰਨ ਸੀ ਅਤੇ ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਇਹ ਕੰਮ ਕਰਾਇਆ ਜਾਵੇ ।

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਇਸ ਤੇ ਉਨ੍ਹਾਂ ਨੇ ਕਿਹਾ ਕਿ ਘਬਰਾਉ ਨਾ, ਅਜ਼ਾਦੀ ਮਿਲਣ ਵਾਲੀ ਹੈ । 1947 ਵਿਚ ਮੁਲਕ ਆਜ਼ਾਦ ਹੋ ਗਿਆ । 1948 ਵਿਚ ਇਹ ਅਰਾਜ਼ੀ ਐਕਟ ਬਣ ਗਿਆ ਅਤੇ ਫੇਰ ਬਾਪ ਦੇ ਨਾਂ ਕਰਾ ਦਿੱਤੀ ਜ਼ਮੀਨ । (ਵਿਘਨ)

ਸ੍ਰੀ ਡਿਪਟੀ ਸਪੀਕਰ : ਬੈਠੋ, ਤਸ਼ਰੀਫ ਰੱਖੋ । **(Please resume your seat).**

ਸਰਦਾਰ ਦਰਸ਼ਨ ਸਿੰਘ ਕੇ. ਪੀ. : ਮੈਨੂੰ ਬੋਲ ਲੈਣ ਦਿਉ । (ਵਿਘਨ)

ਸ੍ਰੀ ਡਿਪਟੀ ਸਪੀਕਰ : ਕਾਫ਼ੀ ਹੋ ਗਿਆ ਹੈ, ਹੁਣ ਬੈਠੋ । **(You have taken sufficient time. Please resume your seat now).**

ਸਰਦਾਰ ਦਰਸ਼ਨ ਸਿੰਘ ਕੇ. ਪੀ. : ਇਹ ਸੀ ਸਾਡੇ ਦੇਸ਼ ਦੇ ਲੀਡਰਾਂ ਦੀ ਗੱਲ । ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਦੇਸ਼ ਭਗਤ, ਕੁਰਬਾਨੀ ਕਰਨ ਵਾਲੇ, ਹਰ ਤਰ੍ਹਾਂ ਨਾਲ ਇਨ੍ਹਾਂ ਨੇ ਜਨਤਾ ਲਈ ਕਸ਼ਟ ਸਹੇ ਅੌਰ ਦੇਸ਼ ਲਈ ਕੁਰਬਾਨੀ ਦਿੱਤੀ । ਅਸੀਂ ਇਨ੍ਹਾਂ ਦਾ ਸਤਿਕਾਰ ਕਰਦੇ ਹਾਂ । ਇਨ੍ਹਾਂ ਦੇ ਮਨ ਵਿਚ ਭਾਵਨਾ ਹੈ, ਇਹ ਗੁਰੂ ਸਾਹਿਬਾਨ ਦੇ ਉਪਾਸ਼ਕ ਹਨ, ਬੜੇ ਮਹਾਂ ਪੁਰਸ਼ ਹਨ । ਅਸੀਂ ਚਾਹੁੰਦੇ ਹਾਂ "ਨੀਚ ਉਠ ਖੜੇ ਮੇਰੇ ਗੋਬਿੰਦ" । ਇਨ੍ਹਾਂ ਦੀ ਨੀਤੀ, ਸ਼੍ਰੀਮਤੀ ਇੰਦਰਾ ਗਾਂਧੀ ਦੀ ਨੀਤੀ ਇਥੇ ਸਮਾਜਵਾਦ ਲਿਆਉਣ ਵਾਲੀ ਹੈ । (ਵਿਘਨ) ਪਰ ਇਨ੍ਹਾਂ ਨੂੰ ਚੁਗਲ ਖੋਰ ਖ਼ਰਾਬ ਕਰਦੇ ਹਨ । ਸਰਵਿਸਿਜ਼ ਵਿਚ ਪਰਮੋਸ਼ਨਜ਼ ਹੋਈਆਂ ਹਨ । ਆਈ. ਏ. ਐਸ., ਪੀ. ਸੀ. ਐਸ., ਅਤੇ ਆਈ. ਪੀ. ਐਸ. ਇਨ੍ਹਾਂ ਵਿਚੋਂ ਕਿਸੇ ਕੇਡਰ ਵਿਚ ਵੀ ਹਰੀਜਨਾਂ ਦਾ ਖ਼ਿਆਲ ਨਹੀਂ ਕੀਤਾ ਗਿਆ ਹੈ । ਐਜੂਕੇਸ਼ਨ ਦੀ ਗੱਲ ਲੈ ਲਵੋ । 17 ਹੈਡਮਾਸਟਰਜ਼ ਬਣੇ ਹਨ ਮਗਰ ਹਰੀਜਨ ਦੋਵਾਂ ਨੂੰ ਬਣਾਇਆ ਗਿਆ ਹੈ ਜਦ ਕਿ ਚਾਹੀਦੇ ਸਨ ਚਾਰ । ਪਬਲਿਕ ਸਰਵਿਸ ਕਮਿਸ਼ਨ ਵਿਚ ਵੀ ਗ਼ਲਤ ਗੱਲਾਂ ਹੋ ਰਹੀਆਂ ਹਨ । ਪਤਾ ਨਹੀਂ ਕੀ ਗੱਲ ਹੈ । ਜਾਂ ਤਾਂ ਮਹਿਕਮਿਆਂ ਵਿਚ ਜਨ-ਸੰਘੀ ਅਤੇ ਅਕਾਲੀ ਕੰਮ ਕਰ ਰਹੇ ਹਨ ।

ਸਰਦਾਰ ਕਿਰਪਾਲ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਜਨਰਲ ਐਡਮਨਿਸਟ੍ਰੇਸ਼ਨ ਤੇ ਕਾਫੀ ਕੁਝ ਬੋਲ ਚੁਕੇ ਹਨ । (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਡਿਪਟੀ ਸਪੀਕਰ ਸਾਹਿਬ, ਹਾਲਾਤ ਤਾਂ ਇਹ ਹਨ । ਐਜੂਕੇਸ਼ਨ ਡਿਪਾਰਟਮੈਂਟ ਵਿਚ 12 ਸੁਪਰਡੈਂਟ ਹਨ ਅਤੇ ਕੋਈ ਵੀ ਹਰੀਜਨ ਨਹੀਂ ਹੈ । ਇਥੇ ਚੁਗਲ ਖੋਰ ਬੈਠੇ ਹਨ । (ਵਿਘਨ) ਦੇਖੋ ਹਰਚੰਦ ਸਿੰਘ ਕਮੇਟੀ ਬਣੀ । (ਵਿਘਨ)

ਸ੍ਰੀ ਡਿਪਟੀ ਸਪੀਕਰ : ਬੈਠੋ, ਤਸ਼ਰੀਫ ਰੱਖੋ । **(Please resume your seat.)**

ਸਰਦਾਰ ਦਰਸ਼ਨ ਸਿੰਘ ਕੇ. ਪੀ : ** **

ਸ੍ਰੀ ਡਿਪਟੀ ਸਪੀਕਰ : ਜੋ ਵੀ ਇਹ ਮੈਂਬਰ ਬਗੈਰ ਪਰਮਿਸ਼ਨ ਆਫ਼ ਦੀ ਚੇਅਰ ਬੋਲ ਰਹੇ ਹਨ, ਉਹ ਰਿਕਾਰਡ ਦਾ ਹਿੱਸਾ ਨਾ ਬਣੇ । **(Whatever the hon. Member has said without the permission of the Chair should not form part of the proceedings.)**

**Expunged as ordered by the Chair.

ਇਕ ਆਵਾਜ਼ : ** ** (ਵਿਘਨ)

ਸ੍ਰੀ ਡਿਪਟੀ ਸਪੀਕਰ : This is no point of order. ਬੈਠੋ । (This is no point of order. Please sit down)

ਸਰਦਾਰ ਦਰਸ਼ਨ ਸਿੰਘ ਕੇ. ਪੀ. : ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਵੀ ਇਹ ਮੈਂਬਰ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ ਇਹ ਰਿਕਾਰਡ ਦਾ ਹਿਸਾ ਨਾ ਬਣੇ । (Whatever the hon. Member is saying without the permission of the Chair, should not form part of the proceedings)

ਸਰਦਾਰ ਕਰਨੈਲ ਸਿੰਘ ਮਰੜੀ ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਇਹ ਮੈਂਬਰ ਸਾਹਿਬ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ, ਉਹ ਰਿਕਾਰਡ ਦਾ ਹਿੱਸਾ ਨਾ ਬਣੇ । (Whatever the hon. Member is saying without the permission of the Chair, should not form part of the proceedings.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਬੈਠ ਜਾਓ । (ਵਿਘਨ) (This is no point of order. Please resume your seat.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਕਹਿ ਰਹੇ ਹੋ, ਸਿੱਟ ਡਾਊਨ । (ਵਿਘਨ)

Mr. Deputy Speaker : Kindly sit down.

ਚੌਧਰੀ ਜਗਤ ਰਾਮ : ** ** ** ।

Mr. Deputy Speaker : This is no point of order.

ਸਰਦਾਰ ਦਰਸ਼ਨ ਸਿੰਘ ਕੇ. ਪੀ. : ** ** **

ਸ੍ਰੀ ਡਿਪਟੀ ਸਪੀਕਰ : ਤੁਸੀਂ ਬੈਠ ਜਾਓ । (ਵਿਘਨ) ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵ । (You may please resume your seat. (*Interruption*) Whatever the hon. Member is saying without the permission of the Chair, should not be recorded.)

ਸਰਦਾਰ ਹਰਬੰਸ ਸਿੰਘ ਜਲਾਲ (ਫੂਲ) : ਡਿਪਟੀ ਸਪੀਕਰ ਸਾਹਿਬ, ਇਹ ਤਾਂ ਉਹ ਗੱਲ ਹੋਈ ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਜਾਦੂ ਉਹ ਜੋ ਸਿਰ ਚੜ੍ਹ ਬੋਲੇ। ਮੈਂ ਆਪਣੇ ਸਾਥੀ ਮੈਂਬਰ ਦੀ ਸਪਿਰਿਟ ਨੂੰ ਐਪਰੀਸੀਏਟ ਕਰਦਾ ਹਾਂ । ਡਿੱਗੀ ਖੋਤੇ ਤੋਂ ਅਤੇ ਗੁੱਸਾ ਘੁਮਿਆਰ ਤੇ। (ਹਾਸਾ) ਮੇਰਾ ਟਾਈਮ ਨਾ ਕੱਟ ਲਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਅੱਜ ਤਿੰਨ ਮੰਗਾਂ ਰਖੀਆਂ ਗਈਆਂ ਹਨ। ਮੈਂ ਮਹਿਸੂਸ ਕਰਦਾ ਹਾਂ ਸਮੇਂ ਨੂੰ ਦੇਖਦੇ ਹੋਏ ਅਜੋਕੇ ਸਮੇਂ ਜਦ ਕਿ ਉਤਪਾਦਨ ਘੱਟ ਰਿਹਾ ਹੈ ਅਤੇ

**Expunged/Not recorded as ordered by the Chair.

[ਸਰਦਾਰ ਹਰਬੰਸ ਸਿੰਘ ਜਲਾਲ]

ਲਾ ਐਂਡ ਆਰਡਰ ਦਿਨੋ ਦਿਨ ਖ਼ਰਾਬ ਹੋ ਰਿਹਾ ਹੈ। ਇਹ ਜਿਹੜੀਆਂ ਤਿੰਨ ਮੰਗਾਂ ਹਨ, ਇਹ ਬਹੁਤ ਮਹਾਨਤਾ ਰੱਖਦੀਆਂ ਹਨ। ਪਹਿਲੀ ਮੰਗ ਸਿਵਿਲ ਪ੍ਰਬੰਧ ਦੀ ਹੈ। ਦੂਜੀ ਮੰਗ ਜ਼ਿਲ੍ਹਾ ਪ੍ਰਬੰਧ ਦੀ ਹੈ ਅਤੇ ਤੀਜੀ ਮੰਗ ਲੇਬਰ, ਇੰਪਲਾਇਮੈਂਟ ਅਤੇ ਇੰਡਸਟਰੀ ਦੇ ਬਾਰੇ ਵਿਚ ਹੈ। ਜਿਥੋਂ ਤੱਕ ਪਹਿਲੀ ਮੰਗ ਸਿਵਿਲ ਪ੍ਰਬੰਧ ਦਾ ਤੁਅੱਲਕ ਹੈ, ਡਿਪਟੀ ਸਪੀਕਰ ਸਾਹਿਬ, ਮੈਂ ਉਸ ਦੇ ਬਾਰੇ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਇਹ ਨਹੀਂ ਕਹਿਣਾ ਚਾਹੁੰਦਾ ਕਿ ਸੈਕਟਰੀਏਟ ਵਿਚ ਕੀ ਕੁਝ ਹੋ ਰਿਹਾ ਹੈ। ਮੈਂ ਇਹ ਨਹੀਂ ਕਹਿਣਾ ਚਾਹੁੰਦਾ ਕਿ ਉਸ ਵਿਚ ਕਿਸ ਹੱਦ ਤੱਕ ਖ਼ਰਾਬੀ ਪੈਦਾ ਹੋ ਰਹੀ ਹੈ ਜਾਂ ਅੱਗੋਂ ਹੋਵੇਗੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿਵਿਲ ਪ੍ਰਬੰਧ ਦੇ ਵਿਚ ਉਹ ਕੁਝ ਨਹੀਂ ਹੋ ਰਿਹਾ ਜੋ ਕੁਝ ਮੁੱਖ ਮੰਤਰੀ ਗਿਆਨੀ ਜੀ, ਕਰਨਾ ਚਾਹੁੰਦੇ ਹਨ। ਮੈਂ ਤੁਹਾਨੂੰ ਦੱਸਦਾ ਹਾਂ। ਗਿਆਨੀ ਜੀ ਨੇ ਪਿੰਡ ਸ਼ੇਰੇ ਵਾਲਾ (ਗੇਦੜ) ਦੇ ਪਟਵਾਰੀ ਦੀ ਬਦਲੀ ਕੀਤੀ। ਸ਼ਾਇਦ ਉਨ੍ਹਾਂ ਦੇ ਪਾਰਲੀਮੈਂਟਰੀ ਸੈਕਟਰੀ ਇਥੇ ਬੈਠੇ ਹੋਣਗੇ ਉਨ੍ਹਾਂ ਨੂੰ ਪਤਾ ਹੋਵੇਗਾ। ਇਨ੍ਹਾਂ ਦੇ ਆਪਣੇ ਹੀ ਕੀਤੇ ਹੋਏ ਆਰਡਰ ਐਸ.ਡੀ.ਐਮ., ਮੁਕਤਸਰ ਨੇ 7 ਮਹੀਨੇ ਇੰਪਲੀਮੈਂਟ ਨਹੀਂ ਕੀਤੇ। ਇਸੇ ਤਰ੍ਹਾਂ ਹੀ ਇਕ ਹੋਰ ਮਿਸਾਲ ਹੈ। ਗਿਆਨੀ ਜੀ ਨੇ ਕੁਝ ਐਮ. ਐਲ. ਏਜ਼. ਨੂੰ ਸਕੂਟਰ ਅਲਾਟ ਕੀਤੇ ਪਰ ਟ੍ਰਾਂਸਪੋਰਟ ਕਮਿਸ਼ਨਰ ਨੇ 9 ਮਹੀਨੇ ਹੋ ਗਏ ਹਨ ਉਨ੍ਹਾਂ ਆਰਡਰਾਂ ਨੂੰ ਇੰਮਪਲੀਮੈਂਟ ਨਹੀਂ ਕੀਤਾ। ਅਜਿਹੀਆਂ ਸੈਂਕੜੇ ਹੀ ਇਨ੍ਹਾਂ ਦੇ ਨਿਜ਼ਾਮ ਦੀਆਂ ਮਿਸਾਲਾਂ ਹਨ। ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਆਪ ਹੀ ਆਪਣੀ ਪੀੜ੍ਹੀ ਹੇਠ ਸੋਟਾ ਮਾਰਨ। ਮੈਂ ਕੁਝ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ। ਮੈਂ ਨਹੀਂ ਕਹਿਣਾ ਚਾਹੁੰਦਾ ਕਿ ਪੰਜਾਬ ਸਟੇਟ ਦੇ ਉਤੇ ਨੌਕਰਸ਼ਾਹੀ ਦਾ ਗਲਬਾ ਹੈ। ਮੈਂ ਤਾਂ ਇਹ ਨਹੀਂ ਕਹਿਣਾ ਚਾਹੁੰਦਾ ਪਰ ਪ੍ਰੈਸ ਵਾਲੇ ਇਹ ਲਿਖ ਰਹੇ ਹਨ ਕਿ ਪੰਜਾਬ ਦੇ ਵਿਚ ਇਸ ਸਮੇਂ ਨੌਕਰ-ਸ਼ਾਹੀ ਦਾ ਗਲਬਾ ਹੋ ਰਿਹਾ ਹੈ। ਬੜਾ ਦੁੱਖ ਹੈ ਕਿ ਇਤਿਹਾਸ ਇਸ ਨੂੰ ਮਾਫ਼ ਨਹੀਂ ਕਰੇਗਾ ਕਿ ਲੋਕ ਰਾਜ ਵਿਚ ਭੀ ਨੌਕਰਸ਼ਾਹੀ ਕਾਬਜ਼ ਹੋਵੇ। ਇਸ ਦਾ ਇਕ ਕਾਰਨ ਹੈ। ਜਿਉਂ ਜਿਉਂ ਇਹ ਗ਼ੈਰ-ਕਾਨੂੰਨੀ ਆਰਡਰ ਕਰੀ ਜਾਂਦੇ ਹਨ ਤਿਉਂ ਤਿਉਂ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਵਿਚ ਮੁਸ਼ਕਲ ਹੋ ਰਹੀ ਹੈ। ਜਿਉਂ ਜਿਉਂ ਗਿਆਨੀ ਜੀ ਆਪਣੇ ਕੁੜਮਾਚਾਰੀ ਨੂੰ, ਕੁਨਬਾਪਰਵਰੀ ਨੂੰ ਪਾਲ ਰਹੇ ਹਨ ਉਸੇ ਤਰ੍ਹਾਂ ਹੀ ਉਨ੍ਹਾਂ ਦੇ ਆਰਡਰਾਂ ਦੀ ਇੰਪਲੀਮੈਂਟੇਸ਼ਨ ਘੱਟ ਰਹੀ ਹੈ। ਠੀਕ ਹੈ ਕੁਝ ਮਜ-ਬੂਰੀਆਂ ਵੀ ਹਨ। ਹੁਣ ਮੈਂ ਜ਼ਿਲ੍ਹਾ ਪ੍ਰਬੰਧ ਵੱਲ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਇਹ ਡਿਮਾਂਡ ਨੰ: 9 ਹੈ। ਇਸ ਦੇ ਵਿਚ ਕੁਝ ਤਾਂ ਡਿਸਕਰੀਸ਼ਨਰੀ ਗ੍ਰਾਂਟਸ ਹਨ ਅਤੇ ਕੁਝ ਡਿਕਰੀਟਲ ਗ੍ਰਾਂਟ ਹੈ। ਇਹ ਜਿਹੜੀਆਂ ਡਿਸਕਰੀਸ਼ਨਰੀ ਗਰਾਂਟਸ ਹਨ, ਇਹ ਪੁਲਿਟੀਕਲ ਕੁਰੱਪਸ਼ਨ ਦੀ ਨਿਸ਼ਾਨੀ ਹੈ। ਇਹ ਜਿਹੜੀ ਡਿਕਰੀਟਲ ਅਮਾਊਂਟ ਹੈ, ਇਹ ਪੁਲਿਟੀਕਲ ਕਮਜ਼ੋਰੀ ਤੇ ਸਰਕਾਰੀ ਨਾਅ-ਹਿਲੀਅਤ ਦਾ ਸਬੂਤ ਹੈ। (ਵਿਘਨ) ਡਿਸਕਰੀਸ਼ਨਰੀ ਗਰਾਂਟ ਪਾਸ ਕਰਵਾਕੇ ਇਹ ਹੁਕਮਰਾਨ ਪਾਰਟੀ ਵਾਲੇ ਆਪਣੀ ਮੈਜਾਰਿਟੀ ਦੇ ਨਾਤੇ ਆਪਣੇ ਉਨ੍ਹਾਂ ** ** ** ਨੂੰ ਜਾਂ ਹੋਰ ਜਿਹੜਾ ਚੰਗਾ ਲਫ਼ਜ਼ ਹੈ, ਉਹ ਵਰਤ ਲਵੋ, ਅਫ਼ਸਰਾਂ ਰਾਹੀਂ ਖੁਸ਼ ਕਰਨ ਲਈ ਗ੍ਰਾਂਟਾਂ ਦਿੰਦੇ ਹਨ, ਖੁਸ਼ ਕਰਕੇ ਪੁਲਿਟੀਕਲ ਕੁਰੱਪਸ਼ਨ ਲਈ ਆਪਣੀ ਮਰਜ਼ੀ ਮੁਤਾਬਿਕ ਵਰਤਦੇ ਹਨ (ਵਿਘਨ)।

ਮੁੱਖ ਸੰਸਦੀ ਸਕੱਤਰ : ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਹੁਣੇ ਹੁਣੇ ਹੀ ਮੇਰੇ ਦੋਸਤ ਨੇ ਅਫ਼ਸਰਾਂ ਨੂੰ ** ** ** ਕਿਹਾ ਹੈ ਜੋ ਕਿ ਅਨਪਾਰਲੀਮੈਂਟਰੀ ਲਫ਼ਜ਼ ਹੈ, ਇਸ ਲਈ ਇਹ ਕੱਟ ਦੇਣਾ ਚਾਹੀਦਾ ਹੈ।

**Expunged as ordered by the Chair.

ਸ੍ਰੀ ਡਿਪਟੀ ਸਪੀਕਰ : ** ** ਦਾ ਲਫਜ਼ ਕੱਟ ਦਿਓ। (The word ** ** be deleted).

ਸਰਦਾਰ ਹਰਬੰਸ ਸਿੰਘ ਜਲਾਲ : ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਜਿਹੜਾ ਲਫ਼ਜ਼ ਠੀਕ ਹੈ ਉਹ ਰੱਖ ਲਵੋ । ਡਿਕਰੀਟਲ ਗ੍ਰਾਂਟਸ ਦੀ ਲੋੜ ਉਥੇ ਪੈਂਦੀ ਹੈ ਜਿਥੇ ਸੀਨੀਅਰ 450 ਦੇ ਗਰੇਡ ਵਾਲੇ ਅਫਸਰ ਨੂੰ ਆਈ.ਏ.ਐਸ. ਸਿਲੈਕਸ਼ਨ ਵਿਚ ਪਾ ਕੇ ਕੁੜਮਾਚਾਰੀ ਨੂੰ ਪਾਲਿਆ ਜਾਵੇ, ਉਥੇ 2000 ਦੇ ਗਰੇਡ ਦੇ ਜੁਆਇੰਟ ਡਾਇਰੈਕਟਰ ਦੀ ਪੋਸਟ ਵਾਲੇ ਅਫ਼ਸਰ ਨੂੰ ਛੱਡ ਕੇ ਇਸ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿ ਜਾਂਦਾ ਕਿ ਕੋਰਟ ਦਾ ਦਰਵਾਜ਼ਾ ਖੜਕਾਇਆ ਜਾਵੇ। ਜਿਥੇ ਜਾਇਜ਼ ਮੰਗ ਨਾ ਮੰਨੀ ਜਾਵੇ, ਉਥੇ ਕੋਈ ਚਾਰਾ ਨਹੀਂ ਰਹਿ ਜਾਂਦਾ। ਜਿਹੜੇ ਅਫ਼ਸਰ ਸਰਕਾਰ ਦੇ ਟੂਲ ਨਹੀਂ ਬਣਦੇ ਉਨ੍ਹਾਂ ਨੂੰ ਡਿਪਰੈਸ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਫ਼ਿਰ ਉਹ ਕੋਰਟ ਵਿਚ ਜਾਂਦੇ ਹਨ। ਉਥੇ ਜਾ ਕੇ ਸਰਕਾਰ ਦੇ ਉਲਟ ਫੈਸਲਾ ਹੋ ਜਾਂਦਾ ਹੈ। ਉਸ ਅਮਾਊਂਟ ਨੂੰ ਪੂਰਾ ਕਰਨ ਦੀ ਖਾਤਰ ਡਿਕਰੀਟਲ ਅਮਾਊਂਟ ਲਈ ਜਾਂਦੀ ਹੈ। ਇਹ ਡਿਮਾਂਡ ਕਿਉਂਕਿ ਚਾਰਜਡ ਮੱਦ ਵਿਚ ਰੱਖੀ ਗਈ ਹੈ, ਇਹ ਇਕ ਤਰ੍ਹਾਂ ਹਾਊਸ ਨਾਲ ਬੇਇਨਸਾਫ਼ੀ ਹੈ। ਜੋ ਖਰਚਾ ਆਉਂਦਾ ਹੈ ਮੁਕੱਦਮੇ ਉਤੇ ਅਤੇ ਜਾਂ ਫਿਰ ਉਹ ਬਹਾਲ ਹੋ ਜਾਂਦਾ ਹੈ, ਫਿਰ ਇਹ ਖਰਚਾ ਉਸ ਡਿਮਾਂਡ ਹੇਠ ਆਉਂਦਾ ਹੈ ਜੋ ਕਿ ਸਰਕਾਰ ਉਸ ਨੂੰ ਦਿੰਦੀ ਹੈ। ਉਸ ਨੂੰ ਬਹਿਸ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ। ਮੈਂ ਕਹਿੰਦਾ ਹਾਂ ਕਿ ਇਹ ਵੋਟਿਡ ਹੋਣਾ ਚਾਹੀਦਾ ਹੈ। ਮੈਂ ਇਹ ਵੀ ਕਹਿੰਦਾ ਹਾਂ ਕਿ ਜੇ ਇਸ ਕਿਸਮ ਦਾ ਫ਼ੈਸਲਾ ਹੋ ਜਾਵੇ ਤਾਂ ਜਿਸ ਵਜ਼ੀਰ ਦੇ ਖਿਲਾਫ਼ ਇਹ ਫ਼ੈਸਲਾ ਹੋਵੇ ਉਸ ਦੀ ਜਾਇਦਾਦ ਵਿਚੋਂ ਉਸ ਨੂੰ ਪੂਰਾ ਕੀਤਾ ਜਾਵੇ ।

ਜਿਥੋਂ ਤੱਕ ਸਰਕਾਰ ਦੀਆਂ ਦੂਸਰੀਆਂ ਡਿਮਾਂਡਜ਼ ਦੇ ਵਿਚ ਸਕੀਮਾਂ ਦਾ ਸਬੰਧ ਹੈ, ਇਹ ਸਕੀਮਾਂ ਚੰਗੀਆਂ ਨਹੀਂ ਹਨ। ਸਰਕਾਰ ਸਕੀਮਾਂ ਬਣਾਉਂਦੀ ਹੈ।

(ਇਸ ਸਮੇਂ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ।)

ਜਿੱਥੋਂ ਤੱਕ, ਸਪੀਕਰ ਸਾਹਿਬ, ਸਕੀਮਾਂ ਦਾ ਸਬੰਧ ਹੈ, ਇਹ ਸਕੀਮਾਂ ਦੇਖਣ ਨੂੰ ਤਾਂ ਬੜੀਆਂ ਚੰਗੀਆਂ ਲਗਦੀਆਂ ਹਨ ਪਰ ਇਨ੍ਹਾਂ ਦੇ ਲਾਗੂ ਹੋਣ ਦਾ ਢੰਗ ਢੰਗਾ ਨਹੀਂ ਹੈ। ਅੰਨ੍ਹਾਂ ਵੰਡੇ ਸੀਰਨੀ ਮੁੜ ਮੁੜ ਆਪਣਿਆਂ ਨੂੰ । ਇਹ ਤਾਂ ਅਜਿਹੀ ਗੱਲ ਹੈ। ਸਕੀਮਾਂ ਦੇ ਵਿਚ ਨਜ਼ਰ ਆਉਂਦਾ ਹੈ ਕਿ ਪੰਜਾਬ ਸਰਕਾਰ ਜੋ ਸਕੀਮਾਂ ਬਣਾਉਂਦੀ ਹੈ ਜ਼ਿਲ੍ਹਾ ਪੱਧਰ ਤੇ ਸਰਕਾਰੀ ਅਧਿਕਾਰੀ ਉਨ੍ਹਾਂ ਸਕੀਮਾਂ ਨੂੰ ਲਾਗੂ ਕਰਦੇ ਹਨ, ਉਹ ਠੀਕ ਤਰ੍ਹਾਂ ਲਾਗੂ ਨਹੀਂ ਹੁੰਦੀਆਂ। ਜਿਸ ਤਰ੍ਹਾਂ ਹੁਣ ਸਾਰਿਆਂ ਨੂੰ ਪਤਾ ਹੈ ਕਿ ਸੀਮਿੰਟ ਨਹੀਂ ਮਿਲਦਾ, ਡੀਜ਼ਲ, ਇੱਟਾਂ ਅਤੇ ਖੰਡ ਆਦਿ ਨਹੀਂ ਮਿਲਦੀ। ਇਹ ਸਿਰਫ਼ ਜ਼ਿਲ੍ਹਾ ਪ੍ਰਬੰਧ ਵਲੋਂ ਇਸ ਪਾਸੇ ਧਿਆਨ ਨਾ ਦੇਣ ਖਾਤਰ ਹੀ ਹੁੰਦਾ ਹੈ। ਉਨ੍ਹਾਂ ਵਲੋਂ ਇਸ ਪਾਸੇ ਧਿਆਨ ਨਾ ਦੇਣ ਕਾਰਨ ਹੀ ਇਹ ਜ਼ਿਆਦਾ ਕਮੀ ਹੋਈ ਹੈ। ਸਪੀਕਰ ਸਾਹਿਬ, ਜਿਥੋਂ ਤੱਕ ਡੀਜ਼ਲ ਦਾ ਮਸਲਾ ਹੈ, ਇਸ ਦੀ ਵੰਡ ਠੀਕ ਨਹੀਂ ਹੋ ਰਹੀ । ਪੈਟਰੋਲ ਪੰਪ ਵਾਲਾ ਡੀਜ਼ਲ ਲਿਆਉਂਦਾ ਹੈ, ਉਹ ਜਦ ਇਸ਼ੂ ਕਰਦਾ ਹੈ ਤਾਂ ਜਿਸ ਨੂੰ ਚਾਹੇ ਇਸ਼ੂ ਕਰੀ ਜਾਂਦਾ ਹੈ, ਉਹ ਇਹ ਨਹੀਂ ਦੇਖਦਾ ਕਿ ਇਹ ਡ੍ਰਿਪੂ ਫ਼ੂਲ ਵਾਸਤੇ ਹੈ ਜਾਂ ਕਿ ਬਠਿੰਡੇ ਵਾਸਤੇ ਹੈ। ਉਹ ਚਾਹੇ ਤਾਂ ਗੁਰਦਾਸਪੁਰ ਵਾਲੇ ਨੂੰ ਅਤੇ ਹੁਸ਼ਿਆਰਪੁਰ ਵਾਲੇ ਨੂੰ ਵੀ ਤੇਲ ਦੇ ਸਕਦਾ ਹੈ। ਉਹ ਉਨ੍ਹਾਂ ਦੇ ਫ਼ਰਜ਼ੀ ਨਾਮ ਤੇ ਚਾੜ੍ਹ ਕੇ ਬਲੈਕ ਕਰ ਸਕਦਾ ਹੈ। ਇਸ ਬਾਰੇ ਕੋਈ ਕਾਨੂੰਨ ਨਹੀਂ ਹੈ। ਉਸ ਨੂੰ ਖੁਲ੍ਹੀ ਛੁੱਟੀ ਦਿੱਤੀ ਗਈ ਹੈ ਜੋ ਮਰਜ਼ੀ ਪਿਆ ਕਰੇ। ਮੈਂ ਕਹਿੰਦਾ ਹਾਂ ਕਿ ਜਿਸ ਹਲਕੇ ਵਿਚ ਪੈਟਰੋਲ ਪੰਪ ਹੋਵੇ ਉਸ ਹਲਕੇ ਵਾਲਿਆਂ ਨੂੰ ਹੀ ਉਹ ਤੇਲ ਵੰਡੇ। ਸਿਰਫ਼ ਸੀਮਤ ਇਲਾਕੇ ਲਈ ਰਾਸ਼ਨਿੰਗ ਹੋਣੀ ਚਾਹੀਦੀ ਹੈ।

**Expunged as ordered by the Chair.

ਸ੍ਰੀ ਸਪੀਕਰ : ਤੁਸੀਂ 3—4 ਮਿੰਟਾਂ ਵਿਚ ਵਾਈਂਡ ਅੱਪ ਕਰੋ । (Please wind up within three-four minutes.)

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਸ਼ਾਇਦ ਤੁਹਾਡੇ ਧਿਆਨ ਵਿਚ ਨਹੀਂ ਕਿ ਕੇ.ਪੀ. ਸਾਹਿਬ ਨੇ ਕਿੰਨਾ ਟਾਈਮ ਲਿਆ ਹੈ, ਇਸ ਲਈ ਮੈਨੂੰ ਵੀ ਟਾਈਮ ਕੁਝ ਜ਼ਿਆਦਾ ਦਿਉ। ਤੁਸੀਂ ਮੇਰੀ ਕੱਟ ਮੋਸ਼ਨ ਵੀ ਡਿਸਕੱਸ਼ਨ ਲਈ ਐਲਾਓ ਕੀਤੀ ਹੈ। ਮੈਂ ਕਹਿ ਰਿਹਾ ਸੀ ਕਿ ਇਹ ਜਿਹੜਾ ਡੀਜ਼ਲ ਦਾ ਮਸਲਾ ਹੈ, ਇਸ ਬਾਰੇ ਜ਼ੋਨ ਬਣਾਏ ਜਾਣ। ਇਸ ਬਾਰੇ ਬਕਾਇਦਾ ਰਾਸ਼ਨ ਦੀ ਗਿਣਤੀ ਮਿਣਤੀ ਹੋਵੇ ਅਤੇ ਉਨ੍ਹਾਂ ਦੀ ਡਿਮਾਂਡ ਲਿਸਟ ਮੁਤਾਬਿਕ ਕੋਟਾ ਦੇਣਾ ਚਾਹੀਦਾ ਹੈ ਤਾਕਿ ਇਸ ਦੀ ਬਲੈਕ ਨਾ ਹੋ ਸਕੇ। ਇਸੇ ਤਰ੍ਹਾਂ ਹੀ ਸੀਮਿੰਟ ਦਾ ਮਸਲਾ ਹੈ। (ਵਿਘਨ) ਸਪੀਕਰ ਸਾਹਿਬ, ਇਕ ਡੀਲਰ ਭਾਵੇਂ ਹਜ਼ਾਰਾਂ ਬੋਰੀਆਂ ਸੀਮਿੰਟ ਦੀ ਸੇਲ ਕਰੇ, ਇਕ ਡੀਲਰ ਮਹੀਨੇ ਵਿਚ ਇਕ ਬੋਰੀ ਵੀ ਨਹੀਂ ਲਿਆਉਂਦਾ ਸਾਰੇ ਦਾ ਸਾਰਾ ਸੀਮਿੰਟ ਬਲੈਕ ਵਿਚ ਵੇਚ ਦਿੰਦਾ ਹੈ । ਪਰ ਸਰਕਾਰ ਪਾਸ ਐਸਾ ਕੋਈ ਕਾਨੂੰਨ ਨਹੀਂ ਹੈ ਜਿਸ ਦੁਆਰਾ ਉਸ ਨੂੰ ਮਜ਼ਬੂਰ ਕਰ ਸਕੇ ਕਿ ਉਹ ਕਿਉਂ ਨਹੀਂ ਸੇਲ ਲਈ ਸੀਮਿੰਟ ਮੰਗਵਾਉਂਦਾ। ਪਿਛਲੇ ਸਾਲ ਹਜ਼ਾਰਾਂ ਬੋਰੀਆਂ ਦੀ ਇਸੇ ਤਰ੍ਹਾਂ ਹੀ ਬਲੈਕ ਹੋਈ ਹੈ ਪਰ ਐਕਸ਼ਨ ਉਨ੍ਹਾਂ ਦੇ ਖਿਲਾਫ਼ ਕੁਝ ਨਹੀਂ ਹੋਇਆ। ਉਸ ਨੂੰ ਫਿਕਸ ਕੋਟਾ ਦਿਉ। ਜਿਹੜਾ ਡੀਲਰ ਕੋਈ ਹੇਰਾਫੇਰੀ ਕਰਦਾ ਹੈ ਅਤੇ ਲੋਕਾਂ ਨੂੰ ਨਹੀਂ ਦਿੰਦਾ ਉਸ ਦਾ ਲਾਈਸੈਂਸ ਕੈਂਸਲ ਕੀਤਾ ਜਾਣਾ ਚਾਹੀਦਾ ਹੈ। ਸਪੀਕਰ ਸਾਹਿਬ, ਜਿਥੋਂ ਤਕ ਘਿਉ ਅਤੇ ਖੰਡ ਦਾ ਮਸਲਾ ਹੈ ਇਹ ਨਿਰੋਲ ਜ਼ਿਲ੍ਹਾ ਪ੍ਰਬੰਧ ਦੇ ਉਤੇ ਡਿਪੈਂਡ ਕਰਦਾ ਹੈ। ਇਹ ਮਸਲਾ ਕੀ ਹੈ, ਇਸ ਕਮੀ ਨੂੰ ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਸਾਡੇ ਮਾਰਕੀਟਿੰਗ ਸੋਸਾਇਟੀ ਇਕ ਰਾਮ-ਪੁਰਾ ਫੂਲ ਹੈ ਅਤੇ ਇਕ ਬਰਾਂਚ ਭਗਤੇ ਭਾਈ ਦੇ ਵਿਚ ਕਾਇਮ ਕੀਤੀ ਹੋਈ ਹੈ। ਜਿੰਨਾਂ ਘਿਉ ਰਾਮਪੁਰਾ ਫੂਲ ਦੇ ਵਿਚ ਸੇਲ ਕੀਤਾ ਜਾਂਦਾ ਹੈ ਉਤਨਾ ਹੀ ਘਿਉ ਭਗਤੇ ਭਾਈ ਦੇ ਵਿਚ ਲਿਖਿਆ ਜਾਂਦਾ ਹੈ, ਜਿੰਨੀ ਖੰਡ ਰਾਮਪੁਰੇ ਫੂਲ ਦੇ ਵਿਚ ਸੇਲ ਕੀਤੀ ਜਾਂਦੀ ਹੈ ਉਨੀ ਖੰਡ ਭਗਤੇ ਦੇ ਵਿਚ ਲਿਖੀ ਜਾਂਦੀ ਹੈ। ਸਪੀਕਰ ਸਾਹਿਬ, ਤੁਹਾਡੇ ਧਿਆਨ ਦੇਣ ਵਾਲੀ ਇਹ ਗੱਲ ਹੈ ਕਿ ਸਾਰੀ ਚੀਜ਼ ਰਾਮਪੁਰੇ ਫੂਲ ਵਿਚ ਸੇਲ ਹੁੰਦੀ ਹੈ, ਭਗਤੇ ਭਾਈ ਵਿਚੋਂ ਨਾ ਇਕ ਪੀਪੀ ਘਿਉ ਦੀ ਕੋਈ ਸੇਲ ਕੀਤੀ ਗਈ ਅਤੇ ਨਾ ਹੀ ਕਿਲੋ ਖੰਡ ਸੇਲ ਕੀਤੀ ਗਈ ਹੈ। ਸਿਰਫ਼ ਉਥੇ ਲਿਖੀ ਹੀ ਜਾਂਦੀ ਹੈ ਕਿ ਇਤਨੀ ਸੇਲ ਹੋਈ ਹੈ। ਜਦੋਂ ਕੋਈ ਇਨਕੁਆਇਰੀ ਹੁੰਦੀ ਹੈ ਤਾਂ ਉਹ ਰਜਿਸਟਰ ਦਿਖਾ ਦਿੰਦੇ ਹਨ। ਇਸ ਤਰ੍ਹਾਂ ਇਕ ਨਹੀਂ ਸੈਂਕੜੇ ਹੀ ਕੇਸ ਹਨ ਜਿਥੇ ਕੋਈ ਚੀਜ਼ ਸੇਲ ਨਹੀਂ ਕੀਤੀ ਜਾਂਦੀ ਪਰ ਸ਼ੋ ਕੀਤੀ ਜਾਂਦੀ ਹੈ ਅਤੇ ਬਲੈਕ ਵਿਚ ਚੀਜ਼ਾਂ ਵੇਚੀਆਂ ਜਾਂਦੀਆਂ ਹਨ। (ਵਿਘਨ) (ਘੰਟੀ)

ਸਪੀਕਰ ਸਾਹਿਬ, ਦੂਜੀ ਡਿਮਾਂਡ ਲੇਬਰ ਦੇ ਬਾਰੇ ਵਿਚ ਹੈ। ਸਿਰਫ਼ ਦੋ ਮਿੰਟ ਮੈਨੂੰ ਤੁਸੀਂ ਦਿਉ, ਮੈਂ ਕੋਈ ਨੁਕਤਾ ਚੀਨੀ ਨਹੀਂ ਕਰਨੀ, ਕੋਈ ਗਾਲਾਂ ਨਹੀਂ ਕਢਣੀਆਂ, ਸਿਰਫ਼ ਕੁਝ ਸੁਝਾਵ ਦੇਣਾ ਚਾਹੁੰਦਾ ਹਾਂ। ਜਿਥੋਂ ਤੱਕ ਇੰਡਸਟਰੀਜ਼ ਦੀ ਬੇਰੁਜ਼ਗਾਰ ਲੇਬਰ ਦੇ ਅੰਕੜੇ ਹਨ, ਸਪੀਕਰ ਸਾਹਿਬ, ਇਹ ਦਿਨ ਪਰ ਦਿਨ ਵੱਧ ਰਹੇ ਹਨ। ਦੁੱਖ ਦੀ ਗੱਲ ਇਹ ਹੈ ਕਿ ਸਰਕਾਰ ਦੀ ਇੰਡਸਟਰੀ ਵਿਚ ਲੇਬਰ ਦੇ ਸਬੰਧ ਵਿਚ ਪਾਲਿਸੀ ਦੋ-ਧਾਰੀ ਰਹੀ ਹੈ। ਇਕ ਪਾਸੇ ਤਾਂ ਫ਼ੈਸਿਲੀਟੀਜ਼ ਦੇ ਤੌਰ ਤੇ ਉਨ੍ਹਾਂ ਨੂੰ ਸਬਸਿਡੀ ਦਿੱਤੀ ਜਾਂਦੀ ਹੈ, ਉਸ ਦੇ ਲਈ ਲੈਜਿਸਲੇਸ਼ਨ ਲਿਆਇਆ ਜਾਂਦਾ ਹੈ ਅਤੇ ਦੂਸਰੇ ਪਾਸੇ ਉਸ ਦਾ ਗਲਾ ਕੱਟਣ ਦੇ ਵਾਸਤੇ ਤਲਵਾਰ ਵੀ ਰਖ ਦਿੱਤੀ ਜਾਂਦੀ ਹੈ। ਪੰਜਾਬ ਇਸ ਗੱਲ ਦੀ ਮੰਗ ਕਰਦਾ ਹੈ ਕਿ ਇਥੇ ਇੰਡਸਟਰੀਜ਼ ਲਗਾਈਆਂ ਜਾਣ ਅਤੇ ਇਸ ਦੀ ਤਰੱਕੀ ਕੀਤੀ ਜਾਵੇ। ਇਕ ਕੇਂਦਰ ਦੇ ਮਨਿਸਟਰ ਸਾਹਿਬ ਨੇ ਕਿਹਾ ਕਿ ਪੰਜਾਬ ਜਿਹੇ ਸੂਬੇ ਦੇ ਵਿਚ ਇੰਡਸਟਰੀ

ਤਰੱਕੀ ਨਹੀਂ ਕਰ ਸਕਦੀ ਕਿਉਂਕਿ ਦੇਸ਼ ਦੇ ਕੋਨੇ ਵਿਚ ਵਾਹਿਆ ਹੈ। ਪਰ ਮੈਂ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਇੰਡਸਟਰੀ ਦੇ ਵਿਚ ਕਾਫ਼ੀ ਤਰੱਕੀ ਕਰ ਸਕਦਾ ਹੈ। ਦੋ ਕਿਸਮ ਦੀ ਲੇਬਰ ਓਰੀਐਂਟਿਡ ਇੰਡਸਟਰੀ ਲਾਉਣ ਵਾਸਤੇ ਆਪਣਾ ਸੁਝਾਵ ਦੇਣਾ ਚਾਹੁੰਦਾ ਹਾਂ। ਜੇ ਇਹ ਦੋ ਕਿਸਮ ਦੀ ਇੰਡਸਟਰੀ ਇਥੇ ਪੰਜਾਬ ਦੇ ਵਿਚ ਲਗਾਈ ਜਾਵੇ ਤਾਂ ਪੰਜਾਬ ਬਾਕੀ ਦੇ ਹਿੰਦੁਸਤਾਨ ਦੇ ਸੂਬਿਆਂ ਵਿਚ ਸਭ ਤੋਂ ਅੱਗੇ ਵੱਧ ਸਕਦਾ ਹੈ। ਇਕ ਇੰਡਸਟਰੀ ਗਲਾਸ ਬਣਾਉਣ ਦੇ ਲਈ ਅਤੇ ਦੂਸਰੀ ਟੈਕਸਟਾਈਲ ਲਈ। ਇਸ ਵਕਤ ਫਰੀਦਾਬਾਦ ਦੇ ਵਿਚ 400 ਤੋਂ ਵੱਧ ਗਲਾਸ ਤਿਆਰ ਕਰਨ ਦੀ ਫ਼ੈਕਟਰੀ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਫ਼ੈਕਟਰੀ ਪੰਜਾਬ ਦੇ ਵਿਚ ਬਹੁਤ ਕਾਮਯਾਬ ਹੋ ਸਕਦੀ ਹੈ। ਮੈਂ ਮਿਸਾਲ ਹੁਸ਼ਿਆਰਪੁਰ ਦੀ ਦੇਣੀ ਚਾਹੁੰਦਾ ਹਾਂ। ਉਥੇ ਉਹ ਰੇਤਾ ਅਤੇ ਕੁਆਲਟਸ ਮਿਲਦਾ ਹੈ ਜਿਸ ਦੇ ਨਾਲ ਕਰਿਸਟਲ ਗਲਾਸ ਬਣ ਸਕਦਾ ਹੈ। ਇਹ ਉਹ ਕਰਿਸਟਲ ਗਲਾਸ ਬਣ ਸਕਦਾ ਹੈ ਜਿਹੋ ਜਿਹਾ ਜਦੋਂ ਇਕ ਵਜ਼ੀਰ ਸਾਹਿਬ ਆਪਣੇ ਪ੍ਰਾਈਵੇਟ ਅਦਾਰੇ ਦੇ ਦੌਰੇ ਤੇ ਖਰਚ ਤੇ ਬਾਹਰ ਗਏ ਸੀ ਅਤੇ ਉਥੋਂ ਉਨ੍ਹਾਂ ਦੇ ਖ਼ਰਚੇ ਵਿਚੋਂ ਇਕ ਟੀ ਸੈਟ 7,000 ਰੁਪਏ ਦਾ ਖਰੀਦ ਕੇ ਲਿਆਏ ਸੀ ਉਸ ਕਿਸਮ ਦਾ ਕਰਿਸਟਲ ਗਲਾਸ ਇਥੇ ਬਣ ਸਕਦਾ ਹੈ। ਜੇ ਪੰਜਾਬ ਦੀ ਸਰਕਾਰ ਇਸ ਪਾਸੇ ਵਲ ਆਪਣਾ ਧਿਆਨ ਦੇਵੇ ਤਾਂ ਇਹ ਇੰਡਸਟਰੀ ਪੰਜਾਬ ਵਿਚ ਬੜੀ ਕਾਮਯਾਬ ਸਾਬਤ ਹੋ ਸਕਦੀ ਹੈ ਅਤੇ ਇਸ ਦੇ ਨਾਲ ਕਿੰਨੀ ਹੀ ਲੇਬਰ ਵੀ ਲਗ ਸਕਦੀ ਹੈ। ਦੂਸਰਾ ਟੈਕਸਟਾਈਲ ਦਾ ਮਸਲਾ ਹੈ। ਪੰਜਾਬ ਵਿਚ ਕਪਾਹ, ਬਹੁਤ ਜ਼ਿਆਦਾ ਪੈਦਾ ਹੁੰਦੀ ਹੈ ...... (ਵਿਘਨ) (ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਵਲੋਂ ਵਿਘਨ) ਕੰਮ ਦੀ ਗੱਲ ਵੀ ਕਰਨ ਦਿਆ ਕਰ ਕਿ ਨਿਰਾ ਰੌਲਾ ਪਾਉਣਾ ਹੀ ਜਾਣਦਾ ਹੈਂ । (ਵਿਘਨ) (ਹਾਸਾ) ਟੈਕਸਟਾਈਲ ਇੰਡਸਟਰੀ ਦੇ ਬਾਰੇ ਦਸਣਾ ਚਾਹੁੰਦਾ ਹਾਂ ਕਿ ਜੇ ਇਹ ਨਿਰਾ ਆਪਣੀ ਜੇਬ ਗਰਮ ਕਰਨ ਦੀ ਆਦਤ ਨੂੰ ਛੱਡ ਦੇਣ ਅਤੇ ਟੈਕਸਟਾਈਲ ਦੇ ਲਾਇਸੈਂਸ ਦੇਣ ਤਾਂ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਸਾਡੀ ਟੈਕਸਟਾਈਲ ਇੰਡਸਟਰੀ ਹਿੰਦੁਸਤਾਨ ਦੇ ਬਾਕੀ ਦੇ ਸਾਰਿਆਂ ਸੂਬਿਆਂ ਨੂੰ ਮਾਤ ਕਰੇਗੀ ਅਤੇ ਸਭ ਤੋਂ ਵੱਧ ਕਾਮਯਾਬ ਸਾਬਤ ਹੋਵੇਗੀ। (ਵਿਘਨ) ਜਿਥੋਂ ਤਕ ਦੋ ਧਾਰੀ ਪਾਲਿਸੀ ਦਾ ਸਬੰਧ ਹੈ ਉਸ ਦੇ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਇਕ ਪਾਸੇ ਸਮਾਲ ਸੈਕਟਰ ਹੈ। (ਵਿਘਨ) ਛੋਟੀ ਇੰਡਸਟਰੀਜ਼ ਨੂੰ ਇਨ੍ਹਾਂ ਨੇ ਕਰੋੜਾਂ ਰੁਪਏ ਦਿੱਤੇ ਹਨ। ਮੈਂ ਨਹੀਂ ਦਸਣਾ ਚਾਹੁੰਦਾ ਕਿ ਖਾਦੀ ਬੋਰਡ ਨੇ ਕਰੋੜਾਂ ਰੁਪਏ ਦਾ ਗ਼ਬਨ ਕੀਤਾ ਹੈ। ਇਕ ਪਾਸੇ ਤਾਂ ਰਿਆਇਤਾਂ ਦੇਣ ਦੇ ਨਾਮ ਤੇ ਲੋਕਾਂ ਨੂੰ ਬੇਵਕੂਫ਼ ਬਣਾ ਰਹੇ ਹਨ ਅਤੇ ਦੂਸਰੇ ਪਾਸੇ ਜੁਆਇੰਟ ਸੈਕਟਰ ਦੇ ਵਿਚ ਜੋ ਤਲਵਾਰ ਚਲ ਰਹੀ ਹੈ ਉਸ ਦੇ ਵਿਚ ਇਹ ਜਨਤਾ ਦਾ ਗਲ ਵੱਢਣ ਵਾਲੀ ਗੱਲ ਕਰ ਰਹੇ ਹਨ। ਹਜ਼ਾਰਾਂ ਛੋਟੀਆਂ ਇੰਡਸਟਰੀਆਂ ਕਾਇਮ ਹੋ ਸਕਦੀਆਂ ਹਨ। ਜੁਆਇੰਟ ਸੈਕਟਰ ਦੇ ਵਿਚ ਲੋਕਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ। ਕਾਟੇਜ ਇੰਡਸਟਰੀਜ਼ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਬੂਟਾਂ ਦੇ ਬਾਰੇ ਅਰਜ਼ ਹੈ ਕਿ ਇਹ ਸਾਡੀ ਕਾਟੇਜ ਇੰਡਸਟਰੀ ਹੈ ਪਰ ਇਹ ਦੂਸਰਿਆਂ ਸੂਬਿਆਂ ਵਿਚੋਂ ਬਾਟਾ ਵਰਗਿਆਂ ਨੂੰ ਪੰਜਾਬ ਵਿਚ ਲਿਆ ਕੇ ਵੱਡੇ ਪੈਮਾਨੇ ਤੇ ਜੁੱਤੀਆਂ ਬਣਾਉਣ ਦਾ ਕਾਰਖਾਨਾ ਬਣਾ ਕੇ ਛੋਟੇ ਛੋਟੇ ਜੁਤੀਆਂ ਬਣਾਉਣ ਵਾਲਿਆਂ ਦਾ ਇਹ ਗਲ ਵਢਣਾ ਚਾਹੁੰਦੇ ਹਨ। (ਵਿਘਨ) (ਘੰਟੀ) ਬਸ ਜੀ, ਇਕ ਮਿਸਾਲ ਦੇ ਕੇ ਮੈਂ ਮਾਫ਼ੀ ਮੰਗਾਂਗਾ। ਪੰਜਾਬ ਦੇ ਵਿਚ ਦੋ ਜ਼ਿਲ੍ਹੇ ਬੈਕਵਰਡ ਹਨ, ਇਕ ਹੁਸ਼ਿਆਰਪੁਰ ਅਤੇ ਦੂਸਰਾ ਬਠਿੰਡਾ। ਪਹਿਲਾਂ 10 ਪ੍ਰਤੀਸ਼ਤ ਸਬਸਿਡੀ 50 ਲੱਖ ਰੁਪਏ ਤੱਕ ਦਿੱਤੀ ਜਾਂਦੀ ਸੀ ਅਤੇ ਹੁਣ 15 ਪ੍ਰਤੀਸ਼ਤ ਸਬਸਿਡੀ 1 ਕਰੋੜ ਰੁਪਏ ਤਕ ਦਿੱਤੀ ਜਾਂਦੀ ਹੈ। ਬੰਬਈ ਦਾ ਇਕ ਦੋਸਤ ਇਹ ਸੋਚ ਕੇ ਕਿ ਪੰਜਾਬ ਦੇ ਵਿਚ ਦੋ ਜ਼ਿਲ੍ਹੇ ਬੈਕਵਰਡ ਹਨ ਉਥੇ ਕੋਈ ਇੰਡਸਟਰੀ ਲਗਾਈ ਜਾਵੇ, 31 ਦਸੰਬਰ ਨੂੰ ਪੰਜਾਬ ਦੇ ਵਿਚ ਆਇਆ। ਇਹ ਸੁਣ ਕੇ ਕਿ 15 ਪ੍ਰਤੀਸ਼ਤ ਸਬ-ਸਿਡੀ ਜੋ ਮਿਲਣੀ ਹੈ ਉਸ ਦਾ ਅੱਜ ਲਾਸਟ ਦਿਨ ਹੈ ਉਸ ਨੇ ਸੋਚਿਆ ਕਿ ਅੱਜ ਹੀ ਕਾਗਜ਼ ਪੱਤਰ

[ਸਰਦਾਰ ਹਰਬੰਸ ਸਿੰਘ ਜਲਾਲ]

ਦਾਖ਼ਲ ਕੀਤਾ ਜਾਣਾ ਚਾਹੀਦਾ ਹੈ । ਸਪੀਕਰ ਸਾਹਿਬ, ਤੁਹਾਨੂੰ ਇਹ ਸੁਣ ਕੇ ਬੜਾ ਦੁਖ ਹੋਵੇਗਾ ਕਿ ਉਹ ਆਦਮੀ ਇੰਡਸਟਰੀਜ਼ ਦੇ ਐਡਵਾਈਜ਼ਰ, ਸ਼੍ਰੀ ਗਿਲ ਦੇ ਕਮਰੇ ਵਿਚ 5.00 ਵਜੇ ਤਕ ਬੈਠਾ ਰਿਹਾ ਅਤੇ ਕਿਸੇ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਇਹ ਦਰਖ਼ਾਸਤ ਕਿਸ ਨੂੰ ਦੇਣੀ ਚਾਹੀਦੀ ਹੈ। ਮੈਂ ਧੰਨਵਾਦੀ ਹਾਂ ਜੁਆਇੰਟ ਡਾਇਰੈਕਟਰ ਸਾਹਿਬ ਦਾ ਜਿਨ੍ਹਾਂ ਨੇ ਨਵਾਂ ਰਜਿਸਟਰ ਖੋਲ੍ਹ ਕੇ ਮੌਕੇ ਤੇ ਦਰਖ਼ਾਸਤ ਨੂੰ ਦਰਜ ਕੀਤਾ। (ਘੰਟੀ) (ਵਿਘਨ) ਇਸ ਕਿਸਮ ਦਾ ਤਾਂ ਇਸ ਮਹਿਕਮੇ ਵਿਚ ਹਾਲ ਹੈ। ਮੇਰਾ ਖ਼ਿਆਲ ਹੈ ਕਿ ਮਹਿਕਮੇ ਵਾਲੇ ਅਗੇ ਵਾਸਤੇ ਇਸ ਗਲ ਦਾ ਪੂਰਾ ਪੂਰਾ ਧਿਆਨ ਰਖਣਗੇ। (ਵਿਘਨ)

ਜੇ ਤੁਸੀਂ ਇਜਾਜ਼ਤ ਦਿਉ ਤਾਂ ਇਕ ਦੋ ਗੱਲਾਂ ਹੋਰ ਇੰਡਸਟਰੀਜ਼ ਦੇ ਬਾਰੇ ਦਸਣਾ ਚਾਹੁੰਦਾ ਹਾਂ। (ਵਿਘਨ) ਸਪੀਕਰ ਸਾਹਿਬ, ਪੰਜਾਬ ਵਿਚ ਸਭ ਤੋਂ ਵੱਧ ਜਿਹੜੀ ਇੰਡਸਟਰੀ ਕਾਮਯਾਬ ਹੋ ਸਕਦੀ ਹੈ ਉਹ ਹੈ ਕਾਟਨ ਦੀ। ਕਾਟਨ ਸੀਡ ਆਇਲ ਉਹ ਆਇਲ ਹੈ ਜਿਸ ਤੋਂ ਘਿਉ ਬਣਦਾ ਹੈ ...... (ਵਿਘਨ) (ਘੰਟੀ)

Mr. Speaker : Please resume your seat now.

ਸਰਦਾਰ ਹਰਬੰਸ ਸਿੰਘ ਜਲਾਲ : ਬਸ ਜੀ, ਇਕ ਮਿੰਟ ਹੋਰ ਇਜਾਜ਼ਤ ਦਿਉ ਜੀ। (ਵਿਘਨ) ਬਲੱਡ ਪਰੈਸ਼ਰ ਦੀ ਜੋ ਬਿਮਾਰੀ ਹੈ ਉਸ ਦੇ ਲਈ ਕਪਾਹ ਦਾ ਤੇਲ ਟਾਨਿਕ ਹੈ ਜਿਹੜਾ ਕਿ ਅਨਸੈਚੂਰੇਟਿਡ ਹੈ। (ਵਿਘਨ) ਇਸ ਵੇਲੇ ਪੰਜਾਬ ਦਾ ਕਰੋੜਾਂ ਰੁਪਏ ਦਾ ਬਿਨੋਲਾ ਮਹਾਰਾਸ਼ਟਰ ਨੂੰ ਜਾਂਦਾ ਹੈ। (ਘੰਟੀ) (ਵਿਘਨ)

ਸ਼੍ਰੀ ਸਪੀਕਰ : ਜਲਾਲ ਜੀ, ਤਸ਼ਰੀਫ਼ ਰਖੋ ਹੁਣ। (ਵਿਘਨ) (Jalal jee, please resume your seat now.) (*Interruptions*)

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਮੈਂ ਇਕ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਇਸ ਦੇ ਨਾਲ ਇਕ ਐਸੀ ਚੀਜ਼ ਪੈਦਾ ਹੋਵੇਗੀ ਜਿਹੜੀ ਤੁਹਾਡੇ ਵਾਸਤੇ ਤਾਂ ਬਿਲਕੁਲ ਨਵੀਂ ਹੋਵੇਗੀ। (ਵਿਘਨ) ਬਸ ਜੀ ਅੱਧਾ ਮਿੰਟ। ਕਾਟਨ ਸੀਡ ਕੇਕ ਵਿਚ 65% ਤਕ ਪ੍ਰੋਟੀਨ ਹੁੰਦਾ ਹੈ । ਹਿੰਦੁਸਤਾਨੀ ਬਿਨੌਲੇ ਦੀ ਖਲ ਅਮਰੀਕਾ ਤੋਂ ਅਤੇ ਬਿਦੇਸ਼ਾਂ ਤੋਂ ਪ੍ਰੋਟੀਨ ਦੀ ਸ਼ਕਲ ਵਿਚ ਬਦਲ ਕੇ ਆਉਂਦੀ ਹੈ ਜਿਸ ਦੀ ਕੀਮਤ ਤਕਰੀਬਨ 15-20 ਰੁਪਏ ਕਿਲੋ ਤਕ ਹੈ ਜਦ ਕਿ ਇਸ ਦੇ ਪਲਾਂਟ ਲਗਾਉਣ ਤੇ ਕੁਲ 10 ਲੱਖ ਰੁਪਿਆ ਖ਼ਰਚ ਆਉਂਦਾ ਹੈ । ਇਹ ਨਵੀਂ ਟੈਕਨਾਲੋਜੀ ਹੈ ਅਤੇ ਮੈਂ ਮੰਗ ਕਰਦਾ ਹਾਂ ਕਿ ਇਸ ਨੂੰ ਡੀਲਾਇਸੈਂਸ ਕਰਕੇ ਇਸ ਨੂੰ ਪੰਜਾਬ ਵਿਚ ਪ੍ਰਫੁਲਤ ਕੀਤਾ ਜਾਣਾ ਚਾਹੀਦਾ ਹੈ । (ਵਿਘਨ) ਬਸ ਜੀ, ਆਪ ਦਾ ਸ਼ੁਕਰੀਆ।

ਸ਼੍ਰੀ ਸਪੀਕਰ : ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਐਫ.ਐਮ. ਸਾਹਿਬ ਨੇ ਕਿਧਰੇ ਜਾਣਾ ਹੈ, ਇਸ ਲਈ ਉਨ੍ਹਾਂ ਨੂੰ ਪਹਿਲਾਂ ਬੋਲ ਲੈਣ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਬੋਲਣ ਤੋਂ ਬਾਅਦ ਮਾਸਟਰ ਚੰਦ ਸਿੰਘ ਜੀ ਅਤੇ ਰੰਧਾਵਾ ਸਾਹਿਬ ਨੂੰ ਬੋਲਣ ਲਈ ਸਮਾਂ ਦਿਆਂਗੇ। (ਵਿਘਨ) (I would intimate the hon. Members that the the hon. Finance Minister has to go somewhere; so he may be allowed to speak first and thereafter Master Chand Singh and Randhawa Sahib will get time.) (*Interruption*)

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਮੈਂ ਸਿਰਫ ਲੇਬਰ ਲਈ 5–7 ਮਿੰਟ ਬੋਲਣਾ ਹੈ। ਐਡਮਨਿਸਟਰੇਸ਼ਨ ਦੇ ਬਾਰੇ ਚੀਫ ਮਨਿਸਟਰ ਸਾਹਿਬ ਬੋਲਣਗੇ । (ਵਿਘਨ) ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਜੋ ਇੰਡਸਟਰੀਅਲ ਲੇਬਰ ਦੇ ਬਾਰੇ ਵਿਚ ਕੁਝ ਦੋਸਤਾਂ ਨੇ ਫਰਮਾਇਆ ਹੈ ਉਸ ਦੇ ਬਾਰੇ ਵਿਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਕ ਤਾਂ ਪੰਜਾਬ ਪਹਿਲਾ ਸੂਬਾ ਹੈ ਜਿਸ ਨੇ 23 ਇਮਪਲਾਇਮੈਂਟਸ ਦੇ ਵਿਚ ਮਿਨੀਮਮ ਵੇਜ ਰਿਵਾਈਜ਼ ਕੀਤਾ ਹੈ ਔਰ ਅੱਜ ਸਾਰਿਆਂ ਸੂਬਿਆਂ ਦੇ ਕਾਰਖਾਨਾ ਮਜ਼ਦੂਰਾਂ ਨਾਲੋਂ ਜ਼ਿਆਦਾ ਵੇਜਿਜ਼ ਅਸੀਂ ਦੇ ਰਹੇ ਹਾਂ, ਹਾਲਾਂ ਕਿ ਇੰਡਸਟਰੀਜ਼ ਦੇ ਤੌਰ ਤੇ ਅਸੀਂ ਜ਼ਿਆਦਾ ਇੰਡਸਟਰੀਅਲਿਸਟਸ ਨਹੀਂ ਹਾਂ। ਸਪੀਕਰ ਸਾਹਿਬ, 95 ਰੁਪਏ ਜਾਂ 100 ਰੁਪਏ ਤੋਂ 125 ਰੁਪਏ ਮਿਨੀਮਮ ਵੇਜ ਅਸੀਂ ਕੀਤਾ ਹੈ ਔਰ ਜਦ ਕਿ ਬਾਕੀ ਸੂਬਿਆਂ ਵਿਚ 100 ਜਾਂ 115 ਰੁਪਏ ਦੇ ਕਰੀਬ ਹੋਇਆ ਹੈ। ਹਰਿਆਣਾ, ਦਿੱਲੀ, ਰਾਜਸਥਾਨ ਅਤੇ ਯੂ.ਪੀ. ਆਦਿ ਨਾਲ ਜੇ ਮੁਕਾਬਲਾ ਕਰੀਏ ਤਾਂ ਪੰਜਾਬ ਨੇ ਸਭ ਤੋਂ ਜ਼ਿਆਦਾ ਵੇਜ ਦਿਤਾ ਹੈ। ਹੁਣ ਅਸੀਂ ਪਿਛਲੇ ਮਹੀਨੇ ਜਿਹੜਾ ਮਿਨਿਮਮ ਵੇਜ ਰਿਵਾਈਜ਼ ਕੀਤਾ ਹੈ ਉਸ ਦੇ ਵਿਚ, ਸਪੀਕਰ ਸਾਹਿਬ, ਜਿਹੜਾ ਟੈਕਸਟਾਇਲ ਦੇ ਵਿਚ ਹੈ ਉਸ ਨੂੰ 100 ਰੁਪਏ ਤੋਂ 150 ਰੁਪਏ ਤਕ ਲੈ ਗਏ ਹਾਂ। ਕਿਉਂਕਿ ਉਨ੍ਹਾਂ ਦੇ ਹਾਲਾਤ ਕੁਝ ਚੰਗੇ ਸੀ ਅਤੇ ਉਨ੍ਹਾਂ ਦੀ ਪੇ ਕਰਨ ਦੀ ਕਪੈਸਿਟੀ ਹੈ। ਇਸ ਤਰ੍ਹਾਂ ਰੋਲਿੰਗ ਅਤੇ ਰੀ-ਰੋਲਿੰਗ ਮਿੱਲਾਂ ਵਿਚ 95 ਤੋਂ 150 ਰੁਪਏ ਔਰ ਇਸੇ ਤਰ੍ਹਾਂ ਕੈਮੀਕਲ ਇੰਡਸਟਰੀ ਵਿਚ 100 ਤੋਂ 150 ਰੁਪਏ ਅਤੇ ਸਪੋਰਟਸ ਗੁਡਜ਼ ਵਿਚ ਵੀ 100 ਤੋਂ 150 ਰੁਪਏ ਤਕ ਲੈ ਗਏ ਹਾਂ । ਇਹ ਜਿਹੜਾ ਅਸੀਂ 100 ਤੋਂ 150 ਰੁਪਏ ਤਕ ਲੈ ਗਏ ਹਾਂ ਇਸ ਬਾਰੇ ਅਰਜ਼ ਹੈ ਕਿ ਜਿਸ ਵੇਲੇ ਇਹ ਸਰਕਾਰ ਬਣੀ ਸੀ ਤਾਂ ਉਸ ਵੇਲੇ 90 ਜਾਂ 95 ਰੁਪਏ ਸੀ ਮਿਨੀਮਮ ਵੇਜ ਇਨ੍ਹਾਂ ਕਾਰਖਾਨਿਆਂ ਵਿਚ। ਇਸ ਤਰ੍ਹਾਂ, ਸਪੀਕਰ ਸਾਹਿਬ, ਇਨ੍ਹਾਂ ਦੀਆਂ ਕਈ ਕੈਟੇਗਰੀਜ਼ ਹਨ—ਸਕਿੱਲਡ, ਸੈਮੀਸਕਿੱਲਡ । ਇਹ ਜਿਹੜੀਆਂ ਅਨਸਕਿੱਲਡ ਹਨ ਉਨ੍ਹਾਂ ਵਿਚ ਵੀ ਵਾਧਾ ਕੀਤਾ ਹੈ। ਅਸੀਂ ਇਹ ਵੀ ਕਰ ਦਿੱਤਾ ਹੈ ਕਿ ਜੇ ਪ੍ਰਾਈਸ ਇੰਡੈਕਸ ਵੱਧ ਜਾਵੇ ਤਾਂ ਉਸ ਮਹਿੰਗਾਈ ਨਾਲ ਪਰ-ਪੁਆਇੰਟ ਵੀ ਵਧਾ ਦਿੱਤਾ ਜਾਏ। ਇਹ ਅਚੀਵਮੈਂਟਸ ਅਸੀਂ ਕੀਤੀਆਂ ਹਨ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਅਸੀਂ ਇਹ ਕੀਤਾ ਕਿ ਮਾਲਕ ਔਰ ਮਜ਼ਦੂਰ ਦੇ ਤੁਅੱਲਕਾਤ ਖੁਸ਼ਗਵਾਰ ਹੋਣ, ਪੰਜਾਬ ਦੇ ਅੰਦਰ ਉਨ੍ਹਾਂ ਦੇ ਤੁਅੱਲਕਾਤ ਅੱਛੇ ਰਹਿਣ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਅਸੀਂ ਮੈਨ-ਡੇਜ਼, ਜਿਹੜੇ ਸਟਰਾਈਕਾਂ ਕਰਕੇ ਜ਼ਾਇਆ ਹੁੰਦੇ ਸੀ, ਅਸੀਂ ਬਚਾਏ। ਉਹ ਇਸ ਗੱਲ ਤੋਂ ਪਤਾ ਚਲਦਾ ਹੈ; ਮੈਂ ਫਿਗਰਜ਼ ਦਿੰਦਾ ਹਾਂ: 1971 ਦੇ ਵਿਚ 1,58,867 ਦਿਨ ਜ਼ਾਇਆ ਗਏ, 1972 ਵਿਚ 1,07,538 ਦਿਨ ਅਤੇ 1973 ਵਿਚ 80,274, ਦਿਨ ਯਾਨੀ ਅਸੀਂ 1,58,867 ਤੋਂ ਘਟਾਕੇ 80,274 ਦਿਨਾਂ ਤਕ ਪਹੁੰਚੇ ਹਾਂ। ਇਸਦਾ ਮਤਲਬ ਇਹ ਹੈ ਕਿ ਜਿਹੜੇ ਝਗੜੇ ਹੋਏ ਅਸੀਂ ਮਿਨੀਮਮ ਪੀਰੀਅਡ ਵਿਚ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਅਸੀਂ ਇਹ ਕੋਸ਼ਿਸ਼ ਕੀਤੀ ਕਿ ਜਿਥੇ ਸਟਰਾਈਕ ਹੋਣ ਵਾਲੀ ਸੀ, ਹੋਣ ਨਹੀਂ ਦਿੱਤੀ ਅਤੇ ਜਿੱਥੇ ਕਿਤੇ ਹੋ ਗਈ ਉਸ ਨੂੰ ਚੰਦ ਘੰਟਿਆਂ ਵਿਚ ਖ਼ਤਮ ਕਰ ਦਿੱਤਾ ਤਾ ਕਿ ਪ੍ਰੋਡਕਸ਼ਨ ਵਿਚ ਵਾਧਾ ਹੁੰਦਾ ਰਹੇ। ਪੰਜਾਬ ਵਿਚ ਘੱਟ ਤੋਂ ਘੱਟ ਮੈਨ ਡੇਜ਼ ਜ਼ਾਇਆ ਹੋਏ । ਇਹ ਅਸੀਂ ਅਚੀਵ-ਮੈਂਟ ਕੀਤੀ। ਦੂਸਰਾ ਜਿਥੋਂ ਤਕ ਸਬੰਧ ਹੈ ਕਮੇਟੀਆਂ ਦਾ ਅਸੀਂ, ਸਪੀਕਰ ਸਾਹਿਬ, ਸੈਂਟਰਲ ਵੇਜ ਬੋਰਡ ਦੀਆਂ ਜਿਹੜੀਆਂ ਰਿਕਮੈਂਡੇਸ਼ਨਜ਼ ਆਈਆਂ ਹਨ ਉਨ੍ਹਾਂ ਲਈ ਟਰੀਪਾਰਟਾਈਟ ਕਮੇਟੀਆਂ ਬਣਾਈਆਂ ਹਨ ਤਾਕਿ ਜਿਹੜੀਆਂ ਸ਼ੂਗਰਮਿਲਜ਼ ਹਨ ਉਨ੍ਹਾਂ ਤੇ ਸੈਂਟਰਲ ਵੇਜ ਬੋਰਡ ਦੀਆਂ ਰਿਕਮੈਂਡੇਸ਼ਨਜ਼ ਲਾਗੂ ਹੋਣ। ਉਸ ਦੇ ਲਈ ਪੰਜਾਬ ਵਿਚ ਮਸ਼ੀਨਰੀ ਤੇਜ਼ ਕਰ ਦਿੱਤੀ ਹੈ। ਇਸ ਢੰਗ ਨਾਲ ਜਿਹੜੇ ਸੀਨੀਅਰ ਸਬ ਜੱਜ ਹਨ, ਆਲ ਐਸ.ਡੀ.ਓਜ਼., ਹਨ ਉਨ੍ਹਾਂ ਨੂੰ ਪਾਵਰਜ਼ ਦੇ ਦਿੱਤੀਆਂ ਹਨ ਕਿ ਅਗਰ ਕੋਈ ਮਿਨੀਮਮ ਵੇਜਿਜ਼ ਐਕਟ ਦੀ ਜੇ ਉਲੰਘਣਾ ਕਰੇ ਤਾਂ ਉਹ

[ਵਿੱਤ ਮੰਤਰੀ]

ਦਰਖ਼ਾਸਤ ਦੇਣ ਵਾਲੇ ਨੂੰ ਸੁਣ ਸਕਦੇ ਹਨ ਅਤੇ ਇਨਸਾਫ਼ ਦੇ ਸਕਦੇ ਹਨ। ਪੇਮੈਂਟ ਆਫ਼ ਗਰੈਚੂਟੀ ਐਕਟ ਲਈ ਅਸੀਂ ਲੇਬਰ ਕੰਸੀਲੀਏਸ਼ਨ ਆਫ਼ੀਸਰ ਅਪੁਆਇੰਟ ਕਰ ਦਿੱਤੇ ਹਨ ਤਾਂ ਕਿ ਇਸ ਐਕਟ ਨੂੰ ਲਾਗੂ ਕਰਾਇਆ ਜਾਵੇ। ਪਿਛਲੇ ਸੈਸ਼ਨ ਵਿਚ ਕਿਹਾ ਗਿਆ ਸੀ ਕਿ ਐਕਟ ਤਾਂ ਬਣਾ ਦਿੱਤਾ ਪਰ ਲਾਗੂ ਨਹੀਂ ਕੀਤਾ ਜਾਂਦਾ। ਜਿਹੜੀ ਐਗਰੀਕਲਚਰ ਲੇਬਰ ਹੈ ਉਹ ਸਾਰੀ ਦੀ ਸਾਰੀ ਇੰਡਸਟਰੀਅਲ ਵਰਕਰ ਦੇ ਤੌਰ ਤੇ ਟਰੀਟ ਕੀਤੀ ਜਾਏ ਅਤੇ ਉਸ ਤੇ ਓਵਰ ਟਾਈਮ ਵੇਜ ਲਾਗੂ ਕੀਤਾ। (ਥੰਪਿੰਗ) ਇਸ ਤਰ੍ਹਾਂ, ਸਪੀਕਰ ਸਾਹਿਬ, ਸਾਡੇ ਕੋਈ 9 ਲੱਖ ਐਗਰੀਕਲਚਰਲ ਵਰਕਰ ਹਨ ਅਸੀਂ ਸਾਰਿਆਂ ਨਾਲੋਂ ਵੱਧ ਦਿਹਾੜੀ ਯਾਨੀ 6.50 ਰੁਪਏ ਕਰ ਦਿੱਤੀ ਹੈ ਔਰ ਪੰਜਾਬ ਦੇ ਅੰਦਰ ਲਾਗੂ ਕਰ ਦਿੱਤੀ ਹੈ। ਬਾਕੀ ਸੂਬਿਆਂ ਨੇ ਸਾਨੂੰ ਲਿਖਿਆ ਹੈ ਕਿ ਅਸੀਂ ਉਨ੍ਹਾਂ ਨੂੰ ਇਹ ਸਕੀਮ ਭੇਜੀਏ।

ਸਰਦਾਰ ਹਰਬੰਸ ਸਿੰਘ ਜਲਾਲ: ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮਨਿਸਟਰ ਸਾਹਿਬ ਤੋਂ ਇਹ ਇਨਫ਼ਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਖੇਤ ਮਜ਼ਦੂਰ ਨੂੰ ਤਾਂ 6.50 ਰੁਪਏ ਦਿਵਾ ਦਿੱਤੇ ਅਤੇ ਜਿਹੜੇ ਦੂਸਰੇ ਮਜ਼ਦੂਰ ਹਨ ਉਨ੍ਹਾਂ ਦੇ 3 ਜਾਂ ਸਾਢੇ 3 ਰੁਪਏ ਇਸ ਕਰਕੇ ਰਖੇ ਕਿਉਂਕਿ ਉਨ੍ਹਾਂ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ਦੇਣੇ ਪੈਂਦੇ ਹਨ?

ਵਿੱਤ ਮੰਤਰੀ: ਸਪੀਕਰ ਸਾਹਿਬ, ਇਹ ਜਿਹੜੇ ਖੇਤ ਮਜ਼ਦੂਰ ਲਈ ਅਸੀਂ ਮਿਨੀਮੱਮ ਵੇਜਿਜ਼ ਮੁਕੱਰਰ ਕੀਤੇ ਹਨ ਉਸ ਦੇ ਮੁਤਾਬਕ ਅਸੀਂ ਬਲਾਕ ਡਿਵੈਲਪਮੈਂਟ ਅਫ਼ਸਰ, ਕੋਆਪਰੇਟਿਵ ਇੰਸਪੈਕਟਰ ਅਤੇ ਡਿਸਟ੍ਰਿਕਟ ਵੈਲਫ਼ੇਅਰ ਅਫ਼ਸਰ ਨੂੰ ਵੀ ਇੰਸਪੈਕਟਰ ਬਣਾ ਦਿਤਾ ਹੈ ਤਾਂ ਕਿ ਇਮਪਲੀਮੈਂਟੇਸ਼ਨ ਹੋ ਸਕੇ, ਪਹਿਲਾਂ ਇਹ ਕੰਮ ਪਟਵਾਰੀਆਂ ਅਤੇ ਕਾਨੂੰਨਗੋ ਪਾਸ ਹੁੰਦਾ ਸੀ।

ਸਰਦਾਰ ਹਰਬੰਸ ਸਿੰਘ ਜਲਾਲ: ਸਪੀਕਰ ਸਾਹਿਬ, ਮੇਰਾ ਜਵਾਬ ਦਿਵਾਉ.....

ਵਿੱਤ ਮੰਤਰੀ: ਉਸ ਤੇ ਵੀ ਮੈਂ ਆਉਂਦਾ ਹਾਂ। ਉਹ ਪੀ.ਡਬਲਿਯੂ.ਡੀ. ਵਿਚ ਆਉਂਦੇ ਹਨ। ਉਹ ਵੀ ਮੈਂ ਦੱਸ ਦਿਆਂਗਾ। (ਵਿਘਨ)

ਕਾਮਰੇਡ ਅਰਜਨ ਸਿੰਘ ਮਸਤਾਨਾ: ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਵਰਕਚਾਰਜ ਹਨ ਇਨ੍ਹਾਂ ਦਾ ਕੀ ਬਣਿਆ? ਉਨ੍ਹਾਂ ਤੇ ਅਵਾਰਡ ਲਾਗੂ ਨਹੀਂ ਹੋ ਰਹੇ.......

ਵਿੱਤ ਮੰਤਰੀ: ਤੁਸੀਂ ਘਬਰਾਓ ਨਹੀਂ, ਤੁਹਾਡੇ ਲੀਡਰ ਚਲੇ ਗਏ, ਪਰ ਮੈਂ ਨੋਟ ਕੀਤਾ ਹੋਇਆ ਹੈ......

ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਪਿਛਲੀ ਵਾਰੀ ਮੰਗ ਕੀਤੀ ਗਈ ਸੀ ਕਿ ਜਿਹੜੇ ਐਮਪਲਾਇਮੈਂਟ ਬਾਰੇ ਸਟੈਂਡਿੰਗ ਆਰਡਰਜ਼ ਹਨ ਇਹ ਉਸ ਫ਼ੈਕਟਰੀ ਤੇ ਲਾਗੂ ਹੁੰਦੇ ਹਨ ਜਿਥੇ 50 ਜਾਂ 50 ਤੋਂ ਵੱਧ ਵਰਕਰਜ਼ ਹੋਣ, ਹੁਣ ਅਸੀਂ ਉਸ ਫੈਕਟਰੀ ਵਿਚ ਵੀ ਲਾਗੂ ਕਰ ਦਿੱਤੇ ਜਿਥੇ 20 ਜਾਂ 20 ਤੋਂ ਵੱਧ ਵਰਕਰਜ਼ ਕੰਮ ਕਰਦੇ ਹੋਣ। ਹੁਣ ਇਸ ਨਾਲ ਉਨ੍ਹਾਂ ਦੀ ਸਾਰੀ ਸਿਕਿਉਰਟੀ ਆਫ਼ ਸਰਵਿਸ ਹੋ ਗਈ ਹੈ। (ਵਿਘਨ) ਸਟੇਟ ਰੂਲਜ਼ ਅੰਡਰ ਕਾਂਟਰੈਕਟ ਲੇਬਰ ਰੈਗੂਲੇਸ਼ਨ ਐਂਡ ਐਬੋਲੀਸ਼ਨ ਐਕਟ, 1970 ਦੇ ਰੂਲਜ਼ ਨਹੀਂ ਬਣੇ ਸੀ ਉਹ ਅਸੀਂ ਬਣਾ ਦਿੱਤੇ ਹਨ। ਅਸੀਂ ਕੰਸੀਲੀਏਸ਼ਨ ਅਫ਼ਸਰ ਨੂੰ ਕਹਿ ਦਿੱਤਾ ਹੈ ਕਿ ਜਿਥੇ ਕੋਈ ਸਟਰਾਈਕ ਹੋਵੇ ਉਹ 15 ਦਿਨਾਂ ਦੇ ਅੰਦਰ ਅੰਦਰ ਆਪਣੀ ਰਿਪੋਰਟ ਦੇਵੇ ਸਾਡੀ ਗੌਰਮਿੰਟ ਨੂੰ ਕਿ ਕੀ ਉਹ ਕਾਮਯਾਬ ਹੋ ਗਿਆ ਹੈ ਜਾਂ ਨਹੀਂ। ਜੇਕਰ ਨਹੀਂ ਤਾਂ ਸਾਨੂੰ ਲਿਖੇ ਕਿ ਅਸੀਂ ਉਹ ਕੇਸ ਇੰਡਸਟਰੀਅੱਲ ਟ੍ਰਿਬਿਊਨਲ ਕੋਲ ਭੇਜ ਦੇਈਏ ਤਾਂ ਕਿ ਇੰਡਸਟਰੀਅਲ ਪ੍ਰੋਡਕਸ਼ਨ ਹੈਂਪਰ ਨਾ ਹੋਵੇ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਇਨ੍ਹਾਂ ਦੀ ਇਕ ਬੜੀ ਵੱਡੀ ਮੰਗ ਸੀ ਔਰ ਇਹ ਚਾਹੁੰਦੇ ਸਨ ਕਿ ਅੰਮ੍ਰਿਤਸਰ ਵਿਚ ਇਕ ਲੇਬਰ ਕੋਰਟ ਹੋਵੇ। ਸਪੀਕਰ ਸਾਹਿਬ, ਇੰਡਸਟਰੀਅਲ ਟ੍ਰਿਬਿਊਨਲ ਬਣਾਇਆ ਸੀ ਉਸ ਦੇ ਵਿਚ ਵਰਕਿੰਗ ਬੰਦੇ ਨਹੀਂ ਹੁੰਦੇ ਸੀ। ਉਸ ਦੇ ਵਿਚ ਉਹ ਬੰਦੇ ਦਿੱਤੇ ਜਾਂਦੇ ਸੀ ਜਿਹੜੇ ਜ਼ਿਆਦਾਤਰ ਬਿਮਾਰ ਰਹਿਣ। ਉਨ੍ਹਾਂ ਵਿਚ ਉਹ ਬੰਦੇ ਲਗਾਏ ਜਾਂਦੇ ਸੀ ਜਿਹੜੇ ਰਿਟਾਇਰ ਹੋਣ ਵਾਲੇ ਹੁੰਦੇ ਸੀ। ਉਨ੍ਹਾਂ ਦੇ ਬਹੁਤ ਸਾਰੇ ਕੇਸ ਪੈਂਡਿੰਗ ਰਹਿ ਜਾਂਦੇ ਸਨ ਅਤੇ ਉਨ੍ਹਾਂ ਦਾ ਫ਼ੈਸਲਾ ਹੋਣ ਵਿਚ ਨਹੀਂ ਸੀ ਆਉਂਦਾ। ਗੌਰਮਿੰਟ ਨੇ ਇਹ ਸਮਝਿਆ ਕਿ 'ਜਸਟਿਸ ਡਿਲੇਡ ਇਜ਼ ਜਸਟਿਸ ਡੀਨਾਈਡ' ਅਤੇ ਇਸ ਲਈ ਉਥੇ ਵਰਕਿੰਗ ਜੱਜ ਲਗਾਏ ਜਿਹੜੇ ਕਾਫ਼ੀ ਸਾਲ ਉਥੇ ਕੰਮ ਕਰਨਗੇ। ਅਸੀਂ ਹਾਈ ਕੋਰਟ ਤੋਂ ਵੀ ਜੱਜ ਮੰਗੇ ਹਨ ਤਾਂ ਕਿ ਪੈਂਡਿੰਗ ਕੇਸਿਜ਼ ਦਾ ਫ਼ੈਸਲਾ ਜਲਦੀ ਹੋ ਸਕੇ। ਜਿਹੜੀ ਅੰਮ੍ਰਿਤਸਰ ਬਾਰੇ ਲੇਬਰ ਕੋਰਟ ਦੀ ਮੰਗ ਆਈ ਸੀ ਅਸੀਂ ਉਥੇ ਲੇਬਰ ਕੋਰਟ ਬਣਾ ਦਿਆਂਗੇ ਅਤੇ ਜੇਕਰ ਵਰਕ ਲੋਡ ਥੋੜ੍ਹਾ ਬਹੁਤ ਘੱਟ ਵੀ ਹੋਵੇਗਾ ਤਾਂ ਵੀ ਬਣਾ ਦਿਆਂਗੇ। ਅਸੀਂ ਵਰਕਿੰਗ ਜੱਜ ਲਗਾਏ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਜਿਹੜੀ ਸੰਧੂ ਸਾਹਿਬ ਨੇ ਗਲ ਕਹੀ ਹੈ ਵਰਕਚਾਰਜ ਵਰਕਰਜ਼ ਬਾਰੇ, ਉਹ ਵੀ ਮੈਂ ਦਸਦਾ ਹਾਂ ਸਪੀਕਰ ਸਾਹਿਬ ਅਸੀਂ ਪੀ. ਡਬਲਿਯੂ. ਡੀ. ਦੇ ਇਮਪਲਾਈਜ਼ ਲਈ ਮਿਨੀਮਮ ਵੇਜਿਜ਼ ਐਕਟ ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ ਜਿਹੜਾ ਕਿ ਪਹਿਲਾਂ ਐਕਸ. ਈ. ਐਨ. 4 ਰੁਪਏ, ਸਾਢੇ 4 ਰੁਪਏ ਜਾਂ 5 ਰੁਪਏ ਦਿਹਾੜੀ ਤੇ ਆਦਮੀ ਰਖਦਾ ਸੀ ਉਨ੍ਹਾਂ ਦੀ ਦਿਹਾੜੀ ਹੁਣ ਸਰਕਾਰ ਆਪ ਮੁਕੱਰਰ ਕਰੇਗੀ। ਐਕਸ.ਈ.ਐਨ. ਕੋਲ ਇਹ ਪਾਵਰ ਹੋਣ ਨਾਲ ਕੋਈ ਖ਼ਰਾਬੀ ਹੋਣ ਦਾ ਅੰਦੇਸ਼ਾ ਸੀ।

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਮਜ਼ਦੂਰਾਂ ਦੀ ਦਿਹਾੜੀ ਵਧਾਉਣ ਦਾ ਫ਼ੈਸਲਾ ਕੀਤਾ ਹੈ ਕੀ ਇਸੇ ਤਰ੍ਹਾਂ ਜਿਹੜਾ ਸਟੇਟ ਵਿਚ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਚਲ ਰਿਹਾ ਹੈ ਉਸ ਨੂੰ ਕਾਬੂ ਕਰਨਗੇ ?

ਸ਼੍ਰੀ ਸਪੀਕਰ: ਮਰੜ੍ਹੀ ਸਾਹਿਬ, ਹਾਲੇ ਜੋ ਕੁਝ ਇਹ ਦੇ ਰਹੇ ਹਨ ਉਹ ਤਾਂ ਹਾਸਲ ਕਰ ਲਉ। (Mr. Marhari, you may accept what they are offering at present.)

ਵਿੱਤ ਮੰਤਰੀ: ਸਪੀਕਰ ਸਾਹਿਬ, ਜਿਥੋਂ ਤਕ ਮਹਿੰਗਾਈ ਦਾ ਤੁਅੱਲਕ ਹੈ ਅਸੀਂ ਐਸਾ ਨਿਜ਼ਾਮ ਬਣਾਉਣਾ ਚਾਹੁੰਦੇ ਹਾਂ, ਐਸਾ ਸੋਸ਼ਲਿਸਟਿਕ ਪੈਟਰਨ ਬਣਾਉਣਾ ਚਾਹੁੰਦੇ ਹਾਂ ਜਿਸ ਨਾਲ ਕਿ ਮਹਿੰਗਾਈ ਕੰਪਲੀਟ ਤੌਰ ਤੇ ਖ਼ਤਮ ਕੀਤੀ ਜਾ ਸਕੇ। ਜਿਹੜੇ ਵੱਡੇ ਵੱਡੇ ਸਰਮਾਏਦਾਰ ਜਾਂ ਵੱਡੇ ਵੱਡੇ ਅਮੀਰ ਹਨ ਉਹ ਮਹਿੰਗਾਈ ਕਰ ਰਹੇ ਹਨ, ਗ਼ਰੀਬ ਮਹਿੰਗਾਈ ਨਹੀਂ ਕਰ ਰਿਹਾ। ਅਸੀਂ ਜਿਹੜਾ ਡੀ.ਏ. ਵਧਾਉਂਦੇ ਹਾਂ ਇਹ ਕੋਈ ਮਹਿੰਗਾਈ ਦੀ ਬਿਮਾਰੀ ਦਾ ਇਲਾਜ ਨਹੀਂ ਜਦੋਂ ਤਕ ਕਿ ਮੀਨਜ਼ ਆਫ਼ ਪ੍ਰੋਡਕਸ਼ਨ ਅਤੇ ਮੀਨਜ਼ ਆਫ਼ ਡਿਸਟਰੀਬਿਊਸ਼ਨ ਤੇ ਸਰਕਾਰ ਦਾ ਪੂਰਾ ਕੰਟਰੋਲ ਨਾ ਹੋ ਜਾਵੇ। ਜਦੋਂ ਤਕ ਲੋਕ ਇਹ ਸਮਝਦੇ ਹਨ ਕਿ ਮਕਾਨ ਬਣਾਉਣ ਨਾਲ, ਦੁਕਾਨ ਬਣਾਉਣ ਨਾਲ ਜਾਂ ਕਾਰਖਾਨਾ ਖੋਲ੍ਹਣ ਨਾਲ ਸਾਡੀ ਇੱਜ਼ਤ ਹੈ ਤਦ ਤਕ ਇਹ ਮਹਿੰਗਾਈ ਨਹੀਂ ਟੁੱਟੇਗੀ। ਇਸ ਵਾਸਤੇ ਵਿਸ਼ਿਅੱਸ ਸਰਕਲ ਨੂੰ ਖ਼ਤਮ ਕਰਨਾ ਪਵੇਗਾ। (ਸ਼ੋਰ) ਇਸ ਲਈ ਇਹ ਜਿਹੜੀ ਡਿਸਪੈਰਿਟੀ ਹੈ ਪਹਿਲਾਂ ਇਸ ਨੂੰ ਖ਼ਤਮ ਕਰਨਾ ਪਵੇਗਾ। ਸਪੀਕਰ ਸਾਹਿਬ, ਇਕ ਵਕਤ ਆਵੇਗਾ ਜਦੋਂ ਕਿ ਲੋਕਾਂ ਨੂੰ ਲੋੜ ਦੇ ਮੁਤਾਬਕ ਹੀ ਮਕਾਨ ਮਿਲਣਗੇ ਔਰ ਜਿਹੜੀ ਬਲੈਕ ਮਾਰਕਿਟ ਹੋ ਰਹੀ ਹੈ ਇਸ ਦਾ ਅੰਤ ਹੋ ਜਾਵੇਗਾ। ਪਰ ਇਹ ਸਾਡੇ ਸਪਨੇ ਅਧੂਰੇ

[ਵਿੱਤ ਮੰਤਰੀ]

ਹਨ। ਮਰੜ੍ਹੀ ਸਾਹਿਬ ਨੇ ਜਿਹੜੀ ਗੱਲ ਕੀਤੀ ਹੈ ਉਸ ਵਾਸਤੇ ਮੈਂ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣੇ ਦੋਸਤਾਂ ਨੂੰ ਸਮਝਾਉਣ ਕਿ ਉਹ ਜ਼ਮੀਨ ਦਾ ਲਾਲਚ ਨਾ ਕਰਨ, ਦੁਕਾਨ ਦਾ ਲਾਲਚ ਨਾ ਕਰਨ, ਕਾਰਖਾਨਿਆਂ ਦਾ ਲਾਲਚ ਨਾ ਕਰਨ, ਔਰ ਜਿਨ੍ਹਾਂ ਦੀ ਇਮਦਾਦ ਕਰਨ ਲਈ ਇਹ ਅੰਮ੍ਰਿਤਸਰ ਜਾ ਰਹੇ ਹਨ ਉਨ੍ਹਾਂ ਨੂੰ ਵੀ ਸਮਝਾਉਣਾ ਚਾਹੀਦਾ ਹੈ ਕਿ ਉਹ ਬਲੈਕ, ਹੋਰਡਿੰਗ ਨਾਲ ਪੈਸਾ ਇਕੱਠਾ ਨਾ ਕਰਨ ਤਾਂ ਹੀ ਇਹ ਮਹਿੰਗਾਈ ਦੂਰ ਹੋ ਸਕਦੀ ਹੈ। ਨਹੀਂ ਤਾਂ, ਸਪੀਕਰ ਸਾਹਿਬ, ਜਿਸ ਤਰ੍ਹਾਂ ਇਹ ਯੂ.ਪੀ. ਵਿਚ ਆਪਣੀ ਖੱਲ ਲੁਹਾ ਆਏ ਹਨ ਉਸੇ ਤਰ੍ਹਾਂ ਹੁਣ ਅੰਮ੍ਰਿਤਸਰ ਵਿਚ ਵੀ............. (ਸ਼ੋਰ)

ਸਰਦਾਰ ਪੰਨਾ ਸਿੰਘ ਗੁਲਸ਼ਨ : ** ** ** (ਸ਼ੋਰ)

Mr. Speaker : No point of order. Please resume your seat.

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਹੜੇ ਸਮਾਜਵਾਦ ਦੇ ਦੁਸ਼ਮਣ ਹਨ ਉਹ ਹੀ ਸਾਡੀਆਂ ਸਕੀਮਾਂ ਸਿਰੇ ਨਹੀਂ ਚੜ੍ਹਨ ਦਿੰਦੇ। ਜਿਵੇਂ ਕਿ ਫਰਜ਼ ਕਰੋ ਅਸੀਂ ਕੋਲੇ ਦੀ ਮਾਈਨਜ਼ ਨੂੰ ਨੈਸ਼ਨੇਲਾਈਜ਼ ਕੀਤਾ ਹੈ, ਸਟੇਟ ਨੇ ਟੇਕਓਵਰ ਕੀਤਾ ਹੈ......... (ਸ਼ੋਰ)

ਸ੍ਰੀ ਸਪੀਕਰ : ਆਰਡਰ ਪਲੀਜ਼। ਬੈਠੇ ਬੈਠੇ ਬੋਲਣ ਦਾ ਕੋਈ ਫ਼ਾਇਦਾ ਨਹੀਂ। (ਸ਼ੋਰ)
(Order please. There is no use speaking while seated.) (*Noise*)

ਸਰਦਾਰ ਦਰਬਾਰਾ ਸਿੰਘ : ** ** (ਸ਼ੋਰ)

ਸ੍ਰੀ ਸਪੀਕਰ : Please resume your seat. ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ।
(Please resume your seat. This is no point of order.)

ਵਿੱਤ ਮੰਤਰੀ : ਸਪੀਕਰ ਸਾਹਿਬ, ਇਕ ਲੜਾਈ ਹੋ ਰਹੀ ਹੈ, ਅਸੀਂ ਐਲਾਨ ਕੀਤਾ ਸੀ ਕਿ ਕੁਝ ਕਦਮ ਉਠਾਵਾਂਗੇ। ਮੈਂ ਕਹਿੰਦਾ ਹਾਂ ਕਿ ਡੈਮੋਕਰੇਸੀ ਦੇ ਤਰੀਕੇ ਨਾਲ ਸਮਾਜਵਾਦ ਆਵੇਗਾ। ਪਰ ਇਸ ਵਿਚ ਕਈ ਸਮਾਜਵਾਦ ਦੇ ਦੁਸ਼ਮਣ ਹਨ ਜਿਹੜੇ ਕਿ ਸਾਡੇ ਨਾਲੋਂ ਵੀ ਜ਼ਿਆਦਾ ਐਕਟਿਵ ਹਨ ਅਤੇ ਉਹ ਮਹਿੰਗਾਈ ਦੀ ਬਹਾਨੇਬਾਜ਼ੀ ਨਾਲ ਇਸ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਕ ਮਹੀਨਾ ਠਹਿਰੋ, ਇਕ ਸਮਾ ਐਸਾ ਆਵੇਗਾ ਅਸੀਂ ਸਮਾਜਵਾਦ ਲੈ ਆਵਾਂਗੇ ਭਾਵੇਂ ਸਾਨੂੰ ਇਸ ਵਾਸਤੇ ਕਾਂਸਟੀਚਿਊਸ਼ਨ ਜਾਂ ਵਿਧਾਨ ਵਿਚ ਕੋਈ ਤਬਦੀਲੀ ਕਿਉਂ ਨਾ ਕਰਨੀ ਪਵੇ।

ਸਪੀਕਰ ਸਾਹਿਬ, ਕੀ ਤੁਸੀਂ ਮੰਨ ਸਕਦੇ ਹੋ ਕਿ ਖੇਤ ਮਜ਼ਦੂਰਾਂ ਨੇ ਮਹਿੰਗਾਈ ਕੀਤੀ ਹੈ ਜਾਂ ਇਨ੍ਹਾਂ ਛੋਟੇ ਕਿਸਾਨਾਂ ਨੇ ਮਹਿੰਗਾਈ ਕੀਤੀ ਹੈ? ਇਹ ਤਾਂ ਇਹ ਮਗਰਮੱਛ ਮਹਿੰਗਾਈ ਕਰ ਰਹੇ ਹਨ (ਸ਼ੋਰ) ਇਨ੍ਹਾਂ ਦੇ ਦੰਦ ਖੱਟੇ ਕਰਨੇ ਪੈਣੇ ਹਨ। (ਸ਼ੋਰ)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਹ ਖੇਤ ਮਜ਼ਦੂਰਾਂ ਦੀ ਗੱਲ ਕਰਦੇ ਹਨ; ਜੇ ਇਹ ਇਤਨੇ ਖੇਤ ਮਜ਼ਦੂਰਾਂ ਦੇ ਵਫ਼ਾਦਾਰ ਹਨ ਤਾਂ ਕੀ ਹੁਣ ਵਾਢੀ ਪੈਣ ਵਾਲੀ ਹੈ..... (ਸ਼ੋਰ) (**ਵਿਘਨ**)।

**Expunged as ordered by the Chair.

Mr. Speaker : Please resume your seat.

ਵਿੱਤ ਮੰਤਰੀ : ਸਪੀਕਰ ਸਾਹਿਬ, ਚੋਪੜਾ ਸਾਹਿਬ ਨੂੰ ਇਹ ਵਹਿਮ ਹੈ ਕਿ ਫ਼ਿਰਕਾਪ੍ਰਸਤੀ ਨਾ ਹੋਣ ਤੇ ਸਮਾਜਵਾਦ ਆ ਜਾਵੇਗਾ । (ਸ਼ੋਰ) (ਵਿਘਨ)

Mr. Speaker : No interruption please.

ਵਿੱਤ ਮੰਤਰੀ : ਸਪੀਕਰ ਸਾਹਿਬ, ਕਰਜ਼ੇ ਦਾ ਮਾਮਲਾ ਵੇਖ ਲਉ ਅਸੀਂ ਸਾਢੇ 13 ਲੱਖ ਰੁਪਿਆ ਦਿੱਤਾ ਸੀ। (ਸ਼ੋਰ) (ਵਿਘਨ)

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ)

** ** **

ਸ੍ਰੀ ਸਪੀਕਰ : ਇਹ ਜੋ ਮੈਂਬਰ ਬੈਠੇ ਬੈਠੇ ਬੋਲ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying while seated, should not be recorded.)

ਵਿੱਤ ਮੰਤਰੀ : ਸਪੀਕਰ ਸਾਹਿਬ, ਸਾਢੇ 13 ਲੱਖ ਰੁਪਿਆ ਲੋਨ ਵਜੋਂ ਦਿੱਤਾ ਸੀ। ਪਰ 1965 ਅਤੇ 1971 ਦੀ ਲੜਾਈ ਵਿਚ ਅਸੀਂ ਇਹ ਸਾਰੇ ਦਾ ਸਾਰਾ ਗਰਾਂਟ ਵਿਚ ਬਦਲ ਦਿੱਤਾ । (ਥੰਪਿੰਗ)

ਸਪੀਕਰ ਸਾਹਿਬ, ਸ੍ਰੀ ਸਰਦਾਰੀ ਲਾਲ ਕਪੂਰ ਜੀ ਨੇ ਸ਼ੂਗਰ ਮਿਲ ਦੀ ਗੱਲ ਕੀਤੀ ਸੀ । ਉਨ੍ਹਾਂ ਨੇ ਕਿਹਾ ਸੀ ਕਿ ਮਿਲ ਬੰਦ ਹੋ ਗਈ ਸੀ। ਉਸ ਵਿਚ ਸਾਡਾ ਕੋਈ ਕਸੂਰ ਨਹੀਂ ਸੀ ਪਰ ਫਿਰ ਵੀ ਸਾਡੀ ਸਰਕਾਰ ਨੇ 50 ਹਜ਼ਾਰ ਰੁਪਿਆ ਮਜ਼ਦੂਰਾਂ ਨੂੰ ਲੋਨ ਦਾ ਦਿੱਤਾ ਸੀ । ਸਪੀਕਰ ਸਾਹਿਬ, ਗੌਰਮਿੰਟ ਨੇ ਇਹ ਫ਼ੈਸਲਾ ਕੀਤਾ ਹੈ ਔਰ ਅੱਜ ਹੀ ਇਹ ਫੈਸਲਾ ਹੋਇਆ ਹੈ। ਮੈਂ, ਸਪੀਕਰ ਸਾਹਿਬ, ਐਲਾਨ ਕਰਨਾ ਚਾਹੁੰਦਾ ਹਾਂ ਕਿ ਡੀ.ਆਈ.ਆਰ. ਲਗਾ ਕੇ ਅਸੀਂ ਉਸ ਨੂੰ ਚਲਾਵਾਂਗੇ। (ਥੰਪਿੰਗ) ਡੀ.ਆਈ.ਆਰ. ਅੱਜ ਤੋਂ ਜਾਂ ਕਲ ਤੋਂ ਲਗ ਜਾਵੇਗੀ। ਉਸ ਦੇ ਨਾਲ ਮਜ਼ਦੂਰਾਂ ਨੂੰ, ਵਰਕਰਾਂ ਨੂੰ ਕੰਮ ਮਿਲੇਗਾ ਤੇ ਸਾਨੂੰ ਘਿਉ ਦੀ ਜਿਹੜੀ ਲੋੜ ਹੈ ਉਸ ਵਿਚ ਮੱਦਦ ਮਿਲੇਗੀ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹਨਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ 24 ਮਾਰਚ ਤੋਂ ਪਹਿਲਾਂ ਪਹਿਲਾਂ ਉਸ ਮਿੱਲ ਨੂੰ ਚਲਾ ਦੇਣਗੇ ? ਮੈਂ ਇਹ ਇਨਫ਼ਰ-ਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਕੀ ਇਲੈਕਸ਼ਨ ਤੋਂ ਪਹਿਲਾਂ ਇਹ ਅੰਮ੍ਰਿਤਸਰ ਦੀ ਮਿੱਲ ਚਾਲੂ ਹੋ ਜਾਵੇਗੀ ?

ਵਿੱਤ ਮੰਤਰੀ : ਤੁਸੀਂ ਅਗੇ ਵੀ ਯੂ.ਪੀ. ਵਿਚ ਖੱਲ ਲੁਹਾਉਣ ਗਏ ਸੀ ਔਰ ਹੁਣ ਫ਼ਿਰ ਲੁਹਾ ਲੈਣੀ ਹੈ । (ਵਿਘਨ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਸ਼ਰਮਾ ਜੀ ਨੇ ਬੜੇ ਜ਼ੋਰ ਨਾਲ ਕਿਹਾ ਹੈ ਕਿ ਇਨ੍ਹਾਂ ਨੇ ਉਸ ਮਿੱਲ ਨੂੰ ਡੀ.ਆਈ. ਆਰ. ਲਗਾ ਕੇ ਚਾਲੂ ਕਰਨਾ ਹੈ, ਮੈਂ ਇਨ੍ਹਾਂ ਤੋਂ ਇਹ ਇਨਫ਼ਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦਾ ਇਹ ਪ੍ਰਾਗਰੈਸਿਵ ਸਟੈੱਪ ਹੈ ?

ਵਿੱਤ ਮੰਤਰੀ : ਸਪੀਕਰ ਸਾਹਿਬ, ਉਥੋਂ ਮਿੱਲ ਦੇ ਮਾਲਿਕ ਦੌੜ ਗਏ ਸਨ। 80/90 ਲੱਖ ਰੁਪਿਆ ਬੈਂਕਾਂ ਦਾ ਗੁੰਮ ਹੋ ਗਿਆ ਸੀ। ਹੋਰ ਕੋਈ ਤਰੀਕਾ ਨਹੀਂ ਸੀ ਰਹਿ ਗਿਆ, ਇਸ ਲਈ ਅਸੀਂ ਕਿਹਾ ਹੈ ਕਿ ਡੀ.ਆਈ.ਆਰ. ਇਸ ਕੰਮ ਲਈ ਲਗਾ ਦਿੱਤੀ ਜਾਵੇ ਤਾਂ ਠੀਕ ਹੋਵੇਗਾ। ਇਸ ਨਾਲ ਵਰਕਰਾਂ ਨੂੰ ਕੰਮ ਮਿਲੇਗਾ, ਪ੍ਰੋਡਕਸ਼ਨ ਹੋਵੇਗੀ ਤੇ ਮੈਨੂੰ ਵੀ ਟੈਕਸ ਆਵੇਗਾ। ਅਗਰ ਇਹ ਵੀ ਪ੍ਰਾਗਰੈਸਿਵ ਸਟੈੱਪ ਨਹੀਂ ਹੈ ਤਾਂ ਮੈਂ ਹੋਰ ਕੁਝ ਨਹੀਂ ਇਸ ਦੇ ਬਾਰੇ ਕਹਿਣਾ ਚਾਹੁੰਦਾ। (ਵਿਘਨ)।

**Not recorded as ordered by the Chair.

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਜਿਹੜੀ ਫੈਕਟਰੀ ਇਹ ਟੇਕ ਓਵਰ ਕਰਨ ਲਗੇ ਹਨ, ਕੀ ਸਰਕਾਰ ਉਸ ਨੂੰ ਸਰਕਾਰੀ ਖੇਤਰ ਵਿਚ ਚਲਾਵੇਗੀ ਜਾਂ ਕਿ ਕਿਸੇ ਨੂੰ ਚਲਾਉਣ ਲਈ ਦੇਵੇਗੀ ?

ਵਿੱਤ ਮੰਤਰੀ : ਸਰਕਾਰ ਚਲਾਵੇਗੀ ਬਾਕਾਇਦਾ ਤੌਰ ਤੇ ਭਾਵੇਂ ਆਪ ਚਲਾਵੇ ਜਾਂ ਕਿਸੇ ਪਾਰਟੀ ਤੋਂ ਚਲਵਾਵੇ।

ਸਰਦਾਰ ਅਜਾਇਬ ਸਿਘ ਸੰਧੂ : ** ** ** **

Mr. Speaker : It is a suggestion and not a point of order.

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਸਿੱਧੀ ਗੱਲ ਕਹੀ ਹੈ ਕਿ ਡੀ.ਆਈ.ਆਰ. ਲਗਾਵਾਂਗੇ ਔਰ ਮਿੱਲ ਨੂੰ ਸਰਕਾਰ ਚਲਾਵੇਗੀ। (ਥੰਪਿੰਗ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਡੀ.ਆਈ.ਆਰ. ਦੇ ਹੇਠ ਤਾਕਤ ਵਰਤ ਕੇ ਉਸ ਬੰਦ ਪਈ ਮਿੱਲ ਨੂੰ ਚਾਲੂ ਕਰ ਦੇਣ, ਬੜਾ ਠੀਕ ਕੰਮ ਹੈ। ਮੈਂ ਇਨ੍ਹਾਂ ਪਾਸੋਂ ਇਨਫ਼ਰਮੇਸ਼ਨ ਇਹ ਲੈਣੀ ਚਾਹੁੰਦਾ ਹਾਂ ਕਿ ਜਿਹੜਾ ਫ਼ੈਸਲਾ ਇਨ੍ਹਾਂ ਨੇ ਕੀਤਾ ਸ਼ਰਮਾ ਜੀ ਨੇ ਉਸੇ ਤਰ੍ਹਾਂ ਦਾ ਹੀ ਫ਼ੈਸਲਾ ਕਰਕੇ ਹਿੰਦੋਸਤਾਨ ਇੰਬਰਾਇਡਰੀ ਮਿੱਲ ਜਿਹੜੀ ਕਿ ਸਰਦਾਰ ਉੱਜਲ ਸਿੰਘ ਦੇ ਕੁੜਮਾਂ ਦੀ ਹੈ, ਕੀ ਉਸ ਮਿੱਲ ਨੂੰ ਵੀ ਟੇਕ ਓਵਰ ਕਰਨਗੇ ਜਾਂ ਕਿ ਨਹੀਂ ?

ਵਿੱਤ ਮੰਤਰੀ : ਸਪੀਕਰ ਸਾਹਿਬ, ਅਸੀਂ ਗੌਰਮਿੰਟ ਆਫ਼ ਇੰਡੀਆ ਨੂੰ ਲਿਖਿਆ ਹੈ ਕਿ ਉਹ ਉਸ ਮਿੱਲ ਨੂੰ ਟੇਕ ਓਵਰ ਕਰ ਲਵੇ । ਜਿਹੜੀ ਇਨ੍ਹਾਂ ਨੇ ਗੱਲ ਪੁੱਛੀ ਹੈ ਉਸ ਨੂੰ ਅਸੀਂ ਐਗ-ਜ਼ਾਮਿਨ ਕਰ ਲਵਾਂਗੇ।

ਸਪੀਕਰ ਸਾਹਿਬ, ਜਿਹੜਾ ਅਸੀਂ ਮਜ਼ਦੂਰਾਂ ਦੇ ਮਕਾਨ ਬਣਾਉਣ ਦਾ ਕੰਮ ਕੀਤਾ ਸੀ ਉਸ ਵਿਚ ਥੋੜ੍ਹਾ ਜਿਹਾ ਕੀਮਤ ਦਾ ਝਗੜਾ ਸੀ। ਹੁਣ ਅਸੀਂ ਇਹ ਤਾਂ ਕਰ ਦਿੱਤਾ ਹੈ ਕਿ ਉਹ ਮਾਲਕ ਬਣਾ ਦਿੱਤੇ ਜਾਣ ਲੇਕਿਨ ਚਾਰ ਪੰਜ ਸੌ ਰੁਪਏ ਦਾ ਝਗੜਾ ਹੈ ਮਕਾਨ ਦੀ ਕੀਮਤ ਬਾਰੇ । ਅਸੀਂ 37 ਸੌ ਰੁਪਏ ਕੀਮਤ ਲਗਾਈ ਹੈ । ਉਸ ਵਿਚ ਅਗਰ ਕੋਈ ਫ਼ਰਕ ਹੋਵੇਗਾ ਤਾਂ ਉਹ ਵੀ ਕੱਢ ਦੇਵਾਂਗੇ ਤਾਕਿ ਉਹ ਵਰਕਰ ਠੀਕ ਤਰੀਕੇ ਨਾਲ ਮਾਲਕ ਬਣ ਜਾਣ। ਅਸੀਂ ਤਾਂ ਉਤਨਾ ਹੀ ਪੈਸਾ ਲੈਣਾ ਚਾਹੁੰਦੇ ਹਾਂ ਜਿਤਨਾ ਕਿ ਲਗਾਇਆ ਹੈ, ਵਾਧੂ ਨਹੀਂ ਲੈਣਾ ਚਾਹੁੰਦੇ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਇਨਫਰਮੇਸ਼ਨ ਇਹ ਹੈ ਕਿ 50 ਕੁਆਰਟਰ ਇਸ ਤਰ੍ਹਾਂ ਦੇ ਪਟਿਆਲੇ ਵਿਚ ਬਣੇ ਹੋਏ ਹਨ, ਕੀ ਇਹ ਉਨ੍ਹਾਂ 1200 ਮਕਾਨਾਂ ਵਿਚ ਉਨ੍ਹਾਂ ਨੂੰ ਵੀ ਸ਼ਾਮਲ ਕੀਤਾ ਹੋਇਆ ਹੈ ਜਾਂ ਨਹੀਂ ?

(ਇਸ ਸਮੇਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਜੀ ਪੁਆਇੰਟ ਆਫ਼ ਇਨਫ਼ਰਮੇਸ਼ਨ ਦੀ ਮੰਗ ਕਰ ਰਹੇ ਸਨ)

ਸ੍ਰੀ ਸਪੀਕਰ : ਜੋਸ਼ ਜੀ, ਇਸ ਤਰ੍ਹਾਂ ਤਾਂ ਪੁਆਇੰਟ ਆਫ਼ ਇੰਟਰਪਸ਼ਨ ਹੋ ਜਾਂਦਾ ਹੈ, ਪੁਆਇੰਟ ਆਫ਼ ਇਨਫਰਮੇਸ਼ਨ ਨਹੀਂ ਰਹਿੰਦਾ। ਤੁਸੀਂ ਤਸ਼ਰੀਫ਼ ਰਖੋ। (Josh Ji, this way it will be a point of interruption and not a point of information. Please resume your seat.)

**Expunged as ordered by the Chair.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਇਨਫ਼ਰਮੇਸ਼ਨ ਹੈ ਜੀ। ਬੜੀ ਜ਼ਰੂਰੀ ਗੱਲ ਪੁੱਛਣ ਵਾਲੀ ਹੈ। ਸਪੀਕਰ ਸਾਹਿਬ, ਜਿਹੜਾ ਪੰਜਾਬ ਦੀ ਸਰਕਾਰ ਨੇ ਇਹ ਮਿੱਲ ਟੇਕ ਓਵਰ ਕਰਨ ਦਾ ਫ਼ੈਸਲਾ ਕੀਤਾ ਹੈ ਇਸ ਤਰ੍ਹਾਂ ਦੀਆਂ ਹੋਰ ਵੀ ਦੋ ਮਿੱਲਾਂ ਹਨ ......

ਸ੍ਰੀ ਸਪੀਕਰ : ਜੋਸ਼ ਜੀ, ਤਸ਼ਰੀਫ ਰੱਖੋ, ਇਸ ਤਰ੍ਹਾਂ ਇੰਟਰੱਪਸ਼ਨ ਨਾ ਕਰੋ। (Josh Ji, please resume your seat. Don't interrupt in this way.)

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਮੇਰੇ ਨਾਲ ਆ ਕੇ ਗੱਲ ਕਰ ਲੈਣ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਕੀ ਤੁਸੀਂ ਇਹ ਹੁਣ ਕੁਐਸ਼ਚਨ ਆਵਰ ਬਣਾਉਣ ਦਾ ਫ਼ੈਸਲਾ ਕਰ ਲਿਆ ਹੈ ? Under what rule have you allowed so many points of information?

ਸ੍ਰੀ ਸਪੀਕਰ : ਕਪਤਾਨ ਸਾਹਿਬ, ਇਹ ਤੁਹਾਡੇ ਹੀ ਰੂਲਜ਼ ਹਨ ਕਿ ਆਨਰੇਬਲ ਮੈਂਬਰ ਆਨਰੇਬਲ ਮਨਿਸਟਰ ਪਾਸੋਂ ਇਨਫ਼ਰਮੇਸ਼ਨ ਲੈ ਸਕਦੇ ਹਨ ਪਰ ਇੰਟਰੱਪਸ਼ਨ ਨਹੀਂ ਕਰ ਸਕਦੇ। (Captain Sahib, these are the rules framed by the House that hon. Members can seek information from an hon. Minister but they cannot interrupt.)

ਵਿੱਤ ਮੰਤਰੀ : ਸੋ, ਸਪੀਕਰ ਸਾਹਿਬ, ਇਹ ਕੰਮ ਐਸਾ ਹੈ ਜਿਸ ਲਈ ਕਿ ਪਹਿਲਾਂ 27 ਲੱਖ ਦੀ ਰਕਮ ਰਖੀ ਗਈ ਸੀ ਔਰ ਹੁਣ 85 ਲੱਖ ਰੁਪਏ ਇਸ ਕੰਮ ਲਈ ਰੱਖੇ ਗਏ ਹਨ। ਇਸ ਤੋਂ ਇਲਾਵਾ ਕੋਆਪਰੇਟਿਵ ਮਹਿਕਮੇ ਵਾਲੇ ਵੀ ਪੈਸੇ ਲਾਉਣਗੇ।

ਈ.ਐਸ.ਆਈ. ਦੀ ਸਕੀਮ ਜਿਹੜੀ ਚੱਲ ਰਹੀ ਹੈ ਉਸ ਨੂੰ ਤਲਵਾੜੇ, ਦੀਨਾਨਗਰ, ਸੰਸਾਰਪੁਰ ਔਰ ਜਗਜੀਤ ਸੈਂਟਰ ਵਿਚ ਵੀ ਐਕਸਟੈਂਡ ਕਰਨ ਦਾ ਫ਼ੈਸਲਾ ਕੀਤਾ ਹੈ। ਔਰ ਕੁਝ ਪਿੰਡ ਅੰਮ੍ਰਿਤਸਰ ਔਰ ਲੁਧਿਆਣੇ ਜ਼ਿਲ੍ਹੇ ਵਿਚ ਹਨ ਜਿਥੇ ਕਿ ਲੋਕਾਂ ਨੇ ਕਾਰਖਾਨੇ ਲਗਾਏ ਹੋਏ ਹਨ। ਉਨ੍ਹਾਂ ਬਾਰੇ ਵੀ ਗੌਰਮਿੰਟ ਆਫ਼ ਇੰਡੀਆ ਤੋਂ ਮਨਜ਼ੂਰੀ ਲੈ ਲਵਾਂਗੇ ਤਾਕਿ ਉਥੇ ਵੀ ਈ. ਐਸ. ਆਈ. ਸਕੀਮ ਚਾਲੂ ਕੀਤੀ ਜਾ ਸਕੇ।

ਇਸ ਤਰ੍ਹਾਂ, ਸਪੀਕਰ ਸਾਹਿਬ, ਲੇਬਰ ਵੈਲਫ਼ੇਅਰ ਬੋਰਡ ਨੂੰ ਪੰਜ ਲੱਖ ਰੁਪਏ ਦੇ ਕੇ ਦੁਬਾਰਾ ਚਾਲੂ ਕਰ ਦਿੱਤਾ ਹੈ ਤਾਕਿ ਰੀਕਰੀਏਸ਼ਨ ਦਾ ਪ੍ਰੋਗਰਾਮ ਵੀ ਚਲਦਾ ਰਹੇ।

ਸਪੀਕਰ ਸਾਹਿਬ, ਇਤਨਾ ਕਹਿ ਕੇ ਮੈਂ ਆਪ ਦਾ ਧੰਨਵਾਦ ਕਰਦਾ ਹਾਂ। (ਥੰਪਿੰਗ)

ਸ੍ਰੀ ਸਪੀਕਰ : ਹੁਣ ਦੋ ਮੈਂਬਰਜ਼ ਪੰਜ ਪੰਜ ਮਿੰਟ ਬੋਲਣ ਲਈ ਲੈਣਾ ਚਾਹੁੰਦੇ ਹਨ। (Now two hon. Members want to speak for five minutes each).

ਆਵਾਜ਼ਾਂ : ਠੀਕ ਹੈ ਜੀ, ਬੋਲਣ ਦਿਉ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.): ਸਪੀਕਰ ਸਾਹਿਬ, ਮੰਗ ਨੰਬਰ 20 ਤੇ ਤਾਂ ਲੇਬਰ ਮਨਿਸਟਰ ਸਾਹਿਬ ਬੋਲ ਵੀ ਚੁਕੇ ਹਨ। ਮੈਂ ਵੀ ਉਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਇਸ ਵਿਚ ਦੱਸਿਆ ਗਿਆ ਹੈ ਕਿ ਲੇਬਰ ਦੀ ਉੱਨਤੀ ਕਰ ਰਹੇ ਹਾਂ ਪਰ ਅਸਲੀਅਤ ਇਹ ਹੈ ਕਿ ਲੇਬਰ ਦਾ ਦਿਨੋ

[ਮਾਸਟਰ ਚੰਦ ਸਿੰਘ]

ਦਿਨ ਭੱਠਾ ਬੈਠ ਰਿਹਾ ਹੈ । ਉਨ੍ਹਾਂ ਨੂੰ ਫ਼ੈਕਟਰੀਆਂ ਵਿਚੋਂ ਕੱਢਿਆ ਜਾ ਰਿਹਾ ਹੈ । ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਦੁਖੀ ਕੀਤਾ ਜਾਂਦਾ ਹੈ ਔਰ ਉਨ੍ਹਾਂ ਦੀ ਕੋਈ ਸੁਣਵਾਈ ਵੀ ਨਹੀਂ ਹੁੰਦੀ । ਰਾਜਪੁਰੇ ਵਿਚ ਕੀ ਹੋਇਆ ਹੈ ? ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੀ ਹੋਵੋਗੇ ਉਥੇ ਰਾਮਾਨੰਦ ਇਕ ਵਰਕਰ ਸੀ, ਉਸ ਨੇ ਭੁਖ ਹੜਤਾਲ ਰੱਖੀ ਹੋਈ ਸੀ । ਉਸ ਨੂੰ ਗਰਿਫ਼ਤਾਰ ਕਰਕੇ ਜੇਲ੍ਹ ਵਿਚ ਲੈ ਗਏ । ਉਥੇ ਉਸ ਉਤੇ ਝੂਠਾ ਕੇਸ ਬਣਾ ਕੇ ਉਸ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਲਾਸ਼ ਵੀ ਉਸ ਦੇ ਵਾਰਸਾਂ ਨੂੰ ਨਹੀਂ ਦਿੱਤੀ ਗਈ । ਇਸ ਤਰ੍ਹਾਂ ਉਨ੍ਹਾਂ ਤੇ ਵਧੀਕੀਆਂ ਕੀਤੀਆਂ ਜਾਂਦੀਆਂ ਹਨ । ਜੇਕਰ ਉਹ ਵਿਚਾਰੇ ਮੁਜ਼ਾਹਰਾ ਕਰਦੇ ਹਨ ਤਾਂ ਲਾਠੀ ਚਾਰਜ ਇਹ ਕਰਵਾਉਂਦੇ ਹਨ । ਇਸ ਤਰ੍ਹਾਂ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁਚਲਿਆ ਜਾ ਰਿਹਾ ਹੈ । ਇਸ ਤਰ੍ਹਾਂ ਹੀ ਪਟਿਆਲੇ ਵਿਚ ਐਸਕਾਰਟ ਐਂਡ ਗਾਏਟਜ਼ ਫ਼ੈਕਟਰੀ, ਬਹਾਦਰਗੜ੍ਹ ਵਿਚ ਹੈ । ਉਸ ਦੇ ਬਾਰੇ ਮੈਂ ਕਾਲ ਅਟੈਨਸ਼ਨ ਵੀ ਦਿੱਤੀ ਸੀ । ਸਪੀਕਰ ਸਾਹਿਬ, ਜਿਹੜੇ ਸਰਗਰਮ ਵਰਕਰ ਹਨ ਉਨ੍ਹਾਂ ਉਪਰ ਸਰਕਾਰ ਝੂਠੇ ਕੇਸ ਬਣਾ ਰਹੀ ਹੈ । ਇਸ ਤਰ੍ਹਾਂ ਦੀਆਂ ਕੋਝੀਆਂ ਹਰਕਤਾਂ ਸਰਕਾਰ ਕਰਵਾ ਰਹੀ ਹੈ । ਉਨ੍ਹਾਂ ਗਰੀਬ ਵਰਕਰਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ ਔਰ ਬਿਰਲਿਆਂ, ਟਾਟਿਆਂ ਦੀ ਹੀ ਸੁਣਵਾਈ ਹੁੰਦੀ ਹੈ ਕਿਉਂਕਿ ਰਾਜਪੁਰੇ ਦੀ ਧਾਗਾ ਫ਼ੈਕਟਰੀ ਬਿਰਲਿਆਂ ਤੇ ਟਾਟਿਆਂ ਦੀ ਹੀ ਹੈ, ਇਸ ਲਈ ਇਸ ਨੇ ਉਨ੍ਹਾਂ ਦਾ ਸਾਥ ਦੇਣਾ ਹੀ ਹੋਇਆ ।

ਸਪੀਕਰ ਸਾਹਿਬ, ਇਨ੍ਹਾਂ ਨੇ ਖੇਤ ਮਜ਼ਦੂਰਾਂ ਬਾਰੇ ਬੜੀ ਗੱਲ ਕੀਤੀ ਹੈ । ਪਰ ਹਾਲਤ ਕੀ ਹੈ ? ਉਨ੍ਹਾਂ ਦੀ ਦਿਹਾੜੀ ਸਾਢੇ ਛੇ ਰੁਪਏ ਹੁੰਦੀ ਹੈ ਪਰ ਉਹ ਵੀ ਨਹੀਂ ਦਿੱਤੇ ਜਾਂਦੇ । ਜੇਕਰ ਉਹ ਆਪਣੀ ਮਿਹਨਤ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਦਾ ਬਾਈਕਾਟ ਕੀਤਾ ਜਾਂਦਾ ਹੈ । ਦਦਾਹੂਰ ਵਿਚ ਇਸ ਤਰ੍ਹਾਂ ਹੋਇਆ ਹੈ । ਸਪੀਕਰ ਸਾਹਿਬ, ਤੁਹਾਡੇ ਜ਼ਿਲ੍ਹੇ ਹੁਸ਼ਿਆਰਪੁਰ ਵਿਚ ਵੀ ਹੋਇਆ । ਬਾਈਕਾਟ ਖੋਲ੍ਹਣ ਵਾਸਤੇ ਇਨ੍ਹਾਂ ਦੇ ਅਫ਼ਸਰ ਕੀ ਕਰਦੇ ਹਨ, ਉਹ ਸਮਝੌਤਾ ਕਰਵਾ ਦਿੰਦੇ ਹਨ । ਸਾਢੇ ਛੇ ਰੁਪਏ ਦਿਹਾੜੀ ਹੈ, ਚਾਰ ਰੁਪਏ ਤੇ ਸਮਝੌਤਾ ਕਰਵਾ ਆਉਂਦੇ ਹਨ । ਫਿਰ ਸ਼ਹਿਰਾਂ ਦੇ ਲਵੇ ਜਿਹੜਾ ਆਲੂਆਂ ਦਾ ਕੰਮ ਹੁੰਦਾ ਹੈ, ਉਥੇ ਆਦਮੀ ਨੂੰ ਤਾਂ 4—5 ਰੁਪਏ ਦਿੰਦੇ ਹਨ, ਪਰ ਜਿਹੜੀਆਂ ਔਰਤਾਂ ਕੰਮ ਕਰਦੀਆਂ ਹਨ, ਉਨ੍ਹਾਂ ਨੂੰ 2—3 ਰੁਪਏ ਹੀ ਦਿੱਤੇ ਜਾਂਦੇ ਹਨ ਹਾਲਾਂ ਕਿ ਔਰਤਾਂ ਵੀ ਆਦਮੀਆਂ ਜਿੰਨਾ ਹੀ ਕੰਮ ਕਰਦੀਆਂ ਹਨ । ਇਸ ਕਰਕੇ ਮੈਂ ਇਹ ਕਹਾਂਗਾ ਕਿ ਸਾਢੇ ਛੇ ਰੁਪਏ ਦਿਹਾੜੀ ਥੋੜ੍ਹੀ ਦਿੱਤੀ ਜਾਂਦੀ ਹੈ ।

ਹੁਣ ਮੈਂ ਕੰਬਾਈਨਜ਼ ਦੀ ਗੱਲ ਕਰਨਾ ਚਾਹੁੰਦਾ ਹਾਂ । ਇਹ ਜਿਹੜੀਆਂ ਕੰਬਾਈਨਜ਼ ਹਨ, ਇਨ੍ਹਾਂ ਦਾ ਇਸਤੇਮਾਲ ਕਰਨ ਨਾਲ ਖੇਤ ਮਜ਼ਦੂਰ ਵਿਹਲਾ ਹੋ ਜਾਂਦਾ ਹੈ ਅਤੇ ਜਿਹੜੀ ਉਸ ਨੇ ਕਟਾਈ ਦੇ ਮੌਕੇ ਤੇ ਕਣਕ ਵਾਸਤੇ ਕਟਾਈ ਕਰਕੇ ਜਮ੍ਹਾਂ ਕਰਨੀ ਹੁੰਦੀ ਹੈ, ਉਹ ਨਹੀਂ ਕਰ ਸਕੇਗਾ । ਉਸ ਨੂੰ ਸਾਲ ਬਾਅਦ ਇਹ ਮੌਕਾ ਮਿਲਦਾ ਸੀ ਕਿ ਉਹ ਕਟਾਈ ਦਾ ਕੰਮ ਕਰਕੇ ਸਾਲ ਵਾਸਤੇ ਦਾਣੇ, ਕਣਕ ਜਮ੍ਹਾਂ ਕਰ ਲੈਂਦਾ ਸੀ । ਪਰ ਹੁਣ ਜਦੋਂ ਕੰਬਾਈਨਜ਼ ਨੇ ਹਜ਼ਾਰਾਂ ਏਕੜ ਦੀ ਫ਼ਸਲ ਇਕ ਦਿਨ ਵਿਚ ਕੱਟ ਦੇਣੀ ਹੈ, ਤਾਂ ਇਹ ਹਜ਼ਾਰਾਂ ਖੇਤ ਮਜ਼ਦੂਰ ਵਿਹਲੇ ਹੋ ਜਾਣਗੇ ਅਤੇ ਬੇਕਾਰ ਹੋ ਜਾਣਗੇ । ਇਸ ਬਾਰੇ ਪਲੈਨਿੰਗ ਕਮਿਸ਼ਨ ਨੇ ਵੀ ਕਿਹਾ ਹੈ ਕਿ ਜਿਥੇ ਮਜ਼ਦੂਰ ਮਿਲ ਜਾਂਦੇ ਹਨ, ਉਥੇ ਕੰਬਾਈਨਜ਼ ਨੂੰ ਨਾ ਵਰਤਿਆ ਜਾਵੇ । ਸਾਡੇ ਪੰਜਾਬ ਵਿਚ ਮਜ਼ਦੂਰ ਮਿਲ ਜਾਂਦਾ ਹੈ, ਅਤੇ ਜੇ ਕੰਬਾਈਨਜ਼ ਦਾ ਇਸਤੇਮਾਲ ਕੀਤਾ ਗਿਆ ਤਾਂ ਉਹ ਵਿਹਲੇ ਹੋ ਜਾਣਗੇ । ਇਸ ਕਰਕੇ ਮੈਂ ਇਹ ਕਹਾਂਗਾ ਕਿ ਮਜ਼ਦੂਰਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਕੰਬਾਈਨਜ਼ ਦਾ ਇਸਤੇਮਾਲ ਪੰਜਾਬ ਵਿਚ ਬੰਦ ਹੋਣਾ ਚਾਹੀਦਾ ਹੈ ।

ਹੋਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਵਰਕ-ਚਾਰਜਡ ਮੁਲਾਜ਼ਮ ਹਨ, ਉਨ੍ਹਾਂ ਦਾ ਕੋਈ ਖਿਆਲ ਨਹੀਂ ਕੀਤਾ ਜਾਂਦਾ। ਉਹ ਲੋਕ ਸੜਕਾਂ ਤੇ 24--24 ਘੰਟੇ ਕੰਮ ਕਰਦੇ ਹਨ ਅਤੇ 4 ਰੁਪਏ ਰੋਜ਼ ਦੇ ਮਿਲਦੇ ਹਨ। ਇਹ ਵਰਕ-ਚਾਰਜਡ ਨਹਿਰਾਂ ਤੇ ਕੰਮ ਕਰਦੇ ਹਨ, ਐਸ. ਡੀ. ਓ., ਓਵਰਸੀਅਰ ਵਗੈਰਾ ਦੇ ਘਰ ਕੰਮ ਕਰਦੇ ਹਨ ਅਤੇ ਇਸ ਤਰ੍ਹਾਂ ਨਾਲ 24--24 ਘੰਟੇ ਹੀ ਕੰਮ ਕਰਦੇ ਰਹਿੰਦੇ ਹਨ, ਉਹ ਆਪਣੀ ਹੀ ਕਹੀ, ਆਪਣੀ ਰੱਸੀ ਵਗੈਰਾ ਵੀ ਲੈ ਕੇ ਆਉਂਦੇ ਹਨ, ਪਰ ਉਨ੍ਹਾਂ ਨੂੰ ਸਾਢੇ ਛੇ ਰੁਪਏ ਫਿਰ ਵੀ ਨਹੀਂ ਦਿੱਤੇ ਜਾਂਦੇ। ਇਸ ਕਰਕੇ ਇਹ ਜੋ ਬਜਟ ਹੈ ਇਹ ਬਿਰਲੇ, ਟਾਟਿਆਂ ਦਾ ਬਜਟ ਹੈ, ਸਰਮਾਇਦਾਰਾਂ ਦਾ ਬਜਟ ਹੈ ਅਤੇ ਮਜ਼ਦੂਰਾਂ ਦਾ ਬਜਟ ਨਹੀਂ ਹੈ। ਇਨ੍ਹਾਂ ਨੇ ਮਜ਼ਦੂਰਾਂ ਨੂੰ 150 ਰੁਪਏ ਉਜਰਤ ਦੇਣ ਦੀ ਗੱਲ ਕੀਤੀ ਹੈ, ਪਰ ਮਹਿੰਗਾਈ ਇੰਨੀ ਹੈ ਕਿ ਇਹ ਬਹੁਤ ਥੋੜ੍ਹੀ ਹੈ ਅਤੇ ਇਹ ਘੱਟੋ ਘੱਟ 314 ਰੁਪਏ ਹੋਣੀ ਚਾਹੀਦੀ ਹੈ ਤਾਂ ਕਿਤੇ ਜਾ ਕੇ ਗਰੀਬ ਆਦਮੀ ਆਪਣਾ ਮਾੜਾ ਮੋਟਾ ਗੁਜ਼ਾਰਾ ਕਰ ਸਕਦਾ ਹੈ।

ਸਪੀਕਰ ਸਾਹਿਬ, ਬਠਿੰਡੇ ਵਿਚ ਥਰਮਲ ਪਲਾਂਟ ਦੇ ਵਰਕਰ ਉਥੋਂ ਦੇ ਡਾਇਰੈਕਟਰ ਨੂੰ ਮਿਲਣ ਗਏ ਤਾਂ ਵਰਕਰਾਂ ਤੇ ਲਾਠੀ ਚਾਰਜ ਕੀਤਾ ਗਿਆ। ਉਹ ਆਪਣੀਆਂ ਮੰਗਾਂ ਲੈ ਕੇ ਉਨ੍ਹਾਂ ਨੂੰ ਇਕ ਮੰਗ ਪੱਤਰ ਹੀ ਦੇਣ ਗਏ ਸੀ, ਉਨ੍ਹਾਂ ਤੇ ਵੀ ਇਸ ਸਰਕਾਰ ਨੇ ਲਾਠੀ ਚਾਰਜ ਕੀਤਾ ਅਤੇ ਇਸ ਤਰ੍ਹਾਂ ਇਥੇ ਪੁਲਿਸ ਰਾਜ ਕਾਇਮ ਕੀਤਾ ਹੋਇਆ ਹੈ। ਮੈਂ ਬਹੁਤ ਜ਼ਿਆਦਾ ਨਹੀਂ ਬੋਲਾਂਗਾ, ਕਿਉਂਕਿ ਸੀ. ਐਮ. ਸਾਹਿਬ ਨੇ ਵੀ ਬੋਲਣਾ ਹੈ। ਇਸ ਸੂਬੇ ਵਿਚ ਪੁਲਿਸ ਰਾਜ ਹੀ ਸਮਝਿਆ ਜਾਣਾ ਚਾਹੀਦਾ ਹੈ। ਇਥੇ ਸਮਗਲਿੰਗ ਵਾਲਿਆਂ ਦਾ ਬੋਲ ਬਾਲਾ ਹੈ, ਮਨਮਾਨੀ ਹੁੰਦੀ ਹੈ, ਅਫਸਰ ਕਿਸੇ ਦੀ ਪਰਵਾਹ ਨਹੀਂ ਕਰਦੇ ਅਤੇ ਹਰ ਪੱਧਰ ਤੇ, ਛੋਟੇ ਤੋਂ ਲੈ ਕੇ ਉਪਰ ਤਕ ਰਿਸ਼ਵਤ ਚੱਲਦੀ ਹੈ ਅਤੇ ਇਕ ਦੂਜੇ ਨਾਲ ਮਿਲ ਮਿਲਾ ਕੇ ਸਾਰਾ ਹੇਰਾ ਫੇਰੀ ਦਾ ਕੰਮ ਚੱਲਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਇਕ ਗੱਲ ਲਿਆਉਣਾ ਚਾਹੁੰਦਾ ਹਾਂ। ਜ਼ਿਲ੍ਹਾ ਸੰਗਰੂਰ ਵਿਚ ਪੰਜ ਗਰਾਈਂ ਪਿੰਡ, ਥਾਣਾ ਸ਼ੇਰਪੁਰਾ ਵਿਚ ਹੈ। ਉਥੇ ਜਾ ਕੇ ਪੁਲਿਸ ਨੇ ਉਥੇ ਦੇ 24--25 ਜੈਂਟਲਮੈਨ ਬੁਲਾ ਲਏ ਬਗੈਰ ਕਿਸੇ ਮਤਲਬ ਦੇ ਅਤੇ ਉਨ੍ਹਾਂ ਤੇ ਝੂਠਾ ਕੇਸ ਬਣਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਲੋਕਾਂ ਨੇ ਕਿਹਾ ਕਿ ਘੱਟੋ ਘੱਟ ਪਿੰਡ ਦੇ ਸਰਪੰਚ ਨੂੰ ਤਾਂ ਬੁਲਾ ਲਵੋ, ਪਰ ਕੋਈ ਪਰਵਾਹ ਨਹੀਂ ਕੀਤੀ ਗਈ। ਗੱਲ ਇਹ ਹੈ ਕਿ ਇਹ ਇਸ ਤਰ੍ਹਾਂ ਕਰਦੇ ਹਨ ਕਿ ਕੋਈ ਪੁਲਿਸ ਅਫਸਰ ਚਾਰ ਪੰਜ ਬੰਦਿਆਂ ਨੂੰ ਲੈ ਕੇ ਅਫੀਮ, ਸ਼ਰਾਬ ਅਤੇ ਭਾਲੇ ਵਗੈਰਾ ਮੰਗਵਾ ਕੇ ਦੂਜੇ ਸ਼ਰੀਫ ਲੋਕਾਂ ਤੇ ਪਾ ਦਿੰਦੇ ਹਨ। ਇਨ੍ਹਾਂ 24--25 ਜੈਂਟਲਮੈਨਾਂ ਵਿਚੋਂ ਕੁਝ ਦੇ ਨਾਲ ਵੀ ਇਸ ਤਰ੍ਹਾਂ ਹੀ ਹੋਇਆ ਅਤੇ ਉਨਾਂ ਤੇ ਝੂਠਾ ਕੇਸ ਬਣਾ ਦਿਤਾ ਗਿਆ। ਇਸ ਵਾਸਤੇ ਮੈਂ ਇਹ ਕਹਾਂਗਾ ਕਿ ਜਦੋਂ ਵੀ ਕੋਈ ਇਸ ਤਰ੍ਹਾਂ ਦੀ ਗੱਲ ਹੋਵੇ ਤਾਂ ਪਿੰਡ ਦੇ ਸਰਪੰਚ ਨੂੰ ਬੁਲਾ ਕੇ ਤਲਾਸ਼ੀ ਕਰਨੀ ਚਾਹੀਦੀ ਹੈ ਅਤੇ ਫਿਰ ਹੀ ਕਿਸੇ ਨੂੰ ਗ੍ਰਿਫਤਾਰ ਵਗੈਰਾ ਕੀਤਾ ਜਾਣਾ ਚਾਹੀਦਾ ਹੈ।

ਹੁਣ ਮੈਂ ਫੈਕਟਰੀ ਦੀ ਗੱਲ ਕਰਨੀ ਚਾਹੁੰਦਾ ਹਾਂ। ਸੰਗਰੂਰ ਵਿਚ ਮੇਰਾ ਹਲਕਾ ਸ਼ੇਰਪੁਰ ਬਹੁਤ ਪਛੜਿਆ ਹੋਇਆ ਹੈ ਅਤੇ ਉਥੇ ਕੋਈ ਮਿਲ ਲੱਗਣੀ ਚਾਹੀਦੀ ਹੈ। ਜਿਹੜੇ ਲੋਕ ਉਥੇ ਬੇਕਾਰ ਹਨ, ਜੇ ਉਥੇ ਕੋਈ ਫੈਕਟਰੀ ਵਗੈਰਾ ਖੋਲ੍ਹੀ ਜਾਵੇ ਤਾਂ ਇਹ ਬੇਕਾਰੀ ਦਾ ਮਸਲਾ ਹੱਲ ਹੋ ਸਕਦਾ ਹੈ। ਜਨਰਲ ਐਡਮਨਿਸਟਰੇਸ਼ਨ ਤੇ ਬਹਿਸ ਕਰਦਿਆਂ ਸਾਡੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਸੰਧੂ ਸਾਹਿਬ ਅਤੇ ਜਲਾਲ ਸਾਹਿਬ ਨੇ ਕੁਝ ਗੱਲਾਂ ਐਸੀਆਂ ਕੀਤੀਆਂ ਹਨ, ਜੇ ਕਿਤੇ ਬਾਕੀ ਏਸ਼ੀਆ ਦੇ ਜਿੰਨੇ ਡਿਵੈਲਪਡ ਕੰਟਰੀਜ਼ ਹਨ, ਉਨ੍ਹਾਂ ਵੱਲ ਥੋੜ੍ਹਾ ਜਿਹਾ ਧਿਆਨ ਦੇ ਲੈਂਦੇ ਅਤੇ ਆਪਣੇ ਦੇਸ਼ ਦਾ ਮੁਕਾਬਲਾ ਕਰਦੇ ਤਾਂ ਇਨ੍ਹਾਂ ਨੂੰ ਇਹ ਗੱਲਾਂ ਕਰਨ ਦੀ ਲੋੜ ਨਾ ਪੈਂਦੀ।

ਸਰਦਾਰ ਅਜਾਇਬ ਸਿੰਘ ਸੰਧੂ : ਕੈਬਿਨਟ ਐਕਸਪੈਂਡ ਨਹੀਂ ਹੋਣੀ ।

ਸਰਦਾਰ ਕਿਰਪਾਲ ਸਿੰਘ ਰੰਧਾਵਾ (ਮਜੀਠਾ): ਇਨ੍ਹਾਂ ਕੁਰੱਪਸ਼ਨ ਦਾ ਰੌਲਾ ਪਾਇਆ ਹੈ। ਅਸੈਂਬਲੀ ਵਿਚ ਤਕਰੀਰਾਂ ਕਰਨ ਨਾਲ ਕੁਰੱਪਸ਼ਨ ਬੰਦ ਨਹੀਂ ਹੁੰਦੀ, ਇਸ ਤਰ੍ਹਾਂ ਤਾਂ ਕੁਰੱਪਸ਼ਨ ਦਾ ਵਾਤਾਵਰਨ ਹੋਰ ਵੱਧ ਕਰਨ ਵਾਲੀ ਗੱਲ ਹੈ । ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਲੋਕ ਆਮ ਤੌਰ ਤੇ ਸੋਚਣਾ ਸ਼ੁਰੂ ਕਰ ਦੇਂਦੇ ਹਨ ਕਿ ਸਿਰਫ ਕੁਰੱਪਸ਼ਨ ਹੀ ਹੁੰਦੀ ਹੈ । ਇਸ ਕਰਕੇ ਮੈਂ ਆਪੋਜੀਸ਼ਨ ਦੇ ਮੈਂਬਰਾਂ ਨੂੰ ਇਹ ਬੇਨਤੀ ਕਰਾਂਗਾ ਕਿ ਇਹੋ ਜਿਹੀਆਂ ਤਕਰੀਰਾਂ ਅਸੈਂਬਲੀ ਵਿਚ ਕਰਕੇ ਵਾਤਾਵਰਨ ਨੂੰ ਗੰਦਾ ਨਾ ਕੀਤਾ ਜਾਵੇ, ਬਲਕਿ ਕੁਰੱਪਸ਼ਨ ਦੇ ਵੱਲ ਸਰਕਾਰ ਦਾ ਧਿਆਨ ਦਵਾਉਣ ਤਾਂ ਜੋ ਉਸ ਨੂੰ ਦੂਰ ਕਰਨ ਦੇ ਯਤਨ ਕੀਤੇ ਜਾਣ ਇਸ ਬਾਰੇ ਸੁਝਾਓ ਦਿੱਤੇ ਜਾਣ । (ਵਿਘਨ)

ਸ੍ਰੀ ਸਪੀਕਰ : ਤੁਸੀਂ ਜਨਰਲ ਐਡਮਨਿਸਟਰੇਸ਼ਨ ਅਤੇ ਲੇਬਰ ਤੇ ਬੋਲੋ । (The hon. Member should please speak on the Demands for General Administration and Labour).

ਸਰਦਾਰ ਕਿਰਪਾਲ ਸਿੰਘ ਰੰਧਾਵਾ : ਮੈਂ ਜਨਰਲ ਐਡਮਨਿਸਟਰੇਸ਼ਨ ਤੇ ਹੀ ਬੋਲ ਰਿਹਾ ਹਾਂ ।

ਸ੍ਰੀ ਸਪੀਕਰ : ਤੁਸੀਂ ਇਸ ਬਾਰੇ ਸੁਜੈਸ਼ਨ ਦੇਵੋ । (The hon. Member may please give his suggestion in this regard).

ਸਰਦਾਰ ਕਰਨੈਲ ਸਿੰਘ ਮਰੜ੍ਹੀ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order).

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਵੋ ।

ਸ੍ਰੀ ਸਪੀਕਰ : ਮਰੜ੍ਹੀ ਸਾਹਿਬ, ਤੁਸੀਂ ਇੰਟਰੱਪਟ ਨਾ ਕਰੋ, ਉਨ੍ਹਾਂ ਨੂੰ ਬੋਲ ਲੈਣ ਦਿਓ । (The hon. Member may not interrupt and let the other hon. Member speak).

ਸਰਦਾਰ ਕਿਰਪਾਲ ਸਿੰਘ ਰੰਧਾਵਾ : ਜਨਰਲ ਐਡਮਨਿਸਟਰੇਸ਼ਨ ਤੇ ਇਥੇ ਬੜਾ ਰੌਲਾ ਪਾਇਆ ਹੈ ਅਤੇ ਆਪੋਜ਼ੀਸ਼ਨ ਨੇ ਕਿਹਾ ਹੈ ਕਿ ਪੁਲਿਸ ਵਧਾ ਦਿੱਤੀ ਹੈ ਅਤੇ ਪੁਲਿਸ ਦਾ ਹੋਰ ਖਰਚ ਵਧਾ ਦਿੱਤਾ ਹੈ । ਮੈਂ ਇਸ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਸਰਹੱਦੀ ਸੂਬਾ ਹੈ ਅਤੇ ਇਥੇ ਕਈ ਕਿਸਮ ਦੀਆਂ ਮੁਸ਼ਕਲਾਂ, ਸਮਗਲਿੰਗ, ਸਪਾਈਂਗ, ਸਿਕਿਉਰਿਟੀ ਵਗੈਰਾ ਦੀਆਂ ਖਾਸ ਪਰਾਬਲਮਜ਼ ਹਨ । ਇਸ ਵੇਲੇ ਜਿੰਨੀ ਵੀ ਸਟੂਡੈਂਟ ਅਨਰੈਸਟ ਹੈ, ਯੂਥ ਵਿਚ ਅਨਰੈਸਟ ਹੈ ਅਤੇ ਬਾਕੀ ਆਰਟੀਫਿਸ਼ੀਅਲ ਸਕੇਅਰਸਿਟੀ ਹੈ ਅਤੇ ਇਨ੍ਹਾਂ ਕਾਰਨਾਂ ਕਰਕੇ ਜਿਹੜੇ ਹਾਲਾਤ ਪੈਦਾ ਹੋਏ ਹਨ ਉਨ੍ਹਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਮੈਂ ਸਮਝਦਾ ਹਾਂ ਕਿ ਜਿੰਨਾ ਪਿਛਲੇ ਸਾਲਾਂ ਵਿਚ ਜਨਰਲ ਐਡਮਨਿਸਟਰੇਸ਼ਨ ਤੇ ਖਰਚ ਹੋਇਆ ਹੈ, ਉਸ ਤੋਂ ਡੇਢ ਗੁਣਾਂ ਹੋਰ ਇਸ ਤੇ ਖਰਚ ਹੋਣਾ ਚਾਹੀਦਾ ਹੈ ਤਾਂ ਐਡਮਨਿਸਟਰੇਸ਼ਨ ਕਾਮਯਾਬ ਹੋ ਸਕਦੀ ਹੈ । ਇਸ ਕਰਕੇ ਸਾਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ, ਜਿਸ ਨਾਲ ਲੋਕਾਂ ਵਿਚ ਇਸ ਤਰ੍ਹਾਂ ਦਾ ਵਾਤਾਵਰਨ ਪੈਦਾ ਕੀਤਾ ਜਾਵੇ ਅਤੇ ਠੀਕ ਢੰਗ ਨਾਲ ਹਰ ਗੱਲ ਨੂੰ ਸੋਚਣਾ ਚਾਹੀਦਾ ਹੈ ।

ਸਰਦਾਰ ਜਸਦੇਵ ਸਿੰਘ ਸੰਧੂ : ਹੁਣ ਟਾਊਟ ਬਣ ਗਏ ਹੋ ।

** Expunged as ordered by the Chair.

ਸਰਦਾਰ ਕਿਰਪਾਲ ਸਿੰਘ ਰੰਧਾਵਾ : ਹੈਵੀ ਇੰਡਸਟਰੀ ਵਿਚ, ਇਕੌਨੋਮੀ ਵਿਚ ਅਤੇ ਹੋਰ ਸਾਰੀਆਂ ਗੱਲਾਂ ਵਿਚ ਐਡਮਨਿਸਟਰੇਸ਼ਨ ਦਾ ਬਹੁਤ ਵੱਡਾ ਹੱਥ ਹੁੰਦਾ ਹੈ ਅਤੇ ਐਡਮਨਿਸਟਰੇਸ਼ਨ ਨੇ ਹੀ ਮੁਲਕ ਦੀ ਸਾਲਮੀਅਤ ਨੂੰ ਕਾਇਮ ਰੱਖਣਾ ਹੁੰਦਾ ਹੈ, ਦੇਸ਼ ਦੇ ਲੋਕਾਂ ਦੇ ਹਿੱਤਾਂ ਨੂੰ ਵੇਖਣਾ ਹੁੰਦਾ ਹੈ। ਇਸ਼ ਕਰਕੇ ਇਸ ਤਰ੍ਹਾਂ ਦੀਆਂ ਗੱਲਾਂ ਆਪੋਜੀਸ਼ਨ ਵਾਲਿਆਂ ਨੂੰ ਨਹੀਂ ਕਰਨੀਆਂ ਚਾਹੀਦੀਆਂ।

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਦਾ ਤਾਂ ਡੰਡਾ ਚਲਾਉਣਾ ਕੰਮ ਹੈ ਅਤੇ ਇਨ੍ਹਾਂ ਦੇ ਹਲਕੇ ਵਿਚ ਕੀ ਚੰਗਾ ਹੋਇਆ, ਜਿਥੇ ਪੁਲਿਸ ਨੇ ਥਾਣੇ ਮਜੀਠਾ ਵਿਚ ਗੋਲੀ ਚਲਾਈ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ** ** (ਸ਼ੋਰ)

ਸ੍ਰੀ ਸਪੀਕਰ : ਜੋ ਕੁਝ ਵੀ ਮਰੜ੍ਹੀ ਸਾਹਿਬ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। (Whatever Sardar Karnail Singh Marhari is saying may not be recorded.)

ਸਰਦਾਰ ਅਜਾਇਬ ਸਿੰਘ ਸੰਧੂ : ** ** (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order).

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਮੈਂ ਤਾਂ ਇਹ ਅਰਜ਼ ਕਰ ਰਿਹਾ ਸੀ ਕਿ ਜਿਸ ਵੇਲੇ ਪੁਲੀਟੀਕਲ ਕਨਫਲਿਕਟ ਆਉਣਾ ਹੈ, ਉਸ ਵੇਲੇ ਸਾਰਾ ਜ਼ੋਰ ਐਡਮਨਿਸਟਰੇਸ਼ਨ ਤੇ ਪੈਂਦਾ ਹੈ। ਪਿਛਲੇ ਸਾਲਾਂ ਵਿਚ ਇਤਨੀ ਸਿਆਸੀ ਅਨਸਥਿਰਤਾ ਰਹੀ ਕਿ ਉਸ ਨਾਲ ਐਡਮਨਿਸਟਰੇਸ਼ਨ ਬਹੁਤ ਕਮਜ਼ੋਰ ਹੋ ਗਈ। ਮੈਂ, ਸਪੀਕਰ ਸਾਹਿਬ, ਜ਼ਿਆਦਾ ਨਾ ਕਹਿੰਦਾ ਹੋਇਆ ਇਤਨਾ ਹੀ ਕਹਿ ਕੇ ਬੈਠ ਜਾਂਦਾ ਹਾਂ ਕਿ ਐਡਮਨਿਸਟਰੇਸ਼ਨ ਵਾਸਤੇ ਜੋ ਕੁਝ ਵੀ ਰੱਖਿਆ ਗਿਆ ਹੈ ਇਹ ਬਿਲਕੁਲ ਜਾਇਜ਼ ਹੀ ਨਹੀਂ ਸਗੋਂ ਘੱਟ ਹੈ। ਸਾਨੂੰ ਇਸ ਵਾਸਤੇ ਹੋਰ ਵਧੇਰੇ ਫੰਡ ਦੇਣੇ ਚਾਹੀਦੇ ਹਨ।

ਸਰਦਾਰ ਧੰਨਾ ਸਿੰਘ ਗੁਲਸ਼ਨ (ਨਥਾਨਾ, ਐਸ. ਸੀ.) : ਸਪੀਕਰ ਸਾਹਿਬ, ਅੱਜ ਜਨਰਲ ਐਡਮਨਿਸਟਰੇਸ਼ਨ ਅਤੇ ਲੇਬਰ ਤੇ ਬਹਿਸ ਹੋਈ ਹੈ। ਪਰ ਮੇਰਾ ਖਿਆਲ ਹੈ ਕਿ ਦੇਸ਼ ਵਿਚ ਗਰੀਬੀ ਵਧਦੀ ਜਾ ਰਹੀ ਹੈ। ਇਸ ਗਰੀਬੀ ਦਾ ਅਸਰ ਇਸ ਸੂਬੇ ਤੇ ਬਹੁਤ ਹੀ ਜ਼ਿਆਦਾ ਪਿਆ ਹੈ। ਕਿਸਾਨ ਦੀ ਜਿਨਸ ਦੀ ਜਿਤਨੀ ਪੈਦਾਵਾਰ ਹੈ ਉਹ ਘਟਦੀ ਜਾ ਰਹੀ ਹੈ। ਇਸ ਮਹਿੰਗਾਈ ਦਾ ਸ਼ਿਕਾਰ ਖੇਤ ਮਜ਼ਦੂਰ ਅਤੇ ਉਦਯੋਗ ਮਜ਼ਦੂਰ ਹੋ ਰਿਹਾ ਹੈ। ਐਡਮਨਿਸਟਰੇਸ਼ਨ ਦਾ ਹਾਲ ਇਹ ਹੈ ਕਿ ਦਫਤਰ ਦਾ ਸਾਰਾ ਢਾਂਚਾ ਉਖੜ ਗਿਆ ਹੈ, ਗਰੀਬਾਂ ਦੀ ਹਾਲਤ ਬਾਰੇ ਇਕ ਥਾਂ ਲਿਖਿਆ ਹੈ—

ਇਹ ਨਈਆ ਚਲਦੀ ਲਗੀ ਕਿਨਾਰੇ, ਨੰਗ ਭੁੱਖ ਇਸ ਦੇਸ਼ ਵਿਚ ਆ ਗਈ,
ਹੁਣ ਤਾਂ ** ** ** ਤੇਰੇ ਇਹ ਝੂਠੇ ਨਾਹਰੇ।

**Not recorded expunged as ordered by the Chair.

ਸ੍ਰੀ ਗੁਰਦਿਆਲ ਸੈਣੀ : ਜਦੋਂ ਅਸੀਂ ਕਿਸੇ ਦਾ ਨਾਉਂ ਲੈਂਦੇ ਹਾਂ, ਸਪੀਕਰ ਸਾਹਿਬ, ਤੁਸੀਂ ਉਸੇ ਵਕਤ ਕਟਵਾ ਦਿੰਦੇ ਹੋ, ਇਨ੍ਹਾਂ ਨੇ ** ** ** ਦਾ ਨਾਉਂ ਕਵਿਤਾ ਵਿਚ ਲਿਆਂਦਾ ਹੈ, ਇਹ ਕਟਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਜੇ ਕਵਿਤਾ ਵਿਚ ** ** ਦਾ ਨਾਉਂ ਆਇਆ ਹੈ ਤਾਂ ਇਹ ਰਿਕਾਰਡ ਨਾ ਕੀਤਾ ਜਾਵੇ । (The name of ** used in the couplet should not be recorded).

ਸਰਦਾਰ ਧੰਨਾ ਸਿੰਘ ਗੁਲਸ਼ਨ : ਫੇਰ ਜਦੋਂ ਕੋਈ ਵੱਡਾ ਸਰਮਾਏਦਾਰ ਫਸ ਜਾਂਦਾ ਹੈ, ਜਿਵੇਂ ਪਿੱਛੇ ਜਿਹੇ 6 ਘਿਓ ਦੇ ਟੀਨ ਗਰੀਸ ਦੇ ਮਿਲੇ ਹੋਏ ਪਕੜੇ ਗਏ ਸੀ, ਪਰ ਜਦੋਂ ਆਪਸ ਵਿਚ ਲੈਣ ਦੇਣ ਦਾ ਸੌਦਾ ਹੋ ਗਿਆ ਤਾਂ ਕੇਸ ਹੀ ਵਾਪਿਸ ਲੈ ਲਿਆ । ਬਹਾਨਾ ਇਹ ਲਾਇਆ ਕਿ ਫੂਡ ਕੰਟਰੋਲਰ ਕਹਿੰਦਾ ਹੈ ਇਹ ਤਾਂ ਪਹਿਲਾਂ ਹੀ ਮੇਰੇ ਸਟਾਕ ਵਿਚ ਦਰਜ ਸੀ । ਜਦੋਂ ਕੋਈ ਸੌਦਾ ਪੱਕਾ ਨਹੀਂ ਕਰਦਾ ਉਸ ਨੂੰ ਫੜ ਲੈਂਦੇ ਹਨ ਜਦੋਂ ਸੌਦਾ ਪੱਕਾ ਹੋ ਜਾਂਦਾ ਹੈ ਆਪੇ ਹੀ ਕੇਸ ਵਾਪਿਸ ਲੈ ਲੈਂਦੇ ਹਨ । ਇਸੇ ਤਰ੍ਹਾਂ ਮੇਰੇ ਹਲਕੇ ਵਿਚ ਖੰਡ ਦਾ ਕੇਸ ਫੜਿਆ ਪਰ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ । ਪਿੰਡ ਦਾ ਖੰਡ ਦਾ ਕੋਟਾ ਇਸ ਤਰ੍ਹਾਂ ਖੁਰਦ ਬੁਰਦ ਕੀਤਾ ਜਾਂਦਾ ਹੈ । ਇਸੇ ਤਰ੍ਹਾਂ ਅਨਾਜ ਦਾ ਹਾਲ ਹੈ, ਜੋ ਆੜ੍ਹਤੀਆ ਹੈ ਜਾਂ ਜੋ ਬਿਓਪਾਰੀ ਹੈ ਇਹ ਸਭ ਮਿਲੇ ਹੋਏ ਹਨ । ਫਸਲ ਦੇ ਮੌਕੇ ਤੇ ਕਿਸਾਨ ਕੋਲੋਂ 75 ਰੁਪਏ ਮੱਕੀ ਖਰੀਦ ਕੇ ਅੱਜ ਉਹ 150 ਰੁਪਏ ਦੇ ਹਿਸਾਬ ਵੇਚੀ ਜਾ ਰਹੀ ਹੈ । ਕਿਸਾਨ ਹਮੇਸ਼ਾਂ ਘਾਟੇ ਵਿਚ ਰਹਿੰਦਾ ਹੈ । ਇਸ ਤਰ੍ਹਾਂ ਸਰਕਾਰ ਬਲੈਕ ਕਰਦੀ ਹੈ, ਮਾਰਕਫੈਡ ਰਾਹੀਂ ਅਤੇ ਫੂਡ ਕਾਰਪੋਰੇਸ਼ਨਾਂ ਰਾਹੀਂ । ਉਹ ਕੱਚੇ ਆੜ੍ਹਤੀਆਂ ਕੋਲੋਂ, ਮਾਰਕਿਟ ਕਮੇਟੀਆਂ ਕੋਲੋਂ ਸਸਤੇ ਭਾਅ ਤੇ ਅਨਾਜ ਲੈਂਦੇ ਹਨ ਅਤੇ ਆਪ ਮਾਰਕਫੈਡ ਵਾਲੇ 108 ਰੁਪਏ ਦੇਂਦੇ ਹਨ । ਮੈਂ ਕੱਲ ਪਰਸੋਂ ਦੀ ਗੱਲ ਦੱਸਾਂ ਮੰਡੀ ਫੂਲ ਦੀ। ਉਥੇ 2 ਰੁਪਏ ਕੁਇੰਟਲ ਪਰਚੀ ਵਿਚ ਵੱਧ ਲਾਇਆ ਜਾਂਦਾ ਹੈ। 108 ਰੁਪਏ ਆਪ ਖਰੀਦ ਕੇ ਪਰਚੀ 110 ਰੁਪਏ ਦੀ ਕੱਟਦੇ ਹਨ। ਜੋ ਮਿਹਨਤ ਕਰਦਾ ਹੈ ਉਸ ਦੇ ਪੱਲੇ ਕੁਝ ਨਹੀਂ ਪੈਂਦਾ । ਇਹ ਹੋਰ ਦੀ ਹੋਰ ਸਰਮਾਇਆਦਾਰ ਖਾਈ ਜਾਂਦੇ ਹਨ । ਇਸ ਤਰ੍ਹਾਂ ਇਸ ਦੇਸ਼ ਦੀ ਗਰੀਬੀ ਦੂਰ ਨਹੀਂ ਹੋਣੀ । ਇਹ ਤਾਂ ਸਰਮਾਏਦਾਰ ਜਿਹੜਾ ਹੈ ਉਹ ਹੋਰ ਅਮੀਰ ਹੋ ਰਿਹਾ ਹੈ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ ।

ਸ੍ਰੀ ਗੁਰਦਿਆਲ ਸੈਣੀ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਆਨਰੇਬਲ ਮੈਂਬਰ ਡੀਮਾਂਡ ਦੇ ਉਪਰ ਨਹੀਂ ਬੋਲ ਰਹੇ, ਉਹ ਤਾਂ ਆਪਣੇ ਇਲਾਕੇ ਦੀਆਂ ਗੱਲਾਂ ਕਰ ਰਹੇ ਹਨ ।

ਸ੍ਰੀ ਸਪੀਕਰ : ਉਹ ਜਨਰਲ ਐਡਮਨਿਸਟਰੇਸ਼ਨ ਤੇ ਬੋਲ ਰਹੇ ਹਨ । (He is speaking on the General Administration).

ਸਰਦਾਰ ਧੰਨਾ ਸਿੰਘ ਗੁਲਸ਼ਨ : ਇਸ ਦੇਸ਼ ਦਾ ਸਭ ਤੋਂ ਵੱਡਾ ਮਾਨਯੋਗ ਅਹੁਦਾ ਜਿਹੜਾ ਹੈ ਉਹ ਰਾਸ਼ਟਰਪਤੀ ਦਾ ਹੈ, ਮੌਜੂਦਾ ਸਰਕਾਰ ਬਾਰੇ ਮੈਂ ਆਪਣੀਆਂ ਗੱਲਾਂ ਛੱਡਦਾ ਹਾਂ, ਜੋ ਉਸ ਨੇ ਇਸ ਸਰਕਾਰ ਨੂੰ ਸਰਟੀਫੀਕੇਟ ਦਿੱਤਾ ਹੈ, ਉਸ ਵਿਚੋਂ ਮੈਂ ਦੋ ਲਾਈਨਾਂ ਪੜ੍ਹ ਕੇ ਸੁਣਾਉਂਦਾ ਹਾਂ । ਉਨ੍ਹਾਂ ਨੇ ਕਿਹਾ ਹੈ ਜਨਤਾ ਇਨ੍ਹਾਂ ਦਿਨਾਂ ਵਿਚ ਜ਼ਖੀਰਾਬਾਜ਼ਾਂ ਅਤੇ ਚੋਰ ਬਜ਼ਾਰੀਆਂ ਦਾ ਸ਼ਿਕਾਰ ਬਹੁਤ ਹੋ ਰਹੀ ਹੈ । ਇਹ ਰਾਸ਼ਟਰਪਤੀ ਦੇ ਆਪਣੇ ਲਫਜ਼ ਹਨ । ਸਪੀਕਰ ਸਾਹਿਬ,

**Not recorded as ordered by the Chair.

ਇਥੇ ਹੀ ਬੱਸ ਨਹੀਂ ਕਮਿਊਨਿਸਟ ਨੇਤਾ ਸਰਦਾਰ ਅਵਤਾਰ ਸਿੰਘ ਮਲਹੋਤਰਾ ਨੇ ਵੀ ਇਕ ਬਿਆਨ ਦਿੱਤਾ ਹੈ ਕਿ ਵਰਤਮਾਨ ਸਰਕਾਰ ਦੀ ਨੀਤੀ ਦਾ ਨਤੀਜਾ ਹੈ ਕਿ ਮਹਿੰਗਾਈ ਵੱਧ ਰਹੀ ਹੈ ਇਹ ਜ਼ਿੰਮੇਵਾਰੀ ਮੌਜੂਦਾ ਸਰਕਾਰ ਤੇ ਹੈ ਕਿ ਗਰੀਬ ਹੋਰ ਪਿਸਦੇ ਜਾ ਰਹੇ ਹਨ ਉਨ੍ਹਾਂ ਨੇ ਵੀ ਇਹ ਤਾਮਰ ਪੱਤਰ ਮੌਜੂਦਾ ਸਰਕਾਰ ਨੂੰ ਦਿੱਤਾ ਹੈ ।

ਮੇਰੇ ਆਪਣੇ ਹਲਕੇ ਵਿਚ ਥਾਣਾ ਨਥਾਣਾ ਵਿਚ ਇਕ ਕਤਲ ਹੋ ਗਿਆ । ਇਨ੍ਹਾਂ ਕਾਤਲਾਂ ਨੂੰ ਛੁਡਾਉਣ ਵਾਸਤੇ ਜ਼ਿਲ੍ਹਾ ਪ੍ਰਦੇਸ਼ ਕਾਂਗਰਸ ਦਾ ਪਰਧਾਨ ਅਤੇ ਹੋਰ ਵਰਕਰ ਪਿਛੇ ਲੱਗੇ ਅਤੇ ਪੁਲਿਸ ਨੂੰ ਕਿਹਾ ਕਿ ਤੁਸੀਂ ਕੇਸ ਰਜਿਸਟਰ ਨਾ ਕਰੋ । ਇਸ ਗੱਲ ਲਈ ਉਨ੍ਹਾਂ ਨੇ ਬੇਸ਼ੁਮਾਰ ਪੈਸਾ ਖਰਚ ਕੀਤਾ । 5 ਹਜ਼ਾਰ ਰੁਪਿਆ ਤਾਂ ਆਪਸ ਵਿਚ ਵੰਡ ਲਿਆ, 10 ਹਜ਼ਾਰ ਜ਼ਿਲ੍ਹਾ ਕਾਂਗਰਸ ਪ੍ਰਧਾਨ ਨੂੰ ਦਿੱਤਾ, 10 ਹਜ਼ਾਰ ਰੁਪਿਆ ਬਲਾਕ ਸੰਮਤੀ ਦੇ ਕੋਲ ਹੁਣ ਵੀ ਮੌਜੂਦ ਹੈ, 10 ਹਜ਼ਾਰ ਰੁਪਿਆ ਪਿੰਡ ਸਿਖਵਾਲੇ ਕਿਸੇ ਨੂੰ ਦਿੱਤਾ । ਇਸ ਤਰ੍ਹਾਂ ਦੀ ਇਸ ਸਰਕਾਰ ਦੀ ਹਾਲਤ ਹੈ ।

ਇਕ ਗੱਲ ਹੋਰ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿੰਡ ਬਲੋਹ ਵਿਚ ਅੱਠ ਮਹੀਨੇ ਹੋ ਗਏ ਹਨ ਥਾਨੇ ਫੂਲ ਵਿਚ ਲਿਜਾਕੇ ਮਿੰਨਾ ਸਿੰਘ ਨੂੰ ਕਤਲ ਕਰ ਦਿੱਤਾ ਗਿਆ । ਡੀ. ਸੀ. ਨੂੰ ਇਨਕੁਆਇਰੀ ਸਪੁਰਦ ਕੀਤੀ ਗਈ ਅਤੇ ਉਹਦੀ ਇਨਕੁਆਇਰੀ ਤੋਂ ਸਾਬਤ ਹੋ ਗਿਆ ਕਿ ਉਹ ਥਾਨੇ ਵਿਚ ਹੀ ਮਰ ਗਿਆ । ਥਾਨੇਦਾਰ ਦਨਦਨਾਉਂਦਾ ਫਿਰਦਾ ਹੈ ਅਤੇ ਉਸ ਤੇ ਕੋਈ ਐਕਸ਼ਨ ਨਹੀਂ ਲਿਆ ਗਿਆ ਹੈ । ਚੰਡੀਗੜ੍ਹ ਤੋਂ ਕੋਈ ਨਾ ਕੋਈ ਤਾਰ ਹਿਲਦੀ ਹੈ । ਇਸ ਗੱਲ ਦਾ ਮੈਨੂੰ ਪਤਾ ਨਹੀਂ ਕਿ ਚੀਫ ਮਨਿਸਟਰ ਤੋਂ ਇਹ ਤਾਰ ਹਿਲਦੀ ਹੈ ਜਾਂ ਆਈ. ਜੀ. ਪੀ. ਤੋਂ ਇਹ ਤਾਰ ਹਿਲਦੀ ਹੈ । ਲੋਕਾਂ ਦੀ ਜਾਨੋਮਾਲ ਦੀ ਕੌਣ ਰਾਖੀ ਕਰੇਗਾ । ਇਹ ਐਡਮਨਿਸਟਰੇਸ਼ਨ ਦਾ ਹਾਲ ਹੈ । (ਵਿਘਨ)

EXTENSION OF TIME OF THE SITTING

ਸ੍ਰੀ ਸਪੀਕਰ : ਕਿਉਂਕਿ ਸੀ. ਐਮ. ਸਾਹਿਬ ਨੇ ਵੀ ਬੋਲਣਾ ਹੈ, ਇਸ ਲਈ ਸਮੇਂ ਦੀ ਹੋਰ ਲੋੜ ਹੈ । ਇਸ ਵਾਸਤੇ 45 ਮਿੰਟਾਂ ਲਈ ਹਾਊਸ ਦਾ ਸਮਾਂ ਹੋਰ ਵਧਾ ਦਿੱਤਾ ਜਾਂਦਾ ਹੈ । ਕੀ ਇਹ ਹਾਊਸ ਦੀ ਮਰਜ਼ੀ ਹੈ?

(ਅਵਾਜ਼ਾਂ : ਹਾਂ ਜੀ, ਹਾਂ ਜੀ ।)

ਹਾਊਸ ਦਾ ਸਮਾਂ 45 ਮਿੰਟਾਂ ਲਈ ਹੋਰ ਵਧਾਇਆ ਜਾਂਦਾ ਹੈ । (Since the Chief Minister also has to speak, more time is required. If agreed the sitting of the House may be extended by 45 minutes more. Is it the pleasure of the House ?

(Voice : yes, yes).

The time of the sitting of the House is extended by 45 minutes more.)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, (ਵਿਘਨ) ।

ਸਰਦਾਰ ਜਸਦੇਵ ਸਿੰਘ ਸੰਧੂ : ਇਹ ਅੱਗੇ ਵੀ ਕਈ ਵਾਰ ਆਪਣੇ ਖਿਆਲਾਂ ਦਾ ਇਜ਼ਹਾਰ ਕਰ ਚੁਕੇ ਹਨ । ਇਨ੍ਹਾਂ ਨੂੰ ਅਕਾਮੋਡੇਟ ਕਰਨ ਵਾਸਤੇ ਟਾਈਮ ਨਹੀਂ ਵਧਾਉਣਾ ਚਾਹੀਦਾ ਹੈ ।

[ਸਰਦਾਰ ਜਸਦੇਵ ਸਿੰਘ ਸੰਧੂ]

ਡਾਕਟਰ ਸਾਹਿਬ ਕਈ ਵਾਰੀ ਕਹਿ ਚੁੱਕੇ ਹਨ । ਇਨ੍ਹਾਂ ਨੂੰ ਹੋਰ ਟਾਈਮ ਨਹੀਂ ਦੇਣਾ ਚਾਹੀਦਾ । ਸੀ. ਐਮ. ਸਾਹਿਬ ਨੂੰ ਟਾਈਮ ਦਿਉ । ਸਾਡੇ ਮੈਂਬਰਾਂ ਨੂੰ ਟਾਈਮ ਦਿਉ ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਕਿੰਨਾ ਟਾਈਮ ਲਉਗੇ । (Doctor Sahib, how much time will you take?)

ਡਾਕਟਰ ਅਮੀਰ ਸਿੰਘ ਕਲਕਟ : ਪੰਜ ਮਿੰਟ ਜੀ । ਮੈਂ ਤਾਂ ਬਜਟ ਤੇ ਬੋਲਿਆ ਨਹੀਂ ਹਾਂ।

ਸ਼੍ਰੀ ਸਪੀਕਰ : ਪੰਜ ਮਿੰਟ ਲਈ ਰੈਲੇਵੈਂਟ ਬੋਲੋ । (You may speak for five minutes but please be relevant.)

ਕਾਮਰੇਡ ਜੰਗੀਰ ਸਿੰਘ ਜੋਗਾ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਅਸੀਂ ਸਾਰੇ ਦਸ ਮਿੰਟ ਲਏ ਸੀ। ਕਿਉਂਕਿ ਹੁਣ ਵਕਤ ਵਧਾ ਦਿੱਤਾ ਗਿਆ ਹੈ, ਇਸ ਲਈ ਪੰਜ ਮਿੰਟ ਸਾਨੂੰ ਦਿਉ।

ਸ਼੍ਰੀ ਸਪੀਕਰ : ਪੰਜ ਮਿੰਟ ਤੁਹਾਨੂੰ ਦੇ ਦਿਆਂਗੇ। (Five minutes will also be given to you.)

DEMANDS FOR GRANTS (*Resumption of Discussion*)

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਮੈਂ ਵਧਾਈ ਦਿੰਦਾ ਹਾਂ ਕਿਉਂਕਿ ਇਨ੍ਹਾਂ ਨੇ ਆਨੰਦਪੁਰ ਸਾਹਿਬ ਵਿਖੇ ਮਿਲਟਰੀ ਸਕੂਲ/ਕਾਲਜ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਨੂੰ ਵੀ ਇਸ ਗਲ ਲਈ ਮੁਬਾਰਕਬਾਦ ਦੇਣੀ ਚਾਹੀਦੀ ਸੀ। ਇਹ ਸਿੱਖ ਧਰਮ ਨੂੰ ਭੁੱਲ ਗਏ ਹਨ। ਪਹਿਲਾਂ ਬੋਲਦਿਆਂ ਮੈਂ ਕਿਹਾ ਸੀ ਕਿ ਹਰੀਜਨਾਂ ਲਈ ਇਨ੍ਹਾਂ ਨੇ ਕਰਾਕੋਡਾਈਲ ਟੀਅਰਜ਼ ਸਿੱਟੇ ਸ਼ੀ। ਮੈਂ ਇਨ੍ਹਾਂ ਦੀ ਤਸੱਲੀ ਕਰਾ ਦਿੱਤੀ ਸੀ। ਤੁਸੀਂ ਹਰੀਜਨਾਂ ਲਈ ਕੁਝ ਨਹੀਂ ਚਾਹੁੰਦੇ ਅਤੇ ਨਾ ਹੀ ਮੰਗਦੇ ਹੋ।

ਸਪੀਕਰ ਸਾਹਿਬ, ਸੰਧੂ ਸਾਹਿਬ ਨੇ ਬੋਲਦਿਆਂ ਕਿਹਾ ਕਿ ਇਥੇ ਟਾਪ ਹੈਵੀ ਐਡਮਨਿਸਟਰੇਸ਼ਨ ਹੈ। ਮੈਂ ਐਨੀ ਹੀ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਅਫਸਰ ਵਧੇ ਹਨ ਇਹ ਇਨ੍ਹਾਂ ਦੇ ਰਿਜੀਮ ਤੋਂ ਹੀ ਵਧੇ ਹਨ। ਇਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਅਕਾਮੋਡੇਟ ਕਰਨ ਲਈ ਪੋਸਟਾਂ ਅਨ-ਨਸੈਸਰੀਲੀ ਕ੍ਰੀਏਟ ਕਰਾਈਆਂ ਅਤੇ ਇਸ ਦਾ ਬਰਡਨ ਹੁਣ ਸਾਡੀ ਸਰਕਾਰ ਨੂੰ ਚੁਕਣਾ ਪੈ ਰਿਹਾ ਹੈ। (ਵਿਘਨ) ਅਸੀਂ ਹਿੰਦੁਸਤਾਨੀ ਹਾਂ, ਪੰਜਾਬੀ ਹਾਂ ਸਾਨੂੰ ਬਹਾਦਰੀ ਨਾਲ ਜੋ ਗੌਰਮਿੰਟ ਦੇ ਡਿਸੀਜ਼ਨਜ਼ ਹੋਣ, ਉਨ੍ਹਾਂ ਨੂੰ ਲਾਗੂ ਕਰਨਾ ਚਾਹੀਦਾ ਹੈ । ਸਾਡੇ ਲੀਡਰ ਹਰ ਇਕ ਨਾਲ ਗਲਬਾਤ ਕਰਦੇ ਹਨ। ਮੈਂ ਬੜਾ ਹੈਰਾਨ ਹੋਇਆ ਸੀ ਜਦੋਂ ਇਨ੍ਹਾਂ ਨੇ ਕੇ.ਪੀ. ਸਾਹਿਬ ਨੂੰ ਕਿਹਾ ਸੀ ਕਿ ਤੂੰ ਮੇਰੇ ਨਾਲ ਲੜ, ਮੈਂ ਚਾਹੁੰਦਾ ਹਾਂ। ਅੱਜ ਸਰਕਾਰ ਦੀ ਐਡਮਨਿਸਟਰੇਸ਼ਨ ਬੜੀ ਸਾਊਂਡ ਹੈ, ਪੁਲਿਸ ਬੜਾ ਅੱਛਾ ਕੰਮ ਕਰ ਰਹੀ ਹੈ । ਇਹ ਜ਼ਰੂਰ ਕਹਾਂਗਾ ਕਿ ਸ਼ਾਰਟਕਮਿੰਗਜ਼ ਹੁੰਦੀਆਂ ਹਨ । ਲੇਕਿਨ ਉਸ ਲਈ ਸਾਨੂੰ ਸਰਕਾਰ ਨੂੰ ਕਦੇ ਵੀ ਬਲੇਮ ਨਹੀਂ ਕਰਨਾ ਚਾਹੀਦਾ । ਮੈਂ ਕਦੇ ਕਿਸੇ ਵਜ਼ੀਰ ਨੂੰ ਆਪਣੇ ਕੰਮ ਲਈ ਨਹੀਂ ਕਿਹਾ । ਜੇ ਕਿਹਾ ਵੀ ਤਾਂ ਹੋਇਆ ਨਹੀਂ। (ਵਿਘਨ) ਡਿਸਟ੍ਰਿਕਟ ਐਡਮਨਿਸਟਰੇਸ਼ਨ ਦੇ ਨੌਜਵਾਨ ਅਫ਼ਸਰ ਚੰਗੇ ਕੰਮ ਕਰ ਰਹੇ ਹਨ। ਜਿੰਨੀ ਡਿਵੈਲਪਮੈਂਟ ਪੰਜਾਬ ਵਿਚ ਹੋਈ ਹੈ ਉਨੀ ਹੋਰ ਕਿਸੇ ਸੂਬੇ ਵਿਚ ਨਹੀਂ ਹੋਈ । (ਵਿਘਨ) (ਸ਼ੋਰ)

(*Interruptions by some Members*)

I am not afraid of all these persons. I abuse them every day.

(*Interruptions and noise in the House*)

ਸਰਦਾਰ ਕਰਨੈਲ ਸਿੰਘ ਮਰੜ੍ਹੀ : ** ** **

ਡਾਕਟਰ ਅਮੀਰ ਸਿੰਘ ਕਲਕਟ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਇਹ ਮਰੜ੍ਹੀ ਸਾਹਿਬ ਅਤੇ ਡਾਕਟਰ ਸਾਹਿਬ ਨੇ ਕਿਹਾ ਹੈ, ਇਹ ਰਿਕਾਰਡ ਨਾ ਕੀਤਾ ਜਾਏ। (Whatever Marhari Sahib and Doctor Sahib have said should not be recorded.)

ਡਾਕਟਰ ਅਮੀਰ ਸਿੰਘ ਕਲਕਟ : ਸਾਡੇ ਜਿਹੜੇ ਅਫ਼ਸਰ ਹਨ, ਡਿਪਟੀ ਕਮਿਸ਼ਨਰ ਹਨ, ਉਨ੍ਹਾਂ ਸਾਰਿਆਂ ਅਫ਼ਸਰਾਂ ਨੂੰ ਹਦਾਇਤ ਹੋਣੀ ਚਾਹੀਦੀ ਹੈ ਕਿ ਹਰੀਜਨ ਜੰਝ ਘਰਾਂ ਵਿਚ ਜਾ ਕੇ ਪਿੰਡਾਂ ਵਿਚ ਠਹਿਰਿਆ ਕਰਨ। ਉਥੇ ਉਨ੍ਹਾਂ ਦੀਆਂ ਤਕਲੀਫਾਂ ਨੂੰ ਸੁਣਿਆ ਜਾਇਆ ਕਰੇ ਅਤੇ ਦੂਰ ਕਰਨ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ। ਇਹ ਸਾਡੇ ਡੀ.ਸੀ., ਐਸ.ਡੀ.ਓ., ਤਹਿਸੀਲਦਾਰਾਂ ਵਿਚ ਹਾਲੇ ਇਹ ਪ੍ਰਥਾ ਨਹੀਂ ਬਣੀ ਹੈ। (ਵਿਘਨ)

ਸ੍ਰੀ ਸਪੀਕਰ : ਬੈਠੋ। (Please resume your seat.)

ਡਾਕਟਰ ਅਮੀਰ ਸਿੰਘ ਕਲਕਟ : ਦੋ ਮਿੰਟ ਹੋਰ ਲੈਣੇ ਹਨ। ਸਾਡੇ ਵਜ਼ੀਰ ਸਾਹਿਬਾਨ ਵੀ ਹਰੀਜਨਾਂ ਦੇ ਘਰਾਂ ਵਿਚ ਠਹਿਰਣਗੇ। ਇਹ ਸਾਡੀ ਕਾਂਗਰਸ ਸਰਕਾਰ, ਭਾਈ ਲਾਲੋ ਦੀ ਸਰਕਾਰ ਹੈ। ਇਹ ਠੀਕ ਕੰਮ ਕਰ ਰਹੀ ਹੈ। ਇਨ੍ਹਾਂ ਨੇ (ਅਕਾਲੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਕੁਰੱਪਸ਼ਨ ਲਿਆਂਦੀ, ਇਨ੍ਹਾਂ ਨੇ, ਹਰ ਇਕ ਨੇ, ਜ਼ਮੀਰ ਵੇਚੀ, ਆਪਣਾ ਧਰਮ ਵੇਚਿਆ। (ਵਿਘਨ)

ਗਿਆਨੀ ਕੁੰਦਨ ਸਿੰਘ ਪਤੰਗ (ਭਦੌੜ): ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜੇ ਗਹੁ ਨਾਲ ਵੇਖਿਆ ਜਾਵੇ ਤਾਂ ਹੁਣ ਸਭ ਤੋਂ ਵਧ ਕਤਲ ਹੋਏ ਹਨ, ਸਭ ਤੋਂ ਵਧ ਡਾਕੇ ਹੁਣ ਪਏ ਹਨ ਅਤੇ ਧੀਆਂ ਅਤੇ ਭੈਣਾਂ ਦੀ ਇੱਜ਼ਤ ਮਹਿਫੂਜ਼ ਨਹੀਂ ਹੈ। ਅੱਜ ਦੀਆਂ ਅਖਬਾਰਾਂ ਸਰਕਾਰ ਕੋਲ ਜਾਂਦੀਆਂ ਹਨ ਅਤੇ ਆਮ ਜਨਤਾ ਵਿਚ ਵੀ ਜਾਂਦੀਆਂ ਹਨ। ਇਸ ਲਈ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਚੰਗਾ ਪਰਬੰਧ ਕਰਨਾ ਚਾਹੀਦਾ ਹੈ।

ਪਿਛੇ ਜਿਹੇ ਯੂ.ਪੀ. ਦੀਆਂ ਇਲੈਕਸ਼ਨਾਂ ਵਾਸਤੇ ਅਫ਼ਸਰਾਂ ਨੂੰ ਕਿਹਾ ਗਿਆ ਕਿ ਚੰਦਾ ਇਕੱਠਾ ਕਰਕੇ ਦਿੱਤਾ ਜਾਵੇ। ਜਿਸ ਨੇ ਚੰਦਾ ਇਕੱਠਾ ਕਰਕੇ ਨਹੀਂ ਦਿੱਤਾ ਉਸ ਨੂੰ ਉਸ ਥਾਂ ਤੇ ਨਹੀਂ ਰਹਿਣ ਦਿੱਤਾ ਅਤੇ ਉਸ ਨੂੰ ਟ੍ਰਾਂਸਫਰ ਕਰ ਦਿੱਤਾ ਗਿਆ। (ਵਿਘਨ)

ਸ੍ਰੀ ਸਪੀਕਰ : ਪਤੰਗ ਸਾਹਿਬ, ਬੀ ਰੈਲੇਵੈਂਟ। ਡਿਮਾਂਡ ਤੇ ਹੀ ਬੋਲੋ। (Patang Sahib, please be relevant and speak on the demand.)

ਗਿਆਨੀ ਕੁੰਦਨ ਸਿੰਘ ਪਤੰਗ : ਇਸ ਸਬੰਧ ਵਿਚ ਮੈਂ ਮਿਸਾਲ ਦਿੰਦਾ ਹਾਂ। ਪੰਜਾਬ ਦਾ ਆਬਕਾਰੀ ਕਮਿਸ਼ਨਰ, ਇਸ ਨੇ ਚੰਦਾ ਇਕੱਠਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਉਸ ਥਾਂ ਤੇ ਨਹੀਂ ਰਹਿਣ ਦਿੱਤਾ।

ਉਸ ਦੇ ਬਾਅਦ ਮੈਂ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਦਫ਼ਤਰਾਂ ਦੇ ਵਿਚ ਇਹ ਵੱਡੇ ਵੱਡੇ ਅਫ਼ਸਰ ਹਨ, ਡੀ.ਸੀ. ਹਨ ਜਾਂ ਐਸ.ਪੀ. ਹਨ ਜਿਨ੍ਹਾਂ ਨੂੰ ਸਰਕਾਰ ਨੇ ਪਬਲਿਕ ਦੀ ਸੇਵਾ ਕਰਨ ਵਾਸਤੇ ਉਨ੍ਹਾਂ ਦੀਆਂ ਤਕਲੀਫਾਂ ਸੁਣਨ ਵਾਸਤੇ ਉਥੇ ਲਗਾਇਆ ਹੈ ਉਹ 11 ਵਜੇ ਦਫ਼ਤਰ ਆਉਂਦੇ ਹਨ ਅਤੇ ਸਾਢੇ 12 ਵਜੇ ਘਰ ਚਲੇ ਜਾਂਦੇ ਹਨ ਅਤੇ ਫਿਰ ਉਹ ਦਫ਼ਤਰ ਵਿਚ ਨਹੀਂ ਆਉਂਦੇ। (ਵਿਘਨ) (ਸਰਦਾਰ ਉਮਰਾਓ ਸਿੰਘ ਵਲੋਂ ਵਿਘਨ) ਇਹ ਅਕਾਲੀਆਂ ਦੇ ਪੁੱਤ ਹਨ। (ਵਿਘਨ) ਸਾਢੇ 12 ਵਜੇ ਉਹ ਅਫ਼ਸਰ ਘਰੀਂ ਜਾ ਬੈਠਦੇ ਹਨ ਅਤੇ ਫਿਰ ਕਿਸੇ ਨੂੰ ਮਿਲਦੇ ਨਹੀਂ ਹਨ।

**Not recorded as ordered by the Chair.

ਸਰਦਾਰ ਦਰਬਾਰਾ ਸਿੰਘ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਪਤੰਗ ਜੀ ਨੇ ਇਹ ਜਿਹੜਾ ਸ਼ਬਦ ਵਰਤਿਆ ਹੈ ਕਿ ਉਹ ਅਕਾਲੀਆਂ ਦੇ ਪੁੱਤ ਹਨ, ਕੀ ਇਹ ਠੀਕ ਹੈ।

ਮਾਲ ਅਤੇ ਚੋਣ ਮੰਤਰੀ : ਪੁਆਇੰਟ ਆਫ ਆਰਡਰ, ਸਰ। ਇਨ੍ਹਾਂ ਅਕਾਲੀਆਂ ਨਾਲ ਸਾਡਾ ਕਿਸੇ ਦਾ ਤੁਅੱਲਕ ਨਹੀਂ ਹੈ। (ਵਿਘਨ)

ਗਿਆਨੀ ਕੁੰਦਨ ਸਿੰਘ ਪਤੰਗ: ਇਹ ਸਾਡੇ ਘਰੋਂ ਰੁੱਸਕੇ ਨਿਕਲ ਗਏ ਹਨ। (ਹਾਸਾ) (ਵਿਘਨ) ਅਸੀਂ ਇਨ੍ਹਾਂ ਦਾ ਕੀ ਕਰੀਏ। ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਅਫ਼ਸਰ ਸਾਢੇ ਬਾਰਾਂ ਵਜੇ ਆਪਣੀਆਂ ਕੋਠੀਆਂ ਵਿਚ ਜਾ ਵੜਦੇ ਹਨ ਅਤੇ ਫਿਰ ਉਹ ਦਫ਼ਤਰ ਵਿਚ ਨਹੀਂ ਬੈਠਦੇ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਜਨਤਾ ਦੀ ਸੇਵਾ ਕਰਨ ਵਾਸਤੇ ਉਹ ਸਹੀ ਟਾਈਮ ਤੇ ਦਫ਼ਤਰ ਆਉਣ ਅਤੇ ਬਿਲਕੁਲ ਸਹੀ ਟਾਈਮ ਅਤੇ ਟਾਈਮ ਓਵਰ ਹੋਣ ਤੇ ਆਪਣੇ ਘਰ ਜਾਣ ਅਤੇ ਦਫ਼ਤਰ, ਦੇ ਟਾਈਮ ਕੋਠੀਆਂ ਵਿਚ ਨਾ ਰਹਿਣ। ਜਦ ਉਹ ਘਰ ਜਾਂਦੇ ਹਨ ਤਾਂ ਉਥੇ ਕੋਈ ਜਾ ਨਹੀਂ ਸਕਦਾ ਪਰ ਜੇ ਕੋਈ ਜਾਂਦਾ ਵੀ ਹੈ ਤਾਂ ਉਥੇ ਉਨ੍ਹਾਂ ਦੇ ਕੁੱਤੇ ਰੱਖੇ ਹੁੰਦੇ ਹਨ ਉਨ੍ਹਾਂ ਤੋਂ ਡਰਦੇ ਮਾਰੇ ਉਥੇ ਉਨ੍ਹਾਂ ਦੀਆਂ ਕੋਠੀਆਂ ਵਿਚ ਕੋਈ ਨਹੀਂ ਵੜਦਾ। ਇਸ ਲਈ ਅਜਿਹੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ।

ਹੁਣ ਮੈਂ ਕਰੱਪਸ਼ਨ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਅਫ਼ਸਰਾਂ ਨੂੰ ਤਾਂ ਮੈਂ ਕਹਿਣਾ ਚੰਗਾ ਨਹੀਂ ਸਮਝਦਾ। ਜਦ ਸਾਡੇ ਐਮ. ਐਲ. ਏ. ਜਿਨ੍ਹਾਂ ਦੇ ਕੋਲ ਪਾਟੇ ਪਜਾਮੇ ਹੁੰਦੇ ਸਨ ਅੱਜ ਉਨ੍ਹਾਂ ਕੋਲ ਕਾਰਾਂ ਹਨ, ਉਨ੍ਹਾਂ ਕੋਲ ਸਕੂਟਰ ਅਤੇ ਮੋਟਰ ਸਾਈਕਲ ਹਨ ਤਾਂ ਅਫ਼ਸਰਾਂ ਨੂੰ ਕੀ ਕਿਹਾ ਜਾ ਸਕਦਾ ਹੈ। ਮੈਂ ਕੁਰੱਪਸ਼ਨ ਦਾ ਜ਼ਿਕਰ ਕਰ ਰਿਹਾ ਸੀ...... (ਵਿਘਨ)

ਸ੍ਰੀ ਸਪੀਕਰ : ਇਹ ਜਿਹੜੇ ਰਿਮਾਰਕਸ ਹਨ, ਇਹ ਠੀਕ ਨਹੀਂ ਹਨ। (These remarks by the hon. Member are not in good taste.)

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਇਹ ਮੈਂ ਸਾਰਿਆਂ ਨੂੰ ਨਹੀਂ ਕਿਹਾ। (ਵਿਘਨ) ਮੈਂ ਸਰਦਾਰ ਗੁਰਦਰਸ਼ਨ ਸਿੰਘ ਨੂੰ ਕਿਵੇਂ ਕਹਾਂਗਾ ਜਿਹੜੇ ਪਹਿਲਾਂ ਹੀ ਰਿਆਸਤ ਦੇ ਮਾਲਕ ਹਨ। (ਵਿਘਨ) ਜਿਸ ਬਾਰੇ ਮੈਂ ਕਹਿੰਦਾ ਹਾਂ ਉਸ ਦੀ ਪੜਤਾਲ ਕਰਵਾ ਲਵੋ ਅਤੇ ਬੇਸ਼ੱਕ ਮੇਰੀ ਵੀ ਕਰਵਾ ਲਵੋ ਆਪੇ ਹੀ ਪਤਾ ਚੱਲ ਜਾਵੇਗਾ। ਮੈਂ 1967 ਤੋਂ ਮੈਂਬਰ ਬਣਕੇ ਆਇਆ ਹਾਂ ਅਤੇ ਉਸ ਨੂੰ 1972 ਤੋਂ ਮੈਂਬਰੀ ਮਿਲੀ ਹੈ। ਤੁਸੀਂ ਆਪ ਹੀ ਪੜਤਾਲ ਕਰਵਾ ਕੇ ਦੇਖ ਲਵੋ ਤੁਹਾਨੂੰ ਪਤਾ ਲੱਗ ਜਾਵੇਗਾ। ਇਥੇ ਸਰਦਾਰ ਧੰਨਾ ਸਿੰਘ ਗੁਲਸ਼ਨ ਨੇ ਰਾਸ਼ਟਰਪਤੀ ਦੀ ਤਕਰੀਰ ਪੜ੍ਹਕੇ ਸੁਣਾਈ ਸੀ। (ਘੰਟੀ) (ਵਿਘਨ) ਸਪੀਕਰ ਸਾਹਿਬ, ਇਹ ਕੁਰੱਪਸ਼ਨ ਬਹੁਤ ਹੈ। ਹੁਣ ਮੈਂ ਰਾਜ ਪ੍ਰਬੰਧ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। (ਡਾਕਟਰ ਅਮੀਰ ਸਿੰਘ ਵਲੋਂ ਵਿਘਨ) ਇਹ ਉਨ੍ਹਾਂ ਡਾਕਟਰਾਂ ਵਿਚੋਂ ਹੈ ਜਿਨ੍ਹਾਂ ਦੀ ਲੱਤ ਨਹੀਂ, ਹੱਥ ਨਹੀਂ ਅਤੇ ਮੱਤ ਨਹੀਂ। (ਵਿਘਨ) (ਹਾਸਾ)

ਡਾਕਟਰ ਅਮੀਰ ਸਿੰਘ ਕਲਕਟ : ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਇਨ੍ਹਾਂ ਨੇ ਕੋਈ ਗ਼ਦਰ ਪਰੈਸ ਦਾ ਪੇਪਰ ਲੈ ਆਂਦਾ ਹੈ, ਇਸ ਲਈ ਇਨ੍ਹਾਂ ਤੇ ਇਤਬਾਰ ਨਹੀਂ ਕਰਨਾ ਚਾਹੀਦਾ।

ਸ੍ਰੀ ਸਪੀਕਰ : ਤੁਸੀਂ ਬੈਠ ਜਾਓ। (Please resume your seat)

ਗਿਆਨੀ ਕੁੰਦਨ ਸਿੰਘ ਪਤੰਗ : ਜਿਨ੍ਹਾਂ ਚਿਰ ਦਾਣੇ ਕਿਸਾਨ, ਜ਼ਿਮੀਂਦਾਰ ਦੇ ਘਰ ਰਹੇ ਉਤਨਾ ਚਿਰ ਤਾਂ ਉਹ ਸਸਤੇ ਰਹੇ ਪਰ ਜਦ ਉਹ ਵਿਉਪਾਰੀ ਦੇ ਘਰ ਚਲੇ ਗਏ ਅਤੇ ਸਰਕਾਰ ਦੇ ਕੋਲ ਚਲੇ ਗਏ ਤਾਂ ਫਿਰ ਹੁਣ ਉਸ ਦੇ ਕਿਤਨੇ ਭਾਅ ਚੜ੍ਹ ਗਏ ਅਤੇ ਪਿੰਡਾਂ ਵਿਚ ਗਰੀਬਾਂ ਨੂੰ ਦਾਣੇ ਨਹੀਂ ਮਿਲਦੇ। ਹੁਣ ਮਹਿੰਗਾਈ ਬਹੁਤ ਹੋ ਗਈ ਹੈ। ਜਿਹੜੇ ਗਰੀਬ ਮੇਰੇ ਵਰਗੇ ਹਨ ਜਿਨ੍ਹਾਂ ਦੇ ਕੋਲ ਜ਼ਮੀਨ ਕੋਈ ਨਹੀਂ ਹੈ ਉਹ ਵਿਚਾਰੇ ਕੀ ਕਰਨ। ਮੈਂ ਸਾਰੇ ਵਜ਼ੀਰਾਂ ਨੂੰ ਬੇਨਤੀ ਕਰਾਂਗਾ ਕਿ ਜਿਸ ਵੇਲੇ ਇਥੋਂ ਹਾਊਸ ਖ਼ਤਮ ਹੋ ਜਾਇਆ ਕਰੇ ਤਾਂ ਸਾਰੇ ਆਪਣੀਆਂ ਕਾਰਾਂ ਲੈ ਕੇ ਹਰ ਇਕ ਪੈਟਰੋਲ ਪੰਪ ਤੇ ਦਰਸ਼ਨ ਦੇ ਕੇ ਆਇਆ ਕਰਨ। ਇਹ ਮੁੜਕੇ ਝੰਡੀ ਵਾਪਿਸ ਲੈ ਕੇ ਆ ਗਏ ਤਾਂ ਫਿਰ ਦੱਸਣਾ। (ਹਾਸਾ) (ਵਿਘਨ)

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ) : ਸਪੀਕਰ ਸਾਹਿਬ, ਜਿਨ੍ਹਾਂ ਡੀਮਾਂਡਜ਼ ਤੇ ਬਹਿਸ ਹੋ ਰਹੀ ਹੈ, ਮੈਂ ਹਾਊਸ ਦਾ ਧਿਆਨ ਉਸ਼ ਪਾਸੇ ਨਹੀਂ ਲਿਜਾਣਾ ਚਾਹੁੰਦਾ। ਸਭ ਤੋਂ ਪਹਿਲਾਂ ਮੈਂ ਨਹਿਰਾਂ ਸਬੰਧੀ ਕਹਿਣਾ ਚਾਹੁੰਦਾ ਹਾਂ। ਜਿਥੋਂ ਤੱਕ ਸਾਡੀ ਸਰਹੰਦ ਕੈਨਾਲ ਦਾ ਤੁਅੱਲਕ ਹੈ, ਇਸ ਦਾ ਪ੍ਰਬੰਧ ਬੜਾ ਨਾਕਸ ਹੈ। (ਵਿਘਨ) ਸਾਡੀ ਬਦਕਿਸਮਤੀ ਹੋਰ ਵੀ ਹੈ। ਉਹ ਇਹ ਹੈ ਕਿ ਪਿਛਲੀ ਅਸੈਂਬਲੀ ਨੇ ਯੂਨਾਇਟਡ ਫਰੰਟ ਮਨਿਸਟਰੀ ਵੇਲੇ ਇਹ ਪਾਸ ਕੀਤਾ ਸੀ ਕਿ ਸੰਗਰੂਰ ਨੂੰ ਧੱਕਕੇ ਮਾਨਸਾ ਵਿਚ ਲਿਆਂਦਾ ਜਾਵੇ ਅਤੇ ਮਾਨਸਾ ਨੂੰ ਡਵੀਜ਼ਨ ਬਣਾਇਆ ਜਾਵੇ। ਇਸੇ ਤਰ੍ਹਾਂ ਹੀ ਨਾਭਾ ਅਤੇ ਸੰਗਰੂਰ ਦੀ ਗੱਲ ਹੈ। ਸਾਡੀ ਬਦਕਿਸਮਤੀ ਦੀ ਗੱਲ ਇਹ ਹੈ ਕਿ ਉਥੇ ਜਿਹੜਾ ਐਕਸੀਅਨ ਲੱਗਾ ਹੋਇਆ ਹੈ ਉਸ ਦੀ ਸ਼ਾਇਦ ਚੀਫ਼ ਇੰਜੀਨੀਅਰ ਤੱਕ ਕੋਈ ਐਪਰੋਚ ਹੈ। ਚੀਫ਼ ਮਨਿਸਟਰ ਸਾਹਿਬ ਜਦ ਮਾਨਸੇ ਗਏ ਸੀ ਤਾਂ ਉਨ੍ਹਾਂ ਨੇ ਵੀ ਇਸ ਬਾਰੇ ਕਿਹਾ ਸੀ ਪਰ ਫਿਰ ਵੀ ਕੁਝ ਨਹੀਂ ਹੋਇਆ। ਉਥੇ ਸਾਡੇ 3 ਐਸ.ਡੀ.ਓ. ਹਨ। ਇਕ ਝੁਮੀਰ ਦਾ ਐਸ.ਡੀ.ਓ, ਦੂਜਾ ਜਮਾਲ ਦਾ ਐਸ.ਡੀ.ਓ. ਅਤੇ ਤੀਜਾ ਤਲਵੰਡੀ ਦਾ ਐਸ.ਡੀ.ਓ.। ਇਹ ਸਾਰੇ 30 ਤੋਂ 25 ਮੀਲ ਤੱਕ ਦੂਰ ਪੈਂਦੇ ਹਨ ਪਰ ਮਾਨਸਾ ਦਰਮਿਆਨ ਵਿਚ ਹੈ। ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਕਿਸਾਨਾਂ ਦੀ ਸਹੂਲਤ ਨੂੰ ਮੱਦੇ ਨਜ਼ਰ ਰੱਖਦੇ ਹੋਏ, ਕਿਉਂਕਿ ਲੋਕਾਂ ਨੇ ਪਹਿਲਾਂ ਐਸ.ਡੀ.ਓ. ਕੋਲ ਜਾਣਾ ਹੁੰਦਾ ਹੈ, ਫਿਰ ਡਿਪਟੀ ਕੁਲੈਕਟਰ ਅਤੇ ਫਿਰ ਐਕਸ. ਈ. ਐਨ ਕੋਲ, ਇਸ ਕਰਕੇ ਉਸ ਦਾ ਦਫ਼ਤਰ ਹੀ ਸ਼ਿਫਟ ਕਰਨਾ ਚਾਹੀਦਾ ਹੈ। ਅਤੇ ਮਾਨਸਾ ਵਿਚ ਦਫ਼ਤਰ ਹੋਣਾ ਚਾਹੀਦਾ ਹੈ। ਫਿਰ ਦੂਸਰੀ ਗੱਲ ਇਹ ਹੈ ਕਿ ਸਾਡੀ ਬਦਕਿਸਮਤੀ ਹੋਰ ਹੈ ਕਿ ਜਿਹੜਾ ਐਕਸੀਅਨ ਹੈ ਉਸ ਦੀ ਅਤੇ ਐਸ.ਈ. ਦੀ ਆਪਿਸ ਵਿਚ ਨਹੀਂ ਬਣਦੀ ਜੇ ਐਕਸੀਅਨ ਕਿਸਾਨ ਦੇ ਹੱਕ ਵਿਚ ਫੈਸਲਾ ਕਰਦਾ ਹੈ ਤਾਂ ਐਸ.ਈ. ਉਸ ਫੈਸਲੇ ਨੂੰ ਰੱਦ ਕਰ ਦਿੰਦਾ ਹੈ ਅਤੇ ਜੇ ਐਕਸੀਅਨ ਕਿਸੇ ਦੇ ਖਿਲਾਫ ਫੈਸਲਾ ਕਰਦਾ ਹੈ ਤਾਂ ਐਸ.ਈ. ਉਸ ਦੇ ਹੱਕ ਵਿਚ ਕਰ ਦਿੰਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਐਕਸੀਅਨ ਅਤੇ ਐਸ.ਈ. ਦੋਨਾਂ ਨੂੰ ਹੀ ਬਦਲੋ ਤਾਕਿ ਲੋਕਾਂ ਨੂੰ ਇਨਸਾਫ ਮਿਲ ਸਕੇ। ਜਿਹੜੇ ਇਸ ਕਿਸਮ ਦੇ ਮਾਮਲੇ ਹਨ ਇਨ੍ਹਾਂ ਵਿਚ ਦਖਲ ਅੰਦਾਜ਼ੀ ਵੀ ਬਹੁਤ ਹੈ। ਇਸ ਵਿਚ ਪੁਲਿਟੀਕਲ ਦਖਲ ਅੰਦਾਜ਼ੀ ਹੈ। ਇਸ ਲਈ ਇਸ ਦਖਲ ਨੂੰ ਬੰਦ ਕਰਕੇ ਕਿਸਾਨਾਂ ਨੂੰ ਇਨਸਾਫ ਦਿਵਾਉਣਾ ਚਾਹੀਦਾ ਹੈ। ਸਪੀਕਰ ਸਾਹਿਬ, ਹੋਰ ਵੀ ਸਾਡੇ ਨਾਲ ਬਹੁਤ ਧੱਕਾ ਹੁੰਦਾ ਹੈ। ਸਾਡੇ ਦੋ ਜ਼ਿਲ੍ਹੇ ਹਨ ਸੰਗਰੂਰ ਅਤੇ ਬਠਿੰਡਾ। ਇਨ੍ਹਾਂ ਜ਼ਿਲ੍ਹਿਆਂ ਦਾ ਪਾਣੀ ਚੰਗਾ ਨਹੀਂ ਹੈ ਅਤੇ ਆਬਪਾਸ਼ੀ ਦੇ ਕਾਬਲ ਨਹੀਂ ਹੈ। ਉਥੇ ਟਿਊਬਵੈਲ ਨਹੀਂ ਲੱਗਦਾ। ਉਥੇ ਪਾਣੀ ਕਿੰਨਾਂ ਮਿਲਦਾ ਹੈ, ਇਸ ਬਾਰੇ ਵੀ ਮੈਂ ਦੱਸਦਾ ਹਾਂ। ਉਥੇ ਪਾਣੀ 2.04 ਮਿਲਦਾ ਹੈ ਜਦ ਕਿ ਸਾਰੇ ਪੰਜਾਬ ਵਿਚ 3.5 ਮਿਲਦਾ ਹੈ। ਜਿੰਨਾਂ ਪਾਣੀ ਮਾੜਾ ਉਤਨਾ ਹੀ ਪਾਣੀ ਘਟ ਮਿਲਦਾ ਹੈ ਇਸ ਲਈ ਮੈਂ ਕਹਾਂਗਾ ਕਿ ਇਥੇ ਪਾਣੀ ਵੀ ਸਾਰੇ ਪੰਜਾਬ ਦੀ ਤਰ੍ਹਾਂ 3.5 ਮਿਲਣਾ ਚਾਹੀਦਾ ਹੈ।

[ਕਾਮਰੇਡ ਜੰਗੀਰ ਸਿੰਘ ਜੋਗਾ]

ਇਸ ਤੋਂ ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਬਿਜਲੀ ਦੇ ਬਾਰੇ ਕੀਤਾ ਗਿਆ ਹੈ ਕਿ ਬਿਜਲੀ ਅੱਜ ਫਲਾਣੇ ਫਲਾਣੇ ਇਲਾਕੇ ਵਿਚ ਬੰਦ ਰਹੇਗੀ ਇਸੇ ਤਰ੍ਹਾਂ ਹੀ ਨਹਿਰਾਂ ਦੇ ਬਾਰੇ ਵੀ ਅਜਿਹਾ ਹੀ ਪ੍ਰਬੰਧ ਹੋਣਾ ਚਾਹੀਦਾ ਹੈ ਬੰਦੀ ਆਦਿ ਦਾ । ਕਿਸਾਨਾਂ ਨੂੰ ਇਸ ਬਾਰੇ ਦੱਸਣਾ ਚਾਹੀਦਾ ਹੈ ਕਿ ਅੱਜ ਤੁਹਾਡੇ ਬੰਦੀ ਰਹੇਗੀ ਅਤੇ ਅੱਜ ਉਧਰ ਬੰਦ ਰਹੇਗੀ ਤਾਕਿ ਉਹ 6-6 ਦਿਨ ਨਹਿਰ ਹੀ ਨਾ ਉਡੀਕਦੇ ਰਹਿਣ। ਤਾਕਿ ਉਨ੍ਹਾਂ ਨੂੰ ਇਹ ਪਤਾ ਲੱਗੇ ਕਿ ਕਦ ਨਹਿਰ ਆਵੇਗੀ ਅਤੇ ਕਦ ਨਹੀਂ ਆਵੇਗੀ।

ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਬਠਿੰਡਾ ਸ਼ਹਿਰ ਵਿਚ ਜਿਹੜਾ ਐਸ.ਐਸ.ਡੀ. ਲੜਕੀਆਂ ਦਾ ਕਾਲਜ ਹੈ, ਉਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਉਸ ਵਿਚ ਸਟਰਾਈਕ ਚੱਲ ਰਹੀ ਹੈ। 15 ਸੌ ਲੜਕੀਆਂ ਸਟਰਾਈਕ ਤੇ ਹਨ । ਉਸ ਕਾਲਜ ਦੀ ਮੈਨੇਜਮੈਂਟ ਦੇ ਕਿਸੇ ਮੈਂਬਰ ਨੇ ਇਲਲੀਗਲ ਇਸ਼ਤਿਹਾਰ ਛਾਪਿਆ ਹੈ ਅਤੇ ਉਸ ਇਸ਼ਤਿਹਾਰ ਦੁਆਰਾ ਉਸ ਨੇ ਕੁੜੀਆਂ ਅਤੇ ਪ੍ਰਿੰਸੀਪਲ ਦੇ ਉਤੇ ਹਮਲੇ ਕੀਤੇ ਹਨ । ਜਿਸ ਕਰਕੇ ਲੜਕੀਆਂ ਹੜਤਾਲ ਤੇ ਹਨ। ਸਾਨੂੰ ਟੈਲੀਫੋਨ ਆਇਆ ਹੈ ਕਿ ਕੱਲ ਨੂੰ ਬਠਿੰਡੇ ਦੇ ਉਥੇ ਜਿੰਨੇ ਕਾਲਜ ਹਨ ਉਹ ਬੰਦ ਹੋ ਜਾਣੇ ਹਨ। ਮੈਂ ਇਸ ਗੱਲ ਵੱਲ ਚੀਫ਼ ਮਨਿਸਟਰ ਸਾਹਿਬ ਦਾ ਧਿਆਨ ਦਿਵਾਉਂਦਾ ਹਾਂ ਕਿ ਇਸ ਮਾਮਲੇ ਦੀ ਪੜਤਾਲ ਕਰਨ ਅਤੇ ਜਿਹੜਾ ਕਿਸੇ ਨੇ ਪੋਸਟਰ ਛਪਾਕੇ ਲੜਕੀਆਂ ਦੇ ਕਾਲਜ ਵਿਚ ਸੁੱਟਿਆ ਹੈ ਉਸ ਦੀ ਪੜਤਾਲ ਕਰਕੇ ਦੋਸ਼ੀ ਨੂੰ ਸਜ਼ਾ ਦਿੱਤੀ ਜਾਵੇ। (ਘੰਟੀ)

ਤੀਜੀ ਗੱਲ ਸਪੀਕਰ ਸਾਹਿਬ, ਮੈਂ ਪੁਲਿਸ ਦੇ ਮੁਤੱਲਕ ਕਰਨੀ ਚਾਹੁੰਦਾ ਹਾਂ। ਪੁਲਿਸ ਦੇ ਸਿਪਾਹੀ ਬਹੁਤ ਘੱਟ ਹਨ ਅਤੇ ਅਫ਼ਸਰ ਬਹੁਤ ਜ਼ਿਆਦਾ ਹਨ। ਅਫ਼ਸਰਾਂ ਦੀ ਇਨ੍ਹਾਂ ਨੇ ਫੌਜ ਬਣਾ ਦਿੱਤੀ ਹੈ ਅਤੇ ਉਨ੍ਹਾਂ ਨੂੰ ਕਿਧਰੇ ਲਾਉਣ ਨੂੰ ਜਗ੍ਹਾ ਨਹੀਂ ਹੈ ਐਵੇਂ ਦਫ਼ਤਰਾਂ ਵਿਚ ਹੀ ਬੈਠੇ ਰਹਿੰਦੇ ਹਨ। ਪੁਲਿਸ ਦੇ ਸਿਪਾਹੀਆਂ ਦੀ ਗਿਣਤੀ ਬਹੁਤ ਘੱਟ ਹੈ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਗਿਣਤੀ ਵਧਾਈ ਜਾਣੀ ਚਾਹੀਦੀ ਹੈ। ਅੱਜ ਥਾਣਿਆਂ ਦੇ ਵਿਚ ਪੁਰਾਣੇ, ਢੰਗ ਨਾਲ ਹੀ 10 ਜਾਂ 12 ਸਿਪਾਹੀ ਹਨ ਅਤੇ ਉਨ੍ਹਾਂ ਦੇ ਵੀ ਰਹਿਣ ਵਾਸਤੇ ਜਗ੍ਹਾ ਨਹੀਂ ਹੈ। ਉਨ੍ਹਾਂ ਨੂੰ ਰਹਿਣ ਵਾਸਤੇ ਰਿਹਾਇਸ਼ੀ ਜਗ੍ਹਾ ਦੇਣ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। (ਘੰਟੀ) ਸਪੀਕਰ ਸਾਹਿਬ, ਮੈਂ ਦੋ ਮਿੰਟ ਹੋਰ ਲੈਣੇ ਹਨ। ਫਿਰ ਪੁਲਿਸ ਦੇ ਵਿਚ ਪਾਰਟੀਬਾਜ਼ੀ ਵੀ ਹੈ। ਪੁਲਿਸ ਦੇ ਵਿਚ ਸੁਧਾਰ ਲਿਆਉਣਾ ਚਾਹੀਦਾ ਹੈ ਅਤੇ ਕੋਈ ਐਸਾ ਇੰਤਜ਼ਾਮ ਕਰਨਾ ਚਾਹੀਦਾ ਹੈ ਜਿਸ ਦੇ ਨਾਲ ਪੁਲਿਸ ਤਰੱਕੀ ਕਰ ਸਕੇ।

ਫਿਰ, ਸਪੀਕਰ ਸਾਹਿਬ, ਮੈਂ ਖੇਤੀ ਬਾੜੀ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ । ਖੇਤੀ ਬਾੜੀ ਇਨਸਪੈਕਟਰ ਭਾਵੇਂ ਹੜਤਾਲ ਤੇ ਸਨ ਅਤੇ ਹੁਣ ਉਨ੍ਹਾਂ ਨੇ ਆਪਣੀ ਹੜਤਾਲ ਵਾਪਸ ਲੈ ਲਈ ਹੈ ਪਰ ਮੇਰੀ ਅਰਜ਼ ਹੈ ਕਿ ਉਨ੍ਹਾਂ ਨੂੰ ਪੂਰਾ ਪੂਰਾ ਇਨਸਾਫ ਮਿਲਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਬਹਾਲ ਕਰਨਾ ਚਾਹੀਦਾ ਹੈ। ਇਕ ਗੱਲ ਮੈਂ ਮਾਸਟਰ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਖੇਤੀ ਬਾੜੀ ਇਨਸਪੈਕਟਰ ਜਿਹੜੇ ਹਨ ਉਹ ਪਿੰਡਾਂ ਵਿਚ ਜਾ ਕੇ ਜਲਸੇ ਕਰਿਆ ਕਰਨ, ਉਥੇ ਆਪਣੀਆਂ ਮੀਟਿੰਗਾਂ ਕਰਿਆ ਕਰਨ ਅਤੇ ਲੋਕਾਂ ਨੂੰ ਉਥੇ ਸਮਝਾਉਣ ਕਿ ਖੇਤੀ ਬਾੜੀ ਦੇ ਵਿਚ ਤਰੱਕੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ। ਇਸ ਵੇਲੇ ਇਨਸਪੈਕਟਰ ਜਿਹੜੇ ਹਨ ਉਹ ਪਿੰਡਾਂ ਵਿਚ ਬਿਲਕੁਲ ਨਹੀਂ ਜਾਂਦੇ ਹਨ ਅਤੇ ਦਫ਼ਤਰਾਂ ਵਿਚ ਹੀ ਬੈਠੇ ਰਹਿੰਦੇ ਹਨ । ਮਾਸਟਰ ਜੀ ਨੂੰ ਮੈਂ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਵਲ ਆਪਣਾ ਧਿਆਨ ਦੇਣ।

ਸ੍ਰੀ ਸਪੀਕਰ : ਜੋਗਾ ਸਾਹਿਬ ਤਸ਼ਰੀਫ ਰਖੋ ਹੁਣ । (ਵਿਘਨ) (Joga Sahib, please resume your seat now.) (*Interruption*)

ਕਾਮਰੇਡ ਜੰਗੀਰ ਸਿੰਘ ਜੋਗਾ : ਇਕ ਗਲ ਸਪੀਕਰ ਸਾਹਿਬ, ਮੈਂ ਡੀਜ਼ਲ ਦੇ ਮੁਤੱਲਕ ਕਹਿਣੀ ਚਾਹੁੰਦਾ ਹਾਂ ਕਿ ਇਸ ਵੇਲੇ ਡੀਜ਼ਲ ਦੀ ਬਹੁਤ ਜ਼ਿਆਦਾ ਕਿੱਲਤ ਹੈ। ਇਸ ਦੇ ਮੁਤੱਲਕ ਮਨਿਸਟਰ ਸਾਹਿਬ ਨੂੰ ਮੈਂ ਕਹਾਂਗਾ ਜਿਹੜੀ ਇਸ ਵੇਲੇ ਡੀਜ਼ਲ ਦੀ ਚੋਰ ਬਜ਼ਾਰੀ ਹੋ ਰਹੀ ਹੈ ਉਸ ਨੂੰ ਕਿਸੇ ਢੰਗ ਨਾਲ ਰੋਕਣਾ ਚਾਹੀਦਾ ਹੈ ਅਤੇ ਇਸ ਦੇ ਵਲ ਆਪਣਾ ਪੂਰਾ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਦੇ ਵਿਚ ਤੇਲ ਦੇਣ ਦੇ ਲਈ ਰਾਸ਼ਨ ਕਾਰਡ ਬਣਾਉਣੇ ਚਾਹੀਦੇ ਹਨ ਤਾਂ ਕਿ ਪਿੰਡਾਂ ਵਿਚ ਵੀ ਲੋਕਾਂ ਨੂੰ ਤੇਲ ਮਿਲ ਸਕੇ। (ਘੰਟੀ)

ਸਪੀਕਰ ਸਾਹਿਬ, ਇਕ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ, ਇਹ ਮੇਰੇ ਭਰਾ ਗੁੱਸੇ ਨਾ ਹੋਣ, ਕਿ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਤੋਂ ਲੈ ਕੇ ਬਾਦਲ ਸਾਹਿਬ ਦੀ ਮਨਿਸਟਰੀ ਤਕ ਨਕਸਲਬਾੜੀਆਂ ਦਾ ਨਾਮ ਦੇ ਕੇ ਸੈਂਕੜੇ ਮੁੰਡੇ ਬੇਗੁਨਾਹ ਹੀ ਮਾਰੇ ਗਏ। ਮੈਂ ਇਸ ਗੱਲ ਦੀ ਹੁਣ ਪੁਲਿਸ ਨੂੰ ਦਾਦ ਦਿੰਦਾ ਹਾਂ ਅਤੇ ਗਿਆਨੀ ਜੀ ਦੀ ਸਰਕਾਰ ਦੀ ਵੀ ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਦੇ ਟਾਈਮ ਵਿਚ ਬਹੁਤ ਘੱਟ ਕੇਸਿਜ਼ ਇਸ ਤਰ੍ਹਾਂ ਦੇ ਹੋਏ ਹਨ । ਜਿਹੜੇ ਥੋੜੇ ਬਹੁਤ ਹੋਏ ਹਨ ਇਹ ਵੀ ਨਹੀਂ ਹੋਣੇ ਚਾਹੀਦੇ ਅਤੇ ਅੱਗੇ ਵਾਸਤੇ ਇਸ ਗਲ ਦਾ ਵੀ ਧਿਆਨ ਰਖਣਾ ਚਾਹੀਦਾ ਹੈ। (ਵਿਘਨ)

ਸ੍ਰੀ ਸਪੀਕਰ : ਜੋਗਾ ਸਾਹਿਬ ਬੈਠੋ ਹੁਣ। (ਵਿਘਨ) (Joga Sahib, please be seated now. (*Interruption*)

ਕਾਮਰੇਡ ਜੰਗੀਰ ਸਿੰਘ ਜੋਗਾ : ਫਿਰ ਸਪੀਕਰ ਸਾਹਿਬ, ਮੈਂ ਪੈਪਸੂ ਰੋਡਵੇਜ਼ ਦੇ ਮੁਤੱਲਕ ਵੀ ਕਹਿਣਾ ਚਾਹੁੰਦਾ ਹਾਂ ਕਿ ਬਠਿੰਡੇ ਦੇ ਡਿਪੂ ਵਿਚ ਟਾਇਰਾਂ ਦੀ ਚੋਰੀ ਹੋਈ ਅਤੇ ਸਾਡੀ ਸ਼ਿਕਾਇਤ ਕਮੇਟੀ ਵਿਚ ਇਸ ਗਲ ਦਾ ਰੌਲਾ ਵੀ ਬੜਾ ਪਿਆ ਅਤੇ ਇਸ ਦੇ ਲਈ ਇਨਕੁਆਇਰੀ ਹੋਈ। ਪਰ ਜੈਨਰਲ ਮੈਨੇਜਰ ਪਟਿਆਲਾ ਨੇ ਕਿਹਾ ਕਿ ਕੋਈ ਕਾਗਜ਼ ਨਾ ਦਿਉ । ਉਨ੍ਹਾਂ ਨੇ ਵਿਜੀਲੈਂਸ ਨੂੰ ਵੀ ਕੋਈ ਕਾਗਜ਼ ਨਹੀਂ ਦਿੱਤਾ, ਪੁਲਿਸ ਨੂੰ ਵੀ ਕੋਈ ਕਾਗਜ਼ ਨਹੀਂ ਦਿੱਤਾ । ਚੋਰਾਂ ਨੂੰ ਕਾਬੂ ਕਰਨਾ ਚਾਹੀਦਾ ਹੈ। ਮੈਂ ਗਿਆਨੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਆਪਣਾ ਧਿਆਨ ਇਸ ਪਾਸੇ ਵਲ ਵੀ ਦੇਣ ਅਤੇ ਜਿਹੜੇ ਅਫ਼ਸਰ ਇਹ ਖਰਾਬੀ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਇਹ ਕਹਿੰਦੇ ਹਨ ਕਿ ਪੈਪਸੂ ਰੋਡਵੇਜ਼ ਵਿਚ ਮੁਨਾਫਾ ਨਹੀਂ ਹੁੰਦਾ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਇਹ ਪੈਪਸੂ ਰੋਡਵੇਜ਼ ਸਾਨੂੰ 10 ਦਿਨ ਸੰਭਾਲ ਦਿਉ ਅਸੀਂ ਤਹਾਨੂੰ ਮੁਨਾਫਾ ਕਢ ਕੇ ਦਿਖਾਂਦੇ ਹਾਂ। (ਵਿਘਨ) (ਘੰਟੀ) ਬਸ ਜੀ, ਇਤਨਾ ਕਹਿ ਕੇ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਨਮਾਨਯੋਗ ਸਪੀਕਰ ਸਾਹਿਬ, ਅੱਜ ਦੇ ਦਿਨ ਸਾਡੇ ਦੋਸਤਾਂ ਨੇ ਬਹਿਸ ਵਿਚ ਕੁਝ ਹਿੱਸਾ ਪਾਇਆ ਹੈ, ਕੁਝ ਖੂਬੀਆਂ ਦਾ ਜ਼ਿਕਰ ਵੀ ਕੀਤਾ ਹੈ ਅਤੇ ਕੁਝ ਕਮੀਆਂ ਦੀ ਯਾਦ ਵੀ ਦਿਲਾਈ ਹੈ । ਮੈਂ ਮੈਂਬਰ ਸਾਹਿਬਾਨ ਦੀ ਪ੍ਰਸ਼ੰਸਾ ਕਰਦਾ ਹਾਂ ਔਰ ਮੈਂ ਇਹ ਵੀ ਬੜੇ ਦੁਖ ਨਾਲ ਕਹਿੰਦਾ ਹਾਂ ਕਿ ਕਈ ਗੱਲਾਂ ਜਿਨ੍ਹਾਂ ਨੂੰ ਕਹਿਣ ਨਾਲ ਕੋਈ ਲਾਭ ਨਹੀਂ ਸੀ, ਬੇਬੁਨਿਆਦ ਹੀ ਸਨ ਅਤੇ ਉਨ੍ਹਾਂ ਦੇ ਨਾਲ ਕੋਈ ਲੁਤਫ ਵੀ ਨਹੀਂ ਸੀ ਜੇ ਉਹ ਨਾ ਕਹੀਆਂ ਜਾਂਦੀਆਂ ਤਾਂ ਹਾਊਸ ਦੀ ਜ਼ਿਆਦਾ ਇੱਜ਼ਤ ਹੁੰਦੀ, ਜ਼ਿਆਦਾ ਮਰਯਾਦਾ ਰਹਿੰਦੀ। ਭਾਵੇਂ

[ਮੁੱਖ ਮੰਤਰੀ]

ਮੈਂ ਆਊਟ ਆਫ਼ ਦੀ ਵੇ ਜਾ ਕੇ ਨਾਮ ਲੈਂਦਾ ਹਾਂ। ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਅਤੇ ਸਰਦਾਰ ਸੁਰਜੀਤ ਸਿੰਘ ਜੀ ਬਰਨਾਲਾ ਨੇ ਆਪਣੀਆਂ ਸਪੀਚਾਂ ਵਿਚ ਕ੍ਰਿਟਿਸਿਜ਼ਮ ਤਾਂ ਕੀਤਾ ਸੀ ਲੇਕਿਨ ਉਨ੍ਹਾਂ ਨੇ ਤਾਮੀਰੀ ਤਜਵੀਜ਼ਾਂ ਵੀ ਦਿੱਤੀਆਂ ਸਨ। ਗੱਲਾਂ ਸ਼ਾਇਦ ਸਾਨੂੰ ਉਨ੍ਹਾਂ ਨੇ ਚੁਭਵੀਆਂ ਕੀਤੀਆਂ ਸਨ ਪਰ ਬਹੁਤ ਮਿੱਠੀ ਜ਼ਬਾਨ ਵਿਚ ਕੀਤੀਆਂ ਸਨ। ਮੈਂ ਸਮਝਦਾ ਹਾਂ ਕਿ ਆਨਰੇਬਲ ਮੈਂਬਰਜ਼ ਅਗਰ ਆਪਣਾ ਮਨ ਬਣਾ ਲੈਣ ਕਿ ਕੋਈ ਵੀ ਗ਼ੱਲ ਅਗਰ ਕਹਿਣੀ ਹੈ ਉਹ ਮਰਯਾਦਾ ਵਿਚ ਰਹਿ ਕੇ ਕਹਿਣੀ ਹੈ ਔਰ ਹਾਊਸ ਦੇ ਅਦਬੋ ਅਦਾਬ ਨੂੰ ਸਾਹਮਣੇ ਰੱਖ ਕੇ ਕਹਿਣੀ ਹੈ ਤਾਂ ਉਹ ਕਹਿ ਸਕਦੇ ਹਨ ਅਤੇ ਉਸ ਦਾ ਅਸਰ ਭੀ ਜ਼ਿਆਦਾ ਹੁੰਦਾ ਹੈ। ਪਰ ਜੇ ਕੋਈ ਮੈਂਬਰ ਵੈਸੇ ਹੀ ਕਹੀ ਜਾਵੇ ਬਾਤ ਵਿਚ ਵਜ਼ਨ ਨਾ ਹੋਵੇ ਉਸ ਨਾਲ ਉਸ ਵਕਤ ਤਾਂ ਭਾਵੇਂ ਤਾਲੀਆਂ ਹੋ ਜਾਣ ਪਰ ਗੈਲਰੀਜ਼ ਵੀ ਉਸ ਨਾਲ ਕਨਵਿਨਸ ਨਹੀਂ ਹੋ ਸਕਣਗੀਆਂ। ਬਾਹਰਲੀ ਦੁਨੀਆਂ ਤਾਂ ਕੀ ਕਨਵਿੰਸਿੰਗ ਹੋਣੀ ਹੈ। ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ। ਕੁਝ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਦਾ ਕੋਈ ਵਜੂਦ ਹੀ ਹੈ ਨਹੀਂ। ਇਸ ਵਾਸਤੇ ਜਿਥੇ ਮੈਂ ਇਸ ਗੱਲ ਦਾ ਦੁਖ ਪ੍ਰਗਟ ਕਰਦਾ ਹਾਂ ਉਥੇ ਮੈਨੂੰ ਇਸ ਗਲ ਦੀ ਖੁਸ਼ੀ ਵੀ ਹੈ ਕਿ ਕੁਝ ਮੈਂਬਰਾਂ ਨੇ ਤਾਮੀਰੀ ਸੁਝਾਵ ਵੀ ਦਿੱਤੇ ਹਨ। ਮਿਸਾਲ ਦੇ ਤੌਰ ਤੇ ਸੰਧੂ ਸਾਹਿਬ ਨੇ ਇਕ ਸ਼ਿਕਾਇਤ ਕੀਤੀ ਹੈ ਕਿ ਟਾਪ ਹੈਵੀ ਐਡਮਿਨਿਸਟ੍ਰੇਸ਼ਨ ਹੋ ਗਈ ਹੈ, ਇਹ ਨਹੀਂ ਰਹਿਣੀ ਚਾਹੀਦੀ। ਔਰ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਸੈਕਟਰੀ, ਜੁਆਇੰਟ ਸੈਕਟਰੀ, ਡਿਪਟੀ ਸੈਕਟਰੀ, ਅੰਡਰ ਸੈਕਟਰੀਜ਼ ਦੀ ਗਿਣਤੀ ਵਧਣੀ ਨਹੀਂ ਚਾਹੀਦੀ। ਮੈਂ ਸਮਝਦਾ ਹਾਂ ਕਿ ਇਹ ਤਾਮੀਰੀ ਬਾਤ ਹੈ, ਜੇ ਉਨ੍ਹਾਂ ਦੇ ਮਨ ਵਿਚ ਕੁਝ ਹੋਰ ਸੁਜੈਸ਼ਨਜ਼ ਵੀ ਹੋਣ ਤਾਂ ਮੈਂ ਉਨ੍ਹਾਂ ਨੂੰ ਵੈਲਕਮ ਕਰਾਂਗਾ। ਉਨ੍ਹਾਂ ਨੇ ਇਕ ਗੱਲ ਹੋਰ ਵੀ ਚੰਗੀ ਕਹੀ ਹੈ ਕਿ ਜਿਹੜੇ ਡੀ.ਸੀ. ਜਾਂ ਸੈਕਟਰੀ ਵਗੈਰਾ ਲਗਾਏ ਜਾਂਦੇ ਹਨ ਉਨ੍ਹਾਂ ਨੂੰ ਫ਼ੀਲਡ ਦਾ ਤਜਰਬਾ ਵੀ ਹੋਣਾ ਚਾਹੀਦਾ ਹੈ। ਇਸ ਦੇ ਵਿਚ ਵੀ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਕੁਝ ਕਨਟਰੀ-ਬਿਊਸ਼ਨ ਹੈ। ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਜੇ ਮੈਨੂੰ ਟਾਈਮ ਦਿੱਤਾ ਤਾਂ ਮੈਂ ਹੋਰ ਗਲਾਂ ਵੀ ਦੱਸਾਂਗਾ। ਮੇਰੇ ਵਲੋਂ ਉਨ੍ਹਾਂ ਨੂੰ ਖੁਲ੍ਹਾ ਟਾਈਮ ਹੈ ਉਹ ਮੇਰੇ ਪਾਸ ਆਉਣ ਆਪਣੇ ਸੁਝਾਵ ਦੇਣ ਅਤੇ ਆਪਣੀ ਪੂਰੀ ਤਿਆਰੀ ਨਾਲ ਮੇਰੇ ਪਾਸ ਆ ਕੇ ਡਿਸਕੱਸ ਕਰਨ ਅਤੇ ਅਸੀਂ ਤਾਮੀਰੀ ਸੁਝਾਵ ਆਪਸ ਵਿਚ ਦੇਖ ਸਕਾਂਗੇ। ਜਿੱਥੇ ਮੈਂ ਉਨ੍ਹਾਂ ਦੀਆਂ ਤਜਵੀਜ਼ਾਂ ਦੀ ਸ਼ਲਾਘਾ ਕਰਦਾ ਹਾਂ ਉਥੇ ਮੈਨੂੰ ਇਸ ਗੱਲ ਦਾ ਵੀ ਬੜਾ ਅਫ਼ਸੋਸ ਹੈ ਕਿ ਉਨ੍ਹਾਂ ਨੇ ਜੋ ਇਹ ਗੱਲ ਕਹੀ ਹੈ ਕਿ ਅਫ਼ਸਰਾਂ ਦੀਆਂ ਨਿਯੁਕਤੀਆਂ, ਸਿਲੈਕਸ਼ਨ ਗਰੇਡ ਆਦਿ ਦੇ ਵਿਚ ਇਨਸਾਫ਼ ਨਹੀਂ ਹੁੰਦਾ ਔਰ ਉਨ੍ਹਾਂ ਨਾਲ ਧੱਕਾ ਹੋ ਜਾਂਦਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਇਹ ਪਹਿਲੀ ਸਰਕਾਰ ਹੈ ਜਿਸ ਨੇ ਪੀ.ਸੀ.ਐਸ. ਅਫ਼ਸਰ ਜਿਹੜੇ ਹਨ ਉਨ੍ਹਾਂ ਦੇ ਸਿਲੈਕਸ਼ਨ ਗਰੇਡ ਦੇ ਵਿਚ ਜੋ ਪਹਿਲਾਂ 10 ਫ਼ੀ ਸਦੀ ਸੀ ਹੁਣ ਉਨ੍ਹਾਂ ਨੂੰ ਅਸੀਂ 20 ਫ਼ੀ ਸਦੀ ਕਰ ਦਿੱਤਾ ਹੈ। (ਥੰਪਿੰਗ) ਔਰ ਇਹ ਮੰਗ ਜਿਹੜੀ ਸ੍ਰੀ ਉਹ ਅਕਾਲੀਆਂ ਦੀ ਸਰਕਾਰ ਵੇਲੇ ਲੁਧਿਆਣੇ ਦੇ ਵਿਚ ਪੀ.ਸੀ.ਐਸ. ਅਫ਼ਸਰਾਂ ਦੀ ਐਸੋਸੀਏਸ਼ਨ ਨੇ ਕੀਤੀ ਸੀ ਔਰ ਉਨ੍ਹਾਂ ਨੇ ਉਸ ਵਕਤ ਵਾਇਦਾ ਵੀ ਕੀਤਾ ਸੀ, ਪਤਾ ਨਹੀਂ ਕਿਸ ਕਾਰਨ ਕਰਕੇ ਉਹ ਆਪਣਾ ਵਾਇਦਾ ਪੂਰਾ ਨਹੀਂ ਕਰ ਸਕੇ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਤੁਸੀਂ ਸਰਕਾਰ ਉਹ ਤੁੜਵਾ ਦਿੱਤੀ ਸੀ।

ਮੁੱਖ ਮੰਤਰੀ: ਸਪੀਕਰ ਸਾਹਿਬ, ਸੰਧੂ ਸਾਹਿਬ ਦੀ ਇਹ ਵੀ ਗੱਲ ਸੱਚੀ ਹੋ ਸਕਦੀ ਹੈ ਕਿ ਅਸੀਂ ਸਰਕਾਰ ਇਨ੍ਹਾਂ ਦੀ ਤੁੜਵਾ ਦਿੱਤੀ ਸ੍ਰੀ ਪਰ ਇਹ ਵੀ ਕਹੋ ਕਿ ਸਰਕਾਰ ਨੂੰ ਕਈ ਵਾਰ ਬਚਾਇਆ ਵੀ ਅਸੀਂ ਸੀ। **(ਵਿਘਨ) ਇਹ ਤੁਸੀਂ ਸਵਰਗਵਾਸੀ ਸਰਦਾਰ ਲਛਮਣ ਸਿੰਘ ਨੂੰ ਪੁੱਛੋ।**

ਸਾਡੇ ਸਾਹਮਣੇ ਬੈਠੇ ਵਿਰੋਧੀ ਦਲ ਦੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੂੰ ਪੁੱਛੋ ਕਿ ਸਰਕਾਰ 15 ਮਹੀਨੇ ਬਚਾਈ ਸੀ ਜਾਂ ਨਹੀਂ ? (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਇਹ ਇਨ-ਫਰਮੇਸ਼ਨ ਲੈਣਾ ਚਾਹੁੰਦਾ ਹਾਂ, ਇਨ੍ਹਾਂ ਨੇ ਕਿਹਾ ਹੈ ਕਿ 15 ਮਹੀਨੇ ਸਰਕਾਰ ਉਨ੍ਹਾਂ ਦੀ ਬਚਾਈ ਰਖੀ, ਹੁਣ ਤੌਬਾ ਕਰ ਲਈ ਹੈ ਮੁੜ ਕੇ ਤਾਂ ਨਹੀਂ ਬਚਾਓਗੇ । (ਵਿਘਨ)

ਮੁੱਖ ਮੰਤਰੀ : ਡਾਂਗ ਸਾਹਿਬ, ਮੈਂ ਤੁਹਾਡੇ ਨਾਲ ਇਤਫ਼ਾਕ ਕਰਦਾ ਹਾਂ ਤੁਸੀਂ ਤੌਬਾ ਪਹਿਲਾਂ ਕੀਤੀ ਸੀ ਅਤੇ ਅਸੀਂ ਬਾਅਦ ਵਿਚ। (ਵਿਘਨ)

ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ । ਪੀ.ਸੀ.ਐਸ. ਅਫ਼ਸਰ ਜਿਹੜੇ ਹਨ ਉਨ੍ਹਾਂ ਵਾਸਤੇ 20 ਪੋਸਟਾਂ ਤਾਂ ਲੱਗ ਭੱਗ ਆਈ.ਏ.ਐਸ. ਦੇ ਗਰੇਡ ਦੇ ਬਰਾਬਰ ਬਣਾ ਦਿੱਤੀਆਂ ਹਨ । ਉਨ੍ਹਾਂ ਦੀ ਇੱਜ਼ਤ ਵਿਚ ਇਜ਼ਾਫਾ ਕੀਤਾ ਗਿਆ ਹੈ । ਆਨਰੇਬਲ ਮੈਂਬਰ ਸਾਹਿਬਾਨ ਨੇ ਇਹ ਵੀ ਜ਼ਿਕਰ ਕੀਤਾ ਹੈ ਕਿ ਆਈ.ਏ.ਐਸ. ਅਫ਼ਸਰਾਂ ਨੂੰ ਤੇ ਆਈ.ਪੀ.ਐਸ. ਅਫਸਰਾਂ ਨੂੰ ਇਥੋਂ ਜਾਣ ਬੁਝ ਕੇ ਬਾਹਰ ਕੱਢਿਆ ਜਾਂਦਾ ਹੈ। ਜਿਹੜੇ ਗੱਲ ਮੰਨਦੇ ਹਨ ਉਨ੍ਹਾਂ ਨੂੰ ਰਖਿਆ ਜਾਂਦਾ ਹੈ। ਇਹ ਬੇ-ਬੁਨਿਆਦ ਗੱਲ ਹੈ। ਆਈ.ਏ.ਐਸ. ਅਫ਼ਸਰਾਂ ਦਾ ਡੈਪੂਟੇਸ਼ਨ ਕੋਟਾ 26 ਹੈ ਜਿਨ੍ਹਾਂ ਨੇ ਸੈਂਟਰਲ ਗੌਰਮਿੰਟ ਵਿਚ ਜਾਣਾ ਹੈ। ਹੁਣ ਇਸ ਵੇਲੇ ਕੇਵਲ 15 ਅਫ਼ਸਰ ਉਥੇ ਗਏ ਹਨ ਅਤੇ 11 ਅਫ਼ਸਰ ਅਜੇ ਹੋਰ ਜਾਣੇ ਹਨ। ਉਹ ਜਿਹੜੇ 11 ਅਫ਼ਸਰ ਹੋਰ ਭੇਜਣੇ ਹਨ ਉਹ ਇਸ ਕਰਕੇ ਨਹੀਂ ਭੇਜਣੇ ਕਿ ਉਹ ਅਫ਼ਸਰ ਚੰਗੇ ਨਹੀਂ ਜਾਂ ਉਹ ਸਾਡੀ ਗੱਲ ਨਹੀਂ ਮੰਨਦੇ। ਅਸੀਂ ਇਸ ਖ਼ਿਆਲ ਨਾਲ ਭੇਜਦੇ ਹਾਂ ਕਿ ਸਾਡੇ ਐਫੀਸ਼ੈਂਟ ਔਰ ਆਨੈਸਟ ਅਫ਼ਸਰ ਜਿਹੜੇ ਹਨ ਉਹ ਸੈਂਟਰਲ ਗੌਰਮੈਂਟ ਵਿਚ ਜਾ ਕੇ ਨਾਮ ਪੈਦਾ ਕਰ ਸਕਣ। (ਸਰਦਾਰ ਜਸਦੇਵ ਸਿੰਘ ਸੰਧੂ ਵਲੋਂ ਵਿਘਨ)।

ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਕੋਈ ਲੁਤਫ਼ ਨਹੀਂ ਆਉਂਦਾ। ਬੜੇ ਪ੍ਰੇਮ ਨਾਲ ਹਰ ਗੱਲ ਸੁਣਨ । ਜਿਹੜੀਆਂ ਚੁਭਵੀਆਂ ਹਨ ਉਹ ਵੀ ਸੁਣਨੀਆਂ ਚਾਹੀਦੀਆਂ ਹਨ। ਮੈਂ ਤਾਂ ਹਾਲੇ ਆਖਿਆ ਹੀ ਕੁਝ ਨਹੀਂ। ਸੰਧੂ ਸਾਹਿਬ, ਤੁਸੀਂ ਤਾਂ ਸਾਡੇ ਨਾਲ ਬਹੁਤ ਚਿਰ ਰਹੇ ਹੋ ਮੈਂ ਤੁਹਾਡੇ ਸੁਭਾ ਤੋਂ ਵਾਕਿਫ ਹਾਂ । ਤੁਸੀਂ ਇਧਰ ਇਤਬਾਰ ਜਮਾਉਣ ਲਈ ਕਹਿੰਦੇ ਹੋ।......... ਜਿਹੜੇ ਲੋਕ ਕਾਂਗਰਸ ਟਿਕਟ ਤੇ ਵੋਟ ਮੰਗ ਚੁਕੇ ਹਨ ਮੈਂ ਉਨ੍ਹਾਂ ਨਾਲ ਕਿਸ ਤਰ੍ਹਾਂ ਲੜ ਸਕਦਾ ਹਾਂ। ਮੇਰਾ ਦਿਲ ਨਹੀਂ ਮੰਨਦਾ। ਅਕਾਲੀ ਦਲ ਦੇ ਨੇਤਾ ਵੀ ਸਾਡੇ ਨਾਲ ਹੀ ਸਨ।.........

ਆਪੋਜ਼ੀਸ਼ਨ ਬੈਂਚਾਂ ਵਲੋਂ ਆਵਾਜ਼ਾਂ : ਤੁਸੀਂ ਵੀ ਅਕਾਲੀ ਹੋ ਅਤੇ ਅਕਾਲੀ ਟਿਕਟ ਤੇ ਲੜ ਚੁਕੇ ਹੋ ...... (ਵਿਘਨ)

ਮੁੱਖ ਮੰਤਰੀ : ਮੈਂ ਅਕਾਲੀ ਟਿਕਟ ਤੇ ਕਦੇ ਵੀ ਚੋਣ ਨਹੀਂ ਲੜੀ......... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਇਨਫਰਮੇਸ਼ਨ।

ਮੁੱਖ ਮੰਤਰੀ : ਸੰਧੂ ਸਾਹਿਬ, ਤੁਸੀਂ ਮੈਨੂੰ ਦੱਸੋ ਕਿ ਮੈਂ ਤੁਹਾਨੂੰ ਕੀ ਆਖਿਆ ਹੈ। ਅਸੀਂ ਤੁਹਾਡੀ ਇੱਜ਼ਤ ਕਰਦੇ ਹਾਂ, ਸਨਮਾਨ ਕਰਦੇ ਹਾਂ, ਤੁਸੀਂ ਵੀ ਕਾਂਗਰਸ ਟਿਕਟ ਤੇ ਚੋਣ ਲੜ ਚੁੱਕੇ ਹੋ, ਹਾਰ ਗਏ ਸੀ .... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਬਿਲਕੁਲ ਗਲਤ ......। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਇਨਫਰਮੇਸ਼ਨ ਇਹ ਹੈ ਕਿ ਮੈਂ ਇਨ੍ਹਾਂ ਤੋਂ ਇਹ ਪੁੱਛਦਾ ਹਾਂ ਕਿ ਇਹ ਕਿੰਨਾਂ ਚਿਰ ਅਕਾਲੀ ਦਲ ਵਿਚ ਰਹੇ ਔਰ ਇਹ ਅਕਾਲੀ ਦਲ ਵਿਚੋਂ ਹੀ ਕਾਂਗਰਸ ਵਿਚ ਗਏ ਸੀ ਕਿ ਨਹੀਂ .... (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅਕਾਲੀ ਦਲ ਵਿਚ ਰਿਹਾ ਜਾਂ ਨਹੀਂ ਰਿਹਾ, ਪਰ ਮੈਂ ਕਹਿੰਦਾ ਹਾਂ ਕਿ ਜਿਸ ਵੇਲੇ ਅਕਾਲੀ ਦਲ ਧਰਮ ਦਾ ਕੰਮ ਕਰਦਾ ਸੀ ਮੈਂ ਉਸ ਵੇਲੇ ਅਕਾਲੀ ਸੀ...... (ਵਿਘਨ) ਲੇਕਿਨ ਮੇਰੀ ਪੁਲੀਟੀਕਲ ਜ਼ਿੰਦਗੀ ਵਿਚ ਕੋਈ ਐਸਾ ਸਮਾਂ ਨਹੀਂ ਆਇਆ ਜਦੋਂ ਮੈਂ ਕਾਂਗਰਸ ਤੋਂ ਬਗੈਰ ਕਿਸੇ ਦਲ ਦੇ ਟਿਕਟ ਤੇ ਇਲੈਕਸ਼ਨ ਲੜਿਆ ਹੋਵਾਂ। ਜਦ ਤੋਂ ਮੈਂ ਕਾਂਗਰਸ ਦਾ ਝੰਡਾ ਹੱਥ ਵਿਚ ਫੜਿਆ ਹੈ ਮੈਂ ਉਸ ਝੰਡੇ ਨੂੰ ਛੱਡਿਆ ਨਹੀਂ ...... (ਵਿਘਨ) ਜੇ ਮੈਂ, ਸਪੀਕਰ ਸਾਹਿਬ, ਇਨ੍ਹਾਂ ਨੂੰ ਕੋਈ ਗੱਲ ਕਹੀ ਤਾਂ ਕਿਸੀ ਬੁਰਾਈ ਨਾਲ ਨਹੀਂ ਕਹੀ, ਮੈਂ ਤਾਂ ਪੁਰਾਣੀਆਂ ਸਾਂਝਾਂ ਯਾਦ ਕਰਾਉਂਦਾ ਹਾਂ। ਜੇ ਇਨ੍ਹਾਂ ਨੂੰ ਚੰਗੀਆਂ ਨਹੀਂ ਲਗਦੀਆਂ ......

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਛੱਡ ਕੇ ਚਲੇ ਗਏ ...... (ਵਿਘਨ)

ਮੁੱਖ ਮੰਤਰੀ : ਮੈਂ ਤਾਂ ਜ਼ਿੰਦਗੀ ਵਿਚ ਕਦੇ ਕਿਸੇ ਨੂੰ ਛੱਡਿਆ ਨਹੀਂ। ਨਾ ਮੈਂ ਆਪਣੀ ਪਾਰਟੀ ਛੱਡੀ ਹੈ। ਸੰਧੂ ਸਾਹਿਬ ਮੈਨੂੰ ਪਤਾ ਹੈ ਕਿ ਕਿੰਨਾਂ ਚਿਰ ਤੁਸੀਂ ਮਾਸਟਰ ਤਾਰਾ ਸਿੰਘ ਨਾਲ ਰਹੇ .... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਅਕਾਲੀ ਦਲ ...... ਅਕਾਲੀ ਦਲ ......।

ਮੁੱਖ ਮੰਤਰੀ : ਇਥੇ ਪਤਾ ਲਗਦਾ ਹੈ ਕਿ ਕਿੰਨੇ ਅਕਾਲੀ ਦਲ ਨੇ। ਨਿਰਲੇਪ ਕੌਰ ਅਕਾਲੀ ਦਲ, ਮਾਸਟਰ ਤਾਰਾ ਸਿੰਘ ਅਕਾਲੀ ਦਲ, ਸਰਦਾਰ ਫੇਰੂਮਾਨ ਅਕਾਲੀ ਦਲ, ਜੋਗਿੰਦਰ ਸਿੰਘ ਅਕਾਲੀ ਦਲ, ਸੰਤ ਫ਼ਤਿਹ ਸਿੰਘ ਅਕਾਲੀ ਦਲ ...... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ** ** **

ਸ੍ਰੀ ਸਪੀਕਰ : ਜੋ ਕੁਝ ਇਹ ਬੈਠੇ ਬੈਠੇ ਕਹਿੰਦੇ ਹਨ ਰਿਕਾਰਡ ਨਾ ਕੀਤਾ ਜਾਵੇ। ਆਰਡਰ, ਪਲੀਜ਼, ਆਰਡਰ। (ਵਿਘਨ) (Whatever the hon. Member says while seated, should not be recorded. Order please, order.) (*Interruptions*)

(ਇਸ ਵਕਤ ਜਥੇਦਾਰ ਗੁਰਬਚਨ ਸਿੰਘ ਆਪਣੀ ਸੀਟ ਤੋਂ ਬੈਠੇ ਬੈਠੇ ਕੁਝ ਬੋਲ ਰਹੇ ਸਨ)

ਮੁੱਖ ਮੰਤਰੀ : ਮੈਂ, ਸਪੀਕਰ ਸਾਹਿਬ, ਤੁਹਾਡੀ ਸੇਵਾ ਵਿਚ ਦਰਖ਼ਾਸਤ ਕਰਦਾ ਹਾਂ ਕਿ ਮੈਂ 10 ਮਿੰਟ ਘੱਟ ਬੋਲ ਲਵਾਂਗਾ, ਜਥੇਦਾਰ ਗੁਰਬਚਨ ਸਿੰਘ ਜੋ ਬੋਲਣਾ ਚਾਹੁੰਦੇ ਹਨ ਉਹ ਪਹਿਲੋਂ ਬੋਲ ਲੈਣ। (ਵਿਘਨ)

ਜਥੇਦਾਰ ਗੁਰਬਚਨ ਸਿੰਘ : ਮੈਂ ਵੀ ਬੋਲਾਂਗਾ ...... (ਵਿਘਨ)

ਸ੍ਰੀ ਸਪੀਕਰ : ਚੀਫ਼ ਮਨਿਸਟਰ ਸਾਹਿਬ, ਤੁਸੀਂ ਬੋਲੋ। (ਵਿਘਨ) ਆਰਡਰ ਪਲੀਜ਼ ਆਰਡਰ। (The Chief Minister may please continue. (*Interruption*) Order please, Order)

ਮੁੱਖ ਮੰਤਰੀ : ਮੈਂ ਇਕ ਗੱਲ ਕਹਾਂਗਾ ਕਿ ਜਦੋਂ ਮੈਂ ਬੋਲਦਾ ਹੋਵਾਂ ਤਾਂ ਮੈਨੂੰ ਬੋਲਣ ਦਿਉ ਨਹੀਂ ਤਾਂ ਤੁਸੀਂ ਬੋਲੋ ...... (ਵਿਘਨ)

ਜਥੇਦਾਰ ਗੁਰਬਚਨ ਸਿੰਘ : ਤੁਸੀਂ ਇਹ ਨਾ ਕਹੋ ਨਾ। (ਵਿਘਨ)

**Not recorded as ordered by the Chair.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਪੰਜਾਬ ਦੀ ਇਕ ਸਾਂਝੀ ਗੱਲ ਕਰ ਰਿਹਾ ਹਾਂ ਔਰ ਮੇਰੇ ਕਹਿਣ ਦਾ ਮਤਲਬ ਇਹ ਸੀ ਕਿ ਪੰਜਾਬ ਦੀ ਉਸ ਵਿਚ ਸ਼ਾਨ ਹੈ। ਪੰਜਾਬੀ ਅਫ਼ਸਰ ਜਿਹੜੇ ਸੈਂਟਰ ਵਿਚ ਜਾਣ, ਮੇਰੀ ਇਹ ਕੋਸ਼ਿਸ਼ ਹੈ ਕਿ ਉਹ ਸੀਨੀਅਰ ਅਫ਼ਸਰ ਹੀ ਜਾਣ ਕਿਉਂਕਿ ਸੀਨੀਅਰ ਅਫ਼ਸਰ ਉਥੇ ਜਾ ਕੇ ਵੀ ਬਾ-ਅਖ਼ਤਿਆਰ ਅਫ਼ਸਰ ਬਣਦੇ ਹਨ। ਜੇ ਜੂਨੀਅਰ ਅਫ਼ਸਰ ਜਾਣ ਤਾਂ ਉਨ੍ਹਾਂ ਵਿਚਾਰਿਆਂ ਨੂੰ ਉਥੇ ਕਲਰਕਾਂ ਦਾ ਕੰਮ ਕਰਨਾ ਪੈਂਦਾ ਹੈ। ਦੂਜੀ ਗੱਲ ਇਹ ਹੈ ਕਿ ਜੇ ਸੀਨੀਅਰ ਜਾਣਗੇ ਤਾਂ ਜੂਨੀਅਰ ਨੂੰ ਪਰਮੋਸ਼ਨ ਮਿਲਦੀ ਹੈ। ਇਸ ਖ਼ਿਆਲ ਨਾਲ ਸੀਨੀਅਰ ਅਫ਼ਸਰਾਂ ਨੂੰ ਉਨ੍ਹਾਂ ਦੇ ਸਟੇਟੱਸ ਦੇ ਮੁਤਾਬਿਕ ਜਗ੍ਹਾ ਮਿਲੇ ਤਾਂ ਅਸੀਂ ਉਨ੍ਹਾਂ ਨੂੰ ਭੇਜਦੇ ਹਾਂ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਸਰਦਾਰ ਤਰਲੋਕ ਸਿੰਘ ਪੰਜਾਬ ਦੇ ਵਿਚੋਂ ਗਏ ਸੀ ਔਰ ਉਨ੍ਹਾਂ ਨੇ ਆਪਣਾ ਨਾਮ ਜਾ ਕੇ ਪੈਦਾ ਕੀਤਾ । ਜਿਥੇ ਸਰਦਾਰ ਤਰਲੋਕ ਸਿੰਘ ਚਲਾ ਜਾਏ ਉਥੇ ਕਿਹਾ ਜਾਂਦਾ ਹੈ ਕਿ ਪਲਾਨਿੰਗ ਕਮਿਸ਼ਨ ਆ ਗਿਆ ਹੈ। ਇਸ ਵੇਲੇ ਸਾਡੇ ਸਰਦਾਰ ਕੇਵਲ ਸਿੰਘ ਉਥੇ ਫਾਰਨ ਸੈਕਟਰੀ ਹਨ ਉਹ ਐਂਮਬੈਸੇਡਰ ਵੀ ਰਹਿ ਚੁਕੇ ਹਨ ਔਰ ਸਭ ਤੋਂ ਇੰਪਾਰਟੈਂਟ ਪੋਰਟਫ਼ੋਲਿਓ ਉਨ੍ਹਾਂ ਦੇ ਕੋਲ ਹੈ। ਅਗਰ ਸੈਂਟਰਲ ਗੌਰਮਿੰਟ ਦਾ ਤਜ਼ਰਬਾ ਨਾ ਹੋਵੇ ਤਾਂ ਉਹ ਵੀ ਲਾਭਵੰਦ ਔਰ ਸਫ਼ਲ ਨਹੀਂ ਹੋ ਸਕਦਾ ਜਿਸ ਤਰ੍ਹਾਂ ਫ਼ੀਲਡ ਦੇ ਤਜ਼ਰਬੇ ਤੋਂ ਬਗੈਰ ਕੋਈ ਅਫ਼ਸਰ ਸਫ਼ਲ ਨਹੀਂ ਹੋ ਸਕਦਾ। ਜੇ ਕਰ ਸੈਂਟਰ ਵਿਚੋਂ ਤਜਰਬਾ ਹਾਸਲ ਕੀਤਾ ਹੋਵੇ ਤਾਂ ਉਹ ਬੜਾ ਲਾਭਵੰਦ ਰਹਿੰਦਾ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਸਰਕਾਰ ਨੇ ਕਿਸੇ ਅਫ਼ਸਰ ਨੂੰ ਉਸ ਦੀ ਵਿਲਿੰਗਨੈਸ ਦੇ ਖ਼ਿਲਾਫ਼ ਉਥੇ ਨਹੀਂ ਭੇਜਿਆ। ਕਈ ਅਫ਼ਸਰਾਂ ਨੇ ਜਦੋਂ ਰਿਕੂਐਸਟ ਕੀਤੀ ਕਿ ਸਾਨੂੰ ਨਾ ਭੇਜੋ ਮੈਂ ਉਨ੍ਹਾਂ ਨੂੰ ਨਹੀਂ ਭੇਜਿਆ। ਪੁਲਿਸ ਔਰ ਆਈ.ਏ.ਐਸ. ਅਫ਼ਸਰਾਂ ਨੂੰ ਜਿਨ੍ਹਾਂ ਨੂੰ ਦੱਸਿਆ ਕਿ ਤੁਹਾਨੂੰ ਉਥੇ ਜਾਣ ਵਿਚ ਫ਼ਾਇਦਾ ਹੈ ਤਾਂ ਉਹ ਮੰਨੇ ਔਰ ਚਲੇ ਗਏ। ਇਥੇ ਹੀ ਬੱਸ ਨਹੀਂ। ਮੈਂ ਉਨ੍ਹਾਂ ਅਫ਼ਸਰਾਂ ਨੂੰ ਯੋਗ ਥਾਂ ਦਿਲਾਉਣ ਵਾਸਤੇ ਸੈਂਟਰਲ ਗੌਰਮੈਂਟ ਨੂੰ ਸਪੈਸ਼ਲ ਪ੍ਰਾਰਥਨਾ ਕੀਤੀ ਕਿ ਇਹ ਅਫ਼ਸਰ ਸਾਡੇ ਜਿਸ ਔਹਦੇ ਤੇ ਰਹਿ ਚੁਕੇ ਹਨ ਸੈਂਟਰਲ ਗੌਰਮਿੰਟ ਵਿਚ ਵੀ ਉਸ ਨੂੰ ਉਹ ਔਹਦਾ ਮਿਲਣਾ ਚਾਹੀਦਾ ਹੈ। ਇਹ ਤੁਹਾਨੂੰ ਪਤਾ ਹੀ ਹੈ ਕਿ ਇਹ ਜਿਹੜੇ ਆਈ.ਏ.ਐਸ. ਅਫ਼ਸਰ ਹਨ, ਉਨ੍ਹਾਂ ਦਾ ਰਿਕਾਰਡ ਸੈਂਟਰਲ ਗੌਰਮਿੰਟ ਕੋਲ ਵੀ ਹੁੰਦਾ ਹੈ। ਉਹ ਵੇਖਦੇ ਹਨ ਕਿ ਜਿਸ ਥਾਂ ਤੇ ਉਹ ਯੋਗ ਹੋਵੇ ਉਸ ਥਾਂ ਤੇ ਉਸ ਅਫ਼ਸਰ ਨੂੰ ਲਾਉਂਦੇ ਹਨ। ਕਈ ਅਫ਼ਸਰਾਂ ਨੂੰ ਨਹੀਂ ਵੀ ਲਾਉਂਦੇ। ਇਸ ਖ਼ਿਆਲ ਨਾਲ ਜਿਹੜੀ ਚੰਗਿਆਈ ਹੈ ਉਸ ਨੂੰ ਬੁਰਾਈ ਵਿਚ ਨਹੀਂ ਬਦਲਣਾ ਚਾਹੀਦਾ। ਅਸੀਂ ਕਿਸੇ ਨੂੰ ਧੋਖੇ ਨਾਲ ਨਹੀਂ ਭੇਜਦੇ।

ਆਈ.ਪੀ.ਐਸ. ਵਾਲੇ ਜੋ ਅਫ਼ਸਰ ਹਨ ਉਹ ਵੀ 17 ਬਾਹਰ ਜਾਣੇ ਚਾਹੀਦੇ ਹਨ ਪਰ ਇਸ ਵੇਲੇ ਸਿਰਫ਼ 15 ਹਨ ਹਾਲੇ 2 ਹੋਰ ਭੇਜਣੇ ਹਨ ਪਰ ਜਦੋਂ ਭੇਜਾਂਗੇ ਤਾਂ ਇਨ੍ਹਾਂ ਨੇ ਫਿਰ ਕਹਿਣਾ ਹੈ ਕਿ ਇਹ ਧੱਕੇ ਨਾਲ ਉਥੇ ਭੇਜੇ ਹਨ। ਪਰ ਇਹ ਧੱਕੇ ਦੀ ਗੱਲ ਨਹੀਂ। ਇਸ ਨਾਲ ਇਨ੍ਹਾਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ। ਪਿਛਲੀਆਂ ਸਰਕਾਰਾਂ ਨੇ ਨਹੀਂ ਭੇਜਿਆ ਤਾਂ ਕੋਈ ਚੰਗੀ ਗੱਲ ਨਹੀਂ ਕੀਤੀ। (ਵਿਘਨ)

ਪੰਜਾਬ ਵਿਚ ਪੀ.ਸੀ.ਐਸ. ਦੀ ਭਰਤੀ ਵਾਸਤੇ ਪਿਛਲੇ 3, 4 ਸਾਲਾਂ ਤੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਪਰ ਅਸੀਂ ਪਿਛਲੇ ਸਾਲ 12 ਅਫ਼ਸਰ ਸਿਲੈਕਟ ਕੀਤੇ ਹਨ ਅਤੇ ਹੁਣ ਇਸ ਸਾਲ ਦੀ ਸਿਲੈਕਸ਼ਨ ਵਾਸਤੇ ਭੀ ਲੋਕ ਸੇਵਾ ਕਮਿਸ਼ਨ ਨੂੰ ਕਿਹਾ ਗਿਆ ਹੈ। ਅਸੀਂ ਹਰ ਸਾਲ ਪੀ.ਸੀ.ਐਸ. ਦੀਆਂ ਸਿਲੈਕਸ਼ਨਾਂ ਕਰਵਾਉਂਦੇ ਹਾਂ ਤਾਂਕਿ ਅਫ਼ਸਰ ਜਿਹੜੇ ਹਨ ਉਨ੍ਹਾਂ ਨੂੰ ਵੱਡੀਆਂ ਪਦਵੀਆਂ ਤੇ ਤਰੱਕੀ ਮਿਲੇ।

[ਮੁੱਖ ਮੰਤਰੀ]

ਇਥੇ ਇਹ ਇਲਜ਼ਾਮ ਲਾਇਆ ਗਿਆ ਕਿ ਅਫਸਰਾਂ ਨੂੰ ਕੰਮ ਕਰਨ ਦਾ ਪਤਾ ਨਹੀਂ। ਉਹ ਹੋਰ ਦੀਆਂ ਹੋਰ ਗੱਲਾਂ ਕਰਦੇ ਹਨ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹ ਇਕ ਬੇ-ਬੁਨਿਆਦ ਇਲਜ਼ਾਮ ਹੈ ਪੰਜਾਬ ਦੀ ਐਡਮਨਿਸਟ੍ਰੇਸ਼ਨ ਦੀ ਬਾਕੀ ਸਾਰੀਆਂ ਸਟੇਟਾਂ ਨਾਲੋਂ ਵਧੀਆ ਐਡਮਿਨਸਟ੍ਰੇਸ਼ਨ ਹੈ। (ਸ਼ੋਰ) (ਵਿਘਨ)

ਸਪੀਕਰ ਸਾਹਿਬ, ਜੇ ਕੋਈ ਮਾੜਾ ਬੰਦਾ ਹੈ ਜਾਂ ਕੋਈ ਡਿਸ-ਓਨੈਸਟ ਹੈ ਤਾਂ ਇਹ ਸੋਸਾਇਟੀ ਦਾ ਕਸੂਰ ਹੈ। ਕੀ ਇਹ ਸਾਡੇ ਸਮਾਜ ਦਾ ਕਸੂਰ ਨਹੀਂ। ਸਪੀਕਰ ਸਾਹਿਬ, ਹਰ ਸੈਕਸ਼ਨ ਵਿਚ ਬਦਇੰਤਜ਼ਾਮੀ ਵੀ ਹੁੰਦੀ ਹੈ ਅਤੇ ਨਾਅਹਿਲਿਅਤ ਵੀ ਹੁੰਦੀ ਹੈ ਲੇਕਿਨ ਵੇਖਣਾ ਇਹ ਹੁੰਦਾ ਹੈ ਕਿ ਜਨਰਲ ਤੌਰ ਤੇ ਉਸ ਵਿਚ ਕੰਮ ਕਰਨ ਵਾਲੇ ਬੰਦਿਆਂ ਦੀ ਮੈਜੋਰਿਟੀ ਚੰਗੀ ਹੈ ਜਾਂ ਨਹੀਂ। ਇਹ ਗੱਲ ਬਿਲਕੁਲ ਬੇ-ਬੁਨਿਆਦ ਹੈ ਕਿ ਉਹ ਅਫ਼ਸਰ ਜਿਹੜੇ ਹਨ ਉਨ੍ਹਾਂ ਨੂੰ ਮਾੜੀ ਥਾਂ ਲਗਾ ਦਿੱਤਾ ਜਾਂਦਾ ਹੈ। ਮੈਂ ਇਹ ਕਹਿੰਦਾ ਹਾਂ ਕਿ ਜੋ ਅਫ਼ਸਰ ਅੱਜ ਲਗਾਏ ਹੋਏ ਹਨ ਉਹ ਪੂਰੀ ਯੋਗਤਾ ਨਾਲ ਸਰਕਾਰ ਦੀਆਂ ਸਕੀਮਾਂ ਨੂੰ ਚਲਾ ਰਹੇ ਹਨ। ਪੰਜਾਬ ਹੀ ਇਕ ਐਸਾ ਸੂਬਾ ਹੈ ਜਿਥੇ ਕਿ ਅਫ਼ਸਰ ਐਫੀਸ਼ਿਐਂਟ ਅਤੇ ਯੋਗਤਾ ਨਾਲ ਕੰਮ ਨੂੰ ਨਿਭਾਉਣ ਵਾਲੇ ਹਨ ਅਤੇ ਲੋਕਾਂ ਦੇ ਭਲੇ ਦੇ ਕੰਮ ਕਰਦੇ ਹਨ। (ਸ਼ੋਰ) (ਵਿਘਨ)

ਸਪੀਕਰ ਸਾਹਿਬ, ਇਕ ਗੱਲ ਇਥੇ ਹੋਰ ਕਹੀ ਗਈ ਹੈ ਕਿ ਅਫ਼ਸਰ ਜਿਹੜੇ ਹਨ ਉਹ ਵਕਤ ਸਿਰ ਨਹੀਂ ਆਉਂਦੇ ਅਤੇ ਪਹਿਲੇ ਚਲੇ ਜਾਂਦੇ ਹਨ।

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ ** **)

ਸ੍ਰੀ ਸਪੀਕਰ: ਇਹ ਜੋ ਕੁਝ ਮੈਂਬਰ ਸਾਹਿਬਾਨ ਬੈਠੇ ਬੈਠੇ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। (Whatever the hon. Members are saying while seated, should not be recorded.)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਨੂੰ ਸੰਧੂ ਸਾਹਿਬ ਨਾਲ ਬਹੁਤ ਪਿਆਰ ਹੈ। ਅਕਾਲੀ ਹੋਣਾ ਕੋਈ ਪਾਪ ਨਹੀਂ, ਅਕਾਲੀਆਂ ਦੇ ਪੁੱਤ ਹੋਣਾ ਕੋਈ ਪਾਪ ਨਹੀਂ। ਪਰ ਜਿਹੜੇ ਇਨ੍ਹਾਂ ਅਕਾ-ਲੀਆਂ ਦੇ ਪੁੱਤ ਹੋਣਗੇ ਉਨ੍ਹਾਂ ਨੇ ਅਕਾਲੀ ਨਹੀਂ ਰਹਿਣਾ (ਸ਼ੋਰ) (ਵਿਘਨ).

ਗਿਆਨੀ ਭੁੱਪਨ ਸਿੰਘ ਪਤੰਗ :

** ** ** **

ਸ੍ਰੀ ਸਪੀਕਰ: ਮੈਂਬਰ ਸਾਹਿਬ ਜੋ ਬਿਨਾ ਇਜਾਜ਼ਤ ਤੋਂ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤੀ ਜਾਵੇ। (Whatever the hon. Member is saying without permission, should not be recorded.)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਬੜਾ ਅਦਬ ਕਰਦਾ ਹਾਂ ਪਰ ਹਾਸੇ ਦੀ ਵੀ ਕੋਈ ਹੱਦ ਹੁੰਦੀ ਹੈ। ਪਰ ਜਿਹੜੀਆਂ ਗੱਲਾਂ ਹੋ ਰਹੀਆਂ ਹਨ ਇਨ੍ਹਾਂ ਗੱਲਾਂ ਤੇ ਨਾ ਇਧਰ ਹਾਸਾ ਹੈ ਨਾ ਉਧਰ ਹਾਸਾ ਹੈ ਪਰ ਉਧਰ ਡਾਂਗ ਸਾਹਿਬ ਬੈਠੇ ਹੱਸੀ ਜਾ ਰਹੇ ਹਨ। ਕਿ, ਇਹ ਕੀ ਹੋ ਰਿਹਾ ਹੈ (ਸ਼ੋਰ)

ਸਰਦਾਰ ਦਰਬਾਰਾ ਸਿੰਘ : ** ** ** **

ਸ੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ (This should not be recorded)

**Not recorded as ordered by the Chair.

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਕੁਝ ਪਰਸੈਂਟੇਜ਼ ਅਜਿਹੇ ਅਫਸਰਾਂ ਦੀ ਵੀ ਹੁੰਦੀ ਹੈ ਜਿਹੜੇ ਕਿ ਬਹੁਤ ਘੱਟ ਗਿਣਤੀ ਵਿਚ ਹਨ ਜਿਹੜੇ ਕਿ ਮਾੜੇ ਹੁੰਦੇ ਹਨ। ਪਰ ਜ਼ਿਆਦਾ ਪਰਸੈਂਟੇਜ਼ ਚੰਗੇ ਅਫਸਰਾਂ ਦੀ ਹੈ। ਇਸ ਕਰਕੇ ਮੈਂ ਕਹਾਂਗਾ ਕਿ ਸਾਰੀ ਮਸ਼ੀਨਰੀ ਨੂੰ ਬੁਰਾ ਕਹਿਣਾ ਕੋਈ ਚੰਗੀ ਗੱਲ ਨਹੀਂ। ਸਪੀਕਰ ਸਾਹਿਬ, ਜੇ ਅੰਧੇਰਾ ਨਾ ਹੋਵੇ ਤਾਂ ਰੋਸ਼ਨੀ ਦਾ ਮੁੱਲ ਕੋਈ ਨਹੀਂ।

ਸਪੀਕਰ ਸਾਹਿਬ, ਅਸੀਂ ਕੁਰੱਪਸ਼ਨ ਨੂੰ ਰੋਕਣ ਵਾਸਤੇ 1 ਜਨਵਰੀ, 1953 ਤੋਂ 31 ਜਨਵਰੀ, 1974 ਤਕ 291 ਸਰਕਾਰੀ ਅਫ਼ਸਰਾਂ ਅਤੇ ਕਰਮਚਾਰੀਆਂ ਵਿਰੁੱਧ ਕਾਰਵਾਈ ਕੀਤੀ। ਉਨ੍ਹਾਂ ਵਿਚੋਂ 89 ਆਦਮੀਆਂ ਨੂੰ ਸਜ਼ਾ ਵੀ ਹੋ ਚੁਕੀ ਹੈ। ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਸਰਕਾਰ ਹੈ ਜਿਸ ਨੇ ਕਿ ਕਮਿਸ਼ਨਰ ਦੇ ਰੈਂਕ ਅਤੇ ਬਿਜਲੀ ਬੋਰਡ ਦੇ ਚੇਅਰਮੈਨ ਨੂੰ ਕੁਰੱਪਸ਼ਨ ਦੇ ਕੇਸ ਵਿਚ ਫੜਿਆ ਅਤੇ ਉਨ੍ਹਾਂ ਤੇ ਇਲਜ਼ਾਮ ਲਾਏ...... (ਸ਼ੋਰ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ਼ ਇਨਫ਼ਰਮੇਸ਼ਨ, ਸਰ, ਮੇਰਾ ਪੁਆਇੰਟ ਆਫ਼ ਇਨਫ਼ਰਮੇਸ਼ਨ ਇਹ ਹੈ ਕਿ ਜਦੋਂ ਹਾਊਸ ਦੇ ਮੈਂਬਰਾਂ ਨੇ ਇਨ੍ਹਾਂ ਨੂੰ ਕਿਹਾ ਸੀ ਕਿ ਇਹ ਪੈਸੇ ਦੇ ਕੇ ਲਗਾਇਆ ਹੈ ਉਦੋਂ ਚੇਅਰਮੈਨ ਨੂੰ ਕਿਉਂ ਨਹੀਂ ਸੀ ਹਟਾਇਆ।

EXTENSION OF TIME OF THE SITTING

Mr. Speaker : Please resume your seat. ਜੇ ਕਹੋ ਤਾਂ ਹਾਊਸ ਦਾ ਸਮਾਂ ਅੱਧਾ ਘੰਟਾ ਹੋਰ ਵਧਾ ਦਿੱਤਾ ਜਾਵੇ। (Please resume your seat. The time of the sitting may, if agreed, be extended by another half an hour.) Is it pleasure of the House ?

Voices : Yes, Yes.

ਸ੍ਰੀ ਸਪੀਕਰ : ਹਾਊਸ ਦਾ ਸਮਾਂ ਅੱਧਾ ਘੰਟਾ ਹੋਰ ਵਧਾਇਆ ਜਾਂਦਾ ਹੈ।

(The time of the sitting of the House is extended by another half an hour.)

DEMANDS FOR GRANTS

(*Resumption of Discussion*)

ਮੁੱਖ ਮੰਤਰੀ: ਸਪੀਕਰ ਸਾਹਿਬ, ਇਕ ਇਨ੍ਹਾਂ ਨੇ ਹੋਰ ਬੇ-ਬੁਨਿਆਦ ਇਲਜ਼ਾਮ ਲਾਇਆ ਹੈ ਕਿ ਉੱਤਰ ਪਰਦੇਸ਼ ਦੀਆਂ ਚੋਣਾਂ ਲਈ ਸਰਕਾਰ ਦੀ ਐਡਮਨਿਸਟ੍ਰੇਸ਼ਨ ਨੇ ਫੰਡ ਇਕੱਠੇ ਕੀਤੇ। (ਸ਼ੋਰ)

ਸਪੀਕਰ ਸਾਹਿਬ, ਸਰਕਾਰ ਦੇ ਕਿਸੇ ਅਫ਼ਸਰ ਨੇ, ਕਿਸੇ ਕਰਮਚਾਰੀ ਨੇ, ਵੱਡੇ ਨੇ, ਛੋਟੇ ਨੇ, ਕੋਈ ਪੈਸਾ ਇਕੱਠਾ ਨਹੀਂ ਕੀਤਾ ਔਰ ਐਡਮਨਿਸਟਰੇਸ਼ਨ ਨੇ ਕੋਈ ਪੈਸਾ ਇਕੱਠਾ ਕਰਨ ਵਿਚ ਦਖ਼ਲ ਨਹੀਂ ਦਿੱਤਾ।

ਆਵਾਜ਼ਾਂ : ਦਿੱਤਾ ਹੈ, ਦਿੱਤਾ ਹੈ।

ਮੁੱਖ ਮੰਤਰੀ: ਸਪੀਕਰ ਸਾਹਿਬ, ਉਥੇ ਜਿਤਨੀਆਂ ਪਾਰਟੀਆਂ ਵੀ ਲੜੀਆਂ ਹਨ ਉਨ੍ਹਾਂ ਸਾਰਿਆਂ ਨੇ ਪ੍ਰਾਂਤਾਂ ਵਿਚੋਂ ਪੈਸੇ ਇਕੱਠੇ ਕੀਤੇ ਹਨ। ਕਾਂਗਰਸਮੈਨ ਨੇ ਵੀ ਪੈਸੇ ਇਕੱਠੇ ਕਰਕੇ ਉਥੇ ਭੇਜੇ ਹਨ। ਗੱਡੀਆਂ ਵੀ ਭੇਜੀਆਂ ਹਨ। ਜਨਸੰਘ ਨੇ ਵੀ ਭੇਜੀਆਂ ਹਨ। ਪਰ ਤੁਸੀਂ ਦੱਸੋ, ਇਨ੍ਹਾਂ ਦਾ ਤਾਂ ਕੋਈ ਉਥੇ ਉਮੀਦਵਾਰ ਖੜਾ ਨਹੀਂ ਸੀ, ਇਹ ਤਾਂ ਉਥੇ ਇਲੈਕਸ਼ਨ ਨਹੀਂ ਸੀ ਲੜ ਰਹੇ। ਇਨ੍ਹਾਂ ਨੇ ਕਿਉਂ ਮੱਦਦ ਕੀਤੀ ਹੈ ?

ਵਿਰੋਧੀ ਧਿਰ ਵਲੋਂ ਆਵਾਜ਼ਾਂ—ਸਾਡੀ ਉਨ੍ਹਾਂ ਨਾਲ ਹਮਦਰਦੀ ਹੈ। (ਵਿਘਨ)

[ਮੁੱਖ ਮੰਤਰੀ]

ਮੁੱਖ ਮੰਤਰੀ: ਉਥੇ ਤੁਸੀਂ ਸੀ. ਡੀ. ਗੁਪਤਾ ਦੀ ਹਮਦਰਦੀ ਕਰਦੇ ਸੀ ਔਰ ਡਾਕਟਰ ਚਰਨ ਸਿੰਘ ਨੂੰ ਹਰਾਉਣਾ ਚਾਹੁੰਦੇ ਸੀ ਪਰ ਉਹ ਭਾਰੀ ਗਿਣਤੀ ਨਾਲ ਜਿੱਤ ਕੇ ਆਇਆ ਹੈ। (ਥੰਪਿੰਗ) (ਵਿਘਨ)

ਸਪੀਕਰ ਸਾਹਿਬ, ਇਹ ਵੀ ਆਖਿਆ ਗਿਆ ਹੈ ਕਿ ਪੁਲਿਸ ਵਿਚ ਪਾਰਟੀਬਾਜ਼ੀ ਹੈ। ਮੈਂ ਇਹ ਨਹੀਂ ਕਹਿ ਸਕਦਾ ਕਿ ਸਰਵਿਸਮੈਨ ਜਿਹੜੇ ਹਨ ਉਹ ਕੋਈ ਵਿਚਾਰ ਧਾਰਾ ਨਹੀਂ ਰਖਦੇ ਜਾਂ ਰਖ ਨਹੀਂ ਸਕਦੇ। ਉਨ੍ਹਾਂ ਦੀਆਂ ਸੋਸਾਇਟੀਆਂ ਹਨ, ਸਭਾਵਾਂ ਹਨ, ਕਲੱਬ ਵੀ ਹੁੰਦੇ ਹਨ। ਇਹੋ ਜਿਹੀਆਂ ਜਿਹੜੀਆਂ ਸਭਾਵਾਂ ਹਨ ਉਨ੍ਹਾਂ ਵਿਚ ਦੋ ਧੜੇ ਵੀ ਹੁੰਦੇ ਹੋਣਗੇ ਲੇਕਿਨ ਜਿਥੋਂ ਤਕ ਐਡਮਨਿਸਟ੍ਰੇਸ਼ਨ ਦਾ ਸਵਾਲ ਹੈ ਉਥੇ ਧੜੇਬੰਦੀ ਨਹੀਂ ਹੈ। ਨਾ ਪੁਲੀਸ ਵਿਚ ਔਰ ਨਾ ਹੀ ਕਿਸੇ ਹੋਰ ਮਹਿਕਮੇ ਵਿਚ ਧੜੇਬੰਦੀ ਦੇ ਤੌਰ ਤੇ ਕੋਈ ਗ਼ਲਤ ਕੰਮ ਕੀਤਾ ਜਾਂਦਾ ਹੈ। ਅਫ਼ਸਰ ਜਿਹੜੇ ਹਨ ਉਹ ਪੂਰੇ ਤੌਰ ਤੇ ਵਫ਼ਾਦਾਰੀ ਨਾਲ ਔਰ ਪੂਰੀ ਲਿਆਕਤ ਨਾਲ ਆਪਣੇ ਕੰਮ ਨੂੰ ਨਿਭਾਉਂਦੇ ਹਨ। (ਵਿਘਨ)

ਸ੍ਰੀ ਸਪੀਕਰ: ਇਹ ਪ੍ਰਥਾ ਚੰਗੀ ਨਹੀਂ ਹੋਵੇਗੀ ਅਗਰ ਤੁਸੀਂ ਇਸ ਤਰ੍ਹਾਂ ਹੀ ਇਨਟਰੱਪਟ ਕਰੀ ਜਾਓਗੇ। (ਵਿਘਨ) (If you go on interrupting like this, it would not be a good practice.)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਜੇਕਰ ਸਰਦਾਰ ਉਮਰਾਓ ਸਿੰਘ ਜੀ ਇਨ੍ਹਾਂ ਨੂੰ ਘੂਰਦੇ ਹਨ ਤਾਂ ਉਨ੍ਹਾਂ ਨੂੰ ਹਟਾ ਦਿੰਦੇ ਹਾਂ ਕਿਉਂਕਿ ਇਹ ਮੈਂ ਨਹੀਂ ਸੁਣਨਾ ਚਾਹੁੰਦਾ ਕਿ ਵਿਰੋਧੀ ਧਿਰ ਨੂੰ ਇਹ ਘੂਰਦੇ ਹਨ। (ਵਿਘਨ)

ਆਵਾਜ਼ਾਂ: ਸਾਨੂੰ ਨਹੀਂ ਘੂਰਦੇ।) (ਹਾਸਾ)

ਮੁੱਖ ਮੰਤਰੀ: ਲਓ ਜੀ ਉਹ ਇਨ੍ਹਾਂ ਨੂੰ ਨਹੀਂ ਘੂਰਦੇ। ਸਪੀਕਰ ਸਾਹਿਬ, ਇਥੇ ਅੱਜ ਕੁਝ ਦੋਸਤਾਂ ਨੇ ਜਨਰਲ ਐਡਮਨਿਸਟ੍ਰੇਸ਼ਨ ਤੋਂ ਇਲਾਵਾ ਹੋਰ ਗਲਾਂ ਵੀ ਕੀਤੀਆਂ ਹਨ ਜਿਹੜੀਆਂ ਕਿ ਇਰੈਲੇਵੈਂਟ ਸਨ, ਪਰ ਕਈ ਰੈਲੇਵੈਂਟ ਸਨ। ਮੈਂ ਸਾਰੀਆਂ ਗੱਲਾਂ ਦਾ ਜਵਾਬ ਨਹੀਂ ਦਿੰਦਾ ਪਰ ਕਈ ਦੋਸਤਾਂ ਨੇ ਇਸ ਗੱਲ ਦਾ ਬੜਾ ਤਾਨਾ ਦਿੱਤਾ ਹੈ ਕਿ ਕੀ ਸਮਾਜਵਾਦ ਇਸ ਗੱਲ ਦਾ ਨਾਮ ਹੈ, ਕੀ ਸਮਾਜਵਾਦ ਉਸ ਗੱਲ ਦਾ ਨਾਮ ਹੈ। ਪਰ ਸਮਾਜਵਾਦ ਦਾ ਜੇਕਰ ਕਿਸੇ ਦੇ ਚੋਰੀ ਹੋ ਜਾਏ, ਦੰਗਾ ਹੋ ਜਾਏ, ਫ਼ਸਾਦ ਹੋ ਜਾਏ, ਕੋਈ ਬੀਮਾਰੀ ਪੈ ਜਾਏ, ਕਾਲ ਪੈ ਜਾਏ ਉਸਦੇ ਨਾਲ ਤੁਅੱਲਕ ਨਹੀਂ ਹੈ। ਸਮਾਜਵਾਦ ਤਾਂ ਇਕ ਸਿਧਾਂਤ ਹੈ ਔਰ ਉਸ ਸਿਧਾਂਤ ਦੀ ਪੂਰਤੀ ਲਈ ਕਦਮ ਉਠਾਏ ਜਾ ਰਹੇ ਹਨ ਜਾਂ ਨਹੀਂ ਇਹ ਸਾਨੂੰ ਦੱਸ ਸਕਦੇ ਹਨ। ਇਹ ਦੱਸ ਸਕਦੇ ਹਨ ਕਿ ਇਹ ਸਮਾਜਵਾਦ ਦਾ ਰਸਤਾ ਹੈ ਔਰ ਇਸ ਮੰਜ਼ਲ ਨੂੰ ਤਹਿ ਕਰਨ ਵਿਚ ਇਹ ਰੁਕਾਵਟਾਂ ਆਉਣਗੀਆਂ, ਇਨ੍ਹਾਂ ਤੋਂ ਬਚੋ। ਲੇਕਿਨ ਹਰ ਗਲ ਨੂੰ ਸਮਾਜਵਾਦ ਨਾਲ ਜੋੜ ਲੈਣਾ ਚੰਗੀ ਗੱਲ ਨਹੀਂ ਹੈ। ਸਮਾਜਵਾਦ ਵਲ ਵੱਧਣਾ ਅੱਜ ਸਾਡੀ ਨੀਤੀ ਹੈ। ਸਾਡੇ ਦੇਸ਼ ਵਿਚ ਡੈਮੋਕਰੇਸੀ ਹੈ ਪਰ ਡੈਮੋਕਰੇਸੀ ਦੀ ਰਫ਼ਤਾਰ ਬੜੀ ਧੀਮੀ ਹੁੰਦੀ ਹੈ। ਇਸ ਵਿਚ ਹਜ਼ਾਰਾਂ ਖ਼ੂਬੀਆਂ ਭਾਵੇਂ ਹੋਣ ਪਰ ਇਸ ਦੀ ਰਫ਼ਤਾਰ ਧੀਮੀ ਹੁੰਦੀ ਹੈ। ਕਾਨਸਟੀਚਿਊਸ਼ਨ ਵਿਚ ਜਦੋਂ ਤਕ ਇਕ ਗਲ ਨਹੀਂ ਆ ਜਾਂਦੀ ਕਿ ਸਮਾਜਵਾਦ ਦੇ ਖ਼ਿਲਾਫ਼ ਕੋਈ ਆਵਾਜ਼ ਨਹੀਂ ਉਠਾ ਸਕਦਾ ਤਦ ਤਕ ਇਹ ਰਫ਼ਤਾਰ ਧੀਮੀ ਹੀ ਰਹਿਣੀ ਹੈ। ਸੀ.ਪੀ.ਆਈ ਵਾਲੇ ਦੋਸਤ ਤਾਂ ਸਾਡੇ ਨਾਲੋਂ ਜ਼ਿਆਦਾ ਪ੍ਰੋਗਰੈਸਿਵ ਬਣਦੇ ਹਨ। (ਵਿਘਨ) ਸਾਨੂੰ ਤਾਂ ਉਹ ਸਮਾਜਵਾਦ ਨੂੰ ਨੇੜੇ ਨੇੜੇ ਲਿਆਉਣ ਵਾਲੇ ਕਹਿੰਦੇ ਹਨ ਪਰ .... (ਵਿਘਨ)

ਕਾਮਰੇਡ ਸੱਤ ਪਾਲ ਡਾਂਗ: ਅਸੀਂ ਇਹ ਨਹੀਂ ਸਮਝਦੇ ਕਿ ਗੌਰਮਿੰਟ ਹੌਲੀ ਹੌਲੀ ਸਮਾਜਵਾਦ ਲਿਆਵੇਗੀ। ਅਸੀਂ ਸਮਝਦੇ ਹਾਂ ਕਿ ਸੋਸ਼ਲਿਜ਼ਮ ਦਾ ਨਾਮ ਦੇ ਕੇ ਸਰਮਾਏਦਾਰੀ ਨੂੰ ਪਾਲਿਆ ਜਾ ਰਿਹਾ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਸਮਾਜਵਾਦ ਵਲ ਕਦਮ ਚੁੱਕੇ ਹਨ ਔਰ ਇਹ ਚੁੱਕੀ ਜਾ ਰਹੇ ਹਨ। ਮੈਂ ਇਨ੍ਹਾਂ ਪਾਸੋਂ ਇਹ ਇਨ-ਫ਼ਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਸ਼ਹਿਰੀ ਜਾਇਦਾਦ ਦਾ ਬਿੱਲ ਪਿਛਲੇ ਸਾਲ ਪਾਸ ਕੀਤਾ, ਜ਼ਮੀਨ ਸੁਧਾਰ ਦਾ ਬਿੱਲ ਪਿਛਲੇ ਸਾਲ ਪਾਸ ਕੀਤਾ। ਉਨ੍ਹਾਂ ਉੱਪਰ ਕੀ ਅਮਲ ਹੋਇਆ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਬਿੱਲਾਂ ਵਿਚ ਵੀ ਸਮਾਜਵਾਦ ਨਹੀਂ ਹੈ। ਜਿੱਥੇ ਸਮਾਜ-ਵਾਦ ਨਹੀਂ ਵੀ ਉਥੇ ਭੀ ਸੀਲਿੰਗ ਹੈ। ਜਾਪਾਨ ਵਿਚ ਸੀਲਿੰਗ ਹੈ, ਈਰਾਨ ਵਿਚ ਸੀਲਿੰਗ ਹੈ ਪਰ ਉਥੇ ਸਮਾਜਵਾਦ ਨਹੀਂ ਹੈ। ਸਮਾਜਵਾਦ ਤਾਂ ਇਕ ਉੱਚੇ ਆਦਰਸ਼ ਦਾ ਨਾਮ ਹੈ। ਜਿਥੇ ਸਾਰੀ ਦੀ ਸਾਰੀ ਪ੍ਰਾਪਰਟੀ, ਸਾਰੀ ਦੀ ਸਾਰੀ ਪੈਦਾਵਾਰ ਸਾਂਝੀ ਹੋਵੇਗੀ, ਇਕੱਲੇ ਦੀ ਨਹੀਂ ਹੋਵੇਗੀ ਲੇਕਿਨ ਡਾਂਗ ਸਾਹਿਬ ਦਾ ਇਲਜ਼ਾਮ ਬੇ-ਬੁਨਿਆਦ ਹੈ ਔਰ ਜ਼ਿਆਦਤੀ ਹੈ ਔਰ ਡਾਂਗ ਸਾਹਿਬ ਨੂੰ ਚਾਹੀਦਾ ਹੈ ਕਿ ਜੇਕਰ ਉਹ ਸਾਨੂੰ ਇਸ ਤਰ੍ਹਾਂ ਹੀ ਸਮਝਦੇ ਹਨ ਤਾਂ ਸਾਡੀ ਵੀ ਆਲ ਇੰਡੀਆ ਪਾਰਟੀ ਹੈ, ਔਰ ਇਨ੍ਹਾਂ ਦੀ ਵੀ ਆਲ ਇੰਡੀਆ ਪਾਰਟੀ ਹੈ। ਇਹ ਆਪਣੀ ਆਲ ਇੰਡੀਆ ਪਾਰਟੀ ਦੇ ਜਨਰਲ ਸੈਕਟਰੀ ਤੋਂ ਪੁੱਛਣ ਕਿ ਸਮਾਜਵਾਦ ਦੇ ਨੇੜੇ ਅਸੀਂ ਹਾਂ ਜਾਂ ਇਨ੍ਹਾਂ ਦੀ ਪਾਰਟੀ ਹੈ। (ਸੀ.ਪੀ.ਆਈ. ਦੇ ਮੈਂਬਰ ਸਾਹਿਬਾਨ ਵਲ ਇਸ਼ਾਰਾ ਕਰਦੇ ਹੋਏ) ਤੁਸੀਂ ਸਾਡੇ ਨਾਲ ਦੋਸਤੀਆਂ ਪਾਈਆਂ ਹਨ, ਉਹ ਕਿਨ੍ਹਾਂ ਗੱਲਾਂ ਕਰਕੇ ਪਾਈਆਂ ਹਨ। ਸਪੀਕਰ ਸਾਹਿਬ, ਸਮਾਂ ਜ਼ਿਆਦਾ ਹੋ ਰਿਹਾ ਹੈ ਇਸ ਲਈ ਮੈਂ ਇਸ ਨੂੰ ਇਥੇ ਹੀ ਛੱਡ ਦਿੰਦਾ ਹਾਂ। ਸਿਰਫ ਸਮਾਜਵਾਦ ਵਾਸਤੇ ਹੀ ਅਸੀਂ ਇਕੱਠੇ ਹੋਏ ਹਾਂ। (ਵਿਘਨ)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਸਪੀਕਰ ਸਾਹਿਬ, ਅਸੀਂ ਕਾਂਗਰਸ ਪਾਰਟੀ ਨੂੰ ਸਮਾਜਵਾਦ ਵਿਰੋਧੀ ਪਾਰਟੀ ਸਮਝਦੇ ਹਾਂ। ਕਾਂਗਰਸ ਪਾਰਟੀ ਨੂੰ ਅਸੀਂ ਉਹ ਪਾਰਟੀ ਸਮਝਦੇ ਹਾਂ ਜਿਹੜੀ ਕਿ ਦੇਸ਼ ਅੰਦਰ ਕਈ ਜਮਹੂਰੀ ਤਬਦੀਲੀਆਂ ਕਰ ਚੁੱਕੀ ਹੈ ਔਰ ਕਰ ਰਹੀ ਹੈ। ਅਸੀਂ ਕਾਂਗਰਸ ਪਾਰਟੀ ਨੂੰ ਸਮਾਜਵਾਦ ਲਿਆਉਣ ਵਾਲੀ ਕਦੇ ਨਹੀਂ ਸਮਝਦੇ। ਸਾਡਾ ਇਨ੍ਹਾਂ ਨਾਲ ਨੇੜ ਇਸ ਗੱਲ ਦਾ ਹੈ ਕਿ ਦੇਸ਼ ਦੇ ਅੰਦਰ ਜਿਹੜੀ ਫ਼ਿਰਕਾਪ੍ਰਸਤੀ ਹੈ, ਅਮਰੀਕਨ-ਪੱਖੀ ਤਾਕਤਾਂ ਹਨ ਉਨ੍ਹਾਂ ਨਾਲ ਨਿਖੜਿਆ ਜਾਵੇ। ਅਸੀਂ ਇਸ ਸਾਂਝੇ ਕਾਜ਼ ਲਈ ਇਨ੍ਹਾਂ ਦੇ ਨਾਲ ਖੜੇ ਹਾਂ। (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਬੱਸ ਮੈਂ ਸਿਰਫ ਇਤਨੀ ਗੱਲ ਹੀ ਇਨ੍ਹਾਂ ਪਾਸੋਂ ਕਲੀਅਰ ਕਰਾਉਣੀ ਚਾਹੁੰਦਾ ਸੀ। (ਹਾਸਾ) ਮੈਂ ਵੀ ਤਾਂ ਆਈਡੀਆ ਹੀ ਲੈਣਾ ਚਾਹੁੰਦਾ ਸੀ। ਸਮਾਜਵਾਦ ਲਈ ਜੋ ਇਹ ਗੱਲਾਂ ਚਾਹੁੰਦੇ ਹਨ ਜੋ ਇਹ ਚਾਹੁੰਦੇ ਹਨ ਕਿ ਸਰਮਾਏਦਾਰੀ ਖ਼ਤਮ ਕਰਨੀ ਹੈ, ਫ਼ੀਊਡਲਿਜ਼ਮ ਖ਼ਤਮ ਕਰਨਾ ਹੈ, ਫ਼ਿਰਕਾਦਾਰੀ ਖ਼ਤਮ ਕਰਨੀ ਹੈ, ਪ੍ਰਾਗਰੇਸਿਵ ਤਾਕਤਾਂ ਨੂੰ ਅਗੇ ਲਿਆਉਣਾ ਚਾਹੁੰਦੇ ਹਨ, ਉਹ ਹੀ ਮੈਂ ਕਹਿੰਦਾ ਹਾਂ। ਜੋ ਅਸਲ ਸਮਾਜਵਾਦ ਹੈ ਉਸ ਦੀ ਮੰਗ ਡਾਂਗ ਸਾਹਿਬ ਕਿਉਂ ਨਹੀਂ ਕਰਦੇ ? ਇਹ ਮੰਗ ਕਿਉਂ ਨਹੀਂ ਕਰਦੇ ਕਿ ਸਮਾਜਵਾਦ ਵਲ ਵੱਧਣ ਲਈ ਵਿਧਾਨ ਨੂੰ ਚੇਂਜ ਕਰ ਦਿੱਤਾ ਜਾਵੇ। ਔਰ ਜਿਵੇਂ ਰਸ਼ੀਆ ਵਿਚ ਹੋਰ ਕੋਈ ਪਾਰਟੀ ਨਹੀਂ, ਇਕੱਲੀ ਪਾਰਟੀ ਰਾਜ ਕਰਦੀ ਹੈ, ਉਹ ਲਾਗੂ ਹੋ ਜਾਵੇ, ਮੰਗ ਕਿਉਂ ,ਨਹੀਂ ਕਰਦੇ। ਦਰਅਸਲ ਸਮਾਜਵਾਦ ਦੀਆਂ ਗੱਲਾਂ ਇਹ ਕਰਦੇ ਹਨ ਤੇ ਗੱਲਾਂ ਅਸੀਂ ਕਰਦੇ ਹਾਂ।

(ਆਪੋਜ਼ੀਸ਼ਨ ਵਲੋਂ ਵਿਘਨ ਤੇ ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਅਸੀਂ ਗੱਲਾਂ ਕਰਦੇ ਹਾਂ। ਜਦੋਂ ਸਾਡੀ ਸਰਕਾਰ ਬਣੇਗੀ ਤਾਂ ਸਮਾਜਵਾਦ ਬਣਾ ਕੇ ਦਸਾਂਗੇ।

ਮੁੱਖ ਮੰਤਰੀ : ਮੇਰਾ ਫ਼ਿਕਰਾ ਪੂਰਾ ਨਹੀਂ ਹੋਇਆ। ਮੈਂ ਇਹ ਕਹਿ ਰਿਹਾ ਹਾਂ ਕਿ ਸਮਾਜਵਾਦ ਦੇ ਲੈਕਚਰ ਇਹ ਕਰਦੇ ਹਨ, ਅਸੀਂ ਵੀ ਕਰਦੇ ਹਾਂ, ਫ਼ਰਕ ਨਹੀਂ। ਲੇਕਿਨ ਜੋ ਇਹ ਸਮਾਜਵਾਦ ਦੀਆਂ ਗੱਲਾਂ ਕਰਦੇ ਹਨ। ਅਸੀਂ ਅਮਲਨ ਵੱਧ ਰਹੇ ਹਾਂ ਅਤੇ ਅਸੀਂ ਕੁਝ ਕਰਕੇ ਵੱਧ ਰਹੇ ਹਾਂ। ਇਹ ਜਿਹੜੀ ਇਕ ਅਕਾਲੀ ਪਾਰਟੀ ਜਿਹੜੀ ਸਮਾਜਵਾਦ ਦੀਆਂ ਗੱਲਾਂ ਕਰਦੀ ਹੈ ਅਤੇ ਬੜਾ ਫ਼ਖਰ ਰੱਖਦੀ ਹੈ (ਵਿਘਨ) (ਸ਼ੋਰ)

ਸਰਦਾਰ ਪਰਕਾਸ਼ ਸਿੰਘ ਬਾਦਲ : ਬੜੇ ਅਫ਼ਸੋਸ ਦੀ ਗੱਲ ਹੈ ਕਿ ਅਸੀਂ ਸਾਰੇ ਇੰਨੇ ਸਮਾਜਵਾਦੀ ਹੁੰਦੇ ਹੋਏ ਵੀ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਾਂ। ਲੋਕਾਂ ਨੂੰ ਨਾਅਰੇ ਦੇਣ ਵਾਲੀ ਇਹ ਕਾਂਗਰਸ ਪਾਰਟੀ ਸਮਾਜਵਾਦ ਦਾ ਬੁਰਕਾ ਪਾ ਕੇ ਇਕ ਕੈਪੀਟਲਿਸਟਾਂ ਦੀ ਪਾਰਟੀ ਹੈ। ਮੈਂ ਚੈਲੰਜ ਕਰਦਾ ਹਾਂ ਕਿ ਜੇ ਇਨ੍ਹਾਂ ਨੂੰ, ਗਿਆਨੀ ਜੀ ਨੂੰ ਇੰਨਾਂ ਵਿਸ਼ਵਾਸ ਹੈ ਅਤੇ ਸਾਰੇ ਇਨ੍ਹਾਂ ਦੇ ਐਮ. ਐਲ. ਏਜ਼ ਇਹ ਸਮਝਦੇ ਹਨ, ਤਾਂ ਸਾਰੇ ਕਾਂਗਰਸ ਪਾਰਟੀ ਦੇ ਐਮ. ਐਲ. ਏਜ਼ ਦੀਆਂ ਜਾਇਦਾਦਾਂ ਨੈਸ਼ਨਲਾਈਜ਼ ਕਰ ਦਿੱਤੀਆਂ ਜਾਣ, ਅਸੀਂ ਵੀ ਤਿਆਰ ਹਾਂ, ਸਾਡੀ ਪਾਰਟੀ ਵੀ ਇਸ ਗੱਲ ਲਈ ਤਿਆਰ ਹੈ, ਪਰ ਇਹ * * ਕਰਨ ਵਾਲੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਬੜੀ ਚੰਗੀ ਗੱਲ ਹੈ, ਮੈਂ ਇਸ ਨੂੰ ਵੈਲਕੰਮ ਕਰਦਾ ਹਾਂ।

ਸ੍ਰੀ ਸਪੀਕਰ : ਇਹ ਜਿਹੜਾ ਬਾਦਲ ਸਾਹਿਬ ਨੇ **** ਲਫ਼ਜ਼ ਇਸਤੇਮਾਲ ਕੀਤਾ ਹੈ, ਇਹ ਕਾਰਵਾਈ ਦਾ ਹਿੱਸਾ ਨਾ ਬਣੇ। (The word ** ** used by Sardar Parkash Singh Badal should not form part of the proceedings.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਤੇ ਸਰਦਾਰ ਪਰਕਾਸ਼ ਸਿੰਘ ਬਾਦਲ ਆਪਣੀਆਂ ਜਾਇਦਾਦਾਂ ਦੀ ਨੈਸ਼ਨਲਾਈਜ਼ੇਸ਼ਨ ਕਲ ਹੀ ਕਰ ਲਈਏ ਬਾਕੀ ਸਭ ਫ਼ਿਰ ਵੇਖਿਆ ਜਾਵੇਗਾ। (ਟਰੇਜ਼ਰੀ ਬੈਂਚਾਂ ਵਲੋਂ ਥੈਪਿੰਗ) (ਆਪੋਜ਼ੀਸ਼ਨ ਵਲੋਂ ਵਿਘਨ) ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਕਹਿੰਦਾ ਹਾਂ ਕਿ ਮੈਂ ਨੈਸ਼ਨਲਾਈਜ਼ ਕਰਨ ਵਾਸਤੇ ਤਿਆਰ ਹਾਂ ਜੋ ਕੁਝ ਕਹੋ ਕਰਨ ਵਾਸਤੇ ਤਿਆਰ ਹਾਂ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਇਸ ਤਰ੍ਹਾਂ ਕਰਨ, ਅਸੀਂ ਤਿਆਰ ਹਾਂ।

ਸਰਦਾਰ ਪਰਕਾਸ਼ ਸਿੰਘ ਬਾਦਲ : ਇਹ ਨਾਅਰਾ ਲਗਾਉਣਾ ਬੰਦ ਕਰ ਦੇਵੋ। ਲੇਕਿਨ ਗਿਆਨੀ ਜੀ, ਆਪਣੀ ਪਾਰਟੀ ਵਿਚ ਡਿਸਕਸ ਕਰਕੇ ਦੱਸ ਦੇਣ, ਸਾਡੀ ਆਫ਼ਰ ਸਟੈਂਡ ਕਰਦੀ ਹੈ, ਜਿਸ ਵੇਲੇ ਮਰਜ਼ੀ ਕਰਨਾ ਚਾਹੋ ਕਰ ਲਵੋ। (ਆਪੋਜ਼ੀਸ਼ਨ ਬੈਂਚਾਂ ਵਲੋਂ ਥੈਪਿੰਗ।)

ਮੁੱਖ ਮੰਤਰੀ : ਵੈਰੀ ਗੁਡ। ਬੜਾ ਅੱਛਾ ਕੀਤਾ ਹੈ। ਰੈਜ਼ੋਲਿਊਸ਼ਨ ਲੈ ਆਵਾਂਗੇ। ਮੈਨੂੰ ਇਸ ਗੱਲ ਤੇ ਤਾਂ ਖੁਸ਼ੀ ਹੈ ਕਿ ਆਨਰੇਬਲ ਆਪੋਜ਼ੀਸ਼ਨ ਦੇ ਲੀਡਰ ਨੇ ਇਹ ਇਕ ਐਸੀ ਆਫ਼ਰ ਕੀਤੀ ਹੈ, ਜਿਸ ਨਾਲ ਸਮਾਜਵਾਦ ਲਿਆਉਣ ਲਈ ਵਧਣ ਦਾ ਕੋਈ ਰਸਤਾ ਬਣਦਾ ਹੈ। ਮੈਂ ਇਹ ਕਹਾਂਗਾ ਕਿ ਲੀਡਰ ਸਾਹਿਬ ਆਪ ਦੇ ਮੈਂਬਰਾਂ ਨੂੰ ਇਸ ਤਰ੍ਹਾਂ ਦਸਣ ਕਿ ਕੋਈ ਆਫਰ ਕਰਨੀ ਹੋਵੇ ਤਾਂ ਖੜੇ ਹੋ ਕੇ ਕੀਤੀ ਜਾਵੇ। (ਵਿਘਨ) ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਬੇਨਤੀ ਕਰਾਂਗਾ

**Expunged as ordered by the Chair.

ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਅਸੀਂ ਚੰਗੀ ਤਰ੍ਹਾਂ ਸੁਣਿਆ, ਉਨ੍ਹਾਂ ਦੀ ਤਕਰੀਰ ਬੜੇ ਪ੍ਰੇਮ ਨਾਲ ਸੁਣੀ, ਸਰਦਾਰ ਸੁਰਜੀਤ ਸਿੰਘ ਦੀ ਤਕਰੀਰ ਅਤੇ ਸੰਧੂ ਸਾਹਿਬ ਦੀਆਂ ਤਕਰੀਰਾਂ ਬੜੇ ਪ੍ਰੇਮ ਨਾਲ ਸੁਣੀਆਂ। ਪਰ ਤੁਸੀਂ ਆਪਣੇ ਮੈਂਬਰਾਂ ਨੂੰ ਰੋਕਣ ਵਾਸਤੇ ਤਿਆਰ ਨਹੀਂ। ਗੱਲ ਪੂਰੀ ਵੀ ਨਹੀਂ ਹੁੰਦੀ। ਫ਼ਿਕਰਾ ਪੂਰਾ ਵੀ ਨਹੀਂ ਹੁੰਦਾ, ਅਜੇ ਜ਼ਬਾਨ ਵਿਚ ਅੱਧਾ ਲਫਜ਼ ਹੁੰਦਾ ਹੈ ਕਿ ਵਿਚੋਂ ਹੀ ਇੰਟਰੱਪਟ ਕਰ ਦੇਂਦੇ ਹਨ। (ਵਿਘਨ)

ਸ੍ਰੀ ਸਪੀਕਰ: ਹਾਊਸ ਦਾ ਡੈਕੋਰਮ ਅਤੇ ਡਿਗਨਿਟੀ ਕਾਇਮ ਰਖਣੀ ਚਾਹੀਦੀ ਹੈ। ਅਕਾਲੀ ਪਾਰਟੀ ਦੇ ਡਿਪਟੀ ਲੀਡਰ ਹੀ 10 ਵਾਰੀ ਖੜ੍ਹੇ ਹੋਏ ਹਨ। (The decorum and dignity of the House should be maintained. The Deputy Leader of the Akali Party has stood up at least ten times.)

ਚੌਧਰੀ ਸੁੰਦਰ ਸਿੰਘ: ਸਪੀਕਰ ਸਾਹਿਬ, ਸੋਸ਼ਲਿਜ਼ਮ ਲਿਆਉਣ ਦੇ ਸਿਲਸਿਲੇ ਵਿਚ ਹਰ ਇਕ ਲੀਡਰ ਨੇ ਦੱਸ ਦਿੱਤਾ ਹੈ। ਇਸ ਗੱਲ ਦੀ ਬੜੀ ਖੁਸ਼ੀ ਹੋਈ ਹੈ ਕਿ ਗੱਲ ਸੱਚੀ ਮੁੱਚੀ ਸਾਹਮਣੇ ਆ ਗਈ ਹੈ। ਸਾਡੇ ਲੀਡਰ ਨੇ ਵੀ ਕਹਿ ਦਿੱਤਾ ਕਿ ਅਸੀਂ ਗੱਲਾਂ ਬਾਤਾਂ ਕਰ ਰਹੇ ਹਾਂ ਅਤੇ ਇਹ ਵੀ ਗੱਲਾਂ ਬਾਤਾਂ ਕਰ ਰਹੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗੱਲਾਂ ਬਾਤਾਂ ਨਾ ਕਰਦੇ ਹੋਣ, ਜੇ ਆਪੋਜ਼ੀਸ਼ਨ ਸਟਰਾਂਗ ਹੋਵੇ, ਆਪੋਜ਼ੀਸ਼ਨ ਦੀ ਅਪਰੋਚ ਵਾਜਿਬ ਹੋਵੇ। ਗਵਰਮੈਂਟ ਵੀ ਤਾਂ ਹੀ ਮਜ਼ਬੂਤ ਹੋ ਸਕਦੀ ਹੈ ਜੇ ਚੰਗਾ ਆਦਮੀ ਅਗੇ ਖੜਾ ਹੋਵੇ। ਆਪੋਜ਼ੀਸ਼ਨ ਤੋਂ ਬਗੈਰ ਸਾਡੀ ਮੰਜ਼ਿਲ ਆਉਣੋਂ ਰਹੀ, ਪਰ ਅਸੀਂ ਆਪਣੀ ਮੰਜ਼ਿਲ ਤੇ ਛੇਤੀ ਹੀ ਪੁੱਜਾਂਗੇ।

ਸਾਥੀਓ ਹੌਸਲਾ ਰਖੋ ਮੰਜ਼ਿਲ ਆਉਣ ਵਾਲੀ ਹੈ
ਸਬਰ ਦੀ ਆਖਰੀ ਆਉਂਸੀ ਬਗਾਵਤ ਪਾਉਣ ਵਾਲੀ ਹੈ
ਨਹੀਂ ਸਾਕੀ ਅਸੀਂ ਜਗਾਉਂਦੇ ਇਕ ਪਿਆਸੇ ਨੂੰ
ਸੁਰਾਹੀ ਨਿਉਂਕੇ ਚੁੰਮੇਗੀ ਮੇਰੀ ਮਿੱਟੀ ਦੇ ਕਾਸੇ ਨੂੰ
ਚੁਕਾ ਕੇ ਕੱਖ ਕੁਲੀਆਂ ਦੇ ਨਈ ਕਸ਼ਤੀ ਬਣਾਵਾਂਗੇ
ਖਾਮੋਸ਼ੀ ਦੇਖ ਉਨ੍ਹਾਂ ਮਹਿਲਾਂ ਦੀ
ਹੰਸੀ ਦੇਖ ਲੀਰਾਂ ਦੀ
ਜਲਾ ਕੇ ਰਾਖ ਕਰ ਦੇਂਗੇ ਜ਼ਮਾਨੇ ਦੇ ਅੰਧੇਰੇ
ਸਿੰਘਾਸਨ ਡੋਲ ਜਾਵੇਗਾ ਜ਼ਮਾਨੇ ਦੇ ਅਮੀਰਾਂ ਦਾ
ਕਿਸ਼ਤੀ ਨੂੰ ਫਿਰ ਤੂਫਾਨ ਦੇ ਘੇਰੇ ਤੋਂ ਕੱਢਕੇ
ਗਰੀਬੀ ਐਸਾ ਰਾਗ ਗਾਉਣ ਵਾਲੀ ਹੈ।

ਜਿਸ ਵੇਲੇ ਤਕ ਅਮੀਰ ਅਤੇ ਵੱਡੇ ਆਦਮੀ ਪਾਵਰ ਵਿਚ ਰਹਿਣਗੇ, ਉਸ ਵੇਲੇ ਤਕ, ਉਨ੍ਹਾਂ ਚਿਰ ਸੋਸ਼ਲਿਜ਼ਮ ਨਹੀਂ ਆ ਸਕਦਾ।

ਕਾਮਰੇਡ ਸੱਤ ਪਾਲ ਡਾਂਗ: ਜੋ ਅਸੀਂ ਇਕ ਮੋਸ਼ਨ, ਇਕ ਰੈਜ਼ੋਲਿਊਸ਼ਨ ਲਿਆ ਰਹੇ ਹਾਂ, ਜਿਹੜਾ ਕਿ ਇਨ੍ਹਾਂ ਨੂੰ ਪਰੋਟੈਕਟਿਵ ਨਹੀਂ ਹੋਣਾ, ਇਮੂਵੇਬਲ ਪਰਾਪਰਟੀ ਦਾ, ਉਸ ਨੂੰ ਪਾਸ ਕਰਨ ਲਈ ਸਮਾਂ ਹੋਰ ਵਧਾ ਦਿੱਤਾ ਜਾਵੇਗਾ?

Mr. Speaker: Please send it to me. I will examine it.

ਮੁੱਖ ਮੰਤਰੀ: ਮੈਂ ਇਸੇ ਕਰਕੇ ਕਿਹਾ ਸੀ ਕਿ ਚੌਧਰੀ ਸਾਹਿਬ ਨੂੰ ਭੁਲੇਖਾ ਲਗਾ ਹੈ। ਮੈਂ ਕਿਹਾ ਸੀ ਕਿ ਸਮਾਜਵਾਦ ਦੀ ਗੱਲ ਅਸੀਂ ਅਮਲਨ ਤੌਰ ਤੇ ਕਰਦੇ ਹਾਂ, ਜੋ ਗੱਲ ਸਮਾਜਵਾਦ ਦੀ ਕਰਦੇ ਹਾਂ, ਉਸ ਤੇ ਅਮਲ ਕਰਦੇ ਹਾਂ, ਸਾਡੇ ਕਦਮ ਅਗੇ ਵੱਧ ਰਹੇ ਹਨ। ਮੈਂ ਸਾਫ਼ ਤੌਰ ਤੇ ਕਿਹਾ

[ਮੁੱਖ ਮੰਤਰੀ]

ਸੀ ਕਿ ਇੰਨੀ ਖੁੱਲ੍ਹੀ, ਲੂਜ਼ ਡੈਮੋਕਰੇਸੀ ਵਿਚ ਤੇਜ਼ੀ ਨਾਲ ਸਮਾਜਵਾਦ ਨਹੀਂ ਆਉਂਦਾ, ਇਸ ਦੇ ਲਈ ਸਾਨੂੰ ਰਸਤਾ ਅਪਣਾਉਣਾ ਪਵੇਗਾ, ਇਸ ਤਰ੍ਹਾਂ ਦੀਆਂ ਨਿੱਕੀਆਂ ਮੋਟੀਆਂ ਗੱਲਾਂ ਕਰਕੇ ਸਮਾਜਵਾਦ ਖੇਲ੍ਹ ਨਹੀਂ ਬਣ ਜਾਂਦਾ, ਇਸ ਨੂੰ ਅਮਲੀ ਤੌਰ ਤੇ ਲਿਆਇਆ ਜਾਣਾ ਚਾਹੀਦਾ ਹੈ। ਮੇਰੀ ਇਹ ਸੁਜੈਸ਼ਨ ਹੈ ਕਿ ਡਾਂਗ ਸਾਹਿਬ ਤੇ ਸਰਦਾਰ ਪਰਕਾਸ਼ ਸਿੰਘ ਬਾਦਲ ਕੋਈ ਮਤਾ ਲੈ ਆਉਣ, ਇਹ ਖੁਸ਼ੀ ਦੀ ਗੱਲ ਹੋਵੇਗੀ ਨਹੀਂ ਤਾਂ ਕਿਤੇ ਇਹ ਗੱਲ ਤਾਂ ਨਹੀਂ (ਕਪਲੇਟ)

ਮਸਜਿਦ ਤੋਂ ਬਨਾ ਲੀ ਸ਼ਬ ਭਰ ਮੇਂ
ਈਮਾਂ ਕੀ ਹਰਾਰਤ ਵਾਲੋਂ ਨੇ।

ਸ਼੍ਰੀ ਸਪੀਕਰ : ਗਿਆਨੀ ਜੀ, ਸਮਾਂ ਥੋੜਾ ਹੀ ਹੈ। ਜਿਹੜੀ ਗੱਲ ਜੋਗਾ ਜੀ ਨੇ ਨੋਟਿਸ ਵਿਚ ਲਿਆਂਦੀ ਹੈ, ਉਸ ਬਾਰੇ ਦੱਸ ਦੇਵੋ। (Giani ji, the time is quite short. You may please elucidate the point raised by Mr. Joga)

आचार्य पृथ्वी सिंह आजाद :

मस्जिद तो बना ली शब भर में
ईमां की हरारत वालों ने,
मन अपना पुराना पापी है
बरसों में नमाजी बन न सका ।

ਮੁੱਖ ਮੰਤਰੀ : ਆਚਾਰਿਆ ਜੀ ਦਾ ਮੈਂ ਮਸ਼ਕੂਰ ਹਾਂ ਕਿ ਮੈਂ ਆਖਰੀ ਪੰਕਤੀ ਛੱਡੀ ਸੀ ਅਤੇ ਇਹ ਆਚਾਰਿਆ ਜੀ ਨੇ ਆਪਣੇ ਵੱਲੋਂ ਨਾਲ ਦਸ ਦਿੱਤੀ ਹੈ, ਮੈਂ ਉਨ੍ਹਾਂ ਦਾ ਬੜਾ ਮਸ਼ਕੂਰ ਹਾਂ।

ਸਪੀਕਰ ਸਾਹਿਬ, ਐਸ. ਐਸ. ਡੀ. ਗਰਲਜ਼ ਕਾਲਜ ਬਠਿੰਡਾ, ਵਿਚ ਇਕ ਇਸ਼ਤਿਹਾਰ ਸੁਟਿਆ ਗਿਆ, ਉਹ ਮੇਰੇ ਕੋਲ ਹੈ। ਉਸ ਦੇ ਥੱਲੇ ਕਿਸੇ ਦੇ ਦਸਖ਼ਤ ਨਹੀਂ ਹਨ ਅਤੇ ਨਾ ਹੀ ਕਿਸੇ ਪਰੈੱਸ ਦਾ ਨਾਂ ਛਪਿਆ ਹੈ। ਇਸ ਦੇ ਮੁੱਤਲਿਕ ਮੈਂ ਆਰਡਰ ਕਰ ਦਿੱਤੇ ਹਨ ਅਤੇ ਸੀ. ਆਈ. ਡੀ. ਇਸ ਮਾਮਲੇ ਦੀ ਤਹਿਕੀਕਾਤ ਕਰ ਰਹੀ ਹੈ। ਇਹ ਇਕ ਬੜੀ ਭੈੜੀ ਸੂਰਤੇ ਹਾਲ ਹੈ ਅਤੇ ਨਿਹਾਇਤ ਹੀ ਗੰਦਾ ਇਸ਼ਤਿਹਾਰ ਹੈ। ਮੈਨੂੰ ਆਸ ਹੈ ਅਤੇ ਮੈਂ ਇਹ ਸੁਝਾਓ ਦੇਵਾਂਗਾ ਕਿ ਜੋਗਾ ਜੀ ਅਤੇ ਉਨ੍ਹਾਂ ਦੀ ਪਾਰਟੀ ਇਸ ਗੱਲ ਵਿਚ ਮਿਲਵਰਤਨ ਦੇਣਗੇ ਤਾਂ ਜੋ ਅਸੀਂ ਠੀਕ ਤਰੀਕੇ ਨਾਲ ਗੁਨਾਹਗਾਰ ਨੂੰ ਫੜ ਸਕੀਏ।

ਸਪੀਕਰ ਸਾਹਿਬ, ਮੈਂ ਹੁਣ ਇਹ ਮੁਨਾਸਿਬ ਸਮਝਦਾ ਹਾਂ ਕਿ ਆਪਣੀ ਸਪੀਚ ਸਮਾਪਤ ਕਰਾਂ ਕਿਉਂਕਿ ਟਾਈਮ ਬਹੁਤ ਹੋ ਗਿਆ ਹੈ। ਆਪਦਾ ਸ਼ੁਕਰੀਆ।

Demand No. 8

Mr. Speaker: First I will put Cut Motions to Demand No.8 to the vote of the House.

Mr. Speaker: Question is—

That Major Head 252—Secretariat—General Services be reduced by Rs. 100.

The motion was lost.

Mr. Speaker. Question is—

That Major Head 252—Secretariat—General Services be reduced by Re. 1.

The motion was lost.

Mr. Speaker. Question is—

That a sum not exceeding Rs. 1,34,94,000 be granted to the Governor to defray the charges that will come in course of payment for the year 1974-75 in respect of Civil Secretariat.

The motion was carried.

Demand No. 9

Mr. Speaker. Question is—

That a sum not exceeding Rs. 1,95,80,000 be granted to the Governor to defray the charges that will come in course of payment for the year 1974-75 in respect of District Administration.

The motion was carried.

Demand No. 20

Mr. Speaker. First I will put Cut Motion to Demand No. 20 to the vote of the House.

Mr. Speaker. Question is—

That Major head 287—Labour and Employment (Labour) be reduced by Rs. 10.

The motion was lost.

Mr. Speaker, Question is—

That a sum not exceeding Rs. 3,23,64,000 be granted to the Governor to defray the charges that will come in course of payment for the year 1974-75 in respect of Labour, Employment and Industrial Training.

The motion was carried.

Mr. Speaker. The House stands adjourned till 9. 00 A. M. on Tuesday the 12th March, 1974.

7.35 P.M. | *(The Sabha then adjourned till 9.00 A.M. on Tuesday, the 12th March, 1974).*

14952/PVS—286 copies—Govt. Press, Chd.

Published under the authority of the Punjab Vidhan Sabha Secretariat and printed by the Controller, Government Press, Chandigarh

13
SP

Punjab Vidhan Sabha Debates

12th March, 1974

Vol. I—No. 13

OFFICIAL REPORT

CONTENTS

Tuesday, the 12th March, 1974

Punjab Vidhan Sabha Secretariat, Chandigarh.

Price : Rs. 40.00

PUNJAB VIDHAN SABHA

Tuesday, the 12th March, 1974

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 9.00 a.m. of the clock. Mr. Speaker (Dr. Kewal Krishan) in the Chair.

STARRED QUESTIONS AND ANSWERS

Acquittal of Officers indicted in Harchand Singh Committee Report

***2497. Sardar Prehlad Singh :** Will the Minister for Revenue and Election be pleased to state whether it is a fact that some of the officers indicted in the Harchand Singh Committee Report have been acquitted of the charges; if so, the names of officers so acquitted till the 31st of January, 1974, giving the reasons therefor?

Sardar Umrao Singh : No, Sir.

[ਨਹੀਂ ਜੀ ।]

ਸਰਦਾਰ ਪ੍ਰਹਿਲਾਦ ਸਿੰਘ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਪੁਲਿਟੀਕਲ ਬੰਦਿਆਂ ਨੂੰ ਬਰੀ ਕੀਤਾ ਹੈ ਕੀ ਉਸੇ ਤਰ੍ਹਾਂ ਅਫ਼ਸਰਾਂ ਨੂੰ ਵੀ ਛੱਡਣ ਦਾ ਵਿਚਾਰ ਹੈ ?

ਮੰਤਰੀ : ਮੈਂ ਤਾਂ ਅੱਗੇ ਹੀ ਕਿਹਾ ਸੀ, ਨਹੀਂ ਜੀ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਵਿਚ ਸਰਦਾਰ ਅਨੋਖ ਸਿੰਘ, ਪੀ. ਸੀ. ਐਸ. ਅਫ਼ਸਰ ਨੇ ਅਤੇ ਉਨ੍ਹਾਂ ਦੇ ਪੁੱਤਰ ਨੇ ਝੂਠੇ ਬਿਆਨ ਦੇ ਕੇ ਜ਼ਮੀਨ ਪਰਾਪਤ ਕਰ ਲਈ । ਕੀ ਉਨ੍ਹਾਂ ਦੀਆਂ ਤਰੱਕੀਆਂ, ਨਿਯੁਕਤੀਆਂ ਕਿਸੇ ਖਾਸ ਥਾਂ ਤੇ ਹੋਈਆਂ ਹਨ ? ਸਰਦਾਰ ਗੁਰਦਿਆਲ ਸਿੰਘ ਫ਼ਿੱਜੀ ਨੇ ਧੱਕੇ ਨਾਲ ਜ਼ਮੀਨ ਤੇ ਨਾਜਾਇਜ਼ ਕਬਜ਼ਾ ਕੀਤਾ । (ਵਿਘਨ)

ਮੰਤਰੀ : ਜਿਥੋਂ ਤੱਕ ਤਰੱਕੀਆਂ ਦਾ ਤਾਅਲੁਕ ਹੈ ਕਿਸੇ ਅਫ਼ਸਰ ਦੀ ਤਰੱਕੀ ਨਹੀਂ ਕੀਤੀ ਗਈ । ਸਰਦਾਰ ਅਨੋਖ ਸਿੰਘ, ਅੰਡਰ ਸੈਕਟਰੀ ਰੈਵੇਨਿਊ ਲਗਾ ਹੋਇਆ ਹੈ ਅਤੇ ਉਹ ਪੀ. ਸੀ. ਐਸ. ਦੇ ਗਰੇਡ ਵਿਚ ਹੈ ।

ਕਾਮਰੇਡ ਸੱਤ ਪਾਲ ਡਾਂਗ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਅਫ਼ਸਰ ਨੇ ਸਾਢੇ ਤਿੰਨ ਸੌ ਏਕੜ ਜ਼ਮੀਨ ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ਉਸੇ ਅਫ਼ਸਰ ਨੂੰ ਤੁਸੀਂ ਉਸੇ ਕੰਮ ਤੇ ਲਗਾ ਦਿਤਾ ਹੈ ਜਿਸ ਨੇ ਇਵੈਕੁਈ ਲੈਂਡ ਦਾ ਨਿਪਟਾਰਾ ਕਰਨਾ ਹੈ । ਕੀ ਇਹ ਇਸ ਕਰਕੇ ਲਗਾ ਦਿੱਤਾ ਹੈ ਤਾਂ ਕਿ ਹੋਰ ਖ਼ਰਾਬੀ ਹੋ ਸਕੇ ?

ਮੰਤਰੀ : ਮੈਂ ਫ਼ਿੱਜੀ ਦੇ ਮੁਤੱਲਕ ਆਫ ਹੈਂਡ ਕੁਝ ਨਹੀਂ ਕਹਿ ਸਕਦਾ । ਜੋ ਡਾਂਗ ਸਾਹਿਬ ਨੇ ਕਿਹਾ ਹੈ ਇਸ ਤੇ ਸਰਕਾਰ ਵਿਚਾਰ ਕਰੇਗੀ ।

ਚੌਧਰੀ ਰਾਮ ਸਿੰਘ : ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਬਾਰੇ ਫ਼ਾਈਨਲ ਤੌਰ ਤੇ ਦੱਸਿਆ ਜਾਵੇ ਕਿ ਅੱਗੇ ਨੂੰ ਐਕਸ਼ਨ ਹੋਣਾ ਹੈ ਜਾਂ ਨਹੀਂ ?

ਮੰਤਰੀ : ਇਹ ਸਾਰੇ ਅਫ਼ਸਰਾਂ ਦੇ ਕੇਸਾਂ ਦੀ ਇਨਕੁਆਇਰੀ ਵਿਜੀਲੈਂਸ ਡਿਪਾਰਟਮੈਂਟ ਕੋਲ ਹੋ ਰਹੀ ਹੈ । ਇਹਦੀਆਂ ਜੋ ਰਿਕਮੈਂਡੇਸ਼ਨਜ਼ ਹੋਣਗੀਆਂ ਉਹਦੇ ਮੁਤਾਬਿਕ ਗੌਰਮਿੰਟ ਐਕਸ਼ਨ ਲਵੇਗੀ।

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਵਿਜੀਲੈਂਸ ਡਿਪਾਰਟਮੈਂਟ ਵਾਲਿਆਂ ਨੇ ਆਪਣੀ ਰਿਪੋਰਟ ਭੇਜ ਦਿੱਤੀ ਅਤੇ ਉਨ੍ਹਾਂ ਨੇ ਸਾਰੇ ਬੰਦੇ ਬਰੀ ਕਰ ਦਿੱਤੇ ਤਾਂ ਕੀ ਹਰਚੰਦ ਸਿੰਘ ਨੂੰ ਅੰਦਰ ਕਰਨ ਦੀ ਖੇਚਲ ਕਰਨਗੇ ?

Mr. Speaker: Question does not arise.

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਹਰਚੰਦ ਸਿੰਘ ਕਮੇਟੀ ਰਿਪੋਰਟ ਦੇ ਮੁਤਾਬਿਕ ਕਿੰਨੇ ਅਫ਼ਸਰਾਂ ਨੂੰ ਮੁਅੱਤਲ ਕੀਤਾ ਔਰ ਉਨ੍ਹਾਂ ਵਿਚੋਂ ਕਿੰਨੇ ਬਹਾਲ ਕੀਤੇ ਔਰ ਉਹ ਬਹਾਲ ਕਿਉਂ ਕੀਤੇ, ਅਤੇ ਉਨ੍ਹਾਂ ਨੂੰ ਬਹਾਲ ਕਰਨ ਦੇ ਰੀਜ਼ਨਜ਼ ਕੀ ਸਨ ?

ਮੰਤਰੀ: ਚਾਰ ਅਫ਼ਸਰਾਂ ਨੂੰ ਮੁਅੱਤਲ ਕੀਤਾ ਗਿਆ ਸੀ । ਆਫ਼ ਹੈਂਡ ਮੈਂ ਇਹ ਨਹੀਂ ਕਹਿ ਸਕਦਾ ਕਿ ਕਿੰਨਿਆਂ ਨੂੰ ਬਹਾਲ ਕੀਤਾ ਗਿਆ । ਇਨ੍ਹਾਂ ਦੇ ਕੇਸਿਜ਼ ਵਿਜੀਲੈਂਸ ਡਿਪਾਰਟਮੈਂਟ ਕੋਲ ਹਨ ਅਤੇ ਇਨਕੁਆਇਰੀ ਹੋ ਰਹੀ ਹੈ । ਮੁਅੱਤਲ ਕਰਨ ਤੋਂ ਬਾਅਦ ਕੋਈ ਅਫ਼ਸਰ ਵੀ ਛੇ ਮਹੀਨੇ ਤੋਂ ਮਗਰੋਂ ਮੁਅੱਤਲ ਨਹੀਂ ਰਹਿਣਾ ਚਾਹੀਦਾ । ਕੇਸਿਜ਼ ਦੀ ਇਨਕੁਆਇਰੀ ਹੋ ਰਹੀ ਹੈ ਫੇਰ ਚਾਰਜਸ਼ੀਟ ਹੋਣਾ ਹੈ । ਇਸ ਲਈ ਇਹ ਮਹਿਸੂਸ ਕੀਤਾ ਗਿਆ ਕਿ ਲੰਬੇ ਚਿਰ ਲਈ ਇਨ੍ਹਾਂ ਨੂੰ ਮੁਅੱਤਲ ਰੱਖਣਾ ਠੀਕ ਨਹੀਂ ਹੈ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਠੀਕ ਨਹੀਂ ਕਿ ਆਪੇ ਹੀ ਇਨ੍ਹਾਂ ਨੇ ਅਫ਼ਸਰਾਂ ਅਤੇ ਸਿਆਸੀ ਆਦਮੀਆਂ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਆਪ ਹੀ ਬਰੀ ਕਰ ਦਿੱਤਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਇਨ੍ਹਾਂ ਅਫ਼ਸਰਾਂ ਪ੍ਰਤੀ ਪਹਿਲਾਂ ਇਹ ਗਰਮ ਹੋਏ ਅਤੇ ਹੁਣ ਨਰਮ ਹੋਏ ਹਨ ?

ਮੰਤਰੀ : ਸਪੀਕਰ ਸਾਹਿਬ, ਗੁਲਸ਼ਨ ਜੀ ਮੈਨੂੰ 20 ਸਾਲਾਂ ਤੋਂ ਜਾਣਦੇ ਹਨ । ਇਨ੍ਹਾਂ ਨੂੰ ਪਤਾ ਹੈ ਕਿ ਮੈਂ ਕਿਸ ਤਰ੍ਹਾਂ ਦਾ ਆਦਮੀ ਹਾਂ । ਮਗਰ ਇਸ ਬਾਰੇ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਅਫ਼ਸਰ (ਵਿਘਨ) ਕਿਸੇ ਸਿਆਸੀ ਆਦਮੀ ਦੇ ਖਿਲਾਫ਼ ਕੋਈ ਐਕਸ਼ਨ ਲੈਣ ਦਾ ਸੁਆਲ ਪੈਦਾ ਨਹੀਂ ਹੁੰਦਾ ਕਿਉਂਕਿ ਸਿਆਸੀ ਆਦਮੀਆਂ ਦੇ ਖਿਲਾਫ਼ ਕੋਈ ਐਸੀ ਗੱਲ ਨਹੀਂ । ਰਿਪੋਰਟ ਜ਼ਰੂਰ ਦਿੱਤੀ ਗਈ ਹੈ ਪਰ ਰਿਪੋਰਟ ਅਜਿਹੀ ਨਹੀਂ ਜਿਸ ਤੇ ਕਿ ਐਕਸ਼ਨ ਲਿਆ ਜਾਵੇ । ਇਸ ਚੀਜ਼ ਦੀ ਇਨਕੁਆਇਰੀ ਹੋ ਰਹੀ ਹੈ ਅਤੇ ਕੇਸ ਦੇ ਐਗਜ਼ਾਮੀਨੇਸ਼ਨ ਤੋਂ ਬਾਅਦ ਜੋ ਸਾਬਤ ਹੋਵੇਗਾ ਉਸ ਦੇ ਮੁਤਾਬਿਕ ਕਾਰਵਾਈ ਹੋਵੇਗੀ ।

ਕਾਮਰੇਡ ਸੱਤ ਪਾਲ ਡਾਂਗ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਰੂਲ ਹੈ ਕਿ 6 ਮਹੀਨੇ ਤੋਂ ਬਾਅਦ ਸਸਪੈਂਡ ਨਹੀਂ ਰਖਿਆ ਜਾ ਸਕਦਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਹੈ ਜਾਂ ਕਿ ਨਹੀਂ ਕਿ ਇਕ ਇੰਡਿਕਟਿੱਡ ਅਫ਼ਸਰ ਨੂੰ 15 ਦਿਨ ਸਸਪੈਂਡ ਕੀਤਾ ਗਿਆ ਅਤੇ ਫੇਰ ਬਹਾਲ ਕਰ ਦਿੱਤਾ ਗਿਆ, ਕੀ ਇਹ ਹਕੀਕਤ ਹੈ ਜਾਂ ਨਹੀਂ ? ਜੇ ਰੂਲ ਕੋਈ ਨਹੀਂ ਕਿ ਛੇ ਮਹੀਨੇ ਤੋਂ ਬਾਅਦ ਸਸਪੈਂਡ ਰੱਖਿਆ ਜਾ ਸਕੇ ਤਾਂ ਕੈਬਨਿਟ ਦੀ ਮਨਜ਼ੂਰੀ ਲਈ ਜਾ ਸਕਦੀ ਹੈ । ਕੀ ਇਸ ਬਾਰੇ ਕੈਬਨਿਟ ਤੋਂ ਮਨਜ਼ੂਰੀ ਲਈ ਗਈ ਅਤੇ ਇਸ ਨੂੰ ਬਹਾਲ ਕਿਉਂ ਕੀਤਾ ਗਿਆ ?

ਮੰਤਰੀ : ਵਿਜੀਲੈਂਸ ਡਿਪਾਰਟਮੈਂਟ ਤੋਂ ਇਨਕੁਆਇਰੀ ਕਰਾ ਰਹੇ ਹਾਂ ਅਤੇ ਜਿਸ ਵੇਲੇ ਇਨ-ਕੁਆਇਰੀ ਮੁਕੰਮਲ ਹੋ ਗਈ ਤਾਂ ਉਸ ਦੀ ਰਿਪੋਰਟ ਦੇ ਮੁਤਾਬਿਕ ਯੋਗ ਕਾਰਵਾਈ ਕੀਤੀ ਜਾਵੇਗੀ ਇਕ ਅਫ਼ਸਰ ਨੂੰ ਬਹੁਤੀ ਦੇਰ ਸਸਪੈਂਡ ਰੱਖਣਾ ਠੀਕ ਨਹੀਂ ਹੁੰਦਾ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਕਾਫ਼ੀ ਦੇਰ ਲਗ ਜਾਂਦੀ ਹੈ ।

ਚੌਧਰੀ ਸੁੰਦਰ ਸਿੰਘ : ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਝਗੜਾ ਇਵੈਕੂਈ ਪਰਾਪਰਟੀ ਦਾ ਹੈ । ਇਹ ਬੜੀ ਲੜਾਈ ਲੜ ਕੇ ਪ੍ਰਤਾਪ ਸਿੰਘ ਨੇ ਲਈ ਸੀ । ਇਹ ਜਿਹੜਾ ਪਰਾਮਿਜ਼ ਕੀਤਾ ਹੈ ਕਿ ਹਰੀਜਨਾਂ ਨੂੰ ਮਿਲੇਗੀ ਜਾਂ ਸ਼ੈਡਿਊਲਡ ਕਾਸਟਸ ਨੂੰ ਮਿਲੇਗੀ, ਇਸ ਤੇ ਕਾਇਮ ਰਹਿਣਾ ਚਾਹੀਦਾ ਹੈ ਅਤੇ ਇਹ ਜ਼ਮੀਨ ਹੋਰ ਕਿਸੇ ਨੂੰ ਨਹੀਂ ਦੇਣੀ ਚਾਹੀਦੀ । ਇਸ ਵਾਇਦੇ ਨੂੰ ਪੂਰਾ ਕਰਨਾ ਚਾਹੀਦਾ ਹੈ ।

ਮੰਤਰੀ : ਮੁੱਖ ਮੰਤਰੀ ਸਾਹਿਬ ਇਸ ਬਾਰੇ ਬਿਆਨ ਦੇ ਚੁੱਕੇ ਹਨ ਕਿ ਇਸ ਜ਼ਮੀਨ ਦੀ ਡਿਸਪੋਜ਼ਲ ਕਿਸ ਤਰ੍ਹਾਂ ਕਰਨੀ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ ਸਿਆਸੀ ਬੰਦਿਆਂ ਨਾਲ ਸਖ਼ਤੀ ਔਰ ਨਰਮੀ ਵਰਤੀ ਹੈ ਕੀ ਉਸੇ ਤਰ੍ਹਾਂ ਨਾਲ ਅਫ਼ਸਰਾਂ ਨਾਲ ਵੀ ਸਖ਼ਤੀ ਅਤੇ ਨਰਮੀ ਵਰਤੀ ਜਾਏਗੀ ?

ਮੰਤਰੀ : ਇਹ ਠੰਡੀਆਂ ਅਤੇ ਗਰਮ ਗੱਲਾਂ ਕਰ ਗਏ ਹਨ ਮੈਨੂੰ ਪਤਾ ਨਹੀਂ ਇਹ ਕੀ ਕਹਿਣਾ ਚਾਹੁੰਦੇ ਹਨ ।

ਸਰਦਾਰ ਹਰਚਰਨ ਸਿੰਘ : ਮਨਿਸਟਰ ਸਾਹਿਬ ਨੇ ਦੱਸਿਆ ਕਿ ਇਕ ਅਫ਼ਸਰ ਨੂੰ ਰੀਇਨਸਟੇਟ ਕਰ ਦਿੱਤਾ ਗਿਆ ਹੈ । ਸ਼ੋ ਕਾਜ਼ ਦੇਣਾ ਹੁੰਦਾ ਹੈ ਇਸ ਨਾਲ ਕਾਫ਼ੀ ਦੇਰੀ ਹੋ ਜਾਂਦੀ ਹੈ । ਕਮੇਟੀ ਦੀ ਰਿਪੋਰਟ ਤੇ ਹਾਲੇ ਐਗਜ਼ਾਮੀਨੇਸ਼ਨ ਹੋ ਰਿਹਾ ਹੈ । ਜਿਸ ਤਰ੍ਹਾਂ ਇਕ ਅਫ਼ਸਰ ਨੂੰ ਬਹਾਲ ਕੀਤਾ ਹੈ ਉਸੇ ਤਰ੍ਹਾਂ ਬਾਕੀ ਦੇ ਅਫ਼ਸਰਾਂ ਨੂੰ ਵੀ ਬਹਾਲ ਕਰ ਦੇਣਾ ਚਾਹੀਦਾ ਹੈ । ਕੀ ਇਹ ਇਸ ਤਰ੍ਹਾਂ ਕਰਨਗੇ ?

ਮੰਤਰੀ : ਅਗਰ ਕਿਸੇ ਹੋਰ ਅਫ਼ਸਰ ਦਾ ਰਿਪ੍ਰੀਜ਼ੈਂਟੇਸ਼ਨ ਆਏਗਾ ਤਾਂ ਦੇਖ ਲਵਾਂਗੇ ।

ਕਾਮਰੇਡ ਰਾਜ ਕੁਮਾਰ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਇਨ੍ਹਾਂ ਨੂੰ ਪਹਿਲਾਂ ਸਸਪੈਂਡ ਕਰ ਦੇਣਾ ਠੀਕ ਸੀ ਜਾਂ ਕਿ ਸਸਪੈਂਡ ਕਰਨ ਤੋਂ ਬਾਅਦ ਇਨ੍ਹਾਂ ਨੂੰ ਰੀਇਨਸਟੇਟ ਕਰਨਾ ਠੀਕ ਹੈ ? ਦੋਵਾਂ ਵਿਚੋਂ ਕਿਹੜੀ ਗੱਲ ਠੀਕ ਹੈ ?

ਮੰਤਰੀ : ਮੈਂ ਦੱਸਿਆ ਹੈ ਕਿ ਚਾਰ ਅਫ਼ਸਰ ਸਸਪੈਂਡ ਕੀਤੇ ਗਏ ਸੀ । ਜੇ ਕਹੋ ਤਾਂ ਇਸ ਬਾਰੇ ਮੈਂ ਪੜ੍ਹ ਦਿੰਦਾ ਹਾਂ ।

Starred Question No. 2505 * *

ਸ੍ਰੀ ਸਪੀਕਰ : ਸਟਾਰਡ ਸਵਾਲ ਨੰਬਰ 2505 ਅੱਗੇ ਪਾਉਣ ਲਈ ਕਿਹਾ ਗਿਆ ਹੈ ।
(Extension has been asked for in respect of Starred Question No. 2505).

** Starred Question No. 2505 and reply thereto appear in Appendix to this Debate.

Persons promoted as Assistants in the Financial Commissioner's Office, Punjab

***2535. Sardar Ajaib Singh Sandhu :** Will the Minister for Revenue and Election be pleased to state—

(a) the number and names of persons promoted as Assistants in the office of the Financial Commissioner, Punjab, from 12th September, 1963 to 31st December, 1973 alongwith the dates of their promotions in each case ;

(b) the number and names of Clerks belonging to the Scheduled Castes promoted as Assistants in the said office from 12th September, 1963 to 31st December, 1973 ?

Sardar Umrao Singh: (a) and (b) A statement containing the requisite information is laid on the Table of the House.

[(ੳ) ਅਤੇ (ਅ) ਲੋੜੀਂਦੀ ਸੂਚਨਾ ਦੀ ਸੂਚੀ ਸਦਨ ਦੀ ਮੇਜ਼ ਉਤੇ ਰੱਖੀ ਜਾਂਦੀ ਹੈ।]

STATEMENT

(a) The number and names of persons promoted as Assistants in the Office of Financial Commissioner, Punjab from 12th September, 1963 to 31st December, 1973 alongwith the dates of their promotion in each case are given below :—

Serial No.	Name	Date of promotion
	Sarvshri—	
1	Jaidev Sharma	13-9-63
2	Jagdish Chander Malhotra	13-9-63
3	Yoginder Singh	13-9-63
4	Jagdish Lal Sabharwal	13-9-63
5	Sardool Singh Bedi	13-9-63
6	Ranjit Singh	23-10-63
7	Romesh Chander Verma	10-3-64
8	Balwant Singh	10-3-64
9	Ram Bhaj Batra	10-3-64
10	Jagmohan Randev	10-3-64
11	Gurmit Singh	10-3-64 (Proforma promotion)
12	Yashpal Singh	10-3-64
13	Achhar Singh Gautam	10-3-64
14	Ranbir Malhotra	2-4-64 (Proforma promotion)

Serial No.	Name		Date of promotion
	Sarvshri—		
15	Balak Ram Sharma	..	2-4-64
16	Vinod Krishan	..	10-4-64 (Proforma promotion)
17	Brij Mohan Arora	..	10-4-64
18	Amar Nath Sharma	..	10-4-64
19	Parshotam Lal Puri	..	10-4-64
20	Manmohan Lal Ghai	..	10-4-64
21	Gurmukh Singh Chohan	..	10-4-64
22	Sudershan Pal Anand	..	18-4-64
23	Jagdish Lal Palial	..	18-4-64
24	Raghbir Singh Sharma	..	30-4-64
25	Inderjit Singh Ahluwalia	..	30-4-64
26	Hardial Singh Bhanot	..	30-4-64
27	Santokh Kumar Khosla	..	17-5-64
28	Madan Lal Sachdev	..	17-5-64 (Proforma promotion)
29	Inder Parkash	..	17-5-64
30	Krishan Gopal	..	22-9-64
31	Amar Nath Pardesi	..	22-9-64
32	Shanti Lal Wadhwa	..	22-9-64
33	Mahesh Chander Gupta	..	25-9-64
34	Daljit Rai	..	30-9-64
35	Kuldip Singh Walia	..	30-9-64
36	Garib Dass	..	30-9-64
37	Avtar Singh	..	30-9-64
38	Kuldip Singh	..	14-10-64
39	Karam Singh Saka	..	28-7-66
40	Dalip Singh Malhi	..	28-7-66
41	Sat Pal Bhanot	..	28-7-66
42	Inder Raj Sarin	..	28-7-66
43	Jaspal Singh	..	28-7-66

[Minister for Revenue and Election]

Serial No.	Name		Date of promotion
	Sarvshri—		
44	Harbhajan Singh Joshan	..	16-11-65
45	Gurbachan Singh Walia	..	25-11-65
46	Gurmukh Singh Ahluwalia	..	29-3-66
47	Atma Ram Bansal	..	3-6-66
48	Gurcharan Singh Attari	..	5-11-66
49	Parkash Chander Aggarwal	..	5-11-66
50	Sewa Singh Mavi	..	5-11-66
51	Ranbir Singh	..	5-11-66
52	Mukhtiar Singh Brar	..	5-11-66
53	Sucha Singh	..	4-12-66
54	Gian Chand Jain	..	7-12-66
55	Jawahar Lal Seth	..	17-12-66
56	Gurdev Singh Sodhi	..	4-6-68
57	K. K. Malhotra	..	19-2-69
58	Nasib Chand Sharma	..	9-5-69
59	Surjit Singh Bhatti	..	19-9-69 (Proforma promotion)
60	Sansar Chand	..	19-9-69
61	Sadhu Ram	..	22-11-69
62	Nanak Singh Kathuria	..	26-11-69
63	Rajwant Singh	..	26-11-69
64	Karam Singh Pabla	..	23-4-70
65	Dev Parkash Sharma	..	23-4-70
66	Jaswant Singh	..	20-5-70
67	Inderjit Sharma	..	27-5-70
68	Manohar Singh Azad	..	26-5-70
69	Gurdarshan Singh Sohi	..	3-6-70
70	Mohan Singh Bains	..	20-8-70
71	Charan Singh	..	19-8-70
72	Gurdev Singh Kang	..	19-8-70
73	O. P. Malhotra	..	19-8-70

Serial No.	Name	Date of promotion
	Sarvshri—	
74	Tej Bahadur Garg ..	25-8-70
75	Kanwal Nain Kanwal ..	19-8-70
76	Chanan Ram ..	19-8-70
77	Charan Dass Saini ..	19-8-70
78	Sewa Singh Saran ..	19-8-70
79	Manmohan Singh Phul ..	19-8-70
80	R. P. Bajaj ..	26-8-70
81	Balwant Singh alias Banta Singh ..	26-8-70
82	Gulzari Lal Gulati ..	9-12-70
83	Narinder Kumar Arora ..	9-12-70
84	Chanan Singh Dhami ..	9-12-70
85	Dharam Pal Airi ..	28-1-71
86	Gurnam Singh ..	28-1-71
87	P. C. Oberio ..	8-2-71 (Proforma promotion)
88	Jaspal Singh Mann ..	8-2-71
89	Chetan Parkash ..	8-2-71
90	Harbhajan Singh Sandhu ..	8-2-71
91	Surjit Singh Sahi ..	8-2-71
92	Kashmiri Lal Thukral ..	26-4-71
93	V. P. Mehta ..	1-6-71
94	Sat Pal ..	16-7-71
95	Darshan Singh Saini ..	16-7-71
96	Prem Shanker Gupta ..	16-7-71
97	Ved Parkash Rampal ..	8-11-71
98	Manmohan Lal ..	18-2-72
99	Suraj Mal Bhatia ..	21-10-72
100	Banarsi Dass Sharma ..	21-10-72 (Proforma promotion)
101	Manmohan Singh Saggo ..	21-10-72

[Minister for Revenue and Election]

Serial No.	Name	Date of promotion
	Sarvshri—	
102	Rattan Lal Sharma ..	21-10-72
103	Ajit Lal Arora ..	27-10-72
104	Kishan Chand ..	27-10-72 (Proforma Promotion)
105	Dalip Singh Sekhon ..	27-10-72 (Proforma promotion)
106	Prem Dass Bhatia ..	2-11-72
107	Gurcharan Singh Dran ..	27-10-72
108	Mohinder Singh Dhillon ..	27-10-72
109	Major Singh Grewal ..	2-1-73 (Proforma promotion)
110	Harbans Singh ..	2-1-73
111	Sucha Singh ..	7-2-73
112	Hari Chand ..	8-2-73
113	Darshan Singh Mohi ..	24-5-73
114	Darshan Singh Bajwa ..	29-5-73
115	S. K. Kapoor ..	11-6-73
116	Nand Kumar ..	28-6-73
117	Satya Pal Mahajan ..	10-8-73
118	Shiv Kumar Vig ..	1-9-73
119	Ram Partap Singh ..	1-9-73
120	Pushkar Mal ..	14-9-73
121	Kimti Lal Arora ..	8-11-73
122	Mohan Singh ..	28-11-73

(b) The number and names of Clerks belonging to Scheduled Castes promoted as Assistants in the Office of Financial Commissioner, Punjab, from 12th September, 1963 to 31st December, 1973 are given below :—

Serial No.	Name
	Sarvshri—
1	Surjit Singh Bhatti
2	Sansar Chand

Serial No.	Name
	Sarvshri—
3	Sadhu Ram
4	Jaswant Singh
5	Charan Singh
6	Chanan Ram
7	Balwant Singh alias Banta Singh
8	Sat Pal
9	Suraj Mal Bhatia
10	Prem Dass Bhatia
11	Darshan Singh Mohi
12	Ram Partap Singh

[(ੳ) ਵਿੱਤੀ ਕਮਿਸ਼ਨਰ, ਪੰਜਾਬ ਦੇ ਦਫਤਰ ਦੇ ਵਿਅਕਤੀਆਂ ਜਿਨ੍ਹਾਂ ਨੂੰ 12 ਸਤੰਬਰ, 1963 ਤੋਂ 31 ਦਸੰਬਰ, 1973 ਤੱਕ ਬਤੌਰ ਸਹਾਇਕ ਤਰੱਕੀ ਦਿੱਤੀ ਗਈ ਦੀ ਸੰਖਿਆ ਅਤੇ ਨਾਂ, ਉਨ੍ਹਾਂ ਦੀ ਤਰੱਕੀ ਦੀਆਂ ਮਿਤੀਆਂ ਸਹਿਤ ਨਿਮਨ ਲਿਖਤ ਹਨ :—

ਲੜੀ ਨੰ :	ਨਾਂ		ਤਰੱਕੀ ਦੀ ਮਿਤੀ
	ਸਰਵਸ਼੍ਰੀ—		
1	ਜੈ ਦੇਵ ਸ਼ਰਮਾ	...	13-9-1963
2	ਜਗਦੀਸ਼ ਚੰਦਰ ਮਲਹੋਤਰਾ	...	13-9-1963
3	ਜੋਗਿੰਦਰ ਸਿੰਘ	...	13-9-1963
4	ਜਗਦੀਸ਼ ਲਾਲ ਸਭਰਵਾਲ	...	13-9-1963
5	ਸਰਦੂਲ ਸਿੰਘ ਬੇਦੀ	...	13-9-1963
6	ਰਣਜੀਤ ਸਿੰਘ	...	23-10-1963
7	ਰਮੇਸ਼ ਚੰਦਰ ਵਰਮਾ	...	10-3-1964
8	ਬਲਵੰਤ ਸਿੰਘ	...	10-3-1964
9	ਰਾਮ ਭਜ ਬੱਤਰਾ	...	10-3-1964
10	ਜਗਮੋਹਨ ਰੰਧੇਵ	...	10-3-1964
11	ਗੁਰਮੀਤ ਸਿੰਘ	...	10-3-1964 (ਪਰੋਫਾਰਮਾ ਪ੍ਰੋਮੋਸ਼ਨ)

ਲੜੀ ਨੰ:	ਨਾਂ		ਤਰੱਕੀ ਦੀ ਮਿਤੀ
	ਸਰਵਸ਼੍ਰੀ——		
12	ਯਸ਼ ਪਾਲ ਸਿੰਘ	...	10-3-1964
13	ਅੱਛਰ ਸਿੰਘ ਗੌਤਮ	...	10-3-1964
14	ਰੰਨਵੀਰ ਮਲਹੋਤਰਾ	...	2-4-1964 (ਪਰੋਫਾਰਮਾਂ ਪ੍ਰੋਮੋਸ਼ਨ)
15	ਬਾਲਕ ਰਾਮ	...	2-4-1964
16	ਵਿਨੋਦ ਕ੍ਰਿਸ਼ਨ	...	10-4-1964 (ਪਰੋਫਾਰਮਾਂ ਪ੍ਰੋਮੋਸ਼ਨ)
17	ਬਰਿਜ ਮੋਹਨ ਅਰੋੜਾ	...	10-4-1964
18	ਅਮਰਨਾਥ ਸ਼ਰਮਾ	...	10-4-1964
19	ਪਰਸ਼ੋਤਮ ਲਾਲ ਪੁਰੀ	...	10-4-1964
20	ਮਨਮੋਹਣ ਲਾਲ ਘਈ	...	10-4-1964
21	ਗੁਰਮੁੱਖ ਸਿੰਘ ਚੌਹਾਨ	...	10-4-1964
22	ਸੁਦਰਸ਼ਨ ਪਾਲ ਅਨੰਦ	...	18-4-1964
23	ਜਗਦੀਸ਼ ਲਾਲ ਪਾਲੀਆਲ	..	18-4-1964
24	ਰਘਵੀਰ ਸਿੰਘ ਸ਼ਰਮਾ	...	30-4-1964
25	ਇੰਦਰਜੀਤ ਸਿੰਘ ਆਹਲੂਵਾਲੀਆ	...	30-4-1964
26	ਹਰਦਿਆਲ ਸਿੰਘ ਭਨੋਟ	...	30-4-1964
27	ਸੰਤੋਖ ਕੁਮਾਰ ਖੋਸਲਾ	...	17-5-1964
28	ਮਦਨ ਲਾਲ ਸੱਚਦੇਵ	...	17-5-1964 (ਪਰੋਫਾਰਮਾ ਪ੍ਰੋਮੋਸ਼ਨ)
29	ਇੰਦਰ ਪ੍ਰਕਾਸ਼	...	17-5-1964
30	ਕ੍ਰਿਸ਼ਨ ਗੋਪਾਲ	...	22-9-1964
31	ਅਮਰ ਨਾਥ ਪ੍ਰਦੇਸੀ	...	22-9-1964
32	ਸ਼ਾਂਤੀ ਲਾਲ ਵਧਵਾ	...	22-9-1964
33	ਮਹੇਸ਼ ਚੰਦਰ ਗੁਪਤਾ	...	25-9-1964
34	ਦਲਜੀਤ ਰਾਏ	...	30-9-1964
35	ਕੁਲਦੀਪ ਸਿੰਘ ਵਾਲੀਆ	...	30-9-1964
36	ਗਰੀਬ ਦਾਸ	...	30-9-1964
37	ਅਵਤਾਰ ਸਿੰਘ	...	30-9-1964

ਲੜੀ ਨੰ:	ਨਾਂ		ਤਰੱਕੀ ਦੀ ਮਿਤੀ
	ਸਰਵਸ਼੍ਰੀ		
38	ਕੁਲਦੀਪ ਸਿੰਘ	...	14-10-1964
39	ਕਰਮ ਸਿੰਘ ਸਾਕਾ	...	28-7-1966
40	ਦਲੀਪ ਸਿੰਘ ਮੱਲ੍ਹੀ	...	28-7-1966
41	ਸਤਪਾਲ ਭਨੋਟ	...	28-7-1966
42	ਇੰਦਰ ਰਾਜ ਸਰੀਨ	...	28-7-1966
43	ਜਸਪਾਲ ਸਿੰਘ	...	28-7-1966
44	ਹਰਭਜਨ ਸਿੰਘ ਜੋਸ਼ਨ	...	16-11-1965
45	ਗੁਰਬਚਨ ਸਿੰਘ ਵਾਲੀਆ	...	25-11-1965
46	ਗੁਰਮੁੱਖ ਸਿੰਘ ਆਹਲੂਵਾਲੀਆ	...	29-3-1966
47	ਆਤਮਾ ਰਾਮ ਬਾਂਸਲ	...	3-6-1966
48	ਗੁਰਚਰਨ ਸਿੰਘ ਅਤਰੀ	...	5-11-1966
49	ਪ੍ਰਕਾਸ਼ ਚੰਦਰ ਅਗਰਵਾਲ	...	5-11-1966
50	ਸੇਵਾ ਸਿੰਘ ਮਾਵੀ	...	5-11-1966
51	ਰਨਵੀਰ ਸਿੰਘ	...	5-11-1966
52	ਮੁਖਤਿਆਰ ਸਿੰਘ ਬਰਾੜ	...	5-11-1966
53	ਸੁੱਚਾ ਸਿੰਘ	...	4-12-1966
54	ਗਿਆਨ ਚੰਦ ਜੈਨ	...	7-12-1966
55	ਜਵਾਹਰ ਲਾਲ ਸੇਠ	...	17-12-1966
56	ਗੁਰਦੇਵ ਸਿੰਘ ਸੋਢੀ	...	4-6-1968
57	ਕੇ. ਕੇ. ਮਲਹੋਤਰਾ	...	19-2-1969
58	ਨਸੀਬ ਚੰਦ ਸ਼ਰਮਾ	...	9-5-1969
59	ਸੁਰਜੀਤ ਸਿੰਘ ਭੱਟੀ	...	19-9-1969 (ਪਰੋਫਾਰਮਾਂ ਪ੍ਰੋਮੋਸ਼ਨ)
60	ਸੰਸਾਰ ਚੰਦ	...	19-9-1969
61	ਸਾਧੂ ਰਾਮ	...	22-11-1969
62	ਨਾਨਕ ਸਿੰਘ ਕਠੂਰੀਆ	...	26-11-1969
63	ਰਜਵੰਤ ਸਿੰਘ	...	26-11-1969
64	ਕਰਮ ਸਿੰਘ ਪਾਵਲਾ	...	23-4-1970
65	ਦੇਵ ਪ੍ਰਕਾਸ਼ ਸ਼ਰਮਾ	...	23-4-1970
66	ਜਸਵੰਤ ਸਿੰਘ	...	20-5-1970

ਲੜੀ ਨੰ:	ਨਾਂ		ਤਰੱਕੀ ਦੀ ਮਿਤੀ
	ਸਰਵਸ਼੍ਰੀ—		
67	ਇੰਦਰ ਜੀਤ ਸ਼ਰਮਾ	...	27-5-1970
68	ਮਨੋਹਰ ਸਿੰਘ ਆਜ਼ਾਦ	...	26-5-1970
69	ਗੁਰਦਰਸ਼ਨ ਸਿੰਘ ਸੋਹੀ	...	3-6-1970
70	ਮੋਹਨ ਸਿੰਘ ਬੈਂਸ	...	20-8-1970
71	ਚਰਨ ਸਿੰਘ	...	19-8-1970
72	ਗੁਰਦੇਵ ਸਿੰਘ ਕੰਗ	...	19-8-1970
73	ਓ. ਪੀ. ਮਲਹੋਤਰਾ	...	19-8-1970
74	ਤੇਜ ਬਹਾਦਰ ਗਰਗ	...	25-8-1970
75	ਕੰਵਲ ਨੈਨ ਕੰਵਲ	...	19-8-1970
76	ਚਾਨਣ ਰਾਮ	...	19-8-1970
77	ਚਰਨ ਦਾਸ ਸੈਣੀ	...	19-8-1970
78	ਸੇਵਾ ਸਿੰਘ ਸਰਨ	...	19-8-1970
79	ਮਨਮੋਹਨ ਸਿੰਘ ਫੂਲ	...	19-8-1970
80	ਆਰ. ਪੀ. ਬਾਜਾਜ	...	26-8-1970
81	ਬਲਵੰਤ ਸਿੰਘ ਏਲੀਅਸ ਬੰਤਾ ਸਿੰਘ	...	26-8-1970
82	ਗੁਲਜ਼ਾਰੀ ਲਾਲ ਗੁਲਾਟੀ	...	9-12-1970
83	ਨਰਿੰਦਰ ਕੁਮਾਰ ਅਰੋੜਾ	...	9-12-1970
84	ਚੰਨਣ ਸਿੰਘ ਧਾਮੀ	...	9-12-1970
85	ਧਰਮ ਪਾਲ ਏਰੀ	...	28-1-1971
86	ਗੁਰਨਾਮ ਸਿੰਘ	...	28-1-1971
87	ਪੀ. ਸੀ. ਉਬਰਾਏ	...	8-2-1971 (ਪਰੋਫਾਰਮਾਂ ਪ੍ਰੋਮੋਸ਼ਨ)
88	ਜਸਪਾਲ ਸਿੰਘ ਮਾਨ	...	8-2-1971
89	ਚੇਤਨ ਪ੍ਰਕਾਸ਼	...	8-2-1971
90	ਹਰਭਜਨ ਸਿੰਘ ਸੰਧੂ	...	8-2-1971
91	ਸੁਰਜੀਤ ਸਿੰਘ ਸ਼ਾਹੀ	...	8-2-1971
92	ਕਸ਼ਮੀਰੀ ਲਾਲ ਠਕਰਾਲ	...	26-4-1971
93	ਵੀ. ਪੀ. ਮਹਿਤਾ	...	1-6-1971
94	ਸੱਤ ਪਾਲ	...	16-7-1971
95	ਦਰਸ਼ਨ ਸਿੰਘ ਸੈਣੀ	...	16-7-1971

ਲੜੀ ਨੰ:	ਨਾਂ		ਤਰੱਕੀ ਦੀ ਮਿਤੀ
	ਸਰਵਸ਼੍ਰੀ—		
96	ਪ੍ਰੇਮ ਸ਼ੰਕਰ ਗੁਪਤਾ	...	16-7-1971
97	ਵੇਦ ਪ੍ਰਕਾਸ਼ ਰਾਮਪਾਲ	...	8-11-1971
98	ਮਨਮੋਹਣ ਲਾਲ	...	18-2-1972
99	ਸੂਰਜ ਮੱਲ ਭਾਟੀਆ	...	21-10-1972
100	ਬਨਾਰਸੀ ਦਾਸ ਸ਼ਰਮਾ	...	21-10-1972 (ਪਰੋਫਾਰਮਾਂ ਪ੍ਰੋਮੋਸ਼ਨ)
101	ਮਨਮੋਹਣ ਸਿੰਘ ਸੱਗੂ	...	21-10-1972
102	ਰਤਨ ਲਾਲ ਸ਼ਰਮਾ	...	21-10-1972
103	ਅਜੀਤ ਲਾਲ ਅਰੋੜਾ	...	27-10-1972
104	ਕਿਸ਼ਨ ਚੰਦ	...	27-10-1972 (ਪਰੋਫਾਰਮਾਂ ਪ੍ਰੋਮੋਸ਼ਨ)
105	ਦਲੀਪ ਸਿੰਘ ਸੇਖੋਂ	...	27-10-1972 (ਪਰੋਫਾਰਮਾਂ ਪ੍ਰੋਮੋਸ਼ਨ)
106	ਪ੍ਰੇਮ ਦਾਸ ਭਾਟੀਆ	...	2-11-1972
107	ਗੁਰਚਰਨ ਸਿੰਘ ਦੁਰਾਨ	...	27-10-1972
108	ਮਹਿੰਦਰ ਸਿੰਘ ਢਿੱਲੋਂ	...	27-10-1972
109	ਮੇਜਰ ਸਿੰਘ ਗਰੇਵਾਲ	...	2-1-1973 (ਪਰੋਫਾਰਮਾਂ ਪ੍ਰੋਮੋਸ਼ਨ)
110	ਹਰਬੰਸ ਸਿੰਘ	...	2-1-1973
111	ਸੁੱਚਾ ਸਿੰਘ	...	7-2-1973
112	ਹਰੀ ਚੰਦ	...	8-2-1973
113	ਦਰਸ਼ਨ ਸਿੰਘ ਮੋਹੀ	...	24-5-1973
114	ਦਰਸ਼ਨ ਸਿੰਘ ਬਾਜਵਾ	...	29-5-1973
115	ਐਸ. ਕੇ. ਕਪੂਰ	...	11-6-1973
116	ਨੰਦ ਕੁਮਾਰ	...	28-6-1973
117	ਸੱਤ ਪਾਲ ਮਹਾਜਨ	...	10-8-1973
118	ਸ਼ਿਵ ਕੁਮਾਰ ਵਿੱਗ	...	1-9-1973
119	ਰਾਮ ਪ੍ਰਤਾਪ ਸਿੰਘ	...	1-9-1973
120	ਪੁਸ਼ਕਰ ਮੱਲ੍ਹ	...	14-9-1973
121	ਕੀਮਤੀ ਲਾਲ ਅਰੋੜਾ	...	8-11-1973
122	ਮੋਹਣ ਸਿੰਘ	..	28-11-1973

[Minister for Revenue and Election]

ਵਿੱਤੀ ਕਮਿਸ਼ਨਰ, ਪੰਜਾਬ ਦੇ ਦਫ਼ਤਰ ਦੇ ਅਨੁਸੂਚਿਤ ਜਾਤੀਆਂ ਦੇ ਕਲਰਕਾਂ ਜਿਨ੍ਹਾਂ ਨੂੰ 12 ਸਤੰਬਰ, 1963 ਤੋਂ 31 ਦਸੰਬਰ, 1973 ਤੱਕ ਬਤੌਰ ਸਹਾਇਕ ਤਰੱਕੀ ਦਿੱਤੀ ਗਈ, ਦੀ ਸੰਖਿਆ ਅਤੇ ਨਾਂ ਨਿਮਨਲਿਖਤ ਹਨ :—

ਲੜੀ ਨੰ :	ਨਾਂ
	ਸਰਵਸ਼੍ਰੀ—
1	ਸੁਰਜੀਤ ਸਿੰਘ ਭੱਟੀ
2	ਸੰਸਾਰ ਚੰਦ
3	ਸਾਧੂ ਰਾਮ
4	ਜਸਵੰਤ ਸਿੰਘ
5	ਚਰਨ ਸਿੰਘ
6	ਚਾਨਣ ਰਾਮ
7	ਬਲਵੰਤ ਸਿੰਘ ਏਲੀਅਸ ਬੰਤਾ ਸਿੰਘ
8	ਸੱਤ ਪਾਲ
9	ਸੂਰਜ ਮੱਲ ਭਾਟੀਆ
10	ਪ੍ਰੇਮ ਦਾਸ ਭਾਟੀਆ
11	ਦਰਸ਼ਨ ਸਿੰਘ ਮੋਹੀ
12	ਰਾਮ ਪ੍ਰਤਾਪ ਸਿੰਘ

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੇਰਾ ਇੱਕ ਸਵਾਲ ਨੰ: 2505 ਸੀ, ਜਿਸ ਵਿਚ ਐਕਸਟੈਨਸ਼ਨ ਮੰਗੀ ਗਈ ਹੈ । ਇਹ ਬੜਾ ਇੰਪਾਰਟੈਂਟ ਸਵਾਲ ਹੈ । ਕੁਝ ਦਿਨਾਂ ਵਿਚ ਹੀ ਸੈਸ਼ਨ ਉਠ ਜਾਣਾ ਹੈ, ਇਸ ਲਈ ਇਸ ਦਾ ਜਵਾਬ ਆਉਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਸਵਾਲ ਦਾ ਜਵਾਬ ਇਸ ਸੈਸ਼ਨ ਵਿਚ ਹੀ ਆ ਜਾਣਾ ਚਾਹੀਦਾ ਹੈ । (I will request the Government to give reply to this question during the current Budget Session.)

ग्राचार्य पृथ्वी सिंह ग्राजाद : वज़ीर साहिब ने जो सूचना सदन की मेज़ पर रखी है उस में 122 Assistants हैं ग्रौर जो Scheduled Castes promote किए गये हैं वे सिर्फ 12 हैं जबकि कम से कम 24 होने चाहिए थे । इस लिए क्या मैं ग्राप के द्वारा मिनिस्टर साहिब से जान सकता हूं कि क्या कारण

है कि Scheduled Castes को उन के अनुपात के मुताबिक उनकी reservation या उनकी promotion क्यों नहीं की गई और इस का क्या यह कारण है कि महकमें में इतने Clerks नहीं थे जो इस के लिए consider किये जाते ?

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਅਰਜ਼ ਇਹ ਹੈ ਕਿ ਕੁਝ ਪਰਮੋਸ਼ਨਜ਼ ਹੋਈਆਂ ਹਨ 1 ਨਵੰਬਰ, 1966 ਤੋਂ ਪਹਿਲਾਂ ਜਿਹੜੀਆਂ ਕਿ ਰੀਆਰਗੇਨਾਈਜ਼ੇਸ਼ਨ ਦੀ ਡੇਟ ਹੈ । ਉਹ ਸੈਪਰੇਟ ਹਨ ਅਤੇ ਕੁਝ ਉਸ ਦੇ ਬਾਅਦ ਹੋਈਆਂ ਹਨ । ਉਸ ਦੇ ਬਾਅਦ ਵਾਲੀਆਂ ਜਿਹੜੀਆਂ ਹਨ ਉਸ ਅਨੁਸਾਰ ਜਿੰਨੀ ਵੀ ਇਨ੍ਹਾਂ ਦੀ ਗਿਣਤੀ ਹੈ ਉਸੇ ਹਿਸਾਬ ਨਾਲ ਪਰਮੋਸ਼ਨਾਂ ਹੋਣ, ਉਸ ਦੇ ਬਾਰੇ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ, ਉਹ ਇਥੇ ਮੰਨੇ ਹਨ। (ਹਾਸਾ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਮੁੱਖ ਮੰਤਰੀ ਨੇ 20 ਪ੍ਰਤੀਸ਼ਤ ਦੀ ਬਜਾਏ 25 ਪ੍ਰਤੀਸ਼ਤ ਰਿਜ਼ਰਵੇਸ਼ਨ ਕਰ ਦਿੱਤੀ ਹੈ, ਇਸ ਲਈ ਤੁਸੀਂ ਇਹ ਯਕੀਨ ਦਿਲਾਓ ਕਿ ਹੁਣ ਤੱਕ ਜਿੰਨੇ ਵੀ ਮੁੰਡੇ ਪਰਮੋਟ ਹੋਏ ਹਨ ਅਤੇ ਜਿਹੜੇ ਨਹੀਂ ਹੋਏ ਉਨ੍ਹਾਂ ਦੀ ਰਿਜ਼ਰਵੇਸ਼ਨ 25 ਪ੍ਰਤੀਸ਼ਤ ਪੂਰੀ ਕਰੋਗੇ ਅਤੇ ਇਹ ਕਦੋਂ ਤੱਕ ਪੂਰੀ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਪਤਾ ਨਹੀਂ ਜਦ ਮੁੱਖ ਮੰਤਰੀ ਜੀ ਨੇ ਬਿਆਨ ਦਿੱਤਾ ਸੀ ਉਸ ਦਿਨ ਇਹ ਸੁੱਤੇ ਹੋਏ ਸਨ। (ਵਿਘਨ) ਸ਼ਡਿਊਲਡ ਕਾਸਟਸ ਵਾਸਤੇ 14 ਪ੍ਰਤੀਸ਼ਤ ਮੁੱਖ ਮੰਤਰੀ ਜੀ ਨੇ ਅਨਾਊਂਸ ਕੀਤੀ ਸੀ ਕਲਾਸ 1 ਅਤੇ ਦੋ ਵਿਚ ਅਤੇ ਕਲਾਸ 3 ਵਿਚ 20 ਪ੍ਰਤੀਸ਼ਤ। ਇਸ ਲਈ ਮੇਰੀ ਬੇਨਤੀ ਹੈ ਕਿ ਜੋ ਅਨਾਊਂਸਮੈਂਟ ਮੁੱਖ ਮੰਤਰੀ ਸਾਹਿਬ ਨੇ ਕੀਤੀ ਹੈ ਉਸ ਅਨੁਸਾਰ ਉਸ ਦਿਨ ਤੋਂ ਇਹ ਅੱਗੇ ਤੋਂ ਜ਼ਰੂਰ ਲਾਗੂ ਕੀਤੀ ਜਾਵੇਗੀ। (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜੋ ਡਿਪਾਰਟਮੈਂਟ ਵਿਚ ਸ਼ਡਿਊਲਡ ਕਾਸਟਸ ਦੇ ਇੰਪਲਾਈਜ਼ ਅਤੇ ਕਲਰਕਾਂ ਦੀਆਂ ਜੋ ਪੋਸਟਾਂ ਪੂਰੀਆਂ ਨਹੀਂ ਹਨ ਤਾਂ ਉਹ ਡਾਇਰੈਕਟ ਭਰਤੀ ਕਰਕੇ ਉਨ੍ਹਾਂ ਨੂੰ ਪੂਰਿਆਂ ਕਰਕੇ ਲੈਣ ਤਾਂਕਿ ਉਨ੍ਹਾਂ ਦੀ ਇਹ ਜਿਹੜੀ ਸਿਰ ਦਰਦੀ ਹੈ ਇਹ ਖ਼ਤਮ ਕਰ ਦਿੱਤੀ ਜਾਵੇ। (ਵਿਘਨ) ਕਿਉਂਕਿ ਇਹ ਮਸਲਾ ਬੜਾ ਜ਼ਰੂਰੀ ਹੈ। ਜਿਸ ਤਰ੍ਹਾਂ ਮੁੱਖ ਮੰਤਰੀ ਸਾਹਿਬ ਨੇ ਵੀ ਪਹਿਲੇ ਐਲਾਨ ਕੀਤਾ ਸੀ ਕਿ ਉਹ ਇਸ ਬਾਰੇ ਕੋਈ ਆਰਡਰ ਦੇਣਗੇ। ਇਸ ਲਈ ਕੀ ਉਹ ਅਜਿਹਾ ਕਰਨਗੇ ਤਾਂਕਿ ਉਨ੍ਹਾਂ ਦੀ ਸਿਰ ਦਰਦੀ ਖ਼ਤਮ ਹੋ ਜਾਵੇ ?

ਮੰਤਰੀ : ਸਿਰ ਦਰਦੀ ਤਾਂ ਸਿਰ ਦੇ ਨਾਲ ਰਹਿਣੀ ਹੀ ਹੈ ਪਰ ਡਾਕਟਰ ਸਾਹਿਬ ਨੂੰ ਕੋਈ ਫਿਕਰ ਨਹੀਂ ਕਰਨਾ ਚਾਹੀਦਾ।

ਸਰਦਾਰ ਦਰਬਾਰਾ ਸਿੰਘ: ਕੀ ਇਸ ਗੱਲ ਨੂੰ ਮੁੱਖ ਰਖਦੇ ਹੋਏ ਕਿ ਪਿਛਲੇ 25—27 ਸਾਲਾਂ ਵਿਚ ਅਸੀਂ ਹਰੀਜਨ ਇੰਪਲਾਈਜ਼ ਨੂੰ ਉਨ੍ਹਾਂ ਦਾ 20 ਪ੍ਰਤੀਸ਼ਤ ਦਾ ਕੋਟਾ ਨਹੀਂ ਦੇ ਸਕੇ ਅਤੇ ਹੁਣ ਜਿਸ ਤਰ੍ਹਾਂ ਕਿ ਅਸੀਂ ਉਨ੍ਹਾਂ ਨੂੰ 25 ਪ੍ਰਤੀਸ਼ਤ ਕੋਟਾ ਦੇਣ ਦਾ ਐਲਾਨ ਕੀਤਾ ਹੈ । ਇਸ ਲਈ ਕੀ ਵਜ਼ੀਰ ਸਾਹਿਬ ਕੋਈ ਸਪੈਸ਼ਲ ਸੈਲ ਬਣਾਉਣਗੇ ਆਪਣੇ ਮਹਿਕਮੇ ਵਿਚ ਤਾਂਕਿ ਹਰੀਜਨਾਂ ਦੇ ਵਫਾਦ ਦੀ ਨਿਗਰਾਨੀ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਜਿਹੜਾ ਹੁਣ 25 ਪ੍ਰਤੀਸ਼ਤ ਦਾ ਕੋਟਾ ਦੇਣ ਦਾ ਐਲਾਨ ਕੀਤਾ ਗਿਆ ਹੈ, ਇਹ ਕੋਟਾ ਪੂਰਾ ਕਰਕੇ ਉਨ੍ਹਾਂ ਦਾ ਹੱਕ ਉਨ੍ਹਾਂ ਨੂੰ ਦਿੱਤਾ ਜਾ ਸਕੇ ?

ਮੰਤਰੀ : ਸਪੀਕਰ ਸਾਹਿਬ, ਇਹ ਹਰੀਜਨਾਂ ਦੀ ਰਾਖੀ ਕਰਨ ਵਾਸਤੇ ਸੈਲ ਬਣਿਆ ਹੈ। ਸ਼ਡਿਊਲਡ ਕਾਸਟਸ ਵੈਲਫ਼ੇਅਰ ਡਿਪਾਰਟਮੈਂਟ ਬਣਿਆ ਹੈ ਜੋ ਕਿ ਇਨ੍ਹਾਂ ਗੱਲਾਂ ਦੀ ਦੇਖ ਭਾਲ ਕਰਦਾ ਹੈ।

ਸਰਦਾਰ ਕਰਨੈਲ ਸਿੰਘ ਮਰੜੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਹਰੀਜਨਾਂ ਨੂੰ 25 ਪ੍ਰਤੀਸ਼ਤ ਦੀ ਰਿਜ਼ਰਵੇਸ਼ਨ ਦੇਣ ਦਾ ਐਲਾਨ ਕੀਤਾ ਗਿਆ ਹੈ ਕੀ ਇਹ ਇਸ ਸਬੰਧੀ ਬਿੱਲ ਹਾਊਸ ਵਿਚ ਲਿਆ ਕੇ ਉਸ ਨੂੰ ਇਥੋਂ ਪਾਸ ਕਰਾਉਣਗੇ ਤਾਂਕਿ ਸਹੀ ਮਾਅਨਿਆਂ ਵਿਚ ਉਸ ਦੇ ਉਤੇ ਅਮਲ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਵਿਧਾਨ ਦੇ ਮੁਤਾਬਿਕ ਬਿੱਲ ਦੀ ਜ਼ਰੂਰਤ ਨਹੀਂ ਹੈ। ਜੋ ਸਰਕਾਰ ਦਾ ਫੈਸਲਾ ਹੁੰਦਾ ਹੈ ਸਰਕਾਰ ਉਸ ਨੂੰ ਜ਼ਰੂਰ ਅਮਲ ਦਰਾਮਦ ਵਿਚ ਲਿਆਉਂਦੀ ਹੈ ਅਤੇ ਲਿਆਵੇਗੀ।

ਚੌਧਰੀ ਦਰਸ਼ਨ ਸਿੰਘ : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸ਼ਡਿਊਲਡ ਕਾਸਟਸ ਡਿਪਾਰਟ-ਮੈਂਟ ਬਣਿਆ ਹੈ ਅਤੇ ਜਿਹੜੇ ਹਰੀਜਨ ਇੰਪਲਾਈਜ਼ ਹਨ ਉਨ੍ਹਾਂ ਦੇ ਹੱਕਾਂ ਦੀ ਹਿਫ਼ਾਜ਼ਤ ਉਸ ਮਹਿ-ਕਮੇ ਦੇ ਅੰਡਰ ਹੈ।

ਮੰਤਰੀ : ਸਰਕਾਰ ਦੇ ਜਿੰਨੇ ਸਾਰੇ ਕੰਮ ਹਨ ਉਨ੍ਹਾਂ ਨੂੰ ਇਹ ਮਹਿਕਮਾ ਇਸ ਪੱਖ ਤੋਂ ਦੇਖਦਾ ਹੈ। ਇਸੇ ਤਰ੍ਹਾਂ ਸ਼ਡਿਊਲਡ ਕਾਸਟਸ ਦੀ ਜਿਹੜੀ ਰਿਪ੍ਰੇਜ਼ੈਂਟੇਸ਼ਨ ਹੈ ਉਸ ਲਈ ਵੀ ਉਨ੍ਹਾਂ ਦੀ ਰਾਇ ਲਈ ਜਾਂਦੀ ਹੈ। (ਵਿਘਨ) ਬਕਾਇਦਾ ਉਨ੍ਹਾਂ ਤੋਂ ਪੁੱਛ ਗਿੱਛ ਕੀਤੀ ਜਾਂਦੀ ਹੈ। (ਵਿਘਨ)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਸ਼ਡਿ-ਊਲਡ ਕਾਸਟਸ ਵੈਲਫ਼ੇਅਰ ਦਾ ਮਹਿਕਮਾ ਬਣਿਆ ਹੈ। ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਦੋਂ ਕੋਈ ਪਰਮੋਸ਼ਨ ਹੋਣੀ ਹੁੰਦੀ ਹੈ ਤਾਂ ਕੀ ਉਸ ਮਹਿਕਮੇ ਦੇ ਇੰਚਾਰਜ ਅਫਸਰ ਦਾ ਕਹਿਣਾ ਮੰਨਿਆ ਜਾਂਦਾ ਹੈ ਜਾਂ ਨਹੀਂ ਮੰਨਿਆ ਜਾਂਦਾ ?

ਮੰਤਰੀ : ਰੂਲ ਦੇ ਮੁਤਾਬਿਕ ਸਰਕਾਰ ਆਪ ਇਸ ਚੀਜ਼ ਨੂੰ ਦੇਖਦੀ ਹੈ। ਇਹ ਸੀ.ਐਮ. ਸਾਹਿਬ ਬੈਠੇ ਹਨ ਇਹ ਸਾਰੇ ਮਹਿਕਮਿਆਂ ਦੇ ਮਾਲਿਕ ਹਨ। ਇਸ ਲਈ ਕੋਈ ਵੀ ਕਿਸੇ ਜਗ੍ਹਾ ਇਸ ਕਿਸਮ ਦੀ ਗੱਲ ਨਹੀਂ ਹੋਵੇਗੀ ਕਿ ਕਿਸੇ ਮਹਿਕਮੇ ਵਿਚ ਹਰੀਜਨਾਂ ਨਾਲ ਧੱਕਾ ਹੋਵੇ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 122 ਵਿਚੋਂ ਸਿਰਫ ਸ਼ਡਿਊਲਡ ਕਾਸਟਸ 12 ਪਰਮੋਟ ਹੋਏ ਹਨ ਜਦ ਕਿ ਹੋਣੇ ਚਾਹੀਦੇ ਸਨ 22 ਜਾਂ 24 । ਇਸ ਹਿਸਾਬ ਨਾਲ 10--12 ਘੱਟ ਪਰਮੋਟ ਹੋਏ ਹਨ। ਇਸ ਲਈ ਇਸ ਵਿਚ ਮਹਿਕਮੇ ਦੇ ਜਿਹੜੇ ਅਫਸਰ ਨੇ ਅਣਗਹਿਲੀ ਕੀਤੀ ਹੈ ਕੀ ਉਸ ਦੇ ਖਿਲਾਫ਼ ਐਕਸ਼ਨ ਲੈਣ ਨੂੰ ਇਹ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਇਸ ਮਸਲੇ ਤੇ ਹਾਈ ਕੋਰਟ ਵਿਚ ਗਏ ਸੀ ਅਤੇ ਫਿਰ ਸੁਪਰੀਮ ਕੋਰਟ ਤੱਕ ਗਏ। ਹਾਈ ਕੋਰਟ ਨੇ ਫ਼ੈਸਲਾ ਕੀਤਾ ਸੀ ਕਿ ਪਰਮੋਸ਼ਨ ਵਿਚ ਰਿਜ਼ਰਵੇਸ਼ਨ ਨਹੀਂ ਹੋ ਸਕਦੀ। ਫਿਰ ਹਾਈਕੋਰਟ ਦੇ ਖਿਲਾਫ਼ ਪੰਜਾਬ ਗੌਰਮਿੰਟ ਸੁਪਰੀਮ ਕੋਰਟ ਵਿਚ ਗਈ ਅਤੇ ਉਥੇ

ਅਪੀਲ ਕੀਤੀ ਗਈ। ਉਥੇ ਫੈਸਲਾ ਹੋਇਆ ਕਿ ਪਰਮੋਸ਼ਨ ਵਿਚ ਰਿਜ਼ਰਵੇਸ਼ਨ ਹੋ ਸਕਦੀ ਹੈ। ਬਾਕੀ ਜਿਸ ਤਰ੍ਹਾਂ ਮੈਂ ਪਹਿਲਾਂ ਵੀ ਦੱਸਿਆ ਹੈ ਕਿ 1 ਨਵੰਬਰ, 1966 ਤੋਂ ਬਾਅਦ ਜਿੰਨੀਆਂ ਪਰਮੋਸ਼ਨਾਂ ਹੋਈਆਂ ਹਨ ਉਸ ਹਿਸਾਬ ਨਾਲ ਜੋ ਉਨ੍ਹਾਂ ਦਾ ਕੋਟਾ ਬਣਦਾ ਹੈ, ਉਸੇ ਮੁਤੈਬਿਕ ਹੀ ਪਰਮੋਸ਼ਨ ਹੋ ਚੁੱਕੀ ਹੈ ਅਤੇ ਜਿਹੇ ਕਿਤੇ 2-3 ਕੇਸਿਜ਼ ਰਹਿੰਦੇ ਹਨ ਉਹ ਵੀ ਕੀਤੇ ਜਾ ਰਹੇ ਹਨ। (ਵਿਘਨ)

आचार्य पृथ्वी सिंह आज़ाद : वज़ीर साहिब ने बताया है कि Welfare Department जो है इसने Special Cell की जगह ली है। यह Special Cell की जगह काम करता है। क्या मैं आप के द्वारा उन के नोटिस में ला सकता हूं कि Government of India की instructions हैं कि Special Cell Secretariat लैवल पर कायम किया जाए और इस हाऊस के मैंबरज़ की भी डिमांड है कि यह Special Cell चीफ मिनिस्टर के अंडर Secretariat में खोला जाए और उस में हरिजनों के Senior I. A. S. Officer को नियुक्त किया जाए ताकि Welfare Department जो अपनी राए देता है वह Punjab Government के Rules of Business के मुताबिक फाइनल हो और Chief Secretary का दफतर उसे रद न कर सके।

ਮੰਤਰੀ : ਸਪੀਕਰ ਸਾਹਿਬ, ਚੀਫ ਸੈਕਟਰੀ ਫਾਈਨਲ ਅਥਾਰਿਟੀ ਨਹੀਂ ਹੈ। ਇਹ ਚੀਫ ਮਨਿਸਟਰ ਸਾਹਿਬ ਬੈਠੇ ਹਨ ਅਤੇ ਇਹ ਸਾਰੀ ਕੈਬਨਿਟ ਬੈਠੀ ਹੈ ਇਹ ਸਾਰੀ ਹਰੀਜਨਾਂ ਦਾ ਸੈਲ ਹੈ। ਇਹ ਹਰੀਜਨਾਂ ਦੀ ਪੂਰੇ ਤਰੀਕੇ ਨਾਲ ਰਖਵਾਲੀ ਕਰ ਰਹੀ ਹੈ। (ਤਾੜੀਆਂ) (ਵਿਘਨ)

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸ਼ਿਡਿਊਲਡ ਕਾਸਟਸ ਅਤੇ ਸ਼ਿਡਿਊਲਡ ਟਰਾਈਬਜ਼ ਜ਼ਾਤੀਆਂ ਹਨ, ਇਹ ਜਿਹੜੀਆਂ ਸ਼ਿਡਿਊਲਡ ਟਰਾਈਬਜ਼ ਹਨ ਇਨ੍ਹਾਂ ਨੂੰ ਅੰਗਰੇਜ਼ਾਂ ਦੇ ਵੇਲੇ ਉਨ੍ਹਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਹਰ ਰੋਜ਼ ਹਾਜ਼ਰੀ ਲਵਾਉਣੀ ਪੈਂਦੀ ਸੀ ਅਤੇ ਜਿਸ ਕਰਕੇ ਉਨ੍ਹਾਂ ਦੇ ਬੱਚੇ ਪੜ੍ਹ ਨਹੀਂ ਸਕੇ। ਇਸ ਲਈ ਕੀ ਇਹ ਉਨ੍ਹਾਂ ਨੂੰ ਸਪੈਸ਼ਲ ਕਨਸੈਸ਼ਨ ਦੇਣ ਵੱਲ ਧਿਆਨ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਇਸ ਵਿਚੋਂ ਅਰਾਈਜ਼ ਨਹੀਂ ਹੁੰਦਾ। ਪਰ ਮੇਰਾ ਖਿਆਲ ਹੈ ਕਿ ਪੰਜਾਬ ਵਿਚ ਸ਼ੈਡਿਊਲਡ ਟਰਾਈਬਜ਼ ਨਹੀਂ ਹਨ। ਜੇ ਹਨ ਵੀ ਤਾਂ ਉਨ੍ਹਾਂ ਨੂੰ ਕੰਸਟੀ-ਚਿਊਸ਼ਨ ਦੇ ਮੁਤਾਬਿਕ ਜੋ ਉਨ੍ਹਾਂ ਦੇ ਹੱਕ ਹਨ, ਉਨ੍ਹਾਂ ਨੂੰ ਉਹ ਹੱਕ ਦਿੱਤੇ ਜਾਣਗੇ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਜਿਸ ਤਰ੍ਹਾਂ ਉਨ੍ਹਾਂ ਨੇ ਫੁਰਮਾਇਆ ਹੈ ਕਿ ਸਾਡੀ ਸਰਕਾਰ ਜਿਹੜੀ ਹੈ ਜਾਂ ਸਾਡੀ ਕੈਬਨਿਟ ਹਰੀਜਨਾਂ ਬਾਰੇ ਇਕ ਸੈਲ ਹੈ। ਜਿਥੋਂ ਤੱਕ ਹਰੀਜਨਾਂ ਦੀ ਭਲਾਈ ਦਾ ਸਵਾਲ ਹੈ ਇਹ ਸੈਲ ਤਾਂ ਭਿੱਜਾ ਹੋਇਆ ਹੈ। (ਹਾਸਾ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਚੀਫ ਸੈਕਟਰੀ ਦੇ ਦਫਤਰ ਦਾ ਇਕ ਸੁਪਰਡੰਟ ਹੈ ਜੋ ਕਿ ਇਨ੍ਹਾਂ ਨੂੰ ਡੀਲ ਕਰਦਾ ਹੈ ਉਹ ਬਹੁਤ ਸਾਲਾਂ ਤੋਂ ਉਥੇ ਹੀ ਲੱਗਾ ਹੋਇਆ ਹੈ ਅਤੇ ਹਰ ਗੱਲ ਵਿਚ ਅਤੇ ਹਰ ਪੰਰਮੋਸ਼ਨ ਤੇ ਉਹ ਆਪਣੀ ਲੱਤ ਅੜਾਉਂਦਾ ਹੈ। ਇਸ ਲਈ ਕੀ ਇਹ ਚੀਫ ਮਨਿਸਟਰ ਨਾਲ ਸਲਾਹ ਕਰਕੇ ਉਸ ਸੁਪਰਡੰਟ ਨੂੰ ਉਸ ਸੈਕਸ਼ਨ ਤੋਂ ਬਦਲਣ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਤਾਂ ਐਫ. ਸੀ. ਦੇ ਦਫਤਰ ਨਾਲ ਤੁਅੱਲਕ ਰੱਖਦਾ ਹੈ। ਐਫ. ਸੀ. ਅਤੇ ਚੀਫ ਸੈਕਟਰੀ ਦੇ ਦੋ ਕਾਡਰ ਹਨ, ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਸਵਾਲ ਇਸ ਵਿਚੋਂ ਅਰਾਈਜ਼ ਨਹੀਂ ਹੁੰਦਾ। ਬਾਕੀ ਜਿਸ ਤਰ੍ਹਾਂ ਮੈਂ ਪਹਿਲਾਂ ਵੀ ਕਿਹਾ ਸੀ ਕਿ ਜਿਥੋਂ ਤੱਕ ਹਰੀਜਨਾਂ ਦੀ ਰਾਖੀ ਦਾ ਸਵਾਲ ਹੈ ਚੀਫ ਮਨਿਸਟਰ ਸਾਹਿਬ ਇਸ ਗੱਲ ਦਾ ਐਲਾਨ ਕਰ ਚੁੱਕੇ ਹਨ ਇਸ ਲਈ ਅਸੀਂ ਕੋਸ਼ਿਸ਼ ਹੀ ਨਹੀਂ ਕਰਾਂਗੇ ਬਲਕਿ ਸਭ ਕੁਝ ਕਰਾਂਗੇ ਅਤੇ ਸੀ. ਐਮ. ਸਾਹਿਬ ਨੇ ਜੋ ਕਿਹਾ ਉਹ ਕਰਕੇ ਅਸੀਂ ਦਿਖਾਇਆ ਹੈ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਕ ਪੋਸਟ ਆਫੀਸਰ ਔਨ ਸਪੈਸ਼ਲ ਡਿਊਟੀ, ਵੈਲਫੇਅਰ ਵਿਚ ਸੈਕਰਿਟੇਏਟ ਵਿਚ ਪਿਛਲੇ 2 ਸਾਲ ਤੋਂ ਇਨਇਫੈਕਟਿਵ ਪਈ ਹੈ, ਕੀ ਉਸ ਤੋਂ ਕੋਈ ਸੀਨੀਅਰ ਪੀ. ਸੀ. ਐਸ. ਅਫਸਰ ਜਾਂ ਕੋਈ ਡਿਪਟੀ ਸੈਕਟਰੀ ਰੈਂਕ ਦਾ ਆਦਮੀ ਲਗਾਇਆ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਗੌਰਮਿੰਟ ਨੇ ਐਲਾਨ ਕੀਤਾ ਹੈ ਉਸ ਦੀ ਇਮਪਲੀਮੈਨਟੇਸ਼ਨ ਵਾਸਤੇ ਇਕ ਆਈ. ਏ. ਐਸ. ਨਹੀਂ ਜੇ 2 ਆਈ.ਐਸ.ਐਸ. ਅਫਸਰ ਵੀ ਲਾਉਣੇ ਪਏ ਤਾਂ ਅਸੀਂ ਦੋ ਵੀ ਲਗਾਵਾਂਗੇ ਲੇਕਿਨ ਇੰਪਲੀਮੈਂਟੇਸ਼ਨ ਵਿਚ ਕੋਈ ਕਮੀ ਨਹੀਂ ਰਹਿਣ ਦਿਆਂਗੇ। ਇਕ ਗਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਮਾਨਯੋਗ ਮੈਂਬਰ ਇੰਡੀਵੀਜੂਅਲੀ ਕਿਸੇ ਸੁਪਰਡੰਟ ਜਾਂ ਕਿਸੇ ਅਫਸਰ ਦਾ ਜ਼ਿਕਰ ਨਾ ਕਰਿਆ ਕਰਨ, ਇਸ ਤਰ੍ਹਾਂ ਨਾਲ ਹਾਊਸ ਦਾ ਵਕਤ ਜ਼ਾਇਆ ਹੁੰਦਾ ਹੈ। ਮੈਂ ਸਪੀਕਰ ਸਾਹਿਬ, ਇਹ ਵੀ ਦਸ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਇਕ ਹਾਈ ਪਾਵਰਡ ਕਮੇਟੀ ਬਣੀ ਹੋਈ ਹੈ ਉਸ ਦੇ ਵਿਚ ਜਿੰਨੇ ਵੀ ਹਰੀਜਨ ਹਨ ਭਾਵੇਂ ਉਹ ਕਿਸੇ ਵੀ ਪਾਰਟੀ ਦੀ ਟਿਕਟ ਤੋਂ ਜਿੱਤ ਕੇ ਆਏ ਹਨ ਉਨ੍ਹਾਂ ਸਾਰਿਆਂ ਦੀ ਰਾਏ ਲਈ ਜਾਂਦੀ ਹੈ। ਉਸ ਕਮੇਟੀ ਨੇ ਰਿਕਮੈਂਡ ਕੀਤਾ ਸੀ ਕਿ ਪਹਿਲੇ ਦਰਜੇ ਅਤੇ ਦੂਜੇ ਦਰਜੇ ਦੀਆਂ ਜੋ ਪ੍ਰਮੋਸ਼ਨਜ਼ ਹੁੰਦੀਆਂ ਹਨ ਉਸ ਦੇ ਵਿਚ 10 ਫੀ ਸਦੀ ਰਿਜ਼ਰਵੇਸ਼ਨ ਕਰ ਦਿੱਤੀ ਜਾਵੇ ਲੇਕਿਨ ਸਰਕਾਰ ਨੇ 10 ਫੀ ਸਦੀ ਦੀ ਬਜਾਏ 14 ਫੀ ਸਦੀ ਕੀਤੀ ਹੈ। (ਥੰਪਿੰਗ) ਅਸੀਂ ਹਰੀਜਨਾਂ ਦੀ ਮੰਗ ਤੋਂ ਵਧੇਰੇ ਕੀਤਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਹਰੀਜਨਾਂ ਵਾਸਤੇ ਸੱਭ ਤੋਂ ਜ਼ਿਆਦਾ ਧਿਆਨ ਰਖਦੀ ਹੈ, ਇਸ ਕਰਕੇ ਨਹੀਂ ਕਿ ਕੋਈ ਕਿਸੇ ਦਾ ਲਿਹਾਜ਼ ਕਰਨਾ ਹੈ ਸਗੋਂ ਇਸ ਕਰਕੇ ਕਿ ਜੋ ਉਨ੍ਹਾਂ ਦਾ ਹੱਕ ਬਣਦਾ ਹੈ ਉਹ ਉਨ੍ਹਾਂ ਨੂੰ ਦਿੱਤਾ ਜਾਵੇ ਕਿਉਂਕਿ ਉਹ ਹਰ ਖੇਤਰ ਵਿਚ ਪਹਿਲਾਂ ਪਛੜੇ ਰਹੇ ਹਨ ਅਤੇ ਹੁਣ ਵੀ ਕੁਝ ਸ਼ਕਤੀਆਂ ਹਨ ਜਿਹੜੀਆਂ ਉਨ੍ਹਾਂ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ। ਅਸੀਂ ਇਹ ਆਪਣਾ ਧਰਮ ਸਮਝਦੇ ਹਾਂ ਕਿ ਉਨ੍ਹਾਂ ਦੀ ਹਰ ਮਦਦ ਕੀਤੀ ਜਾਵੇ ਅਤੇ ਉਨ੍ਹਾਂ ਨਾਲ ਬੇਇਨਸਾਫੀ ਨਾ ਹੋਵੇ। (ਥੰਪਿੰਗ)

Disparity in Pay Scales of Instructors working in Govt. Higher Secondary Schools and Polytechnics

***2506. Comrade Achhara Singh :** Will the Minister for Finance be pleased to stated :—

(a) whether there is any difference of pay-scales of Instructors working in Government Polytechnics in the State ; if so, the reasons for the same ;

(b) whether Government is considering any proposal to remove the said disparity in their pay -scales ; if so, when ?

Sardar Umrao Singh (Minister for Revenue and Elections) : Yes sir. The Technical Instructors working in the Government Higher Secondary Schools are in the scale of Rs. 200—450, with a selection grade of Rs. 450-500 for 10 percent posts. The Instructors working in the Government Polytechnics are in the scale of Rs. 200—450 *plus* Rs. 50 P.M. as special pay, with a selection grade of Rs.300—600. The special pay was allowed with effect from 1-2-71 on the recommendations of the Anomaly Committee. No such recommendation was made in the case of Instructors of the Education Department.

(b) The matter is being examined.

[(ੳ) ਹਾਂ ਜੀ। ਤਕਨੀਕੀ ਇੰਸਟਰਕਟਰ ਜੋ ਕਿ ਗੌਰਮਿੰਟ ਹਾਇਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰ ਰਹੇ ਹਨ ਉਨ੍ਹਾਂ ਦਾ ਸਕੇਲ 200-450 ਰੁਪਏ ਅਤੇ 10 ਪ੍ਰਤੀਸ਼ਤ ਆਸਾਮੀਆਂ ਵਾਸਤੇ 450-500 ਰੁ: ਦਾ ਸਲੈਕਸ਼ਨ ਗਰੇਡ ਹੈ ਗੌਰਮਿੰਟ ਪੋਲੀਟੈਕਨਕਲ ਵਿਚ ਲਗੇ ਹੋਏ ਇੰਸਟ੍ਰਕਟਰਾਂ ਨੂੰ 200-450 ਰੁ: ਦਾ ਸਕੇਲ ਅਤੇ 50 ਰੁ: ਵਿਸ਼ੇਸ਼ ਤਨਖਾਹ ਹੈ ਅਤੇ ਉਨ੍ਹਾਂ ਵਾਸਤੇ 300-600 ਰੁ: ਦਾ ਸਿਲੈਕਸ਼ਨ ਗਰੇਡ ਹੈ ਵਿਸੇਸ਼ ਤਨਖਾਹ ਉਨ੍ਹਾਂ ਨੂੰ ਅਨਾਮਲੀ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ 1 ਫਰਵਰੀ, 1971 ਦੀ ਮਿਤੀ ਤੋਂ ਦਿਤੀ ਗਈ ਸੀ। ਜਦ ਕਿ ਇਸ ਕਮੇਟੀ ਵਲੋਂ ਸਿਖਿਆ ਵਿਭਾਗ ਵਿਚ ਲਗੇ ਹੋਏ ਇੰਸਟ੍ਰਕਟਰਾਂ ਨੂੰ ਵਿਸ਼ੇਸ਼ ਤਨਖਾਹ ਦੇਣ ਬਾਰੇ ਕੋਈ ਸਿਫ਼ਾਰਸ਼ ਨਹੀਂ ਕੀਤੀ ਗਈ ਸੀ।

(ਅ) ਮਾਮਲਾ ਵਿਚਾਰ ਗੋਚਰ ਹੈ।]

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਪਣੇ ਲਿਖਤੀ ਉੱਤਰ ਵਿਚ ਮੰਨਿਆ ਹੈ ਕਿ ਇੰਸਟ੍ਰਕਟਰਾਂ ਦੇ ਗਰੇਡ ਵਿਚ ਬਹੁਤ ਫ਼ਰਕ ਹੈ, ਜਿਹੜੇ ਗੌਰਮਿੰਟ ਹਾਇਰ ਸੈਕੰਡਰੀ ਸਕੂਲਜ਼ ਵਿਚ ਕੰਮ ਕਰਦੇ ਹਨ ਅਤੇ ਜਿਹੜੇ ਟੈਕਨੀਕਲ ਕਾਲਜਿਜ਼ ਵਿਚ ਕੰਮ ਕਰਦੇ ਹਨ ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇੰਸਟ੍ਰਕਟਰਾਂ ਦੀਆਂ ਕੁਆਲੀਫੀਕੇਸ਼ਨਜ਼ ਇਕੋ ਹਨ ਤਾਂ ਕੀ ਉਨ੍ਹਾਂ ਦੀ ਤਨਖਾਹ ਵੀ ਇੱਕੋ ਕਰਨ ਵਾਸਤੇ ਕੋਈ ਤਾਰੀਖ ਮੁਕੱਰਰ ਕਰਨਗੇ ?

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਅਸੀਂ ਗਲ ਬਾਤ ਕਰ ਰਹੇ ਹਾਂ ਅਤੇ ਇਹ ਮੈਟਰ ਅੰਡਰ ਕਨਸਿਡਰੇਸ਼ਨ ਹੈ।

Lecturer Grade for B.A.,LL.Bs. with degree in Library Science on their appointment as Librarian

***2520 Chaudhri Darshan Singh** : Will the Minister for Finance be pleased to state :—

(a) whether it is a fact that persons possessing LL.B. Degree with Degree in Library Science have not been considered at par with the persons possessing M.A. Degree with Degree in Library Science in the matter of grant of pay scales ; if so, the reasons therefor ;

(b) whether any reference was made by Finance Department of Punjab in the month of January, 1970 to the Ministry of Education, Government of India, New Delhi and to other

[Chaudhri Darshan Singh]

authorities for ascertaining whether LL.B.s. are to be equated with M.As. for giving them lecturers' grade on their appointment as Librarians; if so, with the result thereof ?

Sardar Umrao Singh (Minister for Revenue and Election): (a) and (b) Yes Sir. An enquiry was made in May, 1970 from the Ministry of Education, Government of India, if the qualification of B.A.,LL., B.. should be treated as equivalent to M.A. II Division for the grant of revised scale of pay to Librarians. The Government of India intimated that the University Grants Commission did not regard the double degree of B.A., LL.B. as equivalent to Master's degree for the purpose of granting revised scales of pay to Librarians.

[(ੳ) ਅਤੇ (ਅ) ਹਾਂ ਜੀ। ਮਈ, 1970 ਵਿਚ ਕੇਂਦਰੀ ਸਰਕਾਰ, ਸਿਖਿਆ ਮੰਤਰਾਲਿਆਂ ਤੋਂ ਇਹ ਪੁਛਿਆ ਗਿਆ ਸੀ ਕਿ ਕੀ ਬੀ. ਏ., ਐਲ. ਐਲ. ਬੀ. ਦੀਆਂ ਵਿਦਿਅਕ ਯੋਗਤਾਵਾਂ ਨੂੰ ਲਾਇਬ੍ਰੇਰੀਅਨ ਦੇ ਸੋਧੇ ਹੋਏ ਸਕੇਲ ਦੇਣ ਵਾਸਤੇ ਐਮ. ਏ II ਕਲਾਸ ਦੇ ਬਰਾਬਰ ਸਮਝਿਆ ਜਾ ਸਕਦਾ ਹੈ। ਉਨ੍ਹਾਂ ਦਸਿਆ ਸੀ ਕਿ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਬੀ. ਏ. ਐਲ. ਐਲ. ਬੀ. ਦੀ ਡਬਲ ਡਿਗਰੀ ਨੂੰ ਲਾਇਬ੍ਰੇਰੀਅਨ ਦੇ ਸੋਧੇ ਹੋਏ ਸਕੇਲ ਦੇਣ ਵਾਸਤੇ ਐਮ. ਏ. ਦੀ ਡਿਗਰੀ ਦੇ ਬਰਾਬਰ ਨਹੀਂ ਸਮਝਿਆ।]

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰੀ ਆਫ਼ ਐਜੂਕੇਸ਼ਨ ਤੋਂ ਇਲਾਵਾ ਕੀ ਇਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਵੀ ਪਤਾ ਕੀਤਾ ਸੀ ਜਾਂ ਨਹੀਂ ? ਜੇ ਪਤਾ ਕੀਤਾ ਸੀ ਤਾਂ ਉਨ੍ਹਾਂ ਦਾ ਕੀ ਜਵਾਬ ਸੀ ?

ਮੰਤਰੀ: ਸਪੀਕਰ ਸਾਹਿਬ, ਇਹ ਬੜੀ ਕਲੀਅਰ ਗੱਲ ਹੈ ਕਿ ਐਮ. ਏ. ਜਿਹੜਾ ਹੁੰਦਾ ਹੈ ਉਹ ਪੋਸਟ ਗਰੈਜੂਏਟ ਹੁੰਦਾ ਹੈ ਅਤੇ ਜਿਹੜਾ ਐਲ.ਐਲ. ਬੀ. ਹੈ ਉਹ ਡਬਲ ਬੀ.ਏ. ਗਿਣਿਆ ਜਾਂਦਾ ਹੈ। ਇਸ ਤੋਂ ਇਲਾਵਾ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਜਿਹੜਾ ਸਾਰੀਆਂ ਯੂਨੀਵਰਸਟੀਆਂ ਦਾ ਹੈੱਡ ਹੈ ਉਸ ਨੂੰ ਅਸੀਂ ਪੁਛ ਲਿਆ ਹੈ, ਇਕੱਲੀ ਇਕੱਲੀ ਯੂਨੀਵਰਸਟੀ ਦਾ ਹੁਣ ਇਹ ਕਹਿੰਦੇ ਹਨ ਕਿ ਪੁਛਿਆ ਜਾਵੇ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਇਹ ਇਕ ਚਿੱਠੀ ਮੇਰੇ ਪਾਸ ਪੰਜਾਬ ਯੂਨੀਵਰਸਿਟੀ ਦੀ ਹੈ .... (ਵਿਘਨ)

ਸ੍ਰੀ ਸਪੀਕਰ: ਤੁਸੀਂ ਉਨ੍ਹਾਂ ਨੂੰ ਮਿਲ ਕੇ ਇਹ ਦਸ ਦੇਣਾ। (ਵਿਘਨ) (You see the Minister concerned and tell him about it.) (*Interruption*)

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਇਹ ਠੀਕ ਹੈ ਕਿ ਐਮ. ਏ. ਜਿਹੜਾ ਹੈ ਉਹ ਪੋਸਟ ਗਰੈਜੂਏਟ ਹੁੰਦਾ ਹੈ ਅਤੇ ਐਲ.ਐਲ.ਬੀ. ਜਿਹੜਾ ਹੈ ਉਹ ਡਬਲ ਗਰੈਜੂਏਟ ਗਿਣਿਆ ਜਾਂਦਾ ਹੈ, ਯੂਨੀਵਰਸਿਟੀ ਦੀ ਸੈਨਿਟ ਨੇ ਫ਼ੈਸਲਾ ਕੀਤਾ ਕਿ..... They should be treated at par. The matter was referred to the University Grants Commission. ਸਰਦਾਰ ਉਮਰਾਓ ਸਿੰਘ ਜੀ ਉਸ ਨੂੰ ਪਤਾ ਨਹੀਂ ਸਮਝ ਨਹੀਂ ਸਕੇ। (ਵਿਘਨ) ਉਨ੍ਹਾਂ ਦੇ ਰੈਫ਼ਰੈਂਸ ਦਾ ਜਵਾਬ ਗੌਰਮਿੰਟ ਨੇ ਗਲਤ ਸਮਝਿਆ ਹੈ। ਉਨ੍ਹਾਂ ਦਾ ਰੈਫ਼ਰੈਂਸ ਟੂ ਦੀ ਐਜੂਕੇਸ਼ਨ

ਇਨਸਟੀਚਿਊਸ਼ਨਜ਼ ਵਾਸਤੇ ਸੀ। (ਵਿਘਨ) ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਔਟ ਪਾਰ ਟਰੀਟ ਨਾ ਕੀਤਾ ਜਾਵੇ। ਲੇਕਿਨ ਕੀ ਸਰਦਾਰ ਉਮਰਾਓ ਸਿੰਘ ਜੀ ਦਸਣਗੇ ਕਿ--

The man with qualifications of law is more useful as Librarian in L.R.'s Library and High Court Library. How can a man with M.A. degree be considered better than a man with LL.B. Degree.

ਮੰਤਰੀ: ਸਪੀਕਰ ਸਾਹਿਬ, ਲਾਇਬ੍ਰੇਰੀਅਨ ਭਾਵੇਂ ਕਾਲਜ ਵਿਚ ਲੱਗੇ ਹੋਏ ਹਨ ਤੇ ਭਾਵੇਂ ਕਿਧਰੇ ਹੋਰ ਲੱਗੇ ਹਨ. ਮੈਂ ਸਮਝਦਾ ਹਾਂ ਕਿ ਪਬਲਿਕ ਇਨਟ੍ਰੈਸਟ ਵਿਚ ਇਹੀ ਗਲ ਹੈ ਕਿਉਂਕਿ ਉਨ੍ਹਾਂ ਦੀ ਕੁਆਲੀਫੀਕੇਸ਼ਨ ਇਕੋ ਹੈ, ਜਿਥੇ ਕਿਧਰੇ ਵੀ ਉਹ ਲੱਗੇ ਹੋਏ ਹਨ ਉਨ੍ਹਾਂ ਦੀ ਤਨਖਾਹ ਇਕ ਹੋਣੀ ਚਾਹੀਦੀ ਹੈ।

ਕਾਮਰੇਡ ਸੱਤ ਪਾਲ ਡਾਂਗ: ਕੀ ਮਨਿਸਟਰ ਸਾਹਿਬ ਦਸੱਣਗੇ ਕਿ ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਪੰਜਾਬ ਯੂਨੀਵਰਸਿਟੀ ਨੇ ਇਨ੍ਹਾਂ ਨੂੰ ਇਹ ਕਿਹਾ ਹੈ ਕਿ ਲਾਇਬ੍ਰੇਰੀਅਨ ਜਿਹੜੇ ਐਮ.ਏ. ਹਨ ਅਤੇ ਜਿਹੜੇ ਐਲਐਲ.ਬੀ. ਹਨ ਉਨ੍ਹਾਂ ਨੂੰ ਔਟ ਪਾਰ ਕਰ ਦਿਤਾ ਹੈ ਅਤੇ ਪੰਜਾਬ ਯੂਨੀਵਰਸਿਟੀ ਨੇ ਆਪਣੇ ਕਾਲਜਾਂ ਨੂੰ, ਆਪਣੇ ਇਨਸਟੀਚਿਊਸ਼ਨਜ਼ ਨੂੰ ਇਨਸਟਰੱਕਸ਼ਨਜ਼ ਦੇ ਦਿਤੀਆਂ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਯੂਨੀਵਰਸਿਟੀ ਜਿਸ ਦਾ ਯੂ.ਜੀ.ਸੀ. ਨਾਲ ਸਿੱਧਾ ਸਬੰਧ ਹੈ ਉਸ ਨੇ ਐਮ.ਏ. ਅਤੇ ਐਲ ਐਲ.ਬੀ. ਨੂੰ ਬਰਾਬਰ ਬਣਾ ਲਿਆ ਤਾਂ ਇਨ੍ਹਾਂ ਨੂੰ ਸੈਕਰੇਟੇਰੀਏਟ ਵਿਚ ਜਿਹੜਾ ਲਾਇਬ੍ਰੇਰੀਅਨ ਹੈ ਜਾਂ ਵਿਧਾਨ ਸਭਾ ਸੈਕਰੇਟੇਰੀਏਟ ਦਾ ਹੈ ਉਨ੍ਹਾਂ ਨੂੰ ਬਰਾਬਰ ਕਰਨ ਦੇ ਵਿਚ ਕੀ ਤਕਲੀਫ਼ ਹੈ ?

ਸ੍ਰੀ ਸਪੀਕਰ: ਇਹ ਤਾਂ ਜਵਾਬ ਇਹ ਨਹੀਂ ਦੇ ਸਕਣਗੇ? (ਵਿਘਨ) ((The Minister concerned will not be able to give a reply to this supplementary)(*Interruption.*)

ਕਾਮਰੇਡ ਸੱਤ ਪਾਲ ਡਾਂਗ: ਕਿਉਂ ਜੀ, ਹੋਰ ਜਵਾਬ ਕੌਣ ਦੇਵੇਗਾ ? (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਯੂਨੀਵਰਸਿਟੀ ਮੀਮੋ ਨੰਬਰ ਮਿਸਲੇਨੀਅਸ -4967 ਜਿਸ ਦੀ ਤਾਰੀਖ 19 ਮਾਰਚ, 1970 ਹੈ, ਉਸ ਦੇ ਵਿਚ ਲਿਖਿਆ ਹੈ ਕਿ--

B.A.LL.B's with Diploma in Library Science are equated with Second Class M.A. with Diploma in Library Science for purposes of giving lecturer grade on their appointment as Librarian.

ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਨੂੰ ਇਹ ਚਿੱਠੀ ਮਿਲੀ ਹੈ ਜਾਂ ਨਹੀਂ ? ਜੇ ਮਿਲੀ ਹੈ ਤਾਂ ਯੂ.ਜੀ.ਸੀ ਨੂੰ ਲਿਖਣ ਦੀ ਕੀ ਲੋੜ ਸੀ ?

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਪੁੱਛਿਆ ਹੈ ਕਿ ਗੌਰਮਿੰਟ ਆਫ਼ ਇੰਡੀਆ ਨੂੰ ਕੋਈ ਲਿਖਿਆ ਗਿਆ ਹੈ, ਅਸੀਂ ਉਸ ਦਾ ਜਵਾਬ ਦੇ ਦਿਤਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਚਿਠੀ ਮਿਲੀ ਹੈ ਜਾਂ ਨਹੀਂ ? (ਵਿਘਨ)

ਸ੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਮੈਂ ਲਿਖਣ ਲਿਖਾਣ ਦੀਆਂ ਗੱਲਾਂ ਵਿਚ ਨਹੀਂ ਜਾਣਾ ਚਾਹੁੰਦਾ। ਮੈਂ ਤਾਂ ਇਹ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਐਲਐਲ.ਬੀ. ਵਿਦ ਡਿਪਲੋਮਾ ਇਨ ਲਾਇਬ੍ਰੇਰੀ ਸਾਇੰਸ ਦਾ ਹੋਵੇ ਉਨ੍ਹਾਂ ਨੂੰ ਐਮ.ਏ. ਵਿਦ ਡਿਪਲੋਮਾ ਦੇ ਔਟ ਪਾਰ ਕਰਨ ਨੂੰ ਤਿਆਰ ਹਨ ? ਜੇ ਤਿਆਰ ਹਨ ਤਾਂ ਇਹ ਕਿੰਨੀ ਦੇਰ ਵਿਚ ਔਟ ਪਾਰ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਇਸ ਦੇ ਬਾਰੇ ਅੱਗੇ ਵੀ ਕਹਿ ਚੁੱਕਾ ਹਾਂ। ਇਹ ਸਿਰਫ ਲਾਇਬ੍ਰੇਰੀਅਨਜ਼ ਦਾ ਹੀ ਸਵਾਲ ਨਹੀਂ, ਟੀਚਰਜ਼ ਦਾ ਵੀ ਸਵਾਲ ਹੋ ਸਕਦਾ ਹੈ ਅਤੇ ਦੂਸਰੇ ਕਾਡਰ ਦਾ ਵੀ ਹੋ ਸਕਦਾ ਹੈ। ਹਰ ਕਾਡਰ ਵਿਚ ਐਲ ਐਲ. ਬੀ. ਅਤੇ ਐਮ.ਏ. ਸੈਪਰੇਟ ਕੁਆਲੀਫੀਕੇਸ਼ਨ ਗਿਣੀ ਜਾਂਦੀ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਨੂੰ ਬੜਾ ਦੁੱਖ ਹੈ ਕਿ ਮਨਿਸਟਰ ਸਾਹਿਬ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿਤਾ। ਹੀ ਹੈਜ਼ ਇਵੇਡਿਡ ਆਲ ਟੁਗੈਦਰ। ਮੇਰਾ ਦੂਜਾ ਸੁਆਲ ਇਹ ਹੈ ਕਿ ਅਗਰ ਐਜੂਕੇਸ਼ਨ ਦੇ ਮਹਿਕਮੇ ਦੀ ਲਾਇਬ੍ਰੇਰੀ ਵਿਚ ਕੋਈ ਲਾਇਬ੍ਰੇਰੀਅਨ ਲਾਉਣਾ ਹੁੰਦਾ ਫਿਰ ਤਾਂ ਯੂ.ਜੀ.ਸੀ. ਦੀ ਸਲਾਹ ਲੈਣੀ ਜ਼ਰੂਰੀ ਸੀ, ਲੇਕਿਨ ਹਾਈ ਕੋਰਟ ਵਿਚ, ਵਿਧਾਨ ਸਭਾ ਵਿਚ, ਲਾਅ ਡਿਪਾਰਟਮੈਂਟ ਵਿਚ ਜਾਂ ਫਿਰ ਇਨ੍ਹਾਂ ਦੇ ਆਪਣੇ ਫਾਇਨਾਂਸ਼ਲ ਕਮਿਸ਼ਨਰ ਦੇ ਦਫਤਰ ਵਿਚ, ਇਹ ਜਿਹੜੇ ਬਿਲਕੁਲ ਟੈਕਨੀਕਲ ਦਫ਼ਤਰ ਹਨ ਅਤੇ ਜਿਨ੍ਹਾਂ ਦਾ ਲਾਅ ਦੇ ਨਾਲ ਸਬੰਧ ਹੈ ਉਨ੍ਹਾਂ ਵਿਚ ਐਲ ਐਲ.ਬੀ. ਚੰਗਾ ਕੰਮ ਕਰਨਗੇ ਜਾਂ ਥਰਡ ਕਲਾਸ ਐਮ.ਏ. ਮੈਥੇਮੇਟਿਕਸ ?

ਮੰਤਰੀ : ਐਮ. ਏ. ਪੋਸਟ ਗਰੈਜੂਏਟ ਹੈ ਅਤੇ ਇਸ ਦੇ ਵਿਚ ਸੈਕੰਡ ਕਲਾਸ ਦਿਤਾ ਹੋਇਆ ਹੈ। ਸੰਧੂ ਸਾਹਿਬ ਨੇ ਪਤਾ ਨਹੀਂ ਥਰਡ ਕਲਾਸ ਕਿਥੋਂ ਪੜ੍ਹ ਲਿਆ ਹੈ। ਮੇਰੀ ਗੁਜ਼ਾਰਸ਼ ਇਹ ਹੈ ਕਿ ਲਾਅ ਡਿਪਾਰਟਮੈਂਟ ਵਿਚ ਕੇਵਲ ਲਾਅ ਦੀਆਂ ਕਿਤਾਬਾਂ ਨਹੀਂ ਹੁੰਦੀਆਂ ਬਲਕਿ ਹਰ ਕਿਸਮ ਦੀਆਂ ਕਿਤਾਬਾਂ ਹੁੰਦੀਆਂ ਹਨ। ਜਿਹੜਾ ਐਮ.ਏ. ਹੁੰਦਾ ਹੈ ਉਹ ਸਾਇੰਸ ਅਤੇ ਮੈਥੇਮੈਟਿਕਸ ਦੀਆਂ ਕਿਤਾਬਾਂ ਨੂੰ ਵੀ ਵੇਖਦਾ ਹੈ। ਜਦੋਂ ਇਹ ਲਾਇਬ੍ਰੇਰੀਅਨ ਕੋਰਸ ਕਰਦੇ ਹਨ ਉਨ੍ਹਾਂ ਨੂੰ ਹਰ ਕਿਸਮ ਦੀਆਂ ਕਿਤਾਬਾਂ ਦੀ ਟਰੇਨਿੰਗ ਦਿਤੀ ਜਾਂਦੀ ਹੈ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਇਹ ਮਨਿਸਟਰ ਸਾਹਿਬ ਬੜੇ ਸਿਆਣੇ ਹਨ ਅਤੇ ਐਲ ਐਲ. ਬੀ. ਵੀ ਹਨ ਮੈਂ ਇਨ੍ਹਾਂ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਐਮ.ਏ., ਐਲ ਐਲ.ਬੀ. ਲਾਉਣੇ ਹਨ * * * * *...... (ਹਾਸਾ)

ਸ੍ਰੀ ਸਪੀਕਰ : ਚੌਧਰੀ ਸਾਹਿਬ ਦੇ ਇਹ ਸ਼ਬਦ ਐਕਸਪੰਜ ਕਰ ਦਿੱਤੇ ਜਾਣ । (These words of Chaudhri Sahib be expunged.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਸੁਆਲ ਇਹ ਹੈ ਕਿ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਯੂ.ਜੀ.ਸੀ. ਦੀ ਰਾਏ ਮੰਗੀ ਹੈ ਔਰ ਯੂ.ਜੀ.ਸੀ. ਦੀ ਰਾਏ ਤੇ ਅਮਲ ਕਰ ਰਹੇ ਹਾਂ, ਪਰ ਜਿਹੜੀ ਯੂਨੀਵਰਸਿਟੀ ਨੇ ਰਾਏ ਦਿਤੀ ਸੀ ਉਸ ਨੂੰ ਕੋਲਡ ਸਟੋਰ ਵਿਚ ਰੱਖ ਦਿਤਾ। ਮੈਂ ਪੁੱਛਦਾ ਹਾਂ ਕਿ ਜਿਹੜੀ ਯੂਨੀਵਰਸਿਟੀ ਨੇ ਇਨ੍ਹਾਂ ਨੂੰ 1970 ਵਿਚ ਪਹਿਲਾਂ ਰਾਏ ਦਿਤੀ ਸੀ ਉਸ ਨੂੰ ਤਾਂ ਮੰਨਿਆ ਨਹੀਂ ਅਤੇ ਯੂ.ਜੀ.ਸੀ. ਦੀ ਰਾਏ ਮੰਨਣ ਦੇ ਕੀ ਸਪੈਸ਼ਲ ਕਾਰਨ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀਆਂ ਦੋਵੇਂ ਅਥਾਰਟੀਜ਼ ਹਨ ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਕਿਹੜੀ ਸੁਪੀਰੀਅਰ ਹੈ। ਨੈਚੁਰਲੀ ਸੁਪੀਰੀਅਰ ਅਥਾਰਟੀ ਦੀ ਗੱਲ ਮੰਨਣੀ ਸੀ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਦੋਨੋਂ ਲਾਇਬ੍ਰੇਰੀਅਨ ਪਹਿਲਾਂ ਬੀ.ਏ. ਇੰਨ ਲਾਇਬ੍ਰੇਰੀ ਸਾਇੰਸ ਕਰਦੇ ਹਨ। ਉਸ ਤੋਂ ਬਾਅਦ ਇਕ ਐਮ.ਏ. ਵੱਲ ਤੁਰ ਜਾਂਦਾ ਹੈ ਤੇ ਦੂਸਰਾ

* *Expunged as ordered by the Chair.

ਲਾਅ ਵੱਲ । ਮੈਂ ਪੁੱਛਣਾ ਇਹ ਹੈ ਕਿ ਐਮ. ਏ. ਵਾਲਾ ਕਿਹੜੀਆਂ ਸਪੈਸ਼ਲ ਕੁਆਲੀਫਿਕੇਸ਼ਨ ਗੇਨ ਕਰ ਲੈਂਦਾ ਹੈ ਜਿਹੜੀਆਂ ਲਾਅ ਵਾਲਾ ਨਹੀਂ ਕਰਦਾ ?

ਮੰਤਰੀ : ਬਾਕੀ ਜਿਹੜੇ ਟੀਚਿੰਗ ਡਿਪਾਰਟਮੈਂਟ ਵਾਲੇ ਹਨ ਉਹ ਬੀ.ਐਡ. ਕਰ ਲੈਂਦੇ ਹਨ ਚੌਧਰੀ ਸਾਹਿਬ ਨੇ ਚੂੰਕਿ ਐਮ. ਏ. ਨਹੀਂ ਕੀਤੀ, ਇਹ ਐਮ. ਏ. ਕਰ ਲੈਣ ਇਨ੍ਹਾਂ ਨੂੰ ਪਤਾ ਲੱਗ ਜਾਏਗਾ । (ਹਾਸਾ)

ਚੌਧਰੀ ਦਰਸ਼ਨ ਸਿੰਘ : ਸਰਦਾਰ ਉਮਰਾਓ ਸਿੰਘ ਨੇ ਐਮ. ਏ. ਕੀਤੀ ਹੈ, ਜੇ ਕਰ ਇਹ ਚੀਜ਼ ਹੈ ਤਾਂ ਮੈਂ ਵਿਦਡਰਾ ਕਰ ਲੈਂਦਾ ਹਾਂ (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਤਾਂ ਇਕ ਛੋਟੀ ਜਿਹੀ ਗੱਲ ਪੁੱਛਣੀ ਹੈ ਮਨਿਸਟਰ ਸਾਹਿਬ ਐਵੇਂ ਅੜੀ ਜਾਂਦੇ ਹਨ। ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਪੰਜਾਬ ਯੂਨੀ-ਵਰਸਿਟੀ ਵਾਲੇ ਤਾਂ ਐਲ.ਐਲ.ਬੀ. ਨੂੰ ਐਮ.ਏ. ਦੇ ਬਰਾਬਰ ਗਿਣਦੇ ਹਨ ਇਹ ਇਸ ਲਈ ਨਹੀਂ ਗਿਣਦੇ ਕਿ ਉਹ ਇਨ੍ਹਾਂ ਦੇ ਝੋਲੀ ਚੁਕ ਨਹੀਂ ? ਜਾਂ ਕੋਈ ਇਨ੍ਹਾਂ ਨੂੰ ਪਰਸਨਲ ਗਰੱਜ ਤਾਂ ਨਹੀਂ ?

ਮੰਤਰੀ : ਐਸੀ ਕੋਈ ਗੱਲ ਨਹੀਂ, ਜੋ ਮੈਂਬਰ ਸਾਹਿਬਾਨ ਨੇ ਸੁਝਾ ਦਿਤੇ ਹਨ ਵਿਚਾਰ ਕਰ ਲਵਾਂਗੇ ।

Representation from the Secretary, Rent Payers Union, Rayya Mandi, District Amritsar.

1. **Comrade Jangir Singh Joga**
2. **Comrade Dana Ram**
3. **Comrade Arjan Singh Mastana**

: Will the Minister for Finance be pleased to state :—

(a) whether the Government received any representation on 26th January, 1974 about the enforcement of the Rent Control Act in the Rayya Mandi from the Secretary, Rent Payers Union, Rayya Mandi, district Amritsar ;

(b) if the reply to part (a) above be in the affirmative, the action taken thereon ?

Sardar Umrao Singh (Minister for Revenue and Election) : (a) Yes, Sir.

(b) The matter is under the consideration of Government.

[(ੳ) ਹਾਂ ਜੀ ।
(ਅ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।]

ਕਾਮਰੇਡ ਜੰਗੀਰ ਸਿੰਘ ਜੋਗਾ : ਕੀ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਹ ਮਾਮਲਾਂ ਬੜੀ ਦੇਰ ਤੋਂ ਜ਼ੇਰੇ ਗੌਰ ਹੈ ਅਤੇ ਇਸ ਦਾ ਫ਼ੈਸਲਾ ਕਦੋਂ ਤਕ ਕਰ ਦੇਣਗੇ ?

ਮੰਤਰੀ: ਇਸ ਦਾ ਫੈਸਲਾ ਜਲਦੀ ਕਰ ਦਿਤਾ ਜਾਏਗਾ।

ਡਾਕਟਰ ਅਮੀਰ ਸਿੰਘ ਕਲਕਟ: ਆਇਆ ਫ਼ਾਜ਼ਲ ਮੰਤਰੀ ਮਹੋਦਯ ਇਹ ਦੱਸਣ ਦੀ ਖੇਚਲ ਕਰਨਗੇ ਕਿ ਆਇਆ ਉਹ ਕੋਈ ਨਾਰਮ ਫ਼ਿਕਸ ਕਰਨਗੇ ਕਿ 5 ਹਜ਼ਾਰ ਦੀ ਆਬਾਦੀ ਦੇ ਜਿਹੜੇ ਕਸਬੇ ਹਨ ਉਨ੍ਹਾਂ ਤੇ ਰੈਂਟ ਰੈਸਟਰਿਕਸ਼ਨ ਐਕਟ ਲਾਗੂ ਕਰਨਗੇ ?

(ਕੋਈ ਉੱਤਰ ਨਹੀਂ ਆਇਆ)

ਕਾਮਰੇਡ ਸੱਤ ਪਾਲ ਡਾਂਗ: ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਇਹ ਹਕੀਕਤ ਹੈ ਕਿ ਰਈਆ ਮੰਡੀ ਦੀ ਆਈ ਮੰਗ ਤੋਂ ਇਲਾਵਾ ਪੰਜਾਬ ਵਿਚ ਜਿਥੇ ਨਵੀਆਂ ਮੰਡੀਆਂ ਬਣੀਆਂ ਹਨ ਜਿਥੇ ਬਹੁਤ ਸਾਰੀਆਂ ਦੁਕਾਨਾਂ ਅਤੇ ਮਕਾਨ ਕਰਾਏ ਤੇ ਚੜ੍ਹ ਰਹੇ ਹਨ ਉਨ੍ਹਾਂ ਸਾਰੀਆਂ ਥਾਵਾਂ ਤੋਂ ਮੰਗ ਆਈ ਹੈ ਕਿ ਇਥੇ ਰੈਂਟ ਰੈਸਟਰਿਕਸ਼ਨ ਐਕਟ ਲਾਗੂ ਕੀਤਾ ਜਾਵੇ।

ਮੰਤਰੀ: ਇਹ ਬੜਾ ਅੱਛਾ ਸੁਝਾ ਹੈ, ਇਸ ਤੇ ਗ਼ੌਰ ਕਰ ਲਵਾਂਗੇ।

ਕਾਮਰੇਡ ਸੱਤ ਪਾਲ ਡਾਂਗ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਰਾਏ ਦਾ ਕਾਨੂੰਨ ਬਹੁਤ ਪੁਰਾਣਾ ਹੈ, ਉਸ ਵਿਚ ਤਰਮੀਮ ਹੋਣੀ ਚਾਹੀਦੀ ਹੈ ਜਿਸ ਦੇ ਕਿ ਕਰਾਏਦਾਰ ਬੜੀ ਮੰਗ ਕਰ ਰਹੇ ਹਨ। ਸਰਕਾਰ ਨੇ ਇਸ ਬਾਰੇ ਕਮੇਟੀ ਬਣਾਈ ਸੀ ਅਤੇ ਕਮੇਟੀ ਬਣਨ ਦੇ ਬਾਵਜੂਦ ਵੀ ਉਸ ਦੀ ਮੀਟਿੰਗ ਪਿਛਲੇ 8-9 ਮਹੀਨਿਆਂ ਤੋਂ ਨਹੀਂ ਬੁਲਾਈ ਗਈ। ਕੀ ਇਹ ਹਕੀਕਤ ਹੈ ਕਿ ਲੈਂਡ ਲਾਰਡਾਂ ਦਾ ਦਬਾਅ ਵੱਧ ਗਿਆ ਹੈ ਅਤੇ ਉਸ ਕਮੇਟੀ ਨੂੰ ਕੋਲਡ ਸਟੋਰ ਵਿਚ ਰੱਖ ਦਿਤਾ ਹੈ ?

ਮੰਤਰੀ: ਐਸੀ ਕੋਈ ਗੱਲ ਨਹੀਂ ਮੀਟਿੰਗ ਜਲਦੀ ਕਰਕੇ ਫੈਸਲਾ ਕਰ ਦਿਤਾ ਜਾਵੇਗਾ।

ਸਰਦਾਰ ਕਿਰਪਾਲ ਸਿੰਘ ਰੰਧਾਵਾ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਸਬੇ 5 ਹਜ਼ਾਰ ਦੀ ਆਬਾਦੀ ਵਾਲੇ ਹਨ ਉਨ੍ਹਾਂ ਤੇ ਰੈਂਟ ਰੈਸਟਰਿਕਸ਼ਨ ਐਕਟ ਲਾਗੂ ਕਰਨਾ ਹੈ ਕਿ ਉਨ੍ਹਾਂ ਨੂੰ ਸਮਾਲ ਟਾਊਨ ਕਮੇਟੀਆਂ ਵਿਚ ਵੀ ਕਨਵਰਟ ਕੀਤਾ ਜਾਵੇਗਾ ?

ਮੰਤਰੀ: ਜਿਥੇ ਜਿਥੇ ਵੀ ਕੋਈ ਇਸ ਤਰ੍ਹਾਂ ਦੀ ਮੰਗ ਆਉਂਦੀ ਹੈ ਹਮਦਰਦੀ ਨਾਲ ਗੌਰ ਕੀਤਾ ਜਾਂਦਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ: ਕੀ ਰੈਂਟ ਰਿਸੀਵਰ ਦੀ ਕੋਈ ਰਿਪ੍ਰੈਜ਼ੈਂਟੇਸ਼ਨ ਇਨ੍ਹਾਂ ਕੋਲ ਆਈ ਹੈ ਅਤੇ ਇਹ ਉਨ੍ਹਾਂ ਦੀ ਹੈਲਪ ਕਰਨਾ ਚਾਹੁੰਦੇ ਹਨ ?

ਮੰਤਰੀ: ਕੋਈ ਅਜਿਹੀ ਰਿਪ੍ਰਜ਼ੈਂਟੇਸ਼ਨ ਨਹੀਂ ਆਈ। ਸਰਕਾਰ ਨੇ ਇਹ ਐਕਟ ਇਸ ਲਈ ਬਣਾਇਆ ਕਿ ਜਿਹੜੇ ਗਰੀਬ ਸ਼ਹਿਰਾਂ ਵਿਚ ਬੈਠੇ ਹਨ ਉਨ੍ਹਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਏ।

Demands for starting (O.T.) Teachers Training Classes in the State

***2504. Comrade Achhra Singh :** Will the Minister for Education be pleased to state whether there have been any demand for starting (O.T.) Teachers Training Classes for Giani (Punjabi) and Prabhakar (Hindi) by the Government in the State ; if so, the time by which those are likely to be started ?

Shri Gurmail Singh : Yes, from next academic year.

[ਜੀ ਹਾਂ, ਅਗਲੇ ਸਿਖਿਅਕ ਸਾਲ ਤੋਂ।]

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਪੱਕੀ ਤਾਰੀਖ ਦੇਣਗੇ ਕਿ ਕਦੋਂ ਇਹ ਕਲਾਸਾਂ ਚਾਲੂ ਹੋਣਗੀਆਂ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਬੜਾ ਸਾਫ ਜਵਾਬ ਦਿੱਤਾ ਹੈ। ਇਨ੍ਹਾਂ ਨੇ ਸੁਣਿਆ ਨਹੀਂ। ਇਹ ਕਲਾਸਾਂ ਅਗਲੇ ਸਾਲ ਸ਼ੁਰੂ ਹੋਣੀਆਂ ਹਨ ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮਨਿਸਟਰ ਸਾਹਿਬ ਨੇ ਇਹ ਅਸੈਸ ਕਰ ਲਿਆ ਹੈ ਕਿ ਪੰਜਾਬੀ ਔਰ ਹਿੰਦੀ ਦੇ ਕਿੰਨੇ ਓ.ਟੀ. ਟੀਚਰਜ਼ ਦੀ ਪੰਜਾਬ ਨੂੰ ਜ਼ਰੂਰਤ ਹੈ ?

ਮੰਤਰੀ : ਲੋੜ ਮੁਤਾਬਕ ਹੀ ਅਸੀਂ ਕਲਾਸਾਂ ਸ਼ੁਰੂ ਕਰਾਂਗੇ।

ਸ੍ਰੀ ਪ੍ਰੇਮ ਗੁਪਤਾ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਸੂਬੇ ਦੇ ਵਿਚ ਕਿੰਨੇ ਟਰੇਨਿੰਗ ਸੈਂਟਰ ਖੋਲ੍ਹਣੇ ਹਨ ਅਤੇ ਓ.ਟੀ. ਟੀਚਰਜ਼ ਨੂੰ ਟਰੇਂਡ ਕਰਨ ਵਾਸਤੇ ਕੀ ਸੰਸਕਰਿਤ ਨੂੰ ਵੀ ਕੁਝ ਕੋਟਾ ਦਿਤਾ ਜਾਵੇਗਾ ਕਿਉਂਕਿ ਅੱਗੇ ਵੀ ਉਹ ਪੈਰਿਟੀ ਵਿਚ ਰੱਖੇ ਜਾਂਦੇ ਸੀ ?

ਮੰਤਰੀ : ਸਪੀਕਰ ਸਾਹਿਬ, ਹਾਲੇ ਤਾਂ ਫੈਸਲਾ ਕੀਤਾ ਹੈ ਕਿ ਓ.ਟੀ. ਦੀਆਂ ਕਲਾਸਾਂ ਅਗਲੇ ਸਾਲ ਸ਼ੁਰੂ ਕਰਨੀਆਂ ਹਨ, ਕਿੰਨੀਆਂ ਕਰਨੀਆਂ ਹਨ ਕਿਥੇ ਕਰਨੀਆਂ ਹਨ ਇਹ ਹਾਲੇ ਡਿਸਾਈਡ ਕਰਨਾ ਹੈ (ਵਿਘਨ)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਜਵਾਬ ਸੰਸਕਰਿਤ ਬਾਰੇ ਨਹੀਂ ਆਇਆ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਜਵਾਬ ਅਵੋਡ ਕਰ ਗਏ। (ਵਿਘਨ) ਸਪੀਕਰ ਸਾਹਿਬ, ਜਦੋਂ ਇਨ੍ਹਾਂ ਨੇ ਪੰਜਾਬ ਵਿਚ ਟਰੇਨਿੰਗ ਕਲਾਸਾਂ ਖੋਲ੍ਹਣ ਦੀ ਕਮਿਟਮੈਂਟ ਕੀਤੀ ਹੈ ਤਾਂ ਇਹ ਦੱਸਣ ਕਿ ਇਹ ਜਿਹੜੇ ਟਰੇਨਿੰਗ ਸਕੂਲ ਖੋਲ੍ਹਣੇ ਹਨ ਉਹ ਕਿੱਥੇ ਖੋਲ੍ਹਣਗੇ ?

ਮੰਤਰੀ : ਅਸੀਂ ਇਲਾਕੇ ਦੀ ਲੋੜ ਮੁਤਾਬਕ ਖੋਲ੍ਹਾਂਗੇ, ਇਨ੍ਹਾਂ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ ।

ਸਰਦਾਰ ਹਰਚਰਨ ਸਿੰਘ : ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਇਨ੍ਹਾਂ ਨੇ ਓ.ਟੀ. ਦੀਆਂ ਕਲਾਸਾਂ ਹਿੰਦੀ ਔਰ ਪੰਜਾਬੀ ਵਿਚ ਖੋਲ੍ਹਣੀਆਂ ਹਨ, ਉਰਦੂ ਇਕ ਅੱਛੀ ਜ਼ਬਾਨ ਹੈ ਕੀ ਉਸ ਦੀਆਂ ਵੀ ਕਲਾਸਾਂ ਖੋਲ੍ਹਣਗੇ ?

(ਕੋਈ ਉੱਤਰ ਨਹੀਂ ਆਇਆ)

आचार्य पृथ्वी सिंह आजाद : स्पीकर साहिब, जो भाषाएं पंजाब में पढ़ाई जाती हैं क्या उन सारी भाषाओं की ट्रेनिंग के लिये, यानी हिन्दी, पंजाबी और संस्कृत ओ. टी. स्कूल में ट्रेनिंग देनें का प्रबन्ध किया जायेगा या सिर्फ हिन्दी और पंजाबी दोनों के लिये ?

ਮੰਤਰੀ : ਜੇ ਇਨ੍ਹਾਂ ਕੋਲ ਕੋਈ ਪਰਪੋਜ਼ਲ ਹੈ ਤਾਂ ਦੇ ਦੇਣ ਅਸੀਂ ਵਿਚਾਰ ਕਰ ਲਵਾਂਗੇ ।

Lecturers in P.E.S. III School Cadre Recruited in 1964

***2510. Sardar Gurbachan Singh** : Will the Minister for Education be pleased to state—

(a) whether any lecturers P.E.S. (III) School Cadre were recruited in Government Higher Secondary Schools, in the State through the Punjab Public Service Commission in 1964 and afterwards with the understanding that they will be promoted as Principals of Higher Secondary Schools ;

[Sardar Gurbachan Singh]

(b) if the reply to part (a) above be in the affirmative, the steps, if any, taken by the Government regarding their promotion, confirmation and for giving them the selection grade ?

Shri Gurmail Singh : (a) Yes. They had the prospects of promotion to the posts of Headmasters/Headmistresses and not of Principals.

(b) The confirmation and promotion of the incumbents will be taken after finalisation of their seniority lists and service rules.

[(ੳ) ਹਾਂ ਜੀ। ਉਨ੍ਹਾਂ ਦਾ ਹੈਡਮਾਸਟਰ/ਹੈਡਮਿਸਟਰੈਸ ਬਣਨ ਦਾ ਚਾਂਸ ਸੀ ਪ੍ਰਿੰਸੀਪਲ ਬਣਨ ਦਾ ਨਹੀਂ।

(ਅ) ਇਨ੍ਹਾਂ ਦੀ ਕਨਫਰਮੇਸ਼ਨ ਤੇ ਪਰਮੋਸ਼ਨ ਦੇ ਕੇਸ ਤੇ ਸੀਨੀਅਰਤਾ ਤੇ ਸੇਵਾ ਦੇ ਰੂਲ ਫਾਈਨੇਲਾਈਜ਼ ਹੋਣ ਮਗਰੋਂ ਵਿਚਾਰ ਕੀਤਾ ਜਾਵੇਗਾ।

ਸਰਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਪਰਮੋਸ਼ਨ ਕਨਫਰਮੇਸ਼ਨ ਅਤੇ ਸੀਲੈਕਸ਼ਨ ਵਿਚ ਕੋਟਾ ਰਿਜ਼ਰਵ ਕੀਤਾ ਜਾਵੇਗਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਦੋਂ ਤਕ ਕੇਸ ਫਾਈਨੇਲਾਈਜ਼ ਹੋ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਇਹੋ ਜਿਹੇ ਕੇਸਾਂ ਨੂੰ ਡੀਲ ਕਰਨ ਵਿਚ ਸਮਾਂ ਲੱਗ ਹੀ ਜਾਂਦਾ ਹੈ ਪਰ ਫਿਰ ਵੀ ਮਹਿਕਮੇ ਨੂੰ ਕਿਹਾ ਗਿਆ ਹੈ ਕਿ ਉਹ ਇਨ੍ਹਾਂ ਕੇਸਾਂ ਨੂੰ ਡੀਲ ਜਲਦੀ ਕਰਨ।

ਸਰਦਾਰ ਗੁਰਬਚਨ ਸਿੰਘ : ਕੀ ਵਜ਼ੀਰ ਸਾਹਿਬ ਕੋਈ ਡੇਟ ਫਿਕਸ ਕਰ ਦੇਣਗੇ ਕਿ ਮਹੀਨਾ ਜਾਂ 2 ਮਹੀਨੇ ਵਿਚ ਇਸ ਦਾ ਫੈਸਲਾ ਹੋ ਜਾਵੇਗਾ।

ਮੰਤਰੀ : ਸਪੀਕਰ ਸਾਹਿਬ, ਛੇਤੀ ਕਰਨ ਦਾ ਯਤਨ ਕਰਾਂਗੇ।

Promotions/Appointments made in the Languages Department, Punjab, on the basis of Reservation for Scheduled Castes

***2531. Sardar Ajaib Singh Sandhu :** Will the Minister for Education be pleased to—

(a) state whether the higher authorities in the Languages Department, Punjab kept in view the implementation of Government's instructions regarding the reservation of 22 per cent quota for Scheduled Castes and Backward Classes in Government services, while filling up new vacancies or making promotions to higher posts ; if not, the reasons therefor ;

(b) lay on the Table of the House statement showing the dates of appointment, experience and educational qualifications, etc., of all the Class III and Class IV technical and non-technical Scheduled Castes and Backward Classes employees of the said department working on different posts ;

(c) state the total number of posts of Assistants/Instructors, etc., in the said Department and whether any employees belonging to Scheduled Castes and Backward Classes with required

qualifications and experience have been given their due representation with a view to complete the quota reserved for them by the Government, if not, the reasons therefor ;

(d) state the names of persons belonging to Scheduled Castes and Backward Classes in the said department who were given promotions on various posts of different cadres from time to time during the period from 1st January, 1966 to 31st December, 1973 in view of the Government quota reserved for them, if no promotions were made, the reasons therefor ?

ਸ੍ਰੀ ਗੁਰਮੇਲ ਸਿੰਘ : (ੳ) ਜੀ ਹਾਂ। ਅਨੁਸੂਚਿਤ ਜ਼ਾਤੀਆਂ ਲਈ ਰਾਖਵੀਆਂ ਆਸਾਮੀਆਂ ਨੂੰ ਦੂਜੀ ਜ਼ਾਤੀ ਦੇ ਉਮੀਦਵਾਰਾਂ ਨਾਲ ਉਸੇ ਸੂਰਤ ਵਿਚ ਭਰਿਆ ਗਿਆ ਹੈ ਜਦ ਕਿ ਅਨੁਸੂਜਿਤ ਜ਼ਾਤੀਆਂ ਨਾਲ ਸਬੰਧਤ ਲੋੜੀਂਦੀਆਂ ਯੋਗਤਾਵਾਂ ਅਤੇ ਤਜ਼ਰਬਾ ਰਖਣ ਵਾਲੇ ਉਮੀਦਵਾਰ ਉਪਲਬਧ ਨਹੀਂ ਹੋਏ।

(ਅ) ਮੰਗੀ ਸੂਚਨਾ ਅਨੈਕਸਚਰ 'ੳ' ਤੋਂ 'ਸ' ਤਕ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੲ) ਸਹਾਇਕਾਂ ਦੀਆਂ 7 ਆਸਾਮੀਆਂ (6 ਪੱਕੀਆਂ ਤੇ ਇਕ ਕੱਚੀ) ਅਤੇ ਇਨਸਟੱਰਕਟਰਾਂ ਦੀਆਂ 20 ਆਸਾਮੀਆਂ (19 ਪੱਕੀਆਂ ਤੇ ਇਕ ਕੱਚੀ) ਹਨ।

ਸਹਾਇਕਾਂ ਦੀਆਂ 7 ਆਸਾਮੀਆਂ ਵਿਚੋਂ 5 ਆਸਾਮੀਆਂ ਉਤੇ ਪੱਕੇ ਕਰਮਚਾਰੀ ਲੱਗੇ ਹੋਏ ਹਨ। ਇਨ੍ਹਾਂ ਵਿਚੋਂ ਇਕ ਕਰਮਚਾਰੀ ਪਛੜੀਆਂ ਸ਼ਰੇਣੀਆਂ ਨਾਲ ਸਬੰਧਤ ਹੈ। ਦੋ ਆਸਾਮੀਆਂ ਆਰਜ਼ੀ ਤੌਰ ਤੇ ਭਰੀਆਂ ਹੋਈਆਂ ਹਨ, ਇਨ੍ਹਾਂ ਵਿਚੋਂ ਇਕ ਆਸਾਮੀ ਅਨੁਸੂਚਿਤ ਜ਼ਾਤੀ ਦੇ ਕਰਮਚਾਰੀ ਨੂੰ ਤਰੱਕੀ ਦੇ ਕੇ ਭਰਨ ਦਾ ਮਾਮਲਾ ਵਿਚਾਰ ਅਧੀਨ ਹੈ।

ਇਨਸਟਰੱਕਟਰਾਂ ਦੀਆਂ 20 ਆਸਾਮੀਆਂ ਵਿਚੋਂ 14 ਆਸਾਮੀਆਂ 1 ਜਨਵਰੀ, 1966 ਤੋਂ ਪਹਿਲਾਂ ਹੀ ਭਰੀਆਂ ਹੋਈਆਂ ਹਨ ਅਤੇ ਇਨ੍ਹਾਂ ਵਿਚੋਂ ਇਕ ਅਨੁਸੂਚਿਤ ਜ਼ਾਤੀਆਂ ਨਾਲ ਸਬੰਧਤ ਕਰਮਚਾਰੀ ਅਤੇ 3 ਪਛੜੀਆਂ ਸ਼ਰੇਣੀਆਂ ਨਾਲ ਸਬੰਧਤ ਕਰਮਚਾਰੀਆਂ ਨਾਲ ਭਰੀਆਂ ਹੋਈਆ ਹਨ। 4 ਆਸਾਮੀਆਂ ਅਬੇਅੰਸ ਵਿਚ ਹਨ ਅਤੇ ਬਾਕੀ ਦੋ ਆਸਾਮੀਆਂ ਵਿਚੋਂ ਇਕ ਆਸਾਮੀ ਅਨੁਸੂਚਿਤ ਜਾਤੀ ਲਈ ਰਾਖਵੀਂ ਹੈ, ਇਹ ਖਾਲੀ ਪਈ ਹੈ ਕਿਉਂਕਿ ਕਾਫ਼ੀ ਯਤਨ ਕਰਨ ਤੇ ਵੀ ਲੋੜੀਂਦੀਆਂ ਸਿਖਿਅਕ ਯੋਗਤਾਵਾਂ ਅਤੇ ਤਜਰਬੇ ਵਾਲਾ ਕਰਮਚਾਰੀ ਨਹੀਂ ਮਿਲਿਆ।

(ਸ) ਅਨੁਸੂਚਿਤ ਜ਼ਾਤੀਆਂ ਤੇ ਪਛੜੀਆਂ ਸ਼ਰੇਣੀਆਂ ਨਾਲ ਸਬੰਧਤ ਇਕ ਕਰਮਚਾਰੀ ਸ੍ਰੀ ਬਲਬੀਰ ਸਿੰਘ ਨੂੰ ਤਰੱਕੀ ਦੇ ਕੇ ਸਹਾਇਕ ਕੋਸ਼ਕਾਰ ਤੇ ਜੂਨੀਅਰ ਖੋਜ ਸਹਾਇਕ ਲਾਇਆ ਗਿਆ ਹੈ। ਮੰਗੀ ਸੂਚਨਾ ਅਨੈਕਸਚਰ 'ਹ' ਤੇ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

[ਵਿਦਿਆ ਮੰਤਰੀ]

ਅਨੈਕਸਚਰ "ੳ"

ਭਾਸ਼ਾ ਵਿਭਾਗ ਦੇ ਕਲਾਸ III ਦੇ ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਦੀ ਸੂਚੀ

ਲੜੀ ਨੰ:	ਨਾਂਉ	ਅਹੁਦਾ	ਭਾਸ਼ਾ ਵਿਭਾਗ ਵਿਚ ਭਰਤੀ ਦੀ ਮਿਤੀ	ਸਿਖਿਅਕ ਯੋਗਤਾਵਾਂ	ਵਿਸ਼ੇਸ਼ ਕਥਨ
1	2	3	4	5	6
1	ਸ੍ਰੀ ਬਲਬੀਰ ਸਿੰਘ	ਜੂਨੀਅਰ ਖੋਜ ਸਹਾਇਕ	26-5-70	ਐਮ. ਏ., ਪੰਜਾਬੀ, ਸੈਕਿੰਡ ਕਲਾਸ	ਸਹਾਇਕ ਕੋਸ਼ਕਾਰ ਦੇ ਤੌਰ ਤੇ ਨਿਯੁਕਤ ਕੀਤਾ ਗਿਆ
2	ਬੀਬੀ ਕੁਲਦੀਪ ਕੌਰ	ਸਹਾਇਕ ਕੋਸ਼ਕਾਰ	7-9-73	ਐਮ. ਏ., ਪੰਜਾਬੀ, ਸੈਕਿੰਡ ਕਲਾਸ, ਐਮ. ਏ., ਹਿਸਟਰੀ, ਥਰਡ ਕਲਾਸ	
3	ਸ੍ਰੀ ਬਲਦੇਵ ਸਿੰਘ	ਸਹਾਇਕ ਲਾਇਬ੍ਰੇਰੀਅਨ	11-6-69	ਮੈਟਰਿਕ, ਸਰਟੀਫੀਕੇਟ ਕੋਰਸ ਇਨ ਲਾਇਬ੍ਰੇਰੀ ਸਾਇੰਸ	
4	ਸ੍ਰੀ ਅਮਰਜੀਤ ਸਿੰਘ	ਕਾਪੀ ਹੋਲਡਰ	19-3-70	ਬੀ. ਏ.	
5	ਸ੍ਰੀ ਮੁਹਿੰਦਰ ਸਿੰਘ II	ਇਨਸਟਰੱਕਟਰ	14-1-61	ਮੈਟਰਿਕ, ਗਿਆਨੀ	
6	ਸ੍ਰੀਮਤੀ ਮਹਿੰਦਰ ਕੌਰ	ਸੀ. ਸਕੇਲ ਸਟੈਨੋਗਰਾਫਰ	13-7-70	ਮੈਟਰਿਕ, ਗਿਆਨੀ	
7	ਸ੍ਰੀ ਗੁਰਦੇਵ ਸਿੰਘ	ਕਲਰਕ-ਕਮ-ਟਾਈਪਿਸਟ	18-11-60	ਐਫ. ਏ.	
8	ਸ੍ਰੀ ਨਿਰਮਲ ਸਿੰਘ	,, ,,	24-4-59	ਮੈਟਰਿਕ, ਗਿਆਨੀ	
9	ਸ੍ਰੀ ਉਜਾਗਰ ਸਿੰਘ	,, ,,	19-8-63	ਐਮ. ਏ., ਪੰਜਾਬੀ, ਪ੍ਰਭਾਕਰ, ਗਿਆਨੀ	
10	ਸ੍ਰੀ ਅਜੀਤ ਸਿੰਘ	,, ,,	5-12-65	ਪ੍ਰੈਪ	
11	ਸ੍ਰੀ ਹਰਭਜਨ ਦਾਸ	,, ,,	17-9-69	ਮੈਟਰਿਕ	
12	ਸ੍ਰੀ ਅਮਰ ਸਿੰਘ	,, ,,	20-5-70	ਮੈਟਰਿਕ	
13	ਸ੍ਰੀ ਜੋਗਿੰਦਰ ਲਾਲ	,, ,,	2-7-70	ਪ੍ਰੈਪ	
14	ਸ੍ਰੀ ਸ਼ਮਸ਼ੇਰ ਸਿੰਘ	,, ,,	21-12-73	ਟੀ. ਡੀ. ਸੀ., ਪਾਰਟ II	
15	ਸ੍ਰੀ ਲਛਮਣ ਦਾਸ	,, ,,	12-12-73	ਹਾਇਰ ਸੈਕੰਡਰੀ	

ਅੰਤਿਕਾ "ਅ"

ਭਾਸ਼ਾ ਵਿਭਾਗ ਦੇ ਕਲਾਸ ਚਾਰ ਦੇ ਅਨੁਸੂਚਿਤ ਜ਼ਾਤੀਆਂ ਨਾਲ ਸਬੰਧਤ ਕਰਮਚਾਰੀਆਂ ਦੀ ਸੂਚੀ

ਲੜੀ ਨੰ:	ਨਾਉਂ	ਅਹੁਦਾ	ਭਾਸ਼ਾ ਵਿਭਾਗ ਵਿਚ ਭਰਤੀ ਦੀ ਮਿਤੀ	ਸਿਖਿਅਕ ਯੋਗਤਾਵਾਂ	ਵਿਸ਼ੇਸ਼ ਕਥਨ
1	2	3	4	5	6
1	ਸ੍ਰੀ ਬਾਰੂ ਸਿੰਘ	ਸਵੀਪਰ	10–4–58	—	—
2	ਸ੍ਰੀ ਆਤਮਾ ਸਿੰਘ	ਸੇਵਾਦਾਰ	14–3–53	—	—
3	ਸ੍ਰੀ ਪਰਗਾਸ ਸਿੰਘ	,,	13–10–60	—	—
4	ਸ੍ਰੀ ਈਸ਼ਰ ਸਿੰਘ	,,	15–5–61	ਬੁਧੀਮਾਨ, ਮੈਟਰਿਕ ਪਲੱਕਡ	—
5	ਸ੍ਰੀ ਗੁਰਦੇਵ ਸਿੰਘ	,,	20–3–50	—	—
6	ਸ੍ਰੀ ਗੁਰਬਖਸ਼ ਸਿੰਘ II	,,	12–2–62	—	—
7	ਸ੍ਰੀ ਜੰਗੀਰੀ ਰਾਮ	,,	11–12–62	—	—
8	ਸ੍ਰੀ ਕੁੰਦਨ ਲਾਲ	,,	21–11–62	—	—
9	ਸ੍ਰੀ ਰਾਮ ਸਿੰਘ II	,,	13–11–62	—	—
10	ਸ੍ਰੀ ਸੰਤ ਰਾਮ	,,	13–11–62	—	—
11	ਸ੍ਰੀ ਕਾਕਾ ਸਿੰਘ	,,	26–11–63	—	—
12	ਸ੍ਰੀ ਰਾਮ ਪ੍ਰਕਾਸ਼ ਸਿੰਘ	,,	7–12–63	—	—
13	ਸ੍ਰੀ ਸ਼ੇਰ ਸਿੰਘ I	,,	22–2–64	—	—
14	ਸ੍ਰੀ ਰਣਜੀਤ ਰਾਮ	,,	11–9–64	—	—
15	ਸ੍ਰੀ ਅਮਰ ਨਾਥ	,,	6–11–65	—	—
16	ਸ੍ਰੀ ਰਾਜ ਕੁਮਾਰ	,,	27–4–71	—	—
17	ਸ੍ਰੀ ਸਰਵਣ ਸਿੰਘ	,,	15–9–71	—	—
18	ਸ੍ਰੀ ਸੰਪੂਰਣ ਸਿੰਘ	,,	15–9–71	—	—
19	ਸ੍ਰੀ ਓਮ ਪ੍ਰਕਾਸ਼	,,	15–9–71	—	—
20	ਸ੍ਰੀ ਮਦਨ ਲਾਲ	,,	24–2–73	—	—

[ਵਿਦਿਆ ਮੰਤਰੀ]

ਅੰਤਿਕਾ "ੲ"

ਭਾਸ਼ਾ ਵਿਭਾਗ ਦੇ ਵਰਗ III ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਕਰਮਚਾਰੀਆਂ ਦੀ ਸੂਚੀ

ਲੜੀ ਨੰ:	ਨਾਂ	ਅਹੁਦਾ	ਭਾਸ਼ਾ ਵਿਭਾਗ ਵਿਚ ਭਰਤੀ ਦੀ ਮਿਤੀ	ਸਿਖਿਅਕ ਯੋਗਤਾਵਾਂ	ਵਿਸ਼ੇਸ਼ ਕਥਨ
1	2	3	4	5	6
1	ਸ੍ਰੀ ਤਰਲੋਕ ਸਿੰਘ	ਚਿੱਤਰਕਾਰ	30-6-51	ਫਾਈਨ ਆਰਟਸ ਦਾ ਪੰਜ-ਸਾਲਾ ਕੋਰਸ ; ਵਿਦਵਾਨ, ਹਿੰਦੀ ਪ੍ਰੋਫੀਸ਼ੀਐਂਸੀ (ਹਿੰਦੀ ਵਿਭਾਗ) ; ਉਰਦੂ, ਬੰਗਾਲੀ, ਅੰਗਰੇਜ਼ੀ ਅਤੇ ਫਾਰਸੀ ਦੀ ਜਾਣਕਾਰੀ	
2	ਸ੍ਰੀ ਦੇਵਿੰਦਰ ਸਿੰਘ	ਜੂਨੀਅਰ ਖੋਜ ਸਹਾਇਕ	24-8-61	ਐਮ. ਏ., ਪੰਜਾਬੀ, ਪਾਰਟ I	
3	ਸ੍ਰੀ ਪਰੀਤਮ ਸਿੰਘ	ਇਨਸਟਰੱਕਟਰ	23-7-62	ਮੈਟਰਿਕ, ਗਿਆਨੀ	
4	ਸ੍ਰੀ ਕੁਲਦੀਪ ਸਿੰਘ	ਇਨਸਟਰੱਕਟਰ	7-4-64	ਐਮ. ਏ., ਪੰਜਾਬੀ	ਉਦਯੋਗ ਵਿਭਾਗ, ਅੰਮ੍ਰਿਤਸਰ, ਵਿਚ ਡੈਪੂਟੇਸ਼ਨ ਤੇ ।
5	ਸ੍ਰੀ ਸੇਵਾ ਸਿੰਘ	ਇਨਸਟਰੱਕਟਰ	25-4-60	ਐਮ. ਏ., ਪੰਜਾਬੀ, ਗਿਆਨੀ	
6	ਸ੍ਰੀ ਮੁਖਤਿਆਰ ਸਿੰਘ	ਇਨਸਟਰੱਕਟਰ	30-4-63	ਪ੍ਰੈਪ	
7	ਸ੍ਰੀ ਹਰੀ ਸਿੰਘ	ਸਹਾਇਕ	1-10-60	ਮੈਟਰਿਕ, ਸਹਾਇਕ ਦਾ ਟੈਸਟ ਪਾਸ ਹੈ	
8	ਸ੍ਰੀ ਗੁਰਬਖਸ਼ ਸਿੰਘ	ਕਲਰਕ-ਕਮ-ਟਾਈਪਿਸਟ	10-6-61	ਮੈਟਰਿਕ, ਗਿਆਨੀ	
9	ਸ੍ਰੀ ਨਰਿੰਦਰਜੀਤ ਸਿੰਘ	ਕਲਰਕ-ਕਮ-ਟਾਈਪਿਸਟ	14-6-61	ਐਫ. ਏ., ਗਿਆਨੀ	
10	ਸ੍ਰੀ ਦੇਵਿੰਦਰ ਸਿੰਘ		13-2-70	ਪ੍ਰੈਪ, ਗਿਆਨੀ	

ਅੰਤਿਕਾ "ਸ"

ਭਾਸ਼ਾ ਵਿਭਾਗ ਵਰਗ ਚਾਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਕਰਮਚਾਰੀਆਂ ਦੀ ਸੂਚੀ

ਲੜੀ ਨੰ:	ਨਾਉਂ	ਅਹੁਦਾ	ਭਾਸ਼ਾ ਵਿਭਾਗ ਵਿਚ ਭਰਤੀ ਦੀ ਮਿਤੀ	ਸਿਖਿਅਕ ਯੋਗਤਾਵਾਂ	ਵਿਸ਼ੇਸ਼ ਕਥਨ
1	ਸ੍ਰੀ ਸੁਰਜਨ ਸਿੰਘ I	ਸੇਵਾਦਾਰ	9-11-49	--	
2	ਸ੍ਰੀ ਸੁਰਜਨ ਸਿੰਘ II	,,	20-1-50	--	
3	ਸ੍ਰੀ ਦਲੀਪ ਸਿੰਘ	,,	18-5-54	--	
4	ਸ੍ਰੀ ਪਰੀਤਮ ਸਿੰਘ II	,,	2-8-61	--	
5	ਸ੍ਰੀ ਗੁਰਦਿਆਲ ਸਿੰਘ	,,	12-2-62	--	
6	ਸ੍ਰੀ ਅਬਦੁਲ ਸ਼ਕੂਰ	,,	30-5-63	--	
7	ਸ੍ਰੀ ਭੀਮ ਸਿੰਘ	,,	3-11-64	--	
8	ਸ੍ਰੀ ਰਾਮ ਸਿੰਘ ਮੀਮ	,,	8-6-59	ਅੱਠਵੀਂ	

[ਵਿਦਿਆ ਮੰਤਰੀ]

ਅੰਤਿਕਾ "ਹ"

ਭਾਸ਼ਾ ਵਿਭਾਗ ਦੇ ਕਰਮਚਾਰੀਆਂ, ਜਿਨ੍ਹਾਂ ਨੂੰ 1 ਜਨਵਰੀ, 1966 ਤੋਂ 31 ਦਸੰਬਰ, 1973 ਤੱਕ ਤਰੱਕੀ ਦਿਤੀ ਗਈ, ਦੀ ਸੂਚੀ

ਕ੍ਰਮ ਨੰ:	ਨਾਂ	ਅਹੁਦਾ	ਮੌਜੂਦਾ ਆਸਾਮੀ ਤੇ ਤਰੱਕੀ ਦੀ ਮਿਤੀ	ਵਿਸ਼ੇਸ਼ ਕਥਨ
1	2	3	4	5
1	ਸ੍ਰੀ ਨਰਾਇਣ ਦੱਤ ...	ਖੋਜ ਸਹਾਇਕ	17-12-66	
2	ਸ੍ਰੀ ਗੁਰਬਚਨ ਸਿੰਘ ...	,,	17-12-66	
3	ਸ੍ਰੀ ਆਰ. ਐਸ. ਸ਼ਰਮਾ	,,	1-10-67	
4	ਸ੍ਰੀ ਚਮਨ ਲਾਲ ...	,,	6-10-67	
5	ਸ੍ਰੀ ਐਮ. ਆਰ. ਗੋਇਲ	,,	18-11-67	
6	ਸ੍ਰੀ ਕਿਰਪਾਲ ਸਿੰਘ	,,	26-11-67	
7	ਸ੍ਰੀ ਐਚ.ਕੇ. ਗੁਪਤਾ	,,	7-5-58	
8	ਸ੍ਰੀ ਕੇ.ਐਸ. ਕਸੇਲ	,,	16-5-68	
9	ਸ੍ਰੀ ਹੰਸ ਰਾਜ ਰਾਹੀ	,,	2-11-68	
10	ਸ੍ਰੀ ਸ਼ੇਰ ਸਿੰਘ	,,	1-5-69	
11	ਸ੍ਰੀ ਪਰੇਮਜੀਤ ਸਿੰਘ	,,	1-5-69	
12	ਸ੍ਰੀ ਗੋਬਿੰਦ ਸਿੰਘ	,,	1-9-69	
13	ਸ੍ਰੀ ਸਰਬਦਿਆਲ ਸਿੰਘ	,,	1-9-69	
14	ਸ੍ਰੀ ਗੁਰਚਰਨ ਸਿੰਘ	,,	23-1-70	
15	ਸ੍ਰੀ ਕਰਤਾਰ ਸਿੰਘ	,,	16-2-70	
16	ਸ੍ਰੀ ਬਲਦੇਵ ਸਿੰਘ	,,	16-2-70	
17	ਸ੍ਰੀ ਇੰਦਰਜੀਤ ਸਿੰਘ	,,	19-6-70	
18	ਸ੍ਰੀ ਸਰੂਪ ਸਿੰਘ	,,	22-6-71	
19	ਸ੍ਰੀ ਗੁਰਚਰਨ ਸਿੰਘ ਨਿਰਵੈਰ	,,	18-8-72	
20	ਸ੍ਰੀ ਸਰਦਾਰ ਸਿੰਘ	,,	18-8-72	
21	ਸ੍ਰੀ ਸ਼ਮਸ਼ੇਰ ਸਿੰਘ	,,	5-9-72	
22	ਸ੍ਰੀ ਹਰਭਜਨ ਸਿੰਘ	ਲਾਇਬ੍ਰੇਰੀਅਨ	11-11-67	1—28 ਅਨੁਸੂਚਿਤ
23	ਸ੍ਰੀ ਸ਼ਮਸ਼ੇਰ ਸਿੰਘ	ਜੂਨੀਅਰ ਖੋਜ ਸਹਾਇਕ	31-3-66	ਜ਼ਾਤੀਆਂ ਦੀ ਹੇਠਲੇ ਕੇਡਰ ਵਿਚ ਲੋੜੀਂਦੀਆਂ ਸਿਖਿਅਕ

1	2	3	4	5
24	ਸ੍ਰੀ ਨਾਨਕ ਸਿੰਘ	ਜੂਨੀਅਰ ਖੋਜ ਸਹਾਇਕ	19-10-68	ਯੋਗਤਾਵਾਂ ਤੇ ਤਜਰਬਾ
25	ਸ੍ਰੀ ਨਰੰਜਣ ਸਿੰਘ	,,	19-10-68	ਰੱਖਣ ਵਾਲਾ ਕੋਈ
26	ਸ੍ਰੀਮਤੀ ਮੋਹਣੀ ਚਾਵਲਾ	,,	19-10-68	ਕਰਮਚਾਰੀ ਤਰੱਕੀ ਲਈ ਨਹੀਂ ਮਿਲਿਆ ।
27	ਸ੍ਰੀਮਤੀ ਬਲਵੰਤ ਕੌਰ	,,	19-10-68	
28	ਸ੍ਰੀ ਦੇਵਿੰਦਰ ਸਿੰਘ	,,	6-6-72	
29	ਸ੍ਰੀ ਬਲਬੀਰ ਸਿੰਘ	,,	28-11-72	ਇਸ ਦਾ ਸਬੰਧ ਅਨੁ-ਸੂਚਿਤ ਜ਼ਾਤੀਆਂ ਨਾਲ ਹੈ । ਇਸ ਨੂੰ ਰਾਖਵੀਂ ਆਸਾਮੀ ਤੇ ਨਿਯੁਕਤ ਕੀਤਾ ਗਿਆ ਹੈ ।
30	ਸ੍ਰੀ ਸਰਦਾਰ ਸਿੰਘ	ਪਰੂਫ ਰੀਡਰ	13-9-67	
31	ਸ੍ਰੀ ਦੇਵਿੰਦਰ ਸਿੰਘ	ਸਹਾਇਕ ਕੋਸ਼ਕਾਰ	18-11-67	30—33 ਤਕ ਲੜੀ ਨੰ: 1 ਤੋਂ 28 ਤੱਕ
32	ਸ੍ਰੀ ਭਰਪੂਰ ਸਿੰਘ	ਪਰੂਫ ਰੀਡਰ	20-10-68	28 ਅਨੁਸਾਰ
33	ਸ੍ਰੀ ਗੁਰਨਾਮ ਸਿੰਘ	ਪਰੂਫ ਰੀਡਰ	1-5-69	
34	ਸ੍ਰੀ ਬਲਦੇਵ ਸਿੰਘ	ਇਨਸਟਰੱਕਟਰ	22-11-67	
35	ਸ੍ਰੀਮਤੀ ਮੋਹਿੰਦਰ ਕੌਰ	ਸੀਨੀਅਰ ਸਕੇਲ ਸਟੈਨੋਗਰਾਫਰ	17-8-73	ਇਹ ਕਰਮਚਾਰੀ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹੈ । ਤਰੱਕੀ ਇਸ ਨੂੰ ਸੀਨੀਆਰਟੀ ਅਨੁਸਾਰ ਦਿੱਤੀ ਹੈ ।
36	ਸ੍ਰੀਮਤੀ ਅਮਰਜੀਤ ਕੌਰ	ਕਲਰਕ	27-4-66	36-37 ਤੱਕ
37	ਸ੍ਰੀ ਰਾਜਿੰਦਰ ਨਾਥ ਵਰਗ ਚੌਥਾ	ਕਲਰਕ	20-3-68	(1 ਤੋਂ 28 ਅਨੁਸਾਰ)
38	ਸ੍ਰੀ ਰਾਜਿੰਦਰ ਨਾਥ	ਬੁਕ ਬਾਈਂਡਰ	20-9-71	ਇੱਕੋ ਆਸਾਮੀ ਹੋਣ ਕਾਰਨ ਅਨੁਸੂਚਿਤ ਜਾਤੀਆਂ ਲਈ ਰਾਖਵੀਂ ਨਹੀਂ ਕੀਤੀ ਗਈ ।
39	ਸ੍ਰੀ ਗੋਪਾਲ ਸਿੰਘ	ਦਫ਼ਤਰੀ	28-11-73	

ਸਰਦਾਰ ਅਜਾਇਬ ਸਿੰਘ ਸੰਧੂ : ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਕੁੱਝ ਸਹਾਇਕਾਂ ਦੀਆਂ ਪੋਸਟਾਂ ਅਨੁਸੂਚਿਤ ਜ਼ਾਤੀਆਂ ਲਈ ਖਾਲੀ ਰਖੀਆਂ ਹਨ। ਮੈਂ ਇਹ ਪੁੱਛਦਾ ਹਾਂ ਕਿ ਕੀ ਇਹ ਇਹ ਆਸਾਮੀਆਂ ਭਰਨ ਦਾ ਯਤਨ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਆਸਾਮੀਆਂ ਅਨੁਸੂਚਿਤ ਜ਼ਾਤੀਆਂ ਲਈ ਹੀ ਖਾਲੀ ਰੱਖੀਆਂ ਹਨ ਜਦ ਇਨ੍ਹਾਂ ਆਸਾਮੀਆਂ ਦੇ ਯੋਗ ਕੈਂਡੀਡੇਟ ਮਿਲ ਜਾਣਗੇ ਇਹ ਭਰ ਦਿੱਤੀਆਂ ਜਾਣਗੀਆਂ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣ ਲਈ ਖੜ੍ਹਾ ਹੋਇਆ ਹਾਂ ਕਿ ਜੇ ਇਨ੍ਹਾਂ ਨੂੰ ਹਰੀਜਨਾਂ ਵਿਚ ਯੋਗ ਕੈਂਡੀਡੇਟ ਨਹੀਂ ਮਿਲਦੇ ਤਾਂ ਕੀ ਇਹ ਕੁੱਝ ਕੁਆਲੀਫੀਕੇਸ਼ਨ ਵਿਚ ਰੀਲੈਕਸੇਸ਼ਨ ਕਰਨ ਨੂੰ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਰੀਲੈਕਸੇਸ਼ਨ ਦਾ ਤੁਅੱਲਕ ਹੈ ਇਹ ਤਾਂ ਮੁਸ਼ਕਲ ਹੈ। ਪਰ ਜਿੱਥੋਂ ਤਕ ਜਿਸ ਕੈਂਡੀਡੇਟ ਦਾ ਹੱਕ ਬਣਦਾ ਹੈ ਉਹ ਸਰਕਾਰ ਉਸ ਨੂੰ ਦੇਣ ਦਾ ਪੂਰਾ ਯਤਨ ਕਰੇਗੀ । ਚਾਹੇ ਉਹ ਕਿਸੇ ਵੀ ਕੈਟੇਗਰੀ ਦਾ ਹੋਵੇ ਜਾਂ ਅਨੁਸੂਚਿਤ ਜ਼ਾਤੀ ਦਾ ਹੋਵੇ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸੀਲੈਕਸ਼ਨ ਗਰੇਡ 1 ਜਨਵਰੀ, 1972 ਤਕ ਮਿਲੇ ਸਨ ਉਨ੍ਹਾਂ ਵਿਚ ਹੀਰਜਨਾਂ ਦਾ ਕੋਟਾ ਪੂਰਾ ਨਹੀਂ ਹੋਇਆ ਜਿਸ ਤਰ੍ਹਾਂ ਕਿ ਸਿੰਜਾਈ ਵਿਭਾਗ, ਸਿਖਿਆ ਵਿਭਾਗ, ਸਿਹਤ ਵਿਭਾਗ ਵਿਚ ਸੀਲੈਕਸ਼ਨ ਗਰੇਡ ਨਹੀਂ ਦਿੱਤੇ ਗਏ । ਇਸ ਤੋਂ ਇਲਾਵਾ ਸੀਲੈਕਸ਼ਨ ਕੋਟੇ ਵਿਚ 350 ਆਦਮੀਆਂ ਦੇ ਗਰੇਡ ਵਿਚ ਤਰੱਕੀ ਹੋਈ ਜਿਨ੍ਹਾਂ ਵਿਚ ਸ਼ਡਿਊਲਡ ਕਾਸਟ ਦੇ ਸਿਰਫ਼ 11 ਹੀ ਆਦਮੀ ਸਨ ਜਿਹੜੇ ਕਿ ਬਹੁਤ ਘੱਟ ਹਨ । ਕੀ ਸਰਕਾਰ ਇਸ ਸੀਲੈਕਸ਼ਨ ਗਰੇਡ ਵਿਚ ਹੋਰ ਸ਼ਡਿਊਲਡ ਕਾਸਟ ਦੇ ਆਦਮੀ ਲਾਵੇਗੀ ਜਾਂ ਹਰੀਜਨਾਂ ਦਾ ਕੋਟਾ ਪੂਰਾ ਕਰਨ ਵਾਸਤੇ ਕੋਈ ਉਪਾ ਕਰੇਗੀ ?

ਮੰਤਰੀ : ਮੈਂ ਪਹਿਲਾਂ ਹੀ ਦੱਸਿਆ ਹੈ ਸ਼ਾਇਦ ਇਨ੍ਹਾਂ ਦੇ ਦਿਮਾਗ ਵਿਚ ਮੇਰੇ ਜਵਾਬ ਦਾ ਕੁੱਝ ਪਾਰਟ ਨਿਕਲ ਗਿਆ ਹੈ ਕਿ ਜਿਨ੍ਹਾਂ ਆਸਾਮੀਆਂ ਵਾਸਤੇ ਸਾਨੂੰ ਯੋਗ ਉਮੀਦਵਾਰ ਅਨਸੂਚਿਤ ਜਾਤੀਆਂ ਦੇ ਨਹੀਂ ਸਨ ਮਿਲੇ ਉਹ ਅਸੀਂ ਖਾਲੀ ਰਖੀਆਂ ਹਨ ਤਾਂ ਕਿ ਜਿਸ ਵੇਲੇ ਵੀ ਸਾਨੂੰ ਕੋਈ ਯੋਗ ਉਮੀਦਵਾਰ ਮਿਲੇ ਅਸੀਂ ਉਸ ਨੂੰ ਉਸ ਅਸਾਮੀ ਤੇ ਰੱਖ ਸਕੀਏ । ਜਿਥੋਂ ਤਕ ਐਜੂਕੇਸ਼ਨ ਬੋਰਡ ਦਾ ਤੁਅੱਲਕ ਹੈ ਅਸੀਂ ਬਹੁਤ ਸਾਰੇ ਕਰਮਚਾਰੀ ਔਨ ਡੈਪੂਟੇਸ਼ਨ ਤੇ ਰੱਖੇ ਹਨ ਪਰ ਬੋਰਡ ਨੂੰ ਇਹ ਗੱਲ ਕਹੀ ਗਈ ਹੈ ਕਿ ਜਿਸ ਉਮੀਦਵਾਰ ਦਾ ਜਿਸ ਕੈਟੇਗਰੀ ਤੇ ਰਾਈਟ ਬਣਦਾ ਹੈ ਉਸ ਨੂੰ ਉਹ ਦਿੱਤੀ ਜਾਵੇ। (ਸ਼ੋਰ)

ਸਰਦਾਰ ਜਸਵਿੰਦਰ ਸਿੰਘ ਬਰਾੜ : ਚੀਫ਼ ਮਨਿਸਟਰ ਸਾਹਿਬ ਨੇ ਫਰਮਾਇਆ ਸੀ ਕਿ ਅਸੀਂ 25 ਫੀ ਸਦੀ ਰਿਜ਼ਰਵੇਸ਼ਨ ਸ਼ਡੀਊਲਡ ਕਾਸਟਾਂ ਨੂੰ ਦਿਆਂਗੇ ਮੈਂ ਇਹ ਪੁੱਛਦਾ ਹਾਂ ਕਿ ਕੀ ਸਰਕਾਰ ਉਨ੍ਹਾਂ ਹਰੀਜਨਾਂ ਵਾਸਤੇ ਜਿਹੜੇ ਕਿ ਯੋਗਤਾਵਾਂ ਪੂਰੀਆਂ ਨਾ ਹੋਣ ਕਾਰਣ ਤਰੱਕੀ ਨਹੀਂ ਕਰ ਸਕਦੇ ਉਨ੍ਹਾਂ ਨੂੰ ਕੋਈ ਰੀਲੈਕਸੇਸ਼ਨ ਜਾਂ ਕੋਈ ਸਪੈਸ਼ਲ ਰਿਆਇਤ ਦੇ ਕੇ ਉਨ੍ਹਾਂ ਨੂੰ ਸਵਰਨ ਜਾਤੀ ਦੇ ਬਰਾਬਰ ਦੀ ਪੱਧਰ ਦੀ ਤਰੱਕੀ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਨਵਾਂ ਡਿਸੀਜ਼ਨ ਚੀਫ਼ ਮਨਿਸਟਰ ਸਾਹਿਬ ਨੇ ਕੀਤਾ ਸੀ ਅਸੀਂ ਉਸ ਤੇ ਪੂਰਾ ਅਮਲ ਕਰਾਂਗੇ ਪਰ ਰੀਲੈਕਸੇਸ਼ਨ ਵਾਸਤੇ ਮੁਸ਼ਕਲ ਹੈ।

ਕਾਮਰੇਡ ਦਾਨਾ ਰਾਮ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਉਮੀਦਵਾਰ ਸਾਨੂੰ ਅੱਜੇ ਤਕ ਨਹੀਂ ਮਿਲੇ ਕੀ ਇਹ ਜਿਹੜੇ ਹਰੀਜਨ ਪੰਜਾਬ ਵਿਚ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਪੂਰੀ ਤਰੱਕੀ ਮਿਲੀ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਹੋਰ ਵੀ ਕਈ ਮੈਂਬਰਾਂ ਵਲੋਂ ਉਠਾਇਆ ਗਿਆ ਹੈ ਉਹ ਅਸੀਂ ਪੂਰਾ ਕਰ ਰਹੇ ਹਾਂ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਹਰੀਜਨਾਂ ਦੀ ਨੁਮਾਇੰਦਗੀ ਡਿਫਰੰਟ ਕੈਟੇਗਰੀ ਵਿਚ ਬਹੁਤ ਘੱਟ ਹੈ ਇਹ 22 ਫੀ ਸਦੀ ਤੋਂ ਵੀ ਘੱਟ ਹੈ ਸਾਡੀ ਸਰਕਾਰ ਨੇ ਹੁਣ 25 ਫੀ ਸਦੀ ਰਿਜ਼ਰਵੇਸ਼ਨ ਕਰ ਦਿੱਤੀ ਹੈ । ਮੈਂ ਕਹਿੰਦਾ ਹਾਂ ਕਿ ਸਾਰਾ ਕੋਟਾ ਕਿਉਂ ਨਾ ਹਰੀਜਨਾਂ ਨੂੰ ਦੇ ਦਿੱਤਾ ਜਾਵੇ ?

ਮੰਤਰੀ : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਕਿਹਾ ਹੈ ਉਸ ਬਾਰੇ ਸਰਕਾਰ ਦਾ ਫੈਸਲਾ ਹੈ ਕਿ 25 ਫੀ ਸਦੀ ਹਰੀਜਨ ਅਤੇ 5 ਫੀ ਸਦੀ ਬੈਕਵਰਡ ਕਲਾਸਜ਼ ਲਈ ਰਿਜ਼ਰਵੇਸ਼ਨ ਰੱਖੀ ਹੈ ਜਿਹੜੀ ਕਿ ਟੋਟਲ 30 ਫੀ ਸਦੀ ਬਣਦੀ ਹੈ ਉਸ ਤੇ ਅਸੀਂ ਪੂਰਾ ਪੂਰਾ ਅਮਲ ਕਰਾਂਗੇ । ਜਿਥੋਂ ਤਕ ਇਸ ਗੱਲ ਦਾ ਤੁਅੱਲਕ ਹੈ ਜਦੋਂ ਤਕ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਨਹੀਂ ਹੁੰਦਾ ਉਦੋਂ ਤਕ ਪਟਵਾਰੀਆਂ ਅਤੇ ਸਿਪਾਹੀਆਂ ਲਈ 40 ਫੀ ਸਦੀ ਸ਼ੀਡੀਉਲਡ ਕਾਸਟਾਂ ਲਈ ਅਤੇ 10 ਫੀ ਸਦੀ ਪਛੜੀਆਂ ਸ਼੍ਰੇਣੀਆਂ ਵਿਚੋਂ ਆਸਾਮੀਆਂ ਭਰੀਆਂ ਜਾਣਗੀਆਂ ।

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਪਣੇ ਉੱਤਰ ਵਿਚ ਫਰਮਾਇਆ ਹੈ ਕਿ ਪੂਰੀ ਯੋਗਤਾ ਰੱਖਣ ਵਾਲੇ ਆਦਮੀ ਨਾ ਮਿਲਣ ਕਰ ਕੇ ਆਸਾਮੀਆਂ ਪੁਰ ਨਹੀਂ ਹੁੰਦੀਆਂ। 26 ਸਾਲ ਆਜ਼ਾਦ ਹੋਇਆਂ ਨੂੰ ਭਾਰਤ ਨੂੰ ਹੋ ਗਏ ਹਨ । ਕੀ ਇਹ ਹੀ ਸਰਟੀਫਿਕੇਟ ਹੈ ਸਰਕਾਰ ਪਾਸ ਕਿ ਸ਼ਡਿਊਲਡ ਕਾਸਟ ਜਾਤੀਆਂ ਨੂੰ ਅਜੇ ਤਕ ਉਨ੍ਹਾਂ ਦੀ ਲੋੜ ਦੇ ਮੁਤਾਬਿਕ ਵਿਦਿਆ ਨਹੀਂ ਮਿਲ ਸਕੀ ? ਕੀ ਇਸ ਗੱਲ ਦੇ ਪੇਸ਼ੇ ਨਜ਼ਰ ਸਰਕਾਰ ਐਸੇ ਸਟੈਪਸ ਲੈਣ ਨੂੰ ਤਿਆਰ ਹੈ ਜਿਸ ਨਾਲ ਕਿ ਉਨ੍ਹਾਂ ਜਾਤੀਆਂ ਨੂੰ ਲੋੜ ਮੁਤਾਬਿਕ ਯੋਗ ਬਣਾਇਆ ਜਾਵੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੇ ਸਪਲੀਮੈਂਟਰੀ ਕਰਨ ਦਾ ਨਿਸ਼ਾਨਾ ਤਾਂ ਮੈਂ ਸਮਝ ਲਿਆ ਹੈ ਪਰ ਇਹ ਪੂਰੀ ਤਰ੍ਹਾਂ ਸਪਲੀਮੈਂਟਰੀ ਨਹੀਂ ਕਰ ਸਕੇ । ਮੈਂ ਇਨ੍ਹਾਂ ਨੂੰ ਦਸ ਦੇਵਾਂ ਕਿ ਕਈ ਵਾਰ ਪ੍ਰੋਮੋਸ਼ਨ ਵਿਚ ਕਲਾਸ II, III ਅਤੇ IV ਵਿਚ ਲੋੜੀਂਦੀਆਂ ਯੋਗਤਾਵਾਂ ਰੱਖਣ ਵਾਲੇ ਉਮੀਦਵਾਰ ਨਹੀਂ ਮਿਲਦੇ ਪਰ ਇਹ ਸ਼ਿਕਾਇਤ ਸਿੱਧੀ ਭਰਤੀ ਵਿਚ ਨਹੀਂ ਹੈ । ਸਿੱਧੀ ਭਰਤੀ ਵਿਚ ਉਮੀਦਵਾਰ ਮਿਲ ਜਾਂਦੇ ਹਨ ਉਥੇ ਇਸ ਤਰ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਹੈ । ਸ਼ਿਕਾਇਤ ਹੈ ਤਾਂ ਰਿਜ਼ਰਵੇਸ਼ਨ ਇਨ ਪ੍ਰੋਮੋਸ਼ਨ ਵਿਚ ਹੈ, ਉਸ ਸ਼ਿਕਾਇਤ ਨੂੰ ਅਸੀਂ ਦੂਰ ਕਰਦੇ ਪਏ ਹਾਂ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਇਨ੍ਹਾਂ ਨੇ ਕਿਹਾ ਹੈ ਕਿ ਜਿਥੇ ਭਰਤੀ ਹਰੀਜਨਾਂ ਦੀ ਘੱਟ ਹੈ ਉਥੇ ਪੂਰੀ ਕਰਾਂਗੇ । ਸਿਖਿਆ ਬੋਰਡ ਵਿਚ ਇਕ ਚੇਅਰਮੈਨ ਹੈ, ਇਕ ਵਾਈਸ ਚੇਅਰਮੈਨ ਹੈ, ਡਾਇਰੈਕਟਰ ਦੋ, ਅਸੈਸਟੈਂਟ ਸੈਕਟਰੀ ਦੋ, ਪਰਸ਼ਾਸਨ ਅਫਸਰ ਇਕ, ਸੁਪਰਡੈਂਟ 18 ਹਨ, ਇਨ੍ਹਾਂ ਵਿਚ ਕੋਈ ਵੀ ਸ਼ਡਿਊਲਡ ਕਾਸਟਸ ਦਾ ਨੁਮਾਇੰਦਾ ਨਹੀਂ ਹੈ ......

ਸ਼੍ਰੀ ਸਪੀਕਰ : ਇਸ ਬਾਰੇ ਤੁਸੀਂ ਵੱਖਰਾ ਨੋਟਿਸ ਦੇ ਦਿਓ । (Please give a separate notice in this respect)

ਸਰਦਾਰ ਧੰਨਾ ਸਿੰਘ ਗੁਲਸ਼ਨ : ਨਹੀਂ ਜੀ ਇਹ ਵੀ ਇਸ ਸਵਾਲ ਵਿਚੋਂ ਨਿਕਲਦਾ ਹੈ । ਮੈਂ ਇਹ ਪੁੱਛਣਾ ਚਾਹਾਂਗਾ ਕਿ ਕੀ ਇਹ ਮਨਿਸਟਰ ਸਾਹਿਬ ਵਿਸ਼ਵਾਸ ਦਿਵਾਉਣਗੇ ਕਿ ਉਸ ਘਾਟੇ ਨੂੰ ਪੂਰਾ ਕਰ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਗੁਲਸ਼ਨ ਜੀ ਨੇ ਜੋ ਸਵਾਲ ਕੀਤਾ ਹੈ ਉਸ ਲਈ ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਸਿਖਿਆ ਬੋਰਡ ਵਿਚ ਕਈ ਅਫਸਰ, ਜਿਸ ਤਰ੍ਹਾਂ ਸੁਪਰਡੈਂਟ, ਡੈਪੂਟੇਸ਼ਨ ਤੇ ਲਏ ਹੋਏ ਹਨ । ਜੇਕਰ ਅਸੀਂ ਪ੍ਰੋਮੋਸ਼ਨ ਕਰਨੀ ਹੋਵੇ, ਡਾਇਰੈਕਟ ਭਰਤੀ ਕਰੀਏ ਤਾਂ ਰਿਜ਼ਰਵੇਸ਼ਨ ਪੂਰੀ ਦਿੰਦੇ

[ਵਿਦਿਆ ਮੰਤਰੀ]

ਹਾਂ ਲੇਕਿਨ ਡੈਪੂਟੇਸ਼ਨ ਤੇ ਕੰਮ ਕਰਨ ਵਾਲਿਆਂ ਲਈ ਕੋਈ ਰਿਜ਼ਰਵੇਸ਼ਨ ਦਾ ਲਿਹਾਜ਼ ਨਹੀਂ ਕੀਤਾ ਜਾ ਸਕਦਾ ।

ਜਿੱਥੋਂ ਤਕ ਦੂਜੀ ਗੱਲ ਦਾ ਤੁਅੱਲਕ ਹੈ, ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਹੈ ਕਿ ਸਿਖਿਆ ਬੋਰਡ ਵਿਚ ਪਹਿਲਾਂ ਦੋ ਪਾਲਿਸੀਆਂ ਚਲਦੀਆਂ ਸਨ । ਉਹ ਡਾਇਰੈਕਟ ਵਿਚ ਤਾਂ 20+2 ਦੇ ਹਿਸਾਬ ਨਾਲ ਰਿਜ਼ਰਵੇਸ਼ਨ ਦਿੰਦੇ ਸਨ ਪਰ ਪ੍ਰੋਮੋਸ਼ਨ ਵਿਚ ਨਹੀਂ ਸੀ ਦਿੰਦੇ । ਇਸ ਵੇਲੇ ਉਨ੍ਹਾਂ ਨੂੰ ਪ੍ਰੋਮੋਸ਼ਨ ਵਿਚ ਵੀ ਰਿਜ਼ਰਵੇਸ਼ਨ ਦੇਣ ਬਾਰੇ ਕਹਿ ਦਿਤਾ ਗਿਆ ਹੈ । ਸਰਕਾਰ ਦੀ ਜਿਹੜੀ ਨਵੀਂ ਪਾਲਿਸੀ ਹੈ ਉਸ ਦੇ ਹਿਸਾਬ ਨਾਲ ਕਲਾਸ ਥਰੀ ਐਂਰ ਫੋਰ ਵਿਚ 25+5 ਐਂਰ ਕਲਾਸ ਵੰਨ ਐਂਰ ਟੂ ਵਿਚ 14+2 ਦੇ ਹਿਸਾਬ ਨਾਲ ਰਿਜ਼ਰਵੇਸ਼ਨ ਕਰਨੀ ਹੈ ਐਂਰ ਇਹ ਅਸੀਂ ਕਰਵਾ ਦਿਆਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਪਾਸੋਂ ਹੋਣਾ ਹਾਣਾ ਕੁੱੜ ਨਹੀਂ । ਪਹਿਲਾਂ ਇਨ੍ਹਾਂ ਨੂੰ ਸੋਸ਼ਲ ਵੈਲਫੇਅਰ ਮਹਿਕਮਾ ਦਿੱਤਾ ਸੀ । ਸਾਡੀ ਸਾਰੇ ਮੈਂਬਰਾਂ ਦੀ ਰਾਏ ਸੀ ਕਿ ਇਹ ਕੰਮ ਨਹੀਂ ਕਰ ਸਕਦੇ । ਮੁੱਖ ਮੰਤਰੀ ਸਾਹਿਬ ਨੇ ਇਨ੍ਹਾਂ ਪਾਸੋਂ ਉਹ ਮਹਿਕਮਾ ਖੋਹ ਲਿਆ ਹੈ ਐਂਰ ਵੇਹਲੇ ਕਰ ਦਿੱਤਾ ਹੈ, ਇਹ ਮਹਿਕਮਾ ਦੇ ਦਿਤਾ ਹੈ ਪਰ ਇਹ ਵੀ ਤੁਸੀਂ ਨਹੀਂ ਚਲਾ ਸਕਦੇ।

ਸ੍ਰੀ ਸਪੀਕਰ : ਇਹ ਕੋਈ ਕੁਐਸਚਨ ਨਹੀਂ ਹੈ । ਐਸੇ ਰੀਮਾਰਕਸ ਪਾਸ ਨਾ ਕਰੋ । ਤੁਸੀਂ ਜੇਕਰ ਕਰਨਾ ਹੈ ਤਾਂ ਸਪਲੀਮੈਂਟਰੀ ਕਰੋ । (This is no question. Do not pass such remarks. You may please put a supplementary question if you so desire.)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਨ ਲੱਗਾ ਹਾਂ ਜੀ । ਤੁਸੀਂ ਇਨ੍ਹਾਂ ਦੀ ਕਿਉਂ ਮੱਦਦ ਕਰਦੇ ਹੋ । ਚੋਧਰੀ ਸਾਹਿਬ, ਸਾਨੂੰ ਤੁਹਾਡੇ ਤੇ ਪੂਰੀਆਂ ਆਸਾਂ ਸਨ ਪਰ ਤੁਸੀਂ ਤਾਂ ਜਵਾਂ ਹੀ ਬੈਠ ਗਏ । ਸਪੀਕਰ ਸਾਹਿਬ, ਮੇਰਾ ਗਲਾ ਖਰਾਬ ਹੈ ਇਸ ਲਈ ਮੈਂ ਜ਼ਿਆਦਾ ਬੋਲਣਾ ਵੀ ਨਹੀਂ ਚਾਹੁੰਦਾ । ਮੈਂ ਸਪਲੀਮੈਂਟਰੀ ਕਰਨ ਲੱਗਾ ਹਾਂ । ਮਾਸਟਰ ਜੀ ਤੁਸੀਂ ਇਨ੍ਹਾਂ ਨੂੰ ਥਾਪੀ ਦਿਓ, ਇਨ੍ਹਾਂ ਦਾ ਕੰਮ ਢਿੱਲ੍ਹਾ ਹੈ ।

ਸ੍ਰੀ ਸਪੀਕਰ : ਤੁਸੀਂ, ਸੰਧੂ ਸਾਹਿਬ, ਘੱਟ ਬੋਲੋ, ਤੁਹਾਡਾ ਗਲਾ ਖਰਾਬ ਹੈ । (Sandhu Sahib, please speak less because you are suffering from sore throat.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਲਿਖਿਆ ਹੈ ਕਿ ਲੋੜੀਂਦੀਆਂ ਯੋਗਤਾਵਾਂ ਵਾਲੇ ਬੰਦੇ ਨਹੀਂ ਮਿਲੇ, ਇਹ ਸਾਨੂੰ ਕਿਰਪਾ ਕਰ ਕੇ ਕੈਟੇਗਰੀਜ਼ ਦਸ ਦੇਣ, ਇਹ ਸਾਨੂੰ ਦਸ ਦੇਣ ਕਿ ਕਿਹੜੀ ਕਿਹੜੀ ਆਸਾਮੀ ਲਈ ਕਿਹੜੀ ਕਿਹੜੀ ਯੋਗਤਾ ਸੀ ਜਿਸ ਲਈ ਉਮੀਦਵਾਰ ਨਹੀਂ ਮਿਲੇ ।

ਮੰਤਰੀ : ਸਪੀਕਰ ਸਾਹਿਬ, ਜਿੱਥੋਂ ਤਕ ਤਾਂ ਇਹ ਤੁਅੱਲਕ ਹੈ ਕਿ ਸੋਸ਼ਲ ਵੈਲਫੇਅਰ ਦਾ ਮਹਿਕਮਾ ਲੈ ਕੇ ਇਹ ਮਹਿਕਮਾ ਦਿੱਤਾ ਗਿਆ ਹੈ ਇਹ ਤਾਂ ਸੀ. ਐਮ. ਸਾਹਿਬ ਨੇ ਬਿਲਕੁਲ ਠੀਕ ਕੀਤਾ ਹੈ ਤਾਂ ਕਿ ਇਨ੍ਹਾਂ (ਅਕਾਲੀ ਪਾਰਟੀ ਵਲ ਇਸ਼ਾਰਾ ਕਰ ਦੇ ਹੋਏ) ਅਨ-ਪੜ੍ਹਾਂ ਨੂੰ ਪੜ੍ਹਾਂ ਦਿਆਂ। (ਥੰਪਿੰਗ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਕੀ ਇਹ ਸਾਡੇ ਨਾਲੋਂ ਬਹੁਤ ਪੜ੍ਹੇ ਹੋਏ ਹਨ । ਇਕ ਐਮ. ਏ. ਐਲ. ਐਲ ਬੀ. ਨੂੰ ਬੀ. ਏ. ਥਰਡ ਕਲਾਸ ਕੀ ਪੜ੍ਹਾ ਸਕਦਾ ਹੈ।

Mr. Speaker : Please resume your seat. (*Interruptions*)

ਸਰਦਾਰ ਜਸਦੇਵ ਸਿੰਘ ਸੰਧੂ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever the hon'ble Members are saying without the permission of the Chair, should not be recorded.)

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਇਹ ਗੱਲ ਇਹ ਪੁਛਦੇ ਹਨ ਕਿ ਇਨ੍ਹਾਂ ਨੂੰ ਇਕੱਲੀ ਇਕੱਲੀ ਆਸਾਮੀ ਦਸੀ ਜਾਵੇ, ਇਹ ਮੇਰੇ ਪਾਸ ਆ ਜਾਣ ਮੈਂ ਇਨ੍ਹਾਂ ਨੂੰ ਦਸ ਦੇਵਾਂਗਾ ।

ਸ੍ਰੀ ਸਪੀਕਰ : ਠੀਕ ਹੈ ਤੁਸੀਂ ਉਨ੍ਹਾਂ ਦੇ ਚੈਂਬਰ ਵਿਚ ਚਲੇ ਜਾਣਾ । ਹੁਣ ਅਗਲਾ ਸਵਾਲ ਟੇਕ ਅੱਪ ਕਰਦੇ ਹਾਂ । (You may go to his Chamber. Now we take up the next question.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਚੈਂਬਰ ਵਿਚ ਕਿਉਂ ਜਾਵਾਂ ਮੈਂ ਸਪੈਸੇਫਿਕ ਸਵਾਲ ਪੁੱਛਿਆ ਹੈ।

ਸ੍ਰੀ ਸਪੀਕਰ : ਪਰ ਤੁਹਾਡਾ ਸਵਾਲ ਲੰਬਾ ਹੈ । ਤੁਸੀਂ ਜਾ ਕੇ ਪਤਾ ਕਰ ਲੈਣਾ । (But your question is lengthy. You may have the information from the Minister concerned personally .)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜੇਕਰ ਇਹ ਹਰੀਜਨਾਂ ਦੀ ਸੇਵਾ ਕਰਨਾ ਚਾਹੁੰਦੇ ਹਨ then he should come to my Chamber (ਹਾਸਾ)

ਮੰਤਰੀ : ਸਪੀਕਰ ਸਾਹਿਬ, ਕੀ ਇਹ ਹਰੀਜਨਾਂ ਦੇ ਠੇਕੇਦਾਰ ਹਨ। ਇਨ੍ਹਾਂ ਦਾ ਪੰਜ ਸਾਲ ਰਾਜ ਰਿਹਾ ਹੈ ਪਰ ਕਲਾਸ ਵਨ ਔਰ ਟੂ ਵਿਚ ਰਿਜ਼ਰਵੇਸ਼ਨ ਨਹੀਂ ਦਿਤੀ । ਇਨ੍ਹਾਂ ਨੇ ਹਰੀਜਨਾਂ ਦਾ ਕੋਟਾ ਆਪ ਪੰਜ ਸਾਲ ਵਿਚ ਪੂਰਾ ਨਹੀਂ ਕੀਤਾ । ਇਹ ਸਾਡੇ ਮੁੱਖ ਮੰਤਰੀ ਜੀ ਬੈਠੇ ਹਨ, ਇਨ੍ਹਾਂ ਨੇ ਕਲਾਸ I ਔਰ II ਵਿਚ ਰਿਜ਼ਰਵੇਸ਼ਨ ਇਨ ਪ੍ਰੋਮੋਸ਼ਨ ਦਾ ਫੈਸਲਾ ਕੀਤਾ ਹੈ । 10 ਫੀ ਸਦੀ ਡੀਮਾਂਡ ਕੀਤੀ ਗਈ ਸੀ ਪਰ ਇਨ੍ਹਾਂ ਨੇ 14+2 = 16 ਫੀਸਦੀ ਰਿਜ਼ਰਵੇਸ਼ਨ ਕਰ ਦਿੱਤੀ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਜਦੋਂ ਤੁਸੀਂ ਲਾਗੂ ਕਰੋਗੇ ਤਾਂ ਵੇਖਾਂਗੇ । ਇਹ ਲਾਗੂ ਨਹੀਂ ਹੋਣਾ। ਦੋ ਸਾਲਾਂ ਦੇ ਇਸ ਤਰ੍ਹਾਂ ਹੀ ਟਪਲੇ ਮਾਰ ਰਹੇ ਹੋ । (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਸੋਸ਼ਲ ਵੈਲਫੇਅਰ ਦੇ ਮਹਿਕਮੇ ਦਾ ਨਾਮ ਲੈ ਕੇ ਡਿਪਟੀ ਲੀਡਰ ਨੇ ਕੁੱਝ ਦੁੱਖ ਪ੍ਰਗਟ ਕੀਤਾ ਹੈ, ਔਰ ਹਰੀਜਨਾਂ ਨਾਲ ਹਮਦਰਦੀ ਪਰਗਟ ਕੀਤੀ ਹੈ। ਸਪੀਕਰ ਸਾਹਿਬ, ਮੈਂ ਕਹਿ ਸਕਦਾ ਹਾਂ ਕਿ ਪੰਜਾਬ ਦੀ ਹਿਸਟਰੀ ਵਿਚ ਪਹਿਲਾ ਮੌਕਾ ਹੈ ਕਿ ਦੋ ਫੁੱਲ ਹਰੀਜਨ ਵਜ਼ੀਰ ਲਏ ਗਏ ਹਨ ਔਰ ਇੰਮਪਾਰਟੈਂਟ ਮਹਿਕਮੇ ਉਨ੍ਹਾਂ ਪਾਸ ਹਨ । ਐਗਰੀਕਲਚਰ ਡਿਪਾਰਟ-ਮੈਂਟ ਅਜ ਹਿੰਦੁਸਤਾਨ ਦਾ ਬੜਾ ਇੰਪਾਰਟੈਂਟ ਮਹਿਕਮਾ ਹੈ। ਐਜੂਕੇਸ਼ਨ ਕਦੇ ਹਰੀਜਨ ਵਜ਼ੀਰ ਨੂੰ ਨਹੀਂ ਦਿੱਤਾ ਗਿਆ ਪਰ ਹੁਣ ਹਰੀਜਨ ਵਜ਼ੀਰ ਪਾਸ ਹੈ। ਅਜ ਹਰੀਜਨਾਂ ਦਾ ਸਰਕਾਰ ਵਿਚ ਸਭ ਤੋਂ ਜ਼ਿਆਦਾ ਬੋਲ ਬਾਲਾ ਹੈ । ਹਰੀਜਨਾਂ ਦੀ ਹਰ ਮੰਗ ਨੂੰ ਇਹ ਸਰਕਾਰ ਪੂਰਾ ਕਰਨ ਦਾ ਯਤਨ ਕਰਦੀ ਹੈ। ਇਸ ਗੱਲ ਲਈ ਸ਼ਿਕਾਇਤ ਕਰਨ ਦਾ ਮੌਕਾ ਨਹੀਂ ਮਿਲੇਗਾ । (ਵਿਘਨ)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਬੋਲਣ ਲਗ ਪਏ) ** ** **

**Not recorded as ordered by the Chair.

ਸ੍ਰੀ ਸਪੀਕਰ : ਜੋ ਮੈਂਬਰ ਸਾਹਿਬਾਨ ਚੇਅਰ ਦੀ ਆਗਿਆ ਤੋਂ ਬਿਨਾਂ ਕਹਿੰਦੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever the hon'ble Members are saying without the permission of the Chair, should not be recorded.)

Absorption of Harijans in Industrial Concerns

*1869. **Shri Sardari Lal Kapur** : Will the Chief Minister be pleased to state whether the Government has/or propose to take any steps to see that the Industrial concerns in the State, increase the rate of absorption of Harijans and members of other backward classes in the industries; if so, the details thereof and if not, the reasons therefor ?

Sardar Gurcharan Singh Nihalsinghwala (Chief Parliamentary Secretary) : Government cannot force the industrial concerns in the State to increase the rate of absorption of Harijans and members of other backward classes as they have to employ the labour keeping in view the experience and efficiency of the workers.

[ਰਾਜ ਸਰਕਾਰ ਉਦਯੋਗਕਾਰਾਂ ਨੂੰ ਇਸ ਗੱਲ ਤੇ ਮਜ਼ਬੂਰ ਨਹੀਂ ਕਰ ਸਕਦੀ ਕਿ ਉਹ ਹਰੀਜਨਾਂ ਤੇ ਪਛੜੀਆਂ ਸ਼੍ਰੇਣੀਆਂ ਦੀ ਆਪਣੇ ਉਦਯੋਗਾਂ ਵਿਚ ਗਿਣਤੀ ਵਧਾਉਣ ਕਿਉਂਕਿ ਉਨ੍ਹਾਂ ਨੇ ਤਜਰਬਾ ਤੇ ਨਿਪੁੰਣਤਾ ਨੂੰ ਮੁੱਖ ਰੱਖ ਕੇ ਕਿਰਤੀਆਂ ਨੂੰ ਰੋਜ਼ਗਾਰ ਤੇ ਲਾਉਣਾ ਹੁੰਦਾ ਹੈ]

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਜਿਹੜਾ ਜਵਾਬ ਦਿੱਤਾ ਗਿਆ ਹੈ ਉਸ ਦੇ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੇਰਾ ਕੁਐਸਚਨ ਬੜਾ ਸਿੱਧਾ ਸੀ ਕਿ ਇਸ ਕਿਸਮ ਦੇ ਜਿਹੜੇ ਅਦਾਰੇ ਹਨ ਉਨ੍ਹਾਂ ਵਿਚ ਹਰੀਜਨਾਂ ਨੂੰ ਕਿਸੇ ਤਰਕੀਬ ਨਾਲ ਸਹੂਲਤ ਜ਼ਿਆਦਾ ਦਿੱਤੀ ਜਾਵੇ । ਇਸ ਤਰ੍ਹਾਂ ਦੇ ਅਦਾਰੇ ਗੌਰਮਿੰਟ ਦੇ ਵੀ ਹਨ ਔਰ ਪ੍ਰਾਈਵੇਟ ਵੀ ਹਨ । ਜਾਂ ਇਹ ਕਰ ਦਿਤਾ ਜਾਵੇ ਕਿ ਜਿਸ ਵੇਲੇ ਕਿਸੇ ਨੂੰ ਵੀ ਲਾਈਸੈਂਸ ਦਿਤਾ ਜਾਵੇ ਤਾਂ ਇਹ ਕਿਹਾ ਜਾਵੇ ਕਿ ਜਿਹੜੇ ਯੋਗ ਆਦਮੀ ਹਰੀਜਨ ਹੋਣ ਤਾਂ ਉਨ੍ਹਾਂ ਲਈ ਕੁੱਝ ਰਖਿਆ ਜਾਵੇ ।

ਚੀਫ ਪਾਰਲੀਆਮੈਂਟਰੀ ਸੈਕਟਰੀ : ਸਪੀਕਰ ਸਾਹਿਬ, ਮੈਂ ਸਪੱਸ਼ਟ ਕਰ ਦਿੱਤਾ ਹੈ ਕਿ ਜਿਹੜਾ ਵੀ ਕੋਈ ਪ੍ਰਾਈਵੇਟ ਇੰਡਸਟਰੀਅਲਿਸਟ ਹੈ, ਉਹ ਤਜਰਬੇਕਾਰ ਅਤੇ ਉਨ੍ਹਾਂ ਲੋਕਾਂ ਨੂੰ ਰਖਦਾ ਹੈ ਜਿਹੜਾ ਉਸ ਦੇ ਕੰਮ ਦਾ ਹੋਵੇ । ਇਸ ਦੇ ਵਿਚ ਸਰਕਾਰ ਕਿਸੇ ਨੂੰ ਮਜਬੂਰ ਨਹੀਂ ਕਰ ਸਕਦੀ ਕਿ ਇੰਨੇ ਬੈਕਵਰਡ ਹੋਣ ਅਤੇ ਇੰਨੇ ਹਰੀਜਨ ਹੋਣ, ਕਿਉਂਕਿ ਉਹ ਕੰਮ ਨੂੰ ਨਹੀਂ ਜਾਣਦੇ ।

ਕਾਮਰੇਡ ਸੱਤ ਪਾਲ ਡਾਂਗ : ਇਹ ਤਾਂ ਠੀਕ ਹੈ ਕਿ ਉਨ੍ਹਾਂ ਨੂੰ ਅਸੀਂ ਮਜਬੂਰ ਨਹੀਂ ਕਰ ਸਕਦੇ, ਸਰਕਾਰ ਆਪਣੀ ਹੈ, ਜੋ ਮਰਜ਼ੀ ਕਰ ਲਵੇ । ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੇ ਵਿਚ ਵੀ ਸਰਕਾਰ ਨੂੰ ਉਨ੍ਹਾਂ ਨੂੰ ਮਜਬੂਰ ਕਰਨ ਲਈ ਅਖਤਿਆਰ ਹੋਵੇ, ਇਸ ਬਾਰੇ ਸਰਕਾਰ ਕੋਈ ਨਵਾਂ ਬਿਲ ਲਿਆ ਕੇ ਪਾਸ ਕਰਵਾਉਣ ਨੂੰ ਤਿਆਰ ਹੈ ?

ਚੀਫ ਪਾਰਲੀਆਮੈਂਟਰੀ ਸੈਕਟਰੀ : ਹਰ ਗੱਲ ਮੰਨਣ ਨੂੰ ਤਿਆਰ ਹਾਂ ਜੇ ਬੈਕਵਰਡ ਅਤੇ ਹਰੀਜਨ ਲੋਕ ਤਜਰਬੇਕਾਰ ਹੋਣ ਅਤੇ ਰਖੇ ਜਾ ਸਕਣ, ਤਾਂ ਇੰਡਸਟਰੀ ਵਿਚ ਵੀ ਸਰਕਾਰ ਇਸ ਤਰ੍ਹਾਂ ਕਰੇਗੀ ।

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਚੀਫ ਪਾਰਲੀਆਮੈਂਟਰੀ ਸੈਕਟਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਜਵਾਇੰਟ ਸੈਕਟਰ ਵਿਚ ਇੰਡਸਟਰੀ ਲਗਾਉਂਦੇ ਹਨ, ਕੀ ਸਰਕਾਰ ਕੰਡੀਸ਼ਨ ਆਫ ਦਾ ਐਗਰੀਮੈਂਟ ਬਣਾਵੇਗੀ ਕਿ ਉਨ੍ਹਾਂ ਨੂੰ ਲਾਈਸੈਂਸ ਤਾਂ ਦੇਣਾ ਹੈ ਜੇ ਉਹ ਬੈਕਵਰਡ ਅਤੇ ਹਰੀਜਨਾਂ ਵਾਸਤੇ ਵੀ ਇੰਨੀਆਂ ਸੀਟਾਂ ਜ਼ਰੂਰ ਰਖਣ ?

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਜੋ ਵਿਧਾਨਿਕ ਢੰਗ ਨਾਲ ਅਸੀਂ ਬਾਕੀ ਦੀਆਂ ਥਾਵਾਂ ਵਾਸਤੇ ਜਵਾਇੰਟ ਸੈਕਟਰ ਨੂੰ, ਕਾਰਪੋਰੇਸ਼ਨਜ਼ ਨੂੰ ਔਰ ਇੰਡਸਟਰੀਅਲਿਸਟਾਂ ਨੂੰ ਕਹਿ ਸਕਦੇ ਹਾਂ ਔਰ ਕਰਵਾ ਸਕਦੇ ਹਾਂ, ਸਰਕਾਰ ਹਰ ਮੁਮਕਿਨ ਵਿਧਾਨਿਕ ਤਰੀਕੇ ਨਾਲ ਇਨ੍ਹਾਂ ਨੂੰ ਨੁਮਾਇੰਦਗੀ ਦਿਵਾਉਣ ਦਾ ਯਤਨ ਕਰੇਗੀ । ਸਰਕਾਰ ਦੀ ਇਹ ਰਾਏ ਹੈ ਔਰ ਸਾਡੀ ਇਹ ਕੋਸ਼ਿਸ਼ ਹੈ ਕਿ ਹਰ ਥਾਂ ਤੇ, ਸਮਾਜਿਕ ਤੌਰ ਤੇ ਵੀ, ਆਰਥਿਕ ਤੌਰ ਤੇ ਵੀ, ਰਾਜਨੀਤਕ ਤੌਰ ਤੇ ਵੀ, ਡੈਮੋਕਰੇਟਿਕ ਤੌਰ ਤੇ ਵੀ ਹਰੀਜਨ ਜਿਹੜੇ ਹਨ, ਉਨ੍ਹਾਂ ਦਾ ਪਿਛੜਾਪਨ ਨਹੀਂ ਰਹਿਣ ਦੇਣਾ ਚਾਹੀਦਾ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਪ੍ਰਾਈਵੇਟ ਕਾਲਜਾਂ, ਸਕੂਲਾਂ ਦੀਆਂ ਜਿਹੜੀਆਂ ਕਮੇਟੀਆਂ ਹੋਣ, ਉਨ੍ਹਾਂ ਵਿਚ ਵੀ ਹਰੀਜਨਾਂ ਦੀ ਆਬਾਦੀ ਦੇ ਮੁਤਾਬਕ ਮੈਂਬਰ ਜ਼ਰੂਰ ਲਏ ਜਾਣ ਅਤੇ ਮੈਂ ਇਹ ਵੀ ਕਹਾਂਗਾ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਚ ਜਿਹੜੇ ਰਾਗੀ, ਢਾਢੀ ਅਤੇ ਮੈਨੇਜਰ ਵਗੈਰਾ ਹਨ, ਉਥੇ ਵੀ 25 ਫੀ ਸਦੀ ਇਹ ਲੋਕ ਲਏ ਜਾਣੇ ਚਾਹੀਦੇ ਹਨ।

Mr. Speaker : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

Case registered against a S.H.O. of Nabha Police Station, District Patiala and a Contractor

***2088. Sardar Dhanna Singh Gulshan :** Will the Chief Minister be pleased to state—

(a) whether it is a fact that a case had been registered against a S.H.O. of Nabha Police Station, District Patiala and a contractor under section 354/452/114 in May, 1973 for alleged rape of two minor girls ;

(b) if the reply to part (a) above be in the affirmative, the results of the said case ?

ਗਿਆਨੀ ਜ਼ੈਲ ਸਿੰਘ : (ੳ) ਇਹ ਮੁਕੱਦਮਾ ਜਨਾਹ ਬਿਲ ਜਬਰ ਦਾ ਨਹੀਂ ਬਲਕਿ ਲਜਿਆ ਭੰਗ ਕਰਨ ਦਾ ਸੀ ਅਤੇ ਇਹ ਮਈ 1973 ਵਿਚ ਨਹੀਂ ਬਲਕਿ ਅਪ੍ਰੈਲ 1973 ਵਿਚ ਦਰਜ ਹੋਇਆ ਸੀ ।

(ਅ) ਇਸ ਮੁਕੱਦਮੇ ਵਿਚ ਦੋਸ਼ੀਆਂ ਦਾ ਚਲਾਨ ਕੀਤਾ ਗਿਆ ਸੀ ਪਰ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿਤਾ ।

Starred Question No. 2519.

Extension has been asked for in respect of Starred Question No. 2519

Medical Examination done in Ropar District under the Medical Manthan Programme

***1903. Shri Sardari Lal Kapur :** Will the Minister of State for Health and Family Planning be pleased to state—

(a) whether each resident of District Ropar was medically examined under the Medical Manthan Programme, recently; if so, the result of this extensive programme ;

[Shri Sardari Lal Kapur]

(b) the kind of the diseases which prevail in Ropar District according to the Report of the Medical Manthan Activities taken up by the Health Department of the State Government ;

(c) the average number of cases examined by each Doctor in the said district ;

(d) the total number of Doctors employed in the said district for the execution of Medical Manthan Programme, alongwith the number of days for which each Doctor was employed for the purpose ?

Sardar Balbir Singh : (a), (b), (c) and (d) The reply is laid on the Table of the House.

[(ਏ) (ਬੀ)
(ਸੀ) ਅਤੇ ਜਵਾਬ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।]
(ਡੀ)

REPLY

(a) No. only the rural population of the District was covered under this programme and the medical examination of the sick persons was done. However, the Family roster of each household in the rural area was prepared. The results of this programme are as under :—

1.	No, of persons screened	..	311,590
2.	No. of persons given treatment	..	60,075
3.	No. of persons referred for—		
	(i) Specialist treatment	..	2,361
	(ii) Surgical Operations	..	1,668
	(iii) E.C.G/X-Ray	..	989
4.	Laboratory Services—		
	(i) No. of Haemo globin Tests	..	7,168
	(ii) No. of Blood Slides examined	..	2,717
	(iii) No. of Urine Samples examined	..	1,394
	(iv) No. of Sputum Slides examined	..	1,011
5.	No. of persons X-Rayed	..	68
6.	No. of persons screened	..	129
7.	No. of E.C.G.done	..	27
8.	Number of Operations performed	..	157

ANNEXURE 'B'

(b) The disease pattern of the Rural Population in District Ropar is as under :—

Serial No.	Diagnosis		No. of Cases	Percentage
1	Diarrhoea	..	2,669	4·44
2	Disentery	..	1,196	1·99

3	Gastroenteritis	..	576	0·96
4	Constipation	..	520	0·86
5	Hook Worm-round worm-Throad worm-Tape worm	..	1,559	2·59
6	Measles	..	16	0·03
7	Whooping Cough	..	210	0·35
8	T.B.	..	393	0·65
9	Chicken Pox	..	14	0·02
10	P.U.O. Pyrexia of Unknown Origin	..	1899	3·16
11	Enteric Fever	..	21	0·03
12	Malaria	..	31	0·05
13	Rheumatic Fever	..	55	0·09
14	Skin Infection	..	1,371	2·28
15	Eczema	..	510	0·85
16	Boils	..	5,818	9·69
17	Goitre	..	72	0·12
18	Diabetes	..	88	0·15
19	Anaemia	..	8,845	14·72
20	Viotminosis	..	3,311	5·51
21	Protein Deficiency Syndrome	..	468	0·78
22	Nourosis	..	1,069	1·78
23	Epilepsy	..	160	0·27
24	Eye-Infection	..	4,196	6·98
25	Cateract	..	1,050	1·75
26	Glaucoma	..	97	0·16
27	Trichiasis	..	103	0·17
28	Complete Blindness	..	54	0·09
29	Chronic S.O.M. (Spueripive Odip s Media)	..	1,308	2·18
30	Deafness	..	95	0·16
31	Tonsillitis	..	611	1·02
32	Dental pyrr	..	172	0·29
33	Dental Cariss	..	499	0·83

[Minister of State for Health and Family Planning]

34	Hypertension	..	236	0·39
35	Coronary Heart Disease	..	86	0·14
36	U.R.C. (Upper Respiratory Cataras)	..	2,790	4·65
37	Bronchitis	..	2,628	4·38
38	Asthma	..	496	0·83
39	Cirrhosis Liver	..	11	0·02
40	Urinary Trouble	..	181	0·30
41	Urinary Calculus	..	69	0·11
42	Nephritis	..	30	0·05
43	Prostate	..	37	0·07
44	Jaundice	..	8	0·01
45	Arthritis and Pains	..	5,019	8·35
46	Menstrual Disorder	..	854	1·42
47	Fistula	..	9	0·01
48	Piles	..	230	0·38
49	Tumour	..	52	0·09
50	Wounds	..	616	1·03
51	Fracture	..	21	0·04
52	Others	..	7,647	12·73
	Total	..	60075	100·00

(c) On an average each doctor screened 3845 persons with the aid of his team and examined 741 cases under this programme i. e., 62 cases per day.

(d) 81 doctors were deputed for this programme in Ropar District. They worked for 13 days from 18th June, 1973 to 30th June, 1973.

Alleged Rape of a Lady Patient in V.J. Hospital, Amritsar on 27th September, 1973.

***2534. Sardar Jasdev Singh Sandhu** : Will the Minister of State for Health and Family Planning be pleased to state whether the Government or the Director, Health Services, has received any complaint regarding the rape of a lady patient in the V.J. Hospital, Amritsar, on 27th September, 1973; if so, the results of enquiry held into this matter ?

Shri Gurmail Singh (Education Minister) : Yes, Sir. On the basis of the report of the Enquiry Officer and due consideration of the same by Government the doctor concerned was completely exone-rated.

[ਹਾਂ ਜੀ, ਇਨਕੁਆਇਰੀ ਅਫਸਰ ਦੀ ਰਿਪੋਰਟ ਦੇ ਆਧਾਰ ਤੇ ਅਤੇ ਉਸ ਤੇ ਯੋਗ ਵਿਚਾਰ ਕਰਕੇ ਸਰਕਾਰ ਨੇ ਸਬੰਧਤ ਡਾਕਟਰ ਨੂੰ ਪੂਰਨ ਤੌਰ ਤੇ ਬਰੀ ਕਰ ਦਿਤਾ ਹੈ]

Grant received from Central Government for Construction of Bridges on Choes and Drains during 1973.

***2096. Sardar Dhanna Singh Gulshan** : Will the Minister of State for Irrigation and Power be pleased to state—

(a) whether any grant was received by the State Government from the Central Government in 1973 for constructing bridges on Choes and Drains in the State for the convenience of the public; if so, the amount thereof ;

(b) if answer to part (a) above be in the affirmative, the total number of bridges so constructed and whether the whole amount of the said grant was spent for the purpose ?

Sardar Gurbaksh Singh Sibia : (a) No, Sir.
(b) Question does not arise.

(ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ]

Removal of Bricks lying on Bridge No. 64000 of Faridkot Rajbaha

***2508. Sardar Jaswinder Singh Brar** : Will the Minister of State for Irrigation and Power be pleased to state—

(a) the purpose for which the bricks lying on Bridge No. 64000 of Faridkot Rajbaha have been removed;

(b) whether the bricks mentioned in part (a) above have been stolen ; if so, whether the Department/Authorities concerned lodged any report with the Police; if not, the reasons therefor ?

Sardar Gurbaksh Singh Sibia : (a) These bricks have been used on the work of remodelling fall-cum-bridge R.D. 64000 Faridkot Distributary and Head Regulator Machaki Minor.

(b) No, Sir.

[(ਏ) ਇਹ ਇੱਟਾਂ ਫਰੀਦਕੋਟ ਰਾਜਬਾਹੇ ਦੀ ਬੁਰਜੀ ਨੰ: 64000 ਤੇ ਫਾਲ-ਕਮ-ਪੁਲ ਅਤੇ ਮਚਾਕੀ ਮਾਈਨਰ ਦੇ ਹੈਡ ਰੇਗੂਲੇਟਰ ਦੇ ਨਵਰੂਪਣ ਦੇ ਕੰਮਾਂ ਤੇ ਵਰਤੀਆਂ ਗਈਆਂ ਹਨ ।

(ਬੀ, ਨਹੀਂ ਜੀ]

Digging out certain Drains in Faridkot District

***2509. Sardar Jaswinder Singh Brar** : Will the Minister of State for Irrigation and Power be pleased to state—

(a) whether any water logging drain is being dug out from village Deviwala, P. S. Kot Kapura, district Faridkot; if so, the time by which the same is likely to be completed ;

[Sardar Jaswinder Singh Brar]

(b) whether a similar drain as mentioned in part (a) above is also being dug out from village Kauni, P. S. Sadar, Faridkot; if so, whether the same would be dug out through the area where the flood waters flowed in the past ?

Sardar Gurbaksh Singh Sibia : (a) and (b) No, Sir.

[(ੳ) ਅਤੇ

(ਅ) ਨਹੀਂ ਜੀ]

Enquiry against certain Depot Holders of Patiala City during 1973

*2532. **Sardar Jasdev Singh Sandhu** : Will the Minister of State for Food and Supplies be pleased to state—

(a) whether any officer of the rank of Deputy Secretary to Government, Punjab. conducted any enquiry into the complaint against certain Depot Holders of Patiala City during the year, 1973;

(b) if the reply to part (a) above be in the affirmative, whether the said officer has submitted his report to the Government ; if so, when ;

(c) the names of the depot-holders against whom action has been taken on the basis of the said report together with the details of action taken ?

Sardar Gurdarshan Singh : (a) Yes Sir.

(b) No Sir.
(c) In view of the reply given at (b) above, question does not arise for the present.

[(ੳ) ਜੀ ਹਾਂ ।

(ਅ) ਨਹੀਂ ਜੀ ।

(ੲ) ਉਪਰੋਕਤ (ਅ) ਦੇ ਅੱਗੇ ਦਿੱਤੇ ਜਵਾਬ ਨੂੰ ਧਿਆਨ ਵਿਚ ਰੱਖਦੇ ਹੋਏ ਅਜੇ ਕਾਰਵਾਈ ਕਰਨ ਦਾ ਸਵਾਲ ਪੈਦਾ ਨਹੀਂ ਹੁੰਦਾ ।]

Persons killed as a result of firing between two groups on Patiala-Samana Road

*2097. **Sardar Dhanna Singh Gulshan** : Will the Chief Minister be pleased to state—

(a) whether it is a fact that four persons were killed as a result of firing between two groups on Patiala-Samana road during the last week of November, 1973; if so, the reasons therefor ?

(b) the details of the action so far taken by the police in the said cases?

ਗਿਆਨੀ ਜ਼ੈਲ ਸਿੰਘ: (ਏ) ਹਾਂ ਜੀ। ਇਨ੍ਹਾਂ ਕਤਲਾਂ ਦਾ ਕਾਰਨ ਇਹ ਸੀ ਕਿ 7/8 ਮਹੀਨੇ ਪਹਿਲਾਂ ਨਿਧਾਨ ਸਿੰਘ ਤੇ ਕਿਸੇ ਨੇ ਫਾਇਰ ਕੀਤੇ ਸਨ ਅਤੇ ਨਿਧਾਨ ਸਿੰਘ ਨੂੰ ਸ਼ੱਕ ਸੀ ਕਿ ਇਹ ਫਾਇਰ ਜਗੀਰ ਸਿੰਘ ਨੇ ਕੀਤੇ ਸਨ।

(ਬੀ) ਇਸ ਘਟਨਾ ਬਾਰੇ ਜਗੀਰ ਸਿੰਘ ਪੁੱਤਰ ਲਧਾ ਸਿੰਘ ਨੇ ਪੁਲਿਸ ਪਾਸ ਇਤਲਾਹ ਦਿਤੀ। ਇਸ ਤੇ ਮੁਕੱਦਮਾਂ ਨੂੰ 247 ਮਿਤੀ 27 ਨਵੰਬਰ, 1973 ਅ/ਧ 302/307/34 ਭ: ਦ: ਦੇ ਥਾਣਾ ਸਮਾਨਾ ਵਿਖੇ ਦਰਜ ਹੋਇਆ। ਨਿਧਾਨ ਸਿੰਘ ਅਤੇ ਬਲਵਿੰਦਰ ਸਿੰਘ ਮਿਤੀ 5 ਦਸੰਬਰ, 1973 ਨੂੰ ਗ੍ਰਿਫ਼ਤਾਰ ਕੀਤੇ ਗਏ ਪਰ ਹਰਨਾਮ ਸਿੰਘ ਭਗੌੜਾ ਹੋ ਗਿਆ। ਮਿਤੀ 27 ਦਸੰਬਰ, 1973 ਨੂੰ ਇਸ ਮੁਕਦਮੇ ਦਾ ਚਲਾਨ ਅਦਾਲਤ ਵਿਚ ਪੇਸ਼ ਕੀਤਾ ਗਿਆ। ਹਰਨਾਮ ਸਿੰਘ ਵੀ ਮਿਤੀ 28 ਜਨਵਰੀ, 1974 ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

Cases registered in Police Station Longowal, District Sangrur.

***2522. Sardar Sukhdev Singh Dhindsa** : Will the Chief Minister be pleased to state whether it is fact that 72 bags of fertilizers were seized from Longowal, district Sangrur for which a case was registered with Longowal Police station *vide* F.I.R. No. 12, dated 8th January, 1974 under D.I.R. ; if so, the action taken against the hoarders ?

ਗਿਆਨੀ ਜ਼ੈਲ ਸਿੰਘ: ਹਾਂ ਜੀ। ਇਹ ਮੁਕੱਦਮਾ ਅਜੇ ਜ਼ੇਰ ਤਫਤੀਸ਼ ਹੈ।

STARRED QUESTION NO: 2533

(Extension was asked for in respect of Starred Question No: 2533)

ਜ਼ੈਲ ਸਿੰਘ

ਡੀ. ਓ. ਨੰ: 2607/ਕ-2
ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ
11-3-1974

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦਾ ਸਟਾਰਡ ਸਵਾਲ ਨੰ: 2533, ਜੋ ਕਿ ਮਿਤੀ 12 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਸਰਦਾਰ ਜਸਦੇਵ ਸਿੰਘ ਸੰਧੂ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ, ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਇਕ ਹਫਤੇ ਦਾ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 19 ਮਾਰਚ, 1974 ਤੋਂ ਪਿਛੋਂ ਮਾਰਚ, 1974 ਦੇ ਮਹੀਨੇ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸਪਾਤਰ,
ਸਹੀ . . .
(ਜ਼ੈਲ ਸਿੰਘ)

ਡਾਕਟਰ ਕੇਵਲ ਕ੍ਰਿਸ਼ਨ
ਸਪੀਕਰ ਸਾਹਿਬ,
ਪੰਜਾਬ ਵਿਧਾਨ ਸਭਾ।

Complaint against the D.S.P. Headquarters, Gurdaspur

***2515. (1) Sardar Surjit Singh Barnala**
(2) Sardar Ajaib Singh Sandhu } : Will the Chief Minister be pleased to state—

(a) whether the Government received an application, dated 19th December, 1973 from Sardar Sewa Singh, Member, S.G.P.C. President, Khalsa High School and President Sri Guru Singh Sabha, Gurdaspur, addressed to the Inspector-General of Police, Punjab, Chandigarh, complaining against Shri Kundan Singh, D.S.P., Headquarter, Gurdaspur; if so, a copy thereof be laid on the Table of the House;

(b) the action taken on the said application?

ਗਿਆਨੀ ਜ਼ੈਲ ਸਿੰਘ: (ਏ) ਹਾਂ ਜੀ। ਸਬੰਧਤ ਅਰਜ਼ੀ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਬੀ) ਅਰਜ਼ੀ ਵਿਚ ਲਗਾਏ ਗਏ ਦੋਸ਼ਾਂ ਬਾਰੇ ਇਨਕੁਆਇਰੀ ਹੋ ਰਹੀ ਹੈ।

COPY OF THE APPLICATION

To

The Inspector-General of Police, Punjab,
Chandigarh.

Sub.—Misconduct and Highhandedness of Shri Kundan Singh, Deputy Superintendent of Police, Headquarter, Gurdaspur.

Sir,

That at police station Kahnuwan, case State *versus* Jagat Ram (alleged accused numbering 13), etc under section 326 Indian Penal Code, was registered on 17th October, 1973, *vide* First Information Report No. 157. On account of enmity with the complainant party, I, Surjit Singh Gurdip Singh, Karnail Singh, Balwant Singh, Balwinder Singh, Darshan Singh and others have been falsely implicated. None of us was even present either in the village or on the spot of the alleged occurrence. None of us is related to the accused party in any way or whatsoever. It may be added that Surjit Singh is Clerk in Co-operative Bank, at Kahnuwan whereas Gurdip Singh, is Patwari in village Wazirpur Afghana, near Dorangla which is at distance of 30 miles from the place of the alleged occurrence. I, myself, an active member of Shiromani Gurdwara Parbhandak Committee, Amritsar. I reside at Gurdaspur, and am President of Khalsa High School, Gurdaspur and President of Sri Guru Singh Sabha, Gurdaspur. Our false implication in the case is well within the knowledge of the local police as well as of the Police Station Kahnuwan but strangely enough Shri Kundan Singh, Deputy Superintendent of Police, Gurdaspur, presumably under the pernicious influence of the complainant party, obviously from *malafide* and ulterrior motives has in fact been instrumental in my and my relations involvement in the said case. In this connection I sought personal interview with the D.I.G., C.I.D. at Chandigarh and apprised him with the actual facts. Copy of the written memorandum submitted to the D.I.G. C.I.D. is enclosed herewith for ready reference. In this connection a telegram from Secretary Shiromani Akali Dal, was also sent to the D.I.G. C.I.D. on 12th November, 1973. D.I.G., C.I.D., assured me of fair and impartial look into the matter. At the instance of higher authorities the matter has already been referred to the Superintendent of Police, Gurdaspur, for enquiry. Even though allegations required to be gone into have been made against Shri Kundan Singh, D.S.P., it is curious that the matter has been entrusted to police officers, subordinate in rank to the officer complained against.

2. Shri Sujan Singh, Inspector of Police, Gurdaspur, summoned me to the S.P.'s Office, Gurdaspur, in connection with the aforesaid enquiry and as such I went today to see him accordingly. It was about 3 P.M. today. Shri Kundan Singh, Deputy Superintendent of Police, was present in the premises of Superintendent of Police Office, Gurdaspur. Office of Shri Sujan Singh is located in these premises. Shri Sujan Singh was not present in his office, and as such I could not see

him. On seeing me, Shri Kundan Singh, Deputy Superintendent of Police came to me and he asked me as to how I was present there. I told him that Shri Sujan Singh, Inspector, called me for the purpose of the said enquiry. He, thereupon, felt enraged and in insulting tone asked me to leave the premises. It may not be out of place to mention that in a public meeting, held at Gurdwara Ghalu Ghara, Kahnuwan Chhamb, on 10th December, 1973, I did refer to the routine corrupt activities and mis-deeds of Shri Kundan Singh, Deputy Superintendent of Police in my speech. His drinking habits, corruption, and mis-deeds are a talk of the town and is an open secret that he victimises innocent persons, by involving them in false cases. Obviously it is not the conduct of an honest police officer and the belief shared by the respectables and common man of the , Ilaqa in his being a corrupt and dishonest officer, sounds reasonable and well-founded. My criticism in my speech against him was intended to act as a corrective and healthy influence upon him and I never meant to embarass him. It appears that he has taken a preverse view of my healthy comments, and has taken into his hot head to harm me through his obnoxious influence. It is apparant from the threats, he has openly extended to me today on the premises of Superintendent of Police office, Gurdaspur. How unsuited to the good office of the Deputy Superintendent of Police, he is, was evident from the rude language and criminal threats which were meted out to me by him. He had the audacity to say in my face that he would teach me my life's lesson and that he would silence my tongue for ever. Certainly it was an occasion of grave provocation for retaliation, but I abstained from indulging in it then and there, more than anything else for the simple reason that my faith in the good sense of the superior police and civil officers, has not yet been completely shaken. I shall believe that this guilty officer will get his due at your hands. I may say that rather than depending on his own merits and qualities, requisite for the job he has unfortunately been entrusted with, he depends on the political association of his wife Smt. Jaswant Kaur, who is at present M.LA.., of the Ruling Congress Clique. I say it clique because in the well organised form of Governments, officers, like Kundan Singh, Deputy Superintendent of Police, ought not to have any place.

3. I am very much alive to the fury and the rage with respect to my humble self from which Shri Kundan Singh, badly suffers these days. I and my close associates within or without my party have a genuine feeling that Shri Kundan Singh, Deputy Superintendent of Police is actively engaged in doing me bodily harm and I consider that if need be I would be in a position to produce a reliable evidence in that behalf. I want to make it clear through this representation to you and the other concerned authorities as well as to the public through its publicity that in case any physical assault is committed upon me or any bodily harm is done to me, its reponsibility shall lie on Shri Kundan Singh, Deputy Superintendent of Police and ultimately because of him, on the State Government. It is by no means, a vague alarm but these are my genuine apprehensions, at his hands and I have considered it appropriate to make these reach you and other concerned authorities in time, lest it should be too late in the day.

4. It is now for you to take suitable action in the matter, but my personal safety henceforth becomes the concern of the State Government. I once again reiterate my request for proper and fair investigation regarding my and of others false involvement in the aforesaid case. I also request that a suitable action may be expeditiously taken against Shri Kundan Singh, Deputy Superintendent of Police, in regard to my foregoing allegations against him.

(Sd.)
Yours faithfully,
SEWA SINGH,
Member, Shiromani Gurdwara Parbandhak Committee, President, Khalsa High School, Gurdaspur and President Sri Guru Singh Sabha, Gurdaspur

Copy forwarded to :—

1. D.I.G., C.I.D., Punjab, Chandigarh.
2. D.I.G., Police, Jullundur Range, Jullundur.
3. Superintendent of Police, Gurdaspur.

[Chief Minister]

4. The Deputy Commissioner, Gurdaspur.

5. The Public Grievances officer, Gurdaspur.

6. The President, Shiromani Akali Dal, Siri Amritsar.

7. The President, S.G.P.C., Amritsar.

8. S. Parkash Singh Badal, Leader, Akali Assembly Party.

9. S. Ajaib Singh Sandhu, Deputy Leader Akali Assembly Party.

10. S. Jaswinder Singh Brar, M.L.A. General Secretary, Akali Dal.

11. S. Surjit Singh Barnala, M.L.A., General Secretary, Akali Dal.

with the request that they will bring this matter in the coming Assembly Session.

12. Shri Raj Kumar, M.L.A., Dhariwal, with the request that the matter may be taken up in the next Co-ordination Committee meeting.

13. Shri Sat Pal Dang, M.L.A. Communist Party, Chheherta, with the request to take up the matter in the next Assembly Session.

Funds for Sewerage scheme of Mohalla Kot Kishan Chand Jullundur.

***2511. Shri Gurdial Saini** : Will the Minister for Finance be pleased to state—

(a) whether the Chief Minister recently made an announcement while inaugurating the Cleanliness Campaign of Mohalla Kot Kishan Chand, Jullundur that he would give money for the sewerage scheme of the Mohalla ; if so, the total amount proposed to be given for the purpose ;

(b) if the reply to part (a) above be in the affirmative whether the amount has been given; if not, the reasons for not giving the money so far ?

Shri Hans Raj Sharma : (a) The Chief Minister had not made any such commitment but had merely announced that the demand would be sympathetically considered by the Government.

(b) The Municipal Committee, Jullundur has not formally approached the Government in the matter.

[(ਏ) ਮੁੱਖ ਮੰਤਰੀ ਜੀ ਵੱਲੋਂ ਅਜਿਹਾ ਕੋਈ ਵਚਨ ਨਹੀਂ ਦਿਤਾ ਗਿਆ ਸੀ ਪ੍ਰੰਤੂ ਉਨ੍ਹਾਂ ਵੱਲੋਂ ਕੇਵਲ ਇਹੀ ਘੋਸ਼ਣਾ ਕੀਤੀ ਗਈ ਸੀ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਮੰਗ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇਗਾ ।

(ਬੀ) ਨਗਰਪਾਲਿਕਾ, ਜਲੰਧਰ ਵੱਲੋਂ ਇਸ ਮਾਮਲੇ ਬਾਰੇ ਸਰਕਾਰ ਨੂੰ ਰਸਮੀ ਤੌਰ ਤੇ ਪਹੁੰਚ ਨਹੀਂ ਕੀਤੀ ਗਈ ਹੈ ।]

STARRED QUESTION NO. 2514
(Extension was asked for in respect of Starred Question No. 2514)

Paving of Rajbaha Faridkot

***2507. Sardar Jaswinder Singh Brar :** Will the Minister of State for Irrigation and Power be pleased to state whether there is any Scheme under the consideration of Government to pave the Rajbaha Faridkot ?

Sardar Gurbaksh Singh Sibia : Yes Sir.

[ਹਾਂ ਜੀ ।]

QUESTIONS OF PRIVILEGE

Mr. Speaker : Comrade Darshan Singh Canadian and Comrade Raj Kumar M.L.As. have given notice of a Privilege Motion alleging that on 11th March, 1974, the Minister for Revenue while speaking on a Point of Personal Explanation made an incorrect statement. I will examine the matter and give my ruling later on.

ਕੈਪਟਨ ਰਤਨ ਸਿੰਘ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਪ੍ਰਿਵਿਲਿਜ ਇਹ ਹੈ ਕਿ ਸਾਡੇ ਕੋਲ ਲਾਈਟ ਨਹੀਂ ਹੁੰਦੀ ਅਤੇ ਮੈਨੂੰ ਤੇ ਚੌਧਰੀ ਸਾਹਿਬ ਨੂੰ ਬੜੀ ਤਕਲੀਫ ਹੁੰਦੀ ਹੈ, 10 ਦਿਨ ਹੋ ਗਏ ਹਨ, ਨਾ ਲਾਊਡ ਸਪੀਕਰ ਚਲਦਾ ਹੈ ਅਤੇ ਨਾ ਲਾਈਟ ਹੁੰਦੀ ਹੈ।

ਸ੍ਰੀ ਸਪੀਕਰ : ਇਹ ਫੌਰਨ ਠੀਕ ਕਰਵਾ ਦਿੱਤਾ ਜਾਵੇ। ਲਾਈਟ ਅਤੇ ਲਾਊਡ ਸਪੀਕਰ ਦੋਨੋਂ ਚੀਜ਼ਾਂ ਫੌਰਨ ਠੀਕ ਹੋ ਜਾਣਗੀਆਂ। (This may immediately be got done. Both light and loudspeaker arrangements may be set right atonce.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੇ ਦੋ ਪੁਆਇੰਟ ਆਫ ਪ੍ਰਿਵਿਲਿਜ ਹਨ । ਇਕ ਤਾਂ ਇਹ ਹੈ ਕਿ ਪ੍ਰਿਵਿਲੇਜ ਮੋਸ਼ਨ ਦਾ ਸਬਜੈਕਟ ਮੈਟਰ ਹਾਊਸ ਵਿਚ ਦੱਸਿਆ ਜਾਵੇ । ਦੂਜਾ ਪੁਆਇੰਟ ਆਫ ਪ੍ਰਿਵਿਲੇਜ ਇਹ ਹੈ ਕਿ ਬਹੁਤ ਦਿਨ ਹੋਏ ਇਥੇ ਇਕ ਸਵਾਲ, ਬਾਬੂ ਬ੍ਰਿਸ਼ ਭਾਨ ਦੇ ਜਵਾਬ ਵਿਚ, ਦਾ ਐਸਾ ਜਵਾਬ ਦਿੱਤਾ ਗਿਆ ਸੀ ਕਿ ਜਿੰਨੀਆਂ ਮੈਡੀਕਲ ਕਾਲਜ ਵਿਚ ਨੌਮੀਨੇਸ਼ਨਜ਼ ਹੋਈਆਂ, ਉਨ੍ਹਾਂ ਵਿਚ ਕੋਈ ਵੀ ਵਿਦਿਆਰਥੀ ਐਸਾ ਨਹੀਂ ਸੀ ਜਿਹੜਾ ਯੂਨੀਵਰਸਿਟੀ ਦੇ ਨੰਬਰਾਂ ਦੀ ਮਿਨੀਮਮ ਰਿਕੁਆਇਰਮੈਂਟ ਪੂਰੀ ਨਹੀਂ ਕਰਦਾ ਸੀ। ਇਹ ਗਲਤ ਬਿਆਨੀ ਸੀ ਅਤੇ ਇਸ ਬਾਰੇ ਮੇਰੇ ਕੋਲ ਸਪੈਸਿਫਿਕ ਕੇਸ ਹੈ । ਇਹ ਪ੍ਰਿਵਿਲੇਜ ਮੋਸ਼ਨ ਆ ਜਾਵਗੀ ਕਿ ਨਹੀਂ, ਫਿਰ ਤਾਂ ਸੈਸ਼ਨ ਹੀ ਖਤਮ ਹੋ ਜਾਣਾ ਹੈ ?

ਸ੍ਰੀ ਸਪੀਕਰ : ਗਵਰਨਮੈਂਟ ਨੂੰ ਰੀਮਾਈਂਡ ਕਰਵਾ ਦਿਤਾ ਹੈ, ਕਲ ਤਕ ਜਵਾਬ ਆ ਜਾਵੇਗਾ। (I have reminded the Government. The reply will come by tomorrow.)

ਕਾਮਰੇਡ ਸੱਤ ਪਾਲ ਡਾਂਗ : ਮਨਿਸਟਰ ਸਾਹਿਬ ਨੇ ਜਾਣ ਬੁਝਕੇ ਗਲਤ ਬਿਆਨੀ ਕੀਤੀ ਹੈ, ਇਨ੍ਹਾਂ ਨੇ ਜਵਾਬ ਨਹੀਂ ਦੇਣਾ ।

ਸ੍ਰੀ ਸਪੀਕਰ : ਜ਼ਰੂਰ ਜਵਾਬ ਆ ਜਾਵੇਗਾ । (The reply will definitely come.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, 6–7 ਦਿਨ ਹੋਏ, ਮੈਂ ਇਕ ਪ੍ਰਿਵਿਲੇਜ ਮੋਸ਼ਨ ਦਿੱਤੀ ਸੀ ਕਿ ਸਰਦਾਰ ਉਮਰਾਓ ਸਿੰਘ ਨੇ ਡਿਫਰੈਂਟ ਸਟੇਟਮੈਂਟਸ ਦਿੱਤੀਆਂ ਹਨ।

**Starred Questions No. 2514 and reply there to appear in the Appendix to this Debate.

ਸ਼੍ਰੀ ਸਪੀਕਰ: ਗਵਰਨਮੈਂਟ ਨੂੰ ਰੀਮਾਈਂਡ ਕਰਵਾਇਆ ਹੈ । (I have reminded the Government in the matter.)

Adjournment Motions

ਸਰਦਾਰ ਅਜਾਇਬ ਸਿੰਘ ਸੰਧੂ: ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ ਕਿ ਪੰਜਾਬ ਵਿਚ ਡੀਜ਼ਲ ਦੀ ਬੜੀ ਸ਼ਾਰਟੇਜ ਹੈ। ਹਾਲੀ ਤਕ ਐਡਮਿਟ ਨਹੀਂ ਹੋਈ।

ਸ਼੍ਰੀ ਸਪੀਕਰ: ਤੁਸੀਂ ਉਸ ਬਾਰੇ ਕਾਲ ਅਟੈਨਸ਼ਨਮੋਸ਼ਨ ਲੈ ਆਉਂਦੇ। (The hon. Member should have given notice of Call Attention Notice in that respect.)

ਸਰਦਾਰ ਅਜਾਇਬ ਸਿੰਘ ਸੰਧੂ: ਮੈਂ ਤੁਹਾਨੂੰ ਅਰਜ਼ ਇਹ ਕੀਤੀ ਸੀ ਕਿ ਸਾਰੇ ਪੰਜਾਬ ਵਿਚ ਸੈਂਕੜੇ ਟਰੱਕ, ਟਰੌਲੀਆਂ ਅਤੇ ਕੇਨਾਂ ਵਾਲੇ ਲਾਈਨਾਂ ਬੰਨ੍ਹ ਕੇ ਖੜੇ ਹਨ। ਸਪੀਕਰ ਸਾਹਿਬ, ਤੁਸੀਂ ਇਹ ਵੀ ਅਖਬਾਰਾਂ ਵਿਚ ਪੜ੍ਹ ਲਿਆ ਹੋਵੇਗਾ ਕਿ ਬਠਿੰਡਾ ਵਿਚ 20 ਵੀ ਸਦੀ ਲੋਕਾਂ ਦੇ ਟੈਲੀਫੋਨ ਡਿਸਕੋਨੈਕਟ ਕੀਤੇ ਗਏ ਹਨ, ਜਿਹੜੇ ਕਿ ਜੈਨਰੇਟਰਜ਼ ਨਾਲ ਚਲਦੇ ਸਨ, ਕਿਉਂਕਿ ਡੀਜ਼ਲ ਮਿਲਦਾ ਨਹੀਂ।

ਸ਼੍ਰੀ ਸਪੀਕਰ: ਤੁਸੀਂ ਕਾਲ ਅਟੈਨਸ਼ਨ ਮੋਸ਼ਨ ਦੇ ਦੇਣੀ ਸੀ। (The hon. Member should have tabled a Call Attention Notice.)

ਸਰਦਾਰ ਅਜਾਇਬ ਸਿੰਘ ਸੰਧੂ: ਤੁਸੀਂ ਕਿਹਾ ਸੀ ਕਿ ਕਾਲ ਅਟੈਨਸ਼ਨ ਮੋਸ਼ਨ ਵਿਚ ਬਦਲ ਦੇਵਾਂਗੇ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਕਾਰ ਡੀਜ਼ਲ ਦਾ ਬਿਲਕੁਲ ਪ੍ਰਬੰਧ ਨਹੀਂ ਕਰਨਾ ਚਾਹੁੰਦੀ। ਜਿਹੜਾ ਹਰਿਆਣੇ ਦਾ ਨਾਲ ਇਲਾਕਾ ਲਗਦਾ ਹੈ, ਉਥੇ ਕੋਈ ਲਾਈਨ ਨਹੀਂ ਲਗਦੀ ਅਤੇ ਡੀਜ਼ਲ ਮਿਲ ਜਾਂਦਾ ਹੈ, ਪਰ ਪੰਜਾਬ ਵਿਚ ਜਿਥੇ ਮਰਜ਼ੀ ਜਾਓ, ਲਾਈਨਾਂ ਹੀ ਲੱਗੀਆਂ ਹੁੰਦੀਆਂ ਹਨ। ਇਸ ਕਰ ਕੇ ਕਾਲ ਅਟੈਨਸ਼ਨ ਮੋਸ਼ਨ ਦੀ ਲੋੜ ਨਹੀਂ ਬਲਕਿ ਇਸ ਮਾਮਲੇ ਨੂੰ ਇਥੇ ਡਿਸਕਸ ਕੀਤਾ ਜਾਵੇ। (ਵਿਘਨ)

Mr. Speaker: Order please.

ਸਰਦਾਰ ਪਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਸਲਾ ਹੈ। ਇਸ ਬਾਰੇ ਹਾਊਸ ਵਿਚ ਐਸ਼ੋਰੈਂਸ ਦਿਵਾਈ ਗਈ ਸੀ ਕਿ ਗੱਡੀਆਂ ਉਥੋਂ ਚਲ ਪਈਆਂ ਹਨ, ਪਰ ਪਤਾ ਨਹੀਂ ਉਨ੍ਹਾਂ ਨੂੰ ਕਿਥੇ ਬਰੇਕਾਂ ਲਗ ਗਈਆਂ ਹਨ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ (ਸਰਦਾਰ ਗੁਰਦਰਸ਼ਨ ਸਿੰਘ): ਸਪੀਕਰ ਸਾਹਿਬ, ਮੈਂ ਇਸ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ....

ਸ਼੍ਰੀ ਸਪੀਕਰ: ਬਾਦਲ ਸਾਹਿਬ ਨੂੰ ਕਹਿ ਲੈਣ ਦੇਵੋ। (Let Sardar Parkash Singh Badal finish.)

ਸਰਦਾਰ ਪਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਸਾਡਾ ਆਪਣਾ ਬਾਰਡਰ ਦਾ ਇਲਾਕਾ ਹੈ, ਉਥੇ ਹਰਿਆਣੇ ਵਿਚ ਡਬਵਾਲੀ ਵਿਚ ਕਾਫੀ ਡੀਜ਼ਲ ਮਿਲਦਾ ਹੈ। ਇਸ ਕਰਕੇ ਪੰਜਾਬ ਨਾਲ ਇਹ ਬੜਾ ਭਾਰੀ ਧੱਕਾ ਹੈ ਅਤੇ ਸਰਕਾਰ ਇਸ ਗੱਲ ਤੇ ਕੋਈ ਸਟੈਪਸ ਨਹੀਂ ਲੈ ਰਹੀ। ਇਸ ਵਾਸਤੇ ਇਸ ਮਸਲੇ ਤੇ ਸਪੈਸ਼ਲ ਡਿਸਕਸ਼ਨ ਹੋਣੀ ਚਾਹੀਦੀ ਹੈ ਤਾਂ ਜੋ ਸਾਡੀ ਤਸੱਲੀ ਹੋ ਸਕੇ। ਪੰਜਾਬ ਦੀ ਇਕੋਨੌਮੀ ਬੁਰੀ ਤਰ੍ਹਾਂ ਫੇਲ੍ਹ ਹੋ ਰਹੀ ਹੈ, ਐਗਰੀਕਲਚਰ ਅਤੇ ਟਰਾਂਸਪੋਰਟ ਦਾ ਕੰਮ ਖਰਾਬ ਹੋ ਰਿਹਾ ਹੈ। ਜੇ ਤੁਸੀਂ

ਬਾਹਰ ਜਾ ਕੇ ਵੇਖੋ ਤਾਂ ਪਤਾ ਲਗਦਾ ਹੈ ਕਿ ਲੋਕ 40-40 ਮੀਲ ਪੈਦਲ ਚਲ ਰਹੇ ਹਨ—ਅਸੀਂ ਤਾਂ ਚੰਡੀਗੜ੍ਹ ਤੋਂ ਬਾਹਰ ਨਹੀਂ ਨਿਕਲਦੇ—ਪੰਜਾਬ ਵਿਚ ਹਰ ਪਾਸੇ ਹਾਹਾਕਾਰ ਮੱਚੀ ਹੋਈ ਹੈ। ਇਸ ਵਾਸਤੇ ਸਰਕਾਰ ਨੇ ਜਿਹੜੀ ਇਥੇ ਐਸ਼ੋਰੈਂਸ ਦਿੱਤੀ ਸੀ, ਉਸ ਬਾਰੇ ਇਸ ਹਾਊਸ ਵਿਚ ਦਸਿਆ ਜਾਵੇ ਤਾਂ ਹੀ ਸਾਡੀ ਤਸੱਲੀ ਹੋ ਸਕਦੀ ਹੈ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਚੀਫ ਮਨਿਸਟਰ ਸਾਹਿਬ ਨੇ ਆਪਣਾ ਬਿਆਨ ਦਿਤਾ ਸੀ ਕਿ ਸਰਕਾਰ ਨੇ ਪੂਰਾ ਯਤਨ ਕੀਤਾ ਹੈ ਅਤੇ ਜਿੰਨਾ ਕਿਹਾ ਸੀ ਉਨ੍ਹਾਂ ਡੀਜ਼ਲ ਪੰਜਾਬ ਵਿਚ ਆਇਆ ਹੈ। ਜੇਕਰ ਮੈਂਬਰ ਸਾਹਿਬਾਨ ਇਸ ਬਾਰੇ ਹੋਰ ਕੁਝ ਚਾਹੁੰਦੇ ਹਨ, ਤਾਂ ਇਸ ਬਾਰੇ ਅਸੀਂ ਇਕ ਹੋਰ ਸਟੇਟਮੈਂਟ ਦੇ ਦੇਵਾਂਗੇ ਕਿ ਜਿੰਨੀ ਕੁਆਨਟਿਟੀ ਪੰਜਾਬ ਵਿਚ ਆਈ ਸੀ, ਉਸ ਬਾਰੇ ਸਾਰੀ ਇਨਫਰਮੇਸ਼ਨ ਹਾਊਸ ਦੇ ਟੇਬਲ ਤੇ ਰਖ ਦੇਵਾਂਗੇ।

ਸ੍ਰੀ ਸਪੀਕਰ : ਮੇਰੀ ਗਵਰਨਮੈਂਟ ਨੂੰ ਇਹ ਬੇਨਤੀ ਹੈ ਕਿ ਇਸ ਮਾਮਲੇ ਵਿਚ ਸਾਰੀ ਛਾਣਬੀਨ ਕਰਕੇ ਕੱਲ ਹਾਊਸ ਵਿਚ ਬਾਕਾਇਦਾ ਸਟੇਟਮੈਂਟ ਦਿੱਤੀ ਜਾਵੇ। (I would request the Government that a full statement may be made tomorrow after thorough enquiry.)

ਸਰਦਾਰ ਜਸਵਿੰਦਰ ਸਿੰਘ ਬਰਾੜ : ਇਸ ਗੱਲ ਬਾਰੇ ਹਾਊਸ ਦੇ ਵਿਚ ਵੀ ਅਤੇ ਬਾਹਰ ਵੀ ਗਲਤ ਬਿਆਨੀ ਕੀਤੀ ਜਾਂਦੀ ਹੈ। ਤੁਸੀਂ ਕਿਤੇ ਪੰਜਾਬ ਵਿਚ, ਚੰਡੀਗੜ੍ਹ ਤੋਂ ਬਾਹਰ ਜਾ ਕੇ ਵੇਖੋ ਤਾਂ 200-200, 400-400 ਟਰੱਕ ਲਾਈਨਾਂ ਲਗਾ ਕੇ ਖੜ੍ਹੇ ਹੁੰਦੇ ਹਨ..................

ਸ੍ਰੀ ਸਪੀਕਰ : ਡੀਜ਼ਲ ਦੀ ਗੱਲ ਖਤਮ ਹੋ ਗਈ ਹੈ। ਇਸ ਬਾਰੇ ਮੈਂ ਸਰਕਾਰ ਨੂੰ ਬੇਨਤੀ ਕਰ ਦਿੱਤੀ ਹੈ (ਵਿਘਨ) ਉਹ ਸਟਟਮੈਂਟ ਦੇ ਦੇਣਗੇ। ((The matter regarding diesel has been disposed of. I have requested the Government (*Interruptions*) and it will make a statement tomorrow.)

ਸਰਦਾਰ ਦਰਬਾਰਾ ਸਿੰਘ : ** ** ** **

ਸਰਦਾਰ ਜਸਵਿੰਦਰ ਸਿੰਘ ਬਰਾੜ : ** ** ** **

ਸ੍ਰੀ ਸਪੀਕਰ : ਜੋ ਕੁਝ ਵੀ ਸਰਦਾਰ ਦਰਬਾਰਾ ਸਿੰਘ ਅਤੇ ਸਰਦਾਰ ਜਸਵਿੰਦਰ ਸਿੰਘ ਬਰਾੜ ਚੇਅਰ ਦੀ ਆਗਿਆ ਬਗੈਰ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (Whatever the hon. Members Sardar Darbara Singh and Sardar Jaswinder Singh Brar are saying without the permission of the Chair, should not be recorded.)

ਸਰਦਾਰ ਸੁਰਜੀਤ ਸਿੰਘ ਅਟਵਾਲ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। (This is no point of order.)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਾਡਾ ਕੋਈ ਪੁਆਇੰਟ ਆਫ ਆਰਡਰ ਹੀ ਨਹੀਂ ਬਣਦਾ।

**Not recorded/Expunged as ordered by the Chair.

[ਸਰਦਾਰ ਸੁਰਜੀਤ ਸਿੰਘ ਅਟਵਾਲ]

ਸਪੀਕਰ ਸਾਹਿਬ, ਮੇਰੀ ਇਹ ਰਿਕੁਐਸਟ ਹੈ ਕਿ ਡੀਜ਼ਲ ਦੇ ਲਈ ਲੋਕ ਰਾਤ ਨੂੰ ਇਕ ਇਕ ਵਜੇ ਤੱਕ ਪੈਟਰੋਲ ਪੰਪਾਂ ਤੇ ਬੈਠ ਕੇ ਖਾਲੀ ਆ ਜਾਂਦੇ ਹਨ। ਇਸ ਮਾਮਲੇ ਨੂੰ ਮਾਮੂਲੀ ਨਾ ਸਮਝਿਆ ਜਾਵੇ। ਇਹ ਸ਼ਾਰਟੇਜ ਵੀ ਹੈ ਅਤੇ ਕੁਝ ਲੋਕ ਕਰੀਏਟ ਕਰ ਰਹੇ ਹਨ । ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਮਾਮਲੇ ਨੂੰ ਸੀਰੀਅਸਲੀ ਟੇਕ ਅਪ ਕਰਨ । ਅਗਰ ਕੋਈ ਸ਼ਾਰਟੇਜ ਕਰੀਏਟ ਕਰਦਾ ਹੈ ਤਾਂ ਉਸ ਨੂੰ ਸਜ਼ਾ ਦੇਣ ਨਹੀਂ ਤਾਂ ਇਹ ਸ਼ਾਰਟੇਜ ਦੂਰ ਕਰਨ ਦਾ ਕੋਈ ਯਤਨ ਕਰਨ। (ਵਿਘਨ-ਸ਼ੋਰ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮਸਲਾ ਖਤਮ ਨਹੀਂ ਹੋਇਆ ਡੀਜ਼ਲ ਖਤਮ ਹੋ ਗਿਆ ਹੈ । ਜੋ ਵਜ਼ੀਰ ਸਾਹਿਬ ਨੇ ਬਿਆਨ ਦਿਤਾ ਸੀ ਉਹ ਮੈਂ ਡੀਟੇਲਡ ਸਟੇਟਮੈਂਟ ਪੜ੍ਹਿਆ ਹੈ। ਇਸ ਦੇ ਵਿਚ ਇਕ ਕੰਪੈਰੇਟਿਵ ਟੇਬਲ ਵੀ ਹੈ, ਇਸ ਵਿਚ ਇਹ ਸ਼ੋ ਕੀਤਾ ਹੋਇਆ ਹੈ ਕਿ ਜੋ ਡੀਜ਼ਲ ਜਨਵਰੀ ਅਤੇ ਫਰਵਰੀ ਦੇ ਮਹੀਨੇ ਸਪਲਾਈ ਹੋਈ ਹੈ ਉਸ ਨਾਲੋਂ ਡਬਲ ਸਪਲਾਈ ਇਸ ਮਹੀਨੇ ਵਿਚ ਹੋਈ ਹੈ । ਪਰ ਮੈਂ ਰਾਤ ਹੀ ਲੁਧਿਆਣਾ ਤੋਂ ਆਇਆ ਹਾਂ, ਕੋਈ ਵੀ ਪੈਟਰੋਲ ਪੰਪ ਐਸਾ ਨਹੀਂ ਸੀ ਜਿਸ ਤੇ 200-400 ਆਦਮੀ ਖੜ੍ਹਾ ਨਾ ਹੋਵੇ। ਇਸ ਤਰ੍ਹਾਂ ਸਟੇਟਮੈਂਟਸ ਦੇ ਨਾਲ ਫਾਇਦਾ ਕੋਈ ਨਹੀਂ ਹੋਣਾ ਜਦੋਂ ਤੱਕ ਐਕਚੁਅਲੀ ਇਹ ਸ਼ਾਰਟੇਜ ਦੂਰ ਨਹੀਂ ਕੀਤੀ ਜਾਂਦੀ । ਇਸ ਤਰ੍ਹਾਂ ਤਾਂ ਐਮ. ਐਲ. ਏਜ਼. ਦੀ ਆਪਣੀ ਜਾਨ ਹੀ ਖਤਰੇ ਦੇ ਵਿਚ ਪੈ ਜਾਣੀ ਹੈ, ਉਨ੍ਹਾਂ ਦੀ ਆਪਣੀ ਮੂਵਮੈਂਟ ਖਤਰੇ ਵਿਚ ਹੈ, ਤੁਹਾਨੂੰ ਪਤਾ ਹੈ ਗੁਜਰਾਤ ਵਿਚ ਜੋ ਹਾਲਾਤ ਹੋਏ ਹਨ। ਇਸ ਸ਼ਾਰਟੇਜ ਨੂੰ ਫੌਰੀ ਦੂਰ ਕੀਤਾ ਜਾਵੇ ਤਾਂ ਜੋ ਅਪਰੈਲ ਵਿਚ ਡੇਂਜਰਸ ਹਾਲਾਤ ਦਾ ਮੁਕਾਬਲਾ ਨਾ ਕਰਨਾ ਪਵੇ । ਤੁਸੀਂ ਆਪ ਸਾਰੇ ਹਾਲਾਤ ਨੂੰ ਭਾਵੇਂ ਸੁਪਰਵਾਈਜ਼ ਕਰੋ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਅੱਜ ਡੀਜ਼ਲ ਦੇ ਸਵਾਲ ਉਠਾਏ ਨੂੰ, ਸਪੀਕਰ ਸਾਹਿਬ, 15 ਦਿਨ ਹੋ ਗਏ ਹਨ ਪਰ ਹੁਣ ਤਕ ਰਿਆਇਤ ਕੋਈ ਵੀ ਕਿਸੇ ਨੂੰ ਨਹੀਂ ਮਿਲੀ, ਤੁਸੀਂ ਅਜ ਇਕ ਬਹੁਤ ਹੀ ਕਰੂਸ਼ਿਲ ਪੁਆਇੰਟ ਤੇ ਖੜ੍ਹੇ ਹੋ, ਇਕ ਗੰਭੀਰ ਸੰਕਟ ਪੈਦਾ ਹੋ ਸਕਦਾ ਹੈ। ਜਦੋਂ ਵਜ਼ੀਰ ਸਾਹਿਬ ਨੂੰ ਕਹਿੰਦੇ ਹਾਂ ਤਾਂ ਉਹ ਇਕ ਸ਼ਾਨਦਾਰ ਬਿਆਨ ਦੇ ਦਿੰਦੇ ਹਨ-ਇਤਨੀਆਂ ਗੱਡੀਆਂ ਉਥੇ ਭੇਜ ਦਿੱਤੀਆਂ ਅਤੇ ਇਤਨੀਆਂ ਉਥੇ ਗਈਆਂ ਹਨ । 15 ਦਿਨ ਤੋਂ ਲੋਕ ਇਸੇ ਮੁਸੀਬਤ ਵਿਚ ਹਨ। ਇਸ ਤਰ੍ਹਾਂ ਮਾਲੂਮ ਹੁੰਦਾ ਹੈ ਕਿ ਇਹ ਮੁਆਮਲਾ ਸਰਕਾਰ ਹੱਲ ਕਰਨ ਵਿਚ ਅਸਮਰਥ ਹੈ।

Cap tain Rattan Singh : Sir, I want to draw your attention towards Rule 50 of the Rules of Procedure and Conduct of Business in the Punjab Legislative Assembly which reads as under :

> "The Speaker may allot half-an-hour for raising discussion on a matter of sufficient public importance.. . . . . . ."

ਜੇਕਰ ਇਸ ਮੁਆਮਲੇ ਤੇ ਜਿਸ ਤਰ੍ਹਾਂ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਡਿਸਕਸ਼ਨ ਕਰਨੀ ਤੁਸੀਂ ਜ਼ਰੂਰੀ ਸਮਝਦੇ ਹੋ, ਟਾਈਮ ਨਿਸਚਿਤ ਕਰ ਕੇ ਡਿਸਕਸ਼ਨ ਰਖ ਲਈ ਜਾਵੇ ਨਹੀਂ ਤਾਂ ਹਾਊਸ ਦਾ ਟਾਈਮ ਇਸ ਤਰ੍ਹਾਂ ਵੇਸਟ ਨਾ ਕੀਤਾ ਜਾਵੇ।

ਸ਼੍ਰੀ ਸਪੀਕਰ : ਮੈਂ ਆਨਰੇਬਲ ਮੈਂਬਰਜ਼ ਨੂੰ ਕਹਾਂਗਾ ਕਿ ਜੇ ਕੋਈ ਕੁਐਸਚਨ ਦੀ ਵਜ਼ਾਹਤ ਚਾਹੀਦੀ ਹੋਵੇ ਤਾਂ ਇਹ ਡਿਸਕਸ਼ਨ ਹੋ ਸਕਦੀ ਹੈ । ਫੇਰ ਵੀ 11½ ਵਜੇ ਲੀਡਰਜ਼ ਦੀ ਮੀਟਿੰਗ ਕਾਲ ਕਰ ਲੈਂਦੇ ਹਾਂ, ਇਸ ਤੇ ਫੈਸਲਾ ਕਰ ਲਵਾਂਗੇ। ਹੁਣ ਇਸ ਬਾਰੇ ਹੋਰ ਕੋਈ ਗੱਲ ਕਰਨੀ ਮੁਨਾਸਿਬ ਨਹੀਂ ਹੋਵੇਗੀ। (I will submit that discussion on a reply to question can be held if it needs further clarification. Anyway, if agreed, the leaders of the legislature parties may meet

at 11-30 a.m. to-day to consider this matter. No more discussion now on this matter please.)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਜ਼ਿਮੀਂਦਾਰ ਡੀਜ਼ਲ ਇਕੱਠਾ ਕਰ ਰਹੇ ਹਨ, ਭਾਵੇਂ ਕੁਆਂਟਿਟੀ ਡਬਲ ਛਡ ਕੇ ਹੋਰ ਕਿਤਨੀ ਵੀ ਕਰ ਦਿਉ। ਜਿਹੜੇ ਜ਼ਿਮੀਂਦਾਰ ਸਟਾਕ ਕਰ ਰਹੇ ਹਨ ਪਹਿਲਾਂ ਉਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਇਸ ਬਾਰੇ 11½ ਵਜੇ ਮੀਟਿੰਗ ਹੋਵੇਗੀ। ਉਸ ਵਿਚ ਜੋ ਫੈਸਲਾ ਹੋਵੇਗਾ, ਹਾਊਸ ਨੂੰ ਦੱਸ ਦਿੱਤਾ ਜਾਵੇਗਾ। (A meeting will be held in this connection at 11-30 a. m. The House will be apprised of the decision which is taken in the meeting.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਨਾ ਸਿਰਫ ਡੀਜ਼ਲ ਦਾ ਹੀ ਗੰਭੀਰ ਮਸਲਾ ਹੈ, ਗੰਭੀਰ ਮਸਲਾ ਫਰਟੇਲਾਈਜ਼ਰ ਦਾ ਵੀ ਹੈ। ਇਹ ਇਕੱਲੇ ਪੰਜਾਬ ਦੀ ਇਕਾਨੌਮੀ ਦਾ ਸਵਾਲ ਨਹੀਂ ਇਹ ਤਾਂ ਸਾਰੇ ਹਿੰਦੁਸਤਾਨ ਦੇ ਅਨਾਜ ਦਾ ਮਸਲਾ ਹੈ। ਇਸ ਲਈ ਫਰਟੇਲਾਈਜ਼ਰ ਬਾਰੇ ਵੀ ਜ਼ਰੂਰ ਡਿਸਕਸ਼ਨ ਹੋਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਇਹ ਵੀ ਅਸੀਂ ਉਸੇ ਮੀਟਿੰਗ ਵਿਚ ਵਿਚਾਰ ਕਰ ਲਵਾਂਗੇ। (This will also be discussed in that meeting.)

ਸ਼੍ਰੀ ਗੁਰਦਿਆਲ ਸੈਣੀ : ** ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਨੇ ਇਕ ਪ੍ਰਿਵਿਲੇਜ ਦਾ ਮਤਾ ਦਿੱਤਾ ਸੀ, ਪਰ ਉਹ ਕੀ ਸੀ, ਇਹ ਹਾਊਸ ਦੇ ਵਿਚ ਪੜ੍ਹ ਕੇ ਨਹੀਂ ਸੁਣਾਇਆ।...

ਸ਼੍ਰੀ ਸਪੀਕਰ : ਇਹ ਕੋਈ ਜ਼ਰੂਰੀ ਨਹੀਂ ਹੁੰਦਾ। ਕਲ ਰੂਲਿੰਗ ਦੇਂਦੇ ਹੋਏ ਇਹ ਵੀ ਦਸ ਦਿੱਤਾ ਜਾਵੇਗਾ। (It is not necessary. However, it will be done at the time the ruling is given tomorrow.)

ਸਰਦਾਰ ਅਜਾਇਬ ਸਿੰਘ ਸੰਧੂ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕਲ ਮੈਂ ਬਿਜਲੀ ਦੀ ਸਪਲਾਈ ਬਾਰੇ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ, ਹੁਣ ਤਾਂ ਯੂ. ਪੀ. ਦੀਆਂ ਇਲੈਕਸ਼ਨਾਂ ਵੀ ਖਤਮ ਹੋ ਚੁਕੀਆਂ ਹਨ, ਬਿਜਲੀ ਨਾ ਮਿਲਣ ਕਰਕੇ ਪੰਜਾਬ ਦੀ ਇੰਡਸਟਰੀ ਕ੍ਰਿਪਲ ਹੋ ਗਈ ਹੈ ਅਤੇ ਪੰਜਾਬ ਦੇ ਵਰਕਰਜ਼ ਜਾਬ-ਲੈਸ ਹੋ ਗਏ ਹਨ, ਖੇਤਾਂ ਦੇ ਟਿਊਬਵੈਲ ਨਹੀਂ ਚਲਦੇ, ਇਹ ਵੀ ਇਕ ਗੰਭੀਰ ਮਸਲਾ ਹੈ।..........

ਸ਼੍ਰੀ ਸਪੀਕਰ : ਇਹ ਵੀ ਉਸ ਮੀਟਿੰਗ ਦੇ ਵਿਚ ਡਿਸਕਸ ਕਰ ਲਵਾਂਗੇ। (This will also be discussed in that meeting.)

**Expunged as ordered by the Chair.

ਸਰਦਾਰ ਸੁਰਿੰਦਰ ਸਿੰਘ ਕੈਰੋਂ : ਜਦੋਂ ਅਸੀਂ ਪਿੰਡਾਂ ਵਾਲਿਆਂ ਦੀ ਗੱਲ ਕਰਦੇ ਹਾਂ ਤਾਂ ਕਿਹਾ ਇਹ ਜਾਂਦਾ ਹੈ ਕਿ ਪਿੰਡਾਂ ਵਾਲਿਆਂ ਨੂੰ ਡੀਜ਼ਲ, ਬਿਜਲੀ, ਖਾਦ ਦਿੱਤੀ ਜਾਵੇਗੀ। ਜਿਥੋਂ ਤੱਕ ਅਸੀਂ ਉਨ੍ਹਾਂ ਦੀ ਹਮਾਇਤ ਕਰਦੇ ਹਾਂ ਸਾਨੂੰ ਉਨ੍ਹਾਂ ਦੀ ਗੱਲ ਸੁਨਾਉਣੀ ਹੀ ਪੈਣੀ ਹੈ, ਅਸੀਂ ਕਹਿੰਦੇ ਹਾਂ ਕਿ ਇਸ ਗੱਲ ਦਾ ਇਲਾਜ ਕਰੋ। ਫੇਰ ਇਕ ਫੂਡ ਕਾਰਪੋਰੇਸ਼ਨ ਬਣੀ ਹੈ, ਮੈਂ ਅਜ ਉਸ ਫੂਡ ਕਾਰਪੋਰੇਸ਼ਨ ਦੇ ਬੰਦਿਆਂ ਦੇ ਨਾਉਂ ਵੇਖੇ ਹਨ, ਮੈਨੂੰ ਸਮਝ ਨਹੀਂ ਆਉਂਦੀ ਕੀ ਜਸਟੀਫੀਕੇਸ਼ਨ ਹੈ ਉਨ੍ਹਾਂ ਦੇ ਮੈਂਬਰ ਬਨਾਉਣ ਦੀ ? (ਸ਼ੋਰ)

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜਿਸ ਦਿਨ ਵਿਧਾਨ ਸਭਾ ਦੇ ਵਿਚ ਤਿੰਨ ਬਿਲ ਪੇਸ਼ ਹੋਏ ਸੀ, ਜਦੋਂ ਲੈਂਡ ਰੈਵੇਨਿਊ ਅਮੈਂਡਮੈਂਟ ਬਿਲ ਆਇਆ ਤਾਂ ਕੋਈ ਖੜ੍ਹਾ ਨਹੀਂ ਹੋਇਆ ਅਤੇ ਇਹ ਇਸੇ ਤਰ੍ਹਾਂ ਹੀ ਪਾਸ ਹੋ ਗਿਆ। ਮੈਂ ਇਕ ਮੋਸ਼ਨ ਦਾ ਨੋਟਿਸ ਦਿੱਤਾ ਸੀ, ਖੜ੍ਹਾ ਵੀ ਹੋਇਆ ਸੀ, ਇਕ ਮੈਂ ਫੇਰ ਪ੍ਰਿਵਿਲੇਜ ਮੋਸ਼ਨ ਵੀ ਦਿੱਤੀ ਸੀ, ਪਰ ਅਜੇ ਤੱਕ ਮੈਨੂੰ ਕੋਈ ਇਤਲਾਹ ਨਹੀਂ, ਕੀ ਇਸ ਦਾ ਜਵਾਬ ਉਸ ਵੇਲੇ ਆਵੇਗਾ ਜਦੋਂ ਹਾਊਸ ਸਾਈਨ ਡਾਈ ਐਡਜ ਰਨ ਹੋ ਜਾਣਾ ਹੈ ?

ਸ੍ਰੀ ਸਪੀਕਰ : ਅਜ ਪਾਰਟੀ ਲੀਡਰਜ਼ ਦੀ ਮੀਟਿੰਗ ਹੋਣੀ ਹੈ, ਇਹ ਵੀ ਉਸ ਦੇ ਵਿਚ ਵਿਚਾਰ ਲਵਾਂਗੇ। (This point will also be discussed in the meeting of the leaders of the parties which is going to be held to-day.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ। ਉਸ ਦਿਨ ਉਹ ਬਿਲ ਇਥੇ ਪੇਸ਼ ਕੀਤਾ ਗਿਆ। ਉਹ ਸਰਕੁਲੇਟ ਹੋਇਆ ਸੀ ਕਾਰਵਾਈ ਲਈ। ਰਿਟਨ ਅਮੈਂਡਮੈਂਟ ਦਿਤੀ ਸੀ। ਅਸੀਂ, ਮੈਂ, ਰਾਜ ਕੁਮਾਰ ਅਤੇ ਚੌਧਰੀ ਦਰਸ਼ਨ ਸਿੰਘ ਖੜੇ ਹੋਏ ਸੀ। ਸੈਕਟਰੀ ਸਾਹਿਬ ਨੂੰ ਮਿਲੇ ਉਨ੍ਹਾਂ ਨੇ ਮੈਨੂੰ ਕਿਹਾ ਕਿ ਠੀਕ ਹੈ। (ਵਿਘਨ)

ਸ੍ਰੀ ਸਪੀਕਰ : ਮੈਂ ਦੇਖਾਂਗਾ। (I will look into it.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਐਨੇ ਦਿਨ ਹੋ ਗਏ ਹਨ ਉਹ ਰੀ-ਸਰਕੁਲੇਟ ਹੋਣਾ ਚਾਹੀਦਾ ਹੈ।

ਕਾਮਰੇਡ ਰਾਜ ਕੁਮਾਰ : ਆਨ ਏ ਪੁਆਇੰਟ ਆਫ ਆਰਡਰ, ਸਰ। ਸਾਰੀ ਸਟੇਟ ਵਿਚ ਸ਼ੂਗਰ-ਕੇਨ ਬਹੁਤ ਵਡੀ ਗਿਣਤੀ ਵਿਚ ਖੇਤਾਂ ਵਿਚ ਖੜਾ ਹੈ। ਸਾਡੀਆਂ ਕੋਆਪਰੇਟਿਵ ਸ਼ੂਗਰ ਮਿਲਜ਼ ਉਸ ਸਾਰੇ ਸ਼ੂਗਰ-ਕੇਨ ਨੂੰ ਲਿਫਟ ਨਹੀਂ ਕਰ ਸਕਦੀਆਂ ਕਰੰਟ ਸੀਜ਼ਨ ਵਿਚ। (ਵਿਘਨ) । I am raising this matter. Thousand of hectares of sugar-cane . . . (*Interru-ption*)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਦੇ ਦਿਉ। ਇਸ ਲਈ ਰੂਲਜ਼ ਵਿਚ ਬਾਕਾਇਦਾ ਪ੍ਰੋਵੀਜ਼ਨ ਹੈ। (You may give notice of a Call Attention Notice. The rules clearly provide therefor.)

ਕਾਮਰੇਡ ਸੱਤ ਪਾਲ ਡਾਂਗ: ਆਨ ਏ ਪੁਆਇੰਟ ਆਫ, ਆਰਡਰ। ਮੈਂ ਤੁਹਾਡੇ ਰਾਹੀਂ ਸਦਨ ਔਰ ਸਰਕਾਰ ਦਾ ਧਿਆਨ ਇਸ ਖਬਰ ਵਲ ਦਿਵਾਉਂਦਾ ਹਾਂ ਜੋ ਅੱਜ ਦੇ ਹਿੰਦ ਸਮਾਚਾਰ ਅਖਬਾਰ ਵਿਚ ਛਪੀ ਹੈ। ਇਹ ਲਿਖਿਆ ਹੈ ਕਿ ਅੰਮ੍ਰਿਤਸਰ ਸਿਵਲ ਹਸਪਤਾਲ ਔਰ ਜ਼ਨਾਨਾ ਹਸਪਤਾਲ ਮੇਂ ਕਈ ਮਰੀਜ਼ ਚਲ ਬਸੇ। (ਵਿਘਨ)

ਸ੍ਰੀ ਸਪੀਕਰ : ਇਸ ਦਾ ਵੀ ਕਾਲ ਅਟੈਨਸ਼ਨ ਨੋਟਿਸ ਦੇ ਦਿਉ। (Call Attenation Notice may be tabled about it also.)

ਕਾਮਰੇਡ ਸੱਤ ਪਾਲ ਡਾਂਗ : ਖਬਰ ਇਹ ਹੈ ਕਿ ਜ਼ਨਾਨਾ ਹਸਪਤਾਲ ਅਤੇ ਵੀ. ਜੇ. ਹਸਪਤਾਲ ਵਿਚ ਮਰੀਜ਼ ਮਰਦੇ ਪਏ ਹਨ । ਕਿਉਂ ਨਹੀਂ ਸਰਕਾਰ ਜੂਨੀਅਰ ਡਾਕਟਰਾਂ ਦੀਆਂ ਮੰਗਾਂ ਨੂੰ ਸੈਟਲ ਕਰਦੀ । ਬਾਹਰ ਇਹ ਭੁਖ ਹੜਤਾਲ ਤੇ ਬੈਠੇ ਹੋਏ ਹਨ । ਮੈਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਜੂਨੀਅਰ ਡਾਕਟਰਾਂ ਦੀਆਂ ਵਾਜਿਬ ਮੰਗਾਂ ਨੂੰ ਮੰਨ ਕੇ ਇਨ੍ਹਾਂ ਦੀ ਹੜਤਾਲ ਖਤਮ ਕਰਾਉਣੀ ਚਾਹੀਦੀ ਹੈ ਤਾਕਿ ਮਰੀਜ ਨਾ ਮਰਨ ।

ਸਰਦਾਰ ਸੁਖਦੇਵ ਸਿੰਘ ਢਿੱਲੋਂ : 18/2 ਨੂੰ ਇਕ ਕੁਐਸਚਨ ਦੇ ਜਵਾਬ ਵਿਚ (ਵਿਘਨ) ਜੋ ਕਿ ਰੇਹ ਬਾਰੇ ਸੀ, ਗਲਤ ਇਨਫਰਮੇਸ਼ਨ ਦਿੱਤੀ ਸੀ (ਵਿਘਨ) ਉਸ ਬਾਰੇ ਪ੍ਰਿਵਿਲੇਜ ਮੋਸ਼ਨ ਦਿੱਤੀ ਹੈ। ਉਸੇ ਰੇਹ ਦੀ 1800 ਬੋਰੀ ਫੜੀ ਗਈ । ਉਸ ਵਿਚ ਅਡਲਟ੍ਰੇਸ਼ਨ ਸਾਬਤ ਹੋ ਗਈ । ਉਥੋ ਦਾ ਡਿਪਟੀ ਕਮਿਸ਼ਨਰ ਬੜਾ ਨਾ ਅਹਿਲ ਹੈ। ਉਹੀ ਇਹ ਕੰਮ ਕਰਾਉਂਦਾ ਹੈ। ਉਹ ਗਲਤ ਇਨ-ਫਰਮੇਸ਼ਨ ਦੇ ਦਿੰਦਾ ਹੈ । ਉਸ ਦੇ ਖਿਲਾਫ ਪ੍ਰਿਵਿਲੇਜ ਮੋਸ਼ਨ ਦਿੱਤੀ ਨੂੰ ਇਕ ਮਹੀਨਾ ਹੋ ਗਿਆ ਹੈ ਉਹਦਾ ਜਵਾਬ ਨਹੀਂ ਆਉਂਦਾ ਹੈ । (ਵਿਘਨ) ਇਹਦਾ ਜਵਾਬ ਕਦੋਂ ਆਏਗਾ ? (ਵਿਘਨ)

ਸ੍ਰੀ ਸਪੀਕਰ : ਬੈਠੋ (Please resume your seat,)

WALK OUT

ਕਾਮਰੇਡ ਅਰਜਨ ਸਿੰਘ ਮਸਤਾਨਾ : (ਵਿਘਨ)

ਸ੍ਰੀ ਸਪੀਕਰ : ਬੈਠੋ ਇਕੱਲਾ ਇਕੱਲਾ ਕੇਸ ਲੈ ਕੇ ਇਸ ਤਰ੍ਹਾਂ ਕਰਨਾ ਠੀਕ ਨਹੀਂ ਹੈ । ਆਨਰੇਬਲ ਮੈਂਬਰ ਜੋ ਕੁਝ ਵੀ ਬਗੈਰ ਪਰਮਿਸ਼ਨ ਆਫ ਦੀ ਚੇਅਰ ਦੇ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ । (Please resume your seat. It does not look proper to raise like this the individual cases. Whatever the hon. Member is saying without the permission of the Chair, should not be recorded).

ਕਾਮਰੇਡ ਅਰਜਨ ਸਿੰਘ ਮਸਤਾਨਾ : ** ** **

ਸ੍ਰੀ ਸਪੀਕਰ : ਹਾਊਸ ਦਾ ਸਮਾਂ ਜ਼ਾਇਆ ਹੋ ਰਿਹਾ ਹੈ । ਆਨਰੇਬਲ ਮੈਂਬਰਜ਼ ਅੱਜ ਦੀ ਡਿਸ-ਕਸ਼ਨ ਵੇਲੇ ਇਸ ਤੇ ਬੋਲ ਸਕਦੇ ਹਨ । (ਵਿਘਨ) (The time of the House is being wasted. The hon. Members may express their feelings while having discussion on the Budget.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ** ** **

(ਇਸ ਸਮੇਂ ਸੀ. ਪੀ. ਆਈ. ਦੇ ਸਾਰੇ ਹਾਜ਼ਰ ਮੈਂਬਰ ਵਾਕ ਆਊਟ ਕਰ ਗਏ)

ਸ੍ਰੀ ਸਪੀਕਰ : ਜੋ ਕੁਝ ਵੀ ਇਹ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ । (Whatever he is saying without the permission of the Chair, should not be recorded.)

ਸਰਦਾਰ ਹਰਬੰਸ ਸਿੰਘ ਜਲਾਲ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ 15 ਵਾਰੀ ਖੜਾ ਹੋਇਆ ਹਾਂ ਪਰ ਮੈਨੂੰ ਬੋਲਣ ਲਈ ਟਾਇਮ ਨਹੀਂ ਦਿਤਾ ਜਾਂਦਾ ਹੈ । (ਵਿਘਨ)

**Not recorded as ordered by the Chair.

ਸ੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਆ ਕੇ ਮੇਰੇ ਨਾਲ ਗਲ ਕਰ ਲੈਣਾ, ਮੈਂ ਤੁਹਾਨੂੰ ਸੈਟਿਸਫਾਈ ਕਰਾਂਗਾ। (Please come to my Chamber and I will satisfy you.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ** ** ** ** (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ** ** ** **

ਸ੍ਰੀ ਸਪੀਕਰ : ਜੋ ਕੁਝ ਵੀ ਇਹ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ। (Whatever the hon. Member is saying without the permission of the Chair should not be recorded.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ** ** **

ਸ੍ਰੀ ਸਪੀਕਰ : ਜੋ ਕੁਝ ਇਹ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਏ। (Whatever the hon. Member is saying without the permission of the Chair should not be recorded.)

(ਇਸ ਵੇਲੇ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

ਸਰਦਾਰ ਕਰਨੈਲ ਸਿੰਘ ਮਰੜ੍ਹੀ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਇਹ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ। ਡਾਂਗ ਸਾਹਿਬ, ਤੁਸੀਂ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ। (Whatever the hon. Member is saying without the permission of the Chair, should not be recorded. Dang Sahib, please read your Call Attention Notice.)

ਮਾਸਟਰ ਚੰਦ ਸਿੰਘ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਇਹ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ। (ਵਿਘਨ) ਤੁਸੀਂ ਹਾਊਸ ਦੀ ਪ੍ਰੋਸੀਡਿੰਗਜ਼ ਨੂੰ ਆਬਸਟ੍ਰਕਟ ਕਰ ਰਹੇ ਹੋ। (Whatever the hon. Member is saying without the permission of the Chair, should not be recorded. (*Interruption*) You are obstructing the proceedings of the House.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਇਹ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ। (Whatever the hon. Member is saying without the permission of the Chair, should not be recorded.)

**Expunged/Not recorded as ordered by the Chair.

ਸਰਦਾਰ ਅਜਾਇਬ ਸਿੰਘ ਸੰਧੂ . ਆਨ ਏ ਪੁਆਇੰਟ ਆਫ ਆਰਡਰ ਸਰ। (ਵਿਘਨ)

ਸ੍ਰੀ ਸਪੀਕਰ : ਕਿਤੇ ਕੋਈ ਐਸੀ ਗੱਲ ਤਾਂ ਨਹੀਂ "ਸਮਝ ਕੁਝ ਆਤਾ ਨਹੀਂ ਕਿਸ ਕੋ ਮੋਹਤਬਰ ਸਮਝੂੰ, ਨਜ਼ਰ ਕੁਝ ਔਰ ਕਹਿਤੀ ਹੈ ਔਰ ਜ਼ਬਾਨ ਕੁਝ ਔਰ ਕਹਿਤੀ ਹੈ"।

ਸਰਦਾਰ ਅਜਾਇਬ ਸਿੰਘ ਸੰਧੂ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਪਤਾ ਕਰਕੇ ਤੁਹਾਨੂੰ ਦਸ ਦਿਆਂਗੇ। (This is no point of order. We will let you know after receiving the information.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਨੂੰ ਸੂਚਨਾ ਮਿਲੀ ਹੈ ਕਿ ਦਯਾ ਨੰਦ ਮੈਡੀਕਲ ਕਾਲਜ ਦੀ ਕਮੇਟੀ ਨੇ 15 ਤਾਰੀਖ ਤੋਂ ਹਸਪਤਾਲ ਬੰਦ ਕਰ ਦੇਣਾ ਹੈ। ਪੰਜਾਬ ਗੌਰਮੈਂਟ ਸੋਚ ਰਹੀ ਹੈ ਅਤੇ ਉਨ੍ਹਾਂ ਨੇ 15 ਤਾਰੀਖ ਨੂੰ ਪੰਜ ਛੇ ਸੌ ਮੁਲਾਜ਼ਮ ਕਢ ਦੇਣੇ ਹਨ। ਇਸ ਬਾਰੇ ਚੀਫ ਮਨਿਸਟਰ ਸਾਹਿਬ ਆਪਣਾ ਬਿਆਨ ਦੇਣ। ਇਹ ਇਕ ਬਹੁਤ ਵੱਡੀ ਗੱਲ ਹੈ। ਇਸ ਵਿਚ ਗੌਰਮੈਂਟ ਇੰਟਰਵੀਨ ਕਰੇ ਅਤੇ ਹਾਲਾਤ ਨੂੰ ਖਰਾਬ ਹੋਣ ਤੋਂ ਰੋਕੇ। (ਵਿਘਨ)

ਸ੍ਰੀ ਸਪੀਕਰ : ਬੈਠ ਜਾਉ। (Please resume your seat.)

CALL ATTENTION NOTICES UNDER RULE 66
(Serial No. 165)

1. **Comrade Satya Pal Dang**
2. **Comrade Darhsan Singh Canadian** : I beg to draw the attention of the Government towards a matter of urgent public importance, namely, due to power cut, industry in the State has had to cut down its working resulting in retrenchment and lay offs of the industrial workers. This has further reduced their already meagre wages.

In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned may please make a statement.

(Serial No. 166)

Comrade Darshan Singh Canadian:
Comrade Satya Pal Dang : I beg to draw the attention of the Government towards a matter of urgent public importance namely, no sugar for the month of February not to speak of March, 1974—has yet been given to the depot holders of Amritsar and Chheharta. This means public have not got their levy sugar even for February, 1974 as yet.

There is acute discontentment amongst the people of Amritsar and Chheharta.

In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned may please make a statement.

**Expunged as ordered by the Chair.

(Serial No. 167)

1. **Comrade Darshan Singh Canadian.**

2. **Comrade Satya Pal Dang** : I beg to draw the attention of the Government towards a matter of urgent public importance, namely, about one thousand girl students of the S.D. Girls College, Bhatinda, have been holding daily demonstrations for the last 2/3 days and are going on an indefinite strike from 11th March, 1974. They are demanding action against those responsible for an illegal printed poster making wild and filthy allegations against the Principal and some of the girl students. The District authorities have so far failed to trace the culprits. There is much discontentment and resentment amongst the public in general of Bhatinda and amongst the parents of the girl students in particular.

In view of the obvious and urgent importance of the matter, the Government may please be asked to make a statement in the House.

Mr. Speaker Admitted. The Minister concerned may please make a statement.

STATEMENTS LAID ON TABLE OF THE HOUSE IN REPLY TO CALL ATTENTION NOTICES.

Chief Parliamentary Secretary (Sardar Gurcharan Singh Nihalsinghwala) Sir, I beg to lay replies to Call Attention Notices Nos. 40, 65, 90, 103, 115 and 123 on the Table of the House.

(Serial No. 40)

Comrade Satya Pal Dang : to draw the attention of the Government towards a matter of urgent public importance, namely, water supply to the Shiv Nagar Colony (a Government Labour Colony consisting of about 500 quarters) Amritsar has been cut off by the Amritsar Municipal Committee because of the failure of the Government to pay to it the water charges which it has been collecting from the worker tenants month after month.

There is much discontentment and resentment among the people of the whole area. In view of the obvious and urgent importance of the matter, the Government may please be asked to make a statement in the House.

Shri Hans Raj Sharma (Finance Minister): There are 300 quarters built for the industrial workers in Shiv Nagar Colony, Amritsar under the Subsidised Industrial Housing Scheme. On an enquiry it has been revealed that 30 Municipal Taps provided in the said Colony were disconnected by the Municipal Authorities for some days. The water supply was, however, restored after some time. The whole matter will be looked into by Government and steps will be taken to settle it as early as possible so as to avoid recurrence of such incidents.

(ਕ੍ਰਮ ਨੰ: 65)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ, ਸਰਕਾਰ ਦੇ ਰੋਪੜ ਲਾਗੇ ਕੁਰਾਲੀ-ਰੋਪੜ ਸੜਕ ਅਤੇ ਨਹਿਰ ਸਰਹਿੰਦ ਦੇ ਦਰਮਿਆਨ ਪਿੰਡ ਕੋਟਲਾ ਸੁਖਰਾਮ ਤੋਂ ਪਿੰਡ ਪਪਰਾਲੇ ਦੇ ਹੀਰਾ ਕੋਲਡ ਸਟੋਰ ਤੱਕ ਦੇ ਇਲਾਕੇ ਨੂੰ ਐਕਵਾਇਰ ਕਰਕੇ ਸਨਅਤੀ ਅਸਟੇਟ ਬਣਾਉਣ ਦੇ ਫੈਸਲੇ ਨਾਲ ਪਿੰਡ ਸੁਖਰਾਮ ਪੁਰ ਕੋਟਲਾ ਅਤੇ ਪਪਰਾਲਾ ਦੇ ਛੋਟੇ ਛੋਟੇ ਕਿਸਾਨਾਂ ਵਿਚ ਸਖਤ ਬੇਚੈਨੀ ਫੈਲੀ ਹੋਈ ਹੈ । ਇਨ੍ਹਾਂ ਕਿਸਾਨਾਂ ਪਾਸ ਥੋੜ-ੜੀਆਂ ਥੋੜੀਆਂ ਜ਼ਮੀਨਾਂ ਹਨ ਅਤੇ ਇਨ੍ਹਾਂ ਦੀ ਬਹੁਤ ਸਾਰੀ ਜ਼ਮੀਨ ਪਹਿਲਾਂ ਹੀ (1) ਨਹਿਰ ਸਰਹਿੰਦ

(2) ਅਨਾਜ ਮੰਡੀ (3) ਭਾਖੜਾ ਨਹਿਰ (4) ਰੇਲਵੇ ਲਾਈਨ (5) ਬਿਜਲੀ ਘਰ (6) ਰੋਪੜ-ਕੁਰਾਲੀ ਸੜਕ (7) ਪੁਲਿਸ ਲਾਈਨ ਲਈ ਐਕਵਾਇਰ ਹੋ ਚੁੱਕੀ ਹੈ । ਇਨ੍ਹਾਂ ਕਿਸਾਨਾਂ ਦੇ ਨਾਲ ਕੀਤੇ ਜਾ ਰਹੇ ਇਸ ਧੱਕੇ ਅਤੇ ਇਸ ਸਬੰਧੀ ਇਨ੍ਹਾਂ ਵਿੱਚ ਫੈਲੀ ਬੇਚੈਨੀ ਨੂੰ ਮੁੱਖ ਰੱਖਦਿਆਂ ਸਰਾਕਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ । ਇਹ ਇਸ ਲਈ ਵੀ ਜ਼ਰੂਰੀ ਹੈ ਕਿ ਇਨ੍ਹਾਂ ਕਿਸਾਨਾਂ ਦੇ ਡੈਪੂਟੇਸ਼ਨ ਹਰ ਪੱਧਰ ਉਤੇ ਸਬੰਧਤ ਅਫ਼ਸਰਾਂ ਨੂੰ ਮਿਲ ਚੁੱਕੇ ਹਨ ਪ੍ਰੰਤੂ ਇਨ੍ਹਾਂ ਨੂੰ ਤਸੱਲੀ ਬਖਸ਼ ਜਵਾਬ ਨਹੀਂ ਦਿੱਤਾ ਗਿਆ ।

Giani Zail Singh (Chief Minister) : On 27th November, 1972 it was decided to set up an industrial complex at Ropar alongwith other places. Sites were to be selected by the Local Siting Boards, which according to the Instructions of the Government includes local M. L. As. and industrialists of the respective area. The following non-officals were invited to sit on the Siting Board for Ropar :—

(i) Shri Gurbachan Singh, M. L. A.

(ii) Shri Mehar Singh. Prop. Namdhari Engg. Works, Ropar.

(iii) Shri Kanshi Ram, M/s Kanshi Ram Ajit Singh, Chandigarh Road, Kurali.

(iv) Shri Raja Ram, M/s Raja Ram and Sons, Railway Road Morinda.

The Board in its meeting held on 15th September, 1973 selected the site in question for the purpose.

The land owners of Village Kotla Nihang and Sukhrampur, made a representation to the Government against the acquisition of their land for setting up of Industrial Complex at Ropar. Upon this it was decided to reconsider the matter after calling again the meeting of the Board. This meeting of the Board was accordingly convened again on 1st November, 1973. After visiting different possibie sites the Board again selected the same site as the most suitable one in view of the following considerations :—

1. The site is situated along Ropar-Chandigarh main Road.
2. The wind direction is such that the bad smell will not affect the population of the City.
3. The Railway line is quite near the site.
4. The sub-station of the Electricity Board is situated near the site.
5. The water supply can be had from the Sirhind Canal which is quite near the area in question.
6. The new Grain Market is being constructed nearby.
7. The new Bus Stand is proposed to be constructed on this side of the City.
8. The discharge of foul water from the factories can be made in the nearby Budki Nadi.
9. The proposal for the construction of a new bridge at Sirhind Canal near this site has been approved.
10. It will not affect the natural sceinic beauty of the hillocks around the city.

[Chief Minister]

11. Besides the Ropar-Chandigarh road three more roads link this area.

12. Sufficient land is available, near the present site for future expansion.

The meeting of the Site Selection Board held on 15th September, 1973, was not attended by the concerned M.L.A., Shri Gurbachan Singh, but the second meeting of the board, which was held on 1st November, 1973 was attended.

[ਮਿਤੀ 27 ਨਵੰਬਰ, 1972 ਨੂੰ ਇਹ ਫੈਸਲਾ ਕੀਤਾ ਗਿਆ ਕਿ ਹੋਰ ਥਾਵਾਂ ਦੇ ਨਾਲ ਨਾਲ ਰੋਪੜ ਵਿਖੇ ਵੀ ਇੱਕ ਇੰਡਸਟਰੀਅਲ ਕੰਪਲੈਕਸ ਸਥਾਪਿਤ ਕੀਤਾ ਜਾਵੇ । ਇਸ ਜਗ੍ਹਾ ਦੀ ਚੋਣ ਸਥਾਨਿਕ ਸਾਈਟਿੰਗ ਬੋਰਡਾਂ ਦੁਆਰਾ ਕੀਤੀ ਜਾਣੀ ਸੀ, ਜਿਸ ਵਿੱਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਥਾਨਿਕ ਐਮ. ਐਲ. ਏ. ਅਤੇ ਸਬੰਧਤ ਇਲਾਕਿਆਂ ਦੇ ਉਦਯੋਗ ਪਤੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ । ਹੇਠ ਲਿਖੇ ਗੈਰ-ਸਰਕਾਰੀ ਮੈਂਬਰਾਂ ਨੂੰ ਰੋਪੜ ਸਾਈਟਿੰਗ ਬੋਰਡ ਦੀ ਮੀਟਿੰਗ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਗਿਆ —

(1) ਸ੍ਰੀ ਗੁਰਬਚਨ ਸਿੰਘ, ਐਮ. ਐਲ. ਏ.

(2) ਸ੍ਰੀ ਮੇਹਰ ਸਿੰਘ, ਮਾਲਕ ਨਾਮ ਧਾਰੀ ਇੰਜੀਨੀਰਿੰਗ ਵਰਕਸ, ਰੋਪੜ।

(3) ਸ੍ਰੀ ਕਾਂਸ਼ੀ ਰਾਮ, ਮੈਸ: ਕਾਂਸ਼ੀ ਰਾਮ ਅਜੀਤ ਸਿੰਘ, ਚੰਡੀਗੜ੍ਹ ਰੋਡ, ਕੁਰਾਲੀ ।

(4) ਸ੍ਰੀ ਰਾਜਾ ਰਾਮ, ਮੈਸ: ਰਾਜਾ ਰਾਮ ਐਂਡ ਸੰਜ਼, ਰੇਲਵੇ ਰੋਡ, ਮੋਰਿੰਡਾ । ਮਿਤੀ 15 ਸਤੰਬਰ, 1973 ਦੀ ਮੀਟਿੰਗ ਵਿੱਚ ਹਵਾਲੇ ਅਧੀਨ ਜ਼ਮੀਨ ਦੀ ਚੋਣ ਇਸ ਮੰਤਵ ਲਈ ਬੋਰਡ ਵੱਲੋਂ ਕੀਤੀ ਗਈ ।

ਕੋਟਲਾ ਨਿਹੰਗ ਅਤੇ ਸੁਖਰਾਮ ਪੁਰ ਦੇ ਪਿੰਡਾਂ ਦੇ ਜ਼ਮੀਨ ਮਾਲਕਾਂ ਨੇ ਸਰਕਾਰ ਨੂੰ ਰੋਪੜ ਵਿਖੇ ਉਦਯੋਗਕ ਕੰਪਲੈਕਸ ਸਥਾਪਿਤ ਕਰਨ ਲਈ ਉਨ੍ਹਾਂ ਦੀ ਜ਼ਮੀਨ ਪ੍ਰਾਪਤ ਕਰਨ ਵਿਰੁੱਧ ਪ੍ਰਤੀ ਬੇਨਤੀ ਕੀਤੀ । ਇਸ ਤੇ ਇਹ ਫੈਸਲਾ ਕੀਤਾ ਗਿਆ ਕਿ ਬੋਰਡ ਦੀ ਮੀਟਿੰਗ ਦੁਬਾਰਾ ਬੁਲਾ ਕੇ ਮਾਮਲੇ ਨੂੰ ਮੁੜ ਵਿਚਾਰਿਆ ਜਾਵੇ । ਸੋ ਬੋਰਡ ਦੀ ਮੀਟਿੰਗ ਦੁਬਾਰਾ 1 ਨਵੰਬਰ, 1973 ਨੂੰ ਬੁਲਾਈ ਗਈ। ਵੱਖੋ ਵੱਖਰੀਆਂ ਸੰਭਵ ਥਾਵਾਂ ਨੂੰ ਮੁਆਇਨਾ ਕਰਨ ਉਪਰੰਤ ਹੇਠਾਂ ਲਿਖੇ ਕਾਰਨਾਂ ਕਰ ਕੇ ਬੋਰਡ ਨੇ ਫਿਰ ਇਸੇ ਜਗ੍ਹਾ ਨੂੰ ਸੱਭ ਤੋਂ ਯੋਗ ਸਮਝਦੇ ਹੋਏ ਚੁਣਿਆ :—

1. ਇਹ ਜਗ੍ਹਾ ਰੋਪੜ ਚੰਡੀਗੜ੍ਹ ਮੇਨ ਰੋਡ ਦੇ ਨਾਲ ਸਥਿਤ ਹੈ।

2. ਹਵਾ ਦਾ ਰੁੱਖ ਇਸ ਪ੍ਰਕਾਰ ਦਾ ਹੈ ਕਿ ਦੁਰਗੰਧ ਸ਼ਹਿਰ ਦੀ ਆਬਾਦੀ ਤੇ ਅਸਰ ਨਹੀਂ ਕਰੇਗੀ ।

3. ਰੇਲਵੇ ਲਾਈਨ ਇਸ ਜਗ੍ਹਾ ਦੇ ਬਿਲਕੁਲ ਨੇੜੇ ਹੈ ।

4. ਬਿਜਲੀ ਬੋਰਡ ਦਾ ਸਬ-ਸਟੇਸ਼ਨ ਇਸ ਜਗ੍ਹਾ ਦੇ ਨੇੜੇ ਹੈ ।

5. ਪਾਣੀ ਦੀ ਸਪਲਾਈ ਸਰਹਿੰਦ ਨਹਿਰ ਤੋਂ ਲਈ ਜਾ ਸਕਦੀ ਹੈ, ਜਿਹੜੀ ਕਿ ਇਸ ਇਲਾਕੇ ਦੇ ਬਿਲ ਕੁਲ ਨੇੜੇ ਹੈ ।

6. ਨਵੀਂ ਦਾਣਾ-ਮੰਡੀ ਇਸ ਦੇ ਨੇੜੇ ਹੀ ਬਣਾਈ ਜਾ ਰਹੀ ਹੈ ।

7. ਨਵਾਂ ਬਸ ਸਟੈਂਡ ਨਗਰ ਦੇ ਇਸ ਪਾਸੇ ਬਨਾਉਣ ਦੀ ਤਜਵੀਜ ਹੈ।

8. ਕਾਰਖਾਨਿਆਂ ਦਾ ਗੰਦਾ ਪਾਣੀ ਨਾਲ ਲੱਗਦੀ ਬੁਦਕੀ ਨਦੀ ਵਿੱਚ ਸੁੱਟਿਆ ਜਾ ਸਕਦਾ ਹੈ।

9. ਇਸ ਜਗ੍ਹਾ ਦੇ ਨੇੜੇ ਸਰਹਿੰਦ ਦਾ ਨਵਾਂ ਪੁਲ ਤਿਆਰ ਕਰਨ ਦੀ ਤਜਵੀਜ਼ ਪਰਵਾਨ ਹੋ ਚੁੱਕੀ ਹੈ ।

10. ਇਸ ਨਾਲ ਨਗਰ ਦੇ ਦੁਆਲੇ ਦੀਆਂ ਪਹਾੜੀਆਂ ਦੀ ਕੁਦਰਤੀ ਸੀਨਿਕ ਸੁੰਦਰਤਾ ਤੇ ਵੀ ਕੋਈ ਪ੍ਰਭਾਵ ਨਹੀਂ ਪਵੇਗਾ ।

11. ਰੋਪੜ-ਚੰਡੀਗੜ੍ਹ ਮੇਨ ਸੜਕ ਤੋਂ ਇਲਾਵਾ ਇਸ ਏਰੀਏ ਨੂੰ ਤਿੰਨ ਹੋਰ ਸੜਕਾਂ ਮਿਲਦੀਆਂ ਹਨ ।

12. ਚੁਣੀ ਗਈ ਜਗ੍ਹਾ ਦੇ ਨੇੜੇ ਅੱਗੇ ਵਾਧੇ ਲਈ ਵੀ ਕਾਫ਼ੀ ਜ਼ਮੀਨ ਪ੍ਰਾਪਤ ਹੋ ਸਕੇਗੀ ।

ਸਾਈਟ ਸਲੈਕਸ਼ਨ ਬੋਰਡ ਦੀ ਮੀਟਿੰਗ ਜੋ ਮਿਤੀ 15 ਸਤੰਬਰ, 1973 ਨੂੰ ਹੋਈ, ਉਸ ਦੇ ਵਿਚ ਸੰਬੰਧਤ ਐਮ. ਐਲ. ਏ., ਸ੍ਰੀ ਗੁਰਬਚਨ ਸਿੰਘ ਜੀ ਸ਼ਾਮਿਲ ਨਾ ਹੋਏ ਲੇਕਿਨ ਜੋ ਮੀਟਿੰਗ ਮਿਤੀ 1 ਨਵੰਬਰ, 1973 ਨੂੰ ਹੋਈ ਉਸ ਵਿੱਚ ਉਹ ਸ਼ਾਮਿਲ ਹੋਏ ਸਨ ।]

(Serial No. 90)

1. **Comrade Satya Pal Dang**: to draw the attention of the Government towards a matter of urgent public importance, namely, extremely serious situation in Printing industry arising out of rampant black Marketing in paper trade. There is shortage of Printing ink and oil, Continuous cut in electricity is almost perpetual. Besides serious danger of Printing industry being closed in the State at least two thousand dependent families of workers will face starvation.

In view of the obvious importance of the matter, the Government may be asked to make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਭਾਰਤ ਸਰਕਾਰ ਦੀ ਅਪਣਾਈ ਹੋਈ ਉਦਯੋਗਾਂ ਦੀ ਸਟੈਂਡਰਡ ਕਲਾਸੀਫਿਕੇਸ਼ਨ ਅਨੁਸਾਰ ਪ੍ਰਿੰਟਿੰਗ ਪ੍ਰੈਸ ਇਕ ਉਦਯੋਗ ਹੈ । ਭਾਵੇਂ ਇਹ ਟੈਕਨੀਕਲ ਤੌਰ ਤੇ ਉਦਯੋਗ ਹੈ, ਪਰ ਇਸ ਵਿਚ ਕੋਈ ਉਤਪਾਦਨ ਢੰਗ ਨਹੀਂ ਹੈ ਅਤੇ ਇਸ ਲਈ ਉਦਯੋਗ ਵਿਭਾਗ ਤੋਂ ਇਹ ਇੰਡਸਟਰੀ ਕਚੇ ਮਾਲ ਆਦਿ ਦੀ ਸਪਲਾਈ ਸਹਾਇਤਾ ਨਹੀਂ ਲੈਂਦੀ । ਪ੍ਰਿੰਟਿੰਗ ਪਰੈਸਾਂ ਲਈ ਇਹ ਕੋਈ ਜ਼ਰੂਰੀ ਨਹੀਂ ਹੈ ਕਿ ਉਹ ਆਪਣੇ ਆਪ ਨੂੰ ਛੋਟੇ ਉਦਯੋਗਾਂ ਦੇ ਤੌਰ ਤੇ ਉਦਯੋਗ ਵਿਭਾਗ ਕੋਲ ਰਜਿਸਟਰ ਕਰਵਾਉਣ । ਸੂਬੇ ਵਿਚ 31 ਦਸੰਬਰ, 1973 ਤਕ ਪ੍ਰਿੰਟਿੰਗ, ਪਬਲਿਸ਼ਿੰਗ ਅਤੇ ਅਲਾਈਡ ਇੰਡਸਟਰੀ ਦੇ ਅਧੀਨ ਕੁੱਲ 335 ਯੂਨਿਟ ਰਜਿਸਟਰ ਹੋਏ ਹਨ ।

ਜਿਥੋਂ ਤਕ ਪ੍ਰਿੰਟਿੰਗ ਉਦਯੋਗ ਵਿਚ ਵਰਤੋਂ ਹੋਣ ਵਾਲੇ ਕਚੇ ਮਾਲ, ਕਾਗਜ਼, ਛਾਪੇ, ਦਾ ਸਿਆਹੀ ਜਾਂ ਤੇਲ ਦੀ ਸਪਲਾਈ ਦਾ ਸਬੰਧ ਹੈ ਇਸ ਦਾ ਉਦਯੋਗ ਵਿਭਾਗ ਨਾਲ ਕੋਈ ਸਬੰਧ ਨਹੀਂ ਹੈ । ਉਦਯੋਗ ਵਿਭਾਗ ਵਿਚ ਕਾਗਜ਼ ਦੀ ਕਮੀ ਜਾਂ ਬਲੈਕ ਮਾਰਕਿਟਿੰਗ ਅਤੇ ਦੂਜੀਆਂ ਕਮਾਡਟੀਆਂ ਬਾਰੇ ਕੋਈ ਸ਼ਿਕਾਇਤ ਨਹੀਂ ਆਈ ।

ਫਿਰ ਵੀ ਇਨ੍ਹਾਂ ਦੀ ਹੋਂਦ ਅਤੇ ਸਪਲਾਈ ਢੰਗ ਬਾਰੇ ਪਰਾਈਵੇਟ ਏਜੰਸੀਆਂ ਤੋਂ ਪ੍ਰਾਪਤ ਕੀਤੀ ਸੂਚਨਾ ਅਨੁਸਾਰ ਹਵਾਲਾ ਹੇਠ ਦਿੱਤਾ ਜਾਂਦਾ ਹੈ :

(ੲ) ਕਾਗਜ਼ : ਬਾਜ਼ਾਰ ਵਿਚ ਕਾਗਜ਼ ਦੀ ਕਮੀ ਹੈ ਅਤੇ ਕੀਮਤਾਂ ਪਿਛਲੇ ਕੁਝ ਸਮੇਂ ਤੋਂ ਚੜ੍ਹ ਗਈਆਂ ਹਨ । ਕਾਗਜ਼ ਦੀ ਕਿਸਮ ਅਨੁਸਾਰ, ਮਿਲ ਦੀਆਂ ਕੀਮਤਾਂ ਤੋਂ ਬਜ਼ਾਰ ਵਿਚ ਕਾਗਜ਼ ਦੀ ਕੀਮਤ ਦੋ ਤਿੰਨ ਗੁਣਾ ਚੜ੍ਹ ਗਈ ਹੈ ।

ਕਾਗਜ਼ ਦੀ ਵੰਡ ਜਾਂ ਕੀਮਤ ਉਤੇ ਕੋਈ ਕਾਨੂੰਨੀ ਜਾਂ ਰੈਗੂਲੇਟਰੀ ਕੰਟਰੋਲ ਨਹੀਂ ਹੈ। ਪੇਪਰ ਮਿਲਾਂ ਆਪਣੇ ਆਪ ਵੱਡੇ ਛਾਪੇ ਖਾਨਿਆਂ ਦਾ ਕੋਟਾ ਨਿਯਤ ਕਰਦੀਆਂ ਹਨ ਅਤੇ ਮਿਲ ਰੇਟ ਤੇ ਕਾਗਜ਼ ਸਪਲਾਈ ਕਰਦੀਆਂ ਹਨ । ਦੂਜੀਆਂ ਨੂੰ ਅਧਿਕ ਕੀਮਤ ਤੇ ਕਾਗਜ਼ ਬਾਜ਼ਾਰ ਤੋਂ ਖਰੀਦਣਾ ਪੈਂਦਾ ਹੈ। ਅਖਬਾਰਾਂ ਲਈ, ਰਜਿਸਟਰਾਰ ਸੂਚਨਾ ਅਤੇ ਬਰਾਡ ਕਾਸਟਿੰਗ ਮੰਤਰਾਲਿਆਂ ਨੇ ਕਾਗਜ਼ ਦਾ ਕੋਟਾ ਨੀਯਤ ਕੀਤਾ ਹੋਇਆ ਹੈ ਅਤੇ ਇਹ ਕੋਟਾ 1972-73 ਦੀ ਸਰਕੂਲੇਸ਼ਨ ਅਨੁਸਾਰ ਨਿਸ਼ਚਿਤ ਹੋਇਆ ਹੈ ।

[ਮੁੱਖ ਮੰਤਰੀ]

(ਬੀ) ਪ੍ਰਿੰਟਿੰਗ ਸਿਆਹੀ: ਕੇਂਦਰੀ ਜਾਂ ਸੂਬੇ ਦੀ ਸਰਕਾਰ ਵਲੋਂ ਛਾਪੇ ਦੀ ਸਿਆਹੀ ਉਤੇ ਨਾਂ ਕੋਈ ਕੀਮਤ ਦਾ ਕੰਟਰੋਲ ਹੈ ਅਤੇ ਨਾ ਹੀ ਇਸ ਦੀ ਵੰਡ ਤੇ ਕੋਈ ਪਾਬੰਦੀ ਹੈ। ਛਾਪੇ ਦੀ ਸਿਆਹੀ ਦੀ ਕੋਈ ਕਮੀ ਨਹੀਂ ਹੈ ਜਿਹੜੀ ਕਿ ਕਿਸੇ ਵੀ ਮਾਤਰਾ ਵਿਚ ਬਜ਼ਾਰ ਵਿਚ ਮਿਲ ਸਕਦੀ ਹੈ। ਹੁਣੇ ਹੀ ਇਸ ਦੀ ਕੀਮਤ ਜਨਵਰੀ ਦੇ ਸ਼ੁਰੂ ਵਿਚ 11 ਰੁਪਏ ਤੋਂ 13.50 ਰੁਪਏ ਪ੍ਰਤੀ ਕਿੱਲੋ ਵੱਧ ਗਈ ਹੈ ।

(ਸੀ) ਤੇਲ: ਪ੍ਰਿੰਟਿੰਗ ਉਦਯੋਗ ਵਿਚ ਮੋਬਿਲ ਆਇਲ ਲੁਬਰੀਕੇਸ਼ਨ ਲਈ ਤੇ ਮਿੱਟੀ ਦਾ ਤੇਲ ਸਾਫ਼ ਕਰਨ ਲਈ ਵਰਤੇ ਜਾਂਦੇ ਹਨ । ਮੋਬਿਲ ਆਇਲ ਆਮ ਤੌਰ ਤੇ ਰਜ਼ਿਸਟਰ ਹੋਏ ਸਟਾਕਿਸਟਾਂ ਕੰਪਨੀਆਂ ਦੇ ਡੀਲਰਾਂ ਕੋਲ ਮੌਜੂਦ ਹੁੰਦਾ ਹੈ ਪਰ ਕਮੀ ਦਾ ਕਾਰਨ ਸਟਾਕਿਸਟਾਂ ਤੋਂ ਕੰਪਨੀਆਂ ਦੇ ਰੇਟਾਂ ਤੇ ਮਾਲ ਨਹੀਂ ਮਿਲਦਾ ਅਤੇ ਇਸ ਲਈ ਪ੍ਰਿੰਟਿੰਗ ਪ੍ਰੈਸਾਂ ਨੂੰ ਬਾਜ਼ਾਰ ਤੋਂ ਮਾਲ ਲੈਣਾ ਪੈਂਦਾ ਹੈ। ਕੀਮਤਾਂ ਹੁਣੇ ਹੀ ਬਜ਼ਾਰ ਵਿਚ ਚੜ੍ਹ ਗਈਆਂ ਹਨ ਅਤੇ ਕੰਪਨੀਆਂ ਦੇ ਰੇਟਾਂ ਤੋਂ ਬਹੁਤ ਅਧਿਕ ਹਨ । ਸੂਬੇ ਦੀ ਸਰਕਾਰ ਦਾ ਇਸ ਦੀ ਵੰਡ ਤੇ ਕੋਈ ਕੰਟਰੋਲ ਨਹੀਂ ਹੈ । ਮਿੱਟੀ ਦੇ ਤੇਲ ਬਾਰੇ ਇਹ ਦੱਸਿਆ ਜਾਂਦਾ ਹੈ ਕਿ ਇਹ ਕੈਰੋਸੀਨ ਕੰਟਰੋਲ ਆਰਡਰ ਦੇ ਅਧੀਨ ਆਉਂਦਾ ਹੈ ਜਿਸ ਅਨੁਸਾਰ ਇਹ ਰੋਸ਼ਨੀ ਤੇ ਜਲਾਉਣ ਦੇ ਮੰਤਵ ਤੋਂ ਛੋਟ ਕਰਾਉਣੀ ਪਈ ਹੈ । ਇਹ ਛੋਟ ਫੰਡ ਸਪਲਾਈ ਵਿਭਾਗ ਦਿੰਦਾ ਹੈ ਅਤੇ ਇਸ ਬਾਰੇ ਲੋੜੀਂਦੀ ਸਿਫਾਰਸ਼ ਉਦਯੋਗ ਵਿਭਾਗ ਵਲੋਂ ਕਰ ਦਿੱਤੀ ਜਾਂਦੀ ਹੈ।

(ਡੀ) ਪਾਵਰ: ਅਖਬਾਰਾਂ ਬਾਰੇ ਬਿਜਲੀ ਦੀ ਸਪਲਾਈ ਵਿਚ ਕੋਈ ਕਟੌਤੀ ਨਹੀਂ, ਪਰ ਅਖ-ਬਾਰਾਂ ਤੋਂ ਇਲਾਵਾ ਦੂਜੇ ਛਾਪੇ ਖਾਨਿਆਂ ਨੂੰ ਉਦਯੋਗਿਕ ਅਤੇ ਘਰੇਲੂ ਸੰਸਥਾਵਾਂ ਵਾਂਗ ਬਿਜਲੀ ਦੀ ਕਟੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ ।

ਉਪਰੋਕਤ ਅਨੁਸਾਰ ਲੋੜੀਂਦਾ ਕਚਾ ਮਾਲ ਬਜ਼ਾਰ ਵਿਚ ਮਿਲ ਜਾਂਦਾ ਹੈ ਭਾਵੇਂ ਕੁਝ ਵਧੇਰੇ ਕੀਮਤ ਤੇ ਹੀ ਮਿਲਦਾ ਹੈ ਅਤੇ ਬਿਜਲੀ ਦੀ ਸਪਲਾਈ ਵੀ ਮੌਜੂਦਾ ਹਦ-ਬੰਦੀ ਸਥਿਤੀ ਅਨੁਸਾਰ ਦਿੱਤੀ ਜਾਂਦੀ ਹੈ । ਸਰਕਾਰ ਇਹ ਵਿਸ਼ਵਾਸ ਰਖਦੀ ਹੈ ਕਿ ਛਾਪੇ ਖਾਨੇ ਉਦਯੋਗ ਦਾ ਸੂਬੇ ਵਿਚ ਬੰਦ ਹੋਣ ਦਾ ਕੋਈ ਖਤਰਾ ਨਹੀਂ ।

(Serial No. 103)

Comrade Satya Pal Dang : to draw the attention of the Government towards a matter of urgent public importance, namely. there is acute discontentment amongst the public of Amritsar regarding the manner in which the much publicized scheme to provide atta and pulses at subsidised rates to certain sections of the people. The acute discontentment is due to following reasons :—

(a) Subsidy is admissible only in case of employees whose income is upto Rs. 575 P.M. but not to people belonging to other professions with low income.

(b) Subsidy is nominal and is applicable only in case of two necessities.

(c) Cards of consumers have been registered without considering their own choice and often to far away depots leaving out depots nearby.

(d) New depots in connection with the scheme have been allotted without any regard to any principles of the interests of the people.

In view of the obvious and urgent importance of the matter, the Government be asked to make a statement in the House.

Sardar Gurdarshan Singh (State Minister for Food and Supplies): The State Government has introduced a subsidy scheme in Amritsar City with effect from 15th February, 1974 to supply wheat atta and pulses to certain weaker sections of the society

at subsidised rates the amount of subsidy being Rs. 5 per quintal. This scheme covers Government employees, Municipal Employees, Trade Employees and Industrial employees (Labour) drawing total emoluments upto Rs. 575 per month (including all allowances, except travelling allowance). For this purpose income of all the members of a family who reside together and have a common kitchen will be taken as one unit. The scheme will be extended to other towns also. The towns of Jullundur, Ludhiana and Patiala are being taken up for this purpose very shortly, The subsidy on these essential commodities, to a large extent, helps in containing the rising prices of these commodities and mitigates the hardships, caused by rising prices, of these sections with fixed income.

Position in respect of specific points raised in this behalf is as follows :—

(a) Although Government recognises the urgency of needs of other weaker sections and low income groups also yet because of constraint of financial resources, the scheme cannot be extended to all the remaining categories for the present.

(b) For the present only Essential Commodities viz. atta and dals are being covered under this Scheme due to financial constraints. In due course of time as and when the resources of the State permit both the question of rate of subsidy as well as the enlargement of the list of essential commodities to be covered under this scheme could be considered. Even at the present rate of subsidy the State Government may have to pay about Rs. 67 lakhs annualy out of its exchequer as the amount of subsidy alone.

(c) In matter of allocation of card for registration to various depots a conscious policy of rationalisation had been followed. It was laid down that card holders should get their cards registered with the depots located in that very ward. It was also decided that cards be allocated to different depots in consecutive serial numbers, subject to the overall limit of 500 cards per depot. This was done with a view to facilitating an effective check over bogus cards to enable people to get their rations from the same locality where they reside, and to avoid long queues. During the course of implementation of this system in the field, however, a few cases of inconvenience caused to some card holders, have come to notice especially where a small group of houses (card holders) attached to one depot may be located near to another depot in the same ward or in an adjoining ward. To mitigate any inconvenience in such and similar other cases, Government have agreed to give choice to the card holders to get their cards registered with the depots of their choice in the same ward or division in which they reside, subject to the condition that the prescribed maximum limit of 500 cards at a depot is not exceeded.

(d) In Amritsar City, new depots have been allotted on merits by a Committee of Government officials constituted by the Government and the interests of the people have been served in this behalf.

[ਪੰਜਾਬ ਸਰਕਾਰ ਨੇ 15 ਫਰਵਰੀ, 1974 ਤੋਂ ਅਮ੍ਰਿਤਸਰ ਸ਼ਹਿਰ ਵਿਚ ਕਣਕ ਦਾ ਆਟਾ ਅਤੇ ਦਾਲਾਂ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਰਿਆਇਤੀ ਦਰਾਂ ਤੇ ਦੇਣ ਲਈ ਸਬਸਿੱਡੀ ਸਕੀਮ ਲਾਗੂ ਕੀਤੀ ਹੈ। ਰਿਆਇਤ ਦਾ ਦਰ 5 ਰੁਪਏ ਪ੍ਰਤੀ ਕੁਇੰਟਲ ਹੈ। ਇਸ ਸਕੀਮ ਅਧੀਨ 575ਰੁ: ਮਹੀਨਾ ਤੱਕ (ਸਾਰੇਭੱਤੇ ਸਿਵਾਏ ਯਾਤਰਾ ਭੱਤੇ ਦੇ) ਤਨਖਾਹ ਲੈਣ ਵਾਲੇ ਸਰਕਾਰੀ ਮੁਲਾਜ਼ਮ, ਮਿਉਨਸਪਲ ਮੁਲਾਜ਼ਮ, ਟ੍ਰੇਡ ਮੁਲਾਜ਼ਮ ਅਤੇ ਸਨਅਤੀ ਮੁਲਾਜਮ (ਮਜਦੂਰ) ਲਏ ਗਏ ਹਨ। ਇਸ ਮਨੋਰਥ ਲਈ ਕਿਸੇ ਪ੍ਰਵਾਰ ਦੇ ਸਾਰੇ ਵਿਅਕਤੀਆਂ ਦੀ ਆਮਦਨ ਜੋ ਇਕ ਥਾਂ ਤੇ ਰਹਿੰਦੇ ਹਨ ਅਤੇ ਇਕ ਰਸੋਈ ਤੋਂ ਖਾਣਾ ਖਾਂਦੇ ਹਨ, ਨੂੰ ਇਕ ਇਕਾਈ ਸਮਝਿਆ ਜਾਵੇਗਾ। ਸਕੀਮ ਦੂਜੇ ਸ਼ਿਹਰਾਂ ਵਿਚ ਵੀ ਲਾਗੂ ਕੀਤੀ ਜਾਵੇਗੀ। ਇਸ ਮਨੋਰਥ ਲਈ ਜਲੰਧਰ, ਲੁਧਿਆਣਾ ਅਤੇ ਪਟਿਆਲਾ ਜਲਦੀ ਹੀ ਲਏ ਜਾ ਰਹੇ ਹਨ। ਇਨ੍ਹਾਂ ਜ਼ਰੂਰੀ ਵਸਤੂਆਂ ਤੇ ਸਬਸਿੱਡੀ ਦੇਣ ਨਾਲ ਇਨ੍ਹਾਂ ਵਸਤੂਆਂ ਦੀ ਚੜ੍ਹ ਰਹੀ ਕੀਮਤ ਨੂੰ ਰੋਕਣ ਵਿਚ ਮਦਦ ਮਿਲਦੀ ਹੈ ਅਤੇ ਨਿਸਚਤ ਤਨਖਾਹ ਲੈਣ ਵਾਲੇ ਇਨ੍ਹਾਂ ਵਰਗਾਂ ਨੂੰ ਵੱਧ ਰਹੀਆਂ ਕੀਮਤਾਂ ਦੇ ਕਾਰਨ ਪੈਦਾ ਹੋਈਆਂ ਮੁਸਕਲਾਂ ਨੂੰ ਘਟਾਉਂਦੀ ਹੈ।

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

ਇਸ ਸਬੰਧ ਵਿਚ ਉਠਾਏ ਗਏ ਖਾਸ ਨੁਕਤਿਆਂ ਬਾਰੇ ਸਥਿਤੀ ਹੇਠਾਂ ਦਿਤੀ ਜਾਂਦੀ ਹੈ:

(ੳ) ਭਾਵੇਂ ਸਰਕਾਰ ਦੂਜੇ ਕਮਜ਼ੋਰ ਵਰਗਾਂ ਅਤੇ ਘੱਟ ਤਨਖਾਹ ਲੈਣ ਵਾਲੇ ਵਰਗਾਂ ਦੀਆਂ ਲੋੜਾਂ ਦੀ ਮਹੱਤਤਾ ਨੂੰ ਵੀ ਮੰਨਦੀ ਹੈ ਪਰ ਵਿੱਤੀ ਸਾਧਨਾ ਦੇ ਸੀਮਤ ਹੋਣ ਕਰ ਕੇ ਹਾਲ ਦੀ ਘੜੀ ਸਕੀਮ ਵਿਚ ਦੂਜੀਆਂ ਬਾਕੀ ਸ਼੍ਰੇਣੀਆਂ ਸ਼ਾਮਲ ਨਹੀਂ ਕੀਤੀਆਂ ਜਾ ਸਕਦੀਆਂ ।

(ਅ) ਹਾਲ ਦੀ ਘੜੀ ਵਿੱਚ ਸਾਧਨ ਸੀਮਤ ਹੋਣ ਕਰਕੇ ਸਿਰਫ ਜ਼ਰੂਰੀ ਵਸਤੂਆਂ ਭਾਵ ਕਿ ਆਟਾ ਅਤੇ ਦਾਲਾਂ ਇਸ ਸਕੀਮ ਅਧੀਨ ਲਏ ਗਏ ਹਨ । ਜਦੋਂ ਕਦੇ ਰਾਜ ਦੇ ਸਮਾਂ ਪਾ ਕੇ ਵਿਤੀ ਸਾਧਨ ਇਜਾਜ਼ਤ ਦੇਣਗੇ ਤਾਂ ਇਸ ਸਕੀਮ ਅਧੀਨ ਸਬਸਿਡੀ ਦਾ ਰੇਟ ਵਧਾਉਣ ਅਤੇ ਇਸ ਸੂਚੀ ਵਿਚ ਹੋਰ ਜ਼ਰੂਰੀ ਵਸਤੂਆਂ ਨੂੰ ਲਿਆਉਣ ਸਬੰਧੀ ਵਿਚਾਰਿਆ ਜਾ ਸਕਦਾ ਹੈ । ਸਬਸਿਡੀ ਦੇ ਵਰਤਮਾਨ ਦਰ ਦੇ ਹਿਸਾਬ ਨਾਲ ਸਬਸਿਡੀ ਦੀ ਕੁਲ ਰਕਮ ਵਜੋਂ ਸਰਕਾਰੀ ਖਜ਼ਾਨੇ ਵਿਚੋਂ ਤਕਰੀਬਨ 67 ਲੱਖ ਰੁਪਏ ਸਲਾਨਾ ਖਰਚ ਕਰਨੇ ਪੈਣਗੇ ।

(ੲ) ਭਿੰਨ ਭਿੰਨ ਡੀਪੂਆਂ ਤੇ ਕਾਰਡਾਂ ਦੀ ਰਜਿਸਟਰੇਸ਼ਨ ਦੀ ਵੰਡ ਦੇ ਮਾਮਲੇ ਵਿਚ ਵਿਗਿਆਨੀ-ਕਰਨ ਦੀ ਚਤੰਨ ਨੀਤੀ ਅਪਣਾਈ ਗਈ ਸੀ। ਇਹ ਉਪਬੰਧ ਕੀਤਾ ਗਿਆ ਸੀ ਕਿ ਕਾਰਡ ਹੋਲਡਰ ਵਾਰਡ ਵਿਚ ਸਥਿਤ ਨੇੜੇ ਦੇ ਡੀਪੂ ਹੋਲਡਰ ਪਾਸ ਕਾਰਡ ਰਜਿਸਟਰ ਕਰਵਾਉਣ । ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਹਰ ਇਕ ਡੀਪੂ ਨੂੰ ਕਾਰਡ ਕ੍ਰਮਵਾਰ ਲੜੀ ਨੰਬਰ ਅਨੁਸਾਰ ਦਿੱਤੇ ਜਾਣ ਅਤੇ ਵੱਧ ਤੋਂ ਵੱਧ ਇਕ ਡੀਪੂ ਤੇ 500 ਕਾਰਡਾਂ ਦੀ ਸੀਮਤਤਾ ਰੱਖੀ ਗਈ । ਇਹ ਇਸ ਮਨੋਰਥ ਨਾਲ ਕੀਤਾ ਗਿਆ ਸੀ ਤਾਂ ਜੋ ਸੌਖੀ ਤਰ੍ਹਾਂ ਬੋਗਸ ਕਾਰਡਾਂ ਤੇ ਪ੍ਰਭਾਵਿਤ ਰੋਕ ਲਾਈ ਜਾਵੇ, ਤਾਂਕਿ ਲੋਕ ਆਪਣੇ ਰਾਸ਼ਨ ਜਿਥੋਂ ਉਹ ਰਹਿੰਦੇ ਹੋਣ ਉਸ ਸਥਾਨ ਤੇ ਪ੍ਰਾਪਤ ਕਰ ਸਕਣ ਅਤੇ ਲੰਮੀਆਂ ਕਤਾਰਾਂ ਨਾ ਲਗਣ । ਇਸ ਸਕੀਮ ਨੂੰ ਫੀਲਡ ਵਿਚ ਲਾਗੂ ਕਰਨ ਦੇ ਦੌਰਾਨ ਪ੍ਰੰਤੂ ਕੁਝ ਕਾਰਡ ਹੋਲਡਰਾਂ ਦੀ ਅਸਵਿਧਾ ਦੇ ਕੇਸ ਨੋਟਿਸ ਵਿਚ ਆਏ ਖ਼ਾਸ ਤੌਰ ਤੇ ਜਿਥੇ ਕਿਸੇ ਡੀਪੂ ਨਾਲ ਲਗਾਏ ਗਏ ਦੁਕਾਨਾਂ (ਕਾਰਡ ਹੋਲਡਰ) ਦਾ ਕੋਈ ਛੋਟਾ ਗਰੁਪ ਉਸ ਵਾਰਡ ਵਿਚ ਜਾਂ ਨਾਲ ਦੇ ਵਾਰਡ ਵਿਚ ਕਿਸੇ ਦਸਰੇ ਡੀਪੂ ਨੂੰ ਨੇੜੇ ਪੈਂਦਾ ਸੀ ਅਜਿਹੇ ਅਤੇ ਇਹੋ ਜਿਹੇ ਹੋਰ ਕੇਸਾਂ ਵਿਚ ਅਸੁਵਿਧਾ ਘਟਾਉਣ ਲਈ ਸਰਕਾਰ ਨੇ ਕਾਰਡ ਹੋਲਡਰਾਂ ਨੂੰ ਉਨ੍ਹਾਂ ਦੇ ਕਾਰਡ ਉਨ੍ਹਾਂ ਦੀ ਚੋਣ ਅਨੁਸਾਰ ਉਨ੍ਹਾਂ ਦੇ ਰਹਾਇਸ਼ ਦੇ ਵਾਰਡ ਜਾਂ ਡਵੀਜ਼ਨ ਵਿਚ ਸਥਿਤ ਡੀਪੂਆਂ ਤੇ ਰਜਿਸਟਰ ਕਰਾਉਣ ਬਾਰੇ ਮੰਨ ਲਿਆ ਹੈ ਪਰ ਇਸ ਸ਼ਰਤ ਦੇ ਅਧੀਨ ਕਿ ਕਿਸੇ ਡੀਪੂ ਤੇ 500 ਕਾਰਡਾਂ ਬਾਰੇ ਵੱਧ ਤੋਂ ਵੱਧ ਨੀਯਤ ਕੀਤੀ ਸੀਮਤਤਾ ਤੋਂ ਵਧਿਆ ਨਹੀਂ ਜਾਵੇਗਾ ।

(ਸ) ਅੰਮ੍ਰਿਤਸਰ ਸ਼ਹਿਰ ਵਿਚ ਨਵੇਂ ਡੀਪੂ ਸਰਕਾਰ ਵਲੋਂ ਬਣਾਈ ਗਈ ਸਰਕਾਰੀ ਅਫ਼ਸਰਾਂ ਦੀ ਕਮੇਟੀ ਨੇ ਮੈਰਿਟਸ ਦੇ ਅਲਾਟ ਕੀਤੇ ਹਨ ਅਤੇ ਇਸ ਸਬੰਧ ਵਿਚ ਜਨਤਾ ਦੇ ਹਿੱਤਾਂ ਦਾ ਖਿਆਲ ਰੱਖਿਆ ਗਿਆ ਹੈ ।]

(Serial No. 115)

Comrade Achhra Singh : To draw the attention of the Government towards a matter of urgent public importance, namely, over one thousand Panchayat Secretaries (recently trained) are facing unemployment from the 28th February, 1974. They were selected for training with the promise that they will be absorbed in Government jobs immediately after their training courses are over. No policy statement for keeping up the agreed promise has come forward by Punjab Government. Hence great unrest and discontentment amongst them.

In view of great importance of the matter, the Government may please be asked to make a statement in the House.

Sardar Santokh Singh Randhawa (Minister of State for Development): Under the Half-a-Million jobs programme, sponsored by the Government of India, 1,000 persons were selected for pre-service training in Panchayat work. It was agreed that during the period of training each trainee would be given a stipend of Rs100 per month. However, no assurance was held out that after the completion of the training they would be provided employment under all circumstances. All that was stated was that after successful competition of training,the trainees would be eligible for appointment as Panchayat Secretaries. The training course concluded on 28th February, 1974. Government is taking necessary steps for providing all these trainees with employment as Panchayat Secretaries under the Panchayat Samities at the earliest, after giving them the prescribed test.

[ਕੇਂਦਰੀ ਸਰਕਾਰ ਦੀ ਪੰਜ ਲੱਖ ਵਿਅਕਤੀਆਂ ਨੂੰ ਨੌਕਰੀ ਦੇਣ ਦੀ ਸਕੀਮ ਅਧੀਨ 1,000 ਵਿਅਕਤੀ ਪੰਚਾਇਤਾਂ ਦੇ ਕੰਮਾਂ ਦੀ ਟਰੇਨਿੰਗ ਦੇਣ ਲਈ ਚੁਣੇ ਗਏ ਸਨ ਅਤੇ ਇਹ ਫੈਸਲਾ ਕੀਤਾ ਗਿਆ ਸੀ ਕਿ ਟਰੇਨਿੰਗ ਦੌਰਾਨ ਹਰ ਇਕ ਟਰੇਨੀ ਨੂੰ 100 ਰੁਪਏ ਮਾਸਕ ਵਜ਼ੀਫਾ ਦਿੱਤਾ ਜਾਇਆ ਕਰੇਗਾ, ਪ੍ਰੰਤੂ ਉਨ੍ਹਾਂ ਨੂੰ ਟਰੇਨਿੰਗ ਪੂਰੀ ਹੋਣ ਤੋਂ ਉਪਰੰਤ ਲਾਜ਼ਮੀ ਤੌਰ ਤੇ ਨੌਕਰੀ ਦੇਣ ਦਾ ਕੋਈ ਵਚਨ ਨਹੀਂ ਦਿੱਤਾ ਸੀ। ਉਨ੍ਹਾਂ ਨੂੰ ਇਹ ਕਿਹਾ ਗਿਆ ਸੀ ਕਿ ਸਫਲਤਾ ਸਹਿਤ **ਟ੍ਰੇਨਿੰਗ** ਪਰਾਪਤ ਕਰਨ ਵਾਲੇ ਬਤੌਰ ਪੰਚਾਇਤ ਸੈਕਟਰੀ ਲੱਗਣ ਦੇ ਯੋਗ ਹੋਣਗੇ। ਇਹ ਟਰੇਨਿਗ ਕੋਰਸ ਮਿਤੀ 28 ਫਰ-ਵਰੀ, 1974 ਨੂੰ ਖਤਮ ਹੋ ਗਿਆ ਹੈ। ਸਰਕਾਰ ਹੁਣ ਉਨ੍ਹਾਂ ਨੂੰ ਨਿਸ਼ਚਿਤ ਟੈਸਟ ਪਾਸ ਕਰਨ ਤੇ ਪੰਚਾਇਤ ਸੰਮਿਤੀਆਂ ਦੇ ਅਧੀਨ ਪੰਚਾਇਤ ਸੈਕਟਰੀ ਦੀ ਨੌਕਰੀ ਛੇਤੀ ਤੋਂ ਛੇਤੀ ਦਿਵਾਏ ਜਾਣ ਬਾਰੇ ਲੋੜੀਂਦੇ ਕਦਮ ਚੁੱਕ ਰਹੀ ਹੈ।]

(ਕ੍ਰਮ ਨੰ: 123)

ਮਾਸਟਰ ਚੰਦ ਸਿੰਘ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਮਿਤੀ 17 ਫਰਵਰੀ, 1974 ਨੂੰ ਸੁਨਾਮ, ਜ਼ਿਲ੍ਹਾ ਸੰਗਰੂਰ ਵਿਖੇ ਪੰਜਾਬ ਕਿਸਾਨ ਸਭਾ ਵਲੋਂ, ਜਿਸਦੀ ਅਗਵਾਈ ਕਾਮਰੇਡ ਦਲੀਪ ਸਿੰਘ ਟਪਿਆਲਾ ਕਰ ਰਹੇ ਸਨ, ਪੁਰ-ਅਮਨ ਜਲੂਸ ਕੱਢਿਆ ਜਾ ਰਿਹਾ ਸੀ, ਤਾਂ ਪੁਲਿਸ ਨੇ ਉਨ੍ਹਾਂ ਤੇ ਅਨ੍ਹੇਵਾਹ ਲਾਠੀਚਾਰਜ ਕੀਤਾ, ਅਥਰੂ-ਗੈਸ ਦੇ 250 ਦੇ ਲਗਭਗ ਗੋਲੇ ਛੱਡੇ ਅਤੇ ਲੋਕਾਂ ਤੇ ਰੋੜੇ ਮਾਰੇ ਗਏ। ਸੁਨਾਮ ਦੇ ਸਵਾਗਤੀ ਕਮੇਟੀ, ਲੰਗਰ ਅਤੇ ਪੰਡਾਲ ਵਿਚ ਜਾ ਕੇ ਅਥਰੂ ਗੈਸ ਦੇ ਗੋਲੇ ਸੁੱਟੇ ਅਤੇ ਸਵਾਗਤੀ ਕਮੇਟੀ ਦੇ ਦਫਤਰ ਵਿਚੋਂ ਪ੍ਰਮੁੱਖ ਆਗੂ ਫੜੇ ਅਤੇ ਬਾਕੀ ਜਲੂਸ ਵਿਚੋਂ ਸੈਂਕੜੇ ਸਾਥੀ ਕੁੱਟ ਕੁੱਟ ਕੇ ਗ੍ਰਿਫ-ਤਾਰ ਕੀਤੇ। ਇਹ ਬਹੁਤ ਅਹਿਮ ਮਸਲਾ ਹੈ। ਜੰਤਾ ਵਿਚ ਹਾਹਾਕਾਰ ਮੱਚੀ ਹੋਈ ਹੈ। ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਇਸ ਬਾਰੇ ਹਾਊਸ ਵਿਚ ਸਟੇਟਮੈਂਟ ਦੇਵੇ।

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਪੰਜਾਬ ਕਿਸਾਨ ਸਭਾ ਦਾ 23ਵਾਂ ਡੈਲੀਗੇਟ ਸੈਸ਼ਨ, ਸੁਨਾਮ ਜ਼ਿਲ੍ਹਾ ਸੰਗਰੂਰ ਵਿਖੇ ਇੰਦਰਾ ਬਸਤੀ ਵਿਚ ਮਿਤੀ 15 ਫਰਵਰੀ, 1974 ਤੋਂ 17 ਫਰਵਰੀ, 1974 ਤੱਕ ਕਾਮਰੇਡ ਦਲੀਪ ਸਿੰਘ ਟਪਿਆਲਾ, ਪ੍ਰਧਾਨ ਪੰਜਾਬ ਕਿਸਾਨ ਸਭਾ, ਦੀ ਪ੍ਰਧਾਨਗੀ ਹੇਠ ਹੋਇਆ। ਸ਼ਹਿਰ ਸੁਨਾਮ ਵਿਖੇ ਵਿਦਿਆਰਥੀਆਂ ਦੇ ਹਿੰਸਕ ਐਜੀਟੇਸ਼ਨ ਕਾਰਨ ਅਰਸਾ 12 ਮਹੀਨੇ ਤੋਂ ਦਫਾ 144 ਜ਼ਾਬਤਾ ਫੌਜਦਾਰੀ ਲਗੀ ਹੋਈ ਸੀ, ਜਿਸਦੀ ਮਿਆਦ ਮਿਤੀ 17 ਫਰਵਰੀ, 1974 ਤਕ ਸੀ ਅਤੇ ਇਸਦੀ ਮਿਆਦ ਐਸ.ਡੀ.ਐਮ. ਸਨਾਮ ਨੇ 17 ਫਰਵਰੀ, 1974 ਤੋਂ 24 ਫਰਵਰੀ, 1974 ਤਕ ਵਧਾ ਦਿੱਤੀ ਸੀ। ਇਸ ਡੇਲੀਗੇਟ ਸੈਸ਼ਨ ਵਿਚ ਕਿਸਾਨ ਸਭਾ ਦੇ ਆਗੂਆਂ ਨੇ ਫੈਸਲਾ ਕੀਤਾ ਕਿ ਦਫਾ 144 ਜ਼ਾਬਤਾ ਫੌਜਦਾਰੀ ਦੀ ਉਲੰਘਣਾ ਕਰਕੇ ਸ਼ਹਿਰ ਵਿਚ 17 ਫਰਵਰੀ, 1974 ਨੂੰ ਜਲੂਸ ਕੱਢਿਆ ਜਾਵੇ। ਉਕਤ ਇਤਲਾਹ ਮਿਲਣ ਤੇ ਐਸ.ਡੀ.ਐਮ. ਸੁਨਾਮ, ਡੀ. ਐਸ. ਪੀ. ਸੁਨਾਮ ਅਤੇ ਐਡੀਸ਼ਨਲ ਐਸ.ਐਚ.ਓ, ਸੁਨਾਮ ਸਮੇਤ ਪੁਲਿਸ ਫੋਰਸ ਅਤੇ ਅਥਰੂ ਗੈਸ ਸੁਕਾਡ ਇੰਦਰਾ ਬਸਤੀ ਪੁੱਜ ਗਏ।

[ਮੁੱਖ ਮੰਤਰੀ]

2. ਮਿੱਥੇ ਹੋਏ ਪ੍ਰੋਗਰਾਮ ਅਨੁਸਾਰ 17 ਫਰਵਰੀ, 1974 ਨੂੰ 12.30 ਵਜੇ ਦਿਨੇ ਤਕਰੀਬਨ 2000 ਮੁਜ਼ਾਹਰੀਨ ਦਾ ਇਕ ਜਲੂਸ, ਜਿਨ੍ਹਾਂ ਵਿਚੋਂ ਕੁਝ ਪਾਸ ਪਾਰਟੀ ਦੇ ਝੰਡੇ ਅਤੇ ਬਹੁਤ ਸਾਰਿਆਂ ਦੇ ਹੱਥਾਂ ਵਿਚ ਲਾਠੀਆਂ ਸਨ, ਇੰਦਰਾ ਬਸਤੀ ਤੋਂ ਇਕ ਅਹਾਤੇ ਵਿਚੋਂ ਆਰੰਭ ਹੋਇਆ, ਜਿਸ ਦੀ ਅਗਵਾਈ ਸ੍ਰੀ ਦਲੀਪ ਸਿੰਘ ਟਪਿਆਲਾ, ਸੰਤੋਖ ਸਿੰਘ ਸੋਹਰ, ਗੁਰਦੇਵ ਸਿੰਘ ਮਹੋਲੀ ਖ਼ੁਰਦ, ਪ੍ਰੀਤਮ ਸਿੰਘ ਸਰਪੰਚ ਕਾਹਨੇਕੇ, ਬਲਬੀਰ ਸਿੰਘ ਵਕੀਲ ਸੁਨਾਮ, ਹਰਦਿੱਤ ਸਿੰਘ ਭੱਠਲ, ਸਪੂਰਨ ਸਿੰਘ ਧੋਲਾ, ਹਰਨਾਮ ਸਿੰਘ ਚਮਕ, ਹਰਕਿਸ਼ਨ ਸਿੰਘ ਸੁਰਜੀਤ ਆਦਿ ਕਰ ਰਹੇ ਸਨ। ਜਦੋਂ ਇਹ ਜਲੂਸ ਰੇਲਵੇ ਸਟੇਸ਼ਨ ਵਲ ਵਧਿਆ ਤਾਂ ਐਸ. ਡੀ. ਐਮ. ਸੁਨਾਮ ਨੇ ਲਾਊਡ ਸਪੀਕਰ ਰਾਹੀਂ ਉਨ੍ਹਾਂ ਨੂੰ ਵਾਰਨਿੰਗ ਦਿੱਤੀ ਕਿ ਮਿਊਂਸੀਪਲ ਹੱਦ ਸਨਾਮ ਵਿਚ ਦਫਾ 144 ਜ਼ਾਬਤਾ ਫੌਜਦਾਰੀ ਲਗੀ ਹੋਈ ਹੈ ਜਿਸ ਕਾਰਨ 5 ਜਾਂ ਵੱਧ ਵਿਅਕਤੀਆਂ ਦਾ ਇਕੱਠੇ ਹੋਣਾ ਅਤੇ ਜਲੂਸ ਜਲਸੇ ਦੀ ਮਨਾਹੀ ਹੈ ਅਤੇ ਜਲੂਸ ਨੂੰ ਤਿਤਰ ਪਿਤਰ ਹੋਣ ਲਈ ਆਖਿਆ ਗਿਆ। ਪਰ ਜਲੂਸ ਵਾਲਿਆਂ ਤੇ ਕੋਈ ਅਸਰ ਨਾ ਹੋਇਆ। ਐਸ ਡੀ.ਐਮ. ਨੇ ਉਨ੍ਹਾਂ ਨੂੰ ਲਾਊਡਸਪੀਕਰ ਤੇ 5/7 ਵਾਰੀ ਇਹ ਵਾਰਨਿੰਗ ਦਿਤੀ ਪਰ ਉਹ ਨਾਹਰੇ ਮਾਰਦੇ ਹੋਏ ਅਗੇ ਵਧਦੇ ਗਏ ਜਿਸ ਤੇ ਪੁਲਿਸ ਨੇ ਜਲੂਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਤੇ ਜਲੂਸ ਨੇ ਪਥਰਾਓ ਸ਼ੁਰੂ ਕਰ ਦਿੱਤਾ। ਪੁਲਿਸ ਨੇ ਐਸ. ਡੀ. ਐਮ. ਸਾਹਿਬ ਦੇ ਹੁਕਮ ਅਨੁਸਾਰ ਅਥਰੂ ਗੈਸ ਦੀ ਵਰਤੋਂ ਕੀਤੀ ਪਰ ਮੁਜ਼ਾਹਰੀਨ ਪਿੱਛੇ ਨਹੀਂ ਹਟੇ। ਹਾਲਾਤ ਤੋਂ ਬਾਹਿਰ ਹੁੰਦੇ ਵੇਖਕੇ , ਐਸ.ਡੀ.ਐਮ. ਨੇ ਜਲੂਸ ਨੂੰ ਤਿਤਰ ਬਿਤਰ ਕਰਨ ਲਈ ਪੁਲਿਸ ਨੂੰ ਲਾਠੀ ਚਾਰਜ ਕਰਨ ਦਾ ਹੁਕਮ ਦਿੱਤਾ। ਪਥਰਾਓ ਦੇ ਨਤੀਜੇ ਵਜੋਂ ਇਕ ਸਬ-ਇਨਸਪੈਕਟਰ ਅਤੇ 11 ਸਿਪਾਹੀਆਂ ਨੂੰ ਸਖਤ ਚੋਟਾਂ ਆਈਆਂ। ਹਾਲਾਤ ਨੂੰ ਕਾਬੂ ਵਿਚ ਰੱਖਣ ਲਈ ਪੁਲਿਸ ਨੂੰ 76 ਅਥਰੂ ਗੈਸ ਸ਼ੈਲਾਂ ਅਤੇ 12 ਅਥਰੂ ਗੈਸ ਗਰਨੇਡਾਂ ਦੀ ਵਰਤੋਂ ਕਰਨੀ ਪਈ। ਇਸ ਮੌਕੇ ਤੇ 54 ਗ੍ਰਿਫਤਾਰੀਆਂ ਕੀਤੀਆਂ ਗਈਆਂ। ਗ੍ਰਿਫਤਾਰੀ ਸਮੇਂ ਕਸ਼ਮ-ਕਸ ਦੇ ਦੌਰਾਨ ਮੁਜ਼ਾਹਰੀਨ ਵਿਚੋਂ 2 ਨੂੰ ਮਾਮੂਲੀ ਚੋਟਾਂ ਆਈਆਂ। ਇਸ ਘਟਨਾ ਦੇ ਸਬੰਧ ਵਿਚ ਮੁਕੱਦਮਾਂ ਨੰ: 45 ਮਿਤੀ 17 ਫਰਵਰੀ, 1974 ਅ/ਧ 188/307/353/332/148/149/506 ਇੰ:ਡੰ: ਥਾਨਾ ਸੁਨਾਮ ਵਿਚ ਦਰਜ ਕੀਤਾ ਗਿਆ।

3. ਇਸੇ ਮਿਤੀ ਨੂੰ ਇਕ ਹੋਰ ਜਲੂਸ ਜਿਸ ਵਿਚ 200/149/300 ਮੁਜ਼ਾਹਰੀਨ ਸਾਮਲ ਸਨ। 1.30 ਵਜੇ ਪੀਰਾਂ ਵਾਲਾ ਗੇਟ ਸੁਨਾਮ ਵਿਖੇ ਪੁੱਜਾ, ਜਿਸ ਦੀ ਅਗਵਾਈ ਕਰਤਾਰ ਸਿੰਘ ਸਕਨਾ ਛਾਹੜ, ਰਾਮ ਸਿੰਘ ਜਵੰਦਾ ਅਤੇ ਗੁਲਾਬ ਖਾਂ ਆਦਿ ਕਰ ਰਹੇ ਸਨ। ਬਹੁਤਿਆਂ ਕੋਲ ਲਾਠੀਆਂ, ਪਾਰਟੀ ਦੇ ਝੰਡੇ ਆਦਿ ਸਨ ਤੇ ਜਲੂਸ ਹੋਰ ਨਾਹਰਿਆਂ ਤੋਂ ਇਲਾਵਾ, "ਦਫਾ 144 ਤੋੜ ਦਿਓ" ਦਾ ਨਾਹਰਾ ਲਾ ਰਿਹਾ ਸੀ। ਮੈਜਿਸਟਰੇਟ ਸਾਹਿਬ ਨੇ ਮੁਜ਼ਾਹਰੀਨ ਨੂੰ ਵਾਰਨਿੰਗ ਦਿੱਤੀ ਕਿ ਦਫਾ 144 ਜ਼ਾਬਤਾ ਫੌਜਦਾਰੀ ਲਾਗੂ ਹੈ। ਇਸ ਲਈ ਖਿੰਡ ਪੁੰਡ ਜਾਓ, ਪ੍ਰੰਤੂ ਉਨ੍ਹਾਂ ਨੇ ਕੋਈ ਪ੍ਰਵਾਹ ਨਾ ਕੀਤੀ। ਮੈਜਿਸਟਰੇਟ ਵਲੋਂ ਦੁਬਾਰਾ ਵਾਰਨਿੰਗ ਦਿੱਤੀ ਗਈ ਕਿ ਜੇ ਤਿੱਤਰ ਬਿਤਰ ਨਾ ਹੋਏ ਤਾਂ ਤਾਕਤ ਦਾ ਇਸਤੇਮਾਲ ਕੀਤਾ ਜਾਵੇਗਾ। ਹਜੂਮ ਨੇ ਪੁਲਿਸ ਤੇ ਲਾਠੀਆਂ ਨਾਲ ਹਮਲਾ ਕਰ ਦਿੱਤਾ, ਕੁਝ ਵਿਅਕਤੀਆਂ ਨੇ ਪੁਲਿਸ ਤੇ ਵੱਟੇ ਭੀ ਮਾਰੇ। ਏ.ਐਸ. ਆਈ. ਸੁਦਰਸ਼ਨ ਸਿੰਘ ਤੇ ਅੰਤਕਾ ਪ੍ਰਕਾਸ਼ ਸਿਪਾਹੀ ਇੱਟਾਂ ਲੱਗਣ ਕਾਰਨ ਜ਼ਖਮੀ ਹੋਏ। ਦਰਸ਼ਨ ਸਿੰਘ ਏ.ਐਸ.ਆਈ. ਤੇ ਹਵਾਲਦਾਰ ਹਰਬੰਸ ਸਿੰਘ ਜ਼ਖਮੀ ਹੋਕੇ ਡਿੱਗ ਪਏ। ਜਦੋਂ ਹਜੂਮ ਨੂੰ ਬੇਕਾਬੂ ਹੁੰਦੇ ਵੇਖਿਆ ਤਾਂ ਏ. ਐਸ. ਆਈ. ਸੁਦਰਸ਼ਨ ਸਿੰਘ ਨੇ ਆਪਣਿਆਂ ਸਾਥੀਆਂ ਦੇ ਬਚਾਓ ਲਈ ਰਿਵਾਲਵਰ ਦੇ ਦੋ ਹਵਾਈ ਫਾਇਰ ਕੀਤੇ ਜਿਸ ਤੇ ਹਜੂਮ ਰੇਲਵੇ ਸਟੇਸ਼ਨ ਦੀ ਤਰਫ ਭੱਜ ਨਿਕਲਿਆ। ਇਸ ਮੌਕੇ ਤੇ ਪੁਲਿਸ ਨੇ 18 ਮੁਜ਼ਾਹਰੀਨ ਗ੍ਰਿਫਤਾਰ ਕੀਤੇ ਤੇ ਮੁਕੱਦਮਾ ਨੰ: 46 ਮਿਤੀ 17 ਫਰਵਰੀ, 1974 ਅ/ਧ 188/307/353/332/148/149/506 ਹਿੰ: ਡ: ਥਾਣਾ ਸਨਾਮ ਵਿਚ ਦਰਜ ਕੀਤਾ।

ਇਨ੍ਹਾਂ ਦੋਹਾਂ ਕੇਸਾਂ ਵਿਚ ਕੁਲ 72 ਮੁਜ਼ਾਹਰੀਨ ਗ੍ਰਿਫਤਾਰ ਕੀਤੇ ਗਏ, 15 ਪੁਲਿਸ ਕਰਮਚਾਰੀ ਜ਼ਖਮੀ ਹੋਏ ਜਿਨ੍ਹਾਂ ਵਿਚੋਂ ਇਕ ਸ਼ਦੀਦ ਜ਼ਖਮੀਂ ਹੋਇਆ। ਮੁਜ਼ਾਹਰੀਨ ਵਿਚੋਂ 9 ਨੂੰ ਮਾਮੂਲੀ ਚੋਟਾਂ ਆਈਆਂ।

5. ਸੁਨਾਮ ਵਿਖੇ ਹਜੂਮ ਨੇ ਜਾਣ ਬੁਝ ਕੇ ਨੇਤਾਵਾਂ ਦੇ ਉਕਸਾਉਣ ਤੇ ਦਫਾ 144 ਜ਼ਾਬਤਾ ਫੌਜਦਾਰੀ ਹੇਠ ਲਾਈਆਂ ਬੰਧਸ਼ਾਂ ਨੂੰ ਤੋੜਿਆ ਅਤੇ ਐਸ.ਡੀ.ਐਮ. ਤੇ ਮੈਜਿਸਟ੍ਰੇਟ ਦੀਆਂ ਵਾਰਨਿੰਗਾਂ ਦੀ ਪ੍ਰਵਾਹ ਨਾ ਕਰਦੇ ਹੋਏ ਪੁਲਿਸ ਪਾਰਟੀ ਤੇ ਹਮਲਾ ਕਰਕੇ 15 ਪੁਲਿਸ ਕਰਮਚਾਰੀਆਂ ਨੂੰ ਜ਼ਖ਼ਮੀ ਕੀਤਾ। ਫਿਰ ਭੀ ਸਦ-ਭਾਵਨਾਂ ਵਜੋਂ ਪੰਜਾਬ ਸਰਕਾਰ ਨੇ ਕਿਸਾਨ ਸਭਾ ਦੇ ਉਘੇ ਆਗੂਆਂ ਨੂੰ ਰਿਹਾ ਕਰ ਦਿਤਾ ਹੈ ਤੇ ਉਨ੍ਹਾਂ ਦੇ ਖਿਲਾਫ ਕੇਸ ਵਾਪਸ ਲੈ ਲਏ ਹਨ। ਉਨ੍ਹਾਂ ਦੇ ਨਾਂ ਹਰਕਿਸ਼ਨ ਸਿੰਘ ਸੁਰਜੀਤ, 2. ਹਰਨਾਮ ਸਿੰਘ ਚਮਕ 3. ਹਰਦਿੱਤ ਸਿੰਘ ਭੱਠਲ 4. ਸੰਪੂਰਨ ਸਿੰਘ ਧੌਲਾ 5. ਦਲੀਪ ਸਿੰਘ ਟਪਿਆਲਾ ਅਤੇ 6 ਜਗਜੀਤ ਸਿੰਘ ਲਾਇਲਪੁਰੀ ਹਨ।

6 ਸਮੁੱਚੇ ਹਾਲਾਤ ਅਤੇ ਹਜੂਮ ਦੀ ਤੁੰਦੀ ਅਤੇ ਤੇਜ਼ੀ ਨੂੰ ਧਿਆਨ ਵਿਚ ਰੱਖਕੇ ਪੁਲਿਸ ਵਲੋਂ ਵਰਤੀ ਤਾਕਤ ਲੋੜ ਤੋਂ ਜ਼ਿਆਦਾ ਨਹੀਂ ਸੀ।

QUESTIONS ON STATEMENTS MADE IN REPLY TO CALL ATTENTION NOTICES

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 18, 50 ਅਤੇ 67 ਤੇ ਸਵਾਲ ਪੁੱਛਣਾ ਚਾਹੁੰਦਾ ਹਾਂ, ਜਿਨ੍ਹਾਂ ਦਾ ਕਿ ਗੌਰਮਿੰਟ ਵਲੋਂ ਪਹਿਲਾਂ ਜਵਾਬ ਆ ਗਿਆ ਹੈ। ਪਹਿਲਾਂ ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 18 ਤੇ ਸਵਾਲ ਪੁੱਛਣਾ ਚਾਹੁੰਦਾ ਹਾਂ। ਉਥੇ ਦਰਸੋਵਾਲ ਦੇ ਹਰੀਜਨਾਂ ਦੇ ਉਤੇ ਹਮਲਾ ਹੋਇਆ ਅਤੇ ਜਿਸ ਦੇ ਕਾਰਨ ਕੁਝ ਔਰਤਾਂ ਜ਼ਖਮੀ ਹੋਈਆਂ। ਜਵਾਬ ਵਿਚ ਇਹ ਕਿਹਾ ਗਿਆ ਹੈ ਕਿ 1961 ਵਿਚ ਪਲਾਟ ਦੇ ਦਿੱਤੇ ਅਤੇ 1966 ਵਿਚ ਖੋਹ ਲਏ। ਫਿਰ ਜਦ 1973 ਵਿਚ ਕਬਜ਼ਾ ਹੋਣ ਲੱਗਾ ਤਾਂ ਉਨ੍ਹਾਂ ਤੇ ਹਮਲਾ ਹੋਇਆ। (ਵਿਘਨ) ਮੇਰੇ ਸਵਾਲ ਦਾ ਸੀ. ਐਮ. ਸਾਹਿਬ ਨੇ ਜਵਾਬ ਦੇਣਾ ਹੈ। ਇਸ ਲਈ ਮੈਂ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 1966 ਵਿਚ ਪਲਾਟ ਵਾਪਿਸ ਹੋ ਗਏ ਅਤੇ 1973 ਤੱਕ ਉਨ੍ਹਾਂ ਨੂੰ ਲੈਣ ਨਹੀਂ ਦਿੱਤਾ ; ਜਵਾਬ ਵਿਚ ਵੀ ਇਸ ਗੱਲ ਦਾ ਜ਼ਿਕਰ ਹੈ ਕਿ ਕਬਜ਼ਾ 1973 ਤੱਕ ਨਹੀਂ ਹੋਇਆ, ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਉਹ 1973 ਵਿਚ ਕਬਜ਼ਾ ਲੈਣ ਗਏ ਤਾਂ ਕੀ ਉਨ੍ਹਾਂ ਕੋਲ ਕਬਜ਼ਾ ਲੈਣ ਵਾਸਤੇ ਵਾਰੰਟ ਸਨ ਜਾਂ ਨਹੀਂ ਸਨ ? ਉਨ੍ਹਾਂ ਦੀ ਜਾਇਦਾਦ ਖਰਾਬ ਕੀਤੀ ਗਈ ਅਤੇ ਉਨ੍ਹਾਂ ਦੇ ਮਕਾਨ ਢਾਹੇ ਗਏ। ਪੁਲਿਸ ਨੇ ਉਨ੍ਹਾਂ ਦੇ ਖਿਲਾਫ ਮੁਕੱਦਮਾ ਦਰਜ਼ ਕੀਤਾ ਪਰ ਜਵਾਬ ਵਿਚ ਇਸ ਚੀਜ਼ ਦਾ ਜ਼ਿਕਰ ਨਹੀਂ ਹੈ।

ਮੁੱਖ ਮੰਤਰੀ : ਜੋ ਜਵਾਬ ਵਿਚ ਕਮੀ ਰਹਿ ਗਈ ਹੈ ਅਤੇ ਜਿਸ ਕਾਰਨ ਉਨ੍ਹਾਂ ਦੀ ਤਸੱਲੀ ਨਹੀਂ ਹੋਈ, ਉਹ ਮੈਂ ਦੁਬਾਰਾ ਦੇਖ ਕੇ ਕਾਮਰੇਡ ਜੀ ਨੂੰ ਇਨਫਾਰਮ ਕਰ ਦਿਆਂਗਾ।

ਕਾਮਰੇਡ ਰਾਜ ਕੁਮਾਰ : ਦੂਸਰਾ ਸਵਾਲ ਮੇਰਾ ਕਾਲ ਅਟੈਨਸ਼ਨ ਮੋਸ਼ਨ ਨੰ: 50 ਤੇ ਹੈ। ਮੇਰਾ ਸਵਾਲ ਸੀ ਕਿ ਕਲਾਨੌਰ ਵਿਚ ਦੋ ਬੰਦੇ ਮਰ ਗਏ ਅਤੇ ਸਰਕਾਰ ਨੇ ਜਵਾਬ ਦਿੱਤਾ ਹੈ ਕਿ ਉਨ੍ਹਾਂ ਨੂੰ 15-15 ਸੌ ਰੁਪਿਆ ਦੇਣਾ ਹੈ। ਅਨਸਕਿਲਡ ਵਰਕਰ ਜੋ ਐਕਸੀਡੈਂਟ ਨਾਲ ਮਰ ਜਾਵੇ ਤਾਂ ਉਸ ਦਾ ਰਿਵਾਈਜ਼ਡ ਸ਼ੈਡਿਊਲਡ 4-5 ਹਜ਼ਾਰ ਰੁਪਿਆ ਬਣਦਾ ਹੈ। ਉਹ ਨੌਜਵਾਨ ਜਿਨ੍ਹਾਂ ਦੀ

[ਕਾਮਰੇਡ ਰਾਜ ਕੁਮਾਰ]

ਉਮਰ ਹਾਲੀ 25 ਸਾਲਾਂ ਦੀ ਵੀ ਨਹੀਂ ਸੀ, ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਦੇ ਬਾਅਦ ਉਨ੍ਹਾਂ ਨੂੰ 15-15 ਸੌ ਰੁਪਿਆ ਦੇਣਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਘੱਟੋ ਘੱਟ ਅਨਸਕਿਲਡ ਵਰਕਰ ਦੀ ਮੌਤ ਦੇ ਮੁਤਾਬਿਕ ਜੋ ਹੋਣਾ ਚਾਹੀਦਾ ਹੈ, ਉਹ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਕੀ ਇਸ ਵਾਸਤੇ ਇਹ ਤਿਆਰ ਹੋਣਗੇ ?

ਮੁੱਖ ਮੰਤਰੀ : ਇਹ ਤਾਂ ਦੇਖਣਾ ਪਵੇਗਾ ਅਤੇ ਜੋ ਨਿਯਮਾਂ ਅਨੁਸਾਰ ਕਰ ਸਕਦੇ ਹਾਂ, ਉਹ ਕਰਾਂਗੇ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਹੁਣ ਮੇਰਾ ਸਵਾਲ ਕਾਲ ਅਟੈਨਸ਼ਨ ਮੋਸ਼ਨ ਨੰ: 67 ਤੇ ਹੈ। 57 ਹਜ਼ਾਰ ਹੈਕਟੇਅਰ ਜ਼ਮੀਨ ਵਿਚ ਕਮਾਦ ਵੇਚਣ ਵਾਸਤੇ ਬਾਂਡ ਕੀਤਾ ਗਿਆ। ਇਹ ਬਹੁਤ ਵੱਡਾ ਰਕਬਾ ਗੰਨੇ ਹੇਠ ਹੈ। ਇਸ ਦੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਇਹ ਪੋਜ਼ੀਸ਼ਨ ਸਾਲਾਂ ਸਾਲ ਤੱਕ ਚੱਲ ਸਕਦੀ ਹੈ। ਇਸ ਹਕੀਕਤ ਦੇ ਪੇਸ਼ੇ ਨਜ਼ਰ ਕਿ ਬਟਾਲਾ ਸ਼ੂਗਰ ਮਿੱਲ ਇਤਨਾ ਗੰਨਾ ਚੁਕਣ ਦੀ ਪੁਜ਼ੀਸ਼ਨ ਵਿਚ ਨਹੀਂ ਹੈ। ਇਸ ਲਈ ਕੀ ਸਰਕਾਰ ਉਸ ਪਾਬੰਦੀ ਨੂੰ ਰੀਲੈਕਸ ਕਰਨ ਲਈ ਤਿਆਰ ਹੈ ਜਿਸ ਦੁਆਰਾ ਉਨ੍ਹਾਂ ਤੇ ਪਾਬੰਦੀ ਲਗਾਈ ਗਈ ਹੈ ਕਿ ਉਹ ਲੋਕ ਕਰੱਸ਼ਰ ਨਹੀਂ ਲਗਾ ਸਕਦੇ। ਇਸ ਲਈ ਕੀ ਸਰਕਾਰ ਹੁਣ ਉਨ੍ਹਾਂ ਨੂੰ ਕਰੱਸ਼ਰ ਲਾਉਣ ਦੀ ਆਗਿਆ ਦੇਵੇਗੀ ਤਾਂਕਿ ਉਹ ਆਪਣਾ ਗੰਨਾ ਪੀੜ ਲੈਣ ?

ਮੁੱਖ ਮੰਤਰੀ : ਇਸ ਮਾਮਲੇ ਤੇ ਗੌਰ ਕਰ ਲਿਆ ਜਾਵੇਗਾ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੇਰਾ ਸਵਾਲ ਕਾਲ ਅਟੈਨਸ਼ਨ ਮੋਸ਼ਨ ਨੰ: 25 ਤੇ ਹੈ। ਇਸ ਤੋਂ ਇਲਾਵਾ ਮੈਂ 3-4 ਕਾਲ ਅਟੈਨਸ਼ਨ ਮੋਸ਼ਨਾਂ ਹੋਰ ਵੀ ਦਿੱਤੀਆਂ ਸਨ, ਜਿਨ੍ਹਾਂ ਦਾ ਕੋਈ ਜਵਾਬ ਨਹੀਂ ਆਇਆ। (ਵਿਘਨ)

ਸ੍ਰੀ ਸਪੀਕਰ : ਤੁਸੀਂ ਹੁਣ ਸਵਾਲ ਪੁੱਛੋ। (Please put a question now.)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਇਨ੍ਹਾਂ ਨੇ ਦਯਾ ਨੰਦ ਮੈਡੀਕਲ ਕਾਲਜ ਦੇ ਬਾਰੇ ਜਵਾਬ ਦਿੱਤਾ ਹੈ ਅਤੇ ਉਸ ਵਿਚ ਕਿਹਾ ਹੈ ਕਿ ਕਮੇਟੀ ਮੁਕੱਰਰ ਕੀਤੀ ਹੈ ਅਤੇ ਇਹ ਜਿਹੜੀ ਕਮੇਟੀ ਹੈ ਇਹ ਸਾਰੀ ਗੱਲ ਦੇ ਮੁਤੱਲਕ ਵਿਚਾਰ ਕਰ ਰਹੀ ਹੈ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਸ ਵੇਲੇ ਉਹ ਕਾਲਜ ਵੀ ਬੰਦ ਹੈ ਅਤੇ ਹਸਪਤਾਲ ਵੀ ਬੰਦ ਹੈ ਅਤੇ ਆਉਟ ਡੋਰ ਵੀ ਬੰਦ ਹੈ। ਜਿਹੜੇ ਉਥੇ ਸੀਨੀਅਰ ਡਾਕਟਰ ਲੱਗੇ ਹੋਏ ਹਨ ਉਨ੍ਹਾਂ ਨੂੰ ਨੋਟਿਸ ਮਿਲ ਰਹੇ ਹਨ ਕਿ 15 ਤਾਰੀਖ ਦੇ ਬਾਅਦ ਉਨ੍ਹਾਂ ਦੀਆਂ ਸਰਵਿਸਿਜ਼ ਬੰਦ ਕੀਤੀਆਂ ਜਾਣਗੀਆਂ। ਮੈਨੂੰ ਦਸਿਆ ਜਾਵੇ ਕਿ ਆਇਆ ਇਸ ਸਿਲਸਿਲੇ ਵਿਚ ਗੌਰਮਿੰਟ ਕੀ ਸਟੈਪ ਲੈਣਾ ਚਾਹੁੰਦੀ ਹੈ ਜਿਸ ਦੇ ਨਾਲ ਕਿ ਉਨ੍ਹਾਂ ਦੀਆਂ ਸਰਵਿਸਿਜ਼ ਨਾ ਖਤਮ ਹੋ ਜਾਣ ?

ਵਿਦਿਆ ਮੰਤਰੀ : ਸਪੀਕਰ ਸਾਹਿਬ, ਇਹ ਮਸਲਾ ਅੱਗੇ ਵੀ ਅਸੈਂਬਲੀ ਵਿਚ ਆਇਆ ਸੀ ਅਤੇ ਉਸ ਦੇ ਬਾਅਦ ਕਾਲ ਅਟੈਨਸ਼ਨ ਮੋਸ਼ਨ ਵੀ ਆਈ। ਉਦੋਂ ਵੀ ਮੈਂ ਇਨ੍ਹਾਂ ਨੂੰ ਬੇਨਤੀ ਕੀਤੀ ਸੀ ਸਾਨੂੰ ਇਹ ਦੱਸਿਆ ਜਾਵੇ ਕਿ ਇਹ ਜਿਹੜਾ ਦਯਾ ਨੰਦ ਮੈਡੀਕਲ ਕਾਲਜ ਹੈ, ਇਹ ਸਾਰੀ ਪ੍ਰਾਪਰਟੀ ਕਿਸ ਦੀ ਹੈ ? ਸਾਨੂੰ ਡੈਪੂਟੇਸ਼ਨ ਵੀ ਮਿਲੇ। ਉਹ ਮੈਨੂੰ ਵੀ ਅਤੇ ਮੁੱਖ ਮੰਤਰੀ ਸਾਹਿਬ ਨੂੰ ਵੀ ਮਿਲੇ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਇਹ ਜਿਸ ਦੀ ਪ੍ਰਾਪਰਟੀ ਹੈ ਉਹ ਬਾਕਾਇਦਾ ਰੈਜ਼ੋਲਿਊਸ਼ਨ ਪਾਸ ਕਰਨ ਕਿ ਇਹ ਗੌਰਮਿੰਟ ਨੂੰ ਦਿੱਤਾ ਜਾਵੇ ਤਾਂਕਿ ਅਸੀਂ ਲੀਗਲ ਐਸਪੈਕਟ ਦੇਖ ਸਕੀਏ ਅਤੇ

ਗੌਰਮਿੰਟ ਉਸ ਨੂੰ ਦੇਖ ਸਕੇ ਕਿ ਆਇਆ ਉਸ ਨੂੰ ਟੇਕ ਓਵਰ ਕਰਨ ਨਾਲ ਕੋਈ ਅਜਿਹੀ ਲੀਗਲ ਇੰਪਲੀਕੇਸ਼ਨ ਤਾਂ ਨਹੀਂ ਆਵੇਗੀ ਅਤੇ ਕੀ ਗੌਰਮਿੰਟ ਉਸ ਪ੍ਰਾਪਰਟੀ ਨੂੰ ਲੈ ਸਕਦੀ ਹੈ ਜਾਂ ਨਹੀਂ। ਅਤੇ ਜਾਂ ਜਿਹੜੀ ਉਹ ਸਭਾ ਬਣੀ ਹੈ ਉਹ ਪ੍ਰਾਪਰਟੀ ਦੇ ਵੀ ਸਕਦੀ ਹੈ ਜਾਂ ਨਹੀਂ ਦੇ ਸਕਦੀ। ਉਸ ਦੇ ਬਾਅਦ ਅਸੀਂ ਸਬ-ਕਮੇਟੀ ਮੁਕੱਰਰ ਕੀਤੀ ਸੀ ਅਤੇ ਉਨ੍ਹਾਂ ਨੂੰ ਮੈਂ ਹੁਣ ਵੀ ਕਹਾਂਗਾ ਸਭਾ ਵਾਲਿਆਂ ਨੂੰ ਕਿ ਉਹ ਜਿੰਨੀ ਪ੍ਰਾਪਰਟੀ ਹੈ ਉਸ ਬਾਰੇ ਰੈਜ਼ੋਲਿਊਸ਼ਨ ਪਾਸ ਕਰਕੇ ਉਹ ਗੌਰਮਿੰਟ ਨੂੰ ਦੇਣ ਤਾਂਕਿ ਅਸੀਂ ਉਸ ਦੇ ਲੀਗਲ ਐਸਪੈਕਟ ਵਿਚ ਜਾ ਸਕੀਏ।

ਸ੍ਰੀ ਸਰਦਾਰੀ ਲਾਲ ਕਪੂਰ: ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ, ਉਸ ਬਾਰੇ ਇਕ ਚਿੱਠੀ ਆਰੀਆ ਪ੍ਰਤੀਨਿਧ ਸਭਾ ਵਲੋਂ ਇਨ੍ਹਾਂ ਨੂੰ ਲਿਖੀ ਗਈ ਹੈ । ਜਿਹੜਾ ਮੈਂ ਵਾਅਦਾ ਕੀਤਾ ਸੀ ਉਸ ਦੇ ਮੁਤਾਬਿਕ ਇਨ੍ਹਾਂ ਨੂੰ ਚਿੱਠੀ ਲਿਖ ਕੇ ਭੇਜ ਦਿੱਤੀ ਗਈ ਹੈ ਕਿ ਗੌਰਮਿੰਟ ਨੂੰ ਅਸੀਂ ਆਪਣੀ ਪ੍ਰਾਪਰਟੀ ਦੇਣ ਨੂੰ ਤਿਆਰ ਹਾਂ ਅਤੇ ਅਸੀਂ ਦਯਾਨੰਦ ਮੈਡੀਕਲ ਕਾਲਜ ਦੇਣ ਨੂੰ ਤਿਆਰ ਹਾਂ । ਚਾਰ ਦਿਨ ਹੋਏ ਹਨ ਚੀਫ਼ ਮਨਿਸਟਰ ਸਾਹਿਬ ਦੇ ਨਾਮ ਤੇ ਚਿੱਠੀ ਲਿਖ ਕੇ ਭੇਜ ਦਿੱਤੀ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਇਸ ਬਾਰੇ ਮਿਲਿਆ ਸੀ, ਉਨ੍ਹਾਂ ਨੂੰ ਇਸ ਬਾਰੇ ਵਾਕਫੀਅਤ ਨਹੀਂ ਹੈ। ਇਸ ਲਈ ਉਹ ਜਿਹੜਾ 15 ਤਾਰੀਖ ਨੂੰ ਕਾਲਜ ਬੰਦ ਹੋ ਰਿਹਾ ਹੈ ਉਸ ਨਾਲ ਡਾਕਟਰਾਂ ਦੀ ਜ਼ਿੰਦਗੀ ਤਬਾਹ ਨਾ ਕੀਤੀ ਜਾਵੇ।

(ਕੋਈ ਜੁਆਬ ਨਹੀਂ ਆਇਆ।)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 141 ਤੇ ਸਵਾਲ ਪੁੱਛਣਾ ਚਾਹੁੰਦਾ ਹਾਂ। ਇਹ ਸਾਬੀ ਰੂਪ ਲਾਲ ਐਕਸ-ਐਮ.ਐਲ.ਏ. ਦੇ ਸਬੰਧ ਵਿਚ ਹੈ। ਮੇਰਾ ਸਵਾਲ ਇਹ ਹੈ ਕਿ ਸੀ.ਪੀ.ਐਸ. ਸਾਹਿਬ ਨੇ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਇਹ ਮੁਕੱਦਮਾ ਪਹਿਲਾਂ ਧਾਰਾ 336, 506 ਅਤੇ 34 ਵਿਚ ਦਰਜ ਕੀਤਾ ਸੀ ਅਤੇ ਪੜਤਾਲ ਮਗਰੋਂ ਇਸ ਨੂੰ ਧਾਰਾ 307 ਅਤੇ 34 ਆਦਿ ਵਿਚ ਬਦਲ ਦਿੱਤਾ ਗਿਆ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਇਸ ਦੇ ਵਿਚ ਇਕ ਸਾਬਕਾ ਐਮ. ਐਲ. ਏ., ਜੋ ਕਿ ਇਕ ਪਾਰਟੀ ਦੇ ਲੀਡਰ ਹਨ, ਉਹ ਇਸ ਵਿਚ ਇਨਵਾਲਵਡ ਹਨ ਜਿਸ ਦੀ ਕਿ ਜਾਨ ਖਤਰੇ ਵਿਚ ਹੈ; ਪਹਿਲਾਂ ਕੇਸ ਕੁਝ ਹੋਰ ਦਰਜ਼ ਹੋਇਆ ਅਤੇ ਫਿਰ ਉਹ ਤਫਤੀਸ਼ ਕਰਨ ਤੋਂ 307 ਵਿਚ ਬਦਲ ਗਿਆ। ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜੇ ਦੋਸ਼ੀ ਦੱਸੇ ਜਾਂਦੇ ਹਨ, ਜਿਨ੍ਹਾਂ ਦੇ ਨਾਮ ਹਨ-ਧੰਨਾ, ਭਿੰਨਾ ਅਤੇ ਨਿੰਮਾ, ਇਹ 3 ਦੋਸ਼ੀ ਹਨ ਅਤੇ ਇਹ ਫਰਾਰ ਹਨ। (ਵਿਘਨ) ਇਹ ਜਵਾਬ ਵਿਚ ਦੱਸਿਆ ਗਿਆ ਹੈ। ਜੇ ਪੁਲਿਸ ਦੋਸ਼ੀਆਂ ਨੂੰ ਫੜਨਾ ਚਾਹੇ ਤਾਂ 5 ਮਿੰਟਾਂ ਵਿਚ ਉਨ੍ਹਾਂ ਨੂੰ ਫੜ ਸਕਦੀ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਦੋਸ਼ੀਆਂ ਨੂੰ ਕਦੋਂ ਤੱਕ ਫੜਕੇ ਚੀਫ ਮਨਿਸਟਰ ਸਾਹਿਬ ਉਨ੍ਹਾਂ ਨੂੰ ਸਜ਼ਾ ਦਿਵਾਉਣਗੇ ?

ਮੁੱਖ ਮੰਤਰੀ: ਭਾਵੇਂ ਕੋਈ ਵੱਡਾ ਹੋਵੇ, ਭਾਵੇਂ ਛੋਟਾ ਹੋਵੇ ਅਤੇ ਭਾਵੇਂ ਕੋਈ ਵੀ ਹੋਵੇ, ਗੌਰਮਿੰਟ ਇਸ ਗੱਲ ਦਾ ਪੂਰਾ ਯਤਨ ਕਰੇਗੀ ਕਿ ਜਲਦੀ ਤੋਂ ਜਲਦੀ ਕਸੂਰਵਾਰ ਨੂੰ ਸਜ਼ਾ ਮਿਲੇ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੇਰੀਆਂ 3 ਕਾਲ ਅਟੈਨਸ਼ਨ ਮੋਸ਼ਨਾਂ ਦਾ ਜਵਾਬ ਨਹੀਂ ਆਇਆ।

ਸ਼੍ਰੀ ਸਪੀਕਰ: ਤੁਸੀਂ ਕੱਲ ਨੂੰ ਕਹਿ ਲੈਣਾ। (ਵਿਘਨ) ਸਰਕਾਰ ਤੋਂ ਜਵਾਬ ਨਹੀਂ ਆਇਆ। (You may ask about these tomorrow as their replies have not been received from the Government.)

ਸ਼੍ਰੀ ਸਰਦਾਰੀ ਲਾਲ ਕਪੂਰ: ਮੇਰੀਆਂ ਕਾਲ ਅਟੈਨਸ਼ਨ ਮੋਸ਼ਨ ਨੰ: 133, 134 ਅਤੇ 135 ਦਾ ਜਵਾਬ ਨਹੀਂ ਆਇਆ।

ਸ਼੍ਰੀ ਸਪੀਕਰ: ਇਸੇ ਸੈਸ਼ਨ ਵਿਚ ਜਵਾਬ ਆ ਜਾਵੇਗਾ। (Their replies will be given in the current Budget Session.)

PRESENTATION OF REPORTS

Chairman, Public Accounts Committee (Sardar Prem Singh Prem) : Sir, I beg to present the Thirty-first Report of the Public Accounts Committee (1973-74).

Chairman, Committee on Govt. Assurances (Shri Prem Gupta) : Sir, I beg to present the Sixteenth Report of the Committee on Government Assurances (1973-74).

DEMANDS FOR GRANTS

Mr. Speaker : There are 36 Demands for Grants on the List of Business for today, but according to the decision of the House, only Demands Nos. 15 and 17 relating to General Education and Medical and Public Health respectively will be specifically discussed today. If the House agrees, all the Demands for Grants on the Order Paper will be deemed to have been read and moved.

Voices : Yes, yes.

Mr. Speaker : There are some notices of Cut Motions to some of the Demands. These will also be deemed to have been read and moved. Guillotine will be applied at 1.00 P.M. under sub-rule (4) of Rule 168 of the Rules of Procedure. Thereafter the Demands will be put from the Chair one by one.

Demand No. 15

That a sum not exceeding Rs 52,01,34,000 be granted to the Governor to defray the charges that will come in course of payment for the year 1974-75 in respect of General Education. } (Discussion would be confined to Education only)

Demand No. 17

That a sum not exceeding Rs 20,59,62,000 be granted to the Governor to defray the charges that will come in course of payment for the year 1974-75 in respect of Medical and Public Health. } (Discussion would be confined to Health and Medical Education only)

Demand No. 1

That a sum not exceeding Rs 30,48,000 be granted to the Governor to defray the charges that will come in course of payment for the year 1974-75 in respect of State Legislature.

Demand No. 2

That a sum not exceeding Rs 62,48,000 be granted to the Governor to defray the charges that will come in course of payment for the year 1974-75 in respect of Council of Ministers.

Demand No. 3

That a sum not exceeding Rs 1,21,11,000 be granted to the Governor to defray the charges that will come in course of payment for the year 1974-75 in respect of Administration of Justice.

Demand No. 4

That a sum not exceeding Rs 12,08,000 be granted to the Governor to defray the charges that will come in course of payment for the year 1974-75 in respect of Elections.

Demand No. 5

That a sum not exceeding Rs 4,78,40,000 be granted to the Governor to defray the charges that will come in course of payment for the year 1974-75 in respect of Revenue.

Demand No. 6

That a sum not exceeding Rs 1,77,04,000 be granted to the Governor to defray the charges that will come in course of payment for the year 1974-75 in respect of Excise and Taxation.

Demand No. 7

That a sum not exceeding Rs 4,20,28,000 be granted to the Governor to defray the charges that will come in course of payment for the year 1974-75 in respect of Finance.

Demand No. 10

That a sum not exceeding Rs 11,36,76,000 be granted to the Governor to defray the charges that will come in course of payment for the year 1974-75 in respect of Police.

Demand No. 11

That a sum not exceeding Rs 1,35,43,000 be granted to the Governor to defray the charges that will come in course of payment for the year 1974-75 in respect of Jails.

Demand No. 12

That a sum not exceeding Rs 2,20,95,000 be granted to the Governor to defray the charges that will come in course of payment for the year 1974-75 in respect of Stationery and Printing.

Demand No. 13

That a sum not exceeding Rs 1,71,14,000 be granted to the Governor to defray the charges that will come in course of payment for the year 1974-75 in respect of Miscellaneous Services.

Demand No. 14

That a sum not exceeding Rs 2,11,28,000 be granted to the Governor to defray the charges that will come in course of payment for the year 1974-75 in respect of Rehabilitation, Relief and Resettlement.

[Mr. Speaker]

Demand No. 16

That a sum not exceeding Rs 82,34,000 be granted to the Governor to defray the charges that will come in course of payment for the year 1974-75 in respect of Technical Education.

Demand No. 18

That a sum not exceeding Rs 6,50,04,000 be granted to the Governor to defray the charges that will come in course of payment for the year 1974-75 in respect of Housing and Urban Development.

Demand No. 19

That a sum not exceeding Rs 61,49,000 be granted to the Governor to defray the charges that will come in course of payment for the year 1974-75 in respect of Information, Publicity and Tourism.

Demand No. 21

That a sum not exceeding Rs 9,15,13,000 be granted to the Governor to defray the charges that will come in course of payment for the year 1974-75 in respect of Social Security and Welfare.

Demand No. 22

That a sum not exceeding Rs 51,38,000 be granted to the Governor to defray the charges that will come in course of payment for the year 1974-75 in respect of Planning and Statistics.

Demand No. 23

That a sum not exceeding Rs 46,03,000 be granted to the Governor to defray the charges that will come in course of payment for the year 1974-75 in respect of Co-operation.

Demand No. 24

That a sum not exceeding Rs 10,21,91,000 be granted to the Governor to defray the charges that will come in course of payment for the year 1974-75 in respect of Agriculture.

Demand No. 25

That a sum not exceeding Rs 14,76,000 be granted to the Governor to defray the charges that will come in course of payment for the year 1974-75 in respect of Soil and Water Conservation.

Demand No. 26

That a sum not exceeding Rs 1,97,65,55,000 be granted to the Governor to defray the charges that will come in course of payment for the year 1974-75 in respect of Food and Nutrition.

Demand No. 27

That a sum not exceeding Rs 3,45,31,000 be granted to the Governor to defray the charges that will come in course of payment for the year 1974-75 in respect of Animal Husbandry.

Demand No 28

That a sum not exceeding Rs 20,98,000 be granted to the Governor to defray the charges that will come in course of payment for the year 1974-75 in respect of Dairy Development.

Demand No. 29

That a sum not exceeding Rs 21,37,000 be granted to the Governor to defray the charges that will come in course of payment for the year 1974-75 in respect of Fisheries.

Demand No. 30

That a sum not exceeding Rs 1,39,56,000 be granted to the Governor to defray the charges that will come in course of payment for the year 1974-75 in respect of Forest.

Demand No. 31

That a sum not exceeding Rs 5,37,57,000 be granted to the Governor to defray the charges that will come in course of payment for the year 1974-75 in respect of Community Development.

Demand No. 32

That a sum not exceeding Rs 6,30,59,000 be granted to the Governor to defray the charges that will come in course of payment for the year 1974-75 in respect of Industries.

Demand No. 33

That a sum not exceeding Rs 7,88,000 be granted to the Governor to defray the charges that will come in course of payment for the year 1974-75 in respect of Civil Aviation.

Demand No. 34

That a sum not exceeding Rs 7,34,89,000 be granted to the Governor to defray the charges that will come in course of payment for the year 1974-75 in respect of Roads and Bridges.

Demand No. 35

That a sum not exceeding Rs 17,15,99,000 be granted to the Governor to defray the charges that will come in course of payment for the year 1974-75 in respect of Road Transport.

Demand No. 36

That a sum not exceeding Rs 30,72,98,000 be granted to the Governor to defray the charges that will come in course of payment for the year 1974-75 in respect of Multipurpose River Schemes.

Demand No. 37

That a sum not exceeding Rs 20,97,96,000 be granted to the Governor to defray the charges that will come in course of payment for the year 1974-75 in respect of Irrigation, Drainage and Flood Control.

Demand No. 38

That a sum not exceeding Rs 25,81,80,000 be granted to the Governor to defray the charges that will come in course of payment for the year 1974-75 in respect of Buildings.

Demand No. 39

That a sum not exceeding Rs 54,21,30,000 be granted to the Governor to defray the charges that will come in course of payment for the year 1974-75 in respect of Loans and Advances by the State Government.

[Mr. Speaker]

Demand No. 15

(General Education)

1. **Sardar Harbans Singh Jalal** : That Major Head 277—Education (General) be reduced by Rs 10 only.

REMARKS : To discuss Education only.
(See pages 65—72 of the Budget Estimates)

2. **Acharya Prithvi Singh Azad** : That Major Head 277—Education (General) be reduced by Re 1 only.

REMARKS : To discuss Education only.
(See pages 65-72 of the Budget Estimates).

Demand No. 17

(Medical and Public Health).

1. **Sardar Harbans Singh Jalal** : That Major Head 280—Medical be reduced by Rs 10.

REMARKS : To discuss the Health and Medical Education position.

(See pages 75—87 of the Budget Estimates).

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾਂ, ਐਸ. ਸੀ.) : ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 15 ਅਤੇ 17, ਜਿਹੜੀਆਂ ਕਿ ਐਜੂਕੇਸ਼ਨ, ਮੈਡੀਕਲ ਐਜੂਕੇਸ਼ਨ ਅਤੇ ਹੈਲਥ ਨਾਲ ਸਬੰਧ ਰੱਖਦੀਆਂ ਹਨ ਉਨ੍ਹਾਂ ਦੇ ਬਾਰੇ ਕੁਝ ਗੱਲਾਂ ਕਰਨਾ ਚਾਹੁੰਦਾ ਹਾਂ। ਇਹ ਗੱਲ ਠੀਕ ਹੈ ਕਿ 1974-75 ਦੇ ਬਜਟ ਵਿਚ 52 ਕਰੋੜ 10 ਲੱਖ 39 ਹਜ਼ਾਰ ਦੇ ਕਰੀਬ ਰੁਪਿਆ ਰੱਖਿਆ ਗਿਆ ਹੈ। ....(ਵਿਘਨ) ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਹ ਜਿਹੜਾ ਰੁਪਿਆ ਐਜੂਕੇਸ਼ਨ ਵਾਸਤੇ ਹੈ, ਇਹ ਵਧਦਾ ਤੁਰਿਆ ਆ ਰਿਹਾ ਹੈ। ਇਹ ਵੀ ਖੁਸ਼ੀ ਦੀ ਗੱਲ ਹੈ ਕਿ ਐਜੂਕੇਸ਼ਨ ਵਾਸਤੇ ਰੁਪਿਆ ਆਏ ਸਾਲ ਜ਼ਿਆਦਾ ਰੱਖਿਆ ਜਾਂਦਾ ਹੈ ਲੇਕਿਨ ਨਿਰਾ ਜ਼ਿਆਦਾ ਪੈਸਾ ਰੱਖਣ ਨਾਲ ਗੱਲ ਨਹੀਂ ਬਣਨੀ, ਐਜੂਕੇਸ਼ਨ ਦਾ ਜ਼ਿਆਦਾ ਪਸਾਰ ਵੀ ਹੋਣਾ ਚਾਹੀਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਰੁਪਿਆ ਅਸੀਂ ਐਜੂਕੇਸ਼ਨ ਵਾਸਤੇ ਬਹੁਤ ਰੱਖ ਰਹੇ ਹਾਂ ਬਗੈਰ ਕਿਸੇ ਪਲੈਨ ਦੇ, ਬਗੈਰ ਕਿਸੇ ਸਕੀਮ ਦੇ ਇਸ ਦਾ ਕੋਈ ਲਾਭ ਨਹੀਂ। ਅਸਲ ਲਾਭ ਇਹ ਹੈ ਕਿ ਜਿਹੜਾ ਇਹ ਰੁਪਿਆ ਰੱਖਿਆ ਜਾਂਦਾ ਹੈ ਉਸ ਨੂੰ ਚੈਕ ਰੱਖਣਾ ਚਾਹੀਦਾ ਹੈ ਕਿ ਉਸ ਦੇ ਇਵਜ਼ ਵਿਚ, ਉਸ ਦੇ ਅਵਾਰਡ ਵਿਚ ਸਾਨੂੰ ਕੀ ਪ੍ਰਾਪਤ ਹੋਇਆ ਹੈ। ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਅੱਜ ਜਿਹੜੀ ਪ੍ਰਾਇਮਰੀ ਐਜੂਕੇਸ਼ਨ ਹੈ ਉਹ ਕਮਪਲਸਰੀ ਹੈ ਅਤੇ ਪ੍ਰਾਇਮਰੀ ਐਜੂਕੇਸ਼ਨ ਜਿਹੜੀ ਹੈ ਉਹ ਸਭ ਤੋਂ ਜ਼ਿਆਦਾ ਜ਼ਰੂਰੀ ਹੈ। ਇਸ ਦੇ ਸਬੰਧ ਵਿਚ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇ ਸਾਡੀ ਪ੍ਰਾਇਮਰੀ ਐਜੂਕੇਸ਼ਨ ਚੰਗੀ ਨਹੀਂ ਤਾਂ ਮੈਂ ਸਮਝਦਾ ਹਾਂ ਕਿ ਸਾਡੀ ਜਿਹੜੀ ਹਾਇਰ ਐਜੂਕੇਸ਼ਨ ਹੈ ਉਹ ਵੀ ਕੋਈ ਬਹੁਤ ਚੰਗੀ ਨਹੀਂ ਹੋ ਸਕਦੀ। ਇਹ ਪ੍ਰਾਇਮਰੀ ਐਜੂਕੇਸ਼ਨ ਜਿਹੜੀ ਹੈ ਉਹ ਸਾਡਾ ਮੁੱਢ ਹੈ, ਜੇ ਸਾਡੀ ਪ੍ਰਾਇਮਰੀ ਐਜੂਕੇਸ਼ਨ ਚੰਗੀ ਹੋਵੇਗੀ, ਤਾਂ ਹਾਇਰ ਐਜੂ-ਕੇਸ਼ਨ ਵੀ ਚੰਗੀ ਹੋਵੇਗੀ, ਜੇ ਉਹ ਮਾੜੀ ਹੋਵੇਗੀ ਤਾਂ ਹਾਇਰ ਐਜੂਕੇਸ਼ਨ ਵੀ ਮਾੜੀ ਹੋਵੇਗੀ। ਇਸ ਲਈ, ਸਪੀਕਰ ਸਾਹਿਬ, ਇਹ ਇਕ ਚੰਗੀ ਗੱਲ ਹੈ ਕਿ ਸਰਕਾਰ ਨੇ ਪ੍ਰਾਇਮਰੀ ਐਜੂਕੇਸ਼ਨ ਵਾਸਤੇ ਇਕ ਵੱਖਰਾ ਡਾਇਰੈਕਟੋਰੇਟ ਮਨਜ਼ੂਰ ਕਰਨ ਦਾ ਐਲਾਨ ਕੀਤਾ ਹੈ ਲੇਕਿਨ ਮੈਨੂੰ ਖਦਸ਼ਾ ਹੈ ਕਿ ਜਿਹੜੇ ਅਫਸਰ ਇਸ ਮਹਿਕਮੇ ਵਿਚ ਬੈਠੇ ਹਨ ਅਤੇ ਜਿਨ੍ਹਾਂ ਦੇ ਕੋਲ ਅਧਿਕਾਰ ਹਨ ਉਹ ਇਸ ਕੰਮ ਨੂੰ ਪੂਰਾ ਨਹੀਂ ਹੋਣ ਦੇਣਗੇ। ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ

ਜਿਥੇ ਉਨ੍ਹਾਂ ਨੇ ਪ੍ਰਾਇਮਰੀ ਐਜੂਕੇਸ਼ਨ ਵਾਸਤੇ ਵੱਖਰਾ ਡਾਇਰੈਕਟੋਰੇਟ ਕਾਇਮ ਕਰਨ ਲਈ ਫੈਸਲਾ ਕਰਕੇ ਜਨਤਾ ਦੀ ਖੁਸ਼ੀ ਹਾਸਲ ਕੀਤੀ ਹੈ, ਟੀਚਰਾਂ ਦੀ ਖੁਸ਼ੀ ਹਾਸਲ ਕੀਤੀ ਹੈ, ਬੱਚਿਆਂ ਦੀ ਖੁਸ਼ੀ ਹਾਸਲ ਕੀਤੀ ਹੈ ਉਥੇ ਇਸ ਗੱਲ ਦਾ ਵੀ ਉਹ ਧਿਆਨ ਰੱਖਣ ਕਿ ਬਹੁਤ ਛੇਤੀ ਇਸ ਕੰਮ ਦੇ ਵਿੱਚ ਰੁਕਾਵਟ ਆ ਰਹੀ ਹੈ ਉਸ ਵੱਲ ਵੀ ਆਪਣਾ ਪੂਰਾ ਧਿਆਨ ਦੇਣ। ਇਹ ਜਿਹੜਾ ਉਨ੍ਹਾਂ ਨੇ ਐਲਾਨ ਕੀਤਾ ਹੈ ਉਹ ਨਿਰਾ ਐਲਾਨ ਹੀ ਨਾ ਰਹਿ ਜਾਵੇ ਅਮਲੀ ਰੂਪ ਵਿਚ ਇਸ ਨੂੰ ਲਿਆਂਦਾ ਜਾਵੇ। ਸਪੀਕਰ ਸਾਹਿਬ, ਪ੍ਰਾਇਮਰੀ ਐਜੂਕੇਸ਼ਨ ਬੜੀ ਜ਼ਰੂਰੀ ਹੈ ਕਿ ਚੰਗੀ ਹੋਣੀ ਚਾਹੀਦੀ ਹੈ ਭਾਵੇਂ ਦੂਜੀਆਂ ਹਾਈ ਸਕੂਲਾਂ ਅਤੇ ਕਾਲਜਾਂ ਦੀ ਐਜੂਕੇਸ਼ਨ ਵੀ ਜ਼ਰੂਰੀ ਹੈ ਪਰ ਸਭ ਤੋਂ ਜ਼ਿਆਦਾ ਜ਼ਰੂਰੀ ਪ੍ਰਾਇਮਰੀ ਸਕੂਲ ਐਜੂਕੇਸ਼ਨ ਹੈ ਜਿਹੜੀ ਕਿ ਸਾਰੀ ਐਜੂਕੇਸ਼ਨ ਦੀ ਦਾਰੋ ਮਦਾਰ ਹੈ। ਮੈਂ ਚਾਹੁੰਦਾ ਹਾਂ ਕਿ ਜਿਸ ਢੰਗ ਨਾਲ ਸੜਕਾਂ ਬਣਾਉਣ ਦੇ ਲਈ ਸਰਕਾਰ ਨੇ ਕਰੈਸ਼ ਪ੍ਰੋਗਰਾਮ ਬਣਾਇਆ ਹੈ, ਇੰਡਸਟਰੀਜ਼ ਦੇ ਲਈ ਕੋਈ ਪ੍ਰੋਗਰਾਮ ਬਣਾਇਆ ਹੈ ਇਸੇ ਤਰ੍ਹਾਂ ਐਜੂਕੇਸ਼ਨ ਦੇ ਲਈ ਵੀ ਕੋਈ ਕਰੈਸ਼ ਪ੍ਰੋਗਰਾਮ ਬਣਾਇਆ ਜਾਵੇ ਜਿਸ ਪ੍ਰੋਗਰਾਮ ਦੇ ਮੁਤਾਬਕ ਦੇਖਿਆ ਜਾਵੇ ਕਿ ਸਾਡੀ ਜਿਹੜੀ ਬੱਚਿਆਂ ਦੀ ਐਡਮਿਸ਼ਨ ਹੈ ਉਹ ਕਿਸ ਤਰੀਕੇ ਨਾਲ ਹੁੰਦੀ ਹੈ, ਸਕੂਲਾਂ ਦੇ ਵਿਚ ਕੀ ਹਾਲਤ ਹੈ, ਫਰਨੀਚਰ ਦੀ ਕੀ ਹਾਲਤ ਹੈ, ਗਰਾਂਟਾਂ ਜਿਹੜੀਆਂ ਹਨ ਉਹ ਕਿਸ ਤਰੀਕੇ ਨਾਲ ਵੰਡੀਆਂ ਜਾਂਦੀਆਂ ਹਨ, ਐਡਮਿਸ਼ਨ ਵਿਚ ਕੀ ਗੜਬੜ ਹੁੰਦੀ ਹੈ ਅਤੇ ਟੀਚਰਜ਼ ਆਦਿ ਦੀ ਐਪੁਆਇੰਟਮੈਂਟਸ ਵਗੈਰਾ ਕਰਨ ਵੇਲੇ ਕਿਸ ਤਰੀਕੇ ਨਾਲ ਪੈਸੇ ਵਗੈਰਾ ਲੈ ਕੇ ਕੀਤੀਆਂ ਜਾਂਦੀਆਂ ਹਨ, ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਕਰੈਸ਼ ਪ੍ਰੋਗਰਾਮ ਵਿਚ ਜਿਥੇ ਵਿਦਿਆਰਥੀਆਂ ਦਾ ਅਤੇ ਹੋਰ ਗੱਲਾਂ ਦਾ ਧਿਆਨ ਰੱਖਿਆ ਜਾਵੇ ਉਥੇ ਮੈਂ ਸਟਾਫ ਦੀ ਵੀ ਗੱਲ ਕਰਨਾ ਚਾਹੁੰਦਾ ਹਾਂ ਕਿ ਸਾਡਾ ਜਿਹੜਾ ਸਟਾਫ ਹੈ ਉਹ ਚੰਗਾ ਹੋਣਾ ਚਾਹੀਦਾ ਹੈ। ਜੇ ਸਟਾਫ ਚੰਗਾ ਨਹੀਂ ਹੋਵੇਗਾ ਤਾਂ ਵਿਦਿਆ ਚੰਗੀ ਨਹੀਂ ਹੋ ਸਕਦੀ, ਇਸ ਲਈ ਸਟਾਫ ਵੱਲ ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ। ਫਿਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਟੀਚਰਜ਼ ਸਕੂਲਾਂ ਵਿਚ ਲਗਾਏ ਜਾਂਦੇ ਹਨ ਉਨ੍ਹਾਂ ਦੇ ਰਹਿਣ ਵਾਸਤੇ ਕੋਈ ਪ੍ਰਬੰਧ ਨਹੀਂ ਹੁੰਦਾ, ਇਸ ਗੱਲ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਰਹਿਣ ਵਾਸਤੇ ਹਾਊਸਿੰਗ ਵਗੈਰਾ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਹਾਊਸ ਰੈਂਟ ਵੀ ਨਹੀਂ ਮਿਲਦਾ, ਉਹ ਵੀ ਮਿਲਣਾ ਚਾਹੀਦਾ ਹੈ। (ਵਿਘਨ)

ਇਸ ਦੇ ਨਾਲ ਦੀ ਨਾਲ, ਸਪੀਕਰ ਸਾਹਿਬ, ਮੈਂ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਦੀ ਸਿਕਿਉਰਿਟੀ ਆਫ ਸਰਵਿਸ ਦੀ ਵੀ ਗੱਲ ਕਰਨਾ ਚਾਹੁੰਦਾ ਹਾਂ, ਸਰਕਾਰ ਨੂੰ ਉਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਅਸੀਂ ਪਿਛੇ ਜਿਹੇ ਇਕ ਸਰਵਿਸ ਸਿਕਿਉਰਿਟੀ ਐਕਟ ਬਣਾਇਆ ਸੀ ਅਤੇ ਜਿਹੜਾ ਐਕਟ ਬਣਾਇਆ ਗਿਆ ਸੀ ਉਹ ਬਹੁਤ ਚੰਗਾ ਐਕਟ ਬਣਾਇਆ ਗਿਆ ਸੀ ਅਤੇ ਇਹ ਉਸ ਵੇਲੇ ਦੀ ਮੰਗ ਦੇ ਮੁਤਾਬਿਕ ਹੀ ਬਣਾਇਆ ਗਿਆ ਸੀ। ਮਗਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਕਾਨਸਟੀਚਿਊਸ਼ਨ ਦੀ ਅਮੈਂਡਮੈਂਟ ਹੋ ਸਕਦੀ ਹੈ ਤਾਂ ਮੈਂ ਸਮਝਦਾ ਹਾਂ ਕਿ ਜਿਹੜਾ ਇਹ ਐਕਟ ਬਣਾਇਆ ਗਿਆ ਸੀ ਤਾਂ ਹੁਣ ਦੀ ਮੰਗ ਦੇ ਮੁਤਾਬਕ ਉਸ ਦੇ ਵਿਚ ਅਮੈਂਡਮੈਂਟ ਕਰ ਦੇਣੀ ਚਾਹੀਦੀ ਹੈ। ਇਹ ਐਕਟ ਜੋ ਬਣਾਇਆ ਗਿਆ ਹੈ ਇਹ ਦਿੱਲੀ ਪੈਟਰਨ ਤੇ ਹੋਣਾ ਚਾਹੀਦਾ ਹੈ। ਇਹ ਐਕਟ 1969 ਦਾ ਬਣਿਆ ਹੋਇਆ ਹੈ ਉਸ ਦੇ ਨਾਲ ਟੀਚਰਾਂ ਨੂੰ ਹੁਣ ਤਸੱਲੀ ਨਹੀਂ, ਇਸ ਨੂੰ ਹੁਣ ਉਨ੍ਹਾਂ ਦੀ ਤਸੱਲੀ ਦੇ ਮੁਤਾਬਿਕ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਰਿਕੁਗਨਾਈਜ਼ਡ ਸਕੂਲਾਂ ਦੇ ਜਿਹੜੇ ਇੰਪਲਾਈਜ਼ ਹਨ ਉਨ੍ਹਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਡਿਸਟਰੀਬਿਊਸ਼ਨ ਆਫ ਸੈਲਰੀਜ਼ ਥਰੂ ਦੀ ਐਜੂਕੇਸ਼ਨ ਡਿਪਾਰਟਮੈਂਟ

[ਸਰਦਾਰ ਬਸੰਤ ਸਿੰਘ ਖਾਲਸਾ]

ਹੋਣੀ ਚਾਹੀਦੀ ਹੈ, ਜਿਥੇ ਮਿਸਮੈਨੇਜਮੈਂਟ ਹਨ ਉਨ੍ਹਾਂ ਨੂੰ ਟੇਕਓਵਰ ਕਰ ਲੈਣਾ ਚਾਹੀਦਾ ਹੈ। ਇਸ ਦੇ ਲਈ ਇਕ ਜੁਡੀਸ਼ਰੀ ਟਰੀਬਿਊਨਲ ਹੋਣਾ ਚਾਹੀਦਾ ਹੈ ਤਾਂ ਕਿ ਉਸ ਦੇ ਵਿਚ ਸਾਰੇ ਕੇਸਾਂ ਦੇ ਫੈਸਲੇ ਹੋ ਸਕਣ ।

ਜਿਥੋਂ ਤੱਕ ਪ੍ਰਾਈਵੇਟ ਸਕੂਲਾਂ/ਕਾਲਜਾਂ ਦਾ ਸਵਾਲ ਹੈ ਉਨ੍ਹਾਂ ਦੇ ਲਈ ਪੰਜਾਬ ਦੀ ਸਰਕਾਰ ਨੇ ਉਸ ਦੀ ਸਿਕਿਉਰਿਟੀ ਆਫ ਸਰਵਿਸ ਦੇ ਲਈ ਇਕ ਐਲਾਨ ਕੀਤਾ ਸੀ । ਪਤਾ ਨਹੀਂ ਫਿਰ ਉਸ ਐਲਾਨ ਦਾ ਕੀ ਹੋਇਆ । ਇਸ ਵੇਲੇ ਹਨੇਰ ਗਰਦੀ ਮਚੀ ਹੋਈ ਹੈ । (ਵਿਘਨ) ਸਪੀਕਰ ਸਾਹਿਬ, ਇਕ ਮੇਰੇ ਹਲਕੇ ਵਿਚ ਕਾਲਜ ਹੈ ਅਤੇ ਉਸ ਕਾਲਜ ਦਾ ਜੋ ਟਰੱਸਟ ਹੈ, ਉਹ ਆਪਣੀ ਮਨ ਮਰਜ਼ੀ ਕਰ ਰਿਹਾ ਹੈ । ਅੱਜ ਤੱਕ ਉਸ ਨੇ 27 ਦੇ ਕਰੀਬ ਪ੍ਰੋਫੈਸਰਾਂ ਨੂੰ ਕੱਢ ਦਿਤਾ । ਸਟੂਡੈਂਟਸ ਜਿਹੜੇ ਹਨ ਉਹ ਐਜੀਟੇਸ਼ਨਾਂ ਕਰ ਰਹੇ ਹਨ ਮਗਰ ਉਹ ਇਹ ਕਹਿੰਦੇ ਹਨ ਕਿ ਅਸੀਂ ਇਹ ਸਟਾਫ ਬਿਲਕੁਲ ਨਹੀਂ ਰੱਖਣਾ । ਜਿਹੜਾ ਹੋਰ ਸਟਾਫ ਸੀ ਉਹ ਵੀ ਕੱਢ ਦਿਤਾ ਹੈ । 4 ਦਿਨ ਕਾਲਜ ਬੰਦ ਰਿਹਾ । (ਵਿਘਨ) ਸਾਨੂੰ ਡਰ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਜਿਹੜਾ ਟਰੱਸਟ ਹੈ ਇਹ ਕਾਲਜ ਬੰਦ ਕਰਕੇ ਆਪਣੇ ਰਾਹੇ ਪਏਗਾ ।

ਫਿਰ, ਸਪੀਕਰ ਸਾਹਿਬ, ਸਿਕਿਉਰਿਟੀ ਆਫ ਸਰਵਿਸ ਦੇ ਨਾਲ ਨਾਲ ਮੈਂ ਸਪੋਰਟਸ ਦੀ ਵੀ ਗੱਲ ਕਰਦਾ ਹਾਂ ਕਿ ਉਨ੍ਹਾਂ ਸਕੂਲਾਂ ਅਤੇ ਕਾਲਜਾਂ ਵਿਚ ਸਪੋਰਟਸ ਦਾ ਧਿਆਨ ਵੀ ਰੱਖਣਾ ਚਾਹੀਦਾ ਹੈ । ਪਿਛੇ ਜਿਹੇ ਵਜ਼ੀਰ ਸਾਹਿਬ ਨੇ ਇਕ ਐਲਾਨ ਕੀਤਾ ਸੀ ਕਿ ਸਾਰੇ ਸਕੂਲਾਂ ਵਿਚ ਸਪੋਰਟਸ ਸਬਜੈਕਟ ਜੋ ਹੈ ਉਹ ਲਾਜ਼ਮੀ ਕਰਾਰ ਦਿਤਾ ਜਾਵੇਗਾ । ਪਤਾ ਨਹੀਂ ਉਹ ਆਰਡਰ ਕਿਥੇ ਚਲੇ ਗਏ ਹਾਲੇ ਤੱਕ ਇੰਪਲੀਮੈਂਟ ਨਹੀਂ ਕੀਤੇ । ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਥੇ ਸਾਡੇ ਸਟੂਡੈਂਟਸ ਦਾ ਸੁਆਲ ਹੈ, ਟੀਚਰਜ਼ ਦਾ ਸੁਆਲ ਹੈ ਉਥੇ ਜਿਹੜਾ ਸਾਡਾ ਸੁਪਰਵਾਈਜ਼ਰੀ ਸਟਾਫ ਹੈ ਉਸ ਦਾ ਵੀ ਸੁਆਲ ਆਉਂਦਾ ਹੈ । ਸਾਰੀਆਂ ਪਾਵਰਜ਼ ਡੀ. ਈ. ਓ. ਲੈਵਲ ਤੱਕ ਦਿਤੀਆਂ ਹੋਈਆਂ ਹਨ । ਥੱਲੇ ਦੇ ਸਟਾਫ ਨੂੰ ਕੋਈ ਪਾਵਰਾਂ ਨਹੀਂ । ਡੀ. ਈ. ਓ. ਪੂਰੀ ਤਰ੍ਹਾਂ ਜਾ ਕੇ ਸੁਪਰਵੀਜ਼ਨ ਨਹੀਂ ਕਰ ਸਕਦੇ । ਉਨ੍ਹਾਂ ਕੋਲ ਜੀਪਾਂ ਨਹੀਂ ਅਤੇ ਕੋਈ ਸਪੈਸ਼ਲ ਪ੍ਰਿਵਿਲੇਜ ਨਹੀਂ ਦਿਤੇ ਜਾਂਦੇ । ਇਸ ਲਈ ਸਾਨੂੰ ਡੀ. ਈ. ਓ. ਤੋਂ ਪਾਵਰਜ਼ ਘਟਾ ਕੇ ਬੀ. ਈ. ਓ. ਲੈਵਲ ਤੱਕ ਵੀ ਪਾਵਰਜ਼ ਦੇਣੀਆਂ ਚਾਹੀਦੀਆਂ ਹਨ । ਜਿਹੜੀਆਂ ਸਾਲਾਨਾਂ ਰਿਪੋਰਟਾਂ ਆਉਂਦੀਆਂ ਹਨ ਉਨ੍ਹਾਂ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਹੋਰ ਵੀ ਐਫੀਸ਼ੈਂਸੀ ਵੱਲ ਕਦਮ ਚੁਕਣੇ ਚਾਹੀਦੇ ਹਨ ।

ਇਸ ਤਰੀਕੇ ਦੇ ਨਾਲ, ਸਪੀਕਰ ਸਾਹਿਬ, ਸਾਡੇ ਦਫਤਰਾਂ ਵਿਚ ਬੜੀ ਭਾਰੀ ਕੁਰੱਪਸ਼ਨ ਚਲਦੀ ਹੈ। ਕੁਰੱਪਸ਼ਨ ਤੋਂ ਬਗੈਰ ਕੋਈ ਕੰਮ ਨਹੀਂ ਚਲਦਾ । ਜਿਹੜੀਆਂ ਸਾਡੀਆਂ ਐਪੁਆਇੰਟਮੈਂਟਸ ਹੁੰਦੀਆਂ ਹਨ ਉਨ੍ਹਾਂ ਵਿਚ ਵੀ ਬੜੀ ਭਾਰੀ ਕੁਰੱਪਸ਼ਨ ਚਲਦੀ ਹੈ, ਇਥੋਂ ਤੱਕ ਕਿ ਜਿਹੜੀਆਂ ਐਡਹਾਕ ਬੇਸਿਜ਼ ਤੇ ਐਪੁਆਇੰਟਮੈਂਟਸ ਹੁੰਦੀਆਂ ਹਨ ਉਨ੍ਹਾਂ ਵਿਚ ਵੀ ਕੁਰੱਪਸ਼ਨ ਹੁੰਦੀ ਹੈ । ਇਹ ਪੈਸੇ ਲੈ ਕੇ ਐਪੁਆਇੰਟਮੈਂਟ ਕਰਦੇ ਹਨ । ਜਿਹੜੀ ਟੀਚਰੈਸਿਜ਼ ਲਗਦੀਆਂ ਹਨ ਉਨ੍ਹਾਂ ਦੀ ਪੱਤ ਲੁਟੀ ਜਾਂਦੀ ਹੈ। ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਸਾਡੇ ਮਨ ਪ੍ਰਸੰਨ ਕਰੋ ਤਾਂ ਤੁਹਾਨੂੰ ਲਾਵਾਂਗੇ । ਇਸ ਤੋਂ ਇਲਾਵਾ 6 ਮਹੀਨੇ ਲਈ ਲਾਉਂਦੇ ਹਨ ਅਤੇ ਉਨ੍ਹਾਂ ਕੋਲੋਂ 2 ਮਹੀਨੇ ਦੀ ਤਨਖਾਹ ਲੈ ਲਈ ਜਾਂਦੀ ਹੈ । ਇਹ ਜਿਹੜੀ ਕੁਰੱਪਸ਼ਨ ਹੈ ਇਸ ਨੂੰ ਬੰਦ ਕਰਨਾ ਚਾਹੀਦਾ ਹੈ । ਇਸ ਦੇ ਨਾਲ ਹੀ ਸਾਡੇ ਜਿਹੜੇ ਬੱਚੇ ਹਨ ਉਨ੍ਹਾਂ ਦੀ ਮੈਡੀਕਲ ਬਾਰੇ ਕੋਈ ਧਿਆਨ ਨਹੀਂ ਦਿਤਾ ਜਾਂਦਾ । ਪ੍ਰਾਇਮਰੀ ਸਕੂਲਾਂ ਵਿਚ ਸਾਡੇ 46 ਫੀਸਦੀ ਗਰੀਬ ਬੱਚੇ ਜਿਹੜੇ ਹਨ ਉਹ ਬੀਮਾਰ ਰਹਿੰਦੇ ਹਨ ਉਨ੍ਹਾਂ ਵੱਲ ਧਿਆਨ ਦੇਣਾ

ਚਾਹੀਦਾ ਹੈ । ਇਸ ਦੇ ਨਾਲ ਹੀ ਮੈਂ ਇਹ ਕਹਿੰਦਾ ਹਾਂ ਕਿ ਸਾਡੇ ਜਿਹੜੇ ਪਬਲਿਕ ਸਕੂਲ ਹਨ, ਠੀਕ ਹੈ ਅਮੀਰਾਂ ਵਾਸਤੇ ਹੋਣੇ ਚਾਹੀਦੇ ਹਨ । ਕੁਝ ਪਬਲਿਕ ਸਕੂਲ ਐਸੇ ਹਨ ਜਿਨ੍ਹਾਂ ਨੂੰ ਸਾਡੀ ਪੰਜਾਬ ਸਰਕਾਰ ਗਰਾਂਟਾਂ ਦਿੰਦੀ ਹੈ । ਪਟਿਆਲਾ ਵਿਚ ਵੀ ਇਕ ਪਬਲਿਕ ਸਕੂਲ ਇਸ ਤਰ੍ਹਾਂ ਦਾ ਹੈ, ਉਸ ਵਿਚ ਕਿਸੇ ਗਰੀਬ ਦੇ ਬੱਚੇ ਨੂੰ ਕੋਈ ਦਾਖਲਾ ਨਹੀਂ ਮਿਲਦਾ ਹਰੀਜਨਾਂ ਦੇ ਬੱਚੇ ਤਾਂ ਇਕ ਪਾਸੇ ਰਹੇ । ਉਨ੍ਹਾਂ ਪਬਲਿਕ ਸਕੂਲਾਂ ਵਿਚ ਪੰਜਾਬ ਗੌਰਮਿੰਟ ਦੇ ਟੀਚਰਜ਼ ਹਨ । ਉਨ੍ਹਾਂ ਨੂੰ ਸਾਡੇ ਖਜ਼ਾਨੇ ਵਿਚੋਂ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਦੀਆਂ ਇਕ ਸਕੂਲ ਤੋਂ ਦੂਜੇ ਸਕੂਲ ਵਿਚ ਟਰਾਂਸਫਰਾਂ ਵੀ ਹੁੰਦੀਆਂ ਹਨ, ਪਰ ਉਨ੍ਹਾਂ ਵਿਚ ਨਾ ਕਿਸੇ ਗਰੀਬ ਬੱਚੇ ਨੂੰ ਅਤੇ ਨਾ ਹੀ ਕਿਸੇ ਹਰੀਜਨ ਬੱਚੇ ਨੂੰ ਦਾਖਲ ਕੀਤਾ ਜਾਂਦਾ ਹੈ । ਇਸ ਤਰ੍ਹਾਂ ਗੌਰਮਿੰਟ ਮਾਡਲ ਹਾਈ ਸਕੂਲ, ਸੀਮਿਟਰੀ ਰੋਡ ਲੁਧਿਆਣਾ ਹੈ । ਗੌਰਮਿੰਟ ਹਾਈ ਸਕੂਲ ਫ਼ੀਲ ਖਾਨਾ ਅਤੇ ਇਕ ਹੋਰ ਗੌਰਮਿੰਟ ਮਿਡਲ ਸਕੂਲ ਹੈ । ਉਥੇ ਦੇ ਮਾਸਟਰ ਸਾਡੇ ਕੋਲੋਂ ਤਨਖਾਹ ਲੈਂਦੇ ਹਨ ਉਨ੍ਹਾਂ ਦੀ ਕੋਈ ਸਪੈਸ਼ਲਟੀ ਨਹੀਂ ਹੈ। ਉਥੇ ਹਰੀਜਨਾਂ ਦੀ ਕੋਈ ਫੀਸ ਮਾਫ ਨਹੀਂ ਕੀਤੀ ਜਾਂਦੀ, ਉਨ੍ਹਾਂ ਨੂੰ ਕੋਈ ਵਜ਼ੀਫੇ ਨਹੀਂ ਦਿੱਤੇ ਜਾਂਦੇ । ਹਰੀਜਨਾਂ ਦਾ ਨਾਂ ਲੈ ਕੇ ਬਰਗਲਾਉਂਦੇ ਹਨ । ਸਾਡੇ ਜਿਹੜੇ ਮੈਡੀਕਲ ਕਾਲਜ ਹਨ ਉਨ੍ਹਾਂ ਵਿਚ ਸਾਡੀ ਰਿਜ਼ਰਵੇਸ਼ਨ ਪੂਰੀ ਨਹੀਂ, ਕਹਿੰਦੇ ਹਨ ਕਿ ਨੰਬਰ ਘੱਟ ਹਨ । ਮੈਂ ਕਹਿੰਦਾ ਹਾਂ ਕਿ ਸਾਡੇ ਨੰਬਰ ਕਿਉਂ ਘੱਟ ਹਨ ? ਇਸ ਲਈ ਘੱਟ ਹਨ ਕਿਉਂਕਿ ਥੱਲੇ ਦੇ ਪੱਧਰ ਤੇ ਸਾਡੀ ਕੋਈ ਕੋਚਿੰਗ ਨਹੀਂ । ਇਸ ਤਰੀਕੇ ਦੇ ਨਾਲ ਜਿਹੜੇ ਪਬਲਿਕ ਸਕੂਲਾਂ ਵਿਚੋਂ ਬੱਚੇ ਨਿਕਲਦੇ ਹਨ (ਇਸ ਵਕਤ ਸ੍ਰੀ ਡਿਪਟੀ ਸਪੀਕਰ ਸਾਹਿਬ ਨੇ ਕੁਰਸੀ ਸੰਭਾਲੀ) ਉਹ ਆਈ. ਏ. ਐਸ. ਔਰ ਪੀ. ਸੀ. ਐਸ. ਬਣ ਜਾਂਦੇ ਹਨ । ਸਾਡਾ ਕੋਈ ਅਧਿਕਾਰ ਨਹੀਂ ਕਿ ਅਸੀਂ ਆਪਣੇ ਬੱਚੇ ਪਬਲਿਕ ਸਕੂਲਾਂ ਵਿਚ ਐਡਮਿਟ ਕਰਾ ਸਕੀਏ । ਜੇ ਸਾਡੀਆਂ ਫੀਸਾਂ ਮਾਫ ਹੋਣ, ਸਾਨੂੰ ਵਜ਼ੀਫੇ ਦਿੱਤੇ ਜਾਣ ਅਤੇ ਸਾਨੂੰ ਪਬਲਿਕ ਸਕੂਲਾਂ ਵਿਚ ਐਡਮਿਸ਼ਨ ਮਿਲ ਸਕੇ ਤਾਂ ਸਾਡੇ ਬੱਚੇ ਵੀ ਕਾਬਲ ਬਣ ਸਕਣ । ਜਿਥੇ ਪ੍ਰਾਇਮਰੀ ਸਕੂਲਾਂ ਦੀ ਗੱਲ ਹੈ ਉਥੇ ਹਾਈ ਸਕੂਲਾਂ ਦੀ ਵੀ ਗੱਲ ਹੈ । ਇਨ੍ਹਾਂ ਨੇ ਆਖਿਆ ਹੈ ਕਿ ਬਹੁਤ ਸਾਰੇ ਸਕੂਲ ਅੱਪਗਰੇਡ ਕੀਤੇ ਹਨ ।ਕੋਈ ਦੋ ਢਾਈ ਸੌ ਸਕੂਲਾਂ ਨੂੰ ਅੱਪ ਗਰੇਡ ਕੀਤਾ ਗਿਆ ਹੈ । ਇਸ ਲਈ ਬੜੀ ਡਿਸਕਰੀਮੀਨੇਸ਼ਨ ਕੀਤੀ ਗਈ ਹੈ । ਉਨ੍ਹਾਂ ਵਿਚੋਂ ਸਾਡੇ ਹਿੱਸੇ ਵਿਚ ਇਕ ਵੀ ਨਹੀਂ ਆਇਆ । ਮੈਨੂੰ ਥੋੜਾ ਜਿਹਾ ਮੌਕਾ ਮਿਲਿਆ ਸੀ ਪਾਰਲੀਮੈਂਟਰੀ ਸੈਕਟਰੀ ਬਣਨ ਦਾ ਅਸੀਂ 400 ਸਕੂਲ ਅੱਪ ਗਰੇਡ ਕੀਤੇ ਸੀ । ਅਸੀਂ ਮਾਸਟਰ ਜੀ ਨੂੰ ਵੀ ਦਿੱਤੇ ਸੀ ਅਤੇ ਬਾਕੀ ਹੋਰਨਾਂ ਨੂੰ ਵੀ, ਮਗਰ ਇਨ੍ਹਾਂ ਨੇ ਸਾਡੇ ਨਾਲ ਵਿਤਕਰਾ ਕੀਤਾ ਹੈ । ਕੁਝ ਸਕੂਲ ਟੇਕਓਵਰ ਕਰਨ ਦਾ ਸੁਆਲ ਹੈ । ਸਾਡੇ ਸਮੇਂ ਵਿਚ ਕੋਈ 4—10 ਸਕੂਲ ਟੇਕ ਓਵਰ ਕੀਤੇ ਗਏ ਸੀ । ਸਾਹਨੇਵਾਲ, ਮੁਲਾਂਪੁਰ ਲਤਾੜਾ ਅਤੇ ਹਾਂਸਕਲਾਂ ਸਕੂਲ ਸਨ ਉਨ੍ਹਾਂ ਸਕੂਲਾਂ ਨੂੰ ਟੇਕ ਓਵਰ ਕਰਨ ਦੇ ਆਰਡਰ ਵੀ ਚਲੇ ਗਏ ਸਨ ਪਰ ਪਤਾ ਨਹੀਂ ਸ੍ਰੀ ਗੁਰਮੇਲ ਸਿੰਘ ਨੇ ਕਿਉਂ ਲਾਲ ਲਕੀਰ ਫੇਰ ਦਿੱਤੀ । ਮੈਂ ਕਹਿੰਦਾ ਹਾਂ ਕਿ ਜਿਥੇ ਜੇ. ਬੀ. ਟੀ. ਟਰੇਂਡ ਦੀ ਬੇਰੁਜ਼ਗਾਰੀ ਦਾ ਸੁਆਲ ਹੈ ਉਥੇ ਸਾਡੇ ਹੋਰ ਪੜ੍ਹੇ ਲਿਖੇ ਬਹੁਤ ਜ਼ਿਆਦਾ ਅਨ-ਐਮਪਲਾਇਡ ਹਨ । ਰੋਜ਼ਗਾਰ ਦਫਤਰ ਵਿਚ ਇਨ੍ਹਾਂ ਨੂੰ ਜਾ ਕੇ ਵੇਖਣਾ ਚਾਹੀਦਾ ਹੈ ਕਿ ਕਿੰਨੇ ਪੜ੍ਹੇ ਲਿਖੇ ਲਾਈਨਾਂ ਵਿਚ ਰੋਜ਼ਗਾਰ ਦੀ ਖਾਤਰ ਖੜ੍ਹੇ ਹਨ । ਉਹ ਰੋਜ਼ੀ ਮੰਗਦੇ ਹਨ । ਸਾਡੀ ਐਜੂਕੇਸ਼ਨ ਵਿਚ ਨੁਕਸ ਹੈ । ਉਹ ਨੁਕਸ ਇਹ ਹੈ ਕਿ ਸਾਡੇ ਕਾਲਜਾਂ, ਵਿਚ ਸਾਡੇ ਸਕੂਲਾਂ ਵਿਚ ਐਸੀ ਕੋਈ ਟਰੇਨਿੰਗ ਨਹੀਂ ਦਿੱਤੀ ਜਾਂਦੀ ਕੋਈ ਐਸਾ ਸਬਜੈਕਟ ਨਹੀਂ ਰੱਖਿਆ ਜਾਂਦਾ ਜਿਸ ਦੇ ਨਾਲ ਉਨ੍ਹਾਂ ਲੋਕਾਂ ਨੂੰ ਰੋਜ਼ਗਾਰ ਮਿਲ ਸਕੇ । ਇਸੇ ਤਰੀਕੇ ਦੇ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਹਾਇਰ ਸੈਕੰਡਰੀ ਸਕੂਲਾਂ ਵਿਚ ਜਿਹੜੇ ਲੈਕਚਰਾਰ ਲੱਗੇ ਹੋਏ ਹਨ ਵੈਸੇ ਤਾਂ ਸਾਡਾ ਹਾਇਰ ਸੈਕੰਡਰੀ ਸਿਸਟਮ ਫੇਲ੍ਹ ਹੋ ਚੁੱਕਾ ਹੈ, ਪਿਛੇ ਜਿਹੇ ਇਕ ਕਮੇਟੀ ਬਣਾਈ ਗਈ ਸੀ ਉਸ

[ਸਰਦਾਰ ਬਸੰਤ ਸਿੰਘ ਖਾਲਸਾ]

ਨੇ ਆਪਣੀ ਰਿਪੋਰਟ ਦਿੱਤੀ ਹੈ ਕਿ ਇਹ ਹਾਇਰ ਸੈਕੰਡਰੀ ਸਿਸਟਮ ਪੰਜਾਬ ਵਿਚ ਕਾਮਯਾਬ ਨਹੀਂ ਹੋ ਸਕਦਾ, ਕਿਉਂਕਿ ਜਿਹੜੇ ਪੁਰਾਣੇ ਹਾਈ ਸਕੂਲਾਂ ਵਿਚੋਂ ਮੁੰਡੇ ਆਉਂਦੇ ਹਨ ਉਹ ਸਿੱਧੇ ਕਾਲਜਾਂ ਵਿਚ ਚਲੇ ਜਾਂਦੇ ਹਨ, ਉਹ ਪਰੀਯੂਨੀਵਰਸਿਟੀ ਵਿਚ ਚਲੇ ਜਾਂਦੇ ਹਨ। ਉਥੇ ਵਜ਼ੀਫ਼ਾ ਵੀ ਜ਼ਿਆਦਾ ਹੁੰਦਾ ਹੈ ਅਤੇ ਟਰੇਨਿੰਗ ਵੀ ਅੱਛੀ ਹੁੰਦੀ ਹੈ। ਉਸ ਦੀ ਲੋਕੇਲਟੀ ਅੱਛੀ ਹੁੰਦੀ ਹੈ ਅਤੇ ਅਟਮਾਸਫ਼ੀਅਰ ਵੀ ਅੱਛਾ ਹੁੰਦਾ ਹੈ। ਮੈਂ ਕਹਿੰਦਾ ਹਾਂ ਕਿ ਹਾਇਰ ਸੈਕੰਡਰੀ ਸਕੂਲ ਬਿਲਕੁਲ ਬੰਦ ਹੋਣੇ ਚਾਹੀਦੇ ਹਨ। ਇਹ ਚੀਜ਼ ਕਾਲਜਾਂ ਵਿਚ ਹੋਣੀ ਚਾਹੀਦੀ ਹੈ। ਜਿਥੋਂ ਤਕ ਕਾਲਜਾਂ ਦਾ ਸੁਆਲ ਹੈ ਸਾਡੇ ਕਾਲਜਾਂ ਵਿਚ ਜਿਹੜਾ ਬਿਲਕੁਲ ਬੋਦਾ ਸਿਸਟਮ ਹੈ ਉਹ ਚਲ ਰਿਹਾ ਹੈ। ਇਸ ਵਕਤ ਉਨ੍ਹਾਂ ਕਾਲਜਾਂ ਵਿਚ ਜਿਹੜੇ ਸਾਡੇ ਬੋਦੇ ਅਤੇ ਪੁਰਾਣੇ ਪ੍ਰੋਫੈਸਰਜ਼ ਹਨ ਉਹ ਸਾਡੇ ਸਟੂਡੈਂਟਸ ਦੀਆਂ ਜਿਹੜੀਆਂ ਪ੍ਰਾਬਲਮਜ਼ ਹਨ ਉਨ੍ਹਾਂ ਨੂੰ ਨਹੀਂ ਸਮਝ ਸਕਦੇ। 1947 ਤੋਂ ਪਹਿਲਾਂ ਸਾਡੇ ਕਾਲਜਾਂ ਦੇ ਸਟੂਡੈਂਟਸ ਨੇ ਪਾਲੀ-ਟਿਕਸ ਵਿਚ ਹਿੱਸਾ ਲੈ ਕੇ ਦੇਸ਼ ਆਜ਼ਾਦ ਕੀਤਾ। ਪਰ 1947 ਤੋਂ ਮਗਰੋਂ ਅਸੀਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਨ੍ਹਾਂ ਨੂੰ ਪਾਲੀਟਿਕਸ ਤੋਂ ਦੂਰ ਰਹਿਣਾ ਚਾਹੀਦਾ ਹੈ। ਜਿਹੜੀ ਸਾਡੇ ਨਾਲ 1947 ਤੋਂ ਪਹਿਲਾਂ ਬੇਇਨਸਾਫੀ ਹੁੰਦੀ ਸੀ ਅਸੀਂ ਸਟੂਡੈਂਟਸ ਦੇ ਨਾਲ ਮਿਲ ਕੇ ਉਸ ਬੇਇਨਸਾਫੀ ਦੇ ਖਿਲਾਫ਼ ਲੜਾਈ ਲੜੀ ਔਰ ਉਨ੍ਹਾਂ ਸਟੂਡੈਂਟਸ ਨੇ ਸਾਡੇ ਨਾਲ ਪੂਰੀ ਜੱਦੋ-ਜਹਿਦ ਕੀਤੀ ਅਤੇ ਆਪਣੇ ਹੱਕਾਂ ਲਈ ਲੜਾਈ ਲੜੀ। ਜਿਹੜੇ ਵਿਦਿਆਰਥੀ ਉਸ ਵੇਲੇ ਹੋਈ ਬੇਇਨਸਾਫੀ ਦੇ ਖਿਲਾਫ਼ ਲੜੇ ਹਨ ਉਹ ਵਿਦਿਆਰਥੀ ਹਾਲੇ ਵੀ ਲੜ ਰਹੇ ਹਨ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਕਾਲਜ ਅੱਛੇ ਹੋਣੇ ਚਾਹੀਦੇ ਹਨ, ਅੱਛਾ ਫ਼ਰਨੀਚਰ ਹੋਣਾ ਚਾਹੀਦਾ ਹੈ, ਪੜ੍ਹਾਉਣ ਵਾਲੇ ਪ੍ਰੋਫੈਸਰਜ਼ ਅੱਛੇ ਹੋਣੇ ਚਾਹੀਦੇ ਹਨ, ਆਉਣ ਜਾਣ ਦੇ ਸਾਧਨ ਠੀਕ ਹੋਣੇ ਚਾਹੀਦੇ ਹਨ। ਜੇਕਰ ਅਸੀਂ ਚੰਗੀ ਐਡਮਨਿਸਟਰੇਸ਼ਨ ਨਹੀਂ ਦੇ ਸਕੇ ਤਾਂ ਦੇਖ ਲਿਆ ਕਿ ਮੋਗੇ ਵਿਚ ਕੀ ਹਾਲ ਹੋਇਆ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਤਸੱਲੀ ਹੋਣੀ ਚਾਹੀਦੀ ਹੈ ਜਿਹੜੀਆਂ ਸਟਰਾਈਕਾਂ ਹੁੰਦੀਆਂ ਹਨ ਉਨ੍ਹਾਂ ਵਲ ਗੌਰਮਿੰਟ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਤਰੀਕੇ ਨਾਲ ਮੈਂ ਕਹਿੰਦਾ ਹਾਂ ਕਿ ਐਡਮਿਸ਼ਨਾਂ ਵਿਚ ਵਿਤਕਰਾ ਹੁੰਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਸੁਆਲ ਆਇਆ ਸੀ ਉਥੇ ਦੇ ਕੁਝ ਵਿਦਿਆਰਥੀਆਂ ਦੇ ਨੰਬਰ ਵੀ ਪੂਰੇ ਸਨ ਪਰ ਉਨ੍ਹਾਂ ਨੂੰ ਐਡਮਿਸ਼ਨ ਨਹੀਂ ਦਿੱਤੀ ਗਈ। ਉਨ੍ਹਾਂ ਨੇ ਸਟਰਾਈਕ ਕਰ ਦਿੱਤੀ, ਕਿੰਨੇ ਦਿਨ ਉਥੇ ਪੁਲੀਸ ਬੈਠੀ ਰਹੀ। ਉਥੇ ਗੋਲੀ ਚਲੀ। ਇਹ ਜਿਹੜੀਆਂ ਪ੍ਰਾਬਲਮਜ਼ ਹਨ ਹਲ ਹੋਣੀਆਂ ਚਾਹੀਦੀਆਂ ਹਨ। ਇਸ ਤਰੀਕੇ ਦੇ ਨਾਲ ਸਾਡੇ ਜਿਹੜੇ ਪ੍ਰੋਫੈਸਰਜ਼ ਹਨ, ਟੀਚਰਜ਼ ਹਨ ਉਹ ਹੜਤਾਲਾਂ ਤੇ ਰਹਿੰਦੇ ਹਨ ਉਹ ਮੰਗ ਕਰਦੇ ਹਨ ਕਿ ਉਨ੍ਹਾਂ ਦੀਆਂ ਵਾਜਬ ਮੰਗਾਂ ਪ੍ਰਵਾਨ ਹੋਣੀਆਂ ਚਾਹੀਦੀਆਂ ਹਨ। ਪਿਛੇ ਜਿਹੜੀ 9 ਤਾਰੀਖ ਦੀ ਹੜਤਾਲ ਹੋਈ ਸੀ ਉਹ ਲੋਕ ਪੂਰੀ ਤਰ੍ਹਾਂ ਸਫ਼ਲ ਹੋਏ ਸੀ। (ਵਿਘਨ) ਇਹ ਠੀਕ ਹੈ ਕਿ 21-22 ਦੀ ਜਿਹੜੀ ਹੜਤਾਲ ਹੋਣੀ ਸੀ ਉਹ ਟਲ ਗਈ ਹੈ, ਪਰ ਸਰਕਾਰ ਨੂੰ ਅਵੇਸਲਾ ਨਹੀਂ ਹੋਣਾ ਚਾਹੀਦਾ ਜਿਹੜੀਆਂ ਉਨ੍ਹਾਂ ਦੀਆਂ ਮੰਗਾਂ ਹਨ ਉਨ੍ਹਾਂ ਨੂੰ ਸਰਕਾਰ ਮੰਨੇ। ਸਰਦਾਰ ਰਣਬੀਰ ਸਿੰਘ ਦਿਲੋਂ ਭੁਖ ਹੜਤਾਲ ਤੇ ਬੈਠੇ ਹਨ ਉਹ ਜਿਥੇ ਹੋਰ ਮੁਲਾਜ਼ਮਾਂ ਦੀਆਂ ਮੰਗਾਂ ਪੇਸ਼ ਕਰਦੇ ਹਨ ਉਥੇ ਉਹ ਟੀਚਰਜ਼ ਦੀਆਂ ਮੰਗਾਂ ਦੀ ਵੀ ਗੱਲ ਕਰਦੇ ਹਨ ਸਰਕਾਰ ਨੂੰ ਕਿਸੇ ਚੰਗੇ ਤਰੀਕੇ ਦੇ ਨਾਲ ਨਜਿੱਠਣਾ ਚਾਹੀਦਾ ਹੈ।

ਹੁਣ ਡਿਪਟੀ ਸਪੀਕਰ ਸਾਹਿਬ, ਮੈਂ ਮੈਡੀਕਲ ਐਜੂਕੇਸ਼ਨ ਦੀ ਗੱਲ ਕਰਨੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਸਾਡੀ ਹੈਲਥ ਦੋ ਹੱਥਾਂ ਵਿਚ ਡਿਵਾਈਡ ਕਰ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਇਹ ਇਕ ਹੱਥ ਵਿਚ ਹੀ ਰਹਿਣੀ ਚਾਹੀਦੀ ਹੈ। ਜਿਹੜਾ ਹੈਲਥ

ਦਾ ਮਨਿਸਟਰ ਹੋਵੇ ਉਸ ਦੇ ਨਾਲ ਹੀ ਮੈਡੀਕਲ ਐਜੂਕੇਸ਼ਨ ਹੋਣੀ ਚਾਹੀਦੀ ਹੈ। ਮੈਂ ਸਰਦਾਰ ਗੁਰਮੇਲ ਸਿੰਘ ਨਾਲ ਕੋਈ ਵਿਤਕਰੇ ਵਾਲੀ ਗੱਲ ਨਹੀਂ ਕਰਨੀ, ਪਰ ਮੈਂ ਕਹਿੰਦਾ ਹਾਂ ਕਿ ਉਹ ਚਲ ਨਹੀਂ ਸਕਦੇ। ਹੈਲਥ ਵਾਲੇ ਨੇ ਜਿਥੇ ਡਿਸਪੈਂਸਰੀਆਂ ਦੀ ਗਲ ਕਰਨੀ ਹੈ ਉਥੇ ਹਸਪਤਾਲਾਂ ਦੀ ਵੀ ਗੱਲ ਹੋਣੀ ਹੈ ਅਤੇ ਮੈਡੀਕਲ ਕਾਲਜਾਂ ਦਾ ਵੀ ਸੁਆਲ ਆਉਣਾ ਹੈ। ਇਸ ਤਰ੍ਹਾਂ ਸਾਡੇ ਰਾਜਿੰਦਰਾ ਹਸਪਤਾਲ ਅਤੇ ਵੀ. ਜੇ ਹਸਪਤਾਲ ਹਨ ਉਨ੍ਹਾਂ ਦੀ ਐਡਮਨਿਸਟਰੇਸ਼ਨ ਦੋ ਹੱਥਾਂ ਵਿਚ ਹੈ। ਸਟਰਾਈਕਾਂ ਚਲ ਰਹੀਆਂ ਹਨ। ਮੁੰਡੇ ਵੀ ਸਟਰਾਈਕ ਤੇ ਹਨ ਅਤੇ ਡਾਕਟਰ ਵੀ ਸਟਰਾਈਕ ਤੇ ਹਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਾਡਾ ਆਰੀਆ ਕਾਲਜ, ਲੁਧਿਆਣਾ ਬੰਦ ਪਿਆ ਹੈ। ਮੁੰਡੇ ਅਤੇ ਪ੍ਰੋਫੈਸਰ ਦੋਵੇਂ ਸਟਰਾਈਕ ਤੇ ਬੈਠੇ ਹਨ ਅਤੇ 15 ਦਿਨਾਂ ਵਿਚ ਉਹ ਕਾਲਜ ਨੂੰ ਵੀ ਬੰਦ ਕਰ ਰਹੇ ਹਨ, ਸਰਕਾਰ ਨੂੰ ਇਸ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਮੈਂ ਸਰਦਾਰ ਬਲਬੀਰ ਸਿੰਘ ਨੂੰ ਦਸਣਾ ਚਾਹੁੰਦਾ ਹਾਂ ਕਿ ਜਿਹੜੀ ਪਬਲਿਕ ਲੈਬਾਰਟਰੀ ਬਣਾਈ ਸੀ ਉਹ ਸਟੇਟ ਦੇ ਲੈਵਲ ਦੀ ਲਬਾਰਟਰੀ ਹੈ ਉਸ ਵਿਚ ਮਲੇਰੀਆ ਅਤੇ ਹੈਜ਼ੇ ਦੇ ਕੇਸਿਜ਼ ਘੱਟੋ ਘੱਟ ਹਰ ਸਾਲ 3 ਹਜ਼ਾਰ ਦੇ ਕਰੀਬ ਟੈਸਟ ਹੁੰਦੇ ਹਨ। ਇਹ ਸਰਕਾਰ ਨੇ ਇਸ ਲਈ ਬਣਾਈ ਸੀ ਕਿ ਚੰਡੀਗੜ੍ਹ ਇਕ ਹੈ। ਹੁਣ ਇਹ ਇਸ ਲੈਬਾਰਟਰੀ ਨੂੰ ਜਲੰਧਰ ਲੈ ਜਾਣਾ ਚਾਹੁੰਦੇ ਹਨ ਮੈਂ ਕਹਿੰਦਾ ਹਾਂ ਕਿ ਇਸ ਲੈਬਾਰਟਰੀ ਦੀ ਇੰਮਪੋਰਟੈਂਸ ਬਹੁਤ ਜ਼ਿਆਦਾ ਹੈ ਇਸ ਨੂੰ ਸਿੰਪਲ ਨਹੀਂ ਸਮਝਣਾ ਚਾਹੀਦਾ ਹੈ ਅਤੇ ਇਸ ਨੂੰ ਕਿਸੇ ਹਸਪਤਾਲ ਨਾਲ ਅਟੈਚ ਨਹੀਂ ਕਰਨਾ ਚਾਹੀਦਾ। ਹੁਣ ਵੀ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇਗਾ ਇਸ ਵਾਸਤੇ ਇਸ ਲੈਬਾਰਟਰੀ ਨੂੰ ਜਲੰਧਰ ਨਹੀਂ ਲੈ ਜਾਣਾ ਚਾਹੀਦਾ।

ਮੈਂ ਹੁਣ ਫਿਰ ਐਜੂਕੇਸ਼ਨ ਵਲ ਆਉਂਦਾ ਹਾਂ ਸਰਦਾਰ ਗੁਰਮੇਲ ਸਿੰਘ ਜੀ ਕਹਿਣਗੇ ਕਿ ਹਾਲੇ ਕੀ ਕਸਰ ਰਹਿ ਗਈ ਹੈ। ਡਿਪਟੀ ਸਪੀਕਰ ਸਾਹਿਬ, ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿਚ ਜਿਹੜਾ ਮਾਹਿਲਪੁਰ ਵਿਚ ਕਾਲਜ ਹੈ ਉਥੋਂ ਦੇ ਪਰੋਫੈਸਰ ਨੂੰ ਉਥੋਂ ਕਢਿਆਂ ਜਾ ਰਿਹਾ ਹੈ ਕਿਉਂਕਿ ਉਹ ਇਨ੍ਹਾਂ ਦੇ ਮੁਕਾਬਲੇ ਤੇ ਖੜ੍ਹਾ ਹੋਣਾ ਚਾਹੁੰਦਾ ਸੀ। ਪਰ ਹੁਣ ਇਨ੍ਹਾਂ ਨੇ ਅਨਟਚੇਬਿਲਟੀ ਦਾ ਕੇਸ ਬਣਾ ਕੇ ਉਥੋਂ ਦੇ ਮੁੰਡੇ ਅਤੇ ਕੁੜੀ ਨੂੰ ਕੱਢ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਥੇ ਸਰਵਿਸ ਸਿਕਉਰਿਟੀ ਐਕਟ ਲਿਆਂਦਾ ਜਾਵੇ ਤਾਂ ਹੀ ਟੀਚਰਜ਼ ਦਾ ਭਲਾ ਹੋ ਸਕਦਾ ਹੈ ਅਤੇ ਨਾਰੰਗ ਕਾਲਜ ਅਤੇ ਸੁਧਾਰ ਕਾਲਜ ਵੀ ਬਚ ਸਕਦੇ ਹਨ।

ਸ੍ਰੀ ਪ੍ਰੇਮ ਗੁਪਤਾ (ਪਟਿਆਲਾ) : ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 15 ਅਤੇ 17 ਜਿਹੜੀ ਐਜੂਕੇਸ਼ਨ ਮੈਡੀਕਲ ਹੈਲਥ ਨਾਲ ਸਬੰਧ ਰਖਦੀ ਹੈ ਉਸ ਦੇ ਬਾਰੇ ਕੁਝ ਗੱਲਾਂ ਕਹਾਂਗਾ। ਮੈਂ ਤੁਹਾਡੀ ਇਜਾਜ਼ਤ ਨਾਲ 2, 4 ਗੱਲਾਂ ਕਹਿਣੀਆ ਚਾਹੁੰਦਾ ਹਾਂ। ਜਿਥੋਂ ਤਕ ਐਜੂਕੇਸ਼ਨ ਦਾ ਤੁਅੱਲਕ ਹੈ ਮੈਂ ਦਸਦਾ ਹਾਂ ਕਿ ਸਾਡੇ ਮੁਲਕ ਦੀ ਆਰਥਿਕ ਹਾਲਤ ਦਾ ਇਕ ਅਜਿਹਾ ਸਿਸਟਮ ਹੈ ਅਤੇ ਇਹ ਬੈਕਵਰਡ ਇਕੋਨੋਮੀ ਹੈ ਪਰ ਇਸ ਦੀ ਰਿਸਪੌਨਸੀਬਿਲਟੀ ਸਟੇਟ ਦੀ ਹੋਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬ ਸਰਕਾਰ ਇਸ ਰਿਸ-ਪੌਨਸੀਬਿਲਟੀ ਨੂੰ ਪੂਰਾ ਕਰਨ ਵਾਸਤੇ ਹਰ ਸਾਲ ਵੱਧ ਤੋਂ ਵੱਧ ਇਕ ਸਾਲ ਤੋਂ ਦੂਜੇ ਸਾਲ ਜ਼ਿਆਦਾ ਯਤਨ ਕਰ ਰਹੀ ਹੈ ਅਤੇ ਸਟੇਟ ਵਿਚ ਜੋ ਐਜੂਕੇਸ਼ਨ ਦੇ ਹੋਰ ਪਰਾਈਵੇਟ ਸਕੂਲ ਜਾਂ ਕਾਲਜ ਹਨ ਉਨ੍ਹਾਂ ਨਾਲ ਵੀ ਸਿੱਧਾ ਜਾਂ ਇੰਡਾਇਰੈਕਟ ਤੌਰ ਤੇ ਇਹ ਸਰਕਾਰ ਸਬੰਧ ਰਖਦੀ ਹੈ ਅਤੇ ਕਿਸੇ ਸਕੂਲ ਨੂੰ 95% ਅਤੇ ਕਿਸੇ ਸਕੂਲ ਜਾਂ ਕਾਲਜ ਨੂੰ 100 ਫੀ ਸਦੀ ਏਡ ਦਿੰਦੀ

[ਸ੍ਰੀ ਪ੍ਰੇਮ ਗੁਪਤਾ]

ਹੈ। ਇਸ ਸਾਲ ਦੇ ਬਜਟ ਵਿਚ ਵੀ ਇਨ੍ਹਾਂ ਨੇ 54 ਕਰੋੜ ਰੁਪਏ ਦੇ ਲਗਭਗ ਰਕਮ ਐਜੂਕੇਸ਼ਨ ਵਾਸਤੇ ਰਖੀ ਹੈ । ਹਰ ਸਾਲ ਨਵੇਂ ਪ੍ਰਾਇਮਰੀ ਅਤੇ ਮਿਡਲ ਸਕੂਲ ਖੋਲ੍ਹ ਰਹੀ ਹੈ । ਪਿਛਲੇ ਸਾਲਾਂ ਦੀ ਅਤੇ ਹੁਣ ਨਵੇਂ ਜਿਹੜੇ 1973 ਤਕ ਪ੍ਰਾਈਮਰੀ ਸਕੂਲ ਖੁਲ੍ਹੇ ਹਨ ਇਨ੍ਹਾਂ ਵਿਚ ਬੱਚਿਆਂ ਦੀ ਐਨਰੋਲਮੈਂਟ 3 ਲੱਖ 25 ਹਜ਼ਾਰ ਹੋ ਗਈ ਹੈ। ਪੰਜਾਬ ਵਿਚ ਜਿੰਨੇ ਵੀ ਬੱਚੇ 6--11 ਸਾਲ ਦੀ ਉਮਰ ਦੇ ਹਨ ਉਨ੍ਹਾਂ ਨੂੰ ਇਨ੍ਹਾਂ ਨਵੇਂ ਸਕੂਲਾਂ ਵਿਚ ਦਾਖ਼ਲ ਕੀਤਾ ਗਿਆ ਹੈ । ਪੰਜਾਬ ਵਿਚ ਇਸ ਤਰ੍ਹਾਂ ਨਵੇਂ ਸਕੂਲ ਖੁਲ੍ਹਣ ਨਾਲ ਕੋਈ ਵੀ ਬੱਚਾ ਇਸ ਤਰ੍ਹਾਂ ਨਹੀਂ ਰਹੇਗਾ ਜਿਹੜਾ ਕਿ ਐਜੂਕੇਸ਼ਨ ਹਾਸਲ ਨਾ ਕਰ ਸਕੇ । ਫਿਨਾਂਸ ਮਨਿਸਟਰ ਸਾਹਿਬ ਨੇ ਆਪਣੀ ਬਜਟ ਸਪੀਚ ਵਿਚ ਵੀ ਕਿਹਾ ਸੀ ਕਿ ਜਿਹੜੀ ਬਹੁਤ ਦੇਰ ਤੋਂ ਮੰਗ ਚਲੀ ਆ ਰਹੀ ਸੀ ਕਿ ਪ੍ਰਾਈਮਰੀ ਸਕੂਲਾਂ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ ਉਸ ਲਈ ਸਰਕਾਰ ਨੇ ਪ੍ਰਾਇਮਰੀ ਐਜੂਕੇਸ਼ਨ ਵਾਸਤੇ ਇਕ ਅਲਹਿਦਾ ਡਾਇਰੈਕਟੋਰੇਟ ਬਣਾਉਣ ਦਾ ਫੈਸਲਾ ਕੀਤਾ ਹੈ ਤਾਂਕਿ ਪ੍ਰਾਈਮਰੀ ਐਜੂਕੇਸ਼ਨ ਵਲ ਪੂਰਾ ਧਿਆਨ ਦਿੱਤਾ ਜਾ ਸਕੇ। ਮੈਂ ਇਸ ਸਬੰਧ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਡਾਇਰੈਕਟੋਰੇਟ ਦੇ ਕੰਮ ਦੀ ਡਵੀਜ਼ਨ ਹੋਣੀ ਚਾਹੀਦੀ ਹੈ, ਕੰਮ ਦੀ ਵੰਡ ਹੋਣੀ ਚਾਹੀਦੀ ਹੈ। ਪ੍ਰਾਈਮਰੀ ਐਜੂਕੇਸ਼ਨ ਦੇ ਡਾਇਰੈਕਟੋਰੇਟ ਨੇ ਜਿਹੜਾ ਕੰਮ ਕਰਨਾ ਹੈ ਉਹ ਸਾਈਨਟੇਫ਼ਿਕ ਹੋਣਾ ਚਾਹੀਦਾ ਹੈ ਤਾਂਕਿ ਪਤਾ ਲਗੇ ਕਿ ਕਿਹੜਾ ਸਕੂਲ ਕਿਹੜੇ ਡਾਇਰੈਕਟੋਰੇਟ ਦੇ ਅੰਡਰ ਆਵੇਗਾ । ਇਹ ਡਾਇਰੈਕਟੋਰੇਟ ਬਣਨ ਨਾਲ ਫੀਲਡ ਵਿਚ ਵੀ ਡਿਸਟਰਿਕਟ ਪ੍ਰਾਈਮਰੀ ਐਜੂਕੇਸ਼ਨ ਅਫਸਰ ਲਗਾਏ ਜਾਣੇ ਚਾਹੀਦੇ ਹਨ। ਡਵੀਜ਼ਨ ਆਫ਼ ਵਰਕ ਜਿਹੜੀ ਹੈ ਉਹ ਸਾਈਨਟਿਫਿਕ ਤਰੀਕੇ ਨਾਲ ਹੋਣੀ ਚਾਹੀਦੀ ਹੈ।

ਐਜੂਕੇਸ਼ਨ ਜਿਹੜੀ ਹੈ ਇਹ ਇਕ ਬੇਸਿਕ ਨਸੈਸਿਟੀ ਹੈ ਜਿਹੜੀ ਕਿ ਸਟੇਟ ਵਿਚ ਪਰਫਾਰਮੈਂਸ ਕਰਦੀ ਹੈ। ਇਸ ਵਿਚ ਮੈਂ 2, 3 ਚੀਜ਼ਾਂ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਅੱਜ ਟੀਚਰਜ਼ ਨੂੰ ਕਈ ਸਮਸਿਆਵਾਂ ਹਨ, ਜਿਸ ਕਰਕੇ ਉਹ ਆਪਣਾ ਸਾਰਾ ਧਿਆਨ ਬੱਚਿਆਂ ਦੀ ਪੜ੍ਹਾਈ ਤੇ ਨਹੀਂ ਲਾ ਸਕਦੇ। ਇਹ ਗੱਲ ਠੀਕ ਹੈ ਕਿ ਜਿਨ੍ਹਾਂ ਚਿਰ ਟੀਚਰ ਨੂੰ ਸਿਕਉਰਿਟੀ ਨਾ ਹੋਵੇ ਕਿ ਉਸ ਨੇ ਇਥੇ ਰਹਿਣਾ ਵੀ ਹੈ ਜਾਂ ਨਹੀਂ ਉਹ ਆਪਣੀ ਪਰਫਾਰਮੈਂਸ ਠੀਕ ਨਹੀਂ ਦੇ ਸਕਦਾ । ਇਸ ਤੋਂ ਇਲਾਵਾ ਵੇਖਿਆ ਗਿਆ ਹੈ ਕਿ ਟੀਚਰਜ਼ ਵਿਚ ਤਬਦੀਲੀਆਂ ਬਾਰੇ ਬੜਾ ਰੌਲਾ ਪੈਂਦਾ ਸੀ। ਇਨ੍ਹਾਂ ਤਬਦੀਲੀਆਂ ਤੇ ਹਰ ਸਾਲ ਹਜ਼ਾਰਾਂ ਰੁਪਿਆ ਵੇਸਟ ਹੋ ਜਾਂਦਾ ਸੀ ਅਤੇ ਹਜ਼ਾਰਾਂ ਟੀਚਰਜ਼ ਹਰ ਸਾਲ ਬਦਲੇ ਜਾਂਦੇ ਸੀ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪਿਛਲੇ 2 ਸਾਲਾਂ ਤੋਂ ਪੰਜਾਬ ਸਰਕਾਰ ਨੇ ਟੀਚਰਜ਼ ਦੀ ਇਸ ਡਿਫੀਕਲਟੀ ਨੂੰ ਮੱਦੇਨਜ਼ਰ ਰਖਦੇ ਹੋਏ ਟੀਚਰਜ਼ ਦੀਆਂ ਉਥੇ ਤਬਦੀਲੀਆਂ ਕੀਤੀਆਂ ਹਨ ਜਿਥੇ ਕਿ ਉਹ ਚਾਹੁੰਦੇ ਸਨ ਅਤੇ ਇਸ ਵਾਸਤੇ ਆਪਣੀਆਂ ਦਰਖਾਸਤਾਂ ਦਿੱਤੀਆਂ ਹੋਈਆਂ ਸਨ । ਇਸ ਸਰਕਾਰ ਦੀ ਇਹ ਪਾਲਿਸੀ ਕਾਮਯਾਬ ਰਹੀ ਹੈ ਅਤੇ ਟੀਚਰਜ਼ ਨੂੰ ਸੈਂਨਸ ਆਫ਼ ਸਿਕਿਉਰਿਟੀ ਮਿਲੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਇਕ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਜਿਸ ਤਰ੍ਹਾਂ ਇਨ੍ਹਾਂ ਨੇ ਓ. ਟੀ. ਦੀਆਂ ਕਲਾਸਾਂ ਖੋਲ੍ਹਣ ਦਾ ਫੈਸਲਾ ਕੀਤਾ ਹੈ ਇਸ ਵਿਚ ਹਿੰਦੀ ਅਤੇ ਪੰਜਾਬੀ ਦੇ ਸਕੂਲ ਖੋਲ੍ਹੇ ਜਾਣੇ ਹਨ ਇਸੇ ਤਰ੍ਹਾਂ ਸੰਸਕ੍ਰਿਤ ਦੀਆਂ ਵੀ ਓ. ਟੀ. ਦੀਆਂ ਕਲਾਸਾਂ ਲਗਣੀਆਂ ਚਾਹੀਦੀਆਂ ਹਨ। ਸਾਡੇ ਪੰਜਾਬ ਵਿਚ ਸੰਸਕ੍ਰਿਤ ਵੀ ਪੜ੍ਹਾਈ ਜਾਂਦੀ ਹੈ, ਇਹ ਠੀਕ ਹੈ ਕਿ ਸੰਸਕ੍ਰਿਤ ਪੜ੍ਹਨ ਵਾਲੇ ਬੱਚੇ ਬਹੁਤ ਘੱਟ ਹਨ। ਮੈਂ ਕਹਿੰਦਾ ਹਾਂ ਕਿ ਜਾਂ ਤਾਂ ਸੰਸਕ੍ਰਿਤ ਪੰਜਾਬ ਵਿਚ ਖਤਮ ਕਰ ਦਿੱਤੀ ਜਾਵੇ ਜਾਂ ਸੰਸਕ੍ਰਿਤ ਲਈ ਵੀ ਓ.ਟੀ. ਦੀਆਂ ਕਲਾਸਾਂ ਲਾਉਣ ਲਈ ਇਸ ਸਰਕਾਰ ਨੂੰ ਰੀਕਨਸਿਡਰ ਕਰਨਾ ਚਾਹੀਦਾ ਹੈ।

ਇਕ ਗੱਲ ਖਾਲਸਾ ਜੀ ਨੇ ਕਹੀ ਹੈ ਕਿ ਕਰੈਸ਼ ਪ੍ਰੋਗਰਾਮ ਵਿਚ ਸਕੂਲ ਟੀਚਰਜ਼ ਦੀ ਐਮਪਲਾਇਮੈਂਟ ਕਿੰਨੀ ਹੋਈ ਹੈ ਇਸ ਬਾਰੇ ਮੈਂ ਇਕ ਗੱਲ ਬੜੇ ਅਦਬ ਨਾਲ ਕਹਿ ਸਕਦਾ ਹਾਂ ਕਿ ਮੈਂ ਫਿਗਰਜ਼ ਤਾਂ ਨਹੀਂ ਦਸ ਰਿਹਾ, ਪਰ ਫਿਰ ਵੀ ਇਹ ਗੱਲ ਕਹਿੰਦਾ ਹਾਂ ਕਿ ਇਸ ਵੇਲੇ ਪੰਜਾਬ ਵਿਚ ਕੋਈ ਵੀ ਜੇ.ਬੀ.ਟੀ. ਟੀਚਰ ਅਨਇਮਪਲਾਇਡ ਨਹੀਂ ਹੈ। (ਸ਼ੋਰ)

ਡਿਪਟੀ ਸਪੀਕਰ ਸਾਹਿਬ ਜੇ ਪ੍ਰਾਇਮਰੀ ਟੀਚਰਜ਼ ਨੂੰ ਐਮਪਲਾਇਮੈਂਟ ਨਾ ਮਿਲੇ ਤਾਂ ਉਨ੍ਹਾਂ ਵਿਚ ਫਰਸਟਰੇਸ਼ਨ ਪੈਦਾ ਹੁੰਦੀ ਹੈ। ਮੈਂ ਇਹ ਦਰਖ਼ਾਸਤ ਕਰਦਾ ਹਾਂ ਜਿਹੜੇ ਕਰੈਸ਼ ਪ੍ਰੋਗਰਾਮ ਵਿਚ ਟੀਚਰਜ਼ ਲਾਏ ਹਨ ਉਨ੍ਹਾਂ ਨੂੰ ਪੂਰੀ ਪੂਰੀ ਸੀਨਿਉਰਿਟੀ ਦੇ ਕੇ ਅਤੇ ਥੋੜ੍ਹੇ ਸਮੇਂ ਬਾਅਦ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਣਾ ਚਾਹੀਦਾ ਹੈ।

ਦੂਜੀ ਗੱਲ ਮੈਂ ਇਸ ਵਿਚ ਕਹਿਣੀ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਸਕੂਲ ਟੀਚਰਜ਼ ਦੀ ਡੀਫੀਕਲਟੀਜ਼ ਹਨ ਜਾਂ ਡੀਮਾਂਡਜ਼ ਹਨ ਉਨ੍ਹਾਂ ਸਾਰੀਆਂ ਦਾ ਤੁਅੱਲਕ ਕੋਈ ਫਾਈਨੈਂਸ਼ਿਅਲ ਨਹੀਂ ਹੁੰਦਾ ਬਲਕਿ ਕਈ ਏਰੀਅਰਜ਼ ਅਤੇ ਸੀਨਿਉਰਿਟੀ ਦੀਆਂ ਵੀ ਡੀਫੀਕਲਟੀਜ਼ ਹੁੰਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਇਸ ਵਾਸਤੇ ਕੋਈ ਪਰਮਾਨੈਂਟ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਤਾਂਕਿ ਜਿਹੜੇ ਏਰੀਅਰਜ਼ ਅਨਡਿਊ ਬਣ ਜਾਂਦੇ ਹਨ ਉਨ੍ਹਾਂ ਦੀ ਚੰਗੀ ਤਰ੍ਹਾਂ ਪੜਤਾਲ ਕਰ ਸਕੇ।

ਪਬਲਿਕ ਦੇ ਰਿਪ੍ਰੀਜ਼ੈਂਟੇਟਿਵ ਦੀ, ਟੀਚਰਜ਼ ਦੇ ਰਿਪ੍ਰੀਜ਼ੈਂਟੇਟਿਵਜ਼ ਦੀ ਪਰਮਾਨੈਂਟ ਕਮੇਟੀ ਬਣਾ ਦਿੱਤੀ ਜਾਵੇ, ਉਸ ਵਿਚ ਸਰਕਾਰ ਦਾ ਵੀ ਹੱਥ ਹੋਵੇ ਔਰ ਟੀਚਰਜ਼ ਦਾ ਵੀ ਹੱਥ ਹੋਵੇ। ਜਿਸ ਤਰ੍ਹਾਂ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪ੍ਰਾਈਵੇਟ ਕਾਲਜਾਂ ਦੇ ਬਾਰੇ ਸਿਕਿਉਰਿਟੀ ਆਫ਼ ਸਰਵਿਸ ਦਾ ਬਿੱਲ ਜਿਹੜਾ ਹੈ ਉਹ ਇਸੇ ਸੈਸ਼ਨ ਵਿਚ ਹੀ ਸਰਕਾਰ ਲਿਆਵੇਗੀ। ਇਸ ਬਾਰੇ ਮੇਰੀ ਬੇਨਤੀ ਹੈ ਕਿ ਇਕ ਤਾਂ ਸੰਨ 1969 ਵਿਚ ਸਕੂਲ ਸਿਕਿਉਰਿਟੀ ਆਫ ਸਰਵਿਸ ਐਕਟ ਬਣਾਇਆ ਗਿਆ ਸੀ, ਇਹ ਬਿੱਲ ਵੀ ਉਸ ਵਰਗਾ ਨਹੀਂ ਹੋਣਾ ਚਾਹੀਦਾ ਕਿਉਂਕਿ ਉਸ ਐਕਟ ਹੇਠ ਕੋਈ ਸਿਕਿਉਰਿਟੀ ਪ੍ਰੋਵਾਈਡ ਨਹੀਂ ਕੀਤੀ ਗਈ। ਮੇਰੀ ਇਹ ਮੰਗ ਹੈ ਕਿ ਇਹ ਬਿੱਲ ਛੇਤੀ ਆਉਣਾ ਚਾਹੀਦਾ ਹੈ ਤਾਂਕਿ ਪ੍ਰਾਈਵੇਟ ਟੀਚਰਜ਼ ਦੀ ਸਿਕਿਉਰਿਟੀ ਹੋ ਸਕੇ। ਅਸੀਂ ਡਿਪਟੀ ਸਪੀਕਰ ਸਾਹਿਬ, ਦਿੱਲੀ ਪੈਟਰਨ ਐਜੂਕੇਸ਼ਨ ਦੇ ਸਿਲਸਿਲੇ ਵਿਚ ਅਡਾਪਟ ਕੀਤਾ ਹੈ, ਇਸ ਲਈ ਹੀ ਅਸੀਂ 95% ਗਰਾਂਟ ਦਿੰਦੇ ਹਾਂ। ਦਿੱਲੀ ਵਿਚ ਸਿਕਿਉਰਿਟੀ ਆਫ ਸਰਵਿਸ ਐਕਟ ਬਣਿਆ ਹੋਇਆ ਹੈ। ਸਾਨੂੰ ਵੀ ਉਨ੍ਹਾਂ ਹੀ ਲਾਈਨਜ਼ ਤੇ ਬਿੱਲ ਲਿਆਉਣਾ ਚਾਹੀਦਾ ਹੈ। ਅਸੀਂ 1967 ਦਾ ਐਕਟ ਰੀਪਲੇਸ ਕਰਨਾ ਚਾਹੁੰਦੇ ਹਾਂ ਔਰ ਨਾਲ ਦੀ ਨਾਲ ਮੈਂ ਇਹ ਦਰਖਾਸਤ ਕਰਾਂਗਾ ਮਨਿਸਟਰ ਸਾਹਿਬ ਨੂੰ ਕਿ ਪ੍ਰਾਈਵੇਟ ਸਕੂਲਾਂ ਵਿਚ ਜਿਹੜੀ ਪੈਨਸ਼ਨ ਦੀ ਫੈਸਿਲਟੀ ਹੈ ਉਹ ਕਈ ਸਟੇਟਾਂ ਵਿਚ ਦਿਤੀ ਗਈ ਹੈ, ਉਸ ਤਰ੍ਹਾਂ ਇਥੇ ਵੀ ਮਿਲਣੀ ਚਾਹੀਦੀ ਹੈ। ਸਰਕਾਰ ਇਹ ਤਾਂ ਭਾਵੇਂ ਕਰ ਦੇਵੇ ਕਿ ਜਿਹੜੀ 55 ਸਾਲਾਂ ਤੋਂ ਪਿਛੋ ਪੰਜ ਸਾਲ ਹੋਰ ਨੌਕਰੀ ਕਰਨ ਲਈ ਦਿੱਤੇ ਜਾਂਦੇ ਹਨ ਉਹ ਬੰਦ ਕਰ ਦੇਵੇ ਲੇਕਿਨ ਉਨ੍ਹਾਂ ਨੂੰ ਸਰਕਾਰੀ ਟੀਚਰਾਂ ਦੇ ਐਟ ਪਾਰ ਕਰ ਦਿੱਤਾ ਜਾਣਾ ਚਾਹੀਦਾ ਹੈ। ਇਸ ਹਾਊਸ ਨੇ ਰੈਜ਼ੋਲਿਊਸ਼ਨ ਵੀ ਪਾਸ ਕੀਤਾ ਸੀ ਕਿ ਐਜੂਕੇਸ਼ਨ ਨੂੰ ਨੈਸ਼ਨੇਲਾਈਜ਼ ਕੀਤਾ ਜਾਣਾ ਚਾਹੀਦਾ ਹੈ ਲੇਕਿਨ ਜਿਤਨੀ ਦੇਰ ਤਕ ਇਹ ਕੰਮ ਨਹੀਂ ਹੁੰਦਾ ਉਤਨੀ ਦੇਰ ਤਕ ਇਹ ਜਿਹੜੇ ਪ੍ਰਾਈਵੇਟ ਅਦਾਰੇ ਹਨ ਇਨ੍ਹਾਂ ਵਿਚ ਕੰਮ ਕਰ ਰਹੇ ਟੀਚਰਜ਼ ਨੂੰ ਗੌਰਮਿੰਟ ਟੀਚਰਜ਼ ਨਾਲ ਪੈਰਿਟੀ ਦੇਣੀ ਚਾਹੀਦੀ ਹੈ। ਗੌਰਮਿੰਟ ਟੀਚਰਜ਼ ਦੇ ਬਰਾਬਰ ਪ੍ਰਾਈਵੇਟ ਟੀਚਰਜ਼ ਭਾਵੇਂ ਉਹ ਕਾਲਿਜ ਟੀਚਰਜ਼ ਹੋਣ ਜਾਂ ਸਕੂਲ ਟੀਚਰਜ਼ ਹੋਣ ਉਨ੍ਹਾਂ ਦੇ ਬਰਾਬਰ ਕਰ ਦੇਣਾ ਚਾਹੀਦਾ ਹੈ। ਇਸ ਦੇ ਨਾਲ ਮੈਂ ਇਹ ਵੀ ਦਰਖਾਸਤ ਕਰਾਂਗਾ ਕਿ ਜਿਹੜੇ

[ਸ੍ਰੀ ਪ੍ਰੇਮ ਗੁਪਤਾ]

ਪੈਸੇ ਗੌਰਮਿੰਟ ਦੇ ਖਰਚ ਹੁੰਦੇ ਹਨ, ਜਾਂ ਇੰਜ ਕਹਿ ਲਵੋ ਕਿ ਲੋਕਾਂ ਦੇ ਖਰਚ ਹੁੰਦੇ ਹਨ ਕਿਉਂਕਿ ਸਰਕਾਰ ਟੈਕਸਾਂ ਰਾਹੀਂ ਲੋਕਾਂ ਤੋਂ ਪੈਸੇ ਲੈਂਦੀ ਹੈ, ਉਨ੍ਹਾਂ ਪੈਸਿਆਂ ਦਾ ਪੂਰਾ ਫਾਇਦਾ ਨਹੀਂ ਹੁੰਦਾ। ਸਰਕਾਰ ਦੀ ਪ੍ਰਾਈਵੇਟ ਅਦਾਰਿਆਂ ਵਿਚ ਕੋਈ ਵੀ ਆਵਾਜ਼ ਨਹੀਂ ਹੈ। ਕੋਈ ਵੀ ਰੀਪਰਜ਼ੈਂਟੇਸ਼ਨ ਨਹੀਂ ਹੈ। ਦਿੱਲੀ ਪੈਟਰਨ ਦੇ ਨਾਲ ਸਕੂਲਾਂ ਦੀਆਂ ਮੈਨੇਜਮੈਂਟ ਕਮੇਟੀਆਂ ਦੁਬਾਰਾ ਆਰਗੇਨਾਈਜ਼ ਕੀਤੀਆਂ ਜਾਣ। ਗੌਰਮਿੰਟ ਦੇ ਰੀਪ੍ਰੀਜ਼ੈਂਟੇਟਿਵਜ਼ ਲਏ ਜਾਣ ਤਾਂਕਿ ਉਹ ਅਜਿਹਾ ਫੈਸਲਾ ਨਾ ਕਰਨ ਜਿਹੜਾ ਕਿ ਗੌਰਮਿੰਟ ਦੇ ਫੈਸਲੇ ਨਾਲ ਕਨਟਰਾਡਿਕਟ ਕਰੇ। ਇਸ ਲਈ ਜਦ ਤਕ ਪ੍ਰਾਈਵੇਟ ਸਕੂਲਾਂ ਔਰ ਕਾਲਜਾਂ ਦੇ ਇਸ ਐਜੂਕੇਸ਼ਨ ਸਿਸਟਮ ਨੂੰ ਰੀਪਲੇਸ ਨਹੀਂ ਕਰ ਸਕਦੇ ਉਤਨੀ ਦੇਰ ਤਕ ਉਨ੍ਹਾਂ ਦੀ ਪ੍ਰਬੰਧਕ ਕਮੇਟੀ ਵਿਚ ਸਕੂਲ ਟੀਚਰਜ਼ ਤੇ ਨਾਲ ਹੀ ਸਰਕਾਰ ਦੀ ਪ੍ਰਾਪਰ ਰੀਪਰਜ਼ੈਨਟੇਸ਼ਨ ਹੋਣੀ ਚਾਹੀਦੀ ਹੈ। ਮੈਂ ਇਸ ਸਿਸਟਮ ਬਾਰੇ ਇਕ ਚੀਜ਼ ਹੋਰ ਕਹਿਣੀ ਹੈ।

ਡਿਪਟੀ ਸਪੀਕਰ ਸਾਹਿਬ, ਅਸੀਂ ਡਾਇਰੈਕਟੋਰੇਟ ਬਣਾ ਰਹੇ ਹਾਂ ਪ੍ਰਾਇਮਰੀ ਐਜੂਕੇਸ਼ਨ ਵਾਸਤੇ। ਇਸ ਤੋਂ ਪਹਿਲਾਂ ਵੀ ਦੋ ਡਾਇਰੈਕਟਰ ਐਜੂਕੇਸ਼ਨ ਡਿਪਾਰਟਮੈਂਟ ਦੇ ਬਣੇ ਸਨ। ਉਸ ਵਿਚ ਕਨ-ਫਿਊਜ਼ਨ ਹੋਇਆ ਸੀ। ਉਸ ਤਰ੍ਹਾਂ ਦੇ ਕਨਫਿਊਜ਼ਨ ਨੂੰ ਦੂਰ ਕਰਨ ਵਾਸਤੇ ਪਹਿਲਾਂ ਹੀ ਸਟੈਪਸ ਲਏ ਜਾਣੇ ਚਾਹੀਦੇ ਹਨ। ਜੇਕਰ ਅਸੀਂ ਐਜੂਕੇਸ਼ਨ ਸਿਸਟਮ ਦਾ ਸਰਵੇ ਕਰੀਏ, ਇਸ ਬਾਰੇ ਸੋਚੀਏ, ਚਾਹੇ ਸਟੇਟ ਇਤਨੀ ਰਿਸਪਾਂਸੇਬਿਲਟੀ ਪਰਫਾਰਮ ਕਰਦੀ ਹੈ। 52 ਕਰੋੜ ਰੁਪਏ ਇਸ ਸਾਲ ਵੀ ਖਰਚ ਹੋਣੇ ਹਨ, ਤਾਂ ਇਹ ਸਿਸਟਮ ਮੀਨਿੰਗ-ਲੈਸ ਹੈ। ਇਹ ਕਿਸੇ ਵੀ ਬੇਸਿਕ ਨੀਡ ਨੂੰ ਪੂਰਾ ਨਹੀਂ ਕਰਦਾ। ਇਹ ਵੈਸਟਰਨ ਪਾਵਰ ਦੀ ਨਕਲ ਕੀਤੀ ਹੋਈ ਹੈ। ਉਨ੍ਹਾਂ ਨੇ ਕੈਪੀਟੈਲਿਜ਼ਮ ਡੀਵੈਲਪ ਕੀਤਾ ਹੈ ਔਰ ਇਹ ਐਜੂਕੇਸ਼ਨ ਸਿਸਟਮ ਉਸ ਪਾਸੇ ਵਲ ਲੈ ਜਾਂਦਾ ਹੈ। ਅੱਜ ਸਮਾਜ ਵਿਚ ਹਵਸ ਹੈ, ਆਨਰੈਸਟ ਹੈ, ਉਸ ਦਾ ਕਾਰਨ ਇਹ ਹੈ ਕਿ ਸਾਡਾ ਐਜੂਕੇਸ਼ਨ ਸਿਸਟਮ ਠੀਕ ਨਹੀਂ ਹੈ, ਇਸ ਨੂੰ ਓਵਰਹਾਲ ਕਰਨਾ ਚਾਹੀਦਾ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ : ** ** ** **

ਆਵਾਜ਼ਾਂ : ਇਹ ਜੋ ਬੈਠੇ ਹੋਏ ਹਨ (ਰਾਜ ਮੰਤਰੀ, ਸਿਹਤ ਵਲ ਇਸ਼ਾਰਾ ਕਰਦੇ ਹੋਏ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order).

ਰਾਜ ਮੰਤਰੀ (ਸਿਹਤ ਅਤੇ ਪਰਵਾਰ ਨਿਯੋਜਨ) : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਫਿਕਰ ਨਹੀਂ ਕਰਨਾ ਚਾਹੀਦਾ, ਇਹ ਤਕੜਾ ਵਜ਼ੀਰ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਤੁਸੀਂ ਆਪਣੇ ਮਹਿਕਮੇਂ ਬਾਰੇ ਗਲ ਕਰੋ। ਦੂਜਿਆਂ ਬਾਰੇ ਨਹੀਂ।

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਅਸੀਂ ਕਹਿੰਦੇ ਹਾਂ ਕਿ ਸਮਾਜਵਾਦ ਲਿਆਉਣਾ ਹੈ ਪਰ ਜਿਤਨਾਂ ਚਿਰ ਤਕ ਸਟੂਡੈਂਟਸ ਨੂੰ ਜਿਨ੍ਹਾਂ ਨੇ ਨੇਸ਼ਨ ਨੂੰ, ਜਿਨ੍ਹਾਂ ਨੇ ਪੰਜਾਬ ਨੂੰ ਕੰਟਰੋਲ ਕਰਨਾ ਹੈ, ਉਨ੍ਹਾਂ ਨੂੰ ਸੋਸ਼ਲਿਜ਼ਮ ਦੀ ਐਜੂਕੇਸ਼ਨ ਨਹੀਂ ਦਿੰਦੇ, ਉਤਨੀ ਦੇਰ ਤਕ ਸਮਾਜਵਾਦ ਬਾਰੇ ਕੋਈ ਗਲ ਨਹੀਂ ਹੋ ਸਕਦੀ। ਮੈਂ ਸਮਝਦਾ ਹਾਂ ਕਿ ਯੂਨੀਵਰਸਿਟੀਆਂ ਨੂੰ, ਐਜੂਕੇਸ਼ਨ ਬੋਰਡ ਨੂੰ ਸਲੇਬਸ ਇਸ ਹਿਸਾਬ ਨਾਲ ਬਨਾਉਣੇ ਚਾਹੀਦੇ ਹਨ ਜਿਨ੍ਹਾਂ ਰਾਹੀਂ ਸੋਸ਼ਲਿਜ਼ਮ ਦੇ ਜਿਹੜੇ ਬੇਸਿਕ ਪ੍ਰਿੰਸੀ-ਪਲਜ਼ ਹਨ ਉਨ੍ਹਾਂ ਨੂੰ ਸਮਝਾਏ ਜਾਣ। ਇਹ ਪ੍ਰਿੰਸੀਪਲਜ਼ ਇਸ ਮੁਲਕ ਵਿਚ ਪੂਰੀ ਤਰ੍ਹਾਂ ਨਾਲ ਲਾਗੂ ਹੋਣੇ ਚਾਹੀਦੇ ਹਨ। ਉਨ੍ਹ ਦੀ ਪ੍ਰਾਇਮਰੀ ਸਟੱਡੀ ਜ਼ਰੂਰ ਹੋਣੀ ਚਾਹੀਦੀ ਹੈ। (ਕਾਮਰੇਡ

**Expunged as ordered by the Chair.

ਅੱਛਰਾ ਸਿੰਘ ਵਲੋਂ ਵਿਘਨ) ਡਿਪਟੀ ਸਪੀਕਰ ਸਾਹਿਬ, ਅੱਜ ਦੇ ਸਮੇਂ ਦੀ ਇਹ ਮੰਗ ਹੈ ਕਿ ਐਜੂਕੇਸ਼ਨ ਸਿਸਟਮ ਨੂੰ ਇਸ ਢੰਗ ਨਾਲ ਬਦਲਿਆ ਜਾਵੇ। ਇਸ ਲਈ ਮੈਂ ਇਹ ਕਹਾਂਗਾ ਕਿ ਇਹ ਸਾਡੀ ਮਿੱਸਫਾਰਚੂਨ ਹੈ ਕਿ ਆਜ਼ਾਦੀ ਤੋਂ ਬਾਅਦ ਅੱਜ ਤਕ ਕਈ ਕਮਿਸ਼ਨ ਬਣੇ, ਗਰਾਂਟਸ ਕਮਿਸ਼ਨ ਬਣੇ, ਕੁਠਾਰੀ ਕਮਿਸ਼ਨ ਬਣਿਆਂ, ਕੋਠਾਰੀ ਕਮਿਸ਼ਨ ਦੀ ਰਿਪੋਰਟ ਆਈ। ਉਹ ਬੜੀ ਹੀ ਕੰਮਪਰੀਹੈਨਸਿਵ ਰਿਪੋਰਟ ਸੀ। ਪਰ ਉਸ ਤੇ ਪੂਰੀ ਤਰ੍ਹਾਂ ਨਾਲ ਅਮਲ ਨਹੀਂ ਹੋਇਆ। ਉਸ ਦੇ ਥੋੜ੍ਹੇ ਜਿਹੇ ਆਸਪੈਕਟਸ ਹੀ ਦੇਖ ਲਏ ਗਏ। ਇਸ ਲਈ ਉਤਨਾ ਲਾਭ ਨਹੀਂ ਹੋਇਆ। ਅਸੀਂ ਓਰੀਐਂਟਿਡ ਐਜੂਕੇਸ਼ਨ ਚਾਹੁੰਦੇ ਹਾਂ। ਐਜੂਕੇਸ਼ਨ ਇਕ ਬੇਸਿਕ ਨੀਡ ਸਮਝੀ ਜਾਂਦੀ ਹੈ। ਅਸੀਂ ਸਕੂਲਾਂ ਵਿਚ ਬੱਚਿਆਂ ਨੂੰ ਇਸ ਕਰਕੇ ਭੇਜਦੇ ਹਾਂ ਕਿ ਵੱਡੇ ਹੋ ਕੇ ਰੋਟੀ ਕਮਾ ਸਕਣ। ਲੇਕਿਨ ਪ੍ਰੈਜ਼ੰਟ ਸਿਸਟਮ ਉਨ੍ਹਾਂ ਨੂੰ ਕੋਈ ਰਸਤਾ ਨਹੀਂ ਦਿਖਾਉਂਦਾ। ਇਸ ਲਈ ਇਹ ਸਟੂਡੈਂਟਸ ਵਿਚ ਅਨਰੈਸਟ ਹੈ ਕਿਉਂਕਿ ਉਨ੍ਹਾਂ ਦਾ ਫਿਊਚਰ ਅਨਸਰਟੇਨ ਹੁੰਦਾ ਹੈ ਇਸ ਲਈ ਉਨ੍ਹਾਂ ਵਿਚ ਅਨਰੈਸਟ ਹੋਣੀ ਜ਼ਰੂਰੀ ਹੈ। ਖੈਰ ਯੂਨੀਵਰਸਿਟੀਆਂ ਨੇ ਇਕ ਗਲ ਤਾਂ ਚੰਗੀ ਕੀਤੀ ਹੈ ਕਿ ਪ੍ਰਾਈਵੇਟ ਇਮਤਿਹਾਨ ਬੰਦ ਕਰ ਦਿੱਤਾ ਹੈ। ਦਸਵੀਂ ਜਮਾਤ ਤੋਂ ਬਾਅਦ ਬੱਚਾ ਕੰਮ ਤੇ ਲਗ ਸਕਦਾ ਹੈ। ਪਰ ਪੜ੍ਹਨਾ ਹੋਵੇ ਤਾਂ ਅਗੇ ਪੜ੍ਹ ਵੀ ਸਕਦਾ ਹੈ। ਬਾਕੀ ਕਾਲਜਾਂ ਦੀ ਐਡਮਿਸ਼ਨ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਦੀ ਕਪੈਸਿਟੀ ਜ਼ਿਆਦਾ ਹੋਣੀ ਚਾਹੀਦੀ ਹੈ। ਲੇਕਿਨ ਜਿਸ ਤਰ੍ਹਾਂ ਕਿ ਮੈਂ ਪਹਿਲਾਂ ਅਰਜ਼ ਕਰ ਚੁੱਕਾ ਹਾਂ ਕਿ ਸਾਨੂੰ ਐਜੂਕੇਸ਼ਨ ਦੇ ਸਿਸਟਮ ਨੂੰ ਬਦਲਣਾ ਹੀ ਪਵੇਗਾ। ਸਾਨੂੰ ਇਸ ਪਾਸੇ ਵਲ ਸੋਚਣਾ ਹੀ ਪਵੇਗਾ ਕਿਉਂਕਿ ਵੈਸੇ ਤਾਂ ਇਹ ਜਿਹੜੀ ਕਲਾਸ ਹੈ ਵੱਧਦੀ ਹੀ ਰਹੇਗੀ। ਔਰ ਤੁਹਾਨੂੰ ਹਰ ਸਾਲ ਹੀ ਇਸ ਤਰ੍ਹਾਂ ਦੇ ਪ੍ਰੋਗਰਾਮ ਬਨਾਉਣੇ ਪਿਆ ਕਰਨਗੇ ਜਿਨ੍ਹਾਂ ਨਾਲ ਪੜ੍ਹੇ ਲਿਖਿਆਂ ਦੀ ਐਬਜ਼ਾਰਪਸ਼ਨ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਇਕ ਗੱਲ ਗਜਿੰਦਰਾ ਗੈਡਕਰ ਦੇ ਬਾਰੇ ਵੀ ਕਹਿਣੀ ਹੈ। ਇਹ ਕਮਿਸ਼ਨ ਦੀ ਰਿਪੋਰਟ ਹੈ ਕਿ ਯੂਨੀਵਰਸਿਟੀਆਂ ਵਿਚ ਰੀਪਰਜ਼ੈਂਟੇਸ਼ਨ ਹੋਣੀ ਚਾਹੀਦੀ ਹੈ। ਇਸ ਵਿਚ ਸਟੇਟ ਗੌਰਮਿੰਟ ਨੂੰ ਸਟੇਪਸ ਚੁਕਣੇ ਚਾਹੀਦੇ ਹਨ ਤਾਂਕਿ ਸਟੂਡੈਂਟਸ ਨੂੰ ਪੰਜਾਬ ਦੀਆਂ ਜਿਹੜੀਆਂ ਤਿੰਨ ਯੂਨੀਵਰਸਿਟੀਆਂ ਹਨ ਉਨ੍ਹਾਂ ਵਿਚ ਰੀਪਰਜ਼ੈਂਟੇਸ਼ਨ ਦਿਵਾਈ ਜਾ ਸਕੇ। ਜਿਹੜੇ ਵਾਇਦੇ ਹਨ ਕਮਿਟਮੈਂਟਸ ਸਰਕਾਰ ਨੇ ਕੀਤੀਆਂ ਹੋਈਆਂ ਹਨ ਉਨ੍ਹਾਂ ਨੂੰ ਠੀਕ ਢੰਗ ਨਾਲ ਲਾਗੂ ਕੀਤਾ ਜਾ ਸਕੇ। ਸਾਡੇ ਸਕੂਲ ਟੀਚਰਜ਼ ਦੇ ਬੱਚੇ ਜਿਹੜੇ ਹਨ ਉਨ੍ਹਾਂ ਨੂੰ ਤਿੰਨ ਸਾਲ ਗੌਰਮਿੰਟ ਆਫ ਇੰਡੀਆ ਤੋਂ ਕਨਸੈਸ਼ਨ ਮਿਲਦਾ ਹੈ। ਪੰਜਾਬ ਸਰਕਾਰ ਨੇ ਬੈਕਵਰਡ ਕਲਾਸਿਜ਼ ਵਾਸਤੇ ਹੱਦ 6 ਹਜ਼ਾਰ ਕਰ ਦਿੱਤੀ ਹੈ ਤਾਂ ਮੈਂ ਸਮਝਦਾ ਹਾਂ ਕਿ ਤਿੰਨ ਹਜ਼ਾਰ ਤੋਂ 6 ਹਜ਼ਾਰ ਹੱਦ ਵੀ ਕਰ ਦਿਤੀ ਜਾਵੇ ਵਰਨਾ ਇਸ ਸੀਲਿੰਗ ਦਾ ਕਿਸੇ ਨੂੰ ਫਾਇਦਾ ਨਹੀਂ ਹੁੰਦਾ। ਇਸ ਦੀ ਹੱਦ 6,000 ਹੋ ਜਾਣੀ ਚਾਹੀਦੀ ਹੈ।

ਹੁਣ ਡਿਪਟੀ ਸਪੀਕਰ ਸਾਹਿਬ, ਮੈਂ ਰਾਜਪੁਰੇ ਦੇ ਕੇ. ਆਰ. ਆਈ. ਕਾਲਜ ਦੀ ਗੱਲ ਕਰਨਾ ਚਾਹੁੰਦਾ ਹਾਂ, ਜਿਹੜਾ ਕਿ ਬੰਦ ਹੋ ਗਿਆ। ਗੌਰਮਿੰਟ ਨੇ ਇਹ ਵੀ ਕਿਹਾ ਕਿ ਉਸ ਨੂੰ ਟੇਕ ਓਵਰ ਕਰ ਲਵਾਂਗੇ। ਉਥੋਂ ਦੇ 20—25 ਟੀਚਰਜ਼ ਹਨ, ਜਿਹੜੇ ਇਸ ਵੇਲੇ ਵਿਹਲੇ ਫਿਰਦੇ ਹਨ। ਜੇ ਟੀਚਰਜ਼ ਦੀ ਸਿਕਿਉਰੇਟੀ ਆਫ ਸਰਵਿਸ ਦਾ ਬਿਲ ਪਹਿਲਾਂ ਹੀ ਆ ਜਾਂਦਾ ਤਾਂ ਉਹ ਟੀਚਰਜ਼ ਵੀ ਅਨਐਂਪਲਾਇਡ ਨਾ ਰਹਿੰਦੇ। ਉਸ ਕਾਲਿਜ ਵਿਚ ਪੰਜਾਬ ਗੌਰਮਿੰਟ ਦੇ ਪੈਸੇ ਵੀ ਹਨ ਅਤੇ ਸੈਂਟਰਲੀ ਗਰਾਂਟ-ਇੰਨ-ਏਡਿਡ ਹੈ, ਅਤੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਨੂੰ ਟੇਕਓਵਰ ਕਰਨਾ ਚਾਹੀਦਾ ਹੈ ਅਤੇ ਜਿਹੜੇ ਟੀਚਰਜ਼ ਡੇਢ ਦੋ ਸਾਲ ਤੋਂ ਵੇਹਲੇ ਫਿਰਦੇ ਹਨ, ਉਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ।

[ਸ੍ਰੀ ਪ੍ਰੇਮ ਗੁਪਤਾ]

ਡਿਪਟੀ ਸਪੀਕਰ ਸਾਹਿਬ, ਜਿੰਨਾਂ ਵੱਡਾ ਮਹਿਕਮਾ ਹੋਵੇ, ਉਨੀਆਂ ਹੀ ਵੱਧ ਪਰਾਬਲਮਜ਼ ਹੋਣਗੀਆਂ, ਜਿਸ ਤਰ੍ਹਾਂ ਇਹੋ ਜਿਹੇ ਮਹਿਕਮੇ ਜਿਨ੍ਹਾਂ ਨੇ ਸੜਕਾਂ ਨਵੀਆਂ ਬਣਾਉਣੀਆਂ ਹੋਣ। ਪਰ ਇਸ ਮਹਿਕਮੇ ਵਿਚ ਬੰਦਿਆਂ ਨਾਲ ਡੀਲ ਕਰਨਾ ਪੈਂਦਾ ਹੈ, ਹਿਊਨ ਮੈਟੀਰੀਅਲ ਨਾਲ ਡੀਲ ਕਰਨਾ ਪੈਂਦਾ ਹੈ, ਚਾਹੇ ਸਟੂਡੈਂਟ ਹੋਵੇ, ਚਾਹੇ ਟੀਚਰ ਹੋਵੇ ਚਾਹੇ ਪਬਲਿਕ ਨਾਲ ਡੀਲ ਕਰਨਾ ਹੋਵੇ, ਇਸ ਮਹਿਕਮੇ ਦੀ ਅਪਰੋਚ ਦੂਜੇ ਮਹਿਕਮਿਆਂ ਨਾਲੋਂ ਜ਼ਿਆਦਾ ਚੰਗੀ ਹੋਣੀ ਚਾਹੀਦੀ ਹੈ ਅਤੇ ਜਿਹੜੀ ਇਸ ਦੇ ਵਿਚ ਇੰਨਐਫੀਸ਼ਿਐਂਸੀ ਹੈ, ਉਸ ਵਿਚ ਇੰਪਰੂਵਮੈਂਟ ਲਿਆਉਣੀ ਚਾਹੀਦੀ ਹੈ, ਭਾਵੇਂ ਡਿਸਟ੍ਰਿਕਟ ਲੈਵਲ ਹੋਵੇ, ਡਿਵੀਜ਼ਨਲ ਲੈਵਲ ਹੋਵੇ ਅਤੇ ਭਾਵੇਂ ਡਾਇਰੈਕਟੋਰੇਟ ਲੈਵਲ ਹੋਵੇ, ਇਸ ਦੇ ਵਿਚ ਇੰਪਰੂਵਮੈਂਟ ਹੋਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਇਕ ਗੱਲ ਸਰਕਾਰ ਨੂੰ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਕੂਲਾਂ ਦੀ ਤਾਦਾਦ ਤਾਂ ਵੱਧ ਰਹੀ ਹੈ, ਸ਼ਹਿਰਾਂ ਵਿਚ ਵੀ ਅਤੇ ਪਿੰਡਾਂ ਵਿਚ ਵੀ, ਪਰ ਉਨ੍ਹਾਂ ਸਕੂਲਾਂ ਵਿਚ ਓਵਰ ਕਰਾਊਡਿੰਗ ਬਹੁਤ ਜ਼ਿਆਦਾ ਹੈ ਅਤੇ ਨਾ ਬੈਠਣ ਨੂੰ ਟਾਟ ਹਨ, ਨਾ ਕੁਰਸੀਆਂ ਅਤੇ ਨਾ ਬਿਲਡਿੰਗਾਂ ਹੀ ਹਨ, ਇਨ੍ਹਾਂ ਚੀਜ਼ਾਂ ਦੀ ਬੜੀ ਘਾਟ ਹੈ, ਬੱਚਿਆਂ ਨੂੰ ਬੈਠਣ ਵਾਸਤੇ ਕੋਈ ਜਗ੍ਹਾ ਨਹੀਂ ਹੈ। ਇਸ ਕਰਕੇ ਮੈਂ ਇਹ ਅਰਜ਼ ਕਰਾਂਗਾ ਕਿ ਇਨ੍ਹਾਂ ਚੀਜ਼ਾਂ ਦਾ ਜਲਦੀ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

ਸ੍ਰੀ ਡਿਪਟੀ ਸਪੀਕਰ: ਚੌਧਰੀ ਜਗਤ ਰਾਮ ਜੀ, ਤੁਸੀਂ ਇਸ ਤਰ੍ਹਾਂ ਦੂਜੇ ਮੈਂਬਰ ਸਾਹਿਬ ਕੋਲ ਨਾ ਆਵੋ, ਇਸ ਤਰ੍ਹਾਂ ਫ਼ਲੋਰ ਕਰਾਸ ਹੁੰਦਾ ਹੈ। (Chaudhri Jagat Ram Ji, you should not go to other Members' seats like this, as you cross the floor in doing so.)

ਚੌਧਰੀ ਜਗਤ ਰਾਮ: ਮੈਂ ਬੜਾ ਨੀਵਾਂ ਹੋ ਕੇ ਆ ਰਿਹਾ ਹਾਂ ਜੀ।

ਸ੍ਰੀ ਡਿਪਟੀ ਸਪੀਕਰ: ਨਹੀਂ ਜੀ, ਇਸ ਤਰ੍ਹਾਂ ਨਹੀਂ, ਤੁਸੀਂ ਪਿੱਛੇ ਜਾ ਕੇ ਗੱਲ ਕਰ ਲਵੋ। (No please, you may talk to the other hon. Member in the lobby.)

ਸ੍ਰੀ ਪ੍ਰੇਮ ਗੁਪਤਾ: ਸੋ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ ਕਿ ਕਈ ਦਫਾ ਬਿਲਡਿੰਗਾਂ ਨਹੀਂ ਵੀ ਹੁੰਦੀਆਂ। ਜਿਸ ਤਰ੍ਹਾਂ ਪਟਿਆਲੇ ਵਿਚ ਲਾ ਕਾਲਜ ਇਕ ਸਰਕਾਰੀ ਕੋਠੀ ਵਿਚ ਚਲ ਰਿਹਾ ਹੈ। ਉਸ ਵਿਚ 200 ਸਟੂਡੈਂਟ ਹਨ, ਪਰ ਉਥੇ ਦੇ ਐਡਮਿਨਿਸਟਰੇਟਰ ਇਹ ਚਾਹੁੰਦੇ ਹਨ ਕਿ ਇਸ ਕਾਲਜ ਨੂੰ ਬੰਦ ਕਰ ਦਿੱਤਾ ਜਾਵੇ ਅਤੇ ਉਸ ਕੋਠੀ ਨੂੰ ਖਾਲੀ ਕਰਵਾ ਕੇ ਇਕ ਅਫਸਰ ਨੂੰ ਦਿੱਤੀ ਜਾਵੇ। ਮੈਂ ਇਹ ਕਹਾਂਗਾ ਕਿ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਅਫਸਰਾਂ ਨੂੰ ਤਾਂ ਹਾਊਸ ਰੈਂਟ ਵੀ ਮਿਲ ਜਾਂਦਾ ਹੈ ਅਤੇ ਉਹ ਕੋਠੀ ਕਿਰਾਏ ਤੇ ਲੈ ਸਕਦੇ ਹਨ, ਪਰ ਇਕ ਚਲਦੇ ਕਾਲਿਜ ਨੂੰ ਬੰਦ ਨਹੀਂ ਕਰਨਾ ਚਾਹੀਦਾ। ਉਹ ਕਾਲਜ ਇੰਨੀ ਦੇਰ ਤੋਂ ਚਲ ਰਿਹਾ ਹੈ ਅਤੇ ਇਸ ਕਰਕੇ ਇਕ ਅਫਸਰ ਨੂੰ ਫੈਸੀਲਿਟੀ ਦੇਣ ਵਾਸਤੇ ਇਹ ਗੱਲ ਨਹੀਂ ਹੋਣੀ ਚਾਹੀਦੀ ਅਤੇ ਐਜੂਕੇਸ਼ਨਲ ਇੰਨਸਟੀਟਿਊਸ਼ਨਜ਼ ਨੂੰ ਠੀਕ ਤਰੀਕੇ ਨਾਲ ਚਲਣ ਦੇਣਾ ਚਾਹੀਦਾ ਹੈ। ਐਜੂਕੇਸ਼ਨ ਵਲ ਤਾਂ ਸਭ ਤੋਂ ਪਹਿਲਾਂ ਧਿਆਨ ਦੇਣਾ ਚਾਹੀਦਾ ਹੈ ਅਤੇ ਐਜੂਕੇਸ਼ਨ ਤੇ ਜਿਹੜਾ ਖਰਚ ਹੁੰਦਾ ਹੈ ਉਹ ਕ੍ਰਿਏਟਿਵ ਐਕਸਪੈਂਡੀਚਰ ਨਹੀਂ ਸਮਝਣਾ ਚਾਹੀਦਾ, ਇਹ ਤਾਂ ਸੋਸ਼ਲ ਸਰਵਿਸ ਹੈ, ਇਸ ਤੇ ਜਿੰਨਾਂ ਜ਼ਿਆਦਾ ਖਰਚ ਹੋ ਸਕੇ, ਠੀਕ ਹੈ।

ਹੁਣ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕਈ ਦਫਾ ਇਹ ਮੂਵ ਚਲ ਪੈਂਦੀ ਹੈ ਕਿ ਡੀ.ਪੀ. ਆਈ ਦੀ ਜਗ੍ਹਾ ਆਈ.ਏ.ਐਸ. ਜਾਂ ਪੀ.ਸੀ. ਐਸ. ਅਫਸਰ ਨੂੰ ਲਗਾਇਆ ਜਾਵੇ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ, ਇਨ੍ਹਾਂ ਅਫਸਰਾਂ ਨੂੰ ਤਾਂ ਕਿਤੇ ਹੋਰ ਲਗਾਇਆ ਜਾ ਸਕਦਾ ਹੈ, ਪਰ ਜਿਹੜੀ ਕਿਸੇ ਮਹਿਕਮੇ ਦੀ ਹਾਈਐਸਟ ਪੋਸਟ ਹੋਵੇ, ਭਾਵੇਂ ਹੈਲਥ ਦੀ ਹੋਵੇ, ਭਾਵੇਂ ਐਜੂਕੇਸ਼ਨ ਦੀ ਹੋਵੇ ਅਤੇ ਭਾਵੇਂ ਹੋਰ ਕਿਸੇ ਮਹਿਕਮੇ ਦੀ ਹੋਵੇ, ਉਥੇ ਟੈਕਨੋਕਰੈਟਸ ਹੀ ਲਗਾਇਆ ਜਾਣਾ ਚਾਹੀਦਾ ਹੈ, ਕਿਉਂਕਿ ਉਹ ਕੰਮ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਚੰਗੀ ਤਰ੍ਹਾਂ ਕਰ ਵੀ ਸਕਦਾ ਹੈ।

ਮੈਡੀਕਲ ਐਜੂਕੇਸ਼ਨ ਬਾਰੇ ਵੀ ਮੈਂ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਪਹਿਲਾਂ ਤਾਂ ਜਿਹੜਾ ਪੰਜਾਬ ਵਿਚ ਇਕ ਬਹੁਤ ਵੱਡਾ ਕੰਮ ਹੋਇਆ ਹੈ, ਉਹ ਇਹ ਹੈ ਕਿ ਫਰੀਦਾਬਾਦ ਦਾ ਮੈਡੀਕਲ ਕਾਲਜ ਜਿਥੇ ਕਿ ਮੁੰਡਿਆਂ ਨੇ 20—30 ਹਜ਼ਾਰ ਰੁਪਿਆ ਦਿੱਤਾ, ਉਹ ਹੁਣ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਚ ਬਣ ਗਿਆ ਹੈ। ਜਦੋਂ ਇਹ ਕਾਲਜ ਫਰੀਦਾਬਾਦ ਵਿਚ ਸੀ ਤਾਂ ਇਸ ਦਾ ਕੇਸ ਸੀ.ਬੀ. ਆਈ. ਨੇ ਇਨਕਵਾਇਰ ਕੀਤਾ ਸੀ ਕਿਉਂਕਿ ਉਥੇ ਗੜਬੜ ਸੀ। ਹੁਣ ਇਸ ਕਾਲਿਜ ਦਾ ਟਰੱਸਟ ਬਣ ਗਿਆ ਹੈ ਅਤੇ ਇਹ ਪੰਜਾਬ ਸਰਕਾਰ ਨੇ ਬਹੁਤ ਹੀ ਚੰਗੀ ਗੱਲ ਕੀਤੀ ਹੈ ਕਿ ਇਸ ਨੂੰ ਲੈ ਲਿਆ ਹੈ। ਸਾਡੇ ਪੰਜਾਬ ਦੇ 100 ਮੁੰਡੇ ਸਨ ਇਸ ਕਾਲਜ ਵਿਚ ਅਤੇ ਕੁਲ 200 ਮੁੰਡਾ ਸੀ। ਉਨ੍ਹਾਂ ਦਾ ਫਿਊਚਰ ਡਾਰਕ ਹੋ ਗਿਆ ਸੀ ਅਤੇ ਸਰਕਾਰ ਇਸ ਗੱਲ ਲਈ ਵਧਾਈ ਦੀ ਹੱਕਦਾਰ ਹੈ ਕਿ ਇਸ ਨੇ ਉਨ੍ਹਾਂ ਮੁੰਡਿਆਂ ਦਾ ਫਿਊਚਰ ਖਰਾਬ ਨਹੀਂ ਹੋਣ ਦਿੱਤਾ ਅਤੇ ਉਨ੍ਹਾਂ ਨੂੰ ਰਿਹੈਬਿਲੀਟੇਟ ਕਰ ਦਿੱਤਾ ਹੈ। ਇਸ ਬਾਰੇ ਮੈਂ ਇਹ ਵੀ ਕਹਾਂਗਾ ਕਿ ਇਹ ਸਿਰਫ ਮੈਡੀਕਲ ਕਾਲਜ ਹੀ ਨਾ ਰਹੇ, ਬਲਕਿ ਹਿੰਦੁਸਤਾਨ ਦੀ ਇਕ ਮੈਡੀਕਲ ਯੂਨੀਵਰਸਿਟੀ ਬਣਾਈ ਜਾਣੀ ਚਾਹੀਦੀ ਹੈ। ਭਾਵੇਂ ਇਹ ਪੰਜਾਬ ਸਰਕਾਰ ਦੀ ਲਾਇਬਿਲਿਟੀ ਨਹੀਂ ਸੀ, ਪਰ ਫਿਰ ਵੀ ਇਸ ਨੇ ਇਸ ਪਵਿੱਤਰ ਏਮ ਨੂੰ ਪੂਰਾ ਕੀਤਾ। ਮੈਡੀਕਲ ਐਜੂਕੇਸ਼ਨ ਦੇ ਬਾਰੇ ਠੀਕ ਹੈ ਕਿ ਇੰਡੀਅਨ ਮੈਡੀਕਲ ਕੌਂਸਲ ਦੀ ਜਨਰਲ ਓਪੀਨੀਅਨ ਹੈ ਕਿ ਸਾਡੇ ਦੋ ਮੈਡੀਕਲ ਕਾਲਿਜ ਪਟਿਆਲਾ ਅਤੇ ਅੰਮ੍ਰਿਤਸਰ ਹਨ, ਉਹ ਇਨਕਰੀਜ਼ਡ ਨੀਡਜ਼ ਦੇ ਮੁਤਾਬਿਕ ਜ਼ਰੂਰਤਾਂ ਪੂਰੀਆਂ ਨਹੀਂ ਕਰ ਸਕਦੇ, ਜਿਹੜੀਆਂ ਉਹ ਜ਼ਰੂਰਤਾਂ ਉਸ ਵੇਲੇ ਪੂਰੀਆਂ ਕਰਦੇ ਸਨ, ਜਿਸ ਵੇਲੇ ਸਟਰੈਂਥ ਬੜੀ ਘੱਟ ਹੁੰਦੀ ਸੀ। ਇਸ ਕਰਕੇ ਇਨ੍ਹਾਂ ਕਾਲਜਾਂ ਨੂੰ ਹੋਰ ਇੰਪਰੂਵ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਦਯਾਨੰਦ ਮੈਡੀਕਲ ਕਾਲਿਜ, ਲੁਧਿਆਣਾ ਹੈ, ਉਸ ਦੇ ਬੰਦ ਹੋਣ ਦਾ ਜ਼ਿਕਰ ਹੋਇਆ। ਇਸ ਬਾਰੇ ਸਰਕਾਰ ਨੂੰ ਸਟੈਪਸ ਲੈਣੇ ਚਾਹੀਦੇ ਹਨ ਅਤੇ ਇਸ ਨੂੰ ਆਪਣੇ ਹੱਥਾਂ ਵਿਚ ਲੈ ਲੈਣਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਫਰੀਦਾਬਾਦ ਦੇ ਕਾਲਜ ਦੇ ਬੱਚਿਆਂ ਦਾ ਫਿਊਚਰ ਖਰਾਬ ਹੋਣ ਤੋਂ ਇਸ ਸਰਕਾਰ ਨੇ ਬਚਾਇਆ ਹੈ, ਉਸ ਤਰ੍ਹਾਂ ਇਸ ਕਾਲਿਜ ਦੇ ਮੁੰਡਿਆਂ ਦਾ ਫਿਊਚਰ ਵੀ ਖਰਾਬ ਹੋਣ ਤੋਂ ਬਚਾਉਣਾ ਚਾਹੀਦਾ ਹੈ।

ਫਿਰ, ਜਨਾਬ, ਪਟਿਆਲੇ ਦੇ ਡੈਂਟਲ ਕਾਲਜ ਦੀ ਗੱਲ ਕਰਨਾ ਚਾਹੁੰਦਾ ਹਾਂ। ਇਹ ਡੈਂਟਲ ਕਾਲਜ ਮੈਡੀਕਲ ਕਾਲਜ ਦੇ 4—5 ਕਮਰਿਆਂ ਵਿਚ ਹੀ ਕੰਮ ਕਰਦਾ ਹੈ। ਪਰ ਮੈਡੀਕਲ ਕਾਲਜ ਆਪਣੀ ਬਿਲਡਿੰਗ ਖਾਲੀ ਕਰਵਾਉਣਾ ਚਾਹੁੰਦਾ ਹੈ ਅਤੇ ਇਸ ਤਰ੍ਹਾਂ ਨਾਲ ਇਹ ਕਾਲਿਜ ਬੰਦ ਹੋ ਜਾਵੇਗਾ। ਪਹਿਲਾਂ ਵੀ ਹਰ ਸਾਲ ਇਕ ਇਕ ਸਾਲ ਵਾਸਤੇ ਇਸ ਨੂੰ ਜਗ੍ਹਾ ਦਿੱਤੀ ਜਾਂਦੀ ਸੀ। ਇਸ ਸਬੰਧ ਵਿਚ ਮੈਂ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰ-ਮੈਨ ਰਿਟਾਇਰ ਹੋ ਰਿਹਾ ਹੈ ਅਤੇ ਜਿਹੜੀ ਕੋਠੀ ਉਹ ਖਾਲੀ ਕਰੇਗਾ, ਉਸ ਨੂੰ ਹੋਰ ਕਿਸੇ ਨੂੰ ਨਾ

[ਸ੍ਰੀ ਪ੍ਰੇਮ ਗੁਪਤਾ]

ਦਿੱਤਾ ਜਾਵੇ ਬਲਕਿ ਉਹ ਇਸ ਡੈਂਟਲ ਕਾਲਜ ਨੂੰ ਦਿੱਤੀ ਜਾਵੇ, ਤਾਂ ਜੋ ਇਸ ਦਾ ਨੁਕਸਾਨ ਨਾ ਹੋਵੇ, ਕਿਉਂਕਿ ਜਿਹੜਾ ਆਦਮੀ ਰਿਟਾਇਰ ਹੋ ਰਿਹਾ ਹੈ, ਉਸ ਦੀ ਜਗ੍ਹਾ ਜਿਹੜਾ ਆਵੇਗਾ ਉਸ ਨੂੰ ਹੋਰ ਕੋਠੀ ਕਿਰਾਏ ਤੇ ਲੈ ਕੇ ਦਿੱਤੀ ਜਾ ਸਕਦੀ ਹੈ। ਇਸ ਪਾਸੇ ਸਰਕਾਰ ਜ਼ਰੂਰ ਧਿਆਨ ਦੇਵੇ।

ਇਕ ਗੱਲ ਹੋਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਈ ਕਿਸਮ ਦੀਆਂ ਐਕਟੀਵਿਟੀਜ਼ ਸਟੇਟ ਵਿਚ ਇਸ ਵੇਲੇ ਚਲ ਰਹੀਆਂ ਹਨ, ਜਿਸ ਤਰ੍ਹਾਂ ਮੈਡੀਕਲ ਮੰਥਨ ਹਨ, ਜਿਨ੍ਹਾਂ ਦੇ ਰਾਹੀਂ ਹਰ ਜ਼ਿਲ੍ਹੇ ਵਿਚ ਇਹ ਵੇਖਿਆ ਜਾਵੇਗਾ ਕਿ ਲੋਕਾਂ ਨੂੰ ਕੀ ਕੀ ਬੀਮਾਰੀਆਂ ਹਨ। ਇਹ ਗੱਲ ਜੁਦੀ ਹੈ ਕਿ ਲੋਕ ਜੋ ਹਸਪਤਾਲਾਂ ਵਿਚ ਜਾ ਕੇ ਦਵਾਈ ਲੈ ਲੈਂਦੇ ਹਨ, ਪਰ ਇਸ ਗੱਲ ਦਾ ਵੀ ਪਤਾ ਲਗਣਾ ਚਾਹੀਦਾ ਹੈ ਕਿ ਕਿਹੜੀ ਕਿਹੜੀ ਬੀਮਾਰੀ ਕਿਸ ਕਾਰਨ ਅਤੇ ਕਿੰਨਿਆਂ ਲੋਕਾਂ ਨੂੰ ਹੈ ਤਾਂ ਜੋ ਕੋਈ ਪਰੋਟੈਕਟਿਵ ਸਟੈਪਸ ਲਏ ਜਾ ਸਕਣ ਅਤੇ ਲੋਕਾਂ ਨੂੰ ਇਨ੍ਹਾਂ ਬੀਮਾਰੀਆਂ ਦੇ ਸ਼ੁਰੂ ਹੋਣ ਤੇ ਹੀ ਫਾਇਦਾ ਪਹੁੰਚਾਇਆ ਜਾ ਸਕੇ। ਇਸ ਸਰਕਾਰ ਨੇ ਮੈਡੀਕਲ ਮੰਥਨ ਚਲਾ ਕੇ ਬੜੀ ਚੰਗੀ ਗੱਲ ਕੀਤੀ ਹੈ।

ਹੁਣ ਮੈਂ ਆਯੁਰਵੈਦਿਕ ਅਤੇ ਐਲੋਪੈਥਿਕ ਡਿਸਪੈਂਸਰੀਆਂ ਦੀ ਗੱਲ ਕਰਨਾ ਚਾਹੁੰਦਾ ਹਾਂ। ਇਹ ਬੜੀ ਚੰਗੀ ਗੱਲ ਹੈ ਕਿ ਸਰਕਾਰ ਪਿੰਡਾਂ ਵਿਚ ਇਨ੍ਹਾਂ ਦੋਨੋਂ ਕਿਸਮ ਦੀਆਂ ਡਿਸਪੈਂਸਰੀਆਂ ਨੂੰ ਖੋਲ੍ਹ ਰਹੀ ਹੈ, ਇਹ ਚੰਗਾ ਕੰਮ ਹੈ ਅਤੇ ਇਸ ਨਾਲ ਡਾਕਟਰਾਂ ਦੀ ਇੰਪਲਾਇਮੈਂਟ ਹੁੰਦੀ ਰਹੇਗੀ।

ਚਿਲਡਰਨ ਕੇਅਰ ਦੇ ਬਾਰੇ ਗੱਲ ਕਰਨੀ ਹੈ। ਸਰਦਾਰ ਬਲਬੀਰ ਸਿੰਘ ਜੀ ਨੂੰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਨੂੰ, ਜਿਸ ਨੇ ਅਡਲਟਰੇਸ਼ਨ ਕੀਤੀ ਹੋਵੇ, 6 ਮਹੀਨੇ ਤੋਂ ਵੱਧ ਸਜ਼ਾ ਦਿੱਤੀ ਗਈ ? ਇਹ ਬਿਮਾਰੀ ਇੰਨੀ ਵੱਧ ਗਈ ਹੈ ਕਿ ਕੋਈ ਚੀਜ਼ ਵੀ ਚੰਗੀ ਨਹੀਂ ਮਿਲਦੀ। ਇਸ ਪਾਸੇ ਵਲ ਕੋਈ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਮੇਰੀ ਆਪਣੀ ਰਾਏ ਹੈ ਕਿ ਇਸ ਦੇ ਲਈ ਸਖਤ ਤੋਂ ਸਖਤ ਪਨਿਸ਼ਮੈਂਟ ਰਖੀ ਜਾਵੇ, ਇਹ ਕੋਈ ਕਿਸੇ ਦੇ ਕਤਲ ਨਾਲੋਂ ਘਟ ਨਹੀਂ ਹੁੰਦਾ ਜਦੋਂ ਮਿਲਾਵਟ ਕਰਕੇ ਕਿਸੇ ਨੂੰ ਕੁਝ ਦਿੱਤਾ ਜਾਵੇ। ਸਾਨੂੰ ਹਰ ਹਾਲਤ ਵਿਚ ਠੀਕ ਚੀਜ਼ ਮਿਲਣੀ ਚਾਹੀਦੀ ਹੈ, ਪਰ ਅਡਲਟਰੇਟ ਕਰਕੇ ਹੋਰ ਦੀ ਹੋਰ ਚੀਜ਼ ਮਿਲਦੀ ਹੈ। ਛੋਟੀਆਂ ਛੋਟੀਆਂ ਦੁਕਾਨਾਂ ਦੇ ਚਲਾਨ ਤਾਂ ਆਮ ਹੁੰਦੇ ਹਨ, ਪਰ ਜਿਹੜੀਆਂ ਵੱਡੀਆਂ ਵੱਡੀਆਂ ਕੰਪਨੀਆਂ ਹਨ ਉਨ੍ਹਾਂ ਨੂੰ ਕੋਈ ਪੁਛਦਾ ਤੱਕ ਨਹੀਂ। ਛੋਟੀਆਂ ਦੁਕਾਨਾਂ ਵਾਲੇ ਵੱਡੀਆਂ ਦੁਕਾਨਾਂ ਦਾ ਮਾਲ ਮੈਨੂਫੈਕਚਰ ਕਰਦੇ ਹਨ, ਅਤੇ ਮਾਲ ਤਿਆਰ ਕਰਦੇ ਹਨ, ਜਿਹੜਾ ਵੱਡਾ ਮੈਨੂਫੈਕਚਰਰ ਹੈ ਉਹ ਮਿਲਾਵਟ ਕਰਦਾ ਹੈ, ਜਦੋਂ ਤੱਕ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਲੈਂਦੇ ਇਹ ਬਿਮਾਰੀ ਦੂਰ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਮੈਂ ਇਹ ਵੀ ਅਰਜ਼ ਕਰਾਂ-ਗਾ ਕਿ ਸਕੂਲਾਂ ਅਤੇ ਕਾਲਜਾਂ ਦੇ ਬੱਚਿਆਂ ਦੇ ਵਿਚ ਨਸ਼ੀਲੀ ਗੋਲੀਆਂ, ਇਨਟਾਕਸੀਕੈਂਟਸ ਦੀ ਆਦਤ ਦਿਨੋ ਦਿਨ ਵਧਦੀ ਜਾ ਰਹੀ ਹੈ, ਇਸ ਨੂੰ ਰੋਕਣ ਦਾ ਵਧ ਤੋਂ ਵਧ ਯਤਨ ਕਰਨਾ ਚਾਹੀਦਾ ਹੈ ਕਿਉਂ ਜੋ ਇਸ ਦਾ ਬੁਰਾ ਅਸਰ ਡਾਇਰੈਕਟਲੀ ਬੱਚਿਆਂ ਦੇ ਦਿਮਾਗ ਤੇ ਪੈਂਦਾ ਹੈ। ਜਿਹੜੇ ਹਿਪੀ ਸਾਡੇ ਮੁਲਕ ਵਿਚ ਆਉਂਦੇ ਹਨ, ਉਹ ਬੜੇ ਜਲਦੀ ਸਾਡੇ ਲੋਕਾਂ ਨਾਲ ਮਿਕਸ ਅਪ ਹੋ ਜਾਂਦੇ ਹਨ। ਪਰ ਉਹ ਲੋਕ ਇਨਟਾਕਸੀਕੈਂਟਸ ਖਾਣ ਦੇ ਆਦੀ ਹੁੰਦੇ ਹਨ, ਇਸ ਗਲ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਉਹ ਭੈੜੀ ਬੀਮਾਰੀ ਸਾਡੇ ਮੁਲਕ ਵਿਚ ਨਾ ਫੈਲਾ ਸਕਣ। ਇਨ੍ਹਾਂ ਸ਼ਬਦਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਇਹ ਵੀ ਉਮੀਦ ਕਰਦਾ ਹਾਂ

ਕਿ ਸਕੂਲ ਟੀਚਰਾਂ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਜਿਹੜੀਆਂ ਪਿਛੇ ਹਲ ਕੀਤੀਆਂ ਹਨ, ਇਨ੍ਹਾਂ ਦੀਆਂ ਇਨਕਰੀਮੈਂਟਸ ਅਤੇ ਗਰੇਡਜ਼ ਵਾਸਤੇ ਜਿਹੜੇ ਆਸ਼ਵਾਸਨ ਦਿੱਤੇ ਹਨ, ਉਨ੍ਹਾਂ ਨੂੰ ਵੀ ਇਹ ਸਰਕਾਰ ਛੇਤੀ ਤੋਂ ਛੇਤੀ ਪੂਰਾ ਕਰਨ ਦੀ ਕੋਸ਼ਿਸ਼ ਕਰੇਗੀ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ (ਗੜ੍ਹਸ਼ੰਕਰ) **:** ਕੁਝ ਬੁਨਿਆਦੀ ਗੱਲਾਂ ਕਰਨ ਤੋਂ ਪਹਿਲਾਂ ਮੈਂ ਇਕ ਦੋ ਗੱਲਾਂ ਸੋਸ਼ਲਿਜ਼ਮ ਦੀਆਂ ਕਰਨਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਸੋਸ਼ਲਿਜ਼ਮ ਦੇ ਲਈ ਇਕ ਸਕੂਲ ਖੋਲ੍ਹਿਆ ਜਾਵੇ ਅਤੇ ਇਸ ਵਿਚ ਪੜ੍ਹਾਉਣ ਵਾਸਤੇ ਇਹ ਸਾਰੇ ਬੰਦੇ ਲਾ ਦਿੱਤੇ ਜਾਣ ਜਿਸ ਤਰ੍ਹਾਂ ਸਰਮਾਏਦਾਰ ਪਾਰਟੀ ਦੇ ਇਧਰ ਤੇ ਉਧਰ ਬੈਠੇ ਹਨ। ਕੈਰੋਂ ਸਾਹਿਬ, ਸਰਦਾਰ ਗੁਰਦਰਸ਼ਨ ਸਿੰਘ, ਬਾਦਲ ਸਾਹਿਬ, ਬਲਰਾਮ ਜੀ ਵਗੈਰਾ, ਫਿਰ ਹੀ ਸੋਸ਼ਲਿਜ਼ਮ ਲੋਕਾਂ ਨੂੰ ਆ ਸਕਦਾ ਹੈ। (ਹਾਸਾ) ਇਹ ਪੜ੍ਹਾਉਣ ਕਿਸ ਨੂੰ, ਹਰਚੰਦ ਸਿੰਘ ਕਮੇਟੀ ਨੇ ਜਿਹੜੇ ਅਫਸਰ ਲਏ ਹਨ, ਉਹ ਇਨ੍ਹਾਂ ਤੋਂ ਸੋਸ਼ਲਿਜ਼ਮ ਪੜ੍ਹਨ ਫੇਰ ਬੇੜੇ ਪਾਰ ਹੋਣਗੇ। (ਹਾਸਾ)

ਫੇਰ ਮਿਉਨਿਖ ਪਤਾ ਲਗਾ ਹੈ ਕਿ ਪੰਜਾਬ ਦੀਆਂ ਕੁੜੀਆਂ ਦੀ ਇਕ ਟੀਮ ਜਾ ਰਹੀ ਹੈ ਪਰ ਉਨ੍ਹਾਂ ਨਾਲੋਂ ਦੁਗਣੇ ਅਫਸਰ ਉਨ੍ਹਾਂ ਦੇ ਨਾਲ ਜਾ ਰਹੇ ਹਨ। ਸੁਣਿਆ ਹੈ ਕੁਝ ਲੇਡੀ ਆਫੀਸਰਜ਼ ਦੇ ਤੌਰ ਤੇ ਵਜ਼ੀਰ ਸਾਹਿਬਾਨ ਦੀਆਂ ਬੀਵੀਆਂ ਨਾਲ ਜਾ ਰਹੀਆਂ ਹਨ। ਕੁਝ ਐਮ. ਐਲ. ਏ. ਲੇਡੀ ਮੈਂਬਰਜ਼ ਵੀ ਨਾਲ ਜਾ ਰਹੇ ਹਨ। ਮੈਂ ਸਮਝਦਾ ਹਾਂ ਵਜ਼ੀਰ ਸਾਹਿਬ ਦਾ ਕੀ ਕਸੂਰ ਹੈ ਇਹ ਵੀ ਨਾਲ ਚਲੇ ਜਾਣ। ਇਹ ਕਿਉਂ ਇਕੱਲੇ ਰਹਿਣ। ਮੈਂ ਵੀ ਯੂਰਪ ਜਾ ਆਇਆ ਹਾਂ ਬੜੀ ਵਧੀਆ ਥਾਂ ਹੈ ਇਹ ਉਥੋਂ ਕੋਈ ਹੋਰ ਨਵੇਂ ਢੰਗ ਸਿੱਖ ਕੇ ਆਉਣ ਬੜੀ ਚੰਗੀ ਗਲ ਹੈ।

ਡੀਮਾਂਡ ਨੰ: 15 ਬਾਰੇ, ਮੈਂ ਦੋ ਤਿੰਨ ਗੱਲਾਂ ਇਹ ਕਹਿਣੀਆਂ ਹਨ, ਇਹ ਮੈਡੀਕਲ ਬਾਰੇ ਮੰਗ ਹੈ, ਜਿਹੜਾ ਮੰਥਨ ਹੁੰਦਾ ਹੈ ਇਹ ਤਾਂ ਚੰਗੀ ਗੱਲ ਹੈ ਪਰ ਇਸ ਦੇ ਨਾਲ ਹੀ ਦੂਸਰੇ ਇਲਾਕਿਆਂ ਦਾ ਜਿਹੜਾ ਮੰਥਨ ਹੋ ਜਾਂਦਾ ਹੈ, ਉਹ ਠੀਕ ਨਹੀਂ। ਮੰਥਨ ਜ਼ਿਲ੍ਹਾ ਲੁਧਿਆਣਾ ਦਾ ਤੇ ਡਾਕਟਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਹ ਮੁਨਾਸਬ ਨਹੀਂ। ਇਨ੍ਹਾਂ ਨੂੰ ਮੰਥਨ ਕਰਨੇ ਚਾਹੀਦੇ ਹਨ, ਮੈਂ ਇਸ ਦੇ ਖਿਲਾਫ ਨਹੀਂ ਪਰ ਜਦੋਂ ਡਾਕਟਰ ਤਾਂ ਡਿਸਪੈਂਸਰੀ ਛੱਡ ਕੇ ਮੰਥਨ ਨੂੰ ਤੁਰ ਜਾਂਦਾ ਹੈ ਤਾਂ ਮਰੀਜ ਕਿਸ ਦੀ ਥਾਂ ਮਾਂ ਨੂੰ ਮਾਸੀ ਕਹਿਣ। ਇਨ੍ਹਾਂ ਨੂੰ ਚਾਹੀਦਾ ਹੈ ਜਿਥੋਂ ਡਾਕਟਰ ਲਓ ਉਹ ਡਿਸਪੈਂਸਰੀ ਦਾ ਕੰਮ ਸਫਰ ਨਾ ਕਰੇ, ਜਿਥੋਂ ਡਾਕਟਰ ਲੈਣੇ ਹੋਣ ਉਥੇ ਵਧੇਰੇ ਐਲੋਕੇਸ਼ਨ ਕੀਤੀ ਜਾਵੇ। ਮੇਰਾ ਖਿਆਲ ਹੈ ਕਿ ਸਰਦਾਰ ਬਲਬੀਰ ਸਿੰਘ ਜੀ ਇਸ ਪਾਸੇ ਜ਼ਰੂਰ ਧਿਆਨ ਦੇਣਗੇ।

ਮਿਲਾਵਟ ਬਾਰੇ, ਡਿਪਟੀ ਸਪੀਕਰ ਸਾਹਿਬ, ਬਹੁਤਾ ਨਾ ਕਹਿੰਦਾ ਹੋਇਆ ਇਤਨਾ ਹੀ ਅਰਜ਼ ਕਰਾਂਗਾ ਕਿ ਇਸ ਪਾਸੇ ਸਰਕਾਰ ਨੂੰ ਕੜੀ ਨਿਗਰਾਨੀ ਕਰਨੀ ਚਾਹੀਦੀ ਹੈ ਅਤੇ ਮਿਲਾਵਟ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

ਟੀਚਰਾਂ ਦੀਆਂ ਮੰਗਾਂ ਦਾ ਜਿਥੋਂ ਤੱਕ ਸਵਾਲ ਹੈ ਸਰਕਾਰ ਨੂੰ ਇਸ ਪਾਸੇ ਵਧ ਤੋਂ ਵਧ ਧਿਆਨ ਦੇਣਾ ਚਾਹੀਦਾ ਹੈ। ਮੈਂ ਇਕ ਗੱਲ ਅਰਜ਼ ਕਰਾਂ ਕਿ ਹੜਤਾਲਾਂ ਹੁੰਦੀਆਂ ਹਨ, ਜਾਇਜ਼ ਮੰਗਾਂ ਮੰਨੀਆਂ ਜਾਂਦੀਆਂ ਹਨ, ਪਰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਹੁੰਦੀਆਂ ਕਿ ਉਨ੍ਹਾਂ ਤੇ ਇਸ ਤਰ੍ਹਾਂ ਦੀ ਪਾਬੰਦੀ ਲਾ ਦਿੱਤੀ ਜਾਵੇ ਕਿ ਸਿਕਿਉਰਿਟੀ ਸਰਵਿਸ ਹੀ ਨਾ ਰਹੇ। ਜੇ ਮੰਗਾਂ ਮੰਨੀਆਂ

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਵੀ ਜਾਣ ਤਾਂ ਉਨ੍ਹਾਂ ਨੂੰ ਕਈ ਕਈ ਸਾਲ ਤਕ ਲਮਕਦਾ ਹੀ ਰਖਿਆ ਜਾਵੇ, ਪ੍ਰਾਈਵੇਟ ਟੀਚਰ ਨਾਲ ਹੋਰ ਤਰੀਕਾ ਅਤੇ ਸਰਕਾਰੀ ਨਾਲ ਹੋਰ, ਇਸ ਤਰ੍ਹਾਂ ਦੇ ਬੜੇ ਗੰਭੀਰ ਮਾਮਲੇ ਹਨ ਸਾਰਿਆਂ ਦੇ ਗਰੇਡ ਬਰਾਬਰ ਹੋਣ ਅਤੇ ਜੋ ਫੈਸਲੇ ਹੋਣ ਉਹ ਲਮਕਦੇ ਨਹੀਂ ਰਹਿਣੇ ਚਾਹੀਦੇ।

ਇਥੇ ਵਜ਼ੀਰ ਸਾਹਿਬ ਜੇ ਬੈਠੇ ਹੋਣ ਤਾਂ ਮੇਰੀ ਉਹ ਇਹ ਗੱਲ ਵੀ ਸੁਣ ਲੈਣ ਕਿ ਪੰਜਾਬ ਸਭ ਤੋਂ ਜ਼ਿਆਦਾ ਖੁਸ਼ਹਾਲ ਸਟੇਟ ਹੈ ਕਿਉਂ ਜੋ ਫੀ ਕਸ ਆਮਦਨ ਇਥੇ 995 ਰੁਪਏ ਹੈ, ਇਨ੍ਹਾਂ ਨੂੰ ਉਹੀ ਸਟੈਂਡਰਡ ਰਖਣਾ ਚਾਹੀਦਾ ਹੈ ਜੋ ਤਰੱਕੀ ਪਸੰਦ ਸਟੇਟ ਦਾ ਹੁੰਦਾ ਹੈ, ਆਮਦਨੀ ਦੇ ਮੁਤਾਬਿਕ ਇਨ੍ਹਾਂ ਨੂੰ ਤਨਖਾਹਾਂ ਵਧਾਉਣੀਆਂ ਚਾਹੀਦੀਆਂ ਹਨ, ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨਣੀਆਂ ਚਾਹੀਦੀਆਂ ਹਨ, ਪਰ ਬਾਬੂ ਲੋਕ ਵੀ ਖੁਸ਼ ਨਹੀਂ ਕਿਉਂਕਿ ਉਨ੍ਹਾਂ ਦੀਆਂ ਚਿਰਾਂ ਤੋਂ ਰੱਖੀਆਂ ਮੰਗਾਂ ਅਜੇ ਤੱਕ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ। ਵੈਸੇ ਇਹ ਕਹਿੰਦੇ ਹਨ ਕਿ ਅਸੀਂ ਸਾਰਿਆਂ ਨਾਲੋਂ ਖੁਸ਼ਹਾਲ ਸਟੇਟ ਹਾਂ। ਇਕ ਹੋਰ ਗੱਲ ਮੈਂ ਕਹਿ ਦੇਵਾਂ ਐਜੂਕੇਸ਼ਨ ਦੇ ਮਹਿਕਮੇ ਬਾਰੇ ਕਿ ਐਜੂਕੇਸ਼ਨ ਡੀਪਾਰਟਮੈਂਟ ਨੇ ਇਕ ਸਰਕੂਲਰ ਕੀਤਾ ਸੀ ਕਿ ਜੇ ਕੋਈ ਆਪਣੀ ਤਾਲੀਮ ਵਧਾਏਗਾ ਤਾਂ ਉਸ ਨੂੰ ਮਹਿਕਮੇ ਵਿਚ ਉਸ ਦੀ ਤਾਲੀਮ ਦੇ ਮੁਤਾਬਿਕ ਅਬਜ਼ਾਰਵ ਕੀਤਾ ਜਾਵੇਗਾ। ਪਰ ਲੋਕਾਂ ਨੇ ਬੜੀਆਂ ਡਿਗਰੀਆਂ ਲਈਆਂ ਪੈਸੇ ਵੀ ਖਰਚ ਕੀਤੇ ਤਾਲੀਮ ਵਾਸਤੇ, ਮਿਹਨਤ ਵੀ ਕੀਤੀ, ਪਰ ਉਨ੍ਹਾਂ ਨੂੰ ਨਾ ਕੋਈ ਤਰੱਕੀ ਅਤੇ ਉਹ ਲੋਕਾਂ ਦੀਆਂ ਪੋਸਟਾਂ ਭਾਵੇਂ ਹਰ ਸਾਲ ਹਾਈ ਸਕੇਲ ਦੀਆਂ ਡਿਕਲੇਅਰ ਕਰ ਦਿੰਦੇ ਹਨ 325—600 ਦੀਆਂ ਪਰ ਉਹ ਅਜ ਵੀ 250 ਵਾਲੇ ਸਕੇਲ ਦੇ ਵਿਚ ਹੀ ਬੈਠੇ ਹਨ, ਇਸ ਤਰ੍ਹਾਂ ਵਾਇਦਾ ਕਰਕੇ ਲੋਕਾਂ ਨੂੰ ਲਮਕਾਉਣਾ ਨਹੀਂ ਚਾਹੀਦਾ। ਤਾਲੀਮ ਬਾਰੇ ਇਨ੍ਹਾਂ ਇਕ ਗੱਲ ਆਖੀ ਕਿ ਇਸ ਸਾਲ ਅਸੀਂ 1000 ਪ੍ਰਾਇਮਰੀ ਸਕੂਲ ਖੋਲ੍ਹੇ ਹਨ, ਇਹ ਬੜੀ ਅੱਛੀ ਗੱਲ ਹੈ, ਪਰ ਇਨ੍ਹਾਂ ਨੂੰ ਤਾਲੀਮ ਤੇ ਹੋਰ ਵਧੇਰੇ ਖਰਚ ਕਰਨਾ ਚਾਹੀਦਾ ਹੈ। ਬਜਟ ਦਾ 25% ਤਾਲੀਮ ਤੇ ਜੇ ਇਹ ਖਰਚ ਕਰਦੇ ਹਨ ਤਾਂ 5,000 ਟੀਚਰਜ਼ ਨੂੰ ਇਨ੍ਹਾਂ ਨੇ ਐਂਪਲਾਇਮੈਂਟ ਦਿੱਤੀ ਹੈ ਮੈਂ ਇਨ੍ਹਾਂ ਨੂੰ ਹੋਰ ਵੀ ਵਧਾਈ ਦਿੰਦਾ ਹਾਂ, ਇਹ ਇਕ ਬਹੁਤ ਹੀ ਅੱਛੀ ਗੱਲ ਹੈ। ਪਰ ਇਸ ਤਰ੍ਹਾਂ ਕਰਕੇ ਇਨ੍ਹਾਂ ਨੇ ਕੋਈ ਬਹੁਤ ਵਿੰਡ ਨਹੀਂ ਮਾਰ ਲਈ। ਜੋ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਸੀ ਕਿ ਪੰਜਾਬ ਇਸ ਗੱਲ ਵਿਚ ਅੱਵਲ ਰਿਹਾ, ਉਸ ਗੱਲ ਵਿਚ ਅੱਵਲ ਰਿਹਾ, ਮੈਂ ਉਨ੍ਹਾਂ ਨੂੰ ਪੰਜਾਬ ਵਿਚ ਜੋ ਤਾਲੀਮ ਦੀ ਹਾਲਤ ਹੈ ਉਸ ਤੋਂ ਜਾਣੂ ਕਰਾ ਦੇਵਾਂ ਕਿ ਜੇ ਦੂਜੀਆਂ ਸਟੇਟਾਂ ਨਾਲ ਪੰਜਾਬ ਦਾ ਮੁਕਾਬਲਾ ਕੀਤਾ ਜਾਵੇ ਤਾਂ ਇਸ ਤੋਂ ਗੁਜਰਾਤ ਅਗੇ ਹੈ, ਮਹਾਰਾਸ਼ਟਰਾ ਅਗੇ ਹੈ, ਕੇਰਾਲਾ ਅਗੇ ਹੈ, 33% ਤਾਲੀਮ ਜੋ ਹੈ, ਜਿਸ ਨੂੰ ਇਹ ਮੰਨਦੇ ਹਨ ਕਿ ਪੰਜਾਬ ਦੀ ਹੋ ਗਈ ਹੈ, ਇਹ ਤਾਂ ਮਨੀਪੁਰ ਦੀ ਹੈ, ਇਹ ਮੇਰਾ ਇਨ੍ਹਾਂ ਨੂੰ ਸਰਟੀਫੀਕੇਟ ਹੈ, ਜਿਹੜੇ ਤਾਲੀਮ ਵਿਚ ਇਹ ਅੱਵਲ ਹਨ। (ਹਾਸਾ)

ਡਾਕਟਰ ਅਮੀਰ ਸਿੰਘ ਕਲਕਟ : ਪੰਜਾਬ ਦੀ ਪਰਸੈਂਟੇਜ 48% ਤਾਲੀਮ ਦੀ ਹੈ 33% ਨਹੀਂ ਹੈ, ਕਨੇਡੀਅਨ ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਨੂੰ ਕਿਉਂ ਕਹਿੰਦੇ ਹੋ, ਤੁਸੀਂ ਆਪਣੀ ਪਾਰਟੀ ਦੇ ਉਨ੍ਹਾਂ ਬੰਦਿਆਂ ਨੂੰ ਸਮਝਾਓ ਜਿਨ੍ਹਾਂ ਨੇ ਇਹ ਆਂਕੜੇ ਛਾਪੇ ਹਨ। ਅੱਜ ਪੰਜਾਬ ਦੇ ਵਿਚ 66% ਲੋਕ ਅਨਪੜ੍ਹ ਹਨ, ਔਰਤਾਂ 75% ਅਨਪੜ੍ਹ ਹਨ, ਇਹ ਆਂਕੜੇ ਮੈਂ ਤੁਹਾਡੇ ਫੈਕਟਸ ਐਂਡ ਫਿਗਰਜ਼ ਦੇ ਵਿਚੋਂ ਹੀ ਦੇ ਰਿਹਾ ਹਾਂ। ਜੇ ਇਸ ਤਰ੍ਹਾਂ ਦੀ ਤਾਲੀਮ ਦੀ ਰਫਤਾਰ ਰਹੀ ਤਾਂ ਕੋਈ ਵਕਤ ਆਵੇਗਾ ਕਿ ਅਸੀਂ ਤਾਲੀਮ ਵਿਚ ਹੋਰ ਵੀ ਪਿਛੇ ਰਹਿ ਜਾਵਾਂਗੇ। ਇਨ੍ਹਾਂ ਨੇ ਕਿਹਾ ਕਿ 93% ਬੱਚੇ ਪ੍ਰਾਇਮਰੀ ਸਕੂਲਾਂ ਵਿਚ ਦਾਖਲ ਕੀਤੇ ਹਨ। (ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀ: ਆਨ ਏ ਪੁਆਇੰਟ ਆਫ ਆਰਡਰ, ਸਰ। ਆਪਣੇ ਆਪ ਹੀ ਕਨੇਡੀਅਨ ਸਾਹਿਬ ਨੇ ਦਸਿਆ ਹੈ ਕਿ 93% ਬੱਚੇ 6—11 ਏਜ ਦੇ ਗਰੁਪ ਵਿਚੋਂ ਪੜ੍ਹਦੇ ਹਨ। ਇਸ ਤਰ੍ਹਾਂ ਹੀ ਅਨਪੜ੍ਹਤਾ ਦੂਰ ਹੋਣੀ ਹੈ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਇਸ ਬਾਰੇ ਮੈਂ ਦਸਦਾ ਹਾਂ। ਪਹਿਲੀ ਜਮਾਤ ਵਿਚ ਪਿਛਲੇ ਸਾਲ 77% ਦਾਖਲਾ ਸੀ, ਮਿਡਲ ਵਿਚ 32% ਹਾਈ ਵਿਚ 19%, ਅਤੇ ਕਾਲਜਾਂ ਵਿਚ 3% ਹੀ ਬੱਚੇ ਰਹਿ ਜਾਂਦੇ ਹਨ। ਇਹ ਜੋ ਵੱਡੀਆਂ ਵੱਡੀਆਂ ਇਮਾਰਤਾਂ ਬਣੀਆਂ ਹੋਈਆਂ ਹਨ, ਇਹ ਗਰੀਬਾਂ ਲਈ ਨਹੀਂ ਹਨ। ਧੰਨੋਵਾਲੀਆ ਜੀ ਨੂੰ ਮੈਂ ਕਹਿੰਦਾ ਹਾਂ ਕਿ ਛੋਟੇ ਬੱਚਿਆਂ ਲਈ ਸਕੂਲਾਂ ਵਿਚ ਤੱਪੜ ਨਹੀਂ ਮਿਲਦੇ ਅਤੇ ਉਨ੍ਹਾਂ ਗਰੀਬਾਂ ਦੇ ਬੱਚਿਆਂ ਨੂੰ ਘਰੋਂ ਕਿਤਾਬਾਂ ਨਹੀਂ ਮਿਲ-ਦੀਆਂ, ਪੈਨਸਲਾਂ ਨਹੀਂ ਮਿਲਦੀਆਂ ਅਤੇ ਇਹ ਬੱਚੇ ਤੀਜੀ ਚੌਥੀ ਵਿਚੋਂ ਹੀ ਹਟ ਜਾਂਦੇ ਹਨ। ਜੇ ਇਸ ਤਰ੍ਹਾਂ ਹੀ ਰਿਹਾ ਤਾਂ ਸੰਨ 2124 ਵਿਚ ਸਾਰਿਆਂ ਨੂੰ ਤਾਲੀਮ ਮਿਲੇਗੀ। ਇਹ ਨਹੀਂ ਜਿਸ ਤਰ੍ਹਾਂ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਕਹਿ ਦਿੱਤਾ ਕਿ 93% ਦਾਖਲਾ ਹੋ ਗਿਆ ਹੈ ਅਤੇ ਦੋ ਤਿੰਨ ਸਾਲਾਂ ਵਿਚ ਇਹ ਕੰਮ ਮੁਕ ਜਾਣਾ ਹੈ। ਇਸ ਵੇਲੇ ਤਾਲੀਮੀ ਢਾਂਚਾ ਇਹ ਹੈ। ਸਰਮਾਇਦਾਰ ਚਾਰ ਚਫੇਰੇ ਛਾਇਆ ਹੋਇਆ ਹੈ। ਅੱਜ ਕਲ ਹਾਈ ਸਕੂਲਾਂ ਵਿਚ 40% ਅਤੇ ਕਾਲਜਾਂ ਵਿਚ 30% ਵੀ ਗਿਣਤੀ ਨਹੀਂ ਹੈ। ਗਰੀਬਾਂ ਦੇ ਬੱਚੇ ਅੱਗੇ ਨਹੀਂ ਪੜ੍ਹ ਸਕਦੇ ਜਦੋਂ ਕਿ ਅਮੀਰਾਂ ਦੇ ਬੱਚੇ ਪੈਸੇ ਖਰਚ ਕੇ ਅੱਗੇ ਕਲਾਸਾਂ ਵਿਚ ਦਾਖਲ ਹੁੰਦੇ ਰਹਿੰਦੇ ਹਨ। ਇਹੋ ਹੀ ਪ੍ਰਥਾ ਚਲ ਰਹੀ ਹੈ। ਵਧ ਤੋਂ ਵਧ ਖਰਚ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਤੇ ਹੋਣਾ ਚਾਹੀਦਾ ਹੈ। ਲੇਕਿਨ ਗੱਲ ਕੀ ਹੈ ਕਿ ਜੇ ਪ੍ਰਾਇਮਰੀ ਸਕੂਲਾਂ ਦੀ ਹਾਲਤ ਦੇਖੀ ਜਾਵੇ ਤਾਂ ਪਤਾ ਲਗਦਾ ਹੈ ਕਿ ਅਨੇਕਾਂ ਸਕੂਲ ਅਜਿਹੇ ਹਨ ਜਿਥੇ ਬਿਲਡਿੰਗ ਨਹੀਂ ਹੈ, ਕਲਾਸ ਰੂਮਜ਼ ਤੇ ਛਤ ਨਹੀਂ ਹੈ, ਤਪੜ ਕੋਈ ਨਹੀਂ ਹਨ, ਪਾਣੀ ਪੀਣ ਲਈ ਨਲਕੇ ਨਹੀਂ ਹਨ। ਬਲੈਕ ਬੋਰਡ ਨਹੀਂ ਹਨ। ਦੂਜੇ ਪਾਸੇ ਇਨ੍ਹਾਂ ਸਕੂਲਾਂ ਲਈ ਪੰਚਾਇਤਾਂ ਪੈਸੇ ਲਿਆਉਂਦੀਆਂ ਹਨ। ਪੰਚਾਇਤਾਂ ਨੂੰ ਸੀਮਿੰਟ ਨਹੀਂ ਮਿਲਦਾ ਇੱਟਾਂ ਨਹੀਂ ਮਿਲਦੀਆਂ ਹਨ ਅਤੇ ਇਹ ਚੀਜ਼ਾਂ ਉਹ ਬਲੈਕ ਵਿਚ ਖਰੀਦਦੇ ਹਨ। ਦੂਜੇ ਪਾਸੇ ਯੂਨੀਵਰਸਿਟੀਆਂ, ਜਿਥੋਂ ਤਕ ਅਮੀਰਾਂ ਦੇ ਬੱਚਿਆਂ ਨੇ ਤਾਲੀਮ ਪ੍ਰਾਪਤ ਕਰਨੀ ਹੈ ਅਤੇ ਪੜ੍ਹਕੇ ਅਫਸਰ ਜਾਂ ਵਜ਼ੀਰ ਬਣਨਾ ਹੈ, ਉਨ੍ਹਾਂ ਲਈ ਕਾਲਜਾਂ ਦੀਆਂ ਬਿਲਡਿੰਗਾਂ ਤੇ ਕਿੰਨਾਂ ਖਰਚ ਹੁੰਦਾ ਹੈ। ਇਕ ਗੁਰੂ ਨਾਨਕ ਯੂਨੀਵਰਸਿਟੀ ਨੇ ਰੈਸਟ ਹਾਊਸ ਬਣਾਇਆ ਹੈ ਜਿਸ ਉਤੇ 12 ਲੱਖ ਰੁਪਿਆ ਖਰਚ ਹੋ ਚੁੱਕਾ ਹੈ। ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਸਭ ਤੋਂ ਚੰਗਾ ਕੰਮ ਕਰ ਰਹੀ ਹੈ ਖੇਤੀ ਦੇ ਫੀਲਡ ਵਿਚ, ਪਰ ਇਥੇ ਵੀ 6 ਲੱਖ ਰੁਪਏ ਦਾ ਨਵਾਂ ਫਰਨੀਚਰ ਖਰੀਦਿਆ ਗਿਆ ਹੈ। ਇਸ ਦੇ ਉਲਟ ਪਿੰਡਾਂ ਦੇ ਸਕੂਲਾਂ ਵਿਚ ਤੱਪੜ, ਬਲੈਕ ਬੋਰਡ ਆਦਿ ਚੀਜ਼ਾਂ ਵੀ ਨਹੀਂ ਮਿਲਦੀਆਂ। ਉਥੇ ਸਕੂਲਾਂ ਵਿਚ ਬੱਚੇ ਰੁਲ ਖੁਲ ਕੇ ਪੜ੍ਹਦੇ ਹਨ। ਉਨ੍ਹਾਂ ਨੇ ਆਈ.ਏ.ਐਸ. ਕੀ ਬਣਨਾ ਹੈ। ਅਮੀਰਾਂ ਦੇ ਪੁੱਤਰ ਜੋ ਕਿ ਯੂਨੀਵਰਸਿਟੀਆਂ ਵਿਚੋਂ ਪੜ੍ਹ ਕੇ ਨਿਕਲਣਗੇ ਉਹੀ ਸਮਾਜ ਉਤੇ ਲੀਡਰ ਬਣਨਗੇ।

ਅਗਲੀ ਸਮੱਸਿਆ ਜਿਹੜੀ ਮੈਂ ਤੁਹਾਡੇ ਸਾਹਮਣੇ ਰਖਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਸਾਡੇ ਤਾਲੀਮ ਦੇ ਢਾਂਚੇ ਨੂੰ ਤੇਜ਼ੀ ਨਾਲ ਬਦਲਣ ਦੀ ਲੋੜ ਹੈ। ਜੇ ਇਸੇ ਤਰ੍ਹਾਂ ਰਿਹਾ ਤਾਂ ਜੋ ਕੌਮ ਦਾ ਨਿਸ਼ਾਨਾ ਹੈ ਉਹ ਪੂਰਾ ਹੋਣ ਵਿਚ ਇਹ ਸਿਸਟਮ ਸਹਾਈ ਨਹੀਂ ਹੋ ਸਕਦਾ ਕਾਹਦੇ ਲਈ ਬੱਚੇ ਪੜ੍ਹਦੇ ਹਨ — ਇਹ ਬੱਚੇ ਪੜ੍ਹਦੇ ਹਨ ਕਿ ਉਨ੍ਹਾਂ ਨੂੰ ਨੌਕਰੀਆਂ ਮਿਲ ਜਾਣ ਅਤੇ ਉਹ ਟੀਚਰ ਪ੍ਰੋਫੈਸਰ ਔਰ ਅਫਸਰ ਲਗ ਜਾਣ। ਇਸ ਵੇਲੇ 93% ਦਾਖਲਾ ਕਰ ਲਿਆ ਹੈ ਅਤੇ ਪੂਰਾ ਪੜ੍ਹਕੇ

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਨਿਕਲਦੇ ਹਨ 33%। ਇਨ੍ਹਾਂ ਵਿਚੋਂ ਕਿੰਨਿਆਂ ਨੂੰ ਕਲਰਕਸ, ਟੀਚਰਜ਼, ਪਰੋਫੈਸਰਜ਼ ਜਾਂ ਅਫਸਰ ਬਣਾ ਦਿਉਗੇ। ਦਰਮਿਆਨੇ ਤਬਕੇ ਦੇ ਬੱਚੇ ਘਾਟੇ ਵਿਚ ਰਹਿਣਗੇ। ਪੜ੍ਹਾਈ ਦਾ ਕੰਮ ਦੇ ਨਾਲ ਕੋਈ ਤੁਅੱਲਕ ਨਹੀਂ ਹੋਣਾ ਚਾਹੀਦਾ। ਪਰ ਬੱਚੇ ਪੜ੍ਹਦੇ ਹਨ ਕਿ ਉਹ ਅਫਸਰ ਬਣ ਜਾਣਗੇ, ਇਸ ਤਰ੍ਹਾਂ ਕਰਕੇ ਉਨ੍ਹਾਂ ਨੂੰ ਕੰਮ ਤੋਂ ਘਿਰਣਾ ਹੋ ਜਾਏਗੀ। ਕਿਸਾਨ ਦਾ ਬੱਚਾ ਪੜ੍ਹਦਾ ਹੈ, ਉਹ ਕਹਿੰਦਾ ਹੈ ਕਿ ਪੜ੍ਹਾਈ ਦਾ ਕੰਮ ਸੌਹਣਾ ਹੈ, ਕਪੜੇ ਵੀ ਮੈਲੇ ਨਾ ਹੋਣ, ਹਥ ਵੀ ਮੈਲੇ ਨਾ ਹੋਣ। ਇਹਦਾ ਨਤੀਜਾ ਕੀ ਹੁੰਦਾ ਹੈ? ਜਦ ਉਹ ਦਸ ਗਿਆਰਾਂ ਜਾਂ ਬੀ.ਏ. ਪਾਸ ਕਰ ਜਾਂਦਾ ਹੈ ਤਾਂ ਉਹ ਨਾ ਘਰ ਦਾ ਰਹਿੰਦਾ ਹੈ ਅਤੇ ਨਾ ਘਾਟ ਦਾ ਰਹਿੰਦਾ ਹੈ। ਸਵਾਲ ਤਾਂ ਇਹ ਹੈ ਕਿ ਕਿੰਨੇ ਫੀ ਸਦੀ ਇਨ੍ਹਾਂ ਵਿਚੋਂ ਕਲਰਕਸ, ਟੀਚਰਜ਼ ਜਾਂ ਪਰੋਫੈਸਰਜ਼ ਬਣਨਗੇ। ਇਹ ਜਿਹੜੀ ਵਿਦਿਆ ਇਸ ਕਾਬਲ ਬਣਾਉਂਦੀ ਹੈ ਕਿ ਕਲਰਕਸ, ਟੀਚਰਜ਼, ਪਰੋਫੈਸਰਜ਼ ਜਾਂ ਅਫਸਰ ਬਣਾਏ ਜਾਣ ਅਤੇ ਖੇਤੀ ਵਿਚ ਦਸਤਕਾਰੀ ਵਿਚ ਕੰਮ ਨਾ ਕਰ ਸਕੇ, ਇਸ ਤਾਲੀਮੀ ਢਾਂਚੇ ਨੂੰ ਬਦਲਣ ਦੀ ਲੋੜ ਹੈ।

ਅੱਜ ਇਸ ਗੱਲ ਦੀ ਦੁਹਾਈ ਪਾਈ ਜਾ ਰਹੀ ਹੈ ਕਿ ਵਿਦਿਆਰਥੀ ਬਾਗੀ ਹੋ ਗਏ ਹਨ ਅਤੇ ਇਨ੍ਹਾਂ ਦੇ ਦਿਮਾਗ ਖ਼ਰਾਬ ਹੋ ਗਏ ਹਨ। ਗਵਰਨਰ ਸਾਹਿਬ ਕਹਿੰਦੇ ਹਨ ਕਿ ਅਤਿਅੰਤ ਚਿੰਤਾ ਬਣ ਗਈ, ਸਕੂਲਾਂ ਅਤੇ ਕਾਲਜਾਂ ਵਿਚ ਕੀ ਹੋ ਰਿਹਾ ਹੈ। ਇਥੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਵਿਦਿਆਰਥੀਆਂ ਦੇ ਸਾਹਮਣੇ ਹਨ੍ਹੇਰਾ ਹੈ। ਇਨ੍ਹਾਂ ਨੂੰ ਪਤਾ ਹੈ ਕਿ ਸਾਨੂੰ ਗਾਈਡ ਕਰਨ ਵਾਲਾ ਕੋਈ ਨਹੀਂ ਹੈ, ਨੌਕਰੀ ਕੋਈ ਨਹੀਂ ਹੈ। ਅਮੀਰਾਂ ਦੇ ਬੱਚੇ ਪੜ੍ਹਕੇ ਅਫਸਰ ਬਣ ਜਾਂਦੇ ਹਨ ਅਤੇ ਬਾਕੀ ਦੇ ਵਿਚਾਰੇ ਐਵੇਂ ਹੀ ਤੁਰੇ ਫਿਰਦੇ ਹਨ। ਇਨ੍ਹਾਂ ਨੂੰ ਕਿਸੇ ਦਾ ਸਹਾਰਾ ਨਹੀਂ ਹੁੰਦਾ। ਇਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਇਹ ਲੜਾਈ ਨਾ ਕਰਨ ਅਤੇ ਸਿਆਸਤ ਵਿਚ ਆਉਣਾ ਇਨ੍ਹਾਂ ਦਾ ਕੰਮ ਨਹੀਂ ਹੈ। ਇਨ੍ਹਾਂ ਦਾ ਕੰਮ ਤਾਂ ਪੜ੍ਹਾਈ ਹੀ ਹੈ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਤਾਂ ਇਹ ਫਿਰਕਾਪ੍ਰਸਤੀ ਦੀਆਂ ਗੱਲਾਂ ਕਰਨ ਜਾਂ ਕੋਈ ਐਂਟੀ ਨੈਸ਼ਨਲ ਗੱਲਾਂ ਕਰਨ, ਤਾਂ ਤੇ ਇਨ੍ਹਾਂ ਦੀ ਗਲਤੀ ਹੈ ਪਰ ਜੇ ਇਹ ਦਰੁਸਤ ਕੰਮ ਲਈ ਲੜਨ ਤਾਂ ਸਾਨੂੰ ਉਨ੍ਹਾਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ। ਸਾਨੂੰ ਬੱਚਿਆਂ ਨੂੰ ਕਹਿਣਾ ਚਾਹੀਦਾ ਹੈ ਕਿ ਬੇਟਾ ਅਸੀਂ ਥਕ ਗਏ ਹਾਂ ਅਤੇ ਰਹਿੰਦਾ ਕੰਮ ਹੁਣ ਤੁਸੀਂ ਕਰੋ। ਮੋਗੇ ਕੀ ਹੋਇਆ ਹੈ? ਕੀ ਇਸ ਬਾਰੇ ਸਰਕਾਰ ਨੂੰ ਪਤਾ ਨਹੀਂ ਸੀ। ਜੇ ਤਾਂ ਉਹ ਗਲਤ ਕੰਮ ਲਈ ਲੜਦੇ ਹਨ ਤਾਂ ਤੇ ਠੀਕ ਨਹੀਂ ਪਰ ਜੇ ਉਹ ਲੁਧਿਆਣੇ ਦੇ ਹਸਪਤਾਲ ਲਈ ਲੜਦੇ ਹਨ ਤਾਂ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਸੁਲਤਾਨਪੁਰ ਵਾਲਿਆਂ ਨੂੰ ਪੁੱਛੋ ਉਥੇ ਵੀ ਐਜੀਟੇਸ਼ਨ ਹੋ ਰਹੀ ਹੈ। ਜਿਹੜੇ 9 ਬੰਦੇ ਮੈਨੇਜਿੰਗ ਕਮੇਟੀ ਦੇ ਹਨ ਉਨ੍ਹਾਂ ਵਿਚੋਂ 8 ਬੰਦੇ ਇਕ ਪਾਸੇ ਹਨ ਅਤੇ ਨੌਵਾਂ ਇਕੱਲਾ ਇਕ ਪਾਸੇ ਹੈ। ਇਹ ਇਕੱਲਾ ਆਤਮਾ ਸਿੰਘ ਇਕ ਪਾਸੇ ਖੜਾ ਹੈ। ਉਥੇ ਦਾ ਜਿਹੜਾ ਪਰੈਜ਼ੀਡੈਂਟ ਹੈ ਉਹਦਾ 2,300 ਰੁਪਿਆ ਟੈਲੀਫੂਨ ਦਾ ਬਿਲ ਹੈ ਜੋ ਕਿ ਖਰਚ ਕਾਲਜ ਤੇ ਪੈਂਦਾ ਹੈ। ਇਸ ਤਰ੍ਹਾਂ ਡਰਾਈਵਰ ਔਰ ਕੁਕ ਦੋਵੇਂ ਕੰਮ ਇਹਦਾ ਨਿਜੀ ਕਰਦੇ ਹਨ ਪਰ ਪੈਸੇ ਕਾਲਜ ਵਿਚੋਂ ਲੈਂਦੇ ਹਨ। ਜਿਹੜਾ ਉਹਦਾ ਦਾਮਾਦ ਹੈ ਉਹਨੂੰ ਉਥੇ ਦਾ ਹੈਡ ਬਣਾਇਆ ਹੋਇਆ ਹੈ। ਉਸ ਦਾ ਸਭ ਤੋਂ ਵਧ ਗਰੇਡ ਹੈ। ਜੇ ਵਿਦਿਆਰਥੀ ਉਥੇ ਲੜਦੇ ਹਨ ਤਾਂ ਉਨ੍ਹਾਂ ਦਾ ਕੀ ਕਸੂਰ ਹੈ? (ਵਿਘਨ) ਸਰਦਾਰ ਆਤਮਾ ਸਿੰਘ ਇਹ ਕਹਿੰਦਾ ਹੈ ਅਕਾਲੀ ਦਲ ਦੀਆਂ ਲੀਰਾਂ ਕਰਕੇ ਸੁਕਣੇ ਪਾ ਦਿਉ। ਮੇਰੀ ਮਦਦ ਕਰੋ। ਗੁਰੂ ਨਾਨਕ ਯੂਨੀਵਰਸਿਟੀ ਵਿਚ ਕਮੇਟੀ ਕਹਿੰਦੀ ਹੈ ਕਿ ਉਹਦੇ ਅੱਠ ਮੈਂਬਰ ਇਸ ਗੱਲ ਦੇ ਸਹਾਈ ਹਨ ਕਿ ਪ੍ਰਿੰਸੀਪਲ ਗਲਤੀ ਤੇ ਹੈ ਅਤੇ ਉਹਨੂੰ ਛੁੱਟੀ ਕਰ ਦੇਣੀ ਚਾਹੀਦੀ ਹੈ। ਪਰ ਇਹ ਨਹੀਂ ਕੀਤਾ ਜਾਂਦਾ। (ਵਿਘਨ) ਜੇ ਵਿਦਿਆ-

ਰਥੀ ਸੋਸ਼ਲਿਜ਼ਮ ਲਈ ਜਾਂ ਜਨਤਾ ਦੇ ਹੱਕਾਂ ਲਈ ਲੜਨ ਤਾਂ ਕੀ ਹਰਜ ਵਾਲੀ ਗੱਲ ਹੈ। ਜੇ ਤਾਂ ਚੰਗੇ ਕੰਮ ਲਈ ਵਿਦਿਆਰਥੀ ਲੜਨ ਤਾਂ ਚੰਗੀ ਗੱਲ ਹੈ ਪਰ ਜੇ ਇਹ ਕਮਿਊਨਲਿਜ਼ਮ ਲਈ ਜਾਂ ਐਂਟੀ ਨੈਸ਼ਨਲ ਐਕਟਿਵਿਟੀਜ਼ ਲਈ ਲੜਨ ਤਾਂ ਫੇਰ ਠੀਕ ਨਹੀਂ ਹੈ।

ਇਹ ਜਿਹੜਾ ਢਾਂਚਾ ਤਾਲੀਮ ਦਾ ਬਣਿਆ ਹੈ, ਜੇ ਇਸੇ ਤਰ੍ਹਾਂ ਹੀ ਚਲਦਾ ਰਿਹਾ ਤਾਂ ਇਹ ਕੰਮ ਨਹੀਂ ਚੱਲਣਾ। ਇਸ ਵੇਲੇ 74 ਹਜ਼ਾਰ ਇੰਜੀਨੀਅਰ ਬੇਕਾਰ ਵਿਹਲੇ ਫਿਰ ਰਹੇ ਹਨ। 62 ਹਜ਼ਾਰ ਡਿਪਲੋਮਾ ਹੋਲਡਰਜ਼ ਬੇਕਾਰ ਫਿਰ ਰਹੇ ਹਨ। ਇਸੇ ਤਰ੍ਹਾਂ ਹੀ 3 ਲੱਖ 85 ਹਜ਼ਾਰ ਡਿਗਰੀਆਂ ਵਾਲੇ ਹੋਰ ਬੇਕਾਰ ਹਨ। ਮੈਟਰੀਕੁਲੇਟਸ ਦੀ ਤਾਂ ਗਿਣਤੀ ਦਾ ਕੋਈ ਹਿਸਾਬ ਹੀ ਨਹੀਂ ਹੈ। ਉਨ੍ਹਾਂ ਦੀ ਗਿਣਤੀ ਲੱਖਾਂ ਵਿਚ ਤਾਂ ਕੀ ਉਨ੍ਹਾਂ ਦੀ ਗਿਣਤੀ ਕਰੋੜਾਂ ਵਿਚ ਹੈ ਜਿਹੜੇ, ਕਿ ਬੇਕਾਰ ਹਨ। ਇਹ ਜਿਹੜੇ ਰੋਡ ਇਨਸਪੈਕਟਰ ਹਨ, ਇਹ ਕਰਨ ਵੀ ਤਾਂ ਕੀ ਕਰਨ ? ਇਸ ਲਈ ਇਹ ਜਿਹੜਾ ਵਿਦਿਆ ਦਾ ਢਾਂਚਾ ਹੈ ਇਹ ਠੀਕ ਨਹੀਂ ਹੈ, ਇਹ ਬਦਲਿਆ ਜਾਣਾ ਚਾਹੀਦਾ ਹੈ। ਇਹ ਜਿਹੜੀ ਲੁੱਟ ਘਸੁੱਟ ਕੀਤੀ ਜਾਂਦੀ ਹੈ ਜਿਸ ਦੇ ਉਤੇ ਪਰਦਾ ਪਾਇਆ ਜਾਂਦਾ ਹੈ ਅਤੇ ਕਹਿੰਦੇ ਹਨ ਕਿ ਅਸੀਂ ਸਮਾਜਵਾਦ ਬਣਾ ਰਹੇ ਹਾਂ। ਪੈਦਾਵਾਰ ਦੇ ਸਾਧਨ ਵਧਾਓ ਅਤੇ ਜਿਹੜੇ ਇਕੱਲੇ ਇਕੱਲੇ ਹੀ ਖਾਈ ਜਾਂਦੇ ਹਨ ਉਹ ਕੌਮੀਕਰਨ ਕਰੋ ਅਤੇ ਰਾਜ ਦੀ ਵਾਗਡੋਰ ਕਿਸਾਨ ਅਤੇ ਗਰੀਬ ਦੇ ਹੱਥ ਵਿਚ ਹੋਵੇ ਤਾਂ ਹੀ ਇਸ ਚੀਜ਼ ਦਾ ਹੱਲ ਹੋ ਸਕਦਾ ਹੈ। ਅੱਜ ਜਿਹੜਾ ਖਟੇ ਨਾਲ ਕੱਟੀ ਨੂੰ ਨਹਾਉਂਦਾ ਹੈ ਤਾਂ ਉਹ ਕਹਿੰਦਾ ਹੈ ਕਿ ਮੈਂ ਸੋਸ਼ਲਿਜ਼ਮ ਲਿਆ ਰਿਹਾ ਹਾਂ। ਕੀ ਇਸ ਤਰ੍ਹਾਂ ਸੋਸ਼ਲਿਜ਼ਮ ਆਵੇਗਾ ? ਇਸ ਲਈ ਇਨ੍ਹਾਂ ਗੱਲਾਂ ਵੱਲ ਧਿਆਨ ਦਿਓ ਨਹੀਂ ਤਾਂ ਜਿਸ ਤਰ੍ਹਾਂ ਹੋਰ ਪਾਸੇ ਢਹਿ ਢੇਰੀ ਹੋ ਰਿਹਾ ਹੈ ਇਸੇ ਤਰ੍ਹਾਂ ਇਥੇ ਵੀ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਦੋ ਗੱਲਾਂ ਕਰਕੇ ਆਪਣੀ ਸਪੀਚ ਖਤਮ ਕਰਾਂਗਾ।

ਹੁਣ ਮੈਂ ਯੂਨੀਵਰਸਿਟੀਆਂ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਲਗ ਭਗ 4 ਕਰੋੜ ਰੁਪਿਆ ਅਸੀਂ ਯੂਨੀਵਰਸਿਟੀਆਂ ਨੂੰ ਦਿੰਦੇ ਹਾਂ ਅਤੇ ਅਸੀਂ ਮਾਣ ਕਰਦੇ ਹਾਂ ਕਿ ਇਹ ਢਾਂਚਾ ਠੀਕ ਹੋਵੇ ਅਤੇ ਇਨ੍ਹਾਂ ਅਦਾਰਿਆਂ ਵਿਚ ਬੱਚੇ ਚੰਗੇ ਟਰੇਂਡ ਹੋ ਕੇ ਨਿਕਲਣ ਜਿਨ੍ਹਾਂ ਨੇ ਕਿ ਮੁਲਕ ਨੂੰ ਉਪਰ ਲਿਜਾਣਾ ਹੈ। ਇਕ ਮਿਸਾਲ ਹੈ ਕਿ ਹੇਠੋਂ ਸਮਝਾਇਆਂ ਦਿਆਨਤਦਾਰ ਬਣੀਦਾ ਹੈ ਪਰ ਇਨ੍ਹਾਂ ਯੂਨੀਵਰਸਿਟੀਆਂ ਦੀ ਹਾਲਤ ਜੋ ਹੈ ਉਹ ਮੈਂ ਤੁਹਾਨੂੰ ਦੱਸਦਾ ਹਾਂ। 3 ਸੱਜਣ ਹਨ ਜਿਹੜੇ ਕਿ ਯੂਨੀਵਰਸਿਟੀਆਂ ਨੂੰ ਹੈਡ ਕਰ ਰਹੇ ਹਨ। ਉਨ੍ਹਾਂ ਵਿਚੋਂ 2 ਸੱਜਣ ਐਸੇ ਹਨ ਜਿਨ੍ਹਾਂ ਦੀ 62 ਸਾਲ ਦੀ ਉਮਰ ਹੋ ਚੁੱਕੀ ਹੈ ਅਤੇ ਫਿਰ ਉਨ੍ਹਾਂ ਨੂੰ ਐਕਸਟੈਨਸ਼ਨ ਦਿੱਤੀ ਹੈ। ਕੀ ਇਨ੍ਹਾਂ ਵਰਗੇ ਲਾਇਕ ਪੁੱਤਰ ਹੋਰ ਪੰਜਾਬ ਵਿਚ ਮਰ ਗਏ ਹਨ ? ਵਾਈਸ ਚਾਂਸਲਰ ਨੂੰ ਐਕਸਟੈਨਸ਼ਨ ਦਿੱਤੀ ਜਾਂਦੀ ਹੈ ਕੀ ਬਾਕੀ ਹੋਰ ਦਿਆਨਤਦਾਰ ਕੋਈ ਨਹੀਂ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਭਾਈ ਵੀਰ ਸਿੰਘ ਦੀ ਜੋ ਚੇਅਰ ਪੰਜਾਬ ਯੂਨੀਵਰਸਿਟੀ ਵਿਚ ਬਣਾਈ ਗਈ ਹੈ, ਉਸ ਦੇ ਵਾਸਤੇ ਯੋਗ ਆਦਮੀ ਚਾਹੀਦਾ ਹੈ। ਉਸ ਦੇ ਵਾਸਤੇ ਵਾਈਸ ਚਾਂਸਲਰ ਨੇ ਤਿਵਾੜੀ ਨੂੰ ਚੁਣਿਆ ਹੈ। ਨਾ ਪੋਸਟ ਐਡਵਰਟਾਈਜ਼ ਕੀਤੀ ਅਤੇ ਨਾ ਹੀ ਕੋਈ ਸਿਲੈਕਸ਼ਨ ਕਮੇਟੀ ਬਣਾਈ ਗਈ। ਟੀਚਰਾਂ ਵਲੋਂ ਐਨਾ ਵਿਰੋਧ ਕਰਨ ਦੇ ਬਾਵਜੂਦ ਵੀ ਉਸ ਤਿਵਾੜੀ ਨੂੰ ਲਗਾ ਲਿਆ ਗਿਆ। ਅੱਪਗਰੇਡ ਕੀਤਾ ਪਬਲਿਕ ਰਿਲੇਸ਼ਨ ਅਫਸਰ ਨੂੰ, ਪਹਿਲਾਂ ਉਸ ਦਾ ਗਰੇਡ 450—900 ਸੀ ਅਤੇ ਫਿਰ 700—1200 ਦਾ ਗਰੇਡ ਕੀਤਾ ਅਤੇ ਹੁਣ 1200 ਤੋਂ ਵੀ ਉਪਰ ਕੀਤਾ ਗਿਆ ਹੈ। ਸਾਡੇ ਇਥੇ 8 ਵਿਗਿਆਨੀ ਹਨ। ਡਾਕਟਰ ਗੁਰਦਰਸ਼ਨ ਸਿੰਘ ਭੱਲਾ ਉਨ੍ਹਾਂ ਵਿਚੋਂ ਇਕ ਹਨ। ਇਨ੍ਹਾਂ 8 ਵਿਗਿਆਨੀਆਂ ਤੇ ਪੰਜਾਬ ਮਾਣ ਕਰ ਸਕਦਾ ਹੈ। ਪਲਾਨਿੰਗ ਬੋਰਡ ਨੇ ਕਿਹਾ ਕਿ ਸਾਨੂੰ ਪਾਰਟ ਟਾਈਮ ਵਾਸਤੇ

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਡਾਕਟਰ ਗੁਰਦਰਸ਼ਨ ਸਿੰਘ ਭੱਲਾ ਦੇ ਦਿਓ ਪਰ ਸੂਰਜ ਭਾਨ ਨਹੀਂ ਮੰਨਿਆਂ। ਉਸ ਨੇ ਕਿਹਾ ਕਿ ਮੈਂ ਨਹੀਂ ਮੰਨਦਾ। ਉਸ ਆਦਮੀ ਦੀ ਸਰਵਿਸ ਦੀ ਪੰਜਾਬ ਨੂੰ ਲੋੜ ਹੈ ਪਰ ਸੂਰਜ ਭਾਨ ਕਹਿੰਦਾ ਹੈ ਕਿ ਹਮ ਐਸਾ ਨਹੀਂ ਕਰੇਂਗੇ। ਇਸੇ ਤਰ੍ਹਾਂ ਹੀ ਸੈਨੇਟ ਦਾ ਹਾਲ ਹੈ। ਪਿੱਛੇ ਜਿਹੇ ਸੈਨੇਟ ਦਾ ਕੇਸ ਹੋਇਆ ਸਿਲੈਕਸ਼ਨ ਵਾਸਤੇ। 50 ਹਜ਼ਾਰ ਰੁਪਿਆ ਯੂਨੀਵਰਸਿਟੀ ਦਾ ਮੁਕੱਦਮੇ ਤੇ ਲੱਗ ਗਿਆ ਇਸੇ ਤਰ੍ਹਾਂ ਹੀ ਇਕ ਹੋਰ ਡਾਕਟਰ ਪਾਂਡੇ ਲਗਾਇਆ ਗਿਆ ਹੈ। ਇਹ ਉਹ ਸ਼ਖਸ ਹੈ ਜਿਸ ਨੂੰ 1956 ਵਿਚ ਅਲਾਹਾਬਾਦ ਯੂਨੀਵਰਸਿਟੀ ਨੇ ਕੱਢ ਦਿੱਤਾ ਸੀ ਅਤੇ ਇਹ ਕਹਿਕੇ ਕੱਢ ਦਿੱਤਾ ਕਿ ਇਸ ਦਾ ਮਾਰੇਲ ਟਰਪੀਚੂਡ ਹੈ। ਹੁਣ ਇਸ ਦੇ ਮਾਅਨੇ ਕੱਢ ਲਵੋ ਕਿ ਮਾਰਲ ਟਰਪੀਚੂਡ ਦਾ ਕੀ ਅਰਥ ਹੈ। ਇਸ ਦਾ ਸਾਡੇ ਬੱਚਿਆਂ ਤੇ ਕੀ ਅਸਰ ਪਵੇਗਾ ? ਇਸ ਤਰ੍ਹਾਂ ਦੀ ਇਕ ਹੀ ਮਿਸਾਲ ਨਹੀਂ, ਦਰਜਨਾਂ ਦੇ ਹਿਸਾਬ ਨਾਲ ਮਿਸਾਲਾਂ ਹਨ।

ਇਸ ਤੋਂ ਅੱਗੇ ਮੈਂ ਐਗਰੀਕਲਚਰ ਯੂਨੀਵਰਸਿਟੀ ਬਾਰੇ ਦੱਸਦਾ ਹਾਂ। ਐਗਰੀਕਲਚਰ ਯੂਨੀਵਰਸਿਟੀ ਦਾ ਜਿਹੜਾ ਵਾਈਸ ਚਾਂਸਲਰ ਡਾਕਟਰ ਐਮ. ਐਸ. ਰੰਧਾਵਾ ਹੈ, ਉਸ ਨੇ ਇਕ ਦਫਤਰ ਇਥੇ ਚੰਡੀਗੜ੍ਹ ਵਿਚ ਰੱਖਿਆ ਹੋਇਆ ਹੈ ਜਿਸ ਤੇ 1 ਲੱਖ ਰੁਪਿਆ ਖਰਚ ਆਉਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਦਾ ਇਥੇ ਕੀ ਕੰਮ ਹੈ ? ਕੀ ਇਹ ਪੈਸਾ ਮੁਫਤ ਦਾ ਹੈ। ਮੈਂ ਪਹਿਲਾਂ ਵੀ ਕਿਹਾ ਹੈ ਕਿ ਉਥੇ ਬੜੇ ਘਪਲੇ ਹੋਏ ਹਨ ਅਤੇ ਹੁੰਦੇ ਹਨ। 6 ਲੱਖ ਰੁਪਏ ਦਾ ਘਪਲਾ ਹੋਇਆ ਹੈ। (ਵਿਘਨ) ਇਨ੍ਹਾਂ ਚੀਜ਼ਾਂ ਨੂੰ ਕੌਮੀ ਕਰੋ ਅਜੇ ਵੀ ਅੱਛੇ ਚੰਗੇ ਕੰਮ ਹੋ ਸਕਦੇ ਹਨ। ਇਥੇ ਕੁਰੱਪਸ਼ਨ ਬਹੁਤ ਹੋ ਰਹੀ ਹੈ। ਕੀ ਇਹ ਫਿਰਕਾਪ੍ਰਸਤੀ ਨਹੀਂ ਤਾਂ ਹੋਰ ਕੀ ਹੈ ? ਹੁਣ ਮੈਂ ਤੁਹਾਨੂੰ ਉਸ ਕਾਲਜ ਬਾਰੇ ਦੱਸਦਾ ਹਾਂ ਜਿਥੋਂ ਕਿ ਕਾਲਜ ਦੇ ਇਕ ਲੜਕੇ ਅਤੇ ਲੜਕੀ ਪ੍ਰੋਫੈਸਰਾਂ ਨੂੰ ਨੌਕਰੀ ਤੋਂ ਕੱਢਿਆ ਗਿਆ। ਇਹ ਕਹਿੰਦੇ ਹਨ ਕਿ ਅਸੀਂ ਉਨ੍ਹਾਂ ਨੂੰ ਅੰਤਰਜਾਤੀ ਵਿਆਹ ਕਰਕੇ ਨਹੀਂ ਕੱਢਿਆ ਸਗੋਂ ਇਸ ਕਰਕੇ ਉਨ੍ਹਾਂ ਨੂੰ ਕੱਢਿਆ ਹੈ ਕਿ ਉਹ ਕਾਲਜ ਵਿਚੋਂ 11 ਦਿਨ ਗੈਰ-ਹਾਜ਼ਰ ਰਹੇ ਸਨ। ਜਦ ਉਨ੍ਹਾਂ ਦੇ ਮਾਪੇ ਅੰਤਰਜਾਤੀ ਵਿਆਹ ਵਾਸਤੇ ਮੰਨ ਗਏ ਸਨ ਪਰ ਕਾਲਜ ਵਾਲਿਆਂ ਨੇ ਇਸ ਚੀਜ਼ ਨੂੰ ਚੰਗਾ ਨਾ ਸਮਝਿਆ ਤਾਂ ਉਹ ਗੈਰ-ਹਾਜ਼ਰ ਨਾ ਹੁੰਦੇ ਤਾਂ ਕੀ ਕਰਦੇ ? ਕੀ 11 ਦਿਨ ਗੈਰ-ਹਾਜ਼ਰੀ ਤੋਂ ਬਾਅਦ ਉਨ੍ਹਾਂ ਨੂੰ ਕੱਢਿਆ ਜਾ ਸਕਦਾ ਹੈ ? ਉਨ੍ਹਾਂ ਨੂੰ ਕੱਢਣ ਤੋਂ ਬਾਅਦ ਹੋਰ ਕੁਝ ਹੋਣ ਲੱਗਾ ਸੀ। ਫਿਰ ਹੜਤਾਲ ਹੋਣ ਲੱਗੀ ਸੀ। ਇਨ੍ਹਾਂ ਸਾਰੀਆਂ ਚੀਜ਼ਾਂ ਦੀ ਜ਼ਿੰਮੇਵਾਰੀ ਕਿਸ ਦੀ ਹੋਣੀ ਸੀ ? ਇਹ ਸਭ ਦੀ ਜ਼ਿੰਮੇਵਾਰੀ ਇਨ੍ਹਾਂ ਚੌਧਰੀਆਂ ਦੀ ਹੋਣੀ ਸੀ। ਹੜਤਾਲ ਹੋਣ ਲੱਗੀ ਸੀ ਪਰ ਰੋਕੀ ਗਈ। ਅਫਸਰਾਂ ਨੇ ਕਿਹਾ ਕਿ ਬੱਚਿਓ ਜੋ ਤੁਹਾਡੇ ਮਨ ਵਿਚ ਗੁੱਸਾ ਹੈ ਤਾਂ ਦਸਖਤ ਕਰਕੇ ਭੇਜ ਦਿਓ। ਉਹ ਕਹਿਣ ਲੱਗੇ ਕਿ ਕਾਲਜ ਦੀਆਂ ਬੱਚੀਆਂ ਕਹਿੰਦੀਆਂ ਹਨ ਕਿ ਅਸੀਂ ਇਸ ਕਿਸਮ ਦਾ ਜੋੜਾ ਇਥੇ ਚੰਗਾ ਨਹੀਂ ਸਮਝਦੀਆਂ ਅਤੇ ਉਹ ਇਥੇ ਨਾ ਆਵੇ। ਜਿਨ੍ਹਾਂ 4 ਲੜਕੀਆਂ ਨੇ ਦਸਖਤ ਕਰਕੇ ਦਿੱਤੇ ਉਨ੍ਹਾਂ ਨੂੰ ਕੱਢ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੇ ਕਿਹਾ ਸੀ ਕਿ ਸਾਨੂੰ ਉਨ੍ਹਾਂ ਦੇ ਇਥੇ ਹੋਣ ਨਾਲ ਕੋਈ ਫਰਕ ਨਹੀਂ ਹੈ। ਇਹ ਕਹਿੰਦੇ ਹਨ ਕਿ ਅਸੀਂ ਲਾਅ ਐਂਡ ਆਰਡਰ ਠੀਕ ਕਰਨਾ ਸੀ।

ਹੁਣ ਮੈਂ ਤੁਹਾਨੂੰ ਗੁਰੂ ਨਾਨਕ ਯੂਨੀਵਰਸਿਟੀ ਵਿਚ ਵਾਈਸ ਚਾਂਸਲਰ ਸਮੁੰਦਰੀ ਬੈਠਾ ਹੈ ਉਸ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਉਸ ਨੇ ਜਿਸ ਵੇਲੇ ਕਿਸੇ ਬੰਦੇ ਨੂੰ ਰੱਖਣਾ ਹੁੰਦਾ ਹੈ ਤਾਂ ਉਸ ਦੀ ਯੋਗਤਾ ਨਹੀਂ ਦੇਖਦਾ ਉਹ ਤਾਂ ਉਸ ਦੀ ਦਾੜ੍ਹੀ ਹੀ ਦੇਖਦਾ ਹੈ ਪਤਾ ਨਹੀਂ ਉਸ ਨੇ ਫੁੱਟੇ ਨਾਲ ਮਿਣਨੀ ਹੁੰਦੀ ਹੈ। ਜੇ ਕੋਈ ਹਿੰਦੂ ਹੋਵੇ ਤਾਂ ਉਸ ਨੂੰ ਚਾਂਸ

ਨਹੀਂ ਮਿਲਦਾ। ਸਾਡੇ ਗੁਰੂਆਂ ਨੇ ਸਭ ਨੂੰ ਬਰਾਬਰ ਸਮਝਿਆ ਹੈ ਅਤੇ ਕਿਸੇ ਵਿਚ ਫਰਕ ਨਹੀਂ ਦੱਸਿਆ। ਜੋ ਸਮੁੰਦਰੀ ਨੇ ਰੂਲਜ਼ ਬਣਾਏ ਹਨ, ਉਹ ਵੀ ਮੈਂ ਦੱਸਦਾ ਹਾਂ। ਉਸ ਨੇ ਟੀਚਰਾਂ ਵਾਸਤੇ ਰੂਲਜ਼ ਵਿਚ ਇਸ ਕਿਸਮ ਦੀਆਂ ਕਲਾਜ਼ਾਂ ਰੱਖੀਆਂ ਹਨ ਜਿਨ੍ਹਾਂ ਦੀ ਕਿ ਹਿੰਦੁਸਤਾਨ ਦਾ ਸੰਵਿਧਾਨ ਆਗਿਆ ਨਹੀਂ ਦਿੰਦਾ। ਉਹ ਕਿਸੇ ਕਿਸਮ ਦੀ ਜੱਦੋਜਹਿਦ ਦੇ ਵਿਚ ਹਿੱਸਾ ਨਹੀਂ ਲੈ ਸਕਦੇ। ਸਮੁੰਦਰੀ ਨੂੰ ਪੁੱਛੇ ਬਗੈਰ ਕੋਈ ਕਰਮਚਾਰੀ ਕਰਜ਼ਾ ਨਹੀਂ ਚੁੱਕ ਸਕਦਾ। ਫਿਰ ਰੂਲਜ਼ ਦੀ ਵਿਆਖਿਆ ਸਮੁੰਦਰੀ ਆਪ ਕਰੇਗਾ ਕਿ ਇਸ ਦਾ ਕੀ ਅਰਥ ਹੈ। ਉਨ੍ਹਾਂ ਨੂੰ ਇਹ ਹੱਕ ਨਹੀਂ ਕਿ ਉਹ ਆਪਣੀਆਂ ਮੰਗਾਂ ਵਾਸਤੇ ਕੋਈ ਯੂਨੀਅਨ ਬਣਾ ਲੈਣ। ਉਥੇ ਬਹੁਤ ਕੁਰੱਪਸ਼ਨ ਹੁੰਦੀ ਹੈ। ਮੇਰੇ ਕੋਲ ਐਨਾ ਸਮਾਂ ਨਹੀਂ ਹੈ ਕਿ ਮੈਂ ਸਭ ਕੁਝ ਦੱਸ ਸਕਾਂ। ਕਿਸ ਢੰਗ ਦੇ ਨਾਲ ਟੱਬਰ ਪਾਲੇ ਜਾਂਦੇ ਹਨ, ਮਿੱਤਰ ਪਾਲੇ ਜਾਂਦੇ ਹਨ। ਕੁਰੱਪਸ਼ਨ ਕਿਸ ਤਰ੍ਹਾਂ ਹੁੰਦੀ ਹੈ। ਆਖੀਰ ਵਿਚ ਮੈਂ ਇਕ ਗੱਲ ਕਹਿਕੇ ਖਤਮ ਕਰਾਂਗਾ। 52 ਕਰੋੜ ਰੁਪਿਆ ਤੁਸੀਂ ਦੇ ਦਿੱਤਾ ਹੈ ਸਕੂਲਾਂ ਨੂੰ, ਕਾਲਜਾਂ ਨੂੰ ਅਤੇ ਹੋਰ ਸਾਰੇ ਮਹਿਕਮਿਆਂ ਨੂੰ ਕਿ ਜਾਓ ਇਸ ਪੈਸੇ ਨਾਲ ਪੰਜਾਬ ਨੂੰ ਖੁਸ਼ਹਾਲ ਕਰੋ। ਲੇਕਿਨ ਜਿਸ ਥਾਲੀ ਵਿਚ ਇਹ ਰੁਪਿਆ ਪਾਇਆ ਹੈ ਉਸ ਦਾ ਥੱਲਾ ਹੀ ਨਹੀਂ ਹੈ। ਉਸ ਵਿਚ ਮੋਰੀਆਂ ਹਨ। ਮੈਂ ਤੁਹਾਨੂੰ ਦੱਸਦਾ ਹਾਂ ਕਿਸ ਤਰ੍ਹਾਂ ਇਮਤਿਹਾਨਾਂ ਵਾਸਤੇ ਪੇਪਰ ਛਪਦੇ ਹਨ। ਇਮਤਿਹਾਨਾਂ ਵਾਸਤੇ ਪੇਪਰ ਲੱਖਾਂ ਨਹੀਂ ਬਲਕਿ ਕਰੋੜਾਂ ਦੀ ਗਿਣਤੀ ਵਿਚ ਛਪਦੇ ਹਨ। ਪਰ ਜਿਹੜਾ ਇਨ੍ਹਾਂ ਪੇਪਰਾਂ ਲਈ ਪੈਸਾ ਹੁੰਦਾ ਹੈ ਉਹ ਆਡਿਟ ਨਹੀਂ ਹੁੰਦਾ। ਇਸ ਦੇ ਲਈ ਸਰਟੀਫਿਕੇਟ ਦੇਣਾ ਪੈਂਦਾ ਹੈ ਕਿ ਐਨਾ ਰੁਪਿਆ ਖਰਚਿਆ ਗਿਆ। ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਨਹੀਂ ਅਤੇ ਨਾ ਹੀ ਸਰਦਾਰ ਬਲਬੀਰ ਸਿੰਘ ਬੈਠੇ ਹਨ, ਪਿਛਲੇ 4-5 ਸਾਲਾਂ ਤੋਂ ਕੋਈ ਸਰਟੀਫਿਕੇਟ ਨਹੀਂ ਦਿੱਤਾ ਗਿਆ। ਸਰਟੀਫਿਕੇਟ ਕਿਉਂ ਨਹੀਂ ਦਿੱਤਾ ਗਿਆ? ਸਰਟੀਫਿਕੇਟ ਦਿੱਤਾ ਜਾਵੇ ਤਾਂ ਕਿ ਪਤਾ ਲੱਗੇ ਕਿ ਲੋਕਾਂ ਦਾ ਰੁਪਿਆ ਕਿਥੇ ਜਾਂਦਾ ਹੈ। ਮੇਰੇ ਕੋਲ ਮਿਸਾਲਾਂ ਹਨ, ਮੈਂ ਤੁਹਾਨੂੰ ਦੱਸਦਾ ਹਾਂ। ਇਕ ਸੱਜਣ ਹਨ ਜਿਨ੍ਹਾਂ ਦਾ ਨਾਮ ਅਪਰਅਪਾਰ ਸਿੰਘ ਹੈ। ਇਨ੍ਹਾਂ ਤੇ ਮਹਿਕਮੇ ਦੇ ਅੰਦਰ ਚਾਰਜਿਜ਼ ਲੱਗਦੇ ਹਨ ਕਿ ਅਪਰਅਪਾਰ ਸਿੰਘ ਨੇ 61,202 ਰੁਪਏ 22 ਪੈਸੇ ਪੇਪਰਾਂ ਵਾਲੇ ਖਾਤੇ ਵਿਚੋਂ ਖਾਧੇ ਹਨ। ਇਹ ਸਰਕਾਰ ਦੇਖੇ ਕਿ ਖਾਧੇ ਹਨ ਜਾਂ ਨਹੀਂ ਖਾਧੇ। ਐਜੂਕੇਸ਼ਨ ਬੋਰਡ ਨੇ ਇਹ ਦੂਸ਼ਣ ਲਗਾਇਆ ਹੈ। ਫਿਰ ਇਸ ਤੋਂ ਅੱਗੇ ਚੱਲੋ। ਕੋਈ ਜਗਦੀਸ਼ ਧਵਨ ਪਬਲਿਸ਼ਰ ਹੈ, ਕਿਤਾਬਾਂ ਲਿਖਦਾ ਨਹੀਂ ਛਾਪਦਾ ਹੈ ਪਰ ਛਪਾਈ ਵਿਚ ਲੱਖੂੰ ਦੀਆਂ ਗਲਤੀਆਂ ਹਨ, ਛਪਾਈ ਠੀਕ ਨਹੀਂ ਪਰ ਉਸ ਨੂੰ 4 ਲੱਖ 32 ਹਜ਼ਾਰ 950 ਰੁਪਏ ਦੀ ਪੇਮੈਂਟ ਕੀਤੀ ਗਈ। ਛਪਾਈ ਨਿਕੰਮੀ ਹੈ ਪਤਾ ਨਹੀਂ ਪੇਮੈਂਟ ਕਿਸ ਤਰ੍ਹਾਂ ਕੀਤੀ ਗਈ ਹੈ। ਫਿਰ 14 ਕੇਸਾਂ ਵਿਚ ਡਬਲ ਪੇਮੈਂਟ ਕਰ ਦਿਤੀ ਗਈ ਹੈ। ਦੂਹਰਾ ਗੱਫਾ ਲੱਗ ਗਿਆ ਹੈ। ਜਿਸ ਤਰ੍ਹਾਂ ਜਦੋਂ ਸੰਗਤਾਂ ਥੋੜ੍ਹੀਆਂ ਹੋਣ ਅਤੇ ਪ੍ਰਸ਼ਾਦ ਜ਼ਿਆਦਾ ਹੋਵੇ ਤਾਂ ਸੰਗਤਾਂ ਨੂੰ ਗੱਫਾ ਦੂਹਰਾ ਦੂਹਰਾ ਮਿਲਣ ਲੱਗ ਜਾਂਦਾ ਹੈ ਇਸੇ ਤਰ੍ਹਾਂ ਇਥੇ ਵੀ ਦੂਹਰੇ ਗੱਫੇ ਦਿੱਤੇ ਗਏ ਪਰ ਇਥੇ ਤਾਂ ਸੰਗਤਾਂ ਜ਼ਿਆਦਾ ਹਨ ਅਤੇ ਪ੍ਰਸ਼ਾਦ ਥੋੜ੍ਹਾ ਹੈ ਪਰ ਫਿਰ ਪਤਾ ਨਹੀਂ ਕਿਸ ਤਰ੍ਹਾਂ ਗੱਫੇ ਦੇਈ ਜਾਂਦੇ ਹਨ ਇਸ ਨੂੰ। ਫਿਰ ਜੇ. ਬੀ. ਟੀ. ਦੇ ਰਿਜ਼ਲਟ ਦੇ ਗਜ਼ਟ ਦੀ ਗੱਲ ਹੈ ਉਸ ਦੇ ਵਿਚ 11 ਹਜ਼ਾਰ ਰੁਪਏ ਖਾਧੇ ਗਏ। 500 ਰੁਪਏ ਗਜ਼ਟ ਦੀ ਬਜਾਏ 248 ਰੁਪਏ ਤੇ 50 ਪੈਸੇ ਜਮ੍ਹਾਂ ਕਰਵਾਏ ਗਏ। ਇਹੋ ਜਿਹੀਆਂ ਗੱਲਾਂ ਮਹਿਕਮੇ ਵਾਲਿਆਂ ਤੋਂ ਪੁੱਛੋ ਤਾਂ ਇਹ ਕੰਮ ਠੀਕ ਚਲਣਾ ਹੈ ਪਰ ਇਹ ਤਾਂ ਕਿਸੇ ਨੂੰ ਪੁੱਛਣਾ ਨਹੀਂ ਚਾਹੁੰਦੇ, ਕਿਸੇ ਨੂੰ ਕੋਈ ਸਜ਼ਾ ਨਹੀਂ, ਜਿਹੜਾ ਕੋਈ ਮੁਨਾਫਾਖੋਰੀ ਕਰਦਾ ਹੈ ਉਸ ਨੂੰ ਕੋਈ ਸਜ਼ਾ ਨਹੀਂ, ਜਿਹੜਾ ਕੋਈ ਗੱਫਾ ਲਾਉਂਦਾ ਹੈ ਉਸ ਨੂੰ ਕੋਈ ਸਜ਼ਾ ਨਹੀਂ। (ਵਿਘਨ)

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਫਿਰ ਜਦੋਂ ਕੋਈ ਹਲ ਚਲ ਮਚ ਜਾਂਦੀ ਹੈ ਤਾਂ ਕਹਿੰਦੇ ਹਨ ਕਿ ਹਾਏ ਰੱਬਾ ਮੇਰਿਆ ਮੁੰਡੇ ਐਜੀ-ਟੇਸ਼ਨ ਕਰਦੇ ਫਿਰਦੇ ਹਨ, ਇਹ ਖਰਾਬੀ ਹੋ ਰਹੀ ਹੈ, ਇਹ ਕੰਮ ਹੋ ਰਿਹਾ ਹੈ, ਫਿਰ ਜਦੋਂ ਗੱਦੀ ਹਿਲਦੀ ਦਿਸਦੀ ਹੈ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਸੁਝਦੀਆਂ ਹਨ। ਮੈਂ ਕਹਿੰਦਾ ਹਾਂ ਕਿ ਪਹਿਲਾਂ ਆਪਣਾ ਘਰ ਸੰਭਾਲੋ। (ਘੰਟੀ) ਬਸ ਜੀ, ਇਕ ਮਿੰਟ ਵਿਚ ਹੀ ਆਪਣੀ ਗੱਲ ਮੁਕਾ ਦਿੰਦਾ ਹਾਂ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੇਠਲੇ ਤਬਕੇ ਦੇ ਵਿਦਿ-ਆਰਥੀਆਂ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਪਰ ਇਹ ਸ਼ਾਨਾਂ ਠਾਠ ਵਾਲਿਆਂ ਵਲ ਬਹੁਤ ਧਿਆਨ ਦਿੰਦੇ ਹਨ। ਮੈਂ ਕਹਿੰਦਾ ਹਾਂ ਕਿ ਇਹ ਜਿਹੜੇ ਹੁਣ ਸ਼ਾਨਾਂ ਠਾਠ ਵਾਲੇ ਹਨ ਉਨ੍ਹਾਂ ਨੂੰ ਹਟਾਓ ਤਾਂ ਹੀ ਗਰੀਬ ਦਾ ਭਲਾ ਹੋ ਸਕਦਾ ਹੈ। ਇਨ੍ਹਾਂ ਨੇ 10 ਲੱਖ ਰੁਪਿਆ ਨਾਭੇ ਦੇ ਸੈਨਿਕ ਸਕੂਲ ਵਾਸਤੇ ਅਤੇ ਕਪੂਰਥਲਾ ਦੇ ਸੈਨਿਕ ਸਕੂਲ ਵਾਸਤੇ ਦੇ ਦਿੱਤਾ। ਮੈਂ ਪਿਛੇ ਕਿਹਾ ਕਿ ਸਾਡੇ ਬਚਿਆਂ ਨੂੰ ਤਪੜ ਹੀ ਬੈਠਣ ਵਾਸਤੇ ਦੇ ਦਿਉ, ਕੋਈ ਦਵਾਤ ਸਿਆਹੀ, ਹੋਲਡਰ ਵਗੈਰਾ ਹੀ ਬਚਿਆਂ ਨੂੰ ਦੇ ਦਿਉ ਪਰ ਇਹ ਕਹਿਣ ਲਗੇ ਕਿ ਉਨ੍ਹਾਂ ਸਕੂਲਾਂ ਵਿਚ ਵੀ ਤਾਂ ਗਰੀਬਾਂ ਦੇ ਬੱਚੇ ਪੜ੍ਹਦੇ ਹਨ। ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਉਥੇ ਕਿਹੜੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ। ਇਨ੍ਹਾਂ ਨੇ ਹੁਣ ਮਾਡਲ ਸਕੂਲ ਖੋਲ੍ਹ ਦਿਤੇ ਜਿਥੇ ਅਮੀਰਾਂ ਦੇ ਬੱਚੇ ਪੜ੍ਹਦੇ ਹਨ ਤਾਂ ਕਿ ਉਨ੍ਹਾਂ ਅਮੀਰਾਂ ਦੇ ਬੱਚਿਆਂ ਨੂੰ ਗਰੀਬਾਂ ਦੇ ਬੱਚਿਆਂ ਦੀ ਕੋਈ ਛੋਹ ਨਾ ਲੱਗ ਜਾਵੇ। ਅਮੀਰਾਂ ਦੇ ਬੱਚੇ ਕਾਨਵੈਂਟ ਸਕੂਲਾਂ ਵਿਚ, ਦਿੱਲੀ ਸਕੂਲਾਂ ਵਿਚ ਪੜ੍ਹਦੇ ਹਨ ਪਰ ਗਰੀਬਾਂ ਦੇ ਬੱਚਿਆਂ ਵਾਸਤੇ ਸਕੂਲਾਂ ਵਿਚ ਕੋਈ ਤਪੜ ਨਹੀਂ, ਬੈਠਣ ਨੂੰ ਕੋਈ ਜਗ੍ਹਾ ਨਹੀਂ ਕੀ ਇਸ ਤਰ੍ਹਾਂ ਸਮਾਜ-ਵਾਦ ਆਉਂਦਾ ਹੈ? ਇਹ ਕਹਿੰਦੇ ਹਨ ਕਿ ਸਮਾਜ-ਵਾਦ ਲਿਆਉਣਾ ਹੈ। ਮੈਂ ਕਹਿੰਦਾ ਹਾਂ ਕਿ ਜੇ ਸਮਾਜ-ਵਾਦ ਲਿਆ-ਉਣਾ ਚਾਹੁੰਦੇ ਹੋ ਤਾਂ ਸਹੀ ਰਸਤਾ ਅਖਤਿਆਰ ਕਰੋ। (ਵਿਘਨ) ਪ੍ਰਾਈਵੇਟ ਸਕੂਲਾਂ, ਕਾਲਜਾਂ ਨੂੰ ਹਟਾਉ ਅਤੇ ਆਪਣੇ ਹੱਥਾਂ ਵਿਚ ਲਓ, ਨੈਸ਼ਨੇਲਾਈਜ਼ ਕਰੋ। ਜੇ ਇਕ ਕਿਸ਼ਤ ਵਿਚ ਨਹੀਂ ਕਰ ਸਕਦੇ ਤਾਂ ਦੋ ਕਿਸ਼ਤਾਂ ਵਿਚ ਕਰ ਲਓ। ਜਿਹੜੇ ਮੋਟੇ ਮੋਟੇ ਆਦਮੀ ਇਨ੍ਹਾਂ ਦੇ ਜ਼ਰੀਏ ਖਾ ਰਹੇ ਹਨ ਉਨ੍ਹਾਂ ਨੂੰ ਹਟਾਓ। ਸਰਦਾਰ ਆਤਮਾ ਸਿੰਘ ਵਰਗੇ ਜਿਹੜੇ ਬੈਠੇ ਹਨ ਮੋਟੇ ਤਾਜ਼ੇ ਹੋ ਰਹੇ ਹਨ ਉਨ੍ਹਾਂ ਨੂੰ ਹਟਾਓ ਅਤੇ ਆਉਣ ਵਾਲੇ ਭਵਿਸ਼ ਲਈ ਬੱਚਿਆਂ ਦਾ ਸੁਧਾਰ ਕਰੋ, ਉਨ੍ਹਾਂ ਦੇ ਭਵਿਸ਼ ਨੂੰ ਸੁਧਾਰੋ ਤਾਂ ਹੀ ਕੋਈ ਗੱਲ ਬਣਨੀ ਹੈ। ਫਿਰ ਮੈਂ ਇਹ ਵੀ ਕਹਿੰਦਾ ਹਾਂ ਕਿ ਟੀਚਰਾਂ ਦੀ ਜੋ ਮੰਗ ਹੁੰਦੀ ਹੈ ਉਹ ਵੀ ਤੁਸੀਂ ਸਤਾਬੀ ਸਤਾਬੀ ਮੰਨ ਲਿਆ ਕਰੋ, ਉਹ ਦੇਸ਼ ਦਾ ਭਵਿਖ ਹਨ ਅਤੇ ਉਨ੍ਹਾਂ ਨੇ ਹੀ ਨੇਸ਼ਨ ਨੂੰ ਅੱਗੇ ਲਿਜਾਣਾ ਹੈ। (ਥੰਪਿੰਗ) ਬੱਸ ਜੀ ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਗੁਰਬਚਨ ਸਿੰਘ (ਰੋਪੜ): ਡਿਪਟੀ ਸਪੀਕਰ ਸਾਹਿਬ, ਤਾਲੀਮ ਕਲਚਰ ਅਤੇ ਡੀਵੈਲਪਮੈਂਟ ਦਾ ਬੇਸ ਹੈ। ਤਾਲੀਮੀ ਢਾਂਚੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅੰਗਰੇਜ਼ ਗੌਰਮਿੰਟ ਹੁੰਦੀ ਸੀ ਤਾਂ ਉਦੋਂ ਪਹਿਲੀ ਕਿਤਾਬ ਵਿਚ ਪਹਿਲੇ ਸਿਰੇ ਤੇ ਇਹ ਲਿਖਿਆ ਹੁੰਦਾ ਸੀ–'ਮਾਂ ਬੱਚੇ ਕੋ ਗੋਦ ਮੇਂ ਲੀਏ ਬੈਠੀ ਹੈ। ਔਰ ਬਾਪ ਹੁੱਕਾ ਪੀ ਰਹਾ ਹੈ'। ਉਸ ਢਾਂਚੇ ਨੂੰ ਥੋੜ੍ਹਾ ਜਿਹਾ ਬਦਲਿਆ ਹੈ ਲੇਕਿਨ ਇਸ ਢਾਂਚੇ ਨੂੰ ਜਿਥੇ ਬਦਲ ਕੇ ਲਿਆਉਣਾ ਚਾਹੀਦਾ ਹੈ ਉਥੇ ਅਸੀਂ ਨਹੀਂ ਲਿਆ ਸਕੇ। ਉਸ ਦੇ ਵਿਚ ਅੱਜ ਵੀ ਬਹੁਤ ਸਾਰੀਆਂ ਕਮੀਆਂ ਚਲੀਆਂ ਆ ਰਹੀਆਂ ਹਨ ਅਤੇ ਉਨ੍ਹਾਂ ਦੇ ਸੁਧਾਰਨ ਨੂੰ ਕਈ ਯਤਨ ਕੀਤੇ ਜਾ ਰਹੇ ਹਨ। ਕਿਹਾ ਗਿਆ ਹੈ ਕਿ ਪ੍ਰਾਇਮਰੀ ਸਕੂਲ ਇਤਨੇ ਖੋਲ੍ਹ ਦਿਤੇ ਹਨ। ਇਹ ਠੀਕ ਹੈ ਕਿ ਪਿਛਲੇ ਪੰਜ-ਸਾਲਾਂ, ਵਿਚ 1967 ਤੋਂ 1972 ਤਕ ਇਸ ਚੀਜ਼ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਸੀ ਕਿ ਇਸ ਦੇ ਵਿਚ ਕੁਝ ਸੁਧਾਰ ਲਿਆਂਦਾ ਜਾਵੇ ਜਿਹੜਾ ਕਿ ਬੜਾ ਜ਼ਰੂਰੀ ਸੀ। ਇਹ ਬੜਾ ਜ਼ਰੂਰੀ ਸੀ ਕਿ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਹੋਵੇ। ਮੈਂ

ਗਿਆਨੀ ਜੀ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ 6 ਸਾਲ ਤੋਂ 11 ਸਾਲ ਤਕ ਦੇ ਬੱਚੇ ਨੂੰ ਤਾਲੀਮ ਦੇਣਾ ਲਾਜ਼ਮੀ ਕਰਾਰ ਦਿੱਤੇ ਜਾਣ ਦਾ ਉਪਰਾਲਾ ਕੀਤਾ ਹੈ ਅਤੇ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਯਤਨ ਕੀਤਾ ਹੈ ਅਤੇ ਜਿਥੇ ਕਿਧਰੇ ਕੋਈ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹਣ ਤੋਂ ਰਹਿ ਗਿਆ ਹੈ ਮੈਂ ਉਸ ਦੇ ਲਈ ਕਹਿਣਾ ਚਾਹੁੰਦਾ ਹਾਂ ਕਿ ਉਥੇ ਵੀ ਪ੍ਰਾਇਮਰੀ ਸਕੂਲ ਖੋਲ੍ਹ ਦਿਤਾ ਜਾਵੇ। ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪ੍ਰਾਇਮਰੀ ਸਕੂਲ ਦੇ ਬਚਿਆਂ ਨੂੰ ਕਿਤਾਬਾਂ ਵੀ ਮੁਫਤ ਦਿਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਪ੍ਰਾਇਮਰੀ ਤਾਲੀਮ ਜਿਹੜੀ ਹੈ ਉਹ ਬਿਲਕੁਲ ਮੁਫਤ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ, ਇਕ ਹੋਰ ਗਲ ਵੱਲ ਮੈਂ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸਕੂਲਾਂ ਵਿਚ ਬੱਚਿਆਂ ਨੂੰ ਦੁੱਧ ਦੇਣ ਦਾ ਇਕ ਸਿਸਟਮ ਚੱਲ ਰਿਹਾ ਹੈ ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਉਥੇ ਕੋਈ ਦੁੱਧ ਗਰਮ ਕਰਨ ਵਾਲਾ ਕੋਈ ਨਹੀਂ, ਵੰਡਣ ਵਾਲਾ ਕੋਈ ਨਹੀਂ ਅਤੇ ਨਾ ਹੀ ਪ੍ਰਾਪਰ ਢੰਗ ਨਾਲ ਉਸ ਦੁੱਧ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਠੀਕ ਹੈ ਕਿ ਕੁੱਝ ਹੁਸ਼ਿਆਰ ਅਤੇ ਚਲਾਕ ਮਾਸਟਰ ਹੁੰਦੇ ਹਨ ਉਹ ਦੁੱਧ ਲੈ ਜਾਂਦੇ ਹਨ ਅਤੇ ਕਈ ਆਪਣੇ ਘਰਾਂ ਵਿਚ ਵੀ ਲੈ ਜਾਂਦੇ ਹਨ। (ਵਿਘਨ) ਬੱਚਿਆਂ ਨੂੰ ਕੋਈ ਦੁੱਧ ਨਹੀਂ ਪਿਲਾਇਆ ਜਾਂਦਾ ਸਾਰਾ ਦੁੱਧ ਆਪਣੇ ਘਰਾਂ ਵਿਚ ਟੀਚਰਜ਼ ਲੈ ਜਾਂਦੇ ਹਨ ਅਤੇ ਆਪਣੇ ਘਰਾਂ ਵਿਚ ਉਸ ਦੁੱਧ ਨੂੰ ਇਸਤੇਮਾਲ ਕਰਦੇ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਿਸਟਮ ਹੈ ਇਹ ਠੀਕ ਨਹੀਂ ਅਤੇ ਇਸ ਸਿਸਟਮ ਨੂੰ ਬੰਦ ਕਰਨਾ ਚਾਹੀਦਾ ਹੈ। ਜੇ ਬੱਚਿਆਂ ਨੂੰ ਦੁੱਧ ਪਿਲਾਉਣਾ ਹੈ ਤਾਂ ਮੈਂ ਇਹ ਕਹਾਂਗਾ ਕਿ ਕੋਈ ਅਡੀਸ਼ਨਲ ਮੁਲਾਜ਼ਮ ਇਸ ਕੰਮ ਵਾਸਤੇ ਲਗਾਇਆ ਜਾਣਾ ਚਾਹੀਦਾ ਹੈ ਜਿਹੜਾ ਕਿ ਆਪਣੇ ਸਾਹਮਣੇ ਦੁੱਧ ਗਰਮ ਕਰਵਾ ਕੇ ਬੱਚਿਆਂ ਨੂੰ ਦੇਵੇ। ਇਸ ਕਿਸਮ ਦਾ ਕੋਈ ਇੰਤਜ਼ਾਮ ਹੋਣਾ ਚਾਹੀਦਾ ਹੈ ਜਿਸ ਨਾਲ ਕਿ ਠੀਕ ਢੰਗ ਨਾਲ ਬਚਿਆਂ ਨੂੰ ਦੁੱਧ ਤਕਸੀਮ ਹੋ ਸਕੇ ਅਤੇ ਗੌਰਮਿੰਟ ਦਾ ਜਿਹੜਾ ਖਰਚ ਹੁੰਦਾ ਹੈ ਉਹ ਕਿਸੇ ਚੰਗੇ ਲੇਖੇ ਲੱਗੇ।

ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ, ਸਕੂਲਾਂ ਦੀ ਅਪ-ਗਰੇਡਿੰਗ ਦੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਮਿਡਲ ਸਕੂਲ ਤੋਂ ਹਾਈ ਸਕੂਲਾਂ ਦੀ ਅਪਗਰੇਡਿੰਗ ਹੁੰਦੀ ਹੈ ਉਹ ਤਰੀਕਾ ਠੀਕ ਨਹੀਂ, ਗਲਤ ਹੈ। ਮੇਰੇ ਜ਼ਿਲ੍ਹੇ ਨਾਲ ਅੱਗੇ ਵੀ ਅਪਗਰੇਡਿੰਗ ਦੇ ਸਿਲਸਲੇ ਵਿਚ ਜ਼ਿਆਦਤੀ ਹੋਈ ਹੈ ਹੁਣ ਵੀ ਹੋ ਰਹੀ ਹੈ, ਇਸ ਲਈ ਮੇਰੇ ਜ਼ਿਲ੍ਹੇ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਕੂਲਾਂ ਦੇ ਵਿਚ ਧਾਰਮਿਕ ਸਬਜੈਕਟ ਵੀ ਹੋਣਾ ਚਾਹੀਦਾ ਹੈ। ਪੰਜਵੀਂ ਤੋਂ ਅੱਠਵੀਂ ਜਮਾਤ ਤਕ ਦੇ ਵਿਦਿਆਰਥੀਆਂ ਲਈ ਧਾਰ-ਮਿਕ ਸਬਜੈਕਟ ਹੋਣਾ ਚਾਹੀਦਾ ਹੈ। ਮੇਰਾ ਖਿਆਲ ਹੈ ਕਿ ਜੇ ਬੱਚਿਆਂ ਲਈ ਧਾਰਮਿਕ ਸਬਜੈਕਟ ਹੋਵੇ ਤਾਂ ਉਨ੍ਹਾਂ ਦੀਆਂ ਰੁਚੀਆਂ ਧਾਰਮਿਕ ਹੋਣਗੀਆਂ ਅਤੇ ਉਹ ਰਬ ਤੋਂ ਡਰਨਗੇ ਅਤੇ ਜਿਹੜੀਆਂ ਐਜੀਟੇਸ਼ਨਾਂ ਵਗੈਰਾ ਸਟੂਡੈਂਟਸ ਕਰਦੇ ਹਨ ਉਹ ਵੀ ਨਹੀਂ ਕਰਨਗੇ ਅਤੇ ਇਕ ਚੰਗੇ ਸਹਿਰੀ ਬਣਨਗੇ ਉਨ੍ਹਾਂ ਨੂੰ ਧਾਰਮਕ ਸਬਜੈਕਟ ਦੇ ਵਿਚ ਆਪਣੇ ਗੁਰੂਆਂ, ਭਗਤਾਂ, ਰਿਸ਼ੀਆਂ ਦੀ ਹਾਲਤ ਦਾ ਪਤਾ ਹੋਵੇਗਾ ਅਤੇ ਉਹ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਅੱਛਾ ਜੀਵਨ ਬਤੀਤ ਕਰ ਸਕਣਗੇ ਅਤੇ ਇਕ ਅੱਛੇ ਨਾਗਰਿਕ ਸਾਬਤ ਹੋ ਸਕਣਗੇ। ਇਸ ਲਈ ਮੇਰੀ ਬੇਨਤੀ ਹੈ ਕਿ ਪੰਜਵੀਂ ਤੋਂ ਅੱਠਵੀਂ ਜਮਾਤ ਤਕ ਤਾਲੀਮ ਦੇ ਵਿਚ ਧਾਰਮਿਕ ਸਬਜੈਕਟ ਜ਼ਰੂਰ ਕੀਤਾ ਜਾਵੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਬੱਚਿਆਂ ਨੂੰ ਤਾਲੀਮ ਇਸ ਕਿਸਮ ਦੀ ਦਿੱਤੀ ਜਾਵੇ ਜਿਸ ਨਾਲ ਕਿ ਉਹ ਜਦੋਂ ਪੜ੍ਹ ਕੇ ਹਟਣ ਤਾਂ ਆਪਣਾ ਰੁਜ਼ਗਾਰ ਕਮਾ ਸਕਣ, ਉਨ੍ਹਾਂ ਨੂੰ ਆਪਣਾ ਰੁਜ਼ਗਾਰ ਮੁਹੱਈਆ ਹੋ ਸਕੇ। ਉਨ੍ਹਾਂ

[ਸਰਦਾਰ ਗੁਰਬਚਨ ਸਿੰਘ]

ਨੂੰ ਇਹੋ ਜਿਹੀ ਟੈਕਨੀਕਲ ਜਾਂ ਉਸ ਦੀ ਰੁਚੀ ਦੇ ਮੁਤਾਬਿਕ ਤਾਲੀਮ ਦੇਣੀ ਚਾਹੀਦੀ ਹੈ ਜਿਸ ਦੇ ਨਾਲ ਵੱਡੇ ਹੋ ਕੇ ਉਹ ਬੇਰੁਜ਼ਗਾਰ ਨਾ ਰਹਿ ਸਕਣ ਅਤੇ ਉਨ੍ਹਾਂ ਨੂੰ ਰੁਜ਼ਗਾਰ ਦੀ ਤਲਾਸ਼ ਨਾ ਕਰਨੀ ਪਵੇ । ਇਹ ਠੀਕ ਹੈ ਕਿ ਸਾਡੀ ਸਰਕਾਰ ਨੇ ਪ੍ਰਾਇਮਰੀ ਸਕੂਲ ਬਹੁਤ ਸਾਰੇ ਖੋਲ੍ਹ ਕੇ ਬਹੁਤ ਸਾਰੇ ਟੀਚਰਾਂ ਨੂੰ ਰੁਜ਼ਗਾਰ ਦਿਤਾ ਹੈ ਅਤੇ ਇਸ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਬੇਰੁਜ਼ਗਾਰੀ ਜਿਹੜੀ ਹੈ ਉਹ ਦਿਨ ਪਰ ਦਿਨ ਵਧਦੀ ਜਾ ਰਹੀ ਹੈ ਇਸ ਲਈ ਇਸ ਨੂੰ ਰੋਕਣ ਲਈ ਕੋਈ ਠੋਸ ਕਦਮ ਚੁੱਕਣਾ ਚਾਹੀਦਾ ਹੈ । ਹੋਰ ਬੇਰੁਜ਼ਗਾਰੀ ਨਾ ਵਧੇ ਅਤੇ ਜਿਹੜੀ ਅੱਗੇ ਹੀ ਵੱਧੀ ਹੋਈ ਹੈ ਉਸ ਤੇ ਕਾਬੂ ਪਾਇਆ ਜਾ ਸਕੇ । ਤੁਸੀਂ ਦੇਖਿਆ ਹੈ ਕਿ ਡਿਪਟੀ ਸਪੀਕਰ ਸਾਹਿਬ, ਬਹੁਤ ਸਾਰੇ ਡਾਕਟਰਜ਼ ਅਤੇ ਇੰਜੀਨੀਅਰਜ਼ ਵਗੈਰਾ ਬੇਕਾਰ ਫਿਰਦੇ ਹਨ । ਮੈਂ ਆਪਣੀ ਸਰਕਾਰ ਨੂੰ ਇਹ ਸੁਝਾਅ ਦਿਆਂਗਾ ਕਿ ਇਹ ਜਿਹੜੇ ਸਾਡੇ ਪੜ੍ਹੇ ਲਿਖੇ ਨੌਜਵਾਨ ਬੇਕਾਰ ਹਨ ਜਿਹੜੇ ਇਨਟੈਲੀਜੈਂਟ ਇੰਜੀਨੀਅਰਜ਼ ਹਨ, ਇਨ-ਟੈਲੀਜੈਂਟ ਸਟੂਡੈਂਟਸ ਹਨ ਉਨ੍ਹਾਂ ਨੂੰ ਬਾਹਰਲੇ ਮੁਲਕਾਂ ਵਿਚ ਭੇਜਕੇ ਉਨ੍ਹਾਂ ਨੂੰ ਚੰਗੀ ਤਾਲੀਮ ਦੁਆਈ ਜਾਵੇ ਤਾਂ ਕਿ ਉਹ ਉਥੋਂ ਤਾਲੀਮ ਹਾਸਲ ਕਰ ਕੇ ਮੁੜ ਕੇ ਆਪਣੇ ਹਿੰਦੁਸਤਾਨ ਵਿਚ ਆ ਕੇ, ਪੰਜਾਬ ਵਿਚ ਆ ਕੇ ਕੋਈ ਇਹੋ ਜਿਹਾ ਪ੍ਰੋਗਰਾਮ ਬਣਾ ਕੇ ਦੇਣ, ਇੰਡਸਟਰੀ ਵਿਚ ਵਾਧਾ ਕਰਨ ਤਾਂ ਕਿ ਇਹ ਜਿਹੜਾ ਬੇਰੁਜ਼ਗਾਰੀ ਦਾ ਮਸਲਾ ਹੈ ਉਹ ਦੂਰ ਹੋ ਸਕੇ ।

ਇਸ ਤੋਂ ਬਾਅਦ ਡਿਪਟੀ ਸਪੀਕਰ ਸਾਹਿਬ, ਅਪਗਰੇਡਿੰਗ ਦੀ ਗੱਲ ਕਰਨਾ ਚਾਹੁੰਦਾ ਹਾਂ । ਅਪ-ਗਰੇਡਿੰਗ ਦੇ ਸਿਲਸਿਲੇ ਵਿਚ ਇਹ ਦਸਿਆ ਗਿਆ ਹੈ ਹਰ ਤਿੰਨ ਮੀਲ ਦੇ ਫਾਸਲੇ ਤੇ ਮਿਡਲ ਸਕੂਲ ਹੋਵੇਗਾ ਅਤੇ ਹਰ ਪੰਜ ਕਿਲੋਮੀਟਰ ਦੇ ਫਾਸਲੇ ਤੇ ਹਾਈ ਸਕੂਲ ਹੋਵੇਗਾ । ਮੈਨੂੰ ਇਹ ਚੀਜ਼ ਬੜੇ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਪਹਿਲਾਂ ਪੰਜ ਸਾਲ ਅਰਥਾਤ 1967 ਤੋਂ 1972 ਤਕ ਅਪੋਜ਼ੀਸ਼ਨ ਤੇ ਬੈਠੇ ਭਰਾਵਾਂ ਨੇ ਰੋਪੜ ਜ਼ਿਲ੍ਹੇ ਨੂੰ ਇਗਨੋਰ ਇਸ ਕੰਮ ਵਿਚ ਕਰੀ ਰਖਿਆ ਹੈ । ਹੁਣ ਮੈਂ ਬੇਨਤੀ ਕਰਾਂਗਾ ਅਤੇ ਚੀਫ ਮਨਿਸਟਰ ਸਾਹਿਬ ਵੀ ਰੋਪੜ ਜ਼ਿਲ੍ਹੇ ਦੇ ਹਨ, ਇਸ ਬੈਕਵਰਡ ਜ਼ਿਲ੍ਹੇ ਨੂੰ ਜਿਸ ਨੂੰ ਕਿ ਜਾਣ ਬੁੱਝ ਕੇ ਪਿੱਛੇ ਰੱਖਿਆ ਗਿਆ ਸੀ ਉਸ ਦੇ ਵਿਚ ਹੁਣ ਸਾਰੇ ਏਰੀਏ ਨੂੰ, ਸਬਮਾਊਨਟੇਨੈਸ ਏਰੀਆ ਜੋ ਹੈ ਉਸ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਸਕੂਲਾਂ ਦੀ ਅਪਗਰੇਡਿੰਗ ਵਿਚ ਜੋ ਪਹਿਲੀ ਕਮੀ ਹੈ ਉਸ ਨੂੰ ਪੂਰਾ ਕਰਨਾ ਚਾਹੀਦਾ ਹੈ । ਸਕੂਲਾਂ ਦੀ ਜਿਹੜੀ ਪਹਿਲੀ ਲੜੀ ਹੈ ਉਸ ਨੂੰ ਇਸ ਸਾਲ ਪੂਰਾ ਕਰ ਦਿੱਤਾ ਜਾਵੇ । ਇਸ ਤੋਂ ਇਲਾਵਾ ਦਿਹਾਤਾਂ ਵਿਚ ਜਿਹੜੇ ਸਕੂਲ ਮਾਸਟਰ ਲਾਉਂਦੇ ਹਨ, ਡਿਸਪੈਂਸਰੀਆਂ ਦਾ ਸਟਾਫ ਹੈ ਉਨ੍ਹਾਂ ਨੂੰ ਬੜੀ ਔਖਿਆਈ ਪੇਸ਼ ਆਉਂਦੀ ਹੈ । ਉਨ੍ਹਾਂ ਮੁਲਾਜ਼ਮਾਂ ਨੂੰ ਰਹਿਣ ਨੂੰ ਮਕਾਨ ਨਹੀਂ ਮਿਲਦੇ, ਇਸ ਕਰ ਕੇ ਉਨ੍ਹਾਂ ਨੂੰ 8-10 ਮੀਲ ਤੇ ਜਾ ਕੇ ਸ਼ਹਿਰਾਂ ਵਿਚ ਰਹਿਣਾ ਪੈਂਦਾ ਹੈ । ਉਨ੍ਹਾਂ ਮੁਲਾਜ਼ਮਾਂ ਲਈ ਹਰ ਇਕ ਕਸਬੇ ਵਿਚ ਗੌਰਮਿੰਟ ਕਵਾਟਰ ਪ੍ਰੋਵਾਈਡ ਕਰੇ ਜੇ ਗੌਰਮਿੰਟ ਕੁਆਟਰ ਪ੍ਰੋਵਾਈਡ ਨਹੀਂ ਕਰ ਸਕਦੀ ਤਾਂ ਉਨ੍ਹਾਂ ਨੂੰ ਹਾਊਸਰੈਂਟ ਦੇਵੇ ਤਾਂ ਕਿ ਉਹ ਆਪਣੇ ਚੰਗੇ ਢੰਗ ਨਾਲ ਰਹਿ ਕੇ ਆਪਣੀ ਖ਼ਿਦਮਤ ਨੂੰ ਪੂਰੀ ਤਰ੍ਹਾਂ ਸਰਅੰਜਾਮ ਦੇ ਸਕਣ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੇਰੇ ਜ਼ਿਲ੍ਹੇ ਦੇ ਮੈਂਬਰ ਸਾਹਿਬ ਦਾ ਸਾਹ ਸੁਕ ਗਿਆ ਸੀ ਮੈਂ ਉਨ੍ਹਾਂ ਨੂੰ ਦਮ ਦਿਵਾਉਣਾ ਚਾਹੁੰਦਾ ਹਾਂ । (ਵਿਘਨ)

ਸਰਦਾਰ ਗੁਰਬਚਨ ਸਿੰਘ : ਤੁਸੀਂ ਆਪਣੇ ਸਾਹ ਦਾ ਧਿਆਨ ਰੱਖੋ (ਵਿਘਨ) ਦੂਜੀ ਗਲ ਇਹ ਹੈ ਕਿ ਜਿਹੜਾ ਸਕੂਲਾਂ ਦਾ ਵਾਤਾਵਰਣ ਹੈ ਉਹ ਠੀਕ ਨਹੀਂ ਹੈ । ਜਦੋਂ ਅਫਸਰਾਂ ਨੇ ਵਿਜ਼ਿਟ ਕਰਨਾ ਹੁੰਦਾ ਹੈ ਤਾਂ ਉਨ੍ਹਾਂ ਕੋਲ ਕੋਈ ਕਨਵੇਐਂਸ ਨਹੀਂ ਹੁੰਦੀ ਕਨਵੇਐਂਸ ਦੀ ਬੜੀ ਲੋੜ ਪੈਂਦੀ ਹੈ । ਮੇਰੇ

ਜ਼ਿਲ੍ਹੇ ਰੋਪੜ ਵਿਚ ਕਈ ਦਫਾ ਐਜੂਕੇਸ਼ਨ ਦੇ ਮਹਿਕਮੇਂ ਨੇ ਲਿਖਿਆ ਹੈ, ਕਈ ਵਾਰੀ ਰੈਕਮੈਂਡੇਸ਼ਨ ਕੀਤੀ ਗਈ ਕਿ ਜੀਪ ਪ੍ਰੋਵਾਈਡ ਕੀਤੀ ਜਾਵੇ ਤਾਂ ਕਿ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿਚ ਜਾ ਕੇ ਵਿਜ਼ਟ ਕੀਤਾ ਜਾ ਸਕੇ ਪਰ ਅਜੇ ਤਕ ਕੋਈ ਜੀਪ ਪ੍ਰੋਵਾਈਡ ਨਹੀਂ ਕੀਤੀ ਗਈ ਅਤੇ ਕਦੇ ਕਦਾਈਂ ਹੁਸ਼ਿਆਰਪੁਰ ਤੋਂ ਆ ਜਾਂਦੀ ਹੈ । ਇਸ ਲਈ ਇਸ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਐਜੂਕੇਸ਼ਨ ਦੇ ਮਹਿਕਮੇਂ ਵਿਚ ਵਜ਼ੀਫਿਆਂ ਦਾ ਮਾਮਲਾ ਹੈ । ਮੈਂ ਸਮਝਦਾ ਹਾਂ ਕਿ ਜਿਹੜੇ ਵਜ਼ੀਫੇ ਮੁਕੱਰਰ ਕੀਤੇ ਜਾਂਦੇ ਹਨ ਉਹ 2-2 ਸਾਲ 3-3 ਸਾਲ ਨਹੀਂ ਮਿਲਦੇ । ਇਹ ਵਜ਼ੀਫੇ ਉਨ੍ਹਾਂ ਗਰੀਬਾਂ ਲਈ ਇਸ ਲਈ ਮੁਕਰਰ ਕੀਤੇ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਮਾਲੀ ਹਾਲਤ ਠੀਕ ਨਹੀਂ ਹੁੰਦੀ । ਇਸ ਲਈ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਗਰੀਬ ਹਰੀਜਨਾਂ ਨੂੰ ਹਰ ਮਹੀਨੇ ਵਜ਼ੀਫੇ ਮਿਲਣੇ ਚਾਹੀਦੇ ਹਨ । ਇਕ ਸੁਆਲ ਦੇ ਜਵਾਬ ਵਿਚ ਇਸੇ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਵੇਖ ਲਵਾਂਗੇ ਅਤੇ ਜਲਦੀ ਕਰਾਂਗੇ । ਮੈਂ ਕਹਿੰਦਾ ਹਾਂ ਕਿ ਉਹ ਜਲਦੀ ਤੋਂ ਜਲਦੀ ਵੇਖ ਲੈਣ ਅਤੇ ਇਹ ਵਜ਼ੀਫੇ ਰੈਗੂਲਰ ਮਿਲ ਜਾਣ । ਜਿਸ ਮਕਸਦ ਲਈ ਇਹ ਦਿੱਤੇ ਜਾਣੇ ਹਨ ਉਹ ਮਕਸਦ ਇਸ ਤਰੀਕੇ ਨਾਲ ਪੂਰਾ ਨਹੀਂ ਹੋ ਰਿਹਾ।

ਇਸ ਤੋਂ ਇਲਾਵਾ ਜਿਹੜੀਆਂ ਦੂਸਰੀਆਂ ਸਮੱਸਿਆਵਾਂ ਹਨ ਜਿਸ ਤਰ੍ਹਾਂ ਕਿ ਜਿਹੜੇ ਮੁਲਾਜ਼ਮ ਹਨ, ਮਾਸਟਰ ਹਨ ਹੜਤਾਲਾਂ ਕਰ ਰਹੇ ਹਨ, ਉਨ੍ਹਾਂ ਵਲ ਵੀ ਧਿਆਨ ਦੇਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਜਿਹੜੇ ਸਾਡੇ ਮਾਸਟਰ ਹਨ ਉਨ੍ਹਾਂ ਤੇ ਹੀ ਸਾਡੇ ਦੇਸ਼ ਦਾ ਤਾਮੀਰੀ ਢਾਂਚਾ ਨਿਰਭਰ ਹੈ ਤਾਂ ਅਜਿਹੇ ਹਾਲਾਤ ਵਿਚ ਉਹ ਕਿਸ ਤਰ੍ਹਾਂ ਸਕੂਲਾਂ ਅਤੇ ਕਾਲਜਾਂ ਵਿਚ ਠੀਕ ਤਰ੍ਹਾਂ ਕੰਮ ਕਰ ਸਕਦੇ ਹਨ । ਇਸ ਲਈ ਮੇਰੀ ਗੌਰਮਿੰਟ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਛੇਤੀ ਤੋਂ ਛੇਤੀ ਪੂਰਾ ਕਰੇ ਤਾਂਕਿ ਉਹ ਸਹੀ ਢੰਗ ਨਾਲ ਕੰਮ ਕਰ ਸਕਣ । ਮੈਂ ਸਮਝਦਾ ਹਾਂ ਕਿ ਇਹ ਜਿਹੜਾ ਐਜੀਟੇਸ਼ਨਾਂ ਦਾ ਰਸਤਾ ਹੈ ਇਹ ਠੀਕ ਨਹੀਂ ਹੈ । ਪਰ ਵੇਖਿਆ ਇਹ ਜਾਂਦਾ ਹੈ ਕਿ ਜਦ ਤਕ ਕੋਈ ਐਜੀਟੇਸ਼ਨ ਨਾ ਕਰੇ ਉਸ ਦੀ ਜਾਇਜ਼ ਮੰਗ ਮੰਨੀ ਨਹੀਂ ਜਾਂਦੀ । ਜਿਸ ਤਰ੍ਹਾਂ ਜਦ ਤਕ ਬੱਚਾ ਖੇਲ੍ਹਦਾ ਰਹਿੰਦਾ ਹੈ ਤੇ ਮਾਂ ਕਹਿੰਦੀ ਹੈ ਖੇਲ੍ਹੀ ਜਾਣ ਦਿਓ ਅਤੇ ਜਦੋਂ ਰੋਂਦਾ ਹੈ ਉਦੋਂ ਦੁੱਧ ਪਿਆਉਂਦੀ ਹੈ । ਇਸ ਤਰ੍ਹਾਂ ਹੀ ਗੌਰਮਿੰਟ ਦਾ ਵਤੀਰਾ ਹੈ । ਪਹਿਲੀਆਂ ਗੌਰਮਿੰਟਾਂ ਦਾ ਇਸ ਤੋਂ ਵੀ ਵੱਧ ਇਸ ਤਰ੍ਹਾਂ ਦਾ ਰਵੱਈਆ ਸੀ ਉਹ ਐਜੀਟੇਸ਼ਨਾਂ ਤੋਂ ਬਗੈਰ ਕਾਬੂ ਨਹੀਂ ਸੀ ਆਉਂਦੀਆਂ। ਮੈਂ ਕਹਿੰਦਾ ਹਾਂ ਕਿ ਐਜੀਟੇਸ਼ਨਾਂ ਤੋਂ ਇਲਾਵਾ ਕੋਈ ਹੋਰ ਉਪਰਾਲਾ ਗੌਰਮਿੰਟ ਨੂੰ ਕਰਨਾ ਚਾਹੀਦਾ ਹੈ । ਮੈਂ ਕਹਿੰਦਾ ਹਾਂ ਕਿ ਕਿਸੇ ਮਹਿਕਮੇ ਦੇ ਕਿਸੇ ਮੁਲਾਜ਼ਮ ਵਲੋਂ ਅਗਰ ਕੋਈ ਡਿਮਾਂਡ ਆਉਂਦੀ ਹੈ ਤਾਂ ਗੌਰਮਿੰਟ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਦ ਕੇ ਕੋਈ ਐਮੀਕੇਬਲੀ ਫੈਸਲਾ ਕਰਨਾ ਚਾਹੀਦਾ ਹੈ, ਪਰ ਹੁੰਦਾ ਕੀ ਹੈ ਕਿ ਜਦੋਂ ਗੱਲ ਵੱਧ ਜਾਂਦੀ ਹੈ ਉਦੋਂ ਗੱਲ ਬਾਤ ਸ਼ੁਰੂ ਹੁੰਦੀ ਹੈ । ਜਿਸ ਤਰ੍ਹਾਂ ਸਰਦਾਰ ਰਣਬੀਰ ਸਿੰਘ ਢਿੱਲੋਂ ਮਰਨ ਵਰਤ ਤੇ ਬੈਠਾ ਹੈ ਹੁਣ ਵੀ ਤਾਂ ਕਹਿੰਦੇ ਹੋ ਕੇ ਗੱਲ ਬਾਤ ਕਰ ਲਵੋ। ਇਹ ਚੀਜ਼ ਪਹਿਲਾਂ ਵੀ ਹੋ ਸਕਦੀ ਸੀ।

"ਦਰਖਤੇ ਕਿ ਇਕੱਨਵਾਂ ਗਿਰਫਤ ਅਸਤ ਪਾ
ਬਰੂਏ ਸ਼ਖਸ ਬਰਾਇਦ ਜਾ"।

ਸ਼ੁਰੂ ਸ਼ੁਰੂ ਵਿਚ ਹਰ ਇਕ ਗੱਲ ਆਸਾਨੀ ਨਾਲ ਤਹਿ ਹੋ ਸਕਦੀ ਹੈ । ਪਰ ਜਿਉਂ ਜਿਉਂ ਸਮਾਂ ਬੀਤਦਾ ਜਾਂਦਾ ਹੈ ਤਾਂ ਕੋਈ ਨਾ ਕੋਈ ਨਵੀਂ ਗੱਲ ਛਿੜਦੀ ਰਹਿੰਦੀ ਹੈ ਅਤੇ ਜਦੋਂ ਸਮੱਸਿਆ ਗੰਭੀਰ ਰੂਪ ਧਾਰਣ ਕਰ ਲੈਂਦੀ ਹੈ ਤਾਂ ਫਿਰ ਗੱਲ ਬਾਤ ਸ਼ੁਰੂ ਹੋ ਜਾਂਦੀ ਹੈ । ਮੈਂ ਕਹਿੰਦਾ ਹਾਂ ਕਿ ਮੁਲਾਜ਼ਮਾਂ ਦੀ ਕੋਈ ਵੀ ਡਿਮਾਂਡ ਹੋਵੇ ਗੌਰਮਿੰਟ ਨੂੰ ਸਮੇਂ ਸਿਰ ਹਮਦਰਦੀ ਨਾਲ ਗੌਰ ਕਰਕੇ

[ਸਰਦਾਰ ਗੁਰਬਚਨ ਸਿੰਘ]

ਨਿਪਟਾਉਣੀ ਚਾਹੀਦੀ ਹੈ । ਹੁਣ ਜਿਹੜੀ ਮੁਲਾਜ਼ਮਾਂ ਦੀ ਅਤੇ ਜੂਨੀਅਰ ਡਾਕਟਰਾਂ ਦੀ ਹੜਤਾਲ ਚੱਲ ਰਹੀ ਹੈ ਉਨ੍ਹਾਂ ਨੂੰ ਐਮੀਕੇਬਲੀ ਫ਼ੈਸਲਾ ਕਰ ਲੈਣਾ ਚਾਹੀਦਾ ਹੈ । ਹਸਪਤਾਲਾਂ ਵਿਚ ਇਸ ਦਾ ਬੜਾ ਨੁਕਸਾਨ ਹੋ ਰਿਹਾ ਹੈ। ਮਰੀਜ਼ ਬੜੇ ਦੁਖੀ ਹਨ ਉਹ ਕਹਿਦੇ ਹਨ ਕਿ ਡਾਕਟਰਜ਼ ਹੜਤਾਲ ਤੇ ਹਨ ਸਾਡੀ ਕੋਈ ਗੱਲ ਤਕ ਨਹੀਂ ਸੁਣਦਾ । ਮੈਂ ਕਹਿੰਦਾ ਹਾਂ ਕਿ ਗੌਰਮਿੰਟ ਨੂੰ ਇਸ ਗੱਲ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ ।

ਇਸ ਤੋਂ ਇਲਾਵਾ ਬਰਸਾਤ ਦੇ ਮਹੀਨੇ ਵਿਚ 4-4, 5-5 ਮੀਲਾਂ ਤੋਂ ਬੱਚੇ ਬੱਚੀਆਂ ਸਕੂਲਾਂ ਵਿਚ ਪੜ੍ਹਨ ਲਈ ਆਉਦੀਂਆਂ ਹਨ। ਜਦੋਂ ਸਕੂਲ ਕੋਲ ਆਉਂਦੇ ਹਨ ਤਾਂ ਬਾਰਸ਼ ਦੀ ਵਜ੍ਹਾ ਨਾਲ ਉਨ੍ਹਾਂ ਦੇ ਕਪੜੇ ਲਿਬੜ ਜਾਂਦੇ ਹਨ । ਅਸੀਂ ਕਹਿੰਦੇ ਹਾਂ ਕਿ ਸਕੂਲਾਂ ਤਕ ਡਿਸਪੈਂਸਰੀਆਂ ਤਕ ਲਿੰਕ ਰੋਡਜ਼ ਬਣਾਓ । ਮੈਨੂੰ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਪਰੋਵੀਜ਼ਨ ਨਹੀਂ ਹੈ । ਜਿਹੜੀਆਂ ਸਾਡੀਆਂ ਗਰੀਵੈਂਸਿਜ਼ ਕਮੇਟੀ ਦੀਆਂ ਮੀਟਿੰਗਾਂ ਹੁੰਦੀਆਂ ਹਨ ਉਸ ਦੇ ਵਿਚ ਹੀ ਮਨਿਸਟਰ ਸਾਹਿਬ ਨੇ ਇਹ ਗੱਲ ਕਹੀ ਸੀ। ਹਾਲਾਂ ਕਿ ਹਾਈ ਪਾਵਰਡ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਹੋ ਚੁੱਕਾ ਹੈ ਕਿ ਸਕੂਲਾਂ ਔਰ ਡਿਸਪੈਂਸਰੀਆਂ ਤਕ ਇਹ ਲਿੰਕ ਰੋਡਜ਼ ਪਹੁੰਚਾਉਣੀਆਂ ਹਨ ਲੇਕਿਨ ਇਸ ਵਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ।

(ਇਸ ਵਕਤ ਸਪੀਕਰ ਸਾਹਿਬ ਨੇ ਕੁਰਸੀ ਸੰਭਾਲੀ)

ਸ਼੍ਰੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਕਰੋ। (ਵਿਘਨ) (Please wind up now) (*Interruption*)

ਸਰਦਾਰ ਗੁਰਬਚਨ ਸਿੰਘ : ਬਸ ਜੀ ਪੰਜਾਂ ਮਿੰਟਾਂ ਵਿਚ ਹੀ ਮੈਂ ਖ਼ਤਮ ਕਰ ਦਿਆਂਗਾ । ਇਸ ਤੋਂ ਇਲਾਵਾ ਸਪੀਕਰ ਸਾਹਿਬ, ਇਹ ਜ਼ਿਹੜੀਆਂ ਡਿਮਾਂਡਜ਼ ਹਾਊਸ ਵਿਚ ਪੇਸ਼ ਹੋਇਆ ਹਨ ਇਨ੍ਹਾਂ ਵਿਚ ਫ਼ੈਮਲੀ ਪਲਾਨਿੰਗ ਦਾ ਵੀ ਜ਼ਿਕਰ ਆਇਆ ਹੈ । ਮੈਂ ਦੱਸਦਾ ਹਾਂ ਕਿ ਡਾਕਟਰ ਸਾਹਿਬ ਭੈਣਾਂ ਨੂੰ ਹਸਪਤਾਲਾਂ ਵਿਚ ਬੁਲਾ ਕੇ ਉਨ੍ਹਾਂ ਦਾ ਆਪ੍ਰੇਸ਼ਨ ਤਾਂ ਕਰ ਦਿੰਦੇ ਹਨ ਲੇਕਿਨ ਬਾਅਦ ਵਿਚ ਉਨ੍ਹਾਂ ਦੀ ਕੋਈ ਦੇਖ ਭਾਲ ਨਹੀਂ ਕੀਤੀ ਜਾਂਦੀ। ਮੈਂ ਕਹਿੰਦਾ ਹਾਂ ਕਿ ਜਿਸ ਤਰ੍ਹਾਂ ਮੈਡੀਕਲ ਮੰਥਨ ਕੀਤਾ ਜਾਂਦਾ ਹੈ ਇਸੇ ਤਰ੍ਹਾਂ 2-4 ਡਾਕਟਰਾਂ ਦੀ ਟੀਮ ਬਣਾ ਕੇ ਉਨ੍ਹਾਂ ਨੂੰ ਵੇਖਿਆ ਜਾਇਆ ਕਰੇ। 40 ਫੀ ਸਦੀ ਜ਼ਨਾਨੀਆਂ ਆਪ੍ਰੇਸ਼ਨ ਦੀ ਵਜ੍ਹਾ ਨਾਲ ਬੀਮਾਰ ਰਹਿੰਦੀਆਂ ਹਨ ਅਤੇ ਕਈ ਜ਼ਨਾਨੀਆਂ ਮਰ ਵੀ ਗਈਆਂ ਹਨ ਅਤੇ ਉਨ੍ਹਾਂ ਦੇ ਬੱਚੇ ਬਿਲਕਦੇ ਫਿਰਦੇ ਹਨ । ਉਨ੍ਹਾਂ ਨੂੰ ਕੋਈ ਏਡ ਤਕ ਨਹੀਂ ਦਿੱਤੀ ਜਾਂਦੀ । ਸਾਡੀ ਗੌਰਮਿੰਟ ਨੂੰ ਚਾਹੀਦਾ ਹੈ ਕਿ ਉਹ ਇਸ ਤਰਫ਼ ਧਿਆਨ ਦੇਵੇ।

ਇਕ ਗੱਲ ਮੈਂ ਕਹਿੰਦਾ ਹਾਂ ਕਿ ਜਿਸ ਤਰ੍ਹਾਂ ਮਾਡਲ ਵਿਲੇਜ ਬਣਾਏ ਜਾਂਦੇ ਹਨ ਜਾਂ ਸ਼ਹਿਰਾਂ ਵਿਚ ਮਾਡਲ ਟਾਊਨ ਬਣਾਏ ਜਾਂਦੇ ਹਨ ਅਤੇ ਉਨ੍ਹਾਂ ਵਿਚ ਸਿਵਰੇਜ ਦਾ ਇੰਤਜ਼ਾਮ ਹੁੰਦਾ ਹੈ । ਪਰ ਬਾਕੀ ਦੇ ਜਿਹੜੇ ਪਿੰਡ ਅਤੇ ਸ਼ਹਿਰ ਹਨ ਉਨ੍ਹਾਂ ਦੀ ਸੈਨੀਟੇਸ਼ਨ ਵਲ ਘੱਟ ਧਿਆਨ ਦਿੱਤਾ ਜਾਂਦਾ ਹੈ । ਮੈਂ ਕਹਿੰਦਾ ਹਾਂ ਕਿ ਪਿੰਡਾਂ ਵਿਚ ਤਾਂ ਸੈਨੀਟੇਸ਼ਨ ਦਾ ਧਿਆਨ ਦਿੱਤਾ ਹੀ ਨਹੀਂ ਜਾਂਦਾ। 80 ਫ਼ੀ ਸਦੀ ਲੋਕ ਪਿੰਡਾਂ ਵਿਚ ਰਹਿੰਦੇ ਹਨ ਅਗਰ ਪਿੰਡਾਂ ਦੀ ਸੈਨੀਟੇਸ਼ਨ ਦਾ ਧਿਆਨ ਨਾ ਦਿੱਤਾ ਗਿਆ ਤਾਂ ਜਿਹੜੀ ਅਸੀਂ ਆਜ਼ਾਦੀ ਲਈ ਹੈ ਇਹ ਅਧੂਰੀ ਰਹਿ ਜਾਵੇਗੀ । ਮੈਡੀਕਲ ਸਾਈਡ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਮੈਡੀਕਲ ਮੰਥਨ ਮੇਰੇ ਜ਼ਿਲ੍ਹਾ ਰੋਪੜ ਵਿਚ ਸ਼ੁਰੂ ਹੋਇਆ ਸੀ । ਇਹ ਕਿਸੇ ਸੁਚੱਜੇ ਅਤੇ ਅੱਛੇ ਡਾਕਟਰ ਦੀ ਕਾਢ ਸੀ। ਲੋਕ ਇਹ ਗੱਲ ਆਖਦੇ ਸੀ ਕਿ ਅਗੇ ਤਾਂ ਮਰੀਜ਼ ਹਸਪ-ਤਾਲ ਵਿਚ ਚੱਲ ਕੇ ਜਾਂਦਾ ਸੀ ਅਤੇ ਹੁਣ ਹਸਪਤਾਲ ਮਰੀਜ਼ ਕੋਲ ਤੁਰ ਕੇ ਆਇਆ ਹੈ । ਲੋਕਾਂ ਨੇ ਗਿਆਨੀ ਜੀ ਦੀ ਸਰਕਾਰ ਨੂੰ ਬੜਾ ਸਰਾਹਿਆ । ਇਹ ਜਿਹੜੀ ਡਾਕਟਰਾਂ ਦੀ ਟੀਮ ਉਥੇ ਗਈ

ਉਸ ਨੇ ਘਰ ਘਰ ਜਾ ਕੇ ਹਰ ਬੰਦੇ ਨੂੰ ਵੇਖਿਆ ਅਤੇ ਉਨ੍ਹਾਂ ਦੇ ਕਾਰਡ ਬਣਾਏ ਅਤੇ ਦੱਸਿਆ ਕਿ ਫਲਾਂ ਫਲਾਂ ਬੀਮਾਰੀ ਹੈ । ਮੈਂ ਕਹਿੰਦਾ ਹਾਂ ਕਿ ਇਹ ਨਹੀਂ ਕਿ ਇਕ ਵਾਰੀ ਜਾ ਕੇ ਤੇ ਬੱਸ ਕਰ ਦਿਤਾ ਜਾਏ । ਉਨ੍ਹਾਂ ਨੂੰ ਦੋਬਾਰਾ ਵੇਖਣ ਲਈ ਡਾਕਟਰਾਂ ਦੀ ਇਕ ਟੀਮ ਹੋਣੀ ਚਾਹੀਦੀ ਹੈ ਜਿਹੜੀ ਕਿ ਉਨ੍ਹਾਂ ਦੀ ਬੀਮਾਰੀ ਨੂੰ ਖਤਮ ਕਰਨ ਲਈ ਉਪਰਾਲੇ ਕਰੇ । ਸਿਰਫ਼ ਕਾਰਡ ਬਣਾਉਣ ਅਤੇ ਉਸ ਤੇ ਇਹ ਨੋਟ ਕਰਨਾ ਕਿ ਫਲਾਣੀ ਫਲਾਣੀ ਬੀਮਾਰੀ ਹੈ ਇਸ ਨਾਲ ਮਸਲਾ ਹੱਲ ਨਹੀਂ ਹੋਣਾ।

ਬਕਾਇਦਾ ਉਨ੍ਹਾਂ ਨੂੰ ਮੈਡੀਕਲ ਏਡ ਮਿਲਣੀ ਚਾਹੀਦੀ ਹੈ । ਮੈਂ ਤਾਂ ਰੋਪੜ ਦੇ ਹਸਪਤਾਲ ਵਿਚ ਇਕ ਗੱਲ ਹੋਰ ਵੇਖੀ ਹੈ ਉਥੇ ਹਸਪਤਾਲ ਦੀ ਬਿਲਡਿੰਗ ਬੜੀ ਵੱਡੀ ਬਣਾਈ ਗਈ ਹੈ ਲੇਕਿਨ ਉਸ ਦਾ ਲੋਕਾਂ ਨੂੰ ਕੋਈ ਫਾਇਦਾ ਨਹੀਂ । ਉਥੇ ਨਾ ਡਾਕਟਰ ਹਨ ਨਾ ਨਰਸਾਂ ਹਨ ਅਤੇ ਨਾ ਹੀ ਦਵਾਈਆਂ ਹਨ 'ਏਹੋ ਜਿਹੇ ਹਸਪਤਾਲ ਦਾ ਕੀ ਫ਼ਾਇਦਾ ਹੈ। ਇਹ ਤਾਂ ਉਹ ਗੱਲ ਹੋ ਗਈ 'ਉਚੀ ਦੁਕਾਨ ਫੀਕਾ ਪਕਵਾਨ' (ਸ਼ੋਰ)

Mr. Speaker: Please resume your seat.

ਸਰਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ ਮੈਂ ਇਕ ਦੋ ਗੱਲਾਂ ਹੋਰ ਕਰ ਕੇ ਬੈਠ ਜਾਂਦਾ ਹਾਂ ਰੋਪੜ ਦੇ ਇਲਾਕੇ ਵਿਚ ਡਿਸਪੈਂਸਰੀਆਂ ਦੀ ਬੜੀ ਘਾਟ ਹੈ ਮੈਂ ਸਮਝਦਾ ਹਾਂ ਕਿ ਹੈਲਥ ਦੇ ਮਹਿਕਮੇਂ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ। ਚਮਕੌਰ ਸਾਹਿਬ ਦਾ ਏਰੀਆ ਇਨ੍ਹਾਂ ਨੇ ਬੈਕਵਰਡ ਕਰਾਰ ਦਿੱਤਾ ਹੈ ਇਸੇ ਤਰ੍ਹਾਂ ਸਬਮੋਨਟੇਨਿਅਸ ਏਰੀਆ ਅਤੇ ਬੇਟ ਦਾ ਏਰੀਆ ਵਿਚ ਬੀਮਾਰੀਆਂ ਵੀ ਜ਼ਿਆਦਾ ਫੈਲਦੀਆਂ ਹਨ ਇਨ੍ਹਾਂ ਇਲਾਕਿਆਂ ਵਿਚ ਇਕ ਇਕ ਡਿਸਪੈਂਸਰੀ ਜ਼ਰੂਰ ਹੋਣੀ ਚਾਹੀਦੀ ਹੈ ਇਸ ਲਈ ਮਹਿਕਮੇ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ।

ਇਕ ਗੱਲ ਮੈਂ ਐਜੂਕੇਸ਼ਨ ਦੇ ਬਾਰੇ ਕਰਨੀ ਚਾਹੁੰਦਾ ਹਾਂ ਕਿ ਜੇ. ਬੀ. ਟੀ., ਬੀ. ਐਡ, ਇੰਜੀਨਿਅਰਿੰਗ ਕਾਲਜ ਅਤੇ ਮੈਡੀਕਲ ਕਾਲਜਾਂ ਵਿਚ ਜਿਹੜੇ ਦਾਖ਼ਲੇ ਮਿਲਦੇ ਹਨ ਉਹ ਵੀ ਸਿਆਸੀ ਮਾਹੌਲ ਤੇ ਦਿੱਤੇ ਜਾਂਦੇ ਹਨ । ਮੈਰਿਟ ਤੇ ਨਹੀਂ ਦਿੱਤੇ ਜਾਂਦੇ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹ ਪੜ੍ਹਨ ਵਾਲਿਆਂ ਨਾਲ ਬਹੁਤ ਜ਼ਿਆਦਤੀ ਹੈ ਇਹ ਦਾਖਲੇ ਮੈਰਿਟ ਦੇ ਲਿਹਾਜ਼ ਨਾਲ ਮਿਲਣੇ ਚਾਹੀਦੇ ਹਨ ।

ਸਰਦਾਰ ਅਜਾਇਬ ਸਿੰਘ ਸੰਧੂ . ** ** ** (ਸ਼ੋਰ)

ਸ੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ । (ਸ਼ੋਰ) ਚੋਪੜਾ ਸਾਹਿਬ ਨੂੰ ਬੋਲ ਲੈਣ ਦਿਓ ਉਹ ਆਪਣੀ ਪਾਰਟੀ ਦੇ ਇਕੋ ਇਕ ਸਵਾ ਲੱਖ ਮੈਂਬਰ ਹਨ। (ਹਾਸਾ) (This is no point of order. (Noise) Let Chopra Sahib speak. He is the only member of his party. (*Laughter*)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਜਿਹੜੀ ਇਹ ਵਿਧਾਨਕ ਤਾਕਤ ਦੀ ਗੱਲ ਹੈ ਇਹ ਬਾਬੇ ਆਦਮ ਦੇ ਵੇਲੇ ਦੀ ਗੱਲ ਹੈ । (ਸ਼ੋਰ) (ਵਿਘਨ)

ਚੌਧਰੀ ਜਗਤ ਰਾਮ : ਤੁਸੀਂ ਕਿਹਾ ਹੈ ਕਿ ਇਹ ਪਾਰਟੀ ਦੇ ਸਵਾ ਲੱਖ ਮੈਂਬਰ ਹਨ। ਸਪੀਕਰ ਸਾਹਿਬ ਇਸ ਵਿਚ ਸਾਡਾ ਕੀ ਕਸੂਰ ਹੈ ਇਹ ਤਾਂ ਲੋਕਾਂ ਨੇ ਚੁਣਿਆ ਹੈ............. (ਸ਼ੋਰ)

Mr. Speaker: Please rsume your seat. ਚੋਪੜਾ ਸਾਹਿਬ ਦੀ ਗੱਲ ਵੀ ਸੁਣਨੀ ਚਾਹੀਦੀ ਹੈ। (Please resume your seat. Let us hear Chopra Sahib also.)

**Expunged as ordered by the Chair.

ANNOUNCEMENT BY THE SPEAKER

Mr. Speaker : I have to inform the House that at a meeting of the Leaders of the various Parties/Groups, it has been decided that the situation created by shortages and mal-distributtion of diesel, fertilizers, etc. will be discussed for $1\frac{1}{2}$ hours on the 15th March, 1974. The following adjustment in the business was also unanimously agreed.

(i) that the Legislative business which was to be taken up on the 15th of March, 1974 will now be taken up on the 14th March, 1974.

(ii) That the 20th Report of the Commissioner for Scheduled Castes and Scheduled Tribes will now be discussed on the 15th of March, 1974. The House will adjourn for Lunch at 1.30 P.M. and re-assemble to discuss the Motion regarding shortages of diesel, fertilizers etc.

I hope the House agrees with the proposal,.

Voices : Yes, yes.

Mr. Speaker : The programme already fixed and approved by the House now stands modified to this extent.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਕ ਅਡੀਸ਼ਨ ਕਰਨੀ ਹੈ। ਮੈਂ ਹੁਣੇ ਹੀ ਐਫ. ਐਮ. ਨਾਲ ਗੱਲ ਬਾਤ ਕੀਤੀ ਹੈ ਕਿ 15 ਤਾਰੀਖ ਨੂੰ ਲੰਚ ਤੁਸੀਂ ਦੇਣਾ ਚਾਹੋਗੇ। (ਹਾਸਾ)

ਸ੍ਰੀ ਸਪੀਕਰ : ਠੀਕ ਹੈ ਲੰਚ ਦਾ ਅਰੇਂਜਮੈਂਟ ਕੀਤਾ ਜਾਵੇਗਾ। (All right, arrangements for the lunch will be made.)

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਇਕ ਸਵਾਲ ਤੇ ਅੱਧਾ ਘੰਟਾ ਡਿਸਕਸ਼ਨ ਮੰਗੀ ਗਈ ਸੀ ਉਹ ਸਵਾਲ ਤੁਸੀਂ ਅਲਾਓ ਵੀ ਕੀਤਾ ਸੀ .... (ਵਿਘਨ)

ਸ੍ਰੀ ਸਪੀਕਰ : ਤੁਸੀਂ ਬੈਠ ਜਾਉ। ਇਹ ਕੋਈ ਜ਼ੀਰੋ ਆਵਰ ਨਹੀਂ ਹੈ । (ਵਿਘਨ) (Please resume your seat. This is not Zero Hour.) **(*Interruption*)**

DEMANDS FOR GRANTS (*Resumption of Discussion*)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਪੰਜਾਬ ਵਿਚ ਬੇਰੁਜ਼ਗਾਰੀ ਵੱਧ ਰਹੀ ਹੈ ਜੇ ਕੋਈ ਮੈਟਰਿਕ ਕਰ ਜਾਂਦਾ ਹੈ ਤਾਂ ਉਸ ਨੂੰ ਨੌਕਰੀ ਦੀ ਤਲਾਸ਼ ਲਈ ਧੱਕੇ ਖਾਣੇ ਪੈਂਦੇ ਹਨ ਅਤੇ ਨਾ, ਹੀ ਇਹ ਸਰਕਾਰ ਕੋਈ ਗਰੰਟੀ ਦਿੰਦੀ ਹੈ ਕਿ ਉਸ ਨੂੰ ਨੌਕਰੀ ਦਿੱਤੀ ਜਾਵੇਗੀ । ਸਪੀਕਰ ਸਾਹਿਬ, ਜਿਹੜਾ 10ਵੀਂ ਜਮਾਤ ਵਿਚ ਪਹੁੰਚਦਾ ਹੈ ਉਹ ਆਪਣੀ ਨੌਕਰੀ ਲੱਭਣੀ ਸ਼ੁਰੂ ਕਰ ਦਿੰਦਾ ਹੈ । ਕਿਉਂਕਿ ਗਰੀਬੀ ਜਿਹੜੀ ਹੈ ਇਹ ਵੀ ਕਾਫੀ ਪੰਜਾਬ ਵਿਚ ਵੱਧ ਗਈ ਹੈ।

ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਬਾਜ਼ੀਗਰਾਂ ਅਤੇ ਗਰੀਬ ਆਦਮੀਆਂ ਦੀ ਬਸਤੀਆਂ ਵਿਚ ਉਨ੍ਹਾਂ ਦੇ ਬੱਚਿਆਂ ਵਾਸਤੇ ਕੋਈ ਸਕੂਲ ਨਹੀਂ ਖੋਲ੍ਹੇ ਗਏ । ਮੈਂ ਸਰਕਾਰ ਅੱਗੇ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਬਸਤੀਆਂ ਵਿਚ ਪ੍ਰਾਇਮਰੀ ਸਕੂਲ ਖੋਲ੍ਹ ਦੇਣੇ ਚਾਹੀਦੇ ਹਨ। ਜੇ ਇਨ੍ਹਾਂ ਬੱਚਿਆਂ ਦਾ ਬੇਸਿਕ ਸਟਰੈਕਚਰ ਚੰਗਾ ਨਹੀਂ ਹੋਵੇਗਾ ਤਾਂ ਇਹ ਅੱਗੇ ਕੀ ਪੜ੍ਹ ਸਕਣਗੇ । ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਅਰਜ਼ ਕਰਾਂਗਾ ਕਿ ਪ੍ਰਾਇਮਰੀ ਸਕੂਲਾਂ ਵਿਚ ਬੱਚਿਆਂ ਨੂੰ ਵਜ਼ੀਫੇ ਦੇਣ ਦੇ ਆਰਡਰ ਕਰ ਦੇਣੇ ਚਾਹੀਦੇ ਹਨ ਜਿਸ ਨਾਲ ਬੱਚਿਆਂ ਨੂੰ ਉਤਸਾਹ ਮਿਲ ਸਕੇ ਅਤੇ ਉਹ ਆਪਣੀ ਸਟੱਡੀ ਜਾਰੀ ਰੱਖ ਸਕਣ ।

ਮੈਂ ਆਪਣੇ ਹਲਕੇ ਬਾਰੇ ਇਕ ਗਲ ਹੋਰ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਪ੍ਰਾਇਮਰੀ ਮਿਡਲ ਅਤੇ ਹਾਈ ਸਕੂਲ ਬਣਾਏ ਜਾਣ । ਮੈਂ ਆਪਣੇ ਹਲਕੇ ਵਿਚੋਂ ਡਿਸਟਰਿਕਟ ਲੈਵਲ ਤੋਂ ਕਈ ਵਾਰੀ ਦਰਖਾਸਤਾਂ ਰਿਕਮੈਂਡ ਕਰਵਾ ਕੇ ਦਿੱਤੀਆਂ ਕਿ ਉਥੇ ਜਿਹੜੇ ਪ੍ਰਾਇਮਰੀ ਸਕੂਲ ਹਨ ਉਨ੍ਹਾਂ ਨੂੰ ਮਿਡਲ ਬਣਾ ਦਿੱਤਾ ਜਾਵੇ ਅਤੇ ਜਿਹੜੇ ਮਿਡਲ ਹਨ ਉਨ੍ਹਾਂ ਨੂੰ ਹਾਈ ਸਕੂਲ ਬਣਾ ਦਿੱਤਾ ਜਾਵੇ । ਸਪੀਕਰ ਸਾਹਿਬ, ਮੇਰੇ ਹਲਕੇ ਦੇ ਪਿੰਡ ਝਨੇਰ, ਦਲੇਰ, ਕਲਿਆਨ, ਬਾਜਵਾ, ਪਨਵਾਲ ਰਗਿਆ ਰੇੜੀਨੇ ਆਦਿ ਦੀ ਇਹ ਮੰਗ ਰਹੀ ਹੈ ਕਿ ਉਥੇ ਪ੍ਰਾਇਮਰੀ ਸਕੂਲਾਂ ਨੂੰ ਮਿਡਲ ਬਣਾ ਦਿੱਤਾ ਜਾਵੇ । ਮਿਡਲ ਤੋਂ ਹਾਈ ਸਕੂਲ ਬਣਾਉਣ ਵਾਸਤੇ ਮੁਲੋਵਾਲ ਅਤੇ ਪੰਜ ਗਰਾਈਂ ਮਾਸਧ ਪੁਰ ਦੇ ਪਿੰਡਾਂ ਤੋਂ ਕਈ ਵਾਰੀ ਮੰਗ ਹੋ ਚੁਕੀ ਹੈ ਉਹ ਸਕੂਲ ਸਾਰੀਆਂ ਕੰਡੀਸ਼ਨਾਂ ਵੀ ਫੁਲ ਫਿਲ ਕਰਦੇ ਹਨ ਪਰ ਇਸ ਸਰਕਾਰ ਨੇ ਉਥੇ ਹਾਲੇ ਤਕ ਇਨ੍ਹਾਂ ਪ੍ਰਾਇਮਰੀ ਸਕੂਲਾਂ ਨੂੰ ਮਿਡਲ ਅਤੇ ਮਿਡਲ ਸਕੂਲਾਂ ਨੂੰ ਹਾਈ ਸਕੂਲ ਨਹੀਂ ਬਣਾਇਆ ।

ਇਸ ਸਰਕਾਰ ਨੇ ਸ਼ੇਰਪੁਰ ਹਲਕੇ ਨੂੰ ਪਛੜਿਆ ਹੋਇਆ ਇਲਾਕਾ ਕਰਾਰ ਦਿੱਤਾ ਹੈ ਪਰ ਉਥੇ ਸਕੂਲ ਖੋਲ੍ਹੇ ਜਾਣ ਦਾ ਇਨ੍ਹਾਂ ਨੇ ਕੋਈ ਵਿਚਾਰ ਨਹੀਂ ਕੀਤਾ । ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਪਾਸੇ ਛੇਤੀ ਧਿਆਨ ਦੇਣਾ ਚਾਹੀਦਾ ਹੈ ।

ਇਕ ਗੱਲ ਮੈਂ ਸਰਕਾਰੀ ਮੁਲਾਜ਼ਮਾਂ ਬਾਰੇ ਹੋਰ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਸਰਕਾਰ ਹੈ ਇਹ ਮੁਲਾਜ਼ਮਾਂ ਨਾਲ ਬਹੁਤ ਹੇਰਾ ਫੇਰੀ ਕਰ ਰਹੀ ਹੈ । ਮੁਲਾਜ਼ਮਾਂ ਦੀਆਂ ਮੰਗਾਂ ਵਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ । ਜਿਹੜੇ ਇਨ੍ਹਾਂ ਨੇ ਵਾਇਦੇ ਕੀਤੇ ਹਨ ਉਹ ਝੂਠੇ ਹੋ ਰਹੇ ਹਨ। 1970 ਵਿਚ ਭਾਵੇਂ ਅਕਾਲੀ ਸਰਕਾਰ ਨੇ ਵੀ ਵਾਇਦਾ ਕੀਤਾ ਸੀ ਅਤੇ ਹਾਊਸ ਵਿਚ ਇਸ ਦੀ ਅਨਾ-ਉਂਸਮੈਂਟ ਵੀ ਕੀਤੀ ਸੀ ਕਿ ਅਸੀਂ ਰੇਟ ਆਫ ਇਨਕਰੀਮੈਂਟ ਜਿਹੜੀ ਕਿ ਟੀਚਰਜ਼ ਦੀ ਜਾਇਜ਼ ਮੰਗ ਸੀ ਉਸ ਨੂੰ ਵਧਾ ਦਿੱਤਾ ਹੈ ਤੇ ਬਜਟ ਵਿਚ ਪਾਸ ਕੀਤਾ ਹੈ ਪਰ ਉਸ ਤੋਂ ਬਾਅਦ ਗਵਰਨਰੀ ਰਾਜ ਆ ਗਿਆ ਅਤੇ ਇਹ ਮਾਮਲਾ ਖੱਟੇ ਵਿਚ ਪੈ ਗਿਆ । 1972 ਵਿਚ ਫਿਰ ਇਸ ਸਰਕਾਰ ਨੇ ਇਹ ਐਲਾਨ ਕੀਤਾ ਕਿ ਅਸੀਂ ਰੇਟ ਆਫ ਇਨਕਰੀਮੈਂਟ ਹਾਊਸ ਰੈਂਟ ਫਲੈਟ ਰੇਟ ਅਤੇ ਹੈਡਮਾਸਟਰਾਂ ਦੇ ਗਰੇਡ 400-800 ਕਰ ਦਿਆਂਗੇ ਅਤੇ ਇਹ ਪਰਵਾਨ ਵੀ ਕਰ ਲਿਆ ਸੀ ਪਰ ਫਿਰ ਪਤਾ ਨਹੀਂ ਇਹ ਐਲਾਨ ਕਿਉਂ ਖੱਟੇ ਵਿਚ ਪਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ਕਿ ਇਸ ਸਰਕਾਰ ਨੂੰ ਜੋ ਮੁਲਾਜ਼ਮਾਂ ਨਾਲ ਵਾਇਦੇ ਕਰਦੀ ਹੈ ਉਹ ਪੂਰੇ ਕਰਨੇ ਚਾਹੀਦੇ ਹਨ ਇਹ ਇਨ੍ਹਾਂ ਦਾ ਮੋਰਲ ਫਰਜ਼ ਬਣਦਾ ਹੈ ।

ਸਪੀਕਰ ਸਾਹਿਬ, ਇਨ੍ਹਾਂ ਨੇ ਰੂਲ 3.17 ਵਿਚ ਅਮੈਂਡਮੈਂਟ ਕਰ ਕੇ ਟਰੇਡ ਯੂਨੀਅਨ ਦੇ ਹੱਕਾਂ ਤੇ ਛਾਪਾ ਮਾਰਿਆ ਹੈ ਅਤੇ ਉਨ੍ਹਾਂ ਤੇ ਪਾਬੰਦੀ ਲਗਾ ਦਿੱਤੀ ਗਈ ਹੈ......................

ਸ੍ਰੀ ਸਪੀਕਰ : : ਅੱਜ ਐਜੂਕੇਸ਼ਨ ਦੀ ਡੀਮਾਂਡ ਤੇ ਬੋਲਣਾ ਸੀ। ਤੁਸੀਂ ਰੈਲੇਵੈਂਟ ਨਹੀਂ ਬੋਲ ਰਹੇ । (Education demands are before the House. You are not relevant.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਜਿਥੋਂ ਤਕ ਪ੍ਰਮੋਸ਼ਨਜ਼ ਦਾ ਸਵਾਲ ਹੈ, ਉਹ ਵੀ ਮੈਂ ਦੱਸਦਾ ਹਾਂ। ਪ੍ਰਮੋਸ਼ਨ ਕਿਸ ਨੂੰ ਦਿੱਤੀ ਜਾਂਦੀ ਹੈ ਜਿਹੜਾ ਕਿ ਮਹਾਂ-ਦੱਲਾ ਹੋਵੇ, ਰੱਦੀ ਹੋਵੇ। ਡਿਸਟਰਿਕਟ ਸੰਗਰੂਰ ਵਿਚ ਹਰੀ ਸਿੰਘ ਟਾਂਗ ਨੂੰ ਪ੍ਰਮੋਟ ਕੀਤਾ ਹੈ। ਉਸ ਨੇ ਜਾਹਲੀ ਸ਼ਡਿਊਲਡ ਕਾਸਟ ਦਾ ਸਰਟੀ-ਫਿਕੇਟ ਬਣਾਇਆ ਹੋਇਆ ਹੈ । ਇਹ ਪੜਤਾਲ ਕਰਨੀ ਚਾਹੀਦੀ ਹੈ। ਉਸ ਨਾਲੋਂ ਕਈ ਹੋਰ ਸੀਨੀ-ਅਰ ਬੈਠੇ ਹਨ । ਇਸ ਤਰ੍ਹਾਂ ਹੀ ਬੀ. ਈ. ਓ. ਧੂਰੀ ਹੈ। ਉਸ ਨੇ ਨਜਾਇਜ਼ ਟੀ. ਏ. ਬਿਲ ਤੇ ਦਸਖਤ

[ਮਾਸਟਰ ਚੰਦ ਸਿੰਘ]

ਕੀਤੇ ਹਨ । ਇਸ ਤਰ੍ਹਾਂ ਹੀ ਸਪੀਕਰ ਸਾਹਿਬ, ਬੀ. ਈ. ਓ. ਧੂਰੀ ਬਿਲਡਿੰਗ ਫੰਡ ਜਾਂ ਹੋਰ ਇਸ ਤਰ੍ਹਾਂ ਦੇ ਫੰਡਜ਼ ਹੁੰਦੇ ਹਨ ਉਨ੍ਹਾਂ ਦੀ ਦੁਰ ਵਰਤੋਂ ਕੀਤੀ ਜਾਂਦੀ ਹੈ । ਉਸ ਦੇ ਖਿਲਾਫ ਇਨਕੁਆਇਰੀ ਵੀ ਹੋਈ ਹੈ ਪਰ ਨਿਕਲਿਆ ਕੁਝ ਨਹੀਂ ਹੈ । ਇਸ ਦੀ ਵਿਜੀਲੈਂਸ ਤੋਂ ਇਨਕੁਆਇਰੀ ਕਰਾਉਣੀ ਚਾਹੀਦੀ ਹੈ ।

ਸ੍ਰੀ ਸਪੀਕਰ : : ਤੁਸੀਂ ਵਾਈਂਡ ਅੱਪ ਕਰੋ । (Please wind up.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਕਨਫਰਮੇਸ਼ਨਾਂ ਦਾ ਮਸਲਾ ਹੈ । ਕਨ-ਫਰਮੇਸ਼ਨਾਂ ਦੇ ਕੇਸ ਦਸ ਦਸ ਸਾਲਾਂ ਤੋਂ ਪਏ ਹਨ, ਕੋਈ ਪਰਵਾਹ ਨਹੀਂ ਕੀਤੀ ਜਾਂਦੀ । ਮੈਂ ਸਮਝਦਾ ਹਾਂ ਕਿ ਕਰਮਚਾਰੀਆਂ ਦੀ ਕਨਫਰਮੇਸ਼ਨ ਕਰ ਦੇਣੀ ਚਾਹੀਦੀ ਹੈ । ਸੀਨੀਆਰਿਟੀ ਲਿਸਟਾਂ ਬਣਾਉਣੀਆਂ ਚਾਹੀਦੀਆਂ ਹਨ ।

ਸਪੀਕਰ ਸਾਹਿਬ, ਇਕ ਇਨ੍ਹਾਂ ਨੇ ਪੀ. ਟੀ. ਆਈਜ਼ ਨੂੰ ਸਪੈਸ਼ਲ ਅਲਾਊਂਸ ਸੰਨ 1963 ਵਿਚ ਦੇਣ ਦਾ ਇਲਾਨ ਕੀਤਾ ਸੀ ਕਿ ਜਿਹੜੇ N. D. S. I. ਦੀ ਤਿੰਨ ਮਹੀਨੇ ਦੀ ਟ੍ਰੇਨਿੰਗ ਤੇ ਗਏ ਸੀ ਉਨ੍ਹਾਂ ਨੂੰ ਸਪੈਸ਼ਲ ਅਲਾਊਂਸ ਦਿਤਾ ਜਾਵੇਗਾ ਪਰ ਹੁਣ ਗਿਆਰਾਂ ਸਾਲ ਹੋ ਚੁੱਕੇ ਹਨ ਉਹ ਅਲਾਊਂਸ ਨਹੀਂ ਦਿਤਾ ਗਿਆ । ਉਹ ਦੇ ਦੇਣਾ ਚਾਹੀਦਾ ਹੈ । (ਘੰਟੀ)

ਇਸ ਤਰ੍ਹਾਂ ਹੀ ਸਪੀਕਰ ਸਾਹਿਬ, ਇਕ ਹੋਰ ਮਸਲਾ ਹੈ । ਸਰਕਾਰ ਨੇ ਸਕੂਲਾਂ ਵਿਚ ਸੰਸਕ੍ਰਿਤ ਸਬਜੈਕਟ ਚਲਾਇਆ ਹੋਇਆ ਹੈ ਪਰ ਕੀਤਾ ਇਹ ਹੋਇਆ ਹੈ ਕਿ ਵਿਦਿਆਰਥੀ 9 ਵੀਂ ਜਮਾਤ ਵਿਚ ਸੰਸਕ੍ਰਿਤ ਨਹੀਂ ਰਖ ਸਕਦਾ ਦਸਵੀਂ ਵਿਚ ਰਖ ਸਕਦਾ ਹੈ । ਇਹ ਸਪੀਕਰ ਸਾਹਿਬ, ਸਾਡੀ ਸਨਾਤਨੀ ਬੋਲੀ ਹੈ । ਇਸ ਲਈ 9ਵੀਂ ਦੇ ਵਿਦਿਆਰਥੀਆਂ ਨੂੰ ਵੀ ਇਹ ਸਬਜੈਕਟ ਰੱਖਣ ਦੀ ਆਗਿਆ ਹੋਣੀ ਚਾਹੀਦੀ ਹੈ ।

ਇਨ੍ਹਾਂ ਨੇ ਕਿਹਾ ਹੈ ਕਿ ਸੈਸ਼ਨ ਵਿਚ ਕਾਲਜ ਟੀਚਰਜ਼ ਦੀ ਸਰਵਿਸ ਸਿਕਿਉਰਿਟੀ ਵਾਸਤੇ ਬਿਲ ਲਿਆਉਣਾ ਹੈ । ਮੈਂ ਇਨ੍ਹਾਂ ਨੂੰ ਇਹ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਇਹ ਬਿਲ ਸੰਨ 1969 ਦੇ ਬਿੱਲ ਵਰਗਾ ਨਾ ਲੈ ਆਉਣਾ ਉਸ ਐਕਟ ਵਿਚ ਸਾਰੇ ਹੀ ਅਧਿਕਾਰ ਮੈਨੇਜਮੈਂਟ ਨੂੰ ਦਿੱਤੇ ਗਏ ਸਨ । ਉਹ ਬਿਲ ਦਿੱਲੀ ਪੈਟਰਨ ਤੇ ਹੋਣਾ ਚਾਹੀਦਾ ਹੈ । (ਇਸ ਸਮੇਂ ਸਿਖਿਆ ਮੰਤਰੀ ਜੀ ਹਾਊਸ ਵਿਚ ਆਏ) ਚੌਧਰੀ ਸਾਹਿਬ ਤੁਸੀਂ ਆ ਗਏ ਹੋ । ਚੰਗਾ ਹੋਇਆ ਮੈਂ ਬਹੁਤ ਗੱਲਾਂ ਕਰਨੀਆਂ ਚਾਹੁੰਦਾ ਸੀ ।

ਸ੍ਰੀ ਸਪੀਕਰ : ਤੁਸੀਂ ਤਸ਼ਰੀਫ ਰੱਖੋ । (Please resume your seat.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਸਿਰਫ ਇਕ ਮਿੰਟ ਹੋਰ ਬੋਲਾਂਗਾ ਜੀ ।

ਸ੍ਰੀ ਸਪੀਕਰ : ਤੁਹਾਡੇ ਹਿੱਸੇ ਸਿਰਫ ਇਕ ਮਿੰਟ ਆਉਂਦਾ ਹੈ ਔਰ ਅੱਠ ਮਿੰਟ ਤੁਸੀਂ ਲੈ ਚੁੱਕੇ ਹੋ । (Only one minute falls to your share whereas you have already taken eight minutes.)

ਮਾਸਟਰ ਚੰਦ ਸਿੰਘ : ਮੈਂ ਸਰਦਾਰ ਬਲਬੀਰ ਸਿੰਘ ਜੀ ਨੂੰ ਕਹਾਂਗਾ ਕਿ ਪਟਿਆਲੇ ਇਨਕੁਆ-ਇਰੀ ਹੋਈ ਸੀ ਸੰਨ 1973 ਵਿਚ । ਦਵਾਈਆਂ ਵਿਚ ਰੇਤ ਮਿਲੀ ਹੋਈ ਨਿਕਲੀ ਸੀ । ਕਸ-ਤੂਰੀ ਨਕਲੀ ਸੀ । ਉਸ ਨੂੰ ਸੀਲ ਬੰਦ ਕੀਤਾ ਗਿਆ ਸੀ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ । ਉਨ੍ਹਾਂ ਮੁਲਾਜ਼ਮਾਂ ਤੇ ਕਿਉਂ ਐਕਸ਼ਨ ਨਹੀਂ ਲਿਆ ਗਿਆ । ਉਨ੍ਹਾਂ ਤੇ ਐਕਸ਼ਨ ਲੈਣਾ ਚਾਹੀਦਾ ਹੈ । ਮੈਂ ਤਾਂ ਇਹ ਵੀ ਕਹਾਂਗਾ ਕਿ ਇਕ ਡਾਇਰੈਕਟੋਰੇਟ ਵੱਖਰਾ ਹੀ ਬਣਾਉਣਾ ਚਾਹੀਦਾ ਹੈ ਆਯੁਰਵੈਦਿਕ ਸਿਸਟਮ ਵਾਸਤੇ । ਜੇਕਰ ਵੱਖਰਾ ਡਾਇਰੈਕਟੋਰੇਟ ਹੋਵੇ ਤਾਂ ਸਾਰੀਆਂ ਮੁਸ਼ਕਲਾਂ ਹੱਲ ਹੋ ਸਕਦੀਆਂ ਹਨ । ਧੰਨਵਾਦ ।

EXTENSION OF TIME OF THE SITTING

ਸ੍ਰੀ ਸਪੀਕਰ: ਜੇਕਰ ਆਨਰੇਬਲ ਮੈਂਬਰ ਡੀਬੇਟ ਵਿਚ ਹੋਰ ਹਿੱਸਾ ਲੈਣਾ ਚਾਹੁੰਣਗੇ ਤਾਂ ਹਾਊਸ ਦਾ ਟਾਈਮ ਹੋਰ ਵਧਾਉਣਾ ਪਵੇਗਾ ਕਿਉਂਕਿ ਦੋ ਮਨਿਸਟਰਾਂ ਨੇ ਵੀ ਬੋਲਣਾ ਹੈ—ਇਕ ਹੈਲਥ ਮਨਿਸਟਰ ਸਾਹਿਬ ਨੇ, ਔਰ ਦੂਸਰਾ ਐਜੂਕੇਸ਼ਨ ਮਨਿਸਟਰ ਸਾਹਿਬ ਨੇ। ਮੇਰਾ ਖਿਆਲ ਹੈ ਕਿ ਹਾਊਸ ਦਾ ਸਮਾਂ ਅਧੇ ਘੰਟੇ ਲਈ ਐਕਸਟੈਂਡ ਕਰ ਦਿੱਤਾ ਜਾਵੇ ਤਾਂ ਠੀਕ ਹੈ। (If more hon'ble Members want to participate in the debate then the time of the sitting will have to be extended because two Ministers-Health Minister and Education Minister have to take part in the debate. I think it would be better if time of the sitting is extended by half an hour.)

Voices Yes, Yes.

Mr. Speaker : The time of the sitting is extended by half an hour.

Chief Parliamentary Secretary : Sir, immediately after the session, there is an important meeting.

(ਇਸ ਸਮੇਂ ਗਿਆਨੀ ਅਰਜਨ ਸਿੰਘ ਜੀ ਲਿੱਟ ਬੋਲਣ ਲਈ ਖੜੇ, ਹੋਏ)

ਸ੍ਰੀ ਸਪੀਕਰ : ਤੁਸੀਂ ਕੱਲ੍ਹ ਨੂੰ ਬੋਲ ਲੈਣਾ। ਹੁਣ ਹੈਲਥ ਮਨਿਸਟਰ ਸਾਹਿਬ ਸਪੀਚ ਕਰਨਗੇ। (You may take part in the discussion tomorrow. Now the Health Minister will speak.)

DEMANDS FOR GRANTS

(Resumption of Discussion)

ਰਾਜ ਮੰਤਰੀ ਸਿਹਤ ਅਤੇ ਪਰਿਵਾਰ ਨਿਯੋਜਨ (ਸਰਦਾਰ ਬਲਬੀਰ ਸਿੰਘ): ਸਪੀਕਰ ਸਾਹਿਬ, ਪੰਜਾਬ ਦੀ ਆਬਾਦੀ ਸੰਨ 1971 ਵਿਚ 1 ਕਰੋੜ 35 ਲੱਖ ਸੀ ਅਤੇ ਇਹ ਖਿਆਲ ਕੀਤਾ ਜਾਂਦਾ ਹੈ ਕਿ ਸਨ 1973 ਦੇ ਅੱਧ ਤਕ ਇਸ ਦੀ ਆਬਾਦੀ 1 ਕਰੋੜ 45 ਲੱਖ ਹੋ ਗਈ ਹੈ। ਪੰਜਾਬ ਵਿਚ ਇਕ ਵਰਗ ਕਿਲੋ ਮੀਟਰ ਵਿਚ 290 ਵਿਅਕਤੀ ਰਹਿੰਦੇ ਹਨ। ਦਿਹਾਤਾਂ ਵਿਚ 77 ਫੀ ਸਦੀ ਆਬਾਦੀ ਹੈ ਔਰ ਸ਼ਹਿਰਾਂ ਵਿਚ 23.73 ਫੀ ਸਦੀ ਹੈ। ਪੰਜਾਬ ਵਿਚ 591 ਅਲੋਪੈਥਿਕ ਹਸਪਤਾਲ, ਡਿਸਪੈਂਸਰੀਆਂ ਤੇ ਪ੍ਰਾਇਮਰੀ ਹੈਲਥ ਸੈਂਟਰ ਹਨ। ਹਸਪਤਾਲਾਂ ਵਿਚ ਪੰਜਾਬ ਵਿਚ ਦਸ ਹਜ਼ਾਰ ਮੰਜੇ ਹਨ ਜਿਨ੍ਹਾਂ ਵਿਚੋਂ 1,939 ਪਿੰਡਾਂ ਵਿਚ ਹਨ ਅਤੇ 8 ਹਜ਼ਾਰ ਸ਼ਹਿਰਾਂ ਵਿਚ ਹਨ। ਸਾਢੇ ਪੰਜ ਹਜ਼ਾਰ ਦੀ ਆਬਾਦੀ ਪਿੱਛੇ ਪਿੰਡਾਂ ਵਿਚ ਇਕ ਹਸਪਤਾਲ ਹੈ ਔਰ ਸ਼ਹਿਰਾਂ ਵਿਚ 419 ਦੀ ਆਬਾਦੀ ਪਿੱਛੇ ਇਕ ਬਣਦਾ ਹੈ। ਦਿਹਾਤੀ ਲੋਕਾਂ ਲਈ ਵੀ ਇਕ ਡਾਕਟਰ ਦੀ ਸੇਵਾ ਸਾਢੇ 17 ਹਜ਼ਾਰ ਲੋਕਾਂ ਨੂੰ ਪ੍ਰਾਪਤ ਹੈ ਔਰ ਸ਼ਹਿਰਾਂ ਵਿਚ ਇਕ ਡਾਕਟਰ 2,800 ਲੋਕਾਂ ਨੂੰ ਆਪਣੀ ਸੇਵਾ ਦੇ ਰਿਹਾ ਹੈ। ਇਹ ਬਹੁਤ ਵੱਡਾ ਇਮਬੈਲੈਂਸ ਹੈ। ਇਸ ਲਈ ਸਰਕਾਰ ਇਸ ਵੱਡੇ ਪਾੜੇ ਨੂੰ ਦੂਰ ਕਰਨ ਦੇ ਯਤਨ ਕਰ ਰਹੀ ਹੈ। ਪੰਜਾਬ ਵਿਚ ਪਿੰਡਾਂ ਵਿਚ 77 ਫੀ ਸਦੀ ਵਸੋਂ ਹੈ ਉਥੇ ਮੈਡੀਕਲ ਕੇਅਰ ਪਹੁੰਚਾਉਣ ਲਈ ਸਰਕਾਰ ਹਰ ਯਤਨ ਕਰ ਰਹੀ ਹੈ। ਇਸ ਕੰਮ ਲਈ ਪਹਿਲਾਂ 9.30 ਰੁਪਏ ਇਕ ਵਿਅਕਤੀ ਤੇ ਖਰਚ ਹੁੰਦੇ ਸਨ ਪਰ ਹੁਣ ਇਹ ਖਰਚਾ 15 ਰੁਪਏ ਇਕ ਵਿਅਕਤੀ ਪਿੱਛੇ ਕੀਤਾ ਜਾਣਾ ਹੈ। (ਥੰਪਿੰਗ)ਇਸ ਤਰ੍ਹਾਂ ਹੀ ਦਵਾਈਆਂ ਤੇ ਵੀ ਵੱਧ ਖਰਚ ਕੀਤਾ ਜਾ ਰਿਹਾ ਹੈ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਨੂੰ ਇਸ ਮੰਗ ਤੇ ਬੋਲਣ ਨਹੀਂ ਦਿੱਤਾ ਪਰ ਮੈਂ ਵਜ਼ੀਰ ਸਾਹਿਬ ਨੂੰ ਇਕ ਪ੍ਰਸ਼ਨ ਕਰਾਂਗਾ।

ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ : ਸਪੀਕਰ ਸਾਹਿਬ, ਇਹ ਕੋਈ ਕੁਐਸਚਨ ਆਵਰ ਤਾਂ ਨਹੀਂ ਹੈ ।

Mr. Speaker : Please resume your seat.

ਗਿਆਨੀ ਕੁੰਦਨ ਸਿੰਘ ਪਤੰਗ : ਇਸ ਨੂੰ ਕੀ ਪਤਾ ਕਿ ਕੁਐਸਚਨ ਆਵਰ ਕਿਹੜਾ ਵੇਲਾ ਹੁੰਦਾ ਹੈ । (ਹਾਸਾ)

ਰਾਜ ਮੰਤਰੀ ਸਿਹਤ ਅਤੇ ਪਰਿਵਾਰ ਨਿਯੋਜਨ : ਸਪੀਕਰ ਸਾਹਿਬ, ਮੈਂ ਇਹ ਜਿਹੜੀ ਗੱਲ ਕਹੀ ਹੈ ਕਿ ਪਿੰਡਾਂ ਵਲ ਘੱਟ ਧਿਆਨ ਦਿੱਤਾ ਗਿਆ ਹੈ ਉਸ ਨੂੰ ਠੀਕ ਕਰਨ ਲਈ ਸਤੰਬਰ, 1973 ਵਿਚ ਇਕ ਮੈਡੀਕਲ ਮੰਥਨ ਸਕੀਮ ਚਲਾਈ ਗਈ ਹੈ। ਅੱਠ ਨੌਂ ਪੈਰਾ ਮੈਡੀਕਲ ਸਟਾਫ ਦੇ ਵਿਅਕਤੀਆਂ ਨੂੰ ਨਾਲ ਲੈ ਕੇ ਪਿੰਡਾਂ ਵਿਚ ਜਾ ਕੇ ਪਿੰਡਾਂ ਵਿਚ ਡਾਕਟਰੀ ਸੇਵਾ ਦਿੰਦੇ ਹਨ । ਜਿਨ੍ਹਾਂ ਛੋਟੇ ਬੱਚਿਆਂ ਨੂੰ ਚੇਚਕ ਦਾ ਟੀਕਾ ਨਹੀਂ ਲੱਗਿਆ ਉਨ੍ਹਾਂ ਨੂੰ ਉਹ ਲੱਭਦੇ ਹਨ ਔਰ ਉਹ ਟੀਕਾ ਲਗਾਉਂਦੇ ਹਨ । ਇਸ ਤਰ੍ਹਾਂ ਹੀ ਹਲਕੇ ਕੁਤਿਆਂ ਨੂੰ ਮਾਰਨ ਦਾ ਕੰਮ ਵੀ ਟੀਮਾਂ ਕਰਦੀਆਂ ਹਨ। ਸਪੀਕਰ ਸਾਹਿਬ, ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸਰਕਾਰੀ ਹਸਪਤਾਲਾਂ ਵਿਚ, ਪ੍ਰਾਇਮਰੀ ਹੈਲਥ ਸੈਂਟਰਾਂ ਵਿਚ, ਰੋਜ਼ਾਨਾ ਦਵਾਈਆਂ ਲੈਣ ਵਾਲੇ 28 ਫੀਸਦੀ ਵਧ ਗਏ ਹਨ ਔਰ ਜਿਹੜਾ ਹਲਕੇ ਕੁਤਿਆਂ ਦਾ ਇਲਾਜ ਕਰਾਉਂਦੇ ਸਨ ਉਹ ਪਹਿਲਾਂ ਨਾਲੋਂ 18 ਫੀ ਸਦੀ ਘੱਟ ਹੋ ਗਏ ਹਨ ।

ਇਕ ਮਾਨਯੋਗ ਮੈਂਬਰ : ** ** ** **

ਸ਼੍ਰੀ ਸਪੀਕਰ : ਜੋ ਕੁਝ ਵੀ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਹਨ ਉਹ ਰੀਕਾਰਡ ਨਾ ਕੀਤਾ ਜਾਵੇ । (Whatever the hon'ble Member is saying while seated, should not be recorded.)

ਰਾਜ ਮੰਤਰੀ ਸਿਹਤ ਅਤੇ ਪਰਿਵਾਰ ਨਿਯੋਜਨ : ਸਪੀਕਰ ਸਾਹਿਬ ਇਸ ਬਹੁ-ਮੰਤਵੀ ਸਕੀਮ ਤੇ ਪੂਰੀ ਤਰ੍ਹਾਂ ਨਾਲ ਕੰਮ ਹੋ ਰਿਹਾ ਹੈ। ਇਹ 1973 ਵਿਚ ਸ਼ੁਰੂ ਕੀਤਾ ਗਿਆ ਸੀ ਔਰ ਹੁਣ ਤਕ ਚਾਰ ਜ਼ਿਲ੍ਹਿਆਂ ਦਾ ਮੈਡੀਕਲ ਮੰਥਨ ਹੋ ਚੁੱਕਿਆ ਹੈ। ਰੋਪੜ ਪਟਿਆਲੇ ਔਰ ਲੁਧਿਆਣੇ ਵਿਚ ਇਹ ਕੰਮ ਹੋ ਚੁੱਕਿਆ ਹੈ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਹੁਸ਼ਿਆਰਪੁਰ ਪਿਛੜਿਆ ਹੋਇਆ ਏਰੀਆ ਹੈ, ਉਥੇ ਇਕ ਮੰਥਨ ਕਿਉਂ ਸ਼ੁਰੂ ਨਹੀਂ ਕਰਦੇ ।

ਸ਼੍ਰੀ ਸਪੀਕਰ : ਤੁਸੀਂ ਇਨਟਰਪਟ ਨਾ ਕਰੋ ਤਸ਼ਰੀਫ ਰੱਖੋ । (You should not interrupt. Please resume your seat)

ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ : ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਦੇ ਜ਼ਿਲ੍ਹੇ ਦਾ ਮੈਡੀਕਲ ਮੰਥਨ ਨਹੀਂ ਹੋਇਆ । ਮੈਂ ਇਸ ਬਾਰੇ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਮੈਡੀਕਲ ਮੰਥਨ ਕਿਸੇ ਜ਼ਿਲ੍ਹੇ ਵਾਸਤੇ ਹੀ ਸੀਮਿਤ ਨਹੀਂ, ਹਰ ਜ਼ਿਲ੍ਹੇ ਵਿਚ ਕੀਤਾ ਜਾਵੇਗਾ, ਹੁਸ਼ਿਆਰਪੁਰ ਦੀ ਵਾਰੀ ਵੀ ਆ ਜਾਵੇਗੀ ।

ਸ਼੍ਰੀ ਸਪੀਕਰ : ਪਛੜਿਆ ਜ਼ਿਲ੍ਹਾ ਹੈ, ਪਿਛੋਂ ਵਾਰੀ ਆਵੇਗੀ । (Hoshiarpur is a backward district so it will be considered later on.)

ਰਾਜ ਮੰਤਰੀ ਸਿਹਤ ਅਤੇ ਪਰਿਵਾਰ ਨਿਯੋਜਨ : ਪਹਿਲਾਂ ਰੋਪੜ ਨੂੰ ਲਿਆ ਅਤੇ ਫਿਰ ਬਠਿੰਡਾ। ਇਨ੍ਹਾਂ ਵਿਚ 22 ਮਾਸ ਸਰਜੀਕਲ ਕੈਂਪਸ ਲੱਗੇ ਅਤੇ 1,500 ਅਪਰੇਸ਼ਨ ਹੋਏ । ਕਨੇਡੀਅਨ ਸਾਹਿਬ ਨੇ ਆਪਣੇ ਭਾਸ਼ਨ ਵਿਚ ਇਹ ਤੌਖਲਾ ਪ੍ਰਗਟ ਕੀਤਾ ਕਿ ਜਿੰਨੇ ਮੈਡੀਕਲ ਮੰਥਨ ਹੋਏ, ਉਨ੍ਹਾਂ ਕਾਰਨ

**Not recorded as ordered by the Chair.

ਜਿਹੜੇ ਡਿਸਪੈਂਸਰੀਆਂ ਅਤੇ ਹਾਸਪਿਟਲਾਂ ਦੇ ਡਾਕਟਰ ਸਨ, ਉਨ੍ਹਾਂ ਨੂੰ ਦੂਜੇ ਜ਼ਿਲ੍ਹੇ ਵਿਚ ਭੇਜ ਦਿੱਤਾ ਜਿਸ ਦੇ ਕਾਰਨ ਕਈ ਲੋਕ ਇਲਾਜ ਤੋਂ ਬਿਨਾ ਰਹਿ ਗਏ ਕਿਉਂਕਿ ਜਦੋਂ ਉਹ ਡਾਕਟਰ ਮੈਡੀਕਲ ਮੰਥਨ ਵਿਚ ਚਲੇ ਜਾਂਦੇ ਸਨ ਤਾਂ ਉਥੇ ਕੋਈ ਨਹੀਂ ਸੀ ਹੁੰਦਾ। ਇਹ ਉਨ੍ਹਾਂ ਦੀ ਗੱਲ ਬਿਲਕੁਲ ਬੇਬੁਨਿਆਦ ਹੈ। ਅਸੀਂ ਉਥੋਂ ਡਾਕਟਰ ਲੈ ਜਾਂਦੇ ਹਾਂ ਜਿਥੇ ਇਕ ਤੋਂ ਵੱਧ ਡਾਕਟਰ ਡਿਸਪੈਂਸਰੀ ਵਿਚ ਹੋਵੇ। ਕਿਤੇ ਵੀ ਇਹ ਗੱਲ ਸਾਡੇ ਨੋਟਿਸ ਵਿਚ ਨਹੀਂ ਆਈ ਕਿ ਜਿਸ ਮੈਡੀਕਲ ਮੰਥਨ ਕਾਰਨ ਕੋਈ ਡਾਕਟਰ ਡਿਸਪੈਂਸਰੀ ਵਿਚ ਨਾ ਹੋਵੇ। ਸੋ, ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਦੱਸ ਰਿਹਾ ਸੀ, ਜਿਹੜੇ ਮਾਸ ਸਰਜੀਕਲ ਕੈਂਪਸ ਲੱਗੇ ਹਨ, ਉਸ ਵਿਚ ਰੋਪੜ ਵਿਚ ਡਾਇਬਟੀਜ਼ ਦਾ ਰੋਗ ਨਿਵਾਰਨ ਕੈਂਪ ਲਗਾਇਆ ਗਿਆ ਅਤੇ 150 ਵਿਅਕਤੀਆਂ ਦਾ ਇਲਾਜ ਕੀਤਾ ਗਿਆ। ਦਿਲ ਦੀਆਂ ਅਤੇ ਬਲੱਡ ਪਰੈੱਸ਼ਰ ਦੀਆਂ ਬੀਮਾਰੀਆਂ ਦੇ ਬਾਰੇ ਵਿਚ 182 ਵਿਅਕਤੀਆਂ ਦਾ ਇਲਾਜ ਕੀਤਾ ਗਿਆ। ਸਪੀਕਰ ਸਾਹਿਬ, ਮਾਸ ਮਿਨਿਏਚਰ ਐਕਸਰੇ ਪਲਾਂਟ ਜਿਹੜਾ ਕਿ ਵਰਤੋਂ ਵਿਚ ਨਹੀਂ ਸੀ ਆਉਂਦਾ, ਉਸ ਦੇ ਜ਼ਰੀਏ 1,900 ਲੋਕਾਂ ਦਾ ਐਕਸਰੇ ਕੀਤਾ ਗਿਆ।

ਸ੍ਰੀ ਸਪੀਕਰ : ਸਰਦਾਰ ਬਲਬੀਰ ਸਿੰਘ ਜੀ, ਤੁਸੀਂ ਹੋਰ ਕਿੰਨਾਂ ਸਮਾਂ ਲਵੋਗੇ ? (Sardar Balbir Singh, how much more time will you take ?)

ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ : 10 ਮਿੰਟ ਲਵਾਂਗਾ ਜੀ। ਸਪੀਕਰ ਸਾਹਿਬ ਡਾਕਟਰੀ ਸਹੂਲਤਾਂ ਪੰਜਵੀਂ ਯੋਜਨਾ ਵਿਚ ਹਰ ਇਲਾਕੇ ਵਿਚ ਸੂਬੇ ਦੇ ਅੰਦਰ ਪੁੱਜ ਜਾਣਗੀਆਂ। ਇਸ ਵਾਸਤੇ 244 ਲੱਖ ਰੁਪਿਆ ਰਖਿਆ ਹੈ ਅਤੇ 175 ਡਿਸਪੈਂਸਰੀਆਂ ਖੋਲ੍ਹੀਆਂ ਜਾਣਗੀਆਂ। ਪੰਜਵੀਂ ਯੋਜਨਾ ਦੇ ਪਹਿਲੇ ਸਾਲ ਵਿਚ ਸਬ-ਸੈਂਟਰ ਪੱਧਰ ਤੇ 9 ਲੱਖ ਰੁਪਿਆ ਰਖਿਆ ਗਿਆ ਹੈ ਅਤੇ 20 ਡਿਸਪੈਂਸਰੀਆਂ ਖੋਲ੍ਹੀਆਂ ਜਾਣਗੀਆਂ। ਪੰਜਵੀਂ ਯੋਜਨਾ ਦੇ ਸਮੇਂ ਵਿਚ 7 ਕਰੋੜ ਰੁਪਿਆ ਮਿਨੀਮਮ ਨੀਡਜ਼ ਪ੍ਰੋਗਰਾਮ ਬਾਰੇ ਰਖਿਆ ਗਿਆ ਹੈ ਅਤੇ 1974-75 ਦੇ ਸਾਲ ਵਿਚ 61,20,000 ਰੁਪਏ ਖਰਚ ਹੋਣਗੇ। ਪ੍ਰਾਇਮਰੀ ਹੈਲਥ ਸੈਂਟਰਜ਼ ਅਤੇ ਸਬ-ਸੈਂਟਰਜ਼ ਵਿਚ ਮਰੀਜ਼ਾਂ ਨੂੰ ਦਵਾਈਆਂ ਦੇਣ ਦਾ ਕੰਮ ਪੂਰਾ ਕੀਤਾ ਜਾਵੇਗਾ। ਸਰਕਾਰ ਇਸ ਗੱਲ ਤੇ ਵਿਚਾਰ ਕਰ ਰਹੀ ਹੈ ਕਿ ਇਕ ਰੂਰਲ ਮੈਡੀਕਲ ਇਨਸਟੀਚਿਊਟ ਸਥਾਪਿਤ ਕੀਤਾ ਜਾਵੇ ਅਤੇ ਇਸ ਵਾਸਤੇ ਪੰਜ ਸਾਲਾ ਯੋਜਨਾ ਵਿਚ 20 ਲੱਖ ਰੁਪਿਆ ਰਖਿਆ ਗਿਆ ਹੈ। ਇਸ ਦੀ ਸਥਾਪਨਾ ਰਾਜ ਪੱਧਰ ਤੇ ਸੈਂਟਰਲ ਇਨਸਟੀਚਿਊਟ ਅਤੇ ਜ਼ਿਲ੍ਹਾ ਪੱਧਰ ਤੇ 12 ਫੋਕਲ ਯੂਨਿਟ ਸ਼ਾਮਿਲ ਕੀਤੇ ਜਾਣਗੇ। ਸਪੀਕਰ ਸਾਹਿਬ ਦਰਜਾ 3 ਅਤੇ 4 ਦਰਜੇ ਦੇ ਮੁਲਾਜ਼ਮਾਂ ਨੂੰ ਇਸ ਤਰ੍ਹਾਂ ਨਾਲ ਨੌਕਰੀਆਂ ਦਿੱਤੀਆਂ ਜਾਣਗੀਆਂ। ਜ਼ਿਲ੍ਹਾ ਪੱਧਰ ਤੇ ਘੱਟੋ ਘੱਟ 100 ਬੈੱਡ ਪਹਿਲਾਂ ਹੀ ਮੌਜੂਦ ਹਨ। ਫਰੀਦਕੋਟ ਵਿਚ 200 ਬੈੱਡ ਕਰ ਦਿੱਤੇ ਗਏ ਹਨ। ਜਲੰਧਰ ਵਿਚ 200 ਬੈੱਡ ਪਹਿਲਾਂ ਹੀ ਹਨ ਅਤੇ 5 ਸਾਲਾਂ ਵਿਚ ਇਹ ਵਧਾ ਕੇ 400 ਕਰ ਦਿੱਤੇ ਜਾਣਗੇ। ਜ਼ਿਲ੍ਹਾ ਹਾਸਪਿਟਲਾਂ ਨੂੰ ਸਟਾਫ ਮਿਲੇਗਾ, ਸਾਜ਼ੋ ਸਮਾਨ ਮਿਲੇਗਾ, ਦਵਾਈਆਂ ਮਿਲਣਗੀਆਂ ਅਤੇ ਹੋਰ ਸਹੂਲਤਾਂ ਮਿਲਣਗੀਆਂ। ਇਸ ਵਾਸਤੇ ਪੰਜਵੇਂ ਪਲੈਨ ਵਿਚ 180 ਲੱਖ ਰੁਪਿਆ ਰਖਿਆ ਗਿਆ ਹੈ। 30 ਤਹਿਸੀਲ ਹਾਸਪੀਟਲ ਵਿਚ 20 ਪਹਿਲਾਂ ਹੀ 50 ਬੈਡ ਦੇ ਕਰ ਦਿੱਤੇ ਹਨ ਅਤੇ ਜਿਹੜੇ 10 ਰਹਿੰਦੇ ਹਨ, ਉਨ੍ਹਾਂ ਨੂੰ ਵੀ 50 ਬੈਡ ਹਾਸਪਿਟਲ ਕਰ ਦਿੱਤਾ ਜਾਵੇਗਾ। ਇਸ ਲਈ 31 ਲੱਖ ਰੁਪਿਆ ਰੱਖਿਆ ਗਿਆ ਹੈ। ਦੇਸੀ ਇਲਾਜ ਦੇ ਪ੍ਰਬੰਧ ਵਾਸਤੇ ਪੰਜਵੇਂ ਪਲੈਨ ਵਿਚ 30 ਲੱਖ ਰੁਪਿਆ ਦੀ ਰਕਮ ਰੱਖੀ ਗਈ ਹੈ। 1974-75 ਵਿਚ 2 ਲੱਖ 13 ਹਜ਼ਾਰ ਰੁਪਿਆ ਖਰਚ ਕੀਤਾ ਜਾਵੇਗਾ। ਜਿਸ ਵੇਲੇ ਸੀ. ਪੀ. ਐਮ. ਦੇ ਮੈਂਬਰ ਬੋਲ ਰਹੇ ਸਨ ਤਾਂ ਉਹ ਕਹਿ ਰਹੇ ਸਨ ਕਿ ਆਯੁਰਵੈਦਿਕ ਦਾ ਵਖਰਾ ਡਾਇਰੈਕਟੋਰੇਟ ਹੋਣਾ ਚਾਹੀਦਾ ਹੈ। ਸਰਕਾਰ ਇਸ ਗੱਲ ਤੇ ਸਾਰਾ ਵਿਚਾਰ ਕਰ ਰਹੀ ਹੈ। ਪਰ ਮੈਂ, ਸਪੀਕਰ ਸਾਹਿਬ, ਤੁਹਾਡੀ ਰਾਹੀਂ ਇਸ ਹਾਊਸ ਨੂੰ ਦੱਸਣਾ

[ਰਾਜ ਮੰਤਰੀ ਸਿਹਤ ਅਤੇ ਫ਼ਰਿਵਾਰ ਨਿਯੋਜਨ]

ਚਾਹੁੰਦਾ ਹਾਂ ਕਿ ਵੈਦਾਂ ਅਤੇ ਹਕੀਮਾਂ ਨੂੰ ਵੀ ਇਹ ਕਰਨਾ ਚਾਹੀਦਾ ਹੈ ਕਿ ਜਿਹੜਾ ਤਜ਼ਰਬਾ ਉਨ੍ਹਾਂ ਨੂੰ ਹੈ ਅਤੇ ਉਨ੍ਹਾਂ ਨੂੰ ਦੇਸੀ ਦਵਾਈਆਂ ਹੀ ਵਰਤਨੀਆਂ ਚਾਹੀਦੀਆਂ ਹਨ ਅਤੇ ਅੰਗਰੇਜ਼ੀ ਦਵਾਈਆਂ ਨਹੀਂ ਇਸਤੇਮਾਲ ਕਰਨੀਆਂ ਚਾਹੀਦੀਆਂ । ਉਨ੍ਹਾਂ ਨੂੰ ਆਪਣਾ ਸਿਸਟਮ ਰਨ ਡਾਊਨ ਨਹੀਂ ਕਰਨਾ ਚਾਹੀਦਾ । ਉਹ ਆਪਣੇ ਪਰੋਫੈਸ਼ਨ ਨਾਲ ਧੱਕਾ ਕਰ ਰਹੇ ਹਨ ਜਦੋਂ ਉਹ ਦੇਸੀ ਵੀ ਤੇ ਅੰਗਰੇਜ਼ੀ ਦਵਾਈਆਂ ਵੀ ਵਰਤਦੇ ਹਨ ਕਿਉਂਕਿ ਆਯੁਰਵੈਦਿਕ ਅਤੇ ਐਲੋਪੈਥਿਕ ਸਿਸਟਮ ਵੱਖਰਾ ਵੱਖਰਾ ਹੈ ਅਤੇ ਉਥੇ. ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਕਿਸੇ ਦਵਾਈ ਦਾ ਸਾਈਡ ਅਫੈੱਕਟ ਜਾਂ ਆਫ਼ਟਰ ਅਫ਼ੈੱਕਟ ਕੀ ਹੁੰਦਾ ਹੈ । ਸਰਕਾਰ ਨੇ ਇਸ ਚੀਜ਼ ਤੇ ਕੋਈ ਪਾਬੰਦੀ ਨਹੀਂ ਲਗਾਈ ਹੈ, ਪਰ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਹੀ ਦਵਾਈਆਂ ਵਰਤਣ।

ਸਪੀਕਰ ਸਾਹਿਬ, ਪੀ. ਸੀ. ਐਮ. ਐਸ. ਦੇ ਕੇਡਰ ਵਿਚ 1,200 ਡਾਕਟਰਾਂ ਦੀਆਂ ਆਸਾਮੀਆਂ ਹਨ, ਜਿਨ੍ਹਾਂ ਵਿਚੋਂ 135 ਭਰਤੀ ਹੋਣੇ ਬਾਕੀ ਰਹਿ ਗਏ ਹਨ। ਚਾਲੂ ਸਾਲ ਵਿਚ 3050 ਆਸਾਮੀਆਂ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਭਰੀਆਂ ਜਾਣੀਆਂ ਹਨ।

ਸਪੀਕਰ ਸਾਹਿਬ, ਕੇਂਦਰ ਸਰਕਾਰ ਅਤੇ ਰਾਜ ਸਰਕਾਰ, ਜਿਹੜੇ ਪੜ੍ਹੇ ਲਿਖੇ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲਦਾ, ਦੀਆਂ ਦੋ ਸਕੀਮਾਂ ਚੱਲ ਰਹੀਆਂ ਹਨ ਡਾਕਟਰਜ਼ ਅਤੇ ਕੰਪਾਊਂਡਰਜ਼ ਵਾਸਤੇ । 236 ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਗਿਆ ਹੈ । ਸਪੀਕਰ ਸਾਹਿਬ, ਤੁਹਾਨੂੰ ਇਹ ਸੁਣ ਕੇ ਬੜੀ ਖੁਸ਼ੀ ਹੋਵੇਗੀ ਕਿ ਪੰਜਾਬ ਪਹਿਲੀ ਸਟੇਟ ਹੈ ਜਿਥੇ ਅਸੀਂ 6 ਤੋਂ 11 ਸਾਲ ਦੇ ਬੱਚਿਆਂ ਦੀ ਸਿਹਤ ਦਾ ਖਿਆਲ ਰੱਖਣ ਦਾ ਪ੍ਰੋਗਰਾਮ ਬਣਾਇਆ ਹੈ । 14 ਨਵੰਬਰ, 1973 ਨੂੰ, ਸਵਰਗੀਆ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜਨਮ ਦਿਵਸ ਨੂੰ ਇਹ ਸਕੀਮ ਪਟਿਆਲਾ, ਅੰਮ੍ਰਿਤਸਰ, ਜਲੰਧਰ ਵਗੈਰਾ ਵਿਚ ਸ਼ੁਰੂ ਕੀਤੀ ਅਤੇ ਹਰ ਜ਼ਿਲ੍ਹੇ ਵਿਚ ਇਸ ਪ੍ਰੋਗਰਾਮ ਨੂੰ ਲਾਗੂ ਕਰ ਦਿਤਾ ਜਾਵੇਗਾ । ਸਰਕਾਰ ਦੀ ਇਹ ਵੀ ਸਕੀਮ ਹੈ ਕਿ ਇਹ ਜਿਹੜੀ ਸਕੂਲ ਚਿਲਡਰਨ ਹੈਲਥ ਕੇਅਰ ਸਕੀਮ ਹੈ ਇਸ ਦੇ ਅਧੀਨ ਮੈਟਰਿਕ ਤਕ ਦੇ ਜਿੰਨੇ ਵੀ ਬੱਚੇ ਹਨ, ਕਵਰ ਕੀਤਾ ਜਾਵੇ । ਇਸ ਲਈ ਮੈਂ ਵਿੱਤ ਮੰਤਰੀ ਜੀ ਨੂੰ ਇਹ ਬੇਨਤੀ ਕਰਾਂਗਾ ਕਿ ਉਹ ਇਸ ਸਕੀਮ ਨੂੰ ਸਿਰੇ ਚਾੜ੍ਹਣ ਲਈ ਫੰਡਜ਼ ਵਗੈਰਾ ਦੀ ਅਲਾਟਮੈਂਟ ਕਰਨ ਦਾ ਯਤਨ ਕਰਨਗੇ।

ਫਿਰ, ਸਪੀਕਰ ਸਾਹਿਬ, ਕਾਰਖ਼ਾਨਿਆਂ ਦੇ ਵਰਕਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਹੂਲਤਾਂ ਦੇਣ ਦੀ ਸਕੀਮ ਦੇ ਅਧੀਨ 1973-74 ਵਿਚ 1 ਲੱਖ 15 ਹਜ਼ਾਰ ਵਿਅਕਤੀਆਂ ਨੂੰ ਲਾਭ ਪੁਜਾ ਹੈ ਜਲੰਧਰ ਵਿਚ ਇਕ ਨਵੀਂ ਈ. ਐਸ. ਆਈ. ਸਕੀਮ ਦਾ ਹਾਸਪਿਟਲ ਬਣਾਇਆ ਹੈ ਜਿਸ ਦੇ ਨਾਲ ਵੀ ਲੋਕਾਂ ਨੂੰ ਕਾਫ਼ੀ ਫਾਇਦਾ ਪੁੱਜਣਾ ਹੈ । ਸਿਵਲ ਹਾਸਪਿਟਲ, ਜਲੰਧਰ ਵਿਚ 51 ਬੈਡ ਤਾਂ ਪਹਿਲਾਂ ਹੀ ਈ. ਐਸ. ਆਈ. ਵਾਸਤੇ ਹਨ, ਇਸ ਵਾਸਤੇ ਹੋਰ ਬੈਂਡ ਰਿਜ਼ਰਵ ਕਰਵਾਉਣ ਦੀ ਵੀ ਸਕੀਮ ਹੈ ।

ਸਪੀਕਰ ਸਾਹਿਬ, ਮੈਂ ਮਾਨ ਯੋਗ ਮੈਂਬਰ, ਖਾਲਸਾ ਜੀ ਨੂੰ ਦੱਸਾਂ ਕਿ ਜਿਹੜਾ ਸਰਕਾਰ ਨੇ ਇਹ ਫ਼ੈਸਲਾ ਕੀਤਾ ਹੈ ਕਿ ਜਿਹੜੀ ਸਟੇਟ ਹੈਲਥ ਲਬਾਰੇਟਰੀ ਚੰਡੀਗੜ ਵਿਚ ਹੈ, ਉਸ ਨੂੰ ਜਲੰਧਰ ਵਿਚ ਲੈ ਜਾਣਾ ਹੈ, ਬਹੁਤ ਵਿਚਾਰ ਕਰਨ ਤੋਂ ਬਾਅਦ ਹੋਇਆ ਹੈ । ਗਵਰਨਮੈਂਟ ਅਤੇ ਸਾਰੇ ਡਿਪਾਰਟਮੈਂਟਾਂ ਦੀ ਇਹ ਰਾਏ ਸੀ ਕਿ ਇਹ ਜਿਹੜੀ ਲੈਬਾਰੇਟਰੀ ਹੈ, ਇਹ ਇਥੇ ਬਹੁਤ ਯੂਜ਼ਫੁਲ ਕੰਮ ਨਹੀਂ ਕਰ ਰਹੀ ਹੈ । ਕਿਉਂਕਿ ਅੰਮ੍ਰਿਤਸਰ ਅਤੇ ਪਟਿਆਲਾ ਤਾਂ ਇਹ ਪ੍ਰਬੰਧ ਹੈ ਅਤੇ ਐਸੀ ਲੈਬਾਰੇਟਰੀ ਕਿਸੇ ਦੂਜੇ ਹਾਸਪਿਟਲ ਨਾਲ ਅਟੈਚ ਹੋਣੀ ਚਾਹੀਦੀ ਹੈ । ਇਹ ਗੱਲ ਬਿਲਕੁਲ ਬੇਬੁਨਿਆਦ ਹੈ ਕਿ ਜਲੰਧਰ ਵਿਚ ਇਹ ਲੈਬਾਰੇਟਰੀ ਸਟੇਟ ਲੈਬਾਰੇਟਰੀ ਨਹੀਂ ਰਹੇਗੀ ।

ਸਰਦਾਰ ਬਸੰਤ ਸਿੰਘ ਖਾਲਸਾ : ਇਹ ਪਬਲਿਕ ਲੈਬਾਰੇਟਰੀ ਹੈ, ਇਹ ਕੀ ਕੰਮ ਕਰਦੀ ਹੈ, ਕਿਹੜੇ ਟੈਸਟ ਕਰਦੀ ਹੈ। ਇਸ ਦਾ ਕਿਉਂ ਜ਼ਰੂਰੀ ਹੈ ਜਲੰਧਰ ਜਾਣਾ।

ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ: ਜੇ ਤੁਸੀਂ ਇਸ ਦੇ ਫੰਕਸ਼ਨਜ਼ ਹੀ ਨਹੀਂ ਜਾਣਦੇ ਤਾਂ ਇਸ ਗੱਲ ਲਈ ਕਿਉਂ ਇਨਸਿਸਟ ਕਰਦੇ ਹੋ ਕਿ ਇਥੇ ਰੱਖੀ ਜਾਵੇ।

ਡਾਕਟਰ ਅਮੀਰ ਸਿੰਘ ਕਲਕਟ: ਉਸ ਵਿਚ ਕੁਰੱਪਸ਼ਨ ਬਹੁਤ ਹੈ, ਉਹ ਕਿਸ ਤਰ੍ਹਾਂ ਠੀਕ ਹੋਵੇਗੀ।

ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ : ਸਪੀਕਰ ਸਾਹਿਬ, ਇਕ ਮਸਲਾ ਇਹ ਹੈ ਕਿ ਖਾਣ ਪੀਣ ਦੀਆਂ ਚੀਜ਼ਾਂ ਵਿਚ, ਦਵਾਈਆਂ ਵਿਚ ਮਿਲਾਵਟ ਹੈ। ਇਸ ਗੱਲ ਵੱਲ ਸਰਕਾਰ ਨੇ ਜੰਗ ਦੀ ਪੱਧਰ ਤੇ ਕਦਮ ਚੁੱਕਣਾ ਹੈ ਤਾਂ ਜੋ ਇਹ ਸਮਾਜਿਕ ਲਾਹਨਤ ਨੂੰ ਦੂਰ ਕਰ ਦਿੱਤਾ ਜਾਵੇ। ਇਹ ਸਰਕਾਰ ਦਾ ਫ਼ਰਜ਼ ਹੈ ਅਤੇ ਇਸ ਪਾਸੇ ਪੂਰਾ ਧਿਆਨ ਦਿੱਤਾ ਜਾਵੇਗਾ।

ਸਪੀਕਰ ਸਾਹਿਬ, ਇਹ ਗੱਲ ਮੈਂ ਬੜੇ ਦੁੱਖ ਨਾਲ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਵੀ ਕਦੇ ਐਡੱਲਟਰੇਸ਼ਨ ਦੀ ਗੱਲ ਸਾਹਮਣੇ ਆਉਂਦੀ ਹੈ, ਕਈ ਕੇਸਿਜ਼ ਵਿਚ ਬੰਦੇ ਫੜੇ ਜਾਂਦੇ ਹਨ, ਤਾਂ ਕੋਈ ਇਸ ਕੰਮ ਦੀ ਸ਼ਲਾਘਾ ਕਰਨ ਮੇਰੇ ਪਾਸ ਨਹੀਂ ਆਇਆ ਪਰ ਇਸ ਹਾਊਸ ਦੇ ਬੰਦੇ ਦੋਸ਼ੀਆਂ ਦੀ ਇਮਦਾਦ ਕਰਨ ਵਾਸਤੇ ਉਨ੍ਹਾਂ ਨੂੰ ਛੁਡਾਉਣ ਵਾਸਤੇ ਆਏ .... (ਵਿਘਨ-ਸ਼ੋਰ)

ਆਵਾਜ਼ਾਂ : ਤੁਸੀਂ ਉਨ੍ਹਾਂ ਦੇ ਨਾਉਂ ਲਓ, ਉਨ੍ਹਾਂ ਨੂੰ ਸ਼ੀਲਡ ਕਿਉਂ ਕਰਦੇ ਹੋ।

ਸਰਦਾਰ ਹਰਬੰਸ ਸਿੰਘ ਜਲਾਲ: ** ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ, ਬੈਠੋ ਜੀ। (This is no point of order. Please resume your seat.)

Sardar Gurdarshan Singh(Minister of State for Food and Supplies): Due to short fall in production thereis shortage of tyres of 900x 20, 1000x 20 and 1100x20 sizes. In order to ensure fair and proper distribution of tyres and tubes by the dealers to the truck operators and others District Distribution Committees had been set up under the Chairmanship of the Deputy Commissioners and distribution of these tyres which are in short supply is done by the Committees consisting of the representatives of dealer truck operators unions, District Transport Officers and the District Food and Suplies Controllers.

2. The Government had also decided to set up a State level committee in the year 1971 under the Chairmanship of Minister for Food and Supplies. Besides officials, representatives of tyre dealers and consumers were also included in that Committee. That Committee had held a number of meetings from time to time to review the supply position of tyres and tubes in the State . But thereafter, it became dormant. It is being reactivated now to keep a constant watch over the situation.

3. At present the Punjab Motor Car and Tractor Tyres and Tubes Control order, 1969 is in force which also applies to the truck and bus tyres. Under this Order, the dealers are required to comply with the directions issued by the Director, Food and Supplies or District Magistrate in regard to sale, storage or distribution of tyres or tubes and no dealer can sell tyres or tubes at the price exceeding that fixed by the manufacturers or by the Central Government.

4. Uptil now enforcement of sub-clause 2 of clause 3 of the aforementioned Control order had been kept in abeyance on the representations of tyre dealers, supported over a long period even by truck operators unions. Under this clause, the dealers engaged in the business are required to obtain licences. Government has decided to enforce the operation of this clause without any further delay. After its enforcement it will be possible to enforce the said Control Order more effectively by taking prompt and telling action against dealers indulging in malpractices.

5. In the case of Hoshiarpur District also the distribution of tyres and tubes received by the dealers in the district, is regulated through the Committee under the Chairmanship of the Deputy Commissioner, its other members are :—

1. District Transport Officer,

2. District Food and Supplies Controller,
3. President, Tyre Dealers Association,
4. Presidents of Truck Unions ; and
5. All General Managers of Transport Companies.

6. The Committee has decided to allot 80 per cent of the supplies of tyres to truck unions and 20 per cent to bus companies. It further decided to observe the following criteria for distribution of tyres amongst different truck unions :—

	Percent
1. Hoshiarpur Truck Union (Plane)	35
2. Hoshiarpur Truck Union (Hill)	25
3. Mahilpur Truck Union	5
4. Tanda Truck Union	5
5. Dasuya Truck Union	5
6. Mukerian Truck Union	10
7 Garhshankar Truck Union	7
8. Saila Truck Union	3
9. Balachaur Truck Union	5

The distribution to the different bus companies is done according to the strength of fleet maintained by them.

Since April, 1973, tyres are being distributed to bus companies and truck unions under the orders of the District Magistrate on the lines mentioned above. Permits are issued in the name of truck unions and bus companies who further distribute the tyres amongst their members. Only three tyres have been issued to individual truck owners, where Government work was involved and the recommendations were made by the heads of offices under whom they were deployed.

No complaint against the distribution made so far has been received from any quarters.

[ਟਾਇਰ ਟਿਊਬਾਂ ਦੀ ਪੈਦਾਵਾਰ ਵਿਚ ਘਾਟ ਕਾਰਨ 900×20, 1000×20 ਅਤੇ 1100×20 ਸਾਇਜ਼ ਦੇ ਟਾਇਰਾਂ ਦੀ ਥੁੜ ਹੈ। ਟਾਇਰਾ ਤੇ ਟਿਊਬਾਂ ਦੀ ਟ੍ਰਕ ਉਪਰੇਟਰਾਂ ਤੇ ਦੂਜਿਆਂ ਨੂੰ ਡੀਲਰਾਂ ਕੋਲੋਂ ਠੀਕ ਤੇ ਮੁਨਾਸਿਬ ਵੰਡ ਦੀ ਯਕੀਨ ਦੁਵਾਣ ਵਜੋਂ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠਾਂ ਜਿਲ੍ਹਿਆਂ ਵਿਚ ਜਿਲ੍ਹਾ ਵੰਡ ਕਮੇਟੀਆਂ ਦੀ ਸਥਾਪਨਾ ਕੀਤੀ ਗਈ ਸੀ ਅਤੇ ਇਹਨਾਂ ਥੁੜ ਵਾਲੇ ਟਾਇਰਾਂ, ਟਿਊਬਾਂ ਦੀ ਵੰਡ ਇਹ ਕਮੇਟੀਆਂ ਹੀ ਕਰਦੀਆਂ ਹਨ ਜੋ ਕਿ ਡੀਲਰਾ-ਟ੍ਰਕ ਉਪਰੇਟਰਾਂ ਦੀ ਯੂਨਿਨਾਂ ਦੇ ਪ੍ਰਤੀਨਧੀਆਂ ਜਿਲ੍ਹਾ ਟ੍ਰਾਸਪੋਰਟ ਖੁਰਾਕ ਤੇ ਸਪਲਾਈ ਕੰਟਰੋਲਰਾਂ ਦੀਆਂ ਗਠਾਂ ਬੰਨ੍ਹੀਆਂ ਹੋਈਆਂ ਹਨ ।

(2) ਸਰਕਾਰ ਨੇ 1971 ਵਿਚ ਖੁਰਾਕ ਸਪਲਾਈ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਰਾਜ ਪੱਧਰ ਤੇ ਵੀ ਕਮੇਟੀ ਦੀ ਸਥਾਪਨਾ ਦਾ ਵੀ ਫੈਸਲਾ ਕੀਤਾ ਸੀ। ਕਰਮਚਾਰੀਆਂ ਤੋਂ ਇਲਾਵਾ ਕਮੇਟੀ ਵਿਚ ਟਾਇਰ ਡੀਲਰਾਂ ਤੇ ਖਪਤਕਾਰਾਂ ਦੇ ਪ੍ਰਤੀਨਿਧੀ ਵੀ ਸ਼ਾਮਲ ਕੀਤੇ ਗਏ ਸੀ। ਉਸ ਕਮੇਟੀ ਨੇ ਸਮੇਂ ਸਮੇਂ ਸਿਰ ਕਈ ਮੀਟਿੰਗਾਂ ਟਾਇਰ ਤੇ ਟਿਊਬਾਂ ਦੀ ਸਪਲਾਈ ਪੁਜ਼ੀਸ਼ਨ ਤੇ ਗੌਰ ਕਰਨ ਲਈ ਕੀਤੀਆਂ। ਪਰ ਉਸ ਤੋਂ ਬਾਦ ਇਹ ਢਿਲੀ ਪੈ ਗਈ। ਹਾਲਾਤ ਤੇ ਪੂਰਾ ਪੂਰਾ ਗੌਰ ਕਰਦੇ ਹੋਏ ਇਸ ਦੀ ਕਾਰਵਾਈ ਮੁੜ ਤੇਜ਼ ਕੀਤੀ ਜਾ ਰਹੀ ਹੈ।

(3) ਇਸ ਵੇਲੇ ਦੀ 'ਪੰਜਾਬ ਮੋਟਰ ਕਾਰ ਅਤੇ ਟਰੈਕਟਰ ਟਾਇਰ ਅਤੇ ਟਿਊਬਾਂ ਦਾ ਕੰਟ੍ਰੋਲ ਆਰਡਰ 1969" ਲਾਗੂ ਹੈ ਜੋ ਕਿ ਟ੍ਰਕ ਅਤੇ ਬੱਸ ਦੇ ਟਾਇਰਾਂ ਤੇ ਵੀ ਲਾਗੂ ਹੁੰਦਾ ਹੈ। ਇਸ ਹੁਕਮ ਦੇ ਤਹਿਤ ਡਾਇਰੈਕਟਰ

[ਖੁਰਾਕ ਅਤੇ ਸਪਲਾਈ ਦੇ ਰਾਜ ਮੰਤਰੀ]

ਖੁਰਾਕ ਤੇ ਸਪਲਾਈ ਅਤੇ ਜਿਲ੍ਹਾ ਮੈਜਿਸਟਰੇਟਾਂ ਵਲੋਂ ਵੇਚ, ਸਟੋਰ ਅਤੇ ਟਾਇਰਾਂ ਟਿਊਬਾਂ ਦੀ ਵੰਡ ਬਾਰੇ ਦਿੱਤੀਆਂ ਜਾਣ ਵਾਲੀਆਂ ਹਦਾਇਤਾਂ ਦੀ ਡੀਲਰਾਂ ਨੂੰ ਪਾਲਨਾ ਕਰਨੀ ਪੈਂਦੀ ਹੈ ਅਤੇ ਕੋਈ ਡੀਲਰ ਵੀ ਮੈਨੂੰਫੈਕਚਰਰਾਂ ਵਲੋਂ ਯਾ ਕੇਂਦਰੀ ਸਰਕਾਰ ਵਲੋਂ ਮੁਕਰਰ ਕੀਤੀ ਗਈ ਕੀਮਤ ਤੋਂ ਵੱਧ ਨਹੀਂ ਵੇਚ ਸਕਦਾ।

(4) ਟਾਇਰ ਡੀਲਰਾਂ ਵਲੋਂ ਟ੍ਰਕ ਉਪਰੇਟਰਾਂ ਦੀ ਯੂਨਿਅਨ ਨਾਲ ਮਿਲ ਕੇ ਕੀਤੀਆਂ ਗਈਆਂ ਪ੍ਰਤੀ ਬੇਨਤੀਆਂ ਤੇ ਉਪਰੋਕਤ ਦਸੇ ਹੁਕਮ ਦੀ ਕਲਾਜ਼ 33 ਦੀ ਸਬ ਕਲਾਜ਼ 2 ਅਜੇ ਤੱਕ ਲਾਗੂ ਨਹੀਂ ਕੀਤੀ ਗਈ। ਇਸ ਕਲਾਜ਼ ਤਹਿਤ ਇਸ ਕੰਮ ਨੂੰ ਕਰਨ ਵਾਲੇ ਡੀਲਰਾਂ ਨੂੰ ਲਾਇਸੰਸ ਲੈਣ ਦੀ ਲੋੜ ਹੈ। ਸਰਕਾਰ ਨੇ ਇਸ ਕਲਾਜ ਨੂੰ ਬਿਨਾ ਕਿਸੇ ਹੋਰ ਦੇਰੀ ਤੋਂ ਲਾਗੂ ਕਰਨ ਦਾ ਫੈਸਲਾ ਕਰ ਲਿਆ ਹੈ। ਇਸ ਦੇ ਲਾਗੂ ਹੋਣ ਤੇ ਉਪਰੋਕਤ ਦਸੇ ਕੰਟਰੋਲ ਆਰਡਰ ਦੀ ਅਸਰ ਦਾਰ ਪਾਲਨਾ ਕਰਾਉਣ ਵਿਚ ਅਤੇ ਕਰੁਤੀਆਂ ਕਰਨ ਵਾਲੇ ਡੀਲਰਾਂ ਵਿਰੁੱਧ ਕਾਰਵਾਈ ਕਰਨੀ ਮੁਮਕਨ ਹੋ ਜਾਵੇਗੀ।

(5) ਜਿਲ੍ਹਾ ਹੁਸ਼ਿਆਰਪੁਰ ਬਾਰੇ ਵੀ ਜ਼ਿਲ੍ਹੇ ਦੇ ਡੀਲਰਾਂ ਵਲੋਂ ਪ੍ਰਾਪਤ ਕੀਤੇ ਗਏ ਟਾਇਰ ਅਤੇ ਟਿਊਬ ਦੀ ਵੰਡ ਵੀ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਬਣਾਈ ਗਈ ਕਮੇਟੀ ਰਾਹੀਂ ਕੀਤੀ ਜਾਂਦੀ ਹੈ। ਜਿਸ ਦੇ ਦੂਜੇ ਮੈਂਬਰ ਹੇਠ ਦਿਤੇ ਅਨੁਸਾਰ ਹਨ

1. ਜਿਲ੍ਹਾ ਟਰਾਂਸਪੋਰਟ ਅਫ਼ਸਰ
2. ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ
3. ਪ੍ਰਧਾਨ ਟਾਇਰ ਡੀਲਰ ਐਸੋਸੀਏਸ਼ਨ
4. ਟ੍ਰਕ ਯੂਨੀਅਨਾਂ ਦੇ ਪ੍ਰਧਾਨ ਅਤੇ
5. ਟਰਾਂਸਪੋਰਟ ਕੰਪਨੀਆਂ ਦੇ ਸਾਰੇ ਜਨਰਲ ਮੈਨੇਜਰ।

(6) ਕਮੇਟੀ ਨੇ ਟਾਇਰਾਂ ਦੀ ਸਪਲਾਈ ਦੀ 80 ਪ੍ਰਤੀਸ਼ਤ ਵੰਡ ਟ੍ਰਕ ਯੂਨੀਅਨਾਂ ਅਤੇ 20 ਪ੍ਰਤੀਸ਼ਤ ਬਸ ਕੰਪਨੀਆਂ ਨੂੰ ਕਰਨ ਦਾ ਫੈਸਲਾ ਕੀਤਾ ਹੈ। ਕਮੇਟੀ ਨੇ ਹੇਠ ਦਿਤਾ ਤਰੀਕਾ ਭਿੰਨ ਭਿੰਨ ਟ੍ਰਕ ਯੂਨੀਅਨਾਂ ਵਿਚ ਟਾਇਰਾ ਦੀ ਵੰਡ ਕਰਨ ਬਾਰੇ ਅਪਨਾਉਣ ਦਾ ਫੈਸਲਾ ਕੀਤਾ ਹੈ:

		ਪ੍ਰਤੀਸ਼ਤ
1. ਹੁਸ਼ਿਆਰਪੁਰ ਟ੍ਰਕ ਯੂਨੀਅਨ (ਪਲੇਨ)	...	35
2. ਹੁਸ਼ਿਆਰਪੁਰ ਟ੍ਰਕ ਯੂਨੀਅਨ (ਹਿਲ)	...	25
3. ਮਹਿਲਪੁਰ ਟ੍ਰਕ ਯੂਨੀਅਨ	...	5
4. ਟਾਂਡਾ ਟਰਕ ਯੂਨੀਅਨ	...	5
5. ਦਸੂਹਾ ਟਰਕ ਯੂਨੀਅਨ	...	5
6. ਮੁਕੇਰੀਆਂ ਟਰਕ ਯੂਨੀਅਨ	...	10
7. ਗੜ੍ਹਸ਼ੰਕਰ ਟ੍ਰਕ ਯੂਨੀਅਨ	...	7
8. ਸੈਲਾ ਟ੍ਰਕ ਯੂਨੀਅਨ	...	3
9. ਬਲਾਚੌਰ ਟ੍ਰਕ ਯੂਨੀਅਨ	...	5

ਭਿੰਨ ਭਿੰਨ ਬੱਸ ਕੰਪਨੀਆਂ ਵਿਚ ਟਾਇਰ ਦੀ ਵੰਡ ਉਨ੍ਹਾਂ ਵਲੋਂ ਰੱਖੀਆਂ ਗਈਆਂ ਗੱਡੀਆਂ ਦੇ ਅਧਾਰ ਤੇ ਕੀਤੀ ਜਾਂਦੀ ਹੈ।

ਅਪ੍ਰੈਲ 1973 ਤੋਂ ਟਾਇਰਾਂ ਦੀ ਵੰਡ ਬਸ ਕੰਪਨੀਆਂ ਅਤੇ ਟ੍ਰਕ ਯੂਨੀਅਨ ਵਿਚ ਮੈਜਿਸਟਰੇਟ ਦੇ ਹੁਕਮ ਹੇਠ ਉਪਰੋਕਤ ਦਸੇ ਤਰੀਕੇ ਅਨੁਸਾਰ ਕੀਤੀ ਜਾਂਦੀ ਹੈ। ਬੱਸ ਕੰਪਨੀਆਂ ਅਤੇ ਟ੍ਰਕ ਯੂਨੀਅਨਾਂ

ਦੇ ਨਾਉਂ ਤੇ ਪਰਮਿਟ ਕਟੇ ਜਾਂਦੇ ਹਨ, ਉਹ ਅੱਗੇ ਇਨ੍ਹਾਂ ਦੀ ਵੰਡ ਆਪਣੇ ਮੈਂਬਰਾਂ ਵਿਚ ਆਪ ਕਰਦੇ ਹਨ ਵਿਅਕਤੀਗਤ ਟ੍ਰਕ ਦੇ ਮਾਲਕਾਂ ਨੂੰ ਕੇਵਲ 3 ਟਾਇਰ ਹੀ ਜਾਰੀ ਕੀਤੇ ਗਏ ਹਨ। ਜਿਸ ਨਾਲ ਸਰਕਾਰੀ ਕੰਮ ਸਬੰਧਤ ਸੀ ਅਤੇ ਜਿਨ੍ਹਾ ਦੀ ਸਿਫਾਰਸ਼ ਵਿਭਾਗੀ ਅਫਸਰਾਂ ਨੇ ਕੀਤੀ ਸੀ ਜਿਨ੍ਹਾਂ ਹੇਠ ਉਹ ਕੰਮ ਕਰ ਰਹੇ ਸੀ।

ਅਜੇ ਤੱਕ ਕੀਤੀ ਗਈ ਵੰਡ ਬਾਰੇ ਕਿਸੇ ਪਾਸੇ ਵੀ ਕੋਈ ਸ਼ਕਾਇਤ ਪ੍ਰਾਪਤ ਨਹੀਂ ਹੋਈ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਕ 173 ਨੰਬਰ ਕਾਲ ਅਟੈਨਸ਼ਨ ਮੋਸ਼ਨ ਸੀ, ਮੇਰੀ,

ਸ੍ਰੀ ਸਪੀਕਰ: ਮੇਰਾ ਖਿਆਲ ਹੈ ਐਡਮਿਟ ਹੋਈ ਹੈ, ਤੁਹਾਨੂੰ ਕੋਈ ਜਵਾਬ ਆਇਆ ਹੈ? (I think it has been admitted. Have you received any reply?)

ਕਾਮਰੇਡ ਸੱਤ ਪਾਲ ਡਾਂਗ: ਜਵਾਬ ਕੋਈ ਨਹੀਂ ਆਇਆ ਜੀ, ਜਿਹੜੀਆਂ ਕਲ ਆਈਆਂ ਉਨ੍ਹਾਂ ਤੋਂ ਬਾਅਦ ਦੀ ਹੈ।

ਸ੍ਰੀ ਸਪੀਕਰ: ਚੈਕ-ਅਪ ਕਰ ਲਵਾਂਗੇ, ਤੁਹਾਨੂੰ ਜਵਾਬ ਮਿਲ ਜਾਵੇਗਾ। (I will check up; you will get a reply.)

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਅਤੇ ਜਨਾਬ ਨੇ ਕਿਹਾ ਸੀ ਕਿ ਕੋਈ ਰੀਜ਼ਨ ਨਹੀਂ ਦਿੱਤਾ ਹੈ। ਪਰ ਮੈਂ ਗੱਲ ਬਿਲਕੁਲ ਸਪਸ਼ਟ ਕੀਤੀ ਸੀ।

ਸ੍ਰੀ ਸਪੀਕਰ: ਗੁਲਸ਼ਨ ਜੀ, ਤਸ਼ਰੀਫ ਰੱਖੋ, (Gulshan ji, please resume your seat.)

ਸਰਦਾਰ ਧੰਨਾ ਸਿੰਘ ਗੁਲਸ਼ਨ: ਰਾਮਪੁਰਾ ਫੂਲ ਦੀ ਮਾਰਕੀਟਿੰਗ ਕੋਆਪਰੇਟਿਵ ਸੋਸਾਇਟੀ ਜਿਹੜੀ ਹੈ, ਉਹ 110 ਰੁਪਏ ਤੇ ਬਾਜਰਾ ਦੇ ਰਹੀ ਹੈ, ਤੁਸੀਂ 108 ਰੁਪਏ ਦੀ ਗੱਲ ਕਰਦੇ ਹੋ, ਉਹ 2 ਰੁਪਏ ਦਾ ਉਥੇ ਵੀ ਸਕੈਂਡਲ ਕਰਨਾ ਚਾਹੁੰਦੀ ਹੈ।

ਸ੍ਰੀ ਸਪੀਕਰ: ਗੁਲਸ਼ਨ ਜੀ ਬੈਠੋ। ਮਹਿੰਗਾਈ ਤਾਂ ਸਭ ਜਗ੍ਹਾ ਹੋ ਗਈ ਹੈ। ਇਸ ਮਾਮਲੇ ਤੇ 15 ਤਰੀਕ ਨੂੰ ਡਿਸਕਸ਼ਨ ਹੋਣੀ ਹੈ; ਸਾਰਾ ਮਾਮਲਾ ਡਿਸਕਸ ਹੋਣਾ ਹੈ ਉਸ ਵੇਲੇ ਗੱਲ ਕਰ ਲੈਣਾ। (Gulshan ji, please resume your seat. Prices are going up every where. The matter will be discussed on the 15th instant and you may then have your say.)

ਸਰਦਾਰ ਧੰਨਾ ਸਿੰਘ ਗੁਲਸ਼ਨ: ** ** **

ਸ੍ਰੀ ਸਪੀਕਰ: ਜੋ ਕੁਝ ਗੁਲਸ਼ਨ ਜੀ ਚੇਅਰ ਦੀ ਆਗਿਆ ਬਗੈਰ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (Whatever Sardar Dhanna Singh Gulshan is saying without the permission of the Chair, should not be recorded)

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰਬਰ 179 ਸੀ, ਜਿਹੜੀ ਕਿ ਨਰੈਣਗੜ੍ਹ ਡਰੇਨ, ਡਿਸਟ੍ਰਿਕਟ ਸੰਗਰੂਰ ਵਿਚ ਡੇੜ੍ਹ ਕਿਲੋਮੀਟਰ ਪਿੰਡ ਫੁਮ੍ਹਣ ਸਿੰਘ ਅਤੇ ਲੈਹਰਾ ਗਾਗਾ ਵਿਚ ਡਰੇਨ ਬਨਾਉਣ ਬਾਰੇ ਸੀ। ਪਰ ਰਿਜੈਕਟ ਕੀਤੀ ਹੈ।

Mr. Speaker: Please resume your seat.

ਮਾਸਟਰ ਚੰਦ ਸਿੰਘ: ਮੈਂ ਤੁਹਾਡੇ ਕੋਲ ਆ ਕੇ ਡਿਸਕਸ ਕਰ ਲਵਾਂਗਾ ਜੀ।

---

*Not recorded as ordered by the Chair

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨਜ਼ ਨੰਬਰ 133, 134, 135 4 ਤਰੀਕ ਦੀਆਂ ਹਨ ਅਤੇ ਤੁਸੀਂ ਐਡਮਿਟ ਕੀਤੀਆਂ ਹੋਈਆਂ ਹਨ, ਉਨ੍ਹਾਂ ਦਾ ਹਾਲਾਂ ਤੀਕ ਜਵਾਬ ਨਹੀਂ ਆਇਆ।

ਸ੍ਰੀ ਸਪੀਕਰ: ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਕਾਲ ਅਟੈਨਸ਼ਨ ਮੋਸ਼ਨਜ਼ ਦਾ ਜਵਾਬ ਇਸੇ ਸੈਸ਼ਨ ਵਿਚ ਹੀ ਮਿਲ ਜਾਵੇ। (I would request the Government to give replies to these Call Attention Notices during this Session.)

QUESTIONS ON STATEMENT MADE IN REPLY TO CALL ATTENTION NOTICES

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਇਕ ਕਾਲ ਅਟੈਨਸ਼ਨ ਮੋਸ਼ਨ ਨੰਬਰ 65 ਹੈ ਅਤੇ ਇਸ ਦਾ ਸਬੰਧ ਸੀ ਰੋਪੜ ਦੇ ਗੁਰਦੁਆਰਾ ਭੱਟਾ ਸਾਹਿਬ ਦੇ ਨਾਲ ਪਿੰਡ ਸੁਖਰਾਮਪੁਰ ਅਤੇ ਪਿੰਡ ਪਪਰਾਲ ਵਗੈਰਾ ਬਾਰੇ। ਇਥੇ 7-8 ਪਿੰਡਾਂ ਵਿਚ ਜ਼ਮੀਨ ਲਈ ਗਈ ਹੈ ਇੰਡਸਟਰੀਅਲ ਐਸਟੇਟ ਬਣਾਉਣ ਵਾਸਤੇ ਤਜ਼ਵੀਜ਼ ਹੈ। ਲੋਕਾਂ ਦੇ ਡੈਪੂਟੇਸ਼ਨ ਗਿਆਨੀ ਜੀ ਨੂੰ ਵੀ ਮਿਲੇ। ਫਿਰ ਗਿਆਨੀ ਜੀ ਵੱਲੋਂ ਜਵਾਬ ਆਇਆ ਸੀ ਕਿ ਇਸ ਸਬੰਧ ਵਿਚ ਇਕ 4 ਆਦਮੀਆਂ ਦੀ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਵਿਚ ਲੋਕਲ ਐਮ. ਐਲ. ਏ. ਸਰਦਾਰ ਗੁਰਬਚਨ ਸਿੰਘ ਰੋਪੜ ਵਾਲੇ ਵੀ ਸਨ। ਇਨ੍ਹਾਂ 4 ਆਦਮੀਆਂ ਵਿਚੋਂ ਮੇਰੀ ਜਾਣਕਾਰੀ ਇਹ ਹੈ ਕਿ ਸਰਦਾਰ ਗੁਰਬਚਨ ਸਿੰਘ ਐਮ. ਐਲ. ਏ. ਨੇ ਸਾਈਟ ਦੀ ਅਪਰੂਵਲ ਦੇ ਹੱਕ ਵਿਚ ਆਪਣੀ ਰਾਏ ਨਹੀਂ ਦਿੱਤੀ। ਜਿਹੜੇ ਹੋਰ 3 ਮੈਂਬਰ ਸੀ ਕਮੇਟੀ ਦੇ, ਉਹ ਕਾਰਖਾਨੇਦਾਰ ਹਨ ਅਤੇ ਆਪਣੇ ਕਾਰਖਾਨੇ ਉਥੇ ਲਗਾਉਣੇ ਚਾਹੁੰਦੇ ਹਨ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਮੁੱਖ ਮੰਤਰੀ ਜੀ ਨਵੇਂ ਸਿਰੇ ਤੋਂ ਕਮੇਟੀ ਬਣਾਉਣਗੇ ਅਤੇ ਪਿੰਡਾਂ ਦੇ ਲੋਕਾਂ ਨੂੰ ਬੁਲਾ ਕੇ ਇਹ ਪਤਾ ਕੀਤਾ ਜਾਵੇਗਾ ਕਿ ਇਹ ਚੀਜ਼ ਜਸਟੀਫਾਈਡ ਹੈ ਜਾਂ ਅਨਜਸਟੀਫਾਈਡ ਹੈ। ਜਦ ਲੋਕਲ ਐਮ. ਐਲ. ਏ. ਦੀ ਰਾਏ ਖ਼ਿਲਾਫ ਹੈ ਤਾਂ ਫਿਰ ਇਸ ਜਗ੍ਹਾ ਨੂੰ ਕਿਉਂ ਚੁਣਿਆ ਜਾ ਰਿਹਾ ਹੈ ਇਕ ਐਮ. ਐਲ. ਏ. ਦੀ ਰਾਏ ਨੂੰ ਵੀ ਪ੍ਰਵਾਨ ਨਹੀਂ ਕੀਤਾ ਗਿਆ।

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ): ਜੋਸ਼ ਸਾਹਿਬ, ਦੋਬਾਰਾ ਦੱਸ ਦੇਵੋ ਮੈਂ ਇਕ ਆਨਰੇਬਲ ਮੈਂਬਰ ਨਾਲ ਗੱਲ ਕਰ ਰਿਹਾ ਸੀ ਅਤੇ ਧਿਆਨ ਦੂਜੇ ਪਾਸੇ ਸੀ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੇਰਾ ਸਵਾਲ ਇਹ ਹੈ ਕਿ ਪਿੰਡਾਂ ਦੇ ਲੋਕਾਂ ਦੇ ਡੈਪੂਟੇਸ਼ਨ ਗਿਆਨੀ ਜੀ ਨੂੰ ਮਿਲੇ ਇਸ ਜ਼ਮੀਨ ਦੇ ਖਿਲਾਫ ਜਿਹੜੀ ਕਿ ਤੁਸੀਂ ਇੰਡਸਟਰੀਅਲ ਐਸਟੇਟ ਵਾਸਤੇ ਚੁਣੀ ਹੈ। ਇਸ ਕੰਮ ਵਾਸਤੇ ਤੁਸੀਂ ਇਕ 4 ਆਦਮੀਆਂ ਦੀ ਕਮੇਟੀ ਬਣਾਈ ਸੀ ਅਤੇ ਕਿਹਾ ਗਿਆ ਕਿ ਇਸ ਕਮੇਟੀ ਨੇ ਇਸ ਗੱਲ ਦੇ ਹੱਕ ਵਿਚ ਫੈਸਲਾ ਕੀਤਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਇਸ ਕਮੇਟੀ ਵਿਚ 3 ਮੈਂਬਰ ਸਨ, ਉਹ ਤਾਂ ਕਾਰਖਾਨੇਦਾਰ ਹਨ, ਉਨ੍ਹਾਂ ਨੇ ਤਾਂ ਉਥੇ ਪਲਾਟ ਲੈਣੇ ਹਨ।ਪਰ ਇਸ ਦੇ ਵਿਚ ਕਿਸੇ ਕਿਸਾਨ ਨੁਮਾਇੰਦੇ ਨੂੰ ਨਹੀਂ ਲਿਆ ਗਿਆ। ਬਲਕਿ ਸਰਦਾਰ ਗੁਰਬਚਨ ਸਿੰਘ, ਐਮ. ਐਲ. ਏ. ਦੀ ਰਾਏ ਨੂੰ ਵੀ ਨਹੀਂ ਮੰਨਿਆ ਗਿਆ, ਉਸ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਇਹ 7-8 ਪਿੰਡਾਂ ਦੀ ਜ਼ਮੀਨ ਲਈ ਜਾ ਰਹੀ ਹੈ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।

ਮੁੱਖ ਮੰਤਰੀ : ਲੋਕਲ ਐਮ. ਐਲ. ਏ. ਦੀ ਰਾਏ ਨੂੰ ਇਗਨੋਰ ਕਰਨ ਬਾਰੇ ਕੋਈ ਇਤਰਾਜ਼ ਹੈ ਤਾਂ ਉਸ ਤੇ ਗੌਰ ਕਰ ਲਿਆ ਜਾਵੇਗਾ।

ਸਰਦਾਰ ਅਜਾਇਬ ਸਿੰਘ ਸੰਧੂ:: ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ (ਇਸ ਵੇਲੇ ਸਰਦਾਰ ਗੁਰਬਚਨ ਸਿੰਘ ਬੋਲਣ ਲਈ ਖੜੇ ਹੋਏ)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ): ਸਰਦਾਰ ਗੁਰਬਚਨ ਸਿੰਘ ਹੋਰਾਂ ਨੂੰ ਬੋਲ ਲੈਣ ਦੇਵੋ, ਉਨ੍ਹਾਂ ਦਾ ਨਾਂ ਲਿਆ ਗਿਆ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਉਹ ਤਾਂ ਭਠਿਆਂ ਵਾਲੇ ਹਨ।

Mr. Speaker : Order please.

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ। ਜਨਾਬ ਮੇਰੀ ਇਕ ਸਬਮਿਸ਼ਨ ਹੈ, 4–5 ਦਿਨ ਤੋਂ ਸਰਦਾਰ ਦਰਸ਼ਨ ਸਿੰਘ ਕੇ. ਪੀ. ਬਾਰ ਬਾਰ ਇਹੋ ਗੱਲ ਕਹਿ ਰਹੇ ਹਨ ਕਿ ਵਜ਼ੀਰਾਂ ਦੀ ਤਾਦਾਦ ਬਹੁਤੀ ਨਹੀਂ ਹੋਣੀ ਚਾਹੀਦੀ 5 ਕਰ ਦੇਣੀ ਚਾਹੀਦੀ ਹੈ। ਮੈਂ ਵੀ ਬਤੌਰ ਡਿਪਟੀ ਲੀਡਰ ਦੇ ਸਰਕਾਰ ਦਾ ਧਿਆਨ ਏਧਰ ਹੀ ਦਵਾਉਂਦਾ ਹਾਂ ਕਿ ਉਨ੍ਹਾਂ ਦੀ ਇਹ ਗਲ ਮੰਨ ਲੈਣੀ ਚਾਹੀਦੀ ਹੈ। (ਹਾਸਾ)

ਸ੍ਰੀ ਸਪੀਕਰ : ਤੁਸੀਂ ਹੁਣ ਤਸ਼ਰੀਫ ਰੱਖੋ। (Please resume your seat now.)

ਸਰਦਾਰ ਗੁਰਬਚਨ ਸਿੰਘ (ਰੋਪੜ) : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਇਥੇ ਹੁਣੇ ਇਕ ਗਲ ਹੋਈ ਸੀ ਮੰਡੀ ਦੇ ਲਈ ਜਗ੍ਹਾ ਐਕੁਆਇਰ ਕਰਨ ਵਾਸਤੇ ਜਦੋਂ ਇਹ ਫੈਸਲਾ ਹੋਇਆ ਸੀ ਉਦੋਂ ਮੈਂ ਹਾਜ਼ਰ ਨਹੀਂ ਸੀ, ਉਸ ਤੋਂ ਬਾਅਦ ਜਿਹੜੀ ਮੀਟਿੰਗ ਹੋਈ ਉਸ ਵਿਚ ਮੈਂ ਹਾਜ਼ਰ ਸੀ। ਜਦੋਂ ਉਥੇ ਜਗ੍ਹਾ ਐਕੁਆਇਰ ਕਰਨ ਵਾਸਤੇ ਉਥੇ ਰਿਕੁਮੈਂਡੇਸ਼ਨ ਕੀਤੀ ਗਈ ਮੈਂ ਉਥੇ ਸਾਰੇ ਫੈਕਟਸ ਦੱਸੇ ਅਤੇ ਕਿਹਾ ਕਿ ਇਹ ਜਗ੍ਹਾ ਐਕੁਆਇਰ ਨਹੀਂ ਹੋਣੀ ਚਾਹੀਦੀ ਇਹ ਰੀਜੈਕਟ ਹੋਣੀ ਚਾਹੀਦੀ ਹੈ। ਪਰ ਮੇਰੀ ਗੱਲ ਨਹੀਂ ਮੰਨੀ ਗਈ ਰਿਕੁਮੈਂਡੇਸ਼ਨ ਕੀਤੀ ਗਈ। ਮੈਂ ਉਸ ਮੀਟਿੰਗ ਵਿਚ ਆਪਣੀ ਰਾਏ ਜ਼ਾਹਰ ਕਰਦਿਆਂ ਇਕ ਡਾਈਸੈਂਟਿੰਗ ਨੋਟ ਦਿੱਤਾ ਕਿ ਇਹ ਜਿਹੜੀ ਜਗ੍ਹਾ ਐਕੁਆਇਰ ਕੀਤੀ ਜਾ ਰਹੀ ਹੈ, ਉਥੇ ਛੋਟੇ ਜ਼ਿਮੀਂਦਾਰ 2–4 ਏਕੜ ਜ਼ਮੀਨ ਦੇ ਮਾਲਕ ਹਨ, ਇਨ੍ਹਾਂ ਦੀ ਪਹਿਲਾਂ ਵੀ ਜ਼ਮੀਨ ਜਦੋਂ ਸਰਹੰਦ ਕੈਨਾਲ ਬਣੀ ਐਕੁਆਇਰ ਹੋ ਗਈ ਸੀ, ਫੇਰ ਪੀ. ਡਬਲੀਉ. ਡੀ ਵਾਲਿਆਂ ਨੇ ਐਕੁਆਇਰ ਕੀਤੀ ਇਸ ਤੋਂ ਬਾਅਦ ਜਦੋਂ ਭਾਖੜਾ ਮੇਨ ਲਾਈਨ ਬਣੀ ਇਹ ਦੁਬਾਰਾ ਐਕੁਆਇਰ ਹੋ ਗਈ, ਇਸ ਨੂੰ ਹੁਣ ਐਕੁਆਇਰ ਕਰਨ ਦੀ ਬਜਾਏ ਦੂਸਰੀ ਜਗ੍ਹਾ ਤਬਦੀਲ ਕੀਤਾ ਜਾਵੇ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਨੰ. 40 ਦੇ ਜਵਾਬ ਵਿਚ ਵਜ਼ੀਰ ਸਾਹਿਬ ਨੇ ਇਹ ਕਿਹਾ ਹੈ ਕਿ ਉਹ ਇਸ ਬਾਰੇ ਕੋਈ ਜਲਦੀ ਸਟੈਪਸ ਲੈਣਗੇ। ਉਥੇ ਸ਼ਿਵ ਨਗਰ ਵਿਚ ਕੋਈ 30 ਨਲਕੇ ਮਿਉਂਸਪਲ ਕਮੇਟੀ ਨੇ ਬੰਦ ਕਰ ਦਿੱਤੇ ਸੀ, ਹਕੀਕਤ ਇਹ ਕਿ ਜੋ ਲੋਕ ਉਥੇ ਰਹਿੰਦੇ ਹਨ ਉਹ ਬਕਾਇਦਾ ਵਾਟਰ ਚਾਰਜਿਜ਼ ਪੇ ਕਰਦੇ ਹਨ, ਪਰ ਅੱਗੇ ਮਿਉਂਸਪਲ ਕਮੇਟੀ ਵਾਲਿਆਂ ਨੇ ਕਿਸੇ ਨੂੰ ਪੇ ਨਹੀਂ ਕੀਤਾ ਨਤੀਜਾ ਇਹ ਹੋਇਆ ਹੈ ਕਿ 25-30 ਹਜ਼ਾਰ ਰੁਪਿਆ ਐਡਜਸਟ ਹੋਣ ਵਾਲਾ ਹੈ। ਕਮੇਟੀ ਵਾਲੇ ਉਨ੍ਹਾਂ ਲੋਕਾਂ ਦੇ ਬਾਰ ਬਾਰ ਨਲਕੇ ਬੰਦ ਕਰਦੇ ਹਨ। ਸਰਕਾਰ ਨੂੰ ਇਸ ਸੰਕਟ ਤੋਂ ਬਚਾ ਕਰਾਉਣਾ ਚਾਹੀਦਾ ਹੈ, ਸਰਕਾਰ ਹੀ ਯਾ ਤਾਂ ਮਿਉਂਸਪਲ ਕਮੇਟੀ ਨੂੰ ਪੈਸਾ ਦੇ ਦੇਵੇ ਯਾ ਕੋਈ ਹੋਰ ਪਰਬੰਧ ਕਰੇ।

ਵਿੱਤ ਮੰਤਰੀ : ਸਪੀਕਰ ਸਾਹਿਬ, ਇਸ ਚੀਜ਼ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ ਕਿ ਅੱਗੇ ਨੂੰ ਪਾਣੀ ਬੰਦ ਨਾ ਹੋਵੇ। ਦੂਸਰੇ ਮੁਤਲਿਕਾ ਮਹਿਕਮੇ ਨੂੰ ਰੁਪਿਆ ਐਡਜਸਟ ਕਰਨ ਬਾਰੇ ਵੀ ਕਹਿ ਦਿੱਤਾ ਗਿਆ ਹੈ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਇਕ ਹੋਰ ਕਾਲ ਅਟੈਨਸ਼ਨ ਨੰ: 90 ਦੇ ਜਵਾਬ ਵਿਚ ਸਰਕਾਰ ਨੇ ਇਤਲਾਹ ਦਿੱਤੀ ਹੈ ਕਿ ਕਾਗਜ਼ ਮਹਿੰਗਾ ਹੋ ਗਿਆ ਹੈ। ਤੇਲ

[ਕਾਮਰੇਡ ਸੱਤ ਪਾਲ ਡਾਂਗ]

ਵੀ ਮਹਿੰਗਾ ਹੋ ਗਿਆ ਹੈ, ਸਿਆਹੀ ਵੀ ਮਹਿੰਗੀ ਹੈ, ਫੇਰ ਵੀ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਦਿਕਤ ਕੋਈ ਨਹੀਂ। ਮੈਂ ਇਹ ਗੱਲ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਛਾਪੇ ਖਾਨੇ ਨੂੰ ਕਾਗਜ਼ ਆਦਿ ਨਾਰਮਲ ਕੀਮਤ ਤੇ ਨਹੀਂ ਮਿਲਦਾ ਤਾਂ ਜਿਹੜੇ ਛੋਟੇ ਛਾਪੇ ਖਾਨੇ ਹਨ ਉਹ ਜ਼ਿਆਦਾ ਸਫ਼ਰ ਕਰਦੇ ਹਨ। ਵੱਡੇ ਛਾਪੇ ਖਾਨੇ ਡਾਇਰੈਕਟ ਮੈਨੂਫ਼ੈਕਚਰਰ ਤੋਂ ਮਾਲ ਹਾਸਲ ਕਰਦੇ ਹਨ ਅਤੇ ਇਹ ਉਨ੍ਹਾਂ ਨੂੰ ਘਟ ਕੀਮਤ ਤੇ ਮਿਲਦਾ ਹੈ। ਇਸ ਦਾ ਨਤੀਜਾ ਇਹ ਹੀ ਹੋਵੇਗਾ ਕਿ ਛੋਟੇ ਛਾਪੇ-ਖਾਨੇ ਤਾਂ ਬੰਦ ਹੋ ਜਾਣਗੇ। ਸਰਕਾਰ ਨੂੰ ਇਸ ਪਾਸੇ ਕੋਈ ਫੌਰੀ ਕਦਮ ਚੁਕਣੇ ਚਾਹੀਦੇ ਹਨ।

ਮੁੱਖ ਮੰਤਰੀ : ਆਨਰੇਬਲ ਮੈਂਬਰ ਕਾਮਰੇਡ ਸੱਤ ਪਾਲ ਡਾਂਗ ਨੂੰ ਮੈਂ ਦੱਸ ਦੇਵਾਂ ਕਿ ਅਸੀਂ ਛੋਟੇ ਛਾਪੇ-ਖਾਨੇ ਨੂੰ ਬੰਦ ਨਹੀਂ ਹੋਣ ਦਿਆਂਗੇ। ਨਿਯਮ ਅਨੁਸਾਰ ਅਸੀਂ ਉਨ੍ਹਾਂ ਨੂੰ ਮੈਟੀਰੀਅਲ ਦੇਵਾਂਗੇ ਅਤੇ ਜੇ ਉਨ੍ਹਾਂ ਦੀ ਇਮਦਾਦ ਵਾਸਤੇ ਕੋਈ ਨਿਯਮਾਂ ਦੇ ਵਿਚ ਤਬਦੀਲੀ ਵੀ ਕਰਨੀ ਪਈ ਤਾਂ ਉਸ ਔਕੜ ਨੂੰ ਵੀ ਦੂਰ ਕਰਨ ਦੇ ਯਤਨ ਕਰਾਂਗੇ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਇਕ ਹੋਰ ਕਾਲ ਅਟੈਨਸ਼ਨ ਨੰ: 103 ਸੀ। ਇਸਦੇ ਜਵਾਬ ਦੇ ਸਬੰਧ ਵਿਚ ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਕੀ ਅੰਮ੍ਰਿਤਸਰ ਵਿਚ ਸਬਸਿਡੀ ਸਕੀਮ ਦੇ ਥੱਲੇ ਜਿਹੜੇ ਡੀਪੂ ਦਿੱਤੇ ਗਏ ਹਨ ਕੀ ਇਹ ਬਿਲਕੁਲ ਠੀਕ ਦਿੱਤੇ ਗਏ ਹਨ ? ਕੀ ਵਜ਼ੀਰ ਸਾਹਿਬ ਉਸ ਸ਼ਖਸ਼ ਦੇ ਖਿਲਾਫ ਕਾਰਵਾਈ ਕਰਨਗੇ ਜਿਸ ਦੀ ਸਿਫਾਰਸ਼ ਨਾਲ ਇਕ ਬਲੈਕ ਕਰਨ ਵਾਲੇ ਨੂੰ ਬੈਨਾਮੀ ਨਾਉਂ ਤੇ, ਜਿਸ ਦਾ ਕਿ ਪਹਿਲਾ ਡੀਪੂ ਬਲੈਕ ਕਰਨ ਕਰਕੇ ਕੈਂਸਲ ਹੋ ਗਿਆ ਸੀ, ਡੀਪੂ ਦਵਾਇਆ ਹੈ। ਇਹ ਸਿਫਾਰਸ਼ ਕਰਨ ਵਾਲਾ ਵੀ ਇਕ ਐਮ. ਐਲ. ਏ. ਹੈ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਆਨਰੇਬਲ ਮੈਂਬਰ ਦੀ ਵਾਕਫੀਅਤ ਲਈ ਮੈਂ ਦੱਸ ਦੇਵਾਂ ਕਿ ਇਸ ਸਕੀਮ ਦੇ ਤਹਿਤ 43 ਡੀਪੂ ਦਿੱਤੇ ਗਏ ਹਨ। ਪਹਿਲਾਂ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਇਹ ਡੀਪੂ ਸਿਰਫ ਕਰਿਆਨਾ ਡੀਪੂ ਹੋਲਡਰਜ਼ ਨੂੰ ਹੀ ਦੇਣੇ ਹਨ ਪਰ ਫੇਰ ਇਹ ਵੀ ਡੀਸਾਈਡ ਕੀਤਾ ਕਿ 20 ਪ੍ਰਤੀਸ਼ਤ ਡੀਪੋਜ਼ ਹਰੀਜਨਾਂ, ਫਰੀਡਮ ਫਾਈਟਰਜ਼ ਨੂੰ ਵੀ ਦੇਣੇ ਹਨ। ਉਨ੍ਹਾਂ ਨੂੰ ਇਸ ਹਿਸਾਬ ਨਾਲ 8 ਡੀਪੂ ਦਿੱਤੇ ਗਏ ਹਨ। ਸਰਕਾਰ ਪਾਸ ਅਜੇ ਤੱਕ ਇਸ ਤਰ੍ਹਾਂ ਦੀ ਕੋਈ ਸ਼ਕਾਇਤ ਨਹੀਂ, ਜੇ ਸਾਡੇ ਨੋਟਿਸ ਵਿਚ ਲਿਆਉਗੇ ਤਾਂ ਕਸੂਰਵਾਰ ਦੇ ਖਿਲਾਫ ਜ਼ਰੂਰ ਐਕਸ਼ਨ ਲਵਾਂਗੇ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 2, 18 ਫਰਵਰੀ ਨੂੰ ਸਟੂਡੈਂਟਸ ਦੀ ਅਨਰੈਸਟ ਦੇ ਮੁਤਾਲਿਕ ਦਿੱਤੀ ਸੀ ਪਰ ਉਸ ਦਾ ਮੈਨੂੰ ਅਜੇ ਤੱਕ ਕੋਈ ਜਵਾਬ ਸਰਕਾਰ ਵੱਲੋਂ ਨਹੀਂ ਦਿੱਤਾ ਗਿਆ। ਕੀ ਇਸ ਦਾ ਜਵਾਬ ਇਸ ਸੈਸ਼ਨ ਵਿਚ ਆ ਜਾਵੇਗਾ ?

ਸ਼੍ਰੀ ਸਪੀਕਰ : ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸੇ ਸੈਸ਼ਨ ਦੇ ਵਿਚ ਜਵਾਬ ਦੇਣ ਦੀ ਕਿਰਪਾਲਤਾ ਕਰਨ। (I request the hon. Minister concerned to give his reply during this very Session.)

Legislative Business

THE PUNJAB APPROPRIATION (No. 2) BILL, 1974

Finance Minister (Shri Hans Raj Sharma) ; Sir, I beg to introduce the Punjab Appropriation (No. 2), Bill.

I also move —

> That the Punjab Appropriation (No. 2.) Bill be taken into consideration at once.

Mr. Speaker : Motion moved —

> That the Punjab Appropriation (No. 2) Bill be taken into consideration at once.

(ਇਸ ਵੇਲੇ ਸ੍ਰੀਮਤੀ ਕੁਲਵੰਤ ਕੌਰ ਅਤੇ ਕਾਮਰੇਡ ਰਾਜਕੁਮਾਰ ਬੋਲਣ ਲਈ ਖੜ੍ਹੇ ਹੋਏ। (ਸ੍ਰੀ ਸਪੀਕਰ ਨੇ ਕਾਮਰੇਡ ਰਾਜਕੁਮਾਰ ਨੂੰ ਬੋਲਣ ਦੀ ਆਗਿਆ ਦਿੱਤੀ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਪਹਿਲਾਂ ਬੀਬੀ ਕੁਲਵੰਤ ਕੌਰ ਨੂੰ ਬੋਲਣ ਦੀ ਆਗਿਆ ਦਿੱਤੀ ਜਾਵੇ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ। ਇਹ ਇਕ ਅਸੂਲ ਦੀ ਲੜਾਈ ਹੈ। ਕਲ੍ਹ ਜਦੋਂ ਤੁਸੀਂ ਸਾਡੀ ਪਾਰਟੀ ਦਾ ਬੰਦਾ ਵੀ ਖੜ੍ਹਾ ਸੀ ਪਹਿਲਾਂ ਅਕਾਲੀ ਪਾਰਟੀ ਦੇ ਨੂੰ ਅਲਾਉ ਕਰ ਦਿੱਤਾ ਸੀ, ਤਾਂ ਸਾਡਾ ਬੰਦਾ ਨਹੀਂ ਸੀ ਬੋਲਿਆ। ਇਸ ਲਈ ਅਜੇ ਕਾਮਰੇਡ ਰਾਜ ਕੁਮਾਰ ਨੂੰ ਹੀ ਬੋਲਣ ਦਿਓ ਫੇਰ ਭਾਵੇਂ ਉਹ ਬੋਲ ਲੈਣ।

Mr. Speaker : Let the hon. Member Com. Raj Kumar speak first.

ਇਸ ਦੇ ਨਾਲ ਹੀ ਮੈਂ ਮੈਂਬਰ ਸਾਹਿਬ ਨੂੰ ਇਹ ਵੀ ਅਰਜ਼ ਕਰ ਦੇਵਾਂ ਕਿ ਪੁਆਇੰਟ ਆਫ ਇਨਫਰਮੇਸ਼ਨ ਦੇ ਨਾਉਂ ਤੇ ਹਾਊਸ ਦਾ ਕਾਫੀ ਸਮਾਂ ਖਰਾਬ ਹੁੰਦਾ ਹੈ। ਰੂਲ ਨੰ : 104 ਦੇ ਤਹਿਤ ਸਿਰਫ ਪਾਰਟੀ ਲੀਡਰ ਹੀ ਇਸ ਤਰ੍ਹਾਂ ਦਾ ਕੋਈ ਜ਼ਰੂਰੀ ਕੁਐਸ਼ਚਨ ਕਰ ਸਕਦੇ ਹਨ। ਮੈਂ ਮੈਂਬਰ ਸਾਹਿਬ ਨੂੰ ਦੱਸ ਦੇਵਾਂ ਕਿ ਹੁਣ ਤੋਂ ਸਿਰਫ ਪਾਰਟੀ ਲੀਡਰਜ਼ ਹੀ ਕੋਈ ਇਨਫਰਮੇਸ਼ਨ ਲੈ ਸਕਦੇ ਹਨ। (Let the hon. Member Com. Raj Kumar speak first. I may also point out to all the Members that most of the time of the House is wasted in raising the points of information. Under rule 104 only party leaders can raise such questions. From now onwards only party leaders will be allowed to obtain any information on the point of information.)

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਜਿਹੜਾ ਨਾਹਰਾ 1969 ਵਿਚ ਜ਼ਮੀਰ ਦੀ ਆਵਾਜ਼ ਉਤੇ ਚਲਣ ਦਾ ਲਾਇਆ ਗਿਆ ਸੀ ਮੈਨੂੰ ਅੱਜ ਉਸਦੀ ਯਾਦ ਆ ਰਹੀ ਹੈ। ਉਸ ਵੇਲੇ ਮੁਲਕ ਨੂੰ ਇਹ ਨਾਹਰਾ ਦਿੱਤਾ ਸੀ ਕਿ ਸਾਨੂੰ ਆਪਣੀ ਜ਼ਮੀਰ ਦੀ ਆਵਾਜ਼ ਤੇ ਚੱਲਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਜਿਹੜਾ ਪੁਲੀਟੀਕਲ ਫੈਸਲਾ ਕੌਮ ਨੇ ਕੀਤਾ

[ਕਾਮਰੇਡ ਰਾਜ ਕੁਮਾਰ]

ਉਹ ਇਹ ਸੀ ਕਿ ਸ੍ਰੀ ਵੀ. ਵੀ. ਗਿਰੀ ਨੂੰ ਪ੍ਰਧਾਨ ਬਣਾਇਆ ਜਾਵੇ। ਭਾਵੇਂ ਇਹ ਫੈਸਲਾ ਵਕਤ ਦੀ ਮੈਜਾਰਟੀ ਪਾਰਟੀ ਦਾ ਸੀ ਪਰ ਇਸ ਨੂੰ ਸਾਰਿਆਂ ਨੇ ਮੰਨਿਆ। ਫੇਰ ਦੂਸਰਾ ਫੈਸਲਾ ਇਹ ਵੀ ਹੋਇਆ ਕਿ ਪ੍ਰਿੰਸਿਜ਼ ਦੇ ਪਰੀਵੀ ਪਰਸਿਜ਼ ਅਬਾਲਿਸ਼ ਕੀਤੇ ਜਾਣ। ਤੀਸਰਾ ਫੈਸਲਾ ਇਹ ਹੋਇਆ ਕਿ ਦੇਸ਼ ਦੇ 14 ਸੈਪਰੇਟ ਬੈਂਕਾਂ ਦਾ ਕੌਮੀਕਰਨ ਕੀਤਾ ਜਾਵੇ। ਇਹ ਵੀ ਤੁਸੀਂ ਜਾਣਦੇ ਹੋ ਕਿ ਇਸ ਤਰ੍ਹਾਂ ਦੇ ਵਾਕਿਆਤ ਵੀ ਆਏ, ਯਕੇ ਬਾਅਦ ਦੀਗਰੇ, ਜਿਨ੍ਹਾਂ ਦਾ ਅਸਰ ਜੁਡੀਸ਼ਰੀ ਅਤੇ ਪਾਰਲੀਮੈਂਟ ਤੱਕ ਵੀ ਪਿਆ। ਇਹ ਇਕ ਬੜਾ ਹੀ ਜ਼ਬਰਦਸਤ ਸੰਘਰਸ਼ ਸੀ ਜਿਹੜਾ ਕਿ ਇਕ ਫੈਸਲੇ ਦੇ ਦਿੱਤੇ ਜਾਣ ਤੇ ਪਾਰਲੀਮੈਂਟ ਅਤੇ ਜੁਡੀਸ਼ਰੀ ਦੇ ਵਿਚ ਛਿੜਿਆ। ਕਿਤੇ ਸੰਘਰਸ਼ ਪਾਰਲੀਮੈਂਟਰੀ ਔਰ ਜੁਡੀਸ਼ਰੀ ਦੇ ਅਖਤਿਆਰਾਤ ਦਾ ਹੈ, ਕਿਤੇ ਮਨੋਪਲੀ ਔਰ ਮਨੋਪਲੀ ਨੂੰ ਦੂਰ ਕਰਨ ਦਾ ਹੈ। ਉਸ ਸੰਘਰਸ਼ ਤੋਂ ਬਾਅਦ ਸਪੀਕਰ ਸਾਹਿਬ, 1971 ਦੀਆਂ ਪਾਰਲੀਮੈਂਟ ਦੀਆਂ ਚੋਣਾਂ ਔਰ 1972 ਤੱਕ ਜਨਰਲ ਇਲੈਕਸ਼ਨਜ਼। ਹੁਣ ਫੇਰ ਇਲੈਕਸ਼ਨਜ਼ ਹੋਏ ਹਨ। ਇਨ੍ਹਾਂ ਸਾਰੇ ਵਾਕਿਆਤ ਨੇ ਹਕੀਕਤ ਨੂੰ ਸਾਡੇ ਸਾਹਮਣੇ ਰੱਖਿਆ ਹੈ ਅਤੇ ਉਜਾਗਰ ਕੀਤਾ ਹੈ। ਸਾਡੇ ਮੁਲਕ ਵਿਚ ਭਾਵੇਂ ਅਲੈਕਟੋਰਲ ਸ਼ਿਕਸਤ ਹੋਈ (ਵਿਘਨ)

ਸ੍ਰੀ ਸਪੀਕਰ : ਗਿਲੋਟੀਨ ਠੀਕ 1.00 ਵਜੇ ਐਪਲਾਈ ਹੋਵੇਗੀ। (Guillotine will be applied exactly at 1.00 P.M.)

ਕਾਮਰੇਡ ਰਾਜ ਕੁਮਾਰ : ਅੱਗੇ ਅਲੈਕਟੋਰਲ ਸ਼ਿਕਸਤ ਹੋਈ। ਉਸ ਦੇ ਨਾਲ ਹੀ ਉਸ ਸ਼ਿਕਸਤ ਤੋਂ ਬਾਅਦ ਸਾਡੇ ਸਾਹਮਣੇ ਰਾਈਟ ਰੀਐਕਸ਼ਨਰੀਜ਼ ਨੇ ਆਪਣੇ ਹਥਿਆਰ ਨਹੀਂ ਸੁਟੇ ਔਰ ਉਹ ਹਕੀਕਤ ਬਦ-ਦਸਤੂਰ ਸਾਡੇ ਸਾਹਮਣੇ ਹੈ। ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਅਜਿਹੀ ਅਵਸਥਾ ਹੋਵੇ ਔਰ ਉਹ ਹਕੀਕਤ ਬਦ-ਦਸਤੂਰ ਕਾਇਮ ਹੋਵੇ ਕੀ ਉਸ ਹਕੀਕਤ ਨੂੰ ਉਹ ਸਜਣ ਆਪਣੀ ਆਤਮਾ ਦੀ ਆਵਾਜ਼ ਤੇ ਚਲਣ ਦੇਣਗੇ ਜਿਨ੍ਹਾਂ ਹਕੀਕਤਾਂ ਨੂੰ ਦੇਸ਼ ਦੇ ਅੰਦਰ ਉਜਾਗਰ ਕੀਤਾ ਸੀ। (ਵਿਘਨ) ਮੈਂ ਬਜਟ ਤੇ ਪਹਿਲਾਂ ਬੋਲਣ ਤੋਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੋ ਅਵਸਥਾ ਪਹਿਲਾਂ ਸੀ ਉਹੀ ਅੱਜ ਸਾਡੇ ਸਾਹਮਣੇ ਹੈ। ਪਾਰਟੀ ਲੈਵਲ ਲਗੇ ਹਨ ਔਰ ਉਸੇ ਕਰਕੇ ਸੀਟਾਂ ਦਾ ਅਰੇਂਜਮੈਂਟ ਸਾਡੇ ਸਾਹਮਣੇ ਹੈ। ਪ੍ਰਗਤੀਸ਼ੀਲ ਪਾਰਟੀਆਂ ਅੱਗੇ ਵੱਧਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਦੇਸ਼ ਨੂੰ ਅੱਗੇ ਲਿਜਾਣ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਇਸਦੇ ਨਾਲ ਹੀ ਪਿਛਾਂਹ ਖਿਚੂ ਪਾਰਟੀਆਂ ਦੇਸ਼ ਨੂੰ ਪਿਛੇ ਖਿਚਣ ਤੇ ਜ਼ੋਰ ਲਾ ਰਹੀਆਂ ਹਨ। ਭਾਵੇਂ ਬਜਟ ਸਪੀਚ ਹੋਵੇ, ਭਾਵੇਂ ਬਜਟ ਤੇ ਐਪ੍ਰੋਪ੍ਰੀਏਸ਼ਨ ਦੇ ਸਿਲਸਿਲੇ ਵਿਚ ਉਸ ਦੀ ਪਰੀਜ਼ੈਂਟੇਸ਼ਨ ਹੋਵੇ, ਸਾਨੂੰ ਵੇਖਣਾ ਪਏਗਾ ਕਿ ਸਾਡੀ ਰਿਪਰਜ਼ੈਂਟੇਸ਼ਨ ਸਾਡੇ ਐਲਾਨਾਂ ਦੇ ਮੁਤਾਬਿਕ ਹੈ, ਜੋ ਕੁਝ ਕਹਿ ਰਹੇ ਹਾਂ, ਸਚ ਮੁਚ ਪ੍ਰਗਤੀ ਔਰ ਤਰੱਕੀ, ਅੱਗੇ ਵੱਧਣ ਵਾਸਤੇ ਹੈ। ਸਾਡੇ ਖਜ਼ਾਨਾ ਮੰਤਰੀ ਜੀ ਨੇ ਪਹਿਲਾਂ ਸਪੀਚ ਦਿੱਤੀ ਅਤੇ ਉਸ ਵਿਚ ਆਪਣੇ ਖਿਆਲਾਤ ਦਾ ਇਜ਼ਹਾਰ ਕੀਤਾ ਹੈ। ਇਸ ਤੇ ਮੈਂ ਇਕ ਇਨਫਰੈਂਸ ਕੀਤਾ ਹੈ ਕਿ ਸਾਡੇ ਖਜ਼ਾਨਾ ਮੰਤਰੀ ਜੀ ਜੁਰੱਤ ਤੋਂ ਕੰਮ ਨਹੀਂ ਲੈ ਰਹੇ। ਜੋ ਤਜਵੀਜ਼ਾਂ ਪੇਸ਼ ਕੀਤੀਆਂ ਹਨ ਉਸ ਵਿਚ ਜੁਰੱਤ ਟਪਕਦੀ ਨਹੀਂ ਹੈ। ਰਾਜ ਕਮੇਟੀ ਦੀਆਂ ਸਿਫਾਰਸ਼ਾਂ ਸਾਡੇ ਅੱਜ ਦੇ ਫਾਈਨੈਂਸ਼ਲ ਸੰਕਟ ਤੇ ਕਾਬੂ ਪਾਉਣ ਵਾਸਤੇ ਇਕ ਸਹੀ ਮਾਰਗ ਹੈ। ਇਨ੍ਹਾਂ ਨੇ ਫਰਮਾਇਆ ਸਾਡੀ ਅਪਰੋਚ ਟੈਕਸੇਸ਼ਨ ਦੀ ਹੈ ਲੇਕਿਨ ਸਿਫਾਰਸਾਂ ਨਹੀਂ ਮੰਨੀਆਂ। ਇਨ੍ਹਾਂ ਦੇ ਬਜਟ ਤੇ ਜੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਅਤੇ ਮੈਨੂੰ ਕੋਈ ਹਿਚਕਚਾਹਟ ਨਾ ਹੁੰਦੀ ਇਨ੍ਹਾਂ ਨੂੰ ਮੁਬਾਰਕਬਾਦ ਦੇਣ ਵਿਚ ਜੇ ਇਨ੍ਹਾਂ ਨੇ ਰਾਜ ਕਮੇਟੀ ਦੀਆਂ ਸਿਫਾਰਸ਼ਾਂ ਤੇ ਅਮਲ ਕੀਤਾ ਹੁੰਦਾ। ਪਰ ਇਨ੍ਹਾਂ ਦੀ ਅਪਰੋਚ ਤਾਂ ਮਾਰਕੀਟ ਕਮੇਟੀਆਂ ਦੀ ਫੀਸ ਵਧਾਉਣਾ ਹੈ। ਇਨ੍ਹਾਂ ਨੂੰ ਰਾਜ ਕਮੇਟੀ ਦੀਆ ਸਿਫਾਰਸ਼ਾਂ ਦਾ ਇਕ ਵਾਰੀ ਹੋਰ ਅਧਿਐਨ ਕਰਨਾ ਚਾਹੀਦਾ ਹੈ (ਸਰਦਾਰ ਹਰਚੰਦ ਸਿੰਘ ਵੱਲੋਂ ਵਿਘਨ) ਉਹ ਡਾਕਟਰ ਕੇ. ਐਲ. ਰਾਜ ਕਮੇਟੀ ਹੈ। ਅਸੀਂ ਜਦੋਂ ਵੀ ਕੋਈ ਮੰਗ ਉਠਾਈ ਹੈ

ਤਾਂ ਮਨਿਸਟਰ ਸਾਹਿਬ ਨੇ ਇਕ ਗਲ ਹੀ ਕਹੀ ਹੈ। ਮੈਂ ਸਮਝਦਾ ਹਾਂ ਭਾਵੇਂ 31,000 ਮਕੈਨੀਕਲ ਵਰਕਰਜ਼ ਦੀ ਗੱਲ ਹੈ ਭਾਵੇਂ ਸੋਸ਼ਲ ਸਿਕਿਉਰਟੀ ਦੀ ਗੱਲ ਹੈ ਜਾਂ ਕਦੇ ਹੋਰ ਮੰਗ ਮੰਗੀ ਹੈ ਤਾਂ ਉਸ ਵੇਲੇ ਇਨ੍ਹਾਂ ਨੇ ਇਹੀ ਹੀ ਕਿਹਾ ਹੈ ਕਿ 21 ਕਰੋੜ ਰੁਪਏ ਦਾ ਘਾਟਾ ਹੈ। ਇਹ ਪੂਰਾ ਨਹੀਂ ਹੋ ਸਕਦਾ ਹੈ। ਇਸ ਲਈ ਇਹ ਮੰਗਾਂ ਨੂੰ ਛੱਡੋ । ਜਿਹੜਾ, ਇਹ ਘਾਟਾ ਦੂਰ ਕਰਨ ਵਿਚ ਰਸਤੇ ਵਿਚ ਰੁਕਾਵਟਾਂ ਹਨ ਉਨ੍ਹਾਂ ਨੂੰ ਇਹ ਦੂਰ ਕਰਨ ਵਾਸਤੇ ਤਿਆਰ ਨਹੀਂ ਹੁੰਦੇ ਹਨ। ਅਸੀਂ ਬਜਟ ਵਿਚ ਵੇਖਿਆ ਹੈ ਭਾਵੇਂ ਸੋਸ਼ਲ ਸਰਵਿਸ ਐਕਸਟੈਂਡ ਕਰਨ ਦਾ ਪ੍ਰੋਗਰਾਮ ਹੋਵੇ ਜਿਸ ਨੂੰ ਅਸੀਂ ਵੈਲਕਮ ਪ੍ਰੋਗਰਾਮ ਕਹਿੰਦੇ ਹਾਂ, ਭਾਵੇਂ ਸੋਸ਼ਲ ਸਿਕਿਉਰਟੀ ਵਿਚ ਐਕਸਟੈਨਸ਼ਨ ਦਾ ਪ੍ਰੋਗਰਾਮ ਹੋਵੇ, ਉਸ ਨੂੰ ਵੈਲਕਮ ਕਰਾਂਗੇ, ਐਜੂਕੇਸ਼ਨ ਵਾਸਤੇ 26 ਪੁਆਇੰਟ ਦੇ ਨੇੜੇ ਤੇੜੇ ਐਲੋਕੇਸ਼ਨ ਕੀਤੀ ਹੈ, ਅਸੀਂ ਵੈਲਕਮ ਕਰਾਂਗੇ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਜਿਹੜਾ ਇਨ੍ਹਾਂ ਨੇ ਇਹ ਚੀਜ਼ਾਂ ਵਾਸਤੇ ਪਰੋਵੀਜ਼ਨ ਕੀਤਾ ਹੈ ਉਸ ਦੀ ਪੂਰਤੀ ਕਿਸ ਹਦ ਤੱਕ ਕਰ ਸਕਣਗੇ। ਇਹ ਜੋ 21 ਕਰੋੜ ਰੁਪਏ ਦਾ ਘਾਟਾ ਹੈ, ਇਹ ਸਾਡੇ ਤੇ ਤਲਵਾਰ ਲਟਕਦੀ ਹੈ। ਚੰਗਾ ਹੁੰਦਾ ਜੇ ਇਹ ਕਹਿੰਦੇ ਕਿ ਟੈਕਸੇਸ਼ਨ ਦੀ ਪਾਲਿਸੀ ਉਹ ਅਪਨਾਂਵਾਗੇ ਜਿਸ ਦਾ ਜ਼ਿਕਰ ਰਾਜ ਕਮੇਟੀ ਦੀ ਰਿਪੋਰਟ ਵਿਚ ਕੀਤਾ ਗਿਆ ਹੈ। ਟੈਕਸ ਉਨ੍ਹਾਂ ਤੇ ਲਗਾਵਾਂਗੇ ਜਿਹੜੇ ਡਿਵੈਲਪਮੈਂਟ ਤੋਂ ਬੈਨੀਫੀਸ਼ਰੀ ਹਨ। ਇਸ ਬਜਟ ਵਿਚ ਡਿਵੈਲਪਮੈਂਟ ਤੋਂ ਬੈਨੀਫੀਸ਼ਰੀਜ਼ ਜਿਹੜੇ ਹੋਣਗੇ ਉਨ੍ਹਾਂ ਤੇ ਟੈਕਸ ਨਹੀਂ ਲਗਾਇਆ ਗਿਆ ਹੈ ਬਲਕਿ ਇਨ੍ਹਾਂ ਦਾ ਟੈਕਸੇਸ਼ਨ ਦਾ ਤਰੀਕਾ ਉਹੀ ਪੁਰਾਣਾ ਹੈ ਸਟੇਟਸ-ਕੋ ਹੈ। ਜਿਹੜਾ ਪਿਛੇ ਰਿਹਾ ਹੈ ਉਹੀ ਹੈ। ਮੈਂ ਨਹੀਂ ਸਮਝਦਾ ਕਿਸ ਗੱਲ ਵਾਸਤੇ ਦੋ ਤਿੰਨ ਮਹੀਨੇ ਫਾਈਨੈਂਸ ਡਿਪਾਰਟਮੈਂਟ ਇਸ ਪਾਸੇ ਯਤਨ ਕਰਦਾ ਰਿਹਾ। ਜੇ ਗੌਰ ਨਾਲ ਇਨ੍ਹਾਂ ਦੀ ਟੈਕਸੇਸ਼ਨ ਦੀ ਪਾਲਿਸੀ ਨੂੰ ਦੇਖੀਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਇਨਡਾਇਰੈਕਟ ਟੈਕਸੇਸ਼ਨ ਦੀ ਪਾਲੇਸੀ ਅਪਣਾਈ ਹੈ। ਇਸ ਨੂੰ ਬਦਲਣ ਦੀ ਲੋੜ ਹੈ। ਲੋਕਾਂ ਤੇ ਜ਼ਿਆਦਾ ਇਨਡਾਇਰੈਕਟ ਟੈਕਸ ਲਗਾਉਣ ਦੀ ਬਜਾਏ ਲਾਈਸੈਂਸਿੰਗ ਪਾਸੇ ਚਲਣਾ ਚਾਹੀਦਾ ਹੈ। ਮੈਂ ਕੋਈ ਨਵੀਂ ਚੀਜ਼ ਨਹੀਂ ਦੱਸ ਰਿਹਾ ਹਾਂ। ਇਨ੍ਹਾਂ ਦੇ ਪੇਸ਼ ਕੀਤੇ ਉਹੀ ਸੁਝਾਉ ਹਨ। ਇਸ ਨੂੰ ਰੀਸਟ੍ਰਕਚਰ ਕਰਨ ਵਾਸਤੇ ਤਜਵੀਜ਼ ਦਿੰਦਾ ਹਾਂ। ਜੋ ਇਨ੍ਹਾਂ ਦੀ ਐਕਸਾਈਜ਼ ਇਨਕਮ ਹੈ ਇਸ ਵਿਚ ਜਿਸ ਢੰਗ ਨਾਲ ਇਨਕਮ ਆਉਂਦੀ ਹੈ ਇਹ ਤਿੰਨ ਚੀਜ਼ਾਂ ਦੇ ਜ਼ਰੀਏ ਆਉਂਦੀ ਹੈ। ਪਹਿਲੀ ਚੀਜ਼ ਹੈ ਅਸੈਸਮੈਂਟ ਫੀਸ ਦਾ ਜ਼ਰੀਆ, ਦੂਸਰੀ ਚੀਜ਼ ਸਟੇਟ ਐਕਸਾਈਜ਼ ਡਿਊਟੀ ਦਾ ਜ਼ਰੀਆ ਅਤੇ ਤੀਜੀ ਚੀਜ਼ ਹੈ ਲਾਈਸੈਂਸਿੰਗ ਦਾ ਜ਼ਰੀਆ। ਇਹ ਤਿੰਨੇ ਚੀਜ਼ਾਂ ਕਰ ਦੇਣ ਇਸ ਨਾਲ ਤਾਂ ਪੰਜਾਬ ਦੇ ਅੰਦਰ ਸਪੂਰੀਅਸ ਲੀਕੁਅਰ ਵਿਕੇਗੀ (ਵਿਘਨ) ਇਸ ਸੂਬੇ ਦੇ ਅੰਦਰ ਸ਼ਰਾਬ ਦਾ ਭਾਅ ਵੱਧ ਹੈ ਅਤੇ ਗਵਾਂਢੀ ਰਾਜ ਵਿਚ ਭਾਅ ਘਟ ਹੈ। ਇਹ ਤਿੰਨੇ ਚੀਜ਼ਾਂ ਕਰਨ ਨਾਲ ਇਸ ਸੂਬੇ ਦੀ ਆਮਦਨੀ ਕਈ ਗੁਣਾ ਵੱਧ ਜਾਵੇਗੀ।

ਸ੍ਰੀ ਸਪੀਕਰ: ਪੰਜ ਮਿੰਟ ਹੋਰ ਲੈ ਲਉ। 12-30 ਵਜੇ ਸ਼ਰਮਾ ਸਾਹਿਬ ਨੇ ਬੋਲਣਾ ਹੈ। ਫੇਰ 1-00 ਵਜੇ ਗਿਲੋਟੀਨ ਐਪਲਾਈ ਕਰਨੀ ਪੈਣੀ ਹੈ। (ਕਾਮਰੇਡ ਰਾਜ ਕੁਮਾਰ ਵੱਲੋਂ ਵਿਘਨ) ਚਲੋ ਦੱਸ ਮਿੰਟ ਲੈ ਲਉ। (Please wind up within five minutes. Sharma Sahib will start his speech at 12.30 P.M. Guillotine is to be applied at 1.00 P.M. (Interruption by Comrade Raj Kumar) All right, you can have ten minutes.)

ਕਾਮਰੇਡ ਰਾਜ ਕੁਮਾਰ: ਮੈਂ ਅੱਧਾ ਘੰਟਾ ਲੈਣਾ ਹੈ ਜੀ। ਮੈਂ ਕੋਸ਼ਿਸ਼ ਕਰਾਂਗਾ ਜੇ ਛੇਤੀ ਮੁਕ ਜਾਵੇ।

ਸ੍ਰੀ ਸਪੀਕਰ: ਦੱਸ ਮਿੰਟ ਵਿਚ ਮੁਕਾਓ। (Please wind up within ten minutes)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਖਜ਼ਾਨਾ ਮੰਤਰੀ ਜੀ ਦੀਆਂ ਦਿੱਕਤਾਂ ਨੂੰ ਸਮਝਦਾਂ ਹਾਂ। ਜਿਸ ਬਿਊਰੋਕ੍ਰੇਸੀ ਤੇ ਰਿਲਾਈ ਕਰਕੇ ਇਹ ਸਾਰਾ ਕੁਝ ਕਰ ਰਹੇ ਹਨ, ਇਨ੍ਹਾਂ ਦੇ ਵੈਸਟਿਡ ਇੰਟ੍ਰਸਟ ਹਨ, ਤਾਂ ਇਹ ਟੈਕਸ ਸਟ੍ਰਕਚਰ ਉਸੇ ਤਰ੍ਹਾਂ ਰਹੇਗਾ ਜਿਸ ਤਰ੍ਹਾਂ ਕਿ ਪਹਿਲਾਂ ਤੋਂ ਚਲਿਆ ਆ ਰਿਹਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਜੇ ਇਨ੍ਹਾਂ ਨੇ ਸਾਡੀ ਤਜਵੀਜ਼ ਤੇ ਅਮਲ ਕੀਤਾ ਤਾਂ ਇਨ੍ਹਾਂ ਨੂੰ ਸਾਡੇ ਵੱਲੋਂ ਪੂਰਾ ਸਮਰਥਨ ਮਿਲੇਗਾ ਅਤੇ ਇਸ ਨਾਲ ਸਾਡੇ ਤੋਂ ਕਿਸੇ ਤਰ੍ਹਾਂ ਦੀ ਰੁਕਾਵਟ ਪੈਦਾ ਕਰਨ ਦੀ ਤਵੱਕੋ ਨਹੀਂ ਕਰਨੀ ਚਾਹੀਦੀ ਇਹ ਬਜਟ ਕਰੇਜਸ ਨਹੀਂ ਹੈ। ਜਿੰਨਾ ਕਰੇਜ ਦਿਖਾਉਣਾ ਚਾਹੀਦਾ ਸੀ ਬਿਊਰੋਕ੍ਰੇਟਿਕ ਫਰੈਂਡਜ਼ ਨੂੰ ਕਰਸ਼ ਕਰਨ ਵਿਚ, ਉਹ ਨਹੀਂ ਦਿਖਾਇਆ ਗਿਆ ਹੈ। ਇਹ ਕਰੇਜ ਅੱਗੇ ਨਹੀਂ ਵਿਖਾਇਆ ਗਿਆ ਹੈ ਅਤੇ ਇਹ ਕਰੇਜ ਹੁਣ ਦਿਖਾਉਣਾ ਚਾਹੀਦਾ ਹੈ।

ਟਰਾਂਸਪੋਰਟ ਦੇ ਸਿਲਸਿਲੇ ਵਿਚ ਅੱਜ ਜੋ ਸਟ੍ਰਕਚਰ ਮੌਜੂਦ ਹੈ ਇਸ ਸਟ੍ਰਕਚਰ ਨੂੰ ਤਬਦੀਲ ਕਰਕੇ ਰੇਟ ਆਫ ਟੈਕਸੇਸ਼ਨ ਜਿਹੜਾ ਕਿ ਪੈਸੰਜਰ ਟੈਕਸ ਦੀ ਸ਼ਕਲ ਵਿਚ ਹੈ ਉਸ ਨੂੰ ਫੇਅਰ ਵਿਚ ਤਬਦੀਲ ਕਰਨਾ ਚਾਹੀਦਾ ਹੈ। ਜੋ ਟੋਕਨ ਟੈਕਸ ਅੱਜ ਲਗਾਉਂਦੇ ਹਨ ਇਹ ਬਹੁਤ ਅਰਸਾ ਪਹਿਲਾਂ ਲਗਿਆ ਸੀ, ਉਸ ਟੋਕਨ ਟੈਕਸ ਨੂੰ ਤਬਦੀਲ ਕਰ ਦੇਣਾ ਚਾਹੀਦਾ ਹੈ। ਉਸ ਦਾ ਰੇਟ ਵਧਾ ਦੇਣ ਤਾਂ ਅੱਜ ਹੀ ਇਨ੍ਹਾਂ ਨੂੰ ਟਰਾਂਸਪੋਰਟ ਦੇ ਮਹਿਕਮੇਂ ਤੋਂ ਆਮਦਨ ਦੁਗਣੀ ਹੋਣੀ ਮੁਮਕਿਨ ਹੋ ਸਕੇਗੀ।

ਫੇਰ, ਸਪੀਕਰ ਸਾਹਿਬ, ਸਾਰੇ ਬਜਟ ਐਸਟੀਮੇਟਸ ਤੇ ਝਾਤੀ ਮਾਰਨ ਦੀ ਕੋਸ਼ਿਸ਼ ਕੀਤੀ ਹੈ, ਇਨ੍ਹਾਂ ਨੇ ਡੈਲੀਬਰੇਟਲੀ ਕੋਸ਼ਿਸ਼ ਕੀਤੀ ਹੈ ਕਿ ਐਸਟੀਮੇਟਸ ਜਿਹੜੇ ਪਰੀਜ਼ੈਂਟ ਕੀਤੇ ਗਏ ਹਨ ਸਪਲੀਮੈਂਟਰੀ ਵੀ ਐਰ ਓਰਿਜਿਨਲ ਵੀ, ਇਨ੍ਹਾਂ ਨੂੰ ਜਾਣਕੇ ਘੱਟ ਵਿਖਾਇਆ ਗਿਆ ਹੈ। ਜਾਣਕੇ ਘੱਟ ਵਿਖਾਉਣ ਵਿਚ ਇਕ ਫਾਇਦਾ ਹੈ। ਇਕ ਤਾਂ ਇਹ ਹੈ ਕਿ ਜਿਹੜੀ ਲੀਕੇਜ ਹੋਣੀ ਹੈ ਉਸ ਦੀ ਲੀਗਲ ਸੈਂਕਸ਼ਨ ਪਹਿਲਾਂ ਮਿਲ ਜਾਵੇਗੀ। ਦੂਜਾ ਇਹ ਹੈ ਕਿ ਇਨਐਫੀਸ਼ੈਂਸੀ ਜਿਹੜੀ ਹੈ ਕਿ ਜਦ ਬਕਾਇਦਾ ਵਿਧਾਨ ਸਭਾ ਦੀਆਂ ਪੀ. ਏ. ਸੀ ਦੀ ਰਿਪੋਰਟ ਵਿਚ ਅਤੇ ਹੋਰ ਰਿਪੋਟਾਂ ਵਿਚ ਉਹ ਛੁੱਪ ਜਾਵੇਗੀ। ਜਿਹੜੇ ਅਫਸਰ ਲੀਕੇਜ ਨੂੰ ਇਸਤੇਮਾਲ ਕਰਦੇ ਹਨ ਤਾਂ ਉਹ ਇਸ ਸਿਸਟਮ ਨੂੰ ਐਕਸਪਲਾਇਟ ਕਰਦੇ ਹਨ। ਉਹ ਨਾਲੇ ਤਾਂ ਇਕ ਪਾਸੇ ਬੱਜਟ ਵਿਚ ਘਾਟਾ ਦਿਖਾਕੇ ਫਿਰ ਬਾਅਦ ਵਿਚ ਉਸ ਨੂੰ ਪੂਰਾ ਕਰ ਲੈਂਦੇ ਹਨ ਅਤੇ ਕਹਿਣਗੇ ਕਿ ਅਸੀਂ ਬੜੇ ਐਫੀਸ਼ੈਂਟ ਹਾਂ। ਦੂਸਰੇ ਪਾਸੇ ਜਿਹੜੀ ਡੈਲੀਬਰੇਟਲੀ ਲੀਕੇਜ ਹੁੰਦੀ ਹੈ ਉਸ ਨੂੰ ਉਹ ਆਪਣੇ ਬੋਝੇ ਵਿਚ ਪਾ ਲੈਂਦੇ ਹਨ। ਇਹ ਡੈਲੀਬਰੇਟਲੀ ਕੋਸ਼ਿਸ਼ ਘੱਟ ਐਸਟੀਮੇਸ਼ਨ ਦੀ ਹੈ। ਤਿੰਨ ਹੈਡ ਹਨ, ਜਿਸ ਤਰ੍ਹਾਂ ਕਿ ਮੈਂ ਪਹਿਲਾਂ ਵੀ ਦੱਸਿਆ ਹੈ, ਐਕਸਾਈਜ਼ ਡਿਊਟੀ, ਸੇਲਜ਼ ਟੈਕਸ ਦੀ ਡਿਊਟੀ ਅਤੇ ਟਰਾਂਸਪੋਰਟ ਵਿਚ ਪੈਸੰਜਰ ਟੈਕਸ ਗੁੱਡਜ਼ ਟੈਕਸ ਅਤੇ ਟੂਲ ਟੈਕਸ ਵਗੈਰਾ ਹਨ ਇਨ੍ਹਾਂ ਤੇ ਫਿਰ ਸੋਚਣ ਨਾਲ ਇਨ੍ਹਾਂ ਦੀ ਆਮਦਨ ਕਿਤੇ ਵੱਧ ਹੋ ਸਕਦੀ ਹੈ। ਇਸ ਤੋਂ ਅੱਗੇ ਮੈਂ ਰੇਵਨਿਊ ਅਕਾਊਂਟ ਬਾਰੇ ਕਹਿਣਾ ਚਾਹੁੰਦਾ ਹਾਂ। ਇਥੇ ਹਾਊਸ ਵਿਚ ਇਕ ਸਵਾਲ ਆਇਆ ਕਿ ਸਮਰਾਲਾ ਸਬ ਡਵੀਜ਼ਨ ਵਿਚ 100 ਰੁਪਿਆ ਤੱਕ ਮਾਲੀਆ ਦੇਣ ਵਾਲੇ ਕਿਸਾਨਾਂ ਦੀ ਗਿਣਤੀ ਕਿੰਨੀ ਹੈ। ਉਸ ਦਾ ਇਸ ਹਾਊਸ ਵਿਚ ਜਵਾਬ ਆਇਆ ਕਿ ਸਮਰਾਲਾ ਸਬ ਡਵੀਜ਼ਨ ਵਿਚ ਕੇਵਲ 100 ਕਿਸਾਨ ਅਜਿਹੇ ਹਨ ਕਿ ਜਿਹੜੇ 100 ਰੁਪਏ ਤੱਕ ਮਾਲੀਆ ਦਿੰਦੇ ਹਨ ਸਪੀਕਰ ਸਾਹਿਬ, ਜੇ ਸਾਡੀ ਸਰਕਾਰ ਐਨਾ ਮਾਲੀਆ ਇਸ ਥੋੜ੍ਹੇ ਜਿਹੇ ਹਿੱਸੇ ਤੇ ਪਾਉਂਦੀ ਹੈ ਤਾਂ ਇਹ ਗੱਲ ਅੱਜ ਕਿੰਨੀ ਬੇਵਕਤਾ ਹੈ ਕਿ ਜਿਹੜੇ 17 ਕਿਲੇ ਦੇ ਮਾਲਿਕ ਹਨ ਉਨ੍ਹਾਂ ਦੇ ਉਤੇ ਸਪੈਸ਼ਲ ਟੈਕਸ ਲਾਇਆ ਜਾਵੇ ਅਤੇ ਜਿਹੜੀ ਉਨ੍ਹਾਂ ਦੀ ਡਿਵੈਲਪਮੈਂਟ ਹੋਈ ਹੈ ਉਸ ਡਿਵੈਲਪਮੈਂਟ ਦਾ ਸ਼ੇਅਰ ਸਟੇਟ ਨੂੰ ਆਵੇ। ਪਰ ਮੈਂ ਬੱਜਟ ਵਿਚ ਦੇਖਿਆ ਹੈ ਕਿਤੇ ਇਹ ਚੀਜ਼ ਨਹੀਂ ਲੱਭੀ ਕਿ ਉਨ੍ਹਾਂ ਤੋਂ ਤੁਸੀਂ ਕੋਈ ਵਸੂਲੀ ਕੀਤੀ ਹੋਵੇ ਸਗੋਂ ਉਸ ਦੀ ਵੀ ਮੁਆਫੀ ਦੇ ਦਿੱਤੀ ਹੈ। ਮੈਂ ਇਸ ਗੱਲ ਨੂੰ ਦੇਖਣ ਤੋਂ ਬਾਅਦ ਇਹ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਉਨ੍ਹਾਂ ਤਬਕਿਆਂ ਨੂੰ ਫਾਇਦਾ ਪਹੁੰਚਾਇਆ ਜਾਵੇ ਜਿਹੜੇ ਕਿ ਇਕ ਪਾਸੇ ਡਿਵੈਲਪਮੈਂਟ ਦਾ ਪੂਰਾ ਫਾਇਦਾ ਉਠਾ ਰਹੇ ਹਨ ਅਤੇ ਸਮਾਜ ਦੇ ਅੰਦਰ ਆਪਣੀ ਮਾਲੀ

ਹਾਲਤ ਵਿਚ ਮਜ਼ਬੂਤ ਹੋ ਰਹੇ ਹਨ। ਇਸ ਲਈ ਜਦ ਇਹ ਹਾਲਤ ਰਹੀ ਤਾਂ ਕੁਦਰਤੀ ਤੌਰ ਤੇ ਉਹ ਪੁਰਾਣੀ ਲਾਈਨ ਇਨਡਾਇਰੈਕਟ ਟੈਕਸੇਸ਼ਨ ਦੀ ਜਾਰੀ ਰਹੇਗੀ ਅਤੇ ਇਹ ਪੁਰਾਣੀ ਲਾਈਨ ਇਸ ਬੱਜਟ ਵਿਚ ਜਾਰੀ ਹੈ।

ਹੁਣ, ਸਪੀਕਰ ਸਾਹਿਬ, ਨਵੇਂ ਟੈਕਸ ਲਾਉਣ ਵਾਸਤੇ ਸਾਨੂੰ ਇਨ੍ਹਾਂ ਨੇ ਇਸ਼ਾਰੇ ਦਿੱਤੇ ਹਨ ਪਰ ਸਪੀਕਰ ਸਾਹਿਬ, ਇਸ ਚੀਜ਼ ਦਾ ਪਤਾ ਨਹੀਂ ਕਿ ਇਹ ਕਿਧਰ ਲਾਉਣੇ ਹਨ। ਤਾਂ ਸਮਝ ਪੈ ਸਕਦੀ ਸੀ ਜੇ ਇਹ ਛਾਪ ਐਂਡ ਕੁਮਰਸ਼ੀਅਲ ਐਸਟਬਲਿਸ਼ਮੈਂਟ ਐਕਟ ਦੇ ਥੱਲੇ ਜਿਹੜੇ ਵੱਖ ਵੱਖ ਅਦਾਰੇ ਹਨ ਜਿਸਦੀ ਵਿਕਰੀ 5 ਲੱਖ ਤੋਂ ਵੱਧ ਹੋਵੇ, ਉਨ੍ਹਾਂ ਤੇ ਕੋਈ ਸਪੈਸ਼ਲ ਸੈਸ ਲਾਉਣ ਦੀ ਇਹ ਗੱਲ ਕਰਦੇ ਤਾਂ ਅਸੀਂ ਸਮਝ ਸਕਦੇ ਕਿ ਇਨ੍ਹਾਂ ਨੇ ਕੋਈ ਚੰਗੀ ਗੱਲ ਕੀਤੀ ਹੈ ਅਤੇ ਜਿਸਦੀ ਅਸੀਂ ਸਪੋਰਟ ਕਰਦੇ। ਤਾਂ ਅਸੀਂ ਠੀਕ ਸਮਝਦੇ ਜੇ ਜਿਨ੍ਹਾਂ ਕੋਲ ਐਨੀ ਮਨੀ ਹੈ ਉਨ੍ਹਾਂ ਕੋਲੋਂ ਇਹ ਕੰਪਲਸਰੀ ਡਿਕਲੇਰੇਸ਼ਨ ਆਫ ਇਨਕਮ ਐਂਡ ਪਰਾ-ਪਰਟੀ ਕਰਵਾਉਂਦੇ, ਫਿਰ ਤਾਂ ਕੁਝ ਸਮਝ ਪੈ ਸਕਦੀ ਸੀ ਪਰ ਐਸੀ ਗੱਲ ਦਾ ਇਸ਼ਾਰਾ ਕਿਤੇ ਦਿਖਾਈ ਨਹੀਂ ਦਿੰਦਾ। ਲੇਕਿਨ ਇਹ ਕਹਿੰਦੇ ਹਨ ਕਿ ਸਾਡੀ ਅਪਰੋਚ ਹੈ ਪਰ ਕਰਨਾ ਕਰਾਉਣਾ ਕੁਝ ਨਹੀਂ ਹੈ ਸਿਰਫ ਅਪਰੋਚ ਹੀ ਹੈ। ਮੈਂ ਕਹਿ ਸਕਦਾ ਹਾਂ ਕਿ ਬੱਜਟ ਦੀਆਂ ਪਰਪੋਜ਼ਲਜ਼ ਇਸ ਗੱਲ ਦੀ ਨਿਸ਼ਾਨਦੇਹੀ ਹਨ ਕਿ ਇਹੀ ਇਕ ਸਟੇਟਸ-ਕੋ ਬੱਜਟ ਹੈ ਅਤੇ ਇਸ ਬੱਜਟ ਨੂੰ ਜਿਹੜਾ ਬਣਾਉਣ ਵਾਲਾ ਐਲੀਮੈਂਟ ਹੈ ਉਹ ਡਿਸਆਨੇਸਟ ਹੈ ਜਿਸ ਦੇ ਨਾਲ ਕਿ ਪਬਲਿਕ ਓਪੀਨੀਅਨ ਨੂੰ ਡਿਊਪ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਹੁਣ ਤੁਸੀਂ ਐਕਸਪੈਂਡੀਚਰ ਵੱਲ ਆ ਜਾਵੋ। ਐਕਸਪੈਂਡੀਚਰ ਦੇ ਸਿਲਸਿਲੇ ਵਿਚ ਬੜੀ ਚੰਗੀ ਗੱਲ ਹੈ।

ਡਾਕਟਰ ਅਮੀਰ ਸਿੰਘ ਕਲਕਟ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਨ੍ਹਾਂ ਨੇ ਹੁਣੇ ਹੀ ਕਿਹਾ ਹੈ ਕਿ ਬੱਜਟ ਵਿਚੋਂ ਡਿਸਆਨੇਸਟੀ ਦੀ ਬੂ ਆਉਂਦੀ ਹੈ। ਕੀ ਆਨਰੇਬਲ ਮੈਂਬਰ ਇਸ ਗੱਲ ਨੂੰ ਬਾਈ ਰੀਜ਼ਨਜ਼ ਸਿੱਧ ਕਰਨਗੇ ?

ਸ੍ਰੀ ਸਪੀਕਰ : ਤੁਸੀਂ ਸੁਣਨ ਦਾ ਕਸ਼ਟ ਕਰੋ, ਉਹ ਰੀਜ਼ਨਜ਼ ਦੇ ਰਹੇ ਹਨ। (Please try to listen patiently; he is giving the reasons.)

ਕਾਮਰੇਡ ਰਾਮ ਕੁਮਾਰ: ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਮੇਰਾ ਖਿਆਲ ਸੀ ਕਿ ਐਫ. ਐਮ. ਦੀ ਸਪੀਚ ਵਿਚ ਇਸ ਗੱਲ ਦਾ ਜ਼ਿਕਰ ਹੋਵੇਗਾ ਕਿ ਅਸੀਂ ਇਸ ਚਾਲੂ ਮਾਲੀ ਸਾਲ ਦੇ ਵਿਚ ਪੰਚਾਇਤੀ ਰਾਜ ਨੂੰ ਡਿਵੈਲਪ ਕਰਨ ਵਾਸਤੇ, ਲੋਕਲ ਸੈਲਫ ਗੌਰਮਿੰਟ ਦੇ ਆਰਗੇਨਜ਼ ਨੂੰ ਮਜ਼ਬੂਤ ਕਰਨ ਵਾਸਤੇ ਆਦਿ ਅਤੇ ਹੋਰ ਕਮੇਟੀਆਂ ਦੇ ਅਖਤਿਆਰਾਤ ਵਧਾਉਣ ਵਾਸਤੇ ਆਪਣੇ ਬੱਜਟ ਦਾ ਹਿੱਸਾ ਬਹੁਤ ਵੱਡਾ ਹਿੱਸਾ ਇਸ ਨੂੰ ਅਰਪਤ ਕਰਨਗੇ ਪਰ ਇਸ ਦੇ ਉਲਟ ਇਨ੍ਹਾਂ ਨੇ ਸਿਰਫ ਇਸ ਖਾਸੇ ਬੱਜਟ ਦੀ ਟੋਟਲ ਐਲੋਕੇਸ਼ਨ ਵਿਚੋਂ 0.25 ਪ੍ਰਤੀਸ਼ਤ ਤੋਂ ਵੱਧ ਪੈਸਾ ਨਹੀਂ ਰੱਖਿਆ। ਅਸੀਂ ਕਹਿਦੇ ਰਹੇ ਹਾਂ ਕਿ 21 ਮਿਊਂਸੀਪਲ ਕਮੇਟੀਆਂ ਦੇ ਚੁਣਾਓ ਨਹੀਂ ਹੋਏ ਇਹ ਕਹਿੰਦੇ ਰਹੇ ਕਿ ਪੰਚਾਇਤ ਸਮਤੀਜ਼ ਅਤੇ ਜ਼ਿਲ੍ਹਾਂ ਪ੍ਰੀਸ਼ਦਾਂ ਦੀਆਂ ਚੋਣਾਂ ਨਹੀਂ ਹੋਈਆਂ। ਇਹ ਕਹਿੰਦੇ ਰਹੇ ਕਿ ਸਾਡੇ ਚੁਣੇ ਹੋਏ ਨੁਮਾਇੰਦਿਆਂ ਦੇ ਵੱਖ ਵੱਖ ਥਾਵਾਂ ਤੇ ਉਨ੍ਹਾਂ ਦੇ ਅਖਤਿਆਰਾਤ ਵਧਾਓ। (ਘੰਟੀ)

ਸ੍ਰੀ ਸਪੀਕਰ : ਤੁਸੀਂ 5 ਮਿੰਟਾਂ ਵਿਚ ਵਾਈਂਡ ਅੱਪ ਕਰੋ। (Please wind up within 5 minutes.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਹਾਊਸ ਦਾ ਸਮਾਂ ਹਰ ਰੋਜ਼ ਐਕਸਟੈਂਡ ਹੁੰਦਾ ਹੈ ਅਤੇ ਅੱਜ ਵੀ ਹੋਣਾ ਹੈ। ਅਜੇ ਮਨਿਸਟਰ ਸਾਹਿਬ ਨੇ ਵੀ ਬੋਲਣਾ ਹੈ। ਇਸ ਲਈ ਇਨ੍ਹਾਂ ਨੂੰ ਬੋਲਣ ਦਾ ਟਾਈਮ ਪੂਰਾ ਦਿਓ। (ਵਿਘਨ)

ਸ਼੍ਰੀ ਸਪੀਕਰ : ਉਨ੍ਹਾਂ ਨੂੰ 20 ਮਿੰਟ ਕਾਫੀ ਹਨ। ਉਹ 5 ਮਿੰਟ ਹੋਰ ਲੈ ਲੈਣ।

(Twenty minutes are sufficient for the Minister. The Member can have five minutes more.)

ਕਾਮਰੇਡ ਰਾਜ ਕੁਮਾਰ: ਜੇ ਇਸ ਪਾਸੇ ਵੱਲ ਝਾਤੀ ਮਾਰੀਏ ਤਾਂ ਸਾਨੂੰ ਇਹ ਗਿਲਾ ਨਹੀਂ ਰਹੇਗਾ ਕਿ ਚੀਫ ਮਨਿਸਟਰ ਗਿਆਨੀ ਜੀ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਜੇ ਕੋਈ ਆਦਮੀ ਪਰਾਈਮਾ ਫੇਸਾਈ ਇਨ੍ਹਾਂ ਗੱਲਾਂ ਵੱਲ ਦੇਖੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਹਰ ਸਾਲ ਸਾਡੀ ਅਸੰਬਲੀ ਦੀਆਂ ਸਿਟਿੰਗਜ਼ ਘੱਟ ਰਹੀਆਂ ਹਨ। ਹੁਣ ਵੀ ਅਸੰਬਲੀ ਦੀ ਸਿਟਿੰਗਜ਼ ਦੀ ਗਿਣਤੀ ਵੇਖੋ ਤਾਂ ਕਾਫੀ ਘੱਟ ਹੈ। (ਵਿਘਨ) ਉਹੀ ਪੁਰਾਣੀਆਂ ਗੱਲਾਂ ਸਾਡੇ ਸਾਹਮਣੇ ਆ ਰਹੀਆਂ ਹਨ। ਸਾਡੇ ਲੈਜਿਸਲੇਟਰਜ਼ ਦੇ ਉਤੇ ਅਤੇ ਸਾਡੇ ਮਨਿਸਟਰਜ਼ ਦੇ ਉਤੇ 31 ਲੱਖ ਰੁਪਿਆ ਖਰਚ ਹੋ ਰਿਹਾ ਹੈ। ਸਾਡਾ ਪੰਜਾਬ ਇਕ ਛੋਟਾ ਜਿਹਾ ਸੂਬਾ ਹੈ ਪਰ ਮਨਿਸਟਰਜ਼ ਐਨੇ ਹੋਣ ਅਤੇ ਉਨ੍ਹਾਂ ਦੇ ਉਤੇ ਐਨਾ ਖਰਚ ਹੋਵੇ ਤਾਂ ਇਹ ਕੀ ਇਕ ਅਚੰਭੇ ਵਾਲੀ ਗੱਲ ਨਹੀਂ ਹੈ? ਜੇ ਇਹ ਕਹੀਏ ਕਿ ਸਾਡਾ ਪੰਜਾਬ ਐਨਾ ਛੋਟਾ ਹੈ, ਅਸੰਬਲੀ ਐਨੀ ਛੋਟੀ ਹੈ ਇਸ ਦੇ ਲਈ ਇਥੇ ਛੋਟੀ ਮਨਿਸਟਰੀ ਰੱਖੋ ਪਰ ਇਸ ਪਾਸੇ ਕੋਈ ਧਿਆਨ ਨਹੀਂ ਹੈ। ਕਿੰਨੀ ਟਾਪ ਹੈਵੀ ਮਨਿਸਟਰੀ ਸਾਡੇ ਸਾਹਮਣੇ ਹੈ ਗੌਰਮਿੰਟ ਦੀਆਂ ਜਿਤਨੀਆਂ ਇੰਸਟੀਚਿਊਸ਼ਨਜ਼ ਹਨ ਉਹ ਘੱਟ ਕੀਤੇ ਜਾਣ, ਮਗਰ ਇਸ ਪਾਸੇ ਸੋਚਦਾ ਕੌਣ ਹੈ। ਫਿਰ ਸਦਨ ਦੇ ਅਖਤਿਆਰਾਤ ਵਧਾਉਣ ਦੀ ਕੋਈ ਗੱਲ ਨਹੀਂ ਹੈ। ਲੇਕਿਨ ਸਾਨੂੰ ਹਰ ਸਾਲ ਸਟੇਟਸ-ਕੋ ਬਜਟ ਦੇ ਵਿਚ ਇਕ ਹੀ ਚੀਜ਼ ਲਿਖੀ ਹੋਈ ਮਿਲਦੀ ਹੈ ਕਿ 9 ਲੱਖ ਰੁਪਿਆ ਗਵਰਨਰ ਸਾਹਿਬ ਦੇ ਉਤੇ ਖਰਚ ਕੀਤਾ ਜਾਵੇ। ਅਸੀਂ ਅੱਗੇ ਵੀ ਸੁਝਾਓ ਦਿੱਤਾ ਸੀ ਅਤੇ ਹੁਣ ਵੀ ਕਹਿੰਦੇ ਹਾਂ ਕਿ ਗਵਰਨਰ ਦਾ ਇੰਸਟੀਚਿਊਸ਼ਨ ਖਤਮ ਕਰੋ। ਫਿਰ ਅਸੀਂ ਡਾਇਰੈਕਟੋਰੇਟ ਕਾਇਮ ਕਰਦੇ ਹਾਂ। ਮੈਂ ਨਹੀਂ ਸਮਝਦਾ ਕਿ ਇਹ ਪੁਰਾਣੀਆਂ ਜਿਹੜੀਆਂ ਲੀਹਾਂ ਹਨ ਉਨ੍ਹਾਂ ਤੇ ਕਿਉਂ ਚਲਿਆ ਜਾਵੇ। ਇਹ ਜਿਹੜੀਆਂ ਪੁਰਾਣੇ ਵੇਲੇ ਦੀਆਂ ਡੀ. ਸੀ. ਦੀਆਂ ਆਸਾਮੀਆਂ ਹਨ ਇਨ੍ਹਾਂ ਨੂੰ ਕਿਉਂ ਕਾਇਮ ਰੱਖਿਆ ਜਾਵੇ। ਡਿਸਟ੍ਰਿਕਟ ਐਡਮਨਿਸਟਰੇਸ਼ਨ ਦੇ ਉਤੇ ਖਰਚਾ ਬਹੁਤ ਹੈ। ਇਕੱਲੇ ਡਿਸਟ੍ਰਿਕਟ ਐਡਮਨਿਸਟਰੇਸ਼ਨ ਦੇ ਉਤੇ ਖਰਚਾ ਅਸੀਂ 1 ਕਰੋੜ 96 ਲੱਖ ਅਤੇ 30 ਹਜ਼ਾਰ ਕਰਦੇ ਹਾਂ। ਸਰਵਿਸਿਜ਼ ਦੇ ਉਤੇ ਖਰਚਾ ਘੱਟ ਨਹੀਂ ਹੈ। ਜਨਰਲ ਸਰਵਿਸਿਜ਼ ਦੇ ਉਤੇ 2 ਕਰੋੜ 66 ਲੱਖ ਅਤੇ 73 ਹਜ਼ਾਰ ਰੁਪਿਆ ਖਰਚ ਕਰਦੇ ਪਏ ਹਾਂ। ਫਿਸਕਲ ਸਰਵਿਸਜ਼ ਦੇ ਉਤੇ 5 ਕਰੋੜ 8 ਲੱਖ ਰੁਪਿਆ ਖਰਚ ਹੁੰਦਾ ਹੈ। ਐਡਮਨਿਸਟਰੇਟਿਵ ਸਰਵਿਸਿਜ਼ ਦੇ ਉਤੇ 23 ਕਰੋੜ 17 ਲੱਖ ਅਤੇ 25 ਹਜ਼ਾਰ ਖਰਚ ਹੁੰਦਾ ਹੈ। ਪੈਨਸ਼ਨ ਅਤੇ ਮਿਸਲੇਨੀਅਸ ਦੇ ਉਤੇ 3 ਕਰੋੜ 31 ਲੱਖ ਅਤੇ 82 ਹਜ਼ਾਰ ਰੁਪਿਆ ਖਰਚ ਆਉਂਦਾ ਹੈ। ਟੋਟਲ ਬੱਜਟ ਵਿਚੋਂ 59 ਕਰੋੜ 50 ਲੱਖ ਅਤੇ 11 ਹਜ਼ਾਰ ਰੁਪਿਆ ਸਾਡੀਆਂ ਵੱਖ ਵੱਖ ਸਰਵਿਸਿਜ਼ ਦੇ ਉਤੇ ਲਗਦਾ ਹੈ, ਜਿਸ ਦੀ ਪਰਸੈਂਟੇਜ਼ ਸਾਰੇ ਬੱਜਟ ਦੀ 30 ਪ੍ਰਤੀਸ਼ਤ ਬਣਦੀ ਹੈ। ਅਤਨਾ ਪੈਸਾ ਅਸੀਂ ਇਸ ਪਾਸੇ ਵੱਲ ਖਰਚ ਕਰ ਰਹੇ ਹਾਂ। ਦੂਜੇ ਪਾਸੇ ਜਦ ਕੰਪੈਨਸੇਸ਼ਨ ਐਂਡ ਅਸਾਈਨ-ਮੈਂਟ ਟੂ ਲੋਕਲ ਬਾਡੀਜ਼ ਦੀ ਗੱਲ ਆਉਂਦੀ ਹੈ (ਵਿਘਨ) ਅਤੇ ਪੰਚਾਇਤੀ ਰਾਜ ਇਨਸਟੀਚਿਊਸ਼ਨ ਬਣੀ ਹੈ ਤਾਂ ਉਸ ਦੇ ਵਾਸਤੇ 51 ਲੱਖ 65 ਹਜ਼ਾਰ ਰੁਪਿਆ ਹੈ। ਮੈਂ ਅੱਗੇ ਵੀ ਬੇਨਤੀ ਕੀਤੀ ਹੈ ਕਿ ਇਹ ਖਰਚਾ ਇਸ ਗੱਲ ਨੂੰ ਜ਼ਾਹਿਰ ਕਰਦਾ ਹੈ ਕਿ ਇਨ੍ਹਾਂ ਦਾ ਜੋ ਅਮਲ ਪਰੈਕਟਿਸ ਵਿਚ ਹੈ ਉਹ ਪੰਚਾਇਤੀ ਰਾਜ ਨੂੰ ਅਤੇ ਲੋਕਲ ਸੈਲਫ ਗੌਰਮਿੰਟ ਨੂੰ ਅਤੇ ਲੋਕਾਂ ਦੇ ਚੁਣੇ ਹੋਏ ਅਦਾਰਿਆਂ ਨੂੰ ਡਿਵੈਲਪ ਕਰਨ ਦੀ ਨਹੀਂ ਹੈ। ਪੁਰਾਣੀ ਕਿਸਮ ਦੇ ਹੀ ਬੱਜਟ ਚਲੇ ਆਉਂਦੇ ਹਨ ਇਸ ਲਈ ਅਸੀਂ ਬੱਜਟ ਨੂੰ ਸਟੇਟਸ ਕੋ ਕਹਾਂਗੇ ਇਹ ਕੋਈ ਨਵਾਂ ਬੱਜਟ ਨਹੀਂ ਹੈ। ਇਥੇ ਚੌਧਰੀ ਰਾਮ ਸਿੰਘ ਬੈਠੇ ਨਹੀਂ ਹਨ ਉਨ੍ਹਾਂ ਨੇ ਇਕ ਸਵਾਲ ਪੁੱਛਿਆ ਸੀ ਕਿ ਸਾਡੇ ਪੰਜਾਬ ਦੇ ਵਿਚ ਵੱਖ ਵੱਖ ਅਫਸਰਾਂ ਦੀ ਗਿਣਤੀ ਕਿੰਨੀ ਹੈ। ਸਾਡੇ ਡਾਂਗ ਸਾਹਿਬ ਪਹਿਲਾਂ ਹੀ ਦੱਸ ਚੁੱਕੇ ਹਨ ਕਿ ਕਿਵੇਂ ਸਾਡੇ ਛੋਟੇ ਜਿਹੇ ਪੰਜਾਬ ਲਈ 40 ਐਸ. ਪੀਜ਼ ਮੌਜੂਦ ਹੋਣ–(ਵਿਘਨ) (ਇਸ ਵਕਤ ਆਨਰੇਬਲ ਮੈਂਬਰ ਆਪਣਾ ਨੋਟ ਫਾਰ ਪੈਡ ਦੇਖਣ ਲੱਗ ਪਏ) (ਇਕ ਆਵਾਜ਼: ਚਲ ਅੰਦਾਜ਼ਾ ਹੀ ਦੱਸ ਦਿਉ) ਸਪੀਕਰ ਸਾਹਿਬ, ਟਾਪ ਹੈਵੀ ਐਡਮਨਿਸਟਰੇਸ਼ਨ ਹੈ, ਜਿੰਨੇ ਡਿਸਟ੍ਰਿਕਟ ਹਨ ਇਸ ਤਾਦਾਦ ਦੇ ਨਾਲ ਬਿਲਕੁਲ ਮੇਲ ਨਹੀਂ ਖਾਂਦੇ।

ਆਈ. ਏ. ਐਸ. ਅਤੇ ਪੀ. ਸੀ. ਐਸ ਅਫਸਰਾਂ ਦੀ ਤਾਦਾਦ ਬਹੁਤ ਜ਼ਿਆਦਾ ਹੈ। ਇਹ ਇਕ ਟਰੈਂਡ ਹੈ, ਸਪੀਕਰ ਸਾਹਿਬ, ਕਿ ਬਜਟ ਦਾ ਬਹੁਤ ਵੱਡਾ ਹਿੱਸਾ ਐਸਟਬਲਿਸ਼ਮੈਂਟ ਔਰ ਸਰਵਿਸਿਜ਼ ਤੇ ਖਰਚ ਕਰੋ ਅਤੇ ਜਦੋਂ ਵਾਰੀ ਆਉਂਦੀ ਹੈ ਕਿਸੇ ਕੰਮ ਦੇ ਉਤੇ ਕੋਈ ਖਰਚ ਕਰਨ ਦੀ, ਕਨਟਿਨਜੈਂਸੀ ਤੇ ਖਰਚ ਕਰਨ ਦੀ ਤਾਂ ਉਸ ਦੇ ਵਿਚ ਕਿੰਨਾ ਹੀ ਅੰਤਰ ਕਾਇਮ ਰੱਖਿਆ ਜਾਂਦਾ ਹੈ। ਇਹ ਜੋ ਗੱਲ ਇਨ੍ਹਾਂ ਨੇ ਕੀਤੀ ਹੈ ਇਹ ਕੋਈ ਨਵੀਂ ਗਲ ਨਹੀਂ। ਇਕੋ ਗੱਲ ਇਸ ਦੇ ਵਿਚ ਆਈ ਹੈ ਕਿ ਸਕੀਮਜ਼ ਦੇ ਲਈ ਰੁਪਿਆ ਐਲੋਕੇਟ ਕੀਤਾ ਗਿਆ ਹੈ। ਸਪੀਕਰ ਸਾਹਿਬ, ਐਲੋਕੇਸ਼ਨ ਕਰਨਾ ਇਕ ਗੱਲ ਹੈ ਅਤੇ ਕਿਸੇ ਕੰਮ ਲਈ ਖਰਚ ਕਰਨਾ ਦੂਸਰੀ ਗੱਲ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਸਾਨਾਂ ਨੂੰ ਇੰਜਨ ਦਿੱਤੇ। ਇੰਜਨਾਂ ਦੇ ਲਈ ਕਰਜ਼ੇ ਕਿਸਾਨਾਂ ਨੂੰ ਦਿੱਤੇ। ਅਤੇ ਇਹ ਕਰਜ਼ਾ 26 ਸੌ ਰੁਪਏ ਦਾ ਇੰਜਨ ਖਰੀਦ ਕੇ ਦੇਣ ਲਈ ਦਿੱਤਾ। ਉਹੀ ਇੰਜਨ ਜਿਹੜਾ ਕਿਸਾਨ ਨੂੰ 2600 ਰੁਪਏ ਦਾ ਕਰਜ਼ਾ ਉਸ ਦੇ ਸਿਰ ਤੇ ਚਾੜ੍ਹ ਕੇ ਦਿੱਤਾ ਬਾਜ਼ਾਰ ਦੇ ਵਿਚ 8–9 ਸੌ ਰੁਪਏ ਦਾ ਮਿਲ ਸਕਦਾ ਸੀ। ਫਿਰ ਇੰਜਨ ਕਿਹੜੇ ਦਿੱਤੇ? ਫੌਜੀ ਇੰਜਨ ਜਿਹੜੇ 4–6 ਹਫਤੇ ਹੀ ਠੀਕ ਚਲੇ ਅਤੇ ਅੱਜ ਕੱਲ ਕਿਸਾਨਾਂ ਕੋਲ ਐਵੇਂ ਹੀ ਪਏ ਹਨ ਜਿਹੜੇ ਕਿ ਕੰਮ ਨਹੀਂ ਕਰਦੇ ਅਤੇ ਉਹ ਉਸ ਦੇ ਨਾਲ ਆਪਣੇ ਡੰਗਰ ਵਗੈਰਾ ਬੰਨਦੇ ਹਨ। ਪਰ ਕਿਸਾਨਾਂ ਦੇ ਸਿਰ ਤੇ 2600 ਰੁਪਏ ਦਾ ਕਰਜ਼ਾ ਕਾਇਮ ਹੈ। (ਘੰਟੀ) ਸਪੀਕਰ ਸਾਹਿਬ, ਇਸ ਦੀ ਦਰੁਸਤ ਵਰਤੋਂ ਇਸ ਤਰ੍ਹਾਂ ਹੋ ਸਕਦੀ ਸੀ ਕਿ ਮਾਈਨਰ ਇਰੀਗੇਸ਼ਨ ਦੇ ਤੌਰ ਤੇ ਰੂਰਲ ਇਲੈਕਟ੍ਰੀਫੀਕੇਸ਼ਨ ਸਕੀਮ ਜੋ ਚਲਾਉਣੀ ਸੀ ਸਰਕਾਰ ਉਸ ਦੇ ਲਈ ਆਪਣੇ ਟਿਊਬਵੈਲਜ਼ ਲਾਉਂਦੀ ਅਤੇ ਕਿਸਾਨਾਂ ਨੂੰ ਉਨ੍ਹਾਂ ਦੇ ਵਿਚੋਂ ਪਾਣੀ ਵੇਚਦੀ ਜਿਸ ਦੇ ਨਾਲ ਕਿਸਾਨ ਆਪਣਾ ਪੂਰਾ ਫਾਇਦਾ ਵੀ ਉਠਾ ਸਕਦਾ ਅਤੇ ਨਾ ਉਸ ਦੇ ਸਿਰ ਤੇ ਇਤਨਾ ਕਰਜ਼ਾ ਚੜ੍ਹਦਾ ਅਤੇ ਨਾ ਸਰਕਾਰ ਦਾ ਇਤਨਾ ਪੈਸਾ ਜ਼ਾਇਆ ਜਾਂਦਾ (ਘੰਟੀ)

ਫਿਰ, ਸਪੀਕਰ ਸਾਹਿਬ, ਇੰਡਸਟਰੀ ਦੇ ਬਾਰੇ ਪਿਛਲੇ ਸੈਸ਼ਨ ਵਿਚ ਜ਼ਿਕਰ ਆਇਆ। ਅੱਜ ਤੁਸੀਂ ਦੇਖੋ ਕਿ ਕਿਸ ਤਰ੍ਹਾਂ ਛੋਟੇ ਜਿਹੜੇ ਯੂਨਿਟ ਹਨ ਉਹ ਖ਼ਤਮ ਕੀਤੇ ਜਾ ਰਹੇ ਹਨ। ਇੰਡਸਟਰੀਜ਼ ਨੂੰ ਇਨ੍ਹਾਂ ਨੂੰ ਪ੍ਰਫੁਲਤ ਕਰਨਾ ਚਾਹੀਦਾ ਹੈ। ਇਸ ਦੇ ਲਈ ਇਕੋ ਰਸਤਾ ਹੈ ਕਿ ਹੈਵੀ ਇੰਡਸਟਰੀ ਲਗਾਈ ਜਾਵੇ। ਇਥੇ ਹੈਵੀ ਇੰਡਸਟਰੀ ਟਾਇਰਾਂ ਦੀ ਟਿਊਬਾਂ ਦੀ ਲਗਾਈ ਜਾ ਸਕਦੀ ਹੈ। ਪੰਜਾਬ ਦੇ ਵਿਚ ਟਰਾਂਸਪੋਰਟ ਦਾ ਕਿੰਨਾ ਕੰਮ ਹੈ ਉਸ ਦੇ ਲਈ ਸਪੇਅਰ ਪਾਰਟਸ ਦੀ ਇੰਡਸਟਰੀ, ਮਸ਼ੀਨ ਟੂਲਜ਼ ਬਣਾਉਣ ਦੀ ਇੰਡਸਟਰੀ ਲਗਾਈ ਜਾ ਸਕਦੀ ਹੈ। ਇਹ ਕਿੰਨਾ ਐਨਸਿਲਰੀ ਕਦਮ ਹੈ ਅਤੇ ਇਹ ਲੁਧਿਆਣੇ ਵਿਚ, ਬਟਾਲੇ ਅਤੇ ਜਲੰਧਰ ਵਿਚ ਕੀਤਾ ਜਾ ਸਕਦਾ ਹੈ ਅਤੇ ਪੰਜਾਬ ਵਿਚ ਇੰਡਸਟਰੀ ਦੀ ਪ੍ਰਫੁਲਤਾ ਦਾ ਮੌਕਾ ਦਿੱਤਾ ਜਾ ਸਕਦਾ ਹੈ। ਪਰ ਸਪੀਕਰ ਸਾਹਿਬ, ਹੋ ਕੀ ਰਿਹਾ ਹੈ ? ਸਰਦਾਰ ਪ੍ਰਤਾਪ ਸਿੰਘ ਜੀ ਦੇ ਵੇਲੇ ਸਟੀਲ ਔਰ ਪਿਗਆਇਰਨ ਪੰਜਾਬ ਦੇ ਵਿਚ ਜਿਹੜਾ ਦਿੱਤਾ ਜਾਂਦਾ ਸੀ ਉਹ ਫੈਸਲਾ ਹੋਇਆ ਸੀ ਕਿ ਐਫ. ਓ. ਆਰ ਦੇਣਾ ਹੈ। ਪਰ ਹੁਣ ਇਹ ਸਰਕੂਲਰ ਹੋ ਗਿਆ ਹੈ ਕਿ ਇਹ ਟਰੱਕਾਂ ਵਿਚ ਲੈ ਜਾਓ, ਕਰਾਇਆ ਆਪ ਦਿਉ। ਜੇ ਇਹੀ ਹਾਲਾਤ ਰਹੇ ਤਾਂ ਜਿਸ ਸੋਰਸ ਤੋਂ ਇਹ ਪਿਗ ਆਇਰਨ ਆਉਂਦਾ ਹੈ ਉਸ ਦੇ ਨੇੜੇ ਤੇੜੇ ਹੀ ਇੰਡਸਟਰੀ ਦਾ ਕੰਮ ਹੋ ਸਕੇਗਾ ਬਾਕੀ ਥਾਵਾਂ ਤੇ ਬਹੁਤ ਮੁਸ਼ਕਲ ਹੋ ਜਾਵੇਗਾ। ਇਸ ਹਾਲਤ ਨੂੰ ਬਦਲਣਾ ਚਾਹੀਦਾ ਹੈ, ਜੇ ਹਾਲਤ ਇਸ ਤਰ੍ਹਾਂ ਦੀ ਨਾ ਬਦਲੀ ਗਈ ਤਾਂ ਜਿਹੜੇ ਛੋਟੇ ਯੂਨਿਟ ਲੁਧਿਆਣੇ ਵਿਚ, ਬਟਾਲੇ ਅਤੇ ਅੰਮ੍ਰਿਤਸਰ ਵਿਚ ਹਨ ਉਹ ਇਸ ਕਾਰਨ ਬੰਦ ਹੋ ਜਾਣਗੇ। (ਘੰਟੀ)

ਫਿਰ, ਸਪੀਕਰ ਸਾਹਿਬ, ਸਾਡੇ ਸਾਹਮਣੇ ਡੀਜ਼ਲ ਦਾ ਮਸਲਾ ਹੈ। ਡੀਜ਼ਲ ਦੀ ਰਾਸ਼ਨਿੰਗ ਸਹੀ ਤਰੀਕੇ ਨਾਲ ਹੋਣੀ ਚਾਹੀਦੀ ਹੈ। (ਘੰਟੀ) ਸਹੀ ਬੇਸਿਜ਼ ਤੇ ਰਾਸ਼ਨਿੰਗ ਕਰਕੇ ਡੀਜ਼ਲ ਦਿੱਤਾ ਜਾਵੇ ਨਹੀਂ ਤਾਂ ਇਹ ਫਿਰ ਅੰਨੇਵਾਹ ਰਾਸ਼ਨਿੰਗ ਹੋਰਡਿੰਗ ਵਿਚ ਨਿਕਲੇਗੀ ਜਿਸ ਦਾ ਕਿ ਕਿਸਾਨ ਨੂੰ ਕੋਈ ਲਾਭ ਨਹੀਂ ਹੋਵੇਗਾ ਅਤੇ ਉਸ ਦੇ ਸਾਹਮਣੇ ਉਸ ਤਰ੍ਹਾਂ ਦਾ ਹੀ ਮਸਲਾ ਰਹੇਗਾ।

Mr. Speaker : Please resume you seat now.

ਕਾਮਰੇਡ ਰਾਜ ਕੁਮਾਰ : ਬੱਸ ਜੀ, ਦੋ ਮਿੰਟ ਵਿਚ ਹੀ ਮੈਂ ਆਪਣੀ ਗੱਲ ਕਹਿ ਦਿੰਦਾ ਹਾਂ। ਸਪੀਕਰ ਸਾਹਿਬ, ਇਹ ਜਿਹੜੀ ਪਾਵਰ ਕੱਟ ਲਗਾਈ ਹੈ ਇਹ 60 ਪ੍ਰਤੀਸ਼ਤ ਦੁਸਹਿਆਂ ਤੇ ਅਤੇ 50 ਪ੍ਰਤੀਸ਼ਤ ਫੋਕਲ ਪੁਆਇੰਟ ਤੇ ਲਗਾਈ ਗਈ ਹੈ। ਅੰਮ੍ਰਿਤਸਰ, ਬਟਾਲਾ ਅਤੇ ਲੁਧਿਆਣਾ ਦੇ ਵਿਚ ਜਿਹੜੀ ਪਾਵਰ ਕੱਟ ਹੁੰਦੀ ਹੈ ਉਸ ਦੇ ਲਈ ਮੇਰੀ ਬੇਨਤੀ ਹੈ ਕਿ ਉਹ ਫੋਕਲ ਪੁਆਇੰਟ ਦੇ ਹਿਸਾਬ ਨਾਲ ਹੋਣੀ ਚਾਹੀਦੀ ਹੈ। (ਘੰਟੀ)

ਫਿਰ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 180 ਵਿਡੋਜ਼ ਨੂੰ ਸਿਰਫ ਪੈਨਸ਼ਨ ਦਿੱਤੀ ਹੈ ਜਿਹੜੀ ਕਿ ਬੜੀ ਘੱਟ ਗਿਣਤੀ ਹੈ। ਫਿਰ ਓਲਡ ਏਜ ਪੈਨਸ਼ਨ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਕਤ 15240 ਦਰਖਾਸਤਾਂ ਪੈਂਡਿੰਗ ਪਈਆਂ ਹਨ ਜਿਨ੍ਹਾਂ ਦਾ ਕਿ ਫੈਸਲਾ ਹੋਣਾ ਹੈ। ਇਸ ਕੰਮ ਦੇ ਲਈ ਸਿਰਫ ਸਾਢੇ 4 ਪਰਸੈਂਟ ਐਲੋਕੇਸ਼ਨ ਹੈ ਜਿਹੜੀ ਕਿ ਬਹੁਤ ਥੋੜ੍ਹੀ ਹੈ ਅਤੇ ਇਹ ਰਕਮ ਵਧਾਈ ਜਾਣੀ ਚਾਹੀਦੀ ਹੈ।

ਜਿਥੋਂ ਤੱਕ ਪਲਾਟਾਂ ਦਾ ਤੁਅਲੱਕ ਹੈ, ਮੈਂ ਜੇ ਇਸ ਦੇ ਬਾਰੇ ਨਾ ਦੱਸਿਆ ਤਾਂ ਸਾਡੇ ਭੈਣ ਜੀ ਨਾਰਾਜ਼ ਹੋ ਜਾਣਗੇ। ਮੈਂ ਭੈਣ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਡਿਸਟ੍ਰਿਕਟ ਦੇ ਅੰਦਰ, ਭਾਵੇਂ ਤੁਸੀਂ ਆਪ ਹੀ ਕਿਹਾ ਹੈ ਕਿ ਹਾਲਤ ਬਹੁਤੀ ਚੰਗੀ ਨਹੀਂ, ਇਕ ਤਾਂ ਉਸ ਜ਼ਿਲ੍ਹੇ ਵਿਚ ਪਲਾਟ ਦੇਣ ਦੇ ਸਿਲਸਿਲੇ ਵਿਚ ਧਿਆਨ ਰੱਖਣਾ ਚਾਹੀਦਾ ਹੈ ਅਤੇ ਜਿਨ੍ਹਾਂ ਡਿਸਟ੍ਰਿਕਟ ਦੀ ਹਾਲਤ ਤੁਸੀਂ ਬਹੁਤ ਚੰਗੀ ਦੱਸੀ ਹੈ ਉਸ ਦੇ ਬਾਰੇ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਤਾਂ ਉਥੇ ਐਕਵੀਜ਼ੀਸ਼ਨ ਨਹੀਂ ਹੋਈ ਅਤੇ ਦੂਸਰਾ ਡੀਮਾਰਕੇਸ਼ਨ ਨਹੀਂ ਹੋਈ ਅਤੇ ਜਦੋਂ ਤੱਕ ਇਹ ਦੋ ਚੀਜ਼ਾਂ ਨਾ ਹੋਣ ਡਿਸਟ੍ਰੀਬਿਊਸ਼ਨ ਠੀਕ ਨਹੀਂ ਹੋ ਸਕਦੀ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਾਸਤੇ ਅਗਰ ਕੋਈ ਲੋੜ ਹੋਵੇ ਤਾਂ ਹਾਊਸ ਦੀ ਇਕ ਕਮੇਟੀ ਬਣਾ ਲਈ ਜਾਣੀ ਚਾਹੀਦੀ ਹੈ

Mr. Speaker : Please resume your seat now.

ਕਾਮਰੇਡ ਰਾਜ ਕੁਮਾਰ : ਬੱਸ ਜੀ, ਇਕ ਆਖ਼ਰੀ ਗੱਲ ਕਹਿ ਕੇ ਮੈਂ ਬੈਠ ਜਾਵਾਂਗਾ। ਇਹ ਸਾਰੀ ਜਿਹੜੀ ਸਿਚੂਏਸ਼ਨ ਹੈ ਇਸ ਨੂੰ ਤਬਦੀਲ ਕਰਨ ਦੀ ਲੋੜ ਹੈ। (ਵਿਘਨ) ਸਵਾਲ ਇਹ ਨਹੀਂ ਕਿ ਹਿੰਦੁਸਤਾਨ ਵਿਚ ਚੇਂਜ ਹੋਵੇ। ਅਕਾਲੀ ਪਾਰਟੀ ਦੇ ਇਕ ਸੱਜਣ ਨੇ ਇਸ ਤਰ੍ਹਾਂ ਦੀ ਕੋਈ ਗੱਲ ਕਹੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਨੇ ਹਰ ਗੱਲ ਵਿਚ ਹਾਂ ਕਹੀ। ਜਦੋਂ ਬਹੁਤ ਸਾਰੀਆਂ ਗੱਲਾਂ ਵਿਚ ਰਾਏ ਦੇਣ ਦਾ ਮੌਕਾ ਆਇਆ ਤਾਂ ਇਹ ਸਪੱਸ਼ਟ ਨਹੀਂ ਰਹੇ। ਸਾਰੇ ਹਿੰਦੁਸਤਾਨ ਵਿਚ ਇਹੀ ਪੋਜ਼ੀਸ਼ਨ ਹੈ। (ਵਿਘਨ) ਮੈਂ ਕਾਂਗਰਸ ਪਾਰਟੀ ਨੂੰ ਦੱਸਣਾ ਚਾਹੁੰਦਾ ਹਾਂ ਕਿ 1969 ਵਿਚ ਜੋ ਹਾਲਤ ਸੀ ਅੱਜ ਵੀ ਉਹੀ ਹਾਲਤ ਹੈ। ਮੇਰੀ ਇਕ ਬੇਨਤੀ ਹੈ ਕਿ:

'Neither too much of anti-Congressism of those who are outside the Congress nor too much of pro-Congressism of those who are within the Congress is going to deliver the goods'.

ਸ੍ਰੀਮਤੀ ਕੁਲਵੰਤ ਕੌਰ (ਧਰਮਕੋਟ) : ਮਾਨਯੋਗ ਸਪੀਕਰ ਸਾਹਿਬ, ਜੋ ਐਪਰੋਪ੍ਰੀਏਸ਼ਨ ਬਿੱਲ ਹਾਊਸ ਦੇ ਸਾਹਮਣੇ ਪੇਸ਼ ਹੋਇਆ ਹੈ ਮੈਂ ਉਸ ਦੀ ਵਿਰੋਧਤਾ ਕਰਨ ਲਈ ਖੜੀ ਹੋਈ ਹਾਂ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਜਿਹੜਾ ਬਜਟ ਰੱਖਿਆ ਗਿਆ ਹੈ ਉਸ ਦੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ ਬਹੁਤ ਭਾਰੀ ਵਿਤਕਰਾ ਕੀਤਾ ਗਿਆ ਹੈ। ਇਸ ਵਕਤ ਪਿੰਡਾਂ ਦੀ ਆਬਾਦੀ 77 ਪ੍ਰਤੀਸ਼ਤ ਦੇ ਕਰੀਬ ਹੈ ਔਰ ਸ਼ਹਿਰਾਂ ਦੀ ਆਬਾਦੀ ਕੋਈ 23 ਪ੍ਰਤੀਸ਼ਤ ਦੇ ਕਰੀਬ ਹੈ ਪਰ ਜਿਹੜਾ ਬਜਟ ਰੱਖਿਆ ਗਿਆ ਹੈ ਉਹ ਬਹੁਤਾ ਸ਼ਹਿਰਾਂ ਵਾਸਤੇ ਹੀ ਰੱਖਿਆ ਗਿਆ ਹੈ। ਸ਼ਹਿਰਾਂ ਦੇ ਵਿਚ ਇਮਪਰੂਵਮੈਂਟ ਟਰੱਸਟ ਬਣਾ ਦਿੱਤੇ ਗਏ ਹਨ, ਸੈਨੀਟੇਸ਼ਨ ਦਾ ਇੰਤਜ਼ਾਮ ਕਰ ਦਿੱਤਾ ਗਿਆ ਹੈ। ਮੈਂ ਸ਼ਹਿਰਾਂ ਦੀ ਤਰੱਕੀ ਦੇ ਖਿਲਾਫ ਨਹੀਂ ਹਾਂ ਸ਼ਹਿਰਾਂ ਦੇ ਵਿਚ ਵੀ ਤਰੱਕੀ

ਜ਼ਰੂਰ ਹੋਣੀ ਚਾਹੀਦੀ ਹੈ। ਇਥੇ ਸੈਨੀਟੇਸ਼ਨ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ ਪਰ ਨਾਲ ਦੀ ਨਾਲ ਮੈਂ ਇਹ ਕਹਾਂਗੀ ਕਿ ਇਹ ਸੈਨੀਟੇਸ਼ਨ ਦਾ ਇੰਤਜ਼ਾਮ ਉਥੇ ਜ਼ਰੂਰ ਹੋਣਾ ਚਾਹੀਦਾ ਹੈ ਜਿਥੇ ਲੇਬਰ ਕਲਾਸ ਰਹਿੰਦੀ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗੀ ਕਿ ਪਿੰਡਾਂ ਦੇ ਵਿਚ ਜੋ ਸਕੀਮਜ਼ ਲਾਗੂ ਕੀਤੀਆਂ ਗਈਆਂ ਸਨ ਜਿਸ ਤਰ੍ਹਾਂ ਕਿ ਅਕਾਲੀ ਰਾਜ ਦੇ ਵਿਚ ਮਾਡਲ ਗਰਾਮਜ਼ ਬਣਾਏ ਜਾਂਦੇ ਸੀ ਜਿਸ ਦੇ ਨਾਲ ਕਾਫੀ ਪਿੰਡ ਡੀਵੈਲਪ ਹੋ ਜਾਣੇ ਸਨ। ਹੁਣ ਤੱਕ ਉਸ ਸਕੀਮ ਦੇ ਨਾਲ ਪਿੰਡਾਂ ਦੇ ਵਿਚ ਸੜਕਾਂ ਆਉਣੀਆਂ ਸੀ, ਡਿਸਪੈਨਸਰੀਆਂ ਆਉਣੀਆਂ ਸੀ, ਸਕੂਲ ਆਉਣੇ ਸੀ, ਪਾਣੀ ਦੀਆਂ ਨਾਲੀਆਂ ਆਉਣੀਆਂ ਸੀ, ਧਰਮਸ਼ਾਲਾਵਾਂ ਬਣਨੀਆਂ ਸੀ ਪਰ ਇਨ੍ਹਾਂ ਨੇ ਇਹ ਸਕੀਮ ਬੰਦ ਕਰਕੇ ਪਿੰਡਾਂ ਦੇ ਲੋਕਾਂ ਨਾਲ ਧੱਕਾ ਕੀਤਾ ਹੈ ਔਰ ਇਸ ਦੀ ਜਗ੍ਹਾ ਇਕ ਜੈਅੰਤੀ ਵਿਲਜ ਸਕੀਮ ਬਣਾਈ ਹੈ ਉਹ ਵੀ ਕਾਗਜ਼ਾਂ ਉਤੇ ਹੀ ਹੈ। ਅੱਜ ਤੱਕ ਕਿਸੇ ਪਿੰਡ ਵਿਚ ਉਹ ਸਕੀਮ ਲਾਗੂ ਨਹੀਂ ਹੋ ਸਕੀ। ਸੜਕਾਂ ਦੇ ਬਾਰੇ ਵਿਚ ਇਥੇ ਬਹੁਤ ਕੁਝ ਕਿਹਾ ਜਾਂਦਾ ਹੈ ਕਿ ਇਸ ਸਾਲ ਵਿਚ ਇੰਨੇ ਸੌ ਕਿਲੋਮੀਟਰ ਸੜਕਾਂ ਬਣਾ ਦਿੱਤੀਆਂ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਮੇਰੇ ਹਲਕੇ ਵਿਚ ਪਿਛਲੇ ਦੋ ਸਾਲਾਂ ਵਿਚ ਇਕ ਸੜਕ ਵੀ ਨਹੀਂ ਬਣੀ। ਪਿਛੇ ਜਿਹੇ ਸਾਡੇ ਡਿਪਟੀ ਮਨਿਸਟਰ ਗਿਲ ਸਾਹਿਬ, ਮੈਨੂੰ ਬੜੀ ਖੁਸ਼ੀ ਹੋਈ ਜਦੋਂ ਉਹ ਸਾਡੇ ਪਿੰਡ ਚੂੜਚੱਕ ਵਿਚ ਇਕ ਸੜਕ ਦਾ ਉਦਘਾਟਨ ਕਰਕੇ ਆਏ ਸੀ ਅਤੇ ਉਹ ਪੱਥਰ ਵੀ ਰੱਖ ਆਏ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਥੇ ਉਹ ਪੱਥਰ ਹੀ ਰਹਿ ਗਿਆ। ਮਿਟੀ ਜਿਹੜੀ ਉਥੇ ਸੁਟਾਈ ਸੀ ਉਹ ਬਾਰਸ਼ਾਂ ਵਿਚ ਚਲੀ ਗਈ ਉਥੇ ਬੜੇ ਖੱਡੇ ਪੈ ਗਏ ਹਨ ਅਤੇ ਲੋਕਾਂ ਲਈ ਹੋਰ ਵੀ ਜ਼ਿਆਦਾ ਮੁਸ਼ਕਲ ਪੈਦਾ ਹੋ ਗਈ ਹੈ। ਮੈਂ ਆਪਣੇ ਵਜ਼ੀਰਾਂ ਨੂੰ ਇਹ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਇਹ ਜਿਹੜਾ ਪੱਥਰ ਦਾ ਸਿਸਟਮ ਹੈ ਇਹ ਛੱਡ ਦੇਣ ਔਰ ਵੇਖਣ ਕਿ ਪ੍ਰੋਗਰੈਸ ਕਿੰਨੀ ਹੋ ਰਹੀ ਹੈ। ਇਸ ਤੋਂ ਬਾਅਦ ਮੈਂ ਡਿਸਪੈਂਸਰੀਆਂ ਬਾਰੇ ਕਹਿਣਾ ਚਾਹੁੰਦੀ ਹਾਂ। ਇਸ ਦੇ ਵਿਚ ਕਾਫੀ ਵਿਤਕਰਾ ਕੀਤਾ ਜਾਂਦਾ ਹੈ। ਹੁਣ ਸਾਡੇ ਨਵੇਂ ਮਨਿਸਟਰ ਸਾਹਿਬ ਆਏ ਹਨ ਉਨ੍ਹਾਂ ਤੋਂ ਮੈਨੂੰ ਆਸ ਹੈ ਕਿ ਸ਼ਾਇਦ ਇਹ ਵਿਤਕਰਾ ਨਾ ਕਰਨ। ਮੇਰੀ ਸੁਜੈਸ਼ਨ ਹੈ ਕਿ ਜਦ ਤੱਕ ਸਾਰੇ ਪਿੰਡਾਂ ਵਿਚ ਡਿਸਪੈਂਸਰੀਆਂ ਨਹੀਂ ਪਹੁੰਚਦੀਆਂ ਤਦ ਤੱਕ ਮੋਬਾਇਲਜ਼ ਡਿਸਪੈਂਸਰੀਆਂ ਚਲਾਉਣ ਤਾਂ ਕਿ ਜਿਹੜੇ ਕਾਫ਼ੀ ਇਹੋ ਜਿਹੇ ਪਿੰਡ ਹਨ ਜਿਨ੍ਹਾਂ ਤੋਂ ਕਾਫ਼ੀ ਦੂਰ ਤੱਕ ਵੀ ਕੋਈ ਡਿਸਪੈਂਸਰੀ ਨਹੀਂ, ਕੋਈ ਹਸਪਤਾਲ ਨਹੀਂ ਇਨ੍ਹਾਂ ਨਾਲ ਲੋਕਾਂ ਨੂੰ ਕਾਫ਼ੀ ਫ਼ਾਇਦਾ ਹੋ ਸਕਦਾ ਹੈ। ਹਫ਼ਤੇ ਵਿਚ ਕਮ-ਅਜ਼-ਕਮ ਇਕ ਦਿਨ ਉਨ੍ਹਾਂ ਪਿੰਡਾਂ ਵਿਚ ਮੋਬਾਇਲ ਡਿਸਪੈਂਸਰੀਆਂ ਜ਼ਰੂਰ ਜਾਣੀਆਂ ਚਾਹੀਦੀਆਂ ਹਨ। ਸਕੂਲਾਂ ਦੇ ਬਾਰੇ ਵਿਚ ਮੈਨੂੰ ਬੜੀ ਖੁਸ਼ੀ ਹੈ ਕਿ ਇਨ੍ਹਾਂ ਨੇ ਜਿਹੜੇ 6 ਤੋਂ 11 ਸਾਲ ਦੇ ਬਚਿਆਂ ਲਈ ਕੰਪਲਸਰੀ ਐਜੂਕੇਸ਼ਨ ਕਰ ਦਿੱਤੀ ਹੈ। ਇਹ ਇਕ ਅਛਾ ਕਦਮ ਹੈ। ਇਸ ਦੇ ਨਾਲ ਨਾਲ ਮੈਂ ਇਹ ਵੀ ਕਹਾਂਗੀ ਕਿ ਸਕੂਲ ਜਿਹੜੇ ਅਪਗਰੇਡ ਕਰਦੇ ਹਨ ਉਸ ਦੇ ਵਿਚ ਆਪੋਜ਼ੀਸ਼ਨ ਵਾਲਿਆਂ ਨਾਲ ਬੜਾ ਭਾਰੀ ਵਿਤਕਰਾ ਕੀਤਾ ਜਾਂਦਾ ਹੈ। ਪਿਛਲੇ ਦੋ ਸਾਲਾਂ ਵਿਚ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਵੀ ਦੱਸਿਆ ਕਿ ਮੇਰੇ ਏਰੀਆ ਵਿਚ ਬਹੁਤ ਸਾਰੇ ਐਸੇ ਸਕੂਲ ਹਨ ਔਰ ਖ਼ਾਸ ਕਰਕੇ ਲੜਕੀਆਂ ਦੇ ਹਾਈ ਸਕੂਲ ਜਿਹੜੇ ਅੱਪਗਰੇਡ ਕਰਨੇ ਹਨ, ਕਿਉਂਕਿ ਲੜਕੀਆਂ ਨੂੰ ਕਾਫ਼ੀ ਤਕਲੀਫ਼ ਹੁੰਦੀ ਹੈ ਦੂਸਰੇ ਪਿੰਡਾਂ ਵਿਚ ਤਾਂ ਵੈਸੇ ਵੀ ਕਾਫ਼ੀ ਮੁਸ਼ਕਲਾਂ ਆਉਂਦੀਆ ਹਨ ਕਿਉਂਕਿ ਰੋਡਵੇਜ਼ ਦੇ ਹਾਲਾਤ ਦਾ ਤੁਹਾਨੂੰ ਪਤਾ ਹੀ ਹੈ ਕਿ ਕਿਤਨੀ ਦਿਕਤ ਆਉਂਦੀ ਹੈ ਉਹ ਸਕੂਲ ਅੱਪਗਰੇਡ ਨਹੀਂ ਕੀਤੇ ਗਏ। ਇਸ ਵਾਰ ਮੈਂ ਫ਼ਿਰ ਮਨਿਸਟਰ ਸਾਹਿਬ ਨੂੰ ਕਹਾਂਗੀ ਕਿ ਇਸ ਵਾਰ ਵਿਤਕਰਾ ਨਾ ਕਰਨ ਅਤੇ ਬੁਗੀ ਪੁਰਾ ਔਰ ਮਿਲਖੰਗਾਂ ਆਦਿ ਦੇ ਜਿਹੜੇ ਸਕੂਲ ਅੱਪਗਰੇਡ ਹੋਣ ਵਾਲੇ ਹਨ ਅੱਪ ਗਰੇਡ ਕਰ ਦੇਣ।

ਮੈਂ ਇਹ ਵੀ ਸੁਜੈਸ਼ਨ ਦਿਆਂਗੀ ਕਿ ਸ਼ਹਿਰਾਂ ਵਿਚ ਜਿਸ ਤਰ੍ਹਾਂ ਇੰਡਸਟਰੀਅੱਲ ਅਸਟੈਟਸ ਬਣਾਈਆਂ ਹਨ ਇੰਡਸਟਰੀ ਦੀ ਤਰਕੀ ਲਈ ਉਸ ਤਰ੍ਹਾਂ ਇਨ੍ਹਾਂ ਨੂੰ ਚਾਹੀਦਾ ਹੈ ਕਿ ਪਿੰਡਾਂ ਵਿਚ ਛੋਟੀ ਇੰਡਸਟਰੀ ਦਿੱਤੀ ਜਾਵੇ। ਜਿਸ ਤਰ੍ਹਾਂ ਖਾਦੀ ਬੋਰਡ ਦੇ ਅੰਦਰ ਕਈ ਸਕੀਮਾਂ ਹਨ ਉਹ ਕਾਗਜ਼ਾਂ ਤੇ ਨਹੀਂ ਰਹਿਣੀਆਂ ਚਾਹੀਦੀਆਂ ਉਨ੍ਹਾਂ ਬਾਰੇ ਪਿੰਡਾਂ ਦੇ ਲੋਕਾਂ ਨੂੰ ਜਾਣੂ ਕਰਾਇਆ ਜਾਵੇ ਤਾਂ ਕਿ ਉਹ ਫ਼ਾਇਦਾ ਉਠਾ ਸਕਣ। ਕਿਉਂਕਿ,

[ਸ੍ਰੀਮਤੀ ਕੁਲਵੰਤ ਕੌਰ]

ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਜਿਹੜੀ ਕਿਸਾਨ ਦੀ ਅੱਜ ਕਲ ਹਾਲਤ ਹੋ ਰਹੀ ਹੈ ਉਹ ਸਿਰਫ਼ ਖੇਤੀ ਬਾੜੀ ਤੇ ਨਿਰਭਰ ਨਹੀਂ ਰਹਿ ਸਕੇਗੀ ਉਸ ਨੂੰ ਹੁਣ ਕਿਸੇ ਦੂਸਰੇ ਪਾਸੇ ਵੀ ਸੋਚਣਾ ਪਏਗਾ। ਕਿਸਾਨ ਦੀ ਹਾਲਤ ਜੋ ਸਾਡੇ ਪੰਜਾਬ ਵਿਚ ਹੈ ਉਹ ਸਾਡੇ ਸਭ ਦੇ ਸਾਹਮਣੇ ਹੈ। ਉਹ ਕਿਸਾਨ ਜਿਸ ਨੇ ਅੱਜ ਸਾਰੇ ਹਿੰਦੋਸਤਾਨ ਨੂੰ ਅੱਨ ਦਿੱਤਾ ਔਰ ਸਾਡਾ ਸਿਰ ਸਾਰੀ ਦੁਨੀਆਂ ਵਿਚ ਉਚਾ ਕੀਤਾ, ਅੱਜ ਅਗਰ ਉਹ ਕਣਕ ਪੈਦਾ ਵੀ ਕਰਨੀ ਚਾਹੁੰਦਾ ਹੈ ਤਾਂ ਵਕਤ ਸਿਰ ਉਸ ਨੂੰ ਚੀਜ਼ਾਂ ਨਹੀਂ ਮਿਲਦੀਆਂ। ਖਾਦ ਸੀ ਤਾਂ ਵਕਤ ਸਿਰ ਖਾਦ ਨਹੀਂ ਦਿੱਤੀ, ਅਗਰ ਮਿਲੀ ਤਾਂ ਮਿਲਾਵਟ ਵਾਲੀ ਬਿਲਕੁਲ ਮਿਟੀ ਹੀ ਮਿਲੀ। ਡੀਜ਼ਲ ਲੈ ਲਵੋ। ਡੀਜ਼ਲ ਕਿਧਰੇ ਮਿਲਦਾ ਹੀ ਨਹੀਂ। ਸਪੀਕਰ ਸਾਹਿਬ, ਹਾਲਤ ਇਹ ਹੋ ਗਈ ਹੈ ਕਿ ਅੱਗੇ ਪਿੰਡਾਂ ਦੀਆਂ ਜ਼ਨਾਨੀਆਂ ਖੇਤਾਂ ਵਿਚ ਰੋਟੀ ਦੇਣ ਵਾਸਤੇ ਜਾਇਆ ਕਰਦੀਆਂ ਸਨ ਹੁਣ ਉਹ ਪਟਰੋਲ ਪੰਪਾਂ ਤੇ ਰੋਟੀ ਲੈ ਕੇ ਜਾਂਦੀਆਂ ਹਨ, ਕਿਉਂਕਿ ਤਿੰਨ ਤਿੰਨ ਚਾਰ ਚਾਰ ਦਿਨ ਉਥੇ ਡੀਜ਼ਲ ਲੈਣ ਲਈ ਬੈਠਣਾ ਪੈਂਦਾ ਹੈ। ਪਿਛੇ ਜਿਹੇ ਜਦੋਂ ਠੰਡ ਜ਼ਿਆਦਾ ਸੀ ਉਥੇ ਰਾਤਾਂ ਕੱਟੀਆਂ ਔਰ ਸਾਨੂੰ ਇਥੇ ਹਾਊਸ ਵਿਚ ਐਸ਼ੋਰੈਂਸ ਦਿੱਤੀ ਜਾਂਦੀ ਹੈ ਕਿ ਡੀਜ਼ਲ ਦੀਆਂ ਗੱਡੀਆਂ ਚਲ ਪਈਆਂ। ਮੈਂ ਸਰਕਾਰ ਨੂੰ ਕਹਾਂਗੀ ਕਿ ਪਤਾ ਤਾਂ ਕਰੇ ਕਿ ਉਹ ਗੱਡੀਆਂ ਕਿਥੇ ਗਈਆਂ। (ਥੰਪਿੰਗ)

ਸਾਡੇ ਸਾਹਮਣੇ ਬਿਜਲੀ ਦਾ ਬੜਾ ਭਾਰੀ ਮਸਲਾ ਹੈ। ਉਸ ਦੇ ਬਾਰੇ ਵਿਚ ਮੈਨੂੰ ਬੜਾ ਅਫਸੋਸ ਹੈ ਕਿ ਜਿਸ ਵੇਲੇ ਸਾਡੀ ਫ਼ਸਲ ਦੇ ਪਕਣ ਦਾ ਮੌਕਾ ਆਉਂਦਾ ਹੈ ਤਾਂ ਬਿਜਲੀ ਦਾ ਸੰਕਟ ਆ ਜਾਂਦਾ ਹੈ। ਬਿਜਲੀ ਦੇ ਲਈ ਮੈਂ ਸਰਕਾਰ ਪਾਸ ਬੇਨਤੀ ਕਰਾਂਗੀ ਕਿ ਇਹ ਜਿਹੜਾ ਬਠਿੰਡਾ ਥਰਮਲ ਪਲਾਂਟ ਹੈ ਇਸ ਨੂੰ ਜਲਦੀ ਕਮਿਸ਼ਨ ਕੀਤਾ ਜਾਏ। ਇਸ ਦੇ ਬਾਰੇ ਵਿਚ ਹਾਊਸ ਵਿਚ ਐਸ਼ੋਰੇਂਸ ਦਿੱਤੀ ਗਈ ਕਿ ਫਲਾਂ ਤਾਰੀਖ਼ ਤੱਕ ਕਮਿਸ਼ਨ ਹੋ ਜਾਵੇਗਾ, ਪਰ ਹੋਇਆ ਨਹੀਂ। ਪਹਿਲਾਂ ਕਿਹਾ ਗਿਆ ਕਿ ਜੂਨ ਵਿਚ ਹੋ ਜਾਵੇਗਾ ਅਤੇ ਕਦੇ ਫਿਰ ਕਿਹਾ ਗਿਆ ਕਿ ਦਸੰਬਰ ਵਿਚ, ਮੈਨੂੰ ਹੁਣ ਵੀ ਸ਼ਕ ਹੈ ਕਿ ਸ਼ਾਇਦ ਹੀ ਇਹ ਮਿਥੀ ਤਾਰੀਖ ਤੇ ਕਮਿਸ਼ਨ ਹੋ ਜਾਏ। ਤੁਸੀਂ ਹਾਊਸ ਵਿਚ ਵੇਖਿਆ ਹੋਣਾ ਹੈ ਕਿ ਸਾਡੇ ਬਿਜਲੀ ਮੰਤਰੀ ਨੂੰ ਥਰਮਲ ਪਲਾਂਟ ਬਾਰੇ ਸੁਆਲ ਪੁਛੇ ਗਏ, ਮੈਨੂੰ ਬੜਾ ਦੁੱਖ ਹੋਇਆ ਸੁਣ ਕੇ ਜਿਹੜਾ ਵੀ ਸੁਆਲ ਉਨ੍ਹਾਂ ਕੋਲੋਂ ਪੁਛਿਆ ਗਿਆ ਤਾਂ ਜਵਾਬ ਆਇਆ ਕਿ ਇਹ ਤਾਂ ਇਸ ਵਿਚੋਂ ਪੈਦਾ ਹੀ ਨਹੀਂ ਹੁੰਦਾ। (ਥੰਪਿੰਗ) ਅਗਰ ਸਾਡੇ ਮੰਤਰੀ ਦੀ ਇਹ ਹਾਲਤ ਹੈ ਤਾਂ ਅਸੀਂ ਕਿਥੇ ਆਸ ਕਰ ਸਕਦੇ ਹਾਂ ਕਿ ਉਹ ਥਰਮਲ ਪਲਾਂਟ ਕਮਿਸ਼ਨ ਹੋ ਜਾਵੇਗਾ। ਮੈਂ ਮੰਤਰੀ ਮਹੋਦਯ ਨੂੰ ਕਹਾਂਗੀ ਕਿ ਇਸ ਵੱਲ ਖ਼ਿਆਲ ਕਰਕੇ ਇਸ ਨੂੰ ਜਲਦੀ ਕਮਿਸ਼ਨ ਕਰਾਉਣ। ਸਾਨੂੰ ਗੌਰਮਿੰਟ ਆਫ਼ ਇੰਡੀਆ ਵੱਲੋਂ ਜੂਨ ਜੁਲਾਈ ਵਿਚ ਇਕ ਚਿੱਠੀ ਆਈ ਸੀ ਕਿ ਉਥੇ ਦਾ ਜਿਹੜਾ ਬਦਰਪੁਰ ਪਾਵਰ ਪਲਾਂਟ ਹੈ ਉਸ ਵਿਚੋਂ 20 ਮੈਗਾਵਾਟ ਬਿਜਲੀ ਸਾਨੂੰ ਦਿੱਤੀ ਜਾਏਗੀ। ਉਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਰਾਜਿਸਥਾਨ ਵਿਚ ਜਿਹੜਾ ਅਟਾਮਿਕ ਪਲਾਂਟ ਹੈ ਉਸ ਵਿਚ ਵੀ ਸਾਡਾ ਹਿੱਸਾ ਹੈ ਪਰ ਅੱਜ ਤੱਕ ਸਾਡਾ ਹਿੱਸਾ ਫਿਕਸ ਨਹੀਂ ਕੀਤਾ ਗਿਆ। ਮੇਰੀ ਸਰਕਾਰ ਪਾਸ ਗੁਜ਼ਾਰਿਸ਼ ਹੈ ਕਿ ਉਸ ਹਿੱਸੇ ਨੂੰ ਲੈਣ ਵਾਸਤੇ ਅੱਗੇ ਕਦਮ ਉਠਾਏ ਜਾਣ ਔਰ ਬਿਜਲੀ ਦੇ ਸੰਕਟ ਨੂੰ ਦੂਰ ਕੀਤਾ ਜਾਏ।

ਸਪੀਕਰ ਸਾਹਿਬ, ਜੋ ਅੱਜ ਕਲ ਸਾਡੀਆਂ ਬੱਸਾਂ ਦੀ ਹਾਲਤ ਹੈ ਉਹ ਹਰ ਇਕ ਜਾਣਦਾ ਹੈ ਸ਼ਰਮ ਆਉਂਦੀ ਹੈ ਦੱਸਦੇ ਹੋਏ। ਜੀ. ਟੀ ਰੋਡ. ਤੇ ਜਾਂ ਜਿਹੜੀਆਂ ਪਿੰਡਾਂ ਵਿਚ ਬੱਸਾਂ ਜਾਂਦੀਆਂ ਹਨ ਤਾਂ ਤੁਸੀਂ ਵੇਖੋਗੇ ਕਿ 40, 40–50, 50 ਆਦਮੀ ਉਪਰ ਬੈਠੇ ਹੁੰਦੇ ਹਨ। ਅੱਜ ਕਲ ਦੇ ਅੱਗੇ ਵੱਧ ਰਹੇ ਜ਼ਮਾਨੇ ਵਿਚ ਲੋਕਾਂ ਨੂੰ ਆਣ ਜਾਣ ਦੇ ਸਾਧਨ ਨਾ ਮਿਲਣ ਤਾਂ ਕਿੰਨੀ ਸ਼ਰਮ ਦੀ ਗੱਲ ਹੈ। ਮੇਰੀ ਇਕ ਸੁਜੈਸ਼ਨ ਹੈ ਕਿ ਇਹ ਜਿਹੜੀਆਂ ਸਾਡੀਆਂ ਬੱਸਾਂ ਹਨ ਕਿਸੇ ਵਿਚ 50 ਸੀਟਾਂ ਹਨ, ਕਿਸੇ ਵਿਚ 56 ਅਤੇ ਕਿਸੇ ਵਿਚ 60, ਪਰ ਅੱਜ ਕਲ ਡਬਲ ਡੇਕਰ 114 ਸੀਟਾਂ ਵਾਲੀਆਂ ਬੱਸਾਂ ਚਲੀਆਂ ਹਨ। ਇਹ ਠੀਕ ਹੈ ਕਿ ਪਿੰਡਾਂ ਵਿਚ ਅੱਜ ਸ਼ਾਇਦ ਨਾਕਾਮਯਾਬ ਹੋ ਸਕਣ। ਪਰ ਜੀ. ਟੀ. ਰੋਡ ਅਤੇ ਸ਼ਹਿਰਾਂ ਦੇ ਆਸ ਪਾਸ ਕਾਫ਼ੀ ਚੌੜੀਆਂ ਸੜਕਾਂ ਹੁਨ ਅਗਰ ਉਥੇ ਇਹ ਬੱਸਾਂ ਚਲਾਈਆਂ ਜਾਣ ਤਾਂ ਕਾਫ਼ੀ ਫ਼ਾਇਦਾ ਹੋ ਸਕਦਾ ਹੈ। ਇਸ ਦੇ ਨਾਲ ਡੀਜ਼ਲ ਦੀ

ਜਿਹੜੀ ਬਹੁਤ ਵੱਡੀ ਪਰਾਬਲਮ ਬਣੀ ਹੋਈ ਹੈ ਉਸ ਦੇ ਵਿਚ ਕਾਫ਼ੀ ਖਰਚਾ ਬਚ ਸਕਦਾ ਹੈ ਕਿਉਂਕਿ ਉਸ ਵਿਚ ਡੀਜ਼ਲ ਘੱਟ ਹੀ ਇਸਤੇਮਾਲ ਹੋਵੇਗਾ। ਨਾਲ ਲੋਕਾਂ ਨੂੰ ਕਾਫ਼ੀ ਸਹੂਲਤ ਹੋਵੇਗੀ ਅਤੇ ਡਰਾਈਵਰ ਜਿੱਥੇ ਦੋ ਹਨ ਉਥੇ ਇਕ ਨਾਲ ਹੀ ਕੰਮ ਚਲੇਗਾ। ਮੇਰਾ ਖ਼ਿਆਲ ਹੈ ਕਿ ਮੇਰੀ ਇਹ ਸਜੈਸ਼ਨ ਮੰਨ ਲਈ ਜਾਵੇਗੀ। ਮੈਨੂੰ ਇਕ ਇਹ ਵੀ ਪਤਾ ਲਗਾ ਹੈ ਕਿ ਸਾਡੀ ਸਰਕਾਰ ਡੌਜ਼ ਅਤੇ ਬੈਡਫੋਰਡ ਬੱਸਾਂ ਖਰੀਦ ਰਹੀ ਹੈ। ਜਿਹੜੀਆਂ ਪਿਛੇ ਜਿਹੇ ਖਰੀਦੀਆਂ ਸਨ ਉਹ ਵੇਖ ਲਵੋ ਬਿਲਕੁਲ ਨਾਕਸ ਸਾਬਤ ਹੋਈਆਂ ਹਨ ਇਹ ਖਰੀਦਣ ਲਗਿਆਂ ਪਹਿਲਾਂ ਸੋਚ ਲੈਣ।

ਇਸ ਤੋਂ ਬਾਅਦ, ਸਪੀਕਰ ਸਾਹਿਬ, ਸਾਡੇ ਚਾਈਲਡ ਵੈਲਫ਼ੇਅਰ ਸਕੀਮ ਹੈ। ਨਿਊਟਰੀਸ਼ਨ ਸਕੀਮ ਜਿਹੜੀ ਹੈ ਇਹ ਬੜੀ ਅੱਛੀ ਸਕੀਮ ਹੈ, ਮੈਂ ਇਸ ਦੀ ਸ਼ਲਾਘਾ ਕਰਦੀ ਹਾਂ, ਪਰ ਇਸ ਦੇ ਵਿਚ ਕੁਝ ਤਰੁਟੀਆਂ ਹਨ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਹ ਸਿਰਫ਼ ਜਿਹੜੇ ਸਿਟੀ ਸਲੱਮ ਏਰੀਆਜ਼ ਹਨ ਉਨ੍ਹਾਂ ਨੂੰ ਕਵਰ ਕਰਦੀ ਹੈ। ਮੈਂ ਇਸ ਬਾਰੇ ਸਜੈਸ਼ਨ ਦੇਵਾਂਗੀ ਕਿ ਸਾਡੇ ਜਿਹੜੇ ਪਛੜੇ ਇਲਾਕੇ ਹਨ, ਪਿੰਡ ਹਨ ਉਨ੍ਹਾਂ ਦੇ ਵਿਚ ਇਹ ਨਿਊਟਰੀਸ਼ਨ ਪ੍ਰੋਗਰਾਮ ਚਾਲੂ ਕਰਨਾ ਚਾਹੀਦਾ ਹੈ। ਬਹੁਤ ਸਾਰੀ ਸਾਡੀ ਵਸੋਂ ਪਿੰਡਾਂ ਵਿਚ ਰਹਿੰਦੀ ਹੈ। ਇਸ ਦੇ ਵਿਚ ਉਨ੍ਹਾਂ ਲਈ ਜੋ ਪੈਸਾ ਦਿੱਤਾ ਗਿਆ ਉਹ ਬਹੁਤ ਘੱਟ ਹੈ। ਨਿਊਟਰੇਸ਼ਨ ਪ੍ਰੋਗਰਾਮ ਵਿਚ ਮੈਂ ਵੇਖਿਆ ਹੈ ਕਿ 18 ਪੈਸੇ ਇਕ ਬੱਚੇ ਤੇ ਖਰਚ ਕੀਤੇ ਜਾਣ। ਤਾਂ ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾਓ ਕਿ ਇੰਨੀਂ ਮਹਿੰਗਾਈ ਦੇ ਜ਼ਮਾਨੇ ਵਿਚ 18 ਪੈਸੇ ਦੀ ਕੀ ਚੀਜ਼ ਦੇਣਗੇ ਔਰ ਰੋਪੜ ਜ਼ਿਲ੍ਹੇ ਵਿਚ ਇਹ ਮਿਡ ਡੇ ਮੀਲ ਦਿੰਦੇ ਹਨ ਉਹ ਵੀ ਸ਼ਾਇਦ ਮਹੀਨੇ ਵਿਚ ਦੋ ਜਾਂ ਤਿੰਨ ਦਿਨ। ਮੇਰੀ ਸੁਜੈਸ਼ਨ ਹੈ ਕਿ ਬਚਿਆਂ ਦੀ ਚੰਗੀ ਸਿਹਤ ਵਾਸਤੇ ਦੁੱਧ ਸਪਲਾਈ ਕਰਨਾ ਚਾਹੀਦਾ ਹੈ। ਜਿਹੜੇ ਪੰਜਾਬ ਦੇ ਗਰੀਬ ਲੋਕਾਂ ਦੇ ਬਚੇ ਹਨ ਉਨ੍ਹਾਂ ਨੂੰ ਹੀ ਦੇਣ। ਇਸ ਦੇ ਨਾਲ ਹੀ ਇਹ ਸਕੀਮ ਪਿੰਡਾਂ ਵਿਚ ਵੀ ਚਾਲੂ ਕੀਤੀ ਜਾਏ।

ਸਪੀਕਰ ਸਾਹਿਬ, ਬੜਾ ਅੱਛਾ ਹੋਇਆ ਕਿ ਸਾਡੇ ਪੰਜਾਬ ਦੇ ਵਿਚ ਅੰਮ੍ਰਿਤਸਰ ਵਿਚ ਬਣਿਆ ਹੈ, ਜਿਥੇ ਜੇਲ੍ਹਾਂ ਵਿਚ 7 ਟੀ. ਵੀ. ਸੈਟ ਦੇ ਰਹੇ ਹਨ ਉਥੇ ਮੈਂ ਸੁਝਾ ਦੇਵਾਂਗੀ ਕਿ ਉਹ ਸੈਂਟਰ 40 ਮੀਲ ਦਾ ਏਰੀਆ ਕਵਰ ਕਰਦਾ ਹੈ ਉਸ ਏਰੀਆ ਦੇ ਪਿੰਡਾਂ ਵਿਚ ਪੰਚਾਇਤ ਭਵਨਾਂ ਵਿਚ ਵੀ ਉਹ ਟੀ. ਵੀ. ਸੈਟ ਦਿੱਤੇ ਜਾਣ ਅਤੇ ਬਚਿਆਂ ਲਈ ਸਾਇੰਸ ਦੇ ਪ੍ਰੋਗਰਾਮ ਅਤੇ ਸਾਇੰਸ ਦੇ ਅੰਕਸਪੈਰੀਮੈਂਟ ਵਿਖਾਏ ਜਾਣ ਔਰ ਬਾਹਰਲੇ ਮੁਲਕਾਂ ਦੀਆਂ ਗੱਲਾਂ ਦੱਸੀਆਂ ਜਾਣ ਤਾਂ ਕਿ ਉਨ੍ਹਾਂ ਦੀ ਨਾਲਜ ਵਿਚ ਵਾਧਾ ਹੋਵੇ ਅਤੇ ਪਿੰਡਾਂ ਨੂੰ ਐਸੇ ਪ੍ਰੋਗਰਾਮ ਦੇਣ ਜਿਸ ਦੇ ਨਾਲ ਕਿਸਾਨਾਂ ਦਾ ਬਹੁਤ ਫ਼ਾਇਦਾ ਹੋ ਸਕੇ। ਸਪੀਕਰ ਸਾਹਿਬ, ਆਸ ਹੈ ਕਿ ਇਨ੍ਹਾਂ ਰਾਹੀਂ ਅੱਛੇ ਅੱਛੇ ਖੇਤੀ ਬਾੜੀ ਦੇ ਪ੍ਰੋਗਰਾਮ ਕਿਸਾਨਾਂ ਨੂੰ ਵਿਖਾਏ ਜਾਣਗੇ ਅਤੇ ਖੇਤੀ ਬਾੜੀ ਦੇ ਨਵੇਂ ਨਵੇਂ ਤਰੀਕੇ ਦੱਸੇ ਜਾਣਗੇ ਅਤੇ ਇਸ ਨਾਲ ਕਿਸਾਨ ਕਾਫ਼ੀ ਤਰੱਕੀ ਕਰ ਸਕਣਗੇ।

ਸਪੀਕਰ ਸਾਹਿਬ, ਇਹ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਕਿ ਅੱਜ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ ਕੋਈ 26, 27 ਸਾਲ ਹੋ ਗਏ ਹਨ ਪਰ ਅਜੇ ਤੱਕ ਅਸੀਂ ਫਲੱਡਜ਼ ਨੂੰ ਕੰਟਰੋਲ ਨਹੀਂ ਕਰ ਸਕੇ ਅਤੇ ਨਾ ਹੀ ਇਸ ਪ੍ਰਾਬਲਮ ਨੂੰ ਸਮਝ ਸਕੇ ਹਾਂ। ਮੇਰਾ ਖਿਆਲ ਹੈ ਕਿ ਬਾਹਰਲੇ ਮੁਲਕਾਂ ਦੇ ਲੋਕ ਤਾਂ ਸਾਡੇ ਤੇ ਹੱਸਦੇ ਹੋਣਗੇ ਕਿ ਇਨ੍ਹਾਂ ਤੋਂ ਇਤਨੇ ਜ਼ਿਆਦਾ ਅਰਸੇ ਵਿਚ ਫਲਡ ਵੀ ਕੰਟਰੋਲ ਨਹੀਂ ਹੋਏ। ਪਿਛਲੀ ਵਾਰੀ ਫਲਡਜ਼ ਨਾਲ ਕਾਫੀ ਨੁਕਸਾਨ ਹੋਇਆ। ਮੇਰੇ ਹਲਕੇ ਦੇ ਬਹੁਤ ਸਾਰੇ ਪਿੰਡ ਤਬਾਹ ਹੋ ਗਏ, ਲੋਕਾਂ ਦੇ ਮਕਾਨ ਗਿਰ ਗਏ ਅਤੇ ਫਸਲਾਂ ਜਾਂਦੀਆਂ ਰਹੀਆਂ। ਗੌਰਮਿੰਟ ਨੇ ਚਾਹੇ ਪੈਸੇ ਦਿੱਤੇ ਪਰ ਇਹ ਲੋਕਾਂ ਤੱਕ ਪਹੁੰਚੇ ਨਹੀਂ। ਸਪੀਕਰ ਸਾਹਿਬ, ਮੈਂ ਉਨ੍ਹਾਂ ਦਿਨਾਂ ਵਿਚ ਖੁਦ ਜਾ ਕੇ ਵੇਖਿਆ ਕਿ ਕੈਂਪਸ ਵਿਚ ਲੋਕਾਂ ਨੂੰ ਟੈਂਟ ਤੱਕ ਨਹੀਂ ਮਿਲੇ। ਇੱਕ ਇੱਕ ਟੈਂਟ ਵਿਚ ਪੰਜ, ਪੰਜ ਸੱਤ ਸੱਤ ਫੈਮਲੀਜ਼ ਬਿਠਾਈਆਂ ਹੋਈਆਂ ਸਨ। ਉਨ੍ਹਾਂ ਦੇ ਲਈ ਰੋਟੀ ਦਾ ਬਿਲਕੁਲ ਕੋਈ ਇੰਤਜ਼ਾਮ ਨਹੀਂ ਸੀ। ਮੈਂ ਸ਼ਾਬਾਸ਼ ਦਿੰਦੀ ਹਾਂ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਵਾਲੰਟਰੀ ਉਥੇ

[ਸ੍ਰੀਮਤੀ ਕੁਲਵੰਤ ਕੌਰ]

ਜਾ ਕੇ ਉਨ੍ਹਾਂ ਨੂੰ ਖਾਣਾ ਦਿੱਤਾ ਅਤੇ ਉਨ੍ਹਾਂ ਦੇ ਡੰਗਰਾਂ ਲਈ ਚਾਰਾ ਦਿੱਤਾ । ਰਹਿਣ ਲਈ ਤੰਬੂ ਦਿੱਤੇ। ਮੈਂ ਆਪਣੀ ਸਰਕਾਰ ਅੱਗੇ ਬੇਨਤੀ ਕਰਾਂਗੀ ਕਿ ਜਿਹੜਾ ਮੁਆਵਜ਼ਾ ਉਨ੍ਹਾਂ ਨੂੰ ਦਿੱਤਾ ਗਿਆ ਉਹ ਬਹੁਤ ਘੱਟ ਹੈ ਅਤੇ ਉਸ ਦੇ ਵਿਚ ਵੀ ਹੇਰਾ ਫੇਰੀ ਕਾਫ਼ੀ ਹੋਈ ਹੈ। ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । (ਘੰਟੀ) ਸਪੀਕਰ ਸਾਹਿਬ, ਮੇਰਾ ਇੱਕ ਸੁਝਾਓ ਹੈ । ਜਿਹੜਾ ਸਤਲੁਜ ਦਾ ਬਹਾ ਹੈ ਉਸ ਨੂੰ ਹੋਰ ਡੂੰਘਾ ਕਰ ਦਿੱਤਾ ਜਾਵੇ ਤਾਂਕਿ ਪਾਣੀ ਉਸ ਦੇ ਵਿਚ ਹੀ ਰਹੇ ਅਤੇ ਆਸ ਪਾਸ ਦੇ ਪਿੰਡਾਂ ਨੂੰ ਬਰਬਾਦ ਨਾ ਕਰੇ। ਇਸ ਵੱਲ ਗੌਰਮਿੰਟ ਨੂੰ ਧਿਆਨ ਦੇਣਾ ਚਾਹੀਦਾ ਹੈ। ਆਖਿਰ ਵਿਚ ਮੈਂ ਕੁਝ ਥੀਨ ਡੈਮ ਦੇ ਬਾਰੇ ਵਿਚ ਕਹਿਣਾ ਚਾਹੁੰਦੀ ਹਾਂ । ਸਾਨੂੰ ਹਾਊਸ ਵਿਚ ਬੜੀ ਅਸ਼ੋਰੈਂਸ ਦਿੱਤੀ ਗਈ ਕਿ ਅਸੀਂ ਕਲੀਰੈਂਸ ਲੈ ਲਈ ਹੈ ਅਤੇ ਬਜਟ ਵਿਚ ਵੀ ਇਸ ਲਈ ਕੁਝ ਪ੍ਰੋਵੀਜ਼ਨ ਰੱਖਿਆ ਗਿਆ ਸੀ । ਪਰ ਥੋੜ੍ਹੇ ਜਿਹੇ ਦਿਨ ਹੋਏ ਹਨ ਤੁਸੀਂ ਸਟੇਟਮੈਂਟ ਪੜ੍ਹੀ ਹੋਣੀ ਹੈ । ਸੈਂਟਰ ਦੀ ਸਰਕਾਰ ਨੇ ਕਿਹਾ ਹੈ ਕਿ ਅਸੀਂ ਕੋਈ ਕਲੀਰੈਂਸ ਨਹੀਂ ਦਿੱਤੀ । ਜਦੋਂ ਤੱਕ ਇਨ੍ਹਾਂ ਤਿੰਨਾਂ ਦਾ ਝਗੜਾ ਖਤਮ ਨਹੀਂ ਹੁੰਦਾ ਅਸੀਂ ਕੋਈ ਕਲੀਰੈਂਸ ਨਹੀਂ ਦੇਣੀ । ਮੈਂ ਸਰਕਾਰ ਨੂੰ ਕਹਾਂਗੀ ਕਿ ਉਹ ਆਪਣੀ ਪੋਜ਼ੀਸ਼ਨ ਕਲੀਅਰ ਕਰੇ ਅਤੇ ਦੱਸੇ ਕਿ ਕਦੋਂ ਤੱਕ ਥੀਨ ਡੈਮ ਦੇ ਬਾਰੇ ਵਿਚ ਕਲੀਰੈਂਸ ਲੈ ਲੈਣਗੇ। ਸਪੀਕਰ ਸਾਹਿਬ, ਮੈਂ ਫਿਰ ਸਰਕਾਰ ਅੱਗੇ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਅਗਰ ਪੰਜਾਬ ਨੂੰ ਅੱਗੇ ਰੱਖਣਾ ਚਾਹੁੰਦੇ ਹੋ, ਅਗਰ ਇਹ ਚਾਹੁੰਦੇ ਹੋ ਕਿ ਇਥੋਂ ਦਾ ਕਿਸਾਨ ਤਰੱਕੀ ਕਰੇ ਅਤੇ ਉਸ ਨੂੰ ਤਰੱਕੀ ਵੱਲ ਲੈ ਜਾਣਾ ਹੈ ਤਾਂ ਕਣਕ ਦਾ ਭਾਅ 125 ਰੁਪਏ ਤੋਂ ਘੱਟ ਨਾ ਫਿਕਸ ਕਰਾਉਣ (ਤਾੜੀਆਂ) ਅਗਰ ਅਸੀਂ ਚਾਹੁੰਦੇ ਹਾਂ ਕਿ ਛੋਟੇ ਕਿਸਾਨ ਨੂੰ ਅੱਗੇ ਲੈ ਜਾਣਾ ਹੈ ਅਤੇ ਆਪਣੇ ਦੇਸ਼ ਨੂੰ ਦੂਜੇ ਮੁਲਕਾਂ ਤੋਂ ਕਣਕ ਲੈਣ ਲਈ ਝੋਲੀ ਅੱਡਣ ਤੋਂ ਰੋਕਣਾ ਹੈ, ਮਨ੍ਹਾ ਕਰਨਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਨ੍ਹਾਂ ਦੀਆਂ ਜਿਹ-ੜੀਆਂ ਜ਼ਰੂਰੀਆਤ ਦੀਆਂ ਚੀਜ਼ਾਂ ਹਨ ਇਹ ਲੋਕਾਂ ਨੂੰ ਸਸਤੇ ਭਾਅ ਤੇ ਮਿਲਣ। ਗੌਰਮਿੰਟ ਨੂੰ ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਗਰੀਬ ਲੋਕਾਂ ਵਾਸਤੇ ਡਿਪੂ ਅਤੇ ਕੁਆਪਰੇਟਿਵ ਸਟੋਰਜ਼ ਖੋਲ੍ਹਣੇ ਚਾਹੀਦੇ ਹਨ ਤਾਂ ਕਿ ਰੋਜ਼ ਮਰਹਾ ਦੀਆਂ ਚੀਜ਼ਾਂ ਜਿਵੇਂ ਦਾਲ, ਆਟਾ ਆਦਿ ਇਹ ਸਸਤੇ ਭਾਅ ਤੇ ਲੋਕਾਂ ਨੂੰ ਮਿਲਣ । ਮੇਰਾ ਸੁਝਾਓ ਇਹ ਹੈ ਕਿ ਸਰਕਾਰ ਪਹਿਲਾਂ ਸ਼ਹਿਰਾਂ ਵਿਚ ਇਹ ਪ੍ਰੋਗਰਾਮ ਚਲਾ ਕੇ ਵੇਖ ਲਵੇ । ਜਿਹੜੇ ਕੋਆਪ੍ਰੇਟਿਵ ਸਟੋਰਜ਼ ਹਨ ਇਨ੍ਹਾਂ ਵਿਚ ਅਗਰ ਜ਼ਨਾਨੀਆਂ ਨੂੰ ਲਾ-ਇਆ ਜਾਵੇ ਤਾਂ ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਕਾਫ਼ੀ ਹਦ ਤੱਕ ਕੁਰਪਸ਼ਨ ਖਤਮ ਹੋ ਜਾਵੇਗੀ ਅਤੇ ਜਿਹੜਾ ਚੀਜ਼ਾਂ ਦੇਣ ਦਾ ਤਰੀਕਾ ਹੈ ਉਸ ਵਿਚ ਵੀ ਜ਼ਨਾਨੀਆਂ ਸੁਧਾਰ ਲਿਆਉਣਗੀਆਂ । ਜਿਹੜਾ ਲੋਕਾਂ ਵਿਚ ਰੌਲਾ ਪਿਆ ਹੈ ਕਿ ਆਟਾ, ਦਾਲ, ਕਪੜਾ ਅਤੇ ਘਿਉ ਨਹੀਂ ਮਿਲਦਾ, ਇਹ ਕਾਫ਼ੀ ਹੱਦ ਤੱਕ ਖਤਮ ਹੋ ਜਾਵੇਗਾ ਅਤੇ ਲੋਕਾਂ ਨੂੰ ਚੀਜ਼ਾਂ ਮਿਲਣਗੀਆਂ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ । (ਤਾੜੀਆਂ)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਸਪੀਕਰ ਸਾਹਿਬ, ਜੇ ਮੈਨੂੰ ਬੋਲਣ ਲਈ ਸਮਾਂ ਮਿਲਣਾ ਹੈ ਤਾਂ ਦੱਸ ਦਿਓ ।

ਸ੍ਰੀ ਸਪੀਕਰ : ਤਸ਼ਰੀਫ ਰੱਖੋ । (Please resume your seat.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਕੀ ਮੈਨੂੰ ਵੀ ਬੋਲਣ ਲਈ ਸਮਾਂ ਦਿੱਤਾ ਜਾਵੇਗਾ?

ਸ੍ਰੀ ਸਪੀਕਰ : ਤੁਸੀਂ ਬੈਠ ਜਾਓ । ਤੁਸੀਂ ਆਪਣੀ ਪਾਰਟੀ ਦੇ ਇਕੱਲੇ ਮੈਂਬਰ ਹੋ । ਤੁਹਾਨੂੰ ਟਾਈਮ ਮਿਲੇਗਾ । (Please resume your seat. You are the only member of your party. You will get time.)

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ) : ਸਪੀਕਰ ਸਾਹਿਬ, ਜਿਸ ਤਰ੍ਹਾਂ ਪਿਛਲੇ ਸਾਲ ਲੋਕ ਭਲਾਈ ਦੇ ਬਹੁਤ ਸਾਰੇ ਕੰਮ ਕੀਤੇ ਗਏ ਹਨ, ਇਸੇ ਤਰ੍ਹਾਂ ਇਸ 1974-75 ਦੇ ਬਜਟ ਵਿਚ ਵੀ ਲੋਕਾਂ ਦੀ ਭਲਾਈ ਲਈ ਕੰਮ ਕਰਨ ਲਈ ਬਹੁਤ ਸਾਰੀਆਂ ਮੱਦਾਂ ਰੱਖੀਆਂ ਗਈਆਂ ਹਨ। ਇਸ ਦੇ ਨਾਲ ਹੀ ਨਾਲ ਕੁਝ ਸੇਵਿੰਗਜ਼ ਕਰਨ ਦੀਆਂ ਤਜਵੀਜ਼ਾਂ ਵੀ ਸ਼ਰਮਾ ਜੀ ਨੇ ਦਿੱਤੀਆਂ ਹਨ। ਇਨ੍ਹਾਂ ਕਿਹਾ ਹੈ ਕਿ ਪੱਖਿਆਂ, ਰੈਫਰੀਜਰੇਟਰਾਂ, ਏਅਰ ਕੰਡੀਸ਼ਨਿੰਗ, ਇਸ ਤਰ੍ਹਾਂ ਦੀਆਂ ਚੀਜ਼ਾਂ ਵਿਚ ਅਸੀਂ 5 ਫੀ ਸਦੀ ਸੇਵਿੰਗ ਕਰਾਂਗੇ। (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ) ਇਹ ਬੜੀ ਚੰਗੀ ਗੱਲ ਹੈ। ਮੈਂ ਸ਼ਰਮਾ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਿਉਂਕਿ ਕੀਮਤਾਂ ਬੜੀਆਂ ਵੱਧ ਗਈਆਂ ਹਨ, ਇਸ ਲਈ ਜਿਹੜਾ ਇਨ੍ਹਾਂ ਦਾ ਅੰਦਾਜ਼ਾ ਹੈ ਕਿ 5% ਬਚਤ ਕਰਾਂਗੇ ਇਹ ਨਹੀਂ ਹੋਣੀ ਜਿਤਨੀ ਦੇਰ ਤੱਕ ਅਸੀਂ ਸਟੇਟ ਦੀ ਆਮਦਨ ਨੂੰ ਵਧਾਉਣ ਵਾਸਤੇ ਕੋਈ ਠੋਸ ਕਦਮ ਨਹੀਂ ਚੁਕਾਂਗੇ। ਜਿਹੜਾ ਇਹ 21 ਕਰੋੜ ਰੁਪਏ ਦਾ ਖੱਪਾ ਹੈ ਇਹ ਵੀ ਪੂਰਾ ਨਹੀਂ ਹੋਣਾ। ਮੈਂ ਅਰਜ਼ ਕਰਦਾ ਹਾਂ ਕਿ ਕਾਮਰੇਡ ਰਾਜ ਕੁਮਾਰ ਨੇ ਆਈ. ਏ. ਐਸ. ਅਤੇ ਪੀ. ਸੀ. ਐਸ. ਅਫਸਰਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕੋਲ ਆਂਕੜੇ ਨਹੀਂ ਸਨ। ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਕੋਲ 230 ਪੋਸਟਾਂ ਪੀ. ਸੀ. ਐਸ. ਦੀਆਂ ਸਨ ਅਤੇ ਪੰਜ ਛੇ ਸਾਲ ਤੋਂ ਨਵੀਂ ਰਿਕਰੂਟਮੈਂਟ ਨਾ ਕਰਨ ਕਾਰਨ 173 ਦੇ ਕਰੀਬ ਇਸ ਵੇਲੇ ਕੰਮ ਕਰ ਰਹੇ ਹਨ। ਇਹ ਮੈਂ ਸਮਝਦਾ ਹਾਂ ਕਿ ਕੁਝ ਸੇਵਿੰਗ ਹੋ ਗਈ ਹੈ। ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਟਾਈਮ ਜਦੋਂ ਕਿ ਸਾਰਾ ਯੂਨਾਈਟਿਡ ਪੰਜਾਬ ਸੀ ਉਸ ਵੇਲੇ ਤਕਰੀਬਨ 130, 135 ਆਈ. ਏ. ਐਸ. ਸਨ। ਇਸ ਵੇਲੇ ਹਰਿਆਣਾ ਕੱਢ ਕੇ ਹਿਮਾਚਲ ਕੱਢ ਕੇ ਸਾਡੇ ਕੋਲ 131 ਪੋਸਟਾਂ ਆਈ. ਏ. ਐਸ. ਦੀਆਂ ਹਨ। ਇਹ ਆਈ. ਏ. ਐਸ. ਵਾਲੇ ਹਰ ਸਾਲ ਪੰਜ ਸੱਤ ਵੱਧਦੇ ਹੀ ਜਾਂਦੇ ਹਨ। ਇਸ ਦੇ ਨਾਲ ਹੀ ਜਿਥੇ ਸਾਡੀ ਸਟੇਟ ਤੇ ਖਰਚਾ ਬਹੁਤ ਪਵੇਗਾ ਉਥੇ ਸਾਡੇ ਜਿਹੜੇ ਕਰਮਚਾਰੀ ਪੀ. ਸੀ. ਐਸ ਕਾਡਰ ਦੇ ਹਨ ਜਾਂ ਦੂਜਿਆਂ ਮਹਿਕਮਿਆਂ ਵਿਚ ਕੰਮ ਕਰਦੇ ਹਨ, ਉਨ੍ਹਾਂ ਦੇ ਉਪਰ ਜੇ ਇਹ ਆਈ. ਏ. ਐਸ. ਵਾਲੇ ਆ ਕੇ ਬੈਠ ਜਾਣਗੇ ਤਾਂ ਇਨ੍ਹਾਂ ਨੂੰ ਤਰੱਕੀ ਦਾ ਮੌਕਾ ਨਹੀਂ ਮਿਲੇਗਾ। ਮੈਂ ਸ਼ਰਮਾ ਜੀ ਨੂੰ ਅਰਜ਼ ਕਰਾਂਗਾ ਕਿ ਸਾਡੇ 12 ਜ਼ਿਲ੍ਹੇ ਹਨ। 12 ਜ਼ਿਲ੍ਹਿਆਂ ਵਾਸਤੇ 12 ਡੀ. ਸੀ. ਲਗਾ ਲਓ, 24 ਲਗਾ ਲਓ। ਸੈਕਰੇਟੇਰੀਏਟ ਵਾਸਤੇ ਵੀ ਲਗਾ ਲਓ। 24 ਦੀਆਂ 48 ਕਰ ਲਓ 48 ਦੀਆਂ 80 ਕਰ ਲਓ ਜਾਂ 100 ਕਰ ਲਓ ਜਾਂ ਫਿਰ 131 ਹੀ ਰਹਿਣ ਦਿਓ। ਪਰ ਅੱਗੇ ਵਾਸਤੇ ਕੁਝ ਨਾ ਕੁਝ ਜ਼ਰੂਰ ਸੋਚਣਾ ਪਵੇਗਾ। ਡਿਪਟੀ ਸਪੀਕਰ ਸਾਹਿਬ, ਕੁਝ ਆਦਮੀ ਤੀਰਥ ਗਏ। ਤੀਰਥ ਜਾ ਕੇ ਉਹ ਜਿਸ ਵੇਲੇ ਮੁੜਨ ਲੱਗੇ ਤਾਂ ਉਥੇ ਪੰਡਿਤ ਜੀ ਨੇ ਕਿਹਾ ਕਿ ਤੁਸੀਂ ਕੋਈ ਨਾ ਕੋਈ ਚੀਜ਼ ਛੱਡੋ। ਕਿਸੇ ਨੇ ਕਿਹਾ ਮੈਂ ਦਾਲ ਛੱਡੀ, ਕਿਸੇ ਨੇ ਕਿਹਾ ਮੈਂ ਇਹ ਕੰਮ ਕਰਨਾ ਛੱਡਿਆ ਅਤੇ ਕਿਸੇ ਨੇ ਕਿਹਾ ਮੈਂ ਉਹ ਕੰਮ ਕਰਨਾ ਛੱਡਿਆ। ਕੁਝ ਨਾ ਕੁਝ ਹਰ ਇੱਕ ਨੇ ਜ਼ਰੂਰ ਛੱਡਿਆ। ਇਨ੍ਹਾਂ ਨਾਲ ਇੱਕ ਹੋਰ ਆਦਮੀ ਵੀ ਸੀ। ਉਸ ਨੂੰ ਕਿਹਾ ਗਿਆ ਕਿ ਤੂੰ ਵੀ ਕੁਝ ਛੱਡ। ਉਸ ਨੇ ਕਿਹਾ ਜੇ ਤੁਸੀਂ ਜ਼ਰੂਰ ਛੱਡਾਉਣਾ ਹੈ ਤਾਂ ਮੈਂ ਇਥੇ ਆਉਣਾ ਛੱਡਿਆ। ਇਸ ਲਈ ਮੈਂ ਕਹਿੰਦਾ ਹਾਂ ਕਿ ਜੇ ਤੁਸੀਂ ਹੋਰ ਕੁਝ ਨਹੀਂ ਕਰਨਾ ਤਾਂ ਪਿਛਲੀ ਗਿਣਤੀ ਜੇ ਨਹੀਂ ਘਟਾਉਣੀ ਤਾਂ ਇਸ ਸਟੇਟ ਤੇ ਮਿਹਰਬਾਨੀ ਕਰ ਕੇ ਅੱਗੇ ਤੋਂ ਜਿਹੜੀ ਡਾਇਰੈਕਟ ਭਰਤੀ ਹੈ, ਇਸ ਨੂੰ 10 ਸਾਲ ਵਾਸਤੇ ਜ਼ਰੂਰ ਬੰਦ ਕਰੋ। ਇਸ ਦੇ ਨਾਲ ਸਾਡੀ ਸਟੇਟ ਨੂੰ ਫਾਇਦਾ ਹੋਵੇਗਾ। ਸ਼ਰਮਾ ਜੀ ਤੁਹਾਨੂੰ ਯਾਦ ਹੋਵੇਗਾ ਕਿ ਜਿਸ ਵੇਲੇ ਕਾਂਗਰਸ ਪਾਰਟੀ ਗਿਲ ਦੀ ਸਰਕਾਰ ਨੂੰ ਸਪੋਰਟ ਕਰਦੀ ਸੀ ਉਸ ਵੇਲੇ 10 ਸਾਲ ਵਾਸਤੇ ਆਈ. ਏ. ਐਸ. ਦੀ ਡਾਇਰੈਕਟ ਭਰਤੀ ਵਾਲਿਆਂ ਨੂੰ ਨਾ ਲੈਣ ਲਈ ਸੈਂਟਰਲ ਗੋਰਮਿੰਟ ਨੂੰ ਲਿਖਿਆ ਸੀ। ਉਨ੍ਹਾਂ ਨੇ ਇਸ ਨਾਲ ਐਗਰੀ ਕੀਤਾ। ਇਕ ਸਾਲ ਉਸ ਤੇ ਅਮਲ ਵੀ ਹੋਇਆ। ਉਸ ਤੋਂ ਬਾਅਦ ਗਵਰਨਰਜ਼ ਰੂਲ ਆ ਗਿਆ। ਇਕ ਆਈ. ਏ. ਐਸ. ਅਫਸਰਾਂ ਦਾ ਬੜਾ ਹਮਦਰਦ ਬਗਲਾ ਭਗਤ ਗਵਰਨਰ ਦਾ ਉਸ ਵੇਲੇ ਸੈਕਟਰੀ ਸੀ। ਉਸ ਨੇ ਜਿਸ ਵੇਲੇ ਗਵਰਨਰ ਦਾ ਰੂਲ ਹੋਇਆ ਤਾਂ ਪਾਪੂਲਰ ਗੋਰਮਿੰਟ ਦੇ ਸੈਂਟਰ

[ਸਰਦਾਰ ਦਿਲਬਾਗ ਸਿੰਘ]

ਦੀ ਸਰਕਾਰ ਨਾਲ ਹੋਏ ਸਮਝੌਤੇ ਨੂੰ ਬਦਲਾ ਲਿਆ। ਉਸ ਵੇਲੇ ਸਾਡੀ ਪਾਰਟੀ ਉਸ ਪਾਪੂਲਰ ਗੌਰਮਿੰਟ ਨੂੰ ਸਪੋਰਟ ਕਰਦੀ ਸੀ। ਜੇ ਸਾਡੀ ਸਰਕਾਰ ਹੁਣ ਇਸ ਗੱਲ ਤੇ ਕਨਵਿੰਸ ਹੋਵੇ ਤਾਂ ਜਿਹੜੇ ਆਈ. ਏ, ਐਸ. ਅਫਸਰ ਡਾਇਰੈਕਟ ਭਰਤੀ ਨਾਲ ਲਾਏ ਜਾਂਦੇ ਹਨ, ਇਸ ਤੇ ਜ਼ਰੂਰ ਕਮ-ਅਜ਼-ਕਮ 10 ਸਾਲ ਵਾਸਤੇ ਪਾਬੰਦੀ ਲਾਈ ਜਾਵੇ।

ਇਸ ਦੇ ਨਾਲ ਹੀ ਜਿਥੋਂ ਤੱਕ ਆਈ. ਏ. ਐਸ. ਅਫਸਰਾਂ ਦਾ ਤੁਅਲੱਕ ਹੈ ਇਹ ਬੜੇ ਚੰਗੇ ਅਫਸਰ ਹਨ, ਕੰਮ ਵੀ ਚੰਗਾ ਕਰਦੇ ਹਨ। ਦੋ ਮਿੰਟ ਵੀ ਉਨ੍ਹਾਂ ਨਾਲ ਗੱਲ ਕਰੋ ਤਾਂ ਉਨ੍ਹਾਂ ਨੂੰ ਫਾਈਲ ਦਾ ਫਿਕਰ ਹੁੰਦਾ ਹੈ। ਪਰ, ਡਿਪਟੀ ਸਪੀਕਰ ਸਾਹਿਬ, ਕਈ ਜਿਹੜੇ ਚਾਪਲੂਸੀ ਕਰਨ ਵਾਲੇ ਆਈ. ਏ. ਐਸ. ਅਫਸਰ ਹੁੰਦੇ ਹਨ ਉਹ ਤਰੱਕੀ ਲੈ ਜਾਂਦੇ ਹਨ। ਪਰ ਮੁੱਖ ਮੰਤਰੀ ਦਾ ਜੋ ਪ੍ਰਿੰਸੀਪਲ ਸੈਕਟਰੀ ਹੈ ਉਹ ਬਗੈਰ ਕੰਮ ਕੀਤਿਆਂ ਸਿਰਫ ਇਨ੍ਹਾਂ ਦੇ ਅੱਗੇ ਪਿਛੇ ਪੂਛਲਾਂ ਘੁਮਾ ਕੇ ਹੀ ਦੋ ਦੋ ਪੋਸਟਾਂ ਸਾਂਭੀ ਬੈਠਾ ਹੈ। ਇਹ ਦੂਸਰੇ ਅਫਸਰਾਂ ਨਾਲ ਬਹੁਤ ਭਾਰੀ ਬੇਇਨਸਾਫੀ ਹੈ। ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਇਸ ਵੱਲ ਖਾਸ ਧਿਆਨ ਕਰਨਾ ਚਾਹੀਦਾ ਹੈ।

ਇਹ ਕਹਿੰਦੇ ਹਨ ਕਿ ਉਹ ਬੜੇ ਕਾਬਲ ਅਫਸਰ ਹੁੰਦੇ ਹਨ ਜਿਸ ਤਰ੍ਹਾਂ ਕਿ ਚੀਫ਼ ਮਨਿਸਟਰ ਸਾਹਿਬ ਦੇ ਕਹਿਣ ਮੁਤਾਬਕ ਇਨ੍ਹਾਂ ਦੇ ਪ੍ਰਿੰਸੀਪਲ ਸੈਕਟਰੀ ਜੋ ਕਿ ਬਹੁਤ ਕਾਬਲ ਹੈ ਜਿਸ ਦੀ ਦੋ ਸਾਲ ਤੋਂ ਕਾਬਲੀਅਤ ਦੇਖੀ ਵੀ ਜਾ ਚੁਕੀ ਹੈ ਉਸ ਨੂੰ ਜ਼ਰੂਰ ਦਿੱਲੀ ਭੇਜਣਾ ਚਾਹੀਦਾ ਹੈ। ਦਿੱਲੀ ਦੀ ਆਬੋ ਹਵਾ ਵੀ ਉਸ ਦੇ ਮੁਆਫ਼ਕ ਹੈ ਉਥੇ ਜਾ ਕੇ ਇਹ ਕੰਮ ਕਰਨ, ਸਕੀਮਾਂ ਬਣਾਉਣ ਤਾਂ ਪੰਜਾਬ ਨੂੰ ਬਹੁਤ ਫਾਇਦਾ ਹੋ ਸਕਦਾ ਹੈ। ਸੋ ਮੈਂ ਇਹ ਅਰਜ਼ ਕੀਤੀ ਹੈ ਆਸ ਹੈ ਕਿ ਇਸ ਉਤੇ ਵੀ ਜ਼ਰੂਰ ਧਿਆਨ ਦੇਣਗੇ। ਇਸ ਦੇ ਨਾਲ ਜਿਸ ਤਰਾਂ ਮੈਂ ਦੱਸਿਆ ਹੈ ਬਚਤ ਵੀ ਸਾਡੀ ਸਰਕਾਰ ਨੂੰ ਜ਼ਰੂਰ ਹੋ ਜਾਵੇਗੀ ਅਤੇ ਇਹ ਸਰਕਾਰ ਵੀ ਬਚਤ ਕਰਨਾ ਚਾਹੁੰਦੀ ਹੈ।

ਇਕ ਗੱਲ ਮੈਂ, ਡਿਪਟੀ ਸਪੀਕਰ ਸਾਹਿਬ ਐਜੂਕੇਸ਼ਨ ਦੇ ਬਾਰੇ ਕਰਨੀ ਚਾਹੁੰਦਾ ਹਾਂ। ਇਹ ਗੱਲ ਮੰਨੀ ਹੋਈ ਹੈ ਕਿ ਸਾਡੀ ਇਸ ਸਰਕਾਰ ਨੇ ਐਜੂਕੇਸ਼ਨ ਵਿਚ ਚੰਗਾ ਇਨਕਲਾਬ ਲਿਆਂਦਾ ਹੈ। ਜਿੰਨਾਂ ਜ਼ੋਰ ਇਸ ਸਰਕਾਰ ਨੇ ਐਜੂਕੇਸ਼ਨ ਤੇ ਦਿੱਤਾ ਹੈ ਮੈਂ ਸਮਝਦਾ ਹਾਂ ਕਿ 27 ਸਾਲ ਵਿਚ ਪੰਜਾਬ ਦੀ ਹਿਸਟਰੀ ਵਿਚ ਐਜੂਕੇਸ਼ਨ ਦੇ ਮਾਮਲੇ ਵਿਚ ਕਦੇ ਨਹੀਂ ਦਿੱਤਾ ਗਿਆ। ਇਸ ਸਾਲ ਇਨ੍ਹਾਂ ਨੇ 45 ਕਰੋੜ ਰੁਪਿਆ ਅਤੇ 7, 8 ਕਰੋੜ ਰੁਪਿਆ ਨਵੇਂ ਬਜਟ ਵਿਚ ਰੱਖ ਦਿੱਤਾ ਹੈ ਜਿਸ ਨਾਲ ਪੜ੍ਹਨ ਵਾਲਿਆਂ ਬਚਿਆਂ ਦਾ ਫਲਡ ਆ ਜਾਵੇਗਾ ਅਤੇ ਸਾਰੇ ਬੱਚੇ ਪੜ੍ਹ ਜਾਣਗੇ। ਮੈਂ ਸਮਝਦਾ ਹਾਂ ਕਿ ਜੋ ਕੰਮ ਐਜੂਕੇਸ਼ਨ ਦੇ ਮਾਮਲੇ ਵਿਚ ਪਹਿਲੀ ਸਰਕਾਰਾਂ ਨਹੀਂ ਕਰ ਸਕੀਆਂ ਉਹ ਤੁਸੀਂ ਕਰ ਦਿੱਤਾ ਹੈ।

ਇਸ ਸਰਕਾਰ ਨੇ ਐਜੂਕੇਸ਼ਨ ਦੇ ਉੱਤੇ ਇਤਨਾ ਰੁਪਿਆ ਖਰਚ ਕੀਤਾ ਹੈ ਕਿ ਪੰਜਾਬ ਵਿਚ ਐਜੂ-ਕੇਸ਼ਨ ਦੀ ਤਰੱਕੀ ਹੋਵੇ। ਇਸ ਵਾਸਤੇ ਮੈਂ ਵੀ ਕੁਝ ਸੁਝਾਵ ਦੇਣਾ ਚਾਹੁੰਦਾ ਹਾਂ। ਜੇ ਤੁਸੀਂ ਇਸ ਤੇ ਥੋੜਾ ਜਿਹਾ ਖਿਆਲ ਕਰੋ ਤਾਂ ਐਜੂਕੇਸ਼ਨ ਵਿਚ ਹੋਰ ਵੀ ਤਰੱਕੀ ਹੋ ਸਕਦੀ ਹੈ ਪੰਜਾਬ ਵਿਚ ਸਕੂਲ ਤਾਂ ਬਹੁਤ ਖੋਲ ਦਿੱਤੇ ਹਨ ਪਰ ਕਈ ਸਕੂਲ ਖਾਲੀ ਪਏ ਹਨ ਜਿਥੇ ਕਿ ਮਾਸਟਰ ਨਹੀਂ ਹਨ ਜੋ ਮਾਸਟਰ ਉਥੇ ਭੇਜੇ ਜਾਂਦੇ ਹਨ ਤਾਂ ਉਹ ਉਥੇ ਨਹੀਂ ਰਹਿੰਦੇ।

ਡਿਪਟੀ ਸਪੀਕਰ ਸਾਹਿਬ, ਮੈਂ ਜਲੰਧਰ ਵਾਲੇ ਅਫਸਰ ਨੂੰ ਪੁਛਿਆ ਕਿ ਕਿਸ ਚੀਜ਼ ਦੀ ਘਾਟ ਹੈ ਸਰਕਾਰ ਨੇ ਪੈਸਾ ਵੀ ਇਤਨਾ ਖਰਚਿਆ ਹੈ ਅਤੇ ਨੇਕ ਨੀਤੀ ਨਾਲ ਕੰਮ ਵੀ ਕਰ ਰਹੀ ਹੈ ਤਾਂ ਫਿਰ ਕੀ ਘਾਟ ਹੋ ਸਕਦੀ ਹੈ। ਉਸ ਨੇ ਦੱਸਿਆ ਕਿ ਸਾਡੇ ਕੋਲ ਜੇ. ਬੀ. ਟੀ. ਦੇ ਟੀਚਰਜ਼ ਦੀ ਘਾਟ ਹੈ। ਇਸ ਕਰ ਕੇ ਜਦ ਤੱਕ ਹੁਣ ਇਹ ਨਵੀਆਂ ਕਲਾਸਾਂ ਖੁਲਣਗੀਆਂ ਇਤਨੇ ਤੱਕ 2 ਸਾਲ ਤੱਕ ਉਹ ਨਹੀਂ ਆਉਣ ਗੇ ਅਤੇ ਇਹ ਜਿਹੜੀ ਘਾਟ ਹੈ ਇਹ ਇਸੇ ਤਰ੍ਹਾਂ ਰਹੇਗੀ। (ਸ਼ੋਰ)

ਸਰਦਾਰ ਗੁਰਦੇਵ ਸਿੰਘ ਬਾਦਲ : ਮੇਰਾ ਪੁਆਇੰਟ ਆਫ ਆਰਡਰ ਹੈ ਕਿ ਅੱਜ ਦੇ ਅਖਬਾਰ ਵਿਚ ਸ੍ਰੀ ਯਸ਼ ਜੀ ਦਾ ਰੌਲਾ ਪਿਆ ਸੀ ਕਿ ਉਹ ਚੱਕੇ ਗਏ ਹਨ, ਗੁਮ ਹੋ ਗਏ ਹਨ, ਹੁਣ ਉਹ ਹਾਊਸ ਵਿਚ ਆ ਗਏ ਹਨ ਇਸ ਵਾਸਤੇ ਇਨ੍ਹਾਂ ਨੂੰ ਕੋਈ ਪਾਰਟੀ ਕਰਨੀ ਚਾਹੀਦੀ ਹੈ (ਹਾਸਾ)

ਸਰਦਾਰ ਦਿਲਬਾਗ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਜੇ. ਬੀ. ਟੀ. ਦੇ ਟੀਚਰਜ਼ ਬਹੁਤ ਘੱਟ ਹਨ। ਉਸ ਤੋਂ ਮੈਂ ਅੱਗੇ ਪੁਛਿਆ ਕਿ ਕਿਸੇ ਕਿਸਮ ਦੇ ਟੀਚਰਜ਼ ਨਹੀਂ ਮਿਲਦੇ ਤਾਂ ਉਸ ਨੇ ਦੱਸਿਆ ਕਿ ਸਾਡੇ ਕੋਲ ਬੀ. ਏ., ਬੀ. ਐਡ. ਟੀਚਰਜ਼ ਸਰਪਲਸ ਹਨ ਜੇ ਉਨ੍ਹਾਂ ਨੂੰ ਬੀ. ਏ., ਬੀ. ਐਡ. ਦੀ ਤਨਖਾਹ ਦੇ ਕੇ ਜੇ. ਬੀ. ਟੀ. ਦੇ ਟੀਚਰਜ਼ ਦੀ ਜਗ੍ਹਾ ਤੇ ਲਾਇਆ ਜਾਵੇ ਤਾਂ ਉਹ ਪੜ੍ਹਾਉਣ ਨੂੰ ਤਿਆਰ ਹਨ। ਲੇਕਿਨ ਇਹ ਸਰਕਾਰ ਘੱਟ ਐਜੂਕੇਸ਼ਨ ਵਾਲਿਆਂ ਨੂੰ ਤਾਂ ਉਪਰਲੀਆਂ ਕਲਾਸਾਂ ਨੂੰ ਪੜ੍ਹਾਉਣ ਵਾਸਤੇ ਕਹਿ ਸਕਦੀ ਹੈ ਲੇਕਿਨ ਜੋ ਬਹੁਤ ਐਜੂਕੇਸ਼ਨ ਵਾਲਾ ਹੈ ਉਸ ਨੂੰ ਛੋਟੀਆਂ ਕਲਾਸਾਂ ਨੂੰ ਪੜ੍ਹਾਉਣ ਵਾਸਤੇ ਲਾਉਣ ਲਈ ਤਿਆਰ ਨਹੀਂ। ਡਿਪਟੀ ਸਪੀਕਰ ਸਾਹਿਬ, ਸਾਡਾ ਨਿਸ਼ਾਨਾ ਹੈ ਕਿ ਸਾਰੇ ਬੱਚੇ 100 ਫੀ ਸਦੀ ਪੜਾਉਂਣੇ ਹਨ ਇਸ ਵਾਸਤੇ ਜੋ ਜੇ. ਬੀ. ਟੀ. ਦੇ ਟੀਚਰਜ਼ ਨਹੀਂ ਮਿਲਦੇ ਤਾਂ ਇਨ੍ਹਾਂ ਬੀ. ਏ. ਬੀ. ਐਡ. ਟੀਚਰਜ਼ ਨੂੰ ਪੜਾਉਣ ਵਾਸਤੇ ਇਜਾਜ਼ਤ ਦੇਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਐਜੂਕੇਸ਼ਨ ਦੇ ਮਹਿਕਮੇਂ ਨੂੰ ਸਮਾਨ ਖਰੀਦਣ ਵਾਸਤੇ (ਸਾਇੰਸ ਦਾ ਸਾਮਾਨ ਤੇ ਫਰਨੀਚਰ) ਪੈਸਾ ਦਿੱਤਾ, ਸ਼ਾਇਦ ਸ਼ਰਮਾ ਸਾਹਿਬ ਨੂੰ ਪਤਾ ਨਹੀਂ ਕਿ ਪੈਸਾ ਵੀ ਚਲਿਆ ਗਿਆ ਅਤੇ ਨਾਲ ਹੀ ਇਕ ਚਿੱਠੀ ਚਲੀ ਗਈ ਕਿ ਇਹ ਪੈਸਾ 31 ਮਾਰਚ ਤੋਂ ਪਹਿਲੇ ਪਹਿਲੇ ਖਰਚ ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਇਨਸਾਫ ਕਰੋ ਕਿ 25 ਲੱਖ ਰੁਪਿਆ ਦਿੱਤਾ ਕਿ ਉਹ ਸਕੂਲਾਂ ਵਾਸਤੇ ਸਾਮਾਣ ਖਰੀਦਣ। ਇਹ ਨਾ ਮੁਮਕਿਨ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਰੁਪਿਆ ਤੁਸੀਂ ਦਿੱਤਾ ਹੈ ਇਸ ਰੁਪਏ ਨੂੰ ਖਜ਼ਾਨੇ ਵਿਚੋਂ ਕੱਢ ਕੇ ਐਜੂਕੇਸ਼ਨ ਦੇ ਡੀ. ਈ. ਓ. ਦੇ ਹੈਡ ਵਿਚ ਜਮ੍ਹਾ ਕਰ ਦਿੰਦੇ ਕਿ ਉਹ ਹਰ ਜ਼ਿਲ੍ਹੇ ਵਿਚ ਇਕ ਕਮੇਟੀ ਬਣਾਏ ਅਤੇ ਇਹ ਚੀਜ਼ਾਂ ਪਰਚੇਜ਼ ਕਰੇ। ਫਿਰ ਉਹ ਕਮੇਟੀ ਇਸ ਵਾਸਤੇ ਲਿਸਟਾਂ ਬਣਾਵੇ ਅਤੇ ਕੁਟੇਸ਼ਨਾਂ ਮੰਗਵਾਵੇ ਤਾਂ ਕਿ ਸਮਾਨ ਚੰਗਾ ਖਰੀਦਿਆਂ ਜਾ ਸਕੇ। ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਜਿਹੜਾ ਸਮਾਨ ਜਲਦੀ ਵਿਚ ਖਰੀਦਿਆ ਜਾਂਦਾ ਹੈ ਉਸ ਵਿਚ ਕਈ ਕਮੀਆਂ ਰਹਿ ਜਾਂਦੀਆਂ ਹਨ ਅਤੇ ਦੂਸਰਾ ਉਸ ਵਿਚ ਕੁਝ ਨਾ ਕੁਝ ਨੁਕਸ ਵੀ ਹੁੰਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸੁਝਾਵ ਦਿੰਦਾ ਹਾਂ ਕਿ ਇਹ ਠੀਕ ਢੰਗ ਨਾਲ ਪੈਸੇ ਨੂੰ ਖਰਚ ਕਰਨ। ਇਹ ਕਹਿ ਦੇਣਾ ਕਿ 31 ਮਾਰਚ ਤੋਂ ਪਹਿਲੇ ਪਹਿਲੇ ਖਰਚ ਕਰ ਦਿੱਤਾ ਜਾਵੇ ਇਸ ਨਾਲ ਨੁਕਸਾਨ ਹੁੰਦਾ ਹੈ ਅਤੇ ਇਸ ਪੈਸੇ ਦਾ ਕੋਈ ਫਾਇਦਾ ਨਹੀਂ ਪਹੁੰਚ ਸਕਦਾ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਜਿਹੜੀ ਮੈਂ ਸਮਝਦਾ ਹਾਂ ਉਸ ਤੇ ਸਾਰੀਆਂ ਪਾਰਟੀਆਂ ਨੂੰ ਚੰਗੀ ਤਰ੍ਹਾਂ ਨਾਲ ਵਿਚਾਰ ਕਰਨਾ ਚਾਹੀਦਾ ਹੈ। ਅਕਾਲੀ ਰਾਜ ਦੇ ਵੇਲੇ ਮੇਰੇ ਹਲਕੇ ਵਿਚ 137 ਦੇ ਕਰੀਬ ਟੀਚਰਜ਼ ਨੂੰ ਬਦਲ ਦਿੱਤਾ ਗਿਆ। ਉਨ੍ਹਾਂ ਦਾ ਗੁਨਾਹ ਇਹ ਸੀ ਕਿ ਉਨ੍ਹਾਂ ਨੇ ਵੋਟਾਂ ਕਾਂਗਰਸ ਨੂੰ ਪਾਈਆਂ ਸਨ ਦੂਜਿਆਂ ਪਾਰਟੀਆਂ ਦੀ ਮਦਦ ਕੀਤੀ। ਡਿਪਟੀ ਸਪੀਕਰ ਸਾਹਿਬ ਮੈਂ ਸਮਝਦਾ ਹਾਂ ਕਿ ਇਹ ਸਜ਼ਾ ਨਾ ਕਾਂਗਰਸ ਨੂੰ ਹੈ ਨਾ ਟੀਚਰਜ਼ ਨੂੰ ਹੈ ਨਾ ਕਿਸੇ ਹੋਰ ਪਾਰਟੀ ਨੂੰ ਹੈ ਇਹ ਤਾਂ ਸਜ਼ਾ ਬਚਿਆਂ ਨੂੰ ਹੈ ਜਿਨ੍ਹਾਂ ਦੀ ਪੜ੍ਹਾਈ ਖਰਾਬ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਥੋਂ ਤੱਕ ਟਰਾਂਸਫ਼ਰ ਦਾ ਤੁਅੱਲਕ ਹੈ ਇਹ ਕਿਸੇ ਪੁਲੀਟੀਕਲ ਗਰਾਊਂਡ ਤੇ ਨਹੀਂ ਹੋਣੀ ਚਾਹੀਦੀ। ਕੋਈ ਟੀਚਰ ਵੋਟ ਕਿਤੇ ਪਾਵੇ ਨਾ ਪਾਵੇ ਉਸ ਨੂੰ ਇਸ ਲਾਈਟ ਵਿਚ ਨਹੀਂ ਲੈਣਾ ਚਾਹੀਦਾ। ਜੇ 2, 4 ਟਰਾਂਸਫਰਾਂ ਕਰਨੀਆਂ ਵੀ ਜ਼ਰੂਰੀ ਹੋਣ ਤਾਂ ਉਹ ਮਾਰਚ ਜਾਂ

[ਸਰਦਾਰ ਦਿਲਬਾਗ ਸਿੰਘ]

ਅਪ੍ਰੈਲ ਵਿਚ ਕਰ ਲਵੋ, ਇਹ ਨਾ ਹੋਵੇ ਕਿ ਜਦੋਂ ਕਿਸੇ ਦੇ ਖਿਲਾਫ਼ ਸ਼ਿਕਾਇਤ ਮਿਲੇ ਉਸ ਦੀ ਟਰਾਂਸਫਰ ਕਰ ਦਿੱਤੀ ਜਾਵੇ । ਪੁਲੀਟੀਕਲ ਗਰਾਊਂਡ ਤੇ ਕਿਸੇ ਮਾਸਟਰ ਦੀ ਤਬਦੀਲੀ ਨਹੀਂ ਹੋਣੀ ਚਾਹੀਦੀ । ਮੈਨੂੰ ਯਾਦ ਹੈ ਜਦੋਂ ਮੈਂ ਇੰਗਲੈਂਡ ਵਿਚ ਗਿਆ ਸੀ ਤਾਂ ਉਥੇ ਵੇਖਣ ਦਾ ਮੌਕਾ ਮਿਲਿਆ ਸੀ ਕਿ ਇਕ ਮਾਸਟਰ ਜਿਸ ਸਕੂਲ ਵਿਚ ਲੱਗ ਜਾਂਦਾ ਹੈ ਉਹ ਉਸੇ ਸਕੂਲ ਵਿਚ ਹੀ ਰਿਟਾਇਰ ਹੁੰਦਾ ਹੈ । ਉਸ ਨੂੰ ਇਹ ਡਰ ਨਹੀਂ ਹੁੰਦਾ ਕਿ ਉਸ ਦੀ ਟਰਾਂਸਫਰ ਹੋ ਜਾਵੇਗੀ, ਇਸ ਦਾ ਉਸ ਦੇ ਸਿਰ ਤੇ ਕੋਈ ਭਾਰ ਨਹੀਂ ਪੈਂਦਾ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਮਾਸਟਰ ਦਾ ਕੋਈ ਬਿਜ਼ਨਸ ਹੋਵੇ ਜਾਂ ਕਿਸੇ ਪਾਰਟੀ ਨਾਲ ਤੁਅੱਲਕ ਹੋਵੇ ਉਸ ਨੂੰ ਇਹ ਡਰ ਨਾ ਦਿੱਤਾ ਜਾਵੇ ਕਿ ਉਸ ਨੂੰ ਬਦਲ ਦਿੱਤਾ ਜਾਵੇਗਾ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਚੀਜ਼ ਹੋਰ ਵੇਖੀ ਹੈ ਜਦ ਸਾਡੀ ਜਿਹੜੀਆਂ ਬੱਚੀਆਂ ਨੂੰ ਇਮਪਲਾਇਮੈਂਟ ਮਿਲਦੀ ਹੈ ਤਾਂ ਉਨ੍ਹਾਂ ਨੂੰ ਦੂਜੇ ਸਕੂਲ ਵਿਚ ਆਪਣੇ ਪਿੰਡ ਤੋਂ ਦੂਰ ਜਾਣਾ ਪੈਂਦਾ ਹੈ ਉਹ ਬੱਚੀਆਂ ਬਾਹਰ ਦੂਜੇ ਪਿੰਡਾਂ ਵਿਚ ਨਹੀਂ ਜਾਂਦੀਆਂ ਜਿਸ ਨਾਲ ਬੱਚਿਆਂ ਦਾ ਨੁਕਸਾਨ ਹੁੰਦਾ ਹੈ ਅਤੇ ਸਕੂਲ ਵੀ ਖਾਲੀ ਰਹਿੰਦੇ ਹਨ । ਡਿਪਟੀ ਸਪੀਕਰ ਸਾਹਿਬ, ਮੇਰੀ ਇਹ ਸੁਜੈਸ਼ਨ ਹੈ ਕਿ ਜੋ ਲੜਕੀ ਜਿਸ ਪਿੰਡ ਦੀ ਹੋਵੇ ਉਸ ਨੂੰ ਉਸੇ ਪਿੰਡ ਵਿਚ ਇੰਪਲਾਇਮੈਂਟ ਦਿੱਤੀ ਜਾਵੇ।

ਇਸ ਦੇ ਨਾਲ ਹੀ ਇਕ ਇਹ ਵੀ ਸੁਝਾਓ ਦੇਣਾ ਹੈ ਕਿ ਜਿਸ ਸਕੂਲ ਦਾ ਸਟਾਫ਼ ਲੜਕੀਆਂ ਦਾ ਹੈ ਉਥੇ ਸਾਰਾ ਸਟਾਫ਼ ਹੀ ਲੜਕੀਆਂ ਦਾ ਹੋਵੇ ਔਰ ਜਿਥੇ ਸਾਰਾ ਸਟਾਫ਼ ਆਦਮੀਆਂ ਦਾ ਹੈ ਉਥੇ ਮੇਲ ਟੀਚਰਜ਼ ਹੀ ਹੋਣੇ ਚਾਹੀਦੇ ਹਨ । ਇਸ ਦੇ ਨਾਲ ਵੀ ਜਿਹੜਾ ਪੜ੍ਹਾਈ ਦਾ ਸਿਸਟਮ ਹੈ ਉਨ੍ਹਾਂ ਨੂੰ ਮੱਦਦ ਮਿਲੇਗੀ ਔਰ ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਵੀ ਪੁਲੀਟੀ-ਕਲ ਗੱਲ ਜਾਂ ਹੋਰ ਐਸੀ ਵੈਸੀ ਗੱਲ ਨਹੀਂ ਹੈ। ਜਿਸ ਉਪਰ ਅਸੀਂ ਗੌਰ ਨਾ ਕਰ ਸਕੀਏ ।

ਇਕ ਗੱਲ ਮੈਂ ਸ਼ਰਮਾ ਜੀ ਨੂੰ ਹੋਰ ਕਹਿਣੀ ਹੈ ਕਿ ਉਨ੍ਹਾਂ ਨੇ ਸਕੂਲਾਂ ਵਾਸਤੇ ਬੜਾ ਰੁਪਿਆ ਰੱਖਿਆ ਹੈ । ਉਨ੍ਹਾਂ ਨੇ ਅਨੇਕਾਂ ਸਕੂਲ ਖੋਲ੍ਹੇ ਹਨ ਪਰ ਸਕੂਲਾਂ ਦੀਆਂ ਬਿਲਡਿੰਗਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਸਖਤ ਸਰਦੀ ਵਿਚ ਬੱਚੇ ਕਮਰਿਆਂ ਤੋਂ ਬਾਹਰ ਬੈਠੇ ਹੁੰਦੇ ਹਨ । ਜੇਕਰ ਕੋਈ ਸੰਨ 1947 ਤੋਂ ਪਹਿਲਾਂ ਦੀ ਮਸਜਦ ਹੈ ਤਾਂ ਬੱਚੇ ਉਥੇ ਬੈਠੇ ਹਨ, ਕੋਈ ਛੱਪਰ ਹੇਠਾਂ ਬੈਠਾ ਹੈ । ਇਸ ਲਈ ਸਰਕਾਰ ਨੇ ਜਿਹੜੇ ਸਕੂਲ ਖੋਲ੍ਹੇ ਹੋਏ ਹਨ ਉਨਾਂ ਦੀ ਕੁਝ ਪੰਚਾਇਤਾਂ ਮੱਦਦ ਕਰਨ ਔਰ ਕੁਝ ਸਰਕਾਰ ਕਰੇ ਔਰ ਬੱਚਿਆਂ ਦੇ ਬੈਠਣ ਲਈ ਜਗਾ ਪ੍ਰੋਵਾਈਡ ਕੀਤੀ ਜਾਵੇ। ਕਈ ਸਕੂਲਾਂ ਵਿਚ ਟਾਟ ਜਾਂ ਹੋਰ ਸਾਮਾਨ ਵੀ ਨਹੀਂ ਹੁੰਦਾ, ਜਿਥੇ ਅਸੀਂ ਖਾਣ ਦੀਆਂ ਚੀਜ਼ਾਂ ਭੇਜਦੇ ਹਾਂ ਉਥੇ ਤਾਂ ਬੈਠਣ ਦੀ ਜਗ੍ਹਾ ਵੀ ਨਹੀਂ ਹੁੰਦੀ । ਇਸ ਲਈ ਇਸ ਗੱਲ ਵੱਲ ਵੀ ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ । (ਸਰਦਾਰ ਗੁਰਦੇਵ ਸਿੰਘ ਬਾਦਲ ਵੱਲੋਂ ਵਿਘਨ) ਡਿਪਟੀ ਸਪੀਕਰ, ਸਾਹਿਬ ਜਿਸ ਮਹਿਕਮੇਂ ਨਾਲ ਮੇਰਾ ਤੁਅੱਲਕ ਹੈ ਹੁਣ ਮੈਂ ਉਸ ਦੇ ਬਾਰੇ ਵੀ ਗੱਲ ਕਰਨੀ ਚਾਹੁੰਦਾ ਹਾਂ। ਸੰਨ 1959 ਵਿਚ ਜਦੋਂ ਸਾਡੀ ਕਾਂਗਰਸ ਸਰਕਾਰ ਸੀ ਤਾਂ ਉਸ ਵੇਲੇ ਸਾਡੀ ਸਰਕਾਰ ਨੇ ਪੰਜਾਬ ਦੇ ਟਰਾਂਸਪੋਰਟਰਾਂ ਨੂੰ ਇਹ ਕਿਹਾ ਕਿ ਤੁਸੀਂ ਬੜੇ ਸਾਲਾਂ ਤੋਂ ਕੰਮ ਕਰ ਰਹੇ ਹੋ, ਤੁਸੀਂ ਕੱਚੀਆਂ ਸੜਕਾਂ ਵਿਚ ਬੜੀ ਮੁਸ਼ਕਲ ਨਾਲ ਬੱਸਾਂ ਚਲਾਈਆਂ ਹਨ ਪਰ ਕਿਉਂਕਿ ਇਸ ਦੀ ਜ਼ਰੂਰਤ ਸਰਕਾਰ ਨੂੰ ਹੈ ਇਸ ਲਈ ਇਸ ਨੂੰ ਨੈਸ਼ਨੇਲਾਈਜ਼ ਕਰਨਾ ਹੈ । ਸੰਨ 1959 ਵਿਚ ਸਰਕਾਰ ਨੂੰ ਪ੍ਰਾਈਵੇਟ ਓਪਰੇਟਰਾਂ ਕੋਲੋਂ 50

ਪ੍ਰਤੀਸ਼ਤ ਮਾਈਲੇਜ ਸਰੰਡਰ ਕਰ ਦਿੱਤੀ । ਸਰਕਾਰ ਨੇ ਉਨਾਂ ਨੂੰ ਕੋਈ ਮੁਆਵਜ਼ਾ ਨਹੀਂ ਸੀ ਦਿੱਤਾ ਔਰ ਸਰਕਾਰ ਦੇ ਕਹੇ ਬਗੈਰ ਹੀ ਇਹ ਕੰਮ ਕਰ ਦਿੱਤਾ। ਜਿਹੜੀ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਦੀ ਸਕੀਮ ਸੀ ਉਸ ਨੇ ਸੰਨ 1969 ਵਿਚ ਖ਼ਤਮ ਹੋ ਜਾਣਾ ਸੀ । ਪ੍ਰਾਈਵੇਟ ਉਪਰੇਟਰਾਂ ਨਾਲ ਜੋ ਐਗਰੀਮੈਂਟ ਸੀ ਸਰਕਾਰ ਦਾ ਉਹ 1969 ਵਿਚ ਖ਼ਤਮ ਹੋ ਜਾਣਾ ਸੀ। ਇਹ ਸਾਡਾ ਖਿਆਲ ਸੀ ਕਿ ਉਸ ਸਮੇਂ ਟਰਾਂਸਪੋਰਟ ਨੈਸ਼ਨੇਲਾਈਜ਼ ਕੀਤੀ ਜਾਵੇਗੀ ਪਰ ਬਦਕਿਸਮਤੀ ਸਰਕਾਰ ਦੀ ਕਿ ਉਸ ਸਮੇਂ ਅਕਾਲੀਆਂ ਦਾ ਰਾਜ ਸੀ। ਉਨ੍ਹਾਂ ਨੇ ਉਸ ਚੀਜ਼ ਨੂੰ ਫਿਰ ਨਵੇਂ ਸਿਰੇ ਤੋਂ ਦੱਸ ਸਾਲਾਂ ਵਾਸਤੇ ਐਗਰੀਮੈਂਟ ਕਰ ਲਿਆ। ਉਸ ਵਿਚ ਥੋਹੜੀ ਜਿਹੀ ਚੇਂਜ ਕੀਤੀ ਕਿ ਜਿਥੇ 50/50 ਦਾ ਹਿੱਸਾ ਸੀ ਉਥੇ 60/40 ਦਾ ਹਿੱਸਾ ਕਰ ਦਿੱਤਾ। ਇਹ ਜੋ ਸਾਰੀ ਚੀਜ਼ ਹੈ ਮੈਂ ਸਮਝਦਾ ਹਾਂ ਕਿ ਕਾਂਗਰਸ ਦਿਆਂ ਅਸੂਲਾਂ ਦੇ ਹਿਸਾਬ ਨਾਲ, ਜੋ ਅਸੀਂ ਕੀਤਾ ਸੀ ਉਸ ਤੋਂ ਅਕਾਲੀ ਸਰਕਾਰ ਨੇ ਉਲਟ ਕਰ ਦਿੱਤਾ। ਮੈਂ ਡਿਪਟੀ ਸਪੀਕਰ ਸਾਹਿਬ, ਵੈਸੇ ਨੈਸ਼ਨੇਲਾਈਜ਼ੇਸ਼ਨ ਦੇ ਹੱਕ ਵਿਚ ਹਾਂ । ਹਰ ਚੀਜ਼ ਜੋ ਹੈ ਉਹ ਨੈਸ਼ਨੇਲਾਈਜ਼ ਹੋਣੀ ਹੀ ਹੈ । ਕੋਈ ਪਹਿਲਾਂ ਹੋ ਗਈ ਤੇ ਕੋਈ ਬਾਅਦ ਵਿਚ ਹੋ ਗਈ। ਮੈਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ ਹੈ। ਪਰ ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਨੈਸ਼ਨੇਲਾਈਜ਼ੇਸ਼ਨ ਕਰਨ ਦੇ ਕੁਝ ਨਿਸ਼ਾਨੇ ਹੁੰਦੇ ਹਨ। ਹੋ ਸਕਦਾ ਹੈ ਕਿ ਕਈ ਇਹ ਹੀ ਸੋਚਦੇ ਹੋਣ ਕਿ ਨੈਸ਼ਨੇਲਾਈਜ਼ ਕਰਕੇ ਪੈਸੇ ਕਮਾਏ ਜਾ ਸਕਦੇ ਹਨ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਸਾਲ ਵਿੱਚੋਂ ਇਕ ਵਾਰ ਬੋਲਦਾ ਹਾਂ, ਇਸ ਲਈ ਤੁਸੀਂ ਕਾਹਲੇ ਨਾ ਪਓ, ਮੈਂ ਆਪ ਹੀ ਬੜਾ ਸੋਚ ਸੋਚ ਕੇ ਬੋਲ ਰਿਹਾ ਹਾਂ ਕਿ ਕੀ ਬੋਲਾਂ ਤੇ ਕੀ ਨਾ ਬੋਲਾਂ ।

ਸੋ, ਮੈਂ ਅਰਜ਼ ਕਰ ਰਿਹਾ ਸੀ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਨਾਲ ਇਨਕਮ ਵੀ ਵਧੇਗੀ। ਇਹ ਇਨਕਮ ਦਾ ਵੀ ਇਕ ਸੋਰਸ ਹੈ। ਉਸ ਨਾਲ ਪੈਸਾ ਸਟੇਟ ਨੂੰ ਆ ਸਕੇ ਤਾਂ ਸਟੇਟ ਦੀ ਡੀਵੈਲਪਮੈਂਟ ਤੇ ਲੱਗੇ ਤਾਂ ਤਰੱਕੀ ਹੋ ਸਕਦੀ ਹੈ। ਇਹ ਕੋਈ ਮਾੜੀ ਗਲ ਨਹੀਂ ਹੈ। ਜੇਕਰ ਸਟੇਟ ਦੀ ਹੀ ਸਾਰੀ ਪ੍ਰਾਪਰਟੀ ਹੋਵੇ ਤਾਂ ਚੰਗੀ ਗੱਲ ਹੈ। ਇਹ ਕਾਂਗਰਸ ਦੀਆਂ ਨੀਤੀਆਂ ਦਾ ਸਾਥ ਦਿੰਦੀ ਹੈ। ਇਸ ਦੇ ਨਾਲ ਹੀ ਮੈਂ ਇਹ ਕਹਾਂਗਾ ਕਿ ਸਰਕਾਰ ਟਰਾਂਸਪੋਰਟ ਦੇ ਮਾਮਲੇ ਵਿਚ ਪਿੰਡਾਂ ਦੇ ਲੋਕਾਂ ਨੂੰ ਸਹੂਲਤਾਂ ਦੇਣ ਲਈ, ਉਨ੍ਹਾਂ ਦੇ ਪਿੰਡਾਂ ਨੂੰ ਸ਼ਹਿਰਾਂ ਨਾਲ ਮਿਲਾਉਣ ਲਈ ਸੱਭ ਤੋਂ ਟਾਪ ਤੇ ਹੈ। ਬਹੁਤ ਸਾਰੀਆਂ ਸਟੇਟਾਂ ਵਿਚ ਵੇਖਿਆ ਹੈ ਕਿ ਟਰਾਂਸਪੋਰਟ ਨੂੰ ਇਨਕਮ ਦਾ ਜ਼ਰੀਆ ਹੀ ਬਣਾਇਆ ਗਿਆ ਹੈ। ਜਿਸ ਤਰ੍ਹਾਂ ਅਸੀਂ ਹਸਪਤਾਲਾਂ ਤੇ ਖਰਚ ਕਰਦੇ ਹਾਂ, ਉਸ ਤਰ੍ਹਾਂ ਹੀ ਟਰਾਂਸਪੋਰਟ ਤੇ ਵੀ ਖਰਚ ਹੁੰਦਾ ਹੈ। ਜਿਥੇ ਦੀ ਟਰਾਂਸਪੋਰਟ ਤੇਜ਼ ਹੋਵੇ ਉਥੇ ਦੇ ਲੋਕ ਵੀ ਤੇਜ਼ ਹੁੰਦੇ ਹਨ। ਲੋਕਾਂ ਦੀ ਸਪੀਡ ਵੀ ਤੇਜ਼ ਹੋਵੇਗੀ । ਸੋ ਮੈਂ ਸਮਝਦਾ ਹਾਂ ਕਿ ਸਾਡੀ ਜੋ ਟਰਾਂਸਪੋਰਟ ਹੈ ਇਸ ਨੂੰ ਨੈਸ਼ਨੇਲਾਈਜ਼ ਕਰਨ ਦਾ ਇਹ ਨਿਸ਼ਾਨਾ ਹੋਵੇ ਕਿ ਲੋਕਾਂ ਨੂੰ ਸੱਸਤਾ ਤੇ ਵੱਧੀਆ ਆਵਾਜਾਈ ਦਾ ਸਾਧਨ ਦਿੱਤਾ ਜਾਵੇ। ਜਿਨ੍ਹਾਂ ਦੂਰ ਦੂਰ ਦੇ ਪਿੰਡਾਂ ਲਈ ਕੋਈ ਰਸਤਾ ਨਹੀਂ ਹੈ, ਉਨਾਂ ਲਈ ਆਵਾ ਜਾਈ ਦੀ ਸਹੂਲਤ ਦਿੱਤੀ ਜਾਵੇ। ਪਹਿਲਾਂ ਇਹ ਮਨਸ਼ਾ ਪੂਰਾ ਨਹੀਂ ਹੋਇਆ। ਇਹ ਪੂਰਾ ਹੋਣਾ ਚਾਹੀਦਾ ਹੈ। ਇਹ ਮਨਸ਼ਾ ਪੂਰਾ ਕਿਉਂ ਨਹੀਂ ਹੋਇਆ ਕਿਉਂਕਿ ਇਸ ਵਿਚ ਕਮੀ ਹੈ। ਜਿਹੜੇ ਇਸ ਵਿਚ ਵਰਕਰ ਕੰਮ ਕਰਦੇ ਹਨ ਉਨ੍ਹਾਂ ਦੀ ਬੇਚੈਨੀ ਦੂਰ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਲੋਕਾਂ ਦੀ ਖਿਦਮਤ ਕਰਨੀ ਹੈ । ਉਨ੍ਹਾਂ ਨੇ ਲੋਕਾਂ ਦਾ ਆਦਰ ਮਾਣ ਕਰਨਾ ਹੈ । ਇਹ ਸਾਰੀ ਚੀਜ਼ ਜੋ ਲੋਕ ਕਰਨ ਵਾਲੇ ਹਨ ਜੇਕਰ ਉਨ੍ਹਾਂ ਦੀ ਤਸੱਲੀ ਨਾ ਹੋਵੇ ਤਾਂ ਸਾਡਾ ਨਿਸ਼ਾਨਾ ਪੂਰਾ ਨਹੀਂ ਹੋਵੇਗਾ । ਸੋ ਮੈਂ ਸਮਝਦਾ ਹਾਂ ਕਿ ਇਹ ਦੱਸ ਪੰਦਰਾਂ ਸਾਲਾਂ ਦੀ ਨੈਸ਼ਨੇਲਾਈਜ਼ ਹੋਈ ਹੈ। ਇਸ ਦੇ ਬਾਰੇ ਅਕਾਲੀਆਂ ਵੇਲੇ ਵੀ ਗਲਤ ਗੱਲਾਂ ਹੋਈਆਂ ਜਿਸ ਕਾਰਨ ਕਿ ਟਰਾਂਸਪੋਰਟ ਦੀ ਬੀਮਾਰੀ ਵੱਧਦੀ ਵੱਧਦੀ ਕੈਂਸਰ ਬਣ ਗਈ। ਹੁਣ ਜੋ ਟਰਾਂਸਪੋਰਟ ਦੇ ਮਨਿਸਟਰ ਸਾਹਿਬ ਮੇਰੇ ਹਮਨਾਮੀਏਂ ਹਨ ਉਨਾਂ ਨੇ ਸਾਰੀ ਗੱਲ ਨੂੰ ਕੋਸ਼ਿਸ਼ ਕਰਕੇ ਸਮਝਿਆ ਔਰ ਇਹ ਫੈਸਲਾ ਪਾਇਆ ਕਿ ਇਹ ਕੈਂਸਰ ਹੋ ਚੁਕਾ ਹੈ ਔਰ ਨਾ ਹੀ ਲੋਕਾਂ ਦੀ ਸਰਵਿਸ ਕਰ ਰਿਹਾ ਹੈ ਨਾ ਹੀ ਵਰਕਰਜ਼ ਦੀ ਤਸੱਲੀ ਹੈ ਔਰ ਨਾ ਹੀ ਸਰਕਾਰ ਦੀ। ਇਸ ਲਈ ਉਨ੍ਹਾਂ ਨੇ ਫੈਸਲਾ ਪਾਇਆ ਕਿ ਇਸ

[ਸਰਦਾਰ ਦਿਲਬਾਗ ਸਿੰਘ]

ਵਿਚ ਕਮੀਆਂ ਹਨ। ਉਨ੍ਹਾਂ ਕਮੀਆਂ ਨੂੰ ਦੂਰ ਕਰਨਾ ਚਾਹੀਦਾ ਹੈ। ਮੈਂ ਗਿਆਨੀ ਜੀ ਨੂੰ ਅਰਜ਼ ਕਰਾਂਗਾ ਕਿ ਇਸ ਵਿਚ ਸਰਕਾਰ ਨੂੰ ਸਾਰੇ ਤਰੀਕੇ ਵਰਤਣੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਕਮਿਊਨਿਸਟਾਂ ਦਾ ਇਸ ਵਿਚ ਬੜਾ ਹੋਲਡ ਹੈ। ਇਸ ਲਈ ਜਿਤਨਾਂ ਚਿਰ ਤੱਕ ਇਨਾਂ ਨੂੰ ਨਾਲ ਲੈ ਕੇ ਵਰਕਰਜ਼ ਨੂੰ ਨਾਲ ਲੈਕੇ ਇਸ ਚੀਜ਼ ਦੀ ਗਹਿਰਾਈ ਤਕ ਨਹੀਂ ਜਾਂਦੇ ਉਤਨੀ ਦੇਰ ਤਕ ਮੈਂ ਸਮਝਦਾ ਹਾਂ ਕਿ ਇਹ ਕੈਂਸਰ ਠੀਕ ਨਹੀਂ ਹੋ ਸਕਦਾ। ਇਸ ਮਸਲੇ ਨੂੰ ਜ਼ਰੂਰੀ ਹੱਲ ਕਰਣਾ ਚਾਹੀਦਾ ਹੈ। ਕੁਝ ਚੀਜ਼ਾਂ ਇਸ ਹਾਊਸ ਵਿਚ ਆਈਆਂ ਕਿ ਲੀਕੇਜ ਹੈ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਵਿਚ ਠੀਕ ਹੈ, ਇਸ ਨੂੰ ਰੋਕਣਾ ਵੀ ਚਾਹੀਦਾ ਹੈ ਪਰ ਕੁਝ ਦੋਸਤ ਕਹਿੰਦੇ ਹਨ ਕਿ ਰੋਕ ਨਹੀਂ ਸਕਦੇ। ਮੈਂ ਸਮਝਦਾ ਹਾਂ ਕਿ ਨਾਮੁਮਕਨ ਵਾਲੀ ਕੋਈ ਗੱਲ ਨਹੀਂ ਹੈ। ਇਸ ਗੱਲ ਨਾਲ ਕਿ ਇਹ ਕੈਂਸਰ ਰੁਕ ਨਹੀਂ ਸਕਦਾ, ਮੈਂ ਇਸ ਨਾਲ ਸਹਿਮਤ ਨਹੀਂ ਹਾਂ। ਇਥੇ ਜ਼ਿਕਰ ਆਇਆ ਹੈ ਕਿ ਨੈਸ਼ਨਲਾਈਜ਼ ਟਰਾਂਸਪੋਰਟ ਦੀਆਂ ਕੁਝ ਚੀਜਾਂ ਵਿਕਦੀਆਂ ਹਨ। ਮਿਲਟਰੀ ਵਿਚ ਹਰ ਚੀਜ਼ ਤੇ ਮੋਹਰ ਹੁੰਦੀ ਹੈ, ਲਿਖਿਆ ਹੁੰਦਾ ਹੈ "ਫਾਰ ਮਿਲਟਰੀ ਯੂਜ਼"। ਪੰਜਾਬ ਗੌਰਮਿੰਟ ਦੀਆਂ ਬੱਸਾਂ ਦੇ ਵਿਚ ਜੋ ਚੀਜ਼ਾਂ ਪੈਂਦੀਆਂ ਹਨ ਉਹ ਇਥੇ ਹੀ ਮੈਨੂੰਫੈਕਚਰ ਹੁੰਦੀਆਂ ਹਨ ਇਸ ਲਈ ਉਨ੍ਹਾਂ ਤੇ ਵੀ ਮੋਹਰ ਹੋਣੀ ਚਾਹੀਦੀ ਹੈ, "ਪੰਜਾਬ ਰੋਡਵੇਜ਼"। ਅਗਰ ਕਿਸ ਚੀਜ਼ ਨੂੰ ਪ੍ਰਾਈਵੇਟਲੀ ਵੇਚ ਦਿਤਾ ਜਾਵੇਗਾ ਤਾਂ ਉਹ ਚੋਰੀ ਫੜੀ ਜਾਵੇਗੀ। ਕੋਈ ਚੀਜ਼ ਐਸੀ ਨਹੀਂ ਹੈ ਜਿਹੜੀ ਕਿ ਦੂਸਰੇ ਮੁਲਕ ਵਿਚੋਂ ਮੰਗ-ਵਾਉਣੀ ਪੈਂਦੀ ਹੈ। ਇਸ ਚੀਜ਼ ਨੂੰ ਰੋਕਣ ਵਾਸਤੇ ਥੋਹੜਾ ਜਿਹਾ ਹੁਸ਼ਿਆਰ ਹੋਣਾ ਚਾਹੀਦਾ ਹੈ। ਇਸ ਨਾਲ ਇਨਕਮ ਵੀ ਵੱਧ ਸਕਦੀ ਹੈ। ਫਿਰ ਚੈਕਿੰਗ ਦਾ ਮਸਲਾ ਵੀ ਹੈ। ਚੈਕਿੰਗ ਦੇ ਮੁਤੱਲਿਕ ਖਰ੍ਹਤ ਸਾਰੇ ਤਰੀਕੇ ਅਗੇ ਸਰਕਾਰ ਨੇ ਕੱਢੇ ਹਨ। ਇਸ ਦੇ ਵਿਚ ਇਕ ਹੋਰ ਵਾਧਾ ਕੀਤਾ ਜਾਵੇ ਕਿ ਹਰ ਸਬ-ਡਿਵੀਜ਼ਨ ਦੇ ਐਸ. ਡੀ. ਐਮ., ਤਹਿਸੀਲਦਾਰ, ਬੀ. ਡੀ. ਓ., ਜੋ ਵੀ ਪੰਜਾਬ ਸਰਕਾਰ ਦਾ ਅਫਸਰ ਹੈ, ਉਹ ਇਸ ਪੰਜਾਬ ਸਰਕਾਰ ਦੀਆਂ ਬੱਸਾਂ ਨੂੰ ਜਿਥੇ ਮਰਜ਼ੀ ਖੜਾ ਕਰਕੇ ਵੇਖ ਲਵੇ, ਚੈਕ ਕਰ ਲਵੇ ਕਿ ਟਿਕਟਾਂ ਕੱਟੀਆਂ ਹੋਈਆਂ ਹਨ ਜਾਂ ਨਹੀਂ ਇਹ ਕੋਈ ਜ਼ਰੂਰੀ ਨਹੀਂ ਕਿ ਇਨਸਪੈਕਟਰ ਜਾਂ ਹੋਰ ਛੋਟਾ ਸਟਾਫ ਹੀ ਇਨ੍ਹਾਂ ਬੱਸਾਂ ਨੂੰ ਚੈਕ ਕਰੇ। ਇਹ ਟਰਾਂਸਪੋਰਟ ਪੰਜਾਬ ਦੇ ਲੋਕਾਂ ਦੀ ਹੈ, ਇਸ ਦੀ ਚੈਕਿੰਗ ਹੋਰ ਵਧਾਈ ਜਾਵੇ। ਇਸ ਦੇ ਨਾਲ ਵੀ ਸਾਨੂੰ ਹੋਰ ਲਾਭ ਹੋ ਜਾਵੇਗਾ।

ਇਕ ਜੋ ਮੈਨੂੰ ਖ਼ਤਰਾ ਹੈ ਅਤੇ ਜਿਸ ਤਰ੍ਹਾਂ ਮੈਂ ਪਹਿਲਾਂ ਵੀ ਦਸਿਆ ਹੈ। ਇਹ ਜੋ ਸਾਡੀ ਟਰਾਂਸਪੋਰਟ ਦਾ ਘਾਟਾ ਹੈ ਇਹੋ ਜਿਹੀਆਂ ਚੀਜ਼ਾਂ ਨੂੰ ਵੇਖ ਕੇ ਹੋਰ ਕਿਤੇ ਪੰਜਾਬ ਸਰਕਾਰ ਇਸ ਪਾਸੇ ਨਾ ਸੋਚਣ ਲਗ ਜਾਵੇ ਕਿ ਕਿਰਾਇਆ ਵਧਾ ਕੇ ਇਸ ਘਾਟ ਨੂੰ ਪੂਰਾ ਕੀਤਾ ਜਾਵੇ। ਮੈਂ ਇਸ ਗੱਲ ਦੇ ਬਿਲਕੁਲ ਹੱਕ ਵਿਚ ਨਹੀਂ ਹਾਂ। ਇਹ ਟਰਾਂਸਪੋਰਟ ਗਰੀਬਾਂ ਦੇ ਵਾਸਤੇ ਹੈ। ਅਗਰ ਇਕ ਕਰੋੜ ਦਾ ਘਾਟਾ ਹੈ ਤਾਂ ਕੋਈ ਗੱਲ ਨਹੀ ਭਾਵੇਂ 10 ਕਰੋੜ ਦਾ ਵੀ ਘਾਟਾ ਹੋਵੇ ਕਿਰਾਇਆ ਨਹੀਂ ਵਧਾਇਆ ਜਾਣਾ ਚਾਹੀਦਾ ਕਿਉਂਕਿ ਇਹ ਟਰਾਂਸ-ਪੋਰਟ ਗਰੀਬ ਲੋਕਾਂ ਵਾਸਤੇ ਹੈ ਅਤੇ ਕਿਰਾਇਆ ਬਿਲਕੁਲ ਨਹੀਂ ਵਧਾਇਆ ਜਾਣਾ ਚਾਹੀਦਾ, ਬਲਕਿ ਲੋਕਾਂ ਨੂੰ ਇਕ ਐਫੀਸ਼ੈਂਟ ਟਰਾਂਸਪੋਰਟ ਸਰਵਿਸ ਦੇਣੀ ਚਾਹੀਦੀ ਹੈ।

ਇਕ ਮੈਂ ਆਪਣੇ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਨੀ ਹੈ ਕਿ ਅਸੀਂ ਪਿਛੇ ਕੁਝ ਲੋਕਾਂ ਵਾਸਤੇ ਟੈਂਪੂ ਛੋਟੇ ਛੋਟੇ ਰੂਟਾਂ ਤੇ ਚਲਾਉਣ ਲਈ ਇੰਤਜ਼ਾਮ ਕੀਤਾ ਸੀ। ਡਿਪਟੀ ਸਪੀਕਰ ਸਾਹਿਬ, ਉਨਾਂ ਟੈਂਪੂਆਂ ਦੀ ਪੈਟਰੋਲ ਦੀਆਂ ਕੀਮਤਾਂ ਵੱਧਣ ਕਾਰਨ ਇੰਨੀ ਬੁਰੀ ਹਾਲਤ ਹੋ ਗਈ ਹੈ ਕਿ ਜੇ ਉਹ ਪੂਰੀਆਂ ਸਵਾਰੀਆਂ ਬਿਠਾ ਕੇ ਚਲਣ ਤਾਂ 10-15 ਮੀਲਾਂ ਵਿਚ ਉਹ ਆਪਣੀ ਜੇਬ ਵਿਚੋਂ ਪੈਸੇ ਪਾ ਕੇ ਵੀ ਪੈਟਰੋਲ ਦੀ ਕੀਮਤ ਜਾਂ ਹੋਰ ਖਰਚ ਪੂਰਾ ਨਹੀਂ ਕਰ ਸਕਦੇ। ਉਨਾਂ ਟੈਂਪੂਆਂ ਵਾਲਿਆਂ ਵਾਸਤੇ ਜਾਂ ਤਾਂ ਕੋਈ ਹੋਰ ਜਗ੍ਹਾ ਵੇਖੀ ਜਾਵੇ, ਜਾਂ ਉਨ੍ਹਾਂ ਦਾ ਹੋਰ ਕੋਈ ਪ੍ਰਬੰਧ ਕੀਤਾ ਜਾਵੇ। ਬੇਸ਼ਕ ਉਨ੍ਹਾਂ ਨੂੰ ਕਿਸੇ ਬੱਸ ਸਰਵਿਸ

ਦੇ ਰੂਟ ਵਿਚ ਕਿਸੇ ਤਰੀਕੇ ਨਾਲ ਕੰਪੈਨਸੇਟ ਕੀਤਾ ਜਾਵੇ। ਇਸ ਕੰਮ ਵਿਚ ਕਮ ਸੇ ਕਮ ਕਈ ਲੱਖ ਰੁਪਿਆ ਗਰੀਬ ਲੋਕਾਂ ਦਾ ਲਗਿਆ ਹੋਇਆ ਹੈ ਅਤੇ ਇਸ ਸਰਕਾਰ ਨੂੰ ਇਸ ਪਾਸੇ ਵੱਲ ਜ਼ਰੂਰ ਕੋਈ ਧਿਆਨ ਦੇਣਾ ਚਾਹੀਦਾ ਹੈ।

ਇਕ ਚੀਜ਼ ਹੋਰ ਕਹਿ ਕੇ ਮੈਂ ਖ਼ਤਮ ਕਰਾਂਗਾ। ਇਸ ਗੱਲ ਦਾ ਪਹਿਲਾਂ ਵੀ ਇਕ ਦੋ ਦਿਨਾਂ ਵਿਚ ਜ਼ਿਕਰ ਆਇਆ ਹੈ। ਇਹ ਹੈ ਪੁਲਿਸ ਦਾ ਮਸਲਾ ਕਿ ਸਿਪਾਹੀ ਘੱਟ ਹਨ ਅਤੇ ਅਫ਼ਸਰਾਂ ਦੀ ਗੱਲ ਵੀ ਹੋਈ। ਇਹ ਠੀਕ ਹੈ ਸਿਪਾਹੀ ਘੱਟ ਹਨ। ਕਿਸੇ ਥਾਣੇ ਵਿਚ ਜਾਓ ਤਾਂ ਇਹ ਕਿਹਾ ਜਾਂਦਾ ਹੈ ਕਿ ਜ਼ਰਾ ਠਹਿਰਨਾ ਪਵੇਗਾ, ਸਿਪਾਹੀ ਕਿਤੇ ਦੂਜੀ ਜਗ੍ਹਾ ਗਏ ਹੋਏ ਹਨ। ਇਸ ਗੱਲ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਟਰੱਕਾਂ ਦੀ ਚੈਕਿੰਗ ਕਰਨੀ ਹੋਵੇ ਤਾਂ ਭਾਵੇਂ ਕਿੰਨੀ ਸਰਦੀ ਪੈਂਦੀ ਹੋਵੇ, ਕਿੰਨੀ ਗਰਮੀ ਪੈਂਦੀ ਹੋਵੇ, ਤੜਕੇ ਦੇ 3 ਵਜੇ, 4 ਵਜੇ, ਜਿਥੇ ਵੀ ਤੁਸੀਂ ਵੇਖੋ, ਟਰੱਕਾਂ ਦੀ ਚੈਕਿੰਗ ਵਾਸਤੇ ਖੜੇ ਹੋਣਗੇ ਅਤੇ ਹੋਰ ਕੰਮ ਸਾਰੇ ਛੱਡ ਦੇਣਗੇ। ਜਲੰਧਰ ਦੀ ਚੌਕੀ ਨੰਬਰ 1 ਹੈ ਅਤੇ ਜਿਹੜੀ ਉਥੇ ਦੀ ਪੁਲਿਸ ਹੈ ਜਾਂ ਜਿਹੜਾ ਅਫਸਰ ਹੈ, ਉਹ ਚੈਕਿੰਗ ਵਾਸਤੇ ਖੜਾ ਹੁੰਦਾ ਹੈ। ਚੌਕੀ ਨੰਬਰ 2 ਅਤੇ 3 ਦਾ ਵੀ ਇਹੀ ਹਾਲ ਹੈ, ਥਾਣਾ ਸਦਰ ਦਾ ਵੀ, ਥਾਣਾ ਛਾਵਣੀ ਦਾ ਵੀ, ਫਿਲੌਰ, ਫਗਵਾੜਾ, ਸਭ ਜਗ੍ਹਾ ਇਹੀ ਹਾਲ ਹੈ, ਸਾਰੇ ਰਸਤੇ ਵਿਚ ਪੁਲਿਸ ਹੀ ਚੈਕਿੰਗ ਵਾਸਤੇ ਖੜੀ ਹੁੰਦੀ ਹੈ ਅਤੇ ਟਰੱਕਾਂ ਵਾਲੇ ਸਾਰੀ ਰਾਤ ਚੈਕਿੰਗ ਕਰਵਾਉਂਦੇ ਹੀ ਦਿੱਲੀ ਪੁਜ ਜਾਂਦੇ ਹਨ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੈਂਬਲੀ ਵਿਚ ਇਕ ਰੂਲ ਪਾਸ ਕੀਤਾ ਹੈ ਕਿ ਟਰੈਫਿਕ ਪੁਲਿਸ ਨੂੰ ਅਲਹਿਦਾ ਕੀਤਾ ਜਾਵੇ, ਪਰ ਇਹ ਚੀਜ਼ ਅਜੇ ਤੱਕ ਨਹੀਂ ਹੋਈ। ਮੈਂ ਸਮਝਦਾ ਹਾਂ ਕਿ ਜਿਹੜੀ ਚੀਜ਼ ਅਸੈਂਬਲੀ ਵਿਚ ਪਾਸ ਹੋ ਚੁਕੀ ਹੈ ਉਸ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ। ਜੇ ਟਰੈਫਿਕ ਪੁਲਿਸ ਅਲਹਿਦਾ ਹੋਵੇ ਤਾਂ ਦੂਜੀ ਪੁਲਿਸ ਵੀ ਆਪਣੇ ਕੰਮ ਵਲ ਪੂਰਾ ਧਿਆਨ ਦੇਵੇਗੀ ਅਤੇ ਕੰਮ ਠੀਕ ਤਰ੍ਹਾਂ ਨਾਲ ਚਲ ਪਵੇਗਾ। 24 ਅਕਤੂਬਰ ਨੂੰ ਚੀਫ਼ ਮਨਿਸਟਰ ਸਾਹਿਬ ਨੂੰ ਸਾਡੀ ਕਾਨਫਰੰਸ ਵਿਚ ਇਸ ਗੱਲ ਵਾਸਤੇ ਅਸ਼ੋਅਰ ਵੀ ਕਰਾਇਆ ਕਿ ਜਲਦੀ ਤੋਂ ਜਲਦੀ ਇਸ ਚੀਜ਼ ਨੂੰ ਲਾਗੂ ਕਰ ਦਿੱਤਾ ਜਾਵੇਗਾ। ਜਦੋਂ ਚੀਫ਼ ਮਨਿਸਟਰ ਸਾਹਿਬ ਦੀ ਆਪਰੇਟਰਾਂ ਨਾਲ ਮੀਟਿੰਗ ਹੋਈ ਤਾਂ ਇਸ ਗੱਲ ਨੂੰ ਬੜੇ ਦੁੱਖ ਨਾਲ ਮੰਨਿਆਂ ਕਿ ਇਕ ਚੀਜ਼ ਜਿਹੜੀ ਕਿ ਅਸੈਂਬਲੀ ਨੇ ਪਾਸ ਕਰ ਦਿੱਤੀ ਹੈ, ਉਸ ਨੂੰ ਲਾਗੂ ਕਿਉਂ ਨਹੀਂ ਕੀਤਾ ਗਿਆ? ਉਥੇ ਅਫਸਰਾਂ ਨੇ ਕਿਹਾ ਕਿ ਇਕ ਮਹੀਨੇ ਦੇ ਅੰਦਰ ਅੰਦਰ ਵਰਦੀਆਂ ਵਗੈਰਾ ਬਣਾ ਕੇ ਇਸ ਚੀਜ਼ ਨੂੰ ਲਾਗੂ ਕਰ ਦਿੱਤਾ ਜਾਵੇਗਾ। ਕਈ ਸਾਲ ਹੋ ਗਏ ਰੂਲ ਬਣੇ ਨੂੰ ਪਰ ਹਾਲਾਂ ਤੱਕ ਲਾਗੂ ਨਹੀਂ ਹੋਇਆ। ਇਸ ਕਰਕੇ ਮੈਂ ਗਿਆਨੀ ਜੀ ਨੂੰ ਇਹ ਅਰਜ਼ ਕਰਾਂਗਾ ਕਿ ਇਸ ਮਸਲੇ ਨੂੰ ਛੇਤੀ ਤੋਂ ਛੇਤੀ ਹੱਲ ਕੀਤਾ ਜਾਵੇ।

ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ।

ਸ੍ਰੀ ਗੁਰਦਿਆਲ ਸੈਣੀ (ਜਲੰਧਰ ਉੱਤਰੀ): ਡਿਪਟੀ ਸਪੀਕਰ ਸਾਹਿਬ, ਆਪ ਦਾ ਬੜਾ ਧੰਨਵਾਦੀ ਹਾਂ ਕਿ ਆਪ ਨੇ ਮੈਨੂੰ ਐਪਰੋਪਰੀਏਸ਼ਨ ਬਿੱਲ ਤੇ ਬੋਲਣ ਲਈ ਟਾਈਮ ਦਿਤਾ ਹੈ। ਮੈਂ ਇਸ ਵਿਚ ਆਪਣੀ ਸਰਕਾਰ ਨੂੰ ਵਧਾਈ ਦੇਣ ਲਈ ਖੜਾ ਹੋਇਆ ਹੈ। ਇਹ ਇਸ ਸਰਕਾਰ ਦਾ ਤੀਜਾ ਬਜਟ ਹੈ ਜਿਸ ਦੇ ਵਿਚ ਕੋਈ ਟੈਕਸ ਨਹੀਂ ਲਗਾਇਆ ਗਿਆ। ਪਿਛਲੇ ਸਾਲ, ਉਸ ਤੋਂ ਪਿਛਲੇ ਸਾਲ ਅਤੇ ਇਸ ਸਾਲ ਵੀ ਕੋਈ ਟੈਕਸ ਸ਼ਰਮਾ ਜੀ ਨੇ ਨਹੀਂ ਲਗਾਇਆ, ਇਸ ਗੱਲ ਲਈ ਮੈਂ ਉਨ੍ਹਾਂ ਨੂੰ ਵਧਾਈ ਦੇਂਦਾ ਹਾਂ।

ਸ਼ਰਮਾ ਜੀ ਨੇ ਬਜਟ ਦੇ ਵਿਚ ਸੜਕਾਂ, ਸਕੂਲਾਂ, ਪਲੈਨਿੰਗ ਅਤੇ ਹਾਸਪੀਟਲਾਂ ਵਗੈਰਾ ਦੇ ਮਾਮਲਿਆਂ ਵਿਚ ਬਹੁਤ ਪੈਸਾ ਰੱਖਿਆ ਹੈ।

[ਸ੍ਰੀ ਗੁਰਦਿਆਲ ਸੈਣੀ]

ਮੇਰੀ ਇਹ ਬੇਨਤੀ ਹੈ ਕਿ ਬਜਟ ਵਿਚ ਇਸ ਸਰਕਾਰ ਨੇ ਮੰਨਿਆ ਹੈ ਕਿ ਇੰਡਸਟਰੀ ਵਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ । ਮੈਂ ਇਹ ਸਮਝਦਾ ਹਾਂ ਕਿ ਇੰਡਸਟਰੀ ਵੱਲ ਵੀ ਪੂਰਾ ਧਿਆਨ ਦਿੱਤਾ ਜਾਣਾ ਚਾਹੀਦਾ ਸੀ। ਹੋਰ ਚੀਜ਼ਾਂ ਵੱਲ ਸਰਕਰ ਧਿਆਨ ਦੇ ਰਹੀ ਹੈ, ਬੜੀ ਚੰਗੀ ਗੱਲ ਹੈ, ਪਰ ਇੰਡਸਟਰੀ ਵੱਲ ਕੁਝ ਨਹੀਂ ਕੀਤਾ ਜਾ ਰਿਹਾ । ਡਿਪਟੀ ਸਪੀਕਰ ਸਾਹਿਬ, ਹਾਰਡ ਕੋਕ ਦਾ ਇਕ ਮਹੀਨੇ ਦਾ 1,000 ਗੱਡੀਆਂ ਦਾ ਕੋਟਾ ਸੀ, ਪਰ ਪਿਛਲੇ ਛੇ ਮਹੀਨਿਆਂ ਵਿਚ 442 ਗੱਡੀਆਂ ਮਿਲੀਆਂ ਹਨ ਜੁਲਾਈ ਤੋਂ ਲੈ ਕੇ ਦਸੰਬਰ ਤੱਕ 2,650 ਗੱਡੀਆਂ ਪੰਜਾਬ ਨੂੰ ਆਉਣੀਆਂ ਚਾਹੀਦੀਆਂ ਸਨ, ਲੇਕਿਨ 250 ਗੱਡੀਆਂ ਦਾ ਕੋਟਾ ਆਇਆ। ਸਟੀਮ ਕੋਕ ਦੀ ਗੱਲ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਮਹੀਨੇ ਦਾ ਕੋਟਾ 2,250 ਗੱਡੀਆਂ ਦਾ ਹੈ ਅਤੇ ਇਸ ਤੇ ਕੱਟ ਲਗਾ ਕੇ ਮਹੀਨੇ ਵਿਚ ਹੀ 1,125 ਗੱਡੀਆਂ ਪੰਜਾਬ ਵਿਚ ਆਉਣੀਆਂ ਚਾਹੀਦੀਆਂ ਸਨ, ਪਰ ਪਿਛਲੇ 6 ਮਹੀਨਿਆਂ ਵਿਚ 350 ਗੱਡੀਆਂ ਸਟੀਮ ਕੋਕ ਦੀਆਂ ਆਈਆਂ । ਜਨਵਰੀ ਦਾ ਕੋਟਾ ਡਾਇਰੈਕਟਰ ਦੀ ਮਿਹਰਬਾਨੀ ਜਾਂ ਗਲਤ ਪਾਲੀਸੀ ਨਾਲ ਸਾਡਾ ਲੈਪਸ ਹੋ ਗਿਆ, ਫਰਵਰੀ ਦਾ ਕੋਟਾ ਵੀ ਲੈਪਸ ਹੋ ਗਿਆ, 13 ਮਾਰਚ ਹੋ ਗਈ ਹੈ, ਇਕ ਵੀ ਗੱਡੀ ਪੰਜਾਬ ਵਿਚ ਕੋਇਲੇ ਦੀ ਨਹੀਂ ਆਈ ਹੈ । ਇਸ ਬਾਰੇ ਮੈਂ ਆਪਣੀ ਸਰਕਾਰ ਨੂੰ ਦੱਸਦਾ ਹਾਂ ਕਿ ਇਸ ਬਾਰੇ ਇਕ ਬਹੁਤ ਵੱਡਾ ਸੈਲ ਬਣਾਇਆ ਜਾਣਾ ਚਾਹੀਦਾ ਹੈ । ਸਾਡੇ 6-7 ਜੁਆਇੰਟ ਡਾਇਰੈਕਟਰ ਇਥੇ ਵਿਹਲੇ ਬੈਠੇ ਹਨ, ਉਨ੍ਹਾਂ ਵਿਚੋਂ ਕੁਝ ਨੂੰ ਦਿੱਲੀ ਅਤੇ ਕਲਕੱਤੇ ਭੇਜਿਆ ਜਾਣਾ ਚਾਹੀਦਾ ਹੈ, ਉਨ੍ਹਾਂ ਦਾ ਉਥੇ ਆਫਿਸ ਬਣਾ ਦੇਣਾ ਚਾਹੀਦਾ ਹੈ ਤਾਂ ਜੋ ਉਹ ਉਥੇ ਸਾਡੀ ਸਪਲਾਈ ਨੂੰ ਰੈਗੂਲੇਟ ਕਰਵਾ ਸਕਣ ।

ਇਸ ਦੇ ਨਾਲ ਨਾਲ ਡਿਪਟੀ ਸਪੀਕਰ ਸਾਹਿਬ, ਲੋਹੇ ਦੀ ਗੱਲ ਮੈਂ ਕਰਨੀ ਚਾਹੁੰਦਾ ਹਾਂ। ਆਇਰਨ ਸਟੀਲ ਦੀ ਇਹ ਹਾਲਤ ਹੈ ਕਿ ਸਾਡੀ ਕਾਰਪੋਰੇਸ਼ਨ ਸਿਰਫ ਢਾਈ ਪਰਸੈਂਟ ਕੋਟਾ ਕਵਾਰਟਰ ਦਾ ਦੇਂਦੀ ਹੈ। ਜੇ 100 ਟੱਨ ਦੀ ਕਪੈਸਿਟੀ ਹੈ ਤਾਂ ਢਾਈ ਟੱਨ ਕੋਟਾ ਮਿਲਣਾ ਹੈ। ਸਾਡਾ ਯੂਨਿਟ, ਸਾਡੀ ਪੰਜਾਬ ਦੀ ਇੰਡਸਟਰੀ ਦੀ ਯੂਨਿਟ ਏਸ਼ੀਆ ਵਿਚ ਤੀਜੇ ਚੌਥੇ ਨੰਬਰ ਤੇ ਹੈ, ਉਹ ਢਾਈ ਟੱਨ ਪਰ ਕਵਾਰਟਰ ਦੇ ਕੋਟੇ ਨਾਲ ਕਿਸ ਤਰ੍ਹਾਂ ਕੰਮ ਕਰ ਸਕੇਗਾ। ਇਸ ਕਰ ਕੇ ਸਾਡਾ ਦਫਤਰ ਦਿੱਲੀ ਅਤੇ ਕਲਕੱਤੇ ਹੋਣਾ ਚਾਹੀਦਾ ਹੈ ਅਤੇ ਜਿਹੜਾ ਅਫਸਰ ਉਨ੍ਹਾਂ ਆਫਿਸਾਂ ਵਿਚ ਹੋਵੇਗਾ ਉਹ ਸੈਂਟਰਲ ਗਵਰਨਮੈਂਟ ਦੇ ਨਾਲ ਗੱਲ ਬਾਤ ਕਰ ਕੇ, ਲੜ ਕੇ ਕਿ ਸਾਡੀ ਕੈਪਸਿਟੀ ਬਹੁਤ ਹੈ, ਸਾਨੂੰ ਜ਼ਿਆਦਾ ਕੋਟਾ ਚਾਹੀਦਾ ਹੈ, ਇਸ ਗੱਲ ਦਾ ਪ੍ਰਬੰਧ ਕਰੇ।

ਹੁਣ ਮੈਂ ਜੇ, ਪੀ. ਸੀ, ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਜਿਹੜਾ ਲੋਹਾ ਬਿਰਲਿਆਂ ਟਾਟਿਆਂ ਨੂੰ ਦਿੱਤਾ ਜਾਂਦਾ ਹੈ, ਉਸ ਦੀ ਜਿਹੜੀ ਕਟਿੰਗ ਹੁੰਦੀ ਹੈ, ਉਹ ਸਾਨੂੰ ਦੇ ਦਿੱਤੀ ਜਾਵੇ ਤਾਂ ਉਸ ਵਿਚੋਂ ਜਿਹੜੀਆਂ ਚੀਜ਼ਾਂ, ਮਸਲਨ ਸਰੀਆ, ਪੱਤੀ ਅਤੇ ਫਲੈਪਸ ਵਗੈਰਾ ਬਣਦੇ ਹਨ, ਉਹ ਅਸੀਂ ਵੀ ਬਣਾ ਸਕਦੇ ਹਾਂ, ਉਹ ਕਟਿੰਗ ਸਾਨੂੰ ਮਿਲਣੀ ਚਾਹੀਦੀ ਹੈ।

ਇਕ ਪਿਗ ਆਇਰਨ ਦੀ ਗੱਲ ਮੈਂ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਚੰਗਾ ਪਿਗ ਆਇਰਨ ਹੈ, ਉਹ ਤਾਂ ਐਕਸਪੋਰਟ ਕੀਤਾ ਜਾਂਦਾ ਹੈ ਅਤੇ ਸਾਨੂੰ ਐਵਰੇਜ ਕਿਸਮ ਦਾ ਹੀ ਦਿੱਤਾ ਜਾਂਦਾ ਹੈ । ਇਸ ਬਾਰੇ ਮੈਂ ਅਰਜ਼ ਕਰਾਂ ਕਿ ਜਲੰਧਰ ਵਿਚ ਪਾਈਪ ਫਿਟਿੰਗ ਦਾ ਕੰਮ ਪੰਜਾਬ ਵਿਚ ਸਭ ਤੋਂ ਵੱਧ ਹੈ ਅਤੇ ਜਿੰਨਾ ਪਾਈਪ ਐਕਸਪੋਰਟ ਕਰਨਾ ਚਾਹੇ, ਜਲੰਧਰ ਹੀ ਐਕਸਪੋਰਟ ਕਰ ਸਕਦਾ ਹੈ।

ਜਿਤਨਾ ਲੋਹਾ ਉਨ੍ਹਾਂ ਨੂੰ ਪਿਛਲੇ 6 ਮਹੀਨੇ ਵਿਚ ਮਿਲਣਾ ਸੀ ਉਹ ਪਹਿਲਾਂ ਨਾਲੋਂ ਵੀ 2 ਫੀ ਸਦੀ ਘਟ ਮਿਲਿਆ ਹੈ। ਜਦੋਂ ਪੂਰਾ ਮੈਟੀਰੀਅਲ ਹੀ ਇੰਡਸਟਰੀ ਦੇ ਲਈ ਨਾ ਮਿਲੇ ਤਾਂ ਉਹ ਚਲ ਕਿਵੇਂ ਸਕਦੀ ਹੈ। ਸਪਲਾਈ ਦਾ ਸਾਰਾ ਕੰਮ ਹੁਣ ਕਾਰਪੋਰੇਸ਼ਨ ਦੇ ਹਥਾਂ ਵਿਚ ਚਲਾ ਗਿਆ ਹੈ। ਡਿਸਟ੍ਰਿਕਟ ਅਥਾਰਿਟੀਜ਼ ਕੋਲ ਹੁਣ ਸਵਾਏ ਪੇਪਰ ਵਰਕਸ ਦੇ ਹੋਰ ਕੁਝ ਵੀ ਨਹੀਂ ਹੈ। ਮੈਂ ਆਪਣੀ ਸਰਕਾਰ ਨੂੰ ਇਹ ਸੁਝਾਓ ਦੇਵਾਂਗਾ ਕਿ ਜਿਤਨਾ ਵੀ ਕੰਟਰੋਲ ਮਾਲ ਦੇਣ ਦਾ ਕੰਮ ਹੈ ਉਹ ਡਿਸਟ੍ਰਿਕਟ ਲੈਵਲ ਤੇ ਹੀ ਹੋਣਾ ਚਾਹੀਦਾ ਹੈ।

ਇਕ ਗੱਲ ਮੈਂ ਅਰਜ਼ ਕਰਾਂ ਕਿ ਜਲੰਧਰ ਵਿਚ ਇੰਡਸਟਰੀਅਲ ਏਰੀਆ ਬਣਾਇਆ ਜਾਣਾ ਸੀ, ਪਰ ਇਸ ਕੰਮ ਵਿਚ ਇਤਨੀ ਢਿਲ ਹੈ ਕਿ ਅਜੇ ਤੱਕ ਜ਼ਮੀਨ ਵੀ ਐਕਵਾਇਰ ਨਹੀਂ ਕੀਤੀ ਗਈ।

ਅਗੇ ਜੋ ਇੰਡਸਟਰੀ ਲਈ ਪੈਸੇ ਦੀ ਜ਼ਰੂਰਤ ਹੁੰਦੀ ਸੀ ਤਾਂ ਉਹ ਮਾਰਕਿਟ ਮਨੀ ਬੈਂਕ ਤਾਂ ਨਾਮੀਨਲ ਰੇਟ ਤੇ ਮਿਲ ਸਕਦੀ ਸੀ ਪਰ ਹੁਣ ਪੈਸਾ ਇੰਡਸਟਰੀ ਲਈ ਕਾਰਪੋਰੇਸ਼ਨਜ਼ ਤੋਂ ਮਿਲਦਾ ਹੈ ਜਿਹੜੇ 10 ਫੀ ਸਦੀ ਸੂਦ ਚਾਰਜ ਕਰਦੇ ਹਨ। ਪੰਜਾਬ ਸਰਕਾਰ ਨੇ ਇਸ ਦੇ ਲਈ ਇਕ ਸਰਕੂਲਰ ਜਾਰੀ ਕੀਤਾ ਕਿ ਉਹ $2\frac{1}{2}$ ਫੀ ਸਦੀ ਦੇ ਹਿਸਾਬ ਨਾਲ ਦੇਣਗੇ, ਪਰ ਇਸ ਹੁਕਮ ਦੀ ਸਰਕੂਲੇਸ਼ਨ ਹੀ ਨਹੀਂ ਹੋਈ।

ਫਰਨੇਸ ਆਇਲ ਕਿਤੋਂ ਨਹੀਂ ਮਿਲਦਾ ਪਿਛੇ ਜਿਹੇ ਕੋਇਲੇ ਦੀਆਂ ਭਠੀਆਂ ਲਾ ਕੇ ਲੋਕਾਂ ਨੇ ਕੰਮ ਚਲਾਇਆ। ਇਸ ਦੇ ਲਈ ਮੈਂ ਸਰਕਾਰ ਨੂੰ ਇਹ ਸੁਝਾਓ ਦੇਵਾਂਗਾ ਕਿ ਜਿਸ ਤਰ੍ਹਾਂ ਡੀਜ਼ਲ ਦੀ ਸਪਲਾਈ ਦੇ ਪਰਮਿਟ ਜਾਰੀ ਹੁੰਦੇ ਹਨ ਇਸੇ ਤਰ੍ਹਾਂ ਫਰਨੇਸ ਆਇਲ ਦੇ ਲਈ ਵੀ ਪਰਮਿਟ ਸਿਸਟਮ ਜਾਰੀ ਕੀਤਾ ਜਾਵੇ।

ਮੈਨੂੰ ਇਕ ਗੱਲ ਬੜੇ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਸਰਕਾਰ ਇੰਡਸਟਰੀ ਨੂੰ ਕੋਈ ਅਹਿਮੀਅਤ ਨਹੀਂ ਦੇ ਰਹੀ, ਭਾਵੇਂ ਇਸ ਤੋਂ ਦੇਸ਼ ਨੂੰ ਬਾਹਰੋਂ ਪੈਸਾ ਆਉਂਦਾ ਹੈ ਅਤੇ ਮੁਲਕ ਦੇ ਆਪਣੇ ਕੰਮ ਵੀ ਬਹੁਤ ਸਾਰੇ ਚਲਦੇ ਹਨ। ਬਿਜਲੀ ਦੀ ਪਹਿਲਾਂ ਕਟ ਇੰਡਸਟਰੀ ਤੇ 20 ਫੀਸਦੀ ਲਗੀ ਫੇਰ ਇਹ 40 ਫੀ ਸਦੀ ਕਰ ਦਿੱਤੀ ਗਈ ਅਤੇ ਹੁਣ 60 ਫੀ ਸਦੀ ਹੋ ਗਈ ਹੈ। ਮੇਰਾ ਇਹ ਸੁਝਾਓ ਹੈ ਕਿ ਜਿਹੜੇ ਲੋਕ ਬਿਜਲੀ ਦੀ ਬਜਾਏ ਡੀਜ਼ਲ ਇੰਜਨਾਂ ਨਾਲ ਆਪਣਾ ਕਾਰੋਬਾਰ ਕਰਨਾ ਚਾਹੁੰਣ ਉਨ੍ਹਾਂ ਨੂੰ ਵੀ ਟਿਊਬਵੈਲਾਂ ਦੀ ਤਰ੍ਹਾਂ ਡੀਜ਼ਲ ਦੇ ਪਰਮਿਟ ਦੇਣੇ ਚਾਹੀਦੇ ਹਨ।

ਪੰਜਾਬ ਸਰਕਾਰ ਨੇ ਤਿੰਨ ਫੋਕਲ ਪੁਆਇੰਟਸ ਲੁਧਿਆਣੇ, ਰਾਜਪੁਰੇ ਅਤੇ ਮੁਹਾਲੀ ਵਿਖੇ ਖੋਲੇ ਹਨ ਪਰ ਪਿਛਲੇ ਦੋ ਸਾਲ ਵਿਚ ਜਦੋਂ ਕਿ ਅਕਾਲੀਆਂ ਦਾ ਰਾਜ ਸੀ ਇਨ੍ਹਾਂ ਨੇ ਇੰਡਸਟਰੀ ਦੇ ਵਾਧੇ ਲਈ ਕੰਮ ਤਾਂ ਕੀ ਕਰਨਾ ਸੀ ਸਗੋਂ ਜਿਹੜੇ ਵਡੀ ਇੰਡਸਟਰੀ ਦੇ ਲਈ 4 ਲਾਈਸੈਂਸ ਮਿਲੇ ਸੀ, ਇਸ ਨਿਕੰਮੀ ਸਰਕਾਰ ਨੇ ਉਹ ਵੀ ਲੈਪਸ ਕਰਾ ਲਏ, ਕਿਸੇ ਦਾ ਭਲਾ ਵੀ ਇਨ੍ਹਾਂ ਤੋਂ ਨਹੀਂ ਹੋਇਆ। (ਸ਼ੋਰ)

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ, । ਮੈਂ ਆਪਦੀ ਮਾਰਫਤ ਸੈਣੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਇੰਡਸਟਰੀ ਕਿਤਨੀ ਕੁ ਪਬਲਿਕ ਸੈਕਟਰ ਦੇ ਵਿਚ ਲਾਈ ਹੈ ? ਕੀ ਇਹ ਠੀਕ ਨਹੀਂ ਕਿ ਸਾਰੀ ਦੀ ਸਾਰੀ ਇੰਡਸਟਰੀ ਸਰਮਾਏਦਾਰਾਂ ਨੂੰ ਹੀ ਦੇ ਦਿੱਤੀ ਹੈ ?

ਸ੍ਰੀ ਗੁਰਦਿਆਲ ਸੈਣੀ : ਸ਼ਾਇਦ ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਤਿੰਨ ਫੋਕਲ ਪੁਆਇੰਟਸ ਅਤੇ ਰਾਜਪੁਰੇ ਵਿਚ ਪੰਜਾਬ ਸਰਕਾਰ ਨੇ ਕੋਈ 16 ਲਾਰਜ ਸਕੇਲ ਦੀਆਂ ਇੰਡਸਟਰੀਜ਼ ਲਗਵਾ-ਈਆਂ ਹਨ । ਫੇਰ ਇਕ ਟਰੈਕਟਰ ਫੈਕਟਰੀ ਲਾਈ, ਵਿਹੀਕਲ ਟਾਇਰਜ਼ ਦੀ ਫੈਕਟਰੀ ਲਾਈ, ਬੈਟਰੀ ਸੈਲਜ਼ ਦੀ ਫੈਕਟਰੀ ਲਾਈ, ਇਨ੍ਹਾਂ ਸਾਰੀਆਂ ਗੱਲਾਂ ਲਈ ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ। (ਤਾੜੀਆਂ)

ਇਕ ਗੱਲ ਮੈਂ ਜਲੰਧਰ ਕੋਆਪਰੇਟਿਵ ਬੈਂਕ ਦੇ ਬਾਰੇ ਵੀ ਅਰਜ਼ ਕਰ ਦੇਵਾਂ ਕਿ ਜਦੋਂ ਕਾਮਰੇਡ ਰਾਮ ਕਿਸ਼ਨ ਦੀ ਮਨਿਸਟਰੀ ਸੀ ਉਹ ਚੰਗੀ ਤਰ੍ਹਾਂ ਫੰਕਸ਼ਨ ਕਰਦਾ ਰਿਹਾ ਪਰ ਜਦੋਂ ਅਕਾਲੀਆਂ ਦੀ ਮਨਿਸਟਰੀ ਆਈ ਉਹ ਬੰਦ ਕਰ ਦਿੱਤਾ, ਹੁਣ ਦੇ ਜ਼ਮਾਨੇ ਵਿਚ ਇਸ ਤਰ੍ਹਾਂ ਦੇ ਬੈਂਕ ਦਾ ਹੋਣਾ ਬਹੁਤ ਜ਼ਰੂਰੀ ਹੈ । ਮੈਂ ਸਰਕਾਰ ਦਾ ਧਿਆਨ ਇਸ ਪਾਸੇ ਵੀ ਦਿਵਾਉਣਾ ਹੈ ਕਿ ਜਿਹੜੀ ਰਕਮ ਡਾਇਰੈਕਟਰ ਇੰਡਸਟਰੀ ਨੇ ਮਨਜ਼ੂਰ ਕਰ ਕੇ ਰੱਖੀ ਹੈ ਉਸ ਵਿਚੋਂ ਜਿਹੜੀਆਂ ਇੰਡਸਟਰੀਅਲ ਯੂਨਿਟਸ ਹਨ ਗਰਾਂਟ ਦੇ ਤੌਰ ਤੇ ਦੇਣੀ ਚਾਹੀਦੀ ਹੈ।

ਜਲੰਧਰ ਵਿਚ ਹੈਂਡ ਟੂਲਜ਼ ਇੰਡਸਟਰੀ, ਰਬੜ ਇੰਡਸਟਰੀ ਅਤੇ ਸਪੋਰਟਸ ਇੰਡਸਟਰੀ ਬੜੇ ਜ਼ੋਰਾਂ ਤੇ ਚਲ ਰਹੀ ਹੈ । ਜਲੰਧਰ ਸਭ ਤੋਂ ਵੱਧ ਮਾਲ ਇਨ੍ਹਾਂ ਇੰਡਸਟਰੀਜ਼ ਰਾਹੀਂ ਤਿਆਰ ਕਰਨਾ ਹੈ। ਮੈਂ ਅਗੇ ਵੀ ਅਰਜ਼ ਕੀਤੀ ਸੀ ਕਿ ਜਲੰਧਰ ਪੰਜਾਬ ਦਾ ਇੰਡਸਟਰੀਅਲ ਕੇਂਦਰ ਹੈ । ਗਿਆਨੀ ਜੀ ਨੇ 11 ਟਿਕਟਾਂ ਇਸ ਹਲਕੇ ਨੂੰ ਦਿੱਤੀਆਂ ਸੀ, ਇਨ੍ਹਾਂ 11 ਸੀਟਾਂ ਤੇ ਹੀ ਕਾਂਗਰਸੀ ਜਿੱਤ ਕੇ ਆਏ। ਹੁਣ ਇਕ ਸੀਟ ਹੋਰ ਵੀ ਇਸੇ ਹਲਕੇ ਵਿਚ ਵੱਧ ਗਈ ਹੈ 12 ਹੋ ਗਈਆਂ ਹਨ। ਸਾਡੇ ਇਸ ਹਲਕੇ ਦਾ ਗਿਆਨੀ ਜੀ ਖਾਸ ਖਿਆਲ ਰੱਖਣ। ਫੋਕਲ ਪੁਆਇੰਟਸ ਵਾਸਤੇ, ਇੰਡਸਟਰੀ ਵਾਸਤੇ ਵਧ ਤੋਂ ਵਧ ਪੈਸਾ ਸਰਕਾਰ ਨੂੰ ਦੇਣਾ ਚਾਹੀਦਾ ਹੈ ।

ਜਲੰਧਰ ਵਿਚ ਇਕ ਲੇਬਰ ਕਾਲੋਨੀ ਬਣਨੀ ਹੈ । ਓਥੇ ਇਕ ਟੋਬੜੀ ਹੈ ਜਿਸ ਦੇ ਲਈ ਜਦੋਂ 11 ਜਨਵਰੀ ਨੂੰ ਫਾਈਨੈਂਸ ਮਨਿਸਟਰ ਸਾਹਿਬ ਸਫਾਈ ਦਾ ਹਫ਼ਤਾ ਮਨਾਉਣ ਲਈ ਗਏ ਸੀ, ਇਹ ਆਪ ਕਮਿਟਮੈਂਟ ਕਰ ਕੇ ਆਏ ਸੀ ਕਿ ਇਸ ਦੇ ਲਈ ਅਸੀਂ ਪੈਸਾ ਦਿਆਂਗੇ। ਮੈਂ ਇਸ ਬਾਰੇ ਇਕ ਸਵਾਲ *2511 ਕੀਤਾ ਸੀ ਪਰ ਇਸ ਦੇ ਜਵਾਬ ਦੇ ਵਿਚ ਵੀ ਇਹੋ ਕਿਹਾ ਹੈ ਕਿ ਮੈਂ ਕੋਈ ਕਮਿਟਮੈਂਟ ਨਹੀਂ ਕੀਤੀ । ਇਹ ਗੱਲ ਉਨ੍ਹਾਂ ਨੇ ਜਦੋਂ ਵਰਕਰਜ਼ ਦੀ ਮੀਟਿੰਗ ਹੋਈ ਆਖੀ ਸੀ ਕਿ ਇਸ ਦੇ ਲਈ ਅਸੀਂ 10 ਲੱਖ ਰੁਪਿਆ ਦੇ ਦੇਵਾਂਗੇ। ਇਹ ਗਰਾਂਟ ਉਨ੍ਹਾਂ ਨੂੰ ਹੁਣ ਲਾਜ਼ਮੀ ਦੇਣੀ ਚਾਹੀਦੀ ਹੈ, ਇਹ ਹਰੀਜਨਾਂ ਦੇ ਭਲੇ ਲਈ ਹੈ।

ਇਕ ਮੇਰੀ ਇਹ ਵੀ ਬੇਨਤੀ ਹੈ ਕਿ ਜਲੰਧਰ ਵਿਚ ਕੋਈ ਨਾ ਕੋਈ ਲਾਰਜ ਸਕੇਲ ਦੀ ਇੰਡਸਟਰੀ ਲੱਗਣੀ ਚਾਹੀਦੀ ਹੈ। ਕੋਈ ਵੈਹੀਕਲਜ਼ ਦੀ ਇੰਡਸਟਰੀ ਹੋਵੇ ਜਾਂ ਸਕੂਟਰ ਪਾਰਟਸ ਦੀ ਇੰਡਸਟਰੀ ਹੋਵੇ ਇਹ ਜ਼ਰੂਰ ਸਾਨੂੰ ਮਿਲਣੀ ਚਾਹੀਦੀ ਹੈ । ਉਹ ਲੋਕ ਜਿਹੜੇ ਹੱਥ ਦਾ ਕੰਮ ਕਰਨਾ ਚਾਹੁੰਦੇ ਹਨ, ਇਸ ਤਰ੍ਹਾਂ ਉਨ੍ਹਾਂ ਨੂੰ ਵੀ ਕੰਮ ਮਿਲ ਸਕਦਾ ਹੈ । ਇਸ ਬਾਰੇ ਮੇਰਾ ਇਕ ਸੁਝਾਓ ਇਹ ਵੀ ਹੈ ਕਿ ਡਿਸਟ੍ਰਿਕਟ-ਵਾਈਜ਼ ਕਾਰਪੋਰੇਸ਼ਨਜ਼ ਬਣਨੀਆਂ ਚਾਹੀਦੀਆਂ ਹਨ, ਉਨ੍ਹਾਂ ਦੀ ਡਿਵੈਲਪਮੈਂਟ ਵਾਸਤੇ ਉਨ੍ਹਾਂ ਦੀ ਮੇਨਟੇਨੈਂਸ ਵਾਸਤੇ ਵਖਰੇ ਫੰਡ ਇਸ ਸਰਕਾਰ ਨੂੰ ਰੱਖਣੇ ਚਾਹੀਦੇ ਹਨ । ਬਿਜਲੀ ਦੀ ਘਾਟ ਪੂਰੀ ਕਰਨ ਵਾਸਤੇ ਸਰਕਾਰ ਨੂੰ ਛੇਤੀ ਤੋਂ ਛੇਤੀ ਥਰਮਲ ਪਲਾਂਟ ਚਾਲੂ ਕਰਨਾ ਚਾਹੀਦਾ ਹੈ । ਜੋਗਿੰਦਰ ਨਗਰ ਅਤੇ ਕੋਟੀ ਦੇ ਪਲਾਂਟ ਚਾਲੂ ਕਰ ਦੇਣੇ ਚਾਹੀਦੇ ਹਨ । ਜਿਹੜੇ ਡੀਜ਼ਲ ਇੰਜਣਾਂ ਰਾਹੀਂ ਕੰਮ ਕਰਨਾ ਚਾਹੁੰਣ ਉਨ੍ਹਾਂ ਨੂੰ ਡੀਜ਼ਲ ਪਰਮਿਟ ਸਿਸਟਮ ਰਾਹੀਂ ਮਿਲਣਾ ਚਾਹੀਦਾ ਹੈ । ਸਰਕਾਰ ਨੂੰ ਕੋਇਲੇ ਦੀ ਕਮੀ ਦੂਰ ਕਰਨ ਵਾਸਤੇ ਇੰਡਸਟਰੀ ਵਿਭਾਗ ਦਾ

ਇਕ ਆਫੀਸਰ ਕਲਕੱਤੇ ਅਤੇ ਦੂਸਰਾ ਦਿੱਲੀ ਬਹਾਲਣਾ ਚਾਹੀਦਾ ਹੈ। ਇਨ੍ਹਾਂ ਦਾ ਉਥੇ ਬਾਕਾਇਦਾ ਦਫਤਰ ਹੋਵੇ ਤਾਂ ਜੋ ਮੌਕੇ ਤੇ ਜਾ ਕੇ ਸਟੇਟ ਲਈ ਵੱਧ ਤੋਂ ਵੱਧ ਸਪਲਾਈ ਦਾ ਇਹ ਪ੍ਰਬੰਧ ਕਰ ਸਕਣ । ਜਿਹੜੀ ਰਾ ਮੈਟੀਰੀਅਲ ਦੀ ਸ਼ਾਰਟੇਜ ਹੈ ਇਹ ਸਪੈਸ਼ਲ ਧਿਆਨ ਦੇ ਕੇ ਦੂਰ ਕਰਨੀ ਚਾਹੀਦੀ ਹੈ ।

ਹਰੀਜਨਾਂ ਦੀਆਂ ਧਰਮਸ਼ਾਲਾਵਾਂ ਵਾਸਤੇ ਸਰਕਾਰ ਨੇ 5½ ਹਜ਼ਾਰ ਰੁਪਿਆ ਰੱਖਿਆ ਹੈ, ਇਹ ਬਹੁਤ ਥੋੜਾ ਪੈਸਾ ਹੈ ਇਹ ਘੱਟ ਤੋਂ ਘੱਟ 11 ਹਜ਼ਾਰ ਰੁਪਿਆ ਹੋਣਾ ਚਾਹੀਦਾ ਹੈ ।

ਇਥੇ ਗੁਲਸ਼ਨ ਜੀ ਨੇ ਇਹ ਰੌਲਾ ਪਾਇਆ ਕਿ ਸਰਕਾਰ ਪਿੰਡ ਦਾ ਪੈਸਾ ਸ਼ਹਿਰਾਂ ਵਿਚ ਵੰਡ ਰਹੀ ਹੈ । ਮੈਂ ਕਹਿੰਦਾ ਹਾਂ ਸ਼ਹਿਰਾਂ ਵਿਚ ਤਾਂ ਮਿਊਂਸਪਲ ਕਮੇਟੀਆਂ ਹੁੰਦੀਆਂ ਹਨ ਜਿਨ੍ਹਾਂ ਨੇ ਆਪਣੇ ਸ਼ਹਿਰ ਵਿਚ ਪੈਸਾ ਟੈਕਸ ਰਾਹੀਂ ਇਕੱਠਾ ਕਰਕੇ ਉਥੇ ਹੀ ਖਰਚ ਕਰਨਾ ਹੁੰਦਾ ਹੈ, ਉਨ੍ਹਾਂ ਦੇ ਬੜੇ ਹੀ ਲਿਮਟਿਡ ਰੀਸੋਰਸਿਜ਼ ਹੁੰਦੇ ਹਨ । ਨਾ ਕੋਈ ਵੱਧ ਉਨ੍ਹਾਂ ਨੂੰ ਦੇਂਦਾ ਹੈ ਨਾ ਉਹ ਖਰਚ ਕਰ ਹੀ ਸਕਦੇ ਹਨ । ਪਿੰਡਾਂ ਵਾਸਤੇ ਮਾਰਕਿਟ ਕਮੇਟੀਆਂ, ਪੀ. ਡਬਲੀਊ, ਡੀ. ਦੇ ਬੇਸ਼ੁਮਾਰ ਫੰਡਜ਼ ਹੁੰਦੇ ਹਨ, ਪਰ ਸ਼ਹਿਰੀਆਂ ਨੂੰ ਕੋਈ ਪੈਸਾ ਦੇਣ ਵਾਲਾ ਨਹੀਂ । ਇਸ ਦੇ ਲਈ ਮੈਂ ਆਪਣੀ ਸਰਕਾਰ ਨੂੰ ਇਕ ਸੁਝਾਓ ਪੇਸ਼ ਕਰਦਾ ਹਾਂ ਕਿ ਜਲੰਧਰ ਪੰਜਾਬ ਦਾ ਇਕ ਤਰ੍ਹਾਂ ਨਾਲ ਦਿਲ ਹੈ, ਇਸ ਦੀ ਵੱਧ ਤੋਂ ਵੱਧ ਫੰਡਜ਼ ਦੇ ਕੇ ਇਮਦਾਦ ਕਰਨੀ ਚਾਹੀਦੀ ਹੈ । ਮੇਰਾ ਇਹ ਵੀ ਸੁਝਾਓ ਹੈ ਕਿ ਜਿਤਨੀਆਂ ਵੀ ਏ, ਬੀ ਅਤੇ ਸੀ ਕਲਾਸ ਦੀਆਂ ਮਿਊਂਸਪਲ ਕਮੇਟੀਜ਼ ਹਨ ਉਨ੍ਹਾਂ ਦੇ ਲਈ ਸਰਕਾਰ ਨੂੰ ਤਰਤੀਬ ਵਾਰ ਕੁਝ ਨਾ ਕੁਝ ਫੰਡਜ਼ ਆਪੋ ਆਪਣੇ ਹਲਕੇ ਦੀ ਬੇਹਤਰੀ ਲਈ ਹਰ ਸਾਲ ਪ੍ਰੋਵਾਈਡ ਕਰਨੇ ਚਾਹੀਦੇ ਹਨ, ਤਾਂ ਜੋ ਉਹ ਲੋਕਾਂ ਦਾ ਭਲਾ ਹੋਰ ਚੰਗੀ ਤਰ੍ਹਾਂ ਕਰ ਸਕਣ ।

ਲੋ ਇਨਕਮ ਗਰੁਪ ਦੇ ਲਈ ਇੰਪਰੂਵਮੈਂਟ ਟਰੱਸਟ ਕਾਲੋਨੀਜ਼ ਨੋ ਲਾਸ ਨੋ ਪ੍ਰਾਫਿਟ ਬੇਸਿਜ਼ ਤੇ ਜਿਤਨੀਆਂ ਵੀ ਵੱਧ ਤੋਂ ਵੱਧ ਇਹ ਸਰਕਾਰ ਖੋਲ੍ਹ ਸਕੇ ਖੋਲ੍ਹਣੀਆਂ ਚਾਹੀਦੀਆਂ ਹਨ, ਇਨ੍ਹਾਂ ਵਿਚ ਹਰੀਜਨਾਂ ਲਈ ਰਾਖਵੇਂ ਪਲਾਟਸ ਹੋਣੇ ਚਾਹੀਦੇ ਹਨ ।

ਇਕ ਗੱਲ ਮੈਂ ਹੋਰ ਕਰ ਦੇਵਾਂ ਕਿ ਟੀਚਰਜ਼ ਬਾਰੇ ਇਕ ਮੀਟਿੰਗ 30 ਦਸੰਬਰ ਨੂੰ ਹੋਈ ਸੀ, ਇਸ ਮੌਕੇ ਤੇ ਸ਼ਰਮਾ ਜੀ ਨੇ ਪ੍ਰੀਜ਼ਾਇਡ ਵੀ ਕੀਤਾ ਸੀ, ਇਨ੍ਹਾਂ ਨੇ ਇਹ ਵਾਦਾ ਕੀਤਾ ਸੀ ਕਿ ਟੀਚਰਜ਼ ਲਈ ਸਾਢੇ ਚਾਰ ਲੱਖ ਰੁਪਿਆ ਦਿੱਤਾ ਜਾਵੇਗਾ, ਉਨ੍ਹਾਂ ਨੂੰ ਗਰੇਡ ਦੇ ਦਿੱਤੇ ਹਨ ਇਹ ਗੱਲ ਤਾਂ ਠੀਕ ਹੈ ਪਰ ਇਹ ਫੈਸਲਾ ਜਿਹੜਾ ਟੀਚਿੰਗ ਸਟਾਫ ਦਾ ਹੈ ਉਨ੍ਹਾਂ ਤੇ ਤਾਂ 1973 ਤੋਂ ਲਾਗੂ ਕੀਤਾ ਹੈ ਅਤੇ ਜਿਹੜਾ ਨਾਨ-ਟੀਚਿੰਗ ਸਟਾਫ ਹੈ ਉਨ੍ਹਾਂ ਲਈ 1967 ਤੋਂ ਲਾਗੂ ਕੀਤਾ ਗਿਆ ਹੈ । ਇਹ ਡਿਸਪੈਰਟੀ ਦੂਰ ਹੋਣੀ ਚਾਹੀਦੀ ਹੈ । ਇਕ ਨੂੰ ਡੇਢ ਲੱਖ ਅਤੇ ਦੂਸਰੇ ਨੂੰ 3 ਲੱਖ ਇਹ ਨਹੀਂ ਹੋਣਾ ਚਾਹੀਦਾ, ਦੋਨੋ ਐਜੂਕੇਸ਼ਨ ਮਹਿਕਮੇ ਦੇ ਇੰਪਲਾਈਜ਼ ਹਨ । ਮੇਰੀ ਅਰਜ਼ ਹੈ ਕਿ ਜਿਹੜਾ ਵਾਇਦਾ ਕੀਤਾ ਸੀ ਜਿਸ ਕਰਕੇ ਹੜਤਾਲ ਖੁਲਵਾਈ ਸੀ, ਉਸ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਾਢੇ ਚਾਰ ਲੱਖ ਰੁਪਿਆ ਬਣਦਾ ਹੈ, ਅਗਰ ਸੰਨ 1973 ਤੋਂ ਲਾਗੂ ਕੀਤਾ ਜਾਏ । ਇਹ ਦੇ ਨਾਲ ਹੀ ਸ਼ਰਮਾ ਜੀ ਨੂੰ ਮੈਂ ਵਧਾਈ ਦਿੰਦਾ ਹਾਂ ਜਿਹੜਾ ਇਹ ਸਰਵਿਸ ਸਿਕਿਉਰਿਟੀ ਬਿੱਲ ਲਿਆ ਰਹੇ ਹਨ। ਪਰ ਇਹ ਸਿਰਫ ਟੀਚਿੰਗ ਸਟਾਫ ਦਾ ਹੀ ਨਾ ਹੋਵੇ ਬਲਕਿ ਨਾਨ-ਟੀਚਿੰਗ ਸਟਾਫ ਦਾ ਵੀ ਨਾਲ ਹੀ ਕਰ ਦਿੱਤਾ ਜਾਵੇ । ਮੈਂ ਵਕਤ ਜ਼ਿਆਦਾ ਨਾ ਲੈਂਦਾ ਹੋਇਆ ਆਪ ਦਾ ਧੰਨਵਾਦ ਕਰਦਾ ਹਾਂ ਕਿ ਆਪ ਜੀ ਨੇ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ ਅਤੇ ਸਰਕਾਰ ਨੂੰ ਵਧਾਈ ਦਿੰਦਾ ਹਾਂ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਜੋ ਬਜਟ ਪੇਸ਼ ਕੀਤਾ ਸੀ, ਉਹਦੇ ਵਿਚ 21 ਕਰੋੜ ਰੁਪਏ ਦਾ ਘਾਟਾ ਦਿਖਾਇਆ ਗਿਆ ਹੈ (ਵਿਘਨ)

[ਮਾਸਟਰ ਚੰਦ ਸਿੰਘ]

ਉਹਦੇ ਲਈ ਇਹ ਸ਼ਕ ਹੈ ਕਿ ਜਿਹੜਾ ਇਹ ਘਾਟਾ ਦਿਖਾਇਆ ਗਿਆ ਹੈ ਇਹਦੇ ਲਈ ਇਹ ਟੈਕਸ ਲਗਾ ਕੇ ਪੂਰਾ ਕਰਨਗੇ । ਟੈਕਸ ਵੀ ਅਜਿਹੇ ਲਗਾਉਣਗੇ ਕਿਉਂਕਿ ਇਨ੍ਹਾਂ ਦੀ ਆਦਤ ਬਣ ਗਈ ਹੈ ਕਿ ਸਿੱਧੇ ਟੈਕਸ ਘੱਟ ਲਗਾਉਂਦੇ ਹਨ ਅਤੇ ਟੇਢੇ ਟੈਕਸ ਲਗਾਉਂਦੇ ਪਏ ਹਨ । ਹੁਣ ਰਾਜ ਕਮੇਟੀ ਨੇ ਸਿਫਾਰਸ਼ਾਂ ਕੀਤੀਆਂ ਹਨ, ਉਹ ਇਨ੍ਹਾਂ ਨੇ ਮੰਨ ਕੇ ਹੋਰ ਟੈਕਸ ਲਗਾ ਦੇਣੇ ਹਨ । ਮੈਂ ਸ਼ਰਮਾ ਜੀ ਨੂੰ ਕਹਾਂਗਾ ਕਿ ਕਿਸਾਨਾਂ ਤੇ ਅੱਗੇ ਹੀ ਕਾਫੀ ਟੈਕਸ ਲੱਗੇ ਹੋਏ ਹਨ, ਇਨ੍ਹਾਂ ਤੇ ਹੋਰ ਟੈਕਸ ਨਾ ਲਗਾਏ ਜਾਣ । ਜੇ ਟੈਕਸ ਬਿਨਾ ਨਹੀਂ ਸਰਦਾ ਤਾਂ ਇਹ ਇਨਕਮ ਟੈਕਸ ਤੇ ਲਾ ਲਉ । ਡਿਪਟੀ ਸਪੀਕਰ ਸਾਹਿਬ, ਟੈਕਸ ਤੇ ਪਾਬੰਦੀਆਂ ਲਗਾ ਕੇ ਪੈਸੇ ਲਏ ਜਾ ਸਕਦੇ ਹਨ । ਇਸ ਤਰ੍ਹਾਂ ਨਾਲ ਹੋਰ ਆਮਦਨੀ ਹੋ ਸਕਦੀ ਹੈ ।

ਟਰਾਂਸਪੋਰਟ ਬਾਰੇ ਬੜਾ ਕੁਝ ਕਿਹਾ ਗਿਆ ਹੈ ਕਿ ਇਹ ਨੈਸ਼ਨੇਲਾਈਜ਼ ਕਰ ਰਹੇ ਹਾਂ ਪਰ ਇਹ ਸਭ ਗੱਲਾਂ ਗਲਤ ਹਨ । ਇਨ੍ਹਾਂ ਨੇ ਕਰਨਾ ਕੁਝ ਨਹੀਂ ਹੈ । ਲੋਕਾਂ ਨੂੰ ਗੁਮਰਾਹ ਕਰ ਰਹੇ ਹਨ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰ ਰਹੇ ਹਾਂ, ਗਰੀਬੀ ਹਟਾ ਰਹੇ ਹਾਂ । ਇਹ ਬੜਾ ਕੁਝ ਕਹਿ ਰਹੇ ਹਨ ਪਰ ਕਰਦੇ ਕੁਝ ਨਹੀਂ ਹਨ । ਮੈਂ ਕਹਿੰਦਾ ਹਾਂ ਕਿ ਜੇ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨਾ ਹੈ ਤਾਂ ਹੁਣੇ ਕਰੋ ਦੇਰ ਕਿਉਂ ਕਰ ਰਹੇ ਹੋ ? (ਵਿਘਨ) ਬੱਸਾਂ ਖਰਾਬ ਪਈਆਂ ਹਨ, ਸਟਾਰਟ ਹੀ ਨਹੀਂ ਹੁੰਦੀਆਂ ਅਤੇ ਇੰਝ ਹੀ ਵਰਕਸ਼ਾਪ ਵਿਚ ਖੜੀਆਂ ਹਨ । ਵਜ਼ੀਰ ਸਾਹਿਬ, ਮੇਰੇ ਸਾਹਮਣੇ ਬੈਠੇ ਹਨ ਇਹ ਕਹਿੰਦੇ ਹਨ ਕਿ ਵਰਕਰਾਂ ਦੀ ਜ਼ਿਮੇਂਵਾਰੀ ਹੈ ਟਰਾਂਸਪੋਰਟ ਨੂੰ ਖਰਾਬ ਕਰਨ ਵਿਚ । ਪਰ ਮੈਂ ਕਹਾਂਗਾ ਕਿ ਜਿਹੜਾ ਟਰਾਂਸਪੋਰਟ ਵਿਚ ਘਾਟਾ ਹੈ, ਜਿਹੜੀਆਂ ਬੱਸਾਂ ਖਰਾਬ ਖੜੀਆਂ ਹਨ, ਇਹ ਸਾਰੀ ਸਰਕਾਰ ਦੀ ਜ਼ਿਮੇਂਵਾਰੀ ਹੈ । ਸਰਕਾਰ ਤੇਲ ਨਹੀਂ ਸਪਲਾਈ ਕਰਦੀ । ਖਰਾਬ ਬੱਸਾਂ ਦੇ ਪੁਰਜ਼ੇ ਠੀਕ ਨਹੀਂ ਕਰਵਾਉਂਦੀ ਤੇ ਨਾ ਹੀ ਮਿਲਦੇ ਹਨ, ਬੱਸਾਂ ਨੂੰ ਸੈਲਫ ਸਟਾਰਟ ਕਰਾਉਣਾ ਚਾਹੀਦਾ ਹੈ । ਜਿਹੜੀਆਂ ਪੀ. ਆਰ. ਟੀ. ਸੀ. ਦੀਆਂ ਬੱਸਾਂ ਹਨ ਉਨ੍ਹਾਂ ਦੇ ਰੂਟਸ ਖੋਹ ਕੇ ਪ੍ਰਾਈਵੇਟ ਵਾਲਿਆ ਨੂੰ ਦਿੱਤੇ ਜਾ ਰਹੇ ਹਨ । ਮੈਂ ਕਹਿੰਦਾ ਹਾਂ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰ ਦੇਣਾ ਚਾਹੀਦਾ ਹੈ ਤਾਂ ਕਿ ਰਾਜ ਨੂੰ ਆਮਦਨੀ ਜ਼ਿਆਦਾ ਹੋਵੇ ।

ਸਟੇਟ ਵਿਚ ਕਿਤੇ ਵੀ ਡੀਜ਼ਲ ਨਹੀਂ ਮਿਲਦਾ ਹੈ । ਬੀਬੀ ਕੁਲਵੰਤ ਕੌਰ ਨੇ ਕਿਹਾ ਸੀ ਕਿ ਡੀਜ਼ਲ ਲੈਣ ਵਾਸਤੇ ਜ਼ਨਾਨੀਆਂ ਰੋਟੀਆਂ ਲੈ ਕੇ ਪੈਟਰੋਲ ਪੰਪਾਂ ਤੇ ਜਾਂਦੀਆਂ ਹਨ । ਅੱਗੇ ਤਾਂ ਰੋਟੀਆਂ ਲੈ ਕੇ ਜ਼ਨਾਨੀਆਂ ਖੇਤਾਂ ਵਿਚ ਜਾਂਦੀਆਂ ਹੁੰਦੀਆਂ ਸਨ ਹੁਣ ਤੇਲ ਲੈਣ ਵਾਸਤੇ ਇਹ ਰੋਟੀਆਂ ਲੈ ਕੇ ਪੈਟ੍ਰੋਲ ਪੰਪਾਂ ਤੇ ਜਾਣ ਲੱਗ ਪਈਆਂ ਹਨ । ਮੈਂ ਤੁਹਾਨੂੰ ਬਰਨਾਲੇ ਦੀ ਹਾਲਤ ਦੱਸਦਾ ਹਾਂ । ਉਥੇ ਕਿਸਾਨ ਡੀਜ਼ਲ ਲੈਣ ਚਲਾ ਗਿਆ ਪਰ ਕੱਪੜਾ ਕੋਈ ਨਾਲ ਨਾ ਲੈ ਕੇ ਗਿਆ । ਰਾਤ ਨੂੰ ਠੰਡ ਲੱਗੀ । ਉਹਨੇ ਬੱਸ ਥੱਲੇ ਰਾਤ ਕੱਟੀ । ਇਹੋ ਜਿਹੀ ਕਿਸਾਨ ਨਾਲ ਹੋ ਰਹੀ ਹੈ । ਮੈਂ ਕਹਿੰਦਾ ਹਾਂ ਕਿ ਫਸਲਾਂ ਪੱਕਣ ਤੇ ਆਈਆਂ ਹਨ ਅਤੇ ਇਨ੍ਹਾਂ ਨੂੰ ਪਾਣੀ ਜ਼ਰੂਰੀ ਚਾਹੀਦਾ ਹੈ । ਕਿਸਾਨਾਂ ਨੂੰ ਡੀਜ਼ਲ ਦੇਣ ਵਾਸਤੇ ਛੇਤੀ ਕਦਮ ਚੁਕੇ ਜਾਣੇ ਚਾਹੀਦੇ ਹਨ ਨਾ ਕਿ ਬਿਆਨ ਦਿਤੇ ਜਾਣ । ਕਾਲੇ ਤੇਲ ਦੀ ਢੋਲੀ 13 ਰੁਪਏ ਵਾਲੀ 18 ਰੁਪਏ ਨੂੰ ਮਿਲ ਰਹੀ ਹੈ ਅਤੇ ਦੂਜੇ ਤੇਲ ਦੀ ਢੋਲੀ 18 ਰੁਪਏ ਦੀ ਬਜਾਏ 35 ਰੁਪਏ ਦੀ ਮਿਲ ਰਹੀ ਹੈ । ਮੈਨੂੰ ਸ਼ੱਕ ਹੈ ਕਿ ਇਹ ਬਲੈਕ ਕਿਉਂ ਹੋ ਰਹੀ ਹੈ, ਇਹ ਪੈਸੇ ਇਨ੍ਹਾਂ ਦੀਆਂ ਜੇਬਾਂ ਵਿਚ ਜਾਂਦੇ ਹਨ । ਇਨ੍ਹਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ । ਕਿਸਾਨ ਤਰਾਹ ਤਰਾਹ ਕਰ ਰਹੇ ਹਨ ਕਿਉਂਕਿ ਉਨ੍ਹਾਂ ਦੀ ਫਸਲ ਸੁਕ ਰਹੀ ਹੈ । ਪਿੰਡਾਂ ਵਿਚ ਡਿਪੂ ਰਾਹੀਂ ਕੋਟਾ ਅਲਾਟ ਕਰਕੇ ਦਿੱਤਾ ਜਾਏ । ਸਾਰਿਆਂ ਪਿੰਡਾਂ ਵਿਚ ਤੇਲ ਦਿੱਤਾ ਜਾਵੇ ਤਾਂ ਕਿ ਫ਼ਸਲਾਂ ਚੰਗੀਆਂ ਬਣ ਸਕਣ । ਕਣਕ ਦਾ ਵਪਾਰ ਇਨ੍ਹਾਂ ਨੇ ਆਪਣੇ ਹੱਥ ਵਿਚ ਲਿਆ ਸੀ, ਉਹ ਵੀ ਫੇਲ

ਹੋ ਗਿਆ । ਬੰਗਾਲ, ਬਿਹਾਰ ਵਿਚ ਇਨ੍ਹਾਂ ਕਹਿ ਦਿੱਤਾ ਕਿ ਕਣਕ ਜਿਹੜੇ ਜਾਗੀਰਦਾਰਾਂ ਨੇ ਹੁਣ ਦੇ ਦਿੱਤੀ ਅਤੇ ਉਨ੍ਹਾਂ ਦਾ ਬੈਂਕਾਂ ਦਾ ਸੂਦ ਮੁਆਫ ਕਰ ਦਿੱਤਾ ਗਿਆ । (ਵਿਘਨ) ਤੁਸੀਂ ਵੀ ਇਥੇ ਇਸ ਤਰ੍ਹਾਂ ਨਾ ਕਰ ਲਈਓ ਤੁਸੀਂ ਜਾਗੀਰਦਾਰਾਂ ਤੋਂ ਜ਼ਬਰੀ ਅਨਾਜ ਵਸੂਲ ਕਰੋ ਅਤੇ ਟੀਚੇ ਪੂਰੇ ਕਰੋ ਪਰ ਜਿੰਨੇ ਵੀ ਇਨ੍ਹਾਂ ਨੇ ਟੀਚੇ ਮਿਥੇ ਹਨ, ਉਹ ਕਦੇ ਵੀ ਪੂਰੇ ਨਹੀਂ ਹੋਏ ਹਨ (ਵਿਘਨ)

ਪੁਲਿਸ ਬਾਰੇ ਬਹੁਤ ਰੁਪਿਆ ਰੱਖਿਆ ਗਿਆ ਹੈ । ਇਹਦੇ ਲਈ 11 ਕਰੋੜ 37 ਲੱਖ 12 ਹਜ਼ਾਰ ਰੁਪਏ ਰੱਖੇ ਗਏ ਹਨ । ਇਸ ਨਾਲ ਪੁਲਿਸ ਦੀ ਗਿਣਤੀ ਵਧਾ ਦੇਣੀ ਚਾਹੀਦੀ ਹੈ । ਇਹ ਸਰਮਾਇਦਾਰਾਂ ਦੀ ਰਾਖੀ ਵਾਸਤੇ ਪੁਲਿਸ ਅਤੇ ਫੌਜ ਦੀ ਗਿਣਤੀ ਵਧਾਈ ਜਾ ਰਹੀ ਹੈ । (ਵਿਘਨ) ਇਹ ਜਨਤਾ ਵਾਸਤੇ ਨਹੀਂ ਕੀਤਾ ਜਾ ਰਿਹਾ ਹੈ । ਜਨਤਾ ਜੇ ਕੋਈ ਮੰਗ ਮਨਵਾਉਣ ਵਾਸਤੇ ਆਉਂਦੀ ਹੈ ਤਾਂ ਉਨ੍ਹਾਂ ਤੇ ਗੋਲੀਆਂ ਚਲਾਈਆਂ ਜਾਂਦੀਆਂ ਹਨ । ਜਿਵੇਂ ਕਿ ਜਗਰਾਓਂ ਵਿਚ ਹੋਇਆ ਹੈ । ਕਿਸਾਨ ਸਭਾ ਤੇ ਸੁਨਾਮ ਵਿਖੇ ਅਥਰੂ ਗੈਸ ਦੇ ਗੋਲੇ ਛੱਡੇ ਗਏ । ਲੋਕਾਂ ਦੇ ਹੱਕਾਂ ਦੀ ਮੰਗ ਨੂੰ ਦਬਾਉਣ ਵਾਸਤੇ ਪੁਲਿਸ ਇਸਤੇਮਾਲ ਕੀਤੀ ਜਾ ਰਹੀ ਹੈ । ਪੁਲਿਸ ਸ਼ਰਾਬ ਪੀ ਕੇ ਪਿੰਡਾਂ ਵਿਚ ਜਾਂਦੀ ਹੈ । ਇਹ ਉਥੇ ਮੁਰਗੇ ਖਾਂਦੇ ਹਨ ਅਤੇ ਲੋਕਾਂ ਤੇ ਝੂਠੇ ਕੇਸ ਬਣਾਏ ਜਾਂਦੇ ਹਨ । ਮੇਰੇ ਹਲਕੇ ਸ਼ੇਰਪੁਰ ਵਿਚ ਪੰਜ ਗਰਾਈਂ ਪਿੰਡ ਹੈ । ਉਥੇ ਪੁਲਿਸ ਨੇ ਇਕ ਲਿਸਟ ਬਣਾਈ ਹੋਈ ਹੈ ਜਿਸ ਵਿਚ 21-22 ਬੰਦਿਆਂ ਦੇ ਨਾਉਂ ਹਨ । ਕਿਸੇ ਤੇ ਸ਼ਰਾਬ ਦਾ, ਕਿਸੇ ਤੇ ਅਫੀਮ ਦੇ ਝੂਠੇ ਕੇਸ ਬਣਾਏ ਹੋਏ ਹਨ । ਕਿਸੇ ਤੇ ਬਰਛਾ ਰੱਖਣ ਦਾ ਗਲਤ ਕੇਸ ਬਣਾਇਆ ਹੋਇਆ ਹੈ । ਉਥੋਂ ਦੀ ਗੱਲ ਇਹ ਹੈ ਕਿ ਪੰਚਾਇਤ ਬੜੀ ਤਕੜੀ ਹੈ । ਉਨ੍ਹਾਂ ਨੇ ਕਿਹਾ ਕਿ ਸਾਡੇ ਪਿੰਡ ਵਿਚ ਜੇ ਕੋਈ ਗੱਲ ਹੋ ਰਹੀ ਹੋਵੇ ਤਾਂ ਸਾਨੂੰ ਦੱਸੋ ਅਸੀਂ ਤਲਾਸ਼ੀ ਕਰਾਵਾਂਗੇ । ਉਥੋਂ ਦੋ ਤਿੰਨ ਬੰਦੇ ਬਾਹਰੋਂ ਲਿਜਾ ਕੇ ਝੂਠੇ ਕੇਸ ਬਣਾ ਦਿੱਤੇ । ਇਹ ਝੂਠੇ ਕੇਸਾਂ ਵਾਲਾ ਕੰਮ ਬੰਦ ਹੋਣਾ ਚਾਹੀਦਾ ਹੈ । ਇਹ ਘਟਾਉ ਤਾਂ ਕਿ ਦੇਸ਼ ਦਾ ਕਲਿਆਣ ਹੋ ਸਕੇ ਨਹੀਂ ਤਾਂ ਤੁਹਾਡੇ ਦੇਸ਼ ਦਾ ਭੱਠਾ ਬੈਠ ਜਾਏਗਾ (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਹੜਾ ਇਹ ਭੱਠਾ ਬੈਠਣਾ ਹੈ ਇਹ ਗੱਲ ਕਾਂਗਰਸ ਤੇ ਢੁਕਦੀ ਹੈ, ਚੋਭਾਂ ਇਨ੍ਹਾਂ ਨੂੰ ਲਗਦੀਆਂ ਹਨ (ਵਿਘਨ)

ਇੰਡਸਟਰੀਜ਼ ਵਾਸਤੇ ਪੈਸੇ ਬਹੁਤ ਘੱਟ ਰੱਖੇ ਗਏ ਹਨ । ਇੰਡਸਟਰੀਜ਼ ਕਿਥੇ ਲਗਦੀ ਹੈ, ਇਹ ਲੁਧਿਆਣਾ, ਜਲੰਧਰ ਔਰ ਅੰਮ੍ਰਿਤਸਰ ਲੱਗੀ ਹੈ । ਸਾਡਾ ਸੰਗਰੂਰ ਦਾ ਜ਼ਿਲ੍ਹਾ ਇੰਡਸਟਰੀਜ਼ ਦੇ ਤੌਰ ਤੇ ਬਿਲਕੁਲ ਪਛੜਿਆ ਹੋਇਆ ਹੈ । ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹਾ ਵੀ ਇੰਡਸਟਸੀਜ਼ ਦੇ ਲਿਹਾਜ਼ ਨਾਲ ਪਛੜਿਆ ਹੋਇਆ ਹੈ । ਇਸੇ ਤਰ੍ਹਾਂ ਫਰੀਦਕੋਟ ਪਛੜਿਆ ਹੋਇਆ ਹੈ । ਮੇਰੇ ਹਲਕੇ ਵਿਚ ਸ਼ੇਰਪੁਰ ਵਿਚ ਕੋਈ ਵੀ ਛੋਟੀ ਮੋਟੀ ਇੰਡਸਟਰੀ ਨਹੀਂ ਹੈ । (ਵਿਘਨ) ਮੈਂ ਮੰਗ ਕਰਾਂਗਾ ਕਿ ਮੇਰੇ ਹਲਕੇ ਵਿਚ ਇੰਡਸਟਰੀ ਲਾਈ ਜਾਏ ਤਾਂ ਕਿ ਲੋਕਾਂ ਦਾ ਫਾਇਦਾ ਹੋ ਸਕੇ ।

ਐਜੂਕੇਸ਼ਨ ਦੇ ਬਾਰੇ ਵਿਚ ਕਿਹਾ ਗਿਆ ਹੈ ਕਿ ਐਨੇ ਸਕੂਲ ਖੋਲ੍ਹ ਦਿੱਤੇ । ਇਹ ਬੜੀਆਂ ਫੜਾਂ ਮਾਰਦੇ ਹਨ ਕਿ ਐਨੇ ਸਕੂਲ ਖੋਲ੍ਹ ਦਿੱਤੇ ਹਨ । ਇਹ ਸਕੂਲ ਉਥੇ ਖੋਲ੍ਹਦੇ ਹਨ ਜਿਥੇ ਕਾਂਗਰਸ ਦਾ ਹਲਕਾ ਹੋਵੇ । ਮੈਂ 1972 ਤੋਂ ਲੈ ਕੇ ਹੁਣ ਤੱਕ ਲਿਖਦਾ ਆਇਆ ਹਾਂ ਕਿ ਮੇਰੇ ਹਲਕੇ ਵਿਚ ਤਿੰਨ ਮਿਡਲ ਸਕੂਲ ਨੂੰ ਹਾਈ ਸਕੂਲ ਬਣਾਇਆ ਜਾਵੇ, ਪਰ ਇਹ ਨਹੀਂ ਕੀਤਾ ਗਿਆ ਹੈ । ਇਨ੍ਹਾਂ ਨੂੰ ਖ਼ਤਰਾ ਬਣਿਆ ਹੋਇਆ ਹੈ ਕਿ ਜੇ ਜਨਤਾ ਪੜ੍ਹ ਲਿਖ ਗਈ ਤਾਂ ਕਿਤੇ ਗੁਜਰਾਤ ਵਰਗੇ ਇਥੇ ਵੀ ਹਾਲਾਤ ਨਾ ਪੈਦਾ ਹੋ ਜਾਣ । ਮੈਂ ਕਹਿੰਦਾ ਹਾਂ ਕਿ ਇਥੇ ਵੀ ਗੁਜਰਾਤ ਵਰਗੇ ਹਾਲਾਤ ਪੈਦਾ ਹੋ ਰਹੇ ਹਨ, ਇਸ ਗੱਲ ਲਈ ਤਿਆਰ ਰਹਿਣਾ ਚਾਹੀਦਾ ਹੈ । ਮੂਲੋਵਾਲ ਇਕ ਇਤਿਹਾਸਕ ਪਿੰਡ ਹੈ ਇਥੇ ਸਕੂਲ ਨੂੰ ਅਪਗਰੇਡ ਨਹੀਂ ਕੀਤਾ ਹੈ ।

ਇਕ ਪੰਜ ਗਰਾਈਂ ਹੈ ਜਿਥੇ ਕਿ ਅੰਗਰੇਜ਼ਾਂ ਦੇ ਵੇਲੇ ਤੋਂ ਹੀ ਮਿਡਲ ਸਕੂਲ ਚਲਦਾ ਆ ਰਿਹਾ ਹੈ । ਇਸੇ ਤਰ੍ਹਾਂ ਹੀ ਪਿੰਡ ਮਮਦਪੁਰ ਹੈ ਜਿਥੇ ਕਿ ਬਿਲਡਿੰਗ ਹੈ ਨਹੀਂ ਪਰ ਉਹ ਇਨ੍ਹਾਂ ਦੀਆਂ ਸਾਰੀਆਂ

[ਮਾਸਟਰ ਚੰਦ ਸਿੰਘ]

ਸ਼ਰਤਾਂ ਪੂਰੀਆਂ ਕਰਦਾ ਹੈ ਪਰ ਉਸ ਦਾ ਵੀ ਕੁਝ ਨਹੀਂ ਕੀਤਾ ਗਿਆ। ਜਿਥੋਂ ਕਾਂਗਰਸ ਦੇ ਆਦਮੀ ਜਿੱਤਕੇ ਨਹੀਂ ਆਏ ਉਨ੍ਹਾਂ ਹਲਕਿਆਂ ਵੱਲ ਇਹ ਧਿਆਨ ਨਹੀਂ ਦੇ ਰਹੇ। (ਵਿਘਨ) ਮੇਰੇ ਹਲਕੇ ਦੇ ਲਾਗੇ ਤੋਂ ਇਹ ਬੇਗਮ ਜੀ ਬੈਠੇ ਹਨ, ਇਹ ਆਏ ਹਨ ਇਨ੍ਹਾਂ ਨੂੰ ਹੀ ਕੁਝ ਦੇ ਦਿਓ। (ਹਾਸਾ) ਇਨ੍ਹਾਂ ਨੇ ਲੈਣਾ ਦੇਣਾ ਕੁਝ ਨਹੀਂ ਹੈ ਇਹ ਗੱਲਾਂ ਹੀ ਕਰੀ ਜਾਂਦੇ ਹਨ। (ਘੰਟੀ)

ਹੁਣ ਜੇਲ੍ਹਾਂ ਦੀ ਗੱਲ ਲੈ ਲਵੋ। ਇਨ੍ਹਾਂ ਦੀ ਹਾਲਤ ਬਾਬੇ ਆਦਮ ਦੇ ਵੇਲੇ ਤੋਂ ਉਹੀ ਚਲੀ ਆਉਂਦੀ ਹੈ। ਜੇਲ੍ਹਾਂ ਮਾਡਰਨ ਟਾਈਪ ਦੀਆਂ ਬਣਾਉਣੀਆਂ ਚਾਹੀਦੀਆਂ ਹਨ। ਜੇਲ੍ਹਾਂ ਵਿਚ ਕੈਦੀਆਂ ਦਾ ਬੁਰਾ ਹਾਲ ਹੈ। ਉਨ੍ਹਾਂ ਦੀ ਉਥੇ ਭੈੜੀ ਹਾਲਤ ਹੈ। ਉਨ੍ਹਾਂ ਨੂੰ ਉਥੇ ਰਾਸ਼ਨ ਘੱਟ ਮਿਲਦਾ ਹੈ। ਉਨ੍ਹਾਂ ਦੇ ਰਹਿਣ ਸਹਿਣ ਦਾ ਇੰਤਜ਼ਾਮ ਦਾ ਕੋਈ ਪ੍ਰਬੰਧ ਨਹੀਂ ਹੈ। ਕਪੜਿਆਂ ਵਾਸਤੇ ਸਾਬਣ ਘੱਟ ਮਿਲਦਾ ਹੈ। ਅਤੇ ਖੁਰਾਕ ਵੀ ਵੱਧੀਆ ਨਹੀਂ ਤੇ ਘੱਟ ਹੈ ਇਸ ਲਈ ਇਨ੍ਹਾਂ ਦਾ ਸੁਧਾਰ ਕਰਨਾ ਚਾਹੀਦਾ ਹੈ। ਜੇਲ੍ਹਾਂ ਮਾਡਰਨ ਟਾਈਪ ਦੀਆਂ ਬਣਾਉਣੀਆਂ ਚਾਹੀਦੀਆਂ ਹਨ ਤਾਂਕਿ ਕੈਦੀ ਸੌਖੇ ਹੋ ਸਕਣ।

ਇਸ ਤੋਂ ਅੱਗੇ ਮੈਂ ਸਿੰਜਾਈ ਬਾਰੇ ਕਹਿਣਾ ਚਾਹੁੰਦਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਨਾਲੇ ਪੁੱਟ ਰਹੇ ਹਾਂ। ਜਿਥੇ ਨਾਲਿਆਂ ਦੀ ਲੋੜ ਹੁੰਦੀ ਹੈ ਉਥੇ ਤਾਂ ਪੁੱਟੇ ਨਹੀਂ ਜਾਂਦੇ ਪਰ ਜਿਥੇ ਲੋੜ ਨਹੀਂ ਹੁੰਦੀ ਉਥੇ ਪੁੱਟੇ ਜਾਂਦੇ ਹਨ। ਜਿਥੇ ਨਾਲੇ ਪੁੱਟੇ ਗਏ ਹਨ ਅਤੇ ਉਨ੍ਹਾਂ ਕਿਸਾਨਾਂ ਦੀ ਜ਼ਮੀਨ ਵਿਚ ਆਈ ਹੈ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਮੀਨ ਦੇ ਪੈਸੇ ਨਹੀਂ ਦਿੰਦੇ। ਮੈਂ ਤੁਹਾਨੂੰ ਦੱਸਦਾ ਹਾਂ ਕਿ ਰੈਸਰ ਦਾ ਨਾਲਾ 1963 ਵਿਚ ਪੁਟਿਆ ਸੀ ਪਰ ਉਸ ਦਾ ਉਨ੍ਹਾਂ ਨੂੰ ਅਜੇ ਤੱਕ ਮੁਆਵਜ਼ਾ ਨਹੀਂ ਦਿੱਤਾ। ਮੈਂ ਇਸ ਬਾਰੇ ਇਕ ਕਾਲ ਅਟੈਨਸ਼ਨ ਮੋਸ਼ਨ ਵੀ ਦਿੱਤੀ ਸੀ। ਜਿਹੜੀ ਨਰੈਣ ਗੜ੍ਹ ਡਰੇਨ ਹੈ ਉਸ ਦੇ ਵਾਸਤੇ ਪਿੰਡ ਦੇ ਲੋਕਾਂ ਦੀ ਜ਼ਮੀਨ ਐਕੁਆਇਰ ਕਰ ਰਹੇ ਹਨ, ਉਥੇ ਪਿੰਡਾਂ ਤੇ ਮੀਂਹ ਦਾ ਪਾਣੀ ਅਸਰ ਨਹੀਂ ਕਰ ਸਕਦਾ। ਹੋਰ ਪਿੰਡ ਹਨ, ਫਤਹਿ ਪੁਰ, ਘਨੌਰ, ਬੇਗਮਦਾ (ਘੰਟੀ) * * *

ਸ੍ਰੀ ਡਿਪਟੀ ਸਪੀਕਰ: ਇਹ ਜੋ ਕੁਝ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (Whatever he is saying now, should not be recorded).

ਸਰਦਾਰ ਬੇਅੰਤ ਸਿੰਘ (ਪਾਇਲ): ਸਪੀਕਰ ਸਾਹਿਬ, ਬੱਜਟ ਤੇ ਬਹਿਸ ਹੋ ਚੁਕੀ ਹੈ ਅਤੇ ਅੱਜ ਐਪਰੋਪਰੀਏਸ਼ਨ ਬਿੱਲ ਨੰ: 2 ਦੇ ਰਾਹੀਂ ਸਾਡੇ ਵਿੱਤ ਮੰਤਰੀ ਨੇ 836 ਕਰੋੜ, 2 ਲੱਖ 48 ਹਜ਼ਾਰ ਰੁਪਏ ਕੰਸਾਲੀ-ਡੇਸ਼ਨ ਫੰਡ ਵਿਚੋਂ ਕਢਵਾਉਣ ਵਾਸਤੇ ਇਹ ਬਿੱਲ ਰੱਖਿਆ ਹੈ। ਮੈਂ ਵਿੱਤ ਮੰਤਰੀ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਵੇਲੇ ਜਿਹੜੀ ਦੁਨੀਆਂ ਮਹਿੰਗਾਈ ਨਾਲ ਕੁਰਲਾ ਰਹੀ ਹੈ ਅਤੇ ਹੋਰ ਚੀਜ਼ਾਂ ਨਾ ਮਿਲਣ ਕਰਕੇ ਕੁਰਲਾ ਰਹੀ ਹੈ, ਉਨ੍ਹਾਂ ਨੇ ਫਿਰ ਵੀ ਹੋਰ ਕੋਈ ਟੈਕਸ ਨਹੀਂ ਲਾਇਆ। ਮੈਂ ਸਮਝਦਾ ਹਾਂ ਕਿ ਇਹ ਵੀ ਪੰਜਾਬ ਦੀ ਜਨਤਾਂ ਨੂੰ ਇਕ ਦੇਣ ਹੈ। ਬੇਸ਼ੱਕ ਇਹ ਗੱਲ ਜ਼ਰੂਰ ਹੈ ਕਿ ਇਨ੍ਹਾਂ ਨੇ ਸਾਡੀ 50 ਪ੍ਰਤੀਸ਼ਤ ਮਾਰਕੀਟ ਫੀਸ ਵਧਾਈ ਹੈ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ 50 ਪ੍ਰਤੀਸ਼ਤ ਮਾਰਕਿਟ ਫੀਸ ਦਾ ਅਸਰ ਬੇਸ਼ੱਕ ਸਿੱਧਾ ਜ਼ਿਮੀਂਦਾਰਾਂ ਤੇ ਨਹੀਂ ਪੈਂਦਾ ਲੇਕਿਨ ਇਹ ਜਿਹੜਾ ਪੰਜਾਬ ਦਾ ਜ਼ਿਮੀਂਦਾਰ ਹੈ ਉਹ ਐਨੀ ਫਸਲ ਪੈਦਾ ਕਰਦਾ ਹੈ, ਐਨੀ ਜਿਣਸ ਪੈਦਾ ਕਰਦਾ ਹੈ ਤਾਂ ਹੀ ਇਹ ਮਾਰਕਿਟ ਫੀਸ ਆਉਂਦੀ ਹੈ। ਇਸ ਦੇ ਨਾਲ ਸਾਡਾ ਜਿਹੜਾ ਬੱਜਟ ਵਿਚ 38.39 ਕਰੋੜ ਰੁਪਏ ਦਾ ਘਾਟਾ ਸੀ 17 ਕਰੋੜ ਤਾਂ ਉਸ ਵਿਚੋਂ ਹੀ ਪੂਰਾ ਹੋ ਜਾਵੇਗਾ। ਪਰ ਪੰਜਾਬ ਦਾ ਜ਼ਿਮੀਂਦਾਰ ਇਹ ਨਹੀਂ ਚਾਹੁੰਦਾ। (ਵਿਘਨ) ਪੰਜਾਬ ਦੇ ਜ਼ਿਮੀਂਦਾਰ ਨੇ ਬੜਾ ਭਾਰੀ ਅਨਾਜ ਪੈਦਾ ਕੀਤਾ ਹੈ। ਅਸੀਂ ਆਸਟਰੇਲੀਆ ਤੋਂ ਕਣਕ ਲੈਂਦੇ ਹਾਂ। ਮੈਨੂੰ ਆਸਟਰੇਲੀਆ ਜਾਣ ਦਾ ਮੌਕਾ ਮਿਲਿਆ ਸੀ। ਮੈਂ ਸਮਝਦਾ ਹਾਂ ਕਿ ਉਥੇ ਦਾ ਜਿਹੜਾ ਜ਼ਿਮੀਂਦਾਰ ਹੈ, ਉਥੇ ਦਾ ਜ਼ਿਮੀਂਦਾਰ ਜਿਹੜਾ ਖੇਤੀਬਾੜੀ ਕਰਦਾ ਹੈ ਉਹ ਸਾਡੇ ਪੰਜਾਬ ਨਾਲੋਂ ਕਿਤੇ ਪਿਛੇ ਹੈ। ਮੈਂ ਤਾਂ ਇਹ ਕਹਾਂਗਾ ਕਿ ਜੇ ਪੰਜਾਬੀ ਨੂੰ ਉਥੇ ਵਸਾਇਆ ਜਾਵੇ ਤਾਂ ਉਹ ਉਨ੍ਹਾਂ ਨਾਲੋਂ ਅੱਧੀ ਜ਼ਮੀਨ ਵਿਚੋਂ ਹੀ ਉਨ੍ਹਾਂ ਨਾਲੋਂ ਜ਼ਿਆਦਾ ਅਨਾਜ ਪੈਦਾ ਕਰ ਲਵੇਗਾ। ਉਨ੍ਹਾਂ ਦੀ ਅੱਧੀ ਜ਼ਮੀਨ ਤਾਂ ਐਵੇਂ ਹੀ ਪਈ ਰਹਿੰਦੀ ਹੈ ਅਤੇ ਉਸ ਜ਼ਮੀਨ ਤੇ ਉਹ

*Not recorded as ordered by the Chair.

ਭੇਡਾਂ ਪਾਲਦੇ ਹਨ। ਬਹੁਤ ਸਾਰੀ ਜ਼ਮੀਨ ਫਾਲਤੂ ਪਈ ਰਹਿੰਦੀ ਹੈ। ਫਿਰ ਵੀ ਉਨ੍ਹਾਂ ਦੀ ਬਹੁਤ ਸਾਰੀ ਕਣਕ ਫਾਲਤੂ ਹੋ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਦੀ ਆਬਾਦੀ ਘੱਟ ਹੈ। ਸਾਨੂੰ ਅਫਸੋਸ ਹੈ ਕਿ ਸਾਡੀ ਜਿਹੜੀ ਆਬਾਦੀ ਹੈ ਇਹ ਦਿਨ ਬਦਿਨ ਵੱਧਦੀ ਜਾ ਰਹੀ ਹੈ। ਅਸੀਂ ਕਣਕ ਬਹੁਤ ਪੈਦਾ ਕਰਦੇ ਹਾਂ ਪਰ ਸਾਡੇ ਆਬਾਦੀ ਬਹੁਤ ਜ਼ਿਆਦਾ ਹੈ। ਵੈਸੇ ਪੰਜਾਬ ਵਿਚ ਬਹੁਤ ਸਾਰੀ ਕਣਕ ਸਰਪੱਲਸ ਹੁੰਦੀ ਹੈ, ਹੁਣ ਤਾਂ ਹਰਿਆਣਾ ਅਤੇ ਯੂ.ਪੀ. ਵਿਚ ਵੀ ਸਰਪਲੱਸ ਹੋ ਗਈ ਹੈ, ਪਰ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਅਸੀਂ ਆਬਾਦੀ ਤੇ ਕੰਟਰੋਲ ਨਹੀਂ ਕਰਦੇ, ਫੈਮਿਲੀ ਪਲਾਨਿੰਗ ਨੂੰ ਕੰਟਰੋਲ ਨਹੀਂ ਕਰਦੇ ਉਤਨਾ ਚਿਰ ਇਸ ਮਸਲੇ ਤੇ ਅਸੀਂ ਕਾਬੂ ਨਹੀਂ ਪਾ ਸਕਦੇ। ਇਸ ਲਈ ਮੈਂ ਸੁਜੈਸ਼ਨ ਦਿਆਂਗਾ ਕਿ ਕੰਪਲਸਰੀ ਫੈਮਿਲੀ ਪਲਾਨਿੰਗ ਕਰੋ ਤਾਂ ਕਿ ਜਿੰਨਾ ਅਸੀ ਅਨਾਜ ਪੈਦਾ ਕਰਦੇ ਹਾਂ ਤਾਂ ਫਿਰ ਸਾਨੂੰ ਬਾਹਰੋਂ ਆਨਾਜ਼ ਮੰਗਵਾਉਣ ਦੀ ਲੋੜ ਨਹੀਂ ਰਹੇਗੀ। ਮੈਂ ਅਰਜ਼ ਕਰ ਰਿਹਾ ਸੀ ਕਿ ਐਗਰੀਕਲਚਰ ਨੇ ਸਾਡੇ ਬੜੀ ਤਰੱਕੀ ਕੀਤੀ ਹੈ। ਲੇਕਿਨ ਜੋ ਐਗਰੀਕਲਚਰ ਵਾਲੇ ਨੂੰ, ਜੋ ਜ਼ਿਮੀਂਦਾਰ ਨੂੰ ਅਸੀਂ ਦੇਣਾ ਚਾਹੁੰਦੇ ਹਾਂ ਉਹ ਹਾਲਾਂ ਅਸੀਂ ਨਹੀਂ ਦੇ ਸਕੇ। ਖੈਰ ਮੈਂ ਇਸ ਦੀ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ, ਮੈਂ ਦੱਸਦਾ ਹਾਂ ਕਿ ਡੀਜ਼ਲ ਦਾ ਭਾਅ ਵਧਿਆ ਹੈ ਇਸੇ ਤਰ੍ਹਾਂ ਹੀ ਸਾਰੀਆਂ ਚੀਜ਼ਾਂ ਦੇ ਭਾਅ ਵੱਧੇ ਹਨ ਜਿਵੇਂ ਕਿ ਇਨ ਪੁਟਸ ਦੇ ਭਾਅ ਅਤੇ ਫਰਟੇਲਾਈਜ਼ਰ ਦੇ ਭਾਅ ਵੱਧੇ ਹਨ। ਪਰ ਕਣਕ ਦਾ ਭਾਅ ਪਰਾਈਸ ਕਮਿਸ਼ਨ ਨੇ 95 ਰੁਪਏ ਕੀਤਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਅਖਬਾਰਾਂ ਵਿਚ ਵੀ ਪੜ੍ਹਿਆ ਹੋਵੇਗਾ ਕਿ ਦਿੱਲੀ ਵਿਚ ਫੂਡ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੋਈ ਜਿਸ ਨੂੰ ਕਿ ਸ੍ਰੀ ਫਖੁਰਦੀਨ ਅਲੀ ਅਹਿਮਦ ਨੇ ਪਰੀਜ਼ਾਈਡ ਕੀਤਾ। ਪਰ ਉਸ ਵਿਚ ਫੈਸਲਾ ਕਿਸੇ ਗੱਲ ਦਾ ਨਹੀਂ ਹੋਇਆ ਕਿਉਂਕਿ ਓਪੀਨੀਅਨ ਡਿਫਰ ਕਰਦੇ ਸਨ। ਕਿਸੇ ਨੇ ਕਿਹਾ ਕਿ 10 ਪ੍ਰਤੀਸ਼ਤ ਹੋਰ ਵਧਾ ਲਓ ਅਤੇ ਕਿਸੇ ਨੇ ਕਿਹਾ ਕਿ ਜੇ ਹੋਰ ਵਧਾ ਲਿਆ ਤਾਂ ਫਿਰ ਇਨਫਲੇਸ਼ਨ ਹੋਰ ਹੋਵੇਗੀ। ਮੈਂ ਕਹਿੰਦਾ ਹਾਂ ਕਿ ਇਨਫਲੇਸ਼ਨ ਵਾਲੇ ਪਾਸੇ ਨਹੀਂ ਸੋਚਣਾ ਚਾਹੀਦਾ ਕਿ ਇਸ ਨਾਲ ਇਨਫਲੇਸ਼ਨ ਹੋਵੇਗੀ। ਇਸ ਲਈ ਕਣਕ ਦਾ ਭਾਅ ਵੱਧਣਾ ਚਾਹੀਦਾ ਹੈ। ਇਸ ਦੇ ਉਤੇ ਹੀ ਸਾਡੇ ਮੁਲਕ ਦੀ ਇਕਾਨਿਮੀ ਡਿਪੈਂਡ ਕਰਦੀ ਹੈ। ਸਾਡੇ ਦੇਸ਼ ਦੀ ਇਕਾਨਿਮੀ ਐਗਰੀਕਲਚਰ ਤੇ ਡੀਪੈਂਡ ਕਰਦੀ ਹੈ। ਜੇ ਅਸੀਂ ਕਣਕ ਦਾ ਭਾਅ ਵਧਾ ਕੇ 115 ਰੁਪਏ ਜਾਂ 110 ਰੁਪਏ ਕਰੀਏ, ਜਿਵੇਂ ਕਿ ਇਥੇ ਕਿਹਾ ਗਿਆ ਹੈ ਕਿ ਕਣਕ ਦਾ ਭਾਅ 125 ਰੁਪਏ ਹੋਣਾ ਚਾਹੀਦਾ ਹੈ, ਮੈਂ ਸਮਝਦਾ ਹਾਂ ਕਿ ਜੇ ਕਣਕ ਦਾ ਭਾਅ 115 ਰੁਪਏ ਹੋਵੇ ਤਾਂ ਉਹ ਜ਼ਿਮੀਂਦਾਰ ਵਾਸਤੇ ਕਾਫੀ ਹੋਵੇਗਾ। ਜਿਥੋਂ ਤੱਕ ਮੱਕਈ ਦੇ ਭਾਅ ਦਾ ਤੁਅੱਲਕ ਹੈ, ਅਸੀਂ ਸਟੇਟ ਟਰੇਡਿੰਗ ਵੱਲ ਗਏ ਉਨ੍ਹਾਂ ਨੂੰ ਸਟੇਟ ਟਰੇਡਿੰਗ ਨੂੰ ਛੱਡਣਾ ਪਿਆ। ਜਿਵੇਂ ਗੁਜਰਾਤ ਅਤੇ ਹੋਰ ਬਹੁਤ ਸਾਰੇ ਸੂਬਿਆਂ ਵਿੱਚ ਮੱਕੀ ਅਤੇ ਬਾਜਰਾ ਨਹੀਂ ਸੀ ਮਿਲਦੇ ਤਾਂ ਸਾਨੂੰ ਜ਼ੋਨ ਖੋਲ੍ਹਣੇ ਪਏ। ਹੁਣ ਮਕਈ ਦਾ ਭਾਅ 140 ਰੁਪਏ ਹੈ ਅਤੇ ਕਣਕ ਦਾ ਭਾਅ 100 ਰੁਪਿਆ ਹੋਵੇ ਤਾਂ ਜ਼ਿਮੀਂਦਾਰ ਕਦੇ ਵੀ ਇਸ ਨਾਲ ਸੰਤੁਸ਼ਟ ਨਹੀਂ ਹੋਵੇਗਾ। ਮਕਈ ਦਾ ਭਾਅ ਕਣਕ ਨਾਲੋਂ ਜ਼ਿਆਦਾ ਹੈ ਅਤੇ ਕਣਕ ਦਾ ਭਾਅ ਘੱਟ ਹੈ। ਇਸ ਨਾਲ ਜ਼ਿਮੀਦਾਰ ਸੰਤੁਸ਼ਟ ਨਹੀਂ ਹੋਵੇਗਾ।

ਸਰਦਾਰ ਜਸਵਿੰਦਰ ਸਿੰਘ ਬਰਾੜ: ਹੁਣੇ ਹੁਣੇ ਖ਼ਬਰ ਆਈ ਹੈ ਕਿ ਗੁਜਰਾਤ ਵਿਚ ਇਕ ਕਾਂਗਰਸੀਏ ਦਾ ਮੂੰਹ ਕਾਲਾ ਕਰਕੇ ਉਸ ਨੂੰ ਖੋਤੇ ਤੇ ਚੜ੍ਹਾ ਦਿੱਤਾ ਗਿਆ। ਇਸ ਲਈ ਤੁਸੀਂ ਵੀ ਇਸ ਚੀਜ਼ ਦਾ ਖਿਆਲ ਰੱਖੋ ਨਹੀਂ ਤਾਂ ਤੁਹਾਡੀ ਵੀ ਇਹੀ ਹਾਲਤ ਹੋਵੇਗੀ। (ਵਿਘਨ) (ਹਾਸਾ)

(ਇਸ ਸਮੇਂ ਚੌਧਰੀ ਸੁੰਦਰ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਰਦਾਰ ਬੇਅੰਤ ਸਿੰਘ: ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਥੇ ਦੇ ਜਿਹੜੇ ਕਾਂਗਰਸ ਪਾਰਟੀ ਦੇ ਐਮ. ਐਲ. ਏ. ਹਨ ਉਨ੍ਹਾਂ ਨੂੰ ਜ਼ਿਮੀਂਦਾਰ ਦਾ ਬਹੁਤ ਖਿਆਲ ਹੈ, ਤੁਹਾਡੇ ਨਾਲੋਂ ਉਨ੍ਹਾਂ ਨੂੰ ਜ਼ਿਮੀਂਦਾਰਾਂ ਦਾ ਜ਼ਿਆਦਾ ਖਿਆਲ ਹੈ। ਅਸੀਂ ਤੁਹਾਡੇ ਨਾਲੋਂ ਉਨ੍ਹਾਂ ਦੇ ਹੱਕ ਵਿਚ ਜ਼ਿਆਦਾ ਹਾਂ। ਮੈਂ ਕਹਿੰਦਾ ਹਾਂ ਕਿ ਜੇ ਉਨ੍ਹਾਂ ਨੂੰ ਭਾਅ ਲੈ ਕੇ ਦੇਣਾ ਹੈ ਤਾਂ ਅਸੀਂ ਲੈ ਕੇ ਦੇਣਾ ਹੈ ਉਹ ਤੁਸੀਂ ਨਹੀਂ ਲੈ ਕੇ ਦੇਣਾ। ਸਾਡਾ ਉਹ ਰੈਜ਼ੋਲਿਊਸ਼ਨ ਪੜ੍ਹੋ ਜਦ ਨੰਗਲ ਵਿਚ ਬੈਠਕ ਹੋਈ ਸੀ ਅਤੇ ਉਦੋਂ ਇਤਨੀ ਮਹਿੰਗਾਈ ਨਹੀਂ ਸੀ ਅਸੀਂ ਉਦੋਂ ਪਾਸ ਕੀਤਾ ਸੀ ਕਿ ਕਣਕ ਦਾ ਭਾਅ 110 ਰੁਪਏ ਹੋਣਾ ਚਾਹੀਦਾ ਹੈ। ਉਸ ਵੇਲੇ ਤੁਸੀਂ

[ਸਰਦਾਰ ਬੇਅੰਤ ਸਿੰਘ]

ਕਿੱਥੇ ਗਏ ਸੀ ? ਪਰਸੋਂ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੀ ਕੰਨਵੋਕੇਸ਼ਨ ਵਿਚ ਡਾਕਟਰ ਮੁਲਖ ਰਾਜ ਆਨੰਦ ਨੇ, ਜੋ ਕਿ ਬੜੇ ਵੱਡੇ ਥਿੰਕਰ ਹਨ ਅਤੇ ਰਾਈਟਰ ਹਨ, ਨੇ ਕਿਹਾ ਸੀ :

1/3rd of the World consumes 2/3rd of the production of the world and 9/10th of the raw material by looting the under-developed world.

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਥੇ ਹਾਲਾਂ ਸਾਡੇ ਵਿਤਕਰਾ ਹੈ। ਸਾਡੇ ਐਫ. ਐਮ. ਸਾਹਿਬ ਨੇ ਆਪਣੀ ਤਕਰੀਰ ਵਿਚ ਕਿਹਾ ਸੀ ਕਿ ਅਸੀਂ ਇਹ ਜਿਹੜੇ ਮੱਗਰਮੱਛ ਹਨ, ਇਨ੍ਹਾਂ ਨੂੰ ਹੱਥ ਪਾਵਾਂਗੇ। ਇਹ ਮੱਗਰਮੱਛ ਇਸ ਵੇਲੇ ਸਾਡੇ ਆਪੋਜ਼ਿਟ ਸਾਈਡ ਵੱਲ ਹਨ। ਉਨ੍ਹਾਂ ਨੂੰ ਹੱਥ ਪਾਏ ਬਗੈਰ ਕੁਝ ਨਹੀਂ ਹੋਣਾ। (ਵਿਘਨ) ਮੈਂ ਆਪਣੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਸ ਨੇ ਹਰੀਜਨਾਂ ਨੂੰ ਬੜੀਆਂ ਰਿਆਇਤਾਂ ਦਿੱਤੀਆਂ ਹਨ। (ਵਿਘਨ) ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਨੂੰ ਕਦੇ ਡਿਸਟਰਬ ਨਹੀਂ ਕੀਤਾ ਇਸ ਲਈ ਇਹ ਮੈਨੂੰ ਡਿਸਟਰਬ ਨਾ ਕਰਨ। ਸੋ ਮੈਂ ਚੇਅਰਮੈਨ ਸਾਹਿਬ, ਅਰਜ਼ ਕਰ ਰਿਹਾ ਸੀ ਕਿ ਇਹ ਜਿਹੜੀ ਲੜਾਈ ਹੈ ਇਹ ਹੈਵ ਔਰ ਹੈਵ ਨਾਟਸ ਦੀ ਹੈ। ਜਿਨ੍ਹਾਂ ਕੋਲ ਹੈ ਉਨ੍ਹਾਂ ਦੀ ਅਤੇ ਜਿਨ੍ਹਾਂ ਕੋਲ ਨਹੀਂ ਉਨ੍ਹਾਂ ਦੀ ਲੜਾਈ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕਈ ਸਾਡੇ ਜ਼ਿਮੀਂਦਾਰ ਭਰਾ ਵੀ ਹਨ ਔਰ ਐਸੇ ਜ਼ਿਮੀਂਦਾਰ ਭਰਾ ਵੀ ਹਨ ਜਿਨ੍ਹਾਂ ਦੇ ਕੋਲ 2 ਜਾਂ ਢਾਈ ਏਕੜ ਜ਼ਮੀਨ ਹੈ ਅਤੇ ਕਈ ਤਾਂ ਲੈਂਡ ਲੈਸ ਹੋ ਗਏ ਹਨ। ਬੇਸ਼ਕ ਉਹ ਜੱਟ ਹਨ ਪਰ ਉਹ ਨਾਮ ਦੇ ਹੁਣ ਜੱਟ ਹਨ। ਜਿਸ ਤਰ੍ਹਾਂ ਅਸੀਂ ਕਈ ਬ੍ਰਾਹਮਣ ਦੇਖੇ ਹਨ ਕਿ ਉਹ ਨਾਮ ਦੇ ਹੀ ਬ੍ਰਾਹਮਣ ਹਨ ਪਰ ਉਨ੍ਹਾਂ ਦੇ ਵਿਚ ਕੋਈ ਜ਼ਾਤ ਪਾਤ ਨਹੀਂ। ਇਸੇ ਤਰ੍ਹਾਂ ਸਾਡੇ ਕਈ ਜੱਟ ਜ਼ਿਮੀਂਦਾਰ ਭਰਾ ਹਨ ਉਹ ਨਾਮ ਦੇ ਹੀ ਜੱਟ ਹਨ। ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਵਿਚੋਂ ਬਹੁਤ ਸਾਰੇ ਹਰੀਜਨ ਭਰਾ ਐਸੇ ਬੈਠੇ ਹਨ ਜਿਹੜੇ ਕਿ ਬਹੁਤ ਅਮੀਰ ਹੋ ਗਏ ਹਨ ਅਤੇ ਮੇਰਾ ਖਿਆਲ ਹੈ ਕਿ ਉਨ੍ਹਾਂ ਨੂੰ ਹਰੀਜਨਾਂ ਦੀ ਜ਼ਾਤ ਵਿਚੋਂ ਕੱਢ ਦੇਣਾ ਚਾਹੀਦਾ ਹੈ। (ਵਿਘਨ)

ਇਕ ਆਵਾਜ਼ : ਇਹ ਠੀਕ ਹੈ ਤੁਹਾਡੀ ਗੱਲ।

ਸਰਦਾਰ ਬੇਅੰਤ ਸਿੰਘ : ਸੋ ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਆਮਦਨ ਦੇ ਹਿਸਾਬ ਨਾਲ ਲੋਕਾਂ ਨੂੰ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ। ਮੈਂ ਆਪਣੀ ਸਰਕਾਰ ਨੂੰ ਇਸ ਗੱਲ ਦੀ ਵਧਾਈ ਦੇਣਾ ਚਾਹੁੰਦਾ ਹਾਂ ਕਿ ਉਸ ਨੇ ਇਕ ਮਾਰਜਨਲ ਫਾਰਮਰਜ਼ ਸਕੀਮ ਕਢੀ ਹੈ ਜਿਸ ਰਾਹੀਂ ਜਿਨ੍ਹਾਂ ਲੋਕਾਂ ਦੀ ਢਾਈ ਏਕੜ ਤੋਂ ਘੱਟ ਜ਼ਮੀਨ ਹੈ ਉਨ੍ਹਾਂ ਨੂੰ ਮਝਾਂ ਲੈ ਕੇ ਦੇਣੀਆਂ ਹਨ ਅਤੇ ਮਝਾਂ ਲੈ ਕੇ ਦੇਣ ਵਿਚ 1/3 ਸਬਸਿਡੀ ਦੇਣੀ ਹੈ। ਜਿਨ੍ਹਾਂ ਕੋਲ ਸਾਢੇ ਸੱਤ ਏਕੜ ਜ਼ਮੀਨ ਵੀ ਹੈ ਉਨ੍ਹਾਂ ਨੂੰ ਵੀ ਮਝਾਂ ਲਿਆ ਕੇ ਦੇਣੀਆਂ ਹਨ। ਇਸ ਤਰ੍ਹਾਂ ਅਗਰ ਕੋਈ ਸਾਬਣ ਦਾ ਕਾਰਖਾਨਾ ਲਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਸਾਬਣ ਦੇ ਕਾਰਖਾਨੇ ਲਾਉਣ ਵਾਸਤੇ 25% ਸਬਸਿਡੀ ਦੇਣੀ ਹੈ। ਪਰ ਇਹ ਜਿਹੜਾ ਲੋਨ ਆਦਿ ਦਿੱਤਾ ਜਾਂਦਾ ਹੈ, ਇਸ ਦੇ ਵਿਚ ਬਹੁਤ ਭਾਰੀ ਕਈ ਕੁਤਾਹੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਗਰੀਬ ਆਦਮੀ ਲੋਨ ਲੈਣ ਵਾਸਤੇ ਜਾਂਦਾ ਹੈ ਤਾਂ ਉਸ ਨੂੰ ਬੜਾ ਖਰਾਬ ਹੋਣਾ ਪੈਂਦਾ ਹੈ ਅਤੇ ਉਸ ਨੂੰ ਇਹ ਲੋਨ ਕੁਮਰਸ਼ਲ ਬੈਂਕਸ ਤੋਂ ਲੈਣ ਵਾਸਤੇ ਜਾਣਾ ਪੈਂਦਾ ਹੈ ਅਤੇ ਉਹ ਉਸ ਨੂੰ ਖ਼ਰਾਬ ਕਰਦੇ ਹਨ ਅਤੇ ਨਾਲ ਦੀ ਨਾਲ ਜ਼ਮੀਨਾਂ ਦੀ ਰਜਿਸਟਰੀ ਵੀ ਕਰਵਾ ਲੈਂਦੇ ਹਨ। ਮੇਰੀ ਅਰਜ਼ ਹੈ ਕਿ ਅਸੀਂ ਕਿਧਰੋਂ ਵੀ ਲੋਨ ਲੈਣਾ ਹੋਵੇ ਸਾਨੂੰ ਆਪਣੀ ਜ਼ਮੀਨ ਰਹਿਨ ਰੱਖ ਕੇ ਲੋਨ ਲੈਣਾ ਪੈਂਦਾ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਦੀ ਛੋਟ ਕਿਸਾਨਾਂ ਨੂੰ ਮਿਲਣੀ ਚਾਹੀਦੀ ਹੈ। ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਹਰ ਇਕ ਜ਼ਿਮੀਂਦਾਰ ਦੇ ਕੋਲ ਇਕ ਇਕ ਪਾਸ ਬੁਕ ਬਣਵਾ ਦਿਉ ਜਿਸ ਦੇ ਵਿਚ ਉਸ ਦੀ ਫੋਟੋ ਲੱਗੀ ਹੋਵੇ ਅਤੇ ਉਹ ਉਥੋਂ ਦੇ ਸਰਪੰਚ ਤੋਂ ਤਸਦੀਕ ਹੋਵੇ ਤਾਂ ਕਿ ਪਤਾ ਲਗਾ ਸਕੇ ਕਿ ਇਹ ਇਸ ਪਿੰਡ ਦਾ ਵਾਕਅਈ ਰਹਿਣਾ ਵਾਲਾ ਹੈ ਅਤੇ ਜਦੋਂ ਉਹ ਕਿਧਰੇ ਲੋਨ ਲੈਣ ਵਾਸਤੇ ਜਾਵੇ ਤਾਂ ਉਸ ਬੁਕ ਨੂੰ ਵੇਖ ਕੇ ਉਸ ਨੂੰ ਲੋਨ ਦੇਣਾ ਚਾਹੀਦਾ ਹੈ।

ਫਿਰ ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਵੀ ਕਰਨਾ ਚਾਹੁੰਦਾ ਹਾਂ ਕਿ ਇਹ ਲੋਨ ਦੇਣ ਵਾਸਤੇ ਪਿੰਡਾਂ ਵਿਚ ਹੀ ਹਾਲੀ ਗੱਲ ਚਲਾਈ ਹੈ ਜੇ ਇਹ ਸਕੀਮ ਸ਼ਹਿਰਾਂ ਵਿਚ ਵੀ ਚਲਾਈ ਜਾਵੇ ਤਾਂ ਇਸ ਦੇ ਨਾਲ ਸਾਡੇ ਜਿਹੜੇ ਹੋਰ ਗਰੀਬ ਆਦਮੀ ਹਨ ਉਨ੍ਹਾਂ ਨੂੰ ਵੀ ਕਾਫੀ ਫਾਇਦਾ ਹੋਵੇਗਾ।

ਫਿਰ ਚੇਅਰਮੈਨ ਸਾਹਿਬ, ਇਥੇ ਮੈਂ ਇਹ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਥੇ ਬੜਾ ਚਰਚਾ ਚਲਿਆ ਕਿ ਗੰਨਾ ਸਾਡਾ ਬਹੁਤ ਰੁਲਦਾ ਰਹਿੰਦਾ ਹੈ। ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਜੀ ਨੇ ਪਿਛੇ ਜਿਹੇ ਇਕ ਦਿਨ ਇਹ ਕਿਹਾ ਕਿ ਪੰਜਾਬ ਵਿਚ ਗੰਨਾ ਬਹੁਤ ਰੁਲਦਾ ਰਹਿੰਦਾ ਹੈ ਅਤੇ ਚੁਕਿਆ ਨਹੀਂ ਜਾਂਦਾ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਇਹ ਗੱਲ ਕਿਸੇ ਹੱਦ ਤੱਕ ਦਰੁਸਤ ਹੈ। ਗੰਨਾ ਨਾ ਚੁਕੇ ਜਾਣ ਦੀ ਵਜ੍ਹਾ ਇਹ ਹੈ ਕਿ ਇਥੇ ਪੰਜਾਬ ਵਿਚ ਸ਼ੂਗਰ ਮਿਲਾਂ ਘੱਟ ਹਨ। ਜਿਥੇ ਸਾਡੀ ਸਰਕਾਰ ਨੇ ਬੜੀ ਮਿਹਨਤ ਨਾਲ ਹੋਰ ਵੱਡੇ ਵੱਡੇ ਕਾਰਖਾਨਿਆਂ ਦੇ ਲਾਇਸੈਂਸ ਲਏ ਹਨ ਅਤੇ ਵੱਡੇ ਵੱਡੇ ਕਾਰਖਾਨੇ ਮੁਹਾਲੀ ਵਿਚ ਅਤੇ ਲੁਧਿਆਣੇ ਆਦਿ ਵਿਚ ਦਿੱਤੇ ਜਾ ਰਹੇ ਹਨ ਉਥੇ ਮੈਂ ਆਪਣੀ ਸਰਕਾਰ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਸ਼ੂਗਰ ਮਿਲਜ਼ ਵਾਸਤੇ ਵੀ ਆਪਣੀ ਪੂਰੀ ਕੋਸ਼ਿਸ਼ ਕਰੇ। ਸੈਂਟਰ ਦੀ ਸਰਕਾਰ ਇਹ ਕਹਿੰਦੀ ਹੈ ਕਿ ਖੰਡ ਦੀ ਰਿਕਵਰੀ ਘੱਟ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਯੂ.ਪੀ. ਵਿਚ ਵੀ ਇਤਨੀ ਹੀ ਹੈ ਅਰਥਾਤ 8-9 ਪ੍ਰਤੀਸ਼ਤ ਹੀ ਹੈ ਪਰ ਯੂ.ਪੀ. ਵਿਚ 5-5 ਮੀਲ ਤੇ ਮਿਲ ਹੈ। ਸਾਡੇ ਕੋਲ ਸ਼ੂਗਰ ਦੀਆਂ ਜੋ ਮਿਲਾਂ ਹਨ ਉਹ ਬਹੁਤ ਘੱਟ ਹਨ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਗੰਨਾ ਤਾਂ ਰੁਲਦਾ ਰਹੇ ਪਰ ਖੰਡ ਮਿਲੇ ਨਾ, ਇਹ ਕੋਈ ਚੰਗੀ ਗੱਲ ਨਹੀਂ ।

ਫਿਰ ਚੇਅਰਮੈਨ ਸਾਹਿਬ, ਮੈਂ ਨਰਮੇ ਦੀ ਗੱਲ ਕਰਾਂਗਾ । ਇਕ ਕਾਟਨ ਕਾਰਪੋਰੇਸ਼ਨ ਆਫ਼ ਇੰਡੀਆ ਬਣਾਈ ਗਈ ਹੈ ਜਿਸ ਨੇ ਕਿ ਨਰਮੇ ਦੇ ਭਾਅ ਕਾਫੀ ਠੀਕ ਕੀਤੇ ਹਨ ਪਰ ਉਹ ਸਹੀ ਅਮਲ ਵਿਚ ਨਹੀਂ ਆ ਰਹੇ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਜ਼ਿਲ੍ਹੇ ਵਿਚ ਖੰਨਾ ਮੰਡੀ ਹੈ ਉਥੇ ਨਰਮਾ ਬਹੁਤ ਪੈਦਾ ਹੁੰਦਾ ਹੈ ਉਹ ਵੀ ਕਾਟਨ ਕਾਰਪੋਰੇਸ਼ਨ ਨੂੰ ਲੈ ਲੈਣਾ ਚਾਹੀਦਾ ਹੈ ਤਾਂ ਕਿ ਜ਼ਿਮੀਂਦਾਰਾਂ ਨੂੰ ਤਸੱਲੀ ਹੋਵੇ ਕਿ ਜਿਹੜਾ ਸਾਡਾ ਨਰਮਾ ਹੈ ਉਹ ਕਾਟਨ ਕਾਰਪੋਰੇਸ਼ਨ ਨੇ ਖਰੀਦਣਾ ਹੈ ਅਤੇ ਇਸ ਦਾ ਭਾਅ ਠੀਕ ਤਰੀਕੇ ਨਾਲ ਸਾਨੂੰ ਮਿਲੇਗਾ। (ਘੰਟੀ) (ਵਿਘਨ) ਚੇਅਰਮੈਨ ਸਾਹਿਬ, ਮੈਂ ਤਾਂ ਹਾਲੇ ਸ਼ੁਰੂ ਹੀ ਕੀਤਾ ਹੈ। (ਘੰਟੀ) (ਵਿਘਨ) ਬੱਸ ਜੀ ਮੈਂ ਇਕ ਦੋ ਗੱਲਾਂ ਕਹਿ ਕੇ ਹੀ ਖ਼ਤਮ ਕਰ ਦਿਆਂਗਾ।

ਚੇਅਰਮੈਨ ਸਾਹਿਬ, ਇਥੇ ਸਾਡੇ ਟਰਾਂਸਪੋਰਟ ਮਨਿਸਟਰ ਸਾਹਿਬ ਨੇ ਇਕ ਬਿਆਨ ਦਿਤਾ ਸੀ ਅਤੇ ਮੈਂ ਸਮਝਦਾ ਹਾਂ ਕਿ ਉਹ ਬਿਆਨ ਇਕ ਐਸਾ ਬਿਆਨ ਸੀ ਜਿਸ ਤੋਂ ਸਾਨੂੰ ਸਭ ਨੂੰ ਸੰਤੁਸ਼ਟ ਹੋਣਾ ਚਾਹੀਦਾ ਸੀ ਅਤੇ ਇਕਠੇ ਹੋ ਕੇ ਇਸ ਪਾਸੇ ਵੱਲ ਤੁਰ ਪੈਣਾ ਚਾਹੀਦਾ ਸੀ ਕਿ ਟਰਾਂਸਪੋਰਟ ਦੇ ਮਹਿਕਮੇ ਨੂੰ ਓਵਰਹਾਲ ਕਰੀਏ ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਕਈਆਂ ਨੇ ਇਥੇ ਕਿਹਾ ਕਿ ਇਹ ਮਨਿਸਟਰ ਸਾਹਿਬ ਨਾਅਹਿਲ ਹਨ, ਕਈਆਂ ਨੇ ਇਹ ਖਿਆਲ ਜ਼ਾਹਰ ਕੀਤਾ ਕਿ ਇਹ ਸ਼ਾਇਦ ਡੀਨੈਸ਼ਨੇਲਾਈਜ਼ ਕਰਨ ਵਾਲੇ ਪਾਸੇ ਤੁਰ ਪਏ ਹਨ। ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਡੀਨੈਸ਼ਨੇਲਾਈਜ਼ ਵੱਲ ਨੂੰ ਨਹੀਂ ਤੁਰੇ ਬਲਕਿ ਨੈਸ਼ਨੇਲਾਈ-ਜੇਸ਼ਨ ਜ਼ਰੂਰ ਕਰਾਂਗੇ। ਲੇਕਿਨ ਕਦੇ ਪੈਪਸੂ ਰੋਡਵੇਜ਼ ਵਿਚ ਹੜਤਾਲ, ਕਦੇ ਪੰਜਾਬ ਰੋਡਵੇਜ਼ ਵਿਚ ਹੜਤਾਲ ਹੋ ਜਾਂਦੀ ਹੈ, ਅਸੀਂ ਇਨ੍ਹਾਂ ਹੜਤਾਲਾਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਮੈਂ ਸਮਝਦਾ ਹਾਂ ਕਿ ਟਰਾਂਸਪੋਰਟ ਮਨਿਸਟਰ ਸਾਹਿਬ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਕਿ ਟਰਾਂਸਪੋਰਟ ਡੀਪਾਰਟਮੈਂਟ ਨੂੰ ਹੱਥ ਪਾਇਆ ਹੈ ਅਤੇ ਬੜੀ ਚੰਗੀ ਤਰ੍ਹਾਂ ਹੱਥ ਪਾਇਆ ਹੈ। (ਘੰਟੀ) (ਮਰਜ਼ੀ ਸਾਹਿਬ ਵੱਲੋਂ ਵਿਘਨ)

ਫਿਰ ਚੇਅਰਮੈਨ ਸਾਹਿਬ, ਇਕ ਗੱਲ ਹੋਰ ਮੈਂ ਲੋਕਾਂ ਦੀ ਸਿਹਤ ਬਾਰੇ ਕਹਿ ਕੇ ਖ਼ਤਮ ਕਰ ਦਿੰਦਾ ਹਾਂ। ਸਰਕਾਰ ਨੂੰ ਲੋਕਾਂ ਦੀ ਸਿਹਤ ਦੀ ਜ਼ਰੂਰਤ ਹੁੰਦੀ ਹੈ। ਤੁਸੀਂ ਦੇਖਿਆ ਹੋਣਾ ਹੈ ਕਿ ਬਾਹਰਲ ਮੁਲਕਾਂ ਵਿਚ ਲੋਕਾਂ ਤੋਂ ਹੈਲਥ ਸੈਸ ਲਿਆ ਜਾਂਦਾ ਹੈ। ਮੇਰਾ ਖਿਆਲ ਹੈ ਕਿ ਜੇ ਇਥੇ ਪੰਜਾਬ ਵਿਚ ਵੀ ਲੋਕਾਂ ਨੂੰ ਹਸਪਤਾਲਾਂ ਵਿਚ ਇਲਾਜ ਮੁਫ਼ਤ ਮਿਲੇ, ਹੋਰ ਸਿਹਤ ਨੂੰ ਕਾਇਮ ਰੱਖਣ ਵਾਸਤੇ ਮੈਡੀਕਲ ਫੈਸਿਲੀਟੀਜ਼ ਮਿਲਣ ਤਾਂ ਜੇ ਇਥੇ ਵੀ ਮੈਡੀਕਲ ਸੈਸ ਅਗਰ ਲਾਇਆ ਜਾਵੇ ਤਾਂ ਇਹ ਕੋਈ ਮਾੜੀ ਗੱਲ ਨਹੀਂ। ਸਾਡੇ ਪੰਜਾਬ ਵਿਚ ਦੋ ਮੈਡੀਕਲ ਕਾਲਜ, ਦਿਆਨੰਦ ਮੈਡੀਕਲ ਕਾਲਜ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ, ਨੂੰ ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਇਥੇ ਕਿਹਾ ਹੈ ਕਿ ਉਹ ਲੈ ਲੈਣੇ ਹਨ, ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੇ ਲੈਣ ਨਾਲ ਮੈਡੀਕਲ ਐਜੂਕੇਸ਼ਨ ਜਿਹੜੀ ਹੈ ਉਹ ਬੜੀ ਚੰਗੀ ਹੋ ਜਾਵੇਗੀ। ਲੁਧਿਆਣੇ ਵਿਚ

[ਸਰਦਾਰ ਬੇਅੰਤ ਸਿੰਘ]

ਇਕ ਬਰਾਊਨ ਹਸਪਤਾਲ ਹੈ ਜਿਹੜਾ ਕਿ ਕੋਈ ਬਾਹਰਲਾ ਮੁਲਕ ਰਨ ਕਰਦਾ ਹੈ ਮੈਂ ਸਮਝਦਾ ਹਾਂ ਕਿ ਜੇ ਉਹ ਬਰਾਊਨ ਹਸਪਤਾਲ ਲੁਧਿਆਣੇ ਵਿਚ ਨਾ ਹੋਵੇ ਤਾਂ ਲੋਕਾਂ ਨੂੰ ਬੜੀ ਭਾਰੀ ਤਕਲੀਫ ਹੋਵੇ। ਸੋ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਡੀਕਲ ਐਜੂਕੇਸ਼ਨ ਵੱਲ ਸਾਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਇਨ੍ਹਾਂ ਦੋ ਕਾਲਜਾਂ ਨੂੰ ਲੈਣਾ ਬੜਾ ਜ਼ਰੂਰੀ ਹੈ। ਅਗਰ ਕਾਲਜ ਲੈ ਲਏ ਜਾਣਗੇ ਤਾਂ ਹਰ ਤਰੀਕੇ ਨਾਲ ਮੈਡੀਕਲ ਐਜੂਕੇਸ਼ਨ ਵਿਚ ਤਰੱਕੀ ਹੋ ਸਕਦੀ ਹੈ, ਮੈਡੀਕਲ ਵਿਚ ਤਰੱਕੀ ਹੋ ਸਕਦੀ ਹੈ। ਇਤਨਾ ਕਹਿ ਕੇ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਅਤੇ ਆਪਣੀ ਸੀਟ ਲੈਂਦਾ ਹਾਂ।

ਸਰਦਾਰ ਕਰਨੈਲ ਸਿੰਘ ਮਰੜ੍ਹੀ : (ਜੰਡਿਆਲਾ, ਐਸ. ਸੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾ ਦਿੱਤਾ ਹੈ।

ਸ੍ਰੀ ਸਭਾਪਤੀ : ਟਾਈਮ ਥੋੜਾ ਹੈ, ਇਸ ਲਈ ਜਲਦੀ ਜਲਦੀ ਆਪਣੀ ਗੱਲ ਕਹਿ ਲਓ।
(We have very limited time at our disposal. So please make your point briefly.)

(ਇਸ ਵਕਤ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੈਂ ਚੇਅਰਮੈਨ ਸਾਹਿਬ ਦਾ ਅਤੇ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਮੈਂ ਜਿਹੜਾ ਇਹ ਬਜਟ ਪੇਸ਼ ਹੋਇਆ ਹੈ ਅਤੇ ਜਿਹੜਾ ਅੱਜ ਪਾਸ ਹੋਣਾ ਹੈ ਉਸ ਦੇ ਖਿਲਾਫ ਖੜਾ ਹੋਇਆ ਹਾਂ। ਇਸ ਦੇ ਵਿਚ ਜਿਹੜੀਆਂ ਚੰਗੀਆਂ ਗੱਲਾਂ ਹਨ ਉਹ ਚੰਗੀਆਂ ਕਹਾਂਗਾ ਅਤੇ ਜਿਹੜੀਆਂ ਮਾੜੀਆਂ ਹਨ ਉਹ ਮਾੜੀਆਂ ਕਹਾਂਗਾ। ਸਪੀਕਰ ਸਾਹਿਬ, ਇਹ ਜਿਹੜਾ ਬਜਟ ਹੈ ਇਹ ਕੁਰੱਪਸ਼ਨ ਦਾ ਭਰਿਆ ਹੋਇਆ ਬਜਟ ਹੈ, ਇਹ ਨਿਰਾ ਮਹਿੰਗਾਈ ਨਾਲ ਭਰਿਆ ਹੋਇਆ ਬਜਟ ਹੈ, ਇਸ ਕਰਕੇ ਇਹ ਬਜਟ ਥੋਥਾ ਹੈ ਅਤੇ ਇਸ ਦੇ ਬਾਰੇ ਮੈਂ ਤੁਹਾਡੇ ਰਾਹੀਂ ਕੁਝ ਬੇਨਤੀਆਂ ਕਰਨਾ ਚਾਹੁੰਦਾ ਹਾਂ।

ਸਪੀਕਰ ਸਾਹਿਬ, ਇਹ ਜਿਹੜਾ ਅੱਜ ਐਪਰੋਪਰੀਏਸ਼ਨ ਬਿੱਲ ਪਾਸ ਕਰਨ ਲੱਗੇ ਹਨ ਇਸ ਦੇ ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਇਹ ਲੋਕ ਭਲਾਈ ਦਾ ਬਜਟ ਹੈ। ਮੈਂ ਸਮਝਦਾ ਹਾਂ ਕਿ ਇਹ ਲੋਕ ਭਲਾਈ ਵਾਸਤੇ ਨਹੀਂ ਇਹ ਲੋਕਾਂ ਦਾ ਖੂਨ ਚੂਸਣ ਵਾਸਤੇ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਚੀਜ਼ ਲੋਕੀਂ ਮੰਗਦੇ ਹਨ ਤਾਂ ਉਥੇ 44 ਲਗ ਜਾਂਦੀ ਹੈ ਅਤੇ ਸਪੀਕਰ ਸਾਹਿਬ, ਜਦੋਂ 44 ਲਗ ਜਾਂਦੀ ਹੈ ਤਾਂ ਫਿਰ 44 ਦੇ ਵਿਚ ਲੋਕਾਂ ਤੇ ਲਾਠੀ ਚਾਰਜ ਹੁੰਦੀ ਹੈ।

ਸਪੀਕਰ ਸਾਹਿਬ, ਲੋਕਾਂ ਤੇ ਟੀਅਰ ਗੈਸ ਛੱਡੀ ਜਾਂਦੀ ਹੈ, ਲੋਕਾਂ ਤੇ ਗੋਲੀਆਂ ਚਲਾਈਆਂ ਜਾਂਦੀਆਂ ਹਨ ਇਸ ਗੱਲ ਦਾ ਇਤਿਹਾਸ ਗਵਾਹ ਹੈ। ਤੁਸੀਂ ਕਈ ਥਾਵਾਂ ਬਾਰੇ ਸੁਣਿਆ ਹੋਣਾ ਹੈ ਜਗਰਾਉਂ ਵਿਚ, ਮੋਗੇ ਵਿਚ ਸੁਨਾਮ ਵਿਚ ਕਿਸ ਤਰ੍ਹਾਂ ਗੋਲੀਆਂ ਚਲਾਈਆਂ। ਇਹ ਬੜੀ ਮਾੜੀ ਗੱਲ ਹੈ। ਸਪੀਕਰ ਸਾਹਿਬ, ਨਾਲੇ ਇਹ ਦਫਾ 144 ਬੰਦ ਕਰ ਦਿੰਦੇ ਹਨ ਫਿਰ ਜਦੋਂ ਇਨ੍ਹਾਂ ਮਗਰ ਲੋਕੀਂ ਪੈ ਜਾਂਦੇ ਹਨ ਫਿਰ 144 ਲਾ ਦਿੰਦੇ ਹਨ। ਇਹ ਲੋਕ ਵਿਰੋਧੀ ਚੀਜ਼ ਹੈ ਇਹ ਇਸ ਗੌਰਮਿੰਟ ਨੂੰ ਬੰਦ ਕਰਨੀ ਚਾਹੀਦੀ ਹੈ।

ਸ੍ਰੀ ਸਪੀਕਰ : ਮਰੜ੍ਹੀ ਸਾਹਿਬ, ਰੈਪੀਟੀਸ਼ਨ ਨਾ ਕਰੋ, ਕੋਈ ਨਵੀਂ ਗੱਲ ਦੱਸੋ। (ਵਿਘਨ)
(Marhari Sahib, no repetition please. Give some new suggestion.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਹੁਣ ਮੈਂ ਬੱਸਾਂ ਦਾ ਮਸਲਾ ਲੈਂਦਾ ਹਾਂ। ਸਾਡੀਆਂ ਬੱਸਾਂ ਅਤੇ ਹਰਿਆਣਾ ਦੀਆਂ ਬੱਸਾ ਵਿਚ ਇਤਨਾ ਫਰਕ ਹੈ, ਬੀਬੀਆਂ ਮਹਿਸੂਸ ਨਾ ਕਰਨ, ਜਿਤਨਾ ਸ਼ਹਿਰ ਦੀ ਨੌਜਵਾਨ ਲੇਡੀ ਦਾ ਅਤੇ ਪਿੰਡ ਦੀ ਗਰੀਬ ਬੀਬੀ ਦਾ ਹੈ ।

ਸਪੀਕਰ ਸਾਹਿਬ, ਇਕ ਗੱਲ ਮੈਂ ਐਜੂਕੇਸ਼ਨ ਬਾਰੇ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਐਜੂਕੇਸ਼ਨ ਦੀ ਤਰੱਕੀ ਵਾਸਤੇ ਜਿਹੜਾ ਪੈਸਾ ਰੱਖਿਆ ਹੈ ਉਸ ਵਿਚ ਗਰੀਬਾਂ ਨਾਲ ਬੜਾ ਧੱਕਾ ਹੋ ਰਿਹਾ ਹੈ। ਇਹ ਕਹਿੰਦੇ ਹਨ ਕਿ ਜਿਹੜੇ ਛੋਟੇ ਸਕੂਲ ਹਨ ਸਿਰਫ ਉਥੇ ਹੀ ਗਰੀਬਾਂ ਦੇ ਬਚੇ ਜਾਣ। ਮੈਂ ਇਕ ਸੁਝਾਵ ਦੇਣਾ ਚਾਹੁੰਦਾ ਹਾਂ। ਜਿਹੜੇ ਮਾਸਟਰ ਔਰ ਮਾਸਟਰਾਣੀਆਂ ਪੜ੍ਹਾਉਂਦੇ ਹਨ ਉਹ ਆਪਣੇ ਨਾਲ ਸਕੂਲਾਂ ਵਿਚ ਅੱਤਾ ਲੈ ਕੇ ਜਾਂਦੀਆਂ ਹਨ। ਉਹ ਉਥੇ ਬਚਿਆਂ ਨੂੰ ਪੜ੍ਹਾਈ ਨਹੀਂ ਕਰਾਉਂਦੇ ਅਤੇ ਮਾਸਟਰਾਣੀਆਂ ਆਪਣਾ ਕਸੀਦਾ ਕੱਢਦੀਆਂ ਰਹਿੰਦੀਆਂ ਹਨ ਅਤੇ ਮਾਸਟਰ ਮੇਜ਼ ਤੇ ਲਤਾਂ ਰੱਖੀ ਮਜ਼ਾਕ ਕਰਦੇ ਰਹਿੰਦੇ ਹਨ। ਉਹ ਅੱਤਾ ਬੰਦ ਹੋਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਗੱਲ ਦਾ ਤਾਂ ਤੁਹਾਨੂੰ ਪਤਾ ਹੀ ਹੈ। ਸਾਡੇ ਦੇਸ਼ ਵਿਚ ਕੀ ਹੋ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਅੱਜ ਗਰੀਬਾਂ ਦੇ ਗਲੇ ਘੁੱਟੇ ਜਾ ਰਹੇ ਹਨ। ਇਤਨੀ ਬੇਚੈਨੀ ਫੈਲੀ ਹੋਈ ਹੈ ਕਿ ਇਹ ਲੋਕ ਦੇਸ਼ ਨੂੰ ਪੁਠੇ ਰਸਤੇ ਵੱਲ ਲਿਜਾ ਰਹੇ ਹਨ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਜੇ ਕੋਈ ਕਿਸਾਨ ਤੇਲ ਮੰਗਦਾ ਹੈ ਤਾਂ ਉਸ ਦੇ ਮਗਰ ਇੰਨੀਂ ਪੁਲੀਸ ਰਹਿੰਦੀ ਹੈ ਜਿੰਨੀਂ ਕਿਸੇ ਵਜ਼ੀਰ ਦੇ ਮਗਰ। ਮੈਂ ਕਹਿੰਦਾ ਹਾਂ ਕਿ ਕੋਈ ਸਪੈਸ਼ਲ ਪੁਲੀਸ ਲਾ ਦੇਣ ਅਗਰ ਇਨ੍ਹਾਂ ਹਰੀਜਨਾਂ ਅਤੇ ਕਿਸਾਨਾਂ ਮਗਰ ਰਖਣੀ ਹੈ। ਸਰਕਾਰ ਦਾ ਕੰਮ ਲਾਠੀਆਂ ਚਲਾਉਣਾ, ਗੋਲੀਆਂ ਚਲਾਉਣਾ, ਬੇਈਮਾਨੀ, ਕੁਰਪਸ਼ਨ, ਕੁੰਨਬਾ ਪਰਵਰੀ ਕਰਨਾ ਹੈ। ਇਹ ਰਾਜ ਆ ਗਿਆ ਹੈ ਪੰਜਾਬ ਵਿਚ। ਜਿੰਨਾਂ ਚਿਰ ਇਹ ਸਰਮਾਇਆਦਾਰਾਂ ਨੂੰ ਲਗਾਮ ਨਹੀਂ ਦਿੰਦੇ ਗਰੀਬ ਉਠ ਨਹੀਂ ਸਕਦੇ। ਇਥੇ ਸਾਰਿਆਂ ਨੇ ਹਰੀਜਨਾਂ ਦਾ ਨਾਮ ਲੈ ਲੈ ਕੇ ਕਿਹਾ ਹੈ ਕਿ 25 ਪ੍ਰਤੀਸ਼ਤ ਰੈਜ਼ਰਵੇਸ਼ਨ ਕਰ ਦਿੱਤੀ ਹੈ ਪਰ ਇਹ ਕਾਗਜ਼ਾਂ ਵਿਚ ਹੀ ਹੈ ਇਹ ਬਿਲਕੁਲ ਨਹੀਂ ਮਿਲਦੀ। ਮੈਂ ਕਹਿੰਦਾ ਹਾਂ ਕਿ ਹਰੀਜਨਾਂ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜਿਸ ਦਾ ਚੇਅਰਮੈਨ ਭਾਵੇਂ ਚੌਧਰੀ ਸਾਹਿਬ ਨੂੰ ਬਣਾ ਦੇਣ ਭਾਵੇਂ ਸਰਦਾਰ ਹਰਚੰਦ ਸਿੰਘ ਨੂੰ ਬਣਾ ਦੇਣ ਸਾਨੂੰ ਮਨਜ਼ੂਰ ਹੈ ਤਾਂ ਕਿ ਅਸੀਂ ਆਪਣੇ ਹੱਕਾਂ ਦੀ ਰਾਖੀ ਕਰ ਸਕੀਏ। ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਸਾਡੇ ਸਰਦਾਰ ਹਰਚੰਦ ਸਿੰਘ ਨੂੰ ਅੱਗੇ ਇਕ ਕਮੇਟੀ ਦਾ ਚੇਅਰਮੈਨ ਬਣਾਇਆ ਸੀ ਉਸ ਦੀ ਦਿੱਤੀ ਰਿਪੋਰਟ ਤੇ ਇਸ ਕਰਕੇ ਅਮਲ ਨਹੀਂ ਹੋਇਆ ਕਿਉਂਕਿ ਉਹ ਕਿਸੇ ਗਰੀਬ ਹਰੀਜਨ ਦਾ ਮੁੰਡਾ ਸੀ। ਇਹ ਬੜੀ ਮਾੜੀ ਗੱਲ ਹੈ (ਸ਼ੇਮ-ਸ਼ੇਮ)

(ਇਸ ਵਕਤ ਹਾਊਸ ਵਿਚ ਕਈ ਮੈਂਬਰ ਸਾਹਿਬਾਨ ਬੋਲ ਰਹੇ ਸਨ)

Mr. Speaker: Order please.

ਸਰਦਾਰ ਕਰਨੈਲ ਸਿੰਘ ਮਰੜ੍ਹੀ : ਮੈਂ, ਸਪੀਕਰ ਸਾਹਿਬ, ਕਹਿੰਦਾ ਹਾਂ ਕਿ ਜੇ ਕਰ ਉਹ ਕਿਸੇ ਤਕੜੇ ਆਦਮੀ ਦੀ ਰਿਪੋਰਟ ਹੁੰਦੀ ਤਾਂ ਉਸ ਤੇ ਅਮਲ ਕਰਨਾ ਹੀ ਪੈਣਾ ਸੀ। ਪਬਲਿਕ ਅੰਡਰ ਟੇਕਿੰਗ ਵਿਚ ਡਾਂਗ ਸਾਹਿਬ ਬੜੇ ਤਕੜੇ ਫੈਸਲੇ ਕਰਦੇ ਹਨ। (ਵਿਘਨ) ਮੈਂ, ਸਪੀਕਰ ਸਾਹਿਬ, ਕਹਿੰਦਾ ਹਾਂ ਕਿ ਇਨ੍ਹਾਂ ਨੇ ਹਰੀਜਨਾਂ ਦੀ ਭਲਾਈ ਵਾਸਤੇ ਜਿੰਨੇ ਪੈਸਿਆਂ ਦੀ ਪਰਪੋਜ਼ਲ ਬਣਾਈ ਹੈ ਉਹ ਸਾਰੇ ਪੈਸੇ ਕਮੇਟੀ ਨੂੰ ਦਿਵਾਓ ਤਾਂ ਕਿ ਇਹ ਕਮੇਟੀ ਸਹੀ ਤਰੀਕੇ ਨਾਲ ਵੰਡ ਸਕੇ, ਉਹ ਪੈਸੇ ਕੁਰਪਸ਼ਨ ਵਿਚ ਨਾ ਜਾਣ।

ਇਸ ਤੋਂ ਅੱਗੇ, ਸਪੀਕਰ, ਸਾਹਿਬ ਮੈਂ ਅਰਜ਼ ਕਰਦਾ ਹਾਂ ਕਿ ਅੱਜ ਤੋਂ ਕੋਈ 4-5 ਸਾਲ ਪਹਿਲਾਂ ਲੁਧਿਆਣਾ ਐਗਰੀਕਲਚਰਲ ਯੂਨੀਵਰਸਿਟੀ ਨੇ ਦੱਸਿਆ ਸੀ ਕਿ ਕਿਸਾਨ ਨੂੰ 125 ਰੁਪਏ ਪਰ ਕੁਇੰਟਲ ਉਸ ਦੀ ਕਣਕ ਦੇ ਮਿਲਣੇ ਚਾਹੀਦੇ ਹਨ। ਅੱਜ ਮੈਂ ਕਹਿੰਦਾ ਹਾਂ ਕਿ ਇਸ ਮਹਿੰਗਾਈ ਨੂੰ ਮੁੱਖ ਰੱਖ ਕੇ ਘੱਟ ਤੋਂ

[ਸਰਦਾਰ ਕਰਨੈਲ ਸਿੰਘ ਮਰੜ੍ਹੀ]

ਘੱਟ 130 ਰੁਪਏ ਹੋਣੇ ਚਾਹੀਦੇ ਹਨ। ਸਪੀਕਰ ਸਾਹਿਬ, ਜਿਹੜੇ ਲੋਕ ਗਰੀਬ ਹਨ ਉਨ੍ਹਾਂ ਨੂੰ ਜਿਸ ਤਰ੍ਹਾਂ ਕਸ਼ਮੀਰ ਵਿਚ ਸਸਤੇ ਰੇਟ ਤੇ ਅਨਾਜ ਦਿੱਤਾ ਜਾਂਦਾ ਹੈ ਦਫਾ 170 ਲਾ ਕੇ(ਵਿਘਨ) ਉਸ ਤਰ੍ਹਾਂ ਪੰਜਾਬ ਵਿਚ ਦਫਾ 170 ਲਾ ਕੇ ਗਰੀਬਾਂ ਨੂੰ ਸਸਤਾ ਅਨਾਜ ਦੇਣਾ ਚਾਹੀਦਾ ਹੈ ਤਾਂ ਕਿ ਗਰੀਬ ਚੰਗੀ ਰੋਟੀ ਖਾ ਸਕਣ। ਇਹ ਜਿਹੜੇ ਸਰਮਾਇਆਦਾਰ ਹਨ ਇਹ ਗਰੀਬਾਂ ਅਤੇ ਕਿਸਾਨਾਂ ਨੂੰ ਪਾੜਨ ਦੀ ਕੋਸ਼ਿਸ਼ ਕਰਦੇ ਹਨ (ਵਿਘਨ)

ਇਕ ਹੋਰ ਬੇਨਤੀ ਇਹ ਹੈ ਕਿ ਅੰਮ੍ਰਿਤਸਰ ਵਿਚ ਇਲੈਕਸ਼ਨਾਂ ਹੋ ਰਹੀਆਂ ਹਨ। ਉਥੇ ਮੈਂ ਕਿਤੇ ਗਿਆ ਅਤੇ ਉਥੇ ਲੋਕਾਂ ਨੂੰ ਪਤਾ ਨਹੀਂ ਸੀ ਕਿ ਮੈਂ ਵੀ ਅਸੈਂਬਲੀ ਦਾ ਮੈਂਬਰ ਹਾਂ। (ਵਿਘਨ) (ਸ਼ੋਰ) ਉਹ ਕਹਿੰਦੇ ਸਨ ਕਿ ਸਾਨੂੰ ਠੀਕ ਰਾਸ਼ਨ ਉਦੋਂ ਮਿਲਦਾ ਹੈ ਜਦੋਂ ਕੋਈ ਵਜ਼ੀਰ ਮਰ ਜਾਵੇ ਜਾਂ ਅਸੈਂਬਲੀ ਦਾ ਕੋਈ ਮੈਂਬਰ ਮਰ ਜਾਵੇ ਅਤੇ ਦੋਬਾਰਾ ਇਲੈਕਸ਼ਨਾਂ ਹੋਣ। (ਵਿਘਨ) ਇਸ ਕਰਕੇ ਮੈਂ ਕਹਾਂਗਾ ਕਿ ਅਗਰ ਇਸ ਮਹਿੰਗਾਈ ਵਿਚ ਕਿਸੇ ਵਜ਼ੀਰ ਦੇ ਮਰਨ ਨਾਲ ਲੋਕਾਂ ਨੂੰ ਰਾਸ਼ਨ ਦੀ ਸਪਲਾਈ ਠੀਕ ਮਿਲਦੀ ਹੈ..(ਵਿਘਨ) (ਸ਼ੋਰ)

ਸ੍ਰੀ ਸਪੀਕਰ: ਮਰੜ੍ਹੀ ਜੀ, ਸੁਖ ਮੰਗੋ ਸੁਖ.. (ਵਿਘਨ) **(Pray for the welfare of mankind)**

ਸਰਦਾਰ ਕਰਨੈਲ ਸਿੰਘ ਮਰੜ੍ਹੀ: ਮੈਂ ਨਹੀਂ ਕਹਿੰਦਾ ਇਹ ਲੋਕ ਕਹਿੰਦੇ ਹਨ (ਵਿਘਨ) ਅਗਰ ਕੋਈ ਲੋਕਾਂ ਦਾ ਹਿੱਤ ਹੁੰਦਾ ਹੈ ਤਾਂ ਮੈਂ ਆਪ ਮਰਨ ਨੂੰ ਤਿਆਰ ਹਾਂ (ਵਿਘਨ) ਮੈਂ ਕਹਿੰਦਾ ਹਾਂ ਕਿ ਅਗਰ ਇਹ 12 ਵਜ਼ੀਰ ਮਰਨ ਤਾਂ ਲੋਕਾਂ ਨੂੰ ਸਸਤਾ ਅਨਾਜ ਮਿਲ ਸਕੇ .. (ਵਿਘਨ) (ਸ਼ੋਰ)

ਸਿਖਿਆ ਮੰਤਰੀ: (ਚੌਧਰੀ ਗੁਰਮੇਲ ਸਿੰਘ) ਮਿਸਾਲ ਕਾਇਮ ਕਰੋ, ਜ਼ਰਾ ਮਰ ਕੇ ਦਿਖਾਓ .. (ਵਿਘਨ)

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਇਨ੍ਹਾਂ ਵਿਚੋਂ ਕਿਹੜੇ ਸਰਮਾਇਦਾਰ ਵਜ਼ੀਰ ਹਨ। ਸਾਡੇ ਗਰੀਬ ਪਰਿਵਾਰਾਂ ਵਿਚੋਂ ਮਾਸਟਰ ਜੀ ਅਤੇ ਚੌਧਰੀ ਸਾਹਿਬ (ਵਿਘਨ) ਸਪੀਕਰ ਸਾਹਿਬ, ਉਚਿਆਂ ਵਿਚੋਂ ਯਾਨੀ ਜਟਾਂ ਵਿਚੋਂ ਲੈ ਲਵੋ ਇਹ ਬੈਠੇ ਹਨ, ਉਹ ਬੈਠੇ ਹਨ (ਵਿਘਨ) (ਟਰੱਯ਼ਰੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ।) ਸਿਖਿਆ ਸਾਹਿਬ ਹਨ, ਸਰਦਾਰ ਗੁਰਦਰਸ਼ਨ ਸਿੰਘ, ਸਰਦਾਰ ਉਮਰਾਓ ਸਿੰਘ, ਬੀਬੀ ਗੁਰਬਰਿੰਦਰ ਕੌਰ। ਬੀਬੀ ਸਾਡੀ ਧੀ ਭੈਣ ਹੈ, ਚੰਗਾ ਹੈ, ਚੰਗੀ ਰੋਟੀ ਖਾਣ, ਪਰ ਇਨ੍ਹਾਂ ਨੂੰ ਤਾਂ ਪਤਾ ਹੀ ਨਹੀਂ ਹੁੰਦਾ ਕਿ ਕਿੰਨਾ ਨਰਮਾ ਹੋਇਆ ਹੈ। ਚੌਧਰੀ ਬਲਰਾਮ ਜੀ ਬੈਠੇ ਹਨ, ਸਾਡੇ ਭਰਾ ਹਨ ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਕਿਨੀਂ ਜ਼ਮੀਨ ਹੈ। ਇਹ ਕਹਿੰਦੇ ਹਨ ਕਿ ਅਸੀਂ ਸਮਾਜਵਾਦ ਲਿਆਉਣਾ ਹੈ, ਕੀ ਇਸ ਤਰੀਕੇ ਨਾਲ ਸਮਾਜਵਾਦ ਲਿਆਉਣਗੇ? ਇਨ੍ਹਾਂ ਨੇ ਸਮਾਜਵਾਦ ਨਹੀਂ ਲਿਆਉਣਾ

ਸਰਦਾਰ ਦਿਲਬਾਗ ਸਿੰਘ: ਸਪੀਕਰ ਸਾਹਿਬ ਮੈਂ ਇਕ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ। ਇਕ ਤਾਂ ਕੁਰੱਪਸ਼ਨ ਦੀ ਗੱਲ ਕੀਤੀ ਹੈ ਔਰ ਇਕ ਇਨ੍ਹਾਂ ਨੇ ਸਮਾਜਵਾਦ ਦੀ ਗੱਲ ਕੀਤੀ ਹੈ। ਇਹ ਜਿਸ ਵੇਲੇ ਅਕਾਲੀ ਦੱਲ ਨੂੰ ਛੱਡ ਕੇ ਗਿੱਲ ਦੀ ਸਰਕਾਰ ਵਿਚ ਆਏ ਸਨ ਤਾਂ ਕੀ ਇਹ ਕਰੱਪਸ਼ਨ ਨਹੀਂ ਸੀ ? ਕੀ ਇਹ ਪੁਲੀਟੀਕਲ ਕੁਰੱਪਸ਼ਨ ਸੀ ਜਾਂ ਸਮਾਜਵਾਦ ?

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਜਾਣਦਾ ਹਾਂ ਕਿ ਇਹ ਕਿਤਨਾ ਕੁ ਇਮਾਨਦਾਰ ਬੰਦਾ ਹੈ। (ਥੰਪਿੰਗ) (ਵਿਘਨ) ਸਪੀਕਰ ਸਾਹਿਬ, ਇਹ ਵੋਟ ਲੈਣ ਵਾਸਤੇ, ਟਾਈਮ ਲੈਣ ਵਾਸਤੇ ਬੱਸਾਂ ਦੇ, ਲੱਕੜੀ ਦੀ ਟੁਟੀ ਹੋਈ ਮੰਜੀ ਤੇ ਆ ਕੇ ਬੈਠਦਾ ਹੁੰਦਾ ਸੀ। (ਘੰਟੀ) ਸਪੀਕਰ ਸਾਹਿਬ ਹੁਣ ਮੈਂ ਸੜਕਾਂ ਦੇ ਬਾਰੇ ਕਹਿਣਾ ਹੈ। ਸੜਕਾਂ ਤਾਂ ਬਹੁਤ ਬਣੀਆਂ ਹਨ। ਪਰ ਇਸ ਦਾ ਕਰੈਡਿਟ ਇਨ੍ਹਾਂ ਨੂੰ ਨਹੀਂ ਜਾਂਦਾ ਇਹ ਤਾਂ ਸਰਦਾਰ ਲਛਮਣ ਸਿੰਘ ਗਿੱਲ ਨੂੰ ਜਾਂਦਾ ਹੈ।

ਸਰਦਾਰ ਦਿਲਬਾਗ ਸਿੰਘ : * * * * * *

ਸ੍ਰੀ ਸਪੀਕਰ: ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ । (This is not a point of order).

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਪੀਕਰ ਸਾਹਿਬ, ਮੈਂ ਗੱਲ ਵਧਾਉਣੀ ਨਹੀਂ ਚਾਹੁੰਦਾ । ਅਸੀਂ ਇਨ੍ਹਾਂ ਨੂੰ 17 ਆਦਮੀਆਂ ਨੇ * * * * * * । (ਥੰਪਿੰਗ) (ਵਿਘਨ)

ਸ੍ਰੀ ਸਪੀਕਰ : ਜੋ ਮਰੜ੍ਹੀ ਸਾਹਿਬ ਨੇ ਹੁਣ ਸ਼ਬਦ ×× ਕਿਹਾ ਹੈ ਉਹ ਐਕਸਪੰਜ ਕਰ ਦਿੱਤਾ ਜਾਵੇ । (The words **used by Shri Marhari should be expunged)

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਪੀਕਰ ਸਾਹਿਬ, ਮੇਰਾ ਸਾਰਾ ਟਾਈਮ ਇਸ ਤਰ੍ਹਾਂ ਹੀ ਇਨ੍ਹਾਂ ਨੇ ਲੈ ਲਿਆ ਹੈ । (ਵਿਘਨ) ਇਸ ਲਈ ਮੈਨੂੰ ਬੋਲਣ ਦਿਓ ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਮੁਹਾਵਰਾ ਹੈ * * * * * * ਇਸ ਲਈ ਇਹ ਮੁਹਾਵਰਾ ਕਾਰਵਾਈ ਵਿਚ ਰਹਿਣ ਦੇਣਾ ਚਾਹੀਦਾ ਹੈ।

ਸ੍ਰੀ ਸਪੀਕਰ: ਪਰ ਇਹ ਮੈਂਬਰਜ਼ ਤੇ ਐਸਪਰਸ਼ਨ ਹੈ । ਇਸ ਲਈ ਐਕਸਪੰਜ ਕਰ ਦਿੱਤੇ ਜਾਣ (This is an aspersion on the Members. It should be expunged.)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਇਹ ਕਿਸੇ ਤੇ ਐਸਪਰਸ਼ਨ ਨਹੀਂ ਹੈ ਜਿਸ ਤੇ ਐਸਪਰਸ਼ਨ ਹੈ ਉਹ ਦੱਸ ਦੇਵੇ ।

ਮਾਲ ਮੰਤਰੀ : ਸਪੀਕਰ ਸਾਹਿਬ, ਜੋ ਕੁਝ ਤਾਂ ਇਨ੍ਹਾਂ ਨੇ ਆਪਣੇ ਬਾਰੇ ਕਿਹਾ ਹੈ ਉਹ ਤਾਂ ਬੇਸ਼ਕ ਕਾਇਮ ਰੱਖੋ ਪਰ ਜਿਹੜਾ ਦੂਜਿਆਂ ਬਾਰੇ ਹੈ ਉਹ ਕਾਰਵਾਈ ਵਿਚੋਂ ਕਢਵਾ ਦੇਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਮਰੜ੍ਹੀ ਸਾਹਿਬ, ਤੁਸੀਂ ਬੈਠੋ । (Marhari Sahib, please resume your seat.)

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਪੀਕਰ ਸਾਹਿਬ, ਮੇਰਾ ਟਾਈਮ ਇਨ੍ਹਾਂ ਨੇ ਖਰਾਬ ਕਰ ਦਿੱਤਾ ਹੈ ਇਸ ਲਈ ਮੈਨੂੰ ਬੋਲਣ ਦਿਓ, ਨਹੀਂ ਤਾਂ ਮੈਂ ਵਾਕਆਊਟ ਕਰ ਜਾਵਾਂਗਾ । (ਹਾਸਾ) ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸ਼ਹਿਰਾਂ ਵਿਚ ਡੀਪੂ ਖੋਲੇ ਹੋਏ ਹਨ ਪਰ ਪਿੰਡਾਂ ਦੇ ਗਰੀਬ ਲੋਕਾਂ ਦੀ ਹਾਲਤ ਬਹੁਤ ਮਾੜੀ ਹੈ।

EXTENSION OF TIME OF THE SITTING

ਸ੍ਰੀ ਸਪੀਕਰ: ਕਿਉਂਕਿ ਹਾਊਸ ਦਾ ਟਾਈਮ ਡੇਢ ਵਜੇ ਤੱਕ ਸੀ ਔਰ ਇਕ ਵਜੇ ਗਿਲੋਟੀਨ ਲਗਾਣਾ ਸੀ । ਹੁਣ ਇਕ ਵੱਜਣ ਵਾਲਾ ਹੈ, ਇਸ ਕਰਕੇ ਮੈਂ ਬੇਨਤੀ ਕਰਾਂਗਾ ਜੇਕਰ ਹਾਊਸ ਸਹਿਮਤ ਹੋਵੇ ਤਾਂ ਹਾਊਸ ਦਾ ਸਮਾਂ ਅੱਧੇ ਘੰਟੇ ਲਈ ਵਧਾ ਦਿੱਤਾ ਜਾਵੇ ।

(**ਆਵਾਜ਼ਾਂ** : ਠੀਕ ਹੈ ਜੀ, ਠੀਕ ਹੈ ਜੀ ।)

ਹਾਊਸ ਦਾ ਸਮਾਂ ਅੱਧੇ ਘੰਟੇ ਲਈ ਵਧਾ ਦਿੱਤਾ ਜਾਂਦਾ ਹੈ । (The time of the House is upto 1.30 P. M. and Guillotine is to be applied at 1.00 P. M. Now that it is

---

*Expunged as ordered by the Chair.

[ਸ੍ਰੀ ਸਪੀਕਰ]

nearly 1.00 P. M., I request that if the House agrees, the time of the sitting be extended by half an hour. (Voices: Yes, Yes.)

The time of the sitting is extended by half an hour.)

THF PUNJAB APPROPRIATION (No. 2) BILL, 1974

(*Resumption of Consideration*)

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਪੀਕਰ ਸਾਹਿਬ, ਸਾਰੇ ਡਿਪੂ ਸ਼ਹਿਰਾਂ ਵਿਚ ਹੀ ਹਨ। ਪਿੰਡਾਂ ਵਿਚ ਆਟਾ ਦੋ ਰੁਪਈਏ ਇਹ ਲੋਕ ਵੇਚਦੇ ਹਨ। (ਵਿਘਨ) ਇਹ ਸਰਕਾਰ ਦਾ ਕੰਮ ਹੈ ਕੰਟਰੋਲ ਕਰਨਾ। ਇਸ ਲਈ ਡਿਪੂ ਕਿਤੇ ਖੋਲ੍ਹ ਦੇਣੇ ਬੜੀ ਗਲ ਨਹੀਂ ਹੈ। ਇਨ੍ਹਾਂ ਨੂੰ, ਬਲੈਕੀਆਂ ਨੂੰ, ਨੱਥ ਪਾਉਣੀ ਚਾਹੀਦੀ ਹੈ। ਅੱਜ ਹਰ ਚੀਜ਼ ਬਲੈਕ ਵਿਚ ਵਿਕਦੀ ਹੈ, ਬਲੈਕੀਆਂ ਨੂੰ ਫੜਨਾ ਚਾਹੀਦਾ ਹੈ ਤਾਂ ਕਿ ਪੰਜਾਬ ਖੁਸ਼ਹਾਲ ਹੋ ਸਕੇ। ਪਰ ਇਹ ਫੜਦੇ ਨਹੀਂ ਕਿਉਂਕਿ ਇਸ ਵਿਚ ਵਜ਼ੀਰਾਂ ਦੀ ਵੀ ਸਾਂਝ ਹੈ। ਇਸ ਕਰਕੇ ਉਹ ਗਰੀਬਾਂ ਵਲ ਧਿਆਨ ਨਹੀਂ ਦਿੰਦੇ। (ਘੰਟੀ)

ਸਪੀਕਰ ਸਾਹਿਬ, ਹੁਣ ਬੱਸ ਮੈਂ ਥੋੜ੍ਹਾ ਜਿਹਾ ਧਰਮਸ਼ਾਲਾਵਾਂ ਦੇ ਬਾਰੇ ਕਹਿਣਾ ਹੈ। ਜਿਹੜੀਆਂ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਬਣ ਰਹੀਆਂ ਹਨ, ਉਨ੍ਹਾਂ ਲਈ ਸੀਮਿੰਟ ਨਹੀਂ ਮਿਲਦਾ, ਇੱਟਾਂ ਨਹੀਂ ਮਿਲ-ਦੀਆਂ। ਇਸ ਲਈ ਉਨ੍ਹਾਂ ਬਾਰੇ ਬੜੀ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਲਈ ਮੈਂ ਸਰਕਾਰ ਨੂੰ ਸੁਝਾਓ ਦਿੰਦਾ ਹਾਂ ਕਿ ਹਰੀਜਨਾਂ ਦੀ ਇਕ ਕਮੇਟੀ ਬਣਾ ਦਿਤੀ ਜਾਵੇ, ਉਸ ਨੂੰ ਇਖਤਿਆਰ ਦੇ ਦਿੱਤਾ ਜਾਵੇ, ਸੀਮਿੰਟ ਨੂੰ ਅਲਾਟ ਕਰਨ ਦਾ ਤਾ ਕਿ ਧਰਮਸ਼ਾਲਾਵਾਂ ਦਾ ਕੰਮ ਹੋ ਸਕੇ। ਜੇਕਰ ਸਮਾਜਵਾਦ ਲਿਆਉਣਾ ਹੈ ਤਾਂ ਕੋਠੀਆਂ ਤੋਂ ਹੇਠਾਂ ਪਿੰਡਾਂ ਵਲ ਮੂੰਹ ਕਰੋ। ਗਰੀਬਾਂ ਦੀ ਬੜੀ ਬੁਰੀ ਹਾਲਤ ਹੈ। ਮੈਂ ਤਾਂ ਸਪੀਕਰ ਸਾਹਿਬ, ਕਹਿੰਦਾ ਹਾਂ ਕਿ ਇਹ ਸਰਕਾਰ ਬਿਰਲਿਆਂ ਨੂੰ ਟਾਟਿਆਂ ਨੂੰ ਔਰ ਹੋਰ ਵੱਡਿਆਂ ਵੱਡਿਆਂ ਨੂੰ ਨੱਥ ਪਾਵੇ। ਉਨ੍ਹਾਂ ਤੇ ਸੀਲਿੰਗ ਕਰੋ। ਅਗਰ ਸੀਲਿੰਗ ਨਹੀਂ ਕਰੋਗੇ ਤਾਂ ਜਿਹੜਾ ਗਰੀਬ ਹੈ ਉਹ ਹੋਰ ਗਰੀਬ ਹੁੰਦਾ ਜਾਵੇਗਾ। ਸਪੀਕਰ ਸਾਹਿਬ, ਮੈਂ ਤੁਹਾਡਾ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ ਮੈਂ ਤਾਂ ਇਕ ਹੀ ਬੇਨਤੀ ਕਰਨੀ ਹੈ। ਇਥੇ ਇਹ ਚੀਜ਼ ਚਲੀ ਹੈ ਕਿ ਇੰਗਲੈਂਡ ਵਿਚ ਕਿਸੇ ਵਜ਼ੀਰ ਦੇ ਕਿਸੇ ਕੰਪਨੀ ਵਿਚ ਸ਼ੇਅਰ ਹਨ। ਸਪੀਕਰ, ਸਾਹਿਬ ਇਹ ਪੰਜਾਬ ਦੀ ਮਾਇਆ ਨੂੰ ਲੁੱਟਿਆ ਗਿਆ ਹੈ। ਪੰਜਾਬ ਵਿਚੋਂ ਕੱਢ ਕੇ ਬਾਹਰ ਭੇਜੀ ਗਈ ਹੈ। ਇਸ ਕਰਕੇ ਤੁਸੀਂ ਇਕ ਕਮੇਟੀ ਬਣਾਓ। ਤੁਸੀਂ ਇਸ ਪਾਸੇ ਗੌਰ ਕਰੋ। . . . .

ਸ੍ਰੀ ਸਪੀਕਰ: ਬੱਸ ਕਰੋ, ਮਰੜ੍ਹੀ ਸਾਹਿਬ, ਤੁਸੀ ਤਸ਼ਰੀਫ ਰੱਖੋ। Marhari Sahib, please resume your seat)

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਪੀਕਰ ਸਾਹਿਬ, ਸਿਰਫ ਇਕ ਮਿੰਟ ਹੋਰ ਦਿਓ। ਸਪੀਕਰ ਸਾਹਿਬ, ਕਾਂਗਰਸੀਆਂ ਔਰ ਕਮਿਊਨਿਸਟਾਂ ਦਾ ਲੁੱਟ ਦਾ ਸਮਝੌਤਾ ਹੋਇਆ ਹੋਇਆ ਹੈ। ਇਨ੍ਹਾਂ ਨੇ ਦੋਸਤੀ ਪਾਈ ਹੋਈ ਹੈ ਪਰ ਇਸ ਤਰ੍ਹਾਂ ਕਿਸੇ ਨੂੰ ਰੋਟੀ ਨਹੀਂ ਮਿਲੇਗੀ। ਕਿਸੇ ਨੂੰ ਆਪਣੀ ਅਵਾਜ਼ ਉਠਾਉਣ ਦਾ ਸਮਾਂ ਨਹੀਂ ਮਿਲੇਗਾ। (ਡਾਕਟਰ ਅਮੀਰ ਸਿੰਘ ਕੱਲਕਟ ਵਲੋਂ ਵਿਘਨ) ਜਿਹੜੀ ਗਰੀਬਾਂ ਦੀ ਹਾਲਤ ਹੈ, ਸਪੀਕਰ ਸਾਹਿਬ, ਉਸ ਵਲ ਧਿਆਨ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਤਾਂ ਗਰੀਬ ਆਦਮੀਂ ਮੁਸ਼ਕਲ ਵਿਚ ਪੈ ਜਾਣਗੇ।

Mr. Speaker: Marhari Sahib, please resume your seat.

ਸਰਦਾਰ ਕਰਨੈਲ ਸਿੰਘ ਮਰੜ੍ਹੀ: ਚੰਗਾ ਜੀ ਮਿਹਰਬਾਨੀ।

(ਇਸ ਸਮੇਂ ਭਗਤ ਗੁਰਾਂ ਦਾਸ ਹੰਸ ਜੀ ਬੋਲਣ ਲਈ ਖੜੇ ਹੋਏ)

ਵਿੱਤ ਮੰਤਰੀ: ਸਪੀਕਰ ਸਾਹਿਬ, ਭਗਤ ਜੀ ਨੂੰ ਪੰਜ ਮਿੰਟ ਲਈ ਬੋਲ ਲੈਣ ਦਿਓ।

ਸ੍ਰੀ ਸਪੀਕਰ : ਠੀਕ ਹੈ, ਜੀ, ਤੁਸੀਂ ਪੰਜ ਮਿੰਟ ਲਈ ਬੋਲ ਲਵੋ। (All right, you may please speak for five minutes)

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਜਿਸ ਵੇਲੇ ਐਪ੍ਰੋਪਰੀਏਸ਼ਨ ਬਿੱਲ ਪਾਸ ਹੋਣਾ ਹੋਵੇ ਤਾਂ ਅੱਧਾ ਘੰਟਾਂ ਪਹਿਲਾਂ ਗਿਲੋਟੀਨ ਲਗਣਾ ਚਾਹੀਦਾ ਹੈ। ਇਕ ਵਜੇ ਗਿਲੋਟੀਨ ਲਗਾਉਣਾ ਚਾਹੀਦਾ ਹੈ। ਇਹ ਟਾਈਮ ਐਕਸਟੈਂਡ ਨਹੀਂ ਹੋਣਾ ਚਾਹੀਦਾ।

ਸ੍ਰੀ ਸਪੀਕਰ : ਅਗਰ ਹਾਊਸ ਦੀ ਮਰਜ਼ੀ ਹੋਵੇ ਤਾਂ ਹੋ ਸਕਦਾ ਹੈ। (This can be done if the House so desires)

ਸਰਦਾਰ ਜਸਦੇਵ ਸਿੰਘ ਸੰਧੂ: ਜੇਕਰ ਅੱਧਾ ਘੰਟਾ ਐਕਸਟੈਂਡ ਕੀਤਾ ਹੈ ਤਾਂ ਮਨਿਸਟਰ ਸਾਹਿਬ ਡੀਬੇਟ ਦਾ ਜਵਾਬ ਦੇਣ।

ਸ੍ਰੀ ਸਪੀਕਰ . ਜੇਕਰ ਹਾਊਸ ਦੀ ਕਨਸੈਂਸਸ ਹੈ ਤਾਂ ਹਾਊਸ ਹੋਰ ਐਕਸਟੈਂਡ ਹੋ ਸਕਦਾ ਹੈ। (The time of the House can be extended if the consensus is in its favour)

ਆਵਾਜ਼ਾਂ : ਹਾਂ ਜੀ, ਨਹੀਂ ਜੀ।

ਸ੍ਰੀ ਸਪੀਕਰ : ਮੈਂ ਮਹਿਸੂਸ ਕਰਦਾ ਹਾਂ ਕਿ ਹਾਊਸ ਦੀ ਕਨਸੈਂਸਸ ਐਕਸਟੈਂਡ ਕਰਨ ਦੀ ਹੈ। (I feel that the consensus is for extending the time.)

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਜੇ ਰੂਲਜ਼ ਇਸ ਤਰ੍ਹਾਂ ਰੋਜ਼ ਬਦਲਦੇ ਰਹੇ ਤਾਂ ਇਨ੍ਹਾਂ ਦੀ ਜ਼ਰੂਰਤ ਹੀ ਕੋਈ ਨਹੀਂ।

ਸ੍ਰੀ ਸਪੀਕਰ : ਜੇ ਹਾਊਸ ਦੀ ਕਨਸੈਂਸਸ ਨਹੀਂ ਹੈ ਤਾਂ ਠੀਕ ਹੈ ਗਿਲੋਟੀਨ ਅਪਲਾਈ ਕੀਤਾ ਜਾਵੇਗਾ। (If this is not the consensus then the guillotine will be applied.)

ਮਾਲ ਮੰਤਰੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਰਿਪਲਾਈ ਦੇਣ ਦਾ ਮੌਕਾ ਜ਼ਰੂਰ ਦਿਓ।

ਸ੍ਰੀ ਸਪੀਕਰ : ਗਿਲੋਟੀਨ ਅਪਲਾਈ ਕੀਤਾ ਜਾਵੇਗਾ ਕਿਉਂਕਿ ਹਾਊਸ ਦੀ ਕਨਸੈਂਸਿਜ਼ ਐਕਸਟੈਂਡ ਕਰਨ ਦੀ ਨਹੀਂ ਹੈ। (Now guillotine shall be applied as the consensus of opinion in the House is not in favour of extension of time.)

ਮਾਲ ਮੰਤਰੀ: ਸਪੀਕਰ ਸਾਹਿਬ, ਸ਼ਰਮਾ ਜੀ ਨੂੰ ਰਿਪਲਾਈ ਦੇਣ ਦਿਓ। ਸਿਰਫ 15 ਮਿੰਟ ਇਨ੍ਹਾਂ ਨੂੰ ਬੋਲ ਲੈਣ ਦਿਓ।

ਸ੍ਰੀ ਸਪੀਕਰ : ਠੀਕ ਹੈ। ਸ਼ਰਮਾ ਜੀ 15 ਮਿੰਟ ਬੋਲ ਲੈਣ। ਇਨ੍ਹਾਂ ਦੀ ਸਪੀਚ ਤੋਂ ਬਾਅਦ ਗਿਲੋਟੀਨ ਅਪਲਾਈ ਕੀਤਾ ਜਾਵੇਗਾ। (Sharma ji may speak for fifteen minutes. After his speech guillotine will be applied.)

ਕਾਮਰੇਡ ਜਗੀਰ ਸਿੰਘ ਜੋਗਾ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ ਮੈਂ ਇਨ੍ਹਾਂ ਦੇ ਬੋਲਣ ਤੋਂ ਪਹਿਲਾਂ ਇਹੀ ਗਲ ਕਰਨ ਲਗਾ ਸੀ ਕਿ ਰੂਸ ਇੱਕ ਦੋਸਤ ਮੁਲਕ ਹੈ । ਦੁਨੀਆਂ ਦਾ ਇੱਕ ਵੱਡਾ ਮੁਲਕ ਹੈ । ਬਜਟ ਡਿਸਕਸ਼ਨ ਤੇ ਅਗਰ ਮਰਜ਼ੀ ਸਾਹਿਬ ਐਸੇ ਸ਼ਬਦ ਨਾ ਕਹਿੰਦੇ ਤਾਂ ਇਨ੍ਹਾਂ ਦੀ ਸ਼ਾਨ ਹੋਰ ਜ਼ਿਆਦਾ ਬੜ੍ਹਦੀ । ਸਾਡੀ ਸਿਆਸੀ, ਆਰਥਿਕ, ਸੋਸ਼ਲ ਅਤੇ ਕਲਚਰਲ ਪੱਖ ਤੋਂ ਰੂਸ ਨਾਲ ਦੋਸਤੀ ਹੈ । ਜਿਹੜਾ ਇਕਨਾਮਿਕ ਅਤੇ ਟੈਕਨੀਕਲ ਸਮਝੌਤਾ ਰੂਸ ਨਾਲ ਹੋਇਆ ਹੈ ਇਸ ਦਾ ਸਾਰੀ ਦੁਨੀਆਂ ਨੂੰ ਪਤਾ ਹੈ। (ਸ਼ੋਰ)

ਸਰਦਾਰ ਜਸਦੇਵ ਸਿੰਘ ਸੰਧੂ (ਬੈਠੇ ਹੋਏ): ਮੁਲਕ ਨੂੰ ਗਹਿਣੇ ਧਰ ਕੇ ।

ਵਿੱਤ ਮੰਤਰੀ : ਇਨ੍ਹਾਂ ਗੱਲਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਕਿਤਨੇ ਕੁ ਸਮਾਜਵਾਦ ਵਿਚ ਵਿਸ਼ਵਾਸ ਰੱਖਦੇ ਹਨ। ਜਿਸ ਮੁਲਕ ਨੇ ਹਰ ਮੁਸੀਬਤ ਵੇਲੇ ਸਾਡੀ ਮਦਦ ਕੀਤੀ ਹੈ। ਜਿਥੋਂ ਤਕ ਰਸ਼ੀਆ ਦਾ ਸਵਾਲ ਹੈ ਅਸੀਂ ਵੀ ਬਾਕੀ ਮੁਲਕਾਂ ਨਾਲੋਂ ....

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ ਇਹ ਰੈਲੇਵੈਂਟ ਬੋਲਣ। (ਸ਼ੋਰ) (ਵਿਘਨ)

ਸ੍ਰੀ ਸਪੀਕਰ : ਇਹ ਚੰਗਾ ਨਹੀਂ ਲੱਗਦਾ । ਜਦੋਂ ਆਨਰੇਬਲ ਮਨਿਸਟਰ ਬੋਲ ਰਹੇ ਹੋਣ ਤਾਂ ਇਸ ਤਰ੍ਹਾਂ ਇੰਟਰਪਟ ਨਹੀਂ ਕਰਨਾ ਚਾਹੀਦਾ। (It does not look nice. When the hon. Minister is speaking you should not interrupt in this manner.)

ਵਿੱਤ ਮੰਤਰੀ : ਦੋਸਤੀ ਮੁਸੀਬਤ ਵੇਲੇ ਟੈਸਟ ਹੁੰਦੀ ਹੈ । ਜਦੋਂ ਕਸ਼ਮੀਰ ਦਾ ਮਸਲਾ ਹੋਵੇ, ਬੰਗਲਾ ਦੇਸ਼ ਦਾ ਮਸਲਾ ਹੋਵੇ, ਵੀਟ ਨਾਮ ਦਾ ਮਸਲਾ ਹੋਵੇ ਤਾਂ ਅਸੀਂ ਇਕੱਠਾ ਸਟੈਂਡ ਲਿਆ ਸੀ । (ਤਾੜੀਆਂ) ਇਸ ਤੋਂ ਪੱਤਾ ਲਗਦਾ ਹੈ ਕਿ ਇਹ ਸਾਹਮਣੇ ਬੈਠੇ ਵੀਰ ਕਿਤਨੇ ਕੁ ਸਮਾਜਵਾਦ ਦੇ ਹੱਕ ਵਿਚ ਹਨ ।

ਸਰਦਾਰ ਜਸਵਿੰਦਰ ਸਿੰਘ ਬਰਾੜ (ਬੈਠੇ ਹੋਏ) : ਅਮਰੀਕਾ ਤੁਸੀਂ ਜਾ ਕੇ ਆਏ ਹੋ। ਇੰਗਲੈਂਡ ਵਿਚ ਤੁਹਾਡੇ ਹਿੱਸੇ ਹਨ।

ਵਿੱਤ ਮੰਤਰੀ : ਸਪੀਕਰ ਸਾਹਿਬ, ਰੂਸ ਦੀ ਮੁਖ਼ਾਲਫ਼ਤ ਇਹ ਕਰਦੇ ਹਨ। ਯੂ. ਪੀ. ਵਿਚ ਅਗਾਂਹ ਵੱਧੂ ਪਾਰਟੀਆਂ ਦੇ ਖ਼ਿਲਾਫ਼ ਇਹ ਲੜਦੇ ਹਨ। ਇਹ ਤਾਂ ਜਨਤਾ ਜਾਣਦੀ ਹੈ ਕਿ ਕਿਤਨੀ ਕੁ ਸਿਆਣਪ ਨਾਲ ਇਨ੍ਹਾਂ ਨੇ ਰਾਜ ਚਲਾਇਆ ਹੈ। ਅਗਰ ਸਿਆਣਪ ਨਾਲ ਚਲਾਇਆ ਹੁੰਦਾ, ਕਿਸਾਨ ਦੀ ਮਦਦ ਕੀਤੀ ਹੁੰਦੀ ....

ਸਰਦਾਰ ਜਸਦੇਵ ਸਿੰਘ ਸੰਧੂ : * * *

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying should not be recorded.)

---

*Expunged. Not recorded as ordered by the Chair.

ਵਿੱਤ ਮੰਤਰੀ : ਜੋ ਇਥੇ ਅਕਾਲੀ ਪਾਰਟੀ ਦੀ ਲੇਡੀ ਮੈਂਬਰ ਨੇ ਕਿਹਾ, ਕਾਮਰੇਡ ਰਾਜ ਕੁਮਾਰ ਅਤੇ ਸਰਦਾਰ ਦਿਲਬਾਗ ਸਿੰਘ ਨੇ ਕਿਹਾ ਹੈ, ਮੈਂ ਉਸਦਾ ਜਵਾਬ ਦੇ ਕੇ ਹੀ ਬੈਠਾਂਗਾ। ਮਰੜੀ ਸਾਹਿਬ ਨੇ ਇਥੇ ਹੋਰ ਕੋਈ ਗਲ ਸ਼ੁਰੂ ਕਰ ਦਿੱਤੀ। ਬਾਦਲ ਸਾਹਿਬ ਨੂੰ ਕੋਈ ਹੋਰ ਖਿਆਲ ਆਇਆ ਹੈ। ਇਹ ਜਵਾਬ ਸੁਣਨ ਵਾਸਤੇ ਤਿਆਰ ਨਹੀਂ ਹਨ।

ਸਰਦਾਰ ਜਸਵਿੰਦਰ ਸਿੰਘ ਬਰਾੜ: ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਇਨ੍ਹਾਂ ਨੂੰ * * * । ਸੀਮਿੰਟ ਨਹੀਂ ਮਿਲਦਾ, ਖਾਦ ਨਹੀਂ ਮਿਲਦੀ, ਡੀਜ਼ਲ ਨਹੀਂ ਮਿਲਦਾ।

ਸ੍ਰੀ ਸਪੀਕਰ : * * * ਲਫਜ਼ ਐਕਸਪੰਜ ਕਰ ਦਿੱਤਾ ਜਾਵੇ। (The words * * * should be expunged.)

ਸਰਦਾਰ ਰਣਧੀਰ ਸਿੰਘ ਚੀਮਾ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਚੀਮਾ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever Cheema Sahib is saying should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਇਕ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਸ਼ਰਮਾ ਸਾਹਿਬ ਆਪਣੀ ਸਪੀਚ ਬਜਟ ਤਕ ਹੀ ਮਹਿਦੂਦ ਰੱਖਣ। ਮੈਂ ਇਨਫਰਮੇਸ਼ਨ ਇਹ ਲੈਣੀ ਹੈ ਕਿ ਇਨ੍ਹਾਂ ਨੂੰ ਜਿਠਾਣੀਆਂ ਅਤੇ ਨਣਦਾਂ ਵਾਂਗ ਮਿਹਣੇ ਨਹੀਂ ਦੇਣੇ ਚਾਹੀਦੇ।

ਸ੍ਰੀ ਸਪੀਕਰ : ਤੁਸੀਂ ਛੇੜੋ ਨਾ। (Please do not interrupt.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਇਹ ਕੋਈ ਕੁੜੀ ਹੈ ਜਿਸ ਨੂੰ ਨਾ ਛੇੜੀਏ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਦੀ ਸਰਕਾਰ ਇਥੇ ਰਹੀ। ਇਹ ਦੱਸਣ ਕਿ ਇਥੇ ਖੰਡ 5 ਰੁਪਏ ਕਿਲੋ ਵਿਕੀ, ਆਟਾ ਮਹਿੰਗਾ ਹੋਇਆ ਜਾਂ ਡੀਜ਼ਲ ਲੈਣ ਵਾਸਤੇ ਲਾਈਨਾਂ ਲੱਗੀਆਂ; ਜੇ ਲੱਗੀਆਂ ਤਾਂ ਅਸੀਂ ਮਾੜੇ ਨਹੀਂ, ਇਹ ਮਾੜੇ ਹਨ।

ਵਿੱਤ ਮੰਤਰੀ : ਇਸ ਵਿਚ ਕੋਈ ਸ਼ਕ ਨਹੀਂ ਕਿ ਪਿਛਲੀ ਸਰਕਾਰ ਵੇਲੇ ਕਿਸੇ ਨਾ ਕਿਸੇ ਚੀਜ਼ ਦਾ ਸੰਕਟ ਜ਼ਰੂਰ ਆਇਆ।

ਸਰਦਾਰ ਹਰਬੰਸ ਸਿੰਘ ਜਲਾਲ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ।

ਸ੍ਰੀ ਸਪੀਕਰ : ਲੀਡਰਜ਼ ਤੋਂ ਬਿਨਾਂ ਕੋਈ ਇਨਫਰਮੇਸ਼ਨ ਨਹੀਂ ਲੈ ਸਕਦਾ। (Except for party leaders no one else can seek information.)

ਵਿੱਤ ਮੰਤਰੀ : ਪਹਿਲੇ ਵੀ, ਸਪੀਕਰ ਸਾਹਿਬ, ਇਥੇ ਸੰਕਟ ਆਉਂਦੇ ਰਹੇ ਹਨ। ਪਿਛਲੇ ਸਾਲ ਦੇਸ਼ ਤੇ ਬਹੁਤ ਸੰਕਟ ਸੀ। ਕੁਝ ਚੀਜ਼ਾਂ ਦੀਆਂ ਕੀਮਤਾਂ ਵੱਧੀਆਂ, ਇਨਫਲੇਸ਼ਨ ਵੱਧੀ, ਇਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ, ਲੇਕਿਨ ਦੇਖਣਾ ਇਹ ਹੈ ਕਿ ਕੀ ਇਹ ਸਰਕਾਰ ਦੇ ਕਸੂਰ ਕਰ ਕੇ ਵੱਧੀਆਂ ਜਾਂ ਸਾਰੀ ਦੁਨੀਆਂ ਦੇ ਕੁਝ ਤਸਰਾਤ ਇਸ ਦੇਸ਼ ਤੇ ਵੀ ਪਏ ਹਨ। ਕੁਝ ਪੈਦਾ-

**Expunged. Not recorded as ordered by the Chair.

[ਵਿੱਤ ਮੰਤਰੀ]

ਵਾਰ, ਜਿਹੜਾ ਕਿ ਬੇਸਿਕ ਸੈਕਟਰ ਹੈ, ਬਾਰਿਸ਼ ਨਾ ਹੋਣ ਕਰ ਕੇ ਅਤੇ ਕੁਝ ਹੋਰ ਦੂਸਰੇ ਕਾਰਨਾਂ ਕਰ ਕੇ ਘੱਟੀ ਹੈ। ਇਸ ਦਾ ਮਸਨੂਈ ਤੌਰ ਤੇ ਅਸਰ ਪੰਜਾਬ ਤੇ ਬਾਕੀ ਸੂਬਿਆਂ ਨਾਲੋਂ ਘੱਟ ਪਿਆ ਹੈ। ਲੇਕਿਨ ਪੰਜਾਬ ਤੇ ਵੀ ਕਾਫੀ ਹੱਦ ਤਕ ਅਸਰ ਪਿਆ ਹੈ। ਅਸੀਂ ਮਿਲ ਕੇ ਇਸ ਨੂੰ ਖਤਮ ਕਰਨਾ ਹੈ। ਅਗਰ ਪਾਰਟੀ ਬਾਜ਼ੀ ਕੀਤੀ ਜਾਵੇ ਤਾਂ ਦੇਸ਼ ਕਦੇ ਵੀ ਸੰਕਟ ਤੋਂ ਨਹੀਂ ਨਿਕਲ ਸਕਦਾ। ਇਹ ਜਿਹੜਾ ਬਜਟ ਇਨ੍ਹਾਂ ਹਾਲਾਤ ਵਿਚ ਪੇਸ਼ ਕੀਤਾ ਗਿਆ, ਇਸ ਤੇ ਮਾਨਯੋਗ ਮੈਂਬਰ ਠੰਡੇ ਦਿਲ ਨਾਲ ਸੋਚ ਵਿਚਾਰ ਕਰਨ। ਪਹਿਲੇ ਵੀ ਬਜਟ ਪੇਸ਼ ਹੁੰਦੇ ਰਹੇ ਹਨ। ਅਗਰ ਮੈਂ ਆਂਕੜੇ ਦਸਾਂ ਤਾਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਪਿਛਲੇ ਸਾਲਾਂ ਵਿਚ ਕਿਤਨੇ ਟੈਕਸ ਲਗਦੇ ਰਹੇ ਹਨ ਅਤੇ ਕਿਸ ਢੰਗ ਨਾਲ ਪ੍ਰੋਗਰੈਸਿਵ ਬਜਟ ਬਣਾਉਂਦੇ ਰਹੇ ਹਨ। ਮੈਂ ਉਨ੍ਹਾਂ ਵਲ ਨਹੀਂ ਜਾਣਾ ਚਾਹੁੰਦਾ ਕਿਉਂਕਿ ਇਹ ਫਿਰ ਮੇਰਾ ਵਕਤ ਜ਼ਾਇਆ ਕਰਨਗੇ। ਲੇਕਿਨ ਮੈਂ ਇਹ ਗਲ ਜ਼ਰੂਰ ਕਹਾਂਗਾ ਕਿ ਤੀਸਰੇ ਬਜਟ ਅੰਦਰ ਵੀ ਕਿਸੇ ਕਿਸਮ ਦਾ ਇਨਡਾਇਰੈਕਟ ਟੈਕਸ ਨਾ ਲਾਉਣ ਦੀ ਕੋਸ਼ਿਸ਼ ਕਰਨਾ ਜਦੋਂ ਕਿ ਪਿਛਲਿਆਂ ਸਾਲਾਂ ਵਿਚ ਸੇਲਜ਼ ਟੈਕਸ ਅਤੇ ਪੈਸੈਂਜਰ ਟੈਕਸ ਇਥੇ ਲਾਏ ਜਾਂਦੇ ਰਹੇ ਹਨ, ਇਸ ਸਰਕਾਰ ਦੀ ਖੂਬੀ ਹੈ। ਤੀਸਰੇ ਬਜਟ ਵਿਚ ਵੀ ਪੰਜਾਬ ਦੀ ਜਨਤਾ ਤੇ ਕੋਈ ਬੋਝ ਨਾ ਪਾਉਣ ਦੀ ਹਤੁਲਵਸਾ ਕੋਸ਼ਿਸ਼ ਕੀਤੀ ਗਈ ਹੈ। ਇਸ ਤਰ੍ਹਾਂ ਬਚਤ ਕੀਤੀ ਹੈ ਹੋਰ ਚੋਰੀ ਰੋਕੀ ਹੈ, ਟੈਕਸ ਦੇ ਉਗਰਾਹੁਣ ਦੀ ਮਸ਼ੀਨਰੀ ਤੇਜ਼ ਕੀਤੀ ਹੈ। ਇਸ ਦੇ ਬਾਰੇ ਬਜਟ ਵਿਚ ਆਂਕੜੇ ਮੌਜੂਦ ਹਨ ਕਿ ਕਿੰਨੀ ਆਮਦਨ ਵਧਾਈ ਹੈ। ਨੌਨ ਪਲੈਨ ਐਕਸਪੈਂਡੀਚਰ ਵਿਚ ਅਕਾਨਮੀ ਕਰ ਕੇ ਅਤੇ ਉਸ ਤੋਂ ਅਸੀਂ ਕੰਮ ਸਾਰਿਆ ਹੈ। ਸਪੀਕਰ ਸਾਹਿਬ ਕੋਈ ਮੁਲਕ ਜਿਸ ਨੇ ਵੱਧਣਾ ਹੈ, ਜਿਸ ਨੇ ਤਰੱਕੀ ਕਰਨੀ ਹੈ ਉਸ ਨੇ ਆਪਣੀ ਆਮਦਨ ਵਧਾਉਣੀ ਹੁੰਦੀ ਹੈ। ਸਪੀਕਰ ਸਾਹਿਬ, ਪਿਛਲੀ ਪਲਾਨ ਵਿਚ 291 ਕਰੋੜ ਰੁਪਿਆ ਰਖਿਆ ਸੀ ਜਦ ਕਿ ਹੁਣ ਅਸੀਂ ਇਸ ਪਲਾਨ ਵਿਚ 801 ਕਰੋੜ ਰੁਪਿਆ ਰਖਿਆ ਹੈ ਅਸੀਂ ਦੇਸ਼ ਦੀ ਪਰੋਸ-ਪੈਰਟੀ ਕਰਨੀ ਹੈ। ਸਪੀਕਰ ਸਾਹਿਬ, ਅਗਰ ਸੋਸ਼ਲ ਸਰਵਿਸਜ਼ ਤੇ ਖਰਚ ਵਧਾਉਣਾ ਹੈ, ਗਰੀਬਾਂ ਦੀ ਜਿਹੜੇ ਸੇਵਾ ਕਰਦੇ ਹਨ ਉਨ੍ਹਾਂ ਨੂੰ ਹੋਰ ਪੈਸਾ ਦੇਣਾ ਹੈ ਤਾਂ ....(ਸ਼ੋਰ) (ਵਿਘਨ)

(ਇਸ ਵੇਲੇ ਅਕਾਲੀ ਪਾਰਟੀ ਵਲੋਂ ਕਈ ਮੈਂਬਰ ਸ਼ੋਰ ਪਾ ਰਹੇ ਸਨ) **

** ** ** ** **

ਸ੍ਰੀ ਸਪੀਕਰ : ਆਰਡਰ ਪਲੀਜ਼। ਇਹ ਜੋ ਕੁਝ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (Whatever the hon. Members are saying without permission should not be recorded.)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ।

Mr. Speaker : The hon. Member is interrupting the business of the House. I cannot allow him to do so. He may please resume his seat.

ਬਾਦਲ ਸਾਹਿਬ, ਤੁਸੀਂ ਕੋਈ ਇਨਫਰਮੇਸ਼ਨ ਲੈਣਾ ਚਾਹੋ ਤਾਂ ਲੈ ਸਕਦੇ ਹੋ, ਉਹ ਨਹੀਂ ਲੈ ਸਕਦੇ। (ਸ਼ੋਰ) (The hon. Member is interupting the business of the House. I cannot allow him to do so. He may please resume his seat. Sardar Parkash Singh Badal, if you want to get any information you may do so .)

ਸਰਦਾਰ ਪਰਕਾਸ਼ ਸਿੰਘ ਬਾਦਲ : ਉਹ ਸਾਡੀ ਪਾਰਟੀ ਦੇ ਮੈਂਬਰ ਹਨ ਉਨ੍ਹਾਂ ਨੂੰ ਬੋਲ ਲੈਣ ਦਿਓ (ਸ਼ੋਰ)

**Not recorded as ordered by the Chair.

Mr. Speaker : I cannot allow everybody to get the information.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ ਇਹ ਮੇਰਾ ਪਰੀਵਿਲੇਜ਼ ਹੈ (ਸ਼ੋਰ) ਮੈਂ ਇਨ- ਫਰਮੇਸ਼ਨ ਲੈਣੀ ਹੈ (ਸ਼ੋਰ)

Mr. Speaker: This is not the way. The hon. Member is obstructing the proceedings of the House. He may please resume his seat. ਕੋਈ ਰੂਲਜ਼ ਅਲਾਉ ਨਹੀਂ ਕਰਦੇ ਕਿ ਪਾਰਟੀ ਦਾ ਕੋਈ ਮੈਂਬਰ ਇਨਫਰਮੇਸ਼ਨ ਲਵੇ (ਸ਼ੋਰ) ਸਿਰਫ ਪਾਰਟੀ ਦਾ ਲੀਡਰ ਹੀ ਇਨਫਰਮੇਸ਼ਨ ਲੈ ਸਕਦਾ ਹੈ (ਸ਼ੋਰ) ਆਰਡਰ ਪਲੀਜ਼ ।

(This is not the way. The hon. Member is obstructing the proceedings of the House. He may please resume his seat. There is no rule which allows a Member to ask for any information. Only a Party Leader can get information) (Noise) order please.)

ਵਿੱਤ ਮੰਤਰੀ : ਸਪੀਕਰ ਸਾਹਿਬ, ਵਡੀਆਂ ਪਲਾਨਾਂ ਬਣਾਉਣੀਆਂ ਹੋਣ, ਸੋਸ਼ਲ ਸਰਵਿਸਿਜ਼ ਤੇ ਜ਼ਿਆਦਾ ਖਰਚ ਕਰਨਾ ਹੋਵੇ ਤਾਂ ਲਾਜ਼ਮੀ ਤੌਰ ਤੇ ਕਮਿਊਨਿਟੀ ਨੂੰ ਪੇ ਕਰਨਾ ਪੈਂਦਾ ਹੈ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਜੇ ਸਰਕਾਰ ਨੂੰ ਇਹ ਸਾਰੇ ਸਾਧਨ ਕਰਨ ਦੇ ਬਾਵਜੂਦ ਅਗਰ ਕੋਈ ਟੈਕਸ ਦੀ ਲੋੜ ਪਈ ਤਾਂ ਅਸੀਂ ਗਰੀਬਾਂ ਤੇ ਕੋਈ ਟੈਕਸ ਲਾਉਣ ਦੀ ਕੋਸ਼ਿਸ਼ ਨਹੀਂ ਕਰਾਂਗੇ ਅਤੇ ਹਤੁਲਵਸਾ ਉਨ੍ਹਾਂ ਤੇ ਟੈਕਸ ਨਹੀਂ ਲਾਵਾਂਗੇ ਬਲਕਿ ਉਨ੍ਹਾਂ ਤੇ ਲਾਵਾਂਗੇ ਜਿਹੜੇ ਕਿ ਅਮੀਰ ਹਨ । (ਸ਼ੋਰ)

ਕਾਮਰੇਡ ਰਾਜ ਕੁਮਾਰ ਨੇ ਬਜਟ ਤੇ ਬੋਲਦੇ ਹੋਏ ਕਈ ਚੰਗੀਆਂ ਸੁਜੈਸ਼ਨਾਂ ਦਿੱਤੀਆਂ ਹਨ ਪਰ ਉਨ੍ਹਾਂ ਨੇ ਇਸ ਬਜਟ ਨੂੰ ਸਟੇਟਸਕੋ ਬਜਟ ਕਿਹਾ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਿਛਲੇ 10, 12 ਸਾਲਾਂ ਦੇ ਬਜਟ ਦੇ ਆਂਕੜੇ ਕਢਵਾ ਲਵੋ ਅਗਰ ਇਸ ਬਜਟ ਵਿਚ ਕੋਈ ਫਰਕ ਨਜ਼ਰ ਆਵੇ, ਟੈਕਸਾਂ ਤੋਂ ਪਰਹੇਜ਼ ਨਜ਼ਰ ਆਵੇ, ਸੋਸ਼ਲ ਸਰਵਿਸਜ਼ ਤੇ ਜ਼ਿਆਦਾ ਰੁਪਿਆ ਰਖਿਆ ਹੋਵੇ, ਹਰੀਜਨਾਂ ਵਾਸਤੇ, ਚਿਲਡਰਨ ਵੈਲਫੇਅਰ ਵਾਸਤੇ, ਸੋਸ਼ਲ ਵੈਲਫੇਅਰ ਵਾਸਤੇ, ਬੁਜ਼ਰਗਾਂ ਦੀ ਪੈਨਸ਼ਨ ਵਾਸਤੇ ਔਰ ਜਿਹੜੇ ਪੜ੍ਹੇ ਲਿਖੇ ਬੇਕਾਰ ਹਨ ਉਨ੍ਹਾਂ ਵਾਸਤੇ ਜ਼ਿਆਦਾ ਪੈਸਾ ਰਖਿਆ ਹੋਵੇ ਤਾਂ ਇਸ ਬਜਟ ਨੂੰ ਇਨ੍ਹਾਂ ਨੂੰ ਪਰੋਗਰੈਸਿਵ ਬਜਟ ਕਹਿਣਾ ਪਵੇਗਾ ਜੇ ਕੋਈ ਫਰਕ ਨਾ ਹੋਵੇ ਤਾਂ ਬੇਸ਼ਕ ਇਸ ਨੂੰ ਪਰੋਗਰੈਸਿਵ ਨਾ ਕਹਿਣ । (ਸ਼ੋਰ)

ਸਪੀਕਰ ਸਾਹਿਬ, ਅਸੀਂ ਪਿਛਲੇ 10, 12 ਸਾਲਾਂ ਦੀ ਰੋਸ਼ਨੀ ਵਿਚ ਅਸੀਂ ਡਿਪਾਰਚਰ ਕੀਤੀ ਹੈ (ਸ਼ੋਰ) ਟੈਕਸਾਂ ਨੂੰ ਉਗਰਾਹੁਣ ਵਾਸਤੇ ਮਸ਼ੀਨਰੀ ਨੂੰ ਤੇਜ਼ ਕੀਤਾ ਹੈ, ਟੈਕਸਾਂ ਦੀ ਚੋਰੀ ਨੂੰ ਰੋਕਿਆ ਹੈ ।

ਇਕ ਗਲ ਇਥੇ ਕਹੀ ਗਈ ਹੈ ਜਿਹੜੀ ਕਿ ਚੰਗੀ ਹੈ ਕਿ ਇਕ ਦੋ ਟੈਕਸ ਅਜਿਹੇ ਹਨ ਜਿਹੜੇ ਕਿ ਇਕਠੇ ਹੋ ਸਕਦੇ ਹਨ ਉਸ ਤੇ ਅਸੀਂ ਵਿਚਾਰ ਕਰ ਲਵਾਂਗੇ ਤਾਂ ਕਿ ਸਾਨੂੰ ਉਸ ਤੋਂ ਕੋਈ ਫਾਇਦਾ ਹੋ ਸਕੇ ।

ਸਪੀਕਰ ਸਾਹਿਬ, ਇਹ ਪੁਆਇੰਟ ਆਇਆ ਸੀ ਕਿ ਇਹ ਸਟੇਟਸਕੋ ਬਜਟ ਹੈ ਇਸ ਵਿਚ ਲੋਕਾਂ ਦੀ ਭਲਾਈ ਦਾ ਖਿਆਲ ਨਹੀਂ ਰਖਿਆ । (ਸ਼ੋਰ) ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਨ੍ਹਾਂ ਹਾਲਾਤ ਵਿਚ ਜਦੋਂ ਕਿ ਪਾਵਰ ਦੀ ਸ਼ਾਰਟੇਜ ਰਹੀ ਹੋਵੇ ਕਾਰਖਾਨੇ ਕਾਫੀ ਦੇਰ ਬੰਦ ਰਹੇ ਹੋਣ ਔਰ ਜਿਹੜਾ ਕਿਸਾਨ ਹੈ ਉਸ ਦਾ ਪਾਵਰ ਦੀ ਸ਼ਾਰਟੇਜ ਦੀ ਵਜ੍ਹਾ ਕਰ ਕੇ ਅਨਾਜ ਘੱਟ ਪੈਦਾ ਹੋਇਆ ਹੋਵੇ,

[ਵਿੱਤ ਮੰਤਰੀ]

ਇਨਾਂ ਕੁਝ ਹੁੰਦਿਆਂ ਵੀ ਸਰਕਾਰ ਨੇ ਕੋਈ ਟੈਕਸ ਨਾ ਲਾਇਆ ਹੋਵੇ ਨਹੀਂ ਤਾਂ ਅਸੀਂ ਹੋਰ ਵੀ ਆਮਦਨ ਵਧਾ ਸਕਦੇ ਸੀ ਤਾਂ ਫਿਰ ਇਹ ਕਹਿਣ ਕਿ ਇਹ ਸਟੇਟਸਕੋ ਬਜਟ ਹੈ, ਇਹ ਗਲਤ ਹੈ। ਪਾਵਰ ਸ਼ਾਰਟੇਜ ਕਰ ਕੇ ਪਰੋਡਕਸ਼ਨ ਨਹੀਂ ਵੱਧੀ ਨਹੀਂ ਤਾਂ ਪਰੋਡਕਸ਼ਨ ਹੋਰ ਵੀ ਵੱਧ ਜਾਣੀ ਸੀ। ਅਸੀਂ ਸਪੀਕਰ ਸਾਹਿਬ, 47 ਫੀ ਸਦੀ ਰੁਪਿਆ ਪਾਵਰ ਦੀ ਜਨਰੇਸ਼ਨ ਵਾਸਤੇ ਰਖਿਆ ਹੈ ਜਦੋਂ ਥੀਨ ਡੈਮ ਅਤੇ ਅਨੰਦ ਪੁਰ ਪਰੋਜੈਕਟ ਦੀ ਮਨਜ਼ੂਰੀ ਅਸੀਂ ਸੈਂਟਰ ਤੋਂ ਲੈ ਲਈ ਹੈ (ਸ਼ੋਰ)

(ਇਸ ਵੇਲੇ ਕਈ ਮੈਂਬਰ ਅਕਾਲੀ ਪਾਰਟੀ ਵਲੋਂ ਬੋਲਣ ਲਈ ਖੜ੍ਹੇ ਹੋਏ)

ਸਰਦਾਰ ਪਰਕਾਸ਼ ਸਿੰਘ ਬਾਦਲ : ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ ਬਜਟ ਸਪੀਚ ਵਿਚ ਇਨ੍ਹਾਂ ਨੇ ਫਰਮਾਇਆ ਸੀ ਕਿ ਥੀਨ ਡੈਮ ਦੀ ਮਨਜ਼ੂਰੀ ਇਨ੍ਹਾਂ ਨੇ ਸੈਂਟਰ ਦੀ ਸਰਕਾਰ ਤੋਂ ਲੈ ਲਈ ਹੈ। ਲੇਕਿਨ ਫਿਰ ਉਸ ਤੋਂ ਬਾਅਦ ਸੈਂਟਰ ਨੇ ਬਿਆਨ ਦਿੱਤਾ ਕਿ ਹਾਲੇ ਸਾਨੂੰ ਕੋਈ ਮਨਜ਼ੂਰੀ ਨਹੀਂ ਮਿਲੀ ਮੈਂ ਇਸ ਦੀ ਇਨਫਰਮੇਸ਼ਨ ਚਾਹੁੰਦਾ ਹਾਂ।

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਪਲੈਨਿੰਗ ਕਮਿਸ਼ਨ ਦਾ ਤੁਅਲੱਕ ਹੈ ਉਸ ਦੀ ਮਨਜ਼ੂਰੀ ਮਿਲ ਗਈ ਹੈ ਜਿਸ ਨਾਲ ਕਿ ਸਾਡੀ ਮੇਨ ਹਰਡਲ ਹੱਲ ਹੋ ਗਈ ਹੈ। ਟੈਕਨੀਕਲ ਕਲੀਅਰੈਂਸ ਵਾਸਤੇ ਹਾਲੇ ਮਨਜ਼ੂਰੀ ਮਿਲਣੀ ਹੈ ਜਿਸ ਵਾਸਤੇ ਕਿ ਇਕ ਕਮੇਟੀ ਬਣੀ ਹੋਈ ਹੈ ਉਸ ਤੋਂ ਸਾਨੂੰ ਛੇਤੀ ਹੀ ਇਹ ਕਲੀਅਰੈਂਸ ਮਿਲ ਜਾਵੇਗੀ।

ਸਪੀਕਰ ਸਾਹਿਬ, ਅਕਾਲੀ ਪਾਰਟੀ ਵਿਚ ਇਕੋ ਇਕ ਲੇਡੀ ਮੈਂਬਰ ਹਨ ਜਿਨ੍ਹਾਂ ਨੇ ਅੱਜ ਆਪਣੀ ਸਪੀਚ ਵਿਚ ਬੜੇ ਚੰਗੇ ਸੁਝਾਵ ਦਿੱਤੇ ਹਨ। ਇਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਵਿਚ ਸੜਕਾਂ ਨਹੀਂ ਬਣੀਆਂ ਅਤੇ ਕਈ ਅਧੂਰੀਆਂ ਰਹਿ ਗਈਆਂ ਹਨ ਇਨ੍ਹਾਂ ਨੂੰ ਪੂਰਾ ਕੀਤਾ ਜਾਵੇ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਜਿਹੜੀਆਂ ਸੜਕਾਂ ਰਹਿ ਗਈਆਂ ਹਨ ਜਾਂ ਨਹੀਂ ਬਣੀਆਂ ਉਹ ਪੂਰੀਆਂ ਕਰ ਦਿੱਤੀਆਂ ਜਾਣ ਗੀਆਂ। ਸਪੀਕਰ ਸਾਹਿਬ, ਕਈ ਮਿਸਿੰਗ ਲਿੰਕਸ ਹਨ ਜਿਹੜੀਆਂ ਕਿ ਨਹੀਂ ਸਨ ਬਣ ਸਕੀਆਂ ਉਹ ਇਸ ਸਾਲ ਪੂਰੀਆਂ ਕਰ ਦਿੱਤੀਆਂ ਜਾਣ ਗੀਆਂ। (ਥੰਪਿੰਗ)

ਸਪੀਕਰ ਸਾਹਿਬ, ਅਗਰ ਅਸੀਂ ਇਥੇ ਉਹ ਟੈਕਸ ਲਾਉਂਦੇ ਜਿਸ ਤਰ੍ਹਾਂ ਕਿ ਪਿਛਲੇ ਸਾਲਾਂ ਵਿਚ ਲਗਦੇ ਆਏ ਹਨ ਤਾਂ ਇਸ ਬਜਟ ਦੀ ਡਾਇਰੈਕਸ਼ਨ ਹੋਰ ਪਾਸੇ ਹੋ ਜਾਣੀ ਸੀ। ਔਰ ਹੁਣ ਕਾਮਰੇਡ ਰਾਮ ਕੁਮਾਰ ਨੇ ਮੰਨਿਆ ਹੈ ਕਿ ਐਜੂਕੇਸ਼ਨ, ਹੈਲਥ ਸਰਵਿਸਿਜ਼, ਹਰੀਜਨਾਂ ਲਈ ਧਰਮਸ਼ਾਲਾਵਾਂ ਅਤੇ ਹੋਰ important ਇਨਵੈਸਟਮੈਂਟਸ ਲਈ ਜ਼ਿਆਦਾ ਪੈਸਾ ਰਖਿਆ ਹੈ। ਹਰੀਜਨਾਂ ਮੈਂਬਰਾਂ ਦੀ ਇਹ ਮੰਗ ਸੀ। ਮੈਂ ਤੁਹਾਡੇ ਰਾਹੀਂ ਹਾਊਸ ਦੀ ਜਾਣਕਾਰੀ ਲਈ ਦਸਣਾ ਚਾਹੁੰਦਾ ਹਾਂ ਕਿ ਜਿਹੜੀ ਸਟੈਂਪ ਡਿਊਟੀ ਸੀ, ਜੋ ਜ਼ਮੀਨ ਹਰੀਜਨਾਂ ਨੂੰ ਮਿਲਦੀ ਸੀ ਔਰ ਕਾਰਪੋਰੇਸ਼ਨਾਂ ਵਿਚ ਜਿਥੇ ਉਸ ਨੂੰ ਸਟੈਂਪ ਡਿਊਟੀ ਦੇਣੀ ਪੈਂਦੀ ਸੀ ਅਸੀਂ ਸਿਰਫ ਉਹ ਸਟੈਂਪ ਡਿਊਟੀ ਹੀ ਮਾਫ ਨਹੀਂ ਕੀਤੀ ਬਲਕਿ ਰਜਿਸਟਰੇਸ਼ਨ ਫੀਸ ਵੀ ਮਾਫ ਕਰ ਦਿੱਤੀ ਹੈ ਯਾਨੀ ਹਰ ਐਕਸ਼ਨ ਜਿਹੜਾ ਵੀ ਪੰਜਾਬ ਗੌਰਮਿੰਟ ਦਾ ਰਿਹਾ ਹੈ ਇਨਕਲੂਡਿੰਗ ਥੋੜੀ ਬਹੁਤ ਸਬਸਿਡੀ ਜਿਹੜੀ ਕਿ 575 ਰੁਪਏ ਤੋਂ ਘੱਟ ਤਨਖਾਹ ਲੈਣ ਵਾਲਿਆਂ ਨੂੰ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਵਿਚ ਦਿੱਤੀ ਹੈ ਉਹ ਹਰ ਐਕਸ਼ਨ ਸਮਾਜਵਾਦ ਨੂੰ ਜਾਂਦਾ ਹੈ। (ਸ਼ੋਰ) ਸਪੀਕਰ ਸਾਹਿਬ, ਇਹ ਸਾਡੀ ਬਦਕਿਸਮਤੀ ਹੈ ਕਿ ਸਟੇਟ ਲੈਂਡ ਲੈਜਿਸਲੇਸ਼ਨ ਜਾਂ ਜਿਹੜਾ ਬਿੱਲ

ਜ਼ਮੀਨਾਂ ਵਾਸਤੇ ਅਸੀਂ ਪਾਸ ਕੀਤਾ ਸੀ ਉਸ ਦੀਆਂ ਇਕ ਦੋ ਕਲਾਜ਼ਾਂ ਹਾਈ ਕੋਰਟ ਨੇ ਸਟਰਾਈਕ ਡਾਊਨ ਕਰ ਦਿਤੀਆਂ ਹਨ, ਨਹੀਂ ਤਾਂ ਇਨ੍ਹਾਂ (ਅਕਾਲੀ) ਨੇ ਬੋਲਣਾ ਹੀ ਨਹੀਂ ਸੀ, ਪਰ ਅਸੀਂ ਇਸ ਵਾਸਤੇ ਵੀ ਗੌਰਮਿੰਟ ਆਫ ਇੰਡੀਆ ਨੂੰ ਲਿਖਿਆ ਹੈ ਇਸ ਨੂੰ 9 ਸ਼ਡਿਊਲ ਵਿਚ ਸ਼ਾਮਲ ਕਰ ਲਿਆ ਜਾਵੇ । ਜਦੋਂ ਤੱਕ ਅਰਬਨ ਸੀਲਿੰਗ ਅਤੇ ਲੈਂਡ ਸੀਲਿੰਗ ਨਹੀਂ ਹੁੰਦੀ, ਉਦੋਂ ਤੱਕ ਇਹ ਇਸ ਤਰ੍ਹਾਂ ਹੀ ਕਰਨਗੇ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **

ਸ੍ਰੀ ਸਪੀਕਰ : ਇਹ ਜੋ ਆਨਰੇਬਲ ਮੈਂਬਰ ਸਾਹਿਬ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । ((Whatever the hon. Member is saying should not be recorded.)

ਵਿੱਤ ਮੰਤਰੀ : ਦੂਜੇ ਸਪੀਕਰ ਸਾਹਿਬ, ਸਰਦਾਰ ਦਿਲਬਾਗ ਸਿੰਘ ਹੋਰਾਂ ਨੇ ਸੁਜੈਸਨਜ਼ ਦਿੱਤੀਆਂ ਹਨ ਉਨ੍ਹਾਂ ਤੇ ਅਸੀਂ ਮੁਕੰਮਲ ਤੌਰ ਤੇ ਗੌਰ ਕਰਾਂਗੇ । ਔਰ ਉਨ੍ਹਾਂ ਨੇ ਕਿਹਾ ਕਿ ਨੈਸ਼ਨਲਾਈਜ਼ੇਸ਼ਨ ਦਾ ਮੈਨੂੰ ਕੋਈ ਇਤਰਾਜ਼ ਨਹੀਂ ਪਰ ਜਿਹੜੀ ਪੰਜਾਬ ਰੋਡਵੇਜ਼ ਵਿਚ ਐਫੀਸੀਐਂਸੀ ਹੈ, ਉਹ ਵੱਧਣੀ ਚਾਹੀਦੀ ਹੈ । ਇਸ ਬਾਰੇ ਮੈਂ ਇਹ ਅਰਜ਼ ਕਰਾਂ ਕਿ ਉਥੇ ਚੋਰੀ ਰੋਕਣ ਲਈ ਅਤੇ ਟਿਕਟਾਂ ਛਾਪਣ ਲਈ ਅਸੀਂ ਆਪ ਜਿਹੜੀ ਮਸ਼ੀਨ ਮੰਗਵਾਈ ਹੈ, ਉਸ ਦੇ ਨਾਲ ਇਸ ਚੋਰੀ ਨੂੰ ਰੋਕਿਆ ਜਾਵੇਗਾ । ਬਾਕੀ ਦੇ ਜਿਹੜੇ ਸੁਝਾਓ ਦਿੱਤੇ ਗਏ ਹਨ, ਉਨ੍ਹਾਂ ਤੇ ਵੀ ਪੂਰਾ ਗੌਰ ਕਰਾਂਗੇ। ਉਸ ਮਸ਼ੀਨ ਨਾਲ ਅਸੀਂ ਆਪਣੀਆਂ ਟਿਕਟਾਂ ਛਪਵਾਉਣ ਲਗੇ ਹਾਂ ਅਤੇ ਹੋਰ ਕੁਝ ਸੁਝਾਓ ਹਨ ਜਿਨ੍ਹਾਂ ਨਾਲ ਇਹ ਮਹਿਕਮਾਂ ਤੇਜ਼ੀ ਦੇ ਨਾਲ ਚਲਾਇਆ ਜਾਵੇਗਾ ।

ਜਿਹੜਾ ਇਹ ਕਿਹਾ ਗਿਆ ਕਿ ਪੀ. ਸੀ. ਐਸ. ਅਫ਼ਸਰਾਂ ਨਾਲ ਧੱਕਾ ਹੋਇਆ ਹੈ, ਇਸ ਬਾਰੇ ਮੈਂ ਸਰਦਾਰ ਦਿਲਬਾਗ ਸਿੰਘ ਹੋਰਾਂ ਨੂੰ ਦੱਸਾਂ ਕਿ 10 ਸਾਲਾਂ ਤੋਂ ਬਾਅਦ ਇਹ ਤੁਹਾਡੀ ਆਪਣੀ ਸਰਕਾਰ ਨੇ ਫੈਸਲਾ ਕੀਤਾ ਹੈ, ਪੀ. ਸੀ. ਐਸ. ਅਫ਼ਸਰਾਂ ਦੀ ਐਸੋਸੀਏਸ਼ਨ ਦੀ ਸਲਾਹ ਨਾਲ ਕੀਤਾ ਹੈ । ਉਨ੍ਹਾਂ ਦੀਆਂ 28 ਪੋਸਟਾਂ ਦੀ ਬਜਾਏ 45 ਪੋਸਟਾਂ ਸਿਲੈਕਸ਼ਨ ਗਰੇਡ ਦੀਆਂ ਬਣਾ ਦਿਤੀਆਂ ਹਨ ਅਤੇ 1300 ਤੋਂ 1,500 ਦੇ ਸਕੇਲ ਤੱਕ ਲੈ ਗਏ ਹਾਂ ਅਤੇ ਅਸੀਂ ਹੋਰ ਵੀ ਡੈਪੂਟੇਸ਼ਨ ਦੀਆਂ ਪੋਸਟਾਂ ਪੀ. ਸੀ. ਐਸ. ਅਫਸਰਾਂ ਲਈ ਬਣਾਉਣ ਦਾ ਫੈਸਲਾ ਕੀਤਾ ਹੈ । ਦੂਜੇ ਉਨ੍ਹਾਂ ਨੂੰ ਇਹ ਵੀ ਕਿਹਾ ਹੈ ਕਿ ਤੁਸੀਂ ਆਈ. ਏ. ਐਸ. ਲਈ ਵੀ ਐਂਟਾਈਟਲ ਹੋ ਅਤੇ ਪਰਮੋਸ਼ਨ ਨਾਲ 25 ਫੀ ਸਦੀ ਪੋਸਟਾਂ ਮਿਲ ਸਕਦੀਆਂ ਹਨ । ਇਸ ਗੱਲ ਦਾ ਤੁਹਾਡੀ ਆਪਣੀ ਸਰਕਾਰ ਨੂੰ ਕਰੈਡਿਟ ਜਾਂਦਾ ਹੈ । ਇਥੇ ਮੈਂ ਇਹ ਵੀ ਕਹਿ ਦੇਵਾਂ ਕਿ ਕਾਬਲ ਅਫ਼ਸਰ ਹੀ ਦਿੱਲੀ ਭੇਜਿਆ ਜਾਂਦਾ ਹੈ, ਨਾਲਾਇਕ ਅਫ਼ਸਰ ਨਹੀਂ ਭੇਜਿਆ ਜਾਂਦਾ । ਜਿਹੜਾ ਜ਼ਿਆਦਾ ਕਾਬਲ ਹੋਵੇਗਾ ਉਹੀ ਭੇਜਿਆ ਜਾਂਦਾ ਹੈ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ ।

ਸ੍ਰੀ ਸਪੀਕਰ : ਆਚਾਰਿਆ ਜੀ, ਪੁਵਾਇੰਟ ਆਫ ਇਨਫਰਮੇਸ਼ਨ ਤਾਂ ਬੰਦ ਕੀਤੇ ਹਨ, ਸਿਰਫ ਲੀਡਰ ਹੀ ਪੁਆਇੰਟ ਆਫ ਇਨਫਰਮੇਸ਼ਨ ਕਰ ਸਕਦੇ ਹਨ । (Acharya ji. only the Party Leader can rise on a point of information.)

ਵਿੱਤ ਮੰਤਰੀ: : ਸਪੀਕਰ ਸਾਹਿਬ, ਡੀਜ਼ਲ ਦਾ ਬੜਾ ਚਰਚਾ ਹੈ । ਜੇ ਬਾਦਲ ਸਾਹਿਬ ਚਾਹੁੰਣ ਤਾਂ ਮੈਂ ਉਨ੍ਹਾਂ ਨੂੰ ਆਂਕੜੇ ਦੱਸ ਸਕਦਾ ਹਾਂ, ਜਨਵਰੀ, ਫਰਵਰੀ ਅਤੇ 11 ਮਾਰਚ ਤੱਕ ਦੇ ਆਂਕੜੇ ਦੱਸ ਸਕਦਾ ਹਾਂ ਕਿ ਅਸੀਂ ਕਿੰਨਾਂ ਡੀਜ਼ਲ ਲਿਆ ਹੈ, ਪਿਛਲੇ ਸਾਲ ਕਿੰਨਾ ਲਿਆਇਆ ਗਿਆ ਸੀ ।

*Not recorded as ordered by the Chair,

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ । ਤੁਸੀਂ ਇਹ ਰੂਲਿੰਗ ਦਿੱਤੀ ਹੈ ਕਿ ਇਨਫਰਮੇਸ਼ਨ ਸਿਰਫ ਲੀਡਰ ਹੀ ਲੈ ਸਕਦੇ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਕਿਸੇ ਕਾਂਗਰਸ ਪਾਰਟੀ ਦੇ ਮੈਂਬਰ ਨੇ ਇਨਫਰਮੇਸ਼ਨ ਲੈਣੀ ਹੋਵੇ ਤਾਂ ਉਹ ਗਿਆਨੀ ਜ਼ੈਲ ਸਿੰਘ ਜੀ ਦੇ ਥਰੂ ਲੈਣਗੇ।

ਸ੍ਰੀ ਸਪੀਕਰ : ਉਨ੍ਹਾਂ ਦਾ ਚੀਫ ਵਿਪ੍ਹ ਹੈ ਜੀ।(The Chief Whip of that Party is there.)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਇਸ ਗੱਲ ਦਾ ਸਪੱਸ਼ਟੀਕਰਨ ਨਹੀਂ ਕੀਤਾ । ਜੋਸ਼ ਸਾਹਿਬ ਨੇ ਇਹ ਪੁਛਿਆ ਸੀ ਕਿ ਜੇ ਕਿਸੇ ਕਾਂਗਰਸ ਪਾਰਟੀ ਦੇ ਮੈਂਬਰ ਨੇ ਕੋਈ ਸਵਾਲ ਪੁੱਛਣਾ ਹੋਵੇ ਤਾਂ ਕੀ ਉਹ ਗਿਆਨੀ ਜ਼ੈਲ ਸਿੰਘ ਜੀ ਦੇ ਥਰੂ ਪੁੱਛਣਗੇ ? ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਾਂਗਰਸ ਵਿਚ ਵੀ, ਕੋਈ ਕਿਸਾਨਾਂ ਦੇ ਕੋਈ ਹਰੀਜਨਾਂ ਦੇ ਲੀਡਰ ਹਨ, ਉਹ ਸਿੱਧੇ ਕਿਉਂ ਨਹੀਂ ਪੁੱਛ ਸਕਦੇ ।

ਵਿੱਤ ਮੰਤਰੀ : ਮਾੜੀ ਰਵਾਇਤ ਪਾ ਰਹੇ ਹੋ। ਹੁਣ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਖਤਰਾ ਹੈ ਕਿ ਮੈਂ ਕਿਹਾ ਕਿ ਫਲੱਡ ਰਲੀਫ ਵਾਸਤੇ ਪੈਸੇ ਘੱਟ ਰਖੇ ਹਨ । 15 ਕਰੋੜ ਰੁਪਿਆ ਇਸੇ ਕੰਮ ਲਈ ਰਖਿਆ ਹੈ। 3 ਕਰੋੜ ਇਸ ਸਾਲ ਵਿਚ ਰਖਿਆ ਹੈ । 1972-73 ਵਿਚ 33 ਲੱਖ, 1973-74 ਵਿਚ ਇਕ ਕਰੋੜ 14 ਲੱਖ ਅਤੇ 1974-75 ਵਾਸਤੇ 1 ਕਰੋੜ 17 ਲੱਖ ਰਖਿਆ ਸੀ। 1 ਕਰੋੜ 17 ਲੱਖ ਲੇਟੈਸਟ ਫਿਗਰ ਸੀ ਜਿਹੜੀ ਹਾਊਸ ਵਿਚ ਰਖੀ ਸੀ, ਹੁਣ ਇਸ ਵੇਲੇ 3 ਕਰੋੜ ਹੈ ਅਤੇ ਕੋਈ ਡੇਢ੍ਹ ਕਰੋੜ ਦੀ ਬਜਾਏ 3 ਕਰੋੜ ਹੁਣ ਸਿੱਧਾ ਰਲੀਫ ਤੇ ਖਰਚ ਕਰਨਾ ਹੈ। ਇਹ ਫਲੱਡ ਕੰਟਰੋਲ ਦਾ ਕੰਮ ਸਾਰਿਆਂ ਹਲਕਿਆਂ ਵਿਚ, ਸਾਰਿਆਂ ਜ਼ਿਲ੍ਹਿਆਂ ਵਿਚ, ਜਿਥੇ ਜਿਥੇ ਵੀ ਸੇਮ ਦੀ ਟਰੱਬਲ ਹੈ ਅਤੇ ਜ਼ਮੀਨਾਂ ਦਾ ਨੁਕਸਾਨ ਹੁੰਦਾ ਹੈ, ਉਨ੍ਹਾਂ ਨੂੰ ਇਸ ਮੁਸ਼ਕਿਲ ਵਿਚੋਂ ਕਢਣਾ ਹੈ ਤਾਂ ਜੋ ਹਰ ਸਾਲ ਰਲੀਫ ਨਾ ਵੰਡਣਾ ਪਵੇ।

ਡੀਜ਼ਲ ਦੀ ਫਿਗਰ ਮੇਰੇ ਕੋਲ ਹੈ ਅਤੇ ਪਿਛਲਿਆਂ ਮਹੀਨਿਆਂ ਦੇ ਨਾਲ ਜੇ ਮੁਕਾਬਲਾ ਕਰੀਏ ਤਾਂ ਅਸੀਂ ਗਵਰਨਮੈਂਟ ਆਫ ਇੰਡੀਆ ਤੋਂ ਜ਼ਿਆਦਾ ਡੀਜ਼ਲ ਪੰਜਾਬ ਵਾਸਤੇ ਲਿਆਂਦਾ ਹੈ । ਜਿਥੋਂ ਤੱਕ ਲਾਈਨਾਂ ਦੀ ਗੱਲ ਹੈ, ਇਸ ਬਾਰੇ ਮੈਂ ਇਹ ਕਹਿ ਦੇਵਾਂ ਕਿ ਸਭ ਜਗ੍ਹਾ ਡੀਜ਼ਲ ਭੇਜਿਆ ਜਾਂਦਾ ਹੈ, ਪਰ ਕੁਝ ਲੋਕੀਂ ਇਸ ਨੂੰ ਹੋਰਡ ਕਰਨ ਲਗ ਪਏ ਹਨ ਕਿਉਂਕਿ ਕੁਝ ਲੋਕਾਂ ਨੂੰ ਇਹ ਖਿਆਲ ਹੈ ਕਿ ਅਪਰੈਲ ਮਈ ਵਿਚ ਸ਼ਾਇਦ ਡੀਜ਼ਲ ਨਾ ਮਿਲੇ, ਉਨ੍ਹਾਂ ਨੂੰ ਇਹ ਯਕੀਨ ਨਹੀਂ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਵਰਨਮੈਂਟ ਦੇ ਇਹ ਸਾਧਨ ਹਨ ਅਤੇ ਗਵਰਨਮੈਂਟ ਨੇ ਇਹ ਇੰਤਜ਼ਾਮ ਕਰ ਲਿਆ ਹੈ ਕਿ ਅਪਰੈਲ ਮਈ ਵਿਚ ਵੀ ਮੁਕੰਮਲ ਤੌਰ ਤੇ ਡੀਜ਼ਲ ਦੀ ਸਪ-ਲਾਈ ਰਹੇਗੀ ਜਿਹੜੇ ਹੋਰਡਰਜ਼ ਹਨ ਉਨ੍ਹਾਂ ਬਾਰੇ ਇਹ ਵੀ ਕਰ ਰਹੇ ਹਾਂ ਕਿ ਉਨ੍ਹਾਂ ਨੂੰ ਮੁਕੰਮਲ ਤੌਰ ਤੇ ਸਜ਼ਾ ਦਿਤੀ ਜਾਵੇ ਅਤੇ ਜੇ ਕੋਈ ਬਲੈਕ ਕਰਦਾ ਹੈ ਉਸ ਨੂੰ ਸਖਤ ਸਜ਼ਾ ਦਿਤੀ ਜਾਵੇ। ਇਨ੍ਹਾਂ ਨੇ (ਆਪੋਜ਼ੀਸ਼ਨ ਨੇ) ਸੋਚਿਆ ਕਿ ਇਹ ਇਸ ਢੰਗ ਨਾਲ ਹਫੜਾ ਤਫੜੀ ਮਚਾ ਲੈਣਗੇ, ਪਰ ਇਸ ਤਰ੍ਹਾਂ ਨਹੀਂ ਹੋਣ ਦਿੱਤਾ ਜਾਵੇਗਾ, ਅਸੀਂ ਡੀਜ਼ਲ ਦੀ ਪੂਰੀ ਸਪਲਾਈ ਲਵਾਂਗੇ ਅਤੇ ਇਸ ਨੂੰ ਰਾਸ਼ਨ ਕਾਰਡਾਂ ਤੇ ਸਪਲਾਈ ਕੀਤਾ ਜਾਵੇਗਾ ਅਤੇ ਹੋਰਡਿੰਗ ਬਲੈਕ ਮਾਰਕਿਟਿੰਗ ਨਹੀਂ ਹੋਣ ਦੇਵਾਂਗੇ । ਇਹ ਸੋਚਦੇ ਹਨ ਕਿ ਇਸ ਤਰ੍ਹਾਂ ਦੀਆਂ ਗੱਲਾਂ ਕਰ ਕੇ ਗੜ-ਬੜੀ ਪਾ ਦਿੱਤੀ ਜਾਵੇ, ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਕਿਸਾਨ ਖੇਤੀ ਵਲ ਧਿਆਨ ਰਖਦਾ ਹੈ, ਪੰਜਾਬ ਦੇ ਲੋਕ ਮਿਹਨਤ ਕਰਦੇ ਹਨ ਅਤੇ ਇਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਉਣਗੇ । ਡੀਜ਼ਲ ਦੀ ਗੱਲ ਨਾਲ ਤੁਸੀਂ ਗੜਬੜੀ ਨਹੀਂ ਫੈਲਾ ਸਕਦੇ।

ਸ੍ਰੀ ਸਪੀਕਰ : ਸ਼ਰਮਾਂ ਜੀ, ਹੁਣ ਤੁਸੀਂ ਵਾਈਂਡ ਅਪ ਕਰੋ ਜੀ । **(Sharmaji, now please wind up).**

ਵਿੱਤ ਮੰਤਰੀ : ਸੈਣੀ ਸਾਹਿਬ ਨੇ ਕਿਹਾ ਕਿ ਮਿਂਊਸਪੈਲਟੀਆਂ ਲਈ ਪੈਸੇ ਘੱਟ ਰਖੇ ਹਨ ਅਤੇ ਕਈ ਅਕਾਲੀ ਮੈਂਬਰਾਂ ਨੇ ਕਿਹਾ ਕਿ ਸ਼ਹਿਰਾਂ ਲਈ ਜ਼ਿਆਦਾ ਪੈਸੇ ਰਖੇ ਹਨ । ਇਸ ਬਾਰੇ ਮੈਂ ਇਹ ਕਹਿ ਦੇਵਾਂ ਕਿ ਅਸੀਂ ਸਾਰਾ ਹਿਸਾਬ ਕਿਤਾਬ ਲਗਾਇਆ ਸੀ, ਬਿਜਲੀ ਦਾ ਵੀ, ਇੰਡਸਟਰੀ ਦਾ ਵੀ, ਸੋਸ਼ਲ ਸਰਵਿਸ ਦਾ ਵੀ ਅਤੇ ਹੋਰ ਚੀਜ਼ਾਂ ਦੀ ਵੀ । ਕੁਝ ਮੈਂਬਰ ਕਹਿੰਦੇ ਹਨ ਕਿ ਅਸੀਂ ਪਿੰਡਾਂ ਵਾਸਤੇ ਘੱਟ ਕਰ ਰਹੇ ਹਾਂ ਅਤੇ ਸ਼ਹਿਰਾਂ ਵਾਸਤੇ ਜ਼ਿਆਦਾ ਕਰ ਰਹੇ ਹਾਂ । 75 ਫੀ ਸਦੀ ਪਿੰਡਾਂ ਵਿਚ ਹੀ ਖਰਚ ਹੋਣਾ ਹੈ ਅਤੇ 25 ਫੀ ਸਦੀ ਸ਼ਹਿਰਾਂ ਵਿਚ ਖਰਚ ਹੋਣਾ ਹੈ । ਜਿਹੜੇ ਪਿੰਡਾਂ ਵਾਲੇ ਲੋਕ ਸ਼ਹਿਰਾਂ ਵਿਚ ਵਸ ਰਹੇ ਹਨ, ਉਨ੍ਹਾਂ ਲਈ ਅਰਬਨ ਐਸਟੇਟਸ, ਇੰਮਪਰੂਵਮੈਂਟ ਟਰਸਟ, ਬਣਾਏ ਉਥੇ ਪੰਜਾਬੀ ਲੋਕਾਂ ਨੇ ਹੀ ਵਸਣਾ ਹੈ । ਪਿਛਲੇ 10 ਸਾਲਾਂ ਵਿਚ ਪਿੰਡਾਂ ਤੋਂ ਸ਼ਹਿਰਾਂ ਵਿਚ ਇੰਨੀ ਮਾਈਗਰੇਸ਼ਨ ਹੋਈ ਹੈ ਜਿਸ ਕਾਰਨ ਸਾਡਾ ਫਰਜ਼ ਹੈ ਕਿ ਕੋਈ ਕਮੀ ਨਾ ਰਹਿ ਜਾਵੇ ਕਿਸੇ ਕੰਮ ਵਿਚ। 2 ਕਰੋੜ 40 ਲੱਖ ਰੁਪਿਆ ਮਿਊਸਪੈਲਟੀਆਂ ਅਤੇ ਇੰਮਪਰੂਵਮੈਂਟ ਟਰੱਸਟਾਂ ਲਈ ਰਖਿਆ ਹੈ। ਇਸ ਬਾਰੇ ਮੈਂ ਇਹ ਕਹਿ ਦੇਵਾਂ ਕਿ ਕੁਝ ਮਿਊਂਸਪੈਲਟੀਆਂ ਦੀ ਆਮਦਨੀ ਬੜ੍ਹ ਰਹੀ ਹੈ, ਕੁਝ ਅਸੀਂ ਇੰਮਪਰੂਵਮੈਂਟ ਲਈ ਦੇ ਦੇਵਾਂਗੇ। ਦੂਜੀ ਗੱਲ ਇਹ ਹੈ ਕਿ ਇਹ ਸਰਕਾਰ ਜਲੰਧਰ ਅਤੇ ਦੂਜੇ ਸ਼ਹਿਰਾਂ ਦੀਆਂ ਸਕੀਮਾਂ ਵਾਸਤੇ ਵੀ ਪੈਸੇ ਦਾ ਇੰਤਜ਼ਾਮ ਕਰੇਗੀ । ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਪਿੰਡ, ਪੰਜਾਬ ਦਾ ਪਿੰਡ ਸਾਰੇ ਹਿੰਦੁਸਤਾਨ ਤੋਂ ਅਗੇ ਨਿਕਲ ਰਿਹਾ ਹੈ ਅਤੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸ਼ਹਿਰ ਵੀ ਹਿੰਦੁਸਤਾਨ ਦੇ ਕਿਸੇ ਹਿੱਸੇ ਨਾਲੋਂ ਪਿਛੇ ਨਹੀਂ ਰਹਿਣਗੇ। ਇਸ ਦੇ ਨਾਲ ਮੈਂ ਇਹ ਕਹਿ ਦੇਵਾਂ ਕਿ ਜਿਹੜੇ 21 ਇੰਡਸਟਰੀਅਲ ਏਰੀਆਜ਼ ਪੰਜਾਬ ਦੇ ਹਨ, ਉਨ੍ਹਾਂ ਵਿਚ ਗੋਰਾਇਆ ਤੇ ਜਲੰਧਰ ਵੀ ਸ਼ਾਮਿਲ ਹਨ ।

Mr. Speaker: Now the Guillotine is applied.

Mr. Speaker : Question is —

That the Punjab Appropriation (No. 2) Bill be taken into consideration at once.

The motion was carried.

Mr. Speaker : Now I will put the Bill, Clause by Clause, to the vote of the House.

Clause 2

Mr. Speaker : Question is —

That Clause 2 stand part of the Bill.

The motion was carried

Clause 3

Mr. Speaker : Question is—

That Clause 3 stand part of the Bill

The motion was carried

SCHEDULE

Mr. Speaker : Question is —

That Schedule stand part of the Bill

The motion was carried

Clause 1

Mr. Speaker : Question is —

That Clause 1 stand part of the Bill

The motion was carried

TITLE

Mr. Speaker - Question is —

That Title be the title of the Bill.

The motion was carried

Mr. Speaker : Question is —

That the Punjab Appropriation (No. 2) Bill be passed.

The motion was carried

(Interruption)

Mr. Speaker The House stands adjourned till 9.00 A.M. on **Thursday**, the 14th March 1974.

1-30 P. M.

The Sabha then adjourned till 9.00 A.M. on Thursday the 14th March, 1974

14755 PVS—Govt. Press, (U.T.) Chd.

Published under the authority of the Punjab Vidhan Sabha Secretariat and printed by the Controller, Government Press, Chandigarh

Punjab Vidhan Sabha Debates

14th March, 1974

Vol. I—No. 15

OFFICIAL REPORT

CONTENTS

Thursday, the 14th March, 1974

Punjab Vidhan Sabha Sectt. Chandigarh.

Price Rs. 38.50 Paise.

ERRATA

To

PUNJAB VIDHAN SABHA DEBATES

Dated the 14th March, 1974

Vol. I—No. 15

Read	*For*	*Page*	*Line*
ਸਰਦਾਰ ਅਜਾਇਬ ਸਿੰਘ ਸੰਧੂ	ਸਰਦਾਰ ਅਜਾਇਬ ਸਿੰਘ ਸੰਧ	(15)11	19th from below
Separate	Separpte	(15)25	14th from below
heading	healing	(15)30	23rd from below
principle	principal	(15)30	15th from below
ਦੇ	ਤੇ	(15)33	9
ਹਕਸ਼ੁਫਾ	ਹਕ ਸ਼ਦਾ	(15)33	20
ਮੁਕਤਸਰ	ਮੁਕਸਤਰ	(15)34	15th from below
ANSWERS	ANSWBRS	(15)49	Top line
note	notc	(15)61	9th from below
ਸਰਦਾਰ ਸੁਰਿੰਦਰ ਸਿੰਘ ਕੈਰੋਂ	ਸਰਦਾਰ ਸੁਰਿਦਰ ਸਿਘ ਕੈਰੋਂ	(15)67	18
ਸਰਦਾਰ ਪ੍ਰੇਮ ਸਿੰਘ ਪ੍ਰੇਮ	ਸਰਦਾਰ ਪ੍ਰੇਮ ਸਿਘ ਪ੍ਰੇਮ	(15)67	4th from below
should	shond	(15)74	13
radius	radious	(15)75	11
ਸਰਦਾਰ ਸੁਰਿੰਦਰ ਸਿੰਘ ਕੈਰੋਂ	ਸਰਦਾਰ ਸੁਰਿੰਦਰ ਸਿਘ ਕੈਰੋਂ	(15)88	1
ਰੈਂਕ	ਰੰਕ	(15)97	6
सैकशन	सैकसशन	(15)102	15th from below
ਸਰਦਾਰ ਜਸਦੇਵ ਸਿੰਘ ਸੰਧੂ	ਸਰਦਾਰ ਜਸਦੇਦ ਸਿੰਘ ਸੰਧੂ	(15)103	6th from below

P.T.O.

Read	*For*	*Page*	*Line*
ਸਿੰਜਾਈ	ਸਪਲਾਈ	(15) 112	1
ਬੜੀ	ਬੜਾ	(15) 1.15	3
proviso	provison	(15) 139	10th from below
Commissioner	Commisner	(15) 139	3rd from below
ਪਰਾਪਰਟੀ	ਪਰਪਰਣੀ	(15) 147	2nd from below
ਇਮਪਰੂਵਮੇਂਟ	ਇੰਪਪਰੂਵਮੈਟ	(15) 150	1.1
ਲਵੇ	ਲਵੋ	(15) 151	11
clause	cluse	(15) 156	20
Municipal	Munieipal	(15) 157	15th from below
ਆਵਾਜ਼	ਆਵੀਜ਼	(15) 159	9
ਆੜ੍ਹਤੀ	ਆੜ੍ਹਦੀ	(15) 162	3rd from below

PUNJAB VIDHAN SABHA

Thursday, the 14th March, 1974

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 9-00 A.M. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

Supplementary Questions to Starred Question No. 2184*

Mr. Speaker: Supplementary to Starred Question No. 2184*

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ, ਕੱਲ੍ਹ ਤਾਂ ਇਨ੍ਹਾਂ ਨੇ ਫਾਈਲ ਨਹੀਂ ਸੀ ਪੜ੍ਹੀ ਹੋਈ ਅੱਜ ਤਾਂ ਸ਼ਾਇਦ ਇਹ ਫਾਈਲ ਪੜ੍ਹ ਕੇ ਆਏ ਹੋਣ, ਕੀ ਇਹ ਕਿਰਪਾ ਕਰਕੇ ਦੱਸਣਗੇ ਕਿ ਸਾਰਿਆਂ ਜ਼ਿਲ੍ਹਿਆਂ ਵਿਚ ਕਿਹੜੀ ਕਿਹੜੀ ਕਮੇਟੀ ਵਿਚ ਸ਼ੈਡਿਊਲਡ ਕਾਸਟ ਮੈਂਬਰ ਸੀ ?

ਸਿਖਿਆ ਮੰਤਰੀ : ਸਪੀਕਰ ਸਾਹਿਬ, ਜਿਹੜਾ ਕੁਐਸਚਨ ਸੀ ਉਹ ਤਾਂ ਹਾਫ ਏ ਮਿਲੀਅਨ ਜਾਬਜ਼ ਦੇ ਅੰਦਰ ਜੇ.ਬੀ.ਟੀ. ਦੀ ਭਰਤੀ ਦਾ ਸੀ, ਕਮੇਟੀ ਨੂੰ ਡਿਸਕਸ ਕਰਨ ਦਾ ਕੁਐਸਚਨ ਨਹੀਂ ਸੀ। ਪਰ ਕਿਉਂਕਿ ਤੁਸੀਂ ਅਲਾਓ ਕੀਤਾ ਹੈ, ਇਸ ਲਈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਕੱਲ੍ਹ ਵੀ ਕਿਹਾ ਸੀ ਕਿ ਜਿਸ ਜ਼ਿਲ੍ਹੇ ਵਿਚ ਹਰੀਜਨ ਮੈਂਬਰ ਨਹੀਂ ਉਹ ਮੈਨੂੰ ਦੱਸ ਦਿਉ, ਜੇ ਕਿਸੇ ਨਾਲ ਕੋਈ ਧੱਕਾ ਹੋਇਆ ਹੈ, ਉਹ ਵੀ ਮੇਰੇ ਨੋਟਿਸ ਵਿਚ ਲਿਆ ਦਿਉ। ਪਰ ਇਨ੍ਹਾਂ ਨੇ ਮੈਨੂੰ ਕੁਝ ਨਹੀਂ ਦੱਸਿਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਕਮੇਟੀਆਂ ਵਿਚ ਹਰੀਜਨ ਚੇਅਰਮੈਨ ਹਨ। (ਥੰਪਿੰਗ)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਇਹ ਹਨ ਅਤੇ ਪੁੱਛਦੇ ਇਹ ਸਾਨੂੰ ਹਨ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੇ ਕਿਹੜੇ ਜ਼ਿਲ੍ਹਿਆਂ ਵਿਚ ਕਮੇਟੀਆਂ ਬਣਾਈਆਂ ਗਈਆਂ ਹਨ ਅਤੇ ਉਨ੍ਹਾਂ ਵਿਚੋਂ ਕਿਹੜੇ ਕਿਹੜੇ ਜ਼ਿਲ੍ਹਿਆਂ ਵਿਚ ਹਰੀਜਨ ਮੈਂਬਰ ਸੀ ਅਤੇ ਕਿਹੜੇ ਕਿਹੜੇ ਜ਼ਿਲ੍ਹਿਆਂ ਵਿਚ ਨਹੀਂ ਸੀ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕਰ ਚੁੱਕਾ ਹਾਂ ਕਿ ਕੁਐਸਚਨ ਜੋ ਸੀ ਉਹ ਜੇ. ਬੀ.ਟੀ. ਦੀ ਭਰਤੀ ਦਾ ਸੀ ਉਸ ਦੇ ਬਾਰੇ ਅਗਰ ਇਨ੍ਹਾਂ ਨੂੰ ਕੋਈ ਗਿਲਾ ਹੈ ਤਾਂ ਦੱਸ ਦੇਣ। ਮੈਂ ਫਿਰ ਦੱਸਣਾ ਚਾਹੁੰਦਾ ਹਾਂ ਕਿ ਜਿਸ ਜ਼ਿਲ੍ਹੇ ਵਿਚ ਕਮੇਟੀ ਵਿਚ ਹਰੀਜਨ ਮੈਂਬਰ ਹੈ ਨਹੀਂ ਉਹ ਮੇਰੇ ਨੋਟਿਸ ਵਿਚ ਲਿਆਉਣ। (ਵਿਘਨ) ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ 12 ਜ਼ਿਲ੍ਹੇ ਹਨ ਅਤੇ 12 ਜ਼ਿਲ੍ਹਿਆਂ ਵਿਚੋਂ 11 ਜ਼ਿਲ੍ਹਿਆਂ ਵਿਚ ਹਰੀਜਨ ਮੈਂਬਰ ਸੀ ਅਤੇ ਉਹ ਚੇਅਰਮੈਨ ਸੀ ਅਤੇ ਇਕ ਜ਼ਿਲ੍ਹਾ ਜਿਹੜਾ 12ਵਾਂ ਹੈ ਉਸ ਦੇ ਵਿਚ ਹਰੀਜਨ ਮੈਂਬਰ ਹੈ ਲੇਕਿਨ ਉਸ ਨੂੰ ਵੀ ਚੇਅਰਮੈਨ ਲਗਾ ਦਿਤਾ ਹੈ। (ਤਾੜੀਆਂ) (ਵਿਘਨ)

*For Starred Question No. 2184 and reply there to please see debate dated 13-3-1974.

Sardar Prem Singh Prem : May I know the names of the Harijan Members of these Committees in all the districts of the State ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਿਹਾ ਸੀ ਕਿ ਇਹ ਜੇ.ਬੀ.ਟੀ. ਦੀ ਭਰਤੀ ਦਾ ਕੁਐਸ਼ਚਨ ਹੈ, ਕਮੇਟੀ ਦਾ ਕੁਐਸਚਨ ਨਹੀਂ ਹੈ। ਲੇਕਿਨ ਕਿਉਂਕਿ ਤੁਸੀਂ ਅਲਾਉ ਕਰ ਦਿਤਾ ਹੈ ਇਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਡਿਸਟ੍ਰਿਕਟ ਵਿਚ ਸਰਦਾਰ ਦਿਆਲ ਸਿੰਘ, ਪੀ.ਸੀ.ਐਸ., ਚੇਅਰਮੈਨ ਹੈ, ਗੁਰਦਾਸਪੁਰ ਡਿਸਟ੍ਰਿਕਟ ਵਿਚ ਸਰਦਾਰ ਗਿਆਨ ਸਿੰਘ ਸੰਧੂ, ਪੀ.ਸੀ.ਐਸ., ਜਲੰਧਰ ਡਿਸਟ੍ਰਿਕਟ ਵਿਚ ਸ੍ਰੀ ਐਮ. ਐਲ. ਗੋਤਰਾ, ਪੀ.ਸੀ.ਐਸ , ਐਗਜ਼ੈਕਟਿਵ ਮੈਜਿਸਟਰੇਟ, ਹੁਸ਼ਿਆਰਪੁਰ ਡਿਸਟ੍ਰਿਕਟ ਵਿਚ ਸ੍ਰੀ ਜੀ.ਐਸ. ਬੈਂਸ, ਪੀ.ਸੀ.ਐਸ., ਜੀ.ਏ. ਲੁਧਿਆਣੇ ਡਿਸਟ੍ਰਿਕਟ ਵਿਚ ਸ੍ਰੀ ਪਿਆਰੇ ਲਾਲ, ਪੀ.ਸੀ.ਐਸ., ਫਰੀਦਕੋਟ ਡਿਸਟਿਕਟ ਵਿਚ ਸਰਦਾਰ ਜੋਗਿੰਦਰ ਸਿੰਘ, ਜੁਆਇੰਟ ਲੇਬਰ ਕਮਿਸ਼ਨਰ, ਪੰਜਾਬ, ਬਠਿੰਡੇ ਡਿਸਟ੍ਰਿਕਟ ਵਿਚ ਸ੍ਰੀ ਕੇ.ਐਸ. ਮਾਹੀ, ਪੀ.ਸੀ.ਐਸ., ਸੰਗਰੂਰ ਡਿਸਟ੍ਰਿਕਟ ਵਿਚ ਸਰਦਾਰ ਬਲਦੇਵ ਸਿੰਘ, ਡੀ.ਈ.ਓ., ਕਪੂਰਥਲਾ ਡਿਸਟ੍ਰਿਕਟ ਵਿਚ ਸ੍ਰੀ ਆਰ. ਐਮ. ਬਸੀ, ਪੀ. ਸੀ. ਐਸ., ਰੋਪੜ ਡਿਸਟ੍ਰਿਕਟ ਵਿਚ ਸ੍ਰੀ ਐਮ. ਆਰ. ਭਗਤ, ਪੀ.ਸੀ.ਐਸ., ਪਟਿਆਲਾ ਜ਼ਿਲ੍ਹਾ ਵਿਚ ਸਰਦਾਰ ਮਨਮੋਹਨ ਸਿੰਘ, ਪੀ.ਸੀ.ਐਸ. ਅਤੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਮਿਸਟਰ ਤਨਵਰ ਹਨ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜੋ ਨਾਮ ਦੱਸੇ ਹਨ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਕਮੇਟੀਆਂ ਵਿਚ ਹਰੀਜਨ ਮੈਂਬਰ ਪ੍ਰਧਾਨ ਲਗਾਏ ਗਏ ਹਨ। ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਕਿ ਕੀ ਇਸ ਗੱਲ ਨੂੰ ਮੁੱਖ ਰਖਦੇ ਹੋਏ ਜੋ ਇਨ੍ਹਾਂ ਨੇ ਐਲਾਨ ਕੀਤਾ ਸੀ ਕਿ 25% ਰਿਜ਼ਰਵੇਸ਼ਨ ਹਰੀਜਨਾਂ ਦੀ ਪੂਰੀ ਕਰਨੀ ਹੈ, ਐਜੂਕੇਸ਼ਨ ਬੋਰਡ, ਸਿਲੈਕਸ਼ਨ ਬੋਰਡ ਵਿਚ ਜਾਂ ਹੋਰ ਦੂਸਰੀਆਂ ਥਾਵਾਂ ਤੇ ਜੋ ਪੋਸਟਾਂ ਹਨ, ਉਨ੍ਹਾਂ ਦੇ ਪ੍ਰਧਾਨ ਹਰੀਜਨ ਲਗਾਉਣਗੇ ? (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਹਰ ਮੁਮਕਿਨ ਤਰੀਕੇ ਨਾਲ ਕੋਸ਼ਿਸ਼ ਕੀਤੀ ਜਾਵੇਗੀ ਕਿ ਜਿਹੜਾ ਸਮਾਜ ਦਾ ਦਬਿਆ ਹੋਇਆ ਤਬਕਾ ਹੈ, ਉਨ੍ਹਾਂ ਨੂੰ ਉਪਰ ਲਿਆਉਣ ਦਾ ਮੌਕਾ ਦਿਤਾ ਜਾਵੇ, ਪਰ ਇਸ ਤਰ੍ਹਾਂ ਨਹੀਂ ਕਿ ਅਪਰ ਕਲਾਸਾਂ ਦੇ ਜੋ ਲੋਕਾਂ ਵਲੋਂ ਉਨ੍ਹਾਂ ਨੂੰ ਤਕਲੀਫਾਂ ਹੋਈਆਂ ਹਨ ਉਨ੍ਹਾਂ ਦਾ ਬਦਲਾ ਲਿਆ ਜਾਵੇ। ਜਿਥੋਂ ਤਕ ਸਰਦਾਰ ਦਰਬਾਰਾ ਸਿੰਘ ਜੀ ਦੇ ਸਵਾਲ ਦਾ ਤੁਅੱਲਕ ਹੈ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਨੇ ਇਸ ਗੱਲ ਦੀ ਭਾਵਨਾ ਆਪਣੇ ਅੰਦਰ ਪੈਦਾ ਕੀਤੀ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਜਦੋਂ ਪੰਜਾਬ ਵਿਚ ਸੀ ਤਾਂ ਸਰਦਾਰ ਸਾਹਿਬ ਉਸ ਵੇਲੇ ਸਪੀਕਰ ਸਨ। ਇਨ੍ਹਾਂ ਦੇ ਇਸ ਮਹਿਕਮੇ ਦੇ ਅੰਦਰ ਘੱਟ ਰਿਜ਼ਰਵੇਸ਼ਨਾਂ ਸਨ ਅਤੇ ਇਨ੍ਹਾਂ ਨੇ ਇਮਪਲਾਇਮੈਂਟ ਐਕਸਚੇਂਜ ਦੀ ਪ੍ਰਵਾਹ ਵੀ ਇਤਨੀ ਨਹੀਂ ਸੀ ਕੀਤੀ ਜਿਤਨੀ ਕਿ ਸਰਕਾਰ ਦੀ ਡਿਊਟੀ ਹੁੰਦੀ ਹੈ। ਜਿੰਨ੍ਹਾਂ ਇਨ੍ਹਾਂ ਨੇ ਧਿਆਨ ਦਿਤਾ ਹੈ ਉਸ ਨਾਲੋਂ ਕਿਧਰੇ ਵਧੇਰੇ ਅਸੀਂ ਧਿਆਨ ਕਰਾਂਗੇ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ...... (ਵਿਘਨ)

ਸਰਦਾਰ ਦਰਬਾਰਾ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਨ੍ਹਾਂ ਨੂੰ ਦੱਸ ਦਿਉ ਕਿ ਕੁਐਸਚਨ ਆਵਰ ਵਿਚ ਪਰਸਨਲ ਐਕਸਪਲੇਨੇਸ਼ਨ ਨਹੀਂ ਹੋ ਸਕਦੀ, ਬਾਅਦ ਵਿਚ ਕਰ ਲੈਣ (ਵਿਘਨ)

Mr. Speaker : I agree.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਹਾਫ਼ ਏ ਮਿਲੀਅਨ ਜਾਬ ਦੇ ਹੇਠਾਂ ਜਿਹੜੀਆਂ ਜੇ.ਬੀ.ਟੀਜ਼. ਦੀਆਂ ਪੋਸਟਾਂ ਭਰਨੀਆਂ ਹਨ ਉਹ ਰੈਗੂਲਰ ਕੀਤੀਆਂ ਜਾਣਗੀਆਂ, ਮੈਂ ਮਨਿਸਟਰ ਸਾਹਿਬ ਤੋਂ ਜਾਂ ਚੀਫ਼ ਮਨਿਸਟਰ ਸਾਹਿਬ ਤੋਂ, ਕੋਈ ਮਰਜ਼ੀ ਦੱਸ ਦੇਣ, ਪੁੱਛਣਾ ਚਾਹੰਦਾ ਹਾਂ ਕਿ ਜਿਹੜੇ ਇੰਜੀਨੀਅਰਜ਼ ਰੱਖੇ ਸੀ ...... (ਵਿਘਨ) 31 ਮਾਰਚ ਨੂੰ ਉਰਿਜਨਲ ਆਰਡਰ ਦੇ ਹੇਠਾਂ ਪ੍ਰੋਗਰਾਮ ਖ਼ਤਮ .... (ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ, ਇਹ ਜੇ.ਬੀ.ਟੀ. ਦਾ ਸਵਾਲ ਹੈ ...... (ਵਿਘਨ)

(Mr. Dang this question relates to J.B.T. posts.)

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਸਾਰਿਆਂ ਜ਼ਿਲ੍ਹਿਆਂ ਵਿਚ ਕੋਈ ਬੈਕਵਰਡ ਕਲਾਸ ਦਾ ਵਿਅਕਤੀ ਵੀ ਹੈ ਜਿਹੜਾ ਇਨ੍ਹਾਂ ਕਮੇਟੀਆਂ ਵਿੱਚ ਮੈਂਬਰ ਹੈ ?

ਵਿਦਿਆ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਤਾਂ ਇਸ ਦੇ ਨਾਲ ਸੰਬਧਤ ਨਹੀਂ ਹੈ।

ਡਾਕਟਰ ਅਮੀਰ ਸਿੰਘ ਖਲਕਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਵੇਲੇ ਇਨ੍ਹਾਂ ਬੈਂਚਾਂ ਤੇ ਬੈਠੇ ਸੱਜਣ (ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਹਰੀਜਨਾਂ ਦੇ ਨਾਮ ਦੀ ਮਾਲਾ ਜਪਦੇ ਹਨ, ਕੀ ਇਨ੍ਹਾਂ ਦੀ ਸਰਕਾਰ ਵੇਲੇ ਇਨ੍ਹਾਂ ਨੇ ਹਰੀਜਨਾਂ ਦਾ ਨਾਮ ਲਿਆ ਜਾਂ ਕਿਸੇ ਕਮੇਟੀ ਦਾ ਮੈਂਬਰ ਜਾਂ ਚੇਅਰਮੈਨ ਹਰੀਜਨ ਬਣਾਇਆ ਸੀ ? (ਵਿਘਨ)

Mr. Speaker : This is no supplementary. It is ruled out.

ਸਰਦਾਰ ਸੁਰਿੰਦਰ ਸਿੰਘ ਕੈਰੋਂ : ਸਪੀਕਰ ਸਾਹਿਬ, ਹਰੀਜਨਾਂ ਦੀ ਨੁਮਾਇੰਦਗੀ ਦਾ ਇਥੇ ਬੜਾ ਚਰਚਾ ਹੋਇਆ ਹੈ, ਇਹ ਵੀ ਕਿਹਾ ਗਿਆ ਕਿ ਪਿਛਲੇ ਕਾਂਗਰਸੀ ਰਿਜੀਮ ਵਿਚ ਉਨ੍ਹਾਂ ਨੂੰ ਕਾਫ਼ੀ ਪਰਸੈਂਟੇਜ ਮਿਲੀ ਹੈ ਅਤੇ ਫਿਰ ਡਿਗ ਪਈ ਸੀ। ਗਿਆਨੀ ਜੀ ਨੇ ਇਕ ਐਲਾਨ ਕੀਤਾ ਹੈ, ਇਹ ਬਹੁਤ ਚੰਗੀ ਗੱਲ ਹੈ, ਜਿਸ ਦੇ ਲਈ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ। (ਵਿਘਨ) ਮੈਂ ਸਮਝਦਾ ਹਾਂ ਕਿ ਜਿੰਨਾਂ ਚਿਰ ਇਹ ਨੁਮਾਇੰਦਗੀ ਜਿੰਨੀ ਅਨਾਊਂਸ ਕੀਤੀ ਹੈ ਇਹ ਪੂਰੀ ਨਹੀਂ ਹੁੰਦੀ, ਪਬਲਿਕ ਸਰਵਿਸ ਕਮਿਸ਼ਨ ਦਾ ਜੋ ਸੀਨੀਅਰ ਮੈਂਬਰ ਹਰੀਜਨ ਹੋਵੇ ਤਾਂ ਉਸ ਨੂੰ ਕੀ ਚੇਅਰਮੈਨ ਬਣਾਉਣ ਨੂੰ ਤਿਆਰ ਹਨ ?...... (ਵਿਘਨ)

Mr. Speaker : This supplementary question does not arise out of this question.

Government School Teachers promoted as Lecturers in Civics during the years 1970, 1971, 1972 and 1973

***2418. (1) Comrade Dana Ram**
(2) Comrade Satya Pal Dang } : Will the Minister for Education be pleased to state—

(a) the number of Government School Teachers promoted as Lecturers in Civics during the years 1970, 1971, 1972 and 1973 district-wise and yearwise stating the names of those belonging to Provincialised Cadre amongst them ;

(b) whether it is a fact that according to a formula laid down by the Department, every 7th post is to be given to the Provincialised Cadre; if so, whether this formula was adhered to during the years 1971 and 1972; if not, the reasons therefor ;

[Comrade Dana Ram]

(c) whether the Department received any representation dated 24th December, 1973 from some teachers alleging grave injustice to the Provincialised Cadre in the matter of promotion of Lecturers (School Cadre) in Civics ?

Shri Gurmail Singh : (a) Promotion to Lecturer Grade is made from Masters Cadre. Masters are borne on State Cadre and not on District Cadre. The number of Masters promoted as Lecturers in Civics from 1970 to 1973 is as under :—

(i) 1970	..	3
(ii) 1971	..	1
(iii) 1972	..	6
(iv) 1973	..	5

No Master from Provincialised Cadre was promoted as Lecturer in Civics during these years.

(b) Yes, the formula was adhered to in 1971 and 1972.

(c) Yes, only from one Master.

[(ਏ) ਲੈਕਚਰਾਰ ਦੀਆਂ ਤਰੱਕੀਆਂ ਮਾਸਟਰ ਕਾਡਰ ਵਿਚੋਂ ਦਿਤੀਆਂ ਜਾਂਦੀਆਂ ਹਨ। ਮਾਸਟਰਜ਼ ਦੀ ਸੀਨੀਆਰਟੀ ਸਟੇਟ ਬੇਸਿਜ਼ ਤੇ ਹੈ ਨਾਂ ਕਿ ਜਿਲ੍ਹੇ ਦੇ ਅਧਾਰ ਤੇ ਹੁੰਦੀ ਹੈ। 1970 ਤੋਂ 1973 ਤੱਕ ਸਿਵਿਕਸ ਵਿਸ਼ੇ ਵਿਚ ਪ੍ਰਮੋਟ ਕੀਤੇ ਲੈਕਚਰਾਰਜ਼ ਦੀ ਗਿਣਤੀ ਇਸ ਪ੍ਰਕਾਰ ਹੈ :—

1970	..	3
1971	..	1
1972	..	6
1973	..	5

ਇਨ੍ਹਾਂ ਸਾਲਾਂ ਵਿਚ ਪ੍ਰਾਂਤੀਕਰਨ ਕਾਡਰ ਦੇ ਕਿਸੇ ਮਾਸਟਰ ਨੂੰ ਬਤੌਰ ਲੈਕਚਰਾਰ ਇਨ ਸਿਵਿਕਸ ਨਹੀਂ ਪ੍ਰਮੋਟ ਕੀਤਾ ਗਿਆ।

(ਬੀ) ਹਾਂ ਜੀ, 1971 ਅਤੇ 1972 ਵਿਚ ਫਾਰਮੂਲੇ ਤੇ ਅਮਲ ਕੀਤਾ ਗਿਆ।

(ਸੀ) ਹਾਂ ਜੀ, ਕੇਵਲ ਇਕ ਮਾਸਟਰ ਕੋਲੋਂ।]

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਫ਼ਾਰਮੂਲੇ ਦੇ ਮੁਤਾਬਕ 7ਵੀਂ ਪੋਸਟ ਤੇ ਪ੍ਰੋਵਿੰਸ਼ੇਲਾਈਜ਼ਡ ਕੇਡਰ ਦੇ ਮਾਸਟਰ ਨੂੰ ਲਾਉਣਾ ਸੀ। ਇਹ ਫ਼ਾਰਮੂਲਾ 1971-72 ਵਿਚ ਲਾਗੂ ਹੋਣਾ ਸੀ, ਮੈਂ ਪੁੱਛਦਾ ਹਾਂ ਕਿ 1970-71 ਵਿਚ ਪ੍ਰੋਵਿੰਸ਼ੇਲਾਈਜ਼ਡ ਕੇਡਰ ਦਾ ਕਦੋਂ ਲਾਇਆ ਅਤੇ ਹੁਣ ਲੇਟੈਸਟ ਕਦੋਂ ਲਾਇਆ ?

ਵਿਦਿਆ ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ 1970 ਵਿਚ 3, 1971 ਵਿਚ 1, 1972 ਵਿਚ 6 ਅਤੇ 1973 ਵਿਚ 5। ਫ਼ਾਰਮੂਲੇ ਦੇ ਮੁਤਾਬਕ 7 ਵੀਂ ਪੋਸਟ ਜਾਣੀ ਸੀ, ਪਰ ਕਿਸੇ ਸਾਲ ਵਿਚ 7 ਤੋਂ ਵੱਧ ਜਾਂ 7 ਤਕ ਪਰੋਮੋਸ਼ਨਜ਼ ਨਹੀਂ ਹੋਈਆਂ, ਇਸ ਲਈ ਪ੍ਰੋਵਿੰਸ਼ੇਲਾਈਜ਼ਡ ਕੇਡਰ ਦਾ ਸੁਆਲ ਹੀ ਨਹੀਂ ਉਠਦਾ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿੰਦਿਆਂ ਦੱਸਿਆ ਹੈ ਕਿ ਨੰਬਰ ਨਹੀਂ ਆ ਸਕਿਆ। ਮੈਂ ਪੁਛਣਾ ਚਾਹੁੰਦਾ ਹਾਂ ਕਿ ਦੋਹਾਂ ਕੇਡਰਾਂ ਦਾ ਇਕ ਜੁਆਇੰਟ ਕੇਡਰ ਬਣਾਉਣ ਲਈ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਇਸ ਮਸਲੇ ਬਾਰੇ ਮੈਨੂੰ ਬਹੁਤ ਸਾਰੇ ਦੋਸਤ ਮਿਲੇ ਅਤੇ ਗੁਪਤਾ ਜੀ ਵੀ ਮਿਲੇ ਸਨ, ਅਸੀਂ ਇਸ ਬਾਰੇ ਐਗਜ਼ਾਮਿਨ ਕਰ ਰਹੇ ਹਾਂ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕਿਸੇ ਸਾਲ ਚੂੰਕਿ 7 ਅਪੁਆਇੰਟ ਨਹੀਂ ਹੋਏ ਅਤੇ ਫ਼ਾਰਮੂਲੇ ਦੇ ਮੁਤਾਬਕ 7 ਵੀਂ ਪੋਸਟ ਦੇਣੀ ਸੀ ਇਸ ਲਈ ਚਾਰ ਸਾਲਾਂ ਵਿਚ ਕਿਸੇ ਦੀ ਵਾਰੀ ਨਹੀਂ ਆਈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਹੈ ਕਿ ਨਹੀਂ ਕਿ ਇਹ ਜਿਹੜਾ ਫ਼ਾਰਮੂਲਾ ਸੀ ਇਹ ਈਅਰਵਾਈਜ਼ ਨਹੀਂ ਸੀ। ਫ਼ਾਰਮੂਲਾ ਜਿਹੜਾ ਐਗ-ਰੀਡ ਹੋਇਆ ਸੀ ਉਹ ਇਹ ਸੀ ਕਿ ਹਰ 7 ਵੀਂ ਪੋਸਟ ਦੇਣੀ ਹੈ। ਸੁਪੋਜ਼ ਇਕ ਸਾਲ ਵਿਚ ਚਾਰ ਪੋਸਟਾਂ ਹੋਈਆਂ ਅਤੇ ਦੂਜੇ ਸਾਲ ਵਿਚ ਫਿਰ ਚਾਰ ਹੋਈਆਂ ਅਤੇ ਜਦੋਂ 8 ਵੀਂ ਤਕ ਪਹੁੰਚੇ ਤਾਂ ਪਹਿਲਾਂ 7 ਵੀਂ ਜਾਣੀ ਸੀ ਦੋਹਾਂ ਸਾਲਾਂ ਨੂੰ ਮਿਲਾ ਕੇ। ਇਹ ਫ਼ਾਰਮੂਲਾ ਇਸ ਤਰ੍ਹਾਂ ਕਰ ਕੇ ਜਾਣ ਬੁਝ ਕੇ ਜਿਹੜੀ ਮਹਿਕਮੇ ਨੇ ਫ਼ੇਵਰੇਟਿਜ਼ਮ ਕੀਤੀ ਹੈ ਅਤੇ ਹਾਊਸ ਨੂੰ ਗ਼ਲਤ ਫ਼ਾਰਮੂਲਾ ਦੱਸਿਆ ਗਿਆ ਹੈ ਕੀ ਇਸ ਦੀ ਇਨਕੁਆਇਰੀ ਕਰਾਉਣਗੇ ?

ਮੰਤਰੀ : ਡਾਂਗ ਸਾਹਿਬ ਨੇ ਜੋ ਫ਼ੇਵਰੇਟਿਜ਼ਮ ਦੀ ਗੱਲ ਕੀਤੀ ਹੈ ਇਹ ਗ਼ਲਤ ਔਰ ਬੇਬੁਨਿਆਦ ਹੈ। ਮੈਂ ਦੱਸਿਆ ਹੈ ਕਿ ਇਨ੍ਹਾਂ ਚਾਰ ਸਾਲਾਂ ਵਿਚ 7 ਪੋਸਟਾਂ ਕਦੇ ਨਹੀਂ ਮਿਲੀਆਂ ਅਤੇ 6 ਤੋਂ ਘੱਟ ਹੀ ਰਹੀਆਂ। ਫ਼ਾਰਮੂਲੇ ਵਿਚ ਕਿਤੇ ਨਹੀਂ ਲਿਖਿਆ ਕਿ ਸਾਲ ਨੂੰ ਭੰਨ ਕੇ ਉਸ ਨੂੰ ਅੱਗੇ ਲਿਜਾਣਾ ਹੈ। ਜੇਕਰ ਕਿਸੇ ਨਾਲ ਕੋਈ ਧੱਕਾ ਹੋਇਆ ਹੈ, ਉਹ ਸਾਨੂੰ ਦੱਸ ਦੇਣ ਅਸੀਂ ਐਗਜ਼ਾਮਿਨ ਕਰਾਂਗੇ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਫ਼ਾਰਮੂਲਾ 7 ਵੀਂ ਪੋਸਟ ਦਾ ਹੈ ਇਸ ਵਿਚ ਕੀ ਪਿਛਲੇ ਸਾਲ ਦੀਆਂ ਪੋਸਟਾਂ ਗਿਣ ਕੇ ਪਰਮੋਸ਼ਨ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਇਹ ਗੱਲ ਕਹੀ ਹੈ ਕਿ ਇਹ ਚੀਜ਼ ਫ਼ਾਰਮੂਲੇ ਵਿਚ ਕਿਤੇ ਦਰਜ ਨਹੀਂ ਹੈ, ਲੇਕਿਨ ਸਰਕਾਰ ਫਿਰ ਵੀ ਉਨ੍ਹਾਂ ਨਾਲ ਧੱਕਾ ਨਹੀਂ ਹੋਣ ਦੇਵੇਗੀ। ਅਸੀਂ ਇਸ ਚੀਜ਼ ਨੂੰ ਐਗਜ਼ਾਮਿਨ ਕਰ ਰਹੇ ਹਾਂ ਔਰ ਹਮਦਰਦੀ ਨਾਲ ਐਗਜ਼ਾਮਿਨ ਕਰਾਂਗੇ।

आचार्य पृथ्वी सिंह आजाद : क्या मन्त्री महोदय कृपया बतायेंगे कि जो प्रैक्टिस रैज़र्वेशन में या प्रमोशन में टीचर्ज़ के बारे हो या किसी और महकमें में हो यह ठीक नहीं चल रही। पहले जान बूझ कर नौकरियों का नम्बर बढ़ा कर रख दिया जाता है और बाद में कह दिया जाता है कि नौकरियों का नम्बर कम था, इस लिये नहीं दी जा सकीं ?

ਮੰਤਰੀ : ਸਪੀਕਰ ਸਾਹਿਬ, ਦੂਸਰੇ ਮਹਿਕਮੇ ਦਾ ਤਾਂ ਮੈਨੂੰ ਪਤਾ ਨਹੀਂ, ਪਰ ਇਨ੍ਹਾਂ ਲਈ ਅਸੀਂ ਐਗਜ਼ਾਮਿਨ ਕਰ ਰਹੇ ਹਾਂ ਔਰ ਕਰਾਂਗੇ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਫ਼ਾਰਮੂਲੇ ਵਿਚ ਕਿਤੇ ਨਹੀਂ ਲਿਖਿਆ ਕਿ 7 ਵੀਂ ਪੋਸਟ ਇਕੋ ਸਾਲ ਹੀ ਹੋਵੇ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਉਹ ਫ਼ਾਰਮੂਲਾ ਸਦਨ ਦੀ ਮੇਜ਼ ਤੇ ਰਖਣ ਨੂੰ ਤਿਆਰ ਹਨ ਜਾਂ ਹਾਊਸ ਵਿਚ ਪੜ੍ਹ ਕੇ ਸੁਣਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਵੇਲੇ ਤਾਂ ਫ਼ਾਰਮੂਲਾ ਮੇਰੇ ਕੋਲ ਨਹੀਂ ਹੈ, ਜੋ ਕੁਐਸ਼ਚਨ ਪੁਛਿਆ ਹੈ ਉਸ ਦਾ ਜਵਾਬ ਦੇ ਦਿਤਾ ਹੈ ਅਤੇ ਤਸੱਲੀ ਕਰਾ ਦਿਤੀ ਹੈ ਅਗਰ ਇਹ ਮਜ਼ੀਦ ਤਸੱਲੀ ਚਾਹੁੰਦੇ ਹਨ ਤਾਂ ਮੇਰੇ ਕਮਰੇ ਵਿਚ ਆ ਜਾਣ ਮੈਂ ਇਨ੍ਹਾਂ ਨੂੰ ਦਸ ਦਿਆਂਗਾ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਸੁਆਲ ਫ਼ਾਰਮੂਲੇ ਬਾਰੇ ਹੈ। ਇਹ ਕਹਿੰਦੇ ਹਨ ਕਿ ਇਨ੍ਹਾਂ ਪਾਸ ਫ਼ਾਰਮੂਲਾ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਤੁਸੀਂ ਇਨ੍ਹਾਂ ਦਾ ਪੈਡ ਮੰਗਾ ਕੇ ਵੇਖ ਲਵੋ ਫ਼ਾਰਮੂਲਾ ਨਿਕਲ ਆਵੇਗਾ। (ਵਿਘਨ)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਪ੍ਰੋਵਿੰਸ਼ੇਲਾਈਜ਼ਡ ਅਤੇ ਸਟੇਟ ਕੇਡਰ ਵਿਚ ਜੋ ਪਰਮੋਸ਼ਨ ਟੀਚਰਜ਼ ਦੀ ਬਣਾਈ ਸੀ ਉਹ 15 ਔਰ 85 ਦੀ ਰੇਸ਼ੋ ਵਿਚ ਸੀ, ਇਸ ਦੀ ਰੋਸ਼ਨੀ ਵਿਚ 7 ਵੀਂ ਪੋਸਟ ਦਾ ਫ਼ਾਰਮੂਲਾ ਡਿਸਾਈਡ ਹੋਇਆ ਸੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ 15 ਔਰ 85 ਦੇ ਚੈਨਲ ਤੇ ਇਹ ਫ਼ਾਰਮੂਲਾ ਬਣਾਇਆ ਗਿਆ ਸੀ, ਫਿਰ ਇਸ ਨੂੰ ਈਅਰਵਾਈਜ਼ ਕਿਉਂ ਸਪਲਿਟ ਕੀਤਾ ਗਿਆ ?

ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਗੁਪਤਾ ਜੀ ਅਤੇ ਹੋਰ ਸਾਥੀ ਵੀ ਮਿਲੇ ਸੀ, ਮੈਂ ਕਿਹਾ ਹੈ ਕਿ ਕਿਸੇ ਨਾਲ ਧੱਕਾ ਨਹੀਂ ਹੋਵੇਗਾ।

Training in Agriculture Given to J.B.T. Teachers in the State

*2454. **Master Chand Singh** : Will the Minister for Education be pleased to state whether the Punjab Government has so far imparted any training in Agricultuie to the J.B.T. teachers in the State; if so, the number as on 31st December, 1973, of such J.B.T. teachers who have been given such training ?

Shri Gurmail Singh : Yes. The in-service training in Agriculture to the J.B.T./S.V. Teachers was started in 1951-52. Since then upto 31st December, 1973, 252 J.B.T./S.V. Teachers have been given this training.

[ਹਾਂ ਜੀ, ਜੇ. ਬੀ. ਟੀ. / ਐਸ. ਵੀ. ਅਧਿਆਪਕਾਂ ਲਈ ਸੇਵਾ ਅਧੀਨ ਖੇਤੀ ਬਾੜੀ ਟ੍ਰੇਨਿੰਗ ਕਲਾਸ 1951-52 ਤੋਂ ਸ਼ੁਰੂ ਕੀਤੀ ਗਈ । 31 ਦਸੰਬਰ, 1973 ਤਕ 252 ਜੇ. ਬੀ. ਟੀ./ਐਸ. ਵੀ. ਟੀਚਰਾਂ ਨੂੰ ਇਹ ਟ੍ਰੇਨਿੰਗ ਦਿਤੀ ਜਾ ਚੁਕੀ ਹੈ ।]

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਟੀਚਰਜ਼ ਪਹਿਲਾਂ ਦੋ ਸਾਲ ਦੀ ਜੇ. ਬੀ. ਟੀ. ਦੀ ਟਰੇਨਿੰਗ ਲੈਂਦੇ ਹਨ, ਫਿਰ ਇਕ ਸਾਲ ਖੇਤੀ ਬਾੜੀ ਦੀ, ਇਸ ਤਰ੍ਹਾਂ 3 ਸਾਲਾਂ ਦੀ ਟਰੇਨਿੰਗ ਹੋ ਜਾਂਦੀ ਹੈ । ਜਿਹੜੇ ਕਲਾਸੀਕਲ ਅਤੇ ਵਰਨੈਕੂਲਰ ਟੀਚਰਜ਼ ਹਨ, ਉਹ ਵੀ ਉਨ੍ਹਾਂ ਕਲਾਸਾਂ ਨੂੰ ਪੜ੍ਹਾਉਂਦੇ ਹਨ, ਜਿਨ੍ਹਾਂ ਨੂੰ ਇਹ ਪੜ੍ਹਾਉਂਦੇ ਹਨ, ਕੀ ਸਰਕਾਰ ਉਨ੍ਹਾਂ ਨੂੰ ਵੀ ਕਲਾਸੀ-ਕਲ ਅਤੇ ਵਰਨੈਕੂਲਰ ਟੀਚਰਜ਼ ਵਾਂਗ ਐਡਵਾਂਸ ਇਨਕਰੀਮੈਂਟਸ ਦੇਵੇਗੀ ?

ਵਿਦਿਆ ਮੰਤਰੀ : ਐਸੀ ਕੋਈ ਪ੍ਰੋਪੋਜ਼ਲ ਇਸ ਵਕਤ ਤਕ ਨਹੀਂ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਜੇ. ਬੀ. ਟੀ. ਨੂੰ ਟਰੇਨਿੰਗ ਦਿਤੀ ਜਾਂਦੀ ਹੈ ਇਸ ਦਾ ਕੀ ਭਾਵ ਹੈ ਅਤੇ ਕਿਹੜੇ ਆਸ਼ੇ ਨੂੰ ਮੁੱਖ ਰਖ ਕੇ ਦਿਤੀ ਜਾਂਦੀ ਹੈ । ਉਹ ਲੋਕ ਜਦੋਂ ਖੇਤੀ ਬਾੜੀ ਦੀ ਟਰੇਨਿੰਗ ਲੈ ਕੇ ਸਕੂਲਾਂ ਵਿਚ ਜਾ ਕੇ ਪੜ੍ਹਾਉਂਦੇ ਹਨ ਤਾਂ ਉਨ੍ਹਾਂ ਨੂੰ ਕੀ ਇਨਸੈਂਟਿਵ ਦਿੱਤਾ ਜਾਂਦਾ ਹੈ ?

ਮੰਤਰੀ : ਮੈਂ ਪਹਿਲਾਂ ਦੱਸਿਆ ਹੈ ਕਿ ਜੋ ਜੇ. ਬੀ. ਟੀ. ਨੂੰ ਮਿਲਦਾ ਹੈ, ਉਹ ਇਨਾਂ ਨੂੰ ਦਿੱਤਾ ਜਾਂਦਾ ਹੈ (ਵਿਘਨ)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਇਹ ਗੱਲ ਜਾਣਨਾ ਚਾਹੁੰਦਾ ਹਾਂ ਕਿ ਇਹ ਜਿਹੜੀ ਜੇ. ਬੀ. ਟੀ. ਟੀਚਰਜ਼ ਨੂੰ ਟਰੇਨਿੰਗ ਦਿਤੀ ਜਾਂਦੀ ਹੈ, ਇਸ ਦਾ ਖ਼ਰਚ ਕੌਣ ਬਰਦਾਸ਼ਤ ਕਰਦਾ ਹੈ ?

ਮੰਤਰੀ : ਸਪੀਕਰ ਸਾਹਿਬ, ਟਰੇਨਿੰਗ ਦੇ ਦੌਰਾਨ ਉਨ੍ਹਾਂ ਕੋਲੋਂ ਕੁਝ ਨਹੀਂ ਚਾਰਜ ਕੀਤਾ ਜਾਂਦਾ, ਉਨ੍ਹਾਂ ਨੂੰ ਤਨਖ਼ਾਹ ਅਸੀਂ ਦਿੰਦੇ ਹਾਂ ....(ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਦਾ ਹਾਂ ਕਿ ਜਿਨ੍ਹਾਂ ਜੇ. ਬੀ. ਟੀ. ਟੀਚਰਜ ਨੂੰ ਖੇਤੀ ਬਾੜੀ ਦੀ ਟਰੇਨਿੰਗ ਵਾਸਤੇ ਭੇਜਿਆ ਜਾਂਦਾ ਹੈ, ਉਨ੍ਹਾਂ ਨੂੰ ਸਿਲੈਕਟ ਕਰਨ ਵਾਸਤੇ ਕੀ ਪ੍ਰੋਸੀਜਰ ਰਖਿਆ ਹੋਇਆ ਹੈ ?

ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਦੇ ਨਾਉਂ ਡਿਸਟ੍ਰਿਕਟ ਐਜੂਕੇਸ਼ਨ ਅਫ਼ਸਰ ਰਿਕਮੈਂਡ ਕਰਦਾ ਹੈ ।

ਸਰਦਾਰ ਦਿਲਬਾਗ ਸਿੰਘ (ਤਰਨ ਤਾਰਨ) : ਸਪੀਕਰ ਸਾਹਿਬ, ਸਾਡੀ ਜਿਹੜੀ ਸਟੇਟ ਹੈ ਖੇਤੀ-ਬਾੜੀ ਇਸ ਦਾ ਮੇਨ ਸੋਰਸ ਹੈ ਅਤੇ ਇਹ ਇਸ ਸਟੇਟ ਦੀ ਤਿਜਾਰਤ ਹੈ । ਕੀ ਇਸ ਚੀਜ਼ ਨੂੰ ਮੁੱਖ ਰਖ ਕੇ ਇਹ ਹਰ ਸਕੂਲ ਵਿਚ ਬੱਚਿਆਂ ਨੂੰ ਖੇਤੀਬਾੜੀ ਦੀ ਸਿਖਿਆ ਦੇਣ ਵਾਸਤੇ ਖੇਤੀਬਾੜੀ ਦੇ ਟਰੇਂਡ ਟੀਚਰਜ਼ ਲਾਉਣ ਨੂੰ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਸੁਜੈਸ਼ਨ ਬੜੀ ਚੰਗੀ ਹੈ। ਇਸ ਵਿਚ ਦੋ ਚੀਜ਼ਾਂ ਦੀ ਜ਼ਰੂਰਤ ਹੈ । ਇੱਕ ਪਾਸੇ ਤਾਂ ਟੀਚਰਜ਼ ਇੰਟਰੈਸਟਿਡ ਹੋਣ ਅਤੇ ਦੂਸਰੇ ਪਾਸੇ ਸਾਡੇ ਕੋਲ ਇਤਨੇ ਪੈਸੇ ਹੋਣ ਕਿ ਅਸੀਂ ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਦੇ ਸਕੀਏ । ਇਹ ਫੰਡਜ਼ ਤੇ ਡਿਪੈਂਡ ਕਰਦਾ ਹੈ ।

ਡਾਕਟਰ ਅਮੀਰ ਸਿੰਘ ਕਲਕਟ · ਸਪੀਕਰ ਸਾਹਿਬ, ਆਇਆ ਮੰਤਰੀ ਮਹੋਦਯ ਇਹ ਦਸਣ ਦੀ ਖੇਚਲ ਕਰਨਗੇ ਕਿ ਸਾਡੀ ਐਗਰੀਕਲਚਰਲ ਇਕੌਨੋਮੀ ਹੈ ਜਿਹੜੀ ਜੇ. ਬੀ.ਟੀ. ਟੀਚਰਜ਼ ਨੂੰ ਟਰੇ-ਨਿੰਗ ਦਿੱਤੀ ਜਾ ਰਹੀ ਹੈ । ਐਗਰੀਕਲਚਰ ਦੀ ਇਹ ਬੜੀ ਚੰਗੀ ਗੱਲ ਹੈ। ਆਇਆ ਬੀ. ਐਡ. ਟੀਚਰਜ਼ ਨੂੰ ਵੀ ਇਹ ਟਰੇਨਿੰਗ ਦਿੱਤੀ ਜਾਵੇਗੀ ਤਾ ਕਿ ਉਹ ਸਕੂਲਾਂ ਵਿਚ ਲਗ ਕੇ ਸਾਡੀ ਐਗਰੀਕਲ-ਚਰਲ ਬੇਸਡ ਇਕੌਨੋਮੀ ਨੂੰ ਹੋਰ ਮਜ਼ਬੂਤ ਕਰਨ ਅਤੇ ਬੱਚਿਆਂ ਨੂੰ ਟਰੇਨਿੰਗ ਦੇ ਸਕਣ ?

ਸ਼੍ਰੀ ਸਪੀਕਰ: ਇਸ ਸਵਾਲ ਵਿਚੋਂ ਤਾਂ ਇਹ ਪੈਦਾ ਨਹੀਂ ਹੁੰਦਾ। (It does not arise out of this question.)

ਚੌਧਰੀ ਕਾਂਸ਼ੀ ਰਾਮ : ਵਜ਼ੀਰ ਸਾਹਿਬ ਨੇ ਹੁਣੇ ਦਸਿਆ ਹੈ ਕਿ ਜਿਹੜੇ ਜੇ. ਬੀ. ਟੀ. ਟੀਚਰਜ਼ ਨੂੰ ਇਹ ਟਰੇਨਿੰਗ ਦਿਤੀ ਜਾਂਦੀ ਹੈ ਉਨ੍ਹਾਂ ਨੂੰ ਕੋਈ ਇਨਸੈਂਟਿਵ ਨਹੀਂ ਦਿਤਾ ਜਾਂਦਾ ਅਤੇ ਉਹ ਉਸੇ ਹੀ ਪੇ-ਸਕੇਲ ਤੇ ਰਹਿੰਦੇ ਹਨ। ਮੈਂ ਪਛਣਾ ਚਾਹੁੰਦਾ ਹਾਂ ਕਿ ਫਿਰ ਐਜੂਕੇਸ਼ਨ ਡਿਪਾਰਟਮੈਂਟ ਤੇ ਅਨਨੇ-ਸੈਸੈਰਿਲੀ ਬੋਝ ਕਿਉਂ ਪਾਇਆ ਜਾ ਰਿਹਾ ਹੈ । ਇਕ ਸਾਲ ਉਹ ਫਿਰ ਤੁਰ ਕੇ ਹੀ ਗਵਾ ਦਿੰਦੇ ਹਨ।

ਮੰਤਰੀ : ਟਰੇਨਿੰਗ ਉਨ੍ਹਾਂ ਨੂੰ ਇਸ ਕਰ ਕੇ ਦਿਤੀ ਜਾਂਦੀ ਹੈ ਤਾ ਕਿ ਉਹ ਬੱਚਿਆਂ ਨੂੰ ਟਰੇਨਿੰਗ ਦੇ ਸਕਣ । ਪੰਜਾਬ ਖੇਤੀਬਾੜੀ ਦਾ ਪ੍ਰਧਾਨ ਸੂਬਾ ਹੈ। ਸਾਰੇ ਬੱਚਿਆਂ ਨੇ ਪੜ੍ਹ ਕੇ ਨੌਕਰੀ ਤਾਂ ਕਰਨੀ ਨਹੀਂ ਹੁੰਦੀ । ਕਈਆਂ ਨੇ ਖੇਤੀਬਾੜੀ ਕਰਨੀ ਹੁੰਦੀ ਹੈ। ਇਸ ਲਈ ਉਨ੍ਹਾਂ ਬੱਚਿਆਂ ਨੂੰ ਟਰੇਨਿੰਗ ਦੇਣ ਲਈ ਇਨ੍ਹਾਂ ਜੇ. ਬੀ. ਟੀ. ਟੀਚਰਜ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦਯ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਜੇ ਬੀ. ਟੀ. ਟੀਚਰਜ਼ ਨੇ ਖੇਤੀਬਾੜੀ ਦੀ ਟਰੇਨਿੰਗ ਪ੍ਰਾਪਤ ਕੀਤੀ ਹੈ ਉਹ ਕਿਤਨੇ ਹਨ ਅਤੇ ਉਨ੍ਹਾਂ ਵਿਚੋਂ ਕਿਤਨੇ ਨੌਕਰੀ ਤੇ ਲੱਗੇ ਹਨ ਅਤੇ ਕਿਤਨੇ ਬੇਕਾਰ ਹਨ । ਜਿਹੜੇ ਬੇਕਾਰ ਹਨ ਉਨ੍ਹਾਂ ਨੂੰ ਕਦੋਂ ਤਕ ਨੌਕਰੀ ਤੇ ਲਾਇਆ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁਕਿਆ ਹਾਂ ਕਿ ਜਿਹੜੇ ਜੇ. ਬੀ. ਟੀ. ਟੀਚਰਜ਼ ਅਤੇ ਐਸ. ਵੀ. ਟੀਚਰਜ਼ ਆਲਰੈਡੀ ਇੰਪਲਾਇਡ ਹਨ, ਉਹ ਟਰੇਨਿੰਗ ਤੇ ਜਾਂਦੇ ਹਨ। ਇਸ ਲਈ ਵਿਹਲੇ ਰਹਿਣ ਦਾ ਤਾਂ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਸ ਗੱਲ ਨੂੰ ਮੁੱਖ ਰਖਦਿਆਂ ਹੋਇਆਂ ਕਿ ਸਾਡੀ ਪੰਜਾਬ ਦੀ ਬੇਸਿਕਲੀ ਐਗਰੀਕਲਚਰਲ ਇਕੌਨੋਮੀ ਹੈ, ਕੀ ਸਰਕਾਰ ਮਿਡਲ ਅਤੇ ਹਾਈ ਸਕੂਲਾਂ ਵਿਚ ਇਕ ਐਗਰੀਕਲਚਰਲ ਗਰੈਜੂਏਟ ਟੀਚਰ ਦੀ ਆਸਾਮੀ ਬਣਾਉਣਗੇ ? ਸਪੀਕਰ ਸਾਹਿਬ, ਦੂਸਰਾ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ. ਬੀ. ਟੀ ਟੀਚਰਜ਼ ਨੂੰ ਐਗਰੀਕਲਚਰ ਦੀ ਟਰੇਨਿੰਗ ਦੇਣ ਲਈ ਕੀ ਕਰਾਈਟੇਰੀਆ ਹੈ ?

ਮੰਤਰੀ : ਸਪੀਕਰ ਸਾਹਿਬ, ਜਿਹੜੇ ਜੇ. ਬੀ.ਟੀ. ਟੀਚਰਜ਼ ਇਹ ਟਰੇਨਿੰਗ ਲੈਣ ਦੀ ਖਾਹਿਸ਼ ਜ਼ਾਹਿਰ ਕਰਦੇ ਹਨ ਕਿ ਅਸੀਂ ਟਰੇਨਿੰਗ ਲੈਣਾ ਚਾਹੁੰਦੇ ਹਾਂ, ਉਨ੍ਹਾਂ ਦੇ ਨਾਂ ਡੀ. ਈ. ਓ. ਰਿਕਮੈਂਡ ਕਰ ਦਿੰਦਾ ਹੈ। ਇਹ ਤਾਂ ਕਰਾਈਟੇਰੀਆ ਹੈ । ਦੂਸਰਾ ਜਿਹੜਾ ਇਨ੍ਹਾਂ ਨੇ ਪੁਛਿਆ ਹੈ ਕਿ ਮਿਡਲ ਅਤੇ ਹਾਈ ਸਕੂਲਾਂ ਵਿਚ ਐਗਰੀਕਲਚਰ ਦੀ ਟਰੇਨਿੰਗ ਦੇਣ ਵਾਸਤੇ ਕੋਈ ਬੀ. ਐਸ. ਸੀ. ਟੀਚਰ ਰਖਣਗੇ, ਇਸ ਸਬੰਧ ਵਿਚ ਮੈਂ ਇਹ ਬੇਨਤੀ ਕਰਦਾ ਹਾਂ ਕਿ ਜਿਵੇਂ ਜਿਵੇਂ ਪੈਸੇ ਸਾਨੂੰ ਮਿਲਦੇ ਰਹਿਣਗੇ ਉਸੀ ਤਰ੍ਹਾਂ ਅਸੀਂ ਟਰੇਨਿੰਗ ਦਿੰਦੇ ਰਹਾਂਗੇ।

ਕਾਮਰੇਡ ਸੱਘਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਹਰੀਜਨ ਲੜਕੇ ਜੇ. ਬੀ. ਟੀ. ਕਰਦੇ ਹਨ, ਉਨ੍ਹਾਂ ਨੂੰ ਸਰਕਾਰ ਕਿਤਨਾ ਵਜ਼ੀਫਾ ਮਹੀਨੇ ਦਾ ਦਿੰਦੀ ਹੈ ?

ਸ੍ਰੀ ਸਪੀਕਰ : ਇਸ ਵਿਚੋਂ ਤਾਂ ਇਹ ਅਰਾਇਜ਼ ਨਹੀਂ ਹੁੰਦਾ (This supplementary question does not arise out of the main question.)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਖੇਤੀ ਬਾੜੀ ਦਾ ਸੂਬਾ ਹੈ ਅਤੇ ਅਧਿਆਪਕਾਂ ਨੂੰ ਇਸ ਲਈ ਟਰੇਨਿੰਗ ਦਿੱਤੀ ਜਾਂਦੀ ਹੈ, ਇਹ ਬੜੀ ਚੰਗੀ ਗੱਲ ਹੈ । ਸਪੀਕਰ ਸਾਹਿਬ, ਇਨ੍ਹਾਂ ਦੀ ਤਾਦਾਦ ਹੁਣ ਤਕ ਸਿਰਫ 252 ਇਨ੍ਹਾਂ ਨੇ ਦੱਸੀ ਹੈ । ਮੈਂ ਇਹ ਗੱਲ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਮੋਬਾਈਲ ਟੀਚਰ ਹਨ ਅਤੇ ਹਰ ਸਕੂਲ ਵਿਚ ਜਾ ਕੇ ਟਰੇਨਿੰਗ ਦਿੰਦੇ ਹਨ ? ਕੀ ਉਨ੍ਹਾਂ ਸਕੂਲਾਂ ਵਿਚ ਜਿਥੇ ਕਿ ਇਹ ਐਗਰੀਕਲਚਰ ਟਰੇਨਿੰਗ ਦੇਣ ਲਈ ਟੀਚਰ ਲਾਏ ਹਨ, ਕੋਈ ਐਗਰੀਕਲਚਰਲ ਫਾਰਮ ਵੀ ਹਨ, ਜਿਥੇ ਕਿ ਉਹ ਪ੍ਰੈਕਟੀਕਲ ਟਰੇਨਿੰਗ ਦੇ ਸਕਣ ?

ਮੰਤਰੀ : ਸਪੀਕਰ ਸਾਹਿਬ, ਅੱਗੋਂ ਤੋਂ ਇਸ ਚੀਜ਼ ਦਾ ਵੀ ਖਿਆਲ ਰਖਾਂਗੇ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਪਿੰਡਾਂ ਵਿਚੋਂ ਥੋੜ੍ਹੀ ਜਿਹੀ 2, 4 ਜਾਂ 5 ਏਕੜ ਜ਼ਮੀਨ ਲੈ ਲਈ ਜਾਵੇ ਤਾਂ ਕਿ ਉਥੇ ਬੱਚੇ ਐਗਰੀਕਲਚਰ ਦੀ ਟਰੇਨਿੰਗ ਲੈ ਸਕਣ । ਇਸ ਪਰਪਜ਼ ਲਈ ਵੀ ਜ਼ਿਲ੍ਹੇ ਵਾਰ ਕੁਝ ਸਕੂਲ ਚੁਣੇ ਹਨ ।

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਜੇ. ਬੀ. ਟੀ. ਟੀਚਰਜ਼ ਨੂੰ ਤਿੰਨ ਸਾਲ ਦੀ ਟਰੇਨਿੰਗ ਦਿੱਤੀ ਜਾਂਦੀ ਹੈ, ਕੀ ਉਨ੍ਹਾਂ ਵਜ਼ੀਰਾਂ ਨੂੰ ਜਿਹੜੇ ਅਨਪੜ੍ਹ ਹਨ, ਕੋਈ ਟਰੇਨਿੰਗ ਦਿਤੀ ਜਾਵੇਗੀ ?

ਮੰਤਰੀ : ਜਿਹੜੇ ਅਨਪੜ੍ਹ ਸਨ ਉਹ ਤਾਂ ਦੂਸਰੇ ਪਾਸੇ ਜਾ ਬੈਠੇ ਹਨ ।

Starred Question No. 2536

Mr. Speaker: Extension has been asked for in respect of Starred Question No. 2536.

ਗੁਰਮੇਲ ਸਿੰਘ

ਡੀ. ਓ. ਨੰ: 1794 ਸਿ 3 (4) 74/
ਈ. ਐਮ. ਆਈ.
ਸਿਖਿਆ ਮੰਤਰੀ, ਪੰਜਾਬ ਚੰਡੀਗੜ੍ਹ।
ਮਿਤੀ, ਚੰਡੀਗੜ੍ਹ 13 ਮਾਰਚ, 1974।

ਵਿਸ਼ਾ : ਸ੍ਰੀ ਅਜਾਇਬ ਸਿੰਘ ਸੰਧੂ, ਐਮ. ਐਲ. ਏ. ਵਲੋਂ ਸਟਾਰਡ ਵਿਧਾਨ ਸਭਾ ਪ੍ਰਸ਼ਨ ਨੰ. : 2536

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2536 ਜੋ ਮਿਤੀ 14 ਮਾਰਚ, 1974 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਅਜਾਇਬ ਸਿੰਘ ਸੰਧੂ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ

ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਘੱਟੋ ਘੱਟ 10 ਦਿਨਾਂ ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਹਿਤੂ,
ਸਹੀ....,
(ਗੁਰਮੇਲ ਸਿੰਘ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

Starred Question No. 2574

Mr. Speaker : Extension has been asked for in respect of Starred Question No. 2574.

ਗੁਰਬੰਤਾ ਸਿੰਘ,

ਮੰਤਰੀ,
ਖੇਤੀ ਬਾੜੀ ਅਤੇ ਵਣ ਵਿਭਾਗ, ਪੰਜਾਬ,
ਚੰਡੀਗੜ੍ਹ।

ਅ: ਸ: ਨੰ: 1047 ਆਰ. ਡੀ 174/4935
ਮਿਤੀ 13 ਮਾਰਚ, 1974

ਵਿਸ਼ਾ : ਸਟਾਰਡ ਵਿਧਾਨ ਸਭਾ ਸਵਾਲ ਨੰ: 2574, ਵਲੋਂ, ਸ਼੍ਰੀ ਹਰਚੰਦ ਸਿੰਘ, ਐਮ. ਐਲ. ਏ. ਮਾਰਕਿਟ ਕਮੇਟੀਆਂ ਵਿਖੇ ਫੀ ਕੁਲੈਕਟਰਾਂ ਆਦਿ ਸਬੰਧੀ।

ਪਿਆਰੇ,

ਪੰਜਾਬ ਵਿਧਾਨ ਸਭਾ ਸੁਆਲ ਨੰ: 2574 ਜੋ ਮਿਤੀ 14 ਮਾਰਚ, 1974 ਲਈ ਸੁਆਲਾਂ ਦੀ ਸੂਚੀ ਵਿਚ ਸ਼੍ਰੀ ਹਰਚੰਦ ਸਿੰਘ, ਐਮ. ਐਲ. ਏ., ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਆਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 22 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪਦਾ ਵਿਸ਼ਵਾਸਪਾਤਰ,
(ਸਹੀ)....
(ਗੁਰਬੰਤਾ ਸਿੰਘ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ।

Starred Question No. 2461

Mr. Speaker: Extension has been asked for in respect of Starred Question No. 2461.

ਯਸ਼ ਪਾਲ

ਨੰ: 1 ਈ. ਟੀ. ਐਮ. ਐਸ. 74
ਆਬਕਾਰੀ ਅਤੇ ਕਰ ਮੰਤਰੀ, ਪੰਜਾਬ,
ਚੰਡੀਗੜ੍ਹ ।

ਮਾਰਚ 13, 1974 ।

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2461, ਜੋ ਮਿਤੀ 14 ਮਾਰਚ, 1974 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਦਾਨਾ ਰਾਮ, ਐਮ. ਐਲ. ਏ. ਅਤੇ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 29 ਮਾਰਚ, 1973 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
(ਸਹੀ) . . . .
(ਯਸ਼ ਪਾਲ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ।

Trucks purchased by P.W.D. (B & R)

***2554. Shri Brish Bhan**: Will the Minister of State for Public Works be pleased to state—

(a) the number of trucks purchased by P.W.D. (B&R) during the period from 1st January, 1972 to 31st January, 1972 and 1st January, 1973 to 31st January, 1973 separately ;

(b) the makes of the trucks referred to in part (a) above in each case ;

(c) the names of the proprietors of the Agencies through whom the trucks referred to in parts (a) and (b) were purchased ?

Shri Joginder Pal Pandey : (a) Nil.

(b) Not applicable.

(c) Not applicable.

[(ੲ) ਨਿਲ
(ਬੀ) ਲਾਗੂ ਨਹੀਂ ਹੁੰਦਾ
(ਸੀ) .. .. ਉਪਰੋਕਤ.. ..]

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ.. ..

ਸਰਦਾਰ ਦਰਬਾਰਾ ਸਿੰਘ : × × × ×

ਸ੍ਰੀ ਸਪੀਕਰ: ਤੁਹਾਡਾ ਕੋਈ ਸੁਆਲ ਨਹੀਂ ਹੈ। ਤੁਸੀਂ ਕਿਉਂ ਵਕੀਲ ਬਣਦੇ ਹੋ ? ਇਹ ਜੋ ਕੁਝ ਸਰਦਾਰ ਦਰਬਾਰਾ ਸਿੰਘ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (ਸ਼ੋਰ) (ਵਿਘਨ)।

(There is no question in your name. Why do you plead for others ? Whatever Sardar Darbara Singh is saying, should not be recorded.)

(ਇਸ ਸਮੇਂ ਆਪੋਜ਼ੀਸ਼ਨ ਬੈਂਚਾਂ ਅਤੇ ਕਮਿਊਨਿਸਟ ਪਾਰਟੀ ਦੀਆਂ ਬੈਂਚਾਂ ਤੋਂ ਬਹੁਤ ਸ਼ੋਰ ਅਤੇ ਵਿਘਨ ਪੈ ਰਿਹਾ ਸੀ)।

ਸ੍ਰੀ ਸਪੀਕਰ : ਸਰਕਾਰ ਨੇ ਜਿਹੜੀ ਸੁਆਲਾਂ ਦੇ ਬਾਰੇ ਐਕਸਟੈਨਸ਼ਨ ਮੰਗੀ ਹੈ, ਉਸ ਦੇ ਸਬੰਧ ਵਿਚ ਮੈਂ ਕੁਝ ਆਬਜ਼ਰਵੇਸ਼ਨ ਕਰਨਾ ਚਾਹੁੰਦਾ ਹਾਂ। (ਸ਼ੋਰ) (ਵਿਘਨ) ਮੈਂ ਆਨਰੇਬਲ ਮੈਂਬਰਜ਼ ਦੇ ਅੱਗੇ ਬੇਨਤੀ ਕਰਾਂਗਾ ਕਿ ਜਿਨ੍ਹਾਂ ਸੁਆਲਾ ਦੇ ਬਾਰੇ ਸਰਕਾਰ ਨੇ ਐਕਸਟੈਨਸ਼ਨ ਮੰਗੀ ਹੈ, ਇਨ੍ਹਾਂ ਵਿਚੋਂ ਕੁਝ ਸੁਆਲ ਐਸੇ ਵੀ ਹਨ, ਜਿਨ੍ਹਾਂ ਦੀ ਇਨਫਰਮੇਸ਼ਨ ਬੜੀ ਇਜ਼ੀਲੀ ਅਵੇਲੇਬਲ ਹੋ ਸਕਦੀ ਸੀ। ਮੈਂ ਪਿਛਲੇ ਸਵਾਲ ਵੀ ਐਗਜ਼ਾਮਿਨ ਕੀਤੇ ਹਨ। ਮੈਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਖਾਸ ਤੌਰ ਤੇ ਜਿਨ੍ਹਾਂ ਸਵਾਲਾਂ ਦੇ ਜਵਾਬ ਆਸਾਨੀ ਨਾਲ ਮਿਲ ਸਕਦੇ ਹੋਣ ਉਨ੍ਹਾਂ ਦਾ ਜਵਾਬ ਜ਼ਰੂਰ ਆ ਜਾਣਾ ਚਾਹੀਦਾ ਹੈ। ਲੇਕਿਨ ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਕਈ ਐਸੇ ਸਵਾਲ ਵੀ ਹਨ ਜਿਸ ਤਰ੍ਹਾਂ ਸਰਦਾਰ ਅਜਾਇਬ ਸਿੰਘ ਸੰਧ ਦਾ 2536 ਨੰਬਰ ਸੁਆਲ ਹੈ, ਉਸ ਦੇ ਵਿਚ ਲਗਭਗ ਸਾਰੇ ਐਜੂਕੇਸ਼ਨ ਡਿਪਾਰਟਮੈਂਟ ਦੀ ਇਨਫਰਮੇਸ਼ਨ ਮੰਗੀ ਹੈ । ਸਰਕਾਰ ਦੀਆਂ ਵੀ ਕੁਝ ਮਜਬੂਰੀਆਂ ਹਨ ਜਿਨ੍ਹਾਂ ਕਾਰਨ ਇਨਫਰਮੇਸ਼ਨ ਕੁਲੈਕਟ ਨਹੀਂ ਕਰ ਸਕਦੀ । ਮੈਂ ਬੇਨਤੀ ਕਰਾਂਗਾ ਕਿ ਜਿਨ੍ਹਾਂ ਸਵਾਲਾਂ ਦੇ ਜਵਾਬ ਸਰਕਾਰ ਅਸਾਨੀ ਨਾਲ ਦੇ ਸਕਦੀ ਹੈ, ਕਲ ਸੈਸ਼ਨ ਦਾ ਆਖਰੀ ਦਿਨ ਹੈ, ਇਨਫਰਮੇਸ਼ਨ ਮਿਲ ਸਕਦੀ ਹੈ, ਉਹ ਕੱਲ ਦੇ ਦੇਵੇ। ਇਹ ਬੜੀ ਅੱਛੀ ਗੱਲ ਹੋਵੇਗੀ ।

(I want to make some observations with regard to the extensions asked for by the Government in respect of these questions. (Interruption). I would submit that information could easily be collected in respect of certain questions for which extensions nave been asked for. I have examined all these questions. I would request the Government to give replies to those questions about which information can easily be collected. There are certain questions e.g. the one tabled by Sardar Ajaib Singh Sandhu (*2536) in which the information about the whole of the Eaucation Department has been sought for. The Government too nas certain handicaps due to which such information can't be collected. However, I would again request the Government to give replies to those questions tomorrow, in respect of which information can easily be collected, because tomorrow is the last day of the Session. It will be very much appreciated.)

*Not recorded as ordered by the Chair.

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੇਰਾ ਸੁਆਲ ਨੰ: 2461 ਹੈ। ਮੈਂ ਇਸ ਦੇ ਵਿਚ ਇਹ ਪੁਛਿਆ ਸੀ ਕਿ ਜਦੋਂ ਦੀ ਇਹ ਸਰਕਾਰ ਬਣੀ ਹੈ, ਇਸ ਨੇ ਕਿਹੜੀਆਂ ਕਿਹੜੀਆਂ ਫਿਲਮਾਂ ਨੂੰ ਐਂਟਰਟੇਨਮੈਂਟ ਟੈਕਸ ਤੋਂ ਐਗਜ਼ਮਪਸ਼ਨ ਦਿੱਤੀ ਹੈ। ਸਾਰੀ ਇਨਫਰਮੇਸ਼ਨ ਮਿਲ ਸਕਦੀ ਹੈ। ਇਸ ਲਈ ਐਕਸਟੈਨਸ਼ਨ ਮੰਗੀ ਹੈ ਕਿਉਂਕਿ ਇਸ ਹਾਊਸ ਵਿਚ ਐਸ਼ੋਰੈਂਸ ਦਿੱਤੀ ਗਈ ਸੀ ਕਿ ਇਹ ਸਰਕਾਰ ਅਗਜ਼ਮਪਸ਼ਨ ਨਹੀਂ ਦੇਵੇਗੀ। ਸਰਦਾਰ ਬਲਵੰਤ ਸਿੰਘ ਵਾਂਗ ਫਿਲਮਾਂ ਨੂੰ ਐਂਟਰਟੇਨਮੈਂਟ ਟੈਕਸ ਦੀ ਐਗਜ਼ਮਪਸ਼ਨ ਨਹੀਂ ਦੇਵੇਗੀ। ਇਸ ਸਵਾਲ ਦਾ ਜਵਾਬ ਹਾਊਸ ਵਿਚ ਨਹੀਂ ਦੇਣਾ ਚਾਹੁੰਦੇ, ਇਸ ਲਈ ਐਕਸਟੈਨਸ਼ਨ ਮੰਗੀ ਗਈ ਹੈ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਆਨਰੇਬਲ ਮੈਂਬਰਜ਼ ਦਾ ਇੱਕ ਦੂਜੇ ਦੀ ਸਹਾਇਤਾ ਕਰਨਾ, ਇੱਕ ਦੂਜੇ ਦਾ ਵਕੀਲ ਬਣਨਾ, ਇਹ ਸਾਡਾ ਹੱਕ ਹੈ। ਤੁਸੀਂ ਜੱਜ ਦੀ ਕੁਰਸੀ ਤੇ ਬੈਠੇ ਹੋ। ਜੱਜ ਸਾਹਿਬ ਨੂੰ ਜੱਜ ਰਹਿਣਾ ਚਾਹੀਦਾ ਹੈ, ਉਨ੍ਹਾਂ ਨੂੰ ਆਪ ਵਕੀਲ ਨਹੀਂ ਬਣਨਾ ਚਾਹੀਦਾ।

ਸ੍ਰੀ ਸਪੀਕਰ: ਮੈਂ ਕੀ ਕਰ ਸਕਦਾ ਸੀ। ਤੁਸੀਂ ਵੀ ਖੜ੍ਹੇ ਸੀ, ਡਾਂਗ ਸਾਹਿਬ ਵੀ ਖੜ੍ਹੇ ਸੀ ਅਤੇ ਸਰਦਾਰ ਦਰਬਾਰਾ ਸਿੰਘ ਵੀ ਖੜ੍ਹੇ ਹੋ ਕੇ ਬੋਲ ਰਹੇ ਸੀ। (I was helpless. You, Comrade Satya Pal Dang and Sardar Darbara Singh were speaking simultaneously.)

ਸਰਦਾਰ ਅਜਾਇਬ ਸਿੰਘ ਸੰਧੂ: @ × × × × ×

ਸ੍ਰੀ ਸਪੀਕਰ: ਜੋ ਕੁਝ ਵੀ ਮੈਂਬਰ ਸਾਹਿਬ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (ਸ਼ੋਰ) ਮੈਂ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਜਿਹੜੇ ਸਵਾਲਾਂ ਦੀ ਇਨਫਰਮੇਸ਼ਨ ਮਿਲ ਸਕਦੀ ਹੈ ਉਹ ਕਲ ਇਥੇ ਲੈ ਆਉਣ। (ਸ਼ੋਰ) (Whatever the hon. Member is saying, should not be recorded. (Noise) I have requested the Government that they should give the information tomorrow with regard to the questions.) (Noise.)

Increase in percentage of Reservation in Promotions/Appointments cases of Scheduled Castes/Backward Classes

*2573. **Sardar Harchand Singh**: Will the Chief Minister be pleased to state—

(a) whether it is a fact that the population of Scheduled Castes and Backward Classes in the State has increased from 20 per cent to 25 per cent and 2 per cent to 5 per cent respectively ;

(b) if the answer to part (a) above be in the affirmative, whether there is any proposal under the consideration of the Government to raise percentage of reservation in appointments and promotion cases from 20 per cent to 25 per cent for Scheduled Castes and from 2 per cent to 5 per cent for Backward Classes in the State due to increase in their population; if not, the reasons therefor ?

---

*Not recorded, as ordered by the Chair.

Miss Sarla Prasher (Minister of State for Social Welfare) : (a) Yes, in case of Scheduled Castes only the population has increased from 20 pei cent to 24.70 per cent. The increase in the population of Backward Classes cannot be ascertained from Census figures.

(b) Yes. The decision of Government has already been announced.

[(ੳ) ਹਾਂ ਜੀ। ਕੇਵਲ ਅਨੁਸੂਚਿਤ ਜਾਤੀਆਂ ਦੇ ਕੇਸ ਵਿਚ ਆਬਾਦੀ ਵਿਚ 20 ਫ਼ੀ ਸਦੀ ਤੋਂ 24.70 ਫ਼ੀ ਸਦੀ ਵਾਧਾ ਹੋਇਆ ਹੈ । ਪਛੜੀਆਂ ਸ਼੍ਰੇਣੀਆਂ ਦੀ ਆਬਾਦੀ ਵਿਚ ਵਾਧਾ ਮਰਦਮ-ਸ਼ੁਮਾਰੀ ਦੇ ਅੰਕੜਿਆਂ ਤੋਂ ਨਿਸਚਿਤ ਨਹੀਂ ਹੈ ।

(ਅ) ਹਾਂ ਜੀ। ਸਰਕਾਰ ਦੇ ਫ਼ੈਸਲੇ ਦਾ ਪਹਿਲਾਂ ਹੀ ਐਲਾਨ ਕਰ ਦਿਤਾ ਗਿਆ ਹੈ ।]

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਕਲਾਸ 3 ਅਤੇ 4 ਹੈ, ਇਸ ਵਿਚ ਪਹਿਲੇ ਵੀ ਪਰਮੋਸ਼ਨ ਵਿਚ 20%ਰਿਜ਼ਰਵੇਸ਼ਨ ਸੀ ਔਰ ਜਿਹੜਾ ਹੁਣ ਸਰਕਾਰ ਨੇ ਐਲਾਨ ਕੀਤਾ ਹੈ ਕਿ 25% ਸਿੱਧੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਹੋਵੇ ਤਾਂ ਫਿਰ ਕਲਾਸ 2, 3, ਅਤੇ 4 ਵਿਚ ਇਹ 16, 14 ਅਤੇ 20 ਕਰਕੇ ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ?

ਰਾਜ ਮੰਤਰੀ, ਸਮਾਜ ਭਲਾਈ : ਇਹ ਜਿਹੜਾ ਜਵਾਬ ਦਿੱਤਾ ਗਿਆ ਹੈ, ਇਸ ਵਿਚ ਪਰਮੋਸ਼ਨਜ਼ ਦੀ ਰਿਜ਼ਰਵੇਸ਼ਨਜ਼ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਹਾਈ ਪਾਵਰਡ ਕਮੇਟੀ ਦੇ ਅਨੁਸਾਰ ਆਬਾਦੀ 24.70 ਵਧੀ ਹੈ। ਹਾਈ ਪਾਵਰਡ ਕਮੇਟੀ ਦੀ ਇਹ ਰਿਕੁਮੈਂਡੇਸ਼ਨ ਸੀ ਕਿ ਇਹ ਰਿਜ਼ਰਵੇਸ਼ਨ 20% ਤੋਂ 23 %ਕਰ ਦਿੱਤੀ ਜਾਵੇ ਪਰ ਸਰਕਾਰ ਨੇ ਉਸ ਰਿਕੁਮੈਂਡੇਸ਼ਨ ਤੋਂ ਵੀ ਵੱਧ 25%ਰਿਜ਼ਰਵੇਸ਼ਨ ਕਰ ਦਿੱਤੀ ਹੈ। ਇਸ ਤੋਂ ਇਲਾਵਾ ਬੈਕਵਰਡ ਕਲਾਸ ਵਿਚ ਵੀ ਰਿਜ਼ਰਵੇਸ਼ਨ ਇਨਕਰੀਜ਼ ਕਰ ਦਿੱਤੀ ਹੈ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਕਿਹਾ ਹੈ ਕਿ ਅਸੀਂ ਇਹ ਫ਼ੈਸਲਾ ਕਰ ਲਿਆ ਹੈ। 20% ਤੋਂ 25% ਰਿਜ਼ਰਵੇਸ਼ਨ ਕਰ ਦਿਤੀ ਹੈ ਤਾਂ ਫਿਰ ਇਸ ਦੀਆਂ ਹਦਾਇਤਾਂ ਜਾਰੀ ਕਰਨ। ਪਿਛਲੇ ਸਾਲ ਵਾਂਗ ਇਹ ਨਾ ਹੋਵੇ ਕਿ ਅਸੀਂ ਵਿਚਾਰ ਕਰ ਰਹੇ ਹਾਂ, ਪਰ ਅਮਲ ਕੋਈ ਨਾ ਹੋਇਆ। ਇਸ ਵਾਰੀ ਵੀ ਗਿਆਨੀ ਜੀ ਨੇ ਐਲਾਨ ਕੀਤਾ ਹੈ ਪਰ ਇਹ ਦੱਸਣ ਕਿ ਇਸ ਤੇ ਅਮਲ ਕਦੋਂ ਹੋਵੇਗਾ। ਪਿਛਲੇ 2 ਸਾਲਾਂ ਦੀ ਤਰ੍ਹਾਂ ਇਹ ਇਸੇ ਤਰ੍ਹਾਂ ਨਾ ਨਿਕਲ ਜਾਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਸਰਕਾਰ ਜਿਹੜੀ ਕੁਮਿਟਮੈਂਟ ਕਰਦੀ ਹੈ ਉਸ ਤੇ ਅਮਲ ਕਰਨ ਵਾਸਤੇ ਹੀ ਕਰਦੀ ਹੈ। ਜੇ ਕੋਈ ਖਾਸ ਦਿੱਕਤ ਹੋਵੇ ਤਾਂ ਇਹ ਦੱਸ ਦੇਣ।

आचार्य पृथ्वी सिंह आजाद : स्पीकर साहिब, मैं यह पूछना चाहता हूं कि इस सरकार ने इनीशियल ऐप्वायंटमैंटस में 20% से बढ़ा कर 25% रिज़र्वेशन कर दी है। क्या यह इसी तरह प्रोमोशन्ज में भी 25% की रेशो रखी जाएगी ?

ਰਾਜ ਮੰਤਰੀ, : ਸਪੀਕਰ ਸਾਹਿਬ, ਜਿਸ ਤਰੀਕੇ ਨਾਲ 25% ਦੀ ਰਿਜ਼ਰਵੇਸ਼ਨ ਐਪੁਆਇੰਟਮੈਂਟ ਦੇ ਲਈ ਰਖੀ ਹੈ ਉਸੇ ਤਰੀਕੇ ਨਾਲ ਸਰਕਾਰ ਇਸ ਬਾਰੇ ਵੀ ਗੌਰ ਕਰ ਲਵੇਗੀ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਸਵਾਲ ਪੁੱਛਣ ਤੋਂ ਪਹਿਲਾਂ ਮੈਂ ਇਸ ਕੁਐਸਚਨ ਦਾ ਪਾਰਟ 'ਬੀ' ਪੜ੍ਹ ਕੇ ਸੁਣਾਉਂਦਾ ਹਾਂ —

If the answer to part (a) above be in the affirmative whether there is any proposal under the consideration of the Government to raise parcentage of reservation in appointments and promotion cases?

ਮੇਰਾ ਖ਼ਿਆਲ ਹੈ ਕਿ ਤੁਹਾਡੇ ਸੈਕਟਰੀ ਨੇ ਤੁਹਾਨੂੰ ਪੜ੍ਹਾਇਆ ਨਹੀਂ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਇਨਫਰਮੇਸ਼ਨ ਇਨ੍ਹਾਂ ਕੋਲੋਂ ਰਿਕਰੂਟਮੈਂਟ ਤਕ ਦੀ ਹੈ, ਪਰਮੋਸ਼ਨ ਵਾਸਤੇ ਇਨ੍ਹਾਂ ਕੋਲ ਨਹੀਂ ਹੈ। ਸਪੀਕਰ ਸਾਹਿਬ, ਇਹ ਸਪੈਸੀਫੀਕਲੀ ਦੱਸਣ ਕਿ ਜਿਸ ਤਰ੍ਹਾਂ ਕਲਾਸ 2, 3, ਅਤੇ 4 ਵਿਚ ਡਾਇਰੈਕਟ ਰਿਕਰੂਟਮੈਂਟ ਲਈ 25% ਰਿਜ਼ਰਵੇਸ਼ਨ ਰਖੀ ਹੈ, ਕੀ ਸਰਕਾਰ ਇਸੇ ਤਰ੍ਹਾਂ ਪਰਮੋਸ਼ਨ ਵਾਸਤੇ ਵੀ 25% ਰਿਜ਼ਰਵੇਸ਼ਨ ਕਰ ਦੇਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਸੰਬੰਧ ਵਿਚ ਪਹਿਲੇ ਵੀ ਕਲੈਰੀਫਿਕੇਸ਼ਨ ਕੀਤੀ ਜਾ ਚੁੱਕੀ ਹੈ ਅਤੇ ਐਲਾਨ ਵੀ ਕੀਤਾ ਜਾ ਚੁੱਕਾ ਹੈ। ਕਲਾਸ 1 ਅਤੇ 2 ਵਿਚ 14% ਸ਼ੈਡਿਊਲਡ ਕਾਸਟ ਅਤੇ 2% ਰਿਜ਼ਰਵੇਸ਼ਨ ਬੈਕਵਰਡ ਕਲਾਸ ਲਈ ਹੋਵੇਗੀ। ਇਸ ਵਾਸਤੇ ਇਸ ਸਵਾਲ ਨੂੰ ਦੁਬਾਰਾ ਪੁੱਛਣਾ, ਟਾਈਮ ਨੂੰ ਖਰਾਬ ਕਰਨਾ ਹੈ। ਇਹ ਸਵਾਲ ਪਹਿਲੇ ਵੀ 3–4 ਵਾਰੀ ਆ ਚੁੱਕਾ ਹੈ। ਮੇਰਾ ਖ਼ਿਆਲ ਹੈ ਕਿ ਹੁਣ ਸੰਧੂ ਸਾਹਿਬ ਨੂੰ ਚੁੱਪ ਰਹਿਣਾ ਚਾਹੀਦਾ ਹੈ। (ਸ਼ੋਰ)

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਚੀਫ਼ ਮਨਿਸਟਰ ਸਾਹਿਬ ਨੇ ਪਹਿਲੇ ਵੀ ਐਲਾਨ ਕੀਤਾ ਸੀ ਅਤੇ ਹੁਣ ਵੀ ਐਲਾਨ ਕੀਤਾ ਹੈ। ਪਿਛਲੇ ਸਾਲ ਮਈ ਦੇ ਮਹੀਨੇ ਵਿਚ ਜਿਹੜਾ ਮੀਟਿੰਗ ਵਿਚ ਫ਼ੈਸਲਾ ਹੋਇਆ ਸੀ ਕਿ ਸਾਰੇ ਮਹਿਕਮਿਆਂ ਵਿਚ ਸ਼ੈਡਿਊਲਡ ਕਾਸਟ ਦੇ ਕਰਮਚਾਰੀਆਂ ਦੀ 10% ਗਿਣਤੀ ਹੋਵੇ, ਕੀ ਉਹ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ ਇਹ ਗਿਣਤੀ ਦੱਸਣੀ ਤਾਂ ਔਖੀ ਹੈ, ਪਰ ਕਮੇਟੀ ਨੇ ਜਿਹੜਾ ਫ਼ੈਸਲਾ ਕੀਤਾ ਸੀ ਕਿ ਕਲਾਸ 1 ਅਤੇ ਕਲਾਸ 2 ਵਿਚ 10% ਰਿਜ਼ਰਵੇਸ਼ਨ ਹੋਵੇ, ਸਰਕਾਰ ਨੇ ਉਨ੍ਹਾਂ ਤੋਂ ਵੱਧ ਦਾ ਫੈਸਲਾ ਕਰਕੇ 14% ਕਰ ਦਿਤੀ ਹੈ।

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਰਿਜ਼ਰਵੇਸ਼ਨ ਇਨ ਪਰਮੋਸ਼ਨ ਦੇ ਸਿਲਸਿਲੇ ਵਿਚ ਤਾਂ ਸਵਾਲ ਬਹੁਤ ਹੋ ਚੁੱਕੇ ਹਨ, ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇੰਪਲਾਏਮੈਂਟ ਵਿਚ ਰਾਖਵੇਂ ਬੰਦੇ ਗੈਰ ਹਰੀਜਨ ਹਨ ਔਰ ਉਹ ਹਰੀਜਨਾਂ ਦਾ ਰਿਕਾਰਡ ਖਰਾਬ ਕਰਦੇ ਹਨ, ਕੀ ਸਰਕਾਰ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲਵੇਗੀ ਜਾਂ ਜਿਹੜੇ ਅਫ਼ਸਰ ਇਸ ਸਕੱਤਰੇਤ ਵਿਚ ਹਰੀਜਨਾਂ ਦਾ ਰਿਕਾਰਡ ਖਰਾਬ ਕਰਦੇ ਹਨ, ਉਨ੍ਹਾਂ ਦੇ ਖਿਲਾਫ਼ ਐਕਸ਼ਨ ਲੈ ਕੇ ਉਨ੍ਹਾਂ ਨੂੰ ਕਢੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਚੌਧਰੀ ਸਾਹਿਬ ਦਾ ਖ਼ਿਆਲ ਬੜਾ ਅੱਛਾ ਹੈ। ਮੈਂ ਕਹਿੰਦਾ ਹਾਂ ਕਿ ਜੇ ਸਰਕਾਰ ਨੂੰ ਕੋਈ ਐਸਾ ਸਬੂਤ ਮਿਲ ਗਿਆ ਕਿ ਕਿਸੇ ਅਫ਼ਸਰ ਨੇ ਕਿਸੇ ਹਰੀਜਨ ਦਾ ਕੇਸ ਜਾਣ ਬੁਝ ਕੇ ਖ਼ਰਾਬ ਕੀਤਾ ਹੈ ਅਤੇ ਉਸ ਨੂੰ ਨੁਕਸਾਨ ਪਹੁੰਚਾਇਆ ਹੈ ਤਾਂ ਸਰਕਾਰ ਉਸ ਦੇ ਖਿਲਾਫ਼ ਸਖ਼ਤ ਐਕਸ਼ਨ ਲਵੇਗੀ।

(ਇਸ ਸਮੇਂ ਸਰਦਾਰ ਦਰਬਾਰਾ ਸਿੰਘ ਜੀ ਸਪਲੀਮੈਂਟਰੀ ਕਰਨ ਲਈ ਖੜ੍ਹੇ ਸਨ,) (ਵਿਘਨ) (ਸ਼ੋਰ)

ਆਵਾਜ਼ : ਗਿਆਨੀ ਜੀ, ਇਸ ਦੀ ਸਿਫਾਰਸ਼ ਕਰੋ।

ਮੁੱਖ ਮੰਤਰੀ : ਸਪੀਕਰ ਸਾਹਿਬ, ਕੋਈ ਵੀ ਆਨਰੇਬਲ ਮੈਂਬਰ ਅਗਰ ਮੇਰੇ ਪਾਸੋਂ ਸਿਫ਼ਾਰਸ਼ ਕਰਵਾਉਣਾ ਚਾਹਵੇਗਾ ਤਾਂ ਮੈਂ ਸਮਝਦਾ ਹਾਂ ਕਿ ਮੇਰੀ ਡਿਊਟੀ ਹੈ ਔਰ ਮੈਨੂੰ ਸਿਫ਼ਾਰਸ਼ ਕਰਨੀ ਚਾਹੀਦੀ ਹੈ । ਇਸ ਸਮੇਂ ਮੈਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਿਫ਼ਾਰਸ਼ ਕਰਦਾ ਹਾਂ । (ਹਾਸਾ) ਇਨ੍ਹਾਂ ਨੂੰ ਟਾਈਮ ਦੇਣਾ ਚਾਹੀਦਾ ਹੈ ।

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਇਹ ਪਿੰਜਰੇ ਵਿਚ ਪਾਏ ਹੋਏ ਪੰਛੀ ਹਨ, ਇਨ੍ਹਾਂ ਨੂੰ ਟਾਈਮ ਦਿਆ ਕਰੋ ।

ਸਰਦਾਰ ਕਰਨੈਲ ਸਿੰਘ ਮਰਜ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਸਰਦਾਰ ਦਰਬਾਰਾ ਸਿੰਘ ਜੀ ਨੂੰ ਜਾਣ ਬੁਝ ਕੇ ਉਥੇ ਬਿਠਾਇਆ ਹੈ ਔਰ ਹੁਣ ਇਹ ਉਨ੍ਹਾਂ ਨੂੰ ਮਜ਼ਾਕ ਕਰਦੇ ਹਨ । ਤੁਸੀਂ ਉਨ੍ਹਾਂ ਨੂੰ ਟਾਈਮ ਦੇ ਦਿਆ ਕਰੋ । (ਹਾਸਾ)

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਕਲਾਸ ਵਨ ਔਰ ਕਲਾਸ ਟੂ ਵਿਚ 14 ਫੀ ਸਦੀ ਰਿਜ਼ਰਵੇਸ਼ਨ ਕੀਤੀ ਹੈ, ਇਹ ਤਾਂ ਬੜੀ ਖੁਸ਼ੀ ਦੀ ਗੱਲ ਹੈ, ਕਿਉਂਕਿ ਇਹ ਰਿਜ਼ਰਵੇਸ਼ਨ ਸੰਨ 1963 ਵਿਚ ਕੈਰੋਂ ਸਾਹਿਬ ਦੇ ਵੇਲੇ ਸ਼ੁਰੂ ਹੋਈ ਸੀ । ਪਰ ਸੰਨ 1967 ਵਿਚ ਵਿਦਡਰਾਅ ਕਰ ਲਈ ਗਈ ਸੀ, ਹੁਣ ਇਤਨੇ ਸਾਲਾਂ ਬਾਅਦ ਫਿਰ ਲਾਗੂ ਕੀਤੀ ਗਈ ਹੈ, ਤਾਂ ਕੀ ਇਹ ਜਿਸ ਡੇਟ ਤੋਂ ਵਿਦਡਰਾਅ ਹੋਈ ਸੀ, ਉਸ ਡੇਟ ਤੋਂ ਲਾਗੂ ਕਰਨ ਨੂੰ ਤਿਆਰ ਹਨ ? ਸਪੀਕਰ ਸਾਹਿਬ, ਮੇਰਾ ਇਕ ਸਵਾਲ ਹੋਰ ਹੈ ਕਿ ਚੀਫ਼ ਸੈਕਟਰੀ ਸਾਹਿਬ ਨੇ ਕਈ ਇਨਸਟਰੱਕਸ਼ਨਾਂ ਇਸ਼ੂ ਕੀਤੀਆਂ ਹਨ, ਜਿਸ ਨਾਲ ਕਿ ਰਿਜ਼ਰਵੇਸ਼ਨ ਦੇ ਐਲਾਨ ਦੀ ਕੀਮਤ ਨਹੀਂ ਰਹਿ ਜਾਂਦੀ । ਕੀ ਇਹ ਉਨ੍ਹਾਂ ਆਰਡਰਜ਼ ਨੂੰ ਵੀ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਤਾਂ ਜਿਸ ਦਿਨ ਤੋਂ ਐਲਾਨ ਕੀਤਾ ਹੈ, ਉਸ ਨੂੰ ਉਸ ਦਿਨ ਤੋਂ ਹੀ ਲਾਗੂ ਕਰ ਸਕਦੇ ਹਾਂ, ਪਿਛੇ ਤੋਂ ਨਹੀਂ ਕਰ ਸਕਦੇ । ਚੀਫ਼ ਸੈਕਟਰੀ ਸਾਹਿਬ ਨੇ ਅਗਰ ਹਦਾਇਤਾਂ ਭੇਜੀਆਂ ਹੋਣਗੀਆਂ, ਉਹ ਇਸ ਭਾਵਨਾ ਨਾਲ ਨਹੀਂ ਭੇਜੀਆਂ ਹੋਣਗੀਆਂ, ਜਿਸ ਨਾਲ ਕਿਸੇ ਨੂੰ ਨੁਕਸਾਨ ਹੋਵੇ ਜਾਂ ਕਿਸੇ ਨੂੰ ਫਾਇਦਾ ਹੋਵੇ । ਲੇਕਿਨ ਮੈਂ ਇਸ ਗੱਲ ਦਾ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਕਿਸੇ ਕਿਸਮ ਦੀ ਕੋਈ ਵੀ ਐਸੀ ਚੀਜ਼ ਨਹੀਂ ਹੋਣ ਦਿਤੀ ਜਾਵੇਗੀ ਜਿਸ ਨਾਲ ਕੀਤੇ ਗਏ ਐਲਾਨ ਵਿਚ ਰੁਕਾਵਟ ਪੈਂਦੀ ਹੋਵੇ । (ਥੰਪਿੰਗ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਆਪ ਦਾ ਔਰ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਪਲੀਮੈਂਟਰੀ ਕਰਨ ਦੀ ਆਗਿਆ ਦਿਤੀ ਹੈ । ਮੁੱਖ ਮੰਤਰੀ ਸਾਹਿਬ ਨੇ ਸੰਧੂ ਸਾਹਿਬ ਦੇ ਸਵਾਲ ਕਰਨ ਤੇ ਗਿਣਤੀ ਮਿਣਤੀ ਦੀ ਗੱਲ ਕੀਤੀ ਹੈ । ਮੈਨੂੰ ਇਸ ਬਾਰੇ ਪਤਾ ਹੈ, ਇਸ ਲਈ, ਮੈਂ ਮੁੱਖ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਿਵਾਏ ਹਾਫ਼ ਮਿਲੀਅਨ ਜਾਬਜ਼ ਦੇ ਪ੍ਰੋਗਰਾਮ ਦੇ ਹੋਰ ਕਿਧਰੇ ਵੀ ਸਵਰਨ ਜਾਤੀ ਦਾ ਬੰਦਾ ਨਹੀਂ ਲੱਗਿਆ ਹੋਇਆ ।....

ਸ਼੍ਰੀ ਸਪੀਕਰ : ਸਰਦਾਰ ਦਰਬਾਰਾ ਸਿੰਘ ਜੀ, ਤੁਸੀਂ ਇਨਫਰਮੇਸ਼ਨ ਲਵੋ । ਕੋਈ ਸਪਲੀਮੈਂਟਰੀ ਕਰੋ । (Sardar Darbara Singh ji, you may seak some information. Please put your supplementary question.)

ਸਰਦਾਰ ਦਰਬਾਰਾ ਸਿੰਘ : ਹਾਂ ਜੀ, ਮੈਂ ਪੁਛ ਰਿਹਾ ਹਾਂ । ਮੈਂ ਇਨ੍ਹਾਂ ਨੂੰ ਇਹ ਦੱਸਿਆ ਸੀ ਕਿ ਕੋਈ ਅਜਿਹੀ ਸਰਵਿਸ ਨਹੀਂ ਹੈ ਜਿਸ ਵਿਚ ਕਿ 15 ਫ਼ੀ ਸਦੀ ਤੋਂ ਵੱਧ ਹਰੀਜਨ ਹੋਣ । ਪਿਛਲੇ 25-26 ਸਾਲਾਂ ਦੀ ਇਹ ਕਨਸਟੀਚਿਊਸ਼ਨਲ ਪ੍ਰੋਵੀਜ਼ਨ ਹੈ ਰਿਜ਼ਰਵੇਸ਼ਨ ਪੂਰੀ ਕਰਨ ਦੀ । ਪਰ ਹਾਲੀ ਤੱਕ ਇਹ ਪੂਰੀ ਨਹੀਂ ਹੋ ਸਕੀ । ਰੂਲਜ਼ ਵਿਚ ਵੀ ਇਹ ਪ੍ਰੋਵੀਜ਼ਨ ਹੈ । ਮੈਂ ਮੁੱਖ ਮੰਤਰੀ ਜੀ ਤੋਂ, ਜਿਹੜੇ ਕਿ ਇਸ ਮਾਮਲੇ ਵਿਚ ਬੜੇ ਹੀ ਕੀਨ ਹਨ, ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਸਰਵਿਸਿਜ਼ ਬਰਾਂਚ ਹੈ ਉਸ ਦੇ ਮੁਢਲੇ ਕਰਮਚਾਰੀ ਤੋਂ ਲੈ ਕੇ ਸਰਕਾਰ ਜਾਇੰਟ ਸੈਕਟਰੀ ਤੱਕ ਹਰੀਜਨ ਲਗਾਉਣ ਲਈ ਤਿਆਰ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਮੈਂ ਸਿਫ਼ਾਰਸ਼ ਕੀਤੀ ਸੀ, ਉਸ ਦਾ ਹੱਕ ਸਰਦਾਰ ਦਰਬਾਰਾ ਸਿੰਘ ਜੀ ਨੇ ਮੋੜ ਦਿਤਾ ਹੈ । (ਹਾਸਾ) ਉਨ੍ਹਾਂ ਨੇ ਕਿਹਾ ਹੈ ਕਿ ਮੈਨੂੰ ਪਤਾ ਹੈ ਜਿਸ ਗੱਲ ਬਾਰੇ ਕਿ ਮੈਨੂੰ ਇਸ ਵੇਲੇ ਨਹੀਂ ਸੀ ਪਤਾ । ਸਪੀਕਰ ਸਾਹਿਬ, ਮੈਂ ਉਸ ਦੀ ਜਾਣਕਾਰੀ ਕਰ ਲਵਾਂਗਾ। ਜੇਕਰ ਕਿਤੇ ਕੋਈ ਕਮੀ ਹੋਈ ਤਾਂ ਕਾਇਦੇ ਕਾਨੂੰਨ ਅਨੁਸਾਰ ਪੂਰੀ ਹੋ ਸਕਦੀ ਹੋਈ ਤਾਂ ਜ਼ਰੂਰ ਕਰਾਂਗਾ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਜਿਹੜਾ ਗਿਆਨੀ ਜੀ ਉਤੇ ਬੋਝ ਸੀ।....

ਮੁੱਖ ਮੰਤਰੀ : ਸਰਦਾਰ ਦਰਬਾਰਾ ਸਿੰਘ ਜੀ, ਮੇਰੀ ਸਿਫ਼ਾਰਸ਼ ਦਾ ਤਾਂ ਧਿਆਨ ਕਰ ਲਵੋ, (ਹਾਸਾ) ਹੁਣੇ ਹੀ ਬੋਲਣ ਲੱਗ ਪਏ ਹੋ । (ਸਰਦਾਰ ਅਜਾਇਬ ਸਿੰਘ ਸੰਧੂ ਵਲੋਂ ਵਿਘਨ) ਸਪੀਕਰ ਸਾਹਿਬ, ਇਸ ਖਿਆਲ ਨਾਲ ਕਿ ਫ਼ਲਾਣੀ ਜਾਤੀ ਦਾ ਆਦਮੀ ਫ਼ਲਾਣੀ ਥਾਂ ਲਗਾਇਆਂ ਹੀ ਭਲਾ ਹੋ ਸਕਦਾ ਹੈ, ਮੈਂ ਇਸ ਨਾਲ ਸਹਿਮਤ ਨਹੀਂ ਹਾਂ । ਲੇਕਿਨ ਇਹ ਜ਼ਰੂਰ ਹੈ ਕਿ ਜਿਹੜਾ ਕੋਈ ਕਰਮਚਾਰੀ ਜਾਂ ਅਧਿਕਾਰੀ ਐਂਟੀ-ਹਰੀਜਨ ਹੋਵੇਗਾ, ਉਸ ਨੂੰ ਇਸ ਕੰਮ ਤੇ ਨਹੀਂ ਲਾਵਾਂਗੇ ।

ਕਾਮਰੇਡ ਅੱਛਰ ਸਿੰਘ : ਸਪੀਕਰ ਸਾਹਿਬ, ਪਿਛਲੇ ਸਾਲ ਐਲਾਨ ਕੀਤਾ ਗਿਆ ਸੀ ਰਿਜ਼ਰਵੇਸ਼ਨ 25 ਫ਼ੀ ਸਦੀ ਕਰਨ ਦਾ । ਇਕ ਸਾਲ ਹੋ ਚੁਕਿਆ ਹੈ, ਉਸ ਐਲਾਨ ਨੂੰ । ਇਸ ਸਦਨ ਵਿਚ ਇਹ ਐਲਾਨ ਕੀਤਾ ਗਿਆ ਸੀ, ਪਰ ਉਹ ਪੇਪਰ ਤੇ ਹੀ ਐਲਾਨ ਰਹਿ ਗਿਆ ਹੈ । ਕੀ ਸਰਕਾਰ ਦੱਸੇਗੀ ਕਿ ਪਿਛਲੇ ਸਾਲ ਵਾਲੇ ਐਲਾਨ ਦੇ ਰਸਤੇ ਵਿਚ ਕੀ ਰੁਕਾਵਟਾਂ ਸਨ, ਜਿਸ ਕਰਕੇ ਉਸ ਉਤੇ ਅਮਲ ਨਹੀਂ ਹੋ ਸਕਿਆ ? (ਕੋਈ ਉੱਤਰ ਨਹੀਂ ਦਿਤਾ ਗਿਆ)

आचार्य पृथ्वी सिंह आज़ाद : स्पीकर साहिब, चीफ़ मिनिस्टर साहिब ने प्रश्न का उत्तर देते हुए यह बताने की कृपा की है कि जिस दिन से उन्होंने ने यह ऐलान किया है उसी दिन से यह लागू होगा। मैं आप के द्वारा इन से यह पूछना चाहता हूं कि जब रिज़र्वेशन इन प्रोमोशन क्लास वन और टू के बारे में दो साल पहले सुप्रीम कोर्ट डिसाइड कर चुकी है और हम तब से ही मांग कर रहे हैं। इस के बारे में कि यह उस दिन से लागू किया जाए तो क्या, मुख्य मन्त्री जी इस पर विचार करने को तैयार हैं ?

ਮੁੱਖ ਮੰਤਰੀ : ਸਪੀਕਰ ਸਾਹਿਬ, ਗੌਰਮਿੰਟ ਨੇ ਫ਼ੈਸਲਾ ਕਰਕੇ ਇਥੇ ਐਲਾਨ ਕਰ ਦਿਤਾ । ਇਹ ਕੇਬਿਨਟ ਦਾ ਫ਼ੈਸਲਾ ਸੀ, ਇਸ ਦਾ ਮੈਂ ਐਲਾਨ ਕੀਤਾ ਸੀ । ਉਸ ਵਿਚ ਦੁਬਾਰਾ ਤਰਮੀਮ ਕਰਨੀ ਹੋਵੇ ਤਾਂ ਕੈਬਨਿਟ ਵਿਚ ਹੀ ਹੋ ਸਕਦੀ ਹੈ । ਪਰ, ਸਪੀਕਰ ਸਾਹਿਬ, ਮੇਰੀ ਪੁਜ਼ੀਸ਼ਨ ਸਾਫ ਹੈ ਕਿ ਜਿਸ ਦਿਨ ਤੋਂ ਐਲਾਨ ਕੀਤਾ ਗਿਆ ਹੈ, ਉਸ ਦਿਨ ਤੋਂ ਲਾਗੂ ਹੋ ਜਾਵੇਗਾ ਔਰ ਉਸ ਦੀ ਇੰਪਲੀਮੈਂਟੇਸ਼ਨ ਵਿਚ ਕੋਈ ਕਮੀ ਨਹੀਂ ਰਹਿਣ ਦਿਆਂਗੇ ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਸਰਕਾਰ ਨੇ ਐਲਾਨ ਕੀਤਾ ਕਿ ਇਤਨੇ ਪਰਸੈਂਟ ਪਰੋਮੋਸ਼ਨਾਂ ਵਿਚ ਹਰੀਜਨਾਂ ਲਈ ਔਰ ਪਛੜੀਆਂ ਸ਼੍ਰੇਣੀਆਂ ਨੂੰ ਰਿਜ਼ਰਵੇਸ਼ਨ ਦਿਤੀ ਜਾਵੇਗੀ, ਤਾ ਕੀ ਇਹ ਇਸ ਗੱਲ ਵੱਲ ਵੀ ਧਿਆਨ ਦੇਣਗੇ ਕਿ ਜਿਹੜਾ ਵੀਕਰ ਸੈਕਸ਼ਨ ਹੈ, ਭਾਵੇਂ ਉਹ ਕਿਸੇ ਵੀ ਜਾਤ ਬਰਾਦਰੀ ਦਾ ਹੋਵੇ, ਉਸ ਨੂੰ ਇਹ ਰਿਜ਼ਰਵੇਸ਼ਨ ਕੋਈ ਇਨਕਮ ਦੀ ਹੱਦ ਫ਼ਿਕਸ ਕਰਕੇ ਦਿਤੀ ਜਾਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਬੜਾ ਇੰਪਾਰਟੈਂਟ ਪੁਆਇੰਟ ਦੱਸਿਆ ਹੈ । ਕੈਬਨਿਟ ਨੇ ਇਕ ਸਬ ਕਮੇਟੀ ਬਣਾਈ ਹੈ ਜਿਹੜੀ ਕਿ ਇਸ ਗੱਲ ਵੱਲ ਵੇਖੇਗੀ ਕਿ ਭਾਵੇਂ ਕੋਈ ਵੀ ਕਿਸੇ ਵੀ ਜਾਤੀ ਦਾ ਹੋਵੇ, ਉਸ ਦੀ ਇਨਕਮ ਦੀ ਹੱਦ ਮਿੱਥੀ ਜਾਵੇ ਔਰ ਜੋ ਰਿਆਇਤਾਂ ਬੈਕਵਰਡ ਕਲਾਸਾਂ ਨੂੰ ਦਿਤੀਆਂ ਜਾ ਸਕਦੀਆਂ ਹਨ ਉਨ੍ਹਾਂ ਨੂੰ ਵੀ ਦਿਤੀਆਂ ਜਾਣ । (ਥੰਪਿੰਗ) ਲੇਕਿਨ ਸ਼ੈਡਿਊਲਡ ਕਾਸਟ ਬਾਰੇ ਮੇਰੇ ਵੱਸ ਦੀ ਗੱਲ ਨਹੀਂ ਹੈ ਕਿ ਮੈਂ ਉਪਰਲੀ ਕਲਾਸ ਵਾਲਿਆਂ ਨੂੰ ਵੀ ਸ਼ੈਡਿਊਲਡ ਕਾਸਟ ਵਿਚ ਪਾ ਸਕਾਂ । ਜੇਕਰ ਕਿਸੇ ਨੇ ਪੈਣਾ ਹੀ ਹੋਵੇ ਤਾਂ ਉਹ ਸੈਂਟਰ ਗੌਰਮਿੰਟ ਨੂੰ ਅਪ੍ਰੋਚ ਕਰੇ, ਮੈਂ ਉਨ੍ਹਾਂ ਦੀ ਸਿਫ਼ਾਰਸ਼ ਕਰਾਂਗਾ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ......

(ਇਸ ਸਮੇਂ ਮੁੱਖ ਮੰਤਰੀ ਕਿਸੇ ਆਨਰੇਬਲ ਮੈਂਬਰ ਨਾਲ ਆਪਣੀ ਸੀਟ ਤੇ ਬੈਠੇ ਗੱਲਾਂ ਕਰ ਰਹੇ ਸਨ ।)

ਸਰਦਾਰ ਅਜਾਇਬ ਸਿੰਘ ਸੰਧੂ : ਗਿਆਨੀ ਜੀ, ਧਿਆਨ ਦਿਓ ।

ਸ੍ਰੀ ਸਪੀਕਰ : ਉਨ੍ਹਾਂ ਦਾ ਧਿਆਨ ਤੁਹਾਡੇ ਵੱਲ ਹੈ, ਤੁਸੀਂ ਸਵਾਲ ਕਰੋ । (He is attending to you. Please put the question.)

ਸਰਦਾਰ ਅਜਾਇਬ ਸਿੰਘ ਸੰਧੂ : ਏ ਗਿਆਨੀ ਜੀ, ਗਿਆਨੀ ਜੀ, ਇਧਰ ਮੂੰਹ ਕਰੋ ।

ਸ੍ਰੀ ਸਪੀਕਰ : ਵਾਜਾਂ ਨਾ ਮਾਰੋ, ਤੁਸੀਂ ਸਵਾਲ ਕਰੋ ।

(Do not shout his name. Please put your question.)

ਵਿਦਿਆ ਮੰਤਰੀ : ਸਪੀਕਰ ਸਾਹਿਬ, ਇਹ ਬੋਲੇ ਹਨ, ਤੁਹਾਡੀ ਗੱਲ ਇਨ੍ਹਾਂ ਨੇ ਨਹੀਂ ਸੁਣੀ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਗੱਲ ਤਾਂ ਮੁੱਖ ਮੰਤਰੀ ਜੀ ਨੂੰ ਪੁਛੋ ਜਿਨ੍ਹਾਂ ਨੂੰ ਸੁਣਿਆ ਨਹੀਂ ਹੈ । (ਹਾਸਾ)

ਵਿਦਿਆ ਮੰਤਰੀ : ਤੂੰ ਸਮਝਦਾ ਹੈਂ ਕਿ ਦੂਜਿਆਂ ਨੂੰ ਵੀ ਤੇਰੇ ਵਾਂਗ ਨਹੀਂ ਸੁਣਦਾ ।

ਸਰਦਾਰ ਅਜਾਇਬ ਸਿੰਘ ਸੰਧੂ : ਕੋਈ ਚੱਜ ਦੀ ਗੱਲ ਵੀ ਕਰਿਆ ਕਰ । ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ , ਸਾਡੇ ਸਾਰਿਆਂ ਦੇ ਸਵਾਲਾਂ ਦੇ ਜਵਾਬ ਵਿਚ ਕਿ ਜੋ ਕਰ ਸਕਾਂਗੇ ਜ਼ਰੂਰ ਕਰਾਂਗੇ । ਕਹਿਣਾ ਤਾਂ ਇਹ ਚਾਹੀਦਾ ਸੀ ਕਿ ਕਰਾਂਗੇ । (ਵਿਘਨ) ।

Mr. Speaker : Order please.

ਸਰਦਾਰ ਆਜ਼ਇਬ ਸਿੰਘ ਸੰਧੂ : ਇਸ ਬਾਰੇ ਨੋਟੀਫੀਕੇਸ਼ਨ ਇਸ਼ੂ ਹੋਣਾ ਹੈ ਉਹ ਤਿਆਰ ਕੀਤਾ ਜਾ ਰਿਹਾ ਹੈ, ਪਰ ਉਹ ਇੰਨਾਂ ਡਿਫੈਕਟਿਵ ਨਾ ਹੋਵੇ ਕਿ ਪਹਿਲੀ ਪੇਸ਼ੀ ਵਿਚ ਹੀ ਉਸ ਨੂੰ ਹਾਈ ਕੋਰਟ ਸੈੱਟ ਅਸਾਈਡ ਕਰ ਦੇਵੇ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਕੋਈ ਐਸਾ ਪ੍ਰਬੰਧ ਕਰੋਗੇ ਕਿ ਉਹ ਨੋਟੀਫੀਕੇਸ਼ਨ ਇਸ਼ੂ ਹੋਣ ਤੋਂ ਪਹਿਲਾਂ, ਇਸ ਹਾਊਸ ਦੇ ਸ਼ੈਡਿਊਲਡ ਕਾਸਟ ਮੈਂਬਰਾਂ ਨੂੰ ਵਿਖਾ ਦੇਵੋ ਤਾਂ ਜੋ ਉਹ ਬਾਅਦ ਵਿਚ ਹਾਈ ਕੋਰਟ ਵਿਚ ਰੱਦ ਨਾ ਹੋਵੇ ਅਤੇ ਨੁਕਸਾਨ ਨਾ ਹੋਵੇ ?

ਮੁੱਖ ਮੰਤਰੀ : ਹਰ ਨੋਟੀਫੀਕੇਸ਼ਨ ਹਰ ਇਕ ਨੂੰ ਨਹੀਂ ਵਿਖਾਇਆ ਜਾ ਸਕਦਾ । ਲਾ ਸੈਕਟਰੀ ਕੋਲੋਂ ਵੈੱਟ ਕਰਵਾ ਕੇ ਅਤੇ ਇਸ ਗੱਲ ਨੂੰ ਵੇਖ ਕੇ ਕਿ ਕੋਈ ਲੂਪ ਹੋਲ ਨਾ ਰਹਿ ਜਾਵੇ, ਜਿਸ ਨਾਲ ਕਿ ਨੋਟੀਫੀਕੇਸ਼ਨ ਰੱਦ ਹੋ ਜਾਵੇ, ਇਸ ਬਾਰੇ ਪੂਰੇ ਯਤਨ ਕਰਾਂਗੇ ।

ਸਰਦਾਰ ਹਰਚੰਦ ਸਿੰਘ : ਜਿਹੜੇ ਦਿਨ ਤੋਂ ਇਲਾਨ ਕੀਤਾ, ਕਿ ਅਸੀਂ ਉਸ ਦਿਨ ਤੋਂ ਰਿਜ਼ਰਵੇਸ਼ਨ ਲਾਗੂ ਕਰਾਂਗੇ । ਇਸ ਬਾਰੇ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਇਸ ਗੱਲ ਤੇ ਵਿਚਾਰ ਕਰਨ ਨੂੰ ਤਿਆਰ ਹੋ ਕਿ ਜਿਹੜੀਆਂ ਚੀਫ਼ ਸੈਕਟਰੀ ਸਾਹਿਬ ਦੀਆਂ ਚਿੱਠੀਆਂ ਇਸ ਇਲਾਨ ਦੇ ਵਿਚ ਰੁਕਾਵਟ ਪਾਉਂਦੀਆਂ ਹਨ, ਉਨ੍ਹਾਂ ਨੂੰ ਵਿਦਡਰਾ ਕੀਤਾ ਜਾਵੇਗਾ ?

ਮੁੱਖ ਮੰਤਰੀ : ਕੋਈ ਚਿੱਠੀ, ਕੋਈ ਹਦਾਇਤ ਜਾਂ ਕੋਈ ਨਿਯਮ ਜੋ ਰੁਕਾਵਟ ਪਾਉਂਦਾ ਹੋਵੇ, ਉਸ ਨੂੰ ਅਮੈਂਡ ਕੀਤਾ ਜਾਵੇਗਾ ।

ਸਰਦਾਰ ਗੁਰਦੇਵ ਸਿੰਘ ਸਿਧੂ : ਜਿਹੜੀਆਂ ਇਹ ਹਰੀਜਨਾਂ ਨੂੰ ਰਿਆਇਤਾਂ ਦਿਤੀਆਂ ਹਨ, ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਦੀ ਅਸੈਂਬਲੀ ਬਣੀ ਹੈ ਇਥੋਂ ਕੁਝ ਸੀਟਾਂ ਰਾਜ ਸਭਾ ਵਾਸਤੇ ਜਾਂਦੀਆਂ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਦੇ ਵਿਚ ਵੀ ਕਿਸੇ ਹਰੀਜਨ ਮੈਂਬਰ ਨੂੰ ਸੀਟ ਦਿਤੀ ਜਾਵੇਗੀ ?

ਸ਼੍ਰੀ ਸਪੀਕਰ : ਇਹ ਸਵਾਲ ਇਸ ਵਿਚੋਂ ਨਹੀਂ ਉਠਦਾ । (This question does not arise out of the main question.)

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਚੀਫ਼ ਮਨਿਸਟਰ ਸਾਹਿਬ ਨੇ ਇਸ ਗੱਲ ਦੀ ਮਜ਼ਬੂਰੀ ਜ਼ਾਹਿਰ ਕੀਤੀ ਹੈ ਕਿ 1966 ਤੋਂ ਕਲਾਸ 1 ਅਤੇ ਕਲਾਸ 2 ਦੀ ਰਿਜ਼ਰਵੇਸ਼ਨ ਲਾਗੂ ਨਹੀਂ ਕੀਤੀ ਜਾ ਸਕਦੀ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ 1966 ਵਾਲਾ ਕਰਾਈਟੇਰੀਆ ਕਲਾਸ 1 ਅਤੇ ਕਲਾਸ 2 ਵਾਸਤੇ ਲਾਗੂ ਕਰਨਗੇ ?

ਮੁੱਖ ਮੰਤਰੀ : ਮੈਂ ਪਹਿਲਾਂ ਤਾਂ ਸਰਦਾਰ ਗੁਰਦੇਵ ਸਿੰਘ ਸਿੱਧੂ ਦੇ ਸਵਾਲ ਦਾ ਜਵਾਬ ਦਿੰਦਾ ਹਾਂ । ਉਨ੍ਹਾਂ ਨੇ ਰਾਜ ਸਭਾ ਵਾਲੀ ਗੱਲ ਕੀਤੀ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਰਾਜ ਸਭਾ ਵਿਚ ਇਕ ਹਰੀਜਨ ਮੈਂਬਰ ਤਾਂ ਭੇਜ ਚੁਕੇ ਹਾਂ ਅਤੇ ਅੱਗੇ ਨੂੰ ਵੀ ਕੋਸ਼ਿਸ਼ ਕਰਾਂਗੇ । ਮੇਰੀ ਖਾਹਿਸ਼ ਹੈ ਕਿ ਹਰ ਸ਼ੋਭੇ ਵਿਚ ਹਰੀਜਨਾਂ ਨੂੰ ਨੁਮਾਇੰਦਗੀ ਦੇਈਏ ਅਤੇ ਜਿਥੇ ਰਿਜ਼ਰਵੇਸ਼ਨ ਨਹੀਂ ਹੈ, ਉਥੇ ਵੀ ਇਸ ਗੱਲ ਦਾ ਧਿਆਨ ਰੱਖਿਆ ਜਾਵੇ । ਜਿਹੜਾ ਵੀਕਰ ਸੈਕਸ਼ਨ ਹੈ ਅਤੇ ਜਿਸ ਨਾਲ ਸਦੀਆਂ ਤੋਂ ਧੱਕਾ ਹੋ ਰਿਹਾ ਹੈ, ਇਸ ਨੂੰ ਠੀਕ ਕਰਨਾ ਹੈ ਲੇਕਿਨ ਇਹ ਗੱਲ ਵੀ ਬੜੀ ਜ਼ਰੂਰੀ ਹੈ ਕਿ ਇਸ ਧੱਕੇ ਨੂੰ ਦੂਰ ਕਰਨ ਵਾਸਤੇ ਸਾਨੂੰ ਸੁਸਾਇਟੀ ਵਿਚ ਬਿਟਰਨੈਸ ਵੀ ਪੈਦਾ ਨਹੀਂ ਕਰਨੀ ਚਾਹੀਦੀ ਅਤੇ ਇਨਸਾਨੀਅਤ ਦੇ ਤਰੀਕੇ ਨਾਲ ਅਸੀਂ ਉਨ੍ਹਾਂ ਦੀ ਮੱਦਦ ਕਰ ਸਕੀਏ ਤਾਂ ਠੀਕ ਹੈ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਐਕਟ ਦੇ ਅਧਾਰ ਤੇ ਜਿਹੜੀਆਂ ਸੁਸਾਇਟੀਆਂ ਬਣਾਈਆਂ ਹੋਈਆਂ ਹਨ, ਉਨ੍ਹਾਂ ਨੂੰ ਵੀ ਹਰੀਜਨਾਂ ਨੂੰ ਸਰਵਿਸ ਵਿਚ, ਮੈਨੇਜਮੈਂਟ ਵਿਚ ਅਤੇ ਹੋਰ ਸ਼ੋਭਿਆਂ ਵਿਚ ਰਿਜ਼ਰਵੇਸ਼ਨ ਦਿਤੀ ਜਾਣੀ ਚਾਹੀਦੀ ਹੈ । ਮੈਂ ਸਰਦਾਰ ਗੁਰਦੇਵ ਸਿੰਘ ਸਿੱਧੂ ਨੂੰ ਇਹ ਕਹਾਂਗਾ ਕਿ

ਉਹ ਆਪ ਦੀ ਪਾਰਟੀ ਵਿਚ ਇਹ ਫੈਸਲਾ ਕਰਵਾਉਣ ਕਿ ਗੁਰਦਵਾਰਿਆਂ ਦੀ ਢਾਈ ਕਰੋੜ ਆਮਦਨੀ ਹੈ ਅਤੇ ਉਨ੍ਹਾਂ ਵਿਚ ਵੀ 25 ਫ਼ੀ ਸਦੀ ਰਿਜ਼ਰਵੇਸ਼ਨ ਹਰੀਜਨਾਂ ਨੂੰ ਦਿਤੀ ਜਾਣੀ ਚਾਹੀਦੀ ਹੈ । (ਵਿਘਨ) (ਸ਼ੋਰ)

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਮੈਂ ਸਵਾਲ ਕੀਤਾ ਸੀ ਅਤੇ ਉਸ ਦਾ ਜਵਾਬ ਨਹੀਂ ਆਇਆ। ਮੈਂ ਦੁਬਾਰਾ ਸਵਾਲਾ ਕਰ ਦਿੰਦਾ ਹਾਂ । ਮੇਰਾ ਸਵਾਲ ਸੀ ਕਿ ਮੁੱਖ ਮੰਤਰੀ ਜੀ ਨੇ ਇਸ ਗੱਲ ਦੀ ਮਜ਼ਬੂਰੀ ਜਾਹਿਰ ਕੀਤੀ ਹੈ ਕਿ ਅਸੀਂ ਰਿਜ਼ਰਵੇਸ਼ਨ 1966 ਤੋਂ ਲਾਗੂ ਨਹੀਂ ਕਰ ਸਕਦੇ । ਪਰ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੋ ਕਲਾਸ 1 ਅਤੇ ਕਲਾਸ 2 ਵਾਸਤੇ 1966 ਵਿਚ ਪਰੋਮੋਸ਼ਨ ਵਗੈਰਾ ਵਾਸਤੇ ਕਰਾਈਟੇਰੀਆ ਸੀ, ਉਸ ਵੇਲੇ ਦੇ ਢਗ ਤਰੀਕੇ ਨੂੰ ਇਹ ਲਾਗੂ ਕਰਨ ਦੀ ਕੋਸ਼ਿਸ਼ ਕਰਨਗੇ ?

ਮੁੱਖ ਮੰਤਰੀ : ਬੁਨਿਆਦ ਇਹ ਰੱਖੀ ਗਈ ਹੈ ਅਤੇ ਉਸੇ ਬੁਨਿਆਦ ਦੇ ਮੁਤਾਬਕ ਲਾਗੂ ਕੀਤਾ ਜਾਵੇਗਾ । ਜੇ ਉਸ ਵਿਚ ਵੀ ਕੋਈ ਕਮੀ ਰਹਿ ਗਈ ਹੋਵੇਗੀ, ਉਸ ਨੂੰ ਵੀ ਦੂਰ ਕਰਾਂਗੇ। ਮੇਰੀ ਮੁਅੱਦਬਾਨਾ ਦਰਖਾਸਤ ਹੈ ਕਿ ਹਰੀਜਨ ਭਰਾਵਾਂ ਅਤੇ ਪਿਛਲੇ ਵਰਗਾਂ ਤੋਂ ਇਲਾਵਾ ਬਾਕੀ ਲੋਕ ਜਿਹੜੇ ਹਨ, ਉਨ੍ਹਾਂ ਨੂੰ ਇਸ ਗੱਲ ਤੇ ਐਕਸ਼ਨ ਤੇ ਰਿਐਕਸ਼ਨ ਨਹੀਂ ਹੋਣ ਦੇਣਾ ਚਾਹੀਦਾ । ਇਸ ਕਰਕੇ, ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਸ ਐਕਸ਼ਨ ਨੂੰ ਇੰਨਾ ਅੱਗੇ ਨਾ ਲੈ ਜਾਈਏ ਕਿ ਉਸ ਦਾ ਰਿਐਕਸ਼ਨ ਭੈੜਾ ਹੋ ਜਾਵੇ, ਇਸ ਮਾਮਲੇ ਵਿਚ ਬਿਟਰਨੈਸ ਨਹੀਂ ਹੋਣੀ ਚਾਹੀਦੀ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ 62 ਫ਼ੀ ਸਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਹਰੀਜਨਾਂ ਨੂੰ ਨੁਮਾਇੰਦਗੀ ਦਿਤੀ ਗਈ ਹੈ, ਗਰੰਥੀ ਮੈਨੇਜਰ ਅਤੇ ਹੋਰ ਸਭ ਹਨ । ਸ਼੍ਰੋਮਣੀ ਕਮੇਟੀ ਦਾ ਵਾਇਸ ਪ੍ਰੈਜ਼ੀਡੈਂਟ ਹਰੀਜਨ ਹੈ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਚੀਫ਼ ਸੈਕਟਰੀ ਦੇ ਦਫਤਰ ਵਿਚ ਇਕ ਅਜਿਹਾ ਵਰਗ ਬੈਠਾ ਹੈ, ਜਿਹੜਾ ਸ਼ੈਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਨਾਲ ਵਿਤਕਰਾ ਰੱਖਦਾ ਹੈ । ਇਸ ਕਰਕੇ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਕਹਾਂਗਾ ਕਿ ਕੀ ਉਹ ਇਸ ਗੱਲ ਦਾ ਉਪਰਾਲਾ ਕਰਨਗੇ ਕਿ ਉਸ ਵਰਗ ਨੂੰ ਛਾਂਟੀ ਕਰਕੇ ਉਨ੍ਹਾਂ ਆਦਮੀਆਂ ਨੂੰ ਉਥੇ ਲਗਾਇਆ ਜਾ ਸਕੇ, ਜਿਹੜੇ ਕਿ ਹਰੀਜਨਾਂ ਅਤੇ ਬੈਕਵਰਡ ਕਲਾਸਾਂ ਦੇ ਹਿੱਤਾਂ ਦਾ ਖਿਆਲ ਰਖਣ ?

ਸ਼੍ਰੀ ਸਪੀਕਰ : ਪਹਿਲਾਂ ਜਵਾਬ ਆ ਚੁਕਾ ਹੈ । (This question has already been replied to).

ਸਰਦਾਰ ਬਲਵਿੰਦਰ ਸਿੰਘ ਭੂੰਦੜ : ਇਨ੍ਹਾਂ ਨੇ ਆਪਣਾ ਬਿਆਨ ਦਿਤਾ ਹੈ ਕਿ ਦੂਜੇ ਵੀ ਕਿਸੇ ਵੀਕਰ ਸੈਕਸ਼ਨ ਨਾਲ ਧੱਕਾ ਨਾ ਹੋਵੇ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਇਕ ਇਹ ਵੀ ਵਜ੍ਹਾ ਹੈ ਕਿ ਇਕ ਇਕ ਘਰ ਦੇ ਤਿੰਨ ਤਿੰਨ ਅਫਸਰ ਲੱਗੇ ਹੋਏ ਹਨ ਅਤੇ ਬਲੱਡ ਰਿਲੇਸ਼ਨ ਦੇ ਹਿਸਾਬ ਨਾਲ ਉਹੀ ਪੋਸਟਾਂ ਲਈ ਜਾਂਦੇ ਹਨ । ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰ ਖਾਨਦਾਨ ਨੂੰ ਪੋਸਟਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ 50 ਫ਼ੀ ਸਦੀ ਪੋਸਟਾਂ ਵੀਕਰ ਸੈਕਸ਼ਨ ਨੂੰ ਦਿਤੀਆਂ ਜਾਣ ?

ਮੁੱਖ ਮੰਤਰੀ : ਤੁਸੀਂ ਜੋ ਮਰਜ਼ੀ ਇਜਾਜ਼ਤ ਦੇਵੋ ਲੇਕਿਨ ਕੁਝ ਡਿਊਟੀਆਂ ਸਰਕਾਰ ਦੀਆਂ ਹਨ ਅਤੇ ਕੁਝ ਡਿਊਟੀਆਂ ਲੈਜਿਸਲੇਚਰ ਦੀਆਂ ਹਨ । ਜਿਹੜੀਆਂ ਡਿਊਟੀਆਂ ਸਰਕਾਰ ਦੀਆਂ ਹਨ ਉਹ ਸਰਕਾਰ ਨੇ ਪੂਰੀਆਂ ਕਰਨੀਆਂ ਹਨ ਅਤੇ ਜੇ ਸਰਕਾਰ ਦੇ ਕਰਮਚਾਰੀਆਂ ਦੀਆਂ ਐਪੁਆਇੰਟਮੈਂਟਸ, ਪਰਮੋਸ਼ਨਜ਼, ਡਿਮੋਸ਼ਨਜ਼ ਹਾਊਸ ਵਿਚ ਡਿਸਕਸ ਕੀਤੀਆਂ ਜਾਣ ਤਾਂ ਕੋਈ ਡੈਮੋਕਰੈਟਿਕ ਸੈਟ-ਅਪ ਚੱਲ ਨਹੀਂ ਸਕਦਾ । ਲੋਕ ਸਰਵਿਸ ਵਿਚ ਸਿਲੈਕਟ ਹੁੰਦੇ ਹਨ, ਇਸ ਬਾਰੇ ਵਿਧਾਨ ਵਿਚ ਉਨ੍ਹਾਂ ਨੂੰ ਖੁਲ੍ਹੀ ਛੋਟ ਹੈ ਕਿ ਕੰਪੀਟੀਸ਼ਨ ਦੇ ਕੇ ਆ ਸਕਦੇ ਹਨ । ਕੋਈ ਵੀ ਆ ਸਕਦਾ ਹੈ ਅਤੇ ਇਸ ਤਰ੍ਹਾਂ

(ਮੁੱਖ ਮੰਤਰੀ)

ਇਕ ਬਲੱਡ ਦੇ ਭਾਵੇਂ 10 ਆ ਜਾਣ, ਇਸ ਤੇ ਰੋਕ ਕਿਸ ਤਰ੍ਹਾਂ ਲਗਾਈ ਜਾ ਸਕਦੀ ਹੈ । ਕੰਸਟੀ-ਟਿਊਸ਼ਨ ਤਾਂ ਨਹੀਂ ਬਦਲਿਆ ਜਾ ਸਕਦਾ । ਕੋਈ ਵੀ ਆਦਮੀ ਕੰਪੀਟੀਸ਼ਨ ਵਿਚ ਆਪਣੀ ਲਿਆਕਤ ਨਾਲ ਆ ਸਕਦਾ ਹੈ ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Representation against mismanagement in the working of Kaind Cooperative Agricultural Service Society Kaind, District Ludhiana.

*2311. (1) **Comrade Saghar Singh**
(2) **Comrade Satya Pal Dang** } Will the Chief Minister be pleased to state—

(a) whether the Government received a representation dated 22nd December, 1973 from Shri Harchand Singh and others addressed to the Chief Minister, Punjab, regarding mismanagement etc. in the working of the Kaind, Co-operative Agricultural-cum-Service Society, Kaind District Ludhiana, if so, a copy of the same be laid on the Table of the House;

(b) the action taken by the Government in this connection ?

Giani Zail Singh : (a) No. However a representation dated 22nd December, 1973 addressed to Registrar, Cooperative Societies, Punjab was received.

(b) Enquiry has been made by the Assistant Registrar, Cooperative Societies Ludhiana and action is being taken on the enquiry report.

[(ੳ) ਨਹੀਂ ਜੀ । ਪਰ ਇਕ ਪ੍ਰਤਿ ਬੇਨਤੀ ਮਿਤੀ 22 ਦਸੰਬਰ, 1973, ਜਿਹੜੀ ਕਿ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਨੂੰ ਸੰਬੋਧਤ ਸੀ, ਆਈ ਸੀ ।

(ਅ) ਇਨਕੁਆਇਰੀ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਲੁਧਿਆਣਾ ਨੇ ਕੀਤੀ ਹੈ ਅਤੇ ਇਨਕੁਆਇਰੀ ਰਿਪੋਟ ਤੇ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ।]

Starred Question No. 2584

ਜ਼ੈਲ ਸਿੰਘ

ਡੀ. ਓ. ਨੰ : 12-ਏ, ਕਿਊ-6ਓ. ਸ. (1)-74
ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।
ਮਿਤੀ, 13 ਮਾਰਚ, 1974

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ : 2584, ਜੋ ਮਿਤੀ 14 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਸ੍ਰੀ ਗੁਰਦਿਆਲ ਸੈਣੀ, ਐਮ. ਐਲ. ਏ. ਦੇ ਨਾਂ ਹੇਠ (ਵਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ

ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 24 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸਵਾਸ਼ ਪਾਤਰ,

(ਜ਼ੈਲ ਸਿੰਘ),

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ ।

Starred Question No. 2537

ਸੰਤੋਖ ਸਿੰਘ ਰੰਧਾਵਾ, ਅ : ਸ ਪੱ : ਨੰ : ਜੀ-111-74/ਸਪੈ.1
ਰਾਜ ਮੰਤਰੀ, ਵਿਕਾਸ ਤੇ ਪੰਚਾਇਤ ਚੰਡੀਗੜ੍ਹ, ਮਿਤੀ 13 ਮਾਰਚ, 1974

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ : 2537, ਜੋ ਕਿ ਮਿਤੀ 14 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਸ੍ਰੀ ਅਜਾਇਬ ਸਿੰਘ ਸੰਧੂ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਅਧਿਕਾਰੀਆਂ ਪਾਸੋਂ ਇਕੱਤਰ ਕੀਤੀ ਜਾ ਰਹੀ ਹੈ, ਜਿਸ ਦੇ ਪੂਰੇ ਹੋਣ ਵਿਚ ਕੁਝ ਸਮਾਂ ਲੱਗੇਗਾ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸਵਾਲ ਦਾ ਜਵਾਬ 15 ਦਿਨਾਂ ਪਿਛੋਂ ਕਿਸੇ ਵੀ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਜੀ ਦਾ ਹਿਤੂ,

(ਸੰਤੋਖ ਸਿੰਘ ਰੰਧਾਵਾ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ

Starred Question No. 2538

ਸੰਤੋਖ ਸਿੰਘ ਰੰਧਾਵਾ ਅ:ਸ: ਪੱਤਰ ਨੰ : ਜੀ 4-74/9264
ਵਿਕਾਸ ਤੇ ਪੰਚਾਇਤ ਰਾਜ ਮੰਤਰੀ । ਚੰਡੀਗੜ੍ਹ, ਮਿਤੀ 13 ਮਾਰਚ, 1974

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ : 2538, ਜੋ ਮਿਤੀ 14 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਸ੍ਰੀ ਅਜਾਇਬ ਸਿੰਘ ਸੰਧੂ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ । ਚੂੰਕਿ ਪੰਚਾਇਤ ਸਕੱਤਰ, ਪੰਚਾਇਤ ਸੰਮਤੀਆਂ ਦੇ ਕਰਮਚਾਰੀ ਹਨ, ਇਸ ਲਈ ਉਨ੍ਹਾਂ ਸਬੰਧੀ ਸਵਾਲ ਵਿਚ ਪੁਛੀ ਗਈ ਸੂਚਨਾ ਉਨ੍ਹਾਂ ਤੋਂ ਇਕੱਤਰ

[ਸ੍ਰੀ ਸਪੀਕਰ[

ਕੀਤੀ ਜਾ ਰਹੀ ਹੈ । ਚੂੰਕਿ ਉਕਤ ਸੂਚਨਾ ਦੇ ਇਕੱਤਰ ਕਰਨ ਵਿਚ ਕੁਝ ਸਮਾਂ ਲੱਗੇਗਾ ਇਸ ਲਈ ਬੇਨਤੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕੀਤਾ ਜਾਵੇ ਅਤੇ ਇਸ ਸੁਆਲ ਨੂੰ 15 ਦਿਨਾਂ ਪਿਛੋਂ ਦੀ ਕਿਸੇ ਵੀ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਦਰਜ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸ਼ ਪਾਤਰ,

(ਸੰਤੋਖ ਸਿੰਘ ਰੰਧਾਵਾ)

ਸ੍ਰੀ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

Recording of Panchayat Proceedings

***2572. Sardar Dilbagh Singh, :** Will the Minister of State for Development be pleased to state—whether it has come to his notice that the proceedings of the meetings of the Panchayats are not recorded on the days on which meetings are held but after an interval of six months to if one year and as such the records are not true but cooked up ; so, the action, if any, taken or proposed to be taken by the Government to check the recording of proceedings of Panchayats in future in such a manner ?

Sardar Santokh Singh Randhawa (State Minister for Development): No. Question of taking any action in this behalf does not arise.

(ਨਹੀਂ। ਇਸ ਲਈ ਇਸ ਸਬੰਧ ਵਿਚ ਕੋਈ ਕਾਰਵਾਈ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।)

Trucks/Buses purchased by the Punjab Roadways

***2553. Shri Brish Bhan :** Will the Minister of State for Transport and Civil Aviation be pleased to state—

(a) the number of trucks and buses purchased by the Punjab Roadways during the period from 1st January, 1972 to 31st January, 1972 and 1st January, 1973 to 31st January, 1973 separately ;

(b) the makes of the trucks and buses referred to in Part (a) above, in each case ;

(c) the names of the proprietors of the Agencies through whom the trucks and buses, referred to in parts (a) and(b) were purchased?

Sardar Dilbagh Singh Daleke :

Period	Truck	Buses
(a) 1st January, 1972 to 31st January, 1972 .	Nil	53
1st January, 1973 to 31st January, 1973	Nil	15

		Leyland	Tata
(b) 1st January, 1972 to 31st December, 1972	Trucks	Nil	Nil
	Buses	28	25
1st January, 1973 to 31st January, 1973	Trucks	Nil	Nil
	Buses	Nil	15

(c) Leylands : M/s. Ashok Leyland Ltd., Madras.

(ii) Tata : M/s. Tata Engineering and Locomotive Co., Bombay.

			ਟਰੱਕ	ਬੱਸਾਂ
[(ੲ) 1-1-72 ਤੋਂ 31-1-72		..	ਨਿਲ	53
1-1-73 ਤੋਂ 31-1-73		..	ਨਿਲ	15
			ਲੇਲੈਂਡ	ਟਾਟਾ
(ਬੀ) 1-1-72 ਤੋਂ 31-1-72	ਟਰੱਕ	..	ਨਿਲ	ਨਿਲ
	ਬੱਸਾਂ		28	25
1-1-73 ਤੋਂ 31-1-73	ਟਰੱਕ	..	ਨਿਲ	ਨਿਲ
	ਬੱਸਾਂ	..	ਨਿਲ	15

(ਸੀ) (1) ਲੇ ਲੈਂਡ : ਮੈਸਰਜ਼ ਅਸ਼ੋਕ ਲੇਲੈਂਡ ਲਿਮਿਟਿਡ, ਮਦਰਾਸ ।
(2) ਟਾਟਾ : ਮੈਸਰਜ਼ ਟਾਟਾ ਇੰਜਨੀਅਰਿੰਗ ਐਂਡ ਲੋਕੋਮੋਟਿਵ ਕੰਪਨੀ, ਬੰਬਈ ।)]

Starred Question No. 2555

ਗੁਰਬਖਸ਼ ਸਿੰਘ ਸਿਬੀਆ

ਡੀ. ਓ. ਨੰ : 226-ਸਿਬਿ(5)-74/
ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ, ਪੰਜਾਬ,
ਚੰਡੀਗੜ੍ਹ, ਮਿਤੀ 13 ਮਾਰਚ, 1974 ।

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ : 2555, ਜੋ ਮਿਤੀ 14 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਸ੍ਰੀ ਬ੍ਰਿਸ਼ ਭਾਨ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ ।

[ਸ੍ਰੀ ਸਪੀਕਰ]

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 25 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ,

(ਗੁਰਬਖਸ਼ ਸਿੰਘ ਸਿਬੀਆ)

ਡਾ : ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

Scheme for supply of Wheat Atta and Pulses etc. to the Low paid Employees

***2364. (1) Comrade Saghar Singh**
(2) Comrade Shamsher Singh Josh } Will the Minister of State for Food and Supplies be pleased to state :—

(a) whether the Government has framed any scheme for distribution of wheat atta and pulses at subsidized rates to certain categories of low paid Industrial, Municipal, Trade and Government employees in the State ; if so, the details of the said scheme be laid on the Table of the House ;

(b) whether all other persons belonging to low-income groups will also be included in the said scheme ?

Sardar Gurdarshan Singh : (a) Yes Sir. Details of the scheme are laid on the Table of the House.

(b) Other persons belonging to low income groups may be considered for inclusion in the scheme at a later stage if the resources of the State permit.

[(ੳ) ਹਾਂ ਜੀ, ਸਕੀਮ ਦਾ ਵਿਸਥਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ਅ) ਘੱਟ ਆਮਦਨ ਵਾਲੇ ਵਰਗਾਂ ਨਾਲ ਸਬੰਧਤ ਹੋਰ ਸਾਰੇ ਵਿਅਕਤੀਆਂ ਨੂੰ ਵੀ ਇਸ ਸਕੀਮ ਅਧੀਨ ਲਿਆਉਣ ਲਈ ਬਾਅਦ ਵਿਚ ਵਿਚਾਰ ਕੀਤਾ ਜਾ ਸਕਦਾ ਹੈ ਜੇਕਰ ਰਾਜ ਦੀ ਵਿੱਤੀ ਹਾਲਤ ਨੇ ਆਗਿਆ ਦਿਤੀ।)]

ANNEXURE

Subject.—**Scheme for subsidized Supplies of wheat and Pulses in Punjab**

With a view to giving some relief to the weaker sections of the society, Punjab Government have launched the scheme for supply of certain essential commodities at subsidized rates to low paid employees. To start with, wheat atta and pulses will be supplied at a subsidy of Rs. 5 per quintal to eligible families. The scheme has been introduced with effect from 15th February, 1974 in Amritsar, being the premier and the biggest town of the State. The scheme will be extended to Jullundur, Ludhiana and Patiala and thereafter to all the towns in a phased manner.

WHO ARE ELIGIBLE

Under the scheme, such Government employees, municipal employees, trade employees and industrial employees as draw total monthly emoluments up to Rs. 575 including all allowances (except T.A.) will be eligible. for this purpose. Income of all the members of the family who reside together and have a common kitchen will be taken as one unit.

ISSUE OF DISTINCTIVE CARDS

Distinctive distribution cards are to be issued to eligible categories of employees mentioned above. Supply of wheat atta and pulses at subsidised rates is to be made from fair price shops/consumers cooperative stores on the basis of these cards. Other essential commodities e.g. as Sugar, Rice, Maida, Suji, Vanaspati, Kerosene is also to be issued on these cards D. III(S) from the same fair price shops/cooperative consumer store, but there will be no subsidy on these other items.

REGISTRATION WITH DEPOT HOLDERS

Ration cards of both types i.e. of those entitled to subsidy and the others not so entitled are to be registered afresh with the same depot holder of the locality.

ESSENTIAL COMMODITIES TO BE SUPPLIED FROM FAIR PRICE SHOPS/ CONSUMERS COOPERATIVE STORES

For the present wheat atta and pulses are to be supplied under the subsidy scheme to eligible categories of consumers. Other essential commodities e.g. Rice, Sugar, Maida, Suji, Vanaspati and Kerosene will, however, be supplied to all card-holders of both categories at contiolled rates.

Under the subsidy scheme wheat will be issued at 10 kg. per head of per month subject to a maximum of 80 kg. per month on a card, and

Pulses one kg. per head per month subject to a maximum of 8 Kg. per month on one card.

RECORD OF FAIR PRICE SHOPS OWNERS/CONSUMERS COOPERATIVE STORES

Separate sales registers and register of registration of cards issued under the subsidy scheme will be maintained by Fair Price Shop Owners/Consumer Cooperative Stores.

RE-IMBURSEMENT OF SUBSIDY BILLS TO DEPOT HOLDERS

Fair Price Shop Owners/Consumer Cooperative Stores are to make discount sales to card-holders holding distinctive cardsD-III(S) issued under the Subsidy Scheme at a subsidy of Rs. 5 per quintal.Separpte accounts of sales made under the subsidy scheme are to be prepared by each depot holders. At the end of the month, each depot holder is to be submit his bills to the District Food and Supplies Controller concerned, in the prescribed manner, on tne basis of which re-imbursement of the amount of subsidy relating to the preceding month will be made to him by the said office.

[ਪੰਜਾਬ ਵਿਚ ਕਣਕ ਦੇ ਆਟੇ ਅਤੇ ਦਾਲਾਂ ਦੀ ਸਸਤੇ ਦਰਾਂ ਤੇ ਸਪਲਾਈ ਦੀ ਸਕੀਮ

ਪੰਜਾਬ ਸਰਕਾਰ ਪਿਛਲੇ ਕੁਝ ਸਮੇਂ ਤੋਂ ਇਸ ਮਾਮਲੇ ਤੇ ਬੜੀ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ । ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸਹਾਇਤਾ ਦੇਣ ਦੇ ਮਨੋਰਥ ਨਾਲ, ਪੰਜਾਬ ਸਰਕਾਰ ਨੇ ਘੱਟ ਤਨਖਾਹ ਵਾਲੇ ਲੋਕਾਂ ਨੂੰ, ਕੁਝ ਜ਼ਰੂਰੀ ਵਸਤਾਂ ਦੀ ਸਪਲਾਈ, ਸਸਤੇ ਦਰਾਂ ਤੇ ਕਰਨ ਦੀ ਇਕ ਸਕੀਮ ਤਿਆਰ ਕੀਤੀ ਹੈ । ਸ਼ੁਰੂ ਵਿਚ ਕਣਕ ਦਾ ਆਟਾ ਅਤੇ ਦਾਲਾਂ, ਯੋਗ ਪਰਵਾਰਾਂ ਨੂੰ 5 ਰੁਪਏ ਪ੍ਰਤੀ ਕੁਇੰਟਲ ਸਸਤੇ ਦਰਾਂ ਤੇ ਸਪਲਾਈ ਕੀਤੀਆਂ ਜਾਣਗੀਆਂ । ਸਕੀਮ 15 ਫਰਵਰੀ, 1974 ਤੋਂ ਅੰਮ੍ਰਿਤਸਰ ਤੋਂ ਸ਼ੁਰੂ ਕੀਤੀ ਗਈ ਹੈ । ਕਿਉਂਕਿ ਇਹ ਰਾਜ ਦਾ ਸਭ ਤੋਂ ਵੱਡਾ ਸ਼ਹਿਰ ਹੈ। ਸਕੀਮ ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਚ ਵੀ ਵਧਾਈ ਜਾਵੇਗੀ ਅਤੇ ਬਾਅਦ ਵਿਚ ਪੜਾਅ ਵਾਰ ਸਾਰੇ ਕਸਬਿਆਂ ਵਿਚ ਸ਼ੁਰੂ ਕੀਤੀ ਜਾਵੇਗੀ ।

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਯੋਗ ਕੌਣ ਕੌਣ ਹੋਣਗੇ ?

ਸਕੀਮ ਅਧੀਨ, ਅਜਿਹੇ ਸਰਕਾਰੀ ਮੁਲਾਜ਼ਮ, ਨਗਰਪਾਲਕਾਵਾਂ ਦੇ ਮੁਲਾਜ਼ਮ, ਟਰੇਡ ਮੁਲਾਜ਼ਮ ਅਤੇ ਸਨਅਤੀ ਮੁਲਾਜ਼ਮ ਯੋਗ ਸਮਝੇ ਜਾਣਗੇ, ਜੋ ਟੀ. ਏ. ਤੋਂ ਬਿਨਾਂ ਸਾਰੇ ਅਲਾਊਂਸਾਂ ਸਮੇਤ 575 ਰੁਪਏ ਤਕ ਤਨਖਾਹ ਲੈਂਦੇ ਹਨ । ਇਸ ਮਨੋਰਥ ਲਈ ਸਾਰੇ ਵਿਅਕਤੀਆਂ ਦੀ ਆਮਦਨ, ਜੋ ਇਕ ਥਾਂ ਤੇ ਰਹਿੰਦੇ ਹਨ ਅਤੇ ਇਕ ਰਸੋਈ ਤੇ ਹਨ, ਨੂੰ ਇਕ ਇਕਾਈ ਸਮਝਿਆ ਜਾਵੇਗਾ ।

ਵਿਸ਼ੇਸ਼ ਕਾਰਡਾਂ ਦਾ ਜ਼ਾਰੀ ਕਰਨਾ

ਉਪਰ ਦੱਸੇ ਗਏ ਯੋਗ ਸ਼ਰੇਣੀਆਂ ਦੇ ਮੁਲਾਜ਼ਮਾਂ ਨੂੰ ਵਿਸ਼ੇਸ਼ ਵੰਡ ਕਾਰਡ ਜਾਰੀ ਕੀਤੇ ਜਾਣਗੇ। ਇਨਾਂ ਕਾਰਡਾਂ ਦੇ ਅਧਾਰ ਤੇ ਉਨ੍ਹਾਂ ਨੂੰ ਵਾਜਬ ਕੀਮਤਾਂ ਦੀਆਂ ਦੁਕਾਨਾਂ/ਖਪਤਕਾਰ ਸਹਿਕਾਰੀ ਸਟੋਰਾਂ, ਰਾਹੀਂ ਆਟੇ ਅਤੇ ਦਾਲਾਂ ਦੀ ਸਸਤੇ ਦਰਾਂ ਤੇ ਸਪਲਾਈ ਕੀਤੀ ਜਾਵੇਗੀ । ਦੂਸਰੀਆਂ ਜ਼ਰੂਰੀ ਵਸਤਾਂ, ਜਿਵੇਂ ਖੰਡ, ਚਾਵਲ, ਮੈਦਾ, ਸੂਜੀ, ਬਨਾਸਪਤੀ, ਮਿੱਟੀ ਦਾ ਤੇਲ ਵੀ ਇਹਨਾਂ ਵਿਸ਼ੇਸ਼ ਕਾਰਡਾਂ ਤੇ ਮਿਲ ਸਕਣਗੇ । ਪਰ ਇਨ੍ਹਾਂ ਵਸਤਾਂ ਤੇ ਰਿਆਇਤ ਕੋਈ ਨਹੀਂ ਹੋਵੇਗੀ ।

ਡੀਪੂ ਹੋਲਡਰਾਂ ਪਾਸ ਰਜਿਸਟਰੇਸ਼ਨ

ਖਪਤਕਾਰਾਂ ਦੀਆਂ ਦੋਨੋਂ ਸ਼੍ਰੇਣੀਆਂ ਦੇ ਵੰਡੇ ਕਾਰਡ, ਖਪਤਕਾਰਾਂ ਦੀ ਹਰ ਸ਼੍ਰੇਣੀ ਦੇ (ਜੋ ਰਿਆਇਤੀ ਸਕੀਮ ਦੇ ਯੋਗ ਹਨ ਅਤੇ ਜੋ ਇਸ ਅਧੀਨ ਨਹੀਂ ਆਉਂਦੇ) ਇਸ ਖੇਤਰ ਦੇ ਸਥਾਨਕ ਡੀਪੂ ਹੋਲਡਰ ਕੋਲ ਰਜਿਸਟਰ ਹੋਣਗੇ ।

ਜ਼ਰੂਰੀ ਵਸਤਾਂ ਵਾਜਬੀ ਕੀਮਤਾਂ ਦੀਆਂ ਦੁਕਾਨਾ/ਖਪਤਕਾਰ ਸਹਿਕਾਰੀ ਸਟੋਰਾਂ ਤੋਂ ਸਪਲਾਈ ਕੀਤੀਆਂ ਜਾਣਗੀਆਂ

ਰਿਆਇਤੀ ਸਕੀਮ ਦੇ ਯੋਗ ਸ਼੍ਰੇਣੀਆਂ ਦੇ ਖਪਤਕਾਰਾਂ ਨੂੰ ਅਜੇ ਆਟਾ ਅਤੇ ਦਾਲਾਂ ਸਪਲਾਈ ਕੀਤੀਆਂ ਜਾਣਗੀਆਂ । ਦੂਜੀਆਂ ਜ਼ਰੂਰੀ ਵਸਤਾਂ ਜਿਵੇਂ ਕਿ ਖੰਡ, ਚਾਵਲ, ਮੈਦਾ, ਸੂਜੀ, ਬਨਾਸਪਤੀ, ਮਿੱਟੀ ਦਾ ਤੇਲ ਆਦਿ ਦੋਨਾਂ ਕਿਸਮਾਂ ਦੇ ਕਾਰਡ ਹੋਲਡਰਾਂ ਨੂੰ ਸਰਕਾਰ ਵੱਲੋਂ ਨਿਸਚਿਤ ਕੀਮਤਾਂ ਤੇ ਸਪਲਾਈ ਕੀਤੀਆਂ ਜਾਣਗੀਆਂ । ਰਿਆਇਤੀ ਸਕੀਮ ਅਧੀਨ ਕਣਕ ਦਾ ਆਟਾ 10 ਕਿਲੋ ਪ੍ਰਤੀ ਜੀਅ ਪ੍ਰਤੀ ਮਹੀਨਾ ਅਤੇ ਵੱਧ ਤੋਂ ਵੱਧ 80 ਕਿਲੋ ਪ੍ਰਤੀ ਮਹੀਨਾ ਪ੍ਰਤੀ ਕਾਰਡ ਦਿਤਾ ਜਾਵੇਗਾ ਅਤੇ ਦਾਲਾਂ ਇਕ ਕਿਲੋ ਪ੍ਰਤੀ ਜੀਅ ਪ੍ਰਤੀ ਮਹੀਨਾ ਅਤੇ ਵੱਧ ਤੋਂ ਵੱਧ 8 ਕਿਲੋ ਪ੍ਰਤੀ ਮਹੀਨਾ ਪ੍ਰਤੀ ਕਾਰਡ ਮਿਲਣਗੀਆਂ ।

ਵਾਜਬੀ ਦੁਕਾਨਾਂ ਅਤੇ ਖਪਤਕਾਰ ਸਹਿਕਾਰੀ ਸਟੋਰਾਂ ਦਾ ਰਿਕਾਰਡ

ਸਸਤੀਆਂ ਦੁਕਾਨਾਂ ਅਤੇ ਖਪਤਕਾਰ ਸਹਿਕਾਰੀ ਸਟੋਰ ਵੱਖਰਾ ਵੱਖਰਾ ਵਿਕਰੀ ਰਜਿਸਟਰ ਅਤੇ ਰਿਆਇਤੀ ਸਕੀਮ ਅਧੀਨ ਰਜਿਸਟਰ ਕੀਤੇ ਕਾਰਡ ਦਾ ਰਜਿਸਟਰ ਤਿਆਰ ਕਰਨਗੇ ।

ਰਿਆਇਤੀ ਬਿਲਾਂ ਦੀ ਡੀਪੂ ਹੋਲਡਰਾਂ ਨੂੰ ਪ੍ਰਤੀ ਪੂਰਤੀ

ਸਸਤੀਆਂ ਦੁਕਾਨਾਂ/ਖਪਤਕਾਰ ਸਹਿਕਾਰੀ ਸਟੋਰ ਕਾਰਡ ਹੋਲਡਰਾਂ ਨੂੰ ਜਿਨ੍ਹਾਂ ਨੂੰ ਵਿਸ਼ੇਸ਼ ਕਾਰਡ ਡੀ. *iii*(ਸ) ਰਿਆਇਤੀ ਸਕੀਮ ਅਧੀਨ ਜਾਰੀ ਕੀਤਾ ਗਿਆ ਹੈ ਨੂੰ 5 ਰੁਪਏ ਪ੍ਰਤੀ ਕੁਇੰਟਲ ਰਿਆਇਤੀ ਦਰ ਤੇ ਡਿਸਕਾਊਂਟ ਵਿਕਰੀ ਕਰਨਗੇ । ਰਿਆਇਤੀ ਸਕੀਮ ਅਧੀਨ ਕੀਤੀ ਵਿਕਰੀ ਦਾ ਵੱਖਰਾ ਵਿਕਰੀ ਲੇਖਾ ਡੀਪੂ ਹੋਲਡਰ ਤਿਆਰ ਕਰਨਗੇ । ਮਹੀਨੇ ਦੇ ਅੰਤ ਵਿਚ ਹਰ ਇਕ ਡੀਪੂ ਹੋਲਡਰ ਆਪਣੇ ਬਿਲ ਸਬੰਧਤ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਨੂੰ ਨਿਯਤ ਢੰਗ ਵਿਚ ਪੇਸ਼ ਕਰਨਗੇ, ਜਿਸ ਦੇ ਅਧਾਰ ਤੇ ਉਨ੍ਹਾਂ ਨੂੰ ਪਿਛਲੇ ਮਹੀਨੇ ਦੀ ਸਬਸਿਡੀ ਦੀ ਰਕਮ ਸਬੰਧਤ ਦਫ਼ਤਰ ਵਲੋਂ ਪ੍ਰਤੀ ਪੂਰਤੀ ਕੀਤੀ ਜਾਵੇਗੀ ।]

Houses constructed under subsidised Industrial Housing Scheme

***2276. Comrade Satya Pal Dang :** Will the Minister of State for Housing be pleased to state the total number of houses constructed under the Subsidised Industrial Housing Scheme upto-date and the number of such houses transferred to workers on hire purchase basis so far, Centre-wise, that is, at Amritsar, Dhariwal, Ludhiana and other such Centres separately?

Mrs. Gurbrinder Kaur (Minister of State for Housing) : The total number of houses constructed under the Subsidised Industrial Housing Scheme upto-date is 1216. So far, no house has been transferred to the workers on hire purchase basis.

[ਕੁਲ ਮਕਾਨ ਜੋ ਸਬਸੀਡਾਈਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਅਧੀਨ ਅੱਜ ਤੱਕ ਬਣਾਏ ਗਏ ਹਨ, ਉਨ੍ਹਾਂ ਦੀ ਗਿਣਤੀ 1,216 ਹੈ ਅਤੇ ਅਜੇ ਤੱਕ ਕੋਈ ਮਕਾਨ ਕਿਰਤੀਆਂ ਨੂੰ ਹਾਇਰ ਪ੍ਰਚੇਜ਼ ਅਧਾਰ ਤੇ ਤਬਦੀਲ ਨਹੀਂ ਕੀਤਾ ਗਿਆ।]

Houses provided to Journalists at Delhi at Government Cost

***2275. Comrade Satya Pal Dang :** Will the Chief Minister be pleased to state—

(a) whether any Journalists have been provided houses by the State Government at Delhi at Government cost, if so, the names and addresses of these journalists ;

(b) the basis/grounds on which the said Journalists are entitled to this facility ?

Shri Joginder Pal Pandey (Minister of State for Public Works)

(a) Yes please. The following Press Correspondents have been allotted residential accommodation by the PWD (B&R) in the Nabha Plots at New Delhi :—

Serial No.	Name and addresses of the Press Correspondents
1	Shri P. M. Mukerjee, Special Correspondent, the Daily Tribune New Delhi
2	Shri D. P. Kumar, Special Representative, The Statesman, New Delhi
3	Shri P. K. Verdajan, Special Correspondent National Herald, New Delhi
4	Shri C. M. Sahni, Staff Correspondent, UNI, New Delhi
5	Shri M. K. Razdan, Staff Reporter, PTI, Delhi
6	Shri Sadhu Singh Hamdard, Editor, Daily Ajit, Jullundur.
7	Shri Rajinder Singh, Editor, Quami, Ekta, C-342, Defence Colony, New Delhi
8	Shri J. M. Deb, Special Correspondent, Assam Tribune, 79-Jor Bagh, New Delhi-3

[Minister of State for Public Works]

The Press Correspondents mentioned at Serial No. 6 to 8 have not yet occupied the accommodation allotted to them.

(b) No specific basis/grounds have been determined to allot residential accommodation to the Journalists. Allotment is being done on the basis of the available accommodation in the Nabha Plot.

[(ੳ) ਜੀ ਹਾਂ । ਹੇਠ ਲਿਖੇ ਪ੍ਰੈਸ ਕਾਰਸਪਾਂਡੈਂਟਸ ਨੂੰ ਨਾਭਾ ਪਲਾਟ, ਨਵੀਂ ਦਿਲੀ ਵਿਖੇ ਰਿਹਾਇਸ਼ੀ ਥਾਂ ਅਲਾਟ ਕੀਤੀ ਗਈ ਹੈ :—

ਲੜੀ ਨੰ:	ਪ੍ਰੈਸ ਕਾਰਸਪਾਂਡੈਂਟ ਦਾ ਨਾਂ ਅਤੇ ਪਤਾ
1	ਸ੍ਰੀ ਪੀ. ਐਮ. ਮੁਕਰਜੀ, ਸਪੈਸ਼ਲ ਕਾਰਸਪਾਂਡੈਂਟ ਦੀ ਡੇਲੀ ਟ੍ਰਬੀਊਨ, ਨਵੀਂ ਦਿੱਲੀ ।
2	ਸ੍ਰੀ ਡੀ.ਪੀ. ਕੁਮਾਰ, ਸਪੈਸ਼ਲ ਪ੍ਰਤੀਨਿਧੀ ਦੀ ਸਟੇਟਸਮੈਨ, ਨਵੀਂ ਦਿੱਲੀ ।
3	ਸ੍ਰੀ ਪੀ.ਕੇ. ਵਰਦਾਜਨ, ਸਪੈਸ਼ਲ ਕਾਰਸਪਾਂਡੈਂਟ, ਨੈਸ਼ਨਲ ਹੈਰਲਡ, ਨਵੀਂ ਦਿੱਲੀ ।
4	ਸ੍ਰੀ ਸੀ. ਐਮ. ਸਾਹਨੀ, ਸਟਾਫ ਕਾਰਸਪਾਡੈਂਟ, ਯੂ. ਐਨ. ਆਈ., ਦਿੱਲੀ ।
5	ਸ੍ਰੀ ਐਮ. ਕੇ. ਰਾਜ਼ਦਾਨ, ਸਟਾਫ ਰਿਪੋਰਟਰ, ਪੀ. ਟੀ. ਆਈ, ਦਿੱਲੀ ।
6	ਸ੍ਰੀ ਸਾਧੂ ਸਿੰਘ ਹਮਦਰਦ, ਐਡੀਟਰ, ਰੋਜ਼ਾਨਾ ਅਜੀਤ, ਜਲੰਧਰ ।
7	ਸ੍ਰੀ ਰਜਿੰਦਰ ਸਿੰਘ, ਐਡੀਟਰ ਕੌਮੀ ਏਕਤਾ, ਸੀ–342, ਡੀਫੈਨਸ ਕਲੋਨੀ, ਨਵੀਂ ਦਿਲੀ ।
8	ਸ੍ਰੀ ਜੇ. ਐਮ. ਦੇਬ, ਸਪੈਸ਼ਲ ਕਾਰਸਪਾਂਡੈਂਟ, ਆਸਾਮ ਟ੍ਰੀਵਿਊਨ, 79–ਜੋਰ ਬਾਗ, ਨਵੀਂ ਦਿੱਲੀ-3

ਲੜੀ ਨੰ: 6 ਤੋਂ 8 ਤੱਕ ਅੰਕਿਤ ਕੀਤੇ ਗਏ ਪ੍ਰੈਸ ਕਾਰਸਪਾਂਡੈਂਟ ਦੇ ਹਾਲੇ ਤੀਕ ਅਲਾਟ ਕੀਤੀ ਥਾਂ ਵਿਚ ਰਹਿਣਾ ਸ਼ੁਰੂ ਨਹੀਂ ਕੀਤਾ ।

(ਅ) ਪੱਤਰਕਾਰਾਂ ਨੂੰ ਰਿਹਾਇਸ਼ੀ ਥਾਂ ਅਲਾਟ ਕਰਨ ਬਾਰੇ ਕੋਈ ਵਿਸ਼ੇਸ਼ ਨੀਤੀ ਨਿਰਧਾਰਤ ਨਹੀਂ ਕੀਤੀ ਗਈ । ਪਰ ਫਿਰ ਭੀ ਨਾਭਾ ਪਲਾਟ ਵਿਚ ਥਾਂ ਮਿਲਣਯੋਗ ਜਗ੍ਹਾ ਦੇ ਅਧਾਰ ਤੇ ਅਲਾਟ ਕੀਤੀ ਜਾਂਦੀ ਹੈ ।

STARRED QUESTION No 2341

ਜ਼ੈਲ ਸਿੰਘ

ਡੀ. ਓ. ਨੰ : 6868/ਸਬ-4
ਮੁੱਖ ਮੰਤਰੀ, ਪੰਜਾਬ,
ਮਿਤੀ, ਚੰਡੀਗੜ੍ਹ, 13 ਮਾਰਚ, 1974

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2341, ਜੋ ਕਿ ਮਿਤੀ 14 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਦਾਨਾ ਰਾਮ, ਐਮ. ਐਲ. ਏ. ਅਤੇ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਪੰਜ ਦਿਨਾਂ ਦਾ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 18 ਮਾਰਚ, 1974 ਤੋਂ ਪਿਛੋਂ ਮਾਰਚ, 1974 ਦੇ ਮਹੀਨੇ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ,
(ਜ਼ੈਲ ਸਿੰਘ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

Arrest of striking Government Employees

*2442. **Master Chand Singh**: Will the Chief Minister be pleased to state—

(a) whether all the Government employees in the State went on strike on the 9th January, 1974 ;

(b) if the reply to part (a) above be in the affirmative, the districtwise separate number of employees who were arrested and of those who were put to trial ;

(c) the names of the said employees against whom cases have been instituted ?

ਗਿਆਨੀ ਜ਼ੈਲ ਸਿੰਘ : (ੲ) ਨਹੀਂ ਜੀ, ਸਾਰੇ ਸਰਕਾਰੀ ਕਰਮਚਾਰੀ ਹੜਤਾਲ ਤੇ ਨਹੀਂ ਗਏ ।

(ਬੀ) ਕੇਵਲ ਜ਼ਿਲ੍ਹਾ ਸੰਗਰੂਰ ਵਿਚ 3 ਸਰਕਾਰੀ ਕਰਮਚਾਰੀ ਗ੍ਰਿਫਤਾਰ ਕੀਤੇ ਗਏ ਸਨ ਅਤੇ ਉਨ੍ਹਾਂ ਵਿਰੁਧ ਦਰਜ਼ ਹੋਏ ਮੁਕੱਦਮੇ ਜ਼ੇਰ ਤਫਤੀਸ਼ ਹਨ ।

(ਸੀ) ਜ਼ਿਲ੍ਹਾ ਸੰਗਰੂਰ ਵਿਚ ਗ੍ਰਿਫਤਾਰ ਹੋਏ 3 ਸਰਕਾਰੀ ਕਰਮਚਾਰੀਆਂ ਦੇ ਨਾਮ ਇਹ ਹਨ :—

(1) ਸ੍ਰੀ ਸੁਰਿੰਦਰ ਸਿੰਘ, ਪਟਵਾਰੀ ਮਾਲ, ਹਲਕਾ ਮੌੜ, (ਸੰਗਰੂਰ)

(2) ਸ੍ਰੀ ਬਿਧੀ ਚੰਦ, ਅਧਿਆਪਕ, ਗੌਰਮਿੰਟ ਹਾਈ ਸਕੂਲ, ਬਰਨਾਲਾ (ਸੰਗਰੂਰ) ।

(3) ਸ੍ਰੀ ਨਰਿੰਜਣ ਸਿੰਘ, ਡਾਕਟਰ, ਵੈਟਰਨਰੀ ਹਸਪਤਾਲ, ਕਾਲੇਕੇ (ਸੰਗਰੂਰ)

Chain Hunger strike by Employees at Barnala and Sunam

*2443. **Master Chand Singh** : Will the Chief Minister be pleased to state whether it is a fact that the Government employees are on chain hunger strike at Barnala and Sunam since January, 1974 ; if so, the details of their demands ?

ਗਿਆਨੀ ਜ਼ੈਲ ਸਿੰਘ : ਨਹੀਂ ਜੀ, ਪ੍ਰੰਤੂ ਸੁਨਾਮ ਵਿਖੇ ਟ੍ਰੇਡ ਯੂਨੀਅਨ ਕਾਂਗਰਸ ਅਤੇ ਕੁਝ ਕਰਮਚਾਰੀਆਂ ਵੱਲੋਂ ਮਿਤੀ 14 ਜਨਵਰੀ, 1974 ਤੋਂ ਮਿਤੀ 25 ਫਰਵਰੀ, 1974 ਤੱਕ 24/24 ਘੰਟੇ ਦੀ ਲੜੀਵਾਰ ਭੁਖ ਹੜਤਾਲ ਕੀਤੀ ਗਈ ਸੀ । ਬਰਨਾਲਾ ਵਿਖੇ ਪੰਜਾਬ ਸਬਾਰਡੀਨੇਟ ਸਰਵਿਸਿਜ਼ ਫੇਡਰੇਸ਼ਨ ਵਲੋਂ 24 ਜਨਵਰੀ, 1974 ਤੋਂ 20 ਫਰਵਰੀ, 1974 ਤੱਕ 24/24 ਘੰਟੇ ਦੀ ਭੁਖ ਹੜਤਾਲ ਕੀਤੀ ਗਈ ਸੀ । ਭੁਖ ਹੜਤਾਲੀਆਂ ਦੀ ਮੰਗ ਇਹ ਸੀ ਕਿ ਮਿਤੀ 9 ਜਨਵਰੀ, 1974 ਨੂੰ ਕਰਮਚਾਰੀਆਂ ਅਤੇ ਹੋਰਨਾਂ ਵਿਰੁਧ ਬਰਨਾਲਾ ਅਤੇ ਸੁਨਾਮ ਵਿਖੇ ਦਰਜ ਕੀਤੇ ਗਏ ਮੁਕੱਦਮੇ ਵਾਪਸ ਲਏ ਜਾਣ ਅਤੇ ਕਰਮਚਾਰੀਆਂ ਨੂੰ ਪੂਰਾ ਅੰਤਰਿਮ ਰਲੀਫ ਦਿਤਾ ਜਾਵੇ ।

Proposed Merger of cadres of Ziledars and Naib Tehsildars

*2571 **Sardar Dilbagh Singh**: Will the Minister for Revenue and Elections be pleased to state whether any decision was taken by the Government during the year 1962-63 to merge the cadres of both the categories of posts of Ziledars and Naib Tehsildars in the State, if so, the present state of the said decision ?

Sardar Gurbakhsh Singh Sibia (Minister of Sate for Irrigation and Power) :

(a) No Sir,

(b) Question aoes not arise.

[(ੲ) ਨਹੀਂ ਜੀ ।

(ਬੀ) ਸਵਾਲ ਹੀ ਪੈਦਾ ਨਹੀਂ ਹੁੰਦਾ ।]

Representation from General Secretary, Textiles Mazdoors Ekta Union (Regd.) Amritsar

***2274. Comrade Satya Pal Dang** : Will the Minister for Finance be pleased to state whether the Labour Commissioner, Punjab received a representation dated 8th June, 1973 from the General Secretary Mazdoor Ekta Union (Regd.) Amritsar regarding a report carried in one of the issues of 'Punjab Labour News' (published by the Labour Department) about the situation in a mill in Amritsar ; if so, a copy of the same alongwith the action taken thereon be laid on the Table of the House ?

Shri Hans Raj Sharma (a) Yes Sir. A copy of the representation dated 8th June, 1973 and a copy of the reply sent by the Labour Comissioner are laid on the Table of the House.

[(ੲ) ਜੀ ਹਾਂ। ਪ੍ਰਤਿ ਬੇਨਤੀ ਮਿਤੀ 8 ਜੂਨ, 1973 ਅਤੇ ਕਿਰਤ ਕਮਿਸ਼ਨਰ ਵਲੋਂ ਭੇਜੇ ਉਤਰ ਦੀ ਨਕਲ ਸਦਨ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ ।]

Copy of Representation

To

The Labour Commissioner,
Punjab, Chandigarh.

Subject.—Reporting in Punjab Labour News.

Shrimanji,

I have noticed many times that the reporting of factual news in Punjab Labour News is incorrect/biased and is especially anti-AITUC.

I bring to your notice a flagrant instance. In the issue of 'Punjab Labour News' for the month of April, 1973 on page I under the healing Demonstration. It is given out that on14th March, 1973 workers of various unions affiliated to A.I.T.U.C. demonstrated at various places to press their demands. The facts which are well known to you through Labour Officers, news in press, Punjab Vidhan Sabha proceedings are that nearly50,000 workers of various industries went on one day strike on 14th March, 1973 at nearly all the industrial centres in Punjab to protest against the anti-labour policies of State Government and to press their demands of minimum wages of Rs 250 p.m. for an unskilled worker raising of wages of all workmen by 25 per cent enforcing by law the principal of permanent job for permanent work etc.

You will appreciate that in a Government department the publication of factual news should be fair and unbiased.

I would appreciate if a correction is given in your next issue and instructions are given for fair and unbiased reporting.

Reply is requested.

The 8th June, 1973

Yours faithfully,
(PARDUMAN SINGH),
General Secretary,
Textile Mazdoor Ekta Union (Regd.)
Ekta Bhawan, Putlighar Amritsar.

Copy to : —

(1) Punjab Trade Union Congress,
(2) Co. Satya, Pal Dang. M.L.A.

Copy of Reply

From

The Labour Commissioner,
Punjab.

To

The General Secretary,
Textile Mazdoor Ekta Union
Ekta Bhawan, Putlighar,
Amritsar.

No ST/ID/Misc/4064

Dated Chandigarh, the 7th September, 1973

Subject :—Reporting in Punjab Labour News.

Sir,

Kindly refer to your letter No. nil dated 8th June, 1973 on the subject noted above.

2. As you know the above mentioned labour news is based on the reports sent by the field staff of the Department. It was reported by field staff that the unions affiliated to AITUC had demonstrated at various places to press their demands. When this office came to know the facts of this report through press, matter was re-referred to the field staff for knowing about the facts. Complete information is still pouring in this office. Even then, if this office comes to know about the incorrectness of the report, this office writes to them.In this case also this office wrote to the Labour Officer and called for their explanations in this matter. So your views that Punjab Labour News is biased and anti-AITUC are not correct.

It would be much appreciated, if in such like cases, the information is supplied by your organisation direct to Statistical Officer (Labour) by name. Which will be find place in the Monthly Labour News.

Yours faithfully,
Sd/
Statistical Officer (Labour)
Labour Commissioner, Punjab.

Memorandum from Punjab Karayedar Union

*2363. (1) **Comrade Saghar Singh**
(2) **Comrade Shamsher Singh Josh** } Will the Minister for Finance be pleased to state—

(a) whether the Punjab Karayedar Union submitted any memorandum of their demands to the State Government in the month of November/December, 1973; if so, a copy of the said memorandum be laid on the Table of the House ;

(b) the decision, if any, taken with regard to the above demands ?

Shri Hans Raj Sharma : (a) Yes Sir. A copy is laid on the Table of the House.

(b) No decision has so far been taken.

[(ਏ) ਹਾਂ ਜੀ । ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਬੀ) ਅਜੇ ਤੀਕ ਕੋਈ ਫੈਸਲਾ ਨਹੀਂ ਕੀਤਾ ਗਿਆ ।]

ਮੰਗ ਪੱਤਰ

[ਵਿੱਤ ਮੰਤਰੀ]

ਜੋ ਪੰਜਾਬ ਕਿਰਾਇਆਦਾਰ ਯੂਨੀਅਨ ਦੀ ਵਰਕਿੰਗ ਕਮੇਟੀ ਦੇ ਮਿਤੀ 4 ਨਵੰਬਰ, 1973 ਦੇ ਇਜਲਾਸ ਵਿਚ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ

ਪੰਜਾਬ ਸਰਕਾਰ ਵੱਲੋਂ ਕਿਰਾਇਆ ਕਾਨੂੰਨ ਵਿਚ ਸੁਧਾਰ ਕਰਨ ਲਈ ਕਮੇਟੀ ਨਿਯਤ ਹੋਈ ਹੈ ਜਿਸ ਨੇ ਮੌਜੂਦਾ ਕਾਨੂੰਨ ਵਿਚ ਤਬਦੀਲੀ ਲਈ ਆਪਣੀਆਂ ਸਿਫਾਰਸ਼ਾਂ ਕਰਨੀਆਂ ਹਨ ।

ਪੰਜਾਬ ਕਿਰਾਏਦਾਰ ਯੂਨੀਅਨ ਪੰਜਾਬ ਸਰਕਾਰ ਅਤੇ ਕਿਰਾਇਆ ਸੁਧਾਰ ਕਮੇਟੀ ਦੇ ਧਿਆਨ ਵਿਚ ਲਿਆਉਣ ਲਈ ਹੇਠ ਲਿਖੇ ਅਨੁਸਾਰ ਮੰਗ ਪੱਤਰ ਪੇਸ਼ ਕਰਦੀ ਹੈ :—

1. ਪੰਜਾਬ ਕਿਰਾਏਦਾਰ ਯੂਨੀਅਨ ਨੂੰ ਕਿਰਾਇਆ/ਕਾਨੂੰਨ ਸੁਧਾਰ ਕਮੇਟੀ ਵਿਚ ਮਾਲਕਾਂ ਦੇ ਬਰਾਬਰ ਨੁਮਾਇੰਦਗੀ ਦਿਤੀ ਜਾਵੇ ।

2. ਆਰਡੀਨੈਂਸ ਜਾਰੀ ਕਰਕੇ ਮੌਜੂਦਾ ਧਾਰਾ ਅਧੀਨ ਕਿਰਾਏਦਾਰਾਂ ਦੀਆਂ ਬੇਦਖਲੀਆਂ ਰੋਕ ਦਿਤੀਆਂ ਜਾਣ । ਏਸ ਕਾਨੂੰਨ ਅਧੀਨ ਬੇਦਖਲੀਆਂ ਦੀ ਇਜਰਾ ਵੀ ਰੋਕ ਦਿਤੀ ਜਾਵੇ ।

3. ਕਿਰਾਇਆ ਕਾਨੂੰਨ ਬਿਨਾਂ ਸ਼ਹਿਰੀ ਅਤੇ ਪੇਂਡੂ ਵਿਤਕਰੇ ਦੇ ਸਾਰੇ ਪੰਜਾਬ ਤੇ ਲਾਗੂ ਕੀਤਾ ਜਾਵੇ ।

4. ਜਿਸ ਤਰ੍ਹਾਂ ਮੌਜੂਦਾ ਐਕਟ ਦੀ ਧਾਰਾ ਤਿੰਨ ਅਨੁਸਾਰ ਸਰਕਾਰ ਨੂੰ ਕਿਸੇ ਖਾਸ ਬਿਲਡਿੰਗ ਅਤੇ ਜਗ੍ਹਾ ਜਾਂ ਖਾਸ ਸੰਸਥਾ ਤੇ ਏਸ ਐਕਟ ਦੇ ਲਾਗੂ ਹੋਣ ਤੋਂ ਜਾਂ ਐਕਟ ਦੀ ਕੋਈ ਧਾਰਾ ਲਾਗੂ ਹੋਣ ਤੋਂ ਛੋਟ ਦਿਤੀ ਜਾ ਸਕਦੀ ਹੈ ਨਵੇਂ ਐਕਟ ਵਿਚ ਸਰਕਾਰ ਨੂੰ ਕਿਸੇ ਤਰ੍ਹਾਂ ਦੀ ਕੋਈ ਛੋਟ ਦੇਣ ਦਾ ਅਧਿਕਾਰ ਨਾ ਦਿਤਾ ਜਾਵੇ ।

5. ਮੌਜੂਦਾ ਐਕਟ ਦੀ ਧਾਰਾ 13 ਅਨੁਸਾਰ ਪਹਿਲੀ ਪੇਸ਼ੀ ਤੇ ਬਕਾਇਆ ਕਿਰਾਇਆ ਸਮੇਤ ਸੂਦ ਤੇ ਖਰਚਾ ਜੋ ਅਦਾਲਤ ਨਿਯਤ ਕਰਦੀ ਹੈ ਉਹ ਕਿਰਾਏਦਾਰਾਂ ਨੂੰ ਦੇਣਾ ਪੈਂਦਾ ਹੈ । ਨਵੇਂ ਐਕਟ ਵਿਚ ਪਹਿਲੀ ਪੇਸ਼ੀ ਦੀ ਬਜਾਏ ਘੱਟੋ ਘੱਟ ਇਕ ਮਹੀਨੇ ਦੀ ਮੋਹਲਤ ਦਿਤੀ ਜਾਵੇ ਅਤੇ ਕਿਰਾਇਆ ਤੇ ਸੂਦ ਦਾ ਮਾਲਕ ਮਕਾਨ ਹਿਸਾਬ ਕਿਤਾਬ ਕਰਕੇ ਦੱਸੇ । ਜੇ ਕਿਰਾਏਦਾਰ ਨੇ ਮਨੀਆਰਡਰ, ਡਰਾਫਟ, ਚੈਕ ਆਦਿਕ ਰਾਹੀਂ ਮਾਲਕ ਨੂੰ ਕਿਰਾਇਆ ਭੇਜਿਆ ਹੋਵੇ ਅਤੇ ਉਸ ਦੇ ਲੈਣ ਤੋਂ ਇਨਕਾਰ ਕੀਤਾ ਹੋਵੇ ਤਾਂ ਸੂਦ ਤੇ ਖਰਚਾ ਕਿਰਾਏਦਾਰ ਦੇ ਜ਼ਿੰਮੇ ਨਾ ਪਵੇ ।

6. ਕਾਰੋਬਾਰ ਲਈ ਕਿਰਾਏ ਤੇ ਲਈ ਹੋਈ ਇਮਾਰਤ ਜਾਂ ਖੁਲ੍ਹੀ ਜਗ੍ਹਾ ਵਿਚ ਕਿਤਾ ਬਦਲਣ ਦਾ ਅਧਿਕਾਰ ਹੋਵੇ ।

6. ਕਾਰੋਬਾਰ ਦੇ ਲੋੜ ਅਨੁਸਾਰ ਕਿਰਾਏਦਾਰ ਨੂੰ ਇਮਾਰਤ ਨੂੰ ਕੋਈ ਨੁਕਸਾਨ ਪਹੁੰਚਾਏ ਬਿਨਾਂ ਕੋਈ ਛੋਟੀ ਮੋਟੀ ਤਬਦੀਲੀ ਕਰ ਸਕਣ ਦਾ ਅਧਿਕਾਰ ਹੋਵੇ ।

8. ਧਾਰਾ 13(2) IV ਵਿਚ ਦਿਤੇ ਹੋਏ ਲਫਜ਼ (Nuisence) ਨੁਈਸੈਂਸ ਦੀ ਵਿਆਖਿਆ ਕੀਤੀ ਜਾਵੇ ।

9. ਧਾਰਾ 13 (2) V ਵਿਚ ਦਿਤੀ ਹੋਈ ਚਾਰ ਮਹੀਨੇ ਦੀ ਮਿਆਦ ਇਕ ਸਾਲ ਦੀ ਕੀਤੀ ਜਾਵੇ

10. ਬੇਦਖਲੀ ਦੀ ਸੂਰਤ ਵਿਚ ਰੈਂਟ ਕੰਟਰੋਲਰ ਇਮਾਰਤ ਖਾਲੀ ਕਰਨ ਵਾਸਤੇ ਕਿਰਾਏਦਾਰ ਨੂੰ ਘੱਟੋ ਘੱਟ ਛੇ ਮਹੀਨੇ ਦੀ ਮੋਹਲਤ ਦੇਵੇ ।

11. ਵਪਾਰਕ ਮਤਲਬ ਲਈ ਖਾਲੀ ਪਲਾਟ ਨੂੰ ਜਾਤੀ ਬਿਨਾਂ ਤੇ ਮਾਲਕ ਨੂੰ ਖਾਲੀ ਕਰਵਾਉਣ ਦਾ ਅਧਿਕਾਰ ਨਾ ਹੋਵੇ । ਜੇ ਸਰਕਾਰ ਦੀ ਹਿਮਾਇਤ ਮੁਤਾਬਕ ਥਾਂ ਖਾਲੀ ਕਰਵਾਈ ਜਾਵੇ ਤਾਂ ਕਿਰਾਏਦਾਰ ਨੂੰ ਬਦਲੇ ਵਿਚ ਜਗ੍ਹਾ ਦਿਤੀ ਜਾਵੇ ।

12. ਵਕੀਲ ਤੇ ਡਾਕਟਰ ਦੀ ਲੋੜ ਦੇ ਅਧਾਰ ਤੇ ਇਮਾਰਤ ਖਾਲੀ ਕਰਵਾਉਣ ਦੀ ਧਾਰਾ 13(4) ਖਤਮ ਕੀਤੀ ਜਾਵੇ ।

13. ਧਾਰਾ ਤੇਰਾਂ ਦੀ ਉਪ ਧਾਰਾ ਚਾਰ ਵਿਚ ਮਿਆਦ ਸਾਲ ਤੋਂ ਘਟਾ ਕੇ ਤਿੰਨ ਮਹੀਨੇ ਕੀਤੀ ਜਾਵੇ ।

14. ਕੋਈ ਇਮਾਰਤ (ਮਕਾਨ ਦੁਕਾਨ ਆਦਿ) ਇਸ ਅਧਾਰ ਤੇ ਖਾਲੀ ਨਾ ਹੋ ਸਕੇ ਕਿ ਖਸਤਾ ਜਾਂ ਇਨਸਾਨੀ ਰਿਹਾਇਸ਼ ਤੇ ਕਾਬਲ ਨਹੀਂ ਹੈ ਅਜਿਹੀ ਹਾਲਤ ਵਿਚ ਇਹ ਜ਼ਰੂਰੀ ਕਰਾਰ ਦਿਤਾ ਜਾਵੇ ਕਿ ਮਾਲਕ ਮਕਾਨ ਉਸ ਕਿਰਾਏਦਾਰ ਨੂੰ ਰਿਹਾਇਸ਼ ਦੇ ਕਾਬਲ ਬਣਾ ਕੇ ਉਸੇ ਕਿਰਾਏ ਉਪਰ ਦੇਵੇ । ਮਾਲਕ ਵੱਲੋਂ ਉਲੰਘਣਾ ਜੁਰਮ ਕਰਾਰ ਦਿਤੀ ਜਾਵੇ ।

15. ਦਿਵਾਨੀ ਮੁਕੱਦਮਿਆਂ ਦੀ ਤਰ੍ਹਾਂ ਕਰਾਇਆ ਕਾਨੂੰਨ ਅਧੀਨ ਮੁਕੱਦਮਿਆਂ ਦੀ ਅਪੀਲ ਵੀ ਸੁਪਰੀਮ ਕੋਰਟ ਤਕ ਹੋ ਸਕੇ ।

16. ਕਿਰਾਏਦਾਰ ਦੀ ਮੌਤ ਤੋਂ ਬਾਅਦ ਉਸ ਦੇ ਵਾਰਸ (ਆਸ਼ਰਤ) ਵੀ ਕਿਰਾਏਦਾਰ ਤਸੱਵਰ ਕੀਤੇ ਜਾਣ ।

17. ਜੇ ਕੋਈ ਵੀ ਸਬਟੇਨੈਂਟ ਮਾਲਕ ਮਕਾਨ ਨੂੰ ਇਲਮ ਹੋ ਦਿਆਂ ਹੋਇਆਂ, ਉਸ ਵੱਲੋਂ ਬਿਨਾਂ ਉਜਰ ਦੇ ਇਕ ਸਾਲ ਕਾਬਜ ਰਹੇ ਤਾਂ ਉਸ ਨੂੰ ਕਿਰਾਏਦਾਰ ਮੰਨਿਆ ਜਾਵੇ ।

18. ਰਸੀਦ ਦਾ ਨਾ ਦੇਣਾ ਤੇ ਕਿਰਾਏਦਾਰ ਵੱਲੋਂ; ਮੰਗ ਤੇ ਕਿਰਾਇਆ ਨਾਮਾਂ ਦਾ ਲਿਖਣਾ ਜੁਰਮ ਕਰਾਰ ਦਿਤਾ ਜਾਵੇ ।

17. ਇਮਾਰਤ ਵਿਕਣ ਦੀ ਸੂਰਤ ਵਿਚ ਕਿਰਾਏਦਾਰ ਨੂੰ ਹੱਕ ਸ਼ੁਦਾ ਦਾ ਹੱਕ ਹਾਸਲ ਹੋਵੇ ਤਾਂ ਕੀਮਤ ਦਾ ਫੈਸਲਾ ਰੈਂਟ ਕੰਟਰੋਲਰ ਕਰੇ ।

20. ਜੇ ਮਾਲਕ ਮਕਾਨ ਕਿਰਾਏਦਾਰ ਪਾਸ ਇਮਾਰਤ ਜਾਂ ਜਗ੍ਹਾ ਗਹਿਣੇ ਕਰ ਦੇਵੇ ਤਾਂ ਹਰ ਕਿਰਾਏਦਾਰ ਜਾਣ ਦੀ ਸੂਰਤ ਵਿਚ ਕਿਰਾਏਦਾਰ ਦੇ ਪਹਿਲੇ ਹੱਕ ਬਹਾਲ ਰੱਖੇ ਜਾਣ ।

21. ਮੌਜੂਦਾ ਐਕਟ ਜਾਂ ਧਾਰਾ ਬਾਰਾਂ ਦੇ ਅਧੀਨ ਕਿਰਾਏਦਾਰ ਨੂੰ ਹੱਕ ਹਾਸਲ ਹੈ ਕਿ ਜੇ ਮਾਲਕ ਮਕਾਨ ਜ਼ਰੂਰੀ ਮੁਰੰਮਤ ਨਾ ਕਰੇ ਤਾਂ ਉਹ ਰੈਂਟ ਕੰਟਰੋਲਰ ਦੇ ਦਰਖਾਸਤ ਦੇ ਕੇ ਰੈਂਟ ਕੰਟਰੋਲਰ ਦੀ ਮੰਨਜ਼ੂਰੀ ਨਾਲ ਮੁਰੰਮਤ ਕਰਕੇ ਮੁਰੰਮਤ ਤੇ ਹੋਇਆ ਖਰਚਾ ਕਿਰਾਏ ਵਿਚੋਂ ਮੁਜਰਾ ਕਰ ਸਕਦਾ ਹੈ । ਨਵੇਂ ਕਾਨੂੰਨ ਵਿਚ ਇਸ ਨਾਲ ਇਹ ਵਾਧਾ ਵੀ ਕਰ ਦਿਤਾ ਜਾਵੇ ਕਿ ਅਜਿਹੀ ਦਰਖਾਸਤ ਦਾ ਫੈਸਲਾ ਮਾਲਕ ਮਕਾਨ ਨੂੰ ਸੰਮਨ ਹੋ ਜਾਣ ਦੇ ਇਕ ਮਹੀਨੇ ਦੇ ਅੰਦਰ ਅੰਦਰ ਲਾਜ਼ਮੀ ਕੀਤਾ ਜਾਵੇ । ਦਰਖਾਸਤ ਤੇ ਆਇਆ ਖਰਚਾ ਵੀ ਕਿਰਾਏ ਵਿਚੋਂ ਮੁਜਰਾ ਕਰਨ ਦਾ ਕਿਰਾਏਦਾਰ ਨੂੰ ਹੱਕ ਹਾਸਲ ਹੋਵੇ ।

22. ਮਾਲਕਾਂ ਦੀ ਸਾਂਝੀ ਜਾਇਦਾਦ ਦੀ ਤਕਸੀਮ ਵੇਲੇ ਕਿਰਾਏਦਾਰ ਨੂੰ ਵੀ ਫਰੀਕ ਬਣਨ ਲਈ ਨੋਟਿਸ ਦਿਤਾ ਜਾਵੇ । ਕਿਰਾਏ ਵਾਲੀ ਇਮਾਰਤ ਭਾਵੇਂ ਕਿਸੇ ਵੀ ਹਿੱਸੇਦਾਰ ਨੂੰ ਮਿਲ ਜਾਵੇ ਕਿਰਾਏਦਾਰ ਦੇ ਕਿਰਾਏਦਾਰੀ ਹਕੂਕ ਬਹਾਲ ਰੱਖੇ ਜਾਣ ।

23. ਕਿਰਾਏਦਾਰ ਨੂੰ ਮਾਲਕ ਮਕਾਨ ਦੀ ਮਰਜ਼ੀ ਤੋਂ ਬਗੈਰ ਵੀ ਬਿਜਲੀ ਅਤੇ ਪਾਣੀ ਦੇ ਕੁਨੈਕਸ਼ਨ ਲੈਣ ਦਾ ਅਧਿਕਾਰ ਹੋਵੇ ।

[ਵਿੱਤ ਮੰਤਰੀ]

24. ਨਵੀਂ ਇਮਾਰਤ ਬਣੀ ਦਾ ਕਿਰਾਇਆ ਪਲਾਟ ਦੀ ਕੀਮਤ ਤੇ ਉਸ ਤੇ ਲਾਗਤ ਦੀ ਕੀਮਤ ਗਿਣ ਕੇ ਕਿਰਾਏ ਸ਼ਰਾ ਉਸ ਤੇ 5 ਫੀ ਸਦੀ ਸਾਲਾਨਾ ਸੂਦ ਤੋਂ ਵੱਧ ਨਾ ਹੋਵੇ । ਇਸ ਦਾ ਫੈਸਲਾ ਰੈਂਟ ਕੰਟਰੋਲਰ ਕਰੇ ।

25. ਕਿਰਾਏਦਾਰਾ ਕਾਨੂੰਨ ਤਹਿਤ ਰੈਂਟ ਕੰਟਰੋਲਰ ਦੀ ਵੱਖਰੀ ਅਦਾਲਤ ਬਣਾਈ ਜਾਵੇ ਜੋ ਕਿ ਹਾਈ ਕੋਰਟ ਦੇ ਅਧੀਨ ਹੋਵੇ ।

26. ਦਸ ਸਾਲ ਬਾਅਦ ਕਿਰਾਏਦਾਰ ਨੂੰ ਮਾਲਕੀ ਹਕੂਕ ਦਿਤੇ ਜਾਣ । ਮਾਲਕੀ ਹਕੂਕ ਵੇਲੇ ਇਮਾਰਤ ਤੇ ਲੱਗੀ ਹੋਈ ਕੀਮਤ ਉਸ ਤੇ 5 ਪ੍ਰਤੀਸ਼ਤ ਸੂਦ ਲਾ ਕੇ ਜੋ ਰਕਮ ਬਣੇ ਉਸ ਵਿਚੋਂ ਕਿਰਾਏ ਦੀ ਵਸੂਲੀ ਹੋਈ ਰਕਮ ਘਟਾ ਕੇ ਬਾਕੀ ਰਕਮ ਆਸਾਨ ਕਿਸ਼ਤਾਂ ਵਿਚ ਕਿਰਾਏਦਾਰ ਤੋਂ ਵਸੂਲ ਕੀਤੀ ਜਾਵੇ ।

27. ਵਿਧਵਾ ਦੀ ਸੂਰਤ ਵਿਚ ਜੇ ਉਸ ਨੂੰ ਆਮਦਨ ਦਾ ਹੋਰ ਕੋਈ ਸਾਧਨ ਨਾ ਹੋਵੇ ਤਾਂ ਉਸ ਨੂੰ ਇਸ ਧਾਰਾ ਤੋਂ ਛੋਟ ਦਿਤੀ ਜਾਵੇ ।

28. ਬੇਦਖਲੀ ਦੀ ਦਰਖਾਸਤ ਰਾਹੀਂ ਜਾਂ ਦੀਵਾਨੀ ਮੁਕੱਦਮੇ ਰਾਹੀਂ ਮਾਲਕ ਮਕਾਨ ਕਿਰਾਏਦਾਰ ਪਾਸੋਂ ਇਕ ਸਾਲ ਤੋਂ ਵੱਧ ਸਮੇਂ ਦਾ ਕਿਰਾਇਆ ਵਸੂਲ ਨਾ ਕਰ ਸਕੇ ।

29. ਜੇ ਮਾਲਕ ਮਕਾਨ ਕਿਰਾਇਆ ਵਸੂਲ ਨਾ ਕਰੇ ਤਾਂ ਕਿਰਾਇਆਦਾਰ ਨੂੰ ਅਦਾਲਤ ਵਿਚ ਕਰਾਇਆ ਜਮਾਂ ਕਰਾਉਣ ਦਾ ਅਧਿਕਾਰ ਹੋਵੇ ਅਤੇ ਇਹ ਰਕਮ ਵੈਲਿਡ ਟੈਂਡਰ ਮੰਨੀ ਜਾਵੇ ।

ਸੀਨੀਅਰ ਮੀਤ ਪ੍ਰਧਾਨ	ਜੁਇੰਟ ਸਕੱਤਰ
ਮੁਕੰਦ ਲਾਲ ਆਰੀਆ, ਮਲੋਟ	ਧਰਮ ਪਾਲ ਗੁਪਤਾ, ਵੇਰਕਾ ।
	ਪ੍ਰਚਾਰ ਸਕੱਤਰ
ਮੀਤ ਪ੍ਰਧਾਨ	ਰਾਮ ਸਰੂਪ ਨਾਭਾ ।
ਚੌ: ਪੰਨੂ ਰਾਮ, ਪਠਾਨਕੋਟ	ਐਡਵਾਈਜ਼ਰ
ਜੁਇੰਟ ਸਕੱਤਰ	ਹਰਦਿਆਲ ਸਿੰਘ ਬਾਗੀ, ਸਮਾਣਾ
ਅਨੰਦ ਰਾਮ ਸ਼ਰਮਾ, ਪੱਟੀ	ਐਡੀਟਰ :
ਖਜਾਨਚੀ :	ਤ੍ਰਲੋਚਨ ਸਿੰਘ ਗਰੇਵਾਲ, ਪਟਿਆਲਾ ।
ਡਾ: ਦਵਿੰਦ੍ਰ ਸਿੰਘ ਸੋਚੀ, ਮੁਕਸਤਰ ।	

Land Acquired for construction of Building Complex at Fatehgarh Sahib

*2583. **Sardar Randhir Singh Cheema** : Will the Minister for Finance be pleased to state—

(a) whether it is a fact that land of some private owners was acquired four years ago for the construction of Building Complex at Fatehgarh Sahib ;

(b) if the reply to part (a) above be in the affirmative, whether the compensation for the said land has since been paid to all the land-owners ; if not, the reasons therefor ;

(c) whether it is also a fact that land owners whose lands were acquired for the construction of building complex at Fatehgarh Sahib have demanded the Compensation thereof from the Government, if so, the action, if any, taken by the Government in this regard ;

(d) if the reply to part (c) above be in the affirmative, the time by which the compensation is likely to be paid to the said land-owners ;

(e) whether the construction work on the building complex Fatehgarh Sahib will be taken in hand, if so, the time by which it is likely to be completed ?

Shri Hans Raj Sharma : (a) Yes, Sir. The land in Fathegarh Sahib was acquired in February, 1973.

(b) No compensation was paid to the owners as the acquisition proceedings were quashed by the High Court of Punjab and Haryana within 14 days of the announcement of Award.

(c) Yes, Sir. The compensation cannot be paid to the owners due to the reasons given against (b) above.

(d) In view of reply to part (b) of the question of payment of compensation does not arise as yet.

(e) It will be possible to start construction of Administrative Complex only after the land has been acquired.

[(ਏ) ਹਾਂ ਜੀ, ਫਤਿਹਗੜ੍ਹ ਸਾਹਿਬ ਵਿਖੇ ਫਰਵਰੀ, 1973 ਵਿਚ ਭੋਂ ਪ੍ਰਾਪਤ ਕੀਤੀ ਗਈ।

(ਬੀ) ਭੋਂ ਪ੍ਰਾਪਤੀ ਦਾ ਮੁਆਵਜ਼ਾ ਮਾਲਕਾਂ ਨੂੰ ਨਹੀਂ ਦਿੱਤਾ ਜਾ ਸਕਿਆ ਕਿਉਂਕਿ ਭੋਂ ਪ੍ਰਾਪਤੀ ਦੀ ਕਾਰਵਾਈ, ਹਾਈ ਕੋਰਟ ਵਲੋਂ ਅਵਾਰਡ ਦੀ ਘੋਸ਼ਣਾ 14 ਦਿਨ ਦੇ ਅੰਦਰ ਅੰਦਰ ਹੀ ਕੁਐਸ਼ ਕਰ ਦਿਤੀ ਗਈ ਸੀ ।

(ਸੀ) ਹਾਂ ਜੀ। ਉਪਰ (ਬੀ) ਵਿਚ ਦਿਤੇ ਗਏ ਕਾਰਨਾਂ ਕਰਕੇ ਭੋਂ ਪ੍ਰਾਪਤੀ ਦਾ ਮੁਆਵਜ਼ਾਂ ਅਦਾ ਨਹੀਂ ਕੀਤਾ ਜਾ ਸਕਦਾ ।

(ਡੀ) (ਬੀ) ਵਿਚ ਦਿਤੇ ਗਏ ਜਵਾਬ ਨੂੰ ਮੱਦੇਨਜਰ ਰਖਦੇ, ਮੁਆਵਜ਼ਾ ਦੇਣ ਦਾ ਅਜੇ ਸਵਾਲ ਹੀ ਪੈਦਾ ਨਹੀਂ ਹੁੰਦਾ ।

(ਈ) ਪ੍ਰਬੰਧਕੀ ਕੰਪਲੈਕਸ ਦੀ ਉਸਾਰੀ ਭੋਂ ਪਰਾਪਤ ਕਰਨ ਬਾਦ ਹੀ ਸੰਭਵ ਹੋ ਸਕਦੀ ਹੈ।

Tanda-Road-Tobri Scheme prepared by Municipal Committee, Jullundur

*2585. **Shri Gurdial Saini** : Will the Minister for Finance be pleased to state—

(a) whether the Municipal Committee, Jullundur has prepared the Tanda-Road-Tobri Scheme ;

(b) whether the Sanitary Board has accorded its approval to the Scheme referred to in part (a) above ;

(c) the amount earmarked by the Government for the Jullundur Municipal Committee to finance the said Scheme ?

Shri Hans Raj Sharma : (a) Yes Sir.

(b) Yes Sir.

(Finance Minister)

(c) No amount has been earmarked by Government to finance the Scheme.

[(ੲ) ਹਾਂ ਜੀ।

(ਬੀ) ਹਾਂ ਜੀ ।

(ਸੀ) ਸਕੀਮ ਹੈ ਫਨਾਂਸ ਕਰਨ ਲਈ ਸਰਕਾਰ ਨੇ ਕੋਈ ਫੰਡ ਮਖਸੂਸ ਨਹੀਂ ਕੀਤੇ।]

UNSTARRED QUESTIONS AND ANSWERS

UNSTARRED QUESTION No 801

ਪੰਜਾਬ ਵਿਧਾਨ ਸਭਾ ਦੇ ਸੁਆਲ ਨ: 801 ਜੋ ਮਿਤੀ 14 ਮਾਰਚ, 1974 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਸਰਦਾਰ ਦਿਲਬਾਗ ਸਿੰਘ, ਐਮ. ਐਲ. ਏ, ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

2. ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰਤ ਭੇਜ ਦਿਤਾ ਜਾਵੇਗਾ ।

ਸਹੀ.......,
ਮੁੱਖ ਮੰਤਰੀ, ਪੰਜਾਬ ।

ਸੇਵਾ ਵਿਖੇ,

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗੈ. ਸ. ਨ: 3059 8ਜਅ-74, ਮਿਤੀ 13 ਮਾਰਚ, 1974

Electric Connections for Villages in tehsil Patti

802. Sardar Harchand Singh : Will the Minister of State for Public Health be pleased to state—

(a) the number and names of villages of Tehsil Patti where electric connections have been given by Punjab State Elecy. Board up to 31st January, 1974.

(b) the number and names of the villages in the said Tehsil where electricity connections have not been given so far and the time by which the said connections are likely to be given in each such village ?

Sardar Sohan Singh Jalalusman (a) (i) 119 Nos.

(ii) The names of the villages of Tehsil Patti where electric connections have been given by PSEB upto 31st January, 1974 are as per list 'A' attached.

(b) (i) 81 Nos.

(ii) The names of the villages in the said Tehsil where electric connections have not been given so far are as per list 'B' attached.

Another list marked (c) showing the names of villages which are likely to be electrified during the year 1974-75 is also enclosea. The remaining villages where electric connections will not be given even during 1974-75 are far off from the existing Electric lines, and none has applied for the connections so far. In addition these villages are not covered under any Project.

[(ੳ) (i) 119

(ii) ਤਹਿਸੀਲ ਪਟੀ ਦੇ ਉਨ੍ਹਾਂ ਪਿੰਡਾਂ ਦੇ ਨਾਂ ਜਿਥੇ ਪੰਜਾਬ ਰਾਜ ਬਿਜਲੀ ਬੋਰਡ ਦਵਾਰਾ 31.1.74 ਤਕ ਕੁਨੈਕਸ਼ਨ ਦਿਤੇ ਗਏ ਹਨ। ਨਥੀ ਸੂਚੀ ਅਨੁਸਾਰ ਹਨ।

(ਅ) (i) 81

(ii) ਉਕਤ ਤਹਿਸੀਲ ਵਿਚ ਜਿਥੇ ਪਿੰਡਾਂ ਨੂੰ ਹੁਣ ਤਕ ਬਿਜਲੀ ਦੇ ਕੁਨੈਕਸ਼ਨ ਨਹੀਂ ਦਿਤੇ ਗਏ, ਉਨ੍ਹਾਂ ਦੇ ਨਾਂ ਸੂਚੀ 'ਅ' ਅਨੁਸਾਰ ਹਨ।

ਜਿਨ੍ਹਾਂ ਪਿੰਡਾਂ ਨੂੰ 1974–75 ਬਿਜਲੀ ਕਰਣ ਕੀਤੇ ਜਾਣ ਦੀ ਸੰਭਾਵਨਾ ਹੈ, ਉਨ੍ਹਾਂ ਸਬੰਧੀ ਸੂਚੀ 'ਸੀ' ਨਾਲ ਨੱਥੀ ਹੈ। ਬਾਕੀ ਰਹਿੰਦੇ ਪਿੰਡ ਜਿਥੇ 1974–75 ਵਿਚ ਵੀ ਬਿਜਲੀ ਦੇ ਕੁਨੈਕਸ਼ਨ ਨਹੀਂ ਦਿਤੇ ਜਾਣਗੇ ਬਾਰੇ ਇਹ ਦਸਿਆ ਜਾਂਦਾ ਹੈ ਕਿ ਇਹ ਪਿੰਡ ਬਿਜਲੀ ਦੀਆਂ ਮੌਜੂਦਾ ਲਾਈਨਾਂ ਤੋਂ ਬਹੁਤ ਦੂਰ ਹਨ ਅਤੇ ਹੁਣ ਤਕ ਕਿਸੇ ਨੇ ਵੀ ਕੁਨੈਕਸ਼ਨ ਲਈ ਅਪਲਾਈ ਨਹੀਂ ਕੀਤਾ। ਇਸ ਤੋਂ ਇੱਲਾਵਾ ਇਹ ਪਿੰਡ ਕਿਸੇ ਵੀ ਪ੍ਰਾਜੈਕਟ ਅਧੀਨ ਨਹੀਂ ਆਉਂਦੇ ਹਨ।

'List A'

Name of Electrified Villages under Tehsil Patti (District Amritsar) up to 31st January, 1974

Serial No.	Name of Village	H.B. No.	Remarks
1	2	3	4
1	Ahmadpur	167	
2	Amin Shah	162	
3	Asal	174	
4	Asal Autar	83	
5	Balahar	141	
6	Balian Wala	93	
7	Bangla Rai	340	
8	Basarke	69	
9	Bathe Bhaini	176	
10	Begepur	233	
11	Bhadal	74	
12	Bhagu Pura	172	
13	Bhagwanpura	120	
14	Bhaini Gurmukh Singh	147	
15	Bhangala	331	
16	Bhainke	346	
17	Bhaowal	338	
18	Bhikhi wind	137	
19	Bhura Karimpura	80	
20	Bhura Kohna	81	
21	Boor Chand	148	
22	Boparai	155	
23	Bua	188	
24	Burj Pohla	184	
25	Cheema	163	
26	Chela	117	
27	Cheema	87	
28	Chuslewar	164	
29	Chungh	97	
30	Bal	66	
31	Dalairi	67	

(Minister of State for Public Health)

Serial No.	Name of Village	H.B. No.	Remarks
1	2	3	4
32	Darashe	118	
33	Dasuwal	124	
34	Dholan	62	
35	Dhun	110	
36	Dialpur	149	
37	Dobli	158	
38	Dode	103	
39	Dehl Kohna	78	
40	Doomni Wala	348	
41	Farandipur	140	
42	Fatehpur	90	
43	Gajjal	199	
44	Chariala	127	
45	Cilpan	107	
46	Harike	187	
47	Janilpur	257	
48	Jhugian Natha Singh	319	
49	Jhugian Noor Mohammed	320	
50	Kacha Pacca	166	
51	Jhaugian Pirbux	336	
52	Jindanwala	178	
53	Jodh Singhwala	332	
54	Kalas	56	
55	Kala	136	
56	Kalsian Khurd	104	
57	Kamalpur	227	
58	Kariala	259	
59	Khalra	105	
60	Kirtowal	189	
61	Kot Budha	341	
62	Kot Datta	292	
63	Kulah	169	
64	Lakhna	76	
65	Machhike	82	
66	Makhi Kalan	131	
67	Man	126	
68	Manakpur	151	
69	Manawan	79	
70	Manhala Jai Singh	165	
71	Marguindpura	129	
72	Mari Gaur Singh	119	
73	Mari Kamoke (Mari Kamboke)	68	
74	Mari Magha	100	
75	Mari Udhoke	99	
76	Mehdipur	203	
77	Mehmudpura	88	
78	Mughal	168	
79	Mughal Chak	101	
80	Muthian Wala	321	
81	Nabipur	179	
82	Madehar (Nadhoor)	288	
83	Nagla	112	
84	Nalli	108	
85	Nathupur Toda	286	
86	Pahowind (Pahuwind)	115	
87	Pringhri	291	
88	Pangota	290	
89	Patti (including Garden Colony)	171	
90	Pehlwanke	116	

Serial No.	Name of Village		H.B. No	Remarks
1	2		3	4
91	Phula	..	114	
92	Rahdalke	..	330	
93	Raipur Baleen	..	287	
94	Rajoke	..	64	
95	Ram Singhwala	..	329	
96	Rasoulpur	..	330	
97	Batta Goda	..	181	
98	Rattoke	..	201	
99	Sabhrai	..	190	
100	Saidpur	..	175	
101	Sandhra		135	
102	Sandpura		134	
103	Sankatra	..	60	
104	Sangwan	..	173	
105	Sidhwan	..	111	
106	Singhpura	..	138	
107	Sitomai Jhugian	..	347	
108	Sugga	..	143	
109	Sur Singh	..	139	
110	Surwind	..	146	
111	Talwandi Mohar Singh	..	339	
112	Tahla	..	210	
113	Thakarpura	..	171	
114	Thotha	..	128	
115	Theh Chahal	..	150	
116	Tung	..	177	
117	Tut	..	334	
118	Wan	..	65	
119	Werain	..	113	

LIST (B)

UNELECTRIFIED VILLAGE IN PATTI TEHSIL (AMRITSAR DISTRICT)

Serial No.	Name of Village		H.B. Bast No.	SOP/LD	Remarks
1	Akbarpur	..	152		
2	Algon	..	95		
3	Alipur	..	173		
4	Amirke	..	86		
5	Bahadar Nagar	..	198		
6	Bahalrke	..	342		
7	Bala Megha	..	323		
8	Bandala	..	328		
9	Bargari	..	231		
10	Bhaini Mass Singh	..	98		
11	Keharwal	..	89		
12	Bhanike	..	346		
13	Bhjoke	..	337		
14	Bohra Hither	..	350		
15	Bua	..	235		
16	Burj Dewa Singh	..	185		
17	Burwala	..	161		
18	Chak Ladheke	..	205		
19	Chung	..	97		
20	Daudpura	..	92		
21	Dhagana	..	156		

(Minister of State for Public Health)

Serial No.	Name of Village		H.B. No.	SOP/LD Remarks
22	Dhariwal	..	154	
23	Dhira Khera	..	326	
24	Dibipura	..	94	
25	Dodipur	..	75	
26	Dohal Naua	..	57	
27	Fatehpur Sugga	..	144	
28	Gadaike	..	349	
29	Gaggarke	..	345	
30	Ghurkhura	..	145	
31	Hardu Chak Bahmba	..	71	
32	Hundal	..	70	
आचार्य पृथ्वी सिंह आजाद : यह जो रिक्मैंडेशन है और जिस रिक्मैंडेशन को मद्दे नजर रखते हुए चौधरी दर्शन सिंह ने अपना दृष्टिकोण बड़े ज़ोरदार शब्दों में रखा है, मैं अर्ज करता हूं कि यह रिक्मैंडेशन उस समय की है जब इस कमेटी के चेयरमैन मास्टर गुरबन्ता सिंह थे जो कि आज मिनिस्टर हैं। यह उस समय रिक्मैंडेशन हुई और यह रिक्मैंडेशन उस मामले में है, जिसका तुअल्लक हरिजनों से है। इस लिए, मैं समझता हूं कि ऐसे मामले को जब कि चीफ मिनिस्टर साहिब हरिजनों को इन्साफ देना चाहते हैं इस मामले को दबाया नहीं जाना चाहिए बल्कि हाऊस में जो इस की प्रिविलेज मोशन दी है, उस को मन्जूर करके उस पर कार्यवाई करनी चाहिए। (तालियां) ......

ਸਰਦਾਰ ਸੁਰਿੰਦਰ ਸਿੰਘ ਕੈਰੋਂ : ਸਪੀਕਰ ਸਾਹਿਬ, ਸਾਡਾ ਹਾਊਸ ਇਕ ਡੈਮੋਕਰੈਟਿਕ ਹਾਊਸ ਹੈ ਅਤੇ ਤੁਸੀਂ ਇਸ ਡੈਮੋਕਰੈਟਿਕ ਹਾਊਸ ਦੇ ਢੁਆਰੇ ਹੋ। ਇਹ ਸਾਡੇ ਹਾਊਸ ਦੀ ਕਮੇਟੀ ਇਕ ਮਿਨੀ ਹਾਊਸ ਹੈ। ਮੈਂ ਸਮਝਦਾ ਹਾਂ ਕਿ ਇਹ ਹਾਊਸ ਦੀਆਂ ਜਿਹੜੀਆਂ ਕਮੇਟੀਆਂ ਹਨ ਇਹ ਹਾਊਸ ਦੀ ਸਾਰੀ ਤਾਕਤ ਹੈ। ਇਸ ਲਈ ਜੋ ਇਸ ਹਾਊਸ ਦੀਆਂ ਕਮੇਟੀਆਂ ਵੀ ਇੰਡੀਪੈਂਡੈਂਟਲੀ ਕੰਮ ਨਾ ਕਰ ਸਕਣ ਤਾਂ ਫਿਰ ਇਹ ਹਾਊਸ ਵੀ ਇੰਡੀਪੈਂਡੈਂਟਲੀ ਕੰਮ ਨਹੀਂ ਕਰ ਸਕੇਗਾ। ਸਪੀਕਰ ਸਾਹਿਬ, ਮੈਂ ਥੋੜ੍ਹੀ ਦੇਰ ਇਸ ਕਮੇਟੀ ਦਾ ਮੈਂਬਰ ਰਿਹਾ ਸੀ ਪਰ ਮੈਂ ਸੱਫੋਕੇਸ਼ਨ ਮਹਿਸੂਸ ਕੀਤੀ। ਅਫ਼ਸਰ ਇਸ ਕਮੇਟੀ ਨੂੰ ਪੋਸਟ-ਮਾਰਟਮ ਕਮੇਟੀ ਕਹਿੰਦੇ ਸੀ। ਮੈਂ ਸਮਝਦਾ ਹਾਂ ਕਿ ਇਸ ਨੂੰ ਪੋਸਟ-ਮਾਰਟਮ ਨਹੀਂ ਕਹਿਣਾ ਚਾਹੀਦਾ। ਇਸ ਕਮੇਟੀ ਨੇ ਬੜੀ ਅੱਛੀ ਰਿਕੁਮੈਂਡੇਸ਼ਨ ਕੀਤੀ ਹੈ। ਇਸ ਆਗਸੱਟ ਹਾਊਸ ਦੀ ਜਿਸ ਦੀ ਇਹ ਕਮੇਟੀ ਹੈ ਉਸ ਦੀ ਪ੍ਰਿਵਿਲੇਜ਼ ਨੂੰ ਇੰਜਰ ਕੀਤਾ ਗਿਆ ਹੈ। ਇਸ ਲਈ ਮੈਂ ਤੁਹਾਡੇ ਅਗੇ ਪ੍ਰਾਰਥਨਾ ਕਰਾਂਗਾ ਕਿ ਤੁਸੀਂ ਆਪਣੇ ਇਸ ਡਿਸੀਜ਼ਨ ਨੂੰ ਰੀਕੰਸਿਡਰ ਕਰੋ। (ਤਾੜੀਆਂ) ਅਤੇ ਪਾਰਲੀਮੈਂਟਰੀ ਡੈਮੋਕਰੇਸੀ ਦੀ ਹਿਸਟਰੀ ਨੂੰ ਕਾਇਮ ਰਖੋ। ਉਨ੍ਹਾਂ ਅਫ਼ਸਰਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਤਾਂ ਕਿ ਅੱਗੇ ਨੂੰ ਕਿਸੇ ਦੀ ਅਜਿਹਾ ਕਰਨ ਦੀ ਹਿੰਮਤ ਨਾ ਪਵੇ ਕਿ ਉਹ ਜਿਹੜਾ ਫ਼ੈਬਰੀਕੇਟਿਡ ਡਾਕੂਮੈਂਟਸ ਨੂੰ ਛੁਪਾਉਂਦੇ ਹਨ ਉਹ ਛੁਪਾ ਨਾ ਸਕਣ ਅਤੇ ਇਸ ਤਰ੍ਹਾਂ ਡੈਮੋਕਰੇਸੀ ਨੂੰ ਇੰਜਰ ਨਾ ਕਰਨ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਤੁਸੀਂ ਪਹਿਲਾਂ ਉਠੇ ਸੀ ਕੁਝ ਆਬਜ਼ਰਵੇਸ਼ਨ ਕਰਨ ਵਾਸਤੇ ਪਰ ਮੈਂ ਇਹ ਠੀਕ ਸਮਝਦਾ ਹਾਂ ਕਿ ਪੇਸ਼ਤਰ ਇਸ ਦੇ ਕਿ ਤੁਸੀਂ ਕੋਈ ਆਬਜ਼ਰਵੇਸ਼ਨ ਕਰੋ, ਤੁਸੀਂ ਕੁਝ ਮੈਂਬਰਾਂ ਨੂੰ ਆਪਣੇ ਚੈਂਬਰ ਵਿਚ ਬੁਲਾ ਕੇ ਉਨ੍ਹਾਂ ਨਾਲ ਡਿਸਕਸ਼ੱਨ ਕਰ ਲਵੋ ਅਤੇ ਇਸ ਦੇ ਬਾਅਦ ਇਸ ਨੂੰ ਸੋਧ ਕੇ ਇਸ ਦੇ ਉਤੇ ਆਪਣੀ ਰੂਲਿੰਗ ਦਿਓ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਪਹਿਲੀਆਂ ਰੂਲਿੰਗਜ਼ ਵਲ ਦਿਵਾਉਣਾ ਚਾਹੁੰਦਾ ਹਾਂ। ਤੁਸੀਂ ਹਾਊਸ ਦੀ ਸੈਂਸ ਸਮਝ ਲਈ ਹੈ ਹਾਊਸ ਦੀਆਂ ਫ਼ੀਲਿੰਗਜ਼ ਅਗਰ ਹੋਰ ਲੈਣੀਆਂ ਹਨ ਤਾਂ ਉਹ ਵੀ ਲੈ ਲਓ। ਮੈਂ ਤਾਂ ਇਹ ਗੱਲ ਕਰਨੀ ਹੈ ਕਿ ਜਿਹੜਾ ਤੁਸੀਂ ਕਿਹਾ ਹੈ ਲੀਡਰਜ਼ ਨੂੰ ਪੁਆਇੰਟ ਆਫ਼ ਇਨਫ਼ਰਮੇਸ਼ਨ ਦੇਣੀ ਹੈ ਮੈਂਬਰਜ਼ ਨੂੰ ਨਹੀਂ, ਮੇਰੀ ਅਰਜ਼ ਹੈ ਕਿ ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਇਹ ਪੁਆਇੰਟ ਆਫ਼ ਇਨਫ਼ਰਮੇਸ਼ਨ ਨਹੀਂ ਪੁਆਇੰਟ ਆਫ਼ ਇਨਟ੍ਰਪਸ਼ਨ ਬਣਦਾ ਹੈ ਤਾਂ ਉਸ ਦੇ ਲਈ ਤੁਹਾਡੇ ਕੋਲ ਹੋਰ ਬੜੀਆਂ ਪਾਵਰਜ਼ ਹਨ ਔਰ ਉਨ੍ਹਾਂ ਨੂੰ ਯੂਜ਼ ਕਰਕੇ ਤੁਸੀਂ ਮੈਂਬਰਜ਼ ਨੂੰ ਨੇਮ ਕਰ ਸਕਦੇ ਹੋ, ਉਸ ਨੂੰ ਸਸਪੈਂਡ ਕਰ ਸਕਦੇ ਹੋ ਔਰ ਈਵਨ ਐਕਸਪੈਲ ਕਰ ਸਕਦੇ ਹੋ ਔਰ ਇਥੋਂ ਤਕ ਵੀ ਕਿ ਬਾਈ-ਇਲੈਕਸ਼ਨ ਹੋ ਸਕਦੀ ਹੈ। ਇਸ ਤਰ੍ਹਾਂ ਦੀਆਂ ਤੁਹਾਡੇ ਕੋਲ ਬਹੁਤ ਸਾਰੀਆਂ ਪਾਵਰਜ਼ ਹਨ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੀ ਪਹਿਲੀ ਰੂਲਿੰਗ ਨੂੰ ਰੀਵਾਈਜ਼ ਕਰੋ ਤਾ ਕਿ ਹਰ ਮੈਂਬਰ ਪੁਆਇੰਟ ਆਫ਼ ਇਨਫ਼ਰਮੇਸ਼ਨ ਕਹਿ ਸਕੇ। (ਵਿਘਨ)

ਸਰਦਾਰ ਸੁਖਦੇਵ ਸਿੰਘ ਢਿੱਲੋਂ : ਸਪੀਕਰ ਸਾਹਿਬ, ਇਹ ਜਿਹੜੀ ਕਮੇਟੀ ਹਾਊਸ ਨੇ ਬਣਾਈ ਹੈ ਇਹ ਬੜੀ ਇਮਪਾਰਟੈਂਟ ਕਮੇਟੀ ਹੈ। ਪੀ.ਏ.ਸੀ. ਕਮੇਟੀ ਖਾਸ ਤੌਰ ਤੇ ਸਾਰੇ ਅਕਾਊਂਟਸ ਚੈਕ ਕਰਦੀ ਹੈ ਅਤੇ ਅਕਾਊਂਟੈਂਟ ਜਨਰਲ ਵਲੋਂ ਔਬਜੈਕਸ਼ਨਜ਼ ਲਗਦੇ ਹਨ, ਉਨ੍ਹਾਂ ਨੂੰ ਐਗਜ਼ਾਮਿਨ ਕਰਦੀ ਹੈ। ਲੱਖਾਂ ਕਰੋੜਾਂ ਰੁਪਏ ਦੀ ਅਫ਼ਸਰਾਂ ਨੇ ਹੇਰਾ ਫੇਰੀ ਕੀਤੀ ਹੁੰਦੀ ਹੈ ਉਹ ਵੀ ਦੇਖਦੀ ਹੈ ਅਤੇ ਸਰਕਾਰ ਨੇ ਜਿਹੜੇ ਗ਼ਲਤ ਆਰਡਰ ਕੀਤੇ ਹੁੰਦੇ ਹਨ ਉਨ੍ਹਾਂ ਦੀ ਜਾਂਚ ਪੜਤਾਲ ਇਹ ਕਮੇਟੀ ਕਰਦੀ ਹੈ। ਬਹੁਤ ਸਾਰੇ ਕੇਸਿਜ਼ ਵਿਚ ਅਫ਼ਸਰ ਇਨਫ਼ਰਮੇਸ਼ਨ ਦੇਣਾ ਐਵਾਇਡ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਇਨਫ਼ਰਮੇਸ਼ਨ ਨਾ ਦੇਈਏ ਤਾਂ ਕਿ ਕੁਰੱਪਸ਼ਨ ਦਾ ਪਤਾ ਨਾ ਲਗ ਸਕੇ। ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ ਸਾਡੇ ਹੱਕਾਂ ਦੀ ਰਾਖੀ ਤੁਸੀਂ ਕਰਨੀ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਤੁਸੀਂ ਆਪਣੀ ਰੂਲਿੰਗ ਨੂੰ ਰੀਕਨਸਿਡਰ ਕਰੋ। ਕਮੇਟੀ ਦੀ ਰਿਕੂਮੈਂਡੇਸ਼ਨ ਹੈ ਉਸ ਤੇ ਗੌਰਮਿੰਟ ਵੀ ਆਪਣਾ ਐਕਸ਼ਨ ਲਵੇ। (ਵਿਘਨ) ਸਪੀਕਰ ਸਾਹਿਬ, ਕੁਰੱਪਸ਼ਨ ਵੱਧ ਰਹੀ ਹੈ। (ਵਿਘਨ) ਅਸੀਂ ਪਿਛੇ ਜਿਹੇ ਡਿਸਟ੍ਰਿਕਟ ਲੈਵਲ ਤੇ ਕੁਰੱਪਸ਼ਨ ਦੀ ਗੱਲ ਕੀਤੀ ਸੀ ਤਾਂ ਸਾਡੀਆਂ ਕੁਰਸੀਆਂ ਵੀ ਚੁਕਵਾ ਦਿਤੀਆਂ ਸਨ। (ਵਿਘਨ) (ਸ਼ੋਰ) * * * * * ਵਿਘਨ (ਸ਼ੋਰ)

ਸ਼੍ਰੀ ਸਪੀਕਰ : ਇਹ ਰਿਮਾਰਕਸ ਐਕਸਪੰਜ ਕਰ ਦਿਤੇ ਜਾਣ। (ਵਿਘਨ) (ਸਰਦਾਰ ਧੰਨਾ ਸਿੰਘ ਗੁਲਸ਼ਨ ਜੀ ਵਲੋਂ ਵਿਘਨ) Please resume your seat. (These remarks should be expunged. (Interruption) (Interruption by Sardar Dhanna Singh Gulshan) Please resume your seat). (Interruption)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਸ ਇਸ਼ੂ ਤੇ ਹਾਊਸ ਦੇ ਮੈਂਬਰਾਂ ਨੇ ਆਪਣੀ ਕਾਫੀ ਐਂਗਜ਼ਾਇਟੀ ਸ਼ੋ ਕੀਤੀ ਹੈ ਔਰ ਇਸ ਕਮੇਟੀ ਦੇ ਚੇਅਰਮੈਨ ਸਾਹਿਬ ਜੋ ਸਨ ਉਨ੍ਹਾਂ ਨੇ ਵੀ ਆਪਣਾ ਖਿਆਲ ਇਸ ਦੇ ਮੁਤਅਲਕ ਦਿਤਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਰਿਪੋਰਟ ਜਿਹੜੀ ਹੈ ਉਸ ਦੇ ਵਿਚ ਇਕ ਡੈਫੀਨਿਟ ਰਿਕੂਮੈਂਡੇਸ਼ਨ ਹੈ ਜਿਸ ਦੇ ਮੁਤਾਬਿਕ :

> "The Committee will, therefore, like to have this matter probed into again and recommends that the action be taken against the officers responsible...."

ਮੇਰੀ ਗੁਜ਼ਾਰਿਸ਼ ਹੈ ਕਿ ਕਮੇਟੀ ਨੇ ਇਹ ਰਿਕੂਮੈਂਡ ਕੀਤਾ ਹੈ ਕਿ ਕਮੇਟੀ ਇਸ ਰਿਕੂਮੈਂਡੇਸ਼ਨ ਨੂੰ ਦੁਬਾਰਾ ਪ੍ਰੋਬ ਕਰੇਗੀ। ਇਹ ਹਾਊਸ ਸੁਪਰੀਮ ਹੈ, ਜੋ ਐਂਗਜ਼ਾਇਟੀ ਇਥੇ ਮੈਂਬਰ ਸਾਹਿਬਾਨ ਨੇ ਸ਼ੋ ਕੀਤੀ ਹੈ, ਮੈਂ

*Expunged, as ordered by the Chair.

ਉਨ੍ਹਾਂ ਦੇ ਨਾਲ ਹਾਂ ਅਤੇ ਕਿਸੇ ਵੀ ਆਦਮੀ ਨੂੰ, ਭਾਵੇਂ ਉਹ ਆਫ਼ੀਸ਼ਲ ਹੈ ਜਾਂ ਨਾਨ-ਆਫ਼ੀਸ਼ਲ, ਕਿਸੇ ਨੂੰ ਸ਼ੀਲਡ ਕਰਨ ਵਾਸਤੇ ਤਿਆਰ ਨਹੀਂ । ਪਰ ਮੇਰੀ ਬੇਨਤੀ ਹੈ ਕਿ ਕਮੇਟੀ ਨੇ ਆਪ ਕਿਹਾ ਹੈ ਕਿ ਅਸੀਂ ਦੁਬਾਰਾ ਇਹ ਪ੍ਰੋਬ ਕਰਾਂਗੇ । ਇਸ ਲਈ ਜੇ ਇਹ ਮੈਟਰ ਪ੍ਰਿਵਿਲੇਜ ਕਮੇਟੀ ਨੂੰ ਇਸ ਵੇਲੇ ਦੇ ਦਿਤਾ ਜਾਵੇ ਅਤੇ ਉਹ ਕਮੇਟੀ ਵੀ ਦੁਬਾਰਾ ਪ੍ਰੋਬ ਕਰੇ ਅਤੇ ਜੇ ਦੋਨੋਂ ਕਮੇਟੀਆਂ ਇਕੋ ਹੀ ਮੈਟਰ ਨੂੰ ਲੈ ਲੈਣ ਤਾਂ ਮੇਰਾ ਖ਼ਿਆਲ ਹੈ ਕਿ ਇਹ ਕਨਟਰਾਡਿਕਟਰੀ ਹੋ ਜਾਵੇਗਾ। (ਵਿਘਨ) ਸਪੀਕਰ ਸਾਹਿਬ, ਜੋ ਪ੍ਰੇਮ ਜੀ ਨੇ ਕਿਹਾ ਹੈ ਉਸ ਦੇ ਮੁਤੱਲਕ ਅਰਜ਼ ਹੈ ਕਿ ਅਜ ਨਵੀਂ ਕਮੇਟੀ ਅਨਾਊਂਸ ਹੋਣੀ ਹੈ ਨਵੇਂ ਮੈਂਬਰਜ਼ ਵੀ ਸਲਾਹ ਕਰ ਲੈਣ ਔਰ ਇਹ ਜਿਹੜੀ ਤੁਸੀ ਰੂਲਿੰਗ ਦਿਤੀ ਹੈ ਉਸ ਤੇ ਸਲਾਹ ਕਰਕੇ· ਵਿਚਾਰ ਕਰਕੇ ਜੋ ਫੈਸਲਾ ਕਰ ਲਓ ਸਾਨੂੰ ਕੋਈ ਇਤਰਾਜ਼ ਨਹੀਂ । (ਵਿਘਨ) (ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਜੀ ਵਲੋਂ ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਨੂੰ ਇਕ ਮਿੰਟ ਇਜਾਜ਼ਤ ਦਿਉ, ਮੈਂ ਪੋਜ਼ੀਸ਼ਨ ਕਲੀਅਰ ਕਰ ਦਿੰਦਾ ਹਾਂ (ਵਿਘਨ)

ਸਪੀਕਰ ਸਾਹਿਬ, ਸਫ਼ਾ 114 ਤੇ ਕਮੇਟੀ ਆਨ ਪਬਲਿਕ ਅਕਾਊਂਟਸ ਬਾਰੇ ਲਿਖਿਆ ਹੈ । ਕਮੇਟੀ ਦੇ ਪ੍ਰਿਵਿਊਜ਼ ਕੀ ਹਨ :

> "The function of the Committee shall be to examine the accounts showing the appropriation of the sums granted by the Assembly to meet the expenditure of the Government of Punjab and such other accounts laid before the Assembly as the Committee may think fit".

ਸਪੀਕਰ ਸਾਹਿਬ, ਇਸ ਦੇ ਮੁਤੱਲਕ ਇਹ ਹੈ ਕਿ ਫ਼ਾਈਨੈਂਨਸ਼ਲ ਮੈਟਰਜ਼ ਦੇ ਬਾਰੇ ਕਮੇਟੀ ਨੇ ਡੀਲ ਕਰਨਾ ਹੈ ਜਿਹੜਾ ਮੈਟਰ ਅਕਾਊਂਟਸ ਨੂੰ ਰਿਲੇਟ ਕਰਦਾ ਹੈ ਉਹ ਡੀਲ ਵਿਦ ਹੋਵੇ । ਕਮੇਟੀ ਗੌਰਮਿੰਟ ਤੋਂ ਪੂਰੀ ਇਨਫ਼ਰਮੇਸ਼ਨ ਲੈ ਸਕਦੀ ਹੈ। ਇਸ ਕੇਸ ਵਿਚ ਫ਼ਾਈਨੈਨਸ਼ਲ ਇਨਫ਼ਰਮੇਸ਼ਨ ਨੂੰ ਲੁਕਾਉਣ ਵਾਸਤੇ ਉਸ ਅਫ਼ਸਰ ਨੇ ਇਨਫ਼ਰਮੇਸ਼ਨ ਵਿਦ ਹੋਲਡ ਕੀਤੀ ਹੈ । ਇਹ ਕਮੇਟੀ ਦੇ ਪ੍ਰਿਵਿਊ ਵਿਚ ਹੈ । ਸਪੀਕਰ ਸਾਹਿਬ, ਇਹ ਇਕ ਇਲੈਕਟਿਡ ਕਮੇਟੀ ਹੈ। ਫਿਰ ਸਫ਼ਾ 15 ਤੇ ਜੋ ਇਨਫ਼ਰਮੇਸ਼ਨ ਹੈ ਉਹ ਤੁਸੀਂ ਪੜ੍ਹ ਲਓ । ਉਥੇ ਲਿਖਿਆ ਹੈ :

> "The Committee regret to observe that the departmental representative tried to misguide the Committee by suppressing the factual position as the data placed by him before the Committee do not co-relate with the detailed statement supplied by the department which shows that the machinery was received in 1969, but itstalled and commissioned as late as in 1972."

Mr. Speaker : Please resume your seat now.
(Interruptions and noise in the House)

ਸ੍ਰੀ ਸਪੀਕਰ: ਆਨਰੇਬਲ ਮੈਂਬਰਜ਼ ਨੇ ਕੁਝ ਆਪਣੀ ਐਗਜ਼ਾਇਟੀ ਜ਼ਾਹਰ ਕੀਤੀ ਹੈ। (ਸਰਦਾਰ ਦਰਬਾਰਾ ਸਿੰਘ ਜੀ ਵੱਲੋਂ ਵਿਘਨ) ਦੋ ਇਸ਼ੂ ਇਥੇ ਉਠਾਏ ਗਏ ਹਨ । ਇਕ ਤਾਂ ਇਸ਼ੂ ਪੁਆਇੰਟ ਆਫ਼ ਇਨਫ਼ਰਮੇਸ਼ਨ ਬਾਰੇ ਹੈ। ਮੈਂ ਇਸ ਦੇ ਬਾਰੇ ਕੋਈ ਸਪੈਸਿਫ਼ਿਕ ਰੂਲਿੰਗ ਨਹੀਂ ਸੀ ਦਿਤੀ ਲੇਕਿਨ ਇਹ ਗੱਲ ਕਹੀ ਸੀ ਕਿ ਇਨਫ਼ਰਮੇਸ਼ਨ ਲੈਣ ਵਾਸਤੇ ਬਹੁਤ ਸਾਰੇ ਮੈਂਬਰਜ਼ ਨੇ ਪਿਛੇ ਹਾਊਸ ਦੀ ਕਾਰਵਾਈ ਵਿਚ ਇਨਟ੍ਰਪਟ ਕੀਤਾ ਹੈ । ਮੈਂ ਰਿਕਾਰਡ ਦੇਖਿਆ ਹੈ ਆਨਰੇਬਲ ਮੈਂਬਰਜ਼ ਨੇ ਇਕ ਸਪੀਚ ਵਿਚ ਸੌ ਸੌ ਦਫ਼ਾ ਇਨਟ੍ਰੱਪਟ "ਪੁਆਇੰਟ ਆਫ਼ ਇਨਫ਼ਰਮੇਸ਼ਨ" ਕਹਿ ਕੇ ਕੀਤਾ ਹੈ । ਮੈਂ ਸਮਝਦਾ ਹਾਂ ਕਿ ਪੁਆਇੰਟ ਆਫ਼ ਇਨ-ਫ਼ਰਮੇਸ਼ਨ ਲੈਣ ਦੇ ਢੰਗ ਨਾਲ ਆਨਰੇਬਲ ਮੈਂਬਰਜ਼ ਨੇ ਆਨਰੇਬਲ ਮਨਿਸਟਰ ਨੂੰ ਆਪਣੇ ਵਿਊਜ਼ ਪ੍ਰਗਟ ਕਰਨ ਵਿਚ ਰੁਕਾਵਟ ਪੈਦਾ ਕੀਤੀ ਹੈ । ਰੂਲਜ਼ ਸਿਧੇ ਦਸਦੇ ਹਨ :

> "A Member, while speaking, shall not use his right of speach for the purpose of obstructing the business of the Assembly."

[ਸ੍ਰੀ ਸਪੀਕਰ]

ਇਹ ਵੀ ਕੋਈ ਮੈਂਬਰ ਨਹੀਂ ਕਰ ਸਕਦਾ। ਠੀਕ ਹੈ ਕੋਈ ਇਨਫ਼ਰਮੇਸ਼ਨ ਲੈਣੀ ਹੈ ਤਾਂ ਰੂਲਜ਼ ਦੇ ਮੁਤਾਬਕ ਕੁਐਸ਼ਚਨ ਥਰੂ ਸਪੀਕਰ ਹੋ ਸਕਦਾ ਹੈ। ਪਿਛਲੀ ਕਾਰਵਾਈ ਦੇ ਵਿਚ ਇਜਾਜ਼ਤ ਵੀ ਮੈਂ ਦਿੰਦਾ ਰਿਹਾ ਹਾਂ ਪਰ ਇਸ ਇਜਾਜ਼ਤ ਦਾ ਮੈਂਬਰਜ਼ ਇਤਨਾ ਫ਼ਾਇਦਾ ਉਠਾਉਂਦੇ ਰਹੇ ਕਿ ਆਨਰੇਬਲ ਮਨਿਸਟਰਜ਼ ਚੰਗੀ ਤਰ੍ਹਾਂ ਆਪਣੀ ਸਪੀਚ ਵੀ ਨਹੀਂ ਦੇ ਸਕੇ ਔਰ ਜੋ ਆਨਰੇਬਲ ਮੈਂਬਰਜ਼ ਦੀਆਂ ਸੁਜੈਸ਼ਨਜ਼ ਹੁੰਦੀਆਂ ਹਨ ਔਰ ਕਨਸਟਰੱਕਟਿਵ ਚੀਜ਼ਾਂ ਜਿਹੜੀਆਂ ਉਹ ਦੱਸਣਾ ਚਾਹੁੰਦੇ ਸੀ ਮੈਨੂੰ ਅਫਸੋਸ ਹੈ ਕਿ ਥੋੜੇ ਜਿਹੇ ਟਾਈਮ ਵਿਚ ਵਿਚਾਰੇ ਉਹ ਵੀ ਨਹੀਂ ਦੇ ਸਕੇ......(ਵਿਘਨ) (ਸ਼ੋਰ) ਵਿਚਾਰੇ ਇਸ ਸੈਨਸ ਵਿਚ ਕਿਹਾ ਹੈ ਕਿ ਜਿਸ ਤਰ੍ਹਾਂ ਆਨਰੇਬਲ ਮਨਿਸਟਰ ਆਪਣੇ ਵਿਚਾਰ ਪ੍ਰਗਟ ਕਰਦੇ ਹਨ ਔਰ ਉਨ੍ਹਾਂ ਦੇ ਖੜੇ ਹੋਣ ਦੇ ਨਾਲ ਹੀ ਸੈਂਕੜੇ ਆਵਾਜ਼ਾਂ ਉਨ੍ਹਾਂ ਦੇ ਪਿਛੇ ਹੋ ਜਾਣ ਔਰ ਉਨ੍ਹਾਂ ਨੂੰ ਬਾਰ ਬਾਰ ਇਨਟ੍ਰੱਪਟ ਕੀਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਪੁਜ਼ੀਸ਼ਨ ਇਸ ਤਰ੍ਹਾਂ ਹੋ ਜਾਂਦੀ ਹੈ ਜਿਸ ਨਾਲ ਚੰਗਾ ਭਲਾ ਆਦਮੀ ਵੀ ਕਨਫਿਊਜ਼ ਹੋ ਜਾਂਦਾ ਹੈ ਔਰ ਕਨਫਿਊਜ਼ਨ ਵਿਚ ਜੇ ਉਸ ਨੂੰ ਵਿਚਾਰਾ ਕਿਹਾ ਜਾਵੇ ਤਾਂ ਇਹ ਸ਼ਬਦ ਕੋਈ ਗੈਰ-ਵਾਜਿਬ ਨਹੀਂ ਹੈ। ਇਸ ਲਈ ਮੈਂ ਇਸ ਫੀਲਿੰਗ ਨਾਲ ਰਿਕੁਐਸਟ ਕੀਤੀ ਸੀ ਕਿ ਉਹ ਜ਼ਰੂਰੀ ਇਨਫਰਮੇਸ਼ਨ ਚਾਹੁੰਦੇ ਹਨ ਤਾਂ ਲੀਡਰ ਦੇ ਥਰੂ ਲੈ ਲੈਣ। However, that was not a full-fledged ruling which was given during the course of the proceedings of the House.

ਉਹ ਤਾਂ ਇਕ ਰਿਕੁਐਸਟ ਸੀ ਜਾਂ ਇਹ ਕਹਿ ਲਉ ਕਿ ਮੈਂ ਇਕ ਸੁਜੈਸ਼ਨ ਦਿਤੀ ਸੀ। ਠੀਕ ਹੈ ਆਨਰੇਬਲ ਮੈਂਬਰਜ਼ ਨੂੰ ਕੁਐਸਚਨ ਕਰਨ ਲਈ ਸਪੀਕਰ ਤੋਂ ਇਜ਼ਾਜ਼ਤ ਲੈਣੀ ਚਾਹੀਦੀ ਹੈ। ਮੈਂ ਕਿਸੇ ਨੂੰ ਡੀਫੈਂਡ ਨਹੀਂ ਕਰਾਂਗਾ ਪਰ ਇਹ ਮੇਰਾ ਰਾਈਟ ਹੈ ਕਿ ਉਸ ਨੂੰ ਇਜਾਜ਼ਤ ਦੇਵਾਂ ਜਾਂ ਨਾ ਦੇਵਾਂ (ਵਿਘਨ)

ਦੂਸਰਾ ਕੁਐਸਚਨ ਬੜਾ ਇੰਪਾਰਟੈਂਟ ਹੈ ਔਰ ਮੈਂ ਮਹਿਸੂਸ ਕਰਦਾ ਹਾਂ ਕਿ ਆਨਰੇਬਲ ਮੈਂਬਰਜ਼ ਦੀ ਜੋ ਹਾਊਸ ਦੀ ਕਮੇਟੀ ਬਣਾ ਦਿਤੀ ਉਹ ਕਮੇਟੀ ਜੋ ਰਿਕਮੈਂਡ ਕਰਦੀ ਹੈ, ਜੋ ਆਬਜ਼ਰਵੇਸ਼ਨ ਕਰਦੀ ਹੈ ਉਹ ਬਹੁਤ ਹੀ ਮਹੱਤਵਪੂਰਣ ਹੁੰਦੀ ਹੈ। ਜੋ ਕੁਝ ਉਹ ਆਬਜ਼ਰਵ ਕਰੇ ਗੌਰਮੈਂਟ ਨੂੰ ਉਸ ਆਬਜ਼ਰਵੇਸ਼ਨ ਤੇ ਠੀਕ ਢੰਗ ਨਾਲ ਅਮਲ ਕਰਨਾ ਚਾਹੀਦਾ ਹੈ। ਜੋ ਵੀ ਪੁਆਇੰਟਸ ਹੋਣ ਉਨ੍ਹਾਂ ਤੇ ਫੈਸਲਾ ਹੋਣਾ ਚਾਹੀਦਾ ਹੈ। ਕਿਉਂਕਿ ਹਾਊਸ ਦੀਆਂ ਕਮੇਟੀਆਂ ਹਾਊਸ ਨੂੰ ਹੀ ਰਿਕਮੈਂਡੇਸ਼ਨਜ਼ ਦਿੰਦੀਆਂ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਰਿਕੁਮੈਂਡੇਸ਼ਨਜ਼ ਤੇ ਅਮਲ ਕਰਨ ਲਈ ਗੌਰਮੈਂਟ ਨੂੰ ਟਾਈਮ ਮਿਲੇ। ਹਾਊਸ ਨੇ ਰਿਕਨਸਿਡਰ ਕਰਨ ਵਾਸਤੇ ਕਿਹਾ ਹੈ, ਮੈਂ ਹਾਊਸ ਨਾਲ ਐਗਰੀ ਕਰਦਾ ਹਾਂ। (The hon. Members have shown their anxiety. (Interruption by Sardar Darbara Singh) Two issue have been raised here. One is about theraising of a point of information. I had not given any specific ruling about it. I had referred to it because many hon. Members had caused interruption. I have seen the record and there are numerous such interruptions. I am of the view that such points are raised with a view to preventing the hon. Minister from putting forth his views. Rules clearly provide:—

> "A Member, while speaking, shall not use his right of speech the purpose of obstructing the business of the Assembly."

Even this cannot be done by any hon. Member. A question can be put through the Speaker for obtaining any information.

I have been permitting such points during the previous sittings. But the hon. Members avail of this practice so freely that the hon. Ministers could not express their views properly and the helpless fellows could not refer to the constructive and other suggestions made by the hon. Members (*Interruption and noise*). I have used the word "helpless fellow" in the sense that whenever Ministers rise to speak, many members cause interruptions together time and again and I feel that in such circumstances even a normal person may get confused. If under such state of affairs someone is referred to as 'helpless fellow' then there is nothing improper in using this word. Keeping this thing in view I observed that Members, if they desire to obtain any information in the House, may do so through their party leaders. However, that was not a full-fledged ruling which was given during the course of the proceedings of the House. That was, or, if I may say so, a request. I had made a suggestion. The hon. Members should get permission from the Speaker before putting a question. I will not defend any body, but it is my prerogative to permit anybody to speak or not (*Interruption*) Don't interrupt me please.

The second question is of very important nature and I feel that the recommendations and observations made by the Committee of the House consisting of the hon. Members, are also very important. The Government should thoroughly implement its observations. Whatever points are raised by the said Committee these should be considered and decision taken thereon, Because the Committees constituted by the House submit their reports to the House, so I feel that the Government should get time for the implementation of the recommendations made by the Committees. The House has desired reconsideration of this issue. I agree with the House).

ਚੌਧਰੀ ਦਰਸ਼ਨ ਸਿੰਘ : × × × × ×

ਸ੍ਰੀ ਸਪੀਕਰ: ਜੋ ਕੁਝ ਚੌਧਰੀ ਦਰਸ਼ਨ ਸਿੰਘ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।
(Whatever Chaudhri Sahib is saying, should not be recorded.)

ADJOURNMENT MOTIONS

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ ਕਿ ਚੰਡੀਗੜ੍ਹ ਦੇ ਲਾਗੇ ਜਿਹੜੇ ਪਿੰਡ ਹਨ ਸਰਹੰਦ, ਕੁੰਬੜਾ, ਸੋਹਾਨਾ, ਲੰਬੜਾ ਉਨ੍ਹਾਂ ਪਿੰਡਾਂ ਦੀ ਜਿਹੜੀ ਧਰਤੀ ਹੈ ਉਹ ਪੰਜਾਬ ਸਰਕਾਰ ਮੁਹਾਲੀ ਐਸਟੇਟ ਬਣਾਉਣ ਵਾਸਤੇ ਜ਼ਬਰਨ ਐਕੁਆਇਰ ਕਰ ਰਹੀ ਹੈ। ਉਹ ਧਰਤੀ ਬੜੀ ਜ਼ਰਖੇਜ਼ ਹੈ। ਉਥੇ ਦੀ ਧਰਤੀ ਨੇ ਬੜੇ ਅੱਛੇ ਫ਼ੌਜੀ ਪੈਦਾ ਕੀਤੇ, ਆਜ਼ਾਦੀ ਸੰਗਰਾਮੀਏ ਪੈਦਾ ਕੀਤੇ। ਉਥੇ ਦੇ ਗਰੀਬ ਜੱਟਾਂ ਦੀ ਜ਼ਮੀਨ ਸਸਤੇ ਭਾਅ ਤੇ ਲੈ ਕੇ ਇਹ ਸਰਕਾਰ ਮਹਿੰਗੇ ਭਾਅ ਤੇ ਅਮੀਰਾਂ ਨੂੰ ਦੇਣ ਜਾ ਰਹੀ ਹੈ। ਇਹ ਸਰਕਾਰ ਕਹਿੰਦੀ ਹੈ ਕਿ ਸਮਾਜਵਾਦ ਲਿਆਉਣਾ ਹੈ। ਮੈਂ ਕਹਿੰਦਾ ਹਾਂ ਕਿ ਗਰੀਬਾਂ ਨੂੰ ਮਾਰ ਕੇ ਅਮੀਰ ਨੂੰ ਉਪਰ ਉਠਾ ਕੇ ਸਮਾਜਵਾਦ ਨਹੀਂ ਆ ਸਕਦਾ (ਵਿਘਨ) ਸਪੀਕਰ ਸਾਹਿਬ, ਇਸ ਦੀ ਕਾਲ ਅਟੈਨਸ਼ਨ ਨੋਟਿਸ ਬਣਾ ਦਿਓ .... (ਵਿਘਨ)

ਸ੍ਰੀ ਸਪੀਕਰ : ਤੁਸੀਂ ਕਾਲ ਅਟੈਨਸ਼ਨ ਨੋਟਿਸ ਲਿਖ ਕੇ ਦੇ ਦਿਓ .... (ਵਿਘਨ)
(You please send it in the form of Call Attention Notice in writing) (*interruption*).

ਸਰਦਾਰ ਅਜਾਇਬ ਸਿੰਘ ਸੰਧੂ: ਇਸੇ ਨੂੰ ਹੀ ਕਾਲ ਅਟੈਨਸ਼ਨ ਮੋਸ਼ਨ ਵਿਚ ਬਦਲ ਦਿਓ .... (ਵਿਘਨ)

× **Not recorded, as ordered by the Chair.**

ਸ਼੍ਰੀ ਸਪੀਕਰ: ਠੀਕ ਹੈ, ਕਾਲ ਅਟੈਨਸ਼ਨ ਮੋਸ਼ਨ ਵਿਚ ਬਦਲ ਦਿੰਦੇ ਹਾਂ (ਵਿਘਨ)। (All right it will be converted into Call Attention Motion). (*Interruption*).

ਸ਼੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਇਸ ਗੱਲ ਤੇ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਸਾਨੂੰ ਦਸ ਦਿਓ ਕਿ ਅਸੀਂ ਸਟਾਰਡ ਕੁਐਸਚਨ ਭੇਜਿਆ ਕਰੀਏ ਜਾਂ ਨਾਂ। ਹਾਊਸ ਵਿਚ ਪਹਿਲੇ 4 ਕੁਐਸ਼ਚਨ ਨਹੀਂ ਮੁਕਦੇ ਅਤੇ ਬਾਕੀ ਦੇ ਅਨਸਟਾਰਡ ਕੁਐਸਚਨ ਵਿਚ ਬਦਲ ਦਿਤੇ ਜਾਂਦੇ ਹਨ ਅਤੇ ਅਸੀਂ ਸਪਲੀਮੈਂਟਰੀ ਨਹੀਂ ਪੁਛ ਸਕਦੇ ..... (ਵਿਘਨ)

ਸ਼੍ਰੀ ਸਪੀਕਰ: ਤੁਸੀਂ ਸੁਆਲ ਭੇਜਿਆ ਕਰੋ। ਮੈਂ ਵੀ ਇਸ ਬਾਰੇ ਹਾਊਸ ਨੂੰ ਬੇਨਤੀ ਕੀਤੀ ਸੀ, ਪਰ ਮੈਂਬਰਾਂ ਦੀ ਐਂਗਜ਼ਾਇਟੀ ਜ਼ਿਆਦਾ ਹੁੰਦੀ ਹੈ ਸੁਆਲ ਕਰਨ ਦੀ..... (ਵਿਘਨ) (Please do send the questions. I did make a request to the House in this respect, however, I have to keep in view the anxiety of the members about putting the supplementary questions.) (*interruption*)

ਸਰਦਾਰ ਜਸਵਿੰਦਰ ਸਿੰਘ ਬਰਾੜ: ਆਨ ਏ ਪੁਆਇਟ ਆਫ਼ ਆਰਡਰ, ਸਰ। (ਵਿਘਨ)

ਸ਼੍ਰੀ ਸਪੀਕਰ: ਤੁਹਾਡੀ ਕੋਈ ਮੋਸ਼ਨ ਤਾਂ ਹੈ ਨਹੀਂ ਸੀ.... (ਵਿਘਨ) (You have not given notice of any motion.). (*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਤੁਹਾਨੂੰ ਐਡਜਰਨਮੈਂਟ ਮੋਸ਼ਨ ਦਿਤੀ ਸੀ ਜੂਨੀਅਰ ਡਾਕਟਰਾਂ ਦੇ ਬਾਰੇ। ਪਟਿਆਲਾ ਵਿਚ ਅਤੇ ਅੰਮ੍ਰਿਤਸਰ ਵਿਚ ਮਰੀਜ਼ਾਂ ਦੀ ਬਹੁਤ ਬੁਰੀ ਹਾਲਤ ਹੈ। ਉਥੇ ਮਰੀਜ਼ਾਂ ਨੂੰ ਕੋਈ ਅਟੈਂਡ ਨਹੀਂ ਕਰ ਰਿਹਾ। ਜਿਹੜੇ ਐਮ. ਬੀ.ਬੀ.ਐਸ. ਡਾਕਟਰਜ਼ ਪਾਸ ਹਨ, ਉਨ੍ਹਾਂ ਨੂੰ 800 ਰੁਪਏ ਤਨਖ਼ਾਹ ਦਿਤੀ ਜਾਂਦੀ ਹੈ ਅਤੇ ਦੂਜਿਆਂ ਨੂੰ ਜਿਹੜੇ ਉਨ੍ਹਾਂ ਦੇ ਨਾਲ ਦੇ ਹਨ ਉਨ੍ਹਾਂ ਨੂੰ ਸਿਰਫ਼ 250 ਰੁਪਏ ਸਟਾਈਪੈਂਡ ਦਿਤਾ ਜਾਂਦਾ ਹੈ। ਉਹ 24 ਘੰਟੇ ਹਾਜ਼ਰ ਰਹਿੰਦੇ ਹਨ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨੀਆਂ ਜਾਣ। (ਵਿਘਨ)

ਸ਼੍ਰੀ ਸਪੀਕਰ: ਤੁਸੀਂ ਤਸ਼ਰੀਫ਼ ਰਖੋ। (ਵਿਘਨ) (please resume your seat.) (*Interruption*).

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜੂਨੀਅਰ ਡਾਕਟਰਾਂ ਬਾਰੇ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਹੋ ਚੁਕੀ ਹੈ ਪਰ ਕਲ੍ਹ ਨੂੰ ਹਾਊਸ ਨੇ ਉਠ ਜਾਣਾ ਹੈ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨਾਲ ਬਹੁਤ ਧੱਕਾ ਹੋ ਰਿਹਾ ਹੈ ਔਰ ਬੜੀ ਬੇਇਨਸਾਫੀ ਹੋ ਰਹੀ ਹੈ। ਉਨ੍ਹਾਂ ਦੇ ਨਾਲ ਦੇ ਜੰਮੂ ਕਸ਼ਮੀਰ ਵਿਚ 495 ਰੁਪਏ ਲੈ ਰਹੇ ਹਨ ਅਤੇ ਮੈਸੂਰ ਵਿਚ 550 ਰੁਪਏ ਅਤੇ ਕਿਤੇ ਹੋਰ 467 ਰੁਪਏ (ਵਿਘਨ)। ਮੈਂ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਇੰਟਰਵੀਨ ਕਰਕੇ ਉਨ੍ਹਾਂ ਨਾਲ ਕੋਈ ਫੈਸਲਾ ਕਰੇ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨੇ (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਉਥੇ ਮਰੀਜ਼ ਮਰ ਰਹੇ ਹਨ, ਸਰਕਾਰ ਜਾਣ ਬੁਝ ਕੇ ..... (ਵਿਘਨ)

ਸ਼੍ਰੀ ਸਪੀਕਰ: ਤੁਸੀਂ ਤਸ਼ਰੀਫ਼ ਰਖੋ, ਮਨਿਸਟਰ ਸਾਹਿਬ ਜਵਾਬ ਦੇਣ ਲਗੇ ਹਨ (ਵਿਘਨ) (Please resume your seat. The Minister is going to give a reply.)

ਵਿਦਿਆ ਮੰਤਰੀ: (ਚੌਧਰੀ ਗੁਰਮੇਲ ਸਿੰਘ) ਸਪੀਕਰ ਸਾਹਿਬ, ਇਨ੍ਹਾਂ ਦੋਸਤਾਂ ਨੇ ਵੀ ਪੜ੍ਹਿਆ ਹੋਣਾ ਹੈ ਔਰ ਮੈਂ ਵੀ ਪੜ੍ਹਦਾ ਹਾਂ। ਦਿਲੀ ਵਿਚ ਹੜਤਾਲ ਹੋਈ, ਸਾਡੇ ਜੋ ਜੂਨੀਅਰ ਡਾਕਟਰਜ਼ ਨੇ ਹੜਤਾਲ ਕੀਤੀ, ਜੋ ਉਨ੍ਹਾਂ ਦੀ ਆਲ ਇੰਡੀਆ ਯੂਨੀਅਨ ਹੈ ਉਨ੍ਹਾਂ ਦੀ ਕਾਲ ਤੇ ਕੀਤੀ ਅਤੇ ਉਨ੍ਹਾਂ ਦੀ ਸਿੰਪਥੀ ਲਈ ਬੈਠੇ ਹਨ। (ਵਿਘਨ)

ਆਵਾਜ਼: ਗਲਤ, ਗਲਤ, ਬਿਲਕੁਲ ਗਲਤ ..... (ਵਿਘਨ) (ਸ਼ੋਰ)

ਵਿਦਿਆ ਮੰਤਰੀ: ਤੁਹਾਨੂੰ ਵੀ ਪਤਾ ਹੈ ਅਤੇ ਉਨ੍ਹਾਂ ਨੂੰ ਵੀ ਪਤਾ ਹੈ ਕਿ ਦਿਲੀ ਵਿਚ ਹੈਲਥ ਮਨਿਸਟਰ ਸਾਹਿਬ ਨਾਲ ਗੱਲ ਬਾਤ ਹੋ ਰਹੀ ਹੈ, ਰੋਜ਼ ਅਖ਼ਬਾਰਾਂ ਵਿਚ ਆਉਂਦਾ ਹੈ ..... (ਵਿਘਨ) (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਨੂੰ ਬੜਾ ਦੁਖ ਹੋਇਆ ਹੈ ਮਨਿਸਟਰ ਸਾਹਿਬ ਦੀ ਗੱਲ ਸੁਣ ਕੇ। ਇੰਨੇ ਹਫ਼ਤਿਆਂ ਤੋਂ ਉਹ ਜੂਨੀਅਰ ਡਾਕਟਰਜ਼ ਹੜਤਾਲ ਤੇ ਹੋਣ ਔਰ ਸਾਡੇ ਮੈਡੀਕਲ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਇਹ ਵੀ ਪਤਾ ਨਾ ਹੋਵੇ ਕਿ ਉਹ ਕਿਸ ਲਈ ਹੜਤਾਲ ਤੇ ਹਨ। (ਵਿਘਨ) (ਸ਼ੇਮ-ਸ਼ੇਮ) ਇਹ ਗੱਲ ਬਿਲਕੁਲ ਗਲਤ ਹੈ ਕਿ ਉਨ੍ਹਾਂ ਦੀ ਆਲ ਇੰਡੀਆ ਯੂਨੀਅਨ ਨੇ ਕਾਲ ਦਿਤੀ ਅਤੇ ਉਨ੍ਹਾਂ ਦੀ ਸਿੰਪਥੀ ਲਈ ਉਹ ਹੜਤਾਲ ਤੇ ਬੈਠੇ ਹਨ (ਵਿਘਨ)

ਸ਼੍ਰੀ ਸਪੀਕਰ: ਤੁਸੀਂ ਹੁਣ ਬੈਠੋ .... (ਵਿਘਨ) (Please resume your seat now.) (*Interruption.*)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਗੱਲ ਤਾਂ ਸੁਣੋ । ਉਸ ਯੂਨੀਅਨ ਦੀਆਂ ਆਪਣੀਆਂ ਮੰਗਾਂ ਹਨ ਅਤੇ ਪੰਜਾਬ ਦੇ ਜੂਨੀਅਰ ਡਾਕਟਰਜ਼ ਦੀਆਂ ਆਪਣੀਆਂ ਮੰਗਾਂ ਹਨ ਔਰ ਉਨ੍ਹਾਂ ਦੀਆਂ ਮੰਗਾਂ ਪੰਜਾਬ ਸਰਕਾਰ ਕੋਲ ਹਨ। ਦਿਲੀ ਵਿਚ ਜੋ ਸ਼੍ਰੀ ਕਰਨ ਸਿੰਘ ਨਾਲ ਗੱਲ ਬਾਤ ਚਲ ਰਹੀ ਹੈ ਉਸਦਾ ਸਬੰਧ ਸਿਰਫ਼ ਦਿੱਲੀ ਔਰ ਦੂਸਰੀਆਂ ਯੂਨੀਅਨ ਟੈਰੀਟਰੀਜ਼ ਦੇ ਡਾਕਟਰਾਂ ਨਾਲ ਹੈ ਉਹ ਫੈਸਲੇ ਇਥੇ ਅਪਲਾਈ ਨਹੀਂ ਹੋਣਗੇ। ਸਾਨੂੰ ਮਨਿਸਟਰ ਸਾਹਿਬ ਇਥੇ ਐਸ਼ੋਰੈਂਸ ਦੇ ਦੇਣ ਕਿ ਜੋ ਫ਼ੈਸਲਾ ਉਥੇ ਹੋਵੇਗਾ ਉਸ ਨੂੰ ਇਥੇ ਲਾਗੂ ਕਰ ਦਿਤਾ ਜਾਵੇਗਾ। (ਵਿਘਨ)

ਸ਼੍ਰੀ ਸਪੀਕਰ: ਤੁਸੀਂ ਹੁਣ ਤਸ਼ਰੀਫ਼ ਰਖੋ। (ਵਿਘਨ) (Please resume your seat now.) (*Interruption.*)

ਸਰਦਾਰ ਜਸਵਿੰਦਰ ਸਿੰਘ ਬਰਾੜ: × × ×

ਸ਼੍ਰੀ ਸਪੀਕਰ: ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਗ਼ੈਰ ਕਹਿੰਦੇ ਹਨ, ਰਿਕਾਰਡ ਨਾ ਕੀਤਾ ਜਾਵੇ। (ਵਿਘਨ) Brar Sahib, please resume your seat.

(Whatever is being said without the permission of the Chair, should not be recorded. (*interruption*) Brar Sahib, please resume your seat.) (*Interruption*)

× Not recorded, as ordered by the Chair.

**(ਇਸ ਵਕਤ ਕਈ ਆਨਰੇਬਲ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ। ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਕੁਝ ਕਾਗਜ਼ ਲੈ ਕੇ ਟੇਬਲ ਤੇ ਰਖਣ ਲਈ ਆ ਰਹੇ ਸਨ, ਪਰ ਸ੍ਰੀ ਸਪੀਕਰ ਨੇ ਉਹ ਕਾਗਜ਼ ਆਪਣੇ ਕੋਲ ਮੰਗਵਾ ਲਏ)

ਸ੍ਰੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰਜ਼ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿੰਦੇ ਹਨ ਰਿਕਾਰਡ ਨਾ ਕੀਤਾ ਜਾਵੇ। ਕਾਲ ਅਟੈਨਸ਼ਨ ਨੋਟਿਸ ਨੰਬਰ 180 ਵਲੋਂ ਸਰਦਾਰ ਗੁਰਦੇਵ ਸਿੰਘ ਬਾਦਲ (ਵਿਘਨ)। (Whatever the hon. Members say without the permission of the Chair should not be recorded. Call Attention Notice No. 180 by Sardar Gurdev Singh Badal.) (*Interruption*)

(ਮੈਂਬਰ ਸਾਹਿਬ ਹਾਜ਼ਰ ਨਹੀਂ ਸਨ)

ਕਾਮਰੇਡ ਸੱਤ ਪਾਲ ਡਾਂਗ : × × × ×

ਸ੍ਰੀ ਸਪੀਕਰ : ਡਾਂਗ ਸਾਹਿਬ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (ਵਿਘਨ) (Whatever Mr. Dang is saying shoud not be recorded. (*interruption*)

WALK OUT (S)

ਕਾਮਰੇਡ ਸੱਤ ਪਾਲ ਡਾਂਗ : ਅਸੀਂ ਐਜ਼ ਏ ਪ੍ਰੋਟੈਸਟ ਵਾਕ ਆਊਟ ਕਰਦੇ ਹਾਂ (ਵਿਘਨ)

(ਇਸ ਵਕਤ ਸੀ.ਪੀ.ਆਈ. ਦੇ ਸਾਰੇ ਆਨਰੇਬਲ ਮੈਂਬਰਜ਼ ਜਿਹੜੇ ਹਾਊਸ ਵਿਚ ਹਾਜ਼ਰ ਸਨ ਵਾਕ ਆਊਟ ਕਰਕੇ ਚਲੇ ਗਏ।)

ਸ੍ਰੀ ਸਪੀਕਰ : ਨੈਕਸਟ ਕਾਲ ਅਟੈਨਸ਼ਨ ਮੋਸ਼ਨ ਡਾਕਟਰ ਅਮੀਰ ਸਿੰਘ ਕਲਕਟ (ਵਿਘਨ) (ਸ਼ੋਰ)।

(Next Call Attention Motion is in the name of Dr. Amir Singh Kalkat.) (*interruption*) (*noise*)

(ਇਸ ਵਕਤ ਹਾਊਸ ਵਿਚ ਬੜਾ ਸ਼ੋਰ ਸੀ ਅਤੇ ਮਾਸਟਰ ਚੰਦ ਸਿੰਘ ਕੁਝ ਕਹਿ ਰਹੇ ਸਨ ਪਰ ਹਾਊਸ ਵਿਚ ਸ਼ੋਰ ਹੋਣ ਦੇ ਕਾਰਣ ਸੁਣਾਈ ਨਹੀਂ ਦਿਤਾ ਅਤੇ ਉਹ ਹਾਊਸ ਵਿਚੋਂ ਵਾਕ ਆਊਟ ਕਰਕੇ ਚਲੇ ਗਏ।)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ...... (ਵਿਘਨ)

ਸ੍ਰੀ ਸਪੀਕਰ : ਸਰਦਾਰ ਦਰਬਾਰਾ ਸਿੰਘ ਜੀ, ਤੁਸੀਂ ਬੈਠੋ (ਵਿਘਨ) (ਸ਼ੋਰ) (Sardar Darbara Singh ji, please resume your seat.) (*Interruption*) (*Noise*)

(ਇਸ ਵਕਤ ਆਪੋਜ਼ੀਸ਼ਨ ਬੈਂਚਾਂ ਵਲੋਂ ਕਈ ਆਨਰੇਬਲ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਤੇ ਖੜੇ ਸਨ ਅਤੇ ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

---

*Not recorded /Expunged as ordered by the chair.

**The Speaker not having subsequently accorded the necessary permission the paper was not treated as laid on the Table.

ਸ੍ਰੀ ਸਪੀਕਰ : ਡਾਕਟਰ ਅਮੀਰ ਸਿੰਘ ਕਲਕਟ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ...... (ਵਿਘਨ)

(Dr. Amir Singh Kalkat may please read out his Call Attention Notice) (*Interruption*)

CALL ATTENTION NOTICES UNDER RULE 66

(Serial No. 183)

Doctor Amir Singh Kalkat : I want to draw the attention of the Government towards a matter of urgent public Importance, namely, there is a scarcity of essential commodities i.e. Atta, Oil etc. in the Kandi Area in general and Talwara Block in particular of Hoshiarpur District. Moreover, there is a restriction on the movement of Atta etc. within the radious of 5 miles from the Himachal Pradesh Border. Being at the border of Himachal Pradesh, there is acute discontentment amongst the people of that area.

In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned may please make a statement.

ਸ੍ਰੀ ਸਪੀਕਰ : ਅਗਲੀ ਕਾਲ ਅਟੈਨਸ਼ਨ ਨੋਟਿਸ ਨੰਬਰ 184 ਵਲੋਂ ਸਰਦਾਰ ਸਤਪਾਲ ਸਿੰਘ ਰੰਧਾਵਾ। (Next Call Attention Notice No. 184 by Sardar Satpal Singh Randhawa)

(ਇਸ ਸਮੇਂ ਮੈਂਬਰ ਸਾਹਿਬ ਹਾਊਸ ਵਿਚ ਹਾਜ਼ਰ ਨਹੀਂ ਸਨ)

ਸ੍ਰੀ ਸਪੀਕਰ : ਅਗਲੀ ਕਾਲ ਅਟੈਨਸ਼ਨ ਨੋਟਿਸ ਨੰਬਰ 186 ਵਲੋਂ ਕਾਮਰੇਡ ਸੱਤ ਪਾਲ ਡਾਂਗ। (Next Call Attention Notice No. 186 by Comrade Satyapal Dang.)

(ਇਸ ਸਮੇਂ ਮੈਂਬਰ ਸਾਹਿਬ ਹਾਊਸ ਵਿਚ ਹਾਜ਼ਰ ਨਹੀਂ ਸਨ)

ਸਰਦਾਰ ਅਜਾਇਬ ਸਿੰਘ ਸੰਧੂ : * * * * * *

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying should not be recorded.)

ਸਰਦਾਰ ਜਸਵਿੰਦਰ ਸਿੰਘ ਬਰਾੜ : ਤੁਹਾਡਾ ਵਤੀਰਾ ਗਲਤ ਹੈ। (ਸ਼ੋਰ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਡਾਕਟਰ ਹੜਤਾਲ ਤੇ ਬੈਠੇ ਹਨ (ਸ਼ੋਰ) (ਵਿਘਨ) ਮਰੀਜ਼ ਮਰ ਰਹੇ ਹਨ ?

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ . . . । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਸਾਨੂੰ ਤੁਸੀਂ ਦਸ ਦਿਓ ਕਿ ਕਿਤਨੇ ਪੁਆਇੰਟ ਆਫ਼ ਆਰਡਰ ਸਾਡੇ ਮੰਨੇ ਜਾਣੇ ਹਨ ਤਾਂਕਿ ਅਸੀਂ ਵੀ ਉਤਨੇ ਹੀ ਕਰ ਲਈਏ। ਇਹ * * * * * *ਕਰਦੇ ਰਹਿੰਦੇ ਹਨ ਅਤੇ ਤੁਸੀਂ ਸੁਣਦੇ ਰਹਿੰਦੇ ਹੋ।

---

*Not recorded/ Expunged as ordered by the Chair.

ਸ੍ਰੀ ਸਪੀਕਰ : * * * * * ਸ਼ਬਦ ਕਟ ਦਿੱਤਾ ਜਾਵੇ। (The word * * be expunged)

ਸਰਦਾਰ ਧੰਨਾ ਸਿੰਘ ਗੁਲਸ਼ਨ : * * * * * * *

ਸੂਬੇਦਾਰ ਗੁਰਬਚਨ ਸਿੰਘ : * * * * * * *

ਸ੍ਰੀ ਸਪੀਕਰ : ਇਹ ਜੋ ਕੁਝ ਆਨਰੇਬਲ ਮੈਂਬਰਜ਼ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever the hon. members are saying, should not be recorded)

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਮੇਰੀ ਪਹਿਲੀ ਬੇਨਤੀ ਇਹ ਹੈ ਕਿ ਜਿਹੜੇ ਮਾੜੇ ਲਫਜ਼ ਡਾਕਟਰ ਅਮੀਰ ਸਿੰਘ ਕਲਕਟ ਨੇ ਕਹੇ ਹਨ ਕੀ ਉਹ expunge ਕਰਾ ਦਿਤੇ ਹਨ ?

ਸ੍ਰੀ ਸਪੀਕਰ : ਉਹ ਐਕਸਪੰਜ ਕਰਾ ਦਿੱਤੇ ਹਨ। (Those words have been got expunged.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਚਾਹੀਦਾ ਤਾਂ ਇਹ ਸੀ ਕਿ ਇਹ* * *

ਸ੍ਰੀ ਸਪੀਕਰ : ਜੋ ਸ਼ਬਦ ਡਾਕਟਰ ਅਮੀਰ ਸਿੰਘ ਦੀ ਸ਼ਾਨ ਦੇ ਵਿਰੁਧ ਕਹੇ ਹਨ, ਉਹ ਐਕਸਪੰਜ ਕਰ ਦਿੱਤੇ ਜਾਣ। (The words which have been uttered against the honour of Dr. Amir Singh, be expunged.)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਬੜੇ ਪ੍ਰੇਮ ਨਾਲ ਇਹ ਸੈਸ਼ਨ ਚਲ ਰਿਹਾ ਸੀ। ਮੇਰਾ ਖ਼ਿਆਲ ਹੈ ਕਿ ਅਸੀਂ ਵੀ ਤੁਹਾਨੂੰ ਪੂਰੀ ਕੁਆਪਰੇਸ਼ਨ ਦਿੱਤੀ ਅਤੇ ਤੁਸੀਂ ਵੀ ਸਾਨੂੰ ਪੂਰੀ ਕੁਆਪਰੇਸ਼ਨ ਦਿੱਤੀ। ਲੇਕਿਨ ਕਲ੍ਹ ਦਾ ਦਿਨ ਸੈਸ਼ਨ ਦਾ ਬਾਕੀ ਰਹਿ ਗਿਆ ਹੈ। ਗੱਲ ਬੜੀ ਸਿੰਪਲ ਸੀ ਤੁਸੀਂ ਕਰਨ ਨਹੀਂ ਦਿੱਤੀ।

Mr. Speaker: Be brief and to the point. You are not relevant.

ਸਰਦਾਰ ਅਜਾਇਬ ਸਿੰਘ ਸੰਧੂ : * * * * * * *

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਤਾਂ ਬਣਦਾ ਨਹੀਂ। (It does not constitute a point of order.)

WALK OUT

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਤੁਸੀਂ ਸਾਨੂੰ ਸੁਣਨ ਨੂੰ ਤਿਆਰ ਨਹੀਂ ਹੋ। ਅੱਜ ਪਟਿਆਲਾ, ਅੰਮ੍ਰਿਤਸਰ ਦੇ ਡਾਕਟਰ ਚੇਨ ਫਾਸਟ ਅਤੇ ਭੁੱਖ ਹੜਤਾਲ ਤੇ ਹਨ। ਸਰਕਾਰ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨਦੀ। ਇਸ ਐਂਟੀ-ਡਾਕਟਰ ਅਤੇ ਐਂਟੀ- ਪੀਪਲ ਸਰਕਾਰ ਦੇ ਵਿਰੁੱਧ ਮੇਰੀ ਪਾਰਟੀ ਵਾਕ ਆਊਟ ਕਰਦੀ ਹੈ।

(ਇਸ ਸਮੇਂ ਆਪੋਜ਼ੀਸ਼ਨ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ ਅਤੇ ਨਾਹਰੇ * * * * * * ਲਾਉਂਦੇ ਜਾ ਰਹੇ ਸਨ)

ਸ੍ਰੀ ਸਪੀਕਰ: ਜੋ ਨਾਹਰੇ ਲਾਏ ਜਾ ਰਹੇ ਹਨ ਇਹ ਰਿਕਾਰਡ ਨਾ ਕੀਤੇ ਜਾਣ। (The slogans being raised may not be recorded)

---

*Expunged/Not recorded as ordered by the Chair.

STATEMENTS LAID ON THE TABLE OF THE HOUSE IN REPLY TO CALLL ATTENTION NOTICES

Chief Parliamentary Secretary (Sardar Gurcharan Singh Nihalsinghwala): Sir, I beg to lay on the Table of the House replies to Call Attention Notices No. 61 and 146.

(Serial No. 60)

Comrade Satya Pal Dang
Comrade Raj Kumar : to draw the attention of the Government towards a matter of urgent public importance, namely, that the Punjab State Electricity Board has issued termination notices to its as many as 10,000 work charge employees as a measure of victimisation for participation. in the strike on 9th January, 1974. Also the Board has refused to implement the decision/recommendations of the Electricity Wage Guidelines Committee set up by the Government.

These two decisions of the Board have led to serious discontentment amongst the Board employees and the unions have threatened direct action.

In view of the obvious urgent importance of the matter Government may please be asked to make a statement in the House.

Sardar Gurbaksh Singh Sibia (Minister of State for Irrigation and Power) : The Punjab State Electricity Board received notices for one day token strike for 9th January, 1974, from P.S.E.B. Employees Federation and Technical Services Union. The Board decided that no Casual Leave etc. for 9th January, 1974 should be granted to the employees concerned who might ask for such leave on that day. The Board also decided that, amongst other things, the services of adhoc and work charge employees who join the token strike on 9th January, 1974 would be terminated forthwith. In pursuance of this decision, some of the Field Officers concerned actually served notices of termination of services upon work charged employees. The number of such work-charged employees upon whom the notices were served for their participation in the token strike on 9th January, 1974 is as under :—

1.	Hoshiarpur Circle	.. 492 (Approx.)
2.	T.C.C. No. I, Patiala	.. Nil
3.	T.C.C. No. II, Patiala	.. Nil
4.	T.C.C. No. III, Patiala	.. Nil
5.	M & T. Circle, Patiala	.. Nil
6.	Generation Circle, Patiala	.. Nil
7.	Jullundur Circle	.. Nil
8.	Patiala Circle	.. Nil

Similar information in respect of Ludhiana, Amritsar, Gurdaspur, and Bhatinda operation circles is still awaited but the number is likely to be below 10,000.

2. The Board reconsidered the whole matter in the meeting of whole time members held on 28th February, 1974 and decided, on compassionate grounds, to vacate these orders. In view of this, the services of none of the work-charged employees stand terminated on this account.

3. It is not correct to say that the Board has refused to implement the decision/recommendations of the Electricity Wage Guidelines Committee set up by the Government. The whole matter is under consideration of the Board.

(ਕ੍ਰਮ ਨੰ: 146)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, 5 ਮਾਰਚ, 1974 ਨੂੰ ਜਦੋਂ ਕਿ 5 ਕਿਸਾਨ ਵੱਖ ਵੱਖ ਪਿੰਡਾਂ ਤੋਂ ਡੀਜ਼ਲ ਲੈਣ ਲਈ ਫਰੀਦਕੋਟ ਗਏ ਤਾਂ ਤੇਲ ਦੇ ਡੀਲਰਾਂ ਨੇ ਤੇਲ ਦੇਣ ਤੋਂ ਨਾਂਹ ਕਰ ਦਿਤੀ ਅਤੇ ਕੁਝ ਗੁੰਡਿਆਂ ਦੀ ਮਦਦ ਨਾਲ ਉਨ੍ਹਾਂ ਦੇ ਤੇਲ ਲਈ ਲਿਜਾਏ ਗਏ ਡਰੱਮ ਆਦਿ ਖੋਹ ਲਏ ਗਏ ਅਤੇ ਭੰਨ ਤੋੜ ਦਿੱਤੇ ਗਏ ਅਤੇ ਉਨ੍ਹਾਂ ਕਿਸਾਨਾਂ ਨੂੰ ਪੁਲਿਸ ਨੇ ਫੜਕੇ ਉਨ੍ਹਾਂ ਤੇ ਬਹੁਤ ਤਸ਼ੱਦਦ ਕੀਤਾ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਨਾਲ ਫਰੀਦਕੋਟ ਦੇ ਸਾਰੇ ਇਲਾਕੇ ਦੇ ਲੋਕ ਬਹੁਤ ਪਰੇਸ਼ਾਨ ਹਨ ਅਤੇ ਲੋਕਾਂ ਵਿਚ ਆਮ ਕਰਕੇ ਅਤੇ ਕਿਸਾਨਾਂ ਵਿਚ ਖਾਸ ਕਰਕੇ ਬਹੁਤ ਬੇਚੈਨੀ ਵਧ ਰਹੀ ਹੈ ਸਰਕਾਰ ਇਸ ਬਾਰੇ ਬਿਆਨ ਦੇਵੇ ।

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ): ਜਿਸ ਘਟਨਾ ਦਾ ਜ਼ਿਕਰ ਉਪ੍ਰੋਕਤ ਧਿਆਨ ਦਿਵਾਊ ਨੋਟਿਸ ਵਿਚ ਕੀਤਾ ਗਿਆ ਹੈ ਉਸ ਤਰ੍ਹਾਂ ਦੀ ਕੋਈ ਘਟਨਾ ਮਿਤੀ 5 ਮਾਰਚ, 1974 ਨੂੰ ਫਰੀਦਕੋਟ ਵਿਖੇ ਨਹੀਂ ਵਾਪਰੀ।

2. ਪ੍ਰੰਤੂ ਮਿਤੀ 4 ਮਾਰਚ, 1974 ਨੂੰ ਤਕਰੀਬਨ 200 ਕਿਸਾਨ ਤੇਲ ਲੈਣ ਲਈ ਫਰੀਦਕੋਟ ਗਏ। ਫ਼ਰੀਦਕੋਟ ਸ਼ਹਿਰ ਦੇ ਤੇਲ ਡੀਲਰਾਂ ਨੇ ਇਕ ਯੂਨੀਅਨ ਬਣਾਈ ਹੋਈ ਹੈ ਅਤੇ ਡੀਜ਼ਲ ਸ਼ਹਿਰ ਵਿਚ ਇਕ ਥਾਂ ਤੇ ਵੇਚਿਆ ਜਾਂਦਾ ਹੈ। ਇਸ ਲਈ ਇਹ ਕਿਸਾਨ ਸ਼ਾਮ ਲਾਲ ਦੀ ਦੁਕਾਨ ਦੇ ਸਾਹਮਣੇ ਇਕੱਠੇ ਹੋ ਗਏ। ਦੁਕਾਨਦਾਰ ਪਾਸ ਪਿਛਲੇ 4/5 ਦਿਨਾਂ ਤੋਂ ਕੋਈ ਤੇਲ ਨਹੀਂ ਆਇਆ ਸੀ। ਕਿਸਾਨਾਂ ਨੇ ਸ਼ਾਮ ਤੱਕ ਤੇਲ ਦੀ ਉਡੀਕ ਕੀਤੀ ਪ੍ਰੰਤੂ ਤੇਲ ਨਾ ਆਇਆ। ਜਦੋਂ ਕਿਸਾਨ ਪਿੰਡਾਂ ਨੂੰ ਤੁਰਨ ਲਗੇ ਤਾਂ ਉਹ ਜਾਂਦੇ ਹੋਏ ਦੁਕਾਨ ਦੇ ਸਾਹਮਣੇ ਪਏ 21 ਤੇਲ ਦੇ ਖਾਲੀ ਡਰੱਮ ਚੱਕ ਕੇ ਲੈ ਗਏ। ਇਸ ਸਬੰਧ ਵਿਚ ਦੁਕਾਨਦਾਰ ਦੀ ਰਿਪੋਰਟ ਤੇ ਮੁਕੱਦਮਾ ਨੰ: 36 ਮਿਤੀ 4 ਮਾਰਚ, 1974 ਅ/ਧ 379 ਆਈ. ਪੀ.ਸੀ. ਕੋਤਵਾਲੀ ਫ਼ਰੀਦਕੋਟ ਦਰਜ ਕੀਤਾ ਗਿਆ। ਇਸ ਸਬੰਧ ਵਿਚ 3 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਅਤੇ 3 ਖਾਲੀ ਡਰੱਮ ਬਰਾਮਦ ਕਰਵਾ ਲਏ ਗਏ। ਕੇਸ ਜ਼ੇਰੇ ਤਫਤੀਸ਼ ਹੈ।

3. ਦੁਕਾਨਦਾਰਾਂ ਪਾਸ ਨਾ ਤਾਂ ਸਟਾਕ ਵਿਚ ਤੇਲ ਸੀ ਅਤੇ ਨਾਂ ਹੀ ਉਨ੍ਹਾਂ ਨੇ ਤੇਲ ਦੇਣ ਤੋਂ ਨਾਂਹ ਕੀਤੀ ਸੀ, ਨਾਂ ਹੀ ਕਿਸੇ ਕਿਸਾਨ ਦਾ ਡਰੱਮ ਖੋਹਿਆ ਗਿਆ ਸੀ ਅਤੇ ਨਾ ਹੀ ਪੁਲਿਸ ਵਲੋਂ ਉਨ੍ਹਾਂ ਤੇ ਕੋਈ ਤਸ਼ੱਦਦ ਕੀਤਾ ਗਿਆ ਸੀ। ਫ਼ਰੀਦਕੋਟ ਦੇ ਇਲਾਕੇ ਵਿਚ ਅਮਨ ਅਮਾਨ ਹੈ ਅਤੇ ਕੋਈ ਬੇਚੈਨੀ ਨਹੀਂ ਪਾਈ ਜਾਂਦੀ।

PRESENTATION OF REPORTS

Chairman, Estimates Committee (Dr. Amir Singh Kalkat) : Sir, I beg to present the Report of the Estimates Committee for the year 1973-74.

Chairman, Committee on Public Undertakings (Comrade Satya Pal Dang): Sir, I beg to present the Fifth Report of the Committee on Public Undertakings.

MOTION UNDER RULE 16

Revenue and Election Minister (Sardar Umrao Singh): Sir, I beg to move—

> That the Assembly at its rising on the 15th March, 1974, shall stand adjourned *sine-die.*

Mr. Speaker : Motion moved—

> That the Assembly at its rising on the 15th March, 1974, shall stand adjourned *sine-die.*

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਇਹ ਜਿਹੜੀ ਮੋਸ਼ਨ 15 ਮਾਰਚ ਤੋਂ ਬਾਅਦ ਅਸੈਂਬਲੀ ਦੇ ਇਜਲਾਸ ਨੂੰ ਮੁਲਤਵੀ ਕਰਨ ਲਈ ਆਈ ਹੈ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ। ਇਸ ਦਾ ਕਾਰਣ ਇਹ ਹੈ ਕਿ ਕਲ ਸ਼ਾਮ ਨੂੰ 7, 8 ਵਜੇ ਦੇ ਕਰੀਬ 8, 10 ਨਵੇਂ ਬਿਲ ਜਿਹੜੇ ਕਿ ਅੱਜ ਦੇ ਅਜੰਡੇ ਤੇ ਚੜ੍ਹਾ ਦਿੱਤੇ ਗਏ ਹਨ, ਉਹ ਸਾਨੂੰ ਮਿਲੇ ਹਨ। ਇਹ ਬਹੁਤ ਅਹਿਮ ਬਿਲ ਹਨ, ਜਿਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਉਹ ਅੱਜ ਹੀ ਇੰਟਰੋਡਿਊਸ ਕੀਤੇ ਜਾਣਗੇ, ਅੱਜ ਹੀ ਡਿਸਕਸ਼ਨ ਕਰਾਈ ਜਾਵੇਗੀ ਅਤੇ ਅੱਜ ਹੀ ਪਾਸ ਕੀਤੇ ਜਾਣਗੇ। ਮਿਊਂਸਪਲ ਐਕਟ ਨੂੰ ਅਮੈਂਡ ਕਰਨ ਵਾਲਾ ਬਿਲ ਪਰਸੋਂ ਮਿਲਿਆ। ਇੰਪਰੂਵਮੈਂਟ ਟਰੱਸਟ ਦੀ ਅਮੈਂਡਮੈਂਟ ਬਾਰੇ ਬਿਲ ਰਾਤ ਨੂੰ ਮਿਲਿਆ। ਐਗਰੀਕਲਚਰਲ ਪ੍ਰੋਡਿਊਸ ਮਾਰਕਿਟਿੰਗ ਬਿਲ ਰਾਤ ਨੂੰ ਮਿਲਿਆ। ਕਾਲਜ ਟੀਚਰਜ਼ ਸਿਕਿਉਰਟੀ ਆਫ ਸਰਵਿਸ ਬਿਲ ਰਾਤ ਨੂੰ ਮਿਲਿਆ। ਮੋਟਰ ਟਰਾਂਸਪੋਰਟ ਅਤੇ ਸੇਲਜ਼ ਟੈਕਸ ਦਾ ਬਿਲ ਵੀ ਸਾਨੂੰ ਰਾਤ ਨੂੰ ਮਿਲਿਆ। ਇਹ ਅੱਜ ਦੇ ਅਜੰਡੇ ਤੇ ਚੜ੍ਹਾ ਵੀ ਦਿੱਤੇ ਗਏ ਹਨ। ਇਹ ਕਾਲਜ ਟੀਚਰਜ਼ ਦੀ ਸਿਕਉਰਿਟੀ ਆਫ ਸਰਵਿਸ ਬਿਲ ਇੰਟਰੋਡਿਊਸ ਹੋਣਾ ਹੈ। ਬਾਕੀ ਸਾਰੇ ਬਿਲ ਅੱਜ ਇਸ ਅਸੈਂਬਲੀ ਨੇ ਪਾਸ ਕਰਨੇ ਹਨ। ਸਪੀਕਰ ਸਾਹਿਬ, ਪੰਜਾਬ ਦੀ ਜਨਤਾ ਨਾਲ ਇਹ ਬਹੁਤ ਜ਼ਿਆਦਾ ਧੱਕਾ ਹੋਵੇਗਾ ਅਗਰ ਇਹ ਸਾਰੇ ਬਿਲ ਅੱਜ ਹੀ ਪਾਸ ਕਰ ਦਿੱਤੇ ਜਾਣ। ਇਹ ਸਾਰੇ ਅਮੈਂਡਿੰਗ ਬਿਲ ਹਨ। ਇਹ ਮੈਨੂੰ ਰਾਤ ਨੂੰ ਮਿਲੇ ਹਨ। ਕੀ ਮੈਂ ਰਾਤ ਨੂੰ ਲਾਇਬ੍ਰੇਰੀਅਨ ਨੂੰ ਘਰੋਂ ਬੁਲਾਉਂਦਾ ਕਿ ਪ੍ਰਿੰਸੀਪਲ ਬਿਲ ਕੱਢ ਦੇਵੇ। ਅਮੈਂਡਿੰਗ ਬਿਲ ਦਾ ਮਤਲਬ ਕੀ ਹੋਇਆ ? ਉਹ ਸਮਝ ਕੇ ਫਿਰ ਅਮੈਂਡਮੈਂਟ ਦਿਓ। ਆਪਣੀ ਪਾਰਟੀ ਮੀਟਿੰਗ ਕਰਕੇ ਰਾਏ ਬਣਾਉਂਦਾ ਕਿ ਕੋਈ ਅਮੈਂਡ-ਮੈਂਟ ਦੇਣੀ ਹੈ। ਉਹ ਫਿਰ ਡਰਾਫਟ ਕਰਕੇ ਅਸੀਂ ਦਿੰਦੇ। ਮੈਂ ਤੁਹਾਡਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੇ ਰੂਲਜ਼ ਵਿਚ ਇਹ ਲਿਖਿਆ ਹੈ:

> "Provided that no so such motion shall be made until after copies of the Bill have been made available for the use of members, and that any member may object to any such motion being made unless copies of the Bill have been so made available for five clear days before the day on which the motion is made and such objection shall prevail unless the Speaker allows the motion to be made".

ਸਪੀਕਰ ਸਾਹਿਬ, ਤੁਹਾਨੂੰ ਪੂਰਾ ਅਖ਼ਤਿਆਰ ਹੈ, ਸਵਾਲ ਤਾਂ ਇਹ ਹੈ ਕਿ ਰਾਤ ਨੂੰ ਇਹ ਸਾਨੂੰ ਬਿਲ ਦਿੱਤੇ ਗਏ, ਸਾਰੇ ਮੈਂਬਰ ਇਨ੍ਹਾਂ ਬਿਲਾਂ ਨੂੰ ਨਹੀਂ ਸਮਝ ਸਕੇ। ਬਿਲਾਂ ਦਾ ਪ੍ਰਿੰਸੀਪਲ ਐਕਟ ਸਾਡੇ ਕੋਲ ਹੈ ਨਹੀਂ। ਰਾਤ ਨੂੰ ਲਾਇਬ੍ਰੇਰੀ ਬੰਦ ਹੁੰਦੀ ਹੈ। ਮੈਂ ਇਸ ਬਾਰੇ ਤੁਹਾਨੂੰ ਪੜ੍ਹ ਕੇ ਸੁਣਾਉਂਦਾ ਹਾਂ :

> If any member is unacquainted with English, the Secretary, if requested by him, with the permission of the Speaker, shall cause the Bill to be translated into Hindi or Punjabi, as the case may be.

[ਕਾਮਰੇਡ ਸੱਤਪਾਲ ਡਾਂਗ]

ਸਪੀਕਰ ਸਾਹਿਬ, ਮੈਨੂੰ ਪਤਾ ਨਹੀਂ ਇਹ ਸਾਰੇ ਮੈਂਬਰ ਅੰਗ੍ਰੇਜ਼ੀ ਪੜ੍ਹੇ ਹੋਣਗੇ ਕਿ ਨਹੀਂ । ਜਿਹੜੇ ਅੰਗ੍ਰੇਜ਼ੀ ਨਹੀਂ ਜਾਣਦੇ ਉਨ੍ਹਾਂ ਨੇ ਇਨ੍ਹਾਂ ਬਿਲਾਂ ਦੀ ਪੰਜਾਬੀ ਕਰਨ ਵਾਸਤੇ ਸੈਕਟਰੀ ਸਾਹਿਬ ਨੂੰ ਰਿਕੁਐਸਟ ਕਰਨੀ ਹੈ, ਫਿਰ ਉਹ ਪੰਜਾਬੀ ਵਿਚ ਟਰਾਂਸਲੇਟ ਕਰਵਾ ਕੇ ਦੇਣਗੇ । ਕਲ੍ਹ ਤੁਸੀਂ ਹਾਊਸ ਸਾਈਨੇਡਾਈ ਐਡਜਰਨ ਕਰ ਦੇਣਾ ਹੈ, ਇਸ ਵਾਸਤੇ, ਸਪੀਕਰ ਸਾਹਿਬ, ਇਨ੍ਹਾਂ ਬਿਲਾਂ ਤੇ ਮੈਂਬਰ ਕਦ ਵਿਚਾਰ ਕਰਨਗੇ । ਇਸ ਲਈ, ਮੈਂ ਇਸ ਮੋਸ਼ਨ ਦੀ ਵਿਰੋਧਤਾ ਕਰਦਾ ਹਾਂ ਅਤੇ ਅਸੀਂ ਇਸ ਦੇ ਅਗੇਂਸਟ ਵੋਟਿੰਗ ਕਰਾਂਗੇ ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਇਨ੍ਹਾਂ ਬਿਲਾਂ ਨੂੰ ਇੰਟਰੋਡਿਊਸ ਅੱਜ ਕਰਵਾ ਲਵੋ, ਪਰ ਇਨ੍ਹਾਂ ਨੂੰ ਪਾਸ ਕਰਨ ਵਾਸਤੇ ਅੰਮ੍ਰਿਤਸਰ ਦੀਆਂ ਇਲੈਕਸ਼ਨਾਂ ਤੋਂ ਬਾਅਦ ਫਿਰ 3, 4 ਦਿਨ ਦਾ ਸੈਸ਼ਨ ਰਖ ਲੈਣਾ । ਇਨ੍ਹਾਂ (ਕਾਂਗਰਸੀਆਂ) ਨੇ ਅੰਮ੍ਰਿਤਸਰ ਜਾਣਾ ਹੈ, ਅਕਾਲੀ ਪਾਰਟੀ ਵਾਲਿਆਂ ਨੇ ਵੀ ਜਾਣਾ ਹੈ, ਕਿਉਂਕਿ ਇਲੈਕਸ਼ਨ ਕਮਿਸ਼ਨ ਨੇ 24 ਤਾਰੀਖ ਨਿਯਤ ਕੀਤੀ ਹੈ। ਸਪੀਕਰ ਸਾਹਿਬ, ਮੈਂ ਫਿਰ ਕਹਿੰਦਾ ਹਾਂ ਕਿ ਇਨ੍ਹਾਂ ਬਿਲਾਂ ਤੇ ਡਿਸਕਸ਼ਨ ਕਰਨ ਵਾਸਤੇ ਅਤੇ ਪਾਸ ਕਰਨ ਵਾਸਤੇ 27, 28 ਤਾਰੀਖ ਜਾਂ 3, 4 ਦਿਨਾਂ ਲਈ ਸੈਸ਼ਨ ਫਿਰ ਰਖ ਲੈਣਾ ਤਾਕਿ ਅਸੀਂ ਜਿਹੜੀਆਂ ਅਮੈਂਡਮੈਂਟਾਂ ਦੇਣੀਆਂ ਹਨ, ਉਹ ਵੀ ਦੇ ਸਕੀਏ। (ਸ਼ੋਰ)

ਸਰਦਾਰ ਹਰਬੰਸ ਸਿੰਘ ਜ਼ਲਾਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ, ਇਕ ਐਡਜਰਨਮੈਂਟ ਮੋਸ਼ਨ ਸੀ, ਅਤੇ ਇਕ ਅੱਜ ਮੈਂ ਪਰਿਵਿਲੇਜ ਮੋਸ਼ਨ ਵੀ ਦਿੱਤੀ ਸੀ, ਉਹ ਤੁਹਾਡੀ ਮਰਜ਼ੀ ਹੈ ਅਲਾਉ ਕਰੋ ਜਾਂ ਨਾ ਕਰੋ। ਪਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ...... (ਸ਼ੋਰ)

ਸ੍ਰੀ ਸਪੀਕਰ : ਤੁਸੀਂ ਬੈਠ ਜਾਉ, ਪਰੋਸੀਡਿੰਗਜ਼ ਨੂੰ ਇੰਟਰੱਪਟ ਨਾ ਕਰੋ । ਤੁਸੀਂ ਗੱਲ ਕਹਿ ਲਈ ਹੈ, ਤੁਹਾਡੀ ਪਰਿਵਿਲਜ ਮੋਸ਼ਨ ਮੈਂ ਵੇਖ ਲਵਾਂਗਾ। (ਸ਼ੋਰ)

(Please resume your seat. Do not interrupt the proceedings. You have raised your point of order. I will examine it.) (*Noise*)

(ਇਸ ਵੇਲੇ ਅਕਾਲੀ ਬੈਂਚਿਜ਼ ਤੋਂ ਬਹੁਤ ਸ਼ੋਰ ਪੈ ਰਿਹਾ ਸੀ)

ਸਰਦਾਰ ਹਰਬੰਸ ਸਿੰਘ ਜ਼ਲਾਲ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਸੀ ਉਹ ਤੁਸੀਂ ਐਡਮਿਟ ਵੀ ਕਰ ਲਈ ਸੀ (ਸ਼ੋਰ)।

ਸ੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ। ਇਸ ਵੇਲੇ ਸਾਇਨੇਡਾਈ ਦੀ ਮੋਸ਼ਨ ਤੇ ਗਲ ਹੋ ਰਹੀ ਹੈ।

(Please resume your seat. Now the motion for adjournment of the House *sine-die* is under consideration.)

ਸਰਦਾਰ ਹਰਬੰਸ ਸਿੰਘ ਜ਼ਲਾਲ : ਸਪੀਕਰ ਸਾਹਿਬ, ਤੁਸੀਂ ਮੇਰੀ ਗੱਲ ਨਹੀਂ ਸੁਣਦੇ। ਮੈਂ ਇਹ ਕਾਲ ਅਟੈਨਸ਼ਨ ਮੋਸ਼ਨ ਸਦਨ ਦੀ ਮੇਜ਼ ਤੇ ਰਖਦਾ ਹਾਂ।

ਸ੍ਰੀ ਸਪੀਕਰ : ਤੁਸੀਂ ਇਹ ਚੇਅਰ ਦੀ ਪ੍ਰਮਿਸ਼ਨ ਬਿਨਾ ਮੇਜ਼ ਤੇ ਨਹੀਂ ਰਖ ਸਕਦੇ।

(You can not place it on the Table of the House without the permission of the Chair)

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ, ਐਸ. ਸੀ.) : ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਇਹ ਹੈ ਕਿ ਇਹ ਜਿਹੜੀ ਮੋਸ਼ਨ ਹਾਊਸ ਦੇ ਸਾਹਮਣੇ ਹੈ, ਮੈਂ ਇਸ ਮੋਸ਼ਨ ਦੀ ਵਿਰੋਧਤਾ ਕਰਦਾ ਹਾਂ। ਉਸ ਦਾ ਕਾਰਨ ਇਹ ਹੈ ਕਿ ਇਹ ਜਿਹੜਾ ਬਜਟ ਸੈਸ਼ਨ ਹੈ, ਇਹ ਸਰਕਾਰ ਨੇ ਪਹਿਲੇ ਤੋਂ ਬਹੁਤ ਛੋਟਾ ਕੀਤਾ ਹੈ। ਇਸ ਵਾਸਤੇ , ਅਸੀਂ ਆਪ ਨੂੰ ਕਈ ਵਾਰ ਬੇਨਤੀ ਕੀਤੀ ਹੈ ਅਤੇ ਤੁਸੀਂ ਵੀ ਕਹਿੰਦੇ ਸੀ ਕਿ ਇਹ ਸੈਸ਼ਨ ਵੱਡਾ ਹੋਣਾ ਚਾਹੀਦਾ ਹੈ। ਪਰ ਸਰਕਾਰ ਨੇ ਆਪਣੀ ਮਜਬੂਰੀ ਜ਼ਾਹਰ ਕੀਤੀ ਹੈ। ਇਨ੍ਹਾਂ ਨੇ 10 ਦਿਨਾਂ ਵਾਸਤੇ ਅੰਮ੍ਰਿਤਸਰ ਜਾਣਾ ਹੈ (ਸ਼ੋਰ)

ਸ੍ਰੀ ਸਪੀਕਰ : ਇਹ ਤੁਹਾਡੀ ਮਰਜ਼ੀ ਨਾਲ ਹੋਇਆ ਸੀ ਅਤੇ ਤੁਸੀਂ ਇਸ ਤੇ ਐਗਰੀ ਕੀਤਾ ਸੀ। (It was decided upon with your consent.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਦੱਸ ਰਿਹਾ ਸੀ ਇਨ੍ਹਾਂ ਨੇ ਮਜ਼ਬੂਰੀ ਜ਼ਾਹਰ ਕੀਤੀ ਹੈ। ਇਨ੍ਹਾਂ ਨੇ ਕਿਹਾ ਸੀ ਕਿ ਅੰਮ੍ਰਿਤਸਰ ਜਾਣਾ ਹੈ, ਉਥੇ ਇਲੈਕਸ਼ਨ ਹੈ, ਇਸ ਵਾਸਤੇ ਹਾਲੇ 15 ਤਾਰੀਖ ਤਕ ਕਰ ਲਵੋ, ਉਸ ਤੋਂ ਬਾਅਦ ਫਿਰ ਵਿਚਾਰ ਕਰ ਲਵਾਂਗੇ। ਇਸ ਗੱਲ ਨੂੰ ਅਸੀਂ ਐਗਰੀ ਕਰ ਲਿਆ ਸੀ। ਕਿਉਂਕਿ ਅਸੀਂ ਵੀ ਅੰਮ੍ਰਿਤਸਰ ਜਾਣਾ ਹੈ, ਇਨ੍ਹਾਂ ਦੀ ਸੇਵਾ ਤਾਂ ਜ਼ਰੂਰ ਕਰਨੀ ਹੈ । ਅਸੀਂ ਇਤਨੀ ਵੀ ਬੇਨਤੀ ਕੀਤੀ ਸੀ ਕਿ 15 ਤਾਰੀਖ ਤਕ ਜਿੰਨਾਂ ਬਿਜਨਸ ਹੁੰਦਾ ਹੈ ਉਹ ਕਰ ਲਵੋ ਉਸ ਤੋਂ ਬਾਅਦ ਕਿਸਮਤ ਅਜ਼ਮਾਈ ਅਸੀਂ 25 ਤਾਰੀਖ ਨੂੰ ਅੰਮ੍ਰਿਤਸਰ ਕਰ ਲਵਾਂਗੇ।

ਸਪੀਕਰ ਸਾਹਿਬ, 8, 10 ਬਿਲ ਅੱਜ ਪਾਸ ਹੋਣੇ ਹਨ, ਇਸ ਵਿਚ ਕੋਈ ਵੀ ਮੈਂਬਰ ਹਿੱਸਾ ਨਹੀਂ ਲੈ ਸਕਦਾ। ਸਪੀਕਰ ਸਾਹਿਬ, ਇਨ੍ਹਾਂ ਬਿਲਾਂ ਦੀਆਂ ਪੰਜਾਬੀ ਦੀਆਂ ਕਾਪੀਆਂ ਕਈ ਮੈਂਬਰ ਸਾਹਿਬਾਨ ਨੂੰ ਅੱਜ ਸਵੇਰੇ ਹੀ ਮਿਲੀਆਂ ਹਨ ਅਤੇ ਮੈਨੂੰ ਤਾਂ ਹੁਣ ਤਕ ਵੀ ਨਹੀਂ ਮਿਲੀਆਂ। ਸਾਡੇ ਕਈ ਮੈਂਬਰ ਐਸੇ ਹਨ, ਜਿਸ ਤਰ੍ਹਾਂ ਕਿ ਸਰਦਾਰ ਧੰਨਾ ਸਿੰਘ ਗੁਲਸ਼ਨ, ਸਰਦਾਰ ਗੁਰਦੇਵ ਸਿੰਘ ਬਾਦਲ, ਸਰਦਾਰ ਕੁੰਦਨ ਸਿੰਘ ਪਤੰਗ, ਜਿਹੜੇ ਕਿ ਪੰਜਾਬੀ ਹੀ ਜਾਣਦੇ ਹਨ (ਸ਼ੋਰ) ਉਨ੍ਹਾਂ ਨੂੰ ਪੰਜਾਬੀ ਦੀਆਂ ਕਾਪੀਆਂ ਨਹੀਂ ਮਿਲੀਆਂ ਔਰ ਕਾਪੀਆਂ ਮਿਲ ਜਾਣ ਤੇ 2 ਦਿਨ ਤਕ ਅਸੀਂ ਅਮੈਂਡਮੈਂਟ ਦੇ ਸਕਦੇ ਹਾਂ । (ਸ਼ੋਰ)

ਸਪੀਕਰ ਸਾਹਿਬ, ਇਸ ਤੋਂ ਇਲਾਵਾ ਇਹ ਜਿਹੜਾ ਟੀਚਰਜ਼ ਦੀ ਸੀਕਿਉਰਿਟੀ ਦਾ ਬਿਲ ਹੈ, ਇਹ ਸਿਰਫ਼ ਇੰਟਰੋਡਿਊਸ ਹੀ ਹੋ ਰਿਹਾ ਹੈ। ਇਹ ਤਾਂ ਬਿਲ ਦੀ ਪਹਿਲੀ ਸਟੇਜ ਹੈ। ਇਸ ਦਾ ਮਤਲਬ ਇਹ ਹੈ ਕਿ ਸਰਕਾਰ ਇਸ ਬਿਲ ਦੀ ਦੂਜੀ ਅਤੇ ਤੀਜੀ ਸਟੇਜ ਲਿਆਉਣਾ ਨਹੀਂ ਚਾਹੁੰਦੀ। ਔਰ ਕੱਲ ਇਹ ਸਾਇਨੇਡਾਈ ਕਰ ਕੇ ਭਜ ਜਾਣਗੇ । ਇਹ ਪੰਜਾਬ ਦੇ ਕਾਲਜ ਦੇ ਟੀਚਰਜ਼ ਨੂੰ ਵਾਇਦਾ ਕਰਕੇ ਆਏ ਹਨ। ਇਹ ਬਿਲ ਸੈਸ਼ਨ ਵਿਚ ਲੈ ਆਵਾਂਗੇ, ਪਰ ਬਿਲ ਇੰਟਰੋਡਿਊਸ ਕਰਨ ਦਾ ਮਤਲਬ ਇਹ ਨਹੀਂ ਕਿ ਇਹ ਇਸ ਸੈਸ਼ਨ ਵਿਚ ਪਾਸ ਹੋ ਜਾਵੇਗਾ ।

ਸਪੀਕਰ ਸਾਹਿਬ, ਜੇ ਉਹ ਬਿੱਲ ਪਾਸ ਨਹੀਂ ਹੋਣਾ ਕਿਉਂਕਿ ਲਿਸਟ ਆਫ਼ ਬਿਜ਼ਨਸ ਵਿਚ ਲਿਖਿਆ ਹੋਇਆ ਹੈ :

> "A Minister to introduce the Punjab Aided Colleges (Security of Service of Teachers) Bill."

ਇਸ ਵਿਚ ਨਾਂ ਤਾਂ ਲਿਖਿਆ ਹੋਇਆ ਹੈ ਕਿ ਇਹ ਕਨਸਿਡਰ ਹੋਵੇਗਾ ਔਰ ਨਾ ਹੀ ਲਿਖਿਆ ਹੋਇਆ ਹੈ ਕਿ ਪਾਸ ਹੋਵੇਗਾ । ਜਨਾਬ ਜੇਕਰ ਇਤਨੀ ਗੱਲ ਕਰ ਕੇ ਪੰਜਾਬ ਦੇ ਟੀਚਰਾਂ ਨਾਲ ਲਾਰਾ ਲੱਪਾ ਲਗਾ ਕੇ ਔਰ ਡੰਗ ਟਪਾ ਕੇ ਭੱਜਣਾ ਹੈ ਤਾਂ ਮਾੜੀ ਗੱਲ ਹੈ । ਮੈਂ, ਸਪੀਕਰ

[ਸਰਦਾਰ ਅਜਾਇਬ ਸਿੰਘ ਸੰਧੂ]

ਸਾਹਿਬ, ਇਤਨੀ ਹੀ ਬੇਨਤੀ ਕਰਨੀ ਹੈ ਕਿ 24 ਤਾਰੀਖ ਤੋਂ ਬਾਅਦ ਸੈਸ਼ਨ ਕਰ ਲਵੋ, ਕਾਹਲੀ ਨਾ ਕਰੋ। ਅਸੀਂ ਅੱਜ ਵੀ ਬੈਠਣ ਨੂੰ ਤਿਆਰ ਹਾਂ। ਇਕ ਪਾਸ ਕਰੋ, ਦੋ ਪਾਸ ਕਰੋ। ਅਸੀਂ ਰਾਤ ਤੱਕ ਬੈਠਣ ਲਈ ਤਿਆਰ ਹਾਂ, ਪਰ ਸਰਕਾਰ ਨੂੰ ਭੱਜਣਾ ਨਹੀਂ ਚਾਹੀਦਾ। ਇਸ ਲਈ, ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਕਹੋ ਕਿ ਬਿਲ ਪਾਸ ਕਰਨ ਤੋਂ ਬਾਅਦ ਇਹ ਹਾਈ ਕੋਰਟ ਵਿਚ ਵੀ ਜਾਣੇ ਹਨ, ਇਸ ਕਰਕੇ ਤੁਸੀਂ ਕਾਹਲੀ ਨਾ ਕਰੋ। ਤੁਹਾਡਾ ਹਰ ਕਾਨੂੰਨ ਹਾਈ ਕੋਰਟ ਵਿਚ ਸਟਰਾਈਕ ਡਾਊਨ ਹੋ ਜਾਂਦਾ ਹੈ। ਇਸ ਕਰਕੇ ਕਾਹਲੀ ਨਾ ਕਰੋ। ਇਹ ਡੇਟ ਫਿਕਸ ਕਰ ਦਿਓ ਕਿ ਹਾਊਸ 25 ਤਾਰੀਖ ਤੋਂ ਬਾਅਦ ਮੀਟ ਕਰੇਗਾ।

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, ਤੁਸੀਂ ਰਾਈਟਲੀ ਕਿਹਾ ਸੀ ਕਿ ਸੰਧੂ ਸਾਹਿਬ ਜੋ ਗੱਲਾਂ ਬਿਜ਼ਨਸ ਐਡਵਾਈਜ਼ਰੀ ਕਮੇਟੀ ਵਿਚ ਮੰਨ ਕੇ ਆਏ ਹਨ ਉਨ੍ਹਾਂ ਦੀ ਵਿਰੋਧਤਾ ਕਰਦੇ ਹਨ।

ਸਰਦਾਰ ਅਜਾਇਬ ਸਿੰਘ ਸੰਧੂ: ਪਰ ਇਸ ਤਰ੍ਹਾਂ ਤੁਸੀਂ ਭੱਜ ਨਹੀਂ ਸਕਦੇ।

ਮਾਲ ਅਤੇ ਚੋਣ ਮੰਤਰੀ: ਸੰਧੂ ਸਾਹਿਬ, ਤੁਸੀਂ ਬੈਠ ਨਹੀਂ ਸਕਦੇ, ਸਪਰਿੰਗ ਲਗੇ ਹੋਏ ਹਨ ਤੁਹਾਡੀ ਸੀਟ ਨੂੰ ? ਕਹੋ ਤਾਂ ਅਸੀਂ ਤੁਹਾਡੀ ਸੀਟ ਬਦਲ ਦਿੰਦੇ ਹਾਂ। (ਹਾਸਾ)

(ਸਰਦਾਰ ਦਰਬਾਰਾ ਸਿੰਘ ਜੀ ਵਲੋਂ ਵਿਘਨ)

ਮਾਲ ਅਤੇ ਚੋਣ ਮੰਤਰੀ: ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਲੈਜਿਸਲੇਟਿਵ ਬਿਜ਼ਨਸ ਦੋ ਦਿਨ ਰੱਖਿਆ ਸੀ। ਸੰਧੂ ਸਾਹਿਬ ਕਹਿਣ ਲਗੇ ਕਿ ਸੈਚਰਡੇ ਨੂੰ ਸੈਸ਼ਨ ਨਹੀਂ ਹੋਣਾ ਚਾਹੀਦਾ ਔਰ ਸੈਕੰਡ ਸਿਟਿੰਗ ਨਹੀਂ ਹੋਣੀ ਚਾਹੀਦੀ। ਸਪੀਕਰ ਸਾਹਿਬ, ਸਿਰਫ਼ ਇਕ ਬਿੱਲ ਹੈ ਲੰਬਾ, ਜਿਹੜਾ ਕਿ ਟੀਚਰਾਂ ਦੀ ਸਿਕਿਉਰਿਟੀ ਦੇ ਬਾਰੇ ਹੈ, ਬਾਕੀ ਬਿਲ ਤਾਂ ਪੰਦਰਾਂ ਵੀਹ ਮਿਟਾਂ ਤੋਂ ਜ਼ਿਆਦਾ ਨਹੀਂ ਲੈਣ ਵਾਲੇ। ਮੈਂ ਕਹਿੰਦਾ ਹਾਂ ਸਰਕਾਰ ਭੱਜਣ ਨੂੰ ਤਿਆਰ ਨਹੀਂ ਹੈ ਪਰ ਮੈਂਬਰਜ਼ ਭੱਜਣ ਨੂੰ ਤਿਆਰ ਹਨ। ਇਸ ਲਈ ਅਸੀਂ ਪਾਸ ਕਰਨ ਨੂੰ ਤਿਆਰ ਹਾਂ। ਇਹ ਤਾਂ ਸਾਰੀ ਚੀਜ਼ ਹੀ ਮੈਂਬਰਾਂ ਦੀ ਸਹੂਲਤ ਵਾਸਤੇ ਰਖੀ ਹੈ। ਜੇਕਰ ਅੱਜ ਹੀ ਸਾਰੇ ਬਿੱਲ ਪਾਸ ਹੋ ਜਾਣ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਜਿਥੋਂ ਤਕ ਬਾਕੀ ਬਿੱਲਾਂ ਦਾ ਤੁਅੱਲਕ ਹੈ, ਉਹ ਤਾਂ ਛੋਟੇ ਛੋਟੇ ਹਨ ਔਰ ਉਨ੍ਹਾਂ ਵਿਚ ਕੋਈ ਵੀ ਅਜਿਹੀ ਚੀਜ਼ ਨਹੀਂ ਹੈ ਜਿਹੜੀ ਕਿ ਕੰਨਟਰੋਵਰਸ਼ੀਅਲ ਹੋਵੇ। ਕੁਝ ਤਾਂ ਆਰਡੀ-ਨੈਂਸ ਹੋ ਗਏ ਹਨ ਔਰ ਉਹ ਸਾਰਿਆਂ ਨੇ ਪੜ੍ਹ ਹੀ ਲਏ ਹੋਣੇ ਹਨ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਫਾਇਨੈਂਸ ਮਨਿਸਟਰ ਸਾਹਿਬ ਨੇ ਮੈਂਬਰਜ਼ ਦੇ ਲੰਚ ਦਾ ਵੀ ਇੰਤਜ਼ਾਮ ਕਰ ਦਿਤਾ ਹੈ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਸਾਬਕਾ ਸਪੀਕਰ ਸਾਹਿਬ ਦੀ ਮੇਹਰਬਾਨੀ ਨਾਲ ਸਰਕਾਰ ਨੂੰ ਸਾਰੀ ਰਾਤ ਤੱਕ ਬੈਠਣਾ ਪੈਂਦਾ ਸੀ, ਔਰ ਅਸੀਂ ਕੰਮ ਵੀ ਕਰਦੇ ਸੀ। ਮੇਰੀ ਗੁਜ਼ਾਰਿਸ਼ ਹੈ ਕਿ ਸਾਨੂੰ ਕੰਮ ਕਰਨਾ ਚਾਹੀਦਾ ਹੈ। ਪਿੰਡਾਂ ਦੇ ਮਜ਼ਦੂਰ ਜਿਨ੍ਹਾਂ ਦੇ ਕਿ ਅਸੀਂ ਨੁਮਾਇੰਦੇ ਹਾਂ, ਉਹ ਅੱਠ ਘੰਟੇ ਕੰਮ ਕਰਦੇ ਹਨ ਤਾਂ ਸਾਨੂੰ ਉਨ੍ਹਾਂ ਜਿਤਨਾ ਨਹੀਂ ਤਾਂ ਕੁਝ ਥੋੜ੍ਹਾ ਕੰਮ ਤਾਂ ਜ਼ਰੂਰ ਕਰਨਾ ਚਾਹੀਦਾ ਹੈ। ਜੇਕਰ ਇਹ ਕਹਿਣ ਤਾਂ ਟੀਚਰਾਂ ਦੀ ਸਿਕਿਉਰਿਟੀ ਦਾ ਬਿੱਲ ਵੀ ਪਾਸ ਕਰਵਾ ਲਵਾਂਗੇ।

ਸ੍ਰੀ ਸਪੀਕਰ: ਹਾਊਸ ਦੀ ਗਿਆਤ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਪ੍ਰੈਸੀਡੈਂਟਸ ਹਨ ਕਿ ਜਿਸ ਦਿਨ ਬਿੱਲਾਂ ਨੂੰ ਪ੍ਰਿੰਟ ਕਰਵਾ ਕੇ ਉਨ੍ਹਾਂ ਦੀਆਂ ਕਾਪੀਆਂ ਦਿਤੀਆਂ ਗਈਆਂ, ਔਰ ਉਸੇ ਦਿਨ ਹੀ ਉਹ ਪੇਸ਼ ਹੋਏ ਔਰ ਪਾਸ ਹੋਏ। ਪੰਜਾਬ ਕੈਟਲ ਬਿਲ 21 ਮਈ, 1968 ਨੂੰ ਪੇਸ਼ ਹੋਇਆ ਔਰ ਪਾਸ ਹੋਇਆ। ਇਸ ਤਰ੍ਹਾਂ ਹੀ ਮੈਂਬਰਜ਼ ਅਲਾਊਂਸਿਜ਼ ਦਾ ਬਿੱਲ 21 ਨੂੰ ਪੇਸ਼ ਕੀਤਾ ਔਰ ਉਸੇ ਦਿਨ ਪਾਸ ਹੋ ਗਿਆ। ਸੰਨ 1968 ਵਿਚ ਇਸ ਤਰ੍ਹਾਂ ਦੀਆਂ ਮਿਸਾਲਾਂ ਮਿਲਦੀਆਂ ਹਨ, 1972

ਵਿਚ ਵੀ ਮਿਲਦੀਆਂ ਹਨ ਔਰ ਸੰਨ 1973 ਵਿਚ ਵੀ ਮਿਲਦੀਆਂ ਹਨ। ਕਿਉਂਕਿ ਮਿਸਾਲਾਂ ਇਸ ਤਰ੍ਹਾਂ ਦੀਆਂ ਮਿਲਦੀਆਂ ਹਨ; ਇਸ ਲਈ ਹੁਣ ਮੈਂ ਕੁਐਸਚਨ ਪੁਟ ਕਰਾਂਗਾ। ((For the information of the House, I want to say that there are precedents where the bills were introduced and passed the same day on which the printed copies of the bills were supplied to the Ministers. Punjab Cattle Bill which was placed before the House on 21st May, 1968 was passed on the same day. Similarly, the Allowances of Members Bill was placed before the House on 21st and on the same day it was passed. During the years 1968, 1972 and 1973 there are more such instances. There are such precedents. I will, therefore, now put the question.) (*Interruption.*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਰਦਾਰ ਉਮਰਾਓ ਸਿੰਘ ਜੀ ਕਾਫ਼ੀ ਤਿਆਰੀ ਕਰ ਕੇ ਆਏ ਹੁੰਦੇ ਹਨ, ਇਨ੍ਹਾਂ ਨੂੰ ਕਿਸੇ ਉਪਰ ਬੈਠੇ ਵਕੀਲ ਦੀ ਲੋੜ ਨਹੀਂ ਹੈ। ਤੁਸੀਂ ਜਿਹੜੇ ਪੁਰਾਣੇ ਪ੍ਰੀਸੀਡੈਂਟਸ ਪੜ੍ਹ ਕੇ ਸੁਣਾਏ ਹਨ ਇਸ ਬਾਰੇ ਮੇਰੀ ਬੇਨਤੀ ਹੈ ਕਿ ਇਹ ਸਾਰੀ ਰਾਤ ਬੈਠਣ, ਅਸੀਂ ਤਿਆਰ ਹਾਂ ਲੇਕਿਨ ਅਸੀਂ ਇਹ ਬਰਦਾਸ਼ਤ ਨਹੀਂ ਕਰਾਂਗੇ ਕਿ ਟੀਚਰਜ਼ ਦੀ ਸਿਕਿਉਰਿਟੀ ਦਾ ਬਿੱਲ ਪਾਸ ਨਾ ਕੀਤਾ ਜਾਵੇ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਇਥੇ ਪਿਛਲੇ ਚਾਰ ਸਾਲ ਦੇ ਪ੍ਰੈਸੀਡੈਂਟ ਕੋਟ ਕੀਤੇ ਹਨ ਪਰ ਇਹ ਨਹੀਂ ਦੱਸਿਆ ਕਿ ਟੈਕਸਟ ਕੀ ਸਨ, ਆਇਆ ਗ਼ਲਤ ਸਨ ਜਾਂ ਸਹੀ ਸਨ। ਜਾਂ ਤਾਂ ਤੁਸੀਂ ਕਹਿ ਦਿਆ ਕਰੋ ਕਿ ਸੰਨ 1968 ਵਿਚ ਹੀ ਹੋਇਆ ਔਰ ਉਹ ਕਿਨ੍ਹਾਂ ਪ੍ਰੈਸੀਡੈਂਟਸ ਵਿਚ ਹੋਇਆ। ਸਪੀਕਰ ਸਾਹਿਬ, ਜੇ ਇਸ ਤਰ੍ਹਾਂ ਹੀ ਕਾਨੂੰਨ ਪਾਸ ਕਰ ਦੇਣੇ ਹਨ ਤਾਂ ਠੀਕ ਹੈ, ਨਾ ਕੋਈ ਪੜ੍ਹ ਸਕੇ ਤੇ ਨਾ ਕੋਈ ਅਮੈਂਡਮੈਂਟ ਦੇ ਸਕੇ।

Mr. Speaker : Question is—

That the Assembly at its rising on the 15th March, 1974, shall stand adjourned *sine die*.

(*After ascertaining the votes of the House by voices, Mr. Speaker said, 'I think a yes have it'. This opinion was challenged. The bells were sounded. The Members were asked to rise in their places. Fifty-three Members rose in support of the motion and twenty-eight against the motion. The motion was declared carried.*)

Ayes : 53
Noes : 28
The motion was carried

Mr. Speaker : Now the House will take up Legislative Business and Resolutions under article 213(2)(a) of the Constitution of India.

(*Noise and Interruption*)

BILL(S)

THE PUNJAB AIDED COLLEGES (SECURITY OF SERVICE OF TEACHERS) BILL, 1974

Education Minister (Shri Gurmail Singh) : Sir, I beg to introduce the Punjab Aided Colleges (Security of Service of Teachers) Bill.

RESOLUTION UNDER CLAUSE 2(A) OF ARTICLE 213 OF THE CONSTITUTION *re.* THE PUNJAB CO-OPERATIVE SOCIETIES (AMENDMENT) ORDINANCE, 1973 (PUNJAB ORDINANCE NO. 9 OF 1974 AND THE PUNJAB CO-OPERATIVE SOCIETIES (AMENDMENT) BILL, 1974

Mr. Speaker : A practice in the past has been that the Resolutions disapproving the Ordinance and the Bill seeking replacement of the Ordinance are discussed together, though voting takes place on each item separately. If the House agrees, the Resolutions disapproving the Ordinance and the Bill may be discussed together.

Voices : Yes, yes.

Comrade Shamsher Singh Josh (Kharar) : Sir, I beg to move—

> That this House disapproves the Punjab Co-operative Societies (Amendment) Ordinance, 1973 (Punjab Orddinance No. 9 of 1973)

Deputy Minister, Irrigation and Power (Shri Bal Ram) **:** Sir, I beg to introduce the Punjab Co-operative Societies (Amendment) Bill.

Sir, I also move—

> That the Punjab Co-operative Societies (Amendment) Bill be taken into consideration at once.

Mr. Speaker : Motion moved—

> That this House disapproves the Punjab Co-operative Societies (Amendment) Ordinance, 1973 (Punjab Ordinance No. 9 of 1973)

> That the Punjab Co-operative Societies (Amendment) Bill be takan into consideration at once.

Comrade Satya Pal Dang : According to the rules, Resolutions disapproving the ordinance comes first. Even if these are taken together, the order cannot be changed.

Mr. Speaker : Agreed.

ਕਾਮਰੇਡ ਸੱਤ ਪਾਲ ਡਾਂਗ: ਜਿਥੋਂ ਤਕ ਵੋਟਾਂ ਦੀ ਗੱਲ ਹੈ। ਤੁਸੀਂ ਇਹ ਮੋਸ਼ਨ ਪਾਸ ਕਰਵਾ ਲਈ ਹੈ, ਪਰ ਇਹ ਖੁਸ਼ੀ ਦੀ ਗੱਲ ਨਹੀਂ ਇਕ ਸ਼ਰਮ ਦੀ ਗੱਲ ਹੈ ।

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) **:** ਸਪੀਕਰ ਸਾਹਿਬ, ਟਾਈਮ ਐਲੋਕੇਟ ਕਰ ਦੇਵੋ ਅਤੇ ਜੇ ਜ਼ਿਆਦਾ ਵੀ ਟਾਈਮ ਲਗੇ ਤਾਂ ਕੋਈ ਗੱਲ ਨਹੀਂ। ਸਾਡੇ ਹਿਸਾਬ ਦੇ ਮੁਤਾਬਕ ਖੁਲ੍ਹਾ ਟਾਈਮ ਕਰ ਦੇਵੋ ਕਿ ਜਿੰਨਾ ਚਿਰ ਬਿਲ ਖ਼ਤਮ ਨਹੀਂ ਹੋ ਜਾਂਦੇ ਹਾਊਸ ਚਲਦਾ ਰਹੇ।

ਸ੍ਰੀ ਸਪੀਕਰ : ਅਗਰ ਹਾਊਸ ਦੀ ਇਹ ਸੈਂਸ ਹੈ ਕਿ ਜਿਸ ਵੇਲੇ ਤਕ ਬਿਲ ਖ਼ਤਮ ਨਹੀਂ ਹੋ ਜਾਂਦੇ, ਉਨਾ ਚਿਰ ਹਾਊਸ ਲਗਾਤਾਰ ਬੈਠੇ ਤਾਂ ਠੀਕ ਹੈ। ਕੀ ਇਹ ਹਾਊਸ ਦੀ ਪਲੇਯਰ ਹੈ ? (It is all right if it is the sense of the House that the sitting should continue till all the Bills are disposed of. Is it the pleasure of the House ?)

ਆਵਾਜ਼ਾਂ : ਹਾਂ ਜੀ ।

ਸ੍ਰੀ ਸਪੀਕਰ : ਠੀਕ ਹੈ, ਜਿੰਨਾ ਚਿਰ ਸਾਰੇ ਬਿਲ ਡਿਸਪੋਜ਼ ਆਫ਼ ਨਹੀਂ ਹੋ ਜਾਂਦੇ, ਹਾਊਸ ਬੈਠੇਗਾ ਅਤੇ ਬਿਲਾਂ ਦੇ ਖ਼ਤਮ ਹੋਣ ਤੇ ਹੀ ਉਠੇਗਾ । ((All right, the sitting will continue till all the Bills are disposed of.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦੇਵੋ।

ਸ੍ਰੀ ਸਪੀਕਰ : ਮਨਿਸਟਰ ਸਾਹਿਬ ਨੇ ਇੰਟਰੋਡਿਊਸ ਕੀਤਾ ਹੈ, ਉਨ੍ਹਾਂ ਨੂੰ ਬੋਲ ਲੈਣ ਦੇਵੋ । (The hon. Minister has introduced the Bill, so, please let him speak first.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਡਿਸਐਪਰੂਵਲ ਵਾਸਤੇ ਲਿਖ ਕੇ ਦਿੱਤਾ ਹੈ, ਮੈਂ ਪਹਿਲਾਂ ਬੋਲ ਲਵਾਂ।

ਸ਼੍ਰੀ ਸਪੀਕਰ : ਠੀਕ ਹੈ ਜੀ, ਬੋਲੋ । (All right, please proceed.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ) : ਸਪੀਕਰ ਸਾਹਿਬ, ਇਹ ਜਿਹੜਾ ਆਰਡੀਨੈਂਸ ਲਿਆਂਦਾ ਗਿਆ ਸੀ, ਜਿਸ ਦੇ ਆਧਾਰ ਤੇ ਹੁਣ ਇਹ ਅਮੈਂਡਿੰਗ ਬਿਲ ਬਣ ਗਿਆ ਹੈ, ਇਹ ਕੋਆਪਰੇਟਿਵ ਸੁਸਾਇਟੀਆਂ ਵਿਚ ਡੈਮੋਕਰੇਸੀ ਨੂੰ ਕਰਬ ਕਰਨ ਵਾਸਤੇ ਇਕ ਤਾਂ ਬੜਾ ਭਿਅੰਕਰ ਕਦਮ ਸੀ, ਬਲਕਿ ਮੈਂ ਤਾਂ ਇਹ ਕਹਾਂਗਾ ਕਿ ਡੈਮੋਕਰੇਸੀ ਗਿਲੋਟੀਨ ਕਰ ਦਿਤੀ ਹੈ । ਕੋਆਪਰੇਟਿਵ ਸੁਸਾਇਟੀਆਂ ਦੇ ਅੰਦਰ ਕੋਈ ਗ਼ਲਤ ਕੰਮ ਨਾ ਹੋਵੇ, ਇਸ ਗੱਲ ਦਾ ਪਿਛੋਕੜ ਇਹ ਸੀ । ਸੈਂਕੜੇ ਸਹਿਕਾਰੀ ਸਭਾਵਾਂ, ਜਿਸ ਤਰ੍ਹਾਂ ਕਿ ਦਾਈ ਸੋ ਕਰੋੜ ਰੁਪਏ ਦਾ ਤਾਂ ਮਾਰਕਫੈਡ ਦਾ ਹੀ ਬਜਟ ਹੈ, ਕੋਆਪਰੇਟਿਵ ਸੈਂਟਰਲ ਬੈਂਕ, ਸ਼ੂਗਰ ਮਿਲਾਂ ਅਤੇ ਹੋਰ ਕਈ ਕੋਆਪਰੇਟਿਵ ਅਦਾਰੇ ਹਨ, ਜਿਨ੍ਹਾਂ ਦਾ ਕਮੇਟੀਆਂ ਨਾਲ ਸਬੰਧ ਸੀ, ਉਸ ਨੂੰ ਮੁਕਾ ਦਿਤਾ ਸੀ ਅਤੇ ਛੇ ਮਹੀਨੇ ਵਾਸਤੇ ਐਡਮਨਿਸਟਰੇਟਰ ਮੁਕੱਰਰ ਕੀਤੇ। ਉਸ ਤੋਂ ਬਾਅਦ ਚੋਣਾਂ ਕਰਵਾਉਣ ਵਲ ਕੋਈ ਧਿਆਨ ਨਹੀਂ ਦਿਤਾ ਗਿਆ ਅਤੇ ਛੇ ਮਹੀਨੇ ਵਾਸਤੇ ਐਡਮਨਿਸਟਰੇਟਰ ਹੋਰ ਲਗਾ ਦਿਤੇ ਸੀ । ਉਸ ਤੋਂ ਬਾਅਦ ਹੁਣ ਜਿਹੜਾ ਰਿਵਾਈਜ਼ਡ ਬਿਲ ਲਿਆਂਦਾ ਗਿਆ ਹੈ, ਇਸ ਦੇ ਵਿਚ ਡੇਢ੍ਹ ਸਾਲ ਦਾ ਟਾਈਮ ਇਕ ਕੁਆਪਰੇਟਿਵ ਸੁਸਾਇਟੀ ਦਾ ਉਥੇ ਐਡਮਨਿਸਟਰੇਟਰ ਲਗਾ ਕੇ ਲੈ ਲਿਆ ਹੈ ਅਤੇ ਇਸ ਅਮੈਂਡਿੰਗ ਬਿਲ ਦੇ ਨਾਲ ਇਸ ਚੀਜ਼ ਨੂੰ ਰੈਗੂਲੇਰਾਇਜ਼ ਕਰਨਾ ਚਾਹੁੰਦੇ ਹਨ । ਸਪੀਕਰ ਸਾਹਿਬ, ਤੁਸੀਂ ਵੀ ਪਿੰਡਾਂ ਦੇ ਲੋਕਾਂ ਵਿਚੋਂ ਹੀ ਆਏ ਹੋ ਅਤੇ ਤੁਹਾਨੂੰ ਪਤਾ ਹੈ ਕਿ ਇਹ ਕੋਆਪਰੇਟਿਵ ਸੁਸਾਇਟੀਆਂ ਹਜ਼ਾਰਾਂ ਲੱਖਾਂ ਦੀ ਤਾਦਾਦ ਵਿਚ ਹਨ ਅਤੇ ਪੰਜਾਬ ਵਿਚ ਇਹ ਇਕ ਜ਼ਬਰ ਦਸਤ ਕੁਆਪਰੇਟਿਵ ਅਦਾਰਾ ਹੈ । ਇਨ੍ਹਾਂ ਦੇ ਵਿਚ ਸਰਦਾਰ ਗੁਰਨਾਮ ਸਿੰਘ, ਫ਼ਾਰਮਰ ਚੀਫ਼ ਮਨਿਸਟਰ, ਨੇ ਇਕ ਬਹੁਤ ਰਿਐਕਸ਼ਨਰੀ ਤਬਦੀਲੀ ਕੀਤੀ ਸੀ । ਇਕ ਸੈਕਸ਼ਨ 10 ਹੈ ਜਿਹੜਾ ਉਨ੍ਹਾਂ ਸੁਸਾਇਟੀਆਂ ਦੇ ਬਾਈ ਲਾਜ਼ ਦਾ ਬਣਿਆ ਹੈ ਕਿ ਜਿਹੜੀਆਂ ਕੋਈ ਸੁਸਾਇਟੀਆਂ ਬਣਦੀਆਂ ਹਨ, ਉਨ੍ਹਾਂ ਦੀ ਮਨਜ਼ੂਰੀ ਰਜਿਸਟਰਾਰ ਦਿੰਦਾ ਹੈ, ਪਰ ਕੋਈ ਅਮੈਂਡਮੈਂਟ ਉਨ੍ਹਾਂ ਬਾਈ ਲਾਜ਼ ਵਿਚ ਕਰਨੀ ਹੋਵੇ ਤਾਂ ਸੁਸਾਇਟੀ ਦੇ ਮੈਂਬਰਾਂ ਦੀ ਬਹੁ ਗਿਣਤੀ ਨਾਲ ਹੀ ਹੋ ਸਕਦੀ ਹੈ ਤੇ ਸਰਕਾਰ ਆਪਣੇ ਅਫ਼ਸਰਾਂ ਦੁਆਰਾ ਨਹੀਂ ਕਰ ਸਕਦੀ। ਜਦੋਂ ਸਰਦਾਰ ਗੁਰਨਾਮ ਸਿੰਘ ਵੇਲੇ ਇਕ ਐਕਟ ਵਿਚ ਬੜੀ ਰਿਐਕਸ਼ਨਰੀ ਸੋਧ ਕੀਤੀ ਗਈ ਅਤੇ ਰਜਿਸਟਰਾਰ ਨੂੰ ਇਹ ਅਖ਼ਤਿਆਰ ਦਿਤਾ ਗਿਆ ਕਿ ਉਹ ਕਿਸੇ ਪਿੰਡ ਦੀ ਕੁਆਪਰੇਟਿਵ ਸੁਸਾਇਟੀ ਦੇ ਬਾਈ ਲਾਜ਼ ਵਿਚ ਤਬਦੀਲੀ ਕਰ ਸਕਦਾ ਹੈ, ਪਰ ਜਿਹੜੀ ਤਬਦੀਲੀ ਉਹ ਕਰਨਾ ਚਾਹੇ, ਉਹ ਪਹਿਲਾਂ ਲਿਖ ਕੇ ਸੁਸਾਇਟੀ ਨੂੰ ਭੇਜਦਾ ਸੀ । ਜੇ ਸੁਸਾਇਟੀ ਨਾ ਮੰਨੇ ਤਾਂ ਦੁਬਾਰਾ ਲਿਖਦਾ ਸੀ ਅਤੇ ਦੂਜੀ ਵਾਰੀ ਵੀ ਨਾ ਮੰਨੇ ਤਾਂ ਉਹ ਆਪਣੇ ਦਫ਼ਤਰ ਸੈਕਟਰ 17 ਵਿਚ ਦਸਖ਼ਤ ਕਰ ਕੇ ਉਸ ਸੁਸਾਇਟੀ ਜਿਹੜੀ ਕਿ ਦੂਰ ਪਿੰਡ ਵਿਚ ਬੈਠੀ ਹੁੰਦੀ ਹੈ, ਦੇ ਬਾਈ ਲਾਜ਼ ਵਿਚ ਤਬਦੀਲੀ ਕਰ ਸਕਦਾ ਹੈ। ਇਸ ਸਮੇਂ ਜਦੋਂ ਇਹ ਸਵਾਲ ਆਇਆ ਸੀ ਤਾਂ ਇਹ ਕਹਿੰਦੇ ਸੀ ਕਿ ਰਜਿਸਟਰਾਰ ਨੇ ਐਕਟ ਬਣਾ ਦਿਤਾ ਹੈ ਅਤੇ ਕੁਆਪ੍ਰੇਟਿਵ ਸੁਸਾਇਟੀਆਂ ਦੇ ਐਕਟ ਦੇ ਵਿਚ ਇਹ ਐਡਮਨਿਸਟਰੇਟਰ ਦੇ ਵਾਸਤੇ ਡੇਢ੍ਹ ਸਾਲ ਲਗਾਉਣ ਦਾ ਅਖਤਿਆਰ ਮੰਗ ਰਹੇ ਹਨ । ਇਹ ਬੜਾ ਭਾਰੀ ਧੱਕਾ ਹੈ । ਅਫ਼ਸਰਾਂ ਨੂੰ ਹੋਰ ਬਿਉਰੋਕਰੇਸੀ ਦੇ ਅਖਤਿਆਰ ਦਿੱਤੇ ਜਾ ਰਹੇ ਹਨ। ਮੈਂ ਹਾਲਤ ਬਿਆਨ ਨਹੀਂ ਕਰ ਸਕਦਾ ਜੋ ਅੱਜ ਇਨ੍ਹਾਂ ਸੁਸਾਇਟੀਆਂ ਦੀ ਹੈ । ਇੰਸਪੈਕਟਰਜ਼, ਵੱਡੇ ਵੱਡੇ ਅਫ਼ਸਰ ਐਡਮਨਿਸਟਰੇਟਰ ਲਗੇ ਹੋਏ ਹਨ। ਕੁਆਪਰੇਟਿਵ ਸੁਸਾਇਟੀਆਂ ਦੇ ਵਿਚ ਇਕੋਨਮੀ ਕਰਨ ਬਾਰੇ ਮੈਂ ਦੱਸਾਂ। ਏ. ਆਰਜ਼. ਅਤੇ ਡੀ. ਆਰਜ਼. ਨੂੰ ਇਨ੍ਹਾਂ ਨੇ ਕਿਹਾ ਹੈ ਕਿ ਉਹ ਸਰਕਾਰੀ ਕਾਰਾਂ ਵਿਚ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਸਫਰ ਨ ਕਰਨ ਕਿਉਂਕਿ ਪੈਟਰੋਲ ਦੀ ਕਮੀ ਹੈ, ਪਰ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਸੈਂਟਰਲ ਕੁਆਪਰੇਟਿਵ ਬੈਂਕਾਂ ਦੇ ਖਜ਼ਾਨੇ ਤੋਂ ਇਹ ਖਰਚ ਕਰ ਸਕਦੇ ਹਨ। ਇਹ ਗੱਲ ਮੈਨੂੰ ਸਮਝ ਨਹੀਂ ਆਉਂਦੀ ਕਿ ਸਰਕਾਰ ਦੇ ਖਜ਼ਾਨੇ ਵਿਚੋਂ ਖਰਚ ਨਹੀਂ ਕਰਨਾ, ਪਰ ਕੁਆਪਰੇਟਿਵ ਸੈਂਟਰਲ ਬੈਂਕਾਂ ਦੇ ਖਜ਼ਾਨੇ ਵਿਚੋਂ ਖਰਚ ਕਰ ਸਕਦੇ ਹਨ। ਇਹ ਬੜੀ ਅਜੀਬ ਗੱਲ ਹੈ। To rob Peter to pay Paul. ਸੋ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਬਿਲ ਲਿਆ ਕੇ ਕੁਆਪਰੇਟਿਵ ਸੁਸਾਇਟੀਆਂ ਵਿਚ ਗੌਰਮੈਂਟ ਦੀ ਇੰਟਰਫੀਅਰੈਂਸ ਵਧ ਜਾਵੇਗੀ ਅਤੇ, ਜਨਾਬ, ਇਹ ਹੋਵੇਗਾ ਕਿ ਜਿੰਨੀਆਂ ਰਿੱਟਾਂ ਹਾਈ ਕੋਰਟ ਵਿਚ ਦਾਇਰ ਹੋਣਗੀਆਂ ਉਨ੍ਹਾਂ ਵਿਚੋਂ ਮੈਜਾਰਿਟੀ, 80 ਫੀ ਸਦੀ ਰਿੱਟਾਂ ਉਹ ਹੋਣਗੀਆਂ ਜਿਹੜੀਆਂ ਕਿ ਕੁਆਪ੍ਰੇਟਿਵ ਸੁਸਾਇਟੀਆਂ ਵਿਚ ਨਾਜਾਇਜ਼ ਦਖਲ ਬਾਰੇ ਹੋਣਗੀਆਂ। ਅਤੇ ਗੌਰਮੈਂਟ ਜੋ ਗੈਰ ਜਮਹੂਰੀਅਤ ਗੱਲਾਂ ਕਰਦੀ ਹੈ, ਉਸ ਲਈ ਇਨ੍ਹਾਂ ਨੂੰ ਨੁਕਸਾਨ ਉਠਾਉਣਾ ਪਵੇਗਾ। ਸਪੀਕਰ ਸਾਹਿਬ, ਇਨ੍ਹਾਂ ਨੇ ਕੋਆਪਰੇਟਿਵ ਸੁਸਾਇਟੀਆਂ ਨਾਲ ਜ਼ਿਆਦਤੀ ਕੀਤੀ ਹੈ। ਮਿਲਾਂ ਦੀਆਂ ਚੋਣਾਂ, ਸੁਸਾਇਟੀਆਂ ਦੀਆਂ ਚੋਣਾਂ, ਭੋਗਪੁਰ ਸ਼ੂਗਰ ਮਿਲ ਦੀ ਜਿਹੜੀ ਕਿ ਕੋ-ਆਪ-ਰੇਟਿਵ ਮਾਰਕੀਟਿੰਗ ਸੁਸਾਇਟੀ ਹੈ ਅਤੇ ਹੋਰ 5-6 ਥਾਵਾਂ ਤੇ ਇਨ੍ਹਾਂ ਨੇ ਉਨ੍ਹਾਂ ਦੀਆਂ ਚੋਣਾਂ ਰੱਦ ਕਰ ਦਿੱਤੀਆਂ ਹਨ। ਮੇਰੇ ਹਲਕੇ ਖਰੜ ਵਿਚ ਵੀ 5-6 ਥਾਵਾਂ ਤੇ ਇਸ ਤਰ੍ਹਾਂ ਹੀ ਕੀਤਾ ਗਿਆ ਹੈ ਅਤੇ ਬੜੀਆਂ ਫਲਿਮਜ਼ੀ ਗਰਾਊਂਡਜ਼ ਤੇ ਇਹ ਚੀਜ਼ ਕੀਤੀ ਗਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬਿਲਕੁਲ ਅਨਡੈਮੋਕਰੇਟਿਕ ਕੰਮ ਹਨ ਅਤੇ ਜਿਹੜਾ ਇਹ ਬਿਲ ਲਿਆਏ ਹਨ ਇਹ ਬਿਲਕੁਲ ਜਮਹੂਰੀ ਅਸੂਲਾਂ ਦੇ ਉਲਟ ਹੈ ਅਤੇ ਲੋਕਾਂ ਨਾਲ ਧੱਕਾ ਹੈ। ਸਰਕਾਰ ਦਾ ਦਖਲ ਇਨ੍ਹਾਂ ਕੰਮਾਂ ਨਾਲ ਇਨ੍ਹਾਂ ਕੁਆਪ-ਰੇਟਿਵ ਅਦਾਰਿਆਂ ਵਿਚ ਹੋ ਜਾਂਦਾ ਹੈ ਅਤੇ ਅਫਸਰਾਂ ਦੀ ਝੋਲੀ ਵਿਚ ਸਭ ਕੁਝ ਪਾਉਣਾ ਚਾਹੁੰਦੇ ਹਨ। ਇਨ੍ਹਾਂ ਗਲਾਂ ਨਾਲ ਇਸ ਬਿਲ ਦੀ ਮੈਂ ਵਿਰੋਧਤਾ ਕਰਦਾ ਹਾਂ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਵੀ ਡਿਸਐਪਰੂਵਲ ਵਾਸਤੇ ਲਿਖ ਕੇ ਦਿੱਤਾ ਹੈ।

ਸ੍ਰੀ ਸਪੀਕਰ : ਕੀ ਇਸ ਦੇ ਲਈ ਤੁਸੀਂ ਵੀ ਦਿਤਾ ਹੈ ? (Have you also written to this effect ?)

ਸਰਦਾਰ ਅਜਾਇਬ ਸਿੰਘ ਸੰਧੂ : ਹਾਂ ਜੀ। ਸਪੀਕਰ ਸਾਹਿਬ, ਮੈਂ ਇਸ ਆਰਡੀਨੈਂਸ ਦੀ ਅਤੇ ਇਹ ਜਿਹੜਾ ਬਿਲ ਲਿਆਇਆ ਗਿਆ ਹੈ, ਇਸ ਦੀ ਵਿਰੋਧਤਾ ਕਰਦਾ ਹਾਂ। ਮੈਂ ਦੋ ਗੱਲਾਂ ਕਰਨੀਆਂ ਹਨ ਇਸ ਆਰਡੀਨੈਂਸ ਨੂੰ ਡਿਸਐਪਰੂਵ ਕਰਨ ਵਾਸਤੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਹ ਜਿਹੜਾ ਆਰਡੀਨੈਂਸ ਲਿਆਂਦਾ ਗਿਆ, ਇਸ ਵਿਚ ਦੋ ਗਲਾਂ ਕੀਤੀਆਂ ਗਈਆਂ। ਇਕ ਤਾਂ ਐਡਮਨਿਸਟਰੇਟਰਜ਼ ਮੁਕਰਰ ਕੀਤੇ ਗਏ, ਉਹ ਤਾਂ ਲਗਾ ਦਿੱਤੇ। ਇਸ ਆਰਡੀਨੈਂਸ ਵਿਚ ਪਹਿਲੀ ਗੱਲ ਜਿਹੜੀ ਹੈ, ਜਿਸ ਨੂੰ ਬਿਲ ਦੀ ਸ਼ਕਲ ਦਿੱਤੀ ਜਾ ਰਹੀ ਹੈ ਅਤੇ ਐਕਟ ਬਣਾਉਣ ਵਾਸਤੇ ਸੋਧਿਆ ਜਾ ਰਿਹਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸੈਕਸ਼ਨ 3 ਵਿਚ ਜਿਹੜੀ ਚੀਜ਼ ਕੀਤੀ ਹੈ.. ..

(*Mr. Deputy Speaker in the Chair.*)

ਡਿਪਟੀ ਸਪੀਕਰ ਸਾਹਿਬ, ਜੇ ਪੰਜਾਬ ਸਰਕਾਰ ਇਹ ਕਰ ਦੇਵੇ ਕਿ ਉਹ ਆਪਣੀਆਂ ਪਾਵਰਜ਼ ਕਿਸੇ ਅਫ਼ਸਰ ਨੂੰ ਡੈਲੀਗੇਟ ਕਰ ਦੇਵੇ ਤਾਂ ਫੇਰ ਉਸ ਅਫ਼ਸਰ ਦੇ ਫੈਸਲੇ ਦੀ ਅਪੀਲ ਸਰਕਾਰ ਕੋਲ ਜਾਂਦੀ ਹੈ। ਇਸੇ ਤਰ੍ਹਾਂ ਜੇ ਰਜਿਸਟਰਾਰ ਦੀਆਂ ਪਾਵਰਜ਼ ਕਿਸੇ ਜੁਆਇੰਟ ਰਜਿਸਟਰਾਰ ਜਾਂ ਡਿਪਟੀ ਰਜਿਸਟਰਾਰ ਨੂੰ ਐਕਸਰਸਾਈਜ਼ ਕਰਨ ਲਈ ਦੇ ਦਿੱਤੀਆਂ ਜਾਣ ਤਾਂ ਉਨ੍ਹਾਂ ਫ਼ੈਸਲਿਆਂ ਦੀ ਅਪੀਲ ਰਜਿਸਟਰਾਰ ਕੋਲ ਜਾਂਦੀ ਹੈ। ਅਫ਼ਸਰਾਂ ਦਾ ਫ਼ੈਸਲਾ ਰਜਿਸਟਰਾਰ ਦਾ ਨਹੀਂ ਸਮਝਿਆ ਜਾਂਦਾ,

ਉਹ ਦੀ ਅਪੀਲ ਰਜਿਸਟਰਾਰ ਨੂੰ ਜਾਂਦੀ ਹੈ। ਏਥੇ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਕਨਸਾਲੀਡੇਸ਼ਨ ਐਕਟ ਦੀ ਦਫ਼ਾ 42 ਦੀਆਂ ਪਾਵਰਜ਼, ਡਾਇਰੈਕਟਰ ਕਨਸਾਲੀਡੇਸ਼ਨ ਨੂੰ ਦਿੱਤੀਆਂ ਹੋਈਆਂ ਹਨ। ਜੇ ਦਫ਼ਾ 42 ਦੀਆਂ ਪਾਵਰਜ਼ ਨੂੰ ਜੇ ਡਾਇਰੈਕਟਰ ਯਾ ਅਸਿਸਟੈਂਟ ਡਾਇਰੈਕਟਰ ਇਸਤੇਮਾਲ ਕਰ ਲਵੇ ਤਾਂ ਪੰਜਾਬ ਸਰਕਾਰ ਉਸ ਨੂੰ ਇਸਤੇਮਾਲ ਨਹੀਂ ਕਰ ਸਕਦੀ, ਇਹਦੀ ਅਪੀਲ ਪੰਜਾਬ ਸਰਕਾਰ ਕੋਲ ਨਹੀਂ ਆ ਸਕਦੀ। ਇਹ ਦੇ ਖਿਲਾਫ਼ ਪੰਜਾਬ ਹਾਈਕੋਰਟ ਵਿਚ ਰਿਟ ਹੁੰਦੀ ਹੈ। ਮੈਂ ਸਮਝਦਾ ਹਾਂ ਇਹ ਜਿਹੜੀ ਐਕਟ ਦੀ ਸੈਕਸ਼ਨ 3 ਹੈ, ਇਹ ਬਿਲਕੁਲ ਇਲੀਗਲ ਹੈ ਅਤੇ ਅਸੈਂਬਲੀ ਤੋਂ ਪਾਸ ਕਰਾਇਆ ਜਾ ਰਿਹਾ ਹੈ। ਸਰਕਾਰ ਦਾ ਮਨਸ਼ਾ ਹੈ ਕਿ ਜਿਤਨੇ ਵੀ ਕੁਆਪਰੇਟਿਵ ਅਦਾਰੇ ਹਨ ਲੈਂਡ ਮਾਰਟਗੇਜ ਬੈਂਕ ਹੈ, ਮਾਰਕਫੈਡ ਕਾਰਪੋਰੇਸ਼ਨ ਹੈ, ਜਾਂ ਹੋਰ ਇਸ ਤਰ੍ਹਾਂ ਦੇ ਸਾਂਝੇ ਅਦਾਰੇ ਹਨ, ਸਾਡਾ ਮਨਸ਼ਾ ਹੈ ਕਿ ਜਿਥੇ ਲੋਕਾਂ ਦੇ ਨੁਮਾਇੰਦੇ ਬੈਠਦੇ ਹਨ, ਜ਼ਰੂਰ ਬੈਠਣ ਤਾਂ ਜੋ ਲੋਕਾਂ ਦੇ ਹਿਤ ਦੀ ਗੱਲ ਹੋਵੇ। ਪਰ ਇਨ੍ਹਾਂ ਨੇ ਇਸ ਤਰ੍ਹਾਂ ਉਨ੍ਹਾਂ ਅਦਾਰਿਆਂ ਵਿਚ ਹੋਲੀ ਹੋਲੀ ਆਪਣੇ ਐਡਮਨਿਸਟ੍ਰੇਟਰ ਲਾ ਦਿੱਤੇ ਹਨ। ਇਸ ਤਰ੍ਹਾਂ ਦੇ ਲੋਕਾਂ ਦੇ ਖਿਲਾਫ਼ ਕੋਈ ਵੀ ਅਦਾਰਾ ਲੈ ਲਓ, ਲੈਂਡ ਮਾਰਟਗੇਜ ਬੈਂਕ ਜਾਂ ਕੋਈ ਹੋਰ ਅਮਲਾ, ਉਨ੍ਹਾਂ ਦੇ ਖਿਲਾਫ਼ ਵਾਵੇਲਾ ਕਰ ਰਿਹਾ ਹੈ। ਕਿਸੇ ਦੀ ਕੋਈ ਗੱਲ ਤਕ ਨਹੀਂ ਸੁਣੀ ਜਾਂਦੀ। ਲੈਂਡ ਮਾਰਟਗੇਜ ਬੈਂਕ ਦਾ ਐਮ. ਡੀ. ਜੇਕਰ ਕੋਈ ਗਲਤੀ ਕਰਦਾ ਹੈ, ਜਾਂ ਜੋ ਗੱਲ ਕਰਮਚਾਰੀ ਕਰਦੇ ਹਨ, ਕੋਈ ਮੰਗ ਕਰਦੇ ਹਨ ਉਹ ਪ੍ਰਵਾਨ ਹੋਣੀ ਚਾਹੀਦੀ ਹੈ। ਇਹ ਬਣਾਇਆ ਗਿਆ ਸੀ 6 ਮਹੀਨੇ ਵਾਸਤੇ ਪਰ ਇਹ ਇਸ ਦੀ ਮਿਆਦ ਡੇਢ ਸਾਲ ਦੀ ਹੋਰ ਮੰਗਦੇ ਹਨ। ਮੈਂ ਸਮਝਦਾ ਕਿ ਜਿਹੜਾ ਵੀ ਕੋਈ ਇਲੀਗਲ ਕੰਮ ਹੈ, ਡਿਪਟੀ ਸਪੀਕਰ ਸਾਹਿਬ, ਉਹ ਇਹ ਤੁਹਾਡੀ ਪ੍ਰਧਾਨਗੀ ਹੇਠ ਪਾਸ ਕਰਾਉਣਾ ਚਾਹੁੰਦੇ ਹਨ। ਮੈਂ ਵੀ ਵਕੀਲ ਹਾਂ, ਤੁਸੀਂ ਵੀ ਵਕੀਲ ਹੋ ਅਤੇ ਮੈਂ ਸਮਝਦਾਂ ਹਾਂ ਇਸ ਸਰਕਾਰ ਵਿਚ ਵੀ ਇਕ ਅਧਾ ਕੋਈ ਵਕੀਲ ਹੋਵੇਗਾ। ਹਾਂ ਸੱਚ ਇਸ ਸਰਕਾਰ ਵਿਚ ਸਰਦਾਰ ਉਮਰਾਓ ਸਿੰਘ ਵਰਗੇ ਵਕੀਲ ਵੀ ਮੌਜੂਦ ਹਨ। ਪਰ ਇਹ ਇਲੀਗਲ ਕਾਰਵਾਈ ਸਾਡੇ ਤੋਂ ਪਾਸ ਕਰਾਉਣਾ ਚਾਹੁੰਦੇ ਹਨ। ਇਹ ਕਹਿੰਦੇ ਹਨ ਕਿ ਜਿਤਨਾ ਕੰਮ ਐਡਮਨਿਸਟਰੇਟਰਜ਼ ਕਰ ਰਹੇ ਹਨ ਇਹ ਠੀਕ ਕਰ ਰਹੇ ਹਨ। ਅਸੀਂ ਸਮਝਦੇ ਹਾਂ...... (ਵਿਘਨ)

ਮਾਲ ਅਤੇ ਚੋਣ ਮੰਤਰੀ : ਮੈਂ ਸਰਦਾਰ ਅਜਾਇਬ ਸਿੰਘ ਸੰਧੂ ਦੀ ਵਾਕਫ਼ੀਅਤ ਲਈ ਦਸ ਦੇਵਾਂ ਕਿ ਆਰਡੀਨੈਂਸ ਤਾਂ ਪਹਿਲਾਂ ਹੀ ਬੜੀ ਦੇਰ ਤੋਂ ਹੋ ਚੁੱਕਾ ਹੈ... (**ਵਿਘਨ**)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਤਾਂ ਇਸ ਆਰਡੀਨੈਂਸ ਦੀ ਇਲੀਗੈਲਿਟੀ ਦੱਸ ਰਿਹਾ ਹਾਂ। ਤੁਸੀਂ ਆਪਣੇ ਐਲ. ਆਰ. ਨੂੰ ਪੁਛੋ ਕਿ ਇਸ ਦੇ ਖਿਲਾਫ਼ ਰਿਟ ਹੋਈ ਹੈ ਕਿ ਨਹੀਂ। ਲੈਂਡ ਰੀਫਾਰਮਜ਼ ਐਕਟ ਦੇ ਖਿਲਾਫ਼ ਤੁਹਾਨੂੰ ਫ਼ੈਸਲਾ ਵੀ ਪਹੁੰਚ ਚੁਕਾ ਹੈ। ਤੁਹਾਡੇ ਆਰਡੀਨੈਂਸਿਜ਼ ਦੇ ਖਿਲਾਫ਼ ਐਲ. ਆਰ. ਦੇ ਮਹਿਕਮੇ ਦਾ ਰੋਜ਼ ਜਨਾਜ਼ਾ ਨਿਕਲਦਾ ਹੈ। ਇਸ ਐਕਟ ਰਾਹੀਂ ਤੁਸੀਂ ਇਹੋ ਜੇਹੀ ਚੀਜ਼ ਬਣਾਉਣ ਨੂੰ ਤਿਆਰ ਹੋ ਕਿ ਇਹ ਰੈਗੂਲਰ, ਇਲੀਗੈਲਿਟੀ ਵਾਲੀ, ਗੈਰ ਜ਼ਿਮੇਵਰਾਨਾ ਅਤੇ ਵਿਦਆਊਟ ਐਨੀ ਜਿਊਰੀਸਡਿਕਸ਼ਨ ਹੋਵੇਗੀ। ਸਰਕਾਰ ਨੂੰ ਇਹ ਐਪਰੂਵ ਨਹੀਂ ਕਰਨੀ ਚਾਹੀਦੀ।

ਸਰਦਾਰ ਸੁਰਿੰਦਰ ਸਿੰਘ ਕੈਰੋਂ (ਪੱਟੀ) : ਡਿਪਟੀ ਸਪੀਕਰ ਸਾਹਿਬ, ਮੈਂ ਅੱਜ ਇਹ ਜਿਹੜਾ ਕੁਆਪਰੇਟਿਵ ਬਿਲ ਇੰਟਰੋਡੀਊਸ ਹੋਇਆ ਹੈ ਇਸ ਤੇ ਕੁਝ ਕਹਿਣਾ ਚਾਹੁੰਦਾ ਹਾਂ। ਇਹ ਕੁਆਪਰੇਟਿਵ ਦਾ ਮਹਿਕਮਾ ਇਕੱਲਾ ਹਿੰਦੁਸਤਾਨ ਦੇ ਵਿਚ ਨਹੀਂ ਹੋਰਨਾ ਮੁਲਕਾਂ ਦੇ ਵਿਚ ਵੀ ਹੈ। ਇਹ ਇਕ ਪਹਿਲਾ ਸਟੈਪ ਹੈ ਜਿਸ ਰਾਹੀਂ ਕਿ ਸਮਾਜਵਾਦ ਲਿਆਂਦਾ ਜਾ ਸਕਦਾ ਹੈ। ਇਸ ਦਾ ਮਤਲਬ ਹੈ ਕਿ ਇਕ ਸਿੰਗਲ ਹੋਲਡਰ ਜਾਂ ਇਕ ਸਿੰਗਲ ਮੋਨਾਪਲਿਸਟ ਨੂੰ ਇਕ ਪਾਸੇ ਕੱਢ ਕੇ ਵੈਲਥ ਨੂੰ ਡਿਸਟਰੀਬੀਊਟ ਕਰਨ ਲਈ ਕੁਆਪਰੇਟਿਵ ਦਾ ਮਹਿਕਮਾ ਸ਼ੁਰੂ ਕੀਤਾ ਜਾਂਦਾ ਹੈ। ਜਾਂ ਕੁਆਪਰੇਟਿਵ ਨੂੰ ਇਉਂ

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਸਮਝੀਏ ਕਿ ਜਿਸ ਕੰਮ ਨੂੰ ਕੋਈ ਇਕੱਲਾ ਬੰਦਾ ਨਹੀਂ ਕਰ ਸਕਦਾ, ਜਾਂ ਕਿਸੇ ਇਨਕਮ ਵਿਚ ਕਿਸੇ ਇਕ ਦੀ ਮੋਨਾਪਲੀ ਹੈ ਤਾਂ ਉਸ ਮੋਨਾਪਲਿਸਟ ਤੋਂ ਖੋਹ ਕੇ ਇਸ ਤਰ੍ਹਾਂ ਦਾ ਅਦਾਰਾ ਕਾਇਮ ਕੀਤਾ ਜਾਵੇ ਕਿ ਉਸ ਮਨੀ ਨੂੰ 20–50 ਬੰਦੇ ਸ਼ੇਅਰ ਕਰਨ ਜਾਂ ਇਸ ਦਾ ਮਤਲਬ ਹੈ ਕਿ ਇਕ ਦੀ ਲੁਟ ਖਸੁਟ ਕਰਨ ਦੀ ਬਜਾਏ ਉਸ ਦੀ ਪ੍ਰਾਪਰ ਡਿਸਟਰੀਬੀਊਸ਼ਨ ਕੀਤੀ ਜਾਏ। ਜਿਹੜੀ ਚੀਜ਼ ਤੇ ਇਕ ਆਦਮੀ ਕੰਟਰੋਲ ਨਹੀਂ ਕਰ ਸਕਦਾ ਉਸ ਤੇ ਬਹੁਤੇ ਕੰਟਰੋਲ ਕਰਨ ਇਸ ਦਾ ਮਤਲਬ ਇਹ ਵੀ ਹੈ। ਇਹ ਇਕ ਵੈਲ-ਪਲੈਂਡ ਤਰੀਕਾ ਹੈ ਜੋ ਕੁਆਪਰੇਟਿਵ ਦੇ ਰਾਹੀਂ ਅਪਣਾਇਆ ਜਾ ਸਕਦਾ ਹੈ। ਪੰਜਾਬ ਵਿਚ ਵੀ ਜਦੋਂ ਇਹ ਮਹਿਕਮਾ ਖੋਲ੍ਹਿਆ ਗਿਆ ਤਾਂ ਉਸ ਵੇਲੇ ਵੀ ਇਹੋ ਸਮਾਜਵਾਦ ਦਾ ਨਿਸ਼ਾਨਾ ਸੀ। ਸਾਡੀ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਸਮਾਜਵਾਦ ਲਿਆਉਣਾ ਚਾਹੁੰਦੀ ਹੈ। ਕੁਆਪਰੇਟਿਵਜ਼ ਨੂੰ ਸਮਾਜਵਾਦ ਵਿਚ ਪੂਰਾ ਹਿੱਸਾ ਲੈਣਾ ਚਾਹੀਦਾ ਸੀ। ਪਰ ਇਹ ਬਿਲ ਕਿਉਂ ਲਿਆਉਣਾ ਪਿਆ ਕਿ ਸਰਦਾਰ ਗੁਰਨਾਮ ਸਿੰਘ ਵੇਲੇ ਕੁਆਪਰੇਟਿਵ ਦੇ ਵਿਚ ਕੁਝ ਇਹੋ ਜਿਹੀ ਚੀਜ਼ ਆ ਗਈ ਜਿਸ ਨੂੰ ਦੂਰ ਕਰਨਾ ਜ਼ਰੂਰੀ ਸੀ। ਸਰਦਾਰ ਗੁਰਨਾਮ ਸਿੰਘ ਵੇਲੇ ਇਸ ਗ਼ਲਤੀ ਨੂੰ ਦੂਰ ਕਰਨ ਵਾਸਤੇ ਇਕ ਐਡਮਨਿਸਟ੍ਰੇਟਰ ਲਾਉਣਾ ਪਿਆ। ਸਾਡੇ ਖਿਆਲ ਵਿਚ ਉਸ ਜ਼ਮਾਨੇ ਵਿਚ ਵੀ ਲਾਉਣਾ ਇਕ ਗ਼ਲਤੀ ਸੀ। ਅਸੀਂ ਜੇ ਦਰੁੱਸਤੀ ਕਰਨੀ ਸੀ ਤਾਂ ਕਿਸੇ ਹੋਰ ਢੰਗ ਨਾਲ ਕਰਦੇ। ਪਰ ਅੱਜ ਅਸੀਂ ਇਸ ਬਿਲ ਰਾਹੀਂ ਉਨ੍ਹਾਂ ਐਡਮਨਿਸਟਰੇਟਰਜ਼ ਨੂੰ ਡੇਢ ਸਾਲ ਦੀ ਹੋਰ ਮਿਆਦ ਦੇਣ ਲਗੇ ਹਾਂ। ਮੈਂ ਕਹਾਂਗਾ ਕਿ ਇਸ ਤਰ੍ਹਾਂ ਇਨ੍ਹਾਂ ਨੂੰ ਇਖ਼ਤਿਆਰ ਦੇਣਾ ਸਮਾਜਵਾਦ ਦੇ ਖਿਲਾਫ਼ ਹੈ, ਇਸ ਤਰ੍ਹਾਂ ਦੀ ਮਿਆਦ ਵਧਾਉਣੀ ਉਸ ਮਹਿਕਮੇ ਵਿਚ ਕੁਰੱਪਸ਼ਨ ਵਧਾਉਣਾ ਹੈ। ਜੇ ਸਰਕਾਰ ਤਕੜੀ ਹੋ ਕੇ ਕੁਰੱਪਸ਼ਨ ਰੋਕੇ ਤਾਂ ਗੱਲ ਚੰਗੀ ਹੈ ਨਹੀਂ ਤਾਂ ਇਸ ਤਰ੍ਹਾਂ ਮਿਆਦ ਦੇਣਾ ਲੁਟ ਖਸੁਟ ਦੇ ਵਿਚ ਹੋਰ ਵਾਧਾ ਕਰਨਾ ਹੈ। ਅਜ ਬੜੀਆਂ ਬੜੀਆਂ ਕੁਆਪਰੇਟਿਵ ਸੁਸਾਇਟੀਆਂ, ਮਾਰਕਫੈਡ ਕਾਰਪੋਰੇਸ਼ਨ, ਐਗਰੋ ਇੰਡਸਟਰੀਜ਼ ਜਾਂ ਕੁਆਪਰੇਟਿਵ ਬੈਂਕਸ, ਸਭ ਐਗਰੀਕਲਚਰਲ ਡਿਸਟ੍ਰੀਬੀਊਸ਼ਨ ਸੁਸਾਇਟੀਜ਼ ਬਣੀਆਂ ਹੋਈਆਂ ਹਨ। ਜੇ ਖਾਦ ਲੈਣੀ ਹੋਵੇ ਤਾਂ ਕੁਆਪਰੇਟਿਵ ਸੁਸਾਇਟੀ ਕੋਲੋਂ, ਜੇ ਚੰਗਾ ਬੀਜ ਲੈਣਾ ਹੋਵੇ ਤਾਂ ਕੁਆਪਰੇਟਿਵ ਸੁਸਾਇਟੀ ਕੋਲੋਂ ਮਿਲਦਾ ਹੈ। ਹਰ ਚੀਜ਼ ਲਈ ਕਿਸਾਨ ਨੂੰ ਕੁਆਪਰੇਟਿਵ ਸੁਸਾਇਟੀ ਕੋਲ ਚਲ ਕੇ ਜਾਣਾ ਪੈਂਦਾ ਹੈ। ਪਰ ਕਿਸੇ ਵੀ ਗੱਲ ਦਾ ਜੇ ਸੁਧਾਰ ਕਰਨਾ ਹੋਵੇ ਤਾਂ ਉਸ ਤੇ ਹੈਲਦੀ ਕਰਿਟਿਸਿਜ਼ਮ ਦੀ ਖੁਲ੍ਹ ਹੋਣੀ ਚਾਹੀਦੀ ਹੈ। ਐਸੇ ਬੰਦੇ ਜੇ ਕੁਆਪਰੇਟਿਵ ਸੁਸਾਇਟੀਆਂ ਦੇ ਵਿਚ ਹੋਣ ਤਾਂ ਉਹ ਆਪਣੇ ਕਰਿਟਿਸਿਜ਼ਮ ਰਾਹੀਂ ਕਾਫੀ ਸੁਧਾਰ ਲਿਆ ਸਕਦੇ ਹਨ, ਪਰ ਇਸ ਤਰ੍ਹਾਂ ਨਹੀਂ ਕਿ ਕੋਈ ਬੋਲ ਹੀ ਨਾ ਸਕੇ। ਐਡਮਨਿਸਟਰੇਟਰ ਲਾ ਕੇ ਕੋਈ ਕਰਿਟੀਸਾਈਜ਼ ਨਹੀਂ ਕਰ ਸਕਦਾ। ਪਹਿਲਾਂ 6 ਮਹੀਨੇ ਲਈ ਲਾਏ ਸੀ। ਹੁਣ ਡੇਢ ਸਾਲ ਲਈ ਹੋਰ ਕੁਆਪਰੇਟਿਵ ਦੇ ਕੰਮਾਂ ਵਿਚ ਖੁਲ੍ਹੀ ਛੁਟੀ ਦਿੱਤੀ ਜਾ ਰਹੀ ਹੈ। ਮੈਂ ਇਸ ਚੀਜ਼ ਦੇ ਵਿਰੁੱਧ ਹਾਂ। ਨਿਤ ਰੌਲਾ ਪੈਂਦਾ ਹੈ, ਕਿਸਾਨ ਕਹਿੰਦਾ ਹੈ ਕਿ ਮੈਨੂੰ ਅਡਲਟ੍ਰੇਟਿਡ ਖਾਦ ਮਿਲਦੀ ਹੈ, ਬੀਜ ਚੰਗਾ ਨਹੀਂ ਮਿਲਦਾ, ਕਿਉਂਕਿ ਕੁਆਪਰੇਟਿਵਜ਼ ਵਿਚ ਕੋਈ ਰਾਈਟ ਸਿਸਟਮ ਨਹੀਂ ਰਿਹਾ। ਇਸ ਲਈ ਲਾਜ਼ਮੀ ਹੈ ਕਿ ਚੀਜ਼ਾਂ ਠੀਕ ਨਾ ਮਿਲਣ, ਜਿਥੇ ਇਕ ਬੰਦੇ ਦੀ ਮਰਜ਼ੀ ਨਾਲ ਕੰਮ ਹੋਵੇ ਕੋਈ ਇਤਰਾਜ਼ ਹੀ ਨਾ ਕਰੇ ਐਡਲਟਰੇਸ਼ਨ ਤਾਂ ਹੋਣੀ ਹੀ ਹੈ। ਇਸ ਲਈ, ਮੈਂ ਅਰਜ਼ ਕਰਾਂਗਾ ਕਿ ਕੁਆਪਰੇਟਿਵ ਦੇ ਮਹਿਕਮੇ ਵਿਚ ਜਾਇਜ਼ ਨੋਕ ਝੋਂਕ ਹੋਣੀ ਚਾਹੀਦੀ ਹੈ ਤਾਂ ਜੋ ਖਰਾਬੀਆਂ ਸਾਹਮਣੇ ਆਉਂਦੀਆਂ ਰਹਿਣ। ਸਰਦਾਰ ਗੁਰਨਾਮ ਸਿੰਘ ਨੇ ਜਿਹੜਾ ਐਡਮਨਿਸਟ੍ਰੇਟਰ ਲਾਇਆ ਸੀ, ਉਹ ਇਕ ਥੋੜ੍ਹੇ ਪੀਰੀਅਡ ਲਈ ਦਰੁਸਤ ਕਰਨ ਵਾਸਤੇ ਲਾਇਆ ਸੀ, ਪਰ ਇਹ ਕਰ ਦੇਣਾ ਕਿ ਹਰ ਕਿਸੇ ਦੀ ਮਿਆਦ ਐਕਸਟੈਂਡ ਕਰ ਦਿੱਤੀ ਜਾਵੇ, ਇਹ ਮੁਨਾਸਿਬ ਨਹੀਂ ਹੋਵੇਗਾ। ਮੈਂ ਸਰਕਾਰ ਨੂੰ ਇਸ ਲਈ ਪ੍ਰਾਰਥਨਾ ਕਰਾਂਗਾ ਕਿ ਜਿਹੜਾ ਸਮਾਜਵਾਦ ਦਾ ਅਸੂਲ ਹੈ, ਇਸ ਨੂੰ ਮੁਨਾਸਿਬ ਤਰੀਕੇ ਨਾਲ ਅਪਨਾਇਆ ਜਾਵੇ। ਜਿਥੇ ਮੈਂ ਇਹ ਗੱਲ ਕਹਿੰਦਾ ਹਾਂ ਉਥੇ ਨਾਲ ਦੀ ਨਾਲ ਮੈਂ ਇਹ ਵੀ

ਕਹਿ ਦੇਣਾ ਚਾਹੁੰਦਾ ਹਾਂ ਕਿ ਕਿਸਾਨ ਦੀ ਤਾਂ ਕੀ ਗੱਲ , ਅਜ ਅਡਲਟਰੇਸ਼ਨ ਹਰ ਥਾਂ ਹੈ ਮੰਡੀਆਂ ਵਿਚ ਸੇਫਟੀ ਨਹੀਂ, ਕੁਆਪਰੇਟਿਵ ਵਿਚ ਨਹੀਂ, ਟਰਾਂਸਪੋਰਟ ਵਿਚ ਨਹੀਂ, ਹਰ ਜਗ੍ਹਾ ਇਹ ਹਾਲ ਹੈ। ਇਸ ਲਈ, ਸਰਕਾਰ ਨੂੰ ਐਸਾ ਤਰੀਕਾ ਅਪਨਾਉਣਾ ਚਾਹੀਦਾ ਹੈ ਕਿ ਜਿਹੜਾ ਡਿਸਟ੍ਰੀਬੀਊਸ਼ਨ ਦਾ ਕੰਮ ਹੈ ਉਹ ਦਰਮਿਆਨੀ ਸੋਸਾਇਟੀਜ਼ ਵਿਚ ਜਾਣਾ ਚਾਹੀਦਾ ਹੈ, ਉਨ੍ਹਾਂ ਵਿਚ ਐਸੇ ਬੰਦੇ ਲਾਉਣੇ ਚਾਹੀਦੇ ਹਨ, ਜੋ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਹੋਣ।

ਮੇਰੀ ਅਰਜ਼ ਹੈ ਕਿ ਟੈਂਪਰੇਰੀ ਤੌਰ ਤੇ ਇਹ ਕੰਮ ਕਰਨ ਲਈ ਇਹ ਬਿਲ ਠੀਕ ਹੈ ਪਰ ਪ੍ਰੈਕਟੀਕਲੀ ਫੀਜ਼ੇਬਲ ਨਹੀਂ ਹੈ। ਪ੍ਰੈਕਟੀਕਲੀ ਫੀਜ਼ੇਬਿਲਿਟੀ ਨੂੰ ਠੀਕ ਕਰਨ ਲਈ ਜਿੰਨਾਂ ਇਸ ਨੂੰ ਡੈਮੋਕ੍ਰੇਟਿਕ ਬਣਾਇਆ ਜਾ ਸਕੇ, ਬਣਾਉਣਾ ਚਾਹੀਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਸਾਰੀਆਂ ਗਲਾਂ ਨੂੰ ਮੁੱਖ ਰਖਦੇ ਹੋਏ ਉਸ ਪੀਰੀਅਡ ਨੂੰ ਦਰੁਸਤ ਕਰਨ ਲਈ ਇਹ ਬਿਲ ਲਿਆਂਦਾ ਜਾ ਰਿਹਾ ਹੈ ਪਰ ਇਹ ਵੀ ਨਾ ਹੋਵੇ ਕਿ ਐਡਮਨਿਸਟ੍ਰੇਟਰ ਲੁੱਟੀ ਹੀ ਜਾਣ। ਮੇਰੀ ਸਰਕਾਰ ਦਾ ਭਾਵ ਤਾਂ ਇਹ ਹੈ ਕਿ ਪੁਰਾਣੇ ਸਿਸਟਮ ਨੂੰ ਠੀਕ ਕਰਨਾ ਹੈ। ਮੈਨੂੰ ਆਸ ਹੈ ਕਿ ਇਹ ਐਡਮਨਿਸਟ੍ਰੇਟਰਾਂ ਨੂੰ ਲਗਾਮ ਦੇ ਕੇ ਰਖਣਗੇ। ਇਸ ਮੂਮੈਂਟ ਨੂੰ ਇਥੇ ਪਾਪੂਲਰ ਬਣਾਉਣਾ ਹੈ। ਅੱਗੇ ਥੋੜ੍ਹੇ ਲੋਕ ਮੁਨਾਫਾਖੋਰੀ ਕਰਦੇ ਸੀ, ਪਰ ਇਸ ਨੂੰ ਬਹੁਤੇ ਲੋਕਾਂ ਨੂੰ ਸ਼ੇਅਰ ਕਰਨਾ ਚਾਹੀਦਾ ਹੈ।

ਚੌਧਰੀ ਰਾਮ ਸਿੰਘ (ਪਠਾਨਕੋਟ): ਜਿਹੜਾ ਬਿਲ ਸਰਕਾਰ ਵਲੋਂ ਪੇਸ਼ ਹੋਇਆ ਹੈ ਕੋਆਪਰੇਟਿਵ ਦਾ ਉਸ ਦੀ ਮੈਂ ਪ੍ਰੋੜਤਾ ਲਈ ਖੜ੍ਹਾ ਹੋਇਆ ਹਾਂ। ਇਸ ਦੀ ਅਮੈਂਡਮੈਂਟ ਪੇਸ਼ ਹੋਈ ਹੈ। ਅੱਗੇ ਜੋ ਹਾਈ ਕੋਰਟ ਵਿਚ ਅਸਿਸਟੈਂਟ ਰਜਿਸਟ੍ਰਾਰ, ਜੁਆਇੰਟ ਰਜਿਸਟ੍ਰਾਰ ਜਾਂ ਹੋਰ ਸੁਬਾਰਡੀਨੇਟ ਵਲੋਂ ਅਪੀਲ ਹੋਂਦੀ ਸੀ, ਉਹ ਰਜਿਸਟਰਾਰ ਨੂੰ ਕਰਨੀ ਚਾਹੀਦੀ ਹੈ। ਨਾਲ ਹੀ, ਇਹ ਐਡਮਨਿਸਟਰੇਟਰ ਕੁਝ ਸੁਸਾਇਟੀਆਂ ਦੇ ਜਿਹੜੀਆਂ ਟੁੱਟ ਗਈਆਂ ਹਨ, ਲਾਉਣ ਦੀ ਪਾਵਰਜ਼ ਬਾਰੇ ਹੈ। ਜਿਥੋਂ ਤਕ ਐਡਮਨਿਸਟ੍ਰੇਟਰਜ਼ ਲਗਾਉਣ ਦਾ ਤਾਲੁਕ ਹੈ, ਹੁਣੇ ਜੋਸ਼ ਸਾਹਿਬ ਨੇ ਕਿਹਾ ਸੀ ਕਿ ਡੈਮੋਕ੍ਰੇਸੀ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਅਗਰ ਇਸ ਚੀਜ਼ ਨੂੰ ਵੇਖ ਲਿਆ ਜਾਵੇ ਤਾਂ 14,000 ਸੁਸਾਇਟੀਆਂ ਪੰਜਾਬ ਵਿਚ ਹਨ ਜਿਸ ਵਿਚੋਂ ਸਿਰਫ 400 ਸੁਸਾਇਟੀਆਂ ਨੂੰ ਸੁਪਰਸੀਡ ਕੀਤਾ ਗਿਆ ਹੈ। ਉਹ ਸੁਸਾਇਟੀਆਂ ਸੁਪਰਸੀਡ ਵੀ ਇਸ ਕਰਕੇ ਹੋਈਆਂ ਹਨ ਕਿ ਉਹ ਕੁਰੱਪਸ਼ਨ ਕਰਦੀਆਂ ਸਨ। ਉਹ ਕੰਮ ਠੀਕ ਨਹੀਂ ਸੀ ਕਰਦੀਆਂ। ਉਹ ਕੁਆਪਰੇਟਿਵ ਮੂਵਮੈਂਟ ਨੂੰ ਚਲਾਉਂਦੀਆਂ ਨਹੀਂ ਸੀ। ਇਸ ਲਈ, 14,000 ਸੋਸਾ-ਇਟੀਆਂ ਵਿਚੋਂ ਸਿਰਫ 400 ਸੁਸਾਇਟੀਆਂ ਨੂੰ ਸੁਪਰਸੀਡ ਕਰਨਾ ਕੋਈ ਵੱਡੀ ਗੱਲ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਇਨ੍ਹਾਂ ਸੁਸਾਇਟੀਆਂ ਵਿਚ ਰਿਸ਼ਵਤ ਕਾਫ਼ੀ ਵਧੀ ਹੈ। ਉਹਨੂੰ ਰੋਕਣ ਲਈ ਇਸ ਗੌਰਮੈਂਟ ਨੇ 672 ਕੇਸਿਜ਼ ਇਸ ਸਾਲ ਵਿਚ ਰਜਿਸਟਰ ਕਰਵਾਏ, ਜਿਹੜੀ ਕਿ 1.60 ਕਰੋੜ ਦੀ ਮਲਕੀਅਤ ਬਣਦੀ ਹੈ। ਇਥੇ ਹੀ ਬਸ ਨਹੀਂ, ਤੁਸੀਂ ਜਾਣਦੇ ਹੋ, ਇਹੋ ਜਿਹੇ ਲੋਕ ਸੁਸਾਇਟੀਆਂ ਵਿਚ ਛਾਏ ਹੋਏ ਹਨ, ਜੋ ਕਿ 11–12 ਬੰਦਿਆਂ ਦੀ ਸੁਸਾਇਟੀ ਬਣਾ ਲੈਂਦੇ ਹਨ, ਪਰ ਚਲਾਉਂਦੇ ਉਸ ਸੁਸਾਇਟੀ ਨੂੰ ਸਿਰਫ਼ 1–2 ਬੰਦੇ ਹੀ ਹਨ। ਗੌਰਮੈਂਟ ਨੇ ਕਾਫ਼ੀ ਕੋਸ਼ਿਸ਼ ਕਰਕੇ ਸਿਰਫ 400 ਸੁਸਾਇਟੀਆਂ ਹੀ ਤੋੜੀਆਂ ਹਨ। ਮੈਂ ਕਹਿੰਦਾ ਹਾਂ ਕਿ ਇਹ ਤਾਂ ਜ਼ਿਆਦਾ ਤੋੜਨੀਆਂ ਚਾਹੀਦੀਆਂ ਸਨ। ਜਿਹੜੀਆਂ ਕੁਰੱਪਸ਼ਨ ਕਰਦੀਆਂ ਹਨ, ਉਨ੍ਹਾਂ ਨੂੰ ਤੋੜਨਾ ਚਾਹੀਦਾ ਹੈ। ਇਥੇ ਹੀ ਬਸ ਨਹੀਂ, ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਸਾਲਾਨਾ ਚੈਕਿੰਗ ਸ਼ੁਰੂ ਕਰ ਦਿਤੀ ਹੈ ਤਾਂ ਕਿ ਕੋਈ ਸੋਸਾਇਟੀ ਕੁਰੱਪਸ਼ਨ ਦਾ ਕੰਮ ਨਾ ਕਰ ਸਕੇ ਜਾਂ ਰੁਪਏ ਦਾ ਮਿਸਯੂਜ਼ ਨਾ ਕਰ ਸਕੇ। ਚੈਕਿੰਗ ਵਾਸਤੇ ਸਪੈਸ਼ਲ ਅਫਸਰ ਲਗਾਏ ਗਏ ਹਨ ਤਾਕਿ ਸਰਪ੍ਰਾਈਜ਼ ਚੈਕਿੰਗ ਹੋ ਸਕੇ ਅਤੇ ਇਸ ਤਰ੍ਹਾਂ ਕਰਕੇ ਇਨ੍ਹਾਂ ਸੁਸਾਈਟੀਆਂ ਨੂੰ ਇਫੈਕਟਿਵ ਸੁਸਾਈਟੀਆਂ ਬਣਾਇਆ ਜਾ ਸਕੇ। ਇਹ ਗਰੀਨ ਰੈਵੋਲਿਊਸ਼ਨ ਇਨ੍ਹਾਂ

[ਚੌਧਰੀ ਰਾਮ ਸਿੰਘ]
ਸੁਸਾਈਟੀਆਂ ਰਾਹੀਂ ਹੀ ਆਇਆ ਹੈ। ਇਹ ਜੋ ਪੈਦਾਵਾਰ ਵਧੀ ਹੈ। ਖਾਦ, ਬੀਜ ਇਹ ਇਨ੍ਹਾਂ ਸੁਸਾਈਟੀਆਂ ਰਾਹੀਂ ਹੀ ਲੋਕਾਂ ਨੂੰ ਵੰਡੇ ਜਾਂਦੇ ਹਨ। ਸੋਆਇਲ ਕੰਜ਼ਰਵੇਸ਼ਨ ਜਾਂ ਹੋਰ ਸਾਧਨਾਂ ਕਰਕੇ ਜੋ ਪੰਜਾਬ ਦੀ ਤਰੱਕੀ ਹੋਈ ਹੈ, ਇਹ ਦਾ ਸਾਰਾ ਸਿਹਰਾ ਇਨ੍ਹਾਂ ਸੁਸਾਈਟੀਆਂ ਦੇ ਸਿਰ ਤੇ ਹੀ ਹੈ। ਜਦੋਂ ਮਿਊਂਸਪਲ ਕਮੇਟੀਆਂ ਸੁਪਰਸੀਡ ਹੋ ਸਕਦੀਆਂ ਹਨ, ਅਸੈਂਬਲੀ ਸੁਪਰਸੀਡ ਹੋ ਸਕਦੀ ਹੈ ਤਾਂ ਇਹ ਸੁਸਾਇਟੀਆਂ ਜੋ ਕੁਰੱਪਸ਼ਨ ਕਰਦੀਆਂ ਹਨ, ਜੇ ਇਹ ਸੁਪਰਸੀਡ ਹੋ ਜਾਣ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਜਿਹੜੀ ਸੋਸਾਇਟੀ ਪੈਸੇ ਖਾ ਜਾਂਦੀ ਹੈ ਅਤੇ ਜੇ ਉਥੇ ਐਡਮਨਿਸਟ੍ਰੇਟਰ ਲਗਾਇਆ ਜਾਂਦਾ ਹੈ ਤਾਂ ਠੀਕ ਹੈ। ਜੋ ਸਰਕਾਰ ਨੇ ਆਰਡੀਨੈਂਸ ਜਾਰੀ ਕੀਤਾ ਸੀ, ਉਹ ਬਿਲਕੁਲ ਬੇਹਤਰੀਨ ਔਰ ਮੌਕੇ ਦੇ ਮੁਤਾਬਿਕ ਸੀ। ਜੋ ਮੇਰੀ ਇਤਲਾਹ ਹੈ ਸਰਕਾਰ ਇਸ ਪਾਸੇ ਵੀ ਵਿਚਾਰ ਕਰ ਰਹੀ ਹੈ ਕਿ ਪੁਲਿਸ ਸੈੱਲ ਬਣਾਇਆ ਜਾਏ ਤਾਂ ਕਿ ਕਈ ਜ਼ਰੂਰੀ ਕੇਸਾਂ ਵਿਚ ਦੋ ਦੋ ਸਾਲ ਲੰਘ ਜਾਂਦੇ ਹਨ, ਪਰ ਕੋਈ ਐਕਸ਼ਨ ਨਹੀਂ ਲਿਆ ਜਾਂਦਾ। ਇਹ ਸੈੱਲ ਬਣਨ ਨਾਲ ਕੇਸਿਜ਼ ਦੀ ਛੇਤੀ ਪੈਰਵੀ ਹੋ ਸਕੇਗੀ ਅਤੇ ਦੋਸ਼ੀਆਂ ਨੂੰ ਛੇਤੀ ਸਜ਼ਾ ਮਿਲ ਸਕੇਗੀ। ਇਹ ਅੱਛੀ ਗੱਲ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕੋਆਪਰੇਟਿਵ ਸੁਸਾਇਟੀਆਂ ਵਰਕ ਸੈਕਸ਼ਨ ਵਾਸਤੇ ਮਦਦਗਾਰ ਹੋਣੀਆਂ ਚਾਹੀਦੀਆਂ ਹਨ। ਪਿਛੇ ਜਿਹੇ ਇਹ ਸੁਸਾਈਟੀਆਂ ਵੱਡੇ ਲੋਕਾਂ ਵਾਸਤੇ ਸਨ। ਇਹ ਵੱਡੇ ਵੱਡੇ ਲੋਕ ਆਪਣੇ ਆਪਣੇ ਫਾਰਮ ਬਣਾ ਲੈਂਦੇ ਸੀ, ਜ਼ਮੀਨਾਂ ਨੂੰ ਇਮਪਰੂਵ ਕਰ ਲੈਂਦੇ ਸੀ, ਕਰਜ਼ਾ ਲੈ ਕੇ ਕਿਸੇ ਹੋਰ ਕੰਮ ਤੇ ਲਗਾ ਦਿੰਦੇ ਸੀ। ਅੱਜ ਪੰਜਾਬ ਸਰਕਾਰ ਨੇ ਜੋ ਫੈਸਲਾ ਕੀਤਾ ਹੈ ਕਿ ਵੀਕਰ ਸੈਕਸ਼ਨਜ਼ ਨੂੰ ਸੁਸਾਇਟੀਆਂ ਵਿਚ ਜ਼ਿਆਦਾ ਹਿੱਸਾ ਦਿਤਾ ਜਾਏ ਔਰ ਘਟ ਤੋਂ ਘਟ 30% ਲੋਨ ਵੀਕਰ ਸੈਕਸ਼ਨ ਨੂੰ ਦਿਤਾ ਜਾਏ, ਇਹ ਬਹੁਤ ਸ਼ਲਾਘਾਯੋਗ ਹੈ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਕਦੇ ਵੀ ਅਤੇ ਅਕਾਲੀਆਂ ਵੇਲੇ ਵੀ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ ਸੀ ਕਿ ਹਰੀਜਨਾਂ ਨੂੰ ਡਾਇਰੈਕਟਰ ਬਣਾਇਆ ਜਾ ਸਕੇ ਜਾਂ ਸ਼ੇਅਰ ਹੋਲਡਰ ਬਣਾਇਆ ਜਾ ਸਕੇ। ਹੁਣ ਇਸ ਸਰਕਾਰ ਨੇ ਵੀਕਰ ਸੈਕਸ਼ਨਜ਼ ਨੂੰ ਹਰੀਜਨਾਂ ਨੂੰ ਡਾਇਰੈਕਟਰ ਔਰ ਸ਼ੇਅਰ ਹੋਲਡਰ ਬਣਾਉਣਾ ਹੈ। ਇਨ੍ਹਾਂ ਵੀਕਰ ਸੈਕਸ਼ਨਜ਼ ਨੂੰ ਵੀ ਆਪਣੀ ਤਰੱਕੀ ਦੀ ਲੋੜ ਹੈ। ਇਨ੍ਹਾਂ ਨੂੰ ਵੀ ਆਪਣੀਆਂ ਜ਼ਮੀਨਾਂ ਇਮਪਰੂਵ ਕਰਨ ਦੀ ਲੋੜ ਹੈ। ਇਹ ਸਰਕਾਰ ਨੇ ਬੇਹਤਰੀਨ ਫੈਸਲਾ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਥੇ ਇਨ੍ਹਾਂ ਕੁਆਪਰੇਟਿਵ ਸੁਸਾਇਟੀਆਂ ਨੇ ਗਰੀਨ ਰੈਵੋਲਿਊਸ਼ਨ ਲਿਆਂਦਾ, ਉਥੇ ਹੁਣ ਇਹ ਇਥੇ ਵਾਈਟ ਰੈਵੋਲਿਊਸ਼ਨ ਲਿਆਉਣ ਵਲ ਵਧ ਰਹੀਆਂ ਹਨ। ਸੰਗਰੂਰ, ਜਲੰਧਰ ਔਰ ਹੁਸ਼ਿਆਰਪੁਰ ਵਿਖੇ ਮਿਲਕ ਪਲਾਂਟ ਖੋਲ੍ਹੇ ਜਾ ਰਹੇ ਹਨ। ਪੰਜਾਬ ਵਿਚ ਹੋਰ ਵੀ ਮਿਲਕ ਪਲਾਂਟ ਖੁਲ੍ਹਣਗੇ। ਇਹ ਮੱਝਾਂ ਦੀ ਜੋ ਸਕੀਮ ਹੈ, ਇਸ ਨਾਲ ਇਥੇ ਦੁੱਧ ਜ਼ਿਆਦਾ ਬਣਨ ਵਿਚ ਮਦਦ ਮਿਲੇਗੀ। ਇਸ ਨਾਲ ਦੁੱਧ ਜ਼ਿਆਦਾ ਮਿਲਣ ਲਗ ਜਾਏਗਾ।

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਵੇਲੇ ਬੜੇ ਅਛੇ ਕੰਮ ਕੀਤੇ ਜਾ ਰਹੇ ਹਨ ਜਿਵੇਂ ਕਿ ਇਸ ਸਾਲ ਲਈ ਜਿਹੜਾ ਗੁਜ਼ਰ ਰਿਹਾ ਹੈ ਇਹਦੇ ਵਿਚ 60 ਕਰੋੜ ਰੁਪਏ ਦਿੱਤੇ ਹਨ ਛੋਟੇ ਜ਼ਮੀਂਦਾਰਾਂ ਨੂੰ, ਇਹਦੇ ਨਾਲ ਹੀ 15 ਕਰੋੜ ਰੁਪਏ ਹੋਰ ਦਿਤੇ ਹਨ ਟਿਊਬਵੈਲ ਵਾਸਤੇ, ਟਰੈਕਟਰਾਂ ਵਾਸਤੇ, ਪੱਕੇ ਚੈਨਲ ਬਣਾਉਣ ਵਾਸਤੇ ਤਾਕਿ ਕਿਸਾਨ ਅੱਛੀ ਪਰੋਡਕਸ਼ਨ ਕਰ ਸਕੇ।

ਡਿਪਟੀ ਸਪੀਕਰ ਸਾਹਿਬ, 50 ਕਰੋੜ ਰੁਪਏ ਇਸ ਸਾਲ ਬੀਜਾਂ ਵਾਸਤੇ ਕੁਆਪ੍ਰੇਟਿਵ ਡਿਪਾਰਟਮੈਂਟ ਨੂੰ ਦਿਤਾ ਹੈ ਤਾਕਿ ਪੰਜਾਬ ਜ਼ਿਆਦਾ ਤੋਂ ਜ਼ਿਆਦਾ ਕੋਸ਼ਿਸ਼ ਕਰਕੇ ਅਨਾਜ ਸਾਰੇ ਹਿੰਦੁਸਤਾਨ ਨੂੰ ਦੇ ਸਕੇ।

ਮੈਂ ਇਹ ਕਹਿੰਦਾ ਹਾਂ ਕਿ ਜੇ ਇਹ ਕਹਿ ਦੇਈਏ ਕਿ ਜਿੰਨੀ ਤਰੱਕੀ ਪੰਜਾਬ ਨੇ ਕੀਤੀ ਹੈ ਇਹਦਾ ਸਾਰਾ ਸਿਹਰਾ ਕੁਆਪਰੇਟਿਵ ਮੂਵਮੈਂਟ ਤੇ ਹੈ ਤਾਂ ਇਹ ਕੋਈ ਗ਼ਲਤ ਗੱਲ ਨਹੀਂ ਹੋਏਗੀ। ਅਗਰ ਕੁਆਪਰੇਟਿਵ ਮੂਵਮੈਂਟ ਐਨੀ ਮਜ਼ਬੂਤ ਨਾ ਹੁੰਦੀ ਤਾਂ ਪੰਜਾਬ ਨੇ ਐਨੀ ਤਰੱਕੀ ਨਹੀਂ ਸੀ ਕਰ ਸਕਣੀ। ਫਰਟੇਲਾਈਜ਼ਰ ਜਾਂ ਹੋਰ ਜਿੰਨੀ ਵੀ ਤਰੱਕੀ ਦਿਹਾਤਾਂ ਵਿਚ ਹੋਈ ਹੈ। ਇਹ ਸਾਰਾ ਕੁਝ ਇਸ ਮੂਵਮੈਂਟ ਤੇ ਹੀ ਨਿਰਭਰ ਕਰਦਾ ਹੈ। ਇਹ ਬੈਂਕ, ਲੈਂਡ ਮਾਰਟਗੇਜ ਬੈਂਕ ਇਹ ਸਾਬਾ ਕੁਝ ਇਸ ਮੂਵਮੈਂਟ ਦਾ ਹੀ ਹਿੱਸਾ ਹੈ। ਜਿਸ ਵੇਲੇ ਕੁਆਪਰੇਟਿਵ ਮੂਵਮੈਂਟ ਬਾਰੇ ਆਲ ਇੰਡੀਆ ਸੈਮੀਨਾਰ ਹੁੰਦੇ ਹਨ ਤਾਂ ਉਸ ਵੇਲੇ ਪੰਜਾਬ ਨੂੰ ਨੰ: 1 ਤੇ ਰੱਖਿਆ ਜਾਂਦਾ ਹੈ। ਬੇਹਤਰੀਨ ਸਿਸਟਮ ਕੋਆਪ੍ਰੇਟਿਵ ਮੂਵਮੈਂਟ ਵਿਚ ਪੰਜਾਬ ਨੰ: 1 ਤੇ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਪਹਿਲਾਂ ਇਕ ਰੁਪਏ ਪਿਛੇ ਵੀਹ ਰੁਪਏ ਵੀਕਰ ਸੈਕਸ਼ਨ ਨੂੰ ਕਰਜ਼ਾ ਦਿਤਾ ਜਾਂਦਾ ਸੀ ਉਹ ਹੁਣ ਇਕ ਰੁਪਏ ਪਿਛੇ ਚਾਲੀ ਰੁਪਏ ਕਰਜ਼ਾ ਇਨ੍ਹਾਂ ਵੀਕਰ ਸੈਕਸ਼ਨ ਦੇ ਲੋਕਾਂ ਨੂੰ ਦਿਤਾ ਜਾ ਸਕਦਾ ਹੈ। ਹਰੀਜਨ ਇਹਦੇ ਨਾਲ ਕਾਫ਼ੀ ਫ਼ਾਇਦਾ ਉਠਾਏਗਾ। ਇਹਦੇ ਨਾਲ ਉਹ ਆਪਣਾ ਕਾਰੋਬਾਰ ਕਰ ਸਕਦਾ ਹੈ ਅਤੇ ਇਕਨਾਮੀਕਲੀ ਮਜ਼ਬੂਤ ਹੋ ਸਕਦਾ ਹੈ। ਇਹਦੇ ਨਾਲ ਹੀ ਮੈਂ ਸੁਝਾਉ ਦੇਣਾ ਚਾਹੁੰਦਾ ਹਾਂ। ਮੈਂ ਕਹਿੰਦਾ ਹਾਂ ਕਿ ਆਡਿਟ ਸਬ-ਡਵੀਜ਼ਨ ਲੈਵਲ ਤੇ ਕਰਨਾ ਚਾਹੀਦਾ ਹੈ। ਆਡਿਟ ਬਹੁਤ ਦੇਰ ਨਾਲ ਹੁੰਦਾ ਹੈ ਉਸ ਦੇ ਨਾਲ ਕਈ ਕੇਸਾਂ ਦਾ ਪਤਾ ਨਹੀਂ ਲਗਦਾ। ਇਸ ਲਈ, ਮੈਂ ਅਰਜ਼ ਕਰਦਾ ਹਾਂ ਕਿ ਆਡਿਟ ਸਿਸਟਮ ਨੂੰ ਹੋਰ ਮਜ਼ਬੂਤ ਕਰਨ ਵਾਸਤੇ ਇਹ ਤਹਿਸੀਲ ਪੱਧਰ ਤੇ ਹੋਣਾ ਚਾਹੀਦਾ ਹੈ ਤੇ ਆਡਿਟ ਛੇਤੀ ਹੋਵੇ। ਇਹ ਆਡਿਟ 3 ਮਹੀਨੇ ਤੋਂ ਬਾਅਦ ਕਰਨ ਜਾਂ 6 ਮਹੀਨੇ ਤੋਂ ਬਾਅਦ, ਪਰ ਛੇਤੀ ਹੋਣਾ ਚਾਹੀਦਾ ਹੈ। ਕਿਉਂਕਿ ਪਿੰਡਾਂ ਦੇ ਲੋਕ ਅਨਪੜ੍ਹ ਹਨ ਅਤੇ ਕੁਝ ਸੈਕਟਰੀ ਜਿਹੜੇ ਹੁੰਦੇ ਹਨ ਉਹ ਉਨ੍ਹਾਂ ਨੂੰ ਭੁਲ ਭੁਲੇਖਿਆਂ ਵਿਚ ਪਾ ਦਿੰਦੇ ਹਨ ਇਸ ਲਈ ਆਡਿਟ ਛੇਤੀ ਹੋਣਾ ਚਾਹੀਦਾ ਹੈ। ਇਸ ਲਈ ਇਸ ਪਾਸੇ ਧਿਆਨ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਤਨਖਾਹਾਂ ਦਾ ਪੈਟਰਨ ਹੈ, ਭਾਵੇਂ ਕੋਈ ਸੁਸਾਇਟੀ ਵੱਡੀ ਹੋਵੇ ਅਤੇ ਭਾਵੇਂ ਕੋਈ ਸੁਸਾਇਟੀ ਛੋਟੀ ਹੋਵੇ, ਤਨਖਾਹਾਂ ਇਕੋ ਜਿਹੀਆਂ ਹੋਣੀਆਂ ਚਾਹੀਦੀਆਂ ਹਨ। ਜਿਸ ਤਰ੍ਹਾਂ ਪਿਛੇ ਜਿਹੇ ਗੌਰਮਿੰਟ ਨੇ ਇਕ ਅਮੈਂਡਮੈਂਟ ਵੀ ਕੀਤੀ ਸੀ ਅਤੇ ਉਸ ਨਾਲ ਪਾਵਰ ਵੀ ਲੈ ਲਈ ਹੈ। (ਵਿਘਨ) ਤਨਖਾਹਾਂ ਬਰਾਬਰ ਹੋਣੀਆਂ ਚਾਹੀਦੀਆਂ ਹਨ। ਇਹ ਨਹੀਂ ਹੋਣਾ ਚਾਹੀਦਾ ਕਿ ਇਹ ਫਲਾਣਾ ਬੈਂਕ ਹੈ ਜਾਂ ਸੁਸਾਇਟੀ ਹੈ ਅਤੇ ਇਹ ਫ਼ਲਾਣੀ ਹੈ। ਇਸ ਲਈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਤਨਖਾਹਾਂ ਦਾ ਇਕੋ ਪੈਟਰਨ ਹੋਣਾ ਚਾਹੀਦਾ ਹੈ ਤਾਕਿ ਉਥੇ ਕੋਈ ਝਗੜਾ ਨਾ ਹੋਵੇ। ਇਥੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੇ ਕਿਹਾ ਸੀ ਕਿ ਮਾਡਰਨ ਬਾਈ ਲਾਜ਼ ਬਣਾਉਣੇ ਚਾਹੀਦੇ ਹਨ। ਮੈਂ ਸਿਰਫ਼ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਦ ਮਾਡਰਨ ਬਾਈ ਲਾਜ਼ ਹੋਣਗੇ ਤਾਂ ਫਿਰ ਗੌਰਮਿੰਟ ਉਨ੍ਹਾਂ ਤੇ ਕੰਟਰੋਲ ਕਿਸ ਤਰ੍ਹਾਂ ਕਰੇਗੀ। ਫ਼ਿਰ ਗੌਰਮਿੰਟ ਉਥੇ ਜਿਹੜੀ ਕੁਰੱਪਸ਼ਨ ਹੁੰਦੀ ਹੈ ਉਸ ਤੇ ਕਿਸ ਤਰ੍ਹਾਂ ਕੰਟਰੋਲ ਕਰੇਗੀ। ਕੋਈ ਕਿਸੇ ਨੇ ਸੁਸਾਇਟੀ ਬਣਾ ਲਈ ਅਤੇ ਕੋਈ ਕਿਸੇ ਨੇ ਬਣਾ ਲਈ ਅਤੇ ਅਗਰ ਇਸ ਤਰ੍ਹਾਂ ਉਨ੍ਹਾਂ ਨੇ ਆਪ ਰਨ ਕਰਨਾ ਹੈ ਤਾਂ ਫਿਰ ਹਰ ਕਮੇਟੀ ਦੇ ਬਾਈ ਲਾਜ਼ ਆਪਣੇ ਹੋਣਗੇ। ਇਸ ਤਰ੍ਹਾਂ ਕੁਆਪ੍ਰੇਟਿਵ ਮੂਵਮੈਂਟ ਨਹੀਂ ਚਲ ਸਕਦੀ।

ਹੁਣ ਮੈਂ ਇਸ ਦੀ ਇਲੈਕਸ਼ਨ ਵੱਲ ਆਉਂਦਾ ਹਾਂ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਲੈਕਸ਼ਨ ਰੂਲ ਵਿਚ ਗਰੈਂਡ ਫਾਦਰ ਤੱਕ ਰਿਲੇਸ਼ਨ ਨਹੀਂ ਰੱਖਣਾ ਚਾਹੀਦਾ। ਇਹ ਬੜੀ ਪੁਰਾਣੀ ਅਮੈਂਡਮੈਂਟ ਹੋਵੇਗੀ ਜਾਂ ਰੂਲ ਹੋਣਗੇ ਜਿਸ ਤਰ੍ਹਾਂ ਇਸ ਤਰ੍ਹਾਂ ਚੱਲ ਰਿਹਾ ਹੈ। ਇਸ ਲਈ ਇਸ

[ਚੌਧਰੀ ਰਾਮ ਸਿਘ]

ਚੀਜ਼ ਨੂੰ ਅਮੈਂਡ ਕਰਨਾ ਚਾਹੀਦਾ ਹੈ । ਇਹ ਰਿਲੇਸ਼ਨ ਫ਼ਾਦਰ ਤੱਕ ਹੀ ਹੋਣਾ ਚਾਹੀਦਾ ਹੈ । ਕਿਉਂਕਿ ਗਰੈਂਡਫ਼ਾਦਰ ਤੱਕ ਤਾਂ 50 ਫੀਸਦੀ ਪਾਪੂਲੇਸ਼ਨ ਹੁੰਦੀ ਹੈ ਅਤੇ ਉਹ ਉਸ ਦੇ ਵਿਚ ਚਲਾ ਜਾਂਦਾ ਹੈ । ਇਹ ਲਈ ਇਹ ਫ਼ਾਦਰ ਰਿਲੇਸ਼ਨ ਤੱਕ ਲੈਣਾ ਚਾਹੀਦਾ ਹੈ । ਜਾਂ ਨੇੜੇ ਦੇ ਰਿਲੇਸ਼ਨ ਹੋਣ ਅਤੇ ਇਸ ਗਰੈਂਡ ਫ਼ਾਦਰ ਤੱਕ ਨਹੀਂ ਲੈਣੇ ਚਾਹੀਦੇ । ਇਸ ਤਰ੍ਹਾਂ ਕਰਨ ਨਾਲ ਅੱਛੇ ਆਦਮੀਆਂ ਨੂੰ ਕੰਮ ਕਰਨ ਦਾ ਮੌਕਾ ਨਹੀਂ ਮਿਲਦਾ ।

ਗਿਆਨੀ ਅਰਜਨ ਸਿੰਘ ਲਿੱਟ : * * * *

Mr. Deputy Speaker : This is no point of order.

ਚੌਧਰੀ ਰਾਮ ਸਿੰਘ : ਪੰਜਾਬ ਕੁਆਪਰੇਟਿਵ ਸੁਸਾਇਟੀਜ਼ ਦੇ ਸਿਲਸਿਲੇ ਵਿਚ ਇੰਡੀਆ ਵਿਚੋਂ ਬਹੁਤ ਅੱਗੇ ਹੈ । ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਇਨ੍ਹਾਂ ਕੁਆਪਰੇਟਿਵ ਸੁਸਾਇਟੀਜ਼ ਨੇ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ ਅਤੇ ਹੁਣ ਇਹ ਵਾਈਟ ਰੈਵੋਲਿਊਸ਼ਨ ਵਲ ਜਾ ਰਹੀਆਂ ਹਨ । ਇਸ ਰੈਵੋਲਿਊਸ਼ਨ ਨੂੰ ਲਿਆਉਣ ਲਈ ਇਸ ਵਿਚ ਤਕੜੀਆਂ ਅਮੈਂਡਮੈਂਟਸ ਕਰਨੀਆਂ ਚਾਹੀਦੀਆਂ ਹਨ ਤਾਕਿ ਕੁਆਪਰੇਟਿਵ ਸੁਸਾਇਟੀਜ਼ ਇਫ਼ੈਕਟਿਵ ਰੋਲ ਅਦਾ ਕਰ ਸਕਣ ਅਤੇ ਇਸ ਤਰ੍ਹਾਂ ਜਿਹੜੀਆਂ ਵਿਚ ਖਾਮੀਆਂ ਹਨ ਜਾਂ ਕਮਜ਼ੋਰੀਆਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਵੇ ਅਤੇ ਇਸ ਖੇਤਰ ਵਿਚ ਅੱਗੇ ਕਿਸ ਤਰ੍ਹਾਂ ਤਰੱਕੀ ਹੋਈ ਹੈ ਅਤੇ ਇਹ ਹੋਰ ਵੀ ਤਰੱਕੀ ਕਰੇ ਅਤੇ ਸਾਡਾ ਪੰਜਾਬ ਹਿੰਦੁਸਤਾਨ ਵਿਚੋਂ ਸਭ ਤੋਂ ਅੱਗੇ ਜਾਵੇ । ਅਖੀਰ ਵਿਚ ਮੈਂ ਇਸ ਬਿੱਲ ਦੀ ਪ੍ਰੋੜ੍ਹਤਾ ਕਰਦਾ ਹਾਂ ।

ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲ ਗੜ੍ਹ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਕੋਆਪਰੇਟਿਵ ਬੈਂਕ ਤੇ 2 ਅਮੈਂਡਮੈਂਟਸ ਸਰਕਾਰ ਲਿਆ ਰਹੀਂ ਹੈ ਇਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਸਾਰੇ ਹਾਊਸ ਵਿਚੋਂ ਕੋਈ ਇਸ ਗੱਲ ਤੋਂ ਮੁਨੱਕਰ ਨਹੀਂ ਹੋ ਸਕਦਾ ਕਿ ਐਡਮਨਿਸਟਰੇਟਰ ਦੀ ਮਿਆਦ ਵਿਚ ਪਹਿਲਾਂ 6 ਮਹੀਨੇ ਦਾ ਵਾਧਾ ਕੀਤਾ ਗਿਆ ਅਤੇ ਹੁਣ 1 ਸਾਲ ਦਾ ਹੋਰ ਵਾਧਾ ਕਰ ਰਹੇ ਹਨ ਮਤਲਬ ਇਹ ਕਿ ਡੇਢ ਸਾਲ ਤਕ ਕਰ ਰਹੇ ਹਨ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰ ਕੇ ਡੈਮੋਕਰੇਸੀ ਦਾ ਕਤਲ ਇਸ ਤੋਂ ਵੱਧ ਹੋਰ ਕਿਸੇ ਤਰ੍ਹਾਂ ਨਹੀਂ ਹੋ ਸਕਦਾ । ਲੋਕੀਂ ਤਾਂ ਪਾਰਲੀਮੈਂਟ ਅਤੇ ਅਸੈਂਬਲੀਜ਼ ਨੂੰ ਤੁੜਾ ਕੇ ਦੁਬਾਰਾ ਇਲੈਕਸ਼ਨਜ਼ ਦੀਆਂ ਗੱਲਾਂ ਕਰਦੇ ਹਨ ਪਰ ਇਹ ਆਪਣੇ ਅਫ਼ਸਰਾਂ ਦੀ ਮਿਆਦ ਵਧਾ ਰਹੇ ਹਨ ਉਨ੍ਹਾਂ ਨੂੰ ਇਹ ਖੁਸ਼ ਕਰ ਰਹੇ ਹਨ । ਮੈਂ ਦੱਸਦਾ ਹਾਂ ਕਿ ਇਸ ਨੂੰ ਆਜ਼ਾਦੀ ਨਾਲ ਚਲਾਉਣ ਦੀ ਬਜਾਏ ਸਰਕਾਰ ਇਸ ਵਿਚ ਆਪਣਾ ਦਖ਼ਲ ਵਧਾਉਣਾ ਚਾਹੁੰਦੀ ਹੈ ਤਾਕਿ ਇਨ੍ਹਾਂ ਵਿਚ ਜਿਹੜੇ ਘਾਲੇ ਮਾਲੇ ਹੁੰਦੇ ਹਨ, ਗਬਨ ਹੁੰਦੇ ਹਨ ਅਤੇ ਕੁਰੱਪਸ਼ਨ ਹੁੰਦੀ ਹੈ ਉਸ ਵਿੱਚ ਸਰਕਾਰ ਆਪਣਾ ਹੋਰ ਦਖਲ ਵਧਾ ਸਕੇ ਅਤੇ ਜਨਤਾ ਨੂੰ ਇਨਸਾਫ ਨਾ ਮਿਲ ਸਕੇ । ਮੈਂ ਲੈਂਡ ਮਾਰਟਗੇਜ ਬੈਂਕ ਦੀ ਗੱਲ ਤੁਹਾਨੂੰ ਦੱਸਦਾ ਹਾਂ । ਲੈਂਡ ਮਾਰਟਗੇਜ ਬੈਂਕ ਮਾਨਸਾ ਵਿਖੇ ਹੈ । ਪਹਿਲਾਂ ਉਥੇ ਜੋ ਸੁਸਾਇਟੀ ਸੀ ਅਤੇ ਜੋ ਉਸ ਦਾ ਡਾਇਰੈਕਟਰ ਸੀ ਉਸ ਦੇ ਖਿਲਾਫ ਸਮੁਚੇ ਸਾਰੇ ਇਜਲਾਸ ਦੇ 16—17 ਮੈਂਬਰਾਂ ਨੇ ਰੈਜ਼ੋਲਿਊਸ਼ਨ ਪਾਸ ਕੀਤਾ ਕਿ ਇਹ ਸੁਸਾਇਟੀ ਕੁਰੱਪਟ ਹੈ ਅਤੇ ਇਸ ਦੇ ਖਿਲਾਫ਼ ਐਕਸ਼ਨ ਲੈਣਾ ਚਾਹੀਦਾ ਹੈ । ਉਨ੍ਹਾਂ ਨੇ ਕਿਹਾ ਕਿ ਅਸੀਂ ਸਾਰੇ ਸਬੂਤ ਪੇਸ਼ ਕਰਾਂਗੇ । ਪਰ, ਡਿਪਟੀ ਸਪੀਕਰ ਸਾਹਿਬ, ਤੁਸੀਂ ਇਸ ਗੱਲ ਤੇ ਹੈਰਾਨ ਹੋਵੋਗੇ ਕਿ ਜੇ ਕੋਈ ਅਸੈਂਬਲੀ ਵਿਚ ਕੁਐਸਚਨ ਲਿਆਈਏ ਤਾਂ ਇਹ ਕਹਿੰਦੇ ਹਨ ਕਿ ਉਹ ਐਟੋਨੋਮਸ ਬਾਡੀ ਹੈ ਅਤੇ ਅਸੀਂ ਉਸ ਵਿਚ ਦਖਲ ਨਹੀਂ ਦੇ ਸਕਦੇ । ਢਾਈ ਅਰਬ ਰੁਪਿਆ ਆਪਣਾ ਬੱਜਟ ਇਸ ਪਾਸੇ ਜਾਂਦਾ ਹੈ । ਜੇ ਅਸੀਂ ਜਾਂ ਹੋਰ ਕੋਈ ਆਦਮੀ ਕਹਿੰਦਾ ਹੈ ਕਿ ਸਰਕਾਰੀ ਅਫ਼ਸਰਾਂ ਤੇ ਕੰਟਰੋਲ ਕਰੋ ਤਾਂ ਇਸ ਪਾਸੇ ਧਿਆਨ

*Expunged as ordered by the Chair.

ਨਹੀਂ ਦਿੱਤਾ ਜਾਂਦਾ। ਇਹ ਸਾਡੀ ਕੋਈ ਗੱਲ ਨਹੀਂ ਸੁਣਦੇ। ਅਸੀਂ ਇਥੇ ਗੱਲ ਨਾ ਕਰੀਏ ਤਾਂ ਹੋਰ ਕਿਥੇ ਕਰੀਏ ? ਕਿਉਂਕਿ ਉਹ ਮਨਿਸਟਰ ਦੇ ਆਦਮੀ ਹੁੰਦੇ ਹਨ ਅਤੇ ਇਹ ਉਨ੍ਹਾਂ ਨੂੰ ਕਹਿੰਦੇ ਕੁਝ ਨਹੀਂ ਅਤੇ ਇਹ ਕਹਿੰਦੇ ਹਨ ਕਿ ਸਾਡਾ ਮੁਰਗਾ ਚੱਲਦਾ ਰਹੇ। ਡਿਪਟੀ ਸਪੀਕਰ ਸਾਹਿਬ, ਇਕ ਰਾਮਪੁਰਾ ਫੂਲ ਵਿਚ ਮਾਰਕੀਟਿੰਗ ਸੁਸਾਇਟੀ ਹੈ। ਉਥੇ 15 ਸਾਲਾਂ ਤੋਂ ਇਕ ਮੈਨੇਜਰ ਲੱਗਿਆ ਹੋਇਆ ਹੈ। ਉਸ ਮੈਨੇਜਰ ਦੇ ਖਿਲਾਫ਼ 5 ਕੇਸਿਜ਼ ਡੀ. ਸੀ. ਨੇ ਅਤੇ ਐਸ. ਡੀ. ਓ. ਨੇ ....(ਘੰਟੀ)

Mr. Deputy Speaker : Please be relevant.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਰੈਲੇਵੈਂਟ ਹੀ ਹਾਂ, ਕਿਸੇ ਗਲਤ ਪਾਸੇ ਨਹੀਂ ਜਾ ਰਿਹਾ। ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਉਹ ਮੈਨੇਜਰ 15 ਸਾਲਾਂ ਤੋਂ ਚਲਿਆ ਆ ਰਿਹਾ ਹੈ। ਉਸ ਮੈਨੇਜਰ ਦੇ ਖਿਲਾਫ਼ 5 ਕੇਸਿਜ਼ ਦਰਜ ਹੋਏ। ਦੋ ਕੇਸਿਜ਼ ਡੀ. ਸੀ. ਬਠਿੰਡਾ ਨੇ, ਦੋ ਕੇਸਿਜ਼ ਐਸ. ਡੀ. ਓ. ਰਾਮਪੁਰਾ ਫੂਲ ਨੇ ਅਤੇ ਇਕ ਕੇਸ ਮਨਿਸਟਰ ਨੇ ਵੀ ਦਰਜ ਕੀਤਾ ਸੀ ਪਰ ਉਹ ਆਦਮੀ ਬੜਾ ਚਲਾਕ ਹੈ। ਉਸ ਉਤੇ ਜਵਾਰ ਦਾ ਸਕੈਂਡਲ ਦਾ ਕੇਸ ਹੈ ਉਸ ਦੇ ਉਤੇ ਖਾਦ, ਖੰਡ ਦਾ ਅਤੇ ਹੋਰ ਬਹੁਤ ਸਾਰ ਸਕੈਂਡਲ ਹਨ। ਉਸ ਦੇ ਖਿਲਾਫ਼ ਜਿਹੜੀ ਐਫ਼-ਆਈ. ਆਰ. ਦਰਜ ਕਰਾਈ ਗਈ ਉਸ ਦੀ ਕਾਪੀ ਮੇਰੇ ਪਾਸ ਹੈ। ਅਸੀਂ ਉਸ ਦੇ ਖਿਲਾਫ਼ ਐਕਸ਼ਨ ਦੀ ਮੰਗ ਕੀਤੀ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ। ਇਸ ਦਾ ਰੀਜ਼ਨ ਕੀ ਹੈ ? ਇਸ ਦਾ ਰੀਜ਼ਨ ਹੈ ਸਰਕਾਰੀ ਦਖਲ। ਰੀਜ਼ਨ ਇਹ ਹੈ ਕਿ ਉਹ ਪੀ. ਸੀ. ਸੀ. ਦਾ ਮੈਂਬਰ ਹੈ ਅਤੇ ਨਾਲ ਪਟਿਆਲਾ ਦੇ ਵਿਚ ਜਿਹੜੀ ਇਨ੍ਹਾਂ ਦੀ ਕਾਂਗਰਸ ਬਾਡੀ ਦੀ ਚੋਣ ਹੋਣੀ ਹੈ। ਉਹ ਕਾਂਗਰਸ ਟਿਕਟ ਦਾ ਉਮੀਦਵਾਰ ਹੈ। ਅਸੀਂ ਉਸ ਦੇ ਖਿਲਾਫ਼ ਐਕਸ਼ਨ ਲੈਣ ਲਈ ਸਾਲ ਤੋਂ ਕਹਿ ਰਹੇ ਹਾਂ, ਪਰ ਕੋਈ ਐਕਸ਼ਨ ਨਹੀਂ ਲੈਂਦੇ। 5 ਸਾਲਾਂ ਤੋਂ ਕੇਸ ਚਲ ਰਹੇ ਹਨ ਪਰ ਉਸ ਦੇ ਖਿਲਾਫ਼ ਕੁਝ ਨਹੀਂ ਕਰਦੇ ਸਗੋਂ ਉਸ ਨੂੰ ਡਿਸਟ੍ਰਿਕਟ ਮੈਨੇਜਰ ਦਾ ਅਹੁਦਾ ਦਿੰਦੇ ਹਨ। ਚੀਫ਼ ਮਨਿਸਟਰ ਨੂੰ ਇਸ ਬਾਰੇ ਪਤਾ ਹੈ ਕਿ ਉਹ ਵੀ ਕੁਝ ਨਹੀਂ ਕਰਦੇ ਤਾਕਿ ਸਾਡੀ ਮੁਰਗਾ ਪਾਰਟੀ ਚਲਦੀ ਰਹੇ। (ਵਿਘਨ)

ਹੁਣ ਮੈਂ ਤੁਹਾਨੂੰ ਮਾਰਕਫ਼ੈਡ ਵਿਚ ਜਿਹੜਾ ਸਕੈਂਡਲ ਹੋਇਆ ਹੈ, ਉਸ ਬਾਰੇ ਦੱਸਦਾ ਹਾਂ ਮਾਰਕਫ਼ੈਡ ਵਿਚ ਪਿਛੇ ਕੰਬਾਈਨਾਂ ਆਈਆਂ ਅਤੇ ਉਨ੍ਹਾਂ ਦੀ ਕੀਮਤ 95 ਹਜ਼ਾਰ ਰੁਪਿਆ ਸੀ ਅਤੇ ਫਿਰ ਜੋ ਆਈਆਂ ਉਨ੍ਹਾਂ ਦੀ ਕੀਮਤ 1 ਲੱਖ 35 ਹਜ਼ਾਰ ਰੁਪਿਆ ਹੈ। (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਅਮੈਂਡਮੈਂਟ ਤੇ ਬੋਲੋ। ਤੁਸੀਂ ਰੈਲੇਵੈਂਟ ਰਹੋ। (Please speak on amendment and be relevant.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਮੈਂ ਨੁਕਸ ਦੱਸ ਰਿਹਾ ਹਾਂ। ਅਮੈਂਡਮੈਂਟ ਤਾਂ ਇਹ ਹੈ ਕਿ ਉਨ੍ਹਾਂ ਦੀ ਮਿਆਦ ਵਿਚ ਵਾਧਾ ਕਿਉਂ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਅਫ਼ਸਰਾਂ ਨੂੰ ਕਿਉਂ ਹੋਰ ਪਾਵਰਜ਼ ਦਿਤੀਆਂ ਜਾ ਰਹੀਆਂ ਹਨ। ਮੈਂ ਕਹਿ ਰਿਹਾ ਹਾਂ ਕਿ ਇਹ ਨਾਜਾਇਜ਼ ਕੰਮ ਕਰ ਰਹੇ ਹਨ। ਮੈਂ ਦੱਸ ਰਿਹਾ ਸੀ ਕਿ ਪਹਿਲਾਂ 95 ਹਜ਼ਾਰ ਦੀਆਂ ਕੰਬਾਈ-ਨਾਂ ਆਈਆਂ ਫਿਰ 1 ਲੱਖ 35 ਹਜ਼ਾਰ ਦੀਆਂ ਅਤੇ ਫਿਰ 65 ਹੋਰ ਕੰਬਾਈਨਾਂ ਮੰਗਵਾਈਆਂ। (ਵਿਘਨ) ਮੈਂ ਦੱਸ ਰਿਹਾ ਹਾਂ ਕਿ ਇਸ ਵਿਚ ਕਿੰਨਾ ਗ਼ਬਨ ਹੋਇਆ ਹੈ, ਇਸ ਵਿਚ ਕਿੰਨਾ ਭਾਰੀ ਸਕੈਂਡਲ ਹੈ।

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਕੰਬਾਈਨਾਂ ਵਾਲੀ ਗਲ ਰੈਲੇਵੈਂਟ ਨਹੀਂ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਜੇ ਇਹ ਗੱਲ ਗਲਤ ਹੈ ਤਾਂ ਤੁਸੀਂ ਚੈਲੰਜ ਕਰੋ। ਕਿਉਂ ਐਡਮਨਿਸਟਰੇਟਰ ਨੇ ਗਲਤੀ ਕੀਤੀ ਹੈ। (ਵਿਘਨ)

Deputy Minister, Irrigation and Power (Shri Bal Ram) : Sir, the hon. Member may bring a substantive motion for this. (*Interruption*). Please be relevant. I want to put the matter straight.

मैं बताना चाहता हूं कि जो combines हम ने ली हैं वे और हैं। (विघ्न) यह जो आप कह रहे हैं यह अकाली रिजीम की हैं। इन्होंने G. D. R. से मंगवाई थीं और हम ने Central Government की approval से जौहन डीयर की मंगवाई थीं।

Mr. Deputy Speaker : You can't reflect upon the conduct of a person in high authority unless the discussion is based on a substantive motion brought in proper terms.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਜਿਹੜਾ ਮਾਰਕਫ਼ੈਡ ਅਦਾਰਾ ਹੈ ਅਤੇ ਉਸ ਦਾ ਐਡਮਨਿਸਟਰੇਟਰ ਅਤੇ ਹੋਰ ਜਿਹੜੇ ਇਸ ਤਰ੍ਹਾਂ ਦੇ ਅਦਾਰੇ ਹਨ ਉਨ੍ਹਾਂ ਦੇ ਐਡਮਨਿਸਟਰੇਟਰ ਜੋ ਲਗੇ ਹੋਏ ਹਨ, ਉਨ੍ਹਾਂ ਦੀ ਥਾਂ ਤੇ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਲਗਣੇ ਚਾਹੀਦੇ ਹਨ। (ਵਿਘਨ) ਮੈਂ ਕੋਈ ਬਾਹਰ ਨਹੀਂ ਗੱਲ ਕਰ ਰਿਹਾ, ਮੈਂ ਤਾਂ ਰੈਲੇਵੈਂਟ ਹੀ ਬੋਲ ਰਿਹਾ ਹਾਂ

12-00. noon

ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਅਦਾਰਾ ਹੈ ਇਹ ਕਿਸਾਨਾਂ ਦੀ ਖੁਸ਼ਹਾਲੀ ਵਾਸਤੇ ਬਣਾਇਆ ਹੈ, ਪੰਜਾਬ ਦੀ ਖੁਸ਼ਹਾਲੀ ਵਾਸਤੇ ਬਣਾਇਆ ਹੈ, ਦੇਸ਼ ਦੀ ਖੁਸ਼ਹਾਲੀ ਵਾਸਤੇ ਹੈ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੋ ਇਸ ਅਦਾਰੇ ਦਾ ਅਸਲੀ ਮਕਸਦ ਹੈ ਉਹ ਪੂਰਾ ਨਹੀਂ ਹੋ ਰਿਹਾ ਅਤੇ ਲੋਕਾਂ ਦੇ ਪੈਸੇ ਦੀ ਇਸ ਦੇ ਵਿਚ ਦੁਰਵਰਤੋਂ ਹੋ ਰਹੀ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਮਾਰਕਫ਼ੈਡ ਨੇ ਸਾਢੇ ਤਿੰਨ ਕਰੋੜ ਰੁਪਏ ਦੀਆਂ ਦਵਾਈਆਂ ਖਰੀਦੀਆਂ ਪਰ ਉਹ ਕਿਸੇ ਲੇਖੇ ਨਹੀਂ ਲਗੀਆਂ। ਐਡਮਿਨਿਸਟਰੇਟਰ ਨੇ ਬਾਅਦ ਵਿਚ ਸੋਚਿਆ ਸੀ ਉਸ ਨੂੰ ਇਨ੍ਹਾਂ ਦਵਾ-ਈਆਂ ਵਿਚ ਕੋਈ ਫਾਇਦਾ ਨਹੀਂ ਹੋਇਆ, ਉਸ ਨੇ ਹੋਰ ਨਵੀਆਂ ਦਵਾਈਆਂ ਮੈਲਾਥੀਨ ਵਗੈਰਾ ਖਰੀਦ ਲਈਆਂ ਅਤੇ ਇਸ ਤਰ੍ਹਾਂ ਇਸ ਦੇ ਵਿਚ 20 ਲੱਖ ਰੁਪਏ ਦਾ ਸਕੈਂਡਲ ਹੋਇਆ ਹੈ। ਜਿਹ-ੜੀਆਂ ਪਹਿਲਾਂ ਸਾਢੇ ਤਿੰਨ ਕਰੋੜ ਰੁਪਏ ਦੀਆਂ ਦਵਾਈਆਂ ਖਰੀਦੀਆਂ ਹਨ ਉਹ ਐਵੇਂ ਹੀ ਗਈ-ਆਂ ਕਿਉਂਕਿ ਉਨ੍ਹਾਂ ਦੀ ਡੇਟ ਐਕਸਪਾਇਰ ਹੋ ਗਈ ਸੀ ਇਸ ਲਈ ਉਹ ਬੇਕਾਰ ਗਈਆਂ। ਇਸ ਲਈ ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਕਿਸਾਨਾਂ ਦੀ ਭਲਾਈ ਦੀ ਗੱਲ ਹੈ, ਇਹ ਸਾਡੀ ਗੱਲ ਨੂੰ ਧਿਆਨ ਨਾਲ ਸੁਣਨ ਅਤੇ ਜੋ ਅਸੀਂ ਚੀਜ਼ਾਂ ਦਸ ਰਹੇ ਹਾਂ, ਉਨ੍ਹਾਂ ਨੂੰ ਦੇਖਕੇ ਕੋਈ ਚੰਗੇ ਕਮ ਕਰਨ ਵਾਲੇ ਪਾਸੇ ਵਲ ਤੁਰ ਪੈਣ।

ਇਸ ਤੋਂ ਇਲਾਵਾ ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਜ਼ਿਲ੍ਹੇ ਵਿਚ ਇਕ ਤਲਵੰਡੀ ਭਾਈ ਕੁਆਪਰੇਟਿਵ ਸੁਸਾਇਟੀ ਹੈ ਉਥੇ ਵੀ ਇਕ ਐਡਮਿਨਿਸਟ੍ਰੇਟਰ ਲਗਾ ਹੋਇਆ ਹੈ। ਪਹਿਲਾਂ ਉਹ ਕੋਈ ਸਬ-ਇਨਸਪੈਕਟਰ ਸੀ ਅਤੇ ਦੋ ਵਾਰੀ ਸਸਪੈਂਡ ਹੋਇਆ ਅਤੇ ਕਾਨੂੰਨੀ ਤੌਰ ਤੇ ਉਹ ਲੱਗ ਨਹੀਂ ਸੀ ਸਕਦਾ, ਪਰ ਸਰਕਾਰ ਨੇ ਪਤਾ ਨਹੀਂ ਕਿਵੇਂ ਉਸ ਨੂੰ ਬਹਾਲ ਕਰਕੇ, ਉਥੇ ਉਸ ਨੂੰ ਐਡਮਿਨਿਸਟ੍ਰੇਟਰ ਲਗਾ ਦਿਤਾ। ਫਿਰ ਕੀ ਹੋਇਆ, ਡਿਪਟੀ ਸਪੀਕਰ ਸਾਹਿਬ, ਉਥੇ ਖਾਦ ਦੀਆਂ 181 ਇਕ ਵਾਰੀ ਅਤੇ 190 ਬੋਰੀਆਂ ਇਕ ਵਾਰੀ ਫੜੀਆਂ ਗਈਆਂ। ਪੁਲਿਸ ਕੇਸ ਨੂੰ ਹਥ ਨਹੀਂ ਪਾਉਂਦੀ। ਇਹ ਇਸ ਗੱਲ ਦਾ ਇੰਤਜ਼ਾਮ ਕਰਾਉਣ ਅਤੇ ਉਸ ਗੱਲ ਦੀ ਪੂਰੀ

ਇਨਕੁਆਇਰੀ ਹੋਣੀ ਚਾਹੀਦੀ ਹੈ ......(ਵਿਘਨ) (ਫੜੀਆਂ ਵੀ ਤਾਂ ਸਰਕਾਰ ਨੇ ਹਨ) ਇਹ ਠੀਕ ਹੈ ਕਿ ਸਰਕਾਰ ਨੇ ਫੜੀਆਂ ਹਨ ਪਰ ਸਰਕਾਰ ਤਾਂ ਆਪ ਇਹੋ ਜਿਹੇ ਕੇਸ ਕਰਾਉਂਦੀ ਹੈ। ਡਿਪਟੀ ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪੁਲਿਸ ਨੂੰ ਇਸ ਗੱਲ ਦੇ ਵਿਚ ਪੁਛੋ ਕਿ ਕਿਸ ਬੰਦੇ ਦਾ ਇਸ ਦੇ ਵਿਚ ਹੱਥ ਹੈ ਜਿਹੜਾ ਕੇਸ ਨੂੰ ਅੱਗੇ ਨਹੀਂ ਤੁਰਨ ਦਿੰਦਾ। (ਵਿਘਨ) ਜਿਹੜੇ ਇਹੋ ਜਿਹੇ ਅਦਾਰੇ ਹਨ, ਉਸ ਦੇ ਵਿਚ ਜਨਤਾ ਦਾ ਰੁਪਿਆ ਜਿਹੜਾ ਹੈ, ਉਸ ਦੀ ਵਰਤੋਂ ਠੀਕ ਨਹੀਂ ਹੁੰਦੀ, ਉਸ ਦੀ ਦੁਰਵਰਤੋਂ ਹੋ ਰਹੀ ਹੈ। ਫਿਰ ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖੋ ਕਿ ਨਰਮੇ ਦੀ ਵਿਸਾਖ ਵਿਚ ਲੋੜ ਹੁੰਦੀ ਹੈ, ਪਰ ਭੇਜਦੇ ਕਦੋਂ ਹਨ ? ਭੇਜਦੇ ਹਨ ਹਾੜ ਵਿਚ। ਸੋ ਇਹ ਸਾਰੀਆਂ ਗੱਲਾਂ ਕਰਨ ਤੋਂ ਮੇਰਾ ਇਹ ਭਾਵ ਹੈ ਕਿ ਇਨ੍ਹਾਂ ਦੇ ਵਿਚ ਜਿਹੜੇ ਐਡਮਿਨਸਟ੍ਰੇਟਰ ਲਗਾਏ ਹੋਏ ਹਨ, ਉਹ ਹਟਾਉਣ ਅਤੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਉਨ੍ਹਾਂ ਵਿਚ ਲਗਾਉਣ ਤਾਂ ਕਿ ਇਹ ਜਿਹੜੀਆਂ ਸੁਸਾਇਟੀਆਂ ਹਨ, ਉਹ ਲੋਕਾਂ ਦੀ ਭਲਾਈ ਵਾਸਤੇ ਕੰਮ ਕਰ ਸਕਣ। ਜੇ ਲੋਕਾਂ ਦਾ ਚੁਣਿਆ ਹੋਇਆ ਉਸ ਦੇ ਵਿਚ ਚੇਅਰਮੈਨ ਹੋਵੇਗਾ ਤਾਂ ਉਹ ਫੰਡਜ਼ ਨੂੰ ਹਮਦਰਦੀ ਨਾਲ ਵਰਤੇਗਾ ਅਤੇ ਲੋਕਾਂ ਦੀ ਭਲਾਈ ਲਈ ਹੀ ਵਰਤੇਗਾ। ਲੇਕਿਨ ਇਸ ਦੇ ਉਲਟ ਜੇ ਐਡਮਿਨਿਸਟ੍ਰੇਟਰਜ਼ ਹੀ ਰਹਿਣਗੇ ਤਾਂ ਉਹ ਲੋਕਾਂ ਦੇ ਪੈਸੇ ਨੂੰ ਘਾਲਾ ਮਾਲਾ ਕਰਨਗੇ ਅਤੇ ਸਹੀ ਤਰੀਕੇ ਨਾਲ ਇਸਤੇਮਾਲ ਨਹੀਂ ਕਰਨਗੇ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਐਡਮਿਨਸਟ੍ਰੇਟਰ ਲਗਾਏ ਗਏ ਹਨ ਸਰਕਾਰ ਇਨ੍ਹਾਂ ਨੂੰ ਆਪ ਗ਼ਲਤ ਵਰਤਦੀ ਹੈ, ਜੇ ਇਸ ਦੇ ਵਿਚ ਲੋਕਾਂ ਦੇ ਚੁਣੇ ਗਏ ਨੁਮਾਇੰਦੇ ਹੋਣਗੇ ਤਾਂ ਉਹ ਗਲਤ ਕੰਮ ਨਹੀਂ ਕਰਨਗੇ ਅਤੇ ਉਹ ਸਰਕਾਰ ਦੀ ਮਰਜ਼ੀ ਨਾਲ ਨਹੀਂ ਚੱਲਣਗੇ। ਇਸ ਲਈ ਇਹ ਜਿਹੜਾ ਇਨ੍ਹਾਂ ਨੇ ਸਿਸਟਮ ਚਲਾਇਆ ਹੋਇਆ ਹੈ ਕਿ ਡੈਮੋਕਰੇਸੀ ਨੂੰ ਖਤਮ ਕਰੀ ਜਾਓ, ਇਹ ਰੋਗ ਹੈ ਅਤੇ ਜਿਸ ਰਸਤੇ ਤੇ ਇਹ ਚਲ ਰਹੇ ਹਨ ਇਹ ਠੀਕ ਨਹੀਂ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣੇ ਦੇ ਇਕ ਪਿੰਡ ਵਿਚ ਸੈਂਟਰਲ ਕੁਆਪਰੇਟਿਵ ਬੈਂਕ ਹੈ ਅਤੇ ਉਸ ਬੈਂਕ ਦਾ ਇਕ ਐਡਮਿਨਸਟ੍ਰੇਟਰ ਹੈ। ਉਥੇ 3 ਏ. ਆਰ. ਅਤੇ ਇਕ ਡੀ. ਆਰ ਹੈ। ਉਹ ਚੰਡੀਗੜ੍ਹ ਦਾ ਲਗਿਆ ਹੋਇਆ ਹੈ ਅਤੇ ਚੰਡੀਗੜ੍ਹ ਉਸ ਨੂੰ ਰੋਜ਼ ਆਉਣਾ ਪੈਂਦਾ ਹੈ। ਹਰ ਕੇਸ ਤੇ ਐਡਮਿਨਿਸਟ੍ਰੇਟਰ ਦੇ ਦਸਖਤ ਹੁੰਦੇ ਹਨ ਅਤੇ ਉਸ ਦੇ ਆਉਣ ਜਾਣ ਤੇ ਲੱਖਾਂ ਰੁਪਏ ਦਾ ਖਰਚ ਹੋ ਰਿਹਾ ਹੈ। ਇਸ ਲਈ, ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਪੈਸਾ ਜਨਤਾ ਦਾ ਫਜ਼ੂਲ ਵੇਸਟ ਹੋ ਰਿਹਾ ਹੈ ਅਤੇ ਇਹ ਸਾਰੀਆਂ ਗਲਾਂ ਹਟ ਜਾਣ ਜੇ ਉਥੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਲਗਾਏ ਜਾਣ। ਫਿਰ, ਤੁਸੀਂ ਦੇਖੋ ਕਿ ਉਨ੍ਹਾਂ ਨੇ ਇਕ ਫ਼ੰਡ ਬਣਾਇਆ ਹੋਇਆ ਹੈ ਆਓ ਭਗਤ ਫ਼ੰਡ, ਇਕ ਫੁਟਕਲ ਫ਼ੰਡ ਅਤੇ ਮਹਿਮਾਨ ਫ਼ੰਡ ਵਗੈਰਾ ਰਖਿਆ ਹੋਇਆ ਹੈ। ਇਸ ਤਰ੍ਹਾਂ ਦੇ ਕਈ ਕਿਸਮ ਦੇ ਫੰਡ ਰਖੇ ਹਨ ਜਿਨ੍ਹਾਂ ਦੇ ਰਾਹੀਂ ਲੱਖਾਂ ਰੁਪਿਆ ਉਡਾਇਆ ਜਾ ਰਿਹਾ ਹੈ। ਜਦੋਂ ਕੋਈ ਉਥੇ ਮਨਿਸਟਰ ਆਉਂਦਾ ਹੈ ਤਾਂ ਫਿਰ ਵਿਸਕੀਆਂ ਅਤੇ ਮੁਰਗੇ ਚਲਦੇ ਹਨ ਅਤੇ ਲੋਕਾਂ ਦੇ ਫ਼ੰਡ ਨੂੰ ਇਨ੍ਹਾਂ ਵਿਸਕੀਆਂ ਅਤੇ ਮੁਰਗਿਆਂ ਵਿਚ ਵੀ ਲਗਾਇਆ ਜਾਂਦਾ ਹੈ। ਫਿਰ ਐਂਟਰਟੇਨਮੈਂਟ ਫ਼ੰਡ ਦੇ ਨਾਮ ਤੇ ਲੱਖਾਂ ਰੁਪਿਆ ਫ਼ੰਡ ਦਾ ਵਰਤਿਆ ਜਾਂਦਾ ਹੈ। ਫਿਰ ਇਸ ਤਰੀਕੇ ਨਾਲ ਨਜਾਇਜ਼ ਖਰਚ ਕਰਕੇ ਥੱਲੇ ਲਿਖ ਦਿੰਦੇ ਹਨ ਅਤੇ ਫੁਟਕਲ ਫ਼ਡ ਵਿਚ ਪਾ ਦਿੰਦੇ ਹਨ। ਇਸ ਲਈ ਡਿਪਟੀ ਸਪੀਕਰ ਸਾਹਿਬ, ਐਡਮਿਨਸਟ੍ਰੇਟਰ ਲੋਕਾਂ ਦੇ ਫ਼ੰਡ ਦੀ ਦੁਰਵਰਤੋਂ ਕਰਦੇ ਹਨ ਅਤੇ ਇਸ ਨਾਲ ਲੋਕਾਂ ਦਾ ਰੁਪਇਆ ਜ਼ਾਇਆ ਜਾ ਰਿਹਾ ਹੈ ਅਤੇ ਇਹ ਲੋਕਾਂ ਨਾਲ ਬਹੁਤ ਜ਼ਿਆਦਾ ਧੱਕਾ ਹੈ। ਇਸ ਲਈ ਮੈਂ ਅੰਤ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਆਪਣੇ ਆਪ ਨੂੰ ਨੇਕ ਮਨਿਸਟਰ ਕਹਿੰਦੇ ਹਨ, ਇਹ ਕੰਮ ਵੀ ਨੇਕ ਕਰਨਗੇ ਅਤੇ ਲੋਕਾਂ ਦਾ ਜੋ ਰੁਪਿਆ ਹੈ ਉਸ ਦੀ ਸਹੀ ਵਰਤੋਂ ਕਰਨ ਦੇ ਲਈ ਇਹ ਸੋਚਣਗੇ ਅਤੇ ਇਨ੍ਹਾਂ ਅਦਾਰਿਆਂ ਵਿਚ ਐਡਮਿਨਿਸਟਰੇਟਰਜ਼ ਹਟਾ ਕੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਲਗਾਉਣਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ।

ਡਾਕਟਰ ਅਮੀਰ ਸਿੰਘ ਕਲਕਟ : (ਟਾਂਡਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮੁਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ । ਇਹ ਜਿਹੜਾ ਬਿਲ ਪੇਸ਼ ਕੀਤਾ ਗਿਆ ਹੈ ਇਹ ਬੜਾ ਚੰਗਾ ਹੈ ਅਤੇ ਭੂੰਦੜ ਸਾਹਿਬ ਨੇ ਐਵੇਂ ਹੀ ਆਪਣੇ 10 ਮਿੰਟ ਇਸ ਤੇ ਲਾ ਦਿਤੇ ਹਨ। ਇਸ ਨਾਲ ਕੋਈ ਐਸੀ ਗੱਲ ਨਹੀਂ ਜਿਸ ਨਾਲ ਡੈਮੋਕਰੇਸੀ ਨੂੰ ਕੋਈ ਨੁਕਸਾਨ ਹੁੰਦਾ ਹੋਵੇ। ਜਿਹੜਾ ਕੰਮ ਇਹ ਆਪ ਕਰਦੇ ਹਨ ਡੈਮੋਕਰੇਸੀ ਨੂੰ ਤਾਂ ਇਹ ਆਪ ਹੀ ਤਬਾਹ ਕਰਨ ਵਾਲੇ ਪਾਸੇ ਤੁਰੇ ਹੋਏ ਹਨ। ਜਿਨ੍ਹਾਂ ਲੋਕਾਂ ਨੂੰ ਡੈਮੋਕਰੇਸੀ ਦੀ ਸੈਨਸ ਹੈ, ਜਿਹੜੇ ਲੋਕ ਜਾਣਦੇ ਹਨ ਕਿ ਡੈਮੋਕਰੇਸੀ ਕੀ ਹੈ ਉਹ ਹੁਣ ਇਨ੍ਹਾਂ ਦੀਆਂ ਇਹੋ ਜਿਹੀਆਂ ਗੱਲਾਂ ਨਹੀਂ ਬਰਦਾਸ਼ਤ ਕਰਨਗੇ। ਜੋ ਇਹ ਇਸ ਤਰ੍ਹਾਂ ਇਹ ਡੈਮੋਕਰੇਸੀ ਨੂੰ ਖਤਮ ਕਰਨ ਲਗ ਪਏ ਅਤੇ ਇਸ ਤਰ੍ਹਾਂ ਦੀਆਂ ਗੱਲ ਕਰਨ ਲਗ ਪਏ ਤਾਂ ਪੰਡਤ ਜਵਾਹਰ ਲਾਲ ਨਹਿਰੂ ਦੀ (ਵਿਘਨ) ਡਿਪਟੀ ਸਪੀਕਰ ਸਾਹਿਬ ਜਦੋਂ ਸਰਦਾਰ ਗੁਰਨਾਮ ਜੀ ਦਾ ਰਿਜੀਮ ਸੀ ਤਾਂ ਇਹ ਕੋਆਪਰੇਟਿਵ ਦਾ ਜੋ ਮਹਿਕਮਾ ਹੈ ......(ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ਼ ਆਰਡਰ ਸਰ। ਡਿਪਟੀ ਸਪੀਕਰ ਸਾਹਿਬ ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਸਰਕਾਰੀ ਬਿਲ ਤੇ ਬਹਿਸ ਹੋ ਰਹੀ ਹੈ ਨਾ ਕਿ ਅਕਾਲੀ ਮਨਿਸਟਰੀ ਤੇ ਬਹਿਸ ਹੋ ਰਹੀ ਹੈ ...... (ਵਿਘਨ)

ਸ੍ਰੀ ਡਿਪਟੀ ਸਪੀਕਰ : ਠੀਕ ਹੈ ਤਹਾਡੀ ਗੱਲ। ਡਾਕਟਰ ਸਾਹਿਬ ਸਰਕਾਰੀ ਬਿਲ ਤੇ ਬਹਿਸ ਕਰੋ। (ਵਿਘਨ) (You are right. Dr. Sahib, please confine your speech to the Bill under discussion.)

ਡਾਕਟਰ ਅਮੀਰ ਸਿੰਘ ਕਲਕੱਟ : ਡਿਪਟੀ ਸਪੀਕਰ ਸਾਹਿਬ ਮੈਂ ਉਨ੍ਹਾਂ ਦੀ ਗੱਲ ਦਾ ਹੀ ਜਵਾਬ ਦੇ ਰਿਹਾ ਸਾਂ। ਮੈਂ ਉਸ ਵੇਲੇ ਵਾਰਨ ਕੀਤਾ ਸੀ ਕਿ ਮੇਰੇ ਕੋਲ ਬਹੁਤ ਮੈਟੀਰੀਅਲ ਹੈ। (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਉਨ੍ਹਾਂ ਦਾ ਜਵਾਬ ਨਾ ਦਿਓ ਵਜ਼ੀਰ ਸਾਹਿਬ ਆਪ ਦੇ ਦੇਣਗੇ (Don't give reply on their behalf. The Minister concerned will give the reply to the debate).

ਡਾਕਕਰ ਅਮੀਰ ਸਿੰਘ ਕਲਕੱਟ : ਡਿਪਟੀ ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਜਿਥੇਂ ਕੋਆਪਰੇਟਿਵ ਸੁਸਾਇਟੀਆਂ ਦਾ ਨੁਕਸਾਨ ਹੋ ਰਿਹਾ ਹੈ ਉਥੇ ਕੁਆਪਰੇਟਿਵ ਮਹਿਕਮੇ ਦਾ ਵੀ ਹੋ ਰਿਹਾ ਹੈ। ਸਰਦਾਰ ਅਰਜਨ ਸਿਘ ਜੀ ਲਿਟ ਕਾਫ਼ੀ ਚਿਰ ਕੋਆਪਰੇਟਿਵ ਸੁਸਾਇਟੀਆਂ ਵਿਚ ਰਹੇ ਹਨ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਕਿਸ ਤਰ੍ਹਾਂ ਸੁਸਾਇਟੀਆਂ ਔਰ ਕੋਆਪਰੇਟਿਵ ਬੈਂਕਾਂ ਔਰ ਹੋਰ ਕੋਆਪਰੇਟਿਵ ਅਦਾਰਿਆਂ ਵਿਚ ਹੁੰਦਾ ਹੈ। ਤੁਸੀਂ ਫ਼ੀਲਡ ਵਿਚ ਵੇਖੋ ਮੈਂ ਕਹਿੰਦਾ ਹਾਂ ਕਿ ਜਿਹੜਾ ਇਨਸਾਨ ਡੈਡੀਕੇਟ ਹੁੰਦਾ ਹੈ ਉਹ ਇਸ ਅਦਾਰੇ ਨੂੰ ਉਪਰ ਉਠਾ ਸਕਦਾ ਹੈ ......(ਵਿਘਨ)

ਗਿਆਨੀ ਅਰਜਨ ਸਿੰਘ ਲਿਟ : ਡਿਪਟੀ ਸਪੀਕਰ ਸਾਹਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਡਾਕਟਰ ਸਾਹਿਬ ਮੇਰਾ ਜ਼ਿਕਰ ਕਾਹਨੂੰ ਕਰਦੇ ਹਨ ਇਹ ਆਪਣੀ ਫਸੀ ਨਿਬੇੜਨ। ਮੈਂ 18 ਸਾਲ ਕੋਆਪ੍ਰੇਟਿਵ ਲਾਈਨ ਵਿਚ ਰਿਹਾ ਹਾਂ ਉਨ੍ਹਾਂ ਨੂੰ ਕੀ ਪਤਾ ਕੋਆਪ੍ਰੇਟਿਵ ਕੀ ਚੀਜ਼ ਹੁੰਦੀ ਹੈ। (ਵਿਘਨ)

ਡਾਕਟਰ ਅਮੀਰ ਸਿੰਘ ਕਲੱਕਟ : ਡਿਪਟੀ ਸਪੀਕਰ ਸਾਹਿਬ, ਸਾਡੇ ਮੁਲਕ ਦੀ ਇਤਨੀ ਜਨ ਸੰਖਿਆ ਵੱਧ ਰਹੀ ਹੈ ਅਤੇ ਇਸ ਵਲ ਸੀਲਿੰਗ ਕਾਰਨ ਛੋਟੀ ਛੋਟੀ ਹੋਲਡਿੰਗ ਹੋ ਰਹੀ ਹੈ ਉਥੇ ਜੇ ਕਿਤੇ ਕੋ ਆਫ ਲਾਈਟ ਹੈ ਜੇ ਅਸੀਂ ਤਰੱਕੀ ਕਰਨੀ ਹੈ ਤਾਂ ਉਹ ਕੁਆਪਰੇਟਿਵ ਰਾਹੀਂ ਕਰ ਸਕਦੇ ਹਾਂ।

ਭੂਸ ਵਿਚ ਇਸ ਵਕਤ ਤਕ ਜੋ ਤਰਕੀ ਹੋਈ ਹੈ ਉਹ ਕੁਆਪਰੇਟਿਵ ਰਾਹੀਂ ਹੋ ਰਹੀ ਹੈ। ਉਨ੍ਹਾਂ ਨੇ ਕੁਆਪਰੇਟਿਵ ਰਾਹੀਂ ਆਪਣੀ ਪ੍ਰੋਡਕਸ਼ਨ ਵਧਾਈ ਹੈ ਔਰ ਦੁਨੀਆਂ ਨੂੰ ਅਨਾਜ ਵਗੈਰਾ ਦੇ ਰਹੇ ਹਨ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇਥੇ ਮਾਰਕਫੈਡ ਦਾ ਜ਼ਿਕਰ ਆਇਆ ਸੀ। ਮੈਂ ਸਮਝਦਾ ਹਾਂ ਕਿ ਮਾਰਕਫੈਡ ਦਾ ਬਜਟ ਸਾਡੇ ਪੰਜਾਬ ਦੇ ਬਜਟ ਦਾ ਕੋਈ ਹਿੱਸਾ ਹੋਵੇਗਾ। ਇਸ ਦੇ ਉਤੇ ਨਜ਼ਰ ਰਖਣੀ ਬਹੁਤ ਜ਼ਰੂਰੀ ਹੈ। ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਕੋਈ ਕਮਿਸ਼ਨਰ ਰੈਂਕ ਦਾ ਆਨੈਸਟ ਬੰਦਾ ਲਾਇਆ ਜਾਵੇ ਤਾਂ ਕਿ ਜਿਹੜੀਆਂ ਉਥੇ ਹਰਕਤਾਂ ਹੋ ਰਹੀਆਂ ਹਨ ਉਹ ਨਾਂ ਹੋ ਸਕਣ। (ਵਿਘਨ)

ਅੱਜ ਜਿਥੇ ਕੁਆਪ੍ਰੇਟਿਵ ਮਹਿਕਮਾਂ ਇਕ ਚੰਗਾ ਮਹਿਕਮਾ ਹੈ ਉਥੇ ਇਸ ਵਿਚ ਕੁਝ ਖਾਮੀਆਂ ਵੀ ਹਨ। ਮੇਰੇ ਹਲਕੇ ਵਿਚ ਤੁਸੀਂ ਸ਼ਾਮ ਨੂੰ ਜਾ ਕੇ ਵੇਖੋ ਉਥੇ ਦੇ ਕੋਆਪਰੇਟਿਵ ਇੰਸਪੈਕਟਰ ਅਤੇ ਸੱਬ-ਇੰਸਪੈਕਟਰ ਸੁਸਾਇਟੀਆਂ ਵਾਲਿਆਂ ਨਾਲ ਮਿਲ ਕੇ ਗ਼ਬਨ ਕਰਦੇ ਹਨ ਅਤੇ ਸ਼ਰਾਬਾਂ ਪੀਂਦੇ ਹਨ। ਇਨ੍ਹਾਂ ਦੇ (ਆਪੋਜ਼ੀਸ਼ਨ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਜ਼ਮਾਨੇ ਵਿਚ ਇਕ ਜਨਸੰਘੀ ਚੇਅਰਮੈਨ ਸੀ ਉਹ ਇਲੈਕਸ਼ਨਾਂ ਤੇ ਪਾਣੀ ਵਾਂਗ ਪੈਸਾ ਖਰਚ ਕਰਦਾ ਹੁੰਦਾ ਸੀ ਮੈਂ ਬੜਾ ਹੈਰਾਨ ਸੀ ਕਿ ਉਹ ਪੈਸਾ ਕਿਥੋਂ ਆਉਂਦਾ ਹੈ। ਬਾਅਦ ਵਿਚ ਪਤਾ ਲਗਾ ਕਿ ਉਸ ਨੇ 6 ਲੱਖ ਰੁਪਏ ਦਾ ਗਬਨ ਕੀਤਾ ਹੋਇਆ ਹੈ। (ਵਿਘਨ) ਇਕ ਮੇਰੇ ਹਲਕੇ ਦੀ ਜੌੜਾ ਸੁਸਾਇਟੀ ਹੈ ਉਹ ਨਜ਼ਰ ਹੋ ਗਈ ਡਾਕਟਰ ਜਗਜੀਤ ਸਿੰਘ ਦੇ । ਉਥੇ 3 ਲੱਖ ਰੁਪਏ ਦਾ ਗ਼ਬਨ ਨਿਕਲਿਆ । ਜਿਹੜੇ ਇਹ ਬਾਅਦ ਵਿਚ ਗ਼ਬਨ ਨਿਕਲਦੇ ਹਨ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਰੋਕਣ ਵਾਸਤੇ ਕਾਨੂੰਨ ਵਿਚ ਸੋਧ ਕਰਨੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਕੋਈ ਐਸਾ ਕਾਨੂੰਨ ਬਣਾਉਣ ਜਿਸ ਰਾਹੀਂ ਉਹ ਅਫ਼ਸਰ ਸ਼ਰਾਬ ਨਾ ਪੀ ਸਕਣ। ਹੋਰ ਨਹੀਂ ਤਾਂ ਜਿਹੜੇ ਨਵੇਂ ਰਖਦੇ ਹਨ ਉਨ੍ਹਾਂ ਤੇ ਕੋਈ ਐਸੀ ਸ਼ਰਤ ਲਾਈ ਜਾਏ (ਘੰਟੀ) ਬਸ ਜੀ, ਡਿਪਟੀ ਸਪੀਕਰ ਸਾਹਿਬ ਮੈਂ 2 ਮਿੰਟਾਂ ਵਿਚ ਹੀ ਖ਼ਤਮ ਕਰ ਦਿੰਦਾ ਹਾਂ। ਸੋ ਡਿਪਟੀ ਸਪੀਕਰ ਸਾਹਿਬ, ਇਹ ਇਕ ਬੜਾ ਅੱਛਾ ਬਿਲ ਹੈ ਜਿਸ ਦੇ ਵਿਚ ਡੇਢ੍ਹ ਸਾਲ ਦੀ ਮਿਆਦ ਕੀਤੀ ਜਾ ਰਹੀ ਹੈ ਮੈਂ ਸਮਝਦਾ ਹਾਂ ਕਿ ਐਡਮਨਿਸਟਰੇਟਰ ਉਸ ਵੇਲ ਲਾਇਆ ਜਾਂਦਾ ਹੈ ਜਦੋਂ ਸੁਸਾਇਟੀ ਬਿਲਕੁਲ ਨਿਕੰਮੀ ਹੋ ਜਾਵੇ ਜਿਵੇਂ ਸਰਕਾਰ ਨਿਕੰਮੀ ਹੋ ਜਾਏ ਤਾਂ ਗਵਰਨਰ ਰਾਜ ਲਾਇਆ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਐਡਮਿਨਸਟਰੇਟਰ ਦੀ ਅਪੁਆਇੰਟਮੈਂਟ ਬੜੀ ਅਹਿਮ ਹੈ। ਇਸ ਲਈ ਰਜਿਸਟਰਾਰ ਨੂੰ ਚਾਹੀਦਾ ਹੈ ਕਿ ਕਿਸੇ ਚੰਗੇ ਬੰਦੇ ਨੂੰ ਲਾਇਆ ਜਾਵੇ। ਮੈਂ ਬਿਲ ਦੀ ਪ੍ਰੋੜ੍ਹਤਾ ਕਰਕੇ ਬੈਠਦਾ ਹਾਂ।

ਮਾਸਟਰ ਚੰਦ ਸਿੰਘ (ਸ਼ੇਰਪੁਰ-ਐਸ. ਸੀ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ। (ਵਿਘਨ) ਕੋਅਪ੍ਰੇਟਿਵ ਸੁਸਾਇਟੀਆਂ ਜਿਹੜੀਆਂ ਬਣਾਈਆਂ ਜਾਂਦੀਆਂ ਹਨ ਇਹ ਲੋਕਾਂ ਦੇ ਸਹਿਯੋਗ ਨਾਲ ਬਣਾਈਆਂ ਜਾਂਦੀਆਂ ਹਨ । ਪਰ ਸਰਕਾਰ ਦਾ ਜਦੋਂ ਵੀ ਜੀ ਚਾਹੁੰਦਾ ਹੈ ਇਹ ਭੰਗ ਕਰ ਦਿੰਦੀ ਹੈ ਔਰ ਐਡਮਨਿਸਟਰੇਟਰ ਲਾ ਦਿੰਦੀ ਹੈ । ਇਹ ਡੈਮੋਕਰੇਸੀ ਨੂੰ ਬਚਾਉਣ ਵਾਸਤੇ ਨਹੀਂ ਇਹ ਡੈਮੋਕਰੈਸੀ ਦਾ ਕਤਲ ਕੀਤਾ ਜਾ ਰਿਹਾ ਹੈ। ਸਰਦਾਰ ਗੁਰਨਾਮ ਸਿੰਘ ਦੇ ਵੇਲੇ ਵੀ ਇਕ ਅਮੈਂਡਮੈਂਟ ਕੀਤੀ ਸੀ। ਉਸ ਵੇਲੇ ਸੈਕਸ਼ਨ 3 ਨੂੰ ਅਮੈਂਡ ਕਰਕੇ ਰਜਿਸਟਰਾਰ ਨੂੰ ਇਨ੍ਹਾਂ ਨੇ ਅਖ਼ਤਿਆਰ ਦੇ ਦਿਤਾ ਕਿ ਉਹ ਕਿਸੇ ਵੀ ਸੁਸਾਇਟੀ ਦੇ ਬਾਈਲਾਜ਼ ਚੇਂਜ ਕਰ ਸਕਦਾ ਹੈ। ਬਾਈਲਾਜ਼ ਚੇਂਜ ਕਰਨ ਵਾਸਤੇ ਸਬੰਧਤ ਸੁਸਾਇਟੀ ਨੂੰ ਲਿਖੇਗਾ ਜੇ ਉਹ ਨਾ ਕਰੇ ਤਾਂ ਇਕ ਵਾਰੀ ਫਿਰ ਲਿਖੇਗਾ ਅਤੇ ਤੀਸਰੀ ਵਾਰੀ ਉਹ ਆਪਣੇ ਆਪ ਅਮੈਂਡ ਕਰ ਲਵੇ । ਉਹ ਬੜੀ ਹੀ ਮਨਹੂਸ ਅਮੈਂਡਮੈਂਟ ਸੀ। ਫਿਰ ਹੁਣ ਇਹ ਐਡਮਨਿਸਟਰੇਟਰ ਦੀ ਮਿਆਦ 6 ਮਹੀਨੇ ਤੋਂ ਵਧਾ ਕੇ ਡੇਢ੍ਹ ਸਾਲ ਕਰ

[ਮਾਸਟਰ ਚੰਦ ਸਿੰਘ]

ਰਹੇ ਹਨ (ਵਿਘਨ) ਗੱਲ ਇਹ ਹੈ, ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਹਰ ਪਾਸੇ ਐਡਮਨਿਸਟਰੇਟਰ ਲਾ ਰਹੀ ਹੈ, ਜਿਧਰ ਮਰਜ਼ੀ ਆਏ ਵੇਖ ਲਵੋ। ਮਾਰਕਫ਼ੈਡ ਹੈ ਤਾਂ ਉਥੇ ਵੀ ਐਡਮਨਿਸਟਰੇਟਰ, ਕੁਆਪ੍ਰੇਟਿਵ ਮਿਲਾਂ ਹਨ ਉਥੇ ਵੀ ਐਡਮਨਿਸਟਰੇਟਰ, ਕੁਆਪ੍ਰੇਟਿਵ ਬੈਂਕਾਂ ਅਤੇ ਲੈਂਡ ਮਾਰਟਗੇਜ ਬੈਂਕਾਂ ਵਿਚ ਵੀ ਐਡਮਨਿਸਟਰੇਟਰ। ਹੁਣ ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਕਹਾਂਗਾ ਕਿ ਜਿਥੇ ਸਾਰੇ ਪਾਸੇ ਐਡਮਨਿਸਟਰੇਟਰ ਲਾ ਦਿਤੇ, ਉਥੇ ਅਸੈਂਬਲੀ ਤੇ ਵੀ ਐਡਮਨਿਸਟਰੇਟਰ ਲਾ ਦੇਣ। ਹੋਰ ਕੋਈ ਕਸਰ ਨਹੀਂ ਰਹਿ ਗਈ ਜਮਹੂਰੀਅਤ ਦਾ ਭੱਠਾ ਬਿਠਾ ਦਿਤਾ। ਇਹ ਡੇਢ੍ਹ ਸਾਲ ਦੀ ਮਿਆਦ ਵਧਾ ਦਿਤੀ। ਡਿਪਟੀ ਸਪੀਕਰ ਸਾਹਿਬ, ਜਿਹੜੇ ਜਮਹੂਰੀਅਤ ਪਸੰਦ ਲੋਕ ਹਨ, ਉਨ੍ਹਾਂ ਦੇ ਕੋਝੇ ਢੰਗ ਨਾਲ ਕਾਗਜ਼ ਰੱਦ ਕਰਾ ਦਿੰਦੇ ਹਨ, ਨਾਮੀਨਲ ਜਿਹਾ ਇਤਰਾਜ਼ ਲਾ ਕੇ ਕਿਉਂਕਿ ਉਨ੍ਹਾਂ ਨੇ ਆਪਣੇ ਬੰਦੇ ਲਿਆਉਣੇ ਹੁੰਦੇ ਹਨ। ਮੈਂ ਦੱਸਦਾ ਹਾਂ ਕਿ ਸੰਗਰੂਰ ਵਿਚ ਜਲਾਲਦੀਵਾਲ ਦੀ ਕੁਆਪ੍ਰੇਟਿਵ ਸੁਸਾਇਟੀ ਹੈ ਉਥੇ ਸਰਦਾਰ ਸਾਧੂ ਸਿੰਘ ਇਨਸਪੈਕਟਰ ਮਹਿਲ ਕਲਾਂ ਨੇ ਬਹੁਤ ਸਾਰਿਆਂ ਦੇ ਕਾਗਜ਼ ਰੱਦ ਕਰ ਦਿਤੇ ਔਰ ਉਥੇ ਆਪਣਾ ਆਦਮੀ ਲੈ ਆਂਦਾ ਕਿਉਂਕਿ ਇਨ੍ਹਾਂ ਨੇ ਗਬਨ ਕਰਨੇ ਹੁੰਦੇ ਹਨ। ਮੈਂ ਅਸੈਂਬਲੀ ਵਿਚ ਵੀ ਕੁਐਸਚਨ ਦਿਤਾ ਸੀ ਕਿ ਲੌਂਗੋਵਾਲ ਵਿਚ ਦੋ ਤਿੰਨ ਲੱਖ ਰੁਪਏ ਦਾ ਗਬਨ ਹੈ (ਘੰਟੀ) ਇਨ੍ਹਾਂ ਦੀ ਸਰਕਾਰ ਹੈ ਪਰ ਕੋਈ ਕੇਸ ਰਜਿਸਟਰ ਨਹੀਂ ਹੁੰਦਾ। ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਚੋਣਾਂ ਵੇਲੇ ਸਿਰ ਹੀ ਕਰਾ ਲਿਆ ਕਰਨ ਅਤੇ ਇਹ ਮਿਆਦ ਨਾ ਵਧਾਈ ਜਾਵੇ। ਮੈਂ ਕਹਿੰਦਾ ਹਾਂ ਕਿ ਜਿਸ ਵੇਲੇ ਸੁਸਾਇਟੀਆਂ ਭੰਗ ਹੁੰਦੀਆਂ ਹਨ, ਉਸ ਵੇਲੇ ਐਡਮਨਿਸਟਰੇਟਰ ਆਪਣੀ ਮਨਮਾਨੀ ਕਰਦਾ ਹੈ ਜਿਸ ਨੂੰ ਮਰਜ਼ੀ ਆਏ ਕਰਜ਼ਾ ਦੇ ਦੇਵੇ। ਮੈਂ ਇਹ ਕਹਾਂਗਾ ਕਿ ਇਹ ਜਿਹੜੀ ਡੇਢ੍ਹ ਸਾਲ ਦੀ ਮਿਆਦ ਵਧਾਉਣੀ ਹੈ, ਇਹ ਡੈਮੋਕਰੇਸੀ ਦਾ ਕਤਲ ਹੈ। ਇਸ ਲਈ, ਇਹ ਨਾ ਕੀਤੀ ਜਾਏ। ਇਤਨਾ ਕਹਿੰਦਾ ਹੋਇਆ ਮੈਂ ਬੈਠ ਜਾਂਦਾ ਹਾਂ।

श्री बल राम (उप मंत्री, सिंचाई तथा बिजली) : डिप्टी स्पीकर साहिब, यह तो केवल अमैंडमैन्ट ही है, लेकिन यह अमैंडमैन्ट बहुत अहम है। कुछ माननीय साथियों ने, मैंबरों ने कुछ खदशात जाहिर किये हैं, शंकाएं जाहिर की हैं। उनके दिल में है कि यह बिल हम किसी ठीक नियत से नहीं ला रहे हैं। लेकिन मैं अर्ज करना चाहता हूं कि ऐसी कोई भावना न तो गर्वनमैंट के दिल में है न डिपार्टमैंट के दिल में। यह सब से बड़ा अदारा है जिसमें यह भावना काम कर रही है कि हर बड़े से लेकर छोटे को कामयाबी मिले। यह हर एक सोसायटी की वर्किंग को टच करता है। इस लिये गवर्नमैंट का यह इरादा है कि ज़्यादा से ज़्यादा इस महकमें को कामयाब करे। यह एक रास्ता है जिससे हम शहरों और गांवों में अपने भाइयों को सहूलतें पहुंचा सकते हैं।

इस लिए यह जरूरी हो जाता है कि हम देखें कि यह अदारे ठीक function करते हैं। मुझे आपके दिल की बात मालूम है। मैं भी महसूस करता हूं कि खामियां हैं। लेकिन उनको दूर करना हमारा और आपका फ़र्ज़ है। अगर आप अकेला criticism करेंगे तो मसला नहीं चल सकता जितना मेरा पक्ष इस में सांझीदार है उतना आप भी हैं। मैं जोश जी का point तो समझ सकता हूं क्योंकि उन्होंने इसमें हिस्सा नहीं लिया। लेकिन जब सन्धु साहिब कहते हैं कि यह गल्त काम हुआ है तो मुझे कहना पड़ता है कि 1969 में बच्चे को जन्म तो उन्होंने ही दिया था। उनकी नियत क्या थी यह मुझे मालूम नहीं लेकिन मैं, उस बच्चे को illegitimate करार नहीं होने दूंगा। उसकी अच्छी तरह पालना करके इस ढंग से चलाऊंगा कि देश की सेवा करे।

उसको जवान बनाकर भार ढोने के लिए लगाऊंगा। यह नहीं होने दूंगा कि वह भार ही बन जाए। जोश जी ने कुछ points रखे हैं। उन्होंने कहा था कि departmental machinery का Jeeps पर जो खर्च होता है यह सब Cooperative Banks पर डाला जाता है। वह यहां इस वक्त हैं नहीं। मैं यह गुज़ारिश करना चाहता हूं कि जितना खर्च हमारा department करता है उसके नतीजे के तौर पर हमारा विभाग 55 से लेकर 65 करोड़ रुपए तक की उगराही उनको करके देता है। हमारा विभाग जो 75 प्रतिशत touring इन जीपों के द्वारा करता है। यह banks की recovery के लिए की जाती है। इस लिए ज़्यादा चिन्ता करने की जरूरत नहीं, सन्धु साहिब ने फरमाया था कि जहां जहां Administrator लगाए हैं। वहां पर झगड़े हो जाते हैं। Land Mortgage Banks में झगड़े हो जाते हैं। मैं यह बता देना चाहता हूं कि कहीं भी Administrator और स्टाफ का किसी किस्म का झगड़ा नहीं है। एक मेरे साथी ने यह भी कहा कि Entertainment के expenses बढ़ जाते हैं, superfluous हो जाते हैं। लेकिन मैं facts and figures से आपको बताना चाहता हूं कि Markfed अकेले में जब से Administrator हमने लागाया है, पिछले सालों के मुकाबले हमने 25,000 रुपए के expenses में बचत की है। इसमें आप खुद अंदाज़ा लगा सकते हैं।

डिप्टी स्पीकर साहिब, यह amendment जो हम लाए हैं यह जनता की सहूलियत के लिए हैं। लोगों को High Court या Government के पास आना पड़ता था। अपीलें करनी पड़तीं थीं और काफ़ी खर्चा होता था। अब D. R., A. R., और Joint Registrar उनकी appeal सुन सकेंगे। यह सारी चीज़ rationalise हो जायेगी। जो माननीय मैंबरों की term बढ़ाने की चिन्ता है, वह मैं समझता हूं। इससे bureaucracy को आने का मौका मिलेगा। मेरे पास 14000 सोसाईटियां हैं। इनमें से सिर्फ 400 में Administrator लगाये हुए हैं। यह लोगों का मामला है। Administrator लगाने की हमारी मर्ज़ी नहीं। यह department friend, philospher और guide का काम करे। इससे ज्यादा हमारा काम नहीं। अगर हम कम-से कम दख़ल दें तब बात बनती है। हमारे बटाला के इलाके में 50 के करीब ऐसी societies हैं जिन्होंने हेराफेरी करके, कानून का दुरुपयोग करके आज तक record भी नहीं सौंपा है। कभी किसी court में चले जाते हैं और कभी किसी और मेंचले जाते हैं। मैं इस बात को मानता हूं और विश्वास दिलाना चाहता हूं कि एक साल का अर्सा ठीक है। एक साल से ज़्यादा rare cases में बढ़ाने दिया जाएगा। A. R. और D. R. इसको नहीं कर सकेंगे। लेकिन Registrar in person अगर समझे कि जहां special circumstances है जिनको हम combat नहीं कर सकते तब यह बढ़ाना है। डिप्टी स्पीकर साहिब, मैं थोड़ी सी रौशनी आपकी इजाज़त से इस पर डालना चाहता हूं। यह एक important मसला है और आम लोगों को touch करता है इस department की working में कुछ तबदीली लाना चाहता हूं।

ਗਿਆਨੀ ਅਰਜਨ ਸਿੰਘ ਲਿਟ: ਆਨ ਏ ਪੁਆਇੰਟ ਆਫ਼ ਇਨਫ਼ਰਮੇਸ਼ਨ ਸਰ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪ੍ਰਾਈਮਰੀ ਸੋਸਾਇਟੀਆਂ ਡਿਫ਼ਾਲਟਰ ਨਹੀਂ ਹਨ ਕੀ ਉਥੇ ਇਸ ਲਈ ਡਿਪਾਰਟਮੈਂਟ ਐਡਮਨਿਸਟਰੇਟਰ ਲਾਉਂਦਾ ਹੈ ਤਾਂ ਕਿ ਵੋਟਾਂ ਇਨ੍ਹਾ ਨੂੰ ਮਿਲ ਸਕਣ ।

उपमन्त्री (सिचाई तथा बिजली) : मैं यह बताने वाला था। मैं चाहता हूं कि हाऊस मेरा साथ दे। हम देश की सेवा कर सकें। काम करने का अलग अलग क्षेत्र होता है। हमें यह ध्यान में रखना चाहिए। जहां हम जाते हैं। वह फील्ड आफ वर्क है। यह हमारा धर्म क्षेत्र है। हम यहां किस लिए आए हैं। हम एक लाख आदमीयों की नुमाइंदगी के लिए यहां आए हैं। मज़ाक करने नहीं आए। हमें आपनी responsibility समझनी चाहिए। जिस दिन हम यह नहीं समझेंगें। We will be traitors to the Nation and to the people मैं नहीं चाहता हम उस तरीके से काम करें। अगर कोई इस महकमें में कोई खुरद बुर्द करता है तो उसका हमें पता दें। कोई High Officer हो आप इत्तलाह दें। बगैर किसी रिआयत के we will exert ourselves दुनियां की कोई ताकत हमें सच्चे रास्ते से हटने पर मजबूर नहीं कर सकती। हम इन societies पर कोई finacial burden नहीं डालना चाहते। इन Administrators की तनखाह societies से नहीं ली जाती। इन cooperative societies में हमने क्या क्या काम किए। मैं आपको यह बताना चाहता हूं। हमारे पास membership 15 लाख है fund 23 करोड़ है working capital 93 करोड़ रुपए है और इस साल हमने 62 करोड़ रुपए लोन दिया है। Limit जो पहले 6000 थी उसे हमने 7000 कर दिया है। Sugar-cane growers के लिए loan की लिमिट 9000 रुपए कर दी है। Minor irrigation works के लिए 11 करोड़ रुपए हमने खर्च किए हैं। 4 करोड़ रुपए Agricultural Refinance Corporation की तरफ से लगाना चाहते हैं। इसके इलावा आपकी जानकारी के लिए बताना चाहता हूं कि इसको streamline करने के लिए एक हमने Enforcement Cell बनाया है। वह क्या काम करेगा जिससे आप महसूस करें कि we are going in the right direction उस Enforcement Directorate के लिये 8 points का प्रोग्राम हमने बनाया है। यह इस प्रकार है:—

(1) Timely and regular inspection of Societies.

(2) Confirmation of Accounts.

(3) Follow-up cases involving embezzlement.

(4) Follow-up of Audit and Special Audit Reports.

(5) Special efforts to revive or finally liquidate societies under winding up.

(6) Recovery of overdues.

(7) Verification of stocks and utilization of loans ; and

(8) Dstribution of sugar and proper check on prompt disposal of arbitration cases.

डिप्टी स्पीकर साहिब, मैं यह हाऊस को बता देना चाहता हूं कि हम ने पिछले साल 672 केसिज embezzlement, misappropriation और violation of duties के पकड़े जिन में 1 करोड़ 64 लाख रुपया embezzlement में पकड़ा गया। डिप्टी स्पीकर साहिब हम कहते हैं कि इतनी embezzlement क्यों हुई। इस में किस का कसूर है इस में हमारी सारी society का कसूर है जितने भी कोआप्रेटिव अदारे हैं, उनमें ही यह गड़बड़ फैलती है । इस लिए, हमें उन पर confidence नहीं है।

डिप्टी स्पीकर साहिब, अगर बाड़ ही खेत को खाने लग जाये तो उस का रखवाला कौन हो सकता है।

हमने right of democracy को misuse नहीं करना बल्कि हम ने उस को अच्छी तरह से कायम रखना है। हम ने लोगों में sincerity पैदा करनी है ताकि हमारे देश में बेईमानी खत्म हो सके। जो पीछे 1 करोड़ 64 लाख का गबन हुआ है उस में एक Deputy Registrar, 2 Assistant Registrars, 11 Inspectors और 44 Sub-Inspectors, involved हैं और हम उन के खिलाफ कारवाई भी कर रहे हैं।

जो outstanding dues थे वह 22 करोड़ से 29 करोड़ over dues हो गये हैं । इन को कम करने के लिए हमें पूरी कोशिश करनी पड़ेगी।

डिप्टी स्पीकर साहिब, जहां तक MARKFED की बात है इस के बारे में भी मैं बता देना चाहता हूं। पिछले साल कारखानों में काम करने वालों को 16 लाख का मुनाफ़ा हुआ था और इस साल यह जान कर आप सब को खुशी होगी कि 70 लाख रुपये तक यह मुनाफ़ा पहुंच गया है।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਆਨ ਏ ਪੁਆਇੰਟ ਆਫ਼ ਇਨਫ਼ਰਮੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ ਜੋ ਕੁਝ ਇਹ ਕਹਿ ਰਹੇ ਹਨ ਇਹ ਬੜੀ ਚੰਗੀ ਗਲ ਹੈ। ਇਕ ਗਲ ਮੈਂ ਆਪਣੀ ਸਪੀਚ ਵਿਚ ਦਸਣੀ ਛਡ ਗਿਆ ਸੀ ਕਿ ਜਿਹੜਾ ਸੋਹਣਾ ਘਿਉ ਮਾਰਕਫ਼ੈਡ ਦਾ ਬਣਿਆ ਹੈ ਇਹ ਜਿਹੜੇ ਵੀ ਕਾਰਖ਼ਾਨੇ ਵਿਚ ਬਣਾਇਆ ਗਿਆ ਹੈ, ਇਹ ਬਹੁਤ ਹੀ ਖਰਾਬ ਹੈ ਕੀ ਸਰਕਾਰ ਨੇ ਇਸ ਦੇ ਖਿਲਾਫ਼ ਕੋਈ ਕਾਰਵਾਈ ਕੀਤੀ ਹੈ।

उपमंत्री (सिंचाई तथा बिजली) : इस के इलावा, डिप्टी स्पीकर साहिब, हम ने 27 करोड़ रुपऐ की कपास खरीदी है और 14205 quintal पैडी खरीदी है ।

अब मैं Oil मिल के बारे में बता देना चाहता हूं जिस के बारे में अभी सरदार बलविन्दर सिंह जी ने बात की है। डिप्टी स्पीकर साहिब, मैंने उस मिल का आप मुआइना किया है और उनके खिलाफ केस भी रजिस्टर कर लिया है। हाऊस को यह जान कर

खुशी होगी कि हमने आगे से इस काम के लिए responsibity fix कर दी है। और कई instructions जारी की गई हैं (विघ्न) जो कैमिस्ट है वह भी जिम्मेवार होगा।

He will be held responsible. He will be punished very equitably.

(*Interruption by Sardar Balwinder Singh*)

Mr. Deputy Speaker (*Addressing Sardar Balwinder Singh*) : Let him speak. I will not allow you to interrupt like this. This is not the question hour.

उप मंत्री : डिप्टी स्पीकर साहिब, एक बात मैं खाद के मुतल्लिक भी बता देना चाहता हूँ। यह एक बहुत अहम मसला है। खाद की कमी केवल हमारे पंजाब में ही नहीं, बल्कि और भी सूबों में है। हमारे सूबे में जितनी खाद की ज़रुरत होती है उसका 40 प्रतिशत से 60 प्रतिशत तक भाग ही हमें मिलती है, बाकी खाद हमें import करनी पड़ती है। इस साल जो खाद हमें 20 लाख टन हमें बाहर से मिलनी थी वह नहीं मिली जिस से हमें खाद की बहुत shortage हो गई है। परन्तु फिर भी सारे हिन्दुस्तान में पंजाब एक ऐसा सूबा है जिसको कि दूसरे सूबों से ज्यादा खाद मिली है। (विघ्न)।

डिप्टी स्पीकर साहिब, अब मैं हाऊस को वीकर सैक्शन के लिए बतला देना चाहता हूं कि हमारी सरकार ने वीकर सैक्सशन के लिए 30 प्रतिशत loans दिये हैं। और milk production का 2/3 वीकर सैक्शन के लिए रखा है। इस तरह से वीकर सैक्शन की तरक्की होने की संभावना है। (विघ्न)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : * * * *

Mr. Deputy Speaker : This is no point of order.

उप मंत्री : डिप्टी स्पीकर साहिब, मैं इन को यकीन दिलाता हूं कि इस में delay करने की हमारी कोई नियत नहीं है हम यह election जल्दी ही करवायें गे।

इस के साथ ही मैं इन को यह भी बता देना चाहता हूं कि हम ने 4500 सैक्रटरी trained कर दिये हैं और 500 सेल्ज़ मैन को हम ने अभी और काम में लगाना है। (विघ्न)।

ਸਰਦਾਰ ਜਸਦੇਵ ਸਿੰਘ ਸੰਧੂ: ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅਜੇ ਬਿਲ ਤੇ ਕੰਨਸਿਡਰੇਸ਼ਨ ਕਲਾਜ਼ ਬਾਈ ਕਲਾਜ ਹੋਣੀ ਚਾਹੀਦੀ ਹੈ ਨਾ ਕਿ ਬਿਲ ਇਕ ਦਮ ਹੀ ਪਾਸ ਕਰ ਦਿੱਤਾ ਜਾਵੇ।

Mr. Deputy Speaker : This is my duty.

---

*Expunged as ordered by the Chair

Mr. Deputy Speaker : Question is—

That this House disapproves the Punjab Co-operative Societies (Amendment) Ordinance, 1973 (Punjab Ordinance No. 9 of 1973).

The motion was lost

Comrade Shamsher Singh Josh : We are the Members of the House (*Interruption*).

Mr. Deputy Speaker : No body is objecting that you are not the Member sof the House, but you have missed the bus.

Mr. Deputy Speaker : Questions is—

That the Punjab Co-operative Societies (Amendment) Bill be taken into consideration at once.

The motion was carried

Mr. Deputy Speaker : Now the House will proceed to consider the Bill, Clause by Clause.

CLAUSE 2

Mr. Deputy Speaker : Question is—

That Clause 2 stand part of the Bill. (*Interruption*).

ਸਰਦਾਰ ਜਸਦੇਵ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਹ ਟੈਕਨੀਕਲ ਗਲ ਹੈ। ਤੁਸੀਂ ਅਗਜ਼ਾਮਿਨ ਕਰ ਲਵੋ। ਇਹ ਫ਼ਾਰਮਲੀ ਮੂਵ ਨਹੀਂ ਹੋਇਆ। ਇਸ ਲਈ, ਪਹਿਲਾਂ ਫਾਰਮਲੀ ਮੂਵ ਹੋਣਾ ਚਾਹੀਦਾ ਹੈ। (ਵਿਘਨ)

Mr. Deputy Speaker : It is my duty.

Sardar Jasdev Singh Sandhu : It is not your privilege. You are governed by the rules (interruption) It is not your personal privilege.

ਸ੍ਰੀ ਡਿਪਟੀ ਸਪੀਕਰ : ਮੈਨੂੰ ਮੂਵ ਕਰਨ ਦਿਓ। ਪਹਿਲਾਂ ਫ਼ੈਸਲਾ ਹੋ ਚੁਕਿਆ ਹੈ ਕਿ ਮੋਸ਼ਨਾਂ ਪਹਿਲਾਂ ਹੋ ਜਾਣਗੀਆਂ। ਤੁਸੀਂ ਪਹਿਲਾਂ ਹਾਊਸ ਵਿਚ ਨਹੀਂ ਸੀ। (Let me first move the motion. It has already been decided that motions will be moved first. I think you were not present in the House at that time.)

ਸਰਦਾਰ ਜਸਦੇਵ ਸਿੰਘ ਸੰਧੂ : ਮੂਵ ਨਹੀ ਹੋਇਆ ਤੁਸੀਂ ਰਿਕਾਰਡ ਵੇਖ ਲਵੋ। It has not been moved. It is a technical objection. You may examine it. Resolution dis-appıoving the ordinance comes first. Let it be formally moved.

Mr. Deputy Speaker : Both the motions are moved together. These have been moved together.

Mr. Deputy Speaker : Question is—

That Clause 2 stand part of the Bill.

The motion was carried

CLAUSE 3

Mr. Deputy Speaker : Question is —

That Clause 3 stand part of the Bill.

The motion was carried

CLAUSE 4

Mr. Deputy Speaker : Question is—

That Clause 4 stand part of the Bill.

The motion was carried

CLAUSE 5

Mr. Deputy Speaker : Question is—

That Clause 5 stand part cf the Bill.

The motion was carried

CLAUSE 6

Mr. Deputy Speaker: Question is—

That Clause 6 stand part of the Bill.

The motion was carried

CLAUSE 1

Mr. Deputy Speaker : Question is—

That Clause 1 stand part of the Bill.

The motion was carried

TITLE

Mr. Deputy Speaker : Question is—

That Title be the Title of the Bill.

The motion was carried

Deputy Minister Irrigation and Power (Shri Bal Ram) : Sir, I move

That the Punjab Cooperative Societies (Amendment) Bill be passed

Mr. Deputy Speaker : Motion moved—

That the Punjab Co-operative Socities (Amendment) Bill be passed.

Mr. Deputy Speaker : Question is—

That the Punjab Co-operative Socities (Amendment) Bill be passed.

The motion was carried

THE PUNJAB STATE TUBE-WELLS (AMENDMENT) BILL, 1974

Minister of State for Irrigation and Power (Sardar Gurbax Singh Sibia) : Sir, I beg to introduce the Punjab State Tubewell (Amendment) Bill, 1974.

I also move—

That the Punjab State Tubewell (Amendment) Bill be taken into consideration atonce.

Mr. Deputy Speaker : Motion moved—

That the Punjab State Tubewell (Amendment) Bill be taken into consideration atonce.

ਸਰਦਾਰ ਸੁਰਜੀਤ ਸਿੰਘ ਸਿੱਧੂ (ਪੱਕਾ ਕਲਾਂ): ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਸਟੇਟ ਟਿਊਬਵੈਲ ਬਿੱਲ ਬਾਰੇ ਬੋਲਣ ਵਾਸਤੇ ਖੜ੍ਹਾ ਹੋਇਆ ਹਾਂ। ਇਹ ਅਮੈਂਡਮੈਂਟ ਜੋ ਅੱਜ ਪੇਸ਼ ਹੋਈ ਹੈ ਇਹ ਸਨ 1954 ਦੇ ਐਕਟ ਨੂੰ ਅਮੈਂਡ ਕਰੇਗੀ। ਉਸ ਦੇ ਸੈਕਸ਼ਨ 2 ਵਿਚ ਕਾਰਪੋਰੇਸ਼ਨ ਦਾ ਲਫਜ਼ ਐਡ ਕਰੇਗੀ। ਉਸ ਤੋਂ ਬਾਅਦ ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਬਣ ਜਾਵੇਗੀ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਸਕੀਮ ਪਹਿਲੀ ਗੌਰਮਿੰਟ ਦੀ ਸੀ ਕਿ ਇਸ ਨੂੰ ਕਾਰਪੋਰੇਸ਼ਨ ਬਣਾਇਆ ਜਾਵੇ, ਪਰ ਕਿਉਂਕਿ ਗੌਰਮਿੰਟ ਇਕ ਕਨਟੀਨੀਊਇੰਗ ਪ੍ਰਾਸੈਸ ਹੁੰਦਾ ਹੈ, ਇਹ ਗੌਰਮਿੰਟ ਨੇ ਚੰਗੀ ਗੱਲ ਕੀਤੀ ਹੈ, ਕਿਉਂਕਿ ਕਿਸਾਨ ਨੂੰ ਪਾਣੀ ਦੀ ਲੋੜ ਹੈ। ਜੇਕਰ ਕਿਸਾਨ ਨੂੰ ਪਾਣੀ ਜ਼ਿਆਦਾ ਮਿਲੇਗਾ ਤਾਂ ਕਿਸਾਨ ਵੱਧ ਤੋਂ ਵੱਧ ਅਨਾਜ ਪੈਦਾ ਕਰ ਸਕਦਾ ਹੈ। ਪੰਜਾਬ ਦੇ ਕਿਸਾਨ ਨੂੰ ਜੇਕਰ ਗੌਰਮਿੰਟ ਪਾਣੀ ਤੇ ਖਾਦ ਮੁਹੱਈਆ ਕਰੇ ਤਾਂ ਮੈਂ ਸਮਝਦਾ ਹਾਂ ਕਿ ਜੋ ਦੇਸ਼ ਨੂੰ ਬਾਹਰੋਂ ਅਨਾਜ ਮੰਗਵਾਉਣਾ ਪੈਂਦਾ ਹੈ ਉਸ ਦੀ ਲੋੜ ਨਾ ਰਹੇ। ਸੈਲਫ਼-ਸੈਫ਼ੀਸ਼ੈਂਸੀ ਤਾਂ ਇਕ ਪਾਸੇ ਰਹੀ, ਜੇਕਰ ਕਿਸਾਨ ਨੂੰ ਉਸ ਦੀ ਲੋੜ ਮੁਤਾਬਿਕ ਪਾਣੀ ਤੇ ਖਾਦ ਮਿਲੇ ਤਾਂ ਵੱਧ ਅਨਾਜ ਪੈਦਾ ਕਰ ਸਕਦਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਕਿਸਾਨ ਨੂੰ ਪਾਣੀ ਵੱਧ ਮਿਲੇਗਾ ਔਰ ਉਸ ਦੀ ਹੌਸਲਾ ਅਫਜ਼ਾਈ ਹੋਵੇਗੀ। ਪਰ ਮੈਂ ਸਮਝਦਾ ਹਾਂ ਕਿ ਕਿਸਾਨ ਨੂੰ ਖਾਦ ਵੀ ਅੱਛੀ ਮਿਲਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਖਾਦ ਨਹੀਂ ਮਿਲਣੀ ਚਾਹੀਦੀ ਜਿਸ ਤਰ੍ਹਾਂ ਕਿ ਮੌੜ ਮੰਡੀ ਵਿਚ, ਤਲਵੰਡੀ ਭਾਈ ਵਿਚ ਮਿਲੀ ਹੈ, ਜਿਸ ਵਿਚੋਂ ਕਿ ਕੰਕਰ, ਕੋਲਾ ਤੇ ਲੱਕੜੀ ਦੇ ਟੋਟੇ ਮਿਲੇ ਹਨ। ਖਾਦ ਕਿਸਾਨ ਨੂੰ ਵੱਧੀਆ ਦੇਣੀ ਚਾਹੀਦੀ ਹੈ। ਜੇਕਰ ਕਿਸਾਨ ਨੂੰ ਵੱਧੀਆ ਚੀਜ਼ਾਂ ਮਿਲਣ ਤਾਂ ਕਿਸਾਨ ਬੜਾ ਕੁਝ ਕਰ ਸਕਦਾ ਹੈ।

[ਸਰਦਾਰ ਸੁਰਜੀਤ ਸਿੰਘ ਸਿੱਧੂ]

ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਬਿਲ ਦੇ ਵਿਚ ਸੈਕਸ਼ਨ 36 ਹੈ ਜਿਸ ਵਿਚ ਅਮੈਂਡਮੈਂਟ ਕਰਨ ਲਗੇ ਹਨ। ਮੈਨੂੰ ਇਸ ਤੇ ਬੜੀ ਅਪਰੀਹੈਨਸ਼ਨ ਹੈ। ਪਹਿਲਾਂ ਤਾਂ 18 ਪੈਸੇ ਦੀ ਦਰ ਪਾਣੀ ਦੀ ਸੀ ਪਰ ਇਸ ਵਿਚ ਦਰ ਨੂੰ ਵਧਾਉਣ ਬਾਰੇ ਪ੍ਰੋਵੀਜ਼ਨ ਰੱਖੀ ਗਈ ਹੈ। ਇਹ ਕਿਸਾਨ ਨਾਲ ਜ਼ਿਆਦਤੀ ਹੋਵੇਗੀ ਇਸ ਦੀ ਵਰਡਿੰਗ ਇਸ ਤਰ੍ਹਾਂ ਹੈ। ਜੇਕਰ ਤੁਸੀਂ ਕਹੋ ਤਾਂ ਮੈਂ ਇਸ ਦਾ ਕੁਝ ਹਿੱਸਾ ਪੜ੍ਹ ਕੇ ਸੁਣਾ ਦਿੰਦਾ ਹਾਂ:

'The supply of water from a State Tubewell shall be charged at such rate (to be called the occupier's rate) per unit of electricity consumed for such supply, as the State Government may, from time to time, by notification, fix and different rates may be fixed.....'

ਸ੍ਰੀ ਡਿਪਟੀ ਸਪੀਕਰ : ਅਗੇ ਵੀ ਪੜ੍ਹ ਲਓ। (ਹਾਸਾ) (Please also read further)

ਸਰਦਾਰ ਸੁਰਜੀਤ ਸਿੰਘ ਸਿੱਧੂ : ਨਹੀਂ ਜੀ, ਜਿਤਨੀ ਲੋੜ ਸੀ ਪੜ੍ਹ ਲਈ ਹੈ। ਬਾਕੀ ਸਾਡੇ ਕੰਮ ਦੀ ਨਹੀਂ ਹੈ। (ਹਾਸਾ) ਡਿਪਟੀ ਸਪੀਕਰ ਸਾਹਿਬ, ਮੇਰੀ ਇਸ ਵਿਚ ਇਹ ਬੇਨਤੀ ਹੈ ਕਿ ਦਰ ਨੂੰ ਵਧਾਉਣ ਦੀ ਪ੍ਰੋਵੀਜ਼ਨ ਨਹੀਂ ਹੋਣੀ ਚਾਹੀਦੀ।

ਇਸ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਪਾਣੀ ਦੀ ਕਮੀ ਹੈ। ਪੰਜਾਬ ਵਿਚ ਔਰ ਖਾਸ ਤੌਰ ਤੇ ਜ਼ਿਲ੍ਹਾ ਬਠਿੰਡਾ ਔਰ ਸੰਗਰੂਰ ਵਿਚ ਪਾਣੀ ਦੀ ਘਾਟ ਹੈ। ਮੈਂ ਤੁਹਾਡੀ ਰਾਹੀਂ ਸਿੰਜਾਈ ਮਨਿਸਟਰ ਨੂੰ ਇਹ ਸੁਜੈਸ਼ਨ ਦੇਵਾਂਗਾ ਕਿ ਕਿਰਪਾ ਕਰਕੇ ਇਸ ਪਸਮਾਂਦਾ ਇਲਾਕੇ ਦਾ, ਜਿਹੜਾ ਕਿ ਪੰਜਾਬ ਵਿਚ ਹੈ, ਨਾਲ ਫਰੀਦਕੋਟ ਲਗਦਾ ਹੈ, ਹਰਿਆਣੇ ਦੀ ਬਾਰਡਰ ਬੈਲਟ ਹੈ ਖਿਆਲ ਰਖਿਆ ਜਾਵੇ। ਸੰਗਰੂਰ ਜ਼ਿਲ੍ਹੇ ਦੇ ਜਿਹੜੇ ਸਰਦੂਲਗੜ੍ਹ, ਤਲਵੰਡੀ ਅਤੇ ਪੱਟੀ ਕਲਾਂ ਹਲਕੇ ਹਨ, ਇਨ੍ਹਾਂ ਦੀ ਜਦੋਂ ਟਿਊਬਵੈਲ ਕਾਰਪੋਰੇਸ਼ਨ ਨੇ ਡੀਪ ਬੋਰਿੰਗ ਕਰਨੀ ਹੈ ਤਾਂ ਧਿਆਨ ਦੇਣਾ ਚਾਹੀਦਾ ਹੈ। ਇਥੇ ਸਿਰਫ ਇਰੀਗੇਸ਼ਨ ਦੇ ਪਾਣੀ ਦੀ ਘਾਟ ਹੀ ਨਹੀਂ ਸਗੋਂ ਪੀਣ ਦਾ ਪਾਣੀ ਵੀ ਘੱਟ ਮਿਲਦਾ ਹੈ। ਮੈਨੂੰ ਆਸ ਹੈ ਕਿ ਮੰਤਰੀ ਜੀ ਇਸ ਪਾਸੇ ਧਿਆਨ ਦੇਣਗੇ ਕਿਉਂਕਿ ਇਹ ਪਿਛੜਿਆ ਹੋਇਆ ਇਲਾਕਾ ਹੈ। ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ, ਜੋ ਇਨ੍ਹਾਂ ਨੇ ਡੀਪ ਟਿਊਬਵੈਲਜ਼ ਬਣਾਉਣੇ ਹਨ, ਉਨ੍ਹਾਂ ਬਾਰੇ ਮੈਂ ਇਹ ਸੁਜੈਸਟ ਕਰਦਾ ਹਾਂ ਕਿ ਜਿਥੇ ਸੂਏ, ਨਹਿਰਾਂ ਜਾਂ ਕੱਸੀਆਂ ਨਿਕਲਦੀਆਂ ਹਨ, ਟਿਊਬਵੈਲ ਉਥੋਂ ਮੁੱਢੋਂ ਹੀ, ਜੜ੍ਹਾਂ ਵਿਚੋਂ ਲਗਾਏ ਜਾਣ ਤਾਂ ਜੋ ਕੈਪੈਸਿਟੀ ਦੇ ਮਤਾਬਿਕ ਪਾਣੀ ਖਿੱਚਿਆ ਜਾ ਸਕੇ ਇਸੇ ਤਰ੍ਹਾਂ ਹੀ ਮੈਂ ਸਮਝਦਾ ਹਾਂ ਕਿ ਲੋਕਾਂ ਨੂੰ ਇਹ ਐਵੇਂ ਹੀ ਕਹੀ ਜਾਣਾ ਕਿ ਪਾਣੀ ਆ ਜਾਣਾ ਹੈ, ਲੋਕੀਂ ਸੱਚ ਨਹੀਂ ਮੰਨਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਵਜ਼ੀਰ ਸਾਹਿਬ ਇਸ ਗੱਲ ਵੱਲ ਧਿਆਨ ਦੇਣ ਕਿ ਟਿਊਬਵੈਲ ਲਗਾਉਣ ਵੇਲੇ ਸੂਏ ਕਸੀਆਂ ਅਤੇ ਨਹਿਰਾਂ ਦਾ ਜ਼ਰੂਰ ਖਿਆਲ ਰਖਿਆ ਜਾਵੇ, ਕਿਉਂਕਿ ਉਨ੍ਹਾਂ ਦੀ ਪਾਣੀ ਕੈਰੀ ਕਰਨ ਦੀ ਕੈਪੇਸਿਟੀ ਵੀ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਡਿਪਟੀ ਸਪਕਿਰ ਸਾਹਿਬ, ਜਿਥੋਂ ਤਕ ਆਮ ਲੋਕਾਂ ਦਾ ਸੰਬੰਧ ਹੈ, ਜ਼ਿਮੀਂਦਾਰ ਅਤੇ ਕਿਸਾਨ ਦੇ ਸੂਏ ਅਤੇ ਖਾਲ ਪੱਕੇ ਕਰਵਾਏ ਜਾਣ ਅਤੇ ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਉਨ੍ਹਾਂ ਦਾ ਬੜਾ ਫ਼ਾਇਦਾ ਹੋਵੇਗਾ ਅਤੇ ਇਸ ਦੇ ਨਾਲ ਕੋਈ 16 ਲੱਖ ਏਕੜ ਜ਼ਿਆਦਾ ਜ਼ਮੀਨ ਦੀ ਆਬਪਾਸ਼ੀ ਹੋ ਸਕਦੀ ਹੈ। ਇਸ ਕਰਕੇ ਸੂਏ, ਖਾਲ ਅਤੇ ਨੱਕੇ ਪੱਕੇ ਕਰਵਾਏ ਜਾਣ। ਫਿਰ ਜਨਾਬ, ਰੋਪੜ ਤੋਂ ਲੁਧਿਆਣਾ, ਸਰਹਿੰਦ ਕੈਨਾਲ ਦੇ ਨਾਲ ਨਾਲ ਜੋ ਟਿਊਬਵੈਲ ਲਗਣੇ ਸ਼ੁਰੂ ਹੋ ਗਏ ਹਨ ਇਸ ਵੇਲੇ ਲਗ ਰਹੇ ਹਨ ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸਾਨਾਂ ਦੇ ਖੇਤਾਂ ਵਿਚ 20-20, 22-22 ਫੁਟ ਫਸਲਾਂ ਖਰਾਬ ਹੋ ਰਹੀਆਂ ਹਨ ਅਤੇ ਇਸ ਨੁਕਸਾਨ ਦਾ ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ। ਇਸ ਕਰਕੇ ਜਾ

ਤਾਂ ਕਰਮਚਾਰੀਆਂ ਨੂੰ ਇਹ ਹਿਦਾਇਤ ਦਿੱਤੀ ਜਾਵੇ ਕਿ ਫ਼ਸਲਾਂ ਕੱਟਣ ਤੋਂ ਬਾਅਦ ਇਹ ਟਿਊਬਵੈਲ ਲਗਾਏ ਜਾਣ ਜਾਂ ਫਿਰ ਉਨ੍ਹਾਂ ਨੂੰ ਕੋਈ ਕੰਪੈਨਸੇਸ਼ਨ ਦਿੱਤੀ ਜਾਵੇ। ਇਸ ਚੀਜ਼ ਵਲ ਖਾਸ ਤੌਰ ਤੇ ਵਜ਼ੀਰ ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਆਖਰ ਵਿਚ ਮੈਂ ਤੁਹਾਡੀ ਰਾਹੀਂ ਇਹ ਸੁਜੈਸਟ ਕਰਦਾ ਹਾਂ ਕਿ ਟਿਊਬ-ਵੈਲ ਕਾਰਪੋਰੇਸ਼ਨ ਜੋ ਬਣਾਈ ਹੈ, ਇਸ ਦੇ ਵਿਚ ਇਕ ਅੱਛਾ ਚੇਅਰਮੈਨ ਨਿਯੁਕਤ ਕੀਤਾ ਜਾਵੇ ਅਤੇ ਬਿਜਲੀ ਬੋਰਡ ਦੀ ਤਰ੍ਹਾਂ ਨਾ ਹੋਵੇ ਕਿ ਭੱਠਾ ਹੀ ਬੈਠ ਜਾਵੇ, ਕੋਈ ਚੰਗਾ ਆਦਮੀ ਚੇਅਰਮੈਨ ਬਣਾਇਆ ਜਾਵੇ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ (ਗੜ੍ਹਸ਼ੰਕਰ): ਇਸ ਸੋਧਨਾ ਰਾਹੀਂ ਸਰਕਾਰ ਤਾਕਤ ਮੰਗ ਰਹੀ ਹੈ, ਕਾਰਪੋਰੇਸ਼ਨ ਦੇ ਅਫ਼ਸਰ ਹੋਣ ਉਨ੍ਹਾਂ ਦੇ ਰਾਹੀਂ ਪੈਸੇ ਉਗਰਾਹੇ ਜਾ ਸਕਣ। ਟਿਊਬਵੈਲਾਂ ਦੇ ਆਬਿਆਨੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਇਹ ਡੀਪ ਟਿਊਬਵੈਲ ਹੋਣਗੇ, ਉਥੇ ਜਿਹੜਾ ਆਬਿਆਨਾ ਲੈਣਾ ਹੈ, ਉਹ ਜਿੰਨੇ ਯੂਨਿਟ ਕੋਈ ਟਿਊਬਵੈਲ ਵਰਤਦਾ ਹੈ, ਉਸ ਦੇ ਮੁਤਾਬਿਕ ਲੈਣਾ ਹੈ। ਇਹ ਜਿਹੜੀ ਇਸ ਤਰ੍ਹਾਂ ਦੀ ਤਜਵੀਜ਼ ਹੈ, ਮੈਂ ਇਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ। ਕਾਰਪੋਰੇਸ਼ਨ ਦੇ ਦੋ ਕਿਸਮ ਦੇ ਟਿਊਬਵੈਲ ਲਗ ਰਹੇ ਹਨ। ਇਕ ਤਾਂ ਕੰਡੀ ਦੇ ਇਲਾਕੇ ਵਿਚ ਲਗਾਏ ਜਾਣੇ ਹਨ (ਵਿਘਨ) ਜਿਨ੍ਹਾਂ ਦਾ ਪਹਾੜੀ ਇਲਾਕੇ ਨਾਲ, ਕੰਡੀ ਦੇ ਇਲਾਕੇ ਨਾਲ ਤੁਅੱਲਕ ਹੈ ਅਤੇ ਦੂਜੇ ਉਹ ਹਨ, ਜਿਹੜੇ ਬਾਕੀ ਪੰਜਾਬ ਦੇ ਇਲਾਕਿਆਂ ਵਿਚ ਲਗਣੇ ਹਨ ਅਤੇ ਦੱਖਣ ਦੇ ਇਲਾਕੇ ਨੂੰ ਪਾਣੀ ਦੇਣਗੇ। ਜਿਥੋਂ ਤਕ ਇਨ੍ਹਾਂ ਕੰਡੀ ਦੇ ਇਲਾਕਿਆਂ ਦਾ ਤੁਅੱਲਕ ਹੈ, ਉਥੇ ਦੀ ਜ਼ਮੀਨ, ਚੋਆਂ, ਬਾਰਿਸ਼ਾਂ ਦੇ ਨਾਲ ਹੜ੍ਹ ਹੜ੍ਹ ਕੇ ਬੜੀ ਖਰਾਬ ਹੋ ਚੁੱਕੀ ਹੈ। ਕਣਕ ਅਤੇ ਦੂਜੀਆਂ ਫ਼ਸਲਾਂ ਬਹੁਤ ਘੱਟ ਪੈਦਾ ਹੁੰਦੀਆਂ ਹਨ ਅਤੇ ਉਨ੍ਹਾਂ ਜ਼ਮੀਨਾਂ ਨੂੰ ਪਾਣੀ ਦੇਣ ਦਾ ਇਹ ਮਤਲਬ ਸੀ ਕਿ ਸਾਡੀ ਪੈਦਾਵਾਰ ਵਧੇ, ਕਣਕ ਦੀ ਪੈਦਾਵਾਰ ਵਧੇ ਅਤੇ ਹੋਰ ਫ਼ਸਲ ਦੀ ਪੈਦਾਵਾਰ ਵੀ ਵਧੇ। ਪਰ ਇਸ ਬਿਲ ਰਾਹੀਂ ਜਿਹੜਾ ਉਨ੍ਹਾਂ ਗਰੀਬ ਕਿਸਾਨਾਂ ਤੋਂ ਆਬਿਆਨਾ ਲਿਆ ਜਾਣਾ ਹੈ, ਮੈਂ ਉਸਦਾ ਵਿਰੋਧ ਕਰਦਾ ਹਾਂ। ਇਹ ਉਨ੍ਹਾਂ ਲੋਕਾਂ ਨਾਲ ਇਕ ਬਹੁਤ ਬੜਾ ਧੱਕਾ ਹੈ ਅਤੇ ਇਸ ਗੱਲ ਦਾ ਤਾਂ ਹੋਰ ਵੀ ਦੁੱਖ ਹੈ ਕਿ ਆਬਿਆਨੇ ਦੇ ਵੀ ਡਿਫਰੈਂਟ ਰੇਟਸ ਹਨ ਅਤੇ ਜਿਸ ਨੇ ਟਿਊਬਵੈਲਾਂ ਦਾ ਪਾਣੀ ਲੈਣਾ ਹੈ, ਉਸ ਵਾਸਤੇ ਹੋਰ ਰੇਟਸ ਹਨ, ਜਿਸ ਨੇ ਨਹਿਰਾਂ ਦਾ ਲੈਣਾ ਹੈ, ਉਸ ਵਾਸਤੇ ਹੋਰ ਰੇਟਸ ਹਨ। ਇਹ ਤੁਹਾਡੇ ਮਹਿਕਮੇ ਦੇ ਰੇਟ ਹਨ–ਮੇਰੇ ਹਿਸਾਬ ਨਾਲ ਤਾਂ ਸ਼ਾਇਦ ਜ਼ਿਆਦਾ ਹੀ ਹੋਣ। ਨਹਿਰਾਂ ਦੇ ਪਾਣੀ ਦਾ 7 ਰੁਪਏ ਕਣਕ ਦੀ ਫ਼ਸਲ ਵਾਸਤੇ ਇਕ-ਏਕੜ ਦਾ ਹੈ ਅਤੇ ਇਹ ਮਹਿਕਮਾਂ ਇਰੀਗੇਸ਼ਨ ਦਾ ਹੈ, ਪਰ ਜੋ ਟਿਊਬਵੈਲ ਪੰਜਾਬ ਵਿਚ ਲਗਣੇ ਹਨ ਅਤੇ ਉਨ੍ਹਾਂ ਦੇ ਪਾਣੀ ਨਾਲ ਫ਼ਸਲ ਪਕਾਉਣੀ ਹੋਵੇ ਤਾਂ 15 ਰੁਪਏ ਇਕ ਖੇਤ ਦੇ ਚਾਰਜਿਜ਼ ਹਨ। ਇਰੀਗੇਸ਼ਨ ਮਹਿਕਮੇ ਨੇ 17 ਪੈਸੇ ਫ਼ੀ ਯੂਨਿਟ ਬਿਜਲੀ ਦਾ ਰੇਟ ਰੱਖਿਆ ਹੈ ਅਤੇ ਜੇ ਟਿਊਬਵੈਲ ਦਾ ਪਾਣੀ ਲਗਾਣਾ ਹੋਵੇ ਤਾਂ 52 ਪੈਸੇ ਫ਼ੀ ਯੂਨਿਟ ਬਿਜਲੀ ਦਾ ਰੇਟ ਹੈ ਅਤੇ ਇਸ ਹਿਸਾਬ ਨਾਲ ਆਬਿਆਨਾ ਕਿਸਾਨਾਂ ਤੋਂ ਲਿਆ ਜਾਵੇਗਾ। ਇਸ ਦਾ ਮਤਲਬ ਇਹ ਹੋਇਆ ਕਿ ਘੱਟੋ ਘੱਟ 45 ਰੁਪਏ ਵਿਚ ਇਕ ਖੇਤ ਪਿਆ। ਇਹ [illegible]ਰੇ ਆਂਕੜੇ ਤੁਹਾਡੇ ਮਹਿਕਮੇ ਵਲੋਂ ਹੀ ਹਨ, ਯਾਨੀ ਇਕ ਖੇਤ ਦੀ ਫ਼ਸਲ ਪਕਾਉਣ ਲਈ ਇੰਨਾ ਖਰਚ ਆਵੇਗਾ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਕੋ ਹੀ ਬਾਜ਼ਾਰ ਵਿਚ ਦੋ ਭਾ ਕਿਸ ਤਰ੍ਹਾਂ ਹੋ ਸਕਦੇ ਹਨ, ਉਹੀ ਪਾਣੀ ਹੈ, ਉਹੀ ਫ਼ਸਲ ਹੈ, ਇਕ ਦਾ ਰੇਟ 7 ਰੁਪਏ ਪੈਂਦਾ ਹੈ ਅਤੇ ਦੂਜੇ ਦਾ ਰੇਟ 15 ਰੁਪਏ ਪੈਂਦਾ ਹੈ। ਇਸ ਦਾ ਮਤਲਬ ਇਹ ਹੋਵੇਗਾ ਕਿ ਜਿਹੜੀ ਜ਼ਮੀਨ ਖਰਾਬ ਹੈ, ਰੇਤਲੀ ਹੈ ਅਤੇ ਬੰਜਰ ਹੈ, ਉਥੇ ਇਹ ਖਰਚ 45 ਰੁਪਏ ਤੋਂ ਵੀ ਵਧ ਕੇ ਮੇਰੇ ਹਿਸਾਬ ਨਾਲ 150 ਰੁਪਏ ਤਕ ਚਲਾ ਜਾਣਾ ਹੈ ਅਤੇ ਇੰਨੇ ਪੈਸੇ ਇਕ ਗਰੀਬ ਕਿਸਾਨ ਕਿਥੋਂ ਖਰਚ ਕਰ ਸਕਦਾ ਹੈ, ਸਿਰਫ਼ ਪਾਣੀ ਦੇਣ ਵਾਸਤੇ। ਸ਼ਾਇਦ ਕੁਝ ਅੰਡਰਗਰਾਉਂਡ ਚੈਨਲਜ਼ ਵਗੈਰਾ ਵੀ ਬਣਾਈਆਂ ਜਾਣਗੀਆਂ। ਪਤਾ ਨਹੀਂ ਇਸ ਤਰ੍ਹਾਂ ਦਾ ਟਿਊਬਵੈੱਲ ਡਿਪਾਰਟਮੈਂਟ ਦਾ ਕੋਈ ਪ੍ਰਬੰਧ ਹੈ ਜਾਂ ਨਹੀਂ, ਪਰ ਮੈਂ ਇਹ ਅਰਜ਼ ਕਰਦਾ ਹਾਂ ਕਿ ਪੈਦਾਵਾਰ ਨੂੰ ਵਧਾਉਣਾ ਹੈ ਤਾਂ ਇਸ ਤਰ੍ਹਾਂ ਦੇ ਰੇਟ

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਨਹੀਂ ਲਏ ਜਾਣੇ ਚਾਹੀਦੇ। ਜਿਥੇ ਅਸੀਂ ਕਰੋੜਾਂ ਰੁਪਏ ਅਮਰੀਕਨ ਪੀ. ਐਲ. 480 ਕਣਕ ਲਈ ਖਰਾਬ ਕੀਤੇ, ਉਸ ਵਿਚੋਂ ਅਸੀਂ ਕੁਝ ਧਨ ਮਾਫ਼ ਕਰਵਾ ਲਿਆ ਹੈ। 17 ਅਰਬ ਰੁਪਿਆ ਸੀ ਜਿਸ ਵਿਚੋਂ 8 ਅਰਬ ਰੁਪਿਆ ਅਮਰੀਕਾ ਹਿੰਦੁਸਤਾਨ ਵਿਚ ਰਖੀ ਬੈਠਾ ਹੈ ਅਤੇ ਇਹ ਉਸ ਨੂੰ ਭਾਵੇਂ ਸਰਮਾਇਦਾਰਾਂ ਦੇ ਜ਼ਰੀਏ ਤੋਂ ਅਤੇ ਭਾਵੇਂ ਸੀ. ਆਈ. ਏ. ਦੇ ਜ਼ਰੀਏ ਤੋੜ ਫੋੜ ਦੀਆਂ ਕਾਰਵਾਈਆਂ ਲਈ ਵਰਤੀ ਜਾ ਰਿਹਾ ਹੈ। ਸੋ ਮੈਂ ਇਹ ਗੱਲ ਕਰ ਰਿਹਾ ਸੀ ਕਿ ਜਿਹੜਾ ਕੰਡੀ ਦਾ ਇਲਾਕਾ ਹੈ ਇਹ 52 ਪੈਸੇ ਪਰ ਯੂਨਿਟ ਦੇ ਹਿਸਾਬ ਨਾਲ ਆਬਿਆਨਾ ਨਹੀਂ ਦੇ ਸਕਦਾ, ਉਨ੍ਹਾਂ ਦੀ ਹਾਲਤ ਚੰਗੀ ਨਹੀਂ, ਜ਼ਮੀਨਾਂ ਚੰਗੀਆਂ ਨਹੀਂ, ਜ਼ਮੀਨਾਂ ਦੀ ਹਾਲਤ ਬਹੁਤ ਭੈੜੀ ਹੈ। ਬਾਕੀ ਪੰਜਾਬ ਦੇ ਹਿੱਸਿਆਂ ਵਿਚ ਤਾਂ ਕੋਈ ਜ਼ਿਮੀਂਦਾਰ 30 ਕੁਇੰਟਲ ਪੈਦਾ ਕਰਦਾ ਹੈ, ਕੋਈ 50 ਕੁਇੰਟਲ ਪੈਦਾ ਕਰਦਾ ਹੈ ਇਕ ਏਕੜ ਦੀ। ਪਰ ਉਸ ਇਲਾਕੇ ਵਿਚ ਤਾਂ ਕਿਲੋ ਦੇ ਹਿਸਾਬ ਨਾਲ ਪੈਦਾਵਾਰ ਹੁੰਦੀ ਹੈ, ਕਿਤੇ 15 ਕਿਲੋ ਅਤੇ ਕਿਤੇ 50 ਕਿਲੋ ਫ਼ਸਲ ਹੁੰਦੀ ਹੈ। ਇਸ ਕਰਕੇ ਮੈਂ ਇਹ ਅਰਜ਼ ਕਰਾਂਗਾ ਕਿ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਇਸ ਲਈ, ਮੈਂ ਸਮਝਦਾ ਹਾਂ ਕਿ ਇਹ ਜਿਹੜੀ ਦਰ 17 ਪੈਸੇ ਤੋਂ 52 ਪੈਸੇ ਪਰ ਯੂਨਿਟ ਵਧਾਈ ਜਾ ਰਹੀ ਹੈ, ਇਹ ਕਿਸੇ ਤਰ੍ਹਾਂ ਵੀ ਠੀਕ ਨਹੀਂ। ਇਕ ਗੱਲ ਮੈਂ ਹੋਰ ਅਰਜ਼ ਕਰਾਂ ਕਿ ਮੇਰੇ ਪਾਸ ਪੰਜਾਬ ਵਿਧਾਨ ਸਭਾ ਦੀ ਪਬਲਿਕ ਅੰਡਰ ਟੇਕਿੰਗ ਕਮੇਟੀ ਦੀ ਇਕ ਰਿਪੋਰਟ ਪਈ ਹੈ, ਜਿਸ ਵਿਚ ਟੀਊਬਵੈਲ ਕਾਰਪੋਰੇਸ਼ਨ ਨੇ ਜੋ ਕੰਮ ਕੀਤਾ ਹੈ ਉਸ ਬਾਰੇ ਚਾਨਣਾ ਪਾਇਆ ਹੋਇਆ ਹੈ। ਪਬਲਿਕ ਅੰਡਰ ਟੇਕਿੰਗ ਕਮੇਟੀ ਨੇ ਟਿਊਬਵੈਲ ਕਾਰਪੋਰੇਸ਼ਨ ਦੀ ਸਾਰੀ ਵਰਕਿੰਗ ਨੂੰ ਡਿਸਕਸ ਕੀਤਾ, ਇਸ ਨੂੰ ਠੀਕ ਕਰਨ ਵਾਸਤੇ ਇਸ ਵਿਚ ਕੁਝ ਸੁਝਾਓ ਵੀ ਦਿੱਤੇ ਹਨ। ਇਕ ਸੁਝਾਓ ਇਹ ਵੀ ਹੈ ਕਿ ਜਿਹੜਾ ਵੀ ਕੰਮ ਚਲਦਾ ਹੈ ਉਸ ਨੂੰ ਤਿੰਨ ਸਾਲ ਵਿਚ ਕਾਰਪੋਰੇਸ਼ਨ ਨੂੰ ਸਿਰੇ ਲਾਉਣਾ ਚਾਹੀਦਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਜਿਤਨਾ ਮਰਜ਼ੀ ਪੈਸਾ ਲੈ ਲਓ, ਉਸ ਨੂੰ ਜਿਤਨਾ ਚਿਰ ਮਰਜ਼ੀ ਰਖੋ, ਆਮਦਨੀ ਭਾਵੇਂ ਇਕ ਪੈਸੇ ਦੀ ਨਾ ਹੋਵੇ, ਜੋ ਕੰਮ ਹੋਵੇ ਉਸ ਨੂੰ ਡੀਵੈਲਪ ਕਰਨ ਵਾਸਤੇ ਹਰ ਹਾਲਤ ਵਿਚ ਤਿੰਨ ਸਾਲ ਤੋਂ ਵਧ ਨਹੀਂ ਦੇਣੇ ਚਾਹੀਦੇ। ਅਫ਼ਸਰ ਇਕ ਸਟੰਟ ਰਚਦੇ ਹਨ, ਅਸੀਂ ਇਹ ਕਰਨਾ ਹੈ ਉਹ ਕਰਨਾ ਹੈ, ਪਰ ਪੈਸਾ ਲੈ ਲੈ ਕੇ ਏਧਰ ਓਧਰ ਕਰ ਛੱਡਦੇ ਹਨ, ਹੁੰਦਾ ਕੱਖ ਨਹੀਂ। ਇਸ ਕਮੇਟੀ ਦੀ ਰਿਪੋਰਟ ਦੇ ਸਫ਼ਾ 28 ਦੇ ਉਤੇ ਇਹ ਗੱਲ ਵੀ ਡਿਸਕਸ ਕੀਤੀ ਹੈ। ਇਸ ਵਿਚ ਲਿਖਿਆ ਹੈ ਕਿ 4-5 ਕਰੋੜ ਰੁਪਿਆ ਸਰਕਾਰ ਨੇ ਕਾਰਪੋਰੇਸ਼ਨ ਨੂੰ ਦਿੱਤਾ ਹੈ, ਕੰਮ ਕੋਈ ਕੀਤਾ ਨਹੀਂ ਅਤੇ ਉਸ ਤੋਂ ਵੱਧ ਪੈਸਾ ਲੈ ਜਾ ਕੇ ਫੇਰ ਉਸੇ ਬੈਂਕ ਵਿਚ ਜਮ੍ਹਾਂ ਕਰ ਦਿੱਤਾ। ਜਦੋਂ ਲਿਆਂਦਾ ਤਾਂ $6\frac{1}{2}\%$ ਸੂਦ ਦੇ ਦਰ ਤੇ ਅਤੇ 9% ਦੇ ਦਰ ਤੇ ਪਰ ਜਦੋਂ ਜਮ੍ਹਾਂ ਕਰਾਉਂਦੇ ਹਨ ਤਾਂ ਉਸ ਦਾ ਸੂਦ ਇਨ੍ਹਾਂ ਨੂੰ ਸਾਰਾ ਹੀ 4% ਮਿਲਣਾ ਹੈ। ਇਹ ਡੀਟੇਲ ਹੈ ਜੋ ਇਨ੍ਹਾਂ ਨੇ ਵਖ ਵਖ ਪੈਸਾ ਇਕੋ ਬੈਂਕ ਵਿਚੋਂ ਲਿਆ ਅਤੇ ਫੇਰ ਉਸੇ ਵਿਚ ਹੀ ਜਮ੍ਹਾਂ ਕਰਾ ਦਿੱਤਾ। ਇਕ ਕਰੋੜ ਇਨ੍ਹਾਂ ਨੇ ਪੰਜਾਬ ਗਵਰਮੈਂਟ ਤੋਂ ਲਿਆ $6\frac{1}{2}\%$ ਤੇ 80 ਲੱਖ ਪਟਿਆਲਾ ਬੈਂਕ ਤੋਂ ਲਿਆ 9% ਤੇ ਫੇਰ 4 ਲੱਖ ਪੰਜਾਬ ਐਂਡ ਸਿੰਧ ਬੈਂਕ ਤੋਂ ਲਿਆ 9% ਤੇ ਅਤੇ 37 ਲੱਖ ਨਿਊ ਬੈਂਕ ਆਫ ਇੰਡੀਆ ਤੋਂ ਲਿਆ ਇਸੇ ਦਰ ਤੇ। ਇਤਨੀ ਭਾਰੀ ਰਕਮ ਲੈ ਕੇ ਮੁੜ ਕੇ ਫੇਰ ਜਮ੍ਹਾਂ ਕਰਾ ਦਿੱਤੀ, ਹੁਣ ਬੈਂਕ 4% ਸੂਦ ਦੇਵੇਗਾ। ਇਸ ਤਰ੍ਹਾਂ ਦੇ ਜਿਹੜੇ ਸਕੈਂਡਲਜ਼ ਹਨ, ਪੈਸਾ ਖਾਣ ਦੇ ਟੈਕਟਿਕਸ ਹਨ, ਇਨ੍ਹਾਂ ਨੂੰ ਰੋਕਣਾ ਚਾਹੀਦਾ ਹੈ। ਕਿਸਾਨ ਨੂੰ ਤਾਂ ਅਗੇ ਹੀ ਚੀਜ਼ਾਂ ਮਹਿੰਗੀਆਂ ਮਿਲਦੀਆਂ ਹਨ। ਹੁਣ ਇਕ ਨਵੇਂ ਢੰਗ ਨਾਲ ਇਹ ਕਿਸਾਨ ਮਾਰੂ, ਕਿਸਾਨ ਘਾਤਕ ਇਹ ਬਿਲ ਲਿਆਂਦਾ ਹੈ ਬਿਜਲੀ ਦੀ ਦਰ ਜਿਹੜੀ ਇਹ 52 ਪੈਸੇ ਯੂਨਿਟ ਕਰ ਰਹੇ ਹਨ। ਇਹ ਉਸ ਮਿਹਨਤ-ਕਸ਼ ਮਜ਼ਦੂਰ ਨਾਲ ਬੇਇਨਸਾਫ਼ੀ ਹੋਵੇਗੀ ਜਿਸ ਦਾ ਪਹਿਲਾਂ ਹੀ ਕੋਈ ਗੁਜ਼ਾਰਾ ਨਹੀਂ ਹੋ ਰਿਹਾ। ਜੇ ਕੋਈ ਇਹ ਇਸ ਤਰ੍ਹਾਂ ਦੀ ਚੀਜ਼ ਲਿਆਂਦੇ ਜਿਸ ਨਾਲ ਕਿ ਉਸ ਦੀ ਇਮਦਾਦ ਹੁੰਦੀ ਅਸੀਂ ਇਸ ਦੀ ਪ੍ਰੋੜ੍ਹਤਾ ਕਰਦੇ। ਜਦੋਂ ਕੋਈ ਕਿਸੇ ਥਾਂ ਸਰਮਾਇਦਾਰਾਂ ਦੀ ਮਦਦ ਕਰਨੀ ਹੋਵੇ ਤਾਂ ਇਹ ਸਬਸੀਡਾਈਜ਼ ਕਰਦੇ ਹਨ, ਇਹ ਜਦੋਂ ਕਿਸਾਨ ਤੇ ਹਰ ਪਾਸੇ ਮਹਿੰਗਾਈ ਦਾ ਬੋਝ ਵਧ ਰਿਹਾ ਹੈ ਜੇ ਇਨ੍ਹਾਂ ਨੇ ਸਮਝਿਆ ਸੀ ਕਿ ਖਰਚਾ ਜ਼ਿਆਦਾ ਆ

ਰਿਹਾ ਹੈ ਤਾਂ ਇਹ ਸਬਸੀਡਾਈਜ਼ ਕਰਦੇ। ਸਰਕਾਰ ਦੇਂਦੀ, ਇਸ ਤਰ੍ਹਾਂ ਇਹ 52 ਪੈਸੇ ਯੂਨਿਟ ਦਾ ਰੇਟ ਸਾਨੂੰ ਕਿਸੇ ਵੀ ਸੂਰਤ ਦੇ ਵਿਚ ਪ੍ਰਵਾਨ ਨਹੀਂ । ਇਸ ਬਿਲ ਨੂੰ ਵਾਪਸ ਲਿਆ ਜਾਵੇ ਅਤੇ ਜੇ ਉਸ ਨੂੰ ਕੋਈ ਘਾਟਾ ਹੈ ਤਾਂ ਉਹ ਕਿਸੇ ਹੋਰ ਤਰੀਕੇ ਦੇ ਨਾਲ ਪੂਰਾ ਕੀਤਾ ਜਾਵੇ।

ਸਰਦਾਰ ਲੱਛਮਣ ਸਿੰਘ : (ਗੁਰੂ ਹਰਸਹਾਏ): ਡਿਪਟੀ ਸਪੀਕਰ ਸਾਹਿਬ, ਇਹ ਜੋ ਬਿਲ ਸਿਬੀਆ ਸਾਹਿਬ ਨੇ ਪੇਸ਼ ਕੀਤਾ ਹੈ ਇਹ ਉਨ੍ਹਾਂ ਨੇ ਬੜਾ ਹੀ ਸ਼ਲਾਘਾਯੋਗ ਉੱਦਮ ਕੀਤਾ ਹੈ। ਅੱਜ ਪਾਣੀ ਦੀ ਹਰ ਇਕ ਨੂੰ ਲੋੜ ਹੈ ਜੇ ਪਾਣੀ ਨਹੀਂ ਮਿਲਦਾ ਤਾਂ ਸਾਰੀ ਜ਼ਮੀਨ ਬਰਾਨੀ ਰਹਿੰਦੀ ਹੈ। ਇਹ ਜਿਹੜੇ 800 ਟਿਊਬਵੈਲ ਲੱਗਣੇ ਹਨ ਇਨ੍ਹਾਂ ਦਾ ਪਾਣੀ ਅਬੋਹਰ ਮੁਕਤਸਰ ਅਤੇ ਬਠਿੰਡੇ ਦੇ ਇਲਾਕੇ ਨੂੰ ਮਿਲਣਾ ਹੈ। ਜਿਹੜਾ ਪਾਣੀ ਦਿੱਤਾ ਜਾਵੇਗਾ ਉਹ ਅਗੇ ਨਾਲੋਂ ਚਾਰ ਗੁਣਾਂ ਵਧ ਦਿੱਤਾ ਜਾਵੇ ਗਾ। ਪਾਣੀ ਤੋਂ ਬਗੈਰ ਕਿਸਾਨ ਕੋਈ ਵੀ ਫ਼ਸਲ ਪੈਦਾ ਨਹੀਂ ਕਰ ਸਕਦਾ। ਭਾਵੇਂ ਉਹ ਸਾਲ ਭਰ ਕਿਤਨੀ ਵੀ ਮਿਹਨਤ ਕਿਉਂ ਨਾ ਕਰਦਾ ਰਹੇ, ਪਾਣੀ ਨਹੀਂ ਮਿਲਦਾ ਤਾਂ ਫ਼ਸਲ ਨਹੀਂ ਬਚ ਸਕਦੀ। ਇਸ ਵਾਸਤੇ ਮੈਂ ਕਹਾਂਗਾ ਕਿ ਇਹ ਜਿਹੜਾ ਬਿਲ ਹੈ ਇਹ ਬੜਾ ਹੀ ਸ਼ਲਾਘਾਯੋਗ ਹੈ। ਇਸ ਦੇ ਨਾਲ ਨਾਲ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਜਿਹੜਾ ਸਰਹੱਦ ਦਾ ਇਲਾਕਾ ਹੈ ਇਸ ਦੇ ਨਾਲ ਨਾਲ ਵੀ ਟਿਊਬਵੈਲ ਲੱਗਣੇ ਚਾਹੀਦੇ ਹਨ ਤਾਂ ਜੋ ਨਹਿਰਾਂ ਰਾਹੀਂ ਉਸ ਇਲਾਕੇ ਵਿਚ ਵੀ ਬਰਾਨੀ ਜ਼ਮੀਨਾਂ ਆਬਾਦ ਕੀਤੀਆ ਜਾ ਸਕਣ। ਮੈਂ ਸਿਬੀਆ ਸਾਹਿਬ ਦਾ ਧਿਆਨ ਬਾਰਡਰ ਦੇ ਇਲਾਕੇ ਵਲ ਵੀ ਦਿਵਾਉਣਾ ਚਾਹੁੰਦਾ ਹਾਂ। ਪਿਛਲੇ ਸਾਲ ਇਕ ਸਕੀਮ ਬਣਾਈ ਗਈ ਸੀ ਕਿ ਫਿਰੋਜ਼ਪੁਰ ਅਤੇ ਫਾਜ਼ਿਲਕਾ ਦੇ ਇਲਾਕੇ ਦੇ ਦਰਮਿਆਨ 800 ਟਿਊਬਵੈਲ ਲਗਾਏ ਜਾ ਰਹੇ ਹਨ। ਇਹ ਬੜੀ ਅੱਛੀ ਗੱਲ ਹੈ ਪਰ ਇਹ ਸਕੀਮ ਅਜੇ ਤੱਕ ਚਾਲੂ ਨਹੀਂ ਕੀਤੀ। ਇਹ ਸਕੀਮ ਜੇ ਚਾਲੂ ਕੀਤੀ ਜਾਵੇ ਤਾਂ ਇਸ ਇਲਾਕੇ ਨੂੰ ਬਹੁਤ ਫ਼ਾਇਦਾ ਹੋ ਸਕਦਾ ਹੈ। ਸੈਂਟਰ ਤੋਂ ਇਹ ਸਕੀਮ ਛੇਤੀ ਤੋਂ ਛੇਤੀ ਪਾਸ ਕਰਾਉਣੀ ਚਾਹੀਦੀ ਹੈ। ਜੇ ਇਨ੍ਹਾਂ 800 ਟਿਊਬਵੈਲਜ਼ ਦੀ ਬਜਾਏ 1200 ਟਿਊਬਵੈਲਜ਼ ਲਗਾ ਦਿਤੇ ਜਾਣ ਤਾਂ ਇਸ ਨਾਲ ਹੋਰ ਬਹੁਤ ਫਾਇਦਾ ਹੋ ਸਕਦਾ ਹੈ। ਕਨੇਡੀਅਨ ਸਾਹਿਬ ਨੇ ਕਿਹਾ ਕਿ ਜੇ 52 ਪੈਸੇ ਯੂਨਿਟ ਬਿਜਲੀ ਦਾ ਰੇਟ ਕਰ ਦਿਤਾ ਤਾਂ ਕਿਸਾਨ ਇਹ ਬੋਝ ਬਰਦਾਸ਼ਤ ਨਹੀਂ ਕਰ ਸਕਦਾ ਪਰ ਜੇ ਪੈਦਾਵਾਰ ਪਾਣੀ ਕਰਕੇ ਵਧ ਹੋਵੇ ਅਤੇ ਕਿਸਾਨ ਦੀ ਆਮਦਨ ਵਧੇ ਤਾਂ ਮੈਂ ਸਮਝਦਾ ਹਾਂ ਕਿ ਇਹ ਇਕ ਸਲਾਘਾ-ਯੋਗ ਕਦਮ ਹੋਵੇਗਾ। ਇਹ ਬਿਲ ਬਹੁਤ ਅੱਛਾ ਹੈ ਅਤੇ ਕਿਸਾਨ ਦੇ ਹੱਕ ਵਿਚ ਹੈ। ਇਸ ਲਈ ਇਸ ਨੂੰ ਜਲਦੀ ਤੋਂ ਜਲਦੀ ਪਾਸ ਕਰਨਾ ਚਾਹੀਦਾ ਹੈ।

चौधरी कांशी राम (फाज़िलका): यह जो पंजाब स्टेट टयूब वैल बिल 1974 है मैं इस पर बोलने के लिये खड़ा हुआ हूं। इस में कोई ऐसी बड़ी बात नहीं है। बात तो इतनी है कि पहले जो काम गवर्नमैंट करती थी अब कारपोरेशन करती है। इसमें एक अहम बात जो है, वह यह है कि जो officers Tube-Well Corporation, Irrigation and Power के हैं वे भी वही powers enjoy करेंगे जो State Government के corresponding officers enjoy कर रहे हैं। एक अहम बात इसमें यह भी है कि जो Tube-Well Corporation के आफीसर्ज होंगे, वह canal आफीसर्ज कहायेंगे, वही स्टेटस वह enjoy करेंगे जो State Government के आफीसर्ज कर रहे हैं। अगर मैं कोई गलत अन्दाजा नहीं लगाता, इस में वह यह कर रहे हैं कि बजाये एक के इस के साथ की जो यूनिटस हों वह अलग यूनिट हों, तो इसका result यह होगा कि लोगों की सिफारिशों का एक साईकल बन जाएगा जो M. L. As, को साथ लेकर transfers वगैरह में ही लगे रहेंगे।

[चौधरी कांशी राम]

इस डैमोक्रेसी में No man is all powerful अब इसके बाद जोकि Canadian Sahib ने कहा है Tube-Well Corporation वाले 52 पैसे per unit लगा रहे हैं। एक दो notification भी कोट किए हैं। मगर एक बात जो मैं ने देखी है स्टेट में Tube-Well Corporation बन चुकी हैं। चाहे Public Health ने चाहे Agriculture Department ने लगाए हों तमाम के तमाम Tube-Wells Corporation के अन्दर आ जाने चाहिए और इनका chargeable rate एक होना चाहिए। कैनेडीयन साहिब कह रहे हैं कि floating irrigation 30 एकड़ है और जो नीचे से पानी निकाला जाता है वह 52 पैसे per unit है। Canadian Sahib एक बात भूल जाते हैं। इस देश की प्रथा है कि पानी मिल गया तो भगवान मिल गया। अगर पैसे दे कर पानी द दें तो बुरी बात नहीं है। गंगा नगर के इलाके में जब कोई एक दूसरे को मिलता है तो राम राम भाई कहता है। इसका मतलब यह है कि तू राम राम कह रहा है मुझे तेह लगी है।

ਅਗਰ 52 ਪੈਸੇ ਪਰ ਯੂਨਿਟ ਚਾਰਜ ਕਰਦੇ ਹਨ ਤਾਂ ਕੋਈ ਆਬਜੈਕਸ਼ਨ ਨਹੀਂ ਕਰਨਾ ਚਾਹੀਦਾ ਹੈ। ਅਗੇ ਜਿਹੜੀ ਗਲ ਸਰਦਾਰ ਲਛਮਨ ਸਿੰਘ ਨੇ ਕਹੀ ਹੈ ਕਿ ਸਰਹਿੰਦ ਕੈਨਾਲ ਦੇ ਨਾਲ ਨਾਲ ਟਿਊਬਵੈਲ ਲਗ ਰਹੇ ਹਨ ਮੇਰੀ ਵਜ਼ੀਰ ਸਾਹਿਬ ਨਾਲ ਗਲ ਹੋਈ, ਸੀ. ਐਮ. ਸਾਹਿਬ ਨਾਲ ਵੀ ਗੱਲ ਹੋਈ ਸੀ (ਵਿਘਨ) ਚੌਧਰੀ ਬਲਰਾਮ ਜੀ ਨੇ ਦਰਿੜ੍ਹਤਾ ਨਾਲ ਕਿਹਾ ਕਿ ਮੈਂ ਰਿਵਰ ਬੈਡਜ਼ ਵੈਲ ਵੀ ਲਗਾਊਂਗਾ। ਇਸ ਸਰਕਾਰ ਤੋਂ ਮੈਂ ਇਕ ਚੀਜ਼ ਦੀ ਜ਼ਰੂਰ ਤਵੱਕੋ ਕਰਦਾ ਹਾਂ ਅਤੇ ਮੰਤਰੀ ਜੀ ਨੂੰ ਇਸ ਗਲ ਦਾ ਵਿਸ਼ਵਾਸ਼ ਦਿਵਾਉਣਾ ਚਾਹੀਦਾ ਹੈ ਕਿ ਜਿਹੜੀ ਈਸਟਰਨ ਕੈਨਾਲ ਹੈ ਉਸ ਨੂੰ ਨਾਨ-ਪੇਰੀਨੀਅਲ ਚੈਨਲ ਤੋਂ ਪੇਰੀਨੀਅਲ ਕਰ ਦਿਤਾ ਜਾਏ ਗਾ। ਉਸ ਇਲਾਕੇ ਦੀ ਜ਼ਮੀਨ ਵਿਚ ਐਲਕਲਾਈਨ ਹੈ। ਜੋ ਉਥੇ ਬਰਸਾਤੀ ਨਹਿਰ ਚਲਦੀ ਹੈ ਉਹ ਛੇ ਮਹੀਨੇ ਚਲਦੀ ਹੈ। ਪੈਡੀ ਦੀ ਕਲਟੀਵੇਸ਼ਨ ਹੁੰਦੀ ਹੈ। ਜਿਹੜਾ ਹੇਠਾਂ ਪਾਣੀ ਹੈ ਉਸ ਨੂੰ ਬੂਸਟ ਅਪ ਕਰਕੇ ਲਾ ਦਿਓ। (ਵਿਘਨ) ਉਸ ਬੀਮਾਰੀ ਐਲਕਲਾਈਨ ਤੋਂ ਬਚਾਉਣ ਲਈ ਇਹ ਜੋ ਈਸਟਰਨ ਕੈਨਾਲ ਹੈ ਇਸ ਨੂੰ ਨਾਨ-ਪੇਰੀਨੀਅਲ ਤੋਂ ਪੇਰੀਨੀਅਲ ਬਣਾ ਦਿੱਤਾ ਜਾਏ। ਮੈਂ ਸਰਕਾਰ ਤੋਂ ਇਸ ਗਲ ਦੀ ਅਨਾਊਂਸਮੈਂਟ ਇਸੇ ਹਾਊਸ ਵਿਚ ਚਾਹੁੰਦਾ ਹਾਂ।

ਸਰਦਾਰ ਲਛਮਣ ਸਿੰਘ ਨੇ ਕਿਹਾ ਹੈ ਕਿ ਅਬੋਹਰ ਮੁਕਤਸਰ ਦਾ ਇਲਾਕਾ ਸੈਮੀ ਡੇਜ਼ਰਟ ਏਰੀਆ ਹੈ। ਜੇ ਉਥੇ ਪਾਣੀ ਲਗੇਗਾ ਤਾਂ ਡੇਜ਼ਰਟ ਕਮ ਡਾਊਨ ਹੋ ਜਾਏਗਾ। ਉਸ ਇਲਾਕੇ ਵਾਸਤੇ ਸਤਲੁਜ ਵਿਚ ਟਿਊਬਵੈਲ ਲਗਾ ਦੇਣੇ ਚਾਹੀਦੇ ਹਨ। ਸ਼ਰਕਾਰ ਨੂੰ, ਇਰੀਗੇਸ਼ਨ ਮੰਤਰੀ ਸਾਹਿਬ ਨੂੰ ਇਸ ਵਲ ਜ਼ਰੂਰ ਸੋਚਣਾ ਚਾਹੀਦਾ ਹੈ। ਉਸ ਏਰੀਆ ਦਾ ਵਾਟਰ ਅਲਾਊਂਸ ਵਧਾ ਦੇਣਾ ਚਾਹੀਦਾ ਹੈ ਅਤੇ ਇਸ ਨੂੰ ਹੋਰ ਪੰਜਾਬ ਦੇ ਹਿਸੇ ਨਾਲ ਨਾ ਟਰੀਟ ਕੀਤਾ ਜਾਵੇ। ਕਨੇਡੀਅਨ ਸਾਹਿਬ ਨੇ ਕਿਹਾ ਹੈ ਕਿ 52 ਪੈਸੇ ਪਰ ਯੂਨਿਟ ਦੇਣਾ ਪੈਂਦਾ ਹੈ। ਇਹ ਗੱਲ ਜਚਦੀ ਨਹੀਂ ਹੈ। ਲੋਕਾ ਨੂੰ ਪਾਣੀ ਮਿਲਣਾ ਚਾਹੀਦਾ ਹੈ (ਘੰਟੀ) ਥੈਂਕ ਯੂ।

ਰਾਜ ਮੰਤਰੀ ਬਿਜਲੀ ਤੇ ਸਿੰਜਾਈ (ਸਰਦਾਰ ਗੁਰਬਖਸ਼ ਸਿੰਘ ਸਿਬੀਆ) : ਇਹ ਜਿਹੜੀ ਅਮੈਂਡ-ਮੈਂਟ ਹਾਊਸ ਦੇ ਸਾਹਮਣੇ ਪੇਸ਼ ਹੈ. ਇਹਦੇ ਦੋ ਆਬਜੈਕਟਿਵਜ਼ ਹਨ। ਪਹਿਲਾਂ, ਜਿਹੜੇ ਵਾਟਰ ਸਨ ਉਹ ਸਨ 1878 ਦੇ ਬਿਲ ਦੇ ਮੁਤਾਬਿਕ ਉਗਰਾਹੇ ਜਾਂਦੇ ਸਨ। ਉਸ ਦੇ ਤਹਿਤ ਕੈਨਾਲ ਦੇ ਕੁਝ ਅਫਸਰਾਂ ਨੂੰ ਜਿਸ ਵਿਚ ਡੀਵੀਜਨ ਕੈਨਾਲ ਅਫਸਰ ਅਤੇ ਕੁਲੈਕਟਰਜ਼ ਵੀ ਸਨ ਇਹ ਪਾਵਰਜ਼ ਸਨ ਕਿ ਇਹ ਚਕਬੰਦੀ ਅਤੇ ਵਾਟਰ ਬੰਦੀ ਕਰ ਸਕਣ। ਲੇਕਨ 1951-52 1952-53 ਵਿਚ ਇਹ ਮਹਿਸੂਸ

ਕੀਤਾ ਗਿਆ ਕਿ ਪੰਜਾਬ ਵਿਚ ਪਾਣੀ ਦੀ ਕਮੀ ਹੈ ਅਤੇ ਇਸ ਨੂੰ ਦੂਰ ਕਰਨ ਵਾਸਤੇ ਪੈਪਸੂ ਏਰੀਆ ਅਤੇ ਪੰਜਾਬ ਦੇ ਕੁਝ ਏਰੀਆ ਵਿਚ ਟਿਊਬਵੈਲ ਲਗਾਏ ਗਏ। ਇਕ ਟਿਊਬਵੈਲ ਐਕਟ ਬਣਿਆ। ਇਸ ਦੇ ਵਿਚ ਖ਼ਾਮੀ ਜੋ ਮਹਿਸੂਸ ਕੀਤੀ ਗਈ ਕਿ ਉਸ ਐਕਟ ਵਿਚ ਕੁਝ ਅਫ਼ਸਰ ਜੋ ਕਿ ਟਿਊਬਵੈਲ ਵਿਚ ਕੰਮ ਕਰਦੇ ਸਨ ਉਨ੍ਹਾਂ ਨੂੰ ਵੀ ਉਹ ਪਾਵਰਜ਼ ਹੋਣੀਆਂ ਚਾਹੀਦੀਆਂ ਹਨ ਜਿਹੜੀਆਂ ਕਿ ਕੈਨਾਲ ਦੇ ਅਫ਼ਸਰਾਂ ਨੂੰ ਪਾਵਰਜ਼ ਹਨ। ਇਕ ਫੇਰ ਅਮੈਂਡਮੈਂਟ ਕੀਤੀ ਗਈ । ਉਸ ਅਮੈਂਡਮੈਂਟ ਰਾਹੀਂ ਚੱਕ-ਬੰਦੀ ਸਿਸਟਮ ਨੂੰ, ਵਾਰਾ ਬੰਦੀ ਸਿਸਟਮ ਨੂੰ,ਵਾਟਰ ਕੋਰਸਜ਼ ਸਿਸਟਮ ਨੂੰ ਸੋਧਣ ਲਈ ਐਕਟ ਵਿਚ ਅਮੈਂਡਮੈਂਟ 1954 ਵਿਚ ਹੋਈ। ਉਸ ਦੇ ਬਾਅਦ 1970 ਵਿਚ ਇਹ ਮਹਿਸੂਸ ਕੀਤਾ ਗਿਆ ਕਿ ਪੰਜਾਬ ਦੀ ਜਿਹੜੀ ਇੰਟੈਂਸਿਟੀ ਆਫ਼ ਇਰੀਗੇਸ਼ਨ ਹੈ ਉਹ ਬਹੁਤ ਘਟ ਹੈ। ਸਾਰੇ ਰਿਸੋਰਸਿਜ਼ ਇਕੱਠੇ ਕਰਕੇ 51% 52% (ਵਿਘਨ) ਉਸ ਵਾਸਤੇ ਜ਼ਰੂਰਤ ਮਹਿਸੂਸ ਕੀਤੀ ਗਈ ਕਿ ਟਿਊਬਵੈਲ ਕਾਰਪੋਰੇਸ਼ਨ ਸੈਟਅਪ ਕੀਤੀ ਜਾਂਵੇ ਪਾਣੀ ਨੂੰ ਜ਼ਿਆਦਾ ਵਧਾਉਣ ਵਾਸਤੇ ਜਿਸ ਤਰ੍ਹਾਂ ਕਿ ਕੁਝ ਮੈਂਬਰਾਂ ਨੇ ਦਸਿਆ ਹੈ ਸਰਹੰਦ ਕੈਨਾਲ ਨਾਲ ਟਿਊਬਵੈਲ ਲਗਾਕੇ ਵਾਟਰ ਅਲਾਉਂਸ ਜ਼ਿਆਦਾ ਕਰਕੇ ਅਗੋਂ ਤਰੱਕੀ ਹੋ ਸਕਦੀ ਹੈ। ਇਟੈਂਸਿਟੀ ਆਫ਼ ਇਰੀਗੇਸ਼ਨ ਜ਼ਿਆਦਾ ਕੀਤੀ ਜਾ ਸਕਦੀ ਹੈ ਇਸ ਤਰ੍ਹਾਂ ਕਰਕੇ ਇਹ ਕਾਰਪੋਰੇਸ਼ਨ ਦੇ ਅਫ਼ਸਰਾਂ ਨੂੰ ਵੀ ਹੋਰ ਪਾਵਰਜ਼ ਦਿਤੀਆਂ ਜਾਣ ਜਿਹੜੀਆਂ ਕੈਨਾਲ ਅਫ਼ਸਰਾਂ ਨੂੰ ਸੀ ਤਾਂ ਕਿ ਵਾਰਾਬੰਦੀ ਚੱਕ ਬੰਦੀ ਵਾਟਰ ਕੋਰਸਿਜ਼ ਸਿਸਟਮ ਨੂੰ ਠੀਕ ਕੀਤਾ ਜਾ ਸਕੇ। ਇਹਦੇ ਰਾਹੀਂ ਮੰਗ ਕੀਤੀ ਗਈ ਹੈ ਕਿ ਜਿਹੜਾ ਲੈਕੂਨਾ ਰਹਿ ਗਿਆ ਸੀ ਹਾਈ ਕੋਰਟ ਵਿਚ 1954 ਵਿਚ ਰਿਟ ਪੈਟੀਸ਼ਨ ਰਾਹੀਂ ਇਹ ਕਿਹਾ ਸੀ ਕਿ ਆਇਆ ਟਿਊਬਵੈਲ ਸਿਸਟਮ ਨੂੰ ਕਾਰਪੋਰੇਸ਼ਨ ਦਾ ਜਾਂ ਕੈਨਾਲ ਦਾ ਸਮਝਿਆ ਜਾਵੇ। ਆਇਆ ਵਾਟਰ ਰੇਟ ਉਹ ਹੋਣੇ ਚਾਹੀਦੇ ਹਨ ਜੋ ਕੈਨਾਲ ਦੇ ਹਨ ਕਾਰਪੋਰੇਸ਼ਨ ਦੇ ਹਨ। ਇਹ ਮਹਿਸੂਸ ਕੀਤਾ ਗਿਆ ਕਿ ਇਸ ਦੀ ਅਮੈਂਡਮੈਂਟ ਕੀਤੀ ਜਾਏ ਔਰ ਉਹ ਪਾਵਰਜ਼ ਜਿਹੜੀਆਂ ਕੈਨਾਲ ਅਫਸਰਾਂ ਨੂੰ ਹਨ ਕਾਰਪੋਰੇਸ਼ਨ ਦੇ ਅਫ਼ਸਰਾਂ ਨੂੰ ਦਿਤੀਆਂ ਜਾਣ (ਵਿਘਨ) ਇਹਦੇ ਨਾਲ ਪੰਜਾਬ ਵਿਚ ਜ਼ਿਆਦਾ ਆਬਪਾਸ਼ੀ ਹੋਏਗੀ। ਵਾਟਰ ਰਿਸੋਰਸ਼ਿਜ਼ ਨੂੰ ਜ਼ਿਆਦਾ ਆਗਮੈਂਟ ਕਰਨ ਵਾਸਤੇ ਕਾਰਪੋਰੇਸ਼ਨ ਨੇ 300 ਟਿਊਬਵੈਲ ਲਗਾਏ ਹਨ। ਕੈਨੇਡੀਅਨ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਪਬਲਿਕ ਅੰਡਰਟੇਕਿੰਗ ਕਮੇਟੀ ਦੀ ਰਿਪੋਰਟ ਵਿਚ ਚੇਅਰਮੈਨ ਡਾਂਗ ਸਾਹਿਬ ਦੀ ਆਬਜ਼ਰਵੇਸ਼ਨ ਹੈ।

> The Committee was further informed that it was necessary to amend the Northern India Canal and Drainage Act to enable the Corporation to have powers to fix water rates and Warabandi.

ਸੋ ਇਨ੍ਹਾਂ ਚੀਜਾਂ ਨੂੰ ਮੁਖ ਰਖਦੇ ਹੋਏ ਇਹ ਦੋ ਪਹਿਲੂਆਂ ਨੂੰ ਇਕ ਤਾਂ ਅਫ਼ਸਰਾਂ ਨੂੰ ਪਾਵਰਜ਼ ਦਿਤੀਆਂ ਜਾਣ ਦੂਸਰੇ ਜਿਨੇ ਵੀ ਕਾਰਪੋਰੇਸ਼ਨ ਦੇ ਟਊਬਵੈਲਜ਼ ਇਲੈਕਟ੍ਰੋਸਿਟੀ ਨਾਲ ਚਲ ਰਹੇ ਹਨ ਉਹ ਇਲੈਕਟਰੀਸਿਟੀ ਦੇ ਰੇਟਸ ਦੂਸਰੇ ਕੁਨੈਕਸ਼ਨ ਕੈਨਾਲ ਰੇਟਸ ਮੁਤਾਬਕ ਬਣਾਏ ਜਾਣ ਜਾਂ ਯੂਨਿਟ ਸਿਸਟਮ ਨਾਲ ਕੀਤਾ ਜਾਏ। ਇਹ ਦੋਵੇਂ ਚੀਜ਼ਾਂ ਇਸ ਅਮੈਂਡਮੈਂਟ ਦੀਆਂ ਹਨ ਅਤੇ ਇਸ ਨੂੰ ਮੱਦੇ ਨਜ਼ਰ ਰਖਦੇ ਹੋਏ ਇਹ ਅਮੈਂਡਮੈਂਟ ਲਿਆਂਦੀ ਗਈ ਹੈ।

ਜੋ ਕਨੇਡੀਅਨ ਸਾਹਿਬ ਨੇ ਕਿਹਾ ਹੈ ਕਿ 52 ਪੈਸੇ ਨੀਚੇ ਪਾਣੀ ਲਈ ਜੋ ਚਾਰਜ ਕੀਤਾ ਜਾਣਾ ਹੈ. ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਇਸ ਨੂੰ ਦੁਬਾਰਾ ਸਰਵੇ ਕਰਨ ਦੀ ਕੋਸ਼ਿਸ਼ ਕਰਾਂਗੇ। ਅਗਰ ਵਾਜਬ ਗੱਲ ਹੋਏਗੀ ਤਾਂ ਗੌਰ ਕੀਤਾ ਜਾਏਗਾ। ਇਸ ਤੋਂ ਇਲਾਵਾ ਜਿਹੜਾ ਮੇਨ ਕੰਮ ਟੀਊਬਵੈਲਾਂ ਦਾ ਹੈ ਇਸ ਨੂੰ ਹੁਣ ਆਪਣੇ ਹੱਥ ਵਿਚ ਲੈਣ ਲਗੇ ਹਾਂ।

ਮੈਂ ਇਹ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਇਸ ਟਿਊਬਵੈਲ ਕਾਰਪੋਰੇਸ਼ਨ ਨੇ ਫ਼ੈਸਲਾ ਕੀਤਾ ਹੈ ਕਿ ਜ਼ਿਮੀਂਦਾਰਾਂ ਦੇ ਜਿਹੜੇ 3-4 ਸੌ ਮੀਲ ਮੁਰੱਬਾ ਦੇ ਖਾਲੇ ਹਨ, ਉਹ 5 ਸਾਲਾਂ ਵਿਚ ਅਸੀਂ ਪੱਕੇ ਕਰਾਂਗੇ

[ਰਾਜ ਮੰਤਰੀ ਬਿਜਲੀ ਤੇ ਸਪਲਾਈ]

ਅਤੇ ਇਹ ਕੰਮ 13 ਅਪ੍ਰੈਲ ਚੋਂ ਵਿਸਾਖੀ ਵਾਲੇ ਦਿਨ ਬਠਿੰਡਾ ਜ਼ਿਲ੍ਹੇ ਤੋਂ ਸ਼ੁਰੂ ਕਰਾਂਗੇ। (ਤਾੜੀਆਂ) ਇਸ ਤੋਂ ਇਲਾਵਾ ਕੁਝ ਗੱਲਾਂ ਸਰਦਾਰ ਸੁਰਜੀਤ ਸਿੰਘ ਨੇ ਕਹੀਆਂ। ਉਨ੍ਹਾਂ ਨੇ ਕਿਹਾ ਕਿ ਪਾਣੀ ਬਠਿੰਡਾ, ਸੰਗਰੂਰ ਅਤੇ ਫ਼ਰੀਦਕੋਟ ਵਿਚ ਨਹੀਂ ਹੈ। ਅਸੀਂ ਇਸ ਗੱਲ ਦਾ ਫ਼ੈਸਲਾ ਕੀਤਾ ਹੈ ਕਿ ਇਹ ਜਿਹੜੀ ਜਾਖਲ ਲਾਈਨ ਹੈ, ਇਸ ਦੇ ਉਰਲੇ ਪਾਸੇ ਜਿਹੜਾ ਉਹ ਪਾਣੀ ਹੈ ਉਹ ਪਹਿਲਾਂ 2.05 ਸੀ ਉਸ ਨੂੰ 3.05 ਕਰ ਦਿੱਤਾ ਹੈ ਤਾਂਕਿ ਇਹ ਜਿਹੜੀ ਪਾਣੀ ਦੀ ਕਮੀ ਹੈ, ਇਸ ਨੂੰ ਦੂਰ ਕੀਤਾ ਜਾਵੇ। (ਤਾੜੀਆਂ) ਇਹ ਪਾਣੀ ਦੀ ਮਿਕਦਾਰ ਟਿਊਬਵੈੱਲ ਨਾਲ ਪੂਰੀ ਕਰਾਂਗੇ। ਇਸ ਵਾਸਤੇ ਇਹ ਅਮੈਂਡਮੈਂਟ ਲਿਆਂਦੀ ਹੈ ਅਤੇ ਮੈਂ ਕਹਾਂਗਾ ਕਿ ਇਸ ਨੂੰ ਪਾਸ ਕੀਤਾ ਜਾਵੇ ਤਾਂ ਕਿ ਅਸੀਂ ਪੰਜਾਬ ਦੇ ਲੋਕਾਂ ਦੀ ਭਲਾਈ ਕਰ ਸਕੀਏ।

Mr. Deputy Speaker : Question is —

That the Punjab State Tubewell (Amendment) Bill be taken into consideration at once.

The motion was carried

Mr. Deputy Speaker : Now the House will proceed to consider the Bill Clause by Clause.

CLAUSE 2

Mr. Deputy Speaker : Question is—

That Clause 2 stand part of the Bill.

The motion was carried

CLAUSE 3

Mr. Deputy Speaker : Question is—

That Clause 3 stand part of the Bill.

The motion was carried

CLAUSE 4

Mr. Deputy Speaker : Question is—

That Clause 4 stand part of the Bill.

The motion was carried

CLAUSE 5

Mr. Deputy Speaker : Question is—

That Clause 5 stand part of the Bill.

The motion was carried

CLAUSE 1

Mr. Deputy Speaker : Question is—

That Clause 1 stand part of the Bill.

The motion was carried

Title

Mr. Deputy Speaker : Question is—

That title be the title of the Bill.

The motion was carried

Minister of State for Irrigation and Power (Sardar Gurbakhsh Singh Sibia) :

Sir, I moved—

That the Punjab State Tubewell (Amendment) Bill be passed.

Mr. Deputy Speaker : Motion moved—

That the Punjab State Tubewell (Amendment) Bill be passed.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ): ਡਿਪਟੀ ਸਪੀਕਰ ਸਾਹਿਬ, ਮੈਂ ਦੋ ਤਿੰਨ ਨੁਕਤੇ ਰੱਖਣੇ ਹਨ। ਇਕ ਤਾਂ ਇਹ ਹੈ ਕਿ ਜਦ ਟਿਊਬਵੈਲ ਕਾਰਪੋਰੇਸ਼ਨ ਬਣੀ ਹੈ ਇਸ ਦਾ ਬਹੁਤਾ ਲਾਭ ਰੋਪੜ ਹੁਸਿਆਰ-ਪੁਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਨੂੰ ਨਹੀਂ ਹੋਇਆ। ਅਸੀਂ ਇਸ ਦੇ ਇਸ ਐਕਟ ਨੂੰ ਪਾਜ਼ੇਟਿਵ ਨਹੀਂ ਕਹਿੰਦੇ ਅਤੇ ਨਾ ਹੀ ਸਪੋਰਟ ਕਰਦੇ ਹਾਂ। ਮੈਂ ਮਨਿਸਟਰ ਸਾਹਿਬ ਦੇ ਧਿਆਨ ਵਿਚ ਇਹ ਜਿਹੜਾ 52 ਪੈਸੇ ਪ੍ਰਤੀ ਯੂਨਿਟ ਦਾ ਕੀਤਾ ਹੈ ਇਸ ਬਾਰੇ ਲਿਆਉਣਾ ਚਾਹੁੰਦਾ ਹਾਂ। ਮੈਂ ਆਪਣੇ ਹਲਕੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਇਸ ਕਾਰਪੋਰੇਸ਼ਨ ਨੇ 52 ਟਿਊਬਵੈਲ ਲਾਏ ਹਨ। ਇਹ ਮੇਰੇ ਹਲਕੇ ਵਿਚ ਅਤੇ ਨਾਲ ਦੇ ਹਲਕਿਆਂ ਵਿਚ ਇਤਨੇ ਟਿਊਬਵੈਲ ਲੱਗਣੇ ਹਨ। ਜਦ ਇਕ ਪਿੰਡ ਵਿਚ 52 ਪੈਸੇ ਦਾ ਨੋਟਿਸ ਗਿਆ ਤਾਂ ਸਾਰੇ ਜੱਟ ਪਰੇਸ਼ਾਨ ਹੋ ਗਏ ਉਨ੍ਹਾਂ ਨੇ ਕਿਹਾ ਕਿ ਇਸ ਹਿਸਾਬ ਨਾਲ ਅਸੀਂ ਪਾਣੀ ਨਹੀਂ ਲੈ ਸਕਦੇ। ਮੈਂ ਇਨ੍ਹਾਂ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਇਸ ਵਿਚ ਡਰਾਸਟਿਕ ਕੱਟ ਕਰਨ ਦੀ ਲੋੜ ਹੈ। ਇਹ ਚੀਜ਼ ਹੁਣ ਤਾਂ ਹੋ ਸਕਦੀ ਹੈ। ਟਿਊਬਵੈਲ ਕਾਰਪਰੇਸ਼ਨ ਦੀ ਜਿਹੜੀ ਫੰਕਸ਼ਨਿੰਗ ਹੈ ਇਸ ਦੇ ਵਿਚ ਬੜਾ ਫਲਾ ਹੈ। ਇਸ ਦੇ ਵਿਚ ਬੜੀ ਹੇਰਾਫੇਰੀ ਦੇਖੀ ਗਈ ਹੈ। ਮੇਰੇ ਹਲਕੇ ਵਿਚ ਜਿਸ ਤਰ੍ਹਾਂ ਮੈਂ ਦੱਸ ਰਿਹਾ ਸੀ ਕਿ 52 ਟਿਊਬਵੈਲ ਲਾਉਣੇ ਹਨ। ਛੇ ਬੋਰ ਕਾਮਯਾਬ ਨਹੀਂ ਹੋਏ। ਛੇ ਸੱਤ ਫੁੱਟ ਤੇ ਰੇਤਾ ਆ ਗਈ। ਪਰ ਬਾਵਜੂਦ ਇਸ ਗੱਲ ਦੇ ਕਿ ਉਹ ਕਾਮਯਾਬ ਨਹੀਂ ਹੋਏ ਟਿਊਬਵੈਲ ਲਗਾ ਦਿੱਤੇ। ਫਿਰ ਬਿਜਲੀ ਬੋਰਡ ਨੂੰ ਕਿਹਾ ਕਿ ਬਿਜਲੀ ਦੇ ਕੁਨੈਕਸ਼ਨ ਲਾ ਲਓ। ਉਨ੍ਹਾਂ ਨੇ ਇਨਸਟਾਲ ਵੀ ਕਰ ਦਿੱਤੀ। ਹੁਣ ਮਹਿਕਮੇ ਨੇ (ਟਿਊਬਵੈਲ ਕਾਰਪੋਰੇਸ਼ਨ) ਬਿਜਲੀ ਬੋਰਡ ਨੂੰ ਲਿਖ ਦਿੱਤਾ ਹੈ ਕਿ ਬਿਜਲੀ ਪੱਟ ਲਵੋ। ਪਹਿਲਾਂ ਮੈਟਲਿੰਗ ਚਾਰਜਿਜ਼ ਲੱਗੇ ਅਤੇ ਫਿਰ ਡਿਸਮੈਟਲਿੰਗ ਚਾਰਜਿਜ਼। ਇਸ ਤਰ੍ਹਾਂ 2 ਲੱਖ ਰੁਪਿਆਂ ਹੋਰ ਪੈ ਜਾਵੇਗਾ। ਇਸ ਲਈ, ਮੈਂ ਕਹਿੰਦਾ ਹਾਂ ਕਿ ਇਸ ਗੱਲ ਦੀ ਇਨਕੁਆਰੀ ਹੋਣੀ ਚਾਹੀਦੀ ਹੈ। ਪਤਾ ਲੱਗਾ ਹੈ ਕਿ ਠੇਕੇਦਾਰ ਨੂੰ ਉਨ੍ਹਾਂ 6 ਟਿਊਬਵੈਲਾਂ ਦੀ ਪੇਮੈਂਟ ਵੀ ਕਰ ਦਿੱਤੀ ਹੈ ਜਿਹੜੇ ਕਿ ਬੋਰ ਵਿਚ ਕਾਮਯਾਬ ਨਹੀਂ ਹੋਏ। ਬਿਜਲੀ ਦੇ ਕੁਨੈਕਸ਼ਨ ਵੀ ਲਗਾ ਦਿੱਤੇ ਗਏ, ਪਰ ਉਹ ਚਲਾਏ ਨਹੀਂ। ਇਸ ਤਰ੍ਹਾਂ ਪਹਿਲਾਂ ਮੈਟਲਿੰਗ ਚਾਰਜਿਜ਼ ਲੱਗੇ ਅਤੇ ਫਿਰ ਡਿਸਮੈਟਲਿੰਗ ਚਾਰਜਿਜ਼। ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਗੱਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਟਿਊਬਵੈਲ ਕਾਰਪੋਰੇਸ਼ਨ ਦੇ ਰੇਟ ਘਟਾਏ ਜਾ ਸਕਦੇ ਹਨ, ਉਹ ਘਟਾਏ ਜਾਣ। ਇਥੇ ਸਰਦਾਰ ਲਛਮਣ ਸਿੰਘ ਨੇ ਕਿਹਾ ਹੈ ਕਿ ਪਾਣੀ ਦੇ ਦਿਓ ਅਤੇ ਪੈਸੇ ਜਿੰਨੇ ਮਰਜ਼ੀ ਹੀ ਲੈ ਲਵੋ। ਮੈਂ ਕਹਿੰਦਾ ਹਾਂ ਕਿ ਉਸ ਦੇ ਕੋਲ ਸ਼ਾਇਦ 200 ਏਕੜ ਜ਼ਮੀਨ ਹੋਵੇ ਉਹ ਤਾਂ ਦੇ ਸਕਦਾ ਹੈ ਪਰ ਜਿਸ ਦੇ ਕੋਲ 2-4 ਜਾਂ 10 ਕਿਲੇ ਹਨ ਉਹ ਐਨੇ ਪੈਸੇ ਨਹੀਂ ਦੇ ਸਕਦੇ। ਉਹ ਤਾਂ ਕਹਿੰਦੇ ਹਨ ਕਿ ਅਸੀਂ ਮੁਨਾਸਿਬ ਕੀਮਤ ਦੇ ਸਕਦੇ ਹਾਂ। ਇਸ ਕਰਕੇ ਵੀ ਦੁੱਖ ਹੁੰਦਾ ਹੈ ਕਿ ਜਿਥੇ ਸਰਕਾਰੀ ਟਿਊਬਵੈਲ ਹੈ ਉਹ ਤਾਂ 17 ਪੈਸੇ ਚਾਰਜ ਕਰਦੇ ਹਨ ਪਰ ਟਿਊਬਵੈਲ ਕਾਰਪੋਰੇਸਨ ਵਾਲੇ 52 ਪੈਸੇ ਚਾਰਜ ਕਰਦੇ ਹਨ। ਮੈ ਪੁੱਛਣਾ ਚਾਹੁੰਦਾ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]
ਹਾਂ ਕਿ ਇਸ ਦੀ ਕੀ ਵਜ੍ਹਾ ਹੈ? ਐਨਾ ਵੱਡਾ ਫਰਕ। 17 ਪੈਸੇ ਦੀ ਥਾਂ ਤੇ 20-22 ਪੈਸੇ ਹੋ ਸਕਦੇ ਹਨ ਪਰ ਇਹ ਜਿਹੜਾ 17 ਪੈਸੇ ਅਤੇ 52 ਪੈਸੇ ਦਾ ਐਨਾ ਵੱਡਾ ਅੰਤਰ ਹੈ, ਇਹ ਬਹੁਤ ਵੱਡਾ ਅੰਤਰ ਹੈ ਜੋ ਕਿ ਠੀਕ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਇਸ ਨੂੰ ਇਕੋ ਏਜੰਸੀ ਵਿਚ ਲਿਆਵੋ। ਭਾਵੇਂ ਪਬਲਿਕ ਹੈਲਥ ਦੇ ਟਿਊਬਵੈਲ ਹੋਣ, ਭਾਵੇਂ ਗੌਰਮਿੰਟ ਦੇ ਹੋਣ ਅਤੇ ਭਾਵੇਂ ਕਾਰਪੋਰੇਸ਼ਨ ਦੇ ਟਿਊਬਵੈਲ, ਸਾਰਿਆ ਨੂੰ ਇਕ ਏਜੰਸੀ ਵਿਚ ਲਿਆਓ। ਤਿੰਨ ਚਾਰ ਏਜੰਸੀਆਂ ਨਹੀਂ ਹੋਣੀਆਂ ਚਾਹੀਦੀਆਂ। ਇਸ ਦਾ ਸਟਾਫ ਟਾਪ ਹੈਵੀ ਕਰਨ ਦੀ ਲੋੜ ਨਹੀਂ ਹੈ। ਇਹ ਨਹੀਂ ਹੋਣਾ ਚਾਹੀਦਾ ਕਿ 10 ਟਿਊਬਵੈਲਾਂ ਪਿਛੇ ਹੀ 20 ਓਵਰਸੀਅਰ ਹੋਣ, 3 ਐਸ. ਡੀ,. ਓ. ਹੋਣ। ਇਤਨੇ ਐਸ. ਈਜ਼ ਅਤੇ ਐਨੇ ਐਕਸੀਅਨਜ਼ ਦੀ ਲੋੜ ਨਹੀਂ ਹੈ। ਐਨਿਆਂ ਦੀ ਲੋੜ ਤਾਂ 5 ਸਾਲਾਂ ਨੂੰ ਹੋਵੇਗੀ। ਪਰ ਇਹ ਕਰਦੇ ਇਸ ਤਰ੍ਹਾਂ ਹਨ ਕਿ ਜਿਥੇ ਦੋ ਦੀ ਲੋੜ ਹੁੰਦੀ ਹੈ ਉਥੇ 5 ਲਗਾ ਦਿੰਦੇ ਹਨ। ਇਸ ਤਰ੍ਹਾਂ ਕਰਨ ਨਾਲ ਚਾਰਜਿਜ਼ ਵੱਧ ਜਾਂਦੇ ਹਨ। ਇਸ ਲਈ, ਮੈਂ ਜੋ ਕਿਹਾ ਹੈ ਟਿਊਬਵੈਲ ਕਾਰਪੋਰੇਸ਼ਨ ਵਿਚ ਇਨਕੁਆਇਰੀ ਹੋਣੀ ਚਾਹੀਦੀ ਹੈ। ਇਹ ਕੰਮ ਸਟਰੀਮਲਾਈਨ ਹੋਣਾ ਚਾਹੀਦਾ ਹੈ। ਇਹ ਜਿਹੜੀਆਂ ਗੱਲਾਂ ਮੈਂ ਦੱਸੀਆਂ ਹਨ ਇਨ੍ਹਾਂ ਵੱਲ ਦੇਖਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਪੇਮੈਂਟ ਹੋਈ। ਇਕ ਟੈਂਡੈਂਸੀ ਟਿਊਬਵੈਲ ਕਾਰਪੋਰੇਸ਼ਨ ਦੀ ਇਹ ਹੈ ਕਿ ਨੰਗਲ ਵੱਲ ਨੂੰ ਜਾਂਦਿਆਂ ਜਿਹੜਾ ਸੱਜਾ ਪਾਸਾ ਹੈ, ਇਹ ਸਬਮਾਊਂਟੇਨਸ ਏਰੀਆ ਹੈ, ਉਹ ਕੰਢੀ ਦਾ ਏਰੀਆ ਹੈ ਅਤੇ ਜਿਹੜਾ ਖੱਬੇ ਪਾਸੇ ਦਾ ਏਰੀਆ ਹੈ ਉਹ ਬਰਾਬਰ ਦਾ ਏਰੀਆ ਹੈ। ਇਹ ਜਿਹੜਾ ਸਬਮਾਊਨ-ਟੇਨਸ ਅਤੇ ਕੰਢੀ ਦਾ ਏਰੀਆ ਹੈ ਉਥੇ ਦਰਅਸਲ ਡੀਪ ਟਿਊਬਵੈਲ ਲੱਗਣਗੇ। ਉਥੇ ਕੋਈ 7-8 ਫੁੱਟ ਉਤੇ ਪਾਣੀ ਨਹੀਂ ਹੈ। ਇਸ ਕਰਕੇ ਗਰੀਬ ਜ਼ਿਮੀਂਦਾਰ ਆਪਣੇ ਟਿਊਬਵੈਲ ਨਹੀਂ ਲਾ ਸਕਦੇ। ਪਰ ਹੁਣ ਇਨ੍ਹਾਂ ਦੀ ਟੇਡੈਂਸੀ ਕੀ ਹੈ ਕਿ ਸੜਕ ਦੇ ਨਾਲ ਨਾਲ ਟਿਊਬਵੈਲ ਲਾਏ ਜਾਣ ਜਿਸ ਤਰ੍ਹਾਂ ਕਿ ਸ਼ਿੰਗਾਰ ਕਰਨਾ ਹੁੰਦਾ ਹੈ ਤਾਂ ਕਿ ਆਉਂਦੇ ਜਾਂਦੇ ਨੂੰ ਪਤਾ ਲੱਗੇ ਕਿ ਜ਼ਿਮੀਦਾਰਾਂ ਵਾਸਤੇ ਕੁਝ ਕਰ ਰਹੇ ਹਨ। ਪਿੰਡਾਂ ਦੇ ਲੋਕ ਜਿਥੇ ਕਿ ਅਜਿਹੇ ਏਰੀਆਜ਼ ਹਨ ਅਤੇ ਜਿਥੇ ਪਾਣੀ ਨਹੀਂ ਹੈ, ਉਹ ਕਿਸਾਨ ਟਿਊਬਵੈਲ ਨਹੀਂ ਲਾ ਸਕਦੇ ਉਨ੍ਹਾਂ ਨੇ ਦਰਖਾਸਤਾਂ ਵੀ ਦਿੱਤੀਆਂ ਹਨ। ਕਾਰਪੋਰੇਸ਼ਨ ਵਾਲੇ ਕਹਿੰਦੇ ਹਨ ਕਿ ਅਸੀਂ ਸਬਮਾਊਂਨਟੇਨਸ ਏਰੀਆ ਵਿਚ ਨਹੀਂ ਲਾਉਂਦੇ। ਇਸ ਲਈ ਮੈਂ ਕਹਿੰਦਾ ਹਾਂ ਕਿ ਇਕ ਪਾਲਿਸੀ ਤਹਿ ਕੀਤੀ ਜਾਵੇ ਅਤੇ ਪਹਿਲਾਂ ਸਬਮਾਊਨਟੇਨਸ ਏਰੀਆ ਵਿਚ ਜਿਥੇ ਕਿ ਜ਼ਿਮੀਦਾਰ ਟਿਊਬਵੈਲ ਨਹੀਂ ਲਾ ਸਕਦੇ, ਇਕ ਪਾਲਿਸੀ ਬਣਾ ਕੇ ਉਨ੍ਹਾਂ ਇਲਾਕਿਆਂ ਵਿਚ ਪਹਿਲਾਂ ਟਿਊਬਵੈਲ ਲਾਏ ਜਾਣ ਅਤੇ ਜਿਹੜੇ ਪੱਧਰੇ ਇਲਾਕੇ ਹਨ ਉਨ੍ਹਾਂ ਵਿਚ ਬਾਅਦ ਲਾਏ ਜਾਣ। ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਰੋਪੜ ਦੇ ਇਲਾਕੇ ਜਿਹੜੇ ਕਿ ਪਛੜੇ ਹੋਏ ਹਨ ਅਤੇ ਕੰਢੀ ਦੇ ਇਲਾਕੇ ਹਨ ਅਤੇ ਸਬਮਾਊਂਟੇਨਸ ਏਰੀਆਜ਼ ਹਨ ਇਨ੍ਹਾਂ ਨੂੰ ਟਿਊਬਵੈਲ ਲਾਉਣ ਵਿਚ ਪਹਿਲਾਂ ਪਰੈਫਰੈਂਸ ਦਿੱਤੀ ਜਾਵੇ। ਇਹ ਕਹਿੰਦਾ ਹੋਇਆ ਮੈਂ ਇਹ ਜਿਹੜਾ ਅਮੈਂਡਿੰਗ ਬਿੱਲ ਹੈ ਇਸ ਦੀ ਵਿਰੋਧਤਾ 52 ਪੈਸੇ ਦੇ ਪੱਖ ਤੋਂ ਕਰ ਰਿਹਾ ਹਾਂ।

Mr. Deputy Speaker: Question is—

That the Punjab State Tubewell (Amendment) Bill be passed.

The motion was carried

THE PUNJAB MOTOR SPIRIT (TAXATION OF SALES) AMENDMENT BILL, 1974.

Revenue and Election Minister (Sardar Umrao Singh) :Sir, I beg to introduce the Punjab Motor Spirit (Taxation of Sales) Amendment Bill, 1974.

I also move—

That the Punjab Motor Spirit (Taxation of Sales) Amendment Bill, 1974 be taken in to consideration atonce.

ਡਿਪਟੀ ਸਪੀਕਰ ਸਾਹਿਬ, ਇਸ ਬਿੱਲ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਬਿਲ ਵਿਚ ਯਤਨ ਕੀਤਾ ਗਿਆ ਹੈ ਕਿ ਸੇਲਜ਼ ਟੈਕਸ ਦਾ ਜਿਹੜਾ ਢਾਂਚਾ ਹੈ ਉਸ ਨੂੰ ਇੰਪਰੂਵ ਕੀਤਾ ਜਾਵੇ। ਕਿਉਂਕਿ

ਕਾਫੀ ਵਾਰ ਇਸ ਹਾਊਸ ਵਿਚ ਇਹ ਕਿਹਾ ਗਿਆ ਕਿ ਸੇਲਜ਼ ਟੈਕਸ ਦੀ ਇਵੇਜ਼ਨ ਬਹੁਤ ਹੁੰਦੀ ਹੈ ਅਤੇ ਜਿਸ ਦੇ ਨਾਲ ਸਰਕਾਰ ਦੇ ਖਜ਼ਾਨੇ ਵਿਚ ਕਾਫੀ ਨੁਕਸਾਨ ਹੁੰਦਾ ਹੈ। ਇਸ ਨਾਲ ਯਤਨ ਕੀਤਾ ਗਿਆ ਹੈ ਕਿ ਸੇਲਜ਼ ਟੈਕਸ ਦੀ ਜਿਹੜੀ ਇਵੇਜ਼ਨ ਹੈ ਉਸ ਨੂੰ ਰੋਕਿਆ ਜਾਵੇ। ਇਸ ਦੇ ਨਾਲ ਹੀ ਇਸ ਗੱਲ ਦੀ ਵੀ ਬੜਾ ਚਰਚਾ ਹੈ ਕਿ ਕਈ ਦਫਾ ਵਿਉਪਾਰੀਆਂ ਦੀ ਹੈਰਾਸਮੈਂਟ ਹੁੰਦੀ ਹੈ। ਇਸ ਲਈ, ਹੁਣ ਯਤਨ ਕੀਤਾ ਗਿਆ ਹੈ ਕਿ ਜਿਹੜੇ ਵਿਉਪਾਰੀ ਇਮਾਨਦਾਰੀ ਨਾਲ ਆਪਣਾ ਕੰਮ ਕਰਦੇ ਹਨ ਜਾਂ ਐਸੇ ਤਰੀਕੇ ਨਾਲ ਜਿਨ੍ਹਾਂ ਦਾ ਟੈਕਸ ਦੇਣਾ ਨਹੀਂ ਬਣਦਾ ਉਨ੍ਹਾਂ ਦੀ ਕੋਈ ਕਿਸੇ ਕਿਸਮ ਦੀ ਤਲਾਸ਼ੀ ਲਈ ਜਾਵੇ।

ਉਨ੍ਹਾਂ ਦਾ ਨੁਕਸਾਨ ਕੀਤਾ ਜਾਵੇ ਉਸ ਨੂੰ ਦੇਖਣ ਵਾਸਤੇ ਹੈ। ਇਸ ਲਈ ਇਸ ਬਿਲ ਦੇ ਵਿਚ ਕੁਝ ਸੋਧਾਂ ਕੀਤੀਆਂ ਗਈਆਂ ਹਨ। ਜਿਹੜੀ ਪਹਿਲੀ ਅਮੈਂਡਮੈਂਟ ਹੈ ਸੈਕਸ਼ਨ 5 ਦੀ ਉਸ ਦੇ ਵਿਚ ਇਸ ਗਲ ਦਾ ਫੈਸਲਾ ਕੀਤਾ ਗਿਆ ਹੈ ਕਿ ਕੁਝ ਮਦਾਂ ਜੋ ਹਨ ਉਨ੍ਹਾਂ ਤੇ ਫਸਟ ਸਟੇਜ ਤੇ ਟੈਕਸ ਲਗਾਇਆ ਜਾਵੇ। ਫਸਟ ਸਟੇਜ ਤੇ ਟੈਕਸ ਇਸ ਕਰਕੇ ਲਗਾਇਆ ਜਾਣਾ ਜ਼ਰੂਰੀ ਹੈ ਕਿਉਂਕਿ ਇਸ ਦੇ ਲਈ ਇਕ ਕਮੇਟੀ ਬਣੀ ਸੀ ਅਤੇ ਉਸ ਕਮੇਟੀ ਦੀ ਇਹ ਸਿਫਾਰਸ਼ ਸੀ ਔਰ ਉਸ ਸਿਫਾਰਸ਼ ਦੇ ਮੁਤਾਬਕ ਹੀ ਕੀਤਾ ਹੈ। ਉਸ ਦੀ ਸਿਫਾਰਸ਼ ਹੈ ਕਿ ਜਦੋਂ ਟੈਕਸ ਫਸਟ ਸਟੇਜ ਤੇ ਲਾਉਣਾ ਹੈ, ਟੈਕਸ ਦੀ ਸ਼ਰ੍ਹਾ ਜੋ 6 ਪੈਸੇ ਹੈ ਇਹ 6 ਪੈਸੇ ਉਦੋਂ ਲਗਾਇਆ ਜਾਂਦਾ ਹੈ ਜਦੋਂ ਦੁਕਾਨਦਾਰਾਂ ਦਾ ਆਪਣਾ ਮਾਂਰਜਨ ਵਿਚ ਹੋਵੇ, ਪਹਿਲੀ ਸਟੇਜ ਵਿਚ ਮਾਰਜਨ ਦੁਕਾਨਦਾਰ ਦਾ ਨਹੀਂ ਹੁੰਦਾ ਅਤੇ ਕੀਮਤ ਘੱਟ ਹੁੰਦੀ ਹੈ ਉਸ ਸਟੇਜ ਤੇ 7 ਪੈਸੇ ਟੈਕਸ ਲਾਉਣ ਦਾ ਯਤਨ ਕੀਤਾ ਗਿਆ ਹੈ। ਔਰ ਇਸ ਦੇ ਨਾਲ ਹੀ ਇਸ ਗਲ ਦੀ ਵੀ ਇਸ ਵਿਚ ਪ੍ਰੋਵੀਜ਼ਨ ਨਹੀਂ ਸੀ ਕਿ ਜੇ ਕੋਈ ਪੈਸਿਆਂ ਦੀ ਫਿਗਰਜ਼ ਹੋਵੇ ਤਾਂ ਉਸ ਨੂੰ ਕਿਸ ਤਰ੍ਹਾਂ ਕੈਲਕੂਲੇਟ ਕਰਨਾ ਚਾਹੀਦਾ ਹੈ। ਇਸ ਦੇ ਵਾਸਤੇ ਸੌਖਾ ਕੈਲਕੂਲੇਟ ਕਰ ਦਿਤਾ ਹੈ ਕਿ ਜੇ 50 ਪੈਸੇ ਤੋਂ ਘੱਟ ਹੋਣ ਤਾਂ ਕੁਝ ਨਹੀਂ ਗਿਣਨਾ ਚਾਹੀਦਾ ਅਤੇ ਜੇ 50 ਤੋਂ ਵੱਧ ਹੋਣ ਤਾਂ ਉਸ ਨੂੰ ਇਕ ਰੁਪਿਆ ਗਿਣਨਾ ਚਾਹੀਦਾ ਹੈ। ਇਹ ਗਿਣਤੀ ਦਰੁਸਤ ਕਰਨ ਵਾਸਤੇ ਕੀਤਾ ਗਿਆ ਹੈ।

ਜੋ ਸੈਕਸ਼ਨ 9 ਹੈ ਸਿਕਉਰਟੀ ਦੀ ਉਸ ਦੇ ਵਾਸਤੇ ਬੇਨਤੀ ਹੈ ਕਿ ਅਗੇ ਕਮਿਸ਼ਨਰ ਡਿਟਰਮਿਨ ਕਰਦਾ ਸੀ ਉਹ ਹੁਣ ਇਹ ਫੈਸਲਾ ਕੀਤਾ ਹੈ ਕਿ ਹਰ ਸਮੇਂ ਕੇਸ ਕਮਿਸ਼ਨਰ ਕੋਲ ਨਾ ਜਾਵੇ ਅਤੇ ਅਸੈਸਿੰਗ ਅਥਾਰਟੀ ਨੂੰ ਇਹ ਅਥਾਰਟੀ ਦਿਤੀ ਜਾ ਰਹੀ ਹੈ ਪਰ ਇਸ ਦੇ ਨਾਲ ਹੀ ਇਨਟਰਸਟ ਸੇਫ ਗਾਰਡ ਕਰਨ ਵਾਸਤੇ ਕਿ ਸਿਕਉਰਟੀ ਜ਼ਿਆਦਾ ਨਾ ਲਈ ਜਾਵੇ 50 ਹਜ਼ਾਰ ਰੁਪਏ ਦੀ ਰਕਮ ਰਖੀ ਗਈ ਹੈ। ਅਤੇ ਇਹ ਰਕਮ ਇਸ ਕਰਕੇ ਰਖੀ ਗਈ ਹੈ ਕਿ ਜਿਹੜੇ ਕੋਈ ਨਜਾਇਜ ਕੰਮ ਕਰਦੇ ਹਨ ਉਨ੍ਹਾਂ ਤੇ ਚੈਕ ਹੋਣਾ ਚਾਹੀਦਾ ਹੈ। ਅਗਰ ਕੋਈ ਆਦਮੀ ਗਲਤ ਕੰਮ ਕਰੇਗਾ ਤਾਂ ਉਸ ਦੀ ਜਿਹੜੀ ਸਿਕਉਰਟੀ ਹੈ ਉਹ ਫੋਰਫੀਟ ਕੀਤੀ ਜਾ ਸਕਦੀ ਹੈ। ਇਸ ਤੇ ਜਿਹੜੀ ਟੈਕਸ ਦੀ ਇਵੇਜ਼ਨ ਹੁੰਦੀ ਹੈ ਉਹ ਵੀ ਰੁਕੇਗੀ।

ਫਿਰ ਡਿਪਟੀ ਸਪੀਕਰ ਸਾਹਿਬ, ਪੁਰਾਣੇ ਐਕਟ ਵਿਚ ਕੋਈ ਪ੍ਰੋਵਿਜ਼ਨ ਨਹੀਂ ਸੀ ਕਿ ਟੈਕਸ ਦੀ ਜਿਹੜੀ ਰਕਮ ਦੇਣੀ ਹੈ ਉਹ ਚੈਕ ਰਾਹੀਂ ਜਾਂ ਡਰਾਫਟ ਰਾਹੀਂ ਦੇਣੀ ਹੈ ਜਾਂ ਨਹੀਂ। ਅੱਜ ਜਦ ਕਿ ਸਾਡਾ ਬਹੁਤ ਸਾਰਾ ਕੰਮ ਬੈਂਕਾਂ ਰਾਹੀਂ ਹੋ ਰਿਹਾ ਹੈ ਅਤੇ ਵਪਾਰੀ ਆਦਮੀ ਨੂੰ ਇਸ ਦੇ ਨਾਲ ਕਾਫੀ ਸਹੂਲਤ ਹੋ ਸਕਦੀ ਹੈ। ਇਸ ਲਈ ਇਸ ਐਕਟ ਦੇ ਵਿਚ ਇਹ ਪ੍ਰੋਵੀਜ਼ਨ ਕੀਤਾ ਗਿਆ ਹੈ ਕਿ ਪੈਸੇ ਜਿਹੜੇ ਹਨ ਉਹ ਚੈਕ ਰਾਹੀਂ ਜਾਂ ਡਰਾਫਟ ਰਾਹੀਂ ਦਿਤੇ ਜਾ ਸਕਦੇ ਹਨ।

ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਸੁਪਰੀਮ ਕੋਰਟ ਦੀ ਰੂਲਿੰਗ ਹੋਈ ਹੈ ਕੇ. ਪੀ. ਅਬਦੁਲਾ ਵਰਸਿਜ਼ ਸਟੇਟ ਆਫ਼ ਆਂਧਰਾ ਅਤੇ ਡਨਲੋਪ ਵਰਿਸਿਜ ਸਟੇਟ ਆਫ਼ ਪੰਜਾਬ ਦੇ ਕੇਸ ਵਿਚ। ਇਸ ਦੇ ਆਧਾਰ ਤੇ ਅਮੈਂਡਮੈਂਟ ਕੀਤੀ ਗਈ ਹੈ। ਅਗੇ ਸਾਰੇ ਗੁਡਜ਼ ਦੀ ਸਟਚ ਕਰਨੀ ਹੁੰਦੀ ਸੀ ਅਤੇ ਉਸ ਨਾਲ ਹੈਰਾਸਮੈਂਟ ਬੜੀ ਹੁੰਦੀ ਸੀ। ਮੈਂ ਸਮਝਦਾ ਹਾਂ ਕਿ ਅਪੋਜ਼ੀਸ਼ਨ ਵਾਲੇ ਇਸ

[ਮਾਲ ਅਤੇ ਚੋਣ ਮੰਤਰੀ]

ਗੱਲ ਦੀ ਪ੍ਰਸ਼ੰਸਾ ਕਰਨਗੇ ਕਿ ਇਸ ਦੇ ਵਿਚ ਇਹ ਪ੍ਰੋਵੀਜ਼ਨ ਕੀਤੀ ਗਈ ਹੈ ਕਿ ਹੁਣ ਸਿਰਫ ਉਨ੍ਹਾਂ ਦੀ ਗੁਡਜ਼ ਦੀ ਸਰਚ ਕੀਤੀ ਜਾਵੇਗੀ ਜਿਹੜੀ ਟੈਕਸਏਬਲ ਹੋਵੇ ਅਤੇ ਪ੍ਰਪਜ਼ ਆਫ ਟ੍ਰੇਡ ਲਈ ਹੋਵੇ, ਬਿਜ਼ਨਸ ਲਈ ਹੋਵੇ, ਸਿਰਫ਼ ਉਹੀ ਚੈੱਕ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਹੋਰ ਨਹੀਂ ਕੀਤੀ ਜਾਵੇਗੀ। ਇਸ ਦੇ ਨਾਲ ਹੀ ਮੈਂ ਸਮਝਦਾ ਹਾਂ ਕਿ ਜਿਹੜੀ ਉਨਾਂ ਨੂੰ ਹੇਰਾਸਮੈਂਟ ਹੁੰਦੀ ਸੀ ਉਹ ਰੁਕ ਜਾਵੇਗੀ।

ਫਿਰ ਡਿਪਟੀ ਸਪੀਕਰ ਸਾਹਿਬ, ਸੈਕਸ਼ਨ 20 ਵਿਚ ਇਹ ਕੀਤਾ ਗਿਆ ਹੈ ਕਿ ਪਹਿਲਾਂ ਬੈਰੀਅਰ ਤੇ ਜੋ ਅਫ਼ਸਰ ਹੁੰਦੇ ਸੀ ਉਨ੍ਹਾਂ ਦਾ ਫੈਸਲਾ ਹੀ ਫਾਈਨਲ ਹੁੰਦਾ ਸੀ ਅਤੇ ਉਸ ਦੇ ਵਿਚ ਕੋਈ ਅਪੀਲ ਨਹੀਂ ਸੀ ਹੋ ਸਕਦੀ। ਇਹ ਚੀਜ਼ ਵੀ ਠੀਕ ਨਹੀਂ ਸੀ ਅਤੇ ਇਸ ਨੂੰ ਰੋਕਣ ਵਾਸਤੇ ਇਹ ਕੀਤਾ ਗਿਆ ਹੈ ਕਿ ਅਗਰ ਕੋਈ ਫੈਸਲਾ ਗਲਤ ਹੈ ਤਾਂ ਉਸ ਤੇ ਅਪੀਲ ਕੀਤੀ ਜਾ ਸਕਦੀ ਹੈ। ਸੈਕਸ਼ਨ 20 ਦੇ ਵਿਚ ਇਸ ਤਰ੍ਹਾਂ ਦੀ ਸੋਧ ਕੀਤੀ ਗਈ ਹੈ। ਇਸੇ ਤਰ੍ਹਾਂ ਪਨੈਲਟੀ ਇਸ ਦੀ ਐਕਸਾਈਜ਼ ਐਂਡ ਟੈਕਸੇਜ਼ਨ ਕਮਿਸ਼ਨਰ ਹੀ ਕਰ ਸਕਦਾ ਸੀ, ਉਹ ਡੇਲੀਗੇਟ ਕਰਕੇ ਈ. ਟੀ. ਓਜ਼ ਨੂੰ ਅਖਿਤਿਆਰ ਦਿਤਾ ਗਿਆ ਹੈ। ਨਾਲ ਹੀ, ਡਿਪਟੀ ਸਪੀਕਰ ਸਾਹਿਬ, ਪਹਿਲਾਂ ਇਹ ਪ੍ਰੋਵੀਜ਼ਨ ਹੁੰਦਾ ਸੀ ਕਿ ਜਦੋਂ ਕੋਈ ਇਵੇਜ਼ਨ ਕਰਦਾ ਸੀ ਤਾਂ ਡੀਲਰ ਹੀ ਲਾਇਬਲ ਹੁੰਦਾ ਸੀ ਪਰ ਕਈ ਵਾਰੀ ਡੀਲਰ ਇਵੇਜ਼ਨ ਨਹੀਂ ਕਰਦਾ, ਟਰਾਂਸਪੋਰਟਰ ਵੀ ਕਰਦਾ ਸੀ। ਇਸ ਲਈ ਇਹ ਬੜਾ ਜ਼ਰੂਰੀ ਸੀ ਕਿ ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਉਨ੍ਹਾਂ ਨੂੰ ਵੀ ਵਿਚ ਲਿਆਂਦਾ ਜਾਵੇ। ਇਸ ਲਈ ਇਸ ਦੇ ਵਿਚ ਡੀਲਰ ਦੀ ਥਾਂ ਇਹ ਪ੍ਰੋਵੀਜ਼ਨ ਵੀ ਲਾ ਦਿਤਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਦੇ ਆਖ਼ਰੀ ਸੈਕਸ਼ਨ ਵਿਚ ਇਕ ਨਵਾਂ ਲਫਜ਼ 'ਪ੍ਰਚੇਜ਼' ਲਿਖਿਆ ਹੈ। ਸੇਲਜ਼ ਟੈਕਸ ਦੇ ਨਾਲ ਪ੍ਰਚੇਜ਼ ਟੈਕਸ ਵੀ ਲਗਦਾ ਹੈ, ਇਸ ਲਈ, ਉਸ ਨੂੰ ਵਿਚ ਲਿਆਉਣ ਵਾਸਤੇ 'ਪ੍ਰਚੇਜ਼' ਲਫਜ਼ ਲਿਆਉਣਾ ਅਸੀਂ ਜ਼ਰੂਰੀ ਸਮਝਿਆ ਹੈ। ਸੋ ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਸਾਰਾ ਐਕਟ ਇਸ ਕਰਕੇ ਲਿਆਂਦਾ ਹੈ ਕਿ ਇਸ ਦੇ ਵਿਚ ਵਪਾਰੀਆਂ ਨੂੰ ਸਹੂਲਤ ਹੋਵੇ ਅਤੇ ਸਰਕਾਰ ਦਾ ਕੰਮ ਚੰਗਾ ਹੋਵੇ ਅਤੇ ਜਿਹੜਾ ਲੋਕਾਂ ਦਾ ਪੈਸਾ ਹੈ ਜਿਹੜਾ ਕਿ ਇਸ ਅਸੈਂਬਲੀ ਨੇ ਪਾਸ ਕਰਕੇ ਦੇਣਾ ਹੈ ਉਹ ਇਮਾਨਦਾਰੀ ਨਾਲ ਯੂਜ਼ ਹੋਵੇ। ਇਸ ਵਾਸਤੇ ਇਸ ਦੇ ਵਿਚ ਥੋੜੀ ਜਿਹੀ ਸੋਧ ਕੀਤੀ ਗਈ ਹੈ ਅਤੇ ਮੈਨੂੰ ਉਮੀਦ ਹੈ ਕਿ ਸਾਰੇ ਮੈਂਬਰ ਸਾਹਿਬਾਨ ਇਸ ਨੂੰ ਯੂਨਾਨੀਮਸਲੀ ਪਾਸ ਕਰਨਗੇ।

Mr Deputy Speaker : Motion moved :—

That the Punjab motor Spirit (Taxation of Sales) Amendment Bill be taken into consideration at once.

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਇਸ ਅਮੈਂਡਮੈਂਟ ਨੂੰ ਐਕਸਪਲੇਨ ਕਰਨ ਵਾਸਤੇ ਵਜ਼ੀਰ ਸਾਹਿਬ ਨੇ ਉਪਰਾਲਾ ਕੀਤਾ ਹੈ ਪਰ ਮੈਂ ਤਾਂ ਕੁਝ ਇਸ ਤਰ੍ਹਾਂ ਸਮਝਿਆ ਹਾਂ ਕਿ ਇਸ ਨੂੰ ਉਨਾਂ ਐਕਸਪਲੇਨ ਕਰਨ ਦੀ ਬਜਾਏ ਕੁਝ ਕਨਫਿਊਜ਼ ਕਰ ਦਿਤਾ ਹੈ। ਉਨਾਂ ਨੇ ਕੁਝ ਐਸੀਆਂ ਗੱਲਾਂ ਦੱਸੀਆਂ ਹਨ ਜਿਹੜੀਆਂ ਕਿ ਇਸ ਐਕਟ ਵਿਚ ਕਤੱਈ ਹੀ ਨਹੀਂ ਇਨਾਂ ਨੇ ਜ਼ਿਕਰ ਕੀਤਾ ਕਿ ਪਹਿਲਾਂ 6 ਪੈਸੇ ਟੈਕਸ ਲਾਉਂਦੇ ਸੀ ਉਹ ਹੁਣ 7 ਪੈਸੇ ਕਰ ਦਿਤਾ ਗਿਆ ਹੈ। ਇਹ ਅਮੈਂਡਿੰਗ ਐਕਟ ਤੁਹਾਡੇ ਸਾਹਮਣੇ ਹੈ ਇਸ ਦੇ ਵਿਚ ਕਿਧਰੇ 6 ਪੈਸੇ ਤੋਂ 7 ਪੈਸੇ ਕਰਨ ਦਾ ਜ਼ਿਕਰ ਨਹੀਂ ਹੈ। ਇੰਨਾਂ ਨੇ ਪਤਾ ਨਹੀਂ ਕਿਹੜੀ ਕਲਾਜ਼ ਵਿਚੋਂ ਇਹ ਦੱਸਿਆ ਹੈ .... (ਵਿਘਨ)

ਮਾਲ ਅਤੇ ਚੋਣ ਮੰਤਰੀ : ਇਹ ਕਲਾਜ਼ 2(ਏ) ਹੈ। ਕਿਧਰੇ ਮੋਟਰ ਸਪਿਰਟ ਅਮੈਂਡਮੈਂਟ ਬਿਲ ਤਾਂ ਨਹੀਂ ਦੇਖ ਰਹੇ। ਇਹ ਜਨਰਲ ਸੇਲਜ਼ ਟੈਕਸ ਵਾਲਾ ਬਿਲ ਹੈ। (ਵਿਘਨ)

ਸਰਦਾਰ ਸੁਰਜੀਤ ਸਿੰਘ : (ਬਰਨਾਲਾ) ਤੁਸੀਂ ਇਨਟਰੋਡਿਊਸ ਤਾਂ ਮੋਟਰ ਸਪਿਰਟ ਅਮੈਂਡ-ਮੈਂਟ ਬਿਲ ਕੀਤਾ ਹੈ, ਜਨਰਲ ਸੇਲਜ਼ ਟੈਕਸ ਦਾ ਕਿਥੋਂ ਆਗਿਆ। (ਵਿਘਨ)

ਮਾਲ ਅਤੇ ਚੋਣ ਮੰਤਰੀ : ਪਹਿਲਾਂ ਉਹ ਲੈ ਲਿਆ ਹੈ। (ਵਿਘਨ)

ਸਰਦਾਰ ਸੁਰਜੀਤ ਸਿੰਘ : (ਬਰਨਾਲਾ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਇਨਟਰੋਡਿਊਸ ਕੀਤਾ ਸੀ, ਉਹ ਐਕਸਪਲੇਨ ਕਰ ਦੇਣ.... (ਵਿਘਨ) ਮੈਂ ਫਿਰ ਬੋਲ ਲਵਾਂਗਾ।

ਸ਼੍ਰੀ ਡਿਪਟੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ ਮੋਟਰ ਸਪਿਰਟ (ਟੈਕਸੇਸ਼ਨ ਆਫ ਸੇਲਜ਼) ਅਮੈਂਡਮੈਂਟ ਬਿਲ ਵੀ ਐਕਸਪਲੇਨ ਕਰ ਦਿਉ। (ਵਿਘਨ) (Sardar Umrao Singh should explain about the Punjab Motor Spirits (Taxation of Sales) Amendment Bill.

ਮਾਲ ਅਤੇ ਚੋਣ ਮੰਤਰੀ : (**ਸਰਦਾਰ ਉਮਰਾਓ ਸਿੰਘ**): ਬਹੁਤ ਅੱਛਾ ਜੀ। ਡਿਪਟੀ ਸਪੀਕਰ ਸਾਹਿਬ, ਇਹ ਬੜਾ ਇਨੋਸੈਂਟ ਜਿਹਾ ਬਿਲ ਹੈ। ਇਸ ਵਿਚ ਇਕ ਤਾਂ ਇਹ ਜਿਹੜਾ ਟੈਕਸ ਹੈ ਉਹ ਫਸਟ ਸਟੇਜ ਤੇ ਲਾਉਣ ਦਾ ਯਤਨ ਕੀਤਾ ਗਿਆ ਹੈ। ਜਿਸ ਤਰਾਂ ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਸਾਰੇ ਡੀਲਰਜ਼ ਕੋਲੋਂ ਟੈਕਸ ਕੁਲੈਕਟ ਕਰਨ ਦੀ ਅਤੇ ਉਨ੍ਹਾਂ ਨੂੰ ਹਿਸਾਬ ਕਿਤਾਬ ਦੀ ਬਾਦਰੇਸ਼ਨ ਤੋਂ ਬਚਾਉਣ ਲਈ ਫਸਟ ਸਟੇਜ ਤੇ ਟੈਕਸ ਲਾਉਣ ਦਾ ਇਸ ਦੇ ਰਾਹੀਂ ਯਤਨ ਕੀਤਾ ਹੈ। ਇਸ ਦੇ ਨਾਲ ਹੀ ਪਹਿਲਾਂ ਇਹ ਵੀ ਹੁੰਦਾ ਸੀ ਕਿ ਜਿਹੜਾ ਟੈਕਸ ਜ਼ਿਆਦਾ ਆ ਜਾਂਦਾ ਸੀ ਉਸ ਨੂੰ ਰਿਫੰਡ ਕਰਨ ਦਾ ਕੋਈ ਪ੍ਰੋਵੀਜ਼ਨ ਨਹੀਂ ਸੀ ਹੁਣ ਇਹ ਕੀਤਾ ਗਿਆ ਹੈ ਕਿ ਜੇ ਕੋਈ ਟੈਕਸ ਜ਼ਿਆਦਾ ਕਿਸੇ ਦਾ ਆ ਗਿਆ ਹੈ ਤਾਂ ਉਹ ਰਿਫੰਡ ਹੋ ਸਕਦਾ ਹੈ। ਫਿਰ ਇਸ ਦੇ ਨਾਲ ਹੀ ਸੈਕਸ਼ਨ 6 ਵਿਚ ਇਹ ਕੀਤਾ ਗਿਆ ਹੈ ਕਿ ਉਹੀ ਪ੍ਰਸਨਜ਼ ਜਿਹੜੇ ਹਨ ਉਹ ਬਿਜ਼ਨਸ ਕਰ ਸਕਦੇ ਹਨ, ਜਿਸ ਦੇ ਕੋਲ ਵੇਲਿਡ ਲਾਇਸੈਂਸ ਹੋਣ। ਫਿਰ ਸੈਕਸ਼ਨ 7 ਰਾਹੀਂ ਇਹ ਕੀਤਾ ਗਿਆ ਹੈ ਕਿ ਪਹਿਲਾਂ ਫੀਸ 5 ਰੁਪਏ ਲਾਇਸੈਂਸ ਵਾਸਤੇ ਹੁੰਦੀ ਸੀ ਉਹ ਵਧਾ ਕੇ 100 ਰੁਪਏ ਕਰ ਦਿਤੀ ਹੈ ਤਾਂ ਕਿ ਇਸ ਦਾ ਸਹੀ ਇਸਤੇਮਾਲ ਹੋ ਸਕੇ। (ਵਿਘਨ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਅਮੈਂਡਿੰਗ ਬਿਲ ਆਇਆ ਹੈ ਇਸ ਦੇ ਨਾਲ ਖਿਆਲ ਸੀ ਕਿ ਕੋਈ ਟੈਕਸ ਦੇ ਵਿਚ ਛੋਟ ਹੋਵੇਗੀ ਅਤੇ ਲੋਕਾਂ ਨੂੰ ਜੋ ਦਿਕਤਾਂ ਹਨ ਅਤੇ ਇਨਪੁਟਸ ਦੇ ਜੋ ਭਾਅ ਵੱਧੇ ਹਨ, ਉਸ ਦੇ ਮੁਤਾਬਿਕ ਲੋਕਾਂ ਨੂੰ ਕੋਈ ਜ਼ਿਆਦਾ ਛੋਟ ਹੋਵੇਗੀ, ਪਰ ਇਸ ਦੇ ਵਿਚ ਐਸੀ ਕੋਈ ਗੱਲ ਨਹੀਂ ਹੈ। ਇਹ ਕੋਸ਼ਿਸ਼ ਕੀਤੀ ਹੈ ਕਿ ਪਹਿਲੀ ਸਟੇਜ ਤੇ ਟੈਕਸ ਲਗਾ ਦਿਤਾ। ਪਿਛਲੀ ਸਟੇਜ ਤੋਂ ਹਟਾ ਕੇ ਪਹਿਲੀ ਸਟੇਜ ਤੇ ਟੈਕਸ ਲਾਉਣ ਦੀ ਇਸ ਦੇ ਵਿਚ ਕੋਸ਼ਿਸ਼ ਕੀਤੀ ਗਈ ਹੈ। ਜਿਸ ਤਰਾਂ ਕਿ ਆਬਜੈਕਟਸ ਐਂਡ ਰੀਜ਼ਨਜ਼ ਵਿਚ ਇਨਾਂ ਨੇ ਦਿਤਾ ਹੈ....

> "The Bill is designed to shift the stage of tax on sale of Motor Spirit from last to first, with a view to making collection of tax easier, curbing evasion and saving the numerous retail petrol dealers......

ਮਕਸਦ ਇਨ੍ਹਾਂ ਦਾ ਇਹ ਸੀ ਕਿ ਰਿਟੇਲ ਪੈਟਰੋਲ ਡੀਲਰਜ਼ ਨੂੰ ਬਚਾ ਦਿਤਾ ਜਾਵੇਗਾ। ਇਸ ਕਰਕੇ ਸੈਕਸ਼ਨ 2 ਵਿਚ ਲਫਜ਼ ਰਿਟੇਲ ਦਾ ਹੀ ਦਿਤਾ ਹੈ। ਸੈਕਸ਼ਨ 2 ਵਿਚ ਲਿਖਿਆ ਹੈ ਕਿ

Section 2

> "In the Punjab Motor Spirit (Taxation of Sales) Act, 1939 (hereinafter referred to as the Principal Act), in the long title, preamble and the principal Act, the word "retail", wherever occurring shall be omitted.

ਇਥੋਂ ਤਕ ਇਨ੍ਹਾਂ ਨੇ ਰਿਟੇਲ ਓਮਿਟ ਕਰ ਦਿਤੀ ਹੈ, ਅਤੇ ਦਾਅਵਾ ਕੀਤਾ ਹੈ ਕਿ ਰਿਟੇਲਰ ਨੂੰ

[ਸਰਦਾਰ ਸੁਰਜੀਤ ਸਿੰਘ]

ਔਮਿਟ ਕਰਨਾ ਹੋਰ ਐਕਟ ਵਿਚ ਜੋ ਸੋਧਨਾ ਹੋਈ ਹੈ ਉਹ ਕੁਝ ਹੋਰ ਹੀ ਹੈ, ਇਥੇ ਰਿਟੇਲਰ ਦਾ ਲਫਜ਼ ਕੱਟ ਦਿਤਾ ਹੈ। 3 ਜੀ ਵਿਚ ਪਹਿਲੇ ਰਿਟੇਲ ਡੀਲਰ ਦੀ ਡੈਫੀਨੇਸ਼ਨ ਦਿਤੀ ਹੈ ਅਤੇ ਹੁਣ ਇਨ੍ਹਾਂ ਨੇ ਇਹ ਦਿਤੀ ਹੈ

"(g) "dealer" means any person who, on commission or otherwise sells motor spirit to any person or keeps motor spirit for sale'.

ਪਹਿਲਾਂ ਡੈਫੀਨੀਸ਼ਨ ਇਹ ਸੀ —

"retail dealer "means any person who, on commission or otherwise, sells any motor spirit to a consumer or to any other person for any purpose other than resale or keeps any motor spirit for sale to consumer or to any other person for purposes other than resale".

ਇਸ ਦੇ ਵਿਚ ਅਲਾਓਡ ਹੈ ਕਿ ਤੁਸੀਂ ਕੰਨਜ਼ਿਉਮਰ ਨੂੰ ਸੇਲ ਕਰ ਸਕਦੇ ਹੋ। ਹੁਣ ਜਿਹੜੀ ਅਮੈਂਡਮੈਂਟ ਕੀਤੀ ਹੈ ਉਸ ਵਿਚ ਇਹ ਹੈ ਕਿ ਰਿਟੇਲ ਦੀ ਬਜਾਏ ਡੀਲਰ ਕਰ ਸਕਦਾ ਹੈ, ਹੋਰ ਲੋਕਾਂ ਨੂੰ ਵੀ ਜਿਹੜੇ ਕੰਨਜ਼ਿਉਮਰ ਨਹੀਂ ਹਨ। ਉਹ ਵੀ ਆਪਣੇ ਘਰਾਂ ਵਿਚ 500 ਲਿਟਰ ਜਾਂ ਜਿਤਨੀ ਗੌਰਮੈਂਟ ਨੇ ਲਿਮਿਟ ਰਖੀ ਹੋਈ ਹੈ। ਉਨ੍ਹਾਂ ਨੂੰ ਵੀ ਇਜਾਜ਼ਤ ਹੋ ਗਈ ਹੈ ਕਿ ਉਹ ਵੀ ਪਰਚੇਜ਼ ਕਰ ਸਕਦੇ ਹਨ। ਜਿਸ ਦਾ ਕੋਈ ਟਰੈਕਟਰ ਨਹੀਂ, ਕੋਈ ਟਰੱਕ ਨਹੀਂ ਕੋਈ ਮੋਟਰ ਨਹੀਂ, ਉਹ ਵੀ ਗੌਰਮੈਂਟ ਦੁਆਰਾ ਫਿਕਸ ਕੀਤੀ ਲਿਮਿਟ ਮੁਤਾਬਕ ਸਟੋਰ ਕਰ ਸਕਦਾ ਹੈ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਨਾਲ ਤਾਂ ਗੜਬੜ ਵਧੇਗੀ ਅਤੇ ਮੈਂ ਸਮਝਦਾ ਹਾਂ ਕਿ ਇਸ ਅਮੈਂਡਮੈਂਟ ਦਾ ਇਨ੍ਹਾਂ ਨੂੰ ਕੋਈ ਲਾਭ ਨਹੀਂ ਹੋਣਾ। ਇਨਾਂ ਨੇ ਸੈਕਸ਼ਨ ਤਿੰਨ ਵਿਚ ਅਮੈਂਡਮੈਂਟ ਕਰਨੀ ਚਾਹੀ ਹੈ। ਇਸ ਵਿਚ ਪਹਿਲਾਂ ਇਹ ਸੀ।

"There shall be levied and paid to the Government of Punjab on all retail sales of—

(a) diesel oil, a tax at the rate of seven paise for each litre ; and

(b) other motor spirit, a tax at the rate of nine paise for each litre.

ਇਸ ਵਿਚ ਤਾਂ ਕੋਈ ਇਨ੍ਹਾਂ ਨੇ ਅਮੈਂਡਮੈਂਟ ਨਹੀਂ ਕੀਤੀ ਇਸ ਦੇ ਥਲੇ ਹੋਰ ਪ੍ਰੋਵੀਈਜ਼ੋ ਲਾ ਦਿਤੀ ਹੈ: —

"Provided that no sale of motor spirit at a stage subsequent to the first stage shall, be liable to tax under this Act if the dealer effecting the sale at the subsequent stage furnishes to the Petrol Taxation Officer in the prescribed form and manner a certificate duly filled in and signed by the dealer from whom he purchased the motor spirit, to the effect that the tax in respect of sale of such motor spirit has been paid".

ਇਕ ਵੱਡੇ ਡੀਲਰ ਪਾਸੋਂ ਇਕ ਛੋਟਾ ਡੀਲਰ ਲੈ ਆਉਂਦਾ ਹੈ, ਇਨ੍ਹਾਂ ਦੇ ਕਹਿਣ ਮੁਤਾਬਿਕ ਰਿਟੇਲ ਰਿਮੂਵ ਕਰ ਦਿਤੀ, ਲੇਕਿਨ ਛੋਟਾ ਡੀਲਰ ਟੈਕਸ ਉਥੇ ਦੇ ਆਉਂਦਾ ਹੈ, ਉਸ ਨੂੰ ਸਿਰਫ ਸਰਟੀਫਾਈ ਕਰਨਾ ਹੈ ਕਿ ਮੈਂ ਟੈਕਸ ਦੇ ਦਿਤਾ ਹੈ। ਇਸ ਦੇ ਨਾਲ ਹੋਰ ਬਹੁਤ ਦੁਕਾਨਾਂ ਖੁਲਣਗੀਆਂ, ਜਿਸ ਨਾਲ ਟੈਕਸ ਦੀ ਜ਼ਿਆਦਾ ਅਵੇਜ਼ਨ ਹੋਵੇਗੀ। ਜਿਹੜਾ ਪਰਪਜ਼ ਇਨਾਂ ਨੇ ਅਬਜੈਕਟਸ ਅਤੇ ਰੀਜ਼ਨਜ਼ ਵਿਚ ਦਿਤਾ ਹੈ ਉਹ ਪੂਰਾ ਨਹੀਂ ਹੋ ਸਕਣਾ।

ਇਕ ਹੋਰ ਅਮੈਂਡਮੈਂਟ ਲਿਆਂਦੀ ਹੈ (1-A) ਵਿਚ.....

"(1-A) For the purposes of this Act the first stage of sale of motor spirit shall be such as the Government may, by notification specify".

ਆਪ ਨੇ ਫਰਮਾਇਆ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਫਸਟ ਸਟੇਜ ਤੇ ਟੈਕਸ ਲਗਾਇਆ ਜਾਵੇ ਸੱਬਸੀਕੁਐਂਟ ਸਟੇਜਿਜ਼ ਤੇ ਨਾ ਲਗੇ ਅਤੇ ਇਸ ਨਾਲ ਟੈਕਸ ਵਸੂਲ ਕਰਨਾ ਸੌਖਾ ਵੀ ਹੋਵੇਗਾ।

ਫਸਟ ਸਟੇਜ ਕੀ ਹੈ ? ਇਨ੍ਹਾਂ ਨੇ ਬਿਲ ਲਿਆਂਦਾ ਹੈ ਐਕਟ ਬਣ ਰਿਹਾ ਹੈ ਪਰ ਇਨ੍ਹਾਂ ਨੂੰ ਹਿੰਮਤ ਨਹੀਂ ਪਈ ਕਿ ਫਸਟ ਸਟੇਜ ਕੀ ਹੈ ਇਸ ਨੂੰ ਡਿਫਾਈਨ ਕਰ ਸਕੀਏ। ਬਾਅਦ ਦੇ ਵਿਚ ਜੋ ਗੌਰਮੈਂਟ ਨੋਟੀਫਿਕੇਸ਼ਨ ਕਰੇਗੀ ਕਿ ਫਸਟ ਸਟੇਜ ਕੀ ਹੈ.. ... ..

I would submit that this is a very defective Amendment Bill which has been introduced in the House and such defects should be removed at the earlier stages.

ਕਿਉਂਕਿ ਹੁਣ ਇਨ੍ਹਾਂ ਨੂੰ ਹਾਊਸ ਨੂੰ ਕਾਂਨਫੀਡੈਂਸ ਵਿਚ ਲੈ ਕੇ ਦਸਣਾ ਚਾਹੀਦਾ ਸੀ ਤਾਂ ਕਿ ਲੋਕਾਂ ਨੂੰ ਪਤਾ ਲਗੇ ਕਿ ਫਸਟ ਸਟੇਜ ਕਿਹੜੀ ਹੈ। ਬਾਅਦ ਵਿਚ ਨੋਟੀਫਿਕੇਸ਼ਨ ਕਰਕੇ ਫਸਟ ਸਟੇਜ ਦਸਣਾ ਇਹ ਗਲਤ ਚੀਜ਼ ਹੈ। ਮੇਰੀ ਸਬਮਿਸ਼ਨ ਇਹ ਹੈ ਕਿ ਜਿਹੜਾ ਮਕਸਦ ਇਨ੍ਹਾਂ ਨੇ ਦੱਸਿਆ ਹੈ ਅਵੇਜ਼ਨ ਰੋਕਣ ਦਾ ਉਹ ਪਰਪਜ਼ ਪੂਰਾ ਨਹੀਂ ਹੋਵੇਗਾ। ਟੈਕਸ ਲੈ ਲਿਆ ਜਾਵੇ ਅਵੇਜ਼ਨ ਨਾ ਹੋਵੇ ਇਹ ਠੀਕ ਹੈ, ਪਰ ਸਭ ਤੋਂ ਵੱਡੀ ਪ੍ਰਾਬਲਮ ਇਸ ਵੇਲੇ ਇਹ ਹੈ ਮੋਟਰ ਸਪਿਰਟ ਆਵੇ ਵੀ ਤਾਂ ਸਹੀ। ਅੱਜ ਤੇ ਡੀਜ਼ਲ ਕਿਤੇ ਦਿਖਦਾ ਤਕ ਨਹੀਂ। ਮੈਂ ਇਤਨੀ ਬੇਨਤੀ ਕਰਦਾ ਹਾਂ ਕਿ ਇਥੇ ਹਾਊਸ ਵਿਚ ਬੜੀਆਂ ਬੜੀਆਂ ਐਸ਼ੋਰੈਂਸਿਜ਼ ਦਿਤੀਆਂ ਗਈਆਂ ਅਤੇ ਚੀਫ ਮਨਿਸਟਰ ਸਾਹਿਬ ਨੇ ਫ਼ਰਮਾਇਆ ਕਿ ਸਾਢੇ ਚਾਰ ਕਰੋੜ ਲਿਟਰ ਦੀਆਂ ਗੱਡੀਆਂ ਪੰਜਾਬ ਲਈ ਚਲ ਪਈਆਂ ਹਨ, ਬੜਾ ਹੌਂਸਲਾ ਹੋਇਆ ਸੀ ਸਾਨੂੰ .. ..

ਸ੍ਰੀ ਡਿਪਟੀ ਸਪੀਕਰ: ਬਿਲ ਤੇ ਬੋਲੋ ਜੀ। (Please confine yourself to the Bill.)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਮੈਂ ਬਿਲ ਤੇ ਹੀ ਬੋਲਦਾ ਹਾਂ। ਇਸ ਦਾ ਬੜਾ ਸਬੰਧ ਹੈ ਬਿਲ ਨਾਲ। ਇਹ ਟੈਕਸ ਤਾਂ ਲਾਉਣਗੇ ਜੇਕਰ ਡੀਜ਼ਲ ਆਵੇਗਾ ਅਤੇ ਵਿਕੇਗਾ। ਇਥੇ ਬੜੇ ਬੜੇ ਬਿਆਨ ਦਿਤੇ ਗਏ ਸੀ, ਹੌਂਸਲੇ ਬਨਾਏ ਗਏ ਸੀ। ਸਾਨੂੰ ਦੱਸਿਆ ਜਾਵੇ ਕਿ ਉਹ ਜਿਹੜੀਆਂ ਮਾਲ ਗੱਡੀਆਂ ਪੰਜਾਬ ਲਈ ਡੀਜ਼ਲ ਲੈ ਕੇ ਤੁਰੀਆਂ ਸਨ, ਉਹ ਕਿਹੜੀ ਸਟੇਜ ਤੇ ਹਨ। ?

ਸ੍ਰੀ ਡਿਪਟੀ ਸਪੀਕਰ: ਉਸ ਤੇ ਕੱਲ ਨੂੰ ਬਹਿਸ ਹੋਣੀ ਹੈ ਕਰ ਲੈਣਾ (The discussion on this issue will take place to-morrow, you can also take part.)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਕਲ ਨੂੰ ਮੈਂ ਸ਼ਾਇਦ ਹਿੱਸਾ ਨਾ ਲੈ ਸਕਾਂ। ਇਹ ਇਕ ਬੜੀ ਵੱਡੀ ਪ੍ਰਾਬਲਮ ਹੈ। ਇਹ ਕਹਿੰਦੇ ਹਨ ਕਿ ਟੈਕਸ ਫਸਟ ਸਟੇਜ ਤੇ ਵਸੂਲ ਕਰਨਾ ਹੈ। ਮੈਂ ਕਹਿੰਦਾ ਹਾਂ ਕਿ ਟੈਕਸ ਤਾਹੀਂ ਵਸੂਲ ਕਰੋਗੇ ਜੇਕਰ ਡੀਜ਼ਲ ਆਵੇਗਾ। ਮੈਂ ਅਗੇ ਅਰਜ਼ ਕਰਦਾ ਹਾਂ ਕਿ ਹਾਊਸ ਵਿਚ ਇਹ ਵੀ ਦਸਿਆ ਗਿਆ ਹੈ ਕਿ ਪਹਿਲੇ ਸਾਲ ਨਾਲੋਂ ਇਸ ਸਾਲ ਜ਼ਿਆਦਾ ਡੀਜ਼ਲ ਆਇਆ ਹੈ। ਇਹ ਸੁਆਲ ਪਾਰਲੀਆਮੈਂਟ ਵਿਚ ਵੀ ਆਇਆ ਸੀ ਅਤੇ ਉਥੇ ਦਸਿਆ ਗਿਆ ਹੈ ਕਿ ਇਸ ਸਾਲ ਪੰਜਾਬ ਵਿਚ 4 ਹਜ਼ਾਰ ਮੀਟਰਕ ਟਨ ਘੱਟ ਗਿਆ ਹੈ। ਸੋ ਮੈਂ ਅਰਜ਼ ਕਰਦਾ ਹਾਂ ਕਿ ਇਸ ਕਿਸਮ ਦੀ ਅਮੈਂਡਮੈਂਟ ਨਾਲ ਸੂਬੇ ਦਾ ਮਸਲਾ ਹੱਲ ਨਹੀਂ ਹੋ ਸਕਦਾ। ਮੈਂ ਕਹਿੰਦਾ ਹਾਂ ਕਿ ਲੋਕਾਂ ਤੋਂ ਟੈਕਸ ਜਿਹੜਾ ਲੈਣਾ ਹੈ ਲੈ ਲਵੋ । ਅਗਰ ਪੈਸੇ ਵਧਾਉਣੇ ਹਨ ਵਧਾ ਦੇਵੋ । ਇਸ ਵਕਤ ਡੀਜ਼ਲ ਦੀ ਲੋੜ ਹੈ ਫਸਲਾਂ ਸੁਕ ਰਹੀਆਂ ਹਨ, ਪਰ ਡੀਜ਼ਲ ਲਭਦਾ ਨਹੀਂ। ਅਗੇ ਜਾ ਕੇ ਫਿਰ ਲੋੜ ਪੈਣੀ ਹੈ ਜਦੋਂ ਵਾਢੀ ਸ਼ੁਰੂ ਹੋ ਜਾਵੇਗੀ । ਮੈਂ ਗੌਰਮੈਂਟ ਨੂੰ ਕਹਿੰਦਾ ਹਾਂ ਕਿ ਡੀਜ਼ਲ ਦੀ ਸਪਲਾਈ ਵੱਲ ਧਿਆਨ ਦਿਓ ਟੈਕਸ ਤਾਂ ਹੀ ਮਿਲ ਸਕਦੇ ਹਨ।

Mr. Deputy Speaker : Question is—

That the Punjab Motor Spirit (Taxation of Sales) Amendment Bill, 1974 be taken into consideration at once.

The motion was carried

Mr. Deputy Speaker : Now the House will proceed to consider the Bill Clause by Clause.

Sub-clause (2) of Clause 1

Mr. Deputy Speaker : Question is—

That Sub-Clause (2) of Clause 1 stand part of the Bill.

The motion was carried

Clause 2

Mr. Deputy Speaker : Question is—

That Clause 2 stand part of the Bill.

The motion was carried.

Clause 3

Mr. Deputy Speaker : Question is—

That Clause 3 stand part of the Bill.

The motion was carried.

Clause 4

Mr. Deputy Speaker : Question is—

That Clause 4 stand part of the Bill.

The motion was carried

Clause 5

Mr. Deputy Speaker : Question is—

That Clause 5 stand part of the Bill.

The motion was carried

Clause 6

Mr. Deputy Speaker : Question is—

That Clause 6 stand part of the Bill.

The motion was carried

Clause 7

Mr. Deputy Speaker : Question is—

That Clause 7 stand part of the Bill.

The Motion was carried

Clause 8

Mr. Deputy Speaker : Question is—

That Clause 8 stand part of the Bill.

The Motion was carried

Sub-Clause 1 of Clause 1

Mr. Deputy Speaker : Question is—

That Sub-Clause 1 of Clause 1 stand part of the Bill.

The Motion was carried

Title

Mr. Deputy Speaker : Question is—

That Title be the title of the Bill.

The Motion was carried

Revenue and Election Minister (Sardar Umrao Singh) : Sir, I beg to move that the Punjab Motor Spirit (Taxation of Sales) Amendment Bill be passed.

Mr. Deputy Speaker : Motion moved—

That the Punjab Motor Spirit (Taxation of Sales) Amendment Bill be passed.

Mr. Deputy Speaker : Question is—

That the Punjab Motor Spirit (Taxation of Sales) Amendment Bill be passed.

The motion was carried

THE PUNJAB GENERAL SALES TAX (AMENDMENT) BILL, 1974

Revenue and Election Minister (Sardar Umrao Singh) : Sir, I beg to introduce the Punjab General Sales Tax (Amendment) Bill.

Sir, I also beg to move that the Punjab General Sales Tax (Amendment) Bill be taken into consideration at once.

Mr. Deputy Speaker : Motion moved—

That the Punjab General Sales Tax (Amendment) Bill be taken into consideration at once.

ਇਸ ਬਿਲ ਦੇ ਬਾਰੇ ਪਹਿਲਾਂ ਮਨਿਸਟਰ ਸਾਹਿਬ ਚੰਗੀ ਤਰ੍ਹਾਂ ਐਕਸਪਲੇਨ ਕਰ ਚੁਕੇ ਹਨ। ਇਸ ਲਈ ਉਹੀ ਪਾਰਟ ਇਥੇ ਲਿਆਂਦਾ ਸਮਝਿਆ ਜਾਵੇ ਜਿਹੜਾ ਰੇਲੇਵੇਂਟ ਹੋਵੇ ਅਤੇ ਇਸ ਤਰ੍ਹਾਂ ਹਾਊਸ ਦਾ ਵਕਤ ਬਚ ਸਕੇਗਾ ਅਤੇ ਹੋਰ ਡਿਸਕਸ਼ਨ ਵੀ ਹੋ ਸਕੇਗੀ। (The Minister has

[Mr. Deputy Speaker]

already explained in detail the provisions of this Bill. That speech may be deemed to have been made at this stage. In this way, the time of the House will be saved and more discussion be held).

Mr. Deputy Speaker : Question is—

That the Punjab General Sales Tax (Amendment) Bill be taken into consideration at once.

The motion was carried.

Mr. Deputy Speaker : Now the House will proceed to consider the Bill Clause by Clause.

CLAUSE 2

Mr. Deputy Speaker : Question is—

That Clause 2 stand part of the Bill.

Mr. Deputy Speaker : If the House has no objection, I will put all the Clauses together to the vote of the House.

Voices : Yes, Yes

CLAUSES 3, 4, 5, 6, 7, 8, 9 and CLAUSE 1

Mr. Deputy Speaker : Question is—

That Clauses 3, 4, 5, 6, 7, 8, 9 and Clause 1 stand part of the Bill.

The motion was carried

TITLE

Mr. Deputy Speaker : Question is—

That the Title be the Title of the Bill.

The motion was carried

Revenue and Elections Minister (Sardar Umrao Singh) : Sir, I beg to move that the Punjab General Sales Tax (Amendment) Bill be passed.

Mr. Deputy Speaker : Motion moved—

That the Punjab General Sales Tax (Amendment) Bill be passed.

Mr. Deputy Speaker : Question is—

That the Punjab General Sales Tax (Amendment) Bill be passed.

The motion was carried

THE PUNJAB TOWN IMPROVEMENT (AMENDMENT) BILL, 1974.

Revenue and Elections Minister (Sardar Umrao Singh) : Sir, I beg to introduce the Punjab Town Improvement (Amendment) Bill.

Sir, I beg to move that the Punjab Town Improvement (Amendment) Bill be taken into consideration at once.

Mr. Deputy Speaker : Motion moved—

That the Punjab Town Improvement (Amendment) Bill be taken into consideration at once.

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਟਾਊਨ ਇੰਪਰੂਵਮੈਂਟ ਅਮੈਂਡਮੈਂਟ ਬਿਲ ਹੈ, ਇਸ ਦੀ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਵਿਚ ਇੱਕ ਗਲ ਲਿਖੀ ਹੈ:

"The Punjab Town Improvement Act, 1922, was enacted more than half a century ago and since then there have been considerable changes in the socio-economic scene but the broad framework of the Act has basically remained unchanged.

ਡਿਪਟੀ ਸਪੀਕਰ ਸਾਹਿਬ, ਇਹ ਤਾਂ ਠੀਕ ਹੈ ਕਿ ਜਦੋਂ ਇਹ ਕਾਨੂੰਨ ਬਣਿਆ ਸੀ ਅੱਜ ਤੋਂ 50 ਸਾਲ ਪਹਿਲਾਂ, ਉਸ ਤੋਂ ਬਾਅਦ ਪੰਜਾਬ ਅਤੇ ਸਾਡੇ ਮੁਲਕ ਦਾ ਸੋਸ਼ੀਓਇਕਨਾਮਿਕ ਸੀਨ ਜਿਹੜਾ ਹੈ ਉਸ ਦੇ ਵਿਚ ਬੜੀ ਤਬਦੀਲੀ ਆਈ ਅਤੇ ਉਸ ਦੇ ਮਦੇਨਜ਼ਰ ਹਰ ਮੁੱਤਲਿਕਾ ਕਾਨੂੰਨ ਵਿਚ ਬਹੁਤ ਤਬਦੀਲੀਆਂ ਦੀ ਲੋੜ ਸੀ।

1·55 p.m. (ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਪਰ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਅਮੈਂਡਿੰਗ ਬਿਲ ਇਥੇ ਲਿਆਂਦਾ ਗਿਆ ਹੈ ਇਸ ਦਾ ਸੋਸ਼ੀਓ ਇਕਨਾਮਿਕ ਚੇਂਜਿਜ਼ ਨਾਲ ਕੋਈ ਸਬੰਧ ਨਹੀਂ ਹੈ। ਮੁਲਕ ਵਿਚ ਇੰਡਸਟਰੀਲਾਈਜ਼ੇਸ਼ਨ ਹੋ ਰਹੀ ਹੈ। ਪਿੰਡਾਂ ਵਿਚੋਂ ਕਈ ਲੋਕ ਸ਼ਹਿਰਾਂ ਵਿਚ ਇੰਪਲਾਇਮੈਂਟ ਲਭਣ ਵਾਸਤੇ ਆਉਂਦੇ ਹਨ। ਖੇਤੀ ਬਾੜੀ ਵਿਚ ਰੇਡੀਕਲ ਐਗਰੇਰੀਅਨ ਰਿਫਾਰਮਜ਼ ਨਹੀਂ ਕੀਤੇ ਗਏ। ਇਸ ਕਾਰਨ ਪਿੰਡਾਂ ਵਿਚ ਬੇਕਾਰੀ ਬੜੀ ਹੈ। ਕਈ ਲੋਕ ਸ਼ਹਿਰਾਂ ਵਿਚ ਇੰਪਲਾਇਮੈਂਟ ਲੱਭਣ ਵਾਸਤੇ ਆਉਂਦੇ ਹਨ। ਸ਼ਹਿਰਾਂ ਦੇ ਵਿਚ ਇੰਡਸਟਰੀਅਲ ਡਿਵੈਲਪਮੈਂਟ ਰੈਪਿਡ ਨਹੀਂ ਅਤੇ ਜਿਹੜਾ ਇੱਕ ਫਿਨਾਮਿਨਨ ਅਰਬੇਨਾਈਜ਼ੇਸ਼ਨ ਦਾ ਪਿਛਲੇ ਸਾਲਾਂ ਵਿਚ ਚਲ ਰਿਹਾ ਹੈ ਉਸ ਦੇ ਰਿਜ਼ਲਟ ਦੇ ਤੌਰ ਤੇ ਸਲੱਮਜ਼ ਬਣ ਰਹੀਆਂ ਹਨ। ਸ਼ਹਿਰਾਂ ਵਿਚ ਇਸ ਦੇ ਨਾਲ ਡਿਵੈਲਪਮੈਂਟ ਇਹ ਹੋਈ ਕਿ ਲੈਂਡ ਦੀ ਕੀਮਤ ਸਪੈਕੂਲੇਟਿਵ ਰੀਜ਼ਨਜ਼ ਕਰਕੇ ਆਸਮਾਨ ਨੂੰ ਛੋਹਣ ਲਗ ਪਈ। ਕੁਝ ਧਨੀ ਲੋਕਾਂ ਨੇ 2, 4, 5 ਰੁਪਏ ਗਜ਼ ਸ਼ਹਿਰਾਂ ਵਿਚ ਜ਼ਮੀਨ ਖਰੀਦ ਕੇ 500, 1000 ਰੁਪਏ ਗਜ਼ ਵੇਚ ਦਿੱਤੀ। ਇਸ ਦੇ ਨਤੀਜੇ ਦੇ ਤੌਰ ਤੇ ਇਹ ਬਹੁਤ ਮੁਸ਼ਕਲ ਹੋ ਗਿਆ ਕਿ ਗਰੀਬ ਆਦਮੀ ਸ਼ਹਿਰਾਂ ਵਿਚ ਆਪਣੇ ਪਲਾਟ ਲੈ ਕੇ ਮਕਾਨ ਬਣਾ ਕੇ ਬੈਠ ਸਕਣ। ਲੈਂਡ ਇੱਕ ਕਮੋਡਿਟੀ ਬਣ ਗਈ ਹੈ ਜਿਸਨੂੰ ਕਿ ਬਿਨਾਂ ਮਿਹਨਤ ਕੀਤੇ, ਸਪੈਕੂਲੇਟਿਵ ਢੰਗ ਨਾਲ ਵਰਤਿਆ ਜਾ ਰਿਹਾ ਹੈ। ਲੈਂਡ ਵਿਚ ਇਨਵੈਸਟਮੈਂਟ ਕਰਕੇ, ਲੈਂਡ ਦੀ ਕੀਮਤ ਸਪੈਕੂਲੇਟਿਵ ਰੀਜ਼ਨ ਨਾਲ ਵੱਧ ਜਾਵੇ ਤਾਂ ਪੈਸੇ ਕਮਾ ਲਵੇ। ਇਹ ਇੱਕ ਬੇਸਿਕ ਪ੍ਰਾਬਲਮ ਹੈ। ਪੰਜਾਬ ਦੇ ਸ਼ਹਿਰਾਂ ਵਿਚ, ਅੰਮ੍ਰਿਤਸਰ ਅਤੇ ਲੁਧਿਆਣੇ ਵਿਚ ਖਾਸ ਤੌਰ ਤੇ ਇਹ ਪ੍ਰਾਬਲਮ ਬੜੀ ਅਕਯੂਟ ਹੈ। ਇਹ ਸੋਸ਼ੀਓਇਕਨਾਮਿਕ ਤਬਦੀਲੀ ਆ ਰਹੀ ਹੈ। ਇਹ ਜਿਹੜਾ ਮਸਲਾ ਖੜਾ ਹੋ ਰਿਹਾ ਹੈ ਇਸ ਨੂੰ ਡੀਲ ਕਰਨਾ ਹੈ। ਹਾਲਾਂ ਕਿ ਸ਼ਹਿਰਾਂ ਦੇ ਅੰਦਰ ਲੈਂਡ ਅਰਬਨ ਏਰੀਆਜ਼ ਦੀ ਸਾਰੀ ਨੇਸ਼ਨੇਲਾਈਜ਼ ਕਰ ਦਿੱਤੀ ਹੈ। ਗੌਰਮਿੰਟ ਦੀ ਪਰਮਿਸ਼ਨ ਤੋਂ ਬਿਨਾਂ ਕੋਈ ਪਲਾਟ ਬਣਾ ਕੇ ਵੇਚ ਨਾ ਸਕੇ ਤਾਕਿ ਸਲੱਮ ਡਿਵੈਲਪਮੈਂਟ ਨਾ ਹੋਵੇ, ਖੁਲੀਆਂ ਨਾਲੀਆਂ ਤੇ ਗਲੀਆਂ ਹੋਣ। ਇਸ ਮਸਲੇ ਨੂੰ ਇਹ ਜਿਹੜਾ ਅਮੈਂਡਿੰਗ ਬਿਲ ਹੈ ਇਸ ਦੇ ਆਬਜੈਕਟਸ ਐਂਡ ਰੀਜ਼ਨਜ਼ ਦੇ ਸਟੇਟਮੈਂਟ ਵਿਚ ਜਿਹੜਾ ਲਿਖਿਆ ਹੈ, ਇਹ ਇਸ ਮਸਲੇ ਨੂੰ ਮੀਲਾਂ ਤੋਂ ਵੀ ਨਹੀਂ ਟੱਚ ਕਰਦਾ। ਜੋ ਕੁਝ ਵੀ ਇਸ ਵਿਚ ਹੈ, ਉਸ ਦੇ ਨਾਲ ਇਸ ਮਸਲੇ ਦਾ ਕੋਈ ਸਬੰਧ ਨਹੀਂ ਹੈ। ਅਰਬਨ ਏਰੀਆਜ਼ ਵਿਚ ਹਾਊਸਿੰਗ, ਸਲੱਮ ਡਿਵੈਲਪਮੈਂਟ ਦੀ ਬੜੀ ਭਾਰੀ ਪ੍ਰਾਬਲਮ ਹੈ। ਜਿਹੜੀ ਗਰੀਬ ਜੰਤਾ ਸ਼ਹਿਰਾਂ ਵਿਚ ਰਹਿੰਦੀ ਹੈ ਉਨ੍ਹਾਂ ਨੂੰ ਪਲਾਟ ਮਿਲਣ ਤਾਕਿ ਉਹ ਆਪਣੇ ਹਾਊਸ ਵਗੈਰਾ ਬਣਾ ਸਕਣ। ਸਪੈਕੂਲੇਟਿਵ ਰੀਜ਼ਨਜ਼ ਕਰਕੇ ਸ਼ਹਿਰਾਂ ਵਿਚ ਜਿਹੜੀ ਲੈਂਡ ਦੀ ਕੀਮਤ ਅਸਮਾਨ ਨੂੰ ਛੂਹ ਗਈ ਹੈ, ਇਸ ਦਾ ਕੀ ਹੱਲ ਹੈ। ਭਾਵੇਂ ਇਸ ਦਾ ਹੱਲ ਨੇਸ਼ਨੇਲਾਈਜ਼ੇਸ਼ਨ ਆਫ

[ਕਾਮਰੇਡ ਸੱਤ ਪਾਲ ਡਾਂਗ]

ਲੈਂਡ ਇਨ ਅਰਬਨ ਏਰੀਆਜ਼ ਹੈ ਜਾਂ ਕੋਈ ਹੋਰ ਗੱਲ ਹੈ, ਇਸ ਦਾ ਇਸ ਬਿਲ ਵਿਚ ਕੋਈ ਜ਼ਿਕਰ ਨਹੀਂ ਅਤੇ ਨਾ ਹੀ ਇਸ ਨਾਲ ਕੋਈ ਸਬੰਧ ਹੈ। ਇਸ ਲਈ, ਜਿਹੜੀ ਗੱਲ ਆਬਜੈਕਟਿਵਜ਼ ਵਿਚ ਕਹੀ ਗਈ ਹੈ ਉਸ ਦਾ ਬਾਡੀ ਆਫ ਦੀ ਬਿਲ ਨਾਲ ਕੋਈ ਸਬੰਧ ਨਹੀਂ ਹੈ। ਇਹ ਇਸ ਮਸਲੇ ਨੂੰ ਟੱਚ ਨਹੀਂ ਕਰਦਾ। ਸਪੀਕਰ ਸਾਹਿਬ, ਮੈਂ ਇਹ ਗੱਲ ਕਹੀ ਸੀ ਕਿ ਇਹ ਕਹਿੰਦੇ ਹਨ ਕਿ ਅਸੀਂ ਸੋਸ਼ਲਿਜ਼ਮ ਲਿਆਉਣਾ ਹੈ। ਸੋਸ਼ਲਿਜ਼ਮ ਦਾ ਮਤਲਬ ਹੈ ਕਿ ਲੋਕਾਂ ਨੂੰ ਰਾਜ ਪਾਠ ਵਿਚ ਹਿੱਸਾ ਦਈਏ। ਜੇ ਕੋਈ ਨਵਾਂ ਕਾਨੂੰਨ ਲਿਆਉਣਾ ਹੋਵੇ ਤਾਂ ਲੋਕਾਂ ਨੂੰ ਆਪਣੀ ਰਾਏ ਦੇਣ ਦਾ ਮੌਕਾ ਮਿਲਣਾ ਚਾਹੀਦਾ ਹੈ। ਪਰ ਇਹ ਤਾਂ ਸਾਨੂੰ ਲੋਕਾਂ ਦੇ ਨੁਮਾਇੰਦਿਆਂ ਨੂੰ ਮੌਕਾ ਦੇਣ ਲਈ ਤਿਆਰ ਨਹੀਂ ਹਨ। ਅਸੀਂ ਇਤਨੇ ਥੋੜ੍ਹੇ ਟਾਈਮ ਵਿਚ ਇਸ ਬਿਲ ਨੂੰ ਪੜ੍ਹੀਏ, ਅਮੈਂਡਮੈਂਟਾਂ ਦਈਏ ਤਾਂ ਹੀ ਪਰਾਪਰ ਡਿਸਕਸ਼ਨ ਹੋ ਸਕਦੀ ਹੈ। ਇਸ ਦਾ ਮਕਸਦ ਕੀ ਹੈ। ਇਸ ਦਾ ਐਕਸਪੀਰੀਐਂਸ ਕੀ ਹੈ। ਪਹਿਲਾਂ ਤਾਂ ਮਲਟੀਪਲੀਸਿਟੀ ਆਫ਼ ਅਥਾਰਟੀਜ਼ ਹਨ। ਇਸ ਵੇਲੇ ਫੀਲਡ ਵਿਚ ਮਿਊਂਸਪਲ ਅਥਾਰਟੀ, ਇੰਪਰੂਵਮੈਂਟ ਟਰਸਟ, ਟਾਊਨ ਪਲਾਨਰ ਅਤੇ ਹਾਊਸਿੰਗ ਬੋਰਡ ਚਾਰ ਅਥਾਰਟੀਜ਼ ਇਸ ਪ੍ਰਾਬਲਮ ਲਈ ਹਨ। ਇਹ ਪੰਜਾਬ ਗੌਰਮਿੰਟ ਨਾਲ ਸਬੰਧ ਰਖਣ ਵਾਲੀਆਂ ਸੈਮੀ ਗੌਰਮਿੰਟ ਬਾਡੀਜ਼ ਹਨ। ਹਾਊਸਿੰਗ ਬੋਰਡ ਵਿਚ ਗੱਲ ਹੁੰਦੀ ਹੈ। ਇਹ ਪੱਕੀ ਰਾਏ ਹੈ ਕਿ ਇੰਪਰੂਵਮੈਂਟ ਟਰਸਟ ਸਰਕਾਰ ਤੋੜੇ ਨਾ। ਇੰਪਰੂਵਮੈਂਟ ਟਰਸਟ ਹੋਰ ਬਣਾ ਰਹੇ ਹਨ। ਚਾਰ ਅਥਾਰਟੀਜ਼ ਹਨ। ਮਿਊਂਸਪਲ ਅਥਾਰਟੀ, ਇੰਪਰੂਵਮੈਂਟ ਟਰੱਸਟ, ਹਾਊਸਿੰਗ ਬੋਰਡ ਅਤੇ ਟਾਊਨ ਪਲਾਨਰ। ਇਹ ਚਾਰੇ ਆਪਣੀਆਂ ਸਕੀਮਾਂ ਬਣਾਉਂਦੇ ਹਨ। ਇਹ ਮਲਟੀਪਲੀਸਿਟੀ ਆਫ਼ ਅਥਾਰਟੀਜ਼ ਅਨਨਿਸੈਸਰੀ ਐਕਸਪੈਂਡੀਚਰ ਆਫ ਮਨੀ ਅਤੇ ਅਨਨਿਸੈਸਰੀ ਵੈਸਟੇਜ ਆਫ ਗੌਰਮਿੰਟ ਮਨੀ ਹੈ। ਇਨ੍ਹਾਂ ਵਿਚ ਫਿਰ ਕੁਆਰਡੀਨੇਸ਼ਨ ਨਾ ਹੋਵੇ। ਕੁਆਰਡੀਨੇਸ਼ਨ ਕਰਨ ਲਗੋ ਤਾਂ ਬੜਾ ਟਾਈਮ ਲਗਦਾ ਹੈ। ਸੌ ਝਗੜੇ ਪੈਦਾ ਹੁੰਦੇ ਹਨ। ਇੰਡੀਪੈਂਡੈਂਟ ਅਥਾਰਟੀਜ਼ ਇਹ ਹਨ। ਇਸ ਮਸਲੇ ਨੂੰ ਟੱਚ ਕਰਨ ਦਾ ਬਿਲਕੁਲ ਯਤਨ ਨਹੀਂ ਕੀਤਾ। ਇਹ ਕੀਤਾ ਗਿਆ ਹੈ ਕਿ ਟਾਊਨ ਪਲਾਨਰ, ਇਪਰੂਵਮੈਂਟ ਟਰੱਸਟ ਦਾ ਮੈਂਬਰ ਬਣ ਜਾਵੇਗਾ। ਇਸ ਦੇ ਨਾਲ ਮਸਲਾ ਹੱਲ ਨਹੀਂ ਹੋਣਾ। ਚਾਰ ਅਥਾਰਟੀਜ਼ ਇਕੋ ਜਿਹੇ ਕੰਮ ਲਈ, ਇਕੋ ਜਿਹੇ ਆਬਜੈਕਟਿਵ ਲਈ ਫੀਲਡ ਵਿਚ ਹਨ। ਇਸ ਪ੍ਰਾਬਲਮ ਨੂੰ ਬਿਲਕੁਲ ਟੱਚ ਨਹੀਂ ਕੀਤਾ।

ਸਪੀਕਰ ਸਾਹਿਬ, ਇਕ ਗੱਲ ਮੈਂ ਇੰਮਪਰੂਵਮੈਂਟ ਟਰੱਸਟ ਦੇ ਫੰਕਸ਼ਨ ਬਾਰੇ ਕਰਨੀ ਹੈ ਕਿ

2.00 p.m.

ਇਹ ਕਿਸ ਢੰਗ ਨਾਲ ਕੰਮ ਕਰਦੇ ਹਨ। ਇਹ ਜੋ ਕਾਨੂੰਨ ਇਨ੍ਹਾਂ ਨੇ ਲਿਆਂਦਾ ਹੈ ਇਸ ਵਿਚ ਇਨ੍ਹਾਂ ਨੇ ਇਕ ਨਵਾਂ ਚੈਪਟਰ ਐਡ ਕੀਤਾ ਹੈ। ਇਹ ਜਿਹੜਾ ਨਵਾਂ ਚੈਪਟਰ ਹੈ ਇਸ ਨੂੰ ਮੁੱਖ ਰੱਖ ਕੇ ਇਹ ਇਖ਼ਤਿਆਰ ਸਰਕਾਰ ਨੂੰ ਦਿੱਤਾ ਗਿਆ ਹੈ ਕਿ ਉਹ ਜਦ ਚਾਹੇ ਕਿਸੇ ਮੈਂਬਰ ਨੂੰ ਕੱਢ ਦੇਵੇ। ਇਸ ਕਿਸਮ ਦੀ ਪਾਵਰ ਸਰਕਾਰ ਲੈਣਾ ਚਾਹੁੰਦੀ ਹੈ। ਸਪੀਕਰ ਸਾਹਿਬ, ਇਮਪਰੂਵਮੈਂਟ ਟਰੱਸਟ ਵਿਚ ਕਿੰਨੀ ਅੰਨ੍ਹੀ ਪਈ ਹੋਈ ਹੈ। ਸ਼ਾਇਦ ਸਰਕਾਰ ਨੂੰ ਇਸ ਬਾਰੇ ਪੂਹਾ ਪਤਾ ਨਹੀਂ। ਸਪੀਕਰ ਸਾਹਿਬ, ਮੈਂ ਮਿਸਾਲ ਦੇ ਤੌਰ ਤੇ ਦਸਦਾ ਹਾਂ ਕਿ ਅੰਮ੍ਰਿਤਸਰ ਵਿਚ ਇਹ ਸਕੀਮ ਕਿਉਂ ਬਣਾਈ ਗਈ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਇਸ ਵਿਚ ਕਿੰਨੀ ਅੰਨ੍ਹੀ ਪਈ ਹੋਈ ਹੈ। ਅੰਮ੍ਰਿਤਸਰ ਵਿਚ ਪਾਰਟੀਕੁਲਰ ਲੈਂਡ ਲਾਰਡ ਅਤੇ ਵੈਸਟਡ ਇੰਟਰਿਸਟ ਨੂੰ ਫਾਇਦਾ ਪਹੁੰਚਾਉਣ ਲਈ ਇਹ ਸਕੀਮ ਬਣਾਈ ਗਈ। ਇਸ ਸਕੀਮ ਦੇ ਤਹਿਤ ਇਨ੍ਹਾਂ ਵੱਡੇ ਵੱਡੇ ਲੈਂਡ ਲਾਰਡਜ਼ ਅਤੇ ਵੈਸਟਜ ਇੰਟਰਿਸਟ ਨੇ ਪਲਾਟ ਰਿਜ਼ਰਵ ਰੇਟ ਤੇ ਲੈ ਲਏ ਅਤੇ ਅੱਗੋਂ ਮਹਿੰਗੇ ਭਾਵ ਤੇ ਵੇਚ ਦਿੱਤੇ। ਸਪੀਕਰ ਸਾਹਿਬ, ਇਹ ਤਾਂ ਅੱਗੇ ਹੀ ਕਈ ਕੋਠੀਆਂ ਦੇ ਮਾਲਕ ਹੁੰਦੇ ਹਨ, ਇਨ੍ਹਾਂ ਕੋਲ ਕਿੰਨੀ ਜ਼ਮੀਨ ਹੁੰਦੀ ਹੈ ਅਤੇ ਫਿਰ ਸਰਕਾਰ ਇਨ੍ਹਾਂ ਨੂੰ ਫਾਇਦਾ ਪਹੁੰਚਾਉਂਦੀ ਹੈ।

ਸਪੀਕਰ ਸਾਹਿਬ, ਅਗਰ ਇਹ ਇਸ ਸਕੀਮ ਦੇ ਫੰਕਸ਼ਨ ਨੂੰ ਕਾਮਯਾਬ ਬਣਾਉਣਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਚਾਹੀਦਾ ਹੈ ਕਿ ਕੋਈ ਐਸਾ ਆਦਮੀ ਇਸ ਸਕੀਮ ਦਾ ਮੈਂਬਰ ਨਾ ਬਣਾਇਆ ਜਾਵੇ, ਜਿਸ ਦੀ ਸ਼ਹਿਰ ਵਿਚ ਆਪਣੀ ਜ਼ਮੀਨ ਹੋਵੇ ਜਾਂ ਮਕਾਨ ਹੋਵੇ।

ਇਹ ਜਿਹੜੀਆਂ ਇਮਪਰੂਵਮੈਂਟ ਟਰੱਸਟਸ ਬਣਦੀਆਂ ਹਨ ਇਸ ਦੇ ਵਿਚ ਇਨ੍ਹਾਂ ਦੇ ਮੈਂਬਰ ਜਾਂ ਅਫ਼ਸਰ ਸਭ ਤੋਂ ਜ਼ਿਆਦਾ ਪਲਾਟ ਰਿਜ਼ਰਵ ਰੇਟ ਤੇ ਲੈ ਜਾਂਦੇ ਹਨ। ਬਾਕੀ ਗਰੀਬ ਲਈ ਤਾਂ ਨਿਲਾਮੀ ਹੀ ਹੁੰਦੀ ਹੈ ਅਤੇ ਇਸ ਨਿਲਾਮੀ ਵਿੱਚ ਗਰੀਬ ਲੋਕ ਪਲਾਟ ਲੈ ਨਹੀਂ ਸਕਦੇ ਕਿਉਂਕਿ ਨਿਲਾਮੀ ਵਿਚ ਇਨ੍ਹਾਂ ਪਲਾਟਾਂ ਦੇ ਭਾਅ ਬਹੁਤ ਵੱਧ ਜਾਂਦੇ ਹਨ।

ਹੁਣ ਜਿਹੜਾ ਅਖ਼ਤਿਆਰ ਇਹ ਸਰਕਾਰ ਲੈ ਰਹੀ ਹੈ, ਇਹ ਬਲੈਕ ਦੇ ਪੈਸੇ ਨੂੰ ਚਿੱਟਾ ਕਰਨ ਦਾ ਇਕ ਤਰੀਕਾ ਹੈ। ਇਸ ਦੇ ਨਾਲ ਸਰਕਾਰ ਆਪਣੀ ਮਰਜ਼ੀ ਨਾਲ ਆਪਣੇ ਵੈਸਟਿਡ ਇੰਟਰੈਸਟਸ ਨੂੰ ਇਸ ਸਕੀਮ ਦਾ ਮੈਂਬਰ ਬਣਾ ਕੇ ਉਨ੍ਹਾਂ ਨੂੰ ਮੁਨਾਫਾ ਦੇਣਾ ਚਾਹੁੰਦੀ ਹੈ।

ਲੁਧਿਆਣੇ ਵਿਚ ਜਿਹੜਾ ਇਮਪਰੂਵਮੈਂਟ ਟਰੱਸਟ ਹੈ ਉਸ ਦੇ ਮੈਂਬਰਾਂ ਨੇ ਉਨ੍ਹਾਂ ਆਦਮੀਆਂ ਨੂੰ ਪਲਾਟ ਦਿੱਤੇ ਹਨ, ਜੋ ਉਥੋਂ ਦੇ ਟੌਪ ਦੇ ਲੀਡਰ ਹਨ ਅਤੇ ਕਈ ਪਲਾਟਾਂ ਦੇ ਮਾਲਕ ਹਨ ਅਤੇ ਉਨ੍ਹਾਂ ਨੂੰ ਇਹ ਪਲਾਟ ਇਸ ਨਾਂ ਤੇ ਦਿੱਤੇ ਜਾਂਦੇ ਹਨ ਕਿ ਇਹ ਸੋਸ਼ਲ ਵਰਕਰਜ਼ ਹਨ। ਇਸ ਤਰ੍ਹਾਂ ਇਨ੍ਹਾਂ ਨੂੰ ਪਲਾਟ ਰਿਜ਼ਰਵ ਕੀਮਤ ਤੇ ਦਿਤੇ ਜਾਂਦੇ ਹਨ। ਫਿਰ ਦੂਜੇ ਕਿਨ੍ਹਾਂ ਨੂੰ ਦਿੰਦੇ ਹਨ ? ਉਨ੍ਹਾਂ ਐਮ. ਐਲ. ਏਜ਼. ਨੂੰ ਜਿਨ੍ਹਾਂ ਦੇ ਕਈ ਮਕਾਨ ਆਪਣੇ ਹਨ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਜਿਹੇ ਕਈ ਅਦਾਰੇ ਬਣੇ ਹੋਏ ਹਨ ਜਿਹੜੇ ਕਿ ਇੰਮਪਰੂਵਮੈਂਟ ਟ੍ਰਸਟਾਂ ਦੇ ਅਫ਼ਸਰਾਂ ਅਤੇ ਮੈਂਬਰਾਂ ਨਾਲ ਤਾਲਮੇਲ ਰਖਦੇ ਹਨ ਅਤੇ ਇਨ੍ਹਾਂ ਤੋਂ ਰਿਜ਼ਰਵ ਪਰਾਈਸ ਤੇ ਪਲਾਟ ਲੈਂਦੇ ਹਨ ਅਤੇ ਅਗੋਂ ਫਿਰ ਉਨ੍ਹਾਂ ਨੂੰ ਵੇਚ ਦਿੰਦੇ ਹਨ।

ਸਪੀਕਰ ਸਾਹਿਬ, ਇਹ ਜਿਹੜੀ ਪਾਵਰ ਸਰਕਾਰ ਆਪਣੇ ਹੱਥ ਵਿਚ ਲੈ ਰਹੀ ਹੈ ਇਸ ਨਾਲ ਮਸਲਾ ਹੱਲ ਨਹੀਂ ਹੋ ਸਕਦਾ। ਇਸ ਮਸਲੇ ਨੂੰ ਹੱਲ ਕਰਨ ਵਾਸਤੇ ਕੋਈ ਹੋਰ ਤਰੀਕਾ ਕੱਢਣਾ ਚਾਹੀਦਾ ਹੈ।

ਸਾਡੀ ਸਰਕਾਰ ਇਕ ਪਾਸੇ ਇਹ ਅਖ਼ਤਿਆਰ ਆਪਣੇ ਕੋਲ ਲੈ ਰਹੀ ਹੈ ਅਤੇ ਦੂਜੇ ਪਾਸੇ ਹਿੰਦੁਸਤਾਨ ਵਿੱਚ ਡੀਸੈਂਟਰੇਲਾਈਜ਼ੇਸ਼ਨ ਦਾ ਪਰਚਾਰ ਕਰਦੀ ਹੈ। ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਅਖ਼ਤਿਆਰ ਆਪਣੇ ਕੋਲ ਲੈ ਕੇ ਫਿਰ ਲੋਕਲ ਬਾਡੀਜ਼ ਦੀ ਅਟਾਨਮੀ ਕੀ ਰਹਿਣੀ ਹੈ ਅਤੇ ਇਹ ਜਿਹੜੀ ਗਰੀਬਾਂ ਨੂੰ ਪਲਾਟ ਦੇਣ ਦੀ ਪ੍ਰਾਬਲਮ ਹੈ ਇਹ ਇਸੇ ਤਰ੍ਹਾਂ ਹੀ ਰਹਿਣੀ ਹੈ। (ਵਿਘਨ)

ਸਪੀਕਰ ਸਾਹਿਬ, ਇਸ ਬਿਲ ਵਿਚ ਜਿਹੜਾ ਆਖਰੀ ਨਵਾਂ ਚੈਪਟਰ ਹੈ ਇਸ ਨਾਲ ਡਿਪਟੀ ਕਮਿਸ਼ਨਰ ਨੂੰ ਬਹੁਤ ਸਾਰੀਆਂ ਪਾਵਰਜ਼ ਦਿੱਤੀਆਂ ਗਈਆਂ ਹਨ। ਇਸ ਵਿਚ ਇਕ ਚੰਗੀ ਅਮੈਂਡਮੈਂਟ ਹੈ, ਇਹ ਚੰਗੀ ਗੱਲ ਹੈ ਜਿਹੜੇ ਅੱਗੇ ਮਿਊਂਸਪਲ ਕਮੇਟੀਆਂ ਵਿਚੋਂ 3 ਮੈਂਬਰ ਆਉਂਦੇ ਸਨ ਅਤੇ 3 ਸਰਕਾਰ ਨਾਮਜ਼ਦ ਕਰਦੀ ਸੀ ਅਤੇ ਇਕ ਚੈਅਰਮੈਨ ਉਹ ਵੀ ਸਰਕਾਰ ਹੀ ਬਣਾਉਂਦੀ ਸੀ। ਇਸ ਵਿਚ ਹੋ ਸਕਦਾ ਸੀ ਕੋਈ ਵੀ ਮੈਂਬਰ ਹਰੀਜਨਾਂ ਦਾ ਨਾ ਆਵੇ। ਪਰ ਹੁਣ ਜੋ ਅਮੈਂਡਮੈਂਟ ਆਈ ਹੈ ਇਸ ਵਿਚ ਇਹ ਹੈ ਕਿ ਜੇ ਇੰਪਰੂਵਮੈਂਟ ਟਰੱਸਟ ਵਿਚ ਕੋਈ ਹਰੀਜਨ ਮੈਂਬਰ ਨਹੀਂ ਹੋਵੇਗਾ ਤਾਂ ਸਰਕਾਰ ਘੱਟੋ ਘੱਟ ਇਕ ਮੈਂਬਰ ਸ਼ੈਡਿਊਲਡ ਕਾਸਟ ਦਾ ਜ਼ਰੂਰ ਲਵੇਗੀ। ਪਾਰਟੀਕੂਲਰਲੀ ਇਸ ਵਾਸਤੇ ਮੈਂ ਇਸ ਅਮੈਂਡਮੈਂਟ ਦਾ ਵੈਲਕਮ ਕਰਦਾ ਹਾਂ।

[ਕਾਮਰੇਡ ਸੱਤ ਪਾਲ ਡਾਂਗ]

ਫਿਰ ਸਪੀਕਰ ਸਾਹਿਬ, ਇਕ ਇਨ੍ਹਾਂ ਨੇ ਹੋਰ ਕੀਤਾ ਹੈ ਕਿ ਜਿਹੜਾ ਟਾਊਨ ਪਲੈਨਰ ਹੋਵੇਗਾ, ਉਹ ਕੰਪਲਸਰੀ ਇਸ ਦਾ ਮੈਂਬਰ ਹੋਵੇਗਾ ਅਤੇ ਉਸ ਨੂੰ ਫੁਲ ਵੋਟਿੰਗ ਮੈਂਬਰ ਬਣਾ ਦਿਤਾ ਹੈ (ਵਿਘਨ) ਇਹ ਕਹਿੰਦੇ ਹਨ ਕਿ ਉਹ ਟਾਊਨ ਪਲੈਨਿੰਗ ਕਰਦਾ ਹੈ, ਇਸ ਵਾਸਤੇ ਉਸ ਨੂੰ ਇਹ ਪਾਵਰ ਦਿੱਤੀ ਗਈ ਹੈ।

ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਛਿਹਰਟੇ ਦੀ ਗੱਲ ਦਸਦਾ ਹਾਂ । ਉਥੇ ਇਕ ਟਾਊਨ ਪਲੈਨਿੰਗ ਸਕੀਮ ਬਣੀ । ਉਸ ਸਕੀਮ ਦੇ ਤਹਿਤ ਉਨ੍ਹਾਂ ਨੇ ਇਹ ਫੈਸਲਾ ਕੀਤਾ ਕਿ ਜੀ. ਟੀ. ਰੋਡ ਦੇ ਦੋਨੋਂ ਪਾਸੇ 40 ਫੁੱਟ ਇਧਰ ਅਤੇ 40 ਫੁੱਟ ਉਧਰ ਜਿਤਨੀ ਵੀ ਜ਼ਮੀਨ ਪਈ ਹੋਵੇ ਚਾਹੇ ਉਸ ਜ਼ਮੀਨ ਤੇ ਕੋਈ ਵਸਦੇ ਹਨ ਉਨ੍ਹਾਂ ਨੇ ਆਪਣੇ ਮਕਾਨ ਪਾਏ ਹਨ ਉਨ੍ਹਾਂ ਨੂੰ ਢਾ ਕੇ ਉਥੇ ਦਰਖਤ ਲਗਾਏ ਜਾਣ । ਮੈਂ ਟਾਊਨ ਪਲੈਨਰ ਸਾਹਿਬ ਤੋਂ ਪੁੱਛਿਆ ਕਿ ਜਿਸ ਤਰ੍ਹਾਂ ਕਿ ਪੈਰਿਸ ਵਿਚ ਗਰੀਨ ਅਵੇਨਿਊਜ਼ ਬਣਾਏ ਗਏ ਹਨ ਉਸੇ ਤਰ੍ਹਾਂ ਹੀ ਬਣਾਣੇ ਹਨ ਤਾਂ ਉਹ ਕਹਿਣ ਲਗੇ ਕਿ ਹਾਂ ਅਸੀਂ ਉਸੇ ਤਰ੍ਹਾਂ ਹੀ ਇਸ ਜੀ.ਟੀ. ਰੋਡ ਨੂੰ ਬਣਾਉਣਾ ਹੈ ਅਤੇ ਇਸ ਰੋਡ ਦੇ ਦੋਵੇਂ ਪਾਸੇ ਗਰੀਨ ਅਵੇ-ਨਿਊਜ਼ ਬਣਾਉਣੇ ਹਨ। ਮੈਂ ਟਾਊਨ ਪਲੈਨਰ ਸਾਹਿਬ ਤੋਂ ਦੁਬਾਰਾ ਪੁੱਛਿਆ ਕਿ ਇਹ ਜਿਹੜੇ ਆਦਮੀ ਉਜਾੜੇ ਗਏ ਹਨ, ਇਹ ਕਿਥੇ ਜਾਣਗੇ ? ਤਾਂ, ਟਾਊਨ ਪਲੈਨਰ ਨੇ ਕਿਹਾ ਕਿ ਹੌਲੀ ਹੌਲੀ ਇਨ੍ਹਾਂ ਨੂੰ ਅਸੀਂ ਜਗ੍ਹਾ ਦਿੰਦੇ ਰਹਾਂਗੇ।

ਇਸ ਕਰਕੇ ਹੁਣ ਇਨ੍ਹਾਂ ਨੇ ਟਾਊਨ ਪਲੈਨਰ ਨੂੰ ਪੂਰਾ ਵੋਟ ਵਾਲਾ ਮੈਂਬਰ ਬਣਾ ਦਿੱਤਾ ਹੈ। ਸਰਕਾਰ ਕੋਲ ਅੱਗੇ ਆਪਣੇ 4 ਮੈਂਬਰ ਹੁੰਦੇ ਸਨ, 3 ਮੈਂਬਰ ਇਹ ਆਪ ਨਾਮਜ਼ਦ ਕਰਦੇ ਸੀ ਅਤੇ ਇਕ ਚੇਅਰਮੈਨ ਹੁੰਦਾ ਸੀ ਹੁਣ ਇਕ 5ਵਾਂ ਵੀ ਨੁਮਾਇੰਦਾ ਆਪਣਾ ਹੀ ਲਾ ਦਿੱਤਾ ਹੈ । (ਵਿਘਨ) ਇਸ ਢੰਗ ਨਾਲ ਇਨ੍ਹਾਂ ਨੇ ਇਕ ਦੋ ਹੋਰ ਵੀ ਛੋਟੀਆਂ ਛੋਟੀਆਂ ਪਰੋਵੀਜ਼ਨ ਕੀਤੀਆਂ ਹਨ।

ਸਪੀਕਰ ਸਾਹਿਬ, ਅੰਮ੍ਰਿਤਸਰ ਦੀ ਕਮੇਟੀ ਨੇ ਤਿੰਨ ਬੰਦੇ ਆਪਣੇ ਨਾਮੀਨੇਟ ਕਰ ਦਿਤੇ । ਉਸ ਤੋਂ ਬਾਅਦ, ਸਪੀਕਰ ਸਾਹਿਬ, ਜਿਥੋਂ ਤਕ ਮੈਨੂੰ ਯਾਦ ਹੈ ਅੰਮ੍ਰਿਤਸਰ ਦੀ ਕਮੇਟੀ ਨੇ ਯੂਨਾਨੀਮਸਲੀ ਇਹ ਮਤਾ ਪਾਸ ਕਰ ਦਿਤਾ ਕਿ ਤਿੰਨ ਮੈਂਬਰ ਇੰਮਪਰੂਵਮੈਂਟ ਵਿਚ ਜਾ ਕੇ ਕੁਰੱਪਸ਼ਨ ਕਰਦੇ ਰਹੇ ਹਨ। ਇਸ ਲਈ, ਉਨ੍ਹਾਂ ਨੂੰ ਵਾਪਸ ਲਿਆਂਦਾ ਜਾਵੇ। ਸ਼ਰਮਾ ਜੀ ਕਹਿਣ ਲਗੇ ਕਿਸੇ ਕਾਨੂੰਨ ਦੇ ਮੁਤਾਬਿਕ ਉਨ੍ਹਾਂ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ । ਇਸ ਤੋਂ ਇਹ ਸਾਫ਼ ਸਾਬਤ ਹੋ ਜਾਂਦਾ ਹੈ ਕਿ ਤੁਸੀਂ ਆਪ ਸਾਰੀ ਤਾਕਤ ਲੈਂਦੇ ਹੋ ਔਰ ਸਪੀਕਰ ਸਾਹਿਬ, ਹਟਾਉਣ ਦੀ ਤਾਕਤ ਕਿਸ ਤਰ੍ਹਾਂ ਸਰਕਾਰ ਵਰਤਦੀ ਹੈ ਇਹ ਵੀ ਮੈਂ ਦੱਸਦਾ ਹਾਂ। ਮੈਂ ਸਮਝਦਾ ਹਾਂ ਕਿ ਡੈਮੋਕਰੇਸੀ ਇਹ ਹੈ ਕਿ ਜਦੋਂ ਲੋਕ ਇਹ ਸਮਝਦੇ ਹੋਣ ਕਿ ਮੈਂਬਰ ਗਲਤ ਭੇਜਿਆ ਗਿਆ ਹੈ, ਉਹ ਧੜੇਬੰਦੀ ਪੈਦਾ ਕਰਦਾ ਹੈ ਤਾਂ ਉਹ ਵਾਪਸ ਆ ਸਕਦਾ ਹੋਵੇ । ਪਰ ਇਥੇ ਕੀ ਹੁੰਦਾ ਹੈ ਕਿ ਮਿਊਂਸਪੈਲਿਟੀ ਤਾਂ ਕਹਿੰਦੀ ਹੈ ਕਿ ਆਦਮੀਆਂ ਨੂੰ ਬਦਲ ਦਿਤਾ ਜਾਵੇ ਇਹ ਠੀਕ ਨਹੀਂ ਹਨ। ਜਿਨ੍ਹਾਂ ਨੇ ਭੇਜੇ ਹਨ ਉਹ ਹੀ ਕਹਿੰਦੇ ਹਨ ਕਿ ਸਾਡੇ ਪਾਸੋਂ ਗਲਤ ਮੈਂਬਰ ਭੇਜੇ ਗਏ ਹਨ, ਪਰ ਸ਼ਰਮਾ ਜੀ ਕਹਿੰਦੇ ਹਨ ਕਿ ਤੁਸੀਂ ਹੁਣ ਨਹੀਂ ਬਦਲ ਸਕਦੇ, ਜਿਸ ਨੂੰ ਸਰਕਾਰ ਕਹੇ ਉਸ ਨੂੰ ਹੀ ਬਦਲਿਆ ਜਾ ਸਕਦਾ ਹੈ। ਜਿਸ ਨੂੰ ਸਰਕਾਰ ਕਹੇ ਕਿ ਇਹ ਕੁਰੱਪਟ ਹੈ ਉਹ ਹੀ ਕੁਰੱਪਟ ਹੋ ਸਕਦਾ ਹੈ। ਸਪੀਕਰ ਸਾਹਿਬ, ਜਿਸ ਤਰ੍ਹਾਂ ਸਰਕਾਰ ਚਲ ਰਹੀ ਹੈ I am convinced that these powers of State Government will be used to help friends.

Acharya Prithvi Singh Azad: Not used but misused. These will not be used to fight corruption in the Improvement Trusts, but they will be misused. (Interrruption)

ਕਾਮਰੇਡ ਸੱਤ ਪਾਲ ਡਾਂਗ : ਉਨ੍ਹਾਂ ਨੇ ਤਾਂ ਅੰਗਰੇਜ਼ੀ ਹੀ ਠੀਕ ਕੀਤੀ ਹੈ ਕੋਈ ਕਾਮਰੇਡ ਨਹੀਂ ਬਣ ਗਏ । (ਹਾਸਾ)

ਸ੍ਰੀ ਸਪੀਕਰ : ਕਾਮਰੇਡ ਰਾਮਕਿਸ਼ਨ ਜੀ ਵਾਂਗ ਹੀ ਆਚਾਰੀਆ ਸਾਹਿਬ ਕਾਮਰੇਡ ਬਣੇ ਹਨ (ਹਾਸਾ) (ਵਿਘਨ) Order please. (Acharya Sahib has become Comrade like Comrade Ram Kishen). (Interruption)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਕਪੂਰ ਸਾਹਿਬ ਵੀ ਕਾਮਰੇਡ ਹੀ ਹਨ।

ਸ੍ਰੀ ਸਪੀਕਰ : ਠੀਕ ਹੈ, ਜਿਸ ਪਾਸ ਧੇਲਾ ਨਹੀ ਹੈ, ਉਹ ਹੀ ਕਾਮਰੇਡ ਹੈ। (ਹਾਸਾ) (You mean a person having no money is a Comrade).

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਸ ਕਰਕੇ ਸ਼ਰਮਾ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਜਦੋਂ ਇਹ ਡੀਬੇਟ ਦਾ ਰਿਪਲਾਈ ਦੇਣ ਤਾਂ ਇਹ ਹੀ ਨਾ ਸੁਣਾਉਣ ਕਿ ਡਾਂਗ ਸਾਹਿਬ ਨੇ ਅੰਮ੍ਰਿਤਸਰ ਬਾਰੇ ਗੱਲ ਕੀਤੀ ਸੀ। ਇਕ ਮੈਮੋਰੰਡਮ ਘੱਲਿਆ ਸੀ ਕਿ ਉਥੇ ਕੁਰੱਪਸ਼ਨ ਹੈ। ਸਪੀਕਰ ਸਾਹਿਬ, ਮੈਂ ਤਾਂ ਕਹਿੰਦਾ ਹਾਂ ਕਿ ਅੰਮ੍ਰਿਤਸਰ ਹੀ ਨਹੀਂ ਹੋਰ ਜਗ੍ਹਾ ਵੀ ਕੁਰੱਪਸ਼ਨ ਹੈ । ਸ਼ਰਮਾ ਜੀ ਇਕ ਇੰਮਪਰੂਵਮੈਂਟ ਟਰੱਸਟ ਪਹਿਲਾਂ ਹੈ, ਤੁਸੀਂ ਦੂਜਾ ਵੀ ਖੋਲ੍ਹ ਸਕਦੇ ਹੋ ਪਰ ਇਸ ਤਰ੍ਹਾਂ ਇਹ ਮਸਲਾ ਹੱਲ ਨਹੀਂ ਹੋਣਾ। ਜਿਹੜੇ ਵੈਸਟਿਡ ਇੰਟਰੈਸਟਸ ਹੋਣਗੇ ਉਨ੍ਹਾਂ ਨੂੰ ਹੀ ਉਬਲਾਈਜ ਕੀਤਾ ਜਾਵੇਗਾ। ਇਹ ਵੇਖਣਾ ਚਾਹੀਦਾ ਹੈ ਕਿ ਇੰਮਪਰੂਵਮੈਂਟ ਦੀ ਸੈਟਅੱਪ ਵਿਚ ਅਗੇ ਐਕਸਪੀਰੀਐਂਸ ਕੀ ਕਹਿੰਦਾ ਹੈ। ਇਹ ਕੀਤਾ ਜਾਵੇ ਕਿ ਇਸ ਉਤੇ ਡੀਪ ਥਿੰਕਿੰਗ ਦੀ ਲੋੜ ਹੈ। ਇਸ ਪਾਸੇ ਸੋਚਣ ਲਈ ਕਾਫੀ ਸਮੇਂ ਦੀ ਲੋੜ ਹੈ।

ਇਸ ਲਈ, ਮੈਂ ਇਹ ਸੁਜੈਸਟ ਕਰਾਂਗਾ ਕਿ ਜਿਹੜਾ ਹਰੀਜਨਾਂ ਦੇ ਬਾਰੇ ਹੈ ਉਸ ਦਾ ਤਾਂ ਵੱਖਰਾ ਆਰਡੀਨੈਂਸ ਭਾਵੇਂ ਕਰ ਲਵੋ ਤੇ ਹਾਊਸ ਤੋਂ ਅਪਰੂਵ ਕਰਵਾ ਲਵੋ, ਪਰ ਜਿਹੜਾ ਦੂਸਰਾ ਬਿਲ ਹੈ ਇਸ ਬਾਰੇ ਹਰੀ ਨਾ ਕਰੋ। ਇਹ ਸੀਲੈਕਟ ਕਮੇਟੀ ਬਣਾ ਲੈਣ ਤੇ ਉਸ ਨੂੰ ਇਹ ਰੈਫਰ ਕਰ ਦੇਣ ਕਿਉਂਕਿ ਇਸ ਵਿਚ ਬਾਕੀ ਦਾ ਮੈਟਰ ਬੜਾ ਕੰਟਰੋਵਰਸ਼ੀਅਲ ਹੈ। I will go on record that it is not with the object of fighting corruption in the Improvement Trusts that the bill has been presented.

ਇਹ ਜੋ ਕੁਝ ਕੀਤਾ ਜਾ ਰਿਹਾ ਹੈ, ਇਸ ਨਾਲ ਕਈ ਪ੍ਰਾਬਲਮਜ਼ ਅਨਸਾਲਵਡ ਰਹਿੰਦੀਆਂ ਹਨ। ਜਿਹੜੇ ਅਰਬਨ ਏਰੀਆਜ਼ ਹਨ ਉਨਾਂ ਦੀਆਂ ਪ੍ਰਾਬਲਿਮਜ਼ ਹੱਲ ਨਹੀਂ ਹੋਣਗੀਆਂ। ਇਹ ਪ੍ਰਾਬਲਮਜ਼ ਸਾਲਵ ਕਰਨ ਲਈ ਤਰੀਕਾ ਠੀਕ ਨਹੀਂ ਰਹੇਗਾ। Because they are deeper and different than the problems sought to be solved.

ਸਰਦਾਰ ਸੁਖਦੇਵ ਸਿੰਘ ਢਿੱਲੋਂ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਪੰਜਾਬ ਟਾਊਨ ਇੰਮਪਰੂਵਮੈਂਟ ਟਰੱਸਟ ਦੇ ਬਿੱਲ ਤੇ ਬੋਲਣ ਦਾ ਮੈਨੂੰ ਮੌਕਾ ਮਿਲਿਆ ਹੈ। ਇਸ ਦੇ ਜਿਹੜੇ ਆਬਜੈਕ-ਟਸ ਹਨ, ਉਸ ਵਿਚ ਸਿਵਾਏ ਇਕ ਅੱਧ ਗੱਲ ਦੇ ਕਿ ਹਰੀਜਨ ਮੈਂਬਰ ਨੂੰ ਲੈਣਾ ਹੈ ਹੋਰ ਕੋਈ ਵੀ

[ਸਰਦਾਰ ਸੁਖਦੇਵ ਸਿੰਘ ਢਿਲੋਂ]

ਚੰਗੀ ਗੱਲ ਇਸ ਵਿਚ ਨਹੀਂ ਹੈ। ਇਸ ਵਿਚ ਇਸ ਤੋਂ ਸਿਵਾ ਹੋਰ ਕਿਸੇ ਗੱਲ ਦਾ ਧਿਆਨ ਨਹੀਂ ਰਖਿਆ ਗਿਆ। 25 ਸਾਲ ਇਨਾਂ ਨੂੰ ਰਾਜ ਕਰਦਿਆਂ ਨੂੰ ਹੋ ਗਏ ਹਨ, ਇਸ ਵਿਚ ਕੋਈ ਇਨ੍ਹਾਂ ਨੇ ਚੰਗੀ ਗੱਲ ਨਹੀਂ ਲਿਆਂਦੀ। ਇਨ੍ਹਾਂ ਨੇ ਕਿਹਾ ਹੈ ਕਿ ਟਾਊਨ ਪਲੈਨਰ ਇਸ ਦਾ ਮੈਂਬਰ ਹੋਵੇਗਾ, ਇਸ ਨਾਲ ਕੀ ਫਰਕ ਪੈਂਦਾ ਹੈ। ਮੈਂ ਸਮਝਦਾ ਹਾਂ ਕਿ ਇਹ ਪ੍ਰੋਵੀਜ਼ਨ ਕਰਨ ਨਾਲ ਕੋਈ ਸੁਧਾਰ ਨਹੀਂ ਹੋ ਜਾਣਾ। ਅਗੇ ਹੀ ਅਫਸਰ ਸ਼ਾਹੀ ਦਾ ਰਾਜ ਹੈ। ਅਫਸਰ ਸ਼ਾਹੀ ਕੀ ਕਰਦੀ ਹੈ ਕਿ ਜਿਹੜੇ ਨਕਸ਼ੇ ਹੁੰਦੇ ਹਨ, ਉਹ ਆਪਣਿਆਂ ਕਮਰਿਆਂ ਵਿਚ ਬੰਦ ਰਖਦੇ ਹਨ। ਛੋਟੇ ਛੋਟੇ ਮਾਲਕਾਂ ਨੂੰ ਡਰਾਉਣ ਵਾਸਤੇ ਜਾਂ ਵੱਡੇ ਆਦਮੀਆਂ ਨੂੰ ਉਬਲਾਈਜ ਕਰਨ ਵਾਸਤੇ, ਵੱਧ ਤੋਂ ਵੱਧ ਪੈਸੇ ਬਣਾਉਣ ਵਾਸਤੇ ਇਸ ਤਰ੍ਹਾਂ ਦੇ ਢੰਗ ਬਣਾਏ ਹੋਏ ਹਨ। ਉਨ੍ਹਾਂ ਗਰੀਬ ਲੋਕਾਂ ਨੂੰ ਧਮਕੀਆਂ ਦਿਤੀਆਂ ਜਾਂਦੀਆਂ ਹਨ ਕਿ ਇਥੇ ਅਸੀਂ ਸਿਨਮਾ ਬਣਾਉਣ ਲਗੇ ਹਾਂ, ਇਥੇ ਪਲਾਟ ਕੱਟਣ ਲਗੇ ਹਾਂ। ਇਸ ਤਰ੍ਹਾਂ ਡਰਾ ਧਮਕਾ ਕੇ ਉਨ੍ਹਾਂ ਪਾਸੋਂ ਪੈਸੇ ਲਏ ਜਾਂਦੇ ਹਨ। ਇਸ ਤਰ੍ਹਾਂ ਸ਼ਹਿਰਾਂ ਦੀ ਹਾਲਤ ਖਰਾਬ ਹੋ ਰਹੀ ਹੈ।

ਸਪੀਕਰ ਸਾਹਿਬ, ਅਸੀਂ ਤਾਂ ਪਹਿਲਾਂ ਤੋਂ ਹੀ ਕਹਿੰਦੇ ਹਾਂ ਕਿ ਇਹ ਲੋਕ ਡੈਮੋਕਰੇਸੀ ਦਾ ਭੋਗ ਪਾ ਕੇ ਹੀ ਰਹਿਣਗੇ। ਇਹ ਜੋ ਹੁਣ ਬਿੱਲ ਲਿਆਂਦਾ ਹੈ ਇਸ ਤੋਂ ਵੀ ਇਸ ਗੱਲ ਦਾ ਅੰਦਾਜ਼ਾ ਲਗਦਾ ਹੈ। ਇਨ੍ਹਾਂ ਨੇ ਮਿਉਂਸਪੈਲਿਟੀਆਂ ਦੇ ਕੋਈ ਇਲੈਕਸ਼ਨ ਨਹੀਂ ਕਰਵਾਇਆ ਕਰਨੇ।

ਸ੍ਰੀ ਸਪੀਕਰ: ਮਿਊਂਸਪੈਲਿਟੀਆਂ ਦੇ ਇਲੈਕਸ਼ਨ ਤਾਂ ਹੋਏ ਹੋਏ ਹਨ। (ਹਾਸਾ) (ਵਿਘਨ) (The elections to the Municipalities have already been held).

ਸਰਦਾਰ ਸੁਖਦੇਵ ਸਿੰਘ ਢਿੱਲੋਂ: ਸਪੀਕਰ ਸਾਹਿਬ, ਇਮਪਰੂਵਮੈਂਟ ਟਰੱਸਟ ਵਿਚੋਂ ਫਿਰ ਇਨ੍ਹਾਂ ਨੇ ਮੈਂਬਰ ਲੈਣੇ ਹਨ। ਤਿੰਨ ਮੈਂਬਰ ਲੈਣ ਦਾ ਅਧਿਕਾਰ ਲੈਣਗੇ। ਅਸੀਂ ਇਹ ਤਾਂ ਪਹਿਲਾਂ ਹੀ ਸੋਚਿਆ ਸੀ ਕਿ ਇਨ੍ਹਾਂ ਨੇ ਸ਼ਹਿਰਾਂ ਵਿਚ ਵੀ ਡੈਮੋਕਰੇਸੀ ਖਤਮ ਕਰ ਦੇਣੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਗੌਰਮਿੰਟ ਨੇ ਬੜਾ ਅਧਿਕਾਰ ਲੈ ਲਿਆ ਹੈ। ਡਿਪਟੀ ਕਮਿਸ਼ਨਰ ਇਨਟਰਵੀਨ ਕਰੇਗਾ। ਕਈ ਅਫਸਰ ਚੰਗਾ ਕੰਮ ਕਰਦੇ ਹਨ ਪਰ ਬਹੁਤ ਸਾਰੀਆਂ ਜਗ੍ਹਾ ਤੇ ਐਸੇ ਅਫਸਰ ਹਨ ਜਿਹੜੇ ਛੋਟੇ ਆਦਮੀਆਂ ਨਾਲ ਗੱਲ ਵੀ ਨਹੀਂ ਕਰ ਸਕਦੇ। ਹੋਰ ਕਿਧਰੇ ਦੀ ਗੱਲ ਮੈਂ ਨਹੀਂ ਕਰਦਾ, ਬਠਿੰਡੇ ਦਾ ਮੈਨੂੰ ਪਤਾ ਹੈ। ਉਥੇ 600 ਆਦਮੀਆਂ ਨੂੰ ਉਜਾੜ ਦਿਤਾ। ਉਨ੍ਹਾਂ ਨੂੰ ਉਜਾੜਿਆ ਗਿਆ ਹੈ ਜਿਹੜੇ ਕਿ ਛੋਟੀ ਛੋਟੀ ਦੁਕਾਨਦਾਰੀ ਕਰਦੇ ਹਨ ਔਰ ਉਹ ਹੁਣ ਭਾਂਡੇ ਮਾਂਜਣ ਲਗ ਪਏ ਹਨ। ਪਰ ਦੂਜੇ ਪਾਸੇ ਇਨ੍ਹਾਂ ਨੇ ਜਿਹੜੇ ਆਪਣੇ ਆਦਮੀ ਸਨ ਉਨ੍ਹਾਂ ਨੂੰ ਕਿਸੇ ਨੂੰ ਪੈਟਰੋਲ ਪੰਪ ਲਗਾ ਦਿਤਾ ਹੈ, ਕਿਸੇ ਨੂੰ ਪਲਾਟ ਦੇ ਦਿਤਾ ਹੈ। ਉਥੇ, ਸਪੀਕਰ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ 27 ਰੁਪਏ ਗਜ਼ ਦੇ ਭਾਅ ਪਲਾਟਾਂ ਦੀ ਅਲਾਟਮੈਂਟ ਕੀਤੀ ਗਈ ਹੈ। ਉਥੇ ਜਿਹੜੇ ਵੱਡੇ ਵੱਡੇ ਆਦਮੀ ਸਨ, ਪੈਸੇ ਵਾਲੇ ਸਨ ਉਨ੍ਹਾਂ ਨੂੰ ਤਾਂ ਪੈਟਰੋਲ ਪੰਪ ਦਿਤੇ ਗਏ ਹਨ, ਪਰ ਗਰੀਬ ਆਦਮੀ ਝਾਕਦੇ ਰਹਿ ਗਏ ਹਨ।

(ਮੁੱਖ ਸੰਸਦੀ ਸਕੱਤਰ ਸਾਹਿਬ ਨੇ ਬੈਠੇ ਬੈਠੇ ਕੁਝ ਕਿਹਾ ਜੋ ਕਿ ਸੁਣਾਈ ਨਾ ਦਿੱਤਾ)

ਤੁਹਾਡੇ ਬਾਰੇ ਵੀ ਮੈਨੂੰ ਪਤਾ ਹੈ ਸਿਨਮੇਂ ਦੇ ਹਿੱਸੇ ਬਾਰੇ, ਤੁਸੀਂ ਚੁੱਪ ਰਹੋ। ਸਪੀਕਰ ਸਾਹਿਬ, ਉਥੇ ਇਸ ਤਰ੍ਹਾਂ ਦੀਆਂ ਗਲਤ ਗੱਲਾਂ ਹੋਈਆਂ ਹਨ, ਜਿਨਾਂ ਦੀ ਮੈਂ ਇਕ ਮਸਾਲ ਤੁਹਾਡੇ ਸਾਹਮਣੇ ਰਖਦਾ ਹਾਂ। ਇਕ ਪਲਾਟ ਘੱਟ ਕੀਮਤ ਤੇ ਵਿਕ ਗਿਆ। ਉਸ ਦੀ

ਦੁਬਾਰਾ ਬੋਲੀ ਕਰਵਾਈ ਗਈ ਤੇ ਸਾਰਿਆਂ ਨੂੰ ਇਹ ਕਿਹਾ ਗਿਆ ਕਿ ਜਿਤਨੀ ਵੀ ਬੋਲੀ ਇਹ ਆਦਮੀ ਦੇਵੇਗਾ ਉਸ ਤੋਂ ਜ਼ਿਆਦਾ ਕਿਸੇ ਨੇ ਨਹੀਂ ਦੇਣੀ। ਪਹਿਲਾਂ ਅਫਸਰਾਂ ਨੇ ਲਿਖਿਆ ਸੀ ਕਿ ਇਹ ਪਲਾਟ ਇਕ ਲੱਖ ਘੱਟ ਕੀਮਤ ਤੇ ਵਿਕਿਆ ਹੈ ਪਰ ਜਦੋਂ ਦੂਜੀ ਵਾਰ ਇਕ, ਦੋ, ਤਿੰਨ ਕਹਿ ਕੇ ਬੋਲੀ ਤੋੜੀ ਗਈ ਤਾਂ ਦੋ ਲੱਖ ਰੁਪਈਏ ਘੱਟ ਤੇ ਨਿਲਾਮੀ ਕੀਤੀ ਗਈ । ਉਥੇ ਉਨ੍ਹਾਂ ਲੋਕਾਂ ਨੂੰ ਦੁਕਾਨਾਂ ਅਲਾਟ ਕੀਤੀਆਂ ਗਈਆਂ ਜਿਹੜੇ ਕਿ ਸਰਕਾਰ ਦੇ ਮਨਜ਼ੂਰੇ ਨਜ਼ਰ ਸਨ। ਉਥੇ ਸਰਕਾਰ ਦਾ ਸਿੱਧਾ ਦਖਲ ਹੈ। ਉਥੇ ਜਿਹੜੇ ਲੋਕਾਂ ਨੇ ਛੋਟੇ ਛੋਟੇ ਢਾਬੇ ਬਣਾਏ ਹੋਏ ਸਨ, ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿਤਾ ਗਿਆ। ਜਿਹੜੇ ਲੋਕ ਉਥੋਂ ਉਜਾੜੇ ਗਏ ਸਨ, ਉਨਾਂ ਨੂੰ ਕਿਹਾ ਗਿਆ ਸੀ ਕਿ ਤੁਹਾਨੂੰ ਵਾਰੀ ਵਾਰੀ ਪਲਾਟ ਦਿਤੇ ਜਾਣਗੇ।

ਗਰੀਬ ਲੋਕਾਂ ਤੋਂ 5000-5000 ਰੁਪਿਆ ਲੈ ਲਿਆ ਗਿਆ । ਅਸੀਂ ਇਸ ਬਾਰੇ ਗਰੀਵੈਂਸਿਜ਼ ਕਮੇਟੀ ਵਿਚ ਲਿਖ ਕੇ ਦਿੱਤਾ ਤਾਂ ਉਥੇ ਕਿਹਾ ਗਿਆ ਕਿ ਇਹ ਚੀਜ਼ ਪਹਿਲੀ ਮਿਉਂਸਪੈਲਿਟੀ ਕਰ ਗਈ ਹੈ। ਫਿਰ ਇਸ ਗੱਲ ਦੀ ਜਦੋਂ ਪੜਤਾਲ ਕੀਤੀ ਗਈ ਤਾਂ ਪਤਾ ਲਗਾ ਕਿ ਜਿਹੜੇ 3 ਪੁਵਾਇੰਟ ਅਸੀਂ ਲਿਖ ਕੇ ਦਿੱਤੇ ਸਨ, ਉਹ ਠੀਕ ਸਨ ਅਤੇ 3 ਦੁਕਾਨਾਂ ਗ਼ਲਤ ਨਿਕਲੀਆਂ। ਅਤੇ ਹਾਲਾਂ ਤਕ ਰੁਪਿਆ ਵੀ ਨਹੀਂ ਮੋੜਿਆ ਗਿਆ। ਇਸ ਤੋਂ ਬਾਅਦ, ਇਹ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਗੱਲਾਂ ਦੀ ਇਨਕਵਾਇਰੀ ਕੀਤੀ ਜਾਵੇਗੀ ਅਤੇ ਇਹ ਕਿਹਾ ਕਿ ਮੈਜਿਸਟਰੇਟ ਉਸੇ ਸ਼ਿਕਾਇਤ ਦੀ ਇੰਨਕਵਾਇਰੀ ਕਰ ਸਕਦਾ ਹੈ ਜਿਹੜੀ ਕਿ ਐਮ. ਐਲ. ਏ. ਨੇ ਲਿਖ ਕੇ ਦਿੱਤੀ ਹੋਵੇ। ਇਸ ਤਰ੍ਹਾਂ ਨਾਲ ਬਾਕੀ ਦੀ ਫਾਈਲ ਦਾ ਤਾਂ ਪਤਾ ਨਹੀਂ ਲਗਿਆ। ਉਸ ਨੂੰ ਅਫਸਰ ਘਰ ਲੈ ਗਏ ਹੋਣਗੇ । ਮੈਂ ਇਹ ਨਹੀਂ ਕਹਿੰਦਾ ਕਿ ਨੇਕ ਅਫਸਰ ਨਹੀਂ ਹਨ, ਡੀ.ਸੀ. ਨੇਕ ਨਹੀਂ ਹਨ। ਨੇਕ ਅਫਸਰ ਵੀ ਬੜੇ ਹਨ, ਪਰ ਕੁਝ ਆਦਮੀ ਅਜਿਹੇ ਲਗੇ ਹੋਏ ਹਨ ਜਿਹੜੇ ਠੀਕ ਤਰ੍ਹਾਂ ਕੰਮ ਨਹੀਂ ਕਰਦੇ। ਦੋ ਦੋ ਰੁਪਏ ਗੱਜ਼ ਜ਼ਮੀਨ ਲੈ ਕੇ 60-60 ਰੁਪਏ ਦੇ ਹਿਸਾਬ ਨਾਲ ਵੇਚ ਦਿੰਦੇ ਹਨ। ਗਰੀਬ ਲੋਕਾਂ ਨੂੰ ਇਹ ਕਿਹਾ ਜਾਂਦਾ ਹੈ ਕਿ ਫਲਾਂ ਜਗ੍ਹਾ ਕੋਈ ਸਕੀਮ ਬਣਾਈ ਜਾਣੀ ਹੈ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਸਸਤੇ ਭਾ ਖਰੀਦ ਕੇ ਮਹਿੰਗੇ ਭਾ ਵੇਚਕੇ ਕੁਝ ਦਿਨਾਂ ਮਗਰੋਂ ਇਹ ਕਹਿ ਦਿੰਦੇ ਹਨ ਕਿ ਉਥੇ ਜਿਹੜੀ ਚੀਜ਼ ਬਣਾਈ ਜਾਣੀ ਸੀ, ਉਹ ਕਿਤੇ ਹੋਰ ਬਣਾਈ ਜਾਣੀ ਹੈ ਅਤੇ ਇਹ ਕੁਝ ਅਫਸਰ ਅਤੇ ਕਰਮਚਾਰੀ ਰਲ ਮਿਲ ਕੇ ਕਰਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਗਰੀਬ ਆਦਮੀ ਆਪਣਾ ਕਾਰੋਬਾਰ ਨਹੀਂ ਚਲਾ ਸਕਦਾ । ਗਰੀਬ ਲੋਕਾਂ ਤੋਂ ਜ਼ਮੀਨ 10 ਰੁਪਏ ਗਜ਼ ਐਕੁਆਇਰ ਕਰਕੇ 6 ਮਹੀਨੇ ਬਾਅਦ 30 ਰੁਪਏ ਗਜ਼ ਦੇ ਹਿਸਾਬ ਨਾਲ ਵੇਚ ਦਿੰਦੇ ਹਨ ਅਤੇ ਗਰੀਬ ਲੋਕਾਂ ਦੀ ਤਕਲੀਫ ਵਲ ਕੋਈ ਧਿਆਨ ਨਹੀਂ ਦਿੱਤਾ ਜਾਦਾ ।

ਸ਼੍ਰੀ ਸਪੀਕਰ: ਤੁਸੀਂ ਰੈਪੀਟੀਸ਼ਨ ਨਾ ਕਰੋ । ਕਿੰਨੀ ਹੀ ਵਾਰੀ ਤੁਸੀਂ ਇਸ ਗੱਲ ਨੂੰ ਕਹਿ ਚੁਕੇ ਹੋ ।(Please avoid repetition. You have repeated the same matter many a time.)

ਸਰਦਾਰ ਸੁਖਦੇਵ ਸਿੰਘ ਢਿੱਲੋਂ: ਸਪੀਕਰ ਸਾਹਿਬ, ਹੁਣ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਨੇ ਮਾਡਲ ਵਿਲੇਜ ਬਣਾਉਣ ਦਾ ਫੈਸਲਾ ਕੀਤਾ ਸੀ ਉਸ ਦੇ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਫਿਰ, ਸਪੀਕਰ ਸਾਹਿਬ, ਜਿਹੜੇ ਇੰਪਰੂਵਮੈਂਟ ਟਰੱਸਟਾਂ ਦੇ ਚੇਅਰਮੈਨ ਬਣਦੇ ਹਨ, ਉਨਾਂ ਨੂੰ 1500–1,500, 2,000–2,000 ਰੁਪਿਆ ਦਿਤਾ ਜਾਂਦਾ ਹੈ ਪਰ ਉਹ ਕੰਮ ਕੋਈ ਵੀ ਨਹੀਂ ਕਰਦੇ । ਬਠਿੰਡਾ ਦੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਨੂੰ ਬਣੇ ਡੇਢ ਸਾਲ ਹੋ ਗਿਆ ਹੈ, ਪਰ ਉਥੇ ਅਜੇ ਫੰਕਸ਼ਨਿੰਗ ਸ਼ੁਰੂ ਨਹੀਂ ਹੋਈ । ਸਰਕਾਰ ਦੀ ਨਿਯਤ ਸਾਫ਼ ਨਹੀਂ ਹੈ । ਮੈਂ ਡਾਂਗ ਸਾਹਿਬ ਦੀ ਗੱਲ ਨਾਲ ਸਹਿਮਤ ਹਾਂ ਕਿ ਹਰੀਜਨ ਮੈਂਬਰ ਬਾਰੇ ਜਿਹੜੀ ਗੱਲ ਉਨ੍ਹਾਂ ਕਹੀ ਹੈ, ਇਸ ਬਿਲ ਨੂੰ ਦੋਬਾਰਾ ਸਿਲੈਕਟ ਕਮੇਟੀ ਨੂੰ ਰੈਫਰ ਕਰ ਦਿਤਾ ਜਾਵੇ।

ਸ੍ਰੀ ਗੁਰਦਿਆਲ ਸੈਣੀ (ਜਲੰਧਰ ਉੱਤਰ): ਮੈਂ ਧੰਨਵਾਦ ਕਰਦਾ ਹਾਂ ਕਿ ਜਨਾਬ ਨੇ ਮੈਨੂੰ ਬੋਲਣ ਦਾ ਟਾਈਮ ਦਿਤਾ। ਮੈਂ ਇਸ ਅਮੈਂਡਿੰਗ ਬਿਲ ਤੇ ਆਪਣੇ ਵਿਚਾਰ ਰੱਖਣਾ ਚਾਹੁੰਦਾ ਹਾਂ। ਆਪੋਜ਼ੀਸ਼ਨ ਨੂੰ ਚਾਹੀਦਾ ਹੈ ਕਿ ਜਿਹੜੀ ਕੋਈ ਚੰਗੀ ਗੱਲ ਹੋਵੇ ਉਹ ਜ਼ਰੂਰ ਮੰਨ ਲੈਣੀ ਚਾਹੀਦੀ ਹੈ। ਸ਼ਰਮਾਂ ਜੀ ਨੇ ਜੋ ਚੀਜ਼ ਲਿਆਂਦੀ ਹੈ ਇਹ ਕੋਈ ਅਜਿਹੀ ਨਹੀਂ ਹੈ ਜਿਹੜੀ ਗ਼ਲਤ ਹੋਵੇ ਅਤੇ ਜੋ ਸਾਡੇ ਪੰਜਾਬ ਦੇ ਹਿੱਤ ਵਿਚ ਨਾ ਹੋਵੇ। ਡਾਂਗ ਸਾਹਿਬ ਨੇ ਬੜਾ ਰੌਲਾ ਪਾਇਆ ਕਿ ਕੁਰੱਪਸ਼ਨ ਹੁੰਦੀ ਹੈ।

ਸ੍ਰੀ ਸਪੀਕਰ : 'ਰੌਲਾ' ਲਫ਼ਜ਼ ਚੰਗਾ ਨਹੀਂ ਲਗਦਾ। (The word 'Raula' is not in good taste)

ਸ੍ਰੀ ਗੁਰਦਿਆਲ ਸੈਣੀ : ਚਲੋ ਜੀ, ਰੌਲੇ ਦੀ ਬਜਾਏ ਇਹ ਕਹਿ ਦਿੰਦਾ ਹਾਂ ਕਿ ਬੜਾ ਭਾਸ਼ਨ ਦਿੱਤਾ ਕਿ ਕੁਰਪਸ਼ਨ ਬੜੀ ਹੁੰਦੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੁਰੱਪਸ਼ਨ ਨੂੰ ਦੂਰ ਕਰਨ ਵਾਸਤੇ ਹੀ ਸ਼ਰਮਾਂ ਜੀ ਨੇ, ਆਪਣੀ ਗੌਰਮਿੰਟ ਨੇ ਪਾਵਰਜ਼ ਲਈਆਂ ਹਨ। ਮਿਊਂਸਪੈਲਟੀ ਵਿਚ ਰੇਜ਼ੋਲਿਊਸ਼ਨ ਆਵੇ ਤਾਂ ਉਥੇ ਡੀ. ਸੀ. ਬੈਠਾ ਹੁੰਦਾ ਹੈ ਕਿ ਰੇਜ਼ੋਲਿਊਸ਼ਨ ਗ਼ਲਤ ਹੈ ਜਾਂ ਠੀਕ ਹੈ। ਗਵਰਨਮੈਂਟ ਪਾਵਰਜ਼ ਡੈਲੀਗੇਟ ਕਿਸੇ ਵੀ ਅਫ਼ਸਰ ਨੂੰ ਕਰੇ ਪੀ. ਸੀ. ਐਸ. ਜਾਂ ਆਈ. ਏ. ਐਸ. ਤੋਂ ਘੱਟ ਨਹੀਂ ਹੋਣਾ ਚਾਹੀਦਾ। ਮੈਂ ਇਹ ਵੀ ਕਹਾਂਗਾ ਕਿ ਕਈ ਟਰੱਸਟ ਐਸੇ ਹਨ ਕਿ ਜਿਥੇ ਕੰਮ ਬਿਲਕੁਲ ਨਹੀਂ ਹੁੰਦਾ, ਉਹ ਬਿਲ ਕੁਲ ਕੰਮ ਨਹੀਂ ਕਰਦੇ ਜਾਂ ਉਥੇ ਕੁਰਪਸ਼ਨ ਹੁੰਦੀ ਹੈ ਅਤੇ ਹੇਰਾ ਫੇਰੀ ਹੁੰਦੀ ਹੈ, ਲੋਕਾਂ ਦੀਆਂ ਜ਼ਮੀਨਾਂ ਲੈ ਕੇ ਕਈ ਕਈ ਸਾਲ, 10 10 ਸਾਲ ਪਈਆਂ ਰਹਿੰਦੀਆਂ ਹਨ। ਪਰ ਗੌਰਮਿੰਟ ਕੋਲ ਕੋਈ ਪਾਵਰਜ਼ ਨਹੀਂ ਸਨ ਕਿ ਗਵਰਮੈਂਟ ਕੋਈ ਇਨਕੁਆਇਰੀ ਕਰਵਾ ਸਕੇ। ਇਸ ਕਰ ਕੇ ਸ਼ਰਮਾਂ ਜੀ ਇਸ ਗੱਲ ਲਈ ਵਧਾਈ ਦੇ ਪਾਤਰ ਹਨ ਕਿ ਉਨ੍ਹਾਂ ਨੇ ਇਸ ਤਰ੍ਹਾਂ ਦੀ ਗੱਲ ਕੀਤੀ ਹੈ। 27 ਸਾਲਾਂ ਵਿਚ ਕਈ ਗੌਰਮਿੰਟਾਂ ਆਈਆਂ ਅਤੇ ਕਈ ਗਈਆਂ। ਇਹ ਡਰ ਹੁਣ ਖਤਮ ਹੋ ਗਿਆ ਹੈ ਕਿ ਹਰੀਜਨਾਂ ਵਾਸਤੇ ਕੋਈ ਇੰਪਰੂਵਮੈਂਟ ਟਰੱਸਟ ਚਾਹੀਦਾ ਹੈ। ਸ਼ਰਮਾਂ ਜੀ ਅਤੇ ਸਾਡੀ ਕਾਂਗਰਸ ਦੀ ਸਰਕਾਰ ਇਸ ਗੱਲ ਲਈ ਵਧਾਈ ਦੀ ਪਾਤਰ ਹੈ। ਇਸ ਦੇ ਨਾਲ ਹੀ ਮੈਂ ਇਹ ਸੁਝਾਉ ਵੀ ਦੇਣਾ ਚਾਹੁੰਦਾ ਹਾਂ ਕਿ ਜਿਹੜੀ ਜਗ੍ਹਾ ਜਾਂ ਜ਼ਮੀਨ ਇੰਪਰੂਵਮੈਂਟ ਟਰੱਸਟ ਲੈਣ, ਉਹ ਜਗ੍ਹਾ ਲੈ ਕੇ ਨੋ ਪਰਾਫਿਟ, ਨੋ ਲਾਸ ਬੇਸਿਜ਼ ਤੇ ਗਰੀਬਾਂ ਨੂੰ ਰਿਜ਼ਰਵੇਸ਼ਨ ਰਖ ਕੇ ਵੀ ਦਿਤੀ ਜਾਵੇ। ਇਹ ਸੁਝਾਓ ਸ਼ਰਮਾਂ ਜੀ ਨੋਟ ਕਰ ਲੈਣ।

ਟਾਊਨ ਪਲੈਨਰਜ਼ ਦੇ ਬਾਰੇ ਡਾਂਗ ਸਾਹਿਬ ਨੇ ਕਿਹਾ। ਮੈਂ ਇਸ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਉਸ ਨੂੰ ਵੋਟਿੰਗ ਦੀ ਪਾਵਰ ਨਹੀਂ ਹੋਣੀ ਚਾਹੀਦੀ। ਪਰ ਟਾਊਨ ਪਲੈਨਰ, ਜਿਸ ਨੇ ਕਿ ਸ਼ਹਿਰਾਂ ਦੀ ਪਲੈਨਿੰਗ ਕਰਨੀ ਹੈ ਅਤੇ ਜਿਸ ਨੇ ਹਰ ਸਕੀਮ ਤੇ ਆਪਣੀ ਰਾਏ ਦੇਣੀ ਹੁੰਦੀ ਹੈ ਅਤੇ ਹਰ ਸਕੀਮ ਉਸ ਦੇ ਰਾਹੀਂ ਜਾਂਦੀ ਹੈ, ਉਸ ਨੂੰ ਟਰੱਸਟ ਵਿਚ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਇਹ ਹੱਕ ਹੋਣਾ ਚਾਹੀਦਾ ਹੈ ਕਿ ਉਹ ਆਪਣਾ ਡਾਈਸੈਂਟਿੰਗ ਨੋਟ ਦੇ ਸਕੇ ਕਿ ਫਲਾਂ ਚੀਜ਼ ਉਸ ਦੀ ਰਾਏ ਵਿਚ ਗ਼ਲਤ ਹੈ। ਇਸ ਕਰ ਕੇ ਜਿਸ ਤਰ੍ਹਾਂ ਡੀ. ਸੀ. ਲੋਕਲ ਬਾਡੀਜ਼ ਵਿਚ ਇਹ ਵੇਖਦਾ ਹੈ ਕਿ ਕੋਈ ਧੱਕੇ ਵਾਲੀ ਗੱਲ ਨਾ ਹੋਵੇ, ਉਸੇ ਤਰ੍ਹਾਂ ਹੀ ਇੰਪਰੂਵਮੈਂਟ ਟਰੱਸਟਾਂ ਵਿਚ ਹਰ ਗੱਲ ਤੇ ਨਿਗਾਹ ਰਖੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਈ ਟਰੱਸਟਾਂ ਦੇ ਚੇਅਰ-ਮੈਨ ਪੰਜਾਬ ਵਿਚ ਅਜਿਹੇ ਲਗਾਏ ਹੋਏ ਹਨ, ਜਿਹੜੇ 2-2, 3-3 ਮਹੀਨੇ ਦੀ ਛੁਟੀ ਲੈ ਕੇ ਚਲੇ ਜਾਂਦੇ ਹਨ ਅਤੇ ਕੰਮ ਖਰਾਬ ਹੁੰਦਾ ਹੈ, ਕੋਈ ਮੀਟਿੰਗ ਵੀ ਨਹੀਂ ਹੁੰਦੀ। 3-3 ਮਹੀਨੇ ਲਗਾਤਾਰ ਮੀਟਿੰਗ ਨਹੀਂ ਹੋ ਸਕਦੀ। ਇਹ ਬੜੀ ਚੰਗੀ ਚੀਜ਼ ਕੀਤੀ ਹੈ ਕਿ ਜੇ ਚੇਅਰਮੈਨ ਇਕ ਮਹੀਨਾ ਜਾਂ ਦੋ ਮਹੀਨੇ ਛੁਟੀ ਚਲਾ ਜਾਂਦਾ ਹੈ ਤਾਂ ਗਵਰਮੈਂਟ ਨੇ ਇਹ ਪਾਵਰ ਆਪਣੇ ਹੱਥ ਵਿਚ ਲੈ ਲਈ ਹੈ ਕਿ ਡੀ. ਸੀ.

ਜਾਂ ਐਸ. ਡੀ. ਐਮ. ਚੇਅਰਮੈਨਸ਼ਿਪ ਲੈ ਕੇ ਕੰਮ ਨੂੰ ਚਲਾ ਸਕਦਾ ਹੈ। ਇਸ ਬਾਰੇ ਮੈਂ ਇਕ ਸੁਝਾਓ ਵੀ ਦੇਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਇੰਪਰੂਵਮੈਂਟ ਟਰੱਸਟਸ ਹਨ ਉਹ 10–12 ਡਰਾਫਟ ਸਕੀਮਾਂ ਲੈ ਕੇ ਬੈਠ ਜਾਂਦੇ ਹਨ ਅਤੇ ਉਨਾਂ ਨੂੰ ਸਿਰੇ ਨਹੀਂ ਚਾੜ੍ਹਦੇ। ਇੰਡਸਟਰੀਅਲ ਏਰੀਆ ਦੀ 1963 ਦੀ ਇਕ ਸਕੀਮ ਹੈ ਪਰ ਨਾ ਉਸ ਜਗ੍ਹਾ ਦੇ ਨਕਸ਼ੇ ਮਿਊਂਸਪਲਟੀ ਅਤੇ ਨਾ ਇਪਰੂਵਮੈਂਟ ਟਰੱਸਟ ਪਾਸ ਕਰਦਾ ਹੈ। ਮਿਊਂਸਪੈਲਟੀ ਕਹਿੰਦੀ ਹੈ ਕਿ ਇਹ ਸਕੀਮ ਟਰੱਸਟ ਦੇ ਅੰਡਰ ਜਾ ਚੁਕੀ ਹੈ ਅਤੇ ਟਰੱਸਟ ਵਾਲੇ ਕਹਿੰਦੇ ਹਨ ਕਿ ਸਕੀਮ ਤਾਂ ਸਾਡੇ ਅੰਡਰ ਹੈ ਪਰ ਨਕਸ਼ਾ ਪਾਸ ਨਹੀਂ ਕਰਨਾ ਕਿਉਂਕਿ ਇਸ ਦੀ ਅਜੇ ਸਕੀਮ ਬਣਨੀ ਹੈ, ਜਾਂ ਇਸ ਜਗ੍ਹਾ ਨੂੰ ਮਿਊਂਸਪੈਲਟੀ ਲੈਣਾ ਚਾਹੁੰਦੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 2 ਜਾਂ 3 ਸਾਲ ਵਿਚ ਇਕ ਸਮਾਂ ਨਿਸ਼ਚਿਤ ਹੋਣਾ ਚਾਹੀਦਾ ਹੈ ਜਿਸ ਵਿਚ ਕਿ ਸਕੀਮਾਂ ਪਾਸ ਹੋ ਕੇ ਮੁਕੰਮਲ ਹੋ ਜਾਣੀਆਂ ਚਾਹੀਦੀਆਂ ਹਨ। ਸਾਡੇ ਜਲੰਧਰ, ਡੀ. ਏ. ਵੀ. ਅਤੇ ਦੋਆਬਾ ਕਾਲੇਜ ਦੇ ਪਰੋਫੈਸਰਾਂ ਨੇ ਡੀ, ਏ. ਵੀ. ਕਾਲੇਜ ਦੇ ਕੋਲ, ਇਹ 84 ਆਦਮੀ ਹਨ, ਜ਼ਮੀਨ ਲਈ ਹੈ। 1965 ਦੀ ਸਕੀਮ ਬਣੀ ਹੈ। ਪਰ ਜਦੋਂ ਇਹ ਪਰੋਫੈਸਰ ਨਕਸ਼ਾ ਲੈ ਕੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਪਾਸ ਨਹੀਂ ਕੀਤਾ ਜਾਂਦਾ। ਇੰਪਰੂਵਮੈਂਟ ਟਰੱਸਟ ਕਿਸੇ ਗੱਲ ਨੂੰ ਸਿਰੇ ਨਹੀਂ ਚਾੜ੍ਹਦੇ। ਇਸ ਕਰ ਕੇ ਮੈਂ ਸੁਝਾਓ ਦੇਵਾਂਗਾ ਕਿ ਕੋਈ ਐਸਾ ਕਾਨੂੰਨ ਬਣਾ ਦਿਤਾ ਜਾਵੇ ਕਿ 2–3 ਸਾਲ ਵਿਚ ਬਿਲਕੁਲ ਸਕੀਮ ਮੁਕੰਮਲ ਹੋ ਜਾਵੇ, ਭਾਵੇਂ ਮਿਉਂਸਪੈਲਟੀ ਕੋਲ ਹੋਵੇ ਭਾਵੇਂ ਇੰਪਰੂਵਮੈਂਟ ਟਰੱਸਟ ਕੋਲ ਹੋਵੇ। ਦੂਜੇ ਜਿਹੜਾ ਇੰਪਰੂਵਮੈਂਟ ਟਰੱਸਟਾਂ ਨੂੰ ਨੈਸ਼ਨੇਲਾਈਜ਼ ਬੈਂਕਾਂ ਵਿਚ ਅਕਾਊਂਟ ਰਖਣ ਦੀ ਇਜਾਜ਼ਤ ਦਿੱਤੀ ਗਈ ਹੈ, ਇਹ ਵੀ ਚੰਗੀ ਗੱਲ ਹੈ। ਅਗੇ ਸਿਰਫ ਇਨ੍ਹਾਂ ਦਾ ਅਕਾਊਂਟ ਸਟੇਟ ਬੈਂਕ ਨਾਲ ਹੀ ਚਲਦਾ ਸੀ ਅਤੇ ਇਸ ਵਿਚ ਮੁਸ਼ਕਿਲ ਵੀ ਪੇਸ਼ ਆਉਂਦੀ ਸੀ। ਹੁਣ ਇੰਪਰੂਵ ਮੈਂਟ ਟਰੱਸਟਸ ਦੂਜੇ ਬੈਂਕਾਂ ਕੋਲੋਂ ਆਪਣੇ ਫਾਈਨੈਂਸਿਜ਼, ਲੋਨ ਲੈ ਕੇ, ਰੇਜ਼ ਕਰ ਸਕਦੇ ਹਨ। ਕਿਉਂਕਿ ਟਰੱਸਟਾਂ ਦੀਆਂ ਐਸੀਆਂ ਚੀਜ਼ਾਂ ਹੁਣ ਸ਼ਹਿਰਾਂ ਵਿਚ ਬਣਨੀਆਂ ਹਨ, ਵੱਡੀਆਂ ਵੱਡੀਆਂ ਸਕੀਮਾਂ ਹੋਣਗੀਆਂ, ਇਸ ਲਈ, ਇਹ ਜ਼ਰੂਰੀ ਹੈ ਕਿ ਉਹ ਆਪਣੀਆਂ ਡਿਵੈਲਪਮੈਂਟ ਸਕੀਮਾਂ ਲਈ ਲੋਨ ਲੈ ਸਕਣ। ਡਿਵੈਲਪਮੈਂਟ ਦਾ ਕੰਮ ਬਹੁਤ ਜ਼ਿਆਦਾ ਹੈ ਕਿਉਂਕਿ ਪਿੰਡਾਂ ਦੇ ਲੋਕ ਸ਼ਹਿਰਾਂ ਵਿਚ ਆ ਕੇ ਵਸਣਾ ਚਾਹੁੰਦੇ ਹਨ। ਜੇ ਬੈਂਕਾਂ ਵਿਚ ਇਨ੍ਹਾਂ ਟਰੱਸਟਾਂ ਦੇ ਅਕਾਊਂਟ ਹੋਣਗੇ ਤਾਂ ਉਨ੍ਹਾਂ ਰਾਹੀਂ ਇਹ ਪੈਸਾ ਲੈ ਕੇ ਆਪਣੀਆਂ ਸਕੀਮਾਂ ਨੂੰ ਪੂਰਾ ਕਰ ਸਕਣਗੇ। ਹੁਣ ਸਰਕਾਰ ਨੇ ਪ੍ਰਬੰਧ ਕਰ ਦਿਤਾ ਹੈ ਕਿ ਕੋਈ ਗ਼ਲਤ ਕੰਮ ਨਾ ਹੋਵੇ ਅਤੇ ਪਾਵਰ ਆਪਣੇ ਹੱਥ ਵਿਚ ਲੈ ਲਈ ਹੈ। ਇਕ ਸੁਝਾਓ ਮੈਂ ਇਹ ਦੇਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮਿਉਂਸਪੈਲਟੀਆਂ ਦੀਆਂ ਮੀਟਿੰਗਾਂ ਵਿਚ ਲੋਕਲ ਐਮ. ਐਲ. ਏ. ਐਕਸ ਆਫੀਸ਼ੋ ਮੈਂਬਰ ਹੈ, ਉਸੇ ਤਰਾਂ ਹੀ ਇੰਪਰੂਵਮੈਂਟ ਟਰੱਸਟਾਂ ਵਿਚ ਵੀ ਲੋਕਲ ਐਮ. ਐਲ. ਏਜ਼, ਇੰਪਰੂਵਮੈਂਟ ਟਰੱਸਟ ਦੇ ਹਲਕੇ ਦੇ ਲੋਕਲ ਐਮ. ਐਲ. ਏਜ਼. ਨੂੰ ਮੈਂਬਰ ਬਣਾਉਣਾ ਚਾਹੀਦਾ ਹੈ, ਪਰ ਵੋਟਿੰਗ ਦਾ ਅਧਿਕਾਰ ਨਹੀਂ ਦਿਤਾ ਜਾਣਾ ਚਾਹੀਦਾ। ਭਾਵੇਂ ਕਾਂਗਰਸ ਦਾ ਐਮ. ਐਲ. ਏ. ਹੋਵੇ, ਭਾਵੇਂ ਆਪੋਜ਼ੀਸ਼ਨ ਦਾ ਹੋਵੇ, ਉਸ ਦਾ ਸੁਝਾਓ ਜ਼ਰੂਰ ਲੈਣਾ ਚਾਹੀਦਾ ਹੈ, ਲੇਕਿਨ ਵੋਟਿੰਗ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਮੈਂ ਸ਼ਰਮਾਂ ਜੀ ਨੂੰ ਇਸ ਗੱਲ ਦੀ ਵੀ ਵਧਾਈ ਦੇਂਦਾ ਹਾਂ ਕਿ ਜਲੰਧਰ ਵਿਚ ਇਕ ਜਨਤਾ ਕਾਲੋਨੀ ਬਣੀ ਹੈ, ਜਿਸ ਵਿਚ 800 ਘਰ ਬਣਾਏ ਜਾ ਰਹੇ ਹਨ ਜਿਹੜੇ ਕਿ ਗਰੀਬਾਂ ਨੂੰ ਮਿਲਣਗੇ। ਮੈਂ ਇਕ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਸਕੀਮਾਂ ਹੋਣ ਉਨ੍ਹਾਂ ਵਿਚ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ 50 ਫੀ ਸਦੀ ਉਨਾਂ ਦਾ ਨੋ ਪਰਾਫਿਟ, ਨੋ ਲਾਸ ਬੇਸਿਜ਼ ਤੇ ਗਰੀਬਾਂ ਦਾ ਹਿੱਸਾ ਹੋਣਾ ਚਾਹੀਦਾ ਹੈ, ਲੋ ਇਨਕਮ ਗਰੁੱਪ ਦੇ ਲੋਕਾਂ ਦਾ ਚਾਹੀਦਾ ਹੈ ਅਤੇ 5-5, 4-4 ਮੀਲ ਜਿਹੜੀਆਂ ਸ਼ਹਿਰਾਂ ਦੇ ਆਲੇ ਦੁਆਲੇ ਜ਼ਮੀਨ ਹੋਵੇ, ਉਸ ਨੂੰ ਕੋਈ ਵੱਡਾ ਅਮੀਰ ਆਦਮੀ ਨਾ ਖਰੀਦ ਸਕੇ ਅਤੇ ਗਰੀਬਾਂ ਨੂੰ ਹੀ ਦਿੱਤੀ ਜਾਵੇ। ਮੈਂ ਇਹ ਵੀ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੀਆਂ ਕਾਲੋਨੀਜ਼ ਗੌਰਮਿੰਟ ਬਣਾਏ ਅਤੇ ਇਸ ਬਾਰੇ ਅਮੈਂਡਿੰਗ ਬਿਲ ਭਾਵੇਂ ਲੈ ਆਉਣਾ ਚਾਹੀਦਾ ਹੈ।

ਸ੍ਰੀ ਪ੍ਰੇਮ ਗੁਪਤਾ (ਪਟਿਆਲਾ) : ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਟਾਊਨ ਇਮਪਰੂਵਮੈਂਟ ਬਿਲ, 1974 ਹੈ, ਇਸ ਦੇ ਬਾਰੇ ਮੈਂ ਸ਼ਰਮਾਂ ਜੀ ਦੀ ਸੇਵਾ ਵਿਚ 4-5 ਮਿੰਟਾਂ ਵਿਚ ਕੁਝ ਜ਼ਰੂਰੀ ਗੱਲਾਂ ਅਰਜ਼ ਕਰਨੀਆਂ ਚਾਹੁੰਦਾ ਹਾਂ। ਇਹ ਜਿਹੜੀ ਅਮੈਂਡਮੈਂਟ ਹੈ ਇਹ ਇਕ ਐਕਟ 1922 ਵਿਚ ਬਣਿਆ ਸੀ, ਉਸ ਦੇ ਵਿਚ ਹੈ। ਹੁਣ ਤੁਸੀਂ ਆਪ ਅੰਦਾਜ਼ਾ ਲਗਾ ਲਓ ਕਿ ਇਹ ਉਸ ਵੇਲੇ ਦਾ ਐਕਟ ਹੈ ਜਦੋਂ ਕਿ ਹਿੰਦੁਸਤਾਨ ਗੁਲਾਮ ਸੀ, ਇਹ ਉਸ ਵੇਲੇ ਦੇ ਹਾਲਾਤ ਦੇ ਮੁਤਾਬਿਕ ਕਿਵੇਂ ਬਣਿਆ ਹੋਵੇਗਾ ਅਸੀਂ ਸਾਰੇ ਹੀ ਜਾਣਦੇ ਹਾਂ। ਇਹ ਅਮੈਂਡਮੈਂਟ ਇਸ ਦੇ ਵਿਚ ਬਹੁਤ ਪਹਿਲਾਂ ਆ ਜਾਣੀ ਚਾਹੀਦੀ ਸੀ, ਪਹਿਲੀਆਂ ਗਵਰਮਿੰਟਾਂ ਨੇ ਜੋ ਆਈਆਂ ਉਨ੍ਹਾਂ ਨੇ ਇਸ ਤੇ ਕੋਈ ਧਿਆਨ ਨਹੀਂ ਦਿੱਤਾ। ਇਥੇ ਇਕ ਮੈਂਬਰ ਨੇ ਇਸ ਨੂੰ ਮਿਉਂਸਪਲ ਬਿਲ ਸਮਝ ਕੇ ਜਲੰਧਰ ਮਿਉਂਸਪਲ ਕਮੇਟੀ ਦੀ ਕੋਈ ਇਲੈਕਸ਼ਨ ਨਹੀਂ ਹੋਈ, ਦੀ ਗੱਲ ਸ਼ੁਰੂ ਕਰ ਦਿਤੀ ਹਾਲਾਂ ਕਿ ਇਸ ਤਰ੍ਹਾਂ ਦਾ ਕੋਈ ਆਰਟੀਕਲ ਇਸ ਦੇ ਵਿਚ ਹੈ ਹੀ ਨਹੀਂ। ਇਸ ਵਿਚ ਜਿਹੜੀ ਬੇਸਿਕ ਗੱਲ ਹੈ, ਉਹ ਇਹ ਹੈ ਕਿ ਜਦੋਂ ਕੋਈ ਪ੍ਰਾਜੈਕਟ ਸਰਕਾਰ ਨਾਮੀਨੇਟ ਕਰਦੀ ਹੈ, ਤਾਂ ਪਹਿਲਾਂ ਉਹ ਸਕੀਮ ਬਣਾਉਂਦੀ ਹੈ ਅਤੇ ਉਸ ਦੀ ਗਵਰਮੈਂਟ ਤੋਂ ਅਪਰੂਵਲ ਲੈਂਦੀ ਹੈ। ਉਸ ਸਕੀਮ ਨੂੰ ਸਟਾਰਟ ਕਰਨ ਵਾਸਤੇ ਫੇਰ ਸੈਂਕਸ਼ਨ ਦੀ ਲੋੜ ਹੁੰਦੀ ਹੈ, ਉਹ ਹੁਣ ਲੈਣ ਦੀ ਲੋੜ ਨਹੀਂ। ਇਹ ਇਕ ਤਰ੍ਹਾਂ ਦਾ ਚੈਕ ਕਰੀਏਟ ਕੀਤਾ ਹੈ ਤਾਂ ਜੋ ਉਸ ਇੰਸਟੀਚਿਊਸ਼ਨ ਰਾਹੀਂ ਕੋਈ ਗ਼ਲਤ ਗੱਲ ਨਾ ਹੋ ਸਕੇ। ਇਹ ਨਾ ਹੋਵੇ ਕਿ ਕਿਸੇ ਹਾਊਸ ਲਈ ਪਹਿਲਾਂ ਜ਼ਮੀਨ ਐਕੁਆਇਰ ਕਰ ਲਈ, ਫੇਰ ਗਵਰਮੈਂਟ ਤੋਂ ਸਕੀਮ ਦੀ ਅਪਰੂਵਲ ਲੈ ਲਈ, ਫੇਰ ਅੱਧਾ ਹਿੱਸਾ ਛੱਡ ਦਿਤਾ, ਕੁਆਟਰ ਫੇਰ ਛੱਡ ਦਿਤਾ, ਇਸ ਤਰ੍ਹਾਂ ਦੀ ਕੋਈ ਗ਼ਲਤ ਵਰਤੋਂ ਨਾ ਕਰੇ। ਇਸ ਦੇ ਲਈ ਇਹ ਇਕ ਤਰ੍ਹਾਂ ਨਾਲ ਚੈਕ ਕਰੀਏਟ ਕੀਤਾ ਹੈ। ਪਹਿਲਾਂ ਸਕੀਮ ਦੇਣ ਤੇ ਸਰਕਾਰ ਦਾ ਕੋਈ ਚੈਕ ਨਹੀਂ ਸੀ। ਜਿਸ ਦੀ ਅੱਜ ਅਪਰੂਵਲ ਲੈਂਦੇ ਹਾਂ ਉਸ ਦੀ ਫੇਰ ਅਪਰੂਵਲ ਲੈਣੀ ਪੈਂਦੀ ਸੀ, ਇਹ ਇਕ ਖਾਮਖਾਹ ਦੀ ਡਿਲੇ ਸੀ। ਅਸੀਂ ਸਾਰੇ ਜਾਣਦੇ ਹਾਂ ਕਿ we are all victims of inefficiency and delay. ਮੈਂ ਸਮਝਦਾ ਹਾਂ ਕਿ ਸਪੀਕਰ ਸਾਹਿਬ, ਕਿ ਅਸੀਂ ਇਨਐਫੀਸ਼ੈਂਸੀ ਅਤੇ ਡਿਲੇ ਦੇ ਵਿਕਟਮ ਹਾਂ। ਪਹਿਲਾਂ ਸਕੀਮ ਬਣਦੀ ਹੈ, ਫੇਰ ਨਕਸ਼ਾ ਬਣਦਾ ਹੈ, ਫੇਰ ਉਸ ਨੂੰ ਡਿਸਕਸ ਕਰਨ ਲਈ ਵਾਪਸ ਭੇਜਦਾ ਹੈ, ਫੇਰ ਟਰੱਸਟ ਨੇ ਮੀਟਿੰਗ ਕਰ ਕੇ ਕਨਸਿਡਰ ਕਰਨਾ ਹੈ, ਫੇਰ ਕੋਈ ਪੁਲੀਟੀਕਲ ਪਾਰਟੀ ਦਾ ਜੇ ਐਂਟੀ ਹੋਵੇ ਤਾਂ ਆਬਜੈਕਸ਼ਨ ਹੋ ਜਾਣਾ ਹੈ, ਮੈਂ ਸਮਝਦਾ ਹਾਂ ਇਮਪਰੂਵਮੈਂਟ ਟਰੱਸਟ ਦੀ ਇਸ ਨਾਲ ਐਫੀਸ਼ੈਂਸੀ ਹੋਰ ਵਧ ਗਈ ਹੈ, ਫੇਰ ਜਿਹੜੇ ਟਰੱਸਟੀਜ਼ ਦੀ ਤਾਦਾਦ ਹੋਵੇਗੀ ਉਸ ਵਿਚ 33 ਪਰਸੈਂਟ ਬੰਦੇ ਸਰਕਾਰ ਦੇ ਨਾਮੀਨੇਟਿਡ ਹੋਣਗੇ। ਇਸ ਤਰ੍ਹਾਂ ਤਾਂ ਕਿਸੇ ਖਾਸ ਕਲਾਸ ਦੇ ਇਲੈਕਸ਼ਨ ਦੇ ਵਿਚ ਬੰਦੇ ਆ ਸਕਦੇ ਹਨ, ਗ਼ਰੀਬ ਰਹਿ ਵੀ ਸਕਦੇ ਹਨ। ਪਰ ਇਹ ਜਿਹੜਾ ਨਾਮੀਨੇਟ ਕਰਨ ਦਾ ਅਧਿਕਾਰ ਦਿੱਤਾ ਹੈ, ਇਸ ਦੇ ਨਾਲ ਕਾਫੀ ਸੁਧਾਰ ਹੋ ਸਕਦਾ ਹੈ। ਇਹ ਨਾਮੀਨੇਸ਼ਨ ਮਿਉਂਸਪਲ ਕਮੇਟੀ ਨਹੀਂ ਕਰ ਸਕਦੀ, ਇਹ ਸਿਰਫ਼ ਸਰਕਾਰ ਹੀ ਕਰ ਸਕਦੀ ਹੈ। ਇਸ ਦੇ ਨਾਲ ਜਿਹੜੀ ਵੀਕਰ ਸੈਕਸ਼ਨ ਹੈ ਉਸ ਨੂੰ ਅਕਾਮੋਡੇਟ ਕੀਤਾ ਜਾ ਸਕੇਗਾ। ਕੋਈ ਕਾਲੋਨੀ ਬਣਨੀ ਹੈ ਜਾਂ ਕਿਤੇ ਰਿਜ਼ਰਵੇਸ਼ਣ ਦੇਣ ਦੀ ਲੋੜ ਹੈ ਤਾਂ ਵੀਕਰ ਸੈਕਸ਼ਨ ਵਾਸਤੇ ਇਹ ਪ੍ਰਾਵੀਜ਼ਨ ਹੈ। ਸੈਣੀ ਸਾਹਿਬ ਨੇ ਇਕ ਗੱਲ ਕਹੀ ਹੈ ਕਿ ਐਮ. ਐਲ. ਏ. ਨੂੰ ਐਕਸ ਆਫੀਸ਼ੀਓ ਮੈਂਬਰ ਬਣਾਇਆ ਜਾਏ। ਇਸ ਬਾਰੇ ਮੈਂ ਅਰਜ਼ ਕਰਾਂਗਾ ਕਿ ਇਮਪਰੂਵਮੈਂਟ ਟਰੱਸਟ ਮੋਸਟਲੀ ਇਕ ਨਾਮੀਨੇਟਿਡ ਇੰਸਟੀਚਿਊਸ਼ਨ ਹੈ, ਮਿਉਂਸਪਲ ਕਮੇਟੀ ਇਕ ਇਲੈਕਟਿਡ ਇੰਸਟੀਚਿਊਸ਼ਨ ਹੈ। ਵੋਟਿੰਗ ਅਤੇ ਨਾਨ ਵੋਟਿੰਗ ਵਾਲੀ ਗੱਲ ਹੈ, ਇਹ ਗੱਲ ਅਲਹਿਦਾ ਕਲੀਅਰ ਕੀਤੀ ਹੋਈ ਹੈ ਕਿ ਉਹ ਗਾਈਡ ਕਰ ਸਕਦਾ ਹੈ, ਆਪਣੀ ਉਪੀਨੀਅਨ ਦੇ ਸਕਦਾ ਹੈ, ਉਸ ਨੂੰ ਐਕਸ ਆਫੀਸ਼ੀਓ ਮੈਂਬਰ ਬਣਾਉਣ ਦੀ ਜ਼ਰੂਰਤ ਨਹੀਂ।

ਇਸ ਦੇ ਨਾਲ ਹੀ ਚੌਧਰੀ ਰਾਮ ਸਿੰਘ ਨੇ ਇਕ ਅਮੈਂਡਮੈਂਟ ਦਿੱਤੀ ਹੈ ਕਿ ਜੇ ਚੇਅਰਮੈਨ ਬੀਮਾਰ ਹੋ ਜਾਵੇ, ਮੀਟਿੰਗ ਕੌਣ ਪ੍ਰੀਜ਼ਾਈਡ ਕਰੇਗਾ, ਜਦੋਂ ਚੇਅਰਮੈਨ ਛੁੱਟੀ ਤੇ ਚਲਾ ਜਾਵੇ ਫੰਕਸ਼ਨ ਕੌਣ

ਕਰੇਗਾ । ਗਵਰਨਮੈਂਟ ਨੇ ਇਸ ਵਿਚ ਪ੍ਰੋਸਕਰਾਈਬ ਕੀਤਾ ਹੈ ਕਿਉਂਕਿ ਜਿਹੜਾ ਚੇਅਰਮੈਨ ਖਾਸ ਕੁਆਲੀਫੀਕੇਸ਼ਨ ਵਾਲਾ ਆਦਮੀ ਹੁੰਦਾ ਹੈ ਇਸ ਲਈ ਉਸ ਦੀ ਬਜਾਏ ਕਿਸੇ ਪੀ. ਸੀ. ਐਸ. ਦੇ ਕੇਡਰ ਤੋਂ ਘਟ ਦਾ ਕੋਈ ਆਦਮੀ ਲਾਇਆ ਨਹੀਂ ਜਾ ਸਕਦਾ । ਇਸ ਤੋਂ ਇਲਾਵਾ, ਇਹ ਵੀ ਇਕ ਐਵਨਿਊ ਪ੍ਰੋਵਾਈਡ ਕੀਤਾ ਹੈ ਕਿ ਟਰੱਸਟ ਡਾਇਰੈਕਟਰ ਲੋਨ ਵੀ ਲੈ ਸਕਦਾ ਹੈ । ਅਕਾਊਂਟ ਫਾਰ ਵੀ ਕਰ ਸਕਦਾ ਹੈ । ਬੈਂਕ ਵਿਚੋਂ ਉਹ ਪੈਸਾ ਯੂਟੇਲਾਈਜ਼ ਕਰ ਸਕਦਾ ਹੈ, ਸਰਕਾਰ ਕੋਲ ਕਈ ਸਕੀਮਾਂ ਹੋ ਸਕਦੀਆਂ ਹਨ । ਫੇਰ ਸੈਕਸ਼ਨ 5 ਵਿਚ ਇਹਦੀ ਜੋ ਵੇਲੈਡਿਟੀ ਹੈ ਉਹ ਕਲੀਅਰ ਕੀਤੀ ਹੈ, ਇਫੈਕਟਿਵ ਕੰਟਰੋਲ ਵਾਸਤੇ, ਵਰਕਿੰਗ ਨੂੰ ਇਫੈਕਟਿਵ ਕਰਨ ਵਾਸਤੇ। ਇਸ ਲਈ ਮੈਂ ਕਹਾਂਗਾ ਕਿ ਇਸ ਬਿਲ ਨੂੰ ਛੇਤੀ ਤੋਂ ਛੇਤੀ ਪਾਸ ਕੀਤਾ ਜਾਵੇ।

आचार्य पृथ्वी सिंह आज़ाद (खन्ना) : स्पीकर साहिब, यह जो इम्प्रूवमैन्ट ट्रस्ट का बिल है, शहरों की इम्प्रूवमैन्ट करने की जो भावना है वह बहुत अच्छी है । लेकिन जिस ढंग से जो अरबे पेश किये जाते हैं improvement करने के लिये इन के मुतल्लिक मैं अपने तजुरबे की बिना से कह सकता हूं कि वह कोई अच्छा तरीका नहीं है। बहुत सी किस्म की जंग है improvement trust की होती है और कई तरह की Corporation की होती है इस कारण जो ठीक ढंग से काम होना चाहिये वह हो नहीं पाता। जहां तक इस बिल का तालुक है, इस बिल में कुछ त्रुटियां हैं, वह दूर करने से काफी सुधार हो सकता है। लेकिन यह मैं नहीं कह सकता कि इससे यह पूरी तरह से ठीक होगा। इसमें जो मुख्य बात करने की है वह यह है कि जो प्रेज़ीडैन्ट या चेयरमैन है, अगर वह ना अहल है जो इम्प्रूवमैन्ट के काम को समझता ही नहीं या जब कोई स्कीम बनती है उसे इमप्लीमैन्ट ही नहीं कर सकता, फिर उसका क्या फायदा । यह ठीक है कि इसमें एक बात पुलीटिकल repression की रखी गई है। अगर चेयरमैन उस उद्देश्य की पूर्ती नहीं करता जिसके लिये उसे वहां रखा गया है तो वह काम वहीं का वहीं रह जायेगा। वह डी. सी. जो उस काम में interested है वह सब से पहले करायेगा। अगर किसी काम पर डी. सी. सो जाये, चेयर मैन और मैम्बर उस से पहले सो जायेंगे। आज majority उन लोगों की है जो शाम के 6 बजे के बाद एक टेबल पर इकट्ठे होते हैं।

इस लिए मैं आपके द्वारा सरकार से (विघ्न) . . . .

Comrade Satya Pal Dang : This is an aspersion both on the Speaker and Mr. Sharma.

Acharya Prithvi Singh Azad : I merely pointed out so that they may know.

ਸ੍ਰੀ ਸਪੀਕਰ: ਕੀ ਫਰਮਾਇਆ ਹੈ ? (What have you stated ?)

Acharya Prithvi Singh Azad : Nothing against you. He is simply tempting me.

मैं अर्ज़ कर रहा था कि इन इम्प्रूवमैंट ट्रस्टों का ढांचा इस तरह से होना चाहिए जिस से कि उस में जो मैम्बर सरकार भेजती है, जो डांग साहिब ने कहा है कि nominate न करो, मैं उस मत का नहीं हूं। लेकिन nominate उनको करो जो इस काम

[आचार्य पृथ्वी सिंह आजाद]

की A, B, C समझते हों और बकौल C. P. M. साहिब ....। (विघ्न) और दूसरी बात मैं यह कहना चाहता हूं कि यह ठीक है कि इस बिल के जरिए हरिजनों को नुमायंदगी मिलेगी । स्पीकर साहिब, हरिजनों को, आवाज़ उठाने की नुमायंदगी दे देने से शहरों में improvement नहीं हो जाती। सरकार को हिदायत यह करनी चाहिए कि जिन शहरों का काम improvement trust हाथ में लें, सब से पहले गंदी बस्तियों को हाथ में ले जहां वह लोग रहते हैं जहां सूंघा नहीं जा सकता। वह improvement क्या हुई कि model towns, civil lines आदि की improvement कर दी स्पीकर साहिब मैं Minister Sahib से दरखास्त करूंगा कि अगर इन इम्प्रूवमैंट ट्रस्टों ने गंदी नालियों की बस्तियों की improvement की तब तो मैं समझूंगा कि आशा पूरा हो गया। अभी एक सज्जन ने कहा था कि इन्होंने इतने इतने मकान बनाए, जालन्धर में, होशियारपुर में मकान बनाए और कई जगह मकान बनाए लेकिन वह मकान किन को दिए, जिनके पास पहले ही बंगले हैं, उनके चाचों भतीजों को दे दिए । जालन्धर में improvement trust के मकानों की allotment हुई है, उसकी लिस्ट मंगा करके देख लीजिए, किस किस ढंग से कौन कौन मकान ले गया। मैं तारीफ करता सरकार की अगर यह कहते कि हमने जालन्धर में, लुधियाना में, अमृतसर में, जहां जहां भी इम्प्रूवमैंट ट्रस्टों ने मकान बनाए, वहां पर 25 प्रतिशत मकान लोगों को लीज़ पर दे दिए (विघ्न) शर्मा जी कहते हैं, मुझे पता है आगे को यह करेंगे पीछे क्या किया है (विघ्न) दूध का जला छाछ फूंक फूंक कर पीता है। ताज़ी कसम सात तारीख को खाई है सरकार ने 25 प्रतिशत की । (विघ्न) ट्रस्टों के अन्दर जो corruption है उसको दूर करके सही मायनों में improvement trust बनाए जाएं । इन शब्दों के साथ मैं इस बिल का समर्थन करता हूं।

ਸਰਦਾਰ ਧੰਨਾ ਸਿੰਘ ਗੁਲਸ਼ਨ (ਨਥਾਣਾ ਐਸ. ਸੀ.): ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ ਇਸ ਦਾ ਰੂਪ ਬੜਾ ਸੁੰਦਰ ਹੈ, ਇਸ ਦੀ ਭਾਵਨਾ ਬੜੀ ਖ਼ੂਬਸੂਰਤ ਹੈ ਸ਼ਹਿਰਾਂ ਨੂੰ ਸੁੰਦਰ ਬਣਾਉਣ ਵਾਸਤੇ। ਲੇਕਿਨ ਜਿਥੋਂ ਤਕ ਸ਼ੈਡਿਊਲਡ ਕਾਸਟ ਜਾਤੀਆਂ ਨੂੰ ਇਸ ਵਿਚ ਨੁਮਾਇੰਦਗੀ ਦੇਣ ਦਾ ਸਵਾਲ ਆਇਆ ਹੈ ਇਹ ਬਹੁਤ ਘਟ ਹੈ। ਇਹ ਜ਼ਿਆਦਾ ਹੋਣਾ ਚਾਹੀਦਾ ਸੀ ਕਿਉਂਕਿ ਜਿਸ ਤਰ੍ਹਾਂ ਆਚਾਰੀਆ ਜੀ ਨੇ ਕਿਹਾ ਕਿ ਸ਼ਹਿਰਾਂ ਵਿਚ ਬੜੇ ਧਨੀ ਲੋਕ ਵਸਦੇ ਹਨ। ਸ਼ਹਿਰਾਂ ਵਿੱਚ ਰਿਟਾਇਰ ਹੋ ਕੇ ਅਫ਼ਸਰ ਵਸਦੇ ਹਨ। ਬਹੁਤ ਸਿਆਣੇ ਆਦਮੀ ਵਸਦੇ ਹਨ। ਇਨ੍ਹਾਂ ਦੀਆਂ ਪਹਿਲਾਂ ਕੋਠੀਆਂ ਬਹੁਤ ਸੁੰਦਰ ਬਣੀਆਂ ਹੋਈਆਂ ਹੁੰਦੀਆਂ ਹਨ । ਨਵੇਂ ਮਾਡਲ ਟਾਊਨ ਬਣਦੇ ਹਨ, ਉਥੇ ਵੀ ਇਹ ਲੋਕ ਇਕ ਦੋ ਪਲਾਟ ਆਪਣੇ ਲੈ ਲੈਂਦੇ ਹਨ । ਚੰਡੀਗੜ੍ਹ, ਲੁਧਿਆਣਾ ਅਤੇ ਜਲੰਧਰ ਆਦਿ ਸ਼ਹਿਰਾਂ ਨੂੰ ਸੁੰਦਰ ਬਣਾਉਣ ਵਾਸਤੇ ਲੋੜ ਇਸ ਗੱਲ ਦੀ ਹੈ ਕਿ ਸ਼ਹਿਰਾਂ ਵਿਚ ਜਿਹੜਾ ਕਲੰਕ ਲਗਾ ਹੁੰਦਾ ਹੈ, ਜਦ ਕੋਈ ਮੇਰੇ ਦੇਸ਼ ਦੀ ਨੌਜਵਾਨ ਲੜਕੀ ਕਿਸੇ ਤੀਜੇ ਮੰਜ਼ਲ ਦੀ ਕੋਠੀ ਤੋਂ ਗੰਦਗੀ ਦਾ ਟੋਕਰਾ ਸਿਰ ਤੇ ਰੱਖ ਕੇ ਉਤਾਰ ਕੇ ਲਿਆਂਦੀ ਹੈ । ਇਸ ਕਲੰਕ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਦੂਰ ਕਰਨ ਵਾਸਤੇ ਇਹ ਜਿਹੜੇ ਟਾਊਨ ਬਣਾਏ ਜਾਣੇ ਹਨ ਇਥੇ ਇਨ੍ਹਾਂ ਲੋਕਾਂ ਦੀਆਂ ਕਾਲੋਨੀਆਂ ਚੰਗੀਆਂ ਬਣਾਈਆਂ ਜਾਣ ਤਾ ਕਿ ਗੰਦਗੀ ਦੇ ਟੋਕਰੇ ਨਾ ਬਣਨ । ਮੈਂ ਸਮਝਦਾ ਹਾਂ ਕਿ ਸ਼ਹਿਰਾਂ ਵਿਚ, ਸਪੀਕਰ ਸਾਹਿਬ ਤੁਸੀਂ ਵੀ ਦੇਖਿਆ ਹੋਣਾ ਹੈ ਕਿ ਸ਼ਹਿਰਾਂ ਵਿਚ

ਕਿਤੇ ਕਿਤੇ ਕਾਲੇ ਦਾਗ ਦਿਖਾਈ ਦਿੰਦੇ ਹਨ, ਜਿਵੇਂ ਕਿ ਕਿਤੇ ਬਾਜ਼ੀਗਰਾਂ ਦੀਆਂ ਝੁਗੀਆਂ ਹਨ ਕਿਤੇ ਸਿਰਕੀ ਵਾਲੇ ਅਤੇ ਕਿਤੇ ਸਿਕਲੀਗਰ ਬੈਠੇ ਹਨ। ਇਨ੍ਹਾਂ ਨੂੰ ਕੋਈ ਥਾਂ ਨਹੀਂ ਦਿੰਦਾ ਹੈ। ਜੇ ਇਹ ਸ਼ਰਮਾ ਜੀ ਦੇ ਪਲਾਟ ਵਿਚ ਬੈਠਦੇ ਹਨ ਤਾਂ ਇਹ ਉਨ੍ਹਾਂ ਨੂੰ ਉਠਾ ਦਿੰਦੇ ਹਨ ਅਤੇ ਜੇ ਉਮਰਾਉ ਸਿੰਘ ਦੇ ਪਲਾਟ ਵਿਚ ਬੈਠਦੇ ਹਨ ਤਾਂ ਉਹ ਇਨ੍ਹਾਂ ਨੂੰ ਉਠਾ ਦਿੰਦੇ ਹਨ ਕਿ ਤੂੰ ਇਥੇ ਗੰਦ ਖਿੱਲਾਰ ਰਿਹਾ ਹੈਂ। ਜੇ ਬਿਲ ਦੀ ਇਹੋ ਭਾਵਨਾ ਹੈ ਕਿ ਸ਼ਹਿਰਾਂ ਨੂੰ ਸੁੰਦਰ ਬਣਾਉਣਾ ਹੈ ਤਾਂ ਸ਼ਹਿਰਾਂ ਵਿਚ ਬੈਠੇ ਹੋਏ ਗਰੀਬਾਂ ਨੂੰ ਵਧ ਤੋਂ ਵਧ ਫੈਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ। ਇਹ ਜਿਹੜੇ ਮੁਰਝਾ ਰਹੇ ਫੁਲ ਹਨ, ਇਨ੍ਹਾਂ ਵਲ ਜ਼ਿਅਦਾ ਧਿਆਨ ਦੇਣਾ ਚਾਹੀਦਾ ਹੈ ਅਤੇ ਇਨ੍ਹਾਂ ਦੀਆਂ ਬਸਤੀਆਂ ਨੂੰ ਪਹਿਲ ਦੇਣੀ ਚਾਹੀਦੀ ਹੈ। ਬੇ-ਘਰਾਂ ਨੂੰ ਵਸਾਉਣ ਲਈ ਪਲੈਨਿੰਗ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਸ਼ਹਿਰਾਂ ਵਿਚ ਗੰਦ ਦੇ ਢੇਰ ਤੇ ਗੰਦ ਦੇ ਟੋਕਰੇ ਪਏ ਹੁੰਦੇ ਹਨ। ਸ਼ਹਿਰਾਂ ਨੂੰ ਖੂਬ ਸੂਰਤ ਬਣਾਉਣ ਲਈ ਐਸੀਆਂ ਨਾਲੀਆਂ ਦਾ ਪ੍ਰਬੰਧ ਕਰ ਦੇਣਾ ਚਾਹੀਦਾ ਹੈ, ਜਿਸ ਨਾਲ ਉਥੇ ਗੰਦ ਦੇ ਢੇਰ ਨਾ ਲਗਣ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ): ਮੈਂ ਇਸ ਬਿਲ ਦੀ ਹਿਮਾਇਤ ਕਰਨ ਲਈ ਖੜ੍ਹਾ ਹੋਇਆ ਹਾਂ। ਇਸ ਤੇ ਮੈਂ ਸ਼ਰਮਾਂ ਜੀ ਅਤੇ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਹ ਸੋਹਣਾ ਬਿਲ ਲਿਆਂਦਾ ਹੈ। ਮੈਂ ਆਪਣੇ ਐਕਸਪੀਰੀਐਂਸ ਦੀ ਬਿਨ੍ਹਾ ਤੇ ਕਹਿੰਦਾ ਹਾਂ, ਮੈਂ ਟਾਂਡਾ ਮਿਉਂਸਪਲ ਕਮੇਟੀ ਦਾ 14 ਸਾਲ ਮਿਉਂਸਪਲ ਕਮਿਸ਼ਨਰ ਰਿਹਾ ਹਾਂ ਅਤੇ ਹੁਣ ਵੀ ਮੈਂ ਉਥੋਂ ਦਾ ਇਲੈਕਟਿਡ ਮਿਉਂਸਪਲ ਕਮਿਸ਼ਨਰ ਹਾਂ। ਮੈਂ ਕਿਸੇ ਦੀ ਝੋਲੀ ਨਹੀਂ ਚੁਕਦਾ। ਜ਼ਿਆਦਾ ਰੌਲਾ ਇਧਰੋਂ ਪੈਂਦਾ ਹੈ ਕਿ ਹਰੀਜਨਾਂ ਵਾਸਤੇ ਰੀਜ਼ਰਵੇਸ਼ਨ ਨਹੀਂ ਹੁੰਦੀ। ਸਰਕਾਰ ਹਰੀਜਨਾਂ ਦੀ ਅਪਲਿਫਟ ਵਾਸਤੇ ਬਹੁਤ ਕੰਮ ਕਰ ਰਹੀ ਹੈ। ਜੇ ਇਨ੍ਹਾਂ ਨੂੰ ਹੋਰ ਚਾਰ ਪੰਜ ਸਾਲ ਮਿਲ ਜਾਣ ਤਾਂ ਹਰੀਜਨਾਂ ਨੂੰ ਅੱਗੇ ਲੈ ਆਏਗੀ। (ਵਿਘਨ) ਇਹ ਬੜਾ ਅੱਛਾ ਸਾਡੀ ਸਰਕਾਰ ਦਾ ਕਿਰਦਾਰ ਹੈ। ਜਿਹੜੀ ਹਰੀਜਨਾਂ ਦੀ ਨੌਮੀਨੇਸ਼ਨ ਕੀਤੀ ਹੈ ਉਹ ਦੀ ਕਿਸੇ ਨੇ ਸ਼ਲਾਘਾ ਨਹੀਂ ਕੀਤੀ। ਇਨ੍ਹਾਂ ਨੂੰ ਅੱਜ ਨਵਾਂ ਹਰੀਜਨਾਂ ਵਾਸਤੇ ਦਰਦ ਉਠਿਆ ਹੈ। (ਵਿਘਨ) ਮੈਂ ਤਾਂ ਕਹਿੰਦਾ ਹਾਂ ਕਿ ਇਹ ਹਰੀਜਨਾਂ ਦੀ ਸਰਕਾਰ ਹੈ। ਮੈਂ ਆਪਣੇ ਆਪ ਨੂੰ ਵੀ ਹਰੀਜਨ ਕਹਿੰਦਾ ਹਾਂ। (ਵਿਘਨ) ਸਪੀਕਰ ਸਾਹਿਬ, ਇਹ ਜਿਹੜੀ ਮਿਉਂਸਪਲ ਕਮੇਟੀ ਵਿਚ ਹਰੀਜਨਾਂ ਵਾਸਤੇ ਅਤੇ ਬੈਕਵਰਡ ਕਲਾਸਿਜ਼ ਦੀ ਨਾਮੀਨੇਸ਼ਨ ਵਾਲੀ ਗੱਲ ਹੈ ਇਥੇ ਇਸ ਵਿਚ ਲਿਆਂਦੀ ਹੈ, ਇਹ ਮੈਂ ਸਮਝਦਾ ਹਾਂ ਕਿ ਸਰਕਾਰ ਦਾ ਇਕ ਬਹੁਤ ਵੱਡਾ ਸ਼ਲਾਘਾ ਵਾਲਾ ਕਦਮ ਹੈ। (ਵਿਘਨ)

ਸਰਦਾਰ ਹਰਬੰਸ ਸਿੰਘ ਜਲਾਲ: ਪੁਆਇੰਟ ਆਫ਼ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਕ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਇਕ ਤਾਂ ਉਹ ਹਰੀਜਨ ਹਨ ਜਿਹੜੇ ਕਿ ਸਰਕਾਰ ਨੇ ਸ਼ੈਡਿਊਲਡ ਕਾਸਟਸ ਦੀ ਲਿਸਟ ਵਿਚ ਦਿੱਤੇ ਹਨ, ਪਰ ਉਹ ਹਰੀਜਨਾਂ ਵਿਚ ਨਹੀਂ ਆਉਂਦੇ। ਦੂਜੇ ਉਹ ਹਰੀਜਨ ਹਨ ਜਿਨ੍ਹਾਂ ਦੀ ਬਾਬਤ ਗਾਂਧੀ ਨੇ ਕਿਹਾ ਸੀ ਕਿ * * ਇਸ ਲਈ ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਹੜੇ ਹਰੀਜਨ ਹਨ ?

ਸ੍ਰੀ ਸਪੀਕਰ: This is no point of information. It is a sort of interruption ਇਹ ਕੋਈ ਹਰੀਜਨਾਂ ਤੇ ਡਿਸਕੱਸ਼ਨ ਨਹੀਂ ਹੋ ਰਹੀ। (This is no point of information. It is a sort of interruption. The discussion is not being held about Harijans).

*Expunged as ordered by the Chair.

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ: ਸਪੀਕਰ ਸਾਹਿਬ, ਜਲਾਲ ਜੀ ਨੇ ਜਿਹੜਾ ਕਿਹਾ ਹੈ ਕਿ * * * ਇਹ ਲਫਜ਼ ਇਨ੍ਹਾਂ ਨੇ ਠੀਕ ਨਹੀਂ ਕਹੇ ।

ਸ੍ਰੀ ਸਪੀਕਰ : ਇਹ ਲਫਜ਼ ਕੱਟ ਦਿਤੇ ਜਾਣ । (These words should be expunged.)

ਡਾਕਟਰ ਅਮੀਰ ਸਿੰਘ ਕਲਕਟ: ਸਪੀਕਰ ਸਾਹਿਬ, ਸਾਡੀ ਸਰਕਾਰ ਅਦਾਰਿਆਂ ਤੇ ਕੰਟਰੋਲ ਕਰਦੀ ਹੈ। ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਬਣਿਆ । ਇਨ੍ਹਾਂ (ਅਕਾਲੀ ਪਾਰਟੀ ਵੱਲ ਇਸ਼ਾਰਾ) ਦੀ ਵੀ ਸਰਕਾਰ ਰਹੀ ਹੈ, ਪਰ ਇਨ੍ਹਾਂ ਨੇ ਉਥੇ ਸੜਕ ਨਹੀਂ ਬਣਾਈ। ਅੰਮ੍ਰਿਤਸਰ ਵਿਚ ਗੁਰੂ ਦੇ ਘਰ ਨੂੰ ਜਿਹੜੀ ਸੜਕ ਜਾਂਦੀ ਹੈ ਉਹ ਸਾਡੀ ਇਸ ਸਰਕਾਰ ਨੇ ਬਣਾਈ ਹੈ, ਅਤੇ ਇਸ ਦਾ ਕਰੈਡਿਟ ਇਸ ਸਰਕਾਰ ਨੂੰ ਜਾਂਦਾ ਹੈ । (ਤਾੜੀਆਂ) (ਵਿਘਨ) ਮੈਂ ਜੋ ਕਹਿਣ ਵਾਸਤੇ ਖੜ੍ਹਾ ਹੋਇਆ ਹਾਂ ਉਹ ਇਹ ਹੈ ਕਿ ਸਾਡੇ ਟਾਂਡਾ, ਗੜ੍ਹਦੀਵਾਲਾ, ਮੁਕੇਰੀਆਂ ਵਿਚ ਇੰਪਰੂਵਮੈਂਟ ਨਹੀਂ ਹੋਈ । ਉਹ ਉਤਨੀ ਦੇਰ ਨਹੀਂ ਹੋ ਸਕਦੀ, ਜਿੰਨੀ ਦੇਰ ਹੁਸ਼ਿਆਰਪੁਰ ਵਿਚ ਕੋਈ ਇੰਪਰੂਵਮੈਂਟ ਟਰੱਸਟ ਨਹੀਂ ਬਣਦਾ। ਉਸ ਦੇ ਨਾਲ ਕੁਝ ਹੋਰ ਕਸਬੇ ਲਗਾ ਕੇ ਉਥੇ ਇੰਪਰੂਵਮੈਂਟ ਟਰੱਸਟ ਬਣਾ ਦਿਓ ਤਾ ਕਿ ਉਥੇ ਦੇ ਪਛੜੇ ਹੋਏ ਲੋਕਾਂ ਦੀ ਭਲਾਈ ਹੋ ਸਕੇ ਅਤੇ ਅਸੀਂ ਵੀ ਜਿਹੜੇ ਛੋਟੇ ਛੋਟੇ ਸ਼ਹਿਰਾਂ ਵਿਚ ਰਹਿੰਦੇ ਹਾਂ ਸਾਡਾ ਵੀ ਕੁਝ ਖਿਆਲ ਕੀਤਾ ਜਾਵੇ।

ਸਰਦਾਰ ਕਰਨੈਲ ਸਿੰਘ ਮਰੜ੍ਹੀ (ਜੰਡਿਆਲਾ, ਐਸ. ਸੀ.): ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕੁਝ ਸੁਝਾਓ ਦੇਣਾ ਚਾਹੁੰਦਾ ਹਾਂ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਮੈਂ ਕਿਤੇ ਕਿਸੇ ਦੀ ਕੋਈ ਨਿੰਦਿਆ ਆਦਿ ਨਹੀਂ ਕਰਨੀ ਚਾਹੁੰਦਾ। ਇਥੇ ਡਾਕਟਰ ਅਮੀਰ ਸਿੰਘ ਕਲਕਟ ਨੇ ਕਿਹਾ ਹੈ ਕਿ ਅਸੀਂ ਉਥੇ ਇੰਪਰੂਵਮੈਂਟ ਟਰੱਸਟ ਬਣਾਇਆ ਅਤੇ ਜਿਹੜੀ ਸੜਕ ਹਰਿ ਮੰਦਰ ਸਾਹਿਬ ਨੂੰ ਜਾਂਦੀ ਹੈ, ਉਹ ਸੜਕ ਅਸੀਂ ਬਣਾਈ ਹੈ । ਮੈਂ ਕਹਿੰਦਾ ਹਾਂ ਇਸ ਦਾ ਕਰੈਡਿਟ ਇਨ੍ਹਾਂ ਨੂੰ ਨਹੀਂ ਜਾਂਦਾ। ਇਹ ਇੰਪਰੂਵਮੈਂਟ ਦਾ ਜਿਹੜਾ ਨਕਸ਼ਾ ਹੈ ਇਹ ਗਿੱਲ ਸਰਕਾਰ ਵੇਲੇ ਅਸੀਂ ਮਨਜ਼ੂਰ ਕੀਤਾ ਸੀ । ਇਸ ਕਰ ਕੇ ਜੇ ਇਹ ਹੁਣ ਇਸ ਦਾ ਕਰੈਡਿਟ ਲੈਣਾ ਚਾਹੁਣ ਤਾਂ ਇਸ ਦਾ ਕਰੈਡਿਟ ਇਨ੍ਹਾਂ ਨੂੰ ਨਹੀਂ ਮਿਲ ਸਕਦਾ। (ਵਿਘਨ) ਇਸ ਦਾ ਕਰੈਡਿਟ ਗਿੱਲ ਸਰਕਾਰ ਨੂੰ ਮਿਲ ਸਕਦਾ ਹੈ। ਇਸ ਤੋਂ ਇਲਾਵਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਅੰਮ੍ਰਿਤਸਰ ਦਾ ਹਾਲ ਵੇਖ ਲਵੋ ਉਥੇ ਸੜਕਾਂ ਦੀ ਐਨੀ ਮਾੜੀ ਹਾਲਤ ਹੈ ਕਿ ਕੁਝ ਕਿਹਾ ਨਹੀਂ ਜਾਂਦਾ। ਸੜਕਾਂ ਬੜੀਆਂ ਮਾੜੀਆਂ ਅਤੇ ਗੰਦੀਆਂ ਹਨ । ਬੁਰਾ ਹਾਲ ਹੈ । ਉਥੇ ਕੋਈ ਇੰਪਰੂਵਮੈਂਟ ਨਹੀਂ ਹੋਈ। ਉਥੇ ਇੰਪਰੂਵਮੈਂਟ ਟਰੱਸਟ ਨੇ ਕੋਈ ਕੰਮ ਨਹੀਂ ਕੀਤਾ ।

ਸ੍ਰੀ ਸਪੀਕਰ: ਤੁਸੀਂ ਰੈਲੈਵੈਂਟ ਬੋਲੋ। (Please be relevant.)

ਸਰਦਾਰ ਕਰਨੈਲ ਸਿੰਘ ਮਰੜ੍ਹੀ: ਉਥੇ ਕੋਈ ਇੰਪਰੂਵਮੈਂਟ ਨਹੀਂ ਹੋਈ। ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਜ਼ਿਲ੍ਹਾ ਅੰਮ੍ਰਿਤਸਰ ਗੁਰੂਆਂ ਦਾ ਸਥਾਨ ਹੈ ਪਰ ਉਥੇ ਦੀਆਂ ਸੜਕਾਂ ਦੀ ਬੜੀ ਮਾੜੀ ਹਾਲਤ ਹੈ। ਮੈਂ ਕਹਿੰਦਾ ਹਾਂ ਕਿ ਉਥੇ ਦੇ ਇੰਪਰੂਵਮੈਂਟ ਟਰੱਸਟ ਦਾ ਜਿਹੜਾ ਚੇਅਰਮੈਨ ਹੈ, ਜੇ ਉਸ ਨੂੰ ਗੱਦੀਉਂ ਫੜ ਕੇ ਬਾਜ਼ਾਰ ਵਿਚ ਫੇਰਿਆ ਜਾਵੇ ਤਾਂ ਪਤਾ ਲਗੇਗਾ ਕਿ ਸੜਕਾਂ ਦੀ ਹਾਲਤ ਕੀ ਹੈ ? ਉਥੇ ਗੰਦਗੀ ਦਾ ਕੀ ਹਾਲ ਹੈ ? (ਵਿਘਨ) ਇਹ ਆਪਣੇ ਹੀ ਕੋਲਡ ਸਟੋਰ ਬਣਾ ਰਹੇ ਹਨ, ਇਹ ਆਪ ਦੀ ਖਾਤਰ ਹੀ ਕਰ ਰਹੇ ਹਨ। (ਵਿਘਨ) ਇਸ ਲਈ, ਮੈਂ ਸੁਝਾਓ ਦਿਆਂਗਾ ਕਿ ਉਹ ਸੜਕਾਂ ਚੰਗੀਆਂ ਬਣਾਉਣ।

---

*Expunged as ordered by the Chair.

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਉਸ ਵੇਲੇ ਵਜ਼ੀਰ ਸੀ ਅਤੇ ਇਹ ਮੇਰੇ ਡਿਪਟੀ ਵਜ਼ੀਰ ਸਨ। ਇਹ ਗੱਲ ਵੀ ਠੀਕ ਹੈ ਕਿ ਜਿਹੜੀ ਸੜਕ ਹਰਿਮੰਦਰ ਸਾਹਿਬ ਨੂੰ ਜਾਂਦੀ ਹੈ ਉਸ ਨੂੰ ਗਿੱਲ ਸਰਕਾਰ ਨੇ ਮਨਜ਼ੂਰ ਕੀਤਾ ਸੀ। ਪਰ ਉਸ ਵੇਲੇ ਕਾਂਗਰਸ ਪਾਰਟੀ ਸਾਡੀ ਮਦਦ ਕਰਦੀ ਸੀ। ਇਸ ਲਈ ਇਹ ਕੰਮ ਵੀ ਕਾਂਗਰਸ ਨੇ ਹੀ ਕੀਤਾ ਹੈ।

ਸ੍ਰੀ ਸਪੀਕਰ : ਤੁਸੀਂ ਇਨਫਰਮੇਸ਼ਨ ਦਿੱਤੀ ਹੈ, ਲਈ ਨਹੀਂ। (You have given the information and not sought it.)

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਪੀਕਰ ਸਾਹਿਬ ਮੈਂ ਕਹਿ ਰਿਹਾ ਸੀ ਕਿ ਜਿੰਨੇ ਇੰਪਰੇਵ-ਮੈਂਟ ਟਰੱਸਟ ਹਨ ਇਹ ਸਾਰਾ ਅਮੀਰਾਂ ਤੇ ਖਰਚ ਹੁੰਦਾ ਹੈ ਅਤੇ ਗਰੀਬਾਂ ਤੇ ਨਹੀਂ। ਇਸ ਵਿਚ ਗਰੀਬਾਂ ਵਾਸਤੇ, ਚੰਗੇ ਬਾਜ਼ਾਰ ਬਣਾਉਣ ਵਾਸਤੇ ਅਤੇ ਗੰਦਗੀ ਚੁਕਣ ਵਾਸਤੇ ਕੋਈ ਗੱਲ ਨਹੀਂ ਹੈ। ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। (ਤਾੜੀਆਂ)।

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਇਹ ਖੁਸ਼ੀ ਦੀ ਗੱਲ ਹੈ ਕਿ ਸਾਰੇ ਮੈਂਬਰਾਂ ਨੇ ਇਸ ਬਿਲ ਦਾ ਜੋ ਮਣਸ਼ਾ ਹੈ ਉਸ ਦੀ ਤਾਈਦ ਕੀਤੀ ਹੈ। ਡਾਂਗ ਸਾਹਿਬ ਨਜ਼ੂਮੀ ਵੀ ਹੋ ਗਏ ਅਤੇ ਜੋਤਸ਼ੀ ਵੀ ਬਣ ਗਏ, ਜਿਵੇਂ ਕਿ ਉਨ੍ਹਾਂ ਨੇ ਕਿਹਾ ਸੀ ਕਿ ਮੈਨੂੰ ਪਤਾ ਹੈ ਕਿ ਸ਼ਰਮਾ ਜੀ ਨੇ ਕੀ ਕਹਿਣਾ ਹੈ। ਡਾਂਗ ਸਾਹਿਬ ਅਤੇ ਦੂਜੇ ਮੈਂਬਰਾਂ ਨੇ ਕਿਹਾ ਹੈ ਕਿ ਇਸ ਵਿਚ ਕਈ ਜਗ੍ਹਾ ਤੇ ਖਰਾਬੀਆਂ ਹੋਈਆਂ ਹਨ। ਠੀਕ ਹੈ ਇਹ ਬੜਾ ਪੁਰਾਣਾ ਐਕਟ ਹੈ ਅਤੇ ਹੁਣ ਅੱਜ ਕਲ ਦੇ ਹਾਲਾਤ ਦੇ ਮੁਤਾਬਿਕ, ਜੋ ਸੋਸ਼ੀਓ-ਇਕਨਾਮਿਕ ਜੋ ਆਈ ਹੈ, ਨਵੀਂ ਹਵਾ ਜੋ ਆਈ ਹੈ, ਉਸ ਦੇ ਮੁਤਾਬਿਕ ਇਹ ਅਮੈਂਡਮੈਂਟ ਲਿਆਂਦੀ ਗਈ ਹੈ। ਇਹ ਵੀ ਠੀਕ ਹੈ ਕਿ ਬੈਂਕਾਂ ਵਿਚ ਹਿਸਾਬ ਖੋਲ੍ਹਣਾ ਅਤੇ ਬੈਂਕਾਂ ਦਾ ਪੈਸਾ ਬਾਕੀਆਂ ਸਨਅਤਾਂ ਵਿਚ ਲਾਉਣਾ ਇਹ ਵੀ ਜ਼ਰੂਰੀ ਹੋਣਾ ਚਾਹੀਦਾ ਹੈ। ਜਿਹੜੇ ਮੈਂਬਰ ਸਰਕਾਰ ਨੇ 4 ਬਣਾਉਣੇ ਹਨ, ਇਹ ਵੀ ਇਸ ਵਿਚ ਹੈ। ਬਹੁਤ ਸਾਰੇ ਮੈਂਬਰਾਂ ਨੇ ਕਿਹਾ ਹੈ ਕਿ ਇਹ ਸਕੀਮ ਵੱਡੀ ਬਣਾ ਲੈਂਦੇ ਹਨ, ਪਰ ਉਸ ਸਕੀਮ ਵਿਚ ਰਹਿੰਦਾ ਕੁਝ ਨਹੀਂ ਹੈ। ਇਹ ਚੀਜ਼ ਵੀ ਇਸ ਵਿਚ ਹੈ। ਜੇ ਕੋਈ ਲੈਂਡ ਐਕੁਆਇਰ ਕਰ ਲਈ ਜਾਵੇ ਅਤੇ ਫਿਰ ਛੱਡ ਦਿੱਤੀ ਜਾਵੇ, ਇਹ ਵੀ ਇਸ ਵਿਚ ਹੈ ਕਿ ਡੀ.ਸੀ. ਨੂੰ ਅਤੇ ਸਰਕਾਰ ਨੂੰ ਪੁੱਛਣਾ ਪਵੇਗਾ ਐਵੇਂ ਨਹੀਂ ਕਿ 4 ਹਜ਼ਾਰ ਏਕੜ ਲੈ ਲਈ ਅਤੇ ਮਨ ਵਿਚ ਆਇਆ ਤਾਂ ਛਡ ਦਿੱਤੀ ਜਾਂ ਨਾ ਛਡ ਦਿੱਤੀ। ਸੋ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦੇਖਦੇ ਹੋਏ ਪਿਛੇ ਜਿਹੜਾ ਕੰਮ ਹੋਇਆ ਹੈ, ਉਹ ਬਹੁਤ ਸਾਰਾ ਇੰਪਰੂਵਮੈਂਟ ਦਾ ਕੰਮ ਚਲਿਆ ਆਇਆ ਹੈ ਪੰਜਾਬ ਵਿਚ। ਚੇਅਰਮੈਨਾਂ ਬਾਰੇ, ਜਿਸ ਤਰਾਂ ਆਚਾਰਿਆ ਜੀ ਨੇ ਵੀ ਕਿਹਾ ਹੈ ਕਿ ਸਾਡੇ ਬਹੁਤ ਸਾਰੇ ਚੇਅਰਮੈਨ ਦੇਸ਼ ਭਗਤ ਹਨ, ਜਿਨ੍ਹਾਂ ਨੇ ਅੰਗਰੇਜ਼ਾਂ ਦੇ ਵੇਲੇ ਕੈਦਾਂ ਕੱਟੀਆਂ ਸਾਡੇ ਦੇਸ਼ ਦੀ ਖਾਤਰ। ਇਹ ਕੋਈ ਕਿਸੇ ਟਰੱਸਟ ਦੇ ਖਿਲਾਫ ਨਹੀਂ ਹੈ। (ਵਿਘਨ) ਇਹ ਤਾਂ ਸਪੀਕਰ ਸਾਹਿਬ, ਜਿਥੇ ਕਿਤੇ ਖਰਾਬੀ ਹੋਵੇ ਉਸ ਨੂੰ ਦੂਰ ਕਰਨ ਲਈ ਹੈ। ਟਰੱਸਟ ਦੀ ਤਾਕਤ ਨੂੰ ਜ਼ਾਇਆ ਨਹੀਂ ਕੀਤਾ ਗਿਆ। ਕੋਈ ਉਸ ਵਿਚ ਦਖਲ ਨਹੀਂ ਦਿੱਤਾ ਗਿਆ। ਇਹ ਤਾਂ ਜੇ ਕੋਈ ਖਰਾਬੀ ਹੋਵੇ ਤਾਂ ਉਸ ਲਈ ਮਸਾਲਾ ਤਿਆਰ ਕੀਤਾ ਗਿਆ ਹੈ ਤਾਕਿ ਉਸ ਨੂੰ ਇਸਤੇਮਾਲ ਕੀਤਾ ਜਾਵੇ। ਇਹ ਇਕ ਚੀਜ਼ ਹੈ ਜਿਹੜੀ ਤੁਹਾਡੇ ਸਾਹਮਣੇ ਰੱਖੀ ਹੈ।

ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਸੀ ਕਿ ਮਕਾਨ ਪਲਾਟ ਲੈ ਕੇ ਬਣਾਉਣੇ ਚਾਹੀਦੇ ਹਨ। ਮੈਂ ਦੱਸਦਾ ਹਾਂ ਕਿ 800 ਜਲੰਧਰ ਵਿਚ ਬਣਾਏ ਹਨ ਸਾਢੇ ਤਿੰਨ ਤਿੰਨ ਮਰਲੇ ਦੇ ਗਰੀਬਾਂ ਵਾਸਤੇ। ਬਾਕੀ ਇੰਪਰੂਵਮੈਂਟ ਟਰੱਸਟ ਨੂੰ ਵੀ ਕਿਹਾ ਹੈ ਕਿ 50 ਫੀ ਸਦੀ ਤੁਹਾਡੀ ਸਕੀਮ ਹੈ। ਇਸ ਤਰ੍ਹਾਂ ਸਾਢੇ ਸੱਤ

[ਵਿੱਤ ਮੰਤਰੀ]

ਮਰਲੇ ਦੇ ਗਰੀਬ ਲੋਕਾਂ ਨੂੰ ਨੋ ਪ੍ਰਾਫਿਟ ਨੋ ਲਾਸ ਦੇ ਬੇਸਿਜ਼ ਤੇ ਰੀਜ਼ਰਵ ਪਰਾਈਸ ਤੇ ਦਿੱਤੇ ਜਾਣੇ ਹਨ। ਇਹ ਗਰੀਬਾਂ ਨੂੰ ਦੇਣੇ ਹਨ ਅਮੀਰਾਂ ਨੂੰ ਨਹੀਂ। ਇਸੇ ਤਰ੍ਹਾਂ ਹੀ ਅਰਬਨ ਅਸਟੇਟ ਵਿਚ 25% ਹਰੀਜਨਾਂ ਵਾਂਸਤੇ ਹੈ। ਜੇ ਹਰੀਜਨ ਨਾ ਹੋਣ ਤਾਂ ਬੈਕਵਰਡ ਕਲਾਸ ਵਾਲਿਆਂ ਲਈ ਹੈ। ਸੋ ਇਹ ਸਾਰੀਆਂ ਸਕੀਮਾਂ ਹਨ।

ਹੁਣ ਗੱਲ ਆਉਂਦੀ ਹੈ ਕੋਆਰਡੀਨੇਸ਼ਨ ਦੀ। ਇਹ ਠੀਕ ਹੈ ਕਿ 25 ਸਾਲਾਂ ਤੋਂ ਕੋਈ ਖਾਸ ਪਰੀਵਰਤਨ ਨਹੀਂ ਆਇਆ। ਇੰਪਰੂਵਮੈਂਟ ਟਰੱਸਟ ਦੀਆਂ ਆਪਣੀਆਂ ਸਕੀਮਾਂ ਹਨ। ਮਿਉਂਸੀਪਲ ਕਮੇਟੀ ਦੀਆਂ ਆਪਣੀਆਂ ਸਕੀਮਾਂ ਹਨ ਅਤੇ ਹਾਊਸਿੰਗ ਬੋਰਡ ਦੀਆਂ ਵੀ ਆਪਣੀਆਂ ਸਕੀਮਾਂ ਹਨ। ਪਰ ਸਪੀਕਰ ਸਾਹਿਬ, ਅਸੀਂ ਹਾਈਐਸਟ ਲੈਵਲ ਤੇ ਇਕ ਕੋਆਰਡੀਨੇਸ਼ਨ ਕਮੇਟੀ ਬਣਾਈ ਹੈ ਅਤੇ ਉਹ ਕੁਆਰਡੀਨੇਸ਼ਨ ਇਕ ਦੋ ਦਿਨਾਂ ਵਿਚ ਤੁਹਾਡੇ ਸਾਹਮਣੇ ਆ ਜਾਵੇਗੀ । ਉਸ ਵਿਚ ਸਾਰੇ ਮਹਿਕਮਿਆਂ ਦੇ ਆਦਮੀ ਹੋਣਗੇ ਅਤੇ ਉਹ ਸਾਰਾ ਫੈਸਲਾ ਕਰਨਗੇ ਤਾਕਿ ਕਿਸੇ ਪਾਸੇ ਕੰਮ ਵਿਚ ਟੱਕਰ ਨਾ ਹੋ ਜਾਵੇ ਅਤੇ ਡੁਪਲੀਕੇਸ਼ਨਾ ਹੋਵੇ ਅਤੇ ਪਲਾਨ ਦੇ ਮੁਤਾਬਿਕ ਕੰਮ ਚਲੇ ਅਤੇ ਇਹ ਨਾ ਹੋਵੇ ਕਿ ਇਕ ਹੋਰ ਸਕੀਮ ਬਣਾ ਲਵੇ ਅਤੇ ਦੂਸਰਾ ਕੋਈ ਹੋਰ ਸਕੀਮ ਬਣਾ ਲਵੇ । ਸੋ ਇਸ ਚੀਜ਼ ਨੂੰ ਦੇਖਣ ਲਈ ਇਕ ਕੋਆਰਡੀਨੇਸ਼ਨ ਕਮੇਟੀ ਬਣਾਈ ਹੈ ਅਤੇ ਜਿਹੜੀ ਟਾਊਨਜ਼ ਦੇ ਇਰਦ ਗਿਰਦ ਗੰਦਗੀ ਹੁੰਦੀ ਹੈ ਜਾਂ ਸਲੱਮਜ਼ ਹੁੰਦੇ ਹਨ ਉਨ੍ਹਾਂ ਦਾ ਇਲਾਜ ਉਹ ਕਰੇਗੀ। ਚੌਧਰੀ ਰਾਮ ਸਿੰਘ ਨੇ ਜਿਹੜੀ ਅਮੈਂਡਮੈਂਟ ਦਿੱਤੀ ਹੈ ਉਹ ਅੱਛੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਅਗਰ ਕੋਈ ਚੇਅਰਮੈਨ ਦੋ ਮਹੀਨੇ ਦੀ ਛੁਟੀ ਚਲਿਆ ਜਾਂਦਾ ਹੈ ਤਾਂ ਉਸ ਦੀ ਜਗ੍ਹਾ ਤੇ ਸਰਕਾਰ ਡੀ.ਸੀ. ਨੂੰ ਜਾਂ ਐਸ.ਡੀ.ਐਮ. ਨੂੰ ਲਾ ਸਕੇ । ਇਹ ਤਜਵੀਜ਼ ਅੱਛੀ ਹੈ, ਇਹ ਮੈਂ ਮੰਨ ਲੈਂਦਾ ਹਾਂ।

3.00 p.m.

Mr. Speaker : Question is—

That the Punjab Town Improvement (Amendment) Bill, 1974 be taken into consideration at once.

The motion was carried

Mr. Speaker: Now the House will proceed to consider the Bill Clause by Clause.

Sub-clause (2) *of Clause* 1

Mr. Speaker : Question is—

That Sub-clause (2) of Clause 1 stand part of the Bill.

The motion was carried.

Clause 2

Mr. Speaker : Question is—

That Clause 2 stand part of the Bill.

The motion was carried.

Clause 3

Mr. Speaker : Question is—

That Clause 3 stand part of the Bill.

The motion was carried.

Clause 4

Mr. Speaker : Question is—

That Clause 4 stand part of the Bill.

The motion was carried.

Clause 5

Mr. Speaker : Question is—

That Clause 5 stand part of the Bill.

The motion was carried.

Chaudhri Ram Singh : Sir, I beg to ask for leave to move the following new Clause :—

"That after clause 59 the following new clause shall be added and subsequent clauses shall be re-numbered accordingly:—

6. To section 19 of the Principal Act, the following proviso shall be added namely:—

Amendment of section 19 of Punjab Act IV of 1922

Provided that in the absence of the Chairman on account of leave or otherwise for a period exceeding fifteen days, his powers under this section shall be exercisable by the Deputy Commissioner or by an Officer, not below the rank of an Extra Assistant Commissioner, authorised by the Deputy Commissioner in this behalf. ' ".

Mr. Speaker : Motion moved —

That leave be granted to move the following new clause:—

"That after clause 5, the following new clause shall be added and subsequent clauses shall be re-numbered accordingly :—

6. To section 19 of the Principal Act, the following proviso shall be added namely:—

Amendment of section 19 of Punjab Act IV of 1922

Provided that in the absence of the Chairman on account of leave or otherwise for a period exceeding fifteen days his powers under this section shall be exercisable by the Deputy Commissioner or by an Officer, not below the rank of an Extra Assistant Commissioner authorised by the Deputy Commissioner in this behalf.".

Mr. Speaker : Question is—

That leave be granted to move the following new clause.

"That after clause 5, the following new clause shall be added and subsequent clauses shall be re-numbered accordingly:—

6. To section 19 of the Principal Act, the following provison shall be added, namely:—

Amendment of section 19 of Punjab Act IV of 1922.

'Provided that in the absence of the Chairman on account of leave or otherwise for a period exceeding fifteen days, his powers under this section shall be exercisable by the Deputy Commissioner or by an Officer, not below the rank of an Extra Assistant Commissioner, authorised by the Deputy Commissioner, in this behalf.'

The motion was carried.

Chaudhri Ram Singh : Sir, I beg to move—

"That after clause 5, the following new clause shall be added and subsequent clauses shall be re-numbered accordingly:—

6. To section 19 of the Principal Act, the following proviso shall be added, namely:—

Amendment of section 19 of Punjab Act IV of 1922

"Provided that in the absence of the Chairman on account of leave or otherwise for a period exceeding fifteen days, his powers under this section shall be exercisable by the Deputy Commissioner or by an Officer, not below the rank of an Extra Assistant Commissioner, authorised by the Deputy Commissioner, in this behalf."

Mr. Speaker : Motion moved—

"That after clause 5, the following new clause shall be added and subsequent clauses shall be re-numbered accordingly :—

6. To section 19 of the Principal Act, the following proviso shall be added. namely :—

Amendment of section 19 of Punjab Act IV of 1922

"Provided that in the absence of the Chairman on account of leave or otherwise for a period exceeding fifteen days, his powers under this section shall be exercisable by the Deputy Commissioner or by an Officer, not below the rank of an Extra Assistant Commissioner, authorised by the Deputy Commissioner, in this behalf.".

Mr. Speaker : Question is—

" that after clause 5, the following new clause shall be added and subsequent clauses shall be re-numbered accordingly:—

6. To section 19 of the Principal Act, the following proviso shall be added, namely:—

Amendment of section 19 of Punjab Act IV of 1922.

'Provided that in the absence of the Chairman on account of leave or otherwise for a period exceeding fifteen days, his powers under this section shall be exercisable by the Deputy Commissioner or by an Officer, not below the rank of an Extra Assistant Commissioner, authorised by the Deputy Commissioner, in this behalf."

The motion was carried

Clause 6, re-numbered as Clause 7

Mr. Speaker : Question is—

That Clause 6, re-numbered as Clause 7, stand part of the Bill.

The motion was carried.

Clause 7, re-numbered as Clause 8

Mr. Speaker : Question is—

That clause 7, re-numbered as clause 8, stand part of the Bill.

The motion was carried

Clause 8, re-numbered as Clause 9

Mr. Speaker : Question is—

That Clause 8, re-numbered as Clause 9, stand part of the Bill.

The motion was carried.

Clause 9, re-numbered as Clause 10

Mr. Speaker : Question is—

That Clause 9, re-numbered as Clause 10, stand part of the Bill.

The motion was carried

Clause 10, re-numbered as Clause 11

Mr. Speaker : Question is—

That Clause 10, re numbered as Clause 11, stand part of the Bill.

The motion was carried

Clause 11, re-numbered as Clause 12

Mr. Speaker : Question is—

That Clause 11, re-numbered as Clause 12, stand part of the Bill.

The motion was carried

Sub Clause (1) of Clause 1

Mr. Speaker : Question is—

That Sub-clause (1) of Clause 1 stand part of the Bill.

The motion was carried.

Title

Mr. Speaker : Question is—

That Title be the Title of the Bill.

The motion was carried.

Minister for Finance (Shri Hans Raj Sharma) : Sir, I beg to move—

That the Punjab Town Improvement (Amendment) Bill, 1974, as amended, be passed,

Mr. Speaker : Motion moved—

That the Punjab Town Improvement (Amendment) Bill, 1974 as amended, be passed.

Mr. Speaker : Question is—

That the Punjab Town Improvement (Amendment) Bill, 1974, as amended, be passed.

The motion was carried.

THE PUNJAB MUNICIPAL (AMENDMENT (BILL, 1974

Minister for Finance (Shri Hans Raj Sharma) : Sir, I beg to introduce the Punjab Municipal (Amendment) Bill, 1974.

Sir, I beg to move—

> That the Punjab Municipal (Amendment) Bill, 1974 be taken into consideration at once.

Mr. Speaker : Motion moved—

> That the Punjab Municipal (Amendment) Bill be taken into consideration at once.

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਮੈਂ ਇਹ ਸੁਜੈਸਟ ਕਰਦਾ ਹਾਂ ਕਿ ਇਹ ਜਿਹੜਾ ਬਿਲ ਹੈ ਇਹ ਸਿਲੈਕਟ ਕਮੇਟੀ ਨੂੰ ਰੈਫਰ ਕੀਤਾ ਜਾਵੇ ਕਿਉਂਕਿ ਇਹ ਬਿਲ ਜਿਸ ਢੰਗ ਨਾਲ ਪੇਸ਼ ਕਰ ਰਹੇ ਹਨ ਉਹ ਇਤਨਾ ਇਨੋਸੈਂਟ ਨਹੀਂ ਜਿੰਨਾਂ ਕੇ ਸਾਡੇ ਸਾਹਮਣੇ ਨਜ਼ਰ ਆਉਂਦਾ ਹੈ । ਇਹ ਕਹਿੰਦੇ ਹਨ ਕਿ 32 ਧਾਰਾ ਚੇਂਜ ਕਰ ਦਿਉ। ਜੇ 32 ਧਾਰਾ ਅਸੀਂ ਚੇਂਜ ਕਰ ਦੇਈਏ ਤਾਂ ਇਹ ਸਾਡੇ ਸਾਹਮਣੇ ਇਕ ਕਨਫਿਊਜ਼ਨ ਕਰੀਏਟ ਕਰੇਗੀ।

(ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਗੌਰਮਿੰਟ ਕੋਲ ਜਿਹੜੀਆਂ ਪਾਵਰਜ਼ ਹਨ ਇਸ ਨਾਲ ਇਹ ਅਖਤਿਆਰ ਇਨ੍ਹਾਂ ਨੂੰ ਮਿਲ ਜਾਵੇਗਾ ਕਿ ਉਹ ਕਿਸੇ ਵੀ ਅਫ਼ਸਰ ਨੂੰ ਸਾਰੀਆਂ ਦੀਆਂ ਸਾਰੀਆਂ ਪਾਵਰਜ਼ ਡੈਲੀਗੇਟ ਕਰ ਸਕਣ । ਗੌਰਮਿੰਟ ਕੋਲ ਪਾਵਰਜ਼ ਹਨ ਨੰਬਰ ਇਕ: Exclusion of area and inclusion of area as local area.

ਇਸ ਤੋਂ ਇਲਾਵਾ ਦੂਜੀ ਪਾਵਰ ਜਿਹੜੀ ਹੈ ਉਹ ਹੈ Granting exemptions in matters of qualifications and appointment of Officers.

ਗੌਰਮਿੰਟ ਦੇ ਕੋਲ ਐਗਜ਼ੈਮਪਟ ਕਰਨ ਦੀ ਪਾਵਰ ਹੈ ਕੁਆਲੀਫੀਕੇਸ਼ਨ ਦੀ ਅਤੇ ਆਫੀਸਰਜ਼ ਦੀ ਐਪਆਇੰਟਮੈਂਟਸ ਕਰਨ ਦੀ। ਇਹ ਵੀ ਡੈਲੀਗੇਟ ਕਰਨਾ ਚਾਹੁੰਦੀ ਹੈ। ਤੀਜੀ ਗੱਲ ਇਹ ਹੈ ਕਿ ਜਿਹੜੇ ਹੈਡਆਫਿਸਿਜ਼ ਮਿਊਂਸਪਲ ਕਮੇਟੀ ਦੇ ਅੰਡਰ ਹਨ ਅਤੇ ਉਹ ਪਾਵਰ ਜਿਹੜੀ ਗੌਰਮਿਟ ਐਕਸਰਸਾਈਜ਼ ਕਰਦੀ ਹੈ ਸੁਪਰਵਿਜ਼ਨ ਅਤੇ ਕੰਟੋਲ ਦੀ ਉਹ ਵੀ ਗੌਰਮਿੰਟ ਡੈਲੀਗੇਟ ਕਰਨਾ ਚਾਹੁੰਦੀ ਹੈ । ਇਸ ਤੋਂ ਅੱਗੇ Removal/appointment of Members of the Municipal Committees. ਇਹ ਵੀ ਚਾਹੰਦੀ ਹੈ ਕਿ ਉਹ ਇਹ ਪਾਵਰ ਡੈਲੀਗੇਟ ਹੋ ਜਾਵੇ। ਅਗਰ ਡਿਪਟੀ ਸਪੀਕਰ ਸਾਹਿਬ ਇਨਾਂ ਚਾਰ ਗੱਲਾਂ ਨੂੰ ਮੰਨ ਲਈਏ ਤਾਂ It will open flood gates of corruption and nepotism in the Municipal Committees. ਇਸ ਦੇ ਨਾਲ ਇਕ ਹੋਰ ਗੱਲ ਨਿਕਲਦੀ ਹੈ। An element of anarchy will be lent to all the Municipal Committees. ਸਾਰੀਆਂ ਮਿਉਂਸੀਪਲ ਕਮੇਟੀਆਂ ਲੋਕਲ ਫੰਡ ਦਾ ਅਪੈਂਡੇਜ ਬਣ ਕੇ ਰਹਿ ਜਾਣਗੀਆਂ। ਡਿਪਟੀ ਸਪੀਕਰ ਸਾਹਿਬ, 1911 ਤੋਂ ਲੈ ਕੇ 1968 ਤਕ ਅਤੇ ਅੱਜ ਤਕ ਇਸ ਬਿਲ ਵਿਚ 36 ਅਮੈਂਡਮੈਂਟਸ ਹੋਈਆਂ ਹਨ।

ਡਿਪਟੀ ਸਪੀਕਰ ਸਾਹਿਬ, ਜਿੰਨਾਂ ਰਿਗਰੈਸਿਵ ਸਟੈਪ ਇਸ ਬਿਲ ਵਿਚ ਹੈ ਉਤਨੀ ਰੀਟਰੋਗਰੇਡ ਮੋਸ਼ਨ ਇਸ ਹਾਊਸ ਵਿਚ ਕਦੇ ਨਹੀਂ ਆਈ। ਇਸ ਵਾਸਤੇ ਮੇਰੀ ਬੇਨਤੀ ਹੈ ਸ਼ਰਮਾ ਜੀ ਨੂੰ ਕਿ ਇਸ ਬਿਲ ਨੂੰ ਸਿਲੈਕਟ ਕਮੇਟੀ ਨੂੰ ਦਿਓ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ not only duplicity of authority will occur as a result of passage of

this Bill ਬਲਕਿ ਸਾਰਾ ਮਿਊਂਸਪਲ ਕਮੇਟੀਆਂ ਦਾ ਜਿਹੜਾ ਕੰਮ ਹੈ ਉਸ ਵਿਚ ਡਾਈਆਰਕੀ ਪੈਦਾ ਹੋ ਜਾਵੇਗੀ। ਮੇਰੀ ਗੱਲ ਇਨ੍ਹਾਂ ਨੇ ਮੰਨੀ ਨਹੀਂ। ਮੈਂ ਆਪਣਾ ਪੁਆਇੰਟ ਆਫ ਵਿਊ ਪਹਿਲਾਂ ਵੀ ਦੱਸ ਦਿਤਾ ਸੀ ਅਤੇ ਹੁਣ ਵੀ ਆਪਣੀ ਪਾਰਟੀ ਦਾ ਵਿਊ ਪੁਆਇੰਟ ਇਨ੍ਹਾਂ ਅਗੇ ਰਖਿਆ ਹੈ।

ਡਿਪਟੀ ਸਪੀਕਰ ਸਾਹਿਬ, ਇਸ ਦਾ ਮਤਲਬ ਇਹ ਨਹੀਂ ਕਿ ਇਸ ਬਿਲ ਵਿਚ ਚੰਗੀਆਂ ਚੀਜ਼ਾਂ ਨਹੀਂ। ਜਿਹੜੀਆਂ ਚੰਗੀਆਂ ਚੀਜ਼ਾਂ ਹਨ, ਉਨ੍ਹਾਂ ਦੀ ਅਸੀਂ ਸਪੋਰਟ ਕਰਦੇ ਹਾਂ। ਇਨ੍ਹਾਂ ਨੇ ਸੈਕਸ਼ਨ 46 ਵਿਚ, ਸੈਕਸ਼ਨ, 40, 34, 76 ਔਰ 77 ਅਮੈਂਡਮੈਂਟਸ ਲਿਆਂਦੀਆਂ ਹਨ ਅਸੀਂ ਸਪੋਰਟ ਕਰਦੇ ਹਾਂ। ਫਿਰ ਸੈਕਸ਼ਨ 54, 167, 168, 185, 186, ਇਨ੍ਹਾਂ ਦੀ ਸਪੋਰਟ ਕਰਦੇ ਹਾਂ। ਫਿਰ ਸੈਕਸ਼ਨ 172 ਅਤੇ 173 ਜਿਹੜੀਆਂ ਕਿ ਰਿਮੂਵਲ ਆਫ ਇਨਕਰੋਚਮੈਂਟ ਦੇ ਸਿਲਸਲੇ ਵਿਚ ਹਨ, ਸੈਕਸ਼ਨ 219, 209, 199, 192 ਅਤੇ 192 ਏ, ਇਨਾਂ ਦੀ ਅਪ੍ਰੋਚ ਕੰਨਸਟਰਕਟਿਵ ਹੈ ਇਸ ਕਰਕੇ ਅਸੀਂ ਇਨਾਂ ਨੂੰ ਸਪੋਰਟ ਕਰਦੇ ਹਾਂ। ਬਾਕੀ ਜਿਹੜੀਆਂ ਮੋਸਟ ਡੇਂਜਰਸ ਪ੍ਰਾਵੀਜ਼ਨਜ਼ ਹਨ ਉਨਾਂ ਵਲ ਮੈਂ ਹਾਊਸ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ। ਇਨ੍ਹਾਂ ਨੇ ਜਿਹੜੀ ਅਗਲੀ ਅਮੈਂਡਮੈਂਟ ਲਿਆਂਦੀ ਹੈ ਕਿ ਸੈਕਸ਼ਨ 152 ਅਤੇ 153 ਨੂੰ ਓਮਿਟ ਕਰ ਦਿਤਾ ਜਾਏ। ਇਹ ਕੀ ਕਹਿੰਦੀਆਂ ਹਨ ਕਿ ਅਗਰ ਕਿਤੇ ਬਰਾਥਲ ਚਲਦਾ ਹੋਵੇ, ਪ੍ਰਾਸਟੀਚਿਊਸ਼ਨ ਚਲਦੀ ਹੋਵੇ, ਇੰਮਾਰਲ ਅਸੈਂਬਲੀ ਹੋਵੇ ਜਾਂ ਡਿਸਆਰਡਰਲੀ ਨੇਬਰ ਹੋਵੇ, ਅਗਰ ਕੋਈ ਇਸ ਬਾਰੇ ਮਿਊਂਸਿਪਲ ਕਮੇਟੀ ਨੂੰ ਸ਼ਿਕਾਇਤ ਕਰਦਾ ਹੈ ਤਾਂ ਉਹ ਦੋਸ਼ੀ ਵਿਰੁਧ ਐਕਸ਼ਨ ਲੈਂਦੀ ਹੈ, ਇਹ ਕਹਿੰਦੇ ਹਨ ਕਿ ਉਮਿਟ ਕਰ ਦਿਤੀਆਂ ਜਾਣ ਇਹ ਸੈਕਸ਼ਨਜ਼। ਇਨ੍ਹਾਂ ਨੇ ਦਫਾ 40 ਬਾਰੇ ਕਿਹਾ ਅਸੀਂ ਮੰਨ ਲਿਆ, ਪਰ ਮੈਂ ਕਹਿੰਦਾ ਹਾਂ ਕਿ ਦਫਾ 152 ਔਰ 153 ਨੂੰ ਓਮਿਟ ਨਾ ਕੀਤਾ ਜਾਏ। ਇਨ੍ਹਾਂ ਨੂੰ ਰਿਟੇਨ ਕੀਤਾ ਜਾਏ।

ਅਗਲੀ ਗੱਲ ਜਿਹੜੀ, ਡਿਪਟੀ ਸਪੀਕਰ ਸਾਹਿਬ, ਮੈਂ ਪੁਆਇੰਟ ਆਊਟ ਕਰਨੀ ਚਾਹੁੰਦਾ ਹਾਂ, ਉਹ ਇਹ ਹੈ ਕਿ ਗੌਰਮੈਂਟ ਐਡੀਸ਼ਨਲ ਪਾਵਰਜ਼ ਲੈਣਾ ਚਾਹੁੰਦੀ ਹੈ ਅਸੈਸਮੈਂਟ ਲਿਸਟਸ ਨੂੰ ਅਮੈਂਡ ਕਰਨ ਦੀਆਂ। ਡਿਪਟੀ ਸਪੀਕਰ ਸਾਹਿਬ, ਇਸ ਸਿਲਸਲੇ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਮਿਊਂਸਿਪਲ ਕਮੇਟੀ ਕੋਈ ਸੋਲ ਅਥਾਰਟੀ ਨਹੀਂ। ਅਸੈਸਮੈਂਟ ਹਾਊਸ ਟੈਕਸ ਦੀ ਐਪੀਲਾਂਟ ਅਥਾਰਟੀ ਐਸ. ਡੀ. ਓ. ਤੋਂ ਲੈ ਕੇ ਗੌਰਮੈਂਟ ਤਕ ਚਲਦੀ ਹੈ। ਅਗੇ ਤਾਂ ਇਹ ਹੈਗੇ ਇਸ ਤਰਾਂ ਹੁਣ ਇਹ ਫਾਈਨਲ ਅਸੈਸਮੈਂਟ ਜਿਹੜੀ ਮਿਊਂਸਪਲ ਕਮੇਟੀ ਕਰਦੀ ਹੁੰਦੀ ਸੀ ਉਸ ਦੀ ਫਾਈਨੈਲਟੀ ਗੌਰਮੈਂਟ ਲੈਣਾ ਚਾਹੁੰਦੀ ਹੈ। ਗੌਰਮੈਂਟ ਦਾ ਮਤਲਬ ਇਹ ਨਹੀਂ ਕਿ ਸ਼ਰਮਾ ਜੀ ਆਪਣੇ ਪਾਸ ਇਹ ਪਾਵਰ ਰਖਣਗੇ। ਇਹ ਪਾਵਰ ਕਿਸੇ ਡਿਪਟੀ ਡਾਇਰੈਕਟਰ ਜਾਂ ਕਿਸੇ ਹੋਰ ਅਫ਼ਸਰ ਨੂੰ ਦਿਤੀ ਜਾਏਗੀ, ਉਹ ਐਸ. ਡੀ. ਓ. ਹੋ ਸਕਦਾ ਹੈ, ਨਾਇਬ ਤਸੀਲਦਾਰ ਹੋ ਸਕਦਾ ਹੈ ਜਾਂ ਕੋਈ ਹੋਰ ਵੀ ਹੋ ਸਕਦਾ ਹੈ। ਮੈਂ ਕਹਿੰਦਾ ਹਾਂ ਕਿ ਲੁਧਿਆਣਾ, ਅੰਮ੍ਰਿਤਸਰ, ਪਠਾਨਕੋਟ ਆਦਿ ਬੜੇ ਬੜੇ ਸ਼ਹਿਰ ਹਨ। ਅਗਰ ਹਾਊਸ ਟੈਕਸ ਦੀ ਫਾਈਨਲ ਅਸੈਸਮੈਂਟ ਗੌਰਮੈਂਟ ਦੇ ਹੱਥਾਂ ਵਿਚ ਦੇ ਦਿਤੀ ਜਾਏ ਤਾਂ ਕਦੇ ਵੀ ਅਸੈਸਮੈਂਟ ਤਿਆਰ ਨਹੀਂ ਹੋਵੇਗੀ। ਇਸ ਲਈ, ਇਹ ਚੀਜ਼ ਕਿਸੇ ਅਫਸਰ ਨੂੰ ਨਾ ਦੇਣ। ਗੌਰਮੈਂਟ ਕੋਲ ਰਿਵੀਜ਼ਨ ਪਾਵਰ ਅਗੇ ਹੈਗੀ। ਅਗਰ ਇਸ ਅਮੈਂਡਮੈਂਟ ਥਲੇ ਇਹ ਪਾਵਰ ਨਾ ਲੈਣਗੇ ਤਾਂ ਇਹ ਡੁਪਲੀਸਿਟੀ ਆਫ ਪਾਵਰ ਹੋਵੇਗੀ। ਜਿਹੜੀਆਂ ਮਿਊਂਸਿਪਲ ਕਮੇਟੀਆਂ ਇਹ ਪਾਵਰ ਅਗੇ ਐਕਸਰਸਾਈਜ਼ ਕਰਦੀਆਂ ਹਨ, ਉਸ ਦੇ ਵਿਚ ਇਹ ਬੜੀ ਜ਼ਬਰਦਸਤ ਅਨਕਰੋਚਮੈਂਟ ਹੋਵੇਗੀ। ਫਿਰ ਕੀ ਅਖਤਿਆਰ ਰਹਿ ਜਾਂਦੇ ਹਨ ਮਿਊਂਸਪਲ ਕਮੇਟੀ ਦੇ ਅਗਰ ਉਹ ਆਪਣੀ ਅਸੈਸਮੈਂਟ ਹੈ ਫਾਈਨਲ ਨਹੀਂ ਕਰ ਸਕਦੀ। ਇਹ ਚੀਜ਼ ਕਦੇ ਵੀ ਹਾਊਸ ਟੈਕਸ ਦੀ ਅਸੈਸਮੈਂਟ ਨੂੰ ਫਾਈਨਲ ਨਹੀਂ ਹੋਣ ਦੇਵੇਗੀ, ਅਗਰ ਇਸ ਤਰੀਕੇ ਨਾਲ ਇਨਾਂ ਨੇ ਹਾਊਸ ਟੈਕਸ ਦੀ ਫਾਈਨਲ ਅਸੈਸਮੈਂਟ ਲਈ ਇਹ ਆਪਣਾ ਅਖ਼ਤਿਆਰ ਇਸਤੇਮਾਲ ਕਰ ਲਿਆ। ਮੈਂ ਕਹਿੰਦਾ ਹਾਂ ਕਿ ਇਹ ਪ੍ਰੋਵੀਜ਼ਨ ਦਰੁੱਸਤ ਹੈ, ਇਸ ਵਿਚ ਕੋਈ ਚੇਂਜ ਦੀ ਲੋੜ ਨਹੀਂ।

[ਕਾਮਰੇਡ ਰਾਜ ਕੁਮਾਰ]

ਅਗਲੀ ਗੱਲ ਜਿਹੜੀ ਮੈਂ ਬੜੇ ਅਦਬ ਦੇ ਨਾਲ ਕਰਨੀ ਚਾਹੁੰਦਾ ਹਾਂ, ਉਹ ਇਹ ਹੈ ਕਿ ਇਨ੍ਹਾਂ ਨੇ ਕੁਝ ਜੁਰਮਾਨੇ ਵਧਾਉਣ ਦਾ ਪ੍ਰੋਵੀਜ਼ਨ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਜਿਹੜੇ ਅਫਸਰ ਲੋਕ ਹਨ, ਉਹ ਬੜੇ ਅੱਛੇ ਹਨ ਮੈਂ ਨਾ ਕਦੇ ਆਪਣੀ ਗੱਲ ਛੁਪਾਈ ਹੈ ਅਤੇ ਨਾ ਹੀ ਅੱਜ ਛੁਪਾਉਂਗਾ। ਉਨ੍ਹਾਂ ਦੇ ਵਿਚ ਸਟੈਡਿਲੀ ਇੰਚ ਬਾਈ ਇੰਚ ਪਾਵਰਜ਼ ਨੂੰ ਆਪਣੇ ਹੱਥ ਵਿਚ ਲੈਣ ਦੀ ਭਾਵਨਾ ਵੱਧ ਰਹੀ ਹੈ। ਮੈਂ ਸ਼ਰਮਾ ਜੀ ਨੂੰ ਕਹਾਂਗਾ ਕਿ ਇਹ ਬਿਲ ਕਾਹਲੀ ਨਾਲ ਪਾਸ ਨਾ ਕਰਨ। ਪਹਿਲਾਂ ਜਿਹੜਾ 10 ਰੁਪਏ ਜੁਰਮਾਨਾ ਸੀ, ਨਵੀਂ ਅਮੈਂਡਮੈਂਟ ਦੇ ਮੁਤਾਬਕ ਉਸ ਅਫੈਂਸ ਵਾਸਤੇ 5 ਸੌ ਕਰ ਦਿਤਾ ਹੈ। ਇਸ ਅਮੈਂਡਮੈਂਟ ਦੇ ਪਾਸ ਹੋਣ ਤੋਂ ਬਾਅਦ ਜਿਹੜਾ ਮਿਉਂਸਿਪਲ ਕਮੇਟੀ ਦਾ ਸੈਨੀਟਰੀ ਇੰਨਸਪੈਕਟਰ ਹੈ, ਅਗਰ ਕੋਈ ਆਦਮੀ ਨਾਲੀ ਵਿਚ ਥੁਕਦਾ ਹੈ ਅਤੇ ਗਲਤੀ ਨਾਲ ਥੁਕ ਬਾਹਰ ਰਹਿ ਜਾਏ ਜਾਂ ਉਹ ਨਾਲੀ ਤੋਂ ਬਾਹਰ ਥੁਕ ਦੇਵੇ, ਉਸ ਨੂੰ ਪਾਵਰ ਮਿਲ ਜਾਂਦੀ ਹੈ, ਉਸ ਨੂੰ 5 ਸੌ ਰੁਪਏ ਜੁਰਮਾਨਾ ਕਰ ਦੇਵੇ। ਇਸ਼ਤਿਹਾਰ ਲੱਗ ਜਾਏ ਕਿਸੇ ਕੰਧ ਤੇ ਪੰਜ ਸੌ ਰੁਪਏ ਜੁਰਮਾਨਾ ਲਗਾ ਦਿਤਾ ਜਾਵੇਗਾ। ਮੈਂ ਕਹਿੰਦਾ ਹਾਂ ਕਿ ਤੁਸੀਂ ਠੀਕ ਹੈ ਆਈਡਿਅਲਇਜ਼ਮ ਦੀ ਗੱਲ ਕਰੋ, ਪਰ ਜ਼ਰਾ ਹਿੰਦੁਸਤਾਨ ਦੀ ਸੋਸ਼ਲ ਔਰ ਇਕਨਾਮਿਕ ਕੰਡੀਸ਼ਨ ਨੂੰ ਮੁਖ ਰੱਖੋ। ਹੁਣ ਕਾਨੂੰਨ ਦੇ ਰਾਹੀਂ ਸਿਵਿਕ ਸੈਂਸ ਠੋਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੇ ਨਾਲ ਅਨਾਰਕੀ ਪੈਦਾ ਕਰ ਰਹੇ ਹਨ। ਸਾਨੂੰ ਲੋਕਾਂ ਵਿਚ ਸਿਵਿਕ ਸੈਂਸ ਫੈਲਾਉਣ ਵਾਸਤੇ ਐਜੂਕੇਸ਼ਨ ਦੇ ਉਚੇਚੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਲੋਕਾਂ ਦੇ ਦਿਮਾਗ ਵਿਚ ਸਿਵਿਕ ਸੈਂਸ ਦਾਖਲ ਕਰਨ ਇਹ ਗੌਰਮਿੰਟ ਜਾ ਰਹੀ ਹੈ ਕਿ ਜਿਸ ਅਫੈਂਸ ਲਈ 10 ਰੁਪਏ ਜੁਰਮਾਨਾ ਸੀ ਉਸ ਦਾ 5 ਸੌ ਰੁਪਏ ਕਰ ਦਿਤਾ ਜਾਏ, ਇਹ ਠੀਕ ਨਹੀਂ। ਇਸ ਦਾ ਮਤਲਬ ਇਹ ਨਹੀਂ ਕਿ ਜੁਰਮਾਨੇ ਵਧਾਉਣ ਵਾਸਤੇ ਅਸੀਂ ਗੌਰਮਿੰਟ ਦੀ ਸਪੋਰਟ ਨਹੀਂ ਕਰਦੇ। ਜੁਰਮਾਨੇ ਵਧਾਉ ਉਥੇ ਜਿਥੇ ਜਾਇਜ਼ ਹੋਣ। ਮੈਂ ਕਹਿੰਦਾ ਹਾਂ ਕਿ ਅਗਰ ਕੋਈ ਐਨਕਰੋਚਮੈਂਟ ਕਰਦਾ ਹੈ, ਓਵਰ ਹੈਂਗਿੰਗ ਸਟਰਕਚਰ ਤਿਆਰ ਕਰਦਾ ਹੈ, ਜਾਂ ਕੋਈ ਇਸ ਤਰ੍ਹਾਂ ਦੀ ਨਾਜਾਇਜ਼ ਗੱਲ ਕਰਦਾ ਹੈ, ਜਾਂ ਕੋਈ ਆਦਮੀ ਕਮੇਟੀ ਦੀ ਇਜਾਜ਼ਤ ਦੇ, ਬਗੈਰ ਨਕਸ਼ਾ ਪਾਸ ਕਰਾਏ ਬਗੈਰ ਕੋਈ ਬਿਲਡਿੰਗ ਬਣਾਉਂਦਾ ਹੈ, ਤੁਸੀਂ ਪੰਜ ਸੌ ਦੀ ਥਾਂ ਤੇ ਹਜ਼ਾਰ ਕਰ ਦਿਓ, ਅਸੀਂ ਤੁਹਾਡੀ ਸਪੋਰਟ ਕਰਾਂਗੇ। ਮੈਂ ਇਸ ਤੋਂ ਵੀ ਅੱਗੇ ਜਾਂਦਾ ਹਾਂ ਕਿ ਐਨਕਰੋਚਮੈਂਟ ਲਈ, ਬਗੈਰ ਨਕਸ਼ੇ ਤੋਂ ਅਗਰ ਕੋਈ ਮਕਾਨ ਪਾਉਂਦਾ ਹੈ, ਬਿਲਡਿੰਗ ਬਾਈਲਾਜ਼ ਦੀ ਵਾਇਲੇਸ਼ਨ ਕਰਦਾ ਹੈ ਜਾਂ ਜਿਹੜੇ ਚੁੰਗੀ ਦੀ ਚੋਰੀ ਕਰਦਾ ਹੈ, ਜਾਂ ਜਿਹੜੀ ਅਸੈਸਮੈਂਟ ਹਾਊਸ ਟੈਕਸ ਦੀ ਹੋਈ ਹੋਈ ਹੈ, ਉਸ ਦੀ ਚੋਰੀ ਕਰਦਾ ਹੈ ਉਸ ਲਈ ਨਾ ਕੇਵਲ ਜੁਰਮਾਨਾ ਵਧਾਇਆ ਜਾਵੇ ਬਲਕਿ ਨਾਲ ਕੈਦ ਵੀ ਰਖੀ ਜਾਏ ਅਸੀਂ ਇਹ ਗੱਲ ਮੰਨਣ ਨੂੰ ਤਿਆਰ ਹਾਂ। ਪਰ ਅਗਰ ਕੋਈ ਗਲੀ ਤੋਂ ਬਾਹਰ ਥੁਕ ਦੇਵੇ ਜਾਂ ਕੋਈ ਗੰਦਾ ਕਰ ਦੇਵੇ ਜਾਂ ਪੋਸਟਰ ਲਗਾ ਦੇਵੇ ਜਾਂ ਹੋਰ ਇਸ ਤਰ੍ਹਾਂ ਦੀ ਕੋਈ ਗੱਲ ਹੋ ਜਾਏ ਉਸ ਦੇ ਲਈ 10 ਰੁਪਏ ਤੋਂ 500 ਰੁਪਏ ਅਗਰ ਜੁਰਮਾਨਾ ਕਰ ਦਿਤਾ ਜਾਏ ਤਾਂ ਦੀਜ਼ ਆਰ ਐਬਸਰਡ ਥਿੰਗਜ਼। ਲੋਕੀਂ ਸਾਡਾ ਮਜ਼ਾਕ ਉਡਾਉਣਗੇ। ਇਹ ਗੱਲ ਚਗੀ ਨਹੀਂ ਹੈ। ਲੋਕਾਂ ਨੂੰ ਸਿਵਿਕ ਸੈਂਸ ਦੇਣ ਲਈ ਕੋਈ ਹੋਰ ਰਸਤਾ ਅਪਣਾਈਏ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਕਰਨੀ ਚਾਹੁੰਦਾ ਹਾਂ ਔਰ ਉਹ ਇਹ ਹੈ ਕਿ ਇਸ ਬਿਲ ਨਾਲ ਅਸੀਂ ਇਕ ਹੋਰ ਸੀਰੀਅਸ ਕਦਮ ਚੁਕ ਰਹੇ ਹਾਂ। ਅੱਜ ਉਸ ਕਾਨੂੰਨ ਦੀਆਂ ਸਾਰੀਆਂ ਪਾਵਰਜ਼ ਗੌਰਮਿੰਟ ਆਪ ਐਕਸਰਸਾਈਜ਼ ਨਹੀਂ ਕਰਦੀ। ਪ੍ਰੈਜ਼ੀਡੈਂਟ ਐਕਟ ਦੇ ਥੱਲੇ ਗੌਰਮਿੰਟ ਨੇ ਕੁਝ ਪਾਵਰਜ਼ ਪ੍ਰੈਜ਼ੀਡੈਂਟ, ਮਿਉਂਸਪਲ ਕਮੇਟੀ ਨੂੰ ਡੈਲੀਗੇਟ ਕੀਤੀਆਂ ਹੋਈਆਂ ਹਨ। ਹੁਣ ਇਸ ਅਮੈਂਡਮੈਂਟ ਦਾ ਨਤੀਜਾ ਕੀ ਨਿਕਲੇਗਾ ਕਿ ਜਿਹੜੀਆਂ ਗੌਰਮਿੰਟ ਦੀਆਂ ਉਹ ਪਾਵਰਜ਼ ਪ੍ਰੈਜ਼ੀਡੈਂਟ ਐਕਸਰਸਾਈਜ਼ ਕਰਦਾ ਹੈ, ਹੈਲਥ ਆਫੀਸਰ ਐਕਸਰਸਾਈਜ਼ ਕਰਦਾ ਹੈ, ਐਗਜ਼ੈਕਟਿਵ

ਆਫੀਸਰ ਐਕਸਰਸਾਈਜ਼ ਕਰਦਾ ਹੈ, ਉਹ ਸਾਰੇ ਅਖਤਿਆਰ ਜਾਣਗੇ ਗੌਰਮੈਂਟ ਦੇ ਆਪਣੇ ਅਪੁਆਇੰਟਿਡ ਅਫਸਰਾਂ ਦੇ ਕੋਲ । ਇਹ ਕਹਿੰਦੇ ਹਨ ਕਿ ਕਿਸੇ ਪੀ. ਸੀ. ਐਸ. ਅਫਸਰ ਨੂੰ ਇਹ ਪਾਵਰਜ਼ ਦੇ ਦਿਆਂਗੇ । ਮੈਂ ਕਹਿੰਦਾ ਹਾਂ ਕਿ ਅੱਗੇ ਹੀ ਗੌਰਮਿੰਟ ਕੋਲ ਸਫੀਸ਼ੈਂਟ ਸੁਪਰਵਾਈਜ਼ਰੀ ਪਾਵਰਜ਼ ਹਨ, ਹੁਣ ਇਹ ਇਕ ਗਲਤ ਗੱਲ ਹੋ ਰਹੀ ਹੈ ਇਸ ਤਰ੍ਹਾਂ ਤੁਸੀਂ ਜ਼ਿਆਦਾ ਦਖਲ ਨਾ ਦਿਓ । ਅਗਰ ਤੁਸੀਂ ਸਾਰੇ ਅਖਤਿਆਰ ਗੌਰਮਿੰਟ ਅਫਸਰ ਨੂੰ ਦੇ ਦਿਓਗੇ ਤਾਂ ਤੁਸੀਂ ਇਸ ਅਦਾਰੇ ਨੂੰ ਲੋਕਲ ਫੰਡ ਅਕਾਊਂਟ ਦੇ ਅਪੈਂਡੇਜ਼ ਬਣਾਉਣ ਤੋਂ ਕਿਸ ਤਰ੍ਹਾਂ ਰੋਕੋਗੇ । ਇਸ ਵੱਲ ਮੈਂ ਤੁਹਾਡਾ ਧਿਆਨ ਦਿਲਾਉਂਦਾ ਹਾਂ, ਇਸ ਬਾਰੇ ਮੈਂ ਅੱਗੇ ਸ਼ਰਮਾ ਜੀ ਨਾਲ ਵੀ ਡਿਸਕਸ਼ਨ ਕੀਤੀ ਸੀ ਅਤੇ ਉਹ ਨਹੀਂ ਮੰਨੇ । ਜੋ ਕਲਾਜ਼ਾਂ ਅਸੀਂ ਸਪੋਰਟ ਕਰਨੀਆਂ ਹਨ ਉਹ ਕਰ ਦਿਤੀਆਂ । ਮੈਂ ਅੱਗੇ ਆਪਣਾ ਪੁਆਇੰਟ ਆਫ ਵਿਊ ਵੀ ਦੱਸ ਦਿਤਾ ਹੈ ਅਤੇ ਜਿਨ੍ਹਾਂ ਕਲਾਜ਼ਾਂ ਦੀ ਆਪੋਜੀਸ਼ਨ ਕੀਤੀ ਹੈ ਉਹ ਵੀ ਮੈਂ ਦੱਸ ਦਿਤੀਆਂ ਹਨ । ਮੈਂ ਆਪਣਾ ਤੇ ਆਪਣੀ ਪਾਰਟੀ ਦਾ ਪੁਆਇੰਟ ਆਫ ਵਿਊ ਤੁਹਾਡੇ ਸਾਹਮਣੇ ਰੱਖ ਦਿਤਾ ਹੈ ।

ਸਰਦਾਰ ਹਰਬੰਸ ਸਿੰਘ ਜਲਾਲ (ਫੂਲ) : ਡਿਪਟੀ ਸਪੀਕਰ ਸਾਹਿਬ, ਇਸ ਬਿਲ ਦੀਆਂ ਕੁਝ ਕਲਾਜ਼ਾਂ ਆਈਆਂ ਹਨ ਅਤੇ ਕੁਝ ਸੈਕਸ਼ਨਜ਼ ਆਈਆਂ ਹਨ, ਜਿਨ੍ਹਾਂ ਵਿਚ ਸਰਕਾਰ ਤਰਮੀਮ ਕਰਨਾ ਚਾਹੁੰਦੀ ਹੈ । ਕਾਮਰੇਡ ਰਾਜ ਕੁਮਾਰ ਜੀ ਨੇ ਤਕਰੀਬਨ ਸਾਰੇ ਪਹਿਲੂਆਂ ਤੇ ਬੜੇ ਸੁਹਣੇ ਢੰਗ ਨਾਲ ਚਾਨਣਾ ਪਾਇਆ ਹੈ । ਇਸ ਲਈ, ਕੋਈ ਐਸੀ ਗੱਲ ਨਹੀਂ ਰਹਿ ਜਾਂਦੀ ਜਿਹੜੀ ਦੱਸਣ ਯੋਗ ਹੋਵੇ । ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਇਸ ਹਾਊਸ ਦੀ ਰਿਵਾਇਤ ਹੈ ਕਿ ਜਦੋਂ ਬਿਲ ਪੇਸ਼ ਹੁੰਦਾ ਹੈ ਆਮ ਤੌਰ ਤੇ ਜਿਹੜੀ ਮੇਜਰ ਆਪੋਜੀਸ਼ਨ ਪਾਰਟੀ ਹੁੰਦੀ ਹੈ ਉਸ ਨੂੰ ਪਹਿਲਾਂ ਮੌਕਾ ਦਿਤਾ ਜਾਂਦਾ ਹੈ । ਇਸ ਲਈ ਇਹ ਕੀਤਾ ਗਿਆ ਹੈ ਕਿ ਅਸੀਂ ਇਨ੍ਹਾਂ ਕਲਾਜ਼ਿਜ਼ ਨੂੰ ਜ਼ਿਆਦਾ ਕਰੀਟੀਸਾਈਜ਼ ਨਾ ਕਰ ਸਕੀਏ । ਇਹ ਬੜੇ ਕੋਝੇ ਢੰਗ ਨਾਲ ਕੀਤਾ ਗਿਆ ਹੈ ।

ਸ੍ਰੀ ਗੁਰਦਿਆਲ ਸੈਣੀ : * * * * * *

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਹਰਬੰਸ ਸਿੰਘ ਜਲਾਲ : ਡਿਪਟੀ ਸਪੀਕਰ ਸਾਹਿਬ, ਸੈਣੀ ਸਾਹਿਬ ਦੀ ਅਕਲ ਬਾਰੇ ਕਿਸੇ ਨੂੰ ਵੀ ਸ਼ੱਕ ਨਹੀਂ । ਡਿਪਟੀ ਸਪੀਕਰ ਸਾਹਿਬ, ਇਹ ਤਕਰੀਬਨ 35, 36 ਵਾਰ ਇਸ ਸੋਧਨਾ ਬਿਲ ਨੂੰ ਲਿਆਏ ਹਨ । ਜਦੋਂ ਵੀ ਕੋਈ ਮਨਿਸਟਰ ਜਿਹੜਾ ਕਿ ਸ਼ਹਿਰਾਂ ਨਾਲ ਸਬੰਧ ਰੱਖਦਾ ਹੋਵੇ, ਲੋਕਲ ਬਾਡੀਜ਼ ਤੇ ਕਾਬਿਜ਼ ਹੁੰਦਾ ਹੈ ਤਾਂ ਉਹ ਮਿਉਂਸਿਪਲ ਕਮੇਟੀਜ਼ ਨੂੰ ਆਪਣੀਆਂ ਵਿਸ਼ਿਜ਼ ਦੇ ਮੁਤਾਬਕ, ਆਪਣੀਆਂ ਇਛਾਵਾਂ ਦੇ ਮੁਤਾਬਿਕ, ਆਪਣੇ ਕੰਮ ਪੂਰੇ ਕਰਨ ਖਾਤਰ, ਆਪਣੇ ਜਾਇਜ਼ ਅਤੇ ਨਾਜਾਇਜ਼ ਆਦਮੀਆਂ ਨੂੰ ਕਾਬੂ ਕਰਨ ਦੀ ਖਾਤਰ ਤਰਮੀਮ ਕਰਦੇ ਰਹੇ ਹਨ । ਇਹ ਭਾਵੇਂ ਸਰਕਾਰ ਦੀ ਕਮਜ਼ੋਰੀ ਹੈ, ਮਨਿਸਟਰ ਦੀ ਕਮਜ਼ੋਰੀ ਦਾ ਨਤੀਜਾ ਹੈ ਜਾਂ ਫਿਰ ਦੂਰ ਅੰਦੇਸ਼ੀ ਦਾ ਵੀ ਨਤੀਜਾ ਹੋ ਸਕਦਾ ਹੈ । ਸਿਰਫ ਇਕ ਤਰਮੀਮ ਤੋਂ ਬਿਨਾਂ ਬਾਕੀ ਦੀਆਂ ਸਾਰੀਆਂ ਤਰਮੀਮਾਂ, ਮੈਂ ਮਹਿਸੂਸ ਕਰਦਾ ਹਾਂ, ਕਿ ਇਸ ਸਰਕਾਰ ਦੀ ਇੱਛਾ ਮੁਤਾਬਕ, ਕਰਮਚਾਰੀਆਂ ਦੀਆਂ ਨਿਰੋਲ ਕਮਜ਼ੋਰੀਆਂ ਦੇ ਮਤਾਬਿਕ ਅਤੇ ਮੰਦ ਭਾਵਨਾ ਦੇ ਆਸ਼ੇ ਨਾਲ ਇਹ ਅਮੈਂਡਮੈਂਟਸ ਲਿਆਂਦੀਆਂ ਜਾ ਰਹੀਆਂ ਹਨ । ਜਿਥੋਂ ਤੱਕ ਇਸ ਦੇ ਆਬਜੈਕਟਿਵਜ਼ ਦਾ ਸਬੰਧ ਹੈ । ਇਸ ਦੇ ਵਿਚ ਇਕ ਡੈਲੀਗੇਸ਼ਨ ਆਫ ਪਾਵਰਜ਼ ਦੀ ਸੈਕਸ਼ਨ ਹੈ । ਉਸ ਦੇ ਨਾਲ ਇਨ੍ਹਾਂ ਨੂੰ ਰੂਲ 119 ਦੇ ਤਹਿਤ ਐਕਸਪਲੇਨੇਟਰੀ ਮੈਮੋਰੰਡਮ ਲਾਉਣਾ ਚਾਹੀਦਾ ਸੀ ਪਰ ਇਨ੍ਹਾਂ ਨੇ ਇਹ ਲਾਇਆ ਨਹੀਂ । ਜਿਹੜੀ ਸਬ-ਕਲਾਜ਼ 32 ਹੈ ਜਿਸ ਦੇ ਵਿਚ ਸਰਕਾਰ ਆਪਣੀਆਂ ਸਾਰੀਆਂ ਤਾਕਤਾਂ ਜਾਂ ਮਿਊਂਸਿਪਲ ਕਮੇਟੀਆਂ

*Expunged as ordered by the Chair.

[ਸਰਦਾਰ ਹਰਬੰਸ ਸਿੰਘ ਜਲਾਲ]

ਦੀਆਂ ਸਾਰੀਆਂ ਤਾਕਤਾਂ ਕਿਸੇ ਵੀ ਅਫਸਰ ਜਿਹੜਾ ਡਿਪਟੀ ਕਮਿਸ਼ਨਰ ਦੇ ਪੱਧਰ ਦਾ ਹੋਵੇ, ਦੇ ਸਕਦੀ ਹੈ । ਪਹਿਲਾਂ ਡੈਲੀਗੇਸ਼ਨ ਆਫ ਪਾਵਰਜ਼ ਦੇ ਮੁਤਾਬਿਕ ਉਸ ਅਫਸਰ ਨੂੰ ਇਹ ਅਖਤਿਆਰ ਸੀ ਅਤੇ ਉਸ ਦੇ ਮੁਤਾਬਿਕ ਮਿਊਂਸਿਪਲ ਕਮੇਟੀਆਂ ਦੇ ਨਿਯਮ ਦੀ ਬਣਾਏ ਜਾ ਸਕਦੇ ਸੀ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਰੂਲ 119 ਬਾਰੇ ਕੀ ਕਿਹਾ ਹੈ ? (What have you stated about Rule 119 ?)

ਸਰਦਾਰ ਹਰਬੰਸ ਸਿੰਘ ਜਲਾਲ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਕਿਹਾ ਹੈ ਕਿ ਇਸ ਰੂਲ ਅਧੀਨ ਜਦੋਂ ਪਾਵਰਜ਼ ਡੈਲੀਗੇਟ ਕੀਤੀਆਂ ਜਾਣ ਤਾਂ ਐਕਸਪਲੇਨੇਟਰੀ ਮੈਮੋਰੈਂਡਮ ਨਾਲ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਜੇ ਲੈਜਿਸਲੇਟਿਵ ਪਾਵਰਜ਼ ਡੈਲੀਗੇਟ ਕਰਨੀਆਂ ਹੋਣ ਤਾਂ ਇਹ ਜ਼ਰੂਰੀ ਹੁੰਦੀ ਹੈ । (It is necessary when the legislative powers are to be delegated.)

ਸਰਦਾਰ ਹਰਬੰਸ ਸਿੰਘ ਜਲਾਲ : ਹੁਣ ਇਸ ਤਰਮੀਮ ਨਾਲ ਉਸ ਅਫਸਰ ਪਾਸ ਨਿਯਮ ਬਣਾਉਣ ਦਾ ਹੱਕ ਨਹੀਂ ਰਹਿ ਜਾਂਦਾ । ਇਸ ਕਰਕੇ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਲੋਕਾਂ ਨੂੰ ਕੁਝ ਨਾ ਕੁਝ ਇਨਸਾਫ ਮਿਲੇਗਾ । ਜੋ ਪਿਛਲੇ ਦੋ ਸਾਲਾਂ ਵਿਚ ਸਰਕਾਰ ਡਿਪਟੀ ਕਮਿਸ਼ਨਰ ਦੇ ਰਾਹੀਂ ਧਾਂਦਲੀ ਮਚਾਉਂਦੀ ਰਹੀ ਹੈ, ਲੋਕਾਂ ਨੂੰ ਉਸ ਤੋਂ ਰੀਲੀਫ ਮਿਲੇਗਾ । ਡਿਪਟੀ ਸਪੀਕਰ ਸਾਹਿਬ, ਸੈਕਸ਼ਨ 34 ਨਿਰੋਲ ਸਰਕਾਰ ਦੀ ਕਮਜ਼ੋਰੀ ਅਤੇ ਉਸ ਦੀ ਮੈਲਾਫਾਈਡ ਇੰਨਟੈਨਸ਼ਨ ਹੈ ਅਤੇ ਇਹ ਕਿਸੇ ਤੋਂ ਛੁਪਾਈ ਨਹੀਂ ਜਾ ਸਕਦੀ । ਇਸ ਦੇ ਨਾਲ ਮੈਂ ਮਿਊਂਸਿਪਲ ਕਮੇਟੀ ਚਾਹੇ ਇਕ ਵਾਰਡ ਦੇ ਨੁਮਾਇੰਦਿਆਂ ਨੂੰ ਇਕਠਾ ਕਰਕੇ ਇਕ ਸਬ-ਕਮੇਟੀ ਬਣਾਈ ਜਾ ਸਕਦੀ ਹੈ । ਪਰ ਇਸਦੇ ਵਿਚ ਉਹ ਸਜਣ ਨਹੀਂ ਸਨ ਆ ਸਕਦੇ ਜਿਹੜੇ ਚੁਣੇ ਹੋਏ ਨਹੀਂ ਸਨ । ਇਹ ਚਾਹੁੰਦੇ ਹਨ ਕਿ ਜੇ ਕਿਸੇ ਵੀ ਵਾਰਡ ਵਿਚ ਇਨ੍ਹਾਂ ਦਾ ਨੁਮਾਇੰਦਾ ਨਾ ਹੋਵੇ ਤਾਂ ਇਹ ਆਪਣੀ ਬੇਇਨਸਾਫੀ ਲਾਗੂ ਕਰਾਉਣ ਦੀ ਖਾਤਰ, ਉਸ ਵਿਚ ਇਕ ਆਪਣਾ ਨੁਮਾਇੰਦਾ ਲਿਆ ਕੇ ਇਕ ਕਮੇਟੀ ਬਣਾ ਦੇਣਗੇ ਅਤੇ ਉਸ ਨੂੰ ਸਾਰੀਆਂ ਪਾਵਰਜ਼ ਡੈਲੀਗੇਟ ਕਰ ਦੇਣਗੇ । ਇਹ ਪੰਜਾਬ ਦੀ ਜਨਤਾ ਨਾਲ ਅਤੇ ਜਨਤਾ ਦੇ ਫਰੈਂਚਾਈਜ਼ ਨਾਲ ਇਕ ਬਹੁਤ ਵੱਡਾ ਧੱਕਾ ਹੈ ਅਤੇ ਉਸ ਤੇ ਛਾਪਾ ਹੈ । ਇਸ ਦੀ ਇਜਾਜ਼ਤ, ਡਿਪਟੀ ਸਪੀਕਰ ਸਾਹਿਬ, ਨਹੀਂ ਦਿਤੀ ਜਾਣੀ ਚਾਹੀਦੀ ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਸੈਕਸ਼ਨ 40 ਦਾ ਸਬੰਧ ਹੈ ਇਹ 1884 ਤੋਂ ਪਹਿਲਾਂ ਇਕ ਐਕਟ ਬਣਿਆ ਸੀ । ਉਸ ਵਿਚ ਜਿਹੜੇ ਅਫਸਰ ਸਨ 1911 ਦੇ ਐਕਟ ਮੁਤਾਬਿਕ ਉਨ੍ਹਾਂ ਨੂੰ ਲਿਆ ਗਿਆ । ਇਸ ਉਮਰ ਦਾ ਹੁਣ ਕੋਈ ਅਫਸਰ ਨਹੀਂ ਹੋਣਾ । ਇਸ ਵੇਲੇ ਇਸ ਨੂੰ ਉਮਿਟ ਕਰਨ ਵਿਚ ਕਿਸੇ ਨੂੰ ਇਤਰਾਜ਼ ਨਹੀਂ ਹੋਣਾ । ਜਿਥੋਂ ਤੱਕ ਸੈਕਸ਼ਨ 43 ਦਾ ਸਬੰਧ ਹੈ, ਇਹ ਪ੍ਰਾਵੀਡੈਂਟ ਫੰਡ ਅਤੇ ਗਰੈਚੂਅਟੀ ਦੇ ਬਾਰੇ ਹੈ । ਪਹਿਲਾਂ 20 ਰੁਪਏ ਤੋਂ ਉਤੇ ਜਮ੍ਹਾਂ ਕਰਾਉਣ ਲਈ ਮਜ਼ਬੂਰ ਕਰ ਸਕਦੇ ਸੀ ।

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ ਮੈਂ ਇਕ ਇਨਫਰਮੇਸ਼ਨ ਲੈਣੀ ਹੈ । ਇਨ੍ਹਾਂ ਨੇ ਹਵਾਲਾ ਦਿਤਾ ਹੈ । ਮਿਊਂਸਿਪਲ ਇੰਸਟੀਚਿਊਸ਼ਨ ਹਿੰਦੁਸਤਾਨ ਵਿਚ 1882 ਵਿਚ ਇੰਟਰੋਡਿਊਸ ਹੋਈ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ 1884 ਦਾ ਹਵਾਲਾ ਦਿਤਾ ਹੈ ਉਹ ਐਕਟ ਉਸ ਵੇਲੇ ਕਿਥੇ ਆਪਰੇਟ ਕਰਦਾ ਸੀ ? ਮੈਂ ਇਹ ਜਾਣਨਾ ਚਾਹੁੰਦਾ ਹਾਂ ।

ਸਰਦਾਰ ਹਰਬੰਸ ਸਿੰਘ ਜਲਾਲ : ਮੇਰੇ ਕੋਲ ਇਹ ਪੰਜਾਬ ਕੋਡ ਵਾਲਿਊਮ ਹੈ । ਇਨ੍ਹਾਂ ਨੂੰ ਰੂਲਜ਼ ਦੀ ਵਾਕਫੀਅਤ ਹੋਣੀ ਚਾਹੀਦੀ ਹੈ । 1911 ਤੋਂ ਪਹਿਲਾਂ, ਜੋ ਕਾਨੂੰਨ ਲਾਗੂ ਸੀ, ਉਹ 1884 ਦਾ ਸੀ । ਇਹ ਕਾਨੂੰਨ ਕੁਝ ਐਸੀਆਂ ਕੁਰੀਤੀਆਂ ਨਾਲ ਬਣਾਇਆ ਗਿਆ ਸੀ । ਭਾਵੇਂ ਇਹ ਸਰਕਾਰ ਦੀ ਕਮਜ਼ੋਰੀ ਸੀ ਜਾਂ ਮਨਿਸਟਰ ਦੀ ਜਾਂ ਕਿਸੇ ਉਚ-ਅਧਿਕਾਰੀ ਦੀ ਜਾਂ ਫਿਰ ਇਨ੍ਹਾਂ * * * ਦੀ ।

ਸ੍ਰੀ ਡਿਪਟੀ ਸਪੀਕਰ : ਇਹ * * * ਲਫ਼ਜ਼ ਕੱਟ ਦਿਤਾ ਜਾਵੇ । (The word * * * be expunged.)

ਸਰਦਾਰ ਹਰਬੰਸ ਸਿੰਘ ਜਲਾਲ : ਡਿਪਟੀ ਸਪੀਕਰ ਸਾਹਿਬ,* * * ਕੋਈ ਵੀ ਹੋ ਸਕਦਾ ਹੈ । ਇਹ ਕਟਾਇਆ ਨਹੀਂ ਜਾਣਾ ਚਾਹੀਦਾ । ਜਿਹੜੇ ਮੇਰੇ ਵੀਰ ਅਤੇ ਭੈਣਾਂ ਕੰਮ ਕਰਦੇ ਸੀ ਉਨ੍ਹਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਵਾਸਤੇ ਇਹ ਕਰਦੇ ਰਹੇ ਹਨ ਅਤੇ ਕਾਨੂੰਨ ਦਾ ਅਸਰ ਪਾਉਂਦੇ ਰਹੇ ਹਨ । ਮੇਰੇ ਕੋਲ ਇਕ ਸਪੈਸੀਫਿਕ ਇਨਸਟਾਂਸ ਹੈ । ਪਟਿਆਲੇ ਵਿਚ, ਡਿਪਟੀ ਸਪੀਕਰ ਸਾਹਿਬ, ਇਕ ਅਫਵਾਹ ਹੈ । ਇਕ ਮੇਰੀ ਭੈਣ ਨੂੰ ਕਿਸੇ ਮਿਉਂਸਪੈਲਟੀ ਵਿਚ ਪਰਮਾਨੈਂਟ ਕਰਨ ਖਾਤਰ ਉਸ ਨੂੰ ਟਮਪਰੇਰੀ ਤੋਂ ਰੈਗੂਲਰ ਕੀਤਾ ਗਿਆ । ਕਾਨੂੰਨ ਇਜਾਜ਼ਤ ਨਹੀਂ ਦਿੰਦਾ । ਬਿਨਾਂ ਕਿਸੇ ਅਮੈਂਡਮੈਂਟ ਦੇ ਇਹ ਕੀਤਾ ਨਹੀਂ ਜਾ ਸਕਦਾ । ਮੇਰਾ ਖਿਆਲ ਹੈ ਕਿ ਦੂਜੀ ਵਾਰੀ ਮੇਰੇ ਵੀਰ ਇਨਫਰਮੇਸ਼ਨ ਨਹੀਂ ਲੈਣਾ ਚਾਹੁਣਗੇ । ਜਿਥੋਂ ਤੱਕ ਸੈਕਸ਼ਨ 54 ਦਾ ਤੁਅੱਲਕ ਹੈ, ਉਸ ਦੇ ਵਿਚ ਮਿਉਂਸਿਪਲ ਕਮੇਟੀ ਨੂੰ ਪਹਿਲਾਂ ਅਧਿਕਾਰ ਸੀ ਕਿ ਉਹ ਆਪਣੀ ਰਕਮ ਕਿਸੇ ਖਜ਼ਾਨੇ ਵਿਚ, ਕਿਸੇ ਬੈਂਕ ਵਿਚ ਜਾਂ ਕਿਸੇ ਅਜਿਹੇ ਆਦਮੀ ਕੋਲ ਜਿਸ ਤੋਂ ਵਾਪਸ ਮਿਲਣ ਦੀ ਆਸ ਸੀ, ਜਮ੍ਹਾਂ ਕਰਾ ਸਕਦੇ ਸੀ । ਪਰ ਮਿਉਸਪੈਲਿਟੀ ਲੋਨ ਨਹੀਂ ਸੀ ਲੈ ਸਕਦੀ । ਕਮਰਸ਼ਲ ਬੈਂਕਾਂ ਨਾਲ ਡੀਲਿੰਗ ਵੀ ਨਹੀਂ ਕਰ ਸਕਦੇ ਸੀ । ਹੁਣ ਸਰਕਾਰ ਨੇ ਇਹ ਕਰ ਦਿਤਾ ਹੈ ਕਿ ਉਹ ਕਮਰਸ਼ਲ ਬੈਂਕਾਂ ਤੋਂ ਆਪਣੀਆਂ ਬਸਤੀਆਂ ਦੀ ਡਿਵੈਲਪਮੈਂਟ ਵਾਸਤੇ ਲੋਨ ਲੈ ਸਕਦੀ ਹੈ। ਇਹ ਕੋਈ ਮਾੜੀ ਗੱਲ ਨਹੀਂ । ਮਿਉਂਸਿਪਲ ਕਮੇਟੀ ਦੇ ਆਪਣੇ ਫੰਡਜ਼ ਇਤਨੇ ਜ਼ਿਆਦਾ ਨਹੀਂ ਹੁੰਦੇ । ਇਸ ਲਈ ਲੋਨ ਉਨ੍ਹਾਂ ਨੂੰ ਲੈਣਾ ਚਾਹੀਦਾ ਹੈ । ਇਕ ਚੀਜ਼ ਮਾੜੀ ਹੋ ਸਕਦੀ ਹੈ । ਲੋਨ ਇਸ ਮੁਤਾਬਿਕ 20 ਸਾਲ ਵਾਸਤੇ ਮਿਲ ਜਾਂਦਾ ਹੈ । ਮਿਉਂਸਿਪਲ ਕਮੇਟੀਆਂ ਦਾ ਅਰਸਾ ਬੜਾ ਘੱਟ ਹੁੰਦਾ ਹੈ । ਜੇ ਅੱਜ ਦੀ ਕਾਬਿਜ਼ ਮਿਉਂਸਿਪਲ ਕਮੇਟੀ ਇਤਨੇ ਲੰਮੇ ਅਰਸੇ ਵਾਸਤੇ ਲੋਨ ਲੈ ਲਵੇ ਤਾਂ ਆਉਣ ਵਾਲੀਆਂ ਤਿੰਨ ਚਾਰ ਮਿਉਂਸਿਪਲ ਕਮੇਟੀਆਂ ਇਸ ਨੂੰ ਉਤਾਰ ਨਹੀਂ ਸਕਣਗੀਆਂ । ਇਸ ਨੂੰ ਮਿਸਯੂਜ਼ ਕੀਤਾ ਜਾ ਸਕਦਾ ਹੈ । ਮੈਂ ਇਸ ਦੇ ਬਾਰੇ ਅਮੈਂਡਮੈਂਟ ਦਿਤੀ ਹੈ । ਪਰ ਇਹ ਡਿਸਅਲਾਓ ਹੋ ਗਈ ਹੈ । ਹੋ ਸਕਦਾ ਹੈ ਕਿ ਸਰਕਾਰ ਨੇ ਫੈਸਲਾ ਕੀਤਾ ਹੋਵੇ ਕਿ ਆਪੋਜੀਸ਼ਨ ਦੀ ਕੋਈ ਅਮੈਂਡਮੈਂਟ ਮੰਨਣੀ ਹੀ ਨਹੀਂ । ਇਸ ਲੋਨ ਦੀ ਮਿਆਦ ਪੰਜ ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ । ਜਿਥੋਂ ਤੱਕ ਸੈਕਸ਼ਨ 68 ਦਾ ਸਬੰਧ ਹੈ, ਉਹ ਮਕਾਨ ਦੀ ਅਸੈਸਮੈਂਟ ਦੇ ਬਾਰੇ ਹੈ। ਮੈਂ ਕਹਾਂਗਾ ਕਿ ਇਨ੍ਹਾਂ ਦੇ ਪਾਪ ਕੰਬ ਰਹੇ ਹਨ । ਅਸੈਸਮੈਂਟ ਕਿਸੇ ਬਿਲਡਿੰਗ ਦੀ ਹੁੰਦੀ ਹੈ । ਇਸ ਲਈ ਅਮੈਂਡਮੈਂਟ ਤੇ ਤਹਿਤ ਜੋ ਪੁਰਾਣੀ ਹੋ ਚੁਕੀ ਅਸੈਸਮੈਂਟ ਹੈ, ਉਸ ਨੂੰ ਇਹ ਮੌਕਾ ਦੇਣਾ ਚਾਹੀਦਾ ਹੈ, ਉਸ ਮਾਲਕ ਮਕਾਨ ਦੀ ਕਨਸੈਂਟ ਤੋਂ ਬਿਨਾਂ ਅਸੈਸਮੈਂਟ ਨਾ ਹੋ ਸਕੇ । ਵੈਸੇ ਤਾਂ ਇਨ੍ਹਾਂ ਦੀ ਮੈਲੇਫਾਈਡ ਇਨਟੈਨਸ਼ਨ ਪਿਛਲੇ ਸਾਲ ਤੋਂ ਜ਼ਾਹਿਰ ਹੋ ਰਹੀ ਹੈ ।

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਦਿਹਾਤੀ ਲੈਂਡ ਰਿਫਾਰਮਜ਼ ਬਿਲ ਤਾਂ ਪਾਸ ਕਰ ਦਿਤਾ ਸੀ । ਪਰ ਜਿਹੜਾ ਸ਼ਹਿਰੀ ਪਰੋਪਰਟੀ ਵਾਲਾ ਬਿਲ ਸੀ ਉਹ ਬੜੇ ਕੋਝੇ ਢੰਗ ਨਾਲ ਇਨ੍ਹਾਂ ਨੇ ਪੇਸ਼ ਕੀਤਾ ਪਰ ਹੁਣ ਵੀ ਇਨ੍ਹਾਂ ਨੂੰ ਇਹ ਡਰ ਰਹਿੰਦਾ ਹੈ ਕਿ ਇਹ ਸ਼ਹਿਰੀ ਪਰਪਰਟੀ ਸੀਲਿੰਗ ਵਾਲਾ

*Expunged as ordered by the Chair.

[ਸਰਦਾਰ ਹਰਬੰਸ ਸਿੰਘ ਜਲਾਲ]

ਬਿਲ ਪਾਸ ਹੋ ਸਕਦਾ ਹੈ । ਇਸ ਵਾਸਤੇ ਜਿਹੜੀ ਸ਼ਹਿਰਾਂ ਵਿਚ ਲੱਖਾਂ ਰੁਪਏ ਦੀ ਜਾਇਦਾਦ ਹੈ ਉਸ ਦੀ ਕੀਮਤ ਘੱਟ ਕਰਨ ਵਾਸਤੇ, ਇਹ ਅਮੈਂਡਮੈਂਟ ਲਿਆਂਦੀ ਹੈ। ਮੈਂ ਕਹਿਦਾ ਹਾਂ ਕਿ ਇਹ ਬਿਲ ਪਾਸ ਨਹੀ ਹੋਣਾ ਚਾਹੀਦਾ ।

ਸੈਕਸ਼ਨ 76, 77 ਦੇ ਤਹਿਤ ਜਦੋਂ ਕੋਈ ਵੀ ਕਿਸਾਨ ਆਪਣੀ ਪਰਡਿਉਸ ਨੇਕ ਨੀਤੀ ਨਾਲ ਮੰਡੀ ਵਿਚ ਲੈ ਜਾਂਦਾ ਸੀ ਤਾਂ ਉਸ ਤੇ ਸਿਰਫ ਮਿਊਂਸਿਪਲ ਕਮੇਟੀ ਵਲੋਂ ਚੁੰਗੀ ਹੀ ਲਗਦੀ ਸੀ ਪਰ ਹੁਣ ਇਨ੍ਹਾਂ ਨੇ ਲਫਜ਼ 'ਸਰਕਾਰੀ ਅਫਸਰ' ਵੀ ਪਾ ਦਿਤਾ ਹੈ, ਇਸ ਤਰ੍ਹਾਂ ਸ਼ਾਇਦ ਸਰਕਾਰ ਆਪਣੇ ਅਫਸਰਾਂ ਰਾਹੀਂ ਕਿਸਾਨਾਂ ਤੇ ਆਪਣੀ ਧੌਣ ਤੇ ਤਲਵਾਰ ਹੀ ਲਟਕਾਈ ਰੱਖਣਾ ਚਾਹੁੰਦੀ ਹੈ। ਇਸ ਨਾਲ ਕਿਸਾਨ ਨੂੰ ਕੋਈ ਫਾਇਦਾ ਨਹੀਂ ਹੋ ਸਕਦਾ । ਦਿਹਾਤੀ ਕਿਸਾਨ ਪਹਿਲੇ ਹੀ ਸ਼ਹਿਰਾਂ ਵਿਚ ਕਾਫੀ ਲੁਟੇ ਜਾ ਰਹੇ ਹਨ । ਇਸ ਢੰਗ ਨਾਲ ਜੋ ਕਿਸਾਨਾਂ ਨੂੰ ਨੁਕਸਾਨ ਹੋਵੇਗਾ ਉਸਦੀ ਜਿੰਮੇਵਾਰੀ ਇਸ ਸਰਕਾਰ ਤੇ ਹੋਵੇਗੀ ।

ਇਸ ਤਰ੍ਹਾਂ ਇਸ ਅਮੈਂਡਮੈਂਟ ਨਾਲ ਇਨ੍ਹਾਂ ਨੇ ਆਪਣੇ ਆਪ ਨੂੰ ਨੰਗਾ ਕੀਤਾ ਹੈ । ਪਹਿਲੇ ਜਿਹੜੇ ਜੁਰਮਾਨੇ 10, 20, 50 ਰੁਪਏ ਦੇ ਹੁੰਦੇ ਸਨ, ਜਿਸ ਤਰ੍ਹਾਂ 129 ਸੈਕਸ਼ਨ ਦੇ ਅਧੀਨ ਨਾਲੇ ਤੋੜਨਾ ਜੁਰਮਾਨਾ 20 ਰੁਪਏ, 130 ਸੈਕਸ਼ਨ ਦੇ ਅਧੀਨ ਨਾਲੇ ਕੱਢਣਾ ਜੁਰਮਾਨਾ 50 ਰੁਪਏ, ਭਾਵ ਸੈਕਸ਼ਨਜ਼ 135, 155, 156, 167, 168, 172, 173, 178, 179 ਵਗੈਰਾ, ਜੋ ਛੋਟੀਆਂ ਮੋਟੀਆਂ ਸੜਕਾਂ ਬਲਾਕ ਕਰਨ ਨਾਲ ਜਾਂ ਰੂੜੀ ਆਦਿ ਰੱਖਣ ਨਾਲ ਸਬੰਧ ਰਖਦੀਆਂ ਸਨ, ਇਸ ਨਾਲ ਨਿੱਕਾ ਮੋਟਾ ਜੁਰਮਾਨਾ 10 ਜਾਂ 20 ਰੁਪਏ ਹੀ ਹੁੰਦੇ ਸਨ, ਜਿਹੜਾ ਕਿ ਆਮ ਆਦਮੀ ਦੇ ਸਕਦਾ ਸੀ। ਮਿਸਾਲ ਦੇ ਤੌਰ ਤੇ ਜੇ ਕਿਸੇ ਬੱਚੇ ਨੇ ਮਿੱਟੀ ਸੜਕ ਤੇ ਸੁੱਟ ਦਿੱਤੀ ਹੈ ਜਾਂ ਕਿਸੇ ਗਰੀਬ ਦੀ ਰੂੜੀ ਖਰਾਬ ਹੋ ਗਈ ਜਾਂ ਕਿਸੇ ਗਰੀਬ ਆਦਮੀ ਨੇ ਜਿਸ ਕੋਲ ਕਿ ਇਕ ਕਮਰਾ ਹੈ ਅਤੇ 10 ਜੀਅ ਉਸ ਵਿਚ ਰਹਿੰਦੇ ਹਨ, ਉਸ ਕਮਰੇ ਵਿਚ ਉਸ ਦੀਆਂ ਨੂਹਾਂ ਧੀਆਂ ਰਹਿੰਦੀਆਂ ਹਨ, ਆਪਣੀ ਮੰਜੀ ਬਾਹਰ ਸੜਕ ਤੇ ਢਾ ਲਈ ਹੈ ਤਾਂ ਉਸ ਤੋਂ ਦੁਗਨਾ ਚੌਗਨਾ ਜੁਰਮਾਨਾ ਰਖ ਸਕਦੇ ਸੀ। ਪਰ ਇਨ੍ਹਾਂ ਨੇ ਇਸ ਵਾਸਤੇ 500 ਰੁਪਿਆ ਜੁਰਮਾਨਾ ਕਰ ਦਿੱਤਾ ਹੈ। ਉਹ ਮਜ਼ਬੂਰੀ ਦੀ ਹਾਲਤ ਵਿਚ ਸੜਕ ਬਲਾਕ ਕਰਦੇ ਹਨ, ਪਰ ਇਹ ਤਾਂ ਗਰੀਬਾਂ ਨਾਲ ਬਹੁਤ ਵੱਡਾ ਅਨਿਆਂ ਹੋਵੇਗਾ। ਕਿਸੇ ਅਮੀਰ ਆਦਮੀ ਨੂੰ ਜਿਸ ਕੋਲ ਕਰੋੜਾਂ ਦੀਆਂ ਕੋਠੀਆਂ ਹਨ, ਉਸ ਨੂੰ ਸੜਕ ਬਲਾਕ ਕਰਨ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਪਰ ਗਰੀਬ ਆਦਮੀ ਜਿਸ ਕੋਲ ਰਹਿਣ ਲਈ ਆਪਣੀ ਥਾਂ ਨਹੀਂ ਹੈ ਉਹ ਕਈ ਵਾਰੀ ਆਪਣੀ ਮਜ਼ਬੂਰੀ ਕਾਰਣ ਸੜਕ ਬਲਾਕ ਕਰ ਲੈਂਦਾ ਹੈ ਤਾਂ ਉਸ ਤੇ 500 ਰੁਪਏ ਜੁਰਮਾਨਾ ਕਰਨਾ ਇਹ ਤਾਂ ਇਕ ਭਾਰੀ ਜ਼ੁਲਮ ਹੈ । ਡਿਪਟੀ ਸਪੀਕਰ ਸਾਹਿਬ, ਇਹ ਇਕ ਨਿਰੋਲ ਪੁਲੀਟੀਕਲ ਪਰਪਜ਼ ਵਾਸਤੇ ਇਹ ਇਕ ਢੰਗ ਬਣਾਇਆ ਗਿਆ ਹੈ।

ਡਿਪਟੀ ਸਪੀਕਰ ਸਾਹਿਬ ਸੈਕਸ਼ਨ 192 ਏ ਗੈਰ-ਕਾਨੂੰਨੀ ਤੌਰ ਤੇ ਬਿਲਡਿੰਗ ਐਕਵਾਇਰ ਕਰਨ ਸਬੰਧੀ ਹੈ ਅਤੇ ਸੈਕਸ਼ਨ 172 ਐਨਕਰੋਚਮੈਂਟ ਸਬੰਧੀ ਹੈ। ਇਹ ਐਵੇਂ ਜੁਰਮਾਨਾ ਵਧਾ ਕੇ ਜਨਤਾ ਨੂੰ ਬੇਵਕੂਫ ਬਣਾ ਰਹੇ ਹਨ, ਅਸਲੀਅਤ ਵਿੱਚ ਇਨ੍ਹਾਂ ਸੈਕਸ਼ਨਾਂ ਤੇ ਕੋਈ ਅਮਲ ਨਹੀਂ ਹੋ ਰਿਹਾ। ਜਿਸ ਤਰ੍ਹਾਂ ਮਿਸਾਲ ਹੈ ਕਿ ਚੋਰ ਚੋਰੀ ਕਰਨ ਤੋਂ ਨਹੀਂ ਟਲ ਸਕਦਾ, ਇਸੇ ਤਰ੍ਹਾਂ ਹੀ ਇਹ ਕਰ ਰਹੇ ਹਨ। ਇਹ ਸਾਰੇ ਥਾਂ ਚੋਰ ਇਕੱਠ ਹੋਏ ਹਨ ਅਤੇ ਇਨ੍ਹਾਂ ਸਾਰਿਆਂ ਨੇ ਇਨਕਰੋਚਮੈਂਟ ਕੀਤੀ ਹੋਈ ਹੈ। (ਸ਼ੋਰ)

ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹ ਜਿਹੜੀ ਸੈਕਸ਼ਨ 172 ਐਨਕਰੋਚਮੈਂਟ ਸਬੰਧੀ ਹੈ, ਇਸ ਨੂੰ ਡੀਲੀਟ ਕਰ ਦੇਣਾ ਚਾਹੀਦਾ ਹੈ। (ਵਿਘਨ)

ਸ੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਮੇਰੀ ਪਰਸਨਲ ਐਕਸਪਲੇਨੇਸ਼ਨ ਇਹ ਹੈ ਕਿ ਇਹ ਜਿਹੜੀ ਅਮੈਂਡਮੈਂਟ ਦਿੱਤੀ ਗਈ ਹੈ, ਇਹ 5 ਮੈਂਬਰਾਂ ਨੇ ਦਿੱਤੀ ਹੈ ਇਸ ਵਿਚ ਮੈਂ ਵੀ ਆਪਣੇ ਦਸਖਤ ਕੀਤੇ ਹਨ, ਚੋਰਾਂ ਨੇ ਨਹੀਂ ਦਿੱਤੀ।

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਇਹ ਸਾਹਮਣੇ ਬੈਠੇ 5 ਮੈਂਬਰ (ਅਕਾਲੀਆਂ ਵਲ ਇਸ਼ਾਰਾ ਕਰਦੇ ਹੋਏ) ਵੀ ਚੋਰ ਹੀ ਬੈਠੇ ਹਨ (ਵਿਘਨ)।

ਕਾਮਰੇਡ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, 5 ਮੈਂਬਰ ਹੀ ਇਧਰ ਬੈਠੇ ਹਨ ਅਤੇ 5 ਹੀ ਇਹ ਮੈਂਬਰ ਹਨ ਪਤਾ ਨਹੀਂ ਇਨ੍ਹਾਂ ਵਿਚੋਂ ਕਿਹੜੀ ਪਾਰਟੀ ਦੇ ਮੈਂਬਰ ਚੋਰ ਹਨ (ਹਾਸਾ) (ਸ਼ੋਰ)

Mr. Deputy Speaker. It is not proper to use the word ('Chor,) thief for an hon. Member.

ਸਰਦਾਰ ਹਰਬੰਸ ਸਿੰਘ ਜ਼ਲਾਲ : ਡਿਪਟੀ ਸਪੀਕਰ ਸਾਹਿਬ, ਐਨਕਰੋਚਮੈਂਟ ਬਾਰੇ ਅੱਗੇ ਵੀ ਹਾਊਸ ਵਿਚ ਕਈ ਵਾਰੀ ਜ਼ਿਕਰ ਕੀਤਾ ਜਾ ਚੁੱਕਾ ਹੈ। (ਸ਼ੋਰ) ਹੁਣ ਮੈਂ ਤੁਹਾਨੂੰ ਐਨਕਰੋਚਮੈਂਟ ਦੀ ਮਿਸਾਲ ਦਿੰਦਾ ਹਾਂ ਜਿਹੜੀ ਕਿ ਜ਼ਿਲ੍ਹਾ ਬਠਿੰਡੇ ਵਿਚ ਕੀਤੀ ਗਈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਮਿਸਾਲ ਦੇਣ ਲਗਾ ਸੀ ਕਿ ਇਹ ਗਰੀਬਾਂ ਨੂੰ ਕਿਸ ਤਰ੍ਹਾਂ ਨਾਜਾਇਜ਼ ਤੰਗ ਕਰਦੇ ਹਨ ਅਤੇ ਅਮੀਰਾਂ ਦੀ ਕਿਸ ਤਰ੍ਹਾਂ ਮਦਦ ਕਰਦੇ ਹਨ। ਸੈਕਸ਼ਨ 172 ਜਿਹੜੀ ਕਿ ਐਨਕਰੋਚਮੈਂਟ ਸਬੰਧੀ ਹੈ ਇਸ ਅਧੀਨ ਕੋਈ ਵੀ ਆਦਮੀ ਸੜਕ ਬਲਾਕ ਨਹੀਂ ਕਰ ਸਕਦਾ। ਡਿਪਟੀ ਸਪੀਕਰ ਸਾਹਿਬ, ਰਾਮਪੁਰਾ ਵਿਚ ਇਕ ਪੀ.ਪੀ.ਸੀ. ਦਾ ਮੈਂਬਰ ਹੈ ਜਿਸ ਦੀ ਲੱਖਾਂ ਦੀ ਜਾਇਦਾਦ ਹੈ ਅਤੇ ਜਿਤਨੇ ਵੀ ਮਨਿਸਟਰ ਉਥੇ ਗਏ ਹਨ ਉਹ ਉਸ ਕੋਲੋਂ ਖਾਣਾ ਖਾ ਚੁਕੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਬਠਿੰਡਾ ਤੋਂ ਰਾਮਪੁਰ ਤਕ ਜਿੰਨੀ ਵੀ ਐਨਕਰੋਚਮੈਂਟ ਹੋਈ ਸੀ, ਜਿੰਨੇ ਵੀ ਗਰੀਬ ਆਦਮੀਆਂ ਨੇ ਆਪਣੀਆਂ ਝੌਂਪੜੀਆਂ ਸੜਕ ਦੇ ਕਿਨਾਰੇ ਪਾਈਆਂ ਹੋਈਆਂ ਸਨ, ਇਨ੍ਹਾਂ ਨੇ ਉਨ੍ਹਾਂ ਸਾਰਿਆਂ ਨੂੰ ਢਾਹ ਕੇ ਉਨ੍ਹਾਂ ਤੇ ਜੁਰਮਾਨਾ ਕਰ ਦਿੱਤਾ। ਪਰ ਜਿਸ ਵੇਲੇ ਰਾਮਪੁਰਾ ਕੋਲ ਪਹੁੰਚੇ ਜਿਥੇ ਕਿ ਉਸ ਪੀ.ਪੀ.ਸੀ. ਦੇ ਮੈਂਬਰ ਦੇ ਆਪਣੇ ਗੋਦਾਮ ਅਤੇ ਕੋਠੀਆਂ ਹਨ ਅਤੇ ਉਸ ਨੇ ਸੜਕ ਦੇ ਦੋਵੇਂ ਪਾਸੇ ਤੇ 5, 5, ਫੁੱਟ ਦੀ ਐਨਕਰੋਚਮੈਂਟ ਕੀਤੀ ਹੋਈ ਹੈ, ਤਾਂ ਉਥੇ ਇਨ੍ਹਾਂ ਦੀ ਸਾਰੀ ਕਾਰਵਾਈ ਖ਼ਤਮ ਹੋ ਗਈ। ਇਸ ਤਰ੍ਹਾਂ ਨਾਲ ਇਹ ਅਮੀਰਾਂ ਕੋਲੋਂ ਡਰਦੇ ਹਨ ਅਤੇ ਉਨ੍ਹਾਂ ਦੀ ਮਦਦ ਕਰਦੇ ਹਨ। ਪਰ, ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਲੋਕਾਂ ਦਾ ਬੇਵਕੂਫ ਬਣਾਉਣ ਵਾਸਤੇ ਅਤੇ ਗਰੀਬਾਂ ਦਾ ਗਲਾ ਘੁਟਣ ਵਾਸਤੇ ਇਹ ਨਹੀਂ ਹੋਣਾ ਚਾਹੀਦਾ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਤਨਾ ਕਹਿ ਕੇ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ।

ਚੌਧਰੀ ਰਾਮ ਸਿੰਘ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਨਵਾਂ ਮਿਉਂਸਿਪਲ ਅਮੈਂਡਮੈਂਟ ਬਿਲ ਹਾਊਸ ਦੇ ਸਾਹਮਣੇ ਪੇਸ਼ ਹੈ ਮੈਂ ਇਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਸ ਅਰਸੇ ਵਿਚ ਸ਼ਹਿਰੀ ਹਲਕਿਆਂ ਨੂੰ ਚੰਗਾ ਬਣਾਉਣ ਵਾਸਤੇ ਕਈ ਯਤਨ ਕੀਤੇ ਹਨ। ਇਸ ਤੋਂ ਪਹਿਲਾਂ ਵੀ ਇਕ ਮਿਉਂਸਿਪਲ ਅਮੈਂਡਮੈਂਟ ਬਿੱਲ ਆਇਆ ਸੀ, ਜਿਹੜਾ ਕਿ ਐਕਟ ਬਣ ਗਿਆ। ਇਸ ਤਰ੍ਹਾਂ ਹੀ ਥੋੜ੍ਹੀ ਦੇਰ ਪਹਿਲਾਂ ਟਾਊਨ ਇੰਪਰੂਵਮੈਂਟ ਬਿੱਲ ਦੀ ਅਮੈਂਡਮੈਂਟ ਹਾਊਸ ਨੇ ਪਾਸ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਸ਼ਹਿਰਾਂ ਲਈ ਇਸ ਵੇਲੇ ਕਾਫੀ ਰੁਪਿਆ ਪੰਜਾਬ ਦੀ ਸਰਕਾਰ ਦੇ ਰਹੀ ਹੈ। ਸ਼ਹਿਰਾਂ ਵਿਚ ਕਾਫੀ ਤਰੱਕੀ ਹੋ ਰਹੀ ਹੈ। 20—25% ਸ਼ਹਿਰਾਂ ਵਿਚ ਵਸੋਂ ਹੈ, ਉਥੇ ਨਾ ਗਲੀਆਂ ਸਨ, ਨਾ ਡਰੇਨੇਜ ਦਾ ਪ੍ਰਬੰਧ ਸੀ ਔਰ ਨਾ ਹੀ ਵਾਟਰ ਸਪਲਾਈ ਦਾ

[ਚੌਧਰੀ ਰਾਮ ਸਿੰਘ]

ਕੋਈ ਪ੍ਰਬੰਧ ਸੀ, ਲੇਕਿਨ ਦੋ ਸਾਲਾਂ ਦੇ ਅੰਦਰ ਅੰਦਰ ਪੰਜਾਬ ਸਰਕਾਰ ਨੇ ਡਰਨੇਜ ਲਈ, ਵਾਟਰ ਸਪਲਾਈ ਲਈ ਜਾਂ ਹੋਰ ਤਰੱਕੀ ਦੇ ਕੰਮਾਂ ਲਈ ਸ਼ਹਿਰਾਂ ਨੂੰ ਕਾਫੀ ਰੁਪਿਆ ਦਿਤਾ ਹੈ ਔਰ ਨਾਲ ਹੀ ਬੜੇ ਪਲੈਨ ਦੇ ਤਰੀਕੇ ਨਾਲ ਕੰਮ ਵੀ ਕੀਤਾ ਜਾ ਰਿਹਾ ਹੈ ਤਾਕਿ ਸ਼ਹਿਰ ਜ਼ਿਆਦਾ ਤੋਂ ਜ਼ਿਆਦਾ ਤਰੱਕੀ ਕਰ ਸਕਣ। ਮੇਰੇ ਸੀ.ਪੀ.ਆਈ. ਦੇ ਦੋਸਤਾਂ ਨੇ ਕਿਹਾ ਸੀ ਕਿ ਜਿਹੜੀ ਡੈਲੀਗੇਸ਼ਨ ਦੀ ਪ੍ਰੋਵੀਜ਼ਨ ਕਰ ਰਹੇ ਹੋ ਇਹ ਗ਼ਲਤ ਹੈ।

ਡਿਪਟੀ ਸਪੀਕਰ ਸਾਹਿਬ, ਅਸੀਂ ਬੜੀ ਹੀ ਦੇਰ ਤੋਂ ਸੋਚਦੇ ਆ ਰਹੇ ਹਾਂ ਕਿ ਪਾਵਰ ਸ਼ਹਿਰਾਂ ਵਿਚ ਆਵੇ। ਇਸ ਦਾ ਇਹ ਮਤਲਬ ਨਹੀਂ ਹੈ ਕਿ ਪਾਵਰ ਖੋਹੀ ਗਈ ਹੈ। ਗੌਰਮਿੰਟ ਡਾਇਰੈਕਟਰ ਨੂੰ, ਡਿਪਟੀ ਡਾਇਰੈਕਟਰ ਨੂੰ, ਡਿਪਟੀ ਕਮਿਸ਼ਨਰ ਨੂੰ ਇਹ ਪਾਵਰਾਂ ਡੈਲੀਗੇਟ ਕਰ ਸਕਦੀ ਹੈ। ਇਸ ਦਾ ਇਹ ਫਾਇਦਾ ਹੈ ਕਿ ਜਿਹੜੇ ਲੋਕ ਹਨ, ਉਨ੍ਹਾਂ ਨੂੰ ਸਰਕਾਰ ਪਾਸ ਹਰ ਕੰਮ ਲਈ ਨਾ ਭੱਜਣਾ ਪਵੇ। ਜਿਤਨੇਂ ਇੰਪਰੂਵਮੈਂਟ ਦੇ ਇਮੀਜੀਏਟ ਐਕਸ਼ਨ ਹੋ ਸਕਦੇ ਹਨ, ਉਥੇ ਹੀ ਹੋ ਜਾਇਆ ਕਰਨ। ਇਸ ਦੇ ਨਾਲ ਮਿਊਂਸਿਪੈਲਿਟੀਆਂ, ਪੰਚਾਇਤ ਸੰਮਤੀਆਂ ਇਮੀਜੀਏਟ ਡੀਸੀਜ਼ਨ ਕਰਵਾ ਸਕਦੀਆਂ ਹਨ, ਤਰੱਕੀ ਦੇ ਕੰਮਾਂ ਦੀ ਰਫ਼ਤਾਰ ਨਹੀਂ ਰੁੱਕ ਸਕਦੀ। ਅਸੀਂ ਕਾਫੀ ਦੇਰ ਤੋਂ ਇਸ ਚੀਜ਼ ਦੀ ਮੰਗ ਕਰ ਰਹੇ ਸਾਂ ਕਿ ਪਾਵਰ ਦੀ ਡੀਸੈਂਟਰੇਲਾਈਜ਼ੇਸ਼ਨ ਕਰੋ। ਇਸ ਵਾਸਤੇ ਹੀ ਇਹ ਕਲਾਜ਼ ਆਈ ਹੈ। ਮੇਰੇ ਦੋਸਤਾਂ ਨੂੰ ਗਲਤ ਫਹਿਮੀ ਹੋ ਗਈ ਹੈ। ਮੈਂ ਇਨ੍ਹਾਂ ਦੀ ਗਲਤ ਫਹਿਮੀਂ ਨੂੰ ਦੂਰ ਕਰਨ ਲਈ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਤਾਂ ਡੀਸੈਂਟਰੇਲਾਈਜ਼ੇਸ਼ਨ ਵਲ ਕਦਮ ਹੈ।

ਡਿਪਟੀ ਸਪੀਕਰ ਸਾਹਿਬ, ਕਲਾਜ਼ਾਂ 152/153 ਦੇ ਬਾਰੇ ਤਾਂ ਜਲਾਲ ਸਾਹਿਬ ਨੇ ਪੂਰੀ ਤਕਰੀਰ ਹੀ ਕਰ ਦਿਤੀ ਹੈ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਰਕਾਰ ਨੇ ਇਹ ਸੋਚਿਆ ਹੋਇਆ ਹੈ ਕਿ ਸ਼ਹਿਰਾਂ ਦੀ ਤਰੱਕੀ ਕਰਨੀ ਹੈ। ਇਹ ਚੀਜ਼ ਤਾਂ ਅਸੀਂ ਵੀ ਕਹੀ ਸੀ ਕਿ ਰਹਿਣ ਦਿਓ, ਕੋਈ ਬੜੀ ਗੱਲ ਨਹੀਂ ਹੈ। ਪਰ ਇਨ੍ਹਾਂ ਨੂੰ ਪਤਾ ਹੈ ਕਿ ਮਿਊਂਸਿਪੈਲਿਟੀਆਂ ਦਾ ਕੀ ਹਿਸਾਬ ਹੈ। ਸਾਨੂੰ ਪਹਿਲਾਂ ਮੈਜਿਸਟਰੇਟ ਨੂੰ ਅਰਜ਼ੀ ਦੇਣੀ ਪੈਂਦੀ ਹੈ, ਉਸ ਦੇ ਹਿਸਾਬ ਕਿਤਾਬ ਦੇ ਬਾਰੇ। ਬਰਨਾਲਾ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਵੀ ਪਤਾ ਹੈ। ਪਹਿਲਾਂ ਮੈਜਿਸਟਰੇਟ ਦੇ ਦਰਖਾਸਤ ਦਿਓ, ਫਿਰ ਵਿਟਨੈਸ ਦਿਉ, ਕਈ ਵਾਰ ਵਿਟਨੈਸ ਭੱਜ ਜਾਂਦਾ ਹੈ ਔਰ ਫਿਰ ਕੋਈ ਗੱਲ ਪੂਰੀ ਨਹੀਂ ਹੁੰਦੀ, ਬਲਕਿ ਦਰਖਾਸਤ ਦੇਣ ਵਾਲੇ ਤੇ ਸਾਰੀ ਗੱਲ ਪੈ ਜਾਂਦੀ ਹੈ। ਇਸ ਲਈ, ਮੈਂ ਤਾਂ ਕਹਾਂਗਾ ਕਿ ਇਹ ਕਲਾਜ਼ਾਂ ਰਹਿਣ ਦੇਣੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਹੋਰ ਹੈ। ਪ੍ਰੋਵਿੰਨਸ਼ਲਾਈਜ਼ਡ ਬੈਂਕਾਂ ਨੇ ਕਮੇਟੀਆਂ ਨੂੰ ਰੁਪਿਆ ਦੇਣ ਵਾਸਤੇ ਕਾਫੀ ਦੇਰ ਤੋਂ ਝਗੜਾ ਚਲ ਰਿਹਾ ਹੈ ਤਾਕਿ ਮਿਊਂਸਪੈਲਿਟੀਆਂ ਲੋਨ ਲੈ ਕੇ ਸ਼ਹਿਰਾਂ ਨੂੰ ਡਿਵੈਲਪ ਕਰ ਸਕਣ। ਮਿਊਂਸਪੈਲਿਟੀਆਂ ਟੈਕਸ ਤਾਂ ਬਹੁਤ ਲਗਾ ਨਹੀਂ ਸਕਦੀਆਂ, ਤਨਖਾਹਾਂ ਵਧਾਈ ਜਾ ਰਹੀਆਂ ਹਨ, ਇਸ ਲਈ, ਉਹ ਸ਼ਹਿਰ ਨਿਵਾਸੀਆਂ ਨੂੰ ਸਹੂਲਤਾਂ ਨਹੀਂ ਦੇ ਸਕਦੀਆਂ। ਡਿਪਟੀ ਸਪੀਕਰ ਸਾਹਿਬ, ਅਗਰ ਬੈਂਕਾਂ ਤੋਂ ਪੈਸੇ ਲੈ ਕੇ ਡਿਵੈਲਪਮੈਂਟ ਦੇ ਕੰਮ ਹੋ ਸਕਦੇ ਹਨ, ਮੰਡੀਆਂ ਜਾਂ ਸਿਨਮੇਂ ਬਣ ਸਕਦੇ ਹਨ, ਵਾਟਰ ਸਪਲਾਈ ਦਾ ਕੰਮ ਹੋ ਸਕਦਾ ਹੈ, ਜਿਸ ਤੋਂ ਕਿ ਇਨਕਮ ਵੀ ਹੁੰਦੀ ਹੈ; ਤਾਂ ਮੈਂ ਸਮਝਦਾ ਹਾਂ ਕਿ ਇਹ ਬੜਾ ਚੰਗਾ ਕੰਮ ਹੈ। ਉਨ੍ਹਾਂ ਕਮੇਟੀਆਂ ਨੂੰ ਲੋਨ ਦਿਤਾ ਜਾ ਸਕਦਾ ਹੈ। ਮੈਂ ਸਮਝਦਾ ਹਾਂ ਕਿ ਇਹ ਕਾਫੀ ਦੇਰ ਦੀ ਮੰਗ ਸੀ, ਇਸ ਲਈ ਇਹ ਬੜੀ ਚੰਗੀ ਚੀਜ਼ ਹੈ। ਸਰਦਾਰ ਹਰਬੰਸ ਸਿੰਘ ਜਲਾਲ ਜੀ ਨੇ ਕਿਹਾ ਹੈ ਕਿ ਪੰਜ ਸਾਲ ਟੈਨਿਯੋਰ ਹੋਣੀ ਚਾਹੀਦੀ ਹੈ। ਗੌਰਮਿੰਟ ਔਰ ਕਮੇਟੀਜ਼ ਇਕ ਪਰਮਾਨੈਂਟ ਪ੍ਰਾਸਸ ਹਨ।

ਇਸ ਲਈ, ਇਸ ਗੱਲ ਤੋਂ ਘਬਰਾਣਾ ਨਹੀਂ ਚਾਹੀਦਾ। ਲੋਨ ਲੈ ਕੇ ਹੀ ਗੌਰਮਿੰਟਾਂ ਚਲਦੀਆਂ ਹਨ ਤੇ ਜੇਕਰ ਮਿਊਂਸਿਪੈਲਟੀ ਆਪਣੀ ਡਿਵੈਲਪਮੈਂਟ ਲਈ ਲੋਨ ਲੈ ਲਵੇ ਤਾਂ ਕੋਈ ਮਾੜੀ ਗੱਲ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਹਾਊਸ ਟੈਕਸ ਬਾਰੇ ਵੀ ਸ਼ੱਕ ਕੀਤੀ ਗਈ ਹੈ। ਮਿਊਂਸਪਲ ਕਮੇਟੀਆਂ ਪਾਸ ਆਮਦਨ ਦੇ ਦੋ ਹੀ ਜ਼ਰੀਏ ਹਨ, ਇਕ ਹੈ ਹਾਊਸ ਟੈਕਸ ਔਰ ਦੂਸਰਾ ਹੈ ਇਨਕੰਮ ਟੈਕਸ। ਮੇਰੇ ਕਈ ਦੋਸਤ ਇਸ ਗੱਲ ਨੂੰ ਤਾਂ ਜਾਣਦੇ ਹੀ ਹੋਣਗੇ ਕਿ ਮਿਊਂਸਿਪਲ ਕਮੇਟੀਆਂ ਵਿਚ ਮਿਲ ਮਿਲਾ ਕੇ ਜਿਥੇ ਦਸ ਰੁਪਏ ਟੈਕਸ ਅਸੈਸ ਹੁੰਦਾ ਹੈ ਤਾਂ ਉਥੇ ਤਿੰਨ ਰੁਪਏ ਹੀ ਲਗਾਏ ਜਾਂਦੇ ਹਨ, ਜਦੋਂ ਕਿ ਹਰੀਜਨਾਂ ਨੂੰ ਜਿਹੜਾ ਕਿ 600 ਰੁਪਏ ਤਕ ਪੈਸੇ ਕਮਾਵੇ, ਉਸ ਨੂੰ ਕੋਈ ਟੈਕਸ ਨਹੀਂ ਹੈ। ਇਹ ਕੋਈ ਮਾੜੀ ਗੱਲ ਨਹੀਂ ਹੈ, ਚੰਗੀ ਗੱਲ ਹੈ। ਅਗਰ ਟੈਕਸ ਨਾਲ ਗਲਤ ਅਸੈਸਮੈਂਟ ਹੋ ਜਾਂਦੀ ਹੈ ਫਰਾਡ ਹੋ ਜਾਂਦਾ ਹੈ ਔਰ ਅਗਰ ਗੌਰਮਿੰਟ ਇਨ-ਕੁਆਇਰੀ ਕਰਵਾ ਲਵੇ ਕਿ ਕੋਈ ਗੱਲ ਗਲਤ ਤਾਂ ਨਹੀਂ ਹੋਈ, ਔਰ ਨਵੀਂ ਅਸੈਸਮੈਂਟ ਕਰਵਾ ਲਵੇ ਤਾਂ ਕੋਈ ਬੁਰੀ ਗੱਲ ਨਹੀਂ ਹੈ। ਅਸੀਂ ਤਾਂ ਇਹ ਗੱਲ ਜ਼ਰੂਰੀ ਸਮਝਦੇ ਹਾਂ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਸ਼ਰਮਾਂ ਜੀ ਨੂੰ ਕਹਿੰਦਾ ਹਾਂ ਕਿ ਇਨਕੰਮ ਟੈਕਸ ਜਿਹੜਾ ਹੈ, ਹਾਊਸ ਟੈਕਸ ਜਿਹੜਾ ਹੈ, ਇਸ ਦੀ ਇਨਕੁਆਇਰੀ ਤੋਂ ਬਾਅਦ ਰਿਕਵਰੀ 6-6 ਮਹੀਨੇ ਲਈ ਰੁਕ ਜਾਵੇਗੀ। ਇਸ ਲਈ, ਤੁਸੀਂ ਕੋਈ ਟਾਈਮ ਫਿਕਸ ਕਰ ਦਿਓ ਕਿ ਇਤਨੇਂ ਚਿਰ ਵਿਚ ਇਸ ਦਾ ਫੈਸਲਾ ਹੋਣਾਂ ਚਾਹੀਦਾ ਹੈ। ਇਹ ਹੀ ਕਰ ਦਿਓ ਕਿ 6 ਮਹੀਨੇ ਦੇ ਅੰਦਰ ਅੰਦਰ ਡਿਸੀਜ਼ਨ ਕਰ ਲੈਣਾ ਚਾਹੀਦਾ ਹੈ ਤਾਕਿ ਕਮੇਟੀ ਦੀ ਇਨਕੰਮ ਚਲਦੀ ਰਹੇ ਔਰ ਡਿਵੈਲਪਮੈਂਟ ਦੇ ਕੰਮ ਹੁੰਦੇ ਰਹਿਣ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਆਕਟਰਾਏ ਦਾ ਤੁਅੱਲਕ ਹੈ, ਅਸੀਂ ਜਜ਼ਬਾਤ ਵਿਚ ਆ ਕੇ ਨਾ ਗੱਲ ਕਰੀਏ, ਪ੍ਰੈਜ਼ੀਡੈਂਟ ,ਵਾਈਸ ਪ੍ਰੈਜ਼ੀਡੈਂਟ, ਸੈਕਟਰੀ ਚੈਕਿੰਗ ਕਰ ਸਕਦੇ ਹਨ। ਹੁਣ ਅਸੀਂ ਕਹਿੰਦੇ ਹਾਂ ਕਿ ਆਕਟਰਾਏ ਦੀ ਇਨਕੰਮ ਘਟ ਗਈ ਹੈ। ਆਡੀਟਰ ਵੀ ਚੁੰਗੀਆਂ ਤੇ ਜਾ ਜਾ ਕੇ ਚੈਕ ਕਰਦਾ ਹੈ। ਇਨਸਪੈਕਟਰ ਚੈਕ ਕਰਦਾ ਹੈ ਤਾਂ ਜੇਕਰ ਇਕ ਅਫ਼ਸਰ ਹੋਰ ਵੀ ਚੈਕਿੰਗ ਕਰ ਲਵੇ, ਪ੍ਰੈਜ਼ੀਡੈਂਟ ਕਰ ਲਵੇ, ਵਾਈਸ ਪ੍ਰੈਜ਼ੀਡੈਂਟ ਕਰ ਲਵੇ ਤਾਂ ਕੀ ਮਾੜੀ ਗੱਲ ਹੈ।

ਕਾਮਰੇਡ ਰਾਮ ਕੁਮਾਰ: ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਗਿਆਤ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ ਐਸ.ਡੀ.ਓ. ਜਾਂ ਡਿਪਟੀ ਕਮਿਸ਼ਨਰ ਤਾਂ ਪਹਿਲਾਂ ਵੀ ਚੈਕ ਕਰ ਸਕਦੇ ਹਨ।

ਚੌਧਰੀ ਰਾਮ ਸਿੰਘ: ਪਰ, ਡਿਪਟੀ ਸਪੀਕਰ ਸਾਹਿਬ, ਅਗਰ ਡਾਇਰੈਕਟਰ ਵੀ ਜਾਣਾ ਚਾਹੇ, ਚੈਕ ਕਰਨਾ ਚਾਹੇ ਤਾਂ ਮੈਂ ਸਮਝਦਾ ਹਾਂ ਕਿ ਕੋਈ ਵੀ ਮਾੜੀ ਗੱਲ ਨਹੀਂ ਹੈ। ਇਹ ਠੀਕ ਹੈ ਕਿ ਡਿਪਟੀ ਕਮਿਸ਼ਨਰ ਮੌਜੂਦ ਹੈ, ਪਰ ਜੇਕਰ ਕੋਈ ਆਦਮੀ ਚੰਡੀਗੜ੍ਹ ਤੋਂ ਚਲਾ ਜਾਵੇ ਤਾਂ ਕੋਈ ਬੁਰੀ ਗੱਲ ਨਹੀਂ ਹੋਵੇਗੀ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਜੁਰਮਾਨਿਆਂ ਬਾਰੇ ਗੱਲ ਚਲੀ ਹੈ ਉਸ ਲਈ ਕਿਹਾ ਗਿਆ ਹੈ ਕਿ ਐਨਕਰੋਚਮੈਂਟ ਹੋਵੇਗੀ। ਇਸ ਤਰ੍ਹਾਂ ਹੋਰ ਕਈ ਗੱਲਾਂ ਇਸ ਬਾਰੇ ਕਹੀਆਂ ਗਈਆਂ। ਮੈਂ ਤਾਂ ਇਹ ਸੁਝਾਉ ਦੇਵਾਂਗਾ ਕਿ ਸਜ਼ਾ ਹੋਰ ਵਧਾਉਣੀ ਚਾਹੀਦੀ ਹੈ ਤਾਕਿ ਚੋਰ ਨੂੰ ਚੋਰੀ ਕਰਨ ਦਾ ਪਤਾ ਲਗੇ। ਐਨਕਰੋਚਮੈਨ ਲਈ ਇਕ ਮਹੀਨਾਂ ਸਜ਼ਾ ਤੇ 2,000 ਰੁਪਈਏ ਜੁਰਮਾਨਾ ਹੋਣਾ ਚਾਹੀਦਾ ਹੈ ਤਾਕਿ ਪਤਾ ਲਗ ਸਕੇ ਕਿ ਕਮੇਟੀ ਦੀ ਜ਼ਮੀਨ ਉਤੇ ਪੰਜ ਰੁਪਏ ਜੁਰਮਾਨਾ ਦੇ ਕੇ ਹੀ ਨਾ ਚਲਾ ਜਾਵੇ।

[ਚੌਧਰੀ ਰਾਮ ਸਿੰਘ]

10 ਰੁਪਏ ਜਾਂ 5 ਰੁਪਏ ਦੇ ਜੁਰਮਾਨੇ ਵਾਸਤੇ ਅੱਜ ਇਹ ਗੱਲ ਕਰਨੀ ਠੀਕ ਨਹੀਂ ਹੈ। ਜ਼ਿਆਦਾ ਤੋਂ ਜ਼ਿਆਦਾ ਪੈਨਲਟੀ ਕੀਤੀ ਜਾਵੇ ਤਾਂ ਬੁਰੀ ਗੱਲ ਨਹੀਂ ਹੈ। ਸ਼ਹਿਰਾਂ ਵਿਚ ਵਸਦਿਆਂ ਹੋਇਆਂ ਸਫ਼ਾਈ ਦੀ ਲੋੜ ਹੈ, ਕਿਤੇ ਮਲਬਾ ਨਹੀਂ ਪਿਆ ਰਹਿਣਾ ਚਾਹੀਦਾ, ਗੰਦਗੀ ਨਹੀਂ ਪਈ ਰਹਿਣੀ ਚਾਹੀਦੀ। ਇਸ ਕਰਕੇ ਜੁਰਮਾਨੇ ਦੀ ਕਲਾਜ਼ ਬੁਰੀ ਨਹੀਂ। ਫਿਰ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜੁਡੀਸ਼ਲ ਮੈਜਿਸਟਰੇਟ ਉਹ ਮਜਿਸਟਰੇਟ ਨਹੀਂ ਹੈ, ਜਿਹੜਾ ਗੌਰਮਿੰਟ ਦੇ ਤਹਿਤ ਹੈ, ਉਹ ਹਾਈ ਕੋਰਟ ਦੇ ਤਹਿਤ ਹੈ, ਉਹ 5 ਰੁਪਏ ਵੀ ਕਰ ਸਕਦਾ ਹੈ, 2 ਰੁਪਏ ਵੀ ਕਰ ਸਕਦਾ ਹੈ, ਇਸ ਵਿਚ ਕੋਈ ਝਗੜਾ ਨਹੀਂ ਹੈ। ਇਸ ਕਰਕੇ, ਇਹ ਜਿਹੜੀ ਗੱਲ ਹੈ ਕਿ ਇਸ ਚੀਜ਼ ਨੂੰ ਵਾਪਸ ਲੈ ਲੈਣਾ ਚਾਹੀਦਾ ਹੈ, ਇਹ ਮਿਊਂਸਿਪੈਲਿਟੀਆਂ ਦਾ ਕੰਮ ਹੈ, ਇਹ ਠੀਕ ਨਹੀਂ।

ਸੋ, ਡਿਪਟੀ ਸਪੀਕਰ ਸਾਹਿਬ, ਇਕ ਦੋ ਸੁਝਾਉ ਦੇ ਕੇ ਮੈਂ ਖਤਮ ਕਰਾਂਗਾ ਕਿ ਮਿਊਂਸਿਪਲ ਕਮੇਟੀਆਂ ਦਾ ਤਾਲੁਕ ਸ਼ਹਿਰਾਂ ਦੀ ਤਰੱਕੀ ਨਾਲ ਹੈ, ਇਸ ਕਰਕੇ ਐਡਵਾਇਜ਼ਰੀ ਕਮੇਟੀਆਂ ਜ਼ਰੂਰ ਬਣਨੀਆਂ ਚਾਹੀਦੀਆਂ ਹਨ। ਦੂਜੀ ਗੱਲ ਇਹ ਹੈ ਕਿ ਇਕ ਇੰਪਲੀਮੈਂਟੇਸ਼ਨ ਕਮੇਟੀ ਬਣਾਈ ਜਾਵੇ ਜਿਹੜੀ ਕਿ ਇਹ ਵੇਖੇ ਕਿ ਜਿਹੜੇ ਵੀ ਫੈਸਲੇ ਮਿਊਂਸਿਪਲ ਕਮੇਟੀਜ਼ ਕਰਦੀਆਂ ਹਨ, ਉਨ੍ਹਾਂ ਤੇ ਅਮਲ ਹੁੰਦਾ ਹੈ ਜਾਂ ਨਹੀਂ। ਜੇ ਇਸ ਤਰ੍ਹਾਂ ਕੀਤਾ ਜਾਵੇ ਤਾਂ ਮਿਊਂਸਿਪਲ ਕਮੇਟੀਆਂ ਦਾ ਕੰਮ ਠੀਕ ਢੰਗ ਨਾਲ ਚਲ ਸਕਦਾ ਹੈ।

ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ): ਮੈਂ ਮੈਂਬਰਾਂ ਦਾ ਬੜਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਬੜੇ ਹੀ ਚੰਗੇ ਸੁਝਾਉ ਦਿੱਤੇ ਹਨ ਅਤੇ ਕੁਝ ਸੁਝਾਉ ਐਸੇ ਹਨ ਜਿਨ੍ਹਾਂ ਨਾਲ ਹੋਰ ਵੀ ਮਿਊਂਸਿਪਲ ਐਡ-ਮਨਿਸਟਰੇਸ਼ਨ ਮਜ਼ਬੂਤ ਹੋਵੇ। ਅਸੀਂ ਡਿਪਟੀ ਸਪੀਕਰ ਸਾਹਿਬ, ਜਿਹੜਾ ਇਹ, ਬਿਲ ਲਿਆਂਦਾ ਹੈ ਇਸ ਦੇ ਵਿਚ ਬੜਾ ਸਾਫ ਦਿੱਤਾ ਹੋਇਆ ਹੈ ਕਿ ਜਿਹੜੀ ਪਾਵਰ ਗੌਰਮਿੰਟ ਕੋਲ ਸੀ, ਉਹ ਡਾਇਰੈਕਟਰ, ਲੋਕਲ ਬਾਡੀਜ਼ ਜਾਂ ਨੀਚੇ ਡਿਪਟੀ ਕਮਿਸ਼ਨਰ—ਨਾਟ ਬਿਲੋ ਦੀ ਰੈਂਕ ਆਫ ਐਸ. ਡੀ.ਓ. ਨੂੰ ਦੇਣਾ ਚਾਹੁੰਦੇ ਹਾਂ ਕਿਉਂਕਿ ਅੱਜ ਜੇ ਦੋ ਰੁਪਏ ਦਾ ਵੀ ਕੇਸ ਹੋਵੇ, 4—5 ਰੁਪਏ ਦੇ ਕੇਸ ਦੀ ਮੰਨਜ਼ੂਰੀ ਦੇਣੀ ਹੋਵੇ ਤਾਂ ਇਨ੍ਹਾਂ ਨੂੰ ਪਤਾ ਹੈ ਕਿ ਜਦੋਂ ਤਕ ਮੇਰੇ ਦਸਖਤ ਨਾ ਹੋ ਜਾਣ, ਉਹ ਮੰਨਜ਼ੂਰ ਨਹੀਂ ਹੋ ਸਕਦਾ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਛੋਟੀ ਜਿਹੀ ਗੱਲ ਵਾਸਤੇ ਕਿੰਨੇ ਕਿੰਨੇ ਦਿਨ ਲਗ ਜਾਂਦੇ ਹਨ। ਕਾਮਰੇਡ ਰਾਜ ਕੁਮਾਰ ਜੀ ਦੀ ਸ਼ੰਕਾ ਹੈ ਕਿ ਹੋਰ ਕਿਸਮ ਦਾ, ਆਕਟਰਾਏ ਜਾਂ ਸਰਚਾਰਜ ਜਿਹੜਾ ਹੈ, ਇਹ ਕੰਮ ਵੀ, ਇਹ ਪਾਵਰ ਵੀ ਅਤੇ ਐਕਸਟੈਨਸ਼ਨ ਆਫ ਮਿਊਂਸਿਪਲ ਲਿਮਿਟਸ, ਇਹ ਚੀਜ਼ ਵੀ ਨੀਚੇ ਨਾ ਦੇ ਦੇਣ। ਇਹ ਬਿਲਕੁਲ ਗ਼ਲਤ ਹੈ। ਇਹ ਨਹੀਂ ਦੇਵਾਂਗੇ। ਜਿਹੜਾ ਰੁਟੀਨ ਦਾ ਕੰਮ ਹੈ, ਰੁਟੀਨ ਦੀ ਪਾਵਰ ਹੈ, ਡੀ.ਸੀ. ਜਾਂ ਐਸ.ਡੀ.ਓ. ਕਰ ਸਕਦਾ ਹੈ, ਜਿਨ੍ਹਾਂ ਕੇਸਾਂ ਤੇ ਕਿ ਮੇਰੇ ਦਸਖਤ ਹੁੰਦੇ ਸੀ ਅਤੇ ਬਗੈਰ ਮੇਰੇ ਦਸਖਤਾਂ ਤੋਂ ਕਾਗਜ਼ ਜਾ ਨਹੀਂ ਸੀ ਸਕਦਾ। ਇਕ ਪਾਸੇ ਇਹ ਵੀ ਗੱਲ ਹੈ ਕਿ ਅਸੀਂ ਆਪਣਾ ਫਜ਼ੂਲ, ਫਾਲਤੂ ਕੰਮ ਘਟਾ ਦਿੱਤਾ ਹੈ। ਦੂਜੇ ਪਾਸੇ ਜਿਹੜਾ ਹਾਊਸ ਟੈਕਸ ਅਤੇ ਆਕਟਰਾਏ ਟੈਕਸ ਹੈ, ਉਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਈ ਜਗ੍ਹਾ ਆਕਟਰਾਏ ਅਸੈਸਮੈਂਟ ਕੀਤੀ ਜਾਂਦੀ ਹੈ, ਉਸ ਨੂੰ ਆਪਣੇ ਹੀ 4 ਆਦਮੀ ਮਿਲ ਕੇ ਕਰ ਲੈਂਦੇ ਹਨ, ਉਸ ਦੇ ਵਿਚ ਗਵਰਮੈਂਟ ਦਾ ਦਖਲ ਹੋਣਾ ਚਾਹੀਦਾ ਹੈ। ਅਤੇ ਇਸ ਬਾਰੇ ਕੋਈ ਐਪਲੀਕੇਸ਼ਨ ਗੌਰਮਿੰਟ ਨੂੰ ਮਿਲੇ ਕਿ ਕਿਤੇ ਆਪ ਹੀ ਕੁਝ ਆਦਮੀਆਂ ਨੇ ਮਿਲ ਕੇ ਅੰਡਰ ਅਸੈਸਮੈਂਟ ਕਰ ਲਈ ਹੈ, ਕਿਉਂਕਿ ਉਹ ਚੌਧਰੀ ਸੀ, ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਅਸੈਸਮੈਂਟ ਕਰਵਾ ਲਈ ਹੈ, ਤਾਂ ਗੌਰਮਿੰਟ ਪੜਤਾਲ ਕਰ ਸਕੇਗੀ, ਇਹ ਚੀਜ਼ ਗਰਵਨਮੈਂਟ ਨੇ ਆਪਣੇ ਅਖ਼ਤਿਆਰ ਵਿਚ ਰਖੀ ਹੈ ਕਿਉਂਕਿ ਮਿਊਂਸਿਪਲ ਕਮੇਟੀਆਂ ਦੀ ਆਮਦਨੀ ਘੱਟ ਹੈ ਅਤੇ ਉਨ੍ਹਾਂ ਦੀ ਆਮਦਨੀ ਦਾ ਨੁਕਸਾਨ ਨਾ ਹੋਵੇ ਅਤੇ ਉਨ੍ਹਾਂ ਦੀ ਆਮਦਨੀ ਚੋਰੀ ਨਾ ਹੋਵੇ। ਹਾਊਸ ਟੈਕਸ ਦਾ ਵੀ ਜ਼ਿਕਰ ਆਇਆ ਹੈ। ਇਹ

ਥੋੜ੍ਹੀ ਬਹੁਤ ਆਮਦਨੀ ਹੈ, ਗੌਰਮਿੰਟ ਗਰਾਂਟ ਵੀ ਦੇਵਗੀ, ਜਿਥੇ ਲੋੜ ਹੈ ਉਥੇ ਗੌਰਮਿੰਟ ਗਰਾਂਟ ਵੀ ਦੇਵੇਗੀ, ਜਿਸ ਨੂੰ ਬਚਾਉਣਾ ਹੈ, ਉਥੇ ਗੌਰਮਿੰਟ ਜ਼ਰੂਰ ਗਰਾਂਟ ਦੇਵੇਗੀ। ਮਿਉਂਸਿਪਲ ਕਮੇਟੀਆਂ ਦੀ ਖਾਤਰ ਟੈਕਸ ਨਹੀਂ ਲਗਾਉਣਾ, ਉਹ ਮਾਮੂਲੀ ਜਿਹਾ ਉਦਮ ਕਰਨ। ਜੇ ਆਕਟਰਾਏ ਦੀ ਚੋਰੀ ਹੁੰਦੀ ਹੈ ਤਾਂ ਗੌਰਮਿੰਟ ਨੂੰ ਪਾਵਰ ਹੈ ਕਿ ਇਸ ਵਿਚ ਇਨਕੁਆਇਰੀ ਕਰੇ ਅਤੇ ਇਸ ਚੀਜ਼ ਨੂੰ ਠੀਕ ਕਰੇ। ਇਸ ਦੇ ਨਾਲ ਜਿਥੇ ਡੀ.ਸੀ. ਨੂੰ ਪਾਵਰ ਦਿੱਤੀ, ਉਥੇ ਡਾਂਗ ਸਾਹਿਬ ਨੇ ਕਿਹਾ ਕਿ ਅਪੀਲ ਹਾਊਸ ਟੈਕਸ ਦੀ ਡੀ.ਸੀ. ਦੇ ਲਗਾ ਦਿੱਤੀ ਜਾਵੇ। ਜੇ ਉਪਰਲੇ ਸੈਕਸ਼ਨ ਵਿਚ ਡੀ.ਸੀ. ਨੂੰ ਦੇਵਾਂਗੇ ਤਾਂ ਅਪੀਲ ਸੈਕਸ਼ਨ 7(2) ਵਿਚ ਉਪਰ ਲਗੇਗੀ ਸਟੇਟ ਗੌਰਮਿੰਟ ਨੂੰ। ਡਿਪਟੀ ਸਪੀਕਰ ਸਾਹਿਬ, ਇਹ 152, 158 ਦੀ ਜਗ੍ਹਾ ਸੈਂਟਰਲ ਐਕਟ ਹੈ। ਜਲਾਲ ਸਾਹਿਬ ਚਲੇ ਗਏ, ਜੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਦੱਸ ਦੇਂਦਾ। ਬਿਲ ਦੇ ਆਬਜੈਕਟਸ ਅਤੇ ਰੀਜ਼ਨ ਵਿਚ ਅਸੀਂ ਕਿਹਾ ਸੀ, ਮੈਂਬਰ ਸਾਹਿਬਾਨ ਨੇ ਅਮੈਂਡਮੈਂਟ ਦਿੱਤੀ, ਇਹ ਬੇਸ਼ਕ ਮੰਨ ਲਵਾਂਗੇ, ਜੇ ਮਿਉਂਸਿਪਲ ਕਮੇਟੀਆਂ ਵਾਲੇ ਨੈਸ਼ਨਲਾਈਜ਼ ਬੈਂਕਾਂ ਵਿਚ ਪੈਸੇ ਜਮ੍ਹਾਂ ਕਰਵਾ ਸਕਣ ਅਰ ਬੈਂਕਾਂ ਤੋਂ ਲੋਨ ਵੀ ਲੈ ਸਕਣ।

ਇਸ ਤੋਂ ਇਲਾਵਾ, ਕੁਝ ਜੁਰਮਾਨੇ ਦਾ ਜ਼ਿਕਰ ਆਇਆ ਅਤੇ ਸਾਰਿਆਂ ਨੇ ਇਸ ਦਾ ਜ਼ਿਕਰ ਕੀਤਾ ਹੈ। ਸੋਸ਼ਲਿਸਟ ਦੇਸ਼ਾਂ ਵਿਚ ਜੇ ਕੋਈ ਥੁੱਕ ਵੀ ਦੇਵੇ ਤਾਂ ਵੀ 200 ਰੁਪਿਆ ਜੁਰਮਾਨਾ ਕੀਤਾ ਜਾਂਦਾ ਹੈ। ਤੁਸੀਂ ਸਾਰੇ ਬਾਹਰ ਦੇ ਮੁਲਕਾਂ ਵਿਚ ਵੀ ਜਾਣਦੇ ਹੋ, ਕੀ ਹੁੰਦਾ ਹੈ। ਉਥੇ ਪਬਲਿਕ ਪਲੇਸ ਤੇ ਕਿਸੇ ਕਿਸਮ ਦੀ ਗੰਦਗੀ ਜਾਂ ਥੁਕਣਾ ਕਿੰਨਾਂ ਜ਼ੁਲਮ ਹੈ ਅਤੇ ਉਥੇ ਸਜ਼ਾ ਵੀ ਦਿੱਤੀ ਜਾਂਦੀ ਹੈ ਅਤੇ 10 ਸਾਲਾਂ ਦੀ ਕੈਦ ਵੀ ਹੁੰਦੀ ਹੈ। ਅਸੀਂ ਤਾਂ ਸਿਰਫ ਇੰਨਾਂ ਕੀਤਾ ਹੈ ਕਿ ਜਿਹੜਾ ਮੈਜਿਸਟਰੇਟ ਹੈ, ਉਹ 25 ਵੀ ਕਰ ਸਕਦਾ ਹੈ, 50 ਵੀ ਕਰ ਸਕਦਾ ਹੈ, 10 ਰੁਪਏ ਵੀ ਜੁਰਮਾਨਾ ਕਰ ਸਕਦਾ ਹੈ ਜਾਂ 500 ਕਰ ਸਕਦਾ ਹੈ। ਜਿਹੜਾ ਪਹਿਲਾਂ 500 ਰੁਪਿਆ ਸੀ ਉਹ ਦੂਜੇ ਸੈਕਸ਼ਨ ਵਿਚ 100 ਕਰ ਦਿੱਤਾ ਹੈ। ਮੈਂਬਰਾਂ ਨੇ ਇਹ ਕਿਹਾ ਕਿ ਸੈਕਸ਼ਨ 172 ਐਨਕਰੋਚਮੈਂਟ ਦਾ ਹੈ। ਮੈ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਤਰ੍ਹਾਂ ਵੀ ਕਰ ਲਵੋ ਮੈਬਰਾਂ ਦੀਆਂ ਅਮੈਂਡਮੈਂਟਾਂ ਆਈਆਂ ਹਨ, ਇਹ ਅਮੈਂਡਮੈਂਟ ਵੀ ਲੈ ਆਓ ਕਿ ਜਿੰਨੀਆਂ ਜ਼ਮੀਨਾਂ ਹਨ ਜਿਹੜੀਆਂ ਕਿ ਲੋਕਾਂ ਨੇ ਆਪਣੇ ਕਬਜ਼ੇ ਵਿਚ ਐਨਕਰੋਚਮੈਂਟ ਕਰਕੇ ਲਈਆਂ ਹਨ ਅਤੇ ਮਕਾਨ ਬਣਾ ਲਏ ਹਨ, ਉਸ ਵਾਸਤੇ ਵੀ ਅਮੈਂਡਮੈਂਟ ਲੈ ਆਉਣ। ਇਹ ਕਹਿੰਦੇ ਹਨ ਕਿ ਸੈਕਸ਼ਨ 172 ਦੀ ਐਨਕਰੋਚਮੈਂਟ ਹੁੰਦੀ ਹੈ। ਬਾਕੀ ਮੁਲਕਾਂ ਵਿਚ ਇਹ ਇਕ ਬਹੁਤ ਵੱਡਾ ਜ਼ੁਰਮ ਹੈ। ਅਸੀਂ ਤਾਂ ਇੰਨੀ ਚੀਜ਼ ਹੀ ਕੀਤੀ ਹੈ ਕਿ ਜਿਥੇ ਮੈਜਿਸਟਰੇਟ ਨੂੰ ਪਹਿਲਾਂ 500 ਰੁਪਏ ਤਕ ਜ਼ੁਰਮਾਨਾ ਕਰਨ ਦਾ ਅਖਤਿਆਰ ਸੀ, ਅਪਟੂ 500—ਉਹ 250 ਵੀ ਕਰ ਸਕਦਾ ਸੀ, 100 ਵੀ ਕਰ ਸਕਦਾ ਸੀ, ਕਿਤੇ 25 ਵੀ ਕਰ ਸਕਦਾ ਸੀ ਅਤੇ ਹੁਣ ਇਹ ਲਿਮਿਟ 1,000 ਕਰ ਦਿੱਤੀ ਹੈ। ਇਸ ਤਰ੍ਹਾਂ ਜਿਹੜਾ ਬਾਰ ਬਾਰ ਜ਼ੁਰਮ ਕਰਦਾ ਹੈ, ਉਸ ਨੂੰ 500 ਰੁਪਏ ਤੋਂ ਵੱਧ ਵੀ ਜ਼ੁਰਮਾਨਾ ਕਰ ਸਕੇਗਾ।

ਮੈਜਿਸਟਰੇਟ ਨੂੰ ਇਹ ਡਿਸਕਰੀਸ਼ਨ ਹੈ, ਉਸ ਨੇ 500 ਜਾਂ 1,000 ਹੀ ਨਹੀਂ ਲਗਾ ਦੇਣਾ, ਜਿਸ ਤਰ੍ਹਾਂ ਦਾ ਜ਼ੁਰਮ ਹੋਵੇਗਾ ਉਸ ਹਿਸਾਬ ਨਾਲ ਉਹ ਜੁਰਮਾਨਾ ਲਗਾਏਗਾ। ਅਸੀਂ ਮਿਉਂਸਿਪਲ ਕਮੇਟੀਆਂ ਨੂੰ ਜ਼ਿਆਦਾ ਪਾਵਰਜ਼ ਦੇਣਾ ਚਾਹੁੰਦੇ ਹਾਂ ਅਤੇ ਉਨ੍ਹਾਂ ਨੂੰ ਨਹੀਂ ਲਵਾਂਗੇ ਜੇ ਉਹ ਠੀਕ ਤਰੀਕੇ ਨਾਲ ਚੱਲਣ। ਪੂਰੀ ਗਰਾਂਟ ਦੇਣ ਦਾ ਤਾਂ ਹੀ ਫਾਇਦਾ ਹੈ ਜੇ ਸਰਕਾਰ ਵੀ ਮਦਦ ਕਰੇ ਤਾਂ ਜੋ ਮਿਉਂਸਿਪਲ ਕਮੇਟੀਆਂ ਨੂੰ ਡੈਮੋਕਰੈਟਿਕ ਐਡਮਨਿਸਟਰੇਸ਼ਨ ਦੇ ਤਰੀਕੇ ਨਾਲ ਚਲਾਇਆ ਜਾਵੇ।

Mr. Deputy Speaker: Question is—

That the Punjab Municipal (Amendment) Bill be taken into consideration at once.

The motion was carried.

Deputy Speaker : Now the House will proceed to consider the Bill clause by clause.

Now clause 2 is before the House. There are some notices of amendments to this Clause.

Shri Gurdial Saini : Sir, I move—

In the proposed section 32, lines 3-4 *between* "Officer" and 'Subject *insert* "not below the rank of an Extra Assistant Commissioner"

Mr. Deputy Speaker : Motion moved—

In the proposed section 32, line 3-4 *between* ' Officer" and "subject" *insert* "not below the rank of an Extra Assistant Commissioer"

Mr. Deputy Speaker : Question is—

In the prosposed section 32, line 3-4 , *between* "Officer" and "Subject" *insert* "not below the rank of an Extra Assistant Commissioner".

The motion was carried.

Clause 2, as amended

Mr. Deputy Speaker : Question is—

That clause 2, as amended, stand part of the Bill.

The motion was carried.

Clause 3

Mr. Deputy Speaker : Question is—

That Clause 3 stand part of the Bill

The motion was carried.

Clause 4

Mr. Deputy Speaker : Now clause 4 is before the House.

There are some notices of amendments to this clause.

Shri Gurdial Saini : Sir, I beg to move .. (interruption)

Comrade Satya Pal Dang : Sir, I have moved an amendment. Instead of putting that, you are putting an amendment which has not been moved before the House. It is a strange way of observing the Rules and Procedures of the House..........(*interruption*).

Mr. Deputy Speaker : You please move your amendment.

Comrade Satya Pal Dang : Sir, I move—

Delete "152" and "153."

Mr. Deputy Speaker : Motion moved—

'Delete' "152" and "153".

Mr. Deputy Speaker : Question is—
Delete "152" and" 153".

The motion was carried.

Shri Gurdial Saini : Sir, I move—
For Clause 4, the following be substituted .... (*interruption*)

Comrade Satya Pal Dang : Sir, to put this to vote, after an amendment has been carried and Section 152 and 153 have been deleted,.... (*interruption*) is ridiculous and absurd.

(*In view of the amendment of Comrade Satya Pal Dang having been carried the amendment of Shri Gurdial Saini was not, moved*).

Mr. Deputy Speaker : Question is—
That Clause 4, as amended, stand part of the Bill.

The motion was carried.

Clause 5

Mr. Deputy Speaker : Question is—

That Clause 5 stand part of the Bill.

The motion was carried.

Clause 6

Mr. Deputy Speaker : Question is—
That Clause 6 stand part of the Bill.

The motion was carried.

Clause 7

Mr. Deputy Speaker : Now clause 7 is before the House. There is a notice of amendment by Comrade Satya Pal Dang.

(not moved by Comrade Satya Pal Dang)

Mr. Deputy Speaker : Question is—
That Clause 7 stand part of the Bill.

The motion was carried

Clause 8

Mr. Deputy Speaker : Question is—
That Clause 8 stand part of the Bill.

The motion was carried.

Clause 9

Mr. Deputy Speaker : Now clause 9 is before the House.

There are some notices of amendments to this Clause.

Shri Gurdial Saini : Sir, I move—
In line 1 delete "172"

Mr. Deputy Speaker : Motion moved—

In line 1, *delete* "172"

Mr. Deputy Speaker - Question is—

In line 1, *delete* "172".

The motion was carried.

Mr. Deputy Speaker : Question is —

That Clause 9, as amended, stand part of the Bill.

The motion was carried.

New Clause

Shri Gurdial Saini : Sir, I beg to ask for leave to move the following new clause:—

"That after clause 9, the following new clause shall be added:—

10 In section 172, for the words "with a fine which may extend to fifty rupees," the words "with imprisonment of either description which may extend to one month and shall also be liable to fine which may extend to one thousand rupees", shall be substituted.

Amendment of Section 172 of Punjab Act 3 of 1911.

Mr. Deputy Speaker : Motion moved—

That leave be granted to move the following new clause—

"That after cluse 9, the following new clause shall be added:—

10. In section 172, for the words "with a fine which may extend to fifty rupees" the words "with imprisonment of either description which may extend to one month and shall also be liable to fine which may extend to one thousand rupees" shall be substituted.'"

Amendment of Section 172 of Punjab Act 3 of 1911.

Mr. Deputy Speaker : Question is—

That leave be granted to move the following new clause—

10. In section 172, for the words "with a fine which may extend to fifty rupees" the words "with imprisonment of either description which may extend to one month and shall also be liable to fine which may extend to one thousand rupees", shall be substituted.

Amendment of Section 172 of Punjab Act 3 of 1911.

The motion was carried.

Shri Gurdial Saini : Sir I move—

"That after clause 9, the following new clause shall be added—

10. In section 172, for the words "with a fine which may extend to fifty rupees" the words "with imprisonment of either description which may extend to one month and shall also be liable to fine which may extend to one thousand rupees," shall be substituted."

Amendment of Section 172 of Punjab Act 3 of 1911.

Mr. Deputy Speaker : Motion moved—

That after clause 9, the following new clause shall be added—

10. In section 172, for the words "with a fine which may extend to fifty rupees" the words "with imprisonment of either description which may extend to one month and shall also be liable to fine which may extend to one thousand rupees", shall be substituted."

Amendment of Section 172 of Punjab Act 3 of 1911.

Mr. Deputy Speaker : Question is—

"That after clause 9, the following new clause shall be added—

Amendment of Section 172 of Punjab Act 3 of 1911.

10. In section 172, for the words "with a fine which may extend to fifty rupees" the words "with imprisonment of either description which may extend to one month and shall also be liable to fine which may extend to one thousand rupees shall be substitued ."

The motion was carried.

Clause 1

Mr. Deputy Speaker : Question is—

That Clause 1 stand part of the Bill.

The motion was carried.

Title

Mr. Deputy Speaker : Question is—

That Title be the Title of the Bill.

The motion was carried.

Finance Minister (Shri Hans Raj Sharma) : Sir, I move—

That the Punjab Municipal (Amendment) Bill, as amended, be passed.

Mr. Deputy Speaker : Motion moved—

That the Punjab Municipal (Amendment) Bill, as amended, be passed.

Mr. Deputy Speaker : Question is—

That the Punjab Munieipal (Amendment) Bill, as amended, be passed.

The motion was carried.

THE PUNJAB AGRICULTURAL PRODUCE MARKETS (AMENDMENT) BILL, 1974

Agriculture and Forests Minister (Master Gurbanta Singh) : Sir, I beg to introduce the Punjab Agricultural Produce Markets (Amendment) Bill.

I also move —

That the Punjab Agricultural Produce Markets (Amendment) Bill be taken into consideration at once.

Mr. Deputy Speaker : Motion moved—

That the Punjab Agricultural Produce Markets (Amendment) Bill be taken into consideration at once.

ਸ੍ਰੀ ਡਿਪਟੀ ਸਪੀਕਰ : ਜੋਗਾ ਜੀ ਬੈਠੋ (ਵਿਘਨ) । (Joga ji, please resume your seat.)

ਸਰਦਾਰ ਸੁਖਦੇਵ ਸਿੰਘ ਢੀਂਡਸਾ (ਧਨੌਲਾ) : ਜੋ ਹੁਣੇ ਹੁਣੇ ਪੰਜਾਬ ਐਗਰੀਕਲਚਰਲ ਪਰੋਡਿਊਸ ਮਾਰਕਿਟਸ (ਅਮੈਂਡਮੈਂਟ) ਬਿਲ, 1974 ਪੇਸ਼ ਕੀਤਾ ਗਿਆ ਹੈ, ਮੈਂ ਇਸ ਦੀ ਮੁਖਾਲਫ਼ਤ ਕਰਨ ਲਈ ਖੜ੍ਹਾ ਹੋਇਆ ਹਾਂ। ਇਹਦੇ ਕੀ ਕਾਰਨ ਹਨ, ਇਹਦੇ ਬਾਰੇ ਮੈ 4—5 ਮਿੰਟਾਂ ਵਿਚ ਅਰਜ਼ ਕਰਨਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਧਾਰਾ ਇਕ ਦੀ ਉਪ ਧਾਰਾ 2—3 ਵਲ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ —

(2) ਕਮੇਟੀ ਦੇ ਸਾਰੇ ਮੈਂਬਰ ਰਾਜ ਸਰਕਾਰ ਜਾਂ ਇਸ ਸਬੰਧ ਵਿਚ ਸਰਕਾਰ ਤੋਂ ਅਧਿਕਾਰ ਪ੍ਰਾਪਤ ਕਿਸੇ ਅਫ਼ਸਰ ਦੁਆਰਾ ਉਸੇ ਹੀ ਵਰਗ ਦੇ ਵਿਅਕਤੀਆਂ ਵਿਚੋਂ ਪਰੰਤੂ ਇਸ ਸ਼ਰਤੀ ਧਾਰਾ ਅਧੀਨ, ਜਿਸ ਵਿਚੋਂ ਉਨ੍ਹਾਂ ਨੂੰ ਧਾਰਾ 12 ਅਧੀਨ ਨਿਯੁਕਤ ਕੀਤਾ ਜਾਂ ਚੁਣਿਆ ਜਾ ਸਕਦਾ ਸੀ, ਅਧਿਸੂਚਨਾ ਰਾਹੀਂ ਨਾਮਜ਼ਦ ਕਰ ਸਕਦਾ ਹੈ ਅਤੇ ਇਸ ਤਰ੍ਹਾਂ ਬਣਾਈਆਂ ਗਈਆਂ ਕਮੇਟੀਆਂ, ਇਸ ਧਾਰਾ ਵਿਚ ਕੀਤੇ ਗਏ ਉਪਬੰਧ ਤੋਂ ਸਿਵਾਏ, ਐਕਟ ਦੇ ਮੰਤਵਾਂ ਲਈ ਧਾਰਾ 12 ਅਧੀਨ ਬਣਾਈਆਂ ਗਈਆਂ ਸਮਝੀਆਂ ਜਾਣਗੀਆਂ। (3) ਉਪ-ਧਾਰਾ (2) ਅਧੀਨ ਨਾਮਜ਼ਦ ਕੀਤੇ ਗਏ ਮੈਂਬਰਾਂ ਦੇ ਅਹੁਦੇ ਦੀ ਮਿਆਦ, ਜਦ ਤਕ ਰਾਜ ਸਰਕਾਰ ਦੁਆਰਾ ਜਲਦੀ ਨਿਸ਼ਚਿਤ ਨਾ ਕੀਤੀ ਜਾਵੇ, ਉਸ ਤਰੀਕੇ ਤੋਂ ਜਿਸ ਨੂੰ ਉਨ੍ਹਾਂ ਦੀ ਨਾਮਜ਼ਦਗੀ ਸਰਕਾਰੀ ਗਜ਼ਟ ਵਿਚ ਅਧਿਸੂਚਿਤ ਕੀਤੀ ਜਾਵੇ, ਦੋ ਸਾਲ ਹੋਵੇਗੀ। (ਸਰਦਾਰ ਹਰਬੰਸ ਸਿੰਘ ਵਲੋਂ ਵਿਘਨ)

ਡਿਪਟੀ ਸਪੀਕਰ ਸਾਹਿਬ, ਇਸ ਧਾਰਾ ਨਾਲ ਅੱਜ ਦੀ ਜੋ ਸਾਡੀ ਡੈਮੋਕ੍ਰੇਸੀ ਹੈ ਇਸ ਨੂੰ ਕੁਚਲਿਆ ਗਿਆ ਹੈ। ਜਿਥੇ ਸਾਡੀ ਪਰੋਪੋਰਸ਼ਨਲ ਟਰੀਟਮੈਂਟ ਹੁੰਦੀ ਸੀ ਮਾਰਕਿਟ ਕਮੇਟੀਆਂ ਵਿਚ ਇਨ੍ਹਾਂ ਨੂੰ ਅੱਜ ਨਾਮਜ਼ਦ ਕਰਕੇ ਦੋ ਸਾਲ ਲਈ ਆਮ ਜਨਤਾ ਦਾ ਗਲਾ ਘੁਟਿਆ ਗਿਆ ਹੈ। ਧਾਰਾ 12 ਅਧੀਨ ਇਨ੍ਹਾਂ ਪਰੋਡਿਊਸਰਾਂ ਨੂੰ ਰਿਪਰਜ਼ੈਂਟੇਸ਼ਨ ਦਿਤੀ ਗਈ। ਇਹ ਕਹਿੰਦੇ ਹਨ ਕਿ ਐਨੀ ਦਿਤੀ ਜਾਏਗੀ ਆੜ੍ਹਤੀਆਂ ਨੂੰ ਐਨੀ ਦਿਤੀ ਜਾਏਗੀ ਵਰਕਰਾਂ ਨੂੰ ਲੇਕਿਨ ਇਹ ਤਾਂ ਉਹੀ ਗੱਲ ਹੋਈ ਕਿ ਗਧੇ ਉਤੇ ਸ਼ੇਰ ਦਾ ਬੁਰਕਾ ਪਾਉਣ ਵਾਲੀ ਗੱਲ ਹੋਈ। ਇਹ ਠੀਕ ਨਹੀਂ। ਪਿਛਲੇ ਦੋ ਸਾਲਾਂ ਤੋਂ ਚਲੀਆਂ ਆ ਰਹੀਆਂ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਕਰਾਈਆਂ ਜਾਣ। ਪਿਛਲੇ ਸਾਲ ਇਹ ਕਿਹਾ ਗਿਆ ਸੀ ਕਿ ਪੰਚਾਇਤਾਂ ਦੀਆਂ ਚੋਣਾਂ ਨਹੀਂ ਹੋਈਆਂ ਅਤੇ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਪੰਚਾਇਤਾਂ ਕਰਾਂਦੀਆਂ ਹਨ। ਇਸ ਲਈ ਇਹ ਨਹੀਂ ਹੋਈਆਂ। ਹੁਣ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਹਨ, ਇਸ ਲਈ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਵੀ ਹੋਣੀਆਂ ਚਾਹੀਦੀਆਂ ਹਨ। ਸਰਕਾਰ ਵੋਟਾਂ ਲੈਣ ਤੋਂ ਡਰਦੀ ਹੈ। ਇਨ੍ਹਾਂ ਨੂੰ ਪਿੰਡਾਂ ਵਿਚ ਰਹਿਣ ਨਹੀਂ ਦਿੰਦੇ ਹਨ (ਵਿਘਨ) ਜੇ ਸਰਕਾਰ ਵਿਚ ਤਾਕਤ ਹੈ ਤਾਂ ਚੋਣਾਂ ਕਰਾਵੇ। (ਵਿਘਨ) ਇਨ੍ਹਾਂ ਨੂੰ ਇਹ ਚਾਹੀਦਾ ਸੀ ਕਿ ਇਹ ਬਿਲ ਲਿਆਉਣ ਦੀ ਬਜਾਏ ਮਾਰਕਿਟ ਕਮੇਟੀਆਂ ਦੀਆਂ ਨਵੀਆਂ ਚੋਣਾਂ ਕਰਵਾਉਂਦੇ। ਜੋ ਨਾਮਜ਼ਦ ਕੀਤੇ ਸਰਕਾਰ ਦੇ ਨੁਮਾਇੰਦੇ ਜਾਣਗੇ, ਉਹ ਉਹੀ ਕਰਨਗੇ ਜੋ ਸਰਕਾਰ ਚਾਹੁੰਦੀ ਹੋਵਗੀ। ਜੋ ਮਾਰਕਿਟ ਕਮੇਟੀ ਦੇ ਏਰੀਆ ਦੇ ਹਿੱਤ ਵਿਚ ਗੱਲ ਹੋਵੇਗੀ ਉਹ ਉਨ੍ਹਾਂ ਨੇ ਨਹੀਂ ਕਰਨੀ ਹੈ । ਸਰਕਾਰ ਦੇ ਨੁਮਾਇਦੇ ਇਨ੍ਹਾਂ ਵਜ਼ੀਰਾਂ ਦੇ ਆਪਣੇ ਚਹੇਤਿਆਂ ਦੇ ਲਈ ਕੰਮ ਕਰਨਗੇ ਅਤੇ ਉਹ ਆਮ ਲੋਕਾਂ ਦੇ ਫ਼ਾਇਦੇ ਲਈ ਕੰਮ ਨਹੀਂ ਕਰਨਗੇ (ਵਿਘਨ) ਇਸ ਲਈ, ਮੈਂ ਸਮਝਦਾ ਹਾਂ ਕਿ ਇਹ ਬਿਲ ਨਹੀਂ ਸੀ ਲਿਆਉਣਾ ਚਾਹੀਦਾ। ਮੈਂ ਸੁਝਾਉ ਦਿੰਦਾ ਹਾਂ ਕਿ ਇਸ ਕਲਾਜ਼ ਨੂੰ ਉਡਾ ਕੇ ਨਵੀਆਂ ਚੋਣਾਂ ਕਰਾਈਆਂ ਜਾਣ।

ਡਿਪਟੀ ਸਪੀਕਰ ਸਾਹਿਬ, ਜੋ ਮੰਡੀਆਂ ਤੋਂ ਨਿਯੁਕਤ ਕੀਤੇ ਜਾਣਗੇ, ਉਹਦੇ ਵਿਚ ਇਕ ਤਾਂ ਇਹ ਹੁੰਦਾ ਹੈ ਕਿ ਸਾਰੇ ਆੜ੍ਹਤੀਆਂ ਦੇ ਨੁਮਾਇੰਦਿਆਂ ਤੋਂ ਹੁੰਦਾ ਹੈ (ਵਿਘਨ) ਜੋ ਸਰਕਾਰ ਦੇ ਨੁਮਾਇੰਦੇ ਹੋਣਗੇ ਉਹ ਕੰਮ ਕਰਨ ਦਾ ਨਾਂ ਨਹੀਂ ਲੈਣਗੇ। ਉਨ੍ਹਾਂ ਨੇ ਮੰਡੀਆਂ ਦੇ ਫਾਇਦੇ ਲਈ ਕੋਈ ਗਲ ਨਹੀਂ ਕਰਨੀ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜੋ ਨਵੀਆਂ ਮੰਡੀਆਂ ਬਣੀਆਂ ਹਨ, ਇਹ ਇਲੈਕਟਿਡ ਮਾਰਕਿਟ ਕਮੇਟੀਆਂ ਦੇ ਫਰਜ਼, ਮਿਨੀਟੋਨ, ਸੜਕਾਂ ਇਹ ਸਭ ਕੁਝ ਅੱਛਾ ਹੈ। ਜਿਥੇ

ਨਾਮਜ਼ਦ ਕਮੇਟੀਆਂ ਹਨ, ਉਥੇ ਮੰਡੀਆਂ ਵਿਚ ਕੋਈ ਚੰਗਾ ਕੰਮ ਨਹੀਂ ਕੀਤਾ ਗਿਆ। ਮੈਂ ਸੰਗਰੂਰ ਦੀ ਮੰਡੀ ਦਾ ਜ਼ਿਕਰ ਕਰਦਾ ਹਾਂ ਉਥੇ ਸੱਤ ਅੱਠ ਸਾਲ ਹੋ ਗਏ ਹਨ ਅਤੇ ਅੱਜ ਤਕ ਉਥੇ ਕੋਈ ਸੜਕਾਂ ਨਹੀਂ, ਪਾਣੀ ਖੜ੍ਹਾ ਰਹਿੰਦਾ ਹੈ। ਪਾਣੀ ਸੜਕਾਂ ਤੇ ਆ ਜਾਂਦਾ ਹੈ ਅਤੇ ਪਰੋਡਿਊਸ ਵੀ ਪਾਣੀ ਵਿਚ ਭਿਜ ਜਾਂਦੀ ਹੈ। ਇਸ ਲਈ, ਮੈਂ ਵਜ਼ੀਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਇਹ 2 ਸਬ-ਕਲਾਜ਼ਾਂ ਨੂੰ ਇਸ ਦੇ ਵਿਚ ਨਹੀਂ ਲਿਆਉਣਾ ਚਾਹੀਦਾ ।

ਇਕ ਚੀਜ਼ ਮੈਂ ਹੋਰ ਦੋ ਮਿੰਟਾਂ ਵਿਚ ਕਹਿਣਾ ਚਾਹੁੰਦਾ ਹਾਂ। ਕਲਾਜ਼ 2 ਵਿਚ ਰਖਿਆ ਹੈ ਸੈਕਟਰੀ, ਅਕਾਊਂਟੈਂਟਾਂ ਦੀਆਂ ਬਦਲੀਆਂ ਬੋਰਡ ਦਾ ਚੇਅਰਮੈਨ ਕਰ ਸਕਦਾ ਹੈ ।

ਬਦਲੀਆਂ ਇਸ ਤਰ੍ਹਾਂ ਨਹੀਂ ਹੋਣੀਆਂ ਚਾਹੀਦੀਆਂ ਹਨ। * * * *

ਇਕ ਆਵਾਜ਼ : ਇਹ ਗਲਤ ਹੈ।

ਡਾਕਟਰ ਅਮੀਰ ਸਿੰਘ ਕਲਕਟ : ਇਨ੍ਹਾਂ ਨੂੰ ਕਹੋ ਇਹ ਸਾਬਤ ਕਰਨ ਜਾਂ ਇਹੋ ਜਿਹੇ ਐਲੀਗੇਸ਼ਨਜ਼ ਲਗਾਉਣ ਨਾਂ ਮੈਂ ਵੀ ਬੋਲਣਾ ਹੈ। ਇਨ੍ਹਾਂ ਨੂੰ ਇਹੋ ਜਿਹੇ ਐਲੀਗੇਸ਼ਨਜ਼ ਨਹੀਂ ਲਗਾਉਣੇ ਚਾਹੀਦੇ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਹਾਂ ਤਾਂ ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਬਦਲੀਆਂ ਇਸ ਤਰ੍ਹਾਂ ਨਹੀਂ ਹੋਣੀਆਂ ਚਾਹੀਦੀਆਂ (ਵਿਘਨ)

ਸਰਦਾਰ ਹਰਚੰਦ ਸਿੰਘ : ਇਹ ਵੇਗ ਗੱਲਾਂ ਕਰਦੇ ਹਨ। (ਵਿਘਨ) ਇਹ ਜੋ ਆਪ ਕਰਦੇ ਰਹੇ ਹਨ ਉਹੀ ਕਹਿੰਦੇ ਪਏ ਹਨ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਇਨ੍ਹਾਂ ਨੇ ਜੋ ਇਲਜ਼ਾਮ ਲਗਾਇਆ ਹੈ ਕਿ * * * * ਕੀ ਇਹ ਡੀਲੀਟ ਕਰਾ ਦਿਤਾ ਹੈ ?

ਸ੍ਰੀ ਡਿਪਟੀ ਸਪੀਕਰ : ਇਹ * * * * ਵਾਲੀ ਗੱਲ ਡੀਲੀਟ ਕਰ ਦਿਉ। (The words regarding * * * * be expunged)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਹੋਰ ਮਿਸਾਲ ਦਿੰਦਾ ਹਾਂ ਮਾਛੀਵਾੜਾ ਸੈਕਟਰੀ ਕਾਫੀ ਦੇਰ ਦਾ ਉਥੇ ਹੈ। ਉਹਨੇ ਪਿਛਲੇ ਸਾਲ ਵਿਚ ਪੰਜ ਟ੍ਰੱਕ ਆਪਣੇ ਬਣਾਏ ਹਨ, ਫੀਅਟ ਕਾਰ, ਡਿੱਪੂ ਕੋਲੇ ਦਾ, ਇਹ ਉਹਦੇ ਆਪਣੇ ਹਨ। ਉਹ ਬਦਲੀ ਨਹੀਂ ਚਾਹੁੰਦਾ ਉਹ ਮਾਰਕਿਟ ਕਮੇਟੀ ਦਾ ਕੰਮ ਘੱਟ ਕਰਦਾ ਹੈ ਅਤੇ ਪੈਸੇ ਇਕੱਠੇ ਕਰਕੇ ਉਪਰ ਦਿੰਦਾ ਹੈ (ਵਿਘਨ)।

ਸ੍ਰੀ ਡਿਪਟੀ ਸਪੀਕਰ : ਬਿਲ ਬਾਰੇ ਗੱਲ ਕਰੋ। ਇਸ ਬਾਰੇ ਤਾਂ ਵਜ਼ੀਰ ਸਾਹਿਬ ਨੂੰ ਤੁਸੀਂ ਉਂਝ ਵੀ ਦੱਸ ਸਕਦੇ ਹੋ। (Please confine yourself to the Bill. You can bring these facts to the notice of the Minister).

ਸਰਦਾਰ ਸੁਖਦੇਵ ਸਿੰਘ ਢੀਂਡਸਾ : ਇਹ ਕਲਾਜ਼ ਕਿਤੇ ਇਸ ਕਰਕੇ ਤਾਂ ਨਹੀਂ ਲਿਆਂਦੀ ਗਈ ਕਿ ਜਿਸ ਤੇ ਨਾਰਾਜ਼ਗੀ ਹੋਵੇ, ਉਸ ਨੂੰ ਬਦਲਿਆ ਜਾਏ। ਗਲਤ ਹੁਕਮ ਨਾ ਮੰਨਣ ਵਾਲੇ ਵਾਸਤੇ ਇਹ ਕਲਾਜ਼ ਰਖੀ ਗਈ ਹੈ ਅਤੇ ਇਹ ਮਾੜੀ ਗੱਲ ਹੈ।

ਅਖੀਰ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਬੇਸਿਕ ਪੇ 80 ਰੁਪਏ ਤੋਂ 115 ਰੁਪਏ ਕੀਤੀ ਹੈ ਇਹ ਚੰਗੀ ਗੱਲ ਹੈ। ਪਰ ਇਹ ਵੀ ਨਹੀਂ ਹੋਣਾ ਚਾਹੀਦਾ ਕਿ ਜਦ ਨਾਮੀਨੇਟਿਡ

---

*Expunged as ordered by the Chair.

[ਸਰਦਾਰ ਸੁਖਦੇਵ ਸਿੰਘ ਢੀਂਡਸਾ]
ਕਮੇਟੀਆਂ ਹੋਣ ਉਦੋਂ ਤੱਕ ਇਹ ਚੀਜ਼ ਹੋਵੇ, ਜਦ ਇਲੈਕਟਿਡ ਕਮੇਟੀਆਂ ਹੋਣ ਉਦੋਂ ਵੀ ਇਸ ਤਰ੍ਹਾਂ ਹੋਵੇ। ਨਹੀਂ ਤਾਂ ਫਿਰ ਇਹ ਹੋਵੇਗਾ ਕਿ ਜਿਥੇ ਨਾਮਜ਼ਦ ਕੀਤੇ ਹੋਏ ਹਨ ਉਹ ਆਪਣੇ ਹੀ ਆਦਮੀਆਂ ਨੂੰ ਰੱਖ ਲੈਣਗੇ ਅਤੇ ਹੋਰਨਾਂ ਨੂੰ ਨਹੀਂ ਰੱਖਣਗੇ।

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਾਸਟਰ ਜੀ ਨੇ ਤਰਮੀਮੀ ਬਿਲ ਲਿਆਂਦਾ ਹੈ ਇਸ ਦੇ ਵਿਚ ਦੋ ਗੱਲਾਂ ਚੰਗੀਆਂ ਹਨ। ਇਹ ਜਿਹੜੇ ਕਿਸੇ ਮੁਲਾਜ਼ਮ ਨੂੰ ਐਨੀ ਮਹਿੰਗਾਈ ਵਿਚ 80 ਰੁਪਏ ਤੋਂ 115 ਰੁਪਏ ਦੇਣੇ ਕੀਤੇ ਹਨ, ਇਹ ਚੰਗੀ ਗੱਲ ਹੈ। ਦੂਸਰਾ ਇਸ ਵਿਚ ਮੁਲਾਜ਼ਮ ਦੇ ਬਦਲਣ ਦਾ ਜ਼ਿਕਰ ਹੈ। ਕਿਉਂਕਿ ਸਾਡੀ ਪਾਰਟੀ ਤਾਂ ਮੁੱਢ ਤੋਂ ਹੀ ਇਸ ਗੱਲ ਦੇ ਹੱਕ ਵਿਚ ਹੈ ਕਿ ਜਿਸ ਤਰ੍ਹਾਂ ਪੰਚਾਇਤ ਸੈਕਟਰੀ ਹਨ, ਉਹ ਪੰਜਾਬ ਗੌਰਮਿੰਟ ਦੇ ਮੁਲਾਜ਼ਮ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੀਆਂ ਬਦਲੀਆਂ ਵੀ ਸਾਰੇ ਪੰਜਾਬ ਵਿਚ ਹੋ ਸਕਣ ਅਤੇ ਉਹ ਇਕ ਹਲਕੇ ਵਿਚ ਹੀ ਨਾ ਰਹਿਣ। ਉਨ੍ਹਾਂ ਮੁਲਾਜ਼ਮਾਂ ਨੂੰ ਬਦਲਿਆ ਜਾਵੇ। ਆਮ ਤੌਰ ਤੇ ਮੰਡੀਆਂ ਵਿਚ ਦੇਖਿਆ ਜਾਂਦਾ ਹੈ ਜਿਥੇ ਕਿ ਬਹੁਤ ਗ਼ਬਨ ਦੇ ਕੇਸਿਜ਼ ਹੁੰਦੇ ਹਨ, ਉਹ ਲੋਕਲ ਆਦਮੀ ਹੀ ਹੁੰਦੇ ਹਨ। ਉਥੇ ਉਨ੍ਹਾਂ ਦੇ ਆਪਿਸ ਵਿਚ ਮਿਲ ਮਿਲਾ ਕੇ ਗ਼ਬਨ ਦੇ ਕੇਸਿਜ਼ ਜ਼ਿਆਦਾ ਹੁੰਦੇ ਹਨ। ਸੋ ਇਹ ਜਿਹੜੀ ਇਸ ਵਿਚ ਬਦਲਣ ਦੀ ਕਲਾਜ਼ ਰੱਖੀ ਗਈ ਹੈ, ਮੈਂ ਸਮਝਦਾ ਹਾਂ ਕਿ ਇਹ ਚੰਗੀ ਚੀਜ਼ ਹੈ। ਇਸ ਨਾਲ ਇਸ ਬਿੱਲ ਵਿਚ ਸੋਧ ਆਵੇਗੀ। ਪਰ ਮੈਂ ਇਕ ਚੀਜ਼ ਦੇ ਮੁੱਢ ਤੋਂ ਹੀ ਖਿਲਾਫ਼ ਹਾਂ। (ਵਿਘਨ) ਮਾਸਟਰ ਜੀ ਨੇ ਜਿਹੜਾ ਬਿਲ ਲਿਆਂਦਾ ਹੈ ਉਸ ਨਾਲ ਜਮਹੂਰੀਅਤ ਦਾ ਗਲਾ ਘੁੱਟਿਆ ਗਿਆ ਹੈ। (ਵਿਘਨ) ਜੇ ਪਾਰਲੀਮੈਂਟ ਬਿਲ ਲਿਆਵੇ ਤਾਂ ਕਦੇ ਵੀ ਅਸੈਂਬਲੀ ਦੀ ਚੋਣ ਨਾ ਹੋਵੇ, ਕਿਉਂਕਿ ਇਹ ਸਮਝਦੇ ਹਨ ਕਿ ਇਸ ਤਰ੍ਹਾਂ ਸਾਡੀਆਂ ਗੱਦੀਆਂ ਚਲੀਆਂ ਜਾਣਗੀਆਂ। ਇਨ੍ਹਾਂ ਨੂੰ ਚੋਣ ਦੀ ਲੋੜ ਨਹੀਂ ਹੈ। ਇਸੇ ਤਰ੍ਹਾਂ ਮਾਰਕਿਟ ਕਮੇਟੀਆਂ ਜਾਂ ਜਿਹੜੀਆਂ ਇਲੈਕਟਿਡ ਕਮੇਟੀਆਂ ਹਨ ਚਾਹੇ ਉਹ ਬਲਾਕ ਸਮਿਤੀ ਹੈ, ਜ਼ਿਲ੍ਹਾ ਪ੍ਰੀਸ਼ਦ ਹੈ ਉਨ੍ਹਾਂ ਦਾ ਭੋਗ ਪਾ ਦਿੱਤਾ ਗਿਆ ਹੈ। ਦੋ ਸਾਲ ਹੋ ਗਏ ਹਨ ਇਨ੍ਹਾਂ ਦੀਆਂ ਚੋਣਾਂ ਹੋਈਆਂ ਨੂੰ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਨਾ ਕਰਨਾ ਜਮਹੂਰੀਅਤ ਦਾ ਗਲਾ ਘੁੱਟਣਾ ਹੈ ਅਤੇ ਲੋਕਾਂ ਦੇ ਹਕੂਕ ਤੇ ਛਾਪਾ ਹੈ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਗੌਰਮਿੰਟ ਕੋਈ ਨੇਕ ਨਾਮੀ ਨਹੀਂ ਖੱਟ ਰਹੀ; ਇਹ ਸਰਕਾਰ ਦੀ ਬਦਨਾਮੀ ਦਾ ਕਾਰਨ ਬਣਦੀ ਹੈ। ਇਹ ਜਿਹੜੀ ਸੋਚ ਬਣੀ ਹੈ ਕਿ ਸ਼ਾਇਦ ਇਸ ਨਾਲ ਸਾਡੀ ਤਾਕਤ ਘੱਟ ਹੋਵੇਗੀ ਇਹ ਇਨ੍ਹਾਂ ਦੀ ਸੋਚ ਗ਼ਲਤ ਹੈ। ਮੈਂ ਨਹੀਂ ਸਮਝਦਾ ਕਿ ਇਨ੍ਹਾਂ ਦੀ ਹਾਲਤ ਪਤਲੀ ਹੋ ਜਾਵੇਗੀ ਜਾਂ ਪਿੰਡਾਂ ਵਿਚ ਇਨ੍ਹਾਂ ਦੀ ਤਾਕਤ ਘੱਟ ਜਾਵੇਗੀ। ਪਰ ਇਹ ਜਿਹੜੀ ਅਦਲ ਬਦਲ ਕਰ ਰਹੇ ਹਨ, ਇਹ ਲੋਕਾਂ ਦੇ ਹੱਕਾਂ ਤੇ ਛਾਪਾ ਹੈ। ਇਸ ਵਿਚ ਚੋਣਾਂ ਦਾ ਕਿਤੇ ਜ਼ਿਕਰ ਨਹੀਂ ਹੈ।

ਫਾਈਨੈਂਸ ਮਨਿਸਟਰ ਨੇ ਟੈਕਸ ਵਧਾਏ ਹਨ। ਪਹਿਲਾਂ 60 ਪੈਸੇ ਫੀਸ ਹੁੰਦੀ ਸੀ, ਫਿਰ 40 ਪੈਸੇ ਕੀਤੀ ਅਤੇ ਅਕਾਲੀਆਂ ਦੇ ਵੇਲੇ ਇਹ ਫੀਸ 100 ਪੈਸੇ ਹੋ ਗਈ। ਐਫ ਐਮ. ਨੇ 50 ਪੈਸੇ ਵਧਾ ਦਿੱਤੀ ਅਤੇ ਹੁਣ ਫਿਰ 50 ਪੈਸੇ ਵਧਾ ਦਿਤੀ। ਇਸ ਤਰ੍ਹਾਂ ਕਰੋੜਾਂ ਰੁਪਿਆ ਇਕੱਠਾ ਹੁੰਦਾ ਹੈ ਮਾਰਕੀਟ ਕਮੇਟੀਆਂ ਵਿਚੋਂ। ਪਰ ਉਸ ਨੂੰ ਵਰਤਣਾ ਕਿਸ ਤਰ੍ਹਾਂ ਹੈ? ਉਹ ਪਿੰਡਾਂ ਦੇ ਲੋਕਾਂ ਦੀ ਬਿਹਤਰੀ ਵਾਸਤੇ, ਪਿੰਡਾਂ ਵਿਚ ਸੜਕ ਬਣਾਉਣ ਲਈ ਅਤੇ ਪੁਲ ਬਣਾਉਣ ਵਾਸਤੇ ਵਰਤਣਾ ਹੈ। ਪਰ ਇਹ ਮਾਰਕਿਟ ਕਮੇਟੀਆਂ ਦੀ ਕੋਈ ਸਿਫ਼ਾਰਸ਼ ਨਹੀਂ ਮੰਨਦੇ। ਮੈਂ ਕਹਿੰਦਾ ਹਾਂ ਕਿ ਜਿਹੜੇ ਲੋਕੀਂ ਨਾਮਜ਼ਦ ਕੀਤੇ ਜਾਣਗੇ ਉਹ ਸਰਕਾਰ ਦੇ ਜੀ ਹਜ਼ੂਰੀਏ ਹੋਣਗੇ ਅਤੇ ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਉਹ ਬੜੇ ਕੁਰੱਪਟ ਹੋਣਗੇ ਅਤੇ ਉਹ ਚੰਗੇ ਕੰਮ ਨਹੀਂ ਕਰ

ਸਕਣਗੇ । ਇਸ ਲਈ, ਇਹ ਸਰਕਾਰ ਦੀ ਹੋਰ ਬਦਨਾਮੀ ਦਾ ਕਾਰਨ ਹੈ। ਇਨ੍ਹਾਂ ਨੇ ਦੋ ਜਗ੍ਹਾ ਠੀਕ ਕਦਮ ਚੁਕੇ ਹਨ । ਇਕ ਤਾਂ ਹੈ ਮੁਲਾਜ਼ਮਾਂ ਦੀ ਤਨਖਾਹ ਵਿਚ ਵਾਧਾ ਕਰਨਾ, ਇਹ ਚੰਗੀ ਗੱਲ ਹੈ। ਦੂਜਾ ਹੈ ਮੁਲਾਜ਼ਮਾਂ ਦੀ ਬਦਲੀ ਕਰਨ ਦੀ ਪਾਵਰ ਚੇਅਰਮੈਨ ਨੂੰ ਦਿੱਤੀਆਂ ਹਨ । ਉਥੇ ਨਾਲ ਹੀ ਇਹ ਵੀ ਚੰਗਾ ਹੁੰਦਾ ਜੇ ਇਹ ਨਾਲ ਦੀ ਨਾਲ ਹੀ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਨੂੰ ਜ਼ਿਆਦਾ ਤਾਕਤ ਦਿੰਦੇ ਅਤੇ ਇਨ੍ਹਾਂ ਦੀਆਂ ਅਤੇ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਹੁੰਦੀਆਂ। ਜਿਸ ਦੇ ਨਾਲ ਕਿ ਸਾਡੀ ਜਮਹੂਰੀਅਤ ਤਕੜੀ ਹੁੰਦੀ । ਜਦ ਅਸੀਂ ਇਸ ਪਾਸੇ ਧਿਆਨ ਨਹੀਂ ਦਿੰਦੇ ਤਾਂ ਲੋਕ ਸਾਡੇ ਤੇ ਕਿਵੇਂ ਵਿਸ਼ਵਾਸ ਕਰਨਗੇ । ਇਨ੍ਹਾਂ ਲਫਜ਼ਾਂ ਨਾਲ ਇਹ ਜਿਹੜੀ ਇਨ੍ਹਾਂ ਨੇ ਨਾਮਜ਼ਦਗੀ ਦੀ ਕਲਾਜ਼, ਇਸ ਵਿਚ ਰੱਖੀ ਹੈ, ਇਸ ਦੀ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਪੁਰਜ਼ੋਰ ਮੁਖ਼ਾਲਫਤ ਕਰਦਾ ਹਾਂ । ਇਨ੍ਹਾਂ ਦੀਆਂ ਚੋਣਾਂ ਹੋਣੀਆਂ ਚਾਹੀਦੀਆਂ ਹਨ। ਇਹ ਪਤਾ ਨਹੀਂ ਚੋਣਾਂ ਕਦ ਹੋਣ, ਇਹ ਚੋਣਾਂ ਹੋਣੀਆਂ ਚਾਹੀਦੀਆਂ ਹਨ। (ਘੰਟੀ) ਮੈਂ ਐਨਾ ਕੁਝ ਕਹਿੰਦਾ ਹੋਇਆ ਇਸ ਦੀ ਮੁਖ਼ਾਲਫਤ ਕਰਦਾ ਹਾਂ । (ਘੰਟੀ)

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਾਸਟਰ ਜੀ ਨੇ ਬਿਲ ਲਿਆਂਦਾ ਹੈ, ਇਹ ਬੜਾ ਸੁਹਣਾ ਹੈ । ਇਹ ਜਿਹੜੇ ਸ਼ੰਕੇ ਪੈਦਾ ਕੀਤੇ ਗਏ ਹਨ ਕਿ ਨਾਮਜ਼ਦ ਮੈਂਬਰ ਚੰਗੇ ਰਿਪਰੀਜ਼ੈਂਟੇਟਿਵ ਨਹੀਂ ਬਣ ਸਕਦੇ, ਇਸ ਦੇ ਬਾਰੇ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੀ ਆਗਿਆ ਦੇ ਨਾਲ ਦੱਸਦਾ ਹਾਂ ਕਿ ਮੈਂ ਟਾਂਡਾ ਮਿਊਨਿਸਪਲ ਕਮੇਟੀ ਦਾ ਫਾਊਂਡਰ ਹਾਂ ਅਤੇ ਮੈਂ ਉਸ ਦਾ ਮਿਊਨਿਸਪਲ ਕਮਿਸ਼ਨਰ ਵੀ ਹਾਂ । (ਵਿਘਨ) ਉਸ ਕਮੇਟੀ ਦੀ ਪਹਿਲਾਂ 2 ਹਜ਼ਾਰ ਰੁਪਿਆ ਇਨਕਮ ਹੁੰਦੀ ਸੀ ਪਰ ਹੁਣ ਉਸ ਦੀ ਲੱਖਾਂ ਰੁਪਏ ਦੀ ਇਨਕਮ ਹੈ । ਉਸ ਨੂੰ ਅਸੀਂ ਚੰਗੇ ਢੰਗ ਨਾਲ ਆਰਗੇਨਾਈਜ਼ ਕੀਤਾ ਹੈ । ਇਹ ਕਹਿੰਦੇ ਹਨ ਕਿ ਇਸ ਵੇਲੇ ਸਾਡੀ ਡੈਮੋਕਰੇਸੀ ਮਰ ਮਿਟ ਰਹੀ ਹੈ, ਇਹ ਹੋ ਰਿਹਾ ਹੈ ਅਤੇ ਉਹ ਹੋ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਜਦ ਸਾਡੇ ਪਿੰਡਾਂ ਵਿਚ ਇਲੈਕਸ਼ਨ ਹੁੰਦੇ ਹਨ ਤਾਂ ਕਿੰਨੀਆਂ ਲੜਾਈਆਂ ਝਗੜਾਈਆਂ ਹੁੰਦੀਆਂ ਹਨ, ਲਾਅ ਐਂਡ ਆਰਡਰ ਖਰਾਬ ਹੋਣ ਦਾ ਡਰ ਰਹਿੰਦਾ ਹੈ । (ਵਿਘਨ) ਜੇ ਕਿਸੇ ਗਰੀਬ ਆਦਮੀ ਨੇ ਦੂਜੇ ਪਾਸੇ ਵੋਟਾਂ ਪਾ ਦਿੱਤੀਆਂ ਤਾਂ ਉਸ ਦਾ ਬਾਈਕਾਟ ਕਰਦੇ ਹਨ। ਉਸ ਨੂੰ ਖੇਤਾਂ ਵਿਚ ਨਹੀਂ ਜਾਣ ਦਿੰਦੇ। ਉਸ ਨੂੰ ਉਹ ਬਹੁਤ ਦੁਖੀ ਕਰਦੇ ਹਨ । ਇਹ ਠੀਕ ਹੈ ਕਿ ਪਾਰਲੀਮੈਂਟ ਅਤੇ ਅਸੈਂਬਲੀਆਂ ਦੀਆਂ ਚੋਣਾਂ ਤਾਂ ਹੋਣੀਆਂ ਚਾਹੀਦੀਆਂ ਹਨ ਪਰ ਇਨ੍ਹਾਂ ਛੋਟੇ ਛੋਟੇ ਕੰਮਾਂ ਵਿਚ ਛੇਤੀ ਛੇਤੀ ਇਲੈਕਸ਼ਨਾਂ ਕਰਾਉਣ ਨਾਲ ਐਨਰਜੀ ਵੇਸਟ ਹੁੰਦੀ ਹੈ । ਮੈਨੂੰ ਪਤਾ ਹੈ ਕਿ ਇਥੇ ਗਰੇਵਾਲ ਡੀ. ਸੀ. ਹੁੰਦੇ ਸਨ ਅਤੇ ਉਹ ਚੀਫ਼ ਸੈਕਟਰੀ ਵੀ ਰਹੇ ਹਨ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਚੌਥੇ ਦਿਨ ਇਲੈਕਸ਼ਨਾਂ ਕਰਾਉਂਦੇ ਰਹਿੰਦੇ ਹੋ, ਇਹ ਕਿਉਂ ? ਤਾਂ ਉਸ ਨੇ ਕਿਹਾ ਕਿ ਇਸ ਤਰ੍ਹਾਂ ਲੋਕ ਬਿਜ਼ੀ ਰਹਿੰਦੇ ਹਨ। (ਵਿਘਨ) ਮੈਂ ਪੁੱਛਦਾ ਹਾਂ ਕਿ ਇਹ ਚੀਂਡਸਾ ਜੀ ਯੂ. ਪੀ. ਵਿਚ ਗਏ ਸੀ, ਇਨਾਂ ਨੂੰ ਕਿੰਨੀਆਂ ਵੋਟਾਂ ਮਿਲ ਗਈਆਂ ? (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਬੜਾ ਚੰਗਾ ਬਿਲ ਹੈ ਔਰ ਇਹ ਜਿਹੜੀਆਂ ਚੋਣਾ ਹੋਣਗੀਆਂ ਅਤੇ ਜਿਹੜੇ ਲੋਕ ਆਉਣਗੇ ਕਮੇਟੀਆਂ ਵਿਚ, ਮੈਂ ਸਮਝਦਾ ਹਾਂ ਕਿ ਉਹ ਬੈਸਟ ਬੰਦੇ ਸਰਕਾਰ ਚੁਣਕੇ ਲਿਆਏਗੀ । ਬੈਸਟ ਬੰਦੇ ਚੁਣ ਕੇ ਆਉਣਗੇ। ਇਹ ਜ਼ਰੂਰੀ ਨਹੀਂ ਹੈ ਕਿ ਇਲੈਕਸ਼ਨਾਂ ਵਿਚ ਹੀ ਚੰਗੇ ਆਦਮੀ ਆਉਂਦੇ ਹਨ। ....

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਾਕਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਫਿਰ ਪਰਵਾਨ ਕਰਦੇ ਹਨ ਕਿ ਬਿਲ ਰਾਹੀਂ ਜ਼ਮਹੂਰੀ-ਅਤ ਘਟਾਈ ਜਾ ਰਹੀ ਹੈ ?

ਡਾਕਟਰ ਅਮੀਰ ਸਿੰਘ ਕਲਕਟ: ਮੈਂ ਅੱਗੇ ਕਾਫੀ ਕੁਝ ਕਹਿ ਚੁਕਾ ਹਾਂ। ਮੈਂ ਕਹਿੰਦਾ ਹਾਂ ਕਿ ਛੇਤੀ ਛੇਤੀ ਇਲੈਕਸ਼ਨਾਂ ਕਰਾਉਣ ਨਾਲ ਪਿੰਡਾਂ ਵਿਚ ਧੜੇ ਬਣ ਜਾਂਦੇ ਹਨ। (ਵਿਘਨ) ਵੱਡੇ ਵੱਡੇ ਜ਼ਿਮੀਂਦਾਰ ਛੋਟਿਆਂ ਲੋਕਾਂ ਨੂੰ ਆਪਣੇ ਖੇਤਾਂ ਵਿਚ ਨਹੀਂ ਜਾਣ ਦਿੰਦੇ। ਉਨ੍ਹਾਂ ਨੂੰ ਟੱਟੀ ਨਹੀਂ ਜਾਣ ਦਿੰਦੇ। (ਵਿਘਨ)

ਸਰਦਾਰ ਕਰਨੈਲ ਸਿੰਘ ਮਰੜੀ: * * * *

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਸਰਦਾਰ ਕਰਨੈਲ ਸਿੰਘ ਮਰੜੀ: * * *

ਸ੍ਰੀ ਡਿਪਟੀ ਸਪੀਕਰ: ਇਹ ਰਿਕਾਰਡ ਨਾ ਕੀਤਾ ਜਾਵੇ। (It should not be recorded.)

ਡਾਕਟਰ ਅਮੀਰ ਸਿੰਘ ਕਲਕਟ: ਇਹ ਸੋਸ਼ਲਿਜ਼ਮ ਦਾ ਕੰਮ ਅਸੀਂ ਇਨ੍ਹਾਂ ਕੋਲੋਂ ਖੋਹ ਲਿਆ ਹੈ। (ਵਿਘਨ) ਇਹ ਜਿਹੜੇ ਭਾਅ ਇਤਨੇ ਵਧ ਵਧਾਏ ਹਨ, ਇਹ ਸਾਡੇ ਮੁੱਖ ਮੰਤਰੀ ਜੀ ਨੇ ਵਧਵਾਏ ਹਨ। ਇਹ ਕੀ ਇਨ੍ਹਾਂ ਗੁੰਗਿਆਂ ਨੇ ਭਾਅ ਵਧਵਾ ਲੈਣੇ ਸੀ। (ਵਿਘਨ) (ਸ਼ੋਰ)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਜਦ ਬੋਲਣ ਲੱਗਿਆ ਕਰਨ ਤਾਂ ਤੁਸੀਂ ਖਿਆਲ ਰੱਖਿਆ ਕਰੋ। (ਵਿਘਨ) ਕਈ ਵਾਰੀ ਲਗਾਮ ਪਾਉਣੀ ਪੈਂਦੀ ਹੈ। ਤੁਸੀਂ ਉਨ੍ਹਾਂ ਨੂੰ ਲਗਾਮ ਪਾਓ। ਇਹੋ ਜਿਹੀਆਂ ਗੱਲਾਂ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦੀਆਂ। ਉਹ ਥੋੜ੍ਹਾ ਬਹੁਤ ਤਾਂ ਰੈਲੇਵੈਂਟ ਹੋਣ।

ਸ੍ਰੀ ਡਿਪਟੀ ਸਪੀਕਰ: ਡਾਕਟਰ ਸਾਹਿਬ, ਤੁਸੀਂ ਰੈਲੇਵੈਂਟ ਬੋਲੋ। (Doctor Sahib please be relevant.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਜਦੋਂ ਤੁਸੀਂ ਡਾਕਟਰ ਸਾਹਿਬ ਨੂੰ ਇਹ ਕਿਹਾ ਕਿ ਡਾਕਟਰ ਸਾਹਿਬ ਰੈਲੇਵੈਂਟ ਬੋਲੋ ਤਾਂ ਉਹ ਕਹਿੰਦੇ ਹਨ ਕਿ ਬਸ ਜੀ ਹੋਰ ਨਹੀਂ ਬੋਲਣਾ। ਇਸ ਦਾ ਮਤਲਬ ਇਹ ਹੈ ਕਿ ਉਹ ਇਰੈਲੇਵੈਂਟ ਹੀ ਬੋਲ ਰਹੇ ਹਨ। (ਵਿਘਨ)

ਚੌਧਰੀ ਕਾਂਸ਼ੀ ਰਾਮ: ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਬਰਨਾਲਾ ਜੀ ਨੇ ਦੋ ਗੱਲਾਂ ਡਾਕਟਰ ਸਾਹਿਬ ਦੇ ਬਾਰੇ ਕਹੀਆਂ ਹਨ। ਇਕ ਉਨ੍ਹਾਂ ਨੇ ਕਿਹਾ ਹੈ ਕਿ „ਧਿਆਨ ਰਖਿਆ ਕਰੋ" ਅਤੇ ਦੂਸਰਾ ਕਿਹਾ ਹੈ ਕਿ "ਲਗਾਮ ਪਾ ਕੇ ਰਖੋ"। ਦੋ ਗੱਲਾਂ ਇਨ੍ਹਾਂ ਨੇ ਕਿਉਂ ਕਹੀਆਂ ਹਨ। ਇਕੋ ਗੱਲ ਹੀ ਕਾਫ਼ੀ ਸੀ। (ਵਿਘਨ)

ਸਰਦਾਰ ਗੁਰਬਚਨ ਸਿੰਘ (ਰੋਪੜ): ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਅਮੈਂਡਮੈਂਟ ਪੇਸ਼ ਕੀਤੀ ਗਈ ਹੈ, ਮੈਂ ਇਸ ਦੀ ਹਿਮਾਇਤ ਕਰਨ ਲਈ ਖੜ੍ਹਾ ਹੋਇਆ ਹਾਂ। ਜਦੋਂ ਕਿਸਾਨਾਂ ਦੀ ਪੈਦਾਵਾਰ ਪਹਿਲਾਂ ਮੰਡੀਆਂ ਵਿਚ ਆਉਂਦੀ ਸੀ ਤਾਂ ਉਹ ਮੰਡੀਆਂ ਵਿਚ ਢੇਰੀ ਆਪਣੇ ਅਨਾਜ ਦੀ ਲਾ ਕੇ ਇਕ ਪਾਸੇ ਬੈਠ ਜਾਂਦਾ ਸੀ ਤਾਂ ਉਸ ਵੇਲੇ ਉਸ ਢੇਰੀ ਵਿਚੋਂ ਛਾਨਣਾ ਭਰ ਕੇ ਜਿਹੜਾ ਉਥੇ ਸਫਾਈ ਵਗੈਰਾ ਕਰਦਾ ਹੈ ਉਹ ਲੈ ਜਾਂਦਾ ਸੀ, ਕੁਝ ਆੜ੍ਹਤੀ ਵਿਚੋਂ ਲੈ ਲੈਂਦੇ ਸੀ ਅਤੇ ਕੁਝ ਥੋੜ੍ਹਾ ਜਿਹਾ ਆੜ੍ਹਤੀ ਕਿਸੇ ਹੋਰ ਨੂੰ ਦਿੰਦਾ ਸੀ, ਕੁਝ ਤੋਲੇ ਨੂੰ ਉਹ ਦੇ ਦਿੰਦਾ ਸੀ ਅਤੇ ਫਿਰ ਉਸ ਦੇ ਬਾਅਦ ਆੜ੍ਹਤੀ ਦੋਨਾਂ ਪਾਸਿਉਂ, ਖਰੀਦ ਦਾਰ ਅਤੇ ਜ਼ਿਮੀਦਾਰ ਤੋਂ ਆੜ੍ਹਤ ਲੈ ਲੈਂਦਾ

---

*Expunged not recorded as ordered by the Chair.

ਸੀ। ਇਸੇ ਤਰ੍ਹਾਂ ਜਦੋਂ ਕਿਸਾਨ ਆਪਣਾ ਅਨਾਜ ਲੈ ਕੇ ਪਿੰਡ ਤੋਂ ਚਲਦਾ ਸੀ ਤਾਂ ਰਸਤੇ ਵਿਚ ਕਈ ਵਾਰੀ ਉਸ ਦੇ ਗੱਡੇ ਵਗੈਰਾ ਵਿਚ ਵੀ ਖਰਾਬੀ ਹੋ ਜਾਂਦੀ ਸੀ ਅਤੇ ਇਸ ਤਰ੍ਹਾਂ ਦੀਆਂ ਕਈ ਔਕੜਾਂ ਉਸ ਨੂੰ ਆਉਂਦੀਆਂ ਸਨ । ਫਿਰ ਸ਼ਹਿਰ ਵਿਚ ਜਦੋਂ ਉਹ ਅਨਾਜ ਦੇਣ ਆਉਂਦਾ ਸੀ ਤਾਂ ਨਾ ਉਸ ਦੇ ਬੈਲਾਂ ਨੂੰ ਉਥੇ ਖੜ੍ਹਾਉਣ ਲਈ ਕੋਈ ਜਗ੍ਹਾ ਹੁੰਦੀ ਸੀ ਅਤੇ ਨਾ ਉਨ੍ਹਾਂ ਨੂੰ ਕੋਈ ਪਾਣੀ ਪਿਲਾਉਣ ਵਾਸਤੇ ਇੰਤਜ਼ਾਮ ਸੀ। ਇਹ ਮਾਰਕਿਟ ਕਮੇਟੀਆਂ ਦਾ ਐਕਟ ਇਸ ਲਈ ਹੀ ਲਿਆਂਦਾ ਸੀ ਤਾਂ ਕਿ ਜ਼ਿਮੀਂਦਾਰਾਂ ਨੂੰ ਸ਼ਹਿਰਾਂ ਦੇ ਵਿਚ ਸਹੂਲਤਾਂ ਮਿਲ ਸਕਣ ਅਤੇ ਜਦੋਂ ਉਹ ਆਪਣਾ ਅਨਾਜ ਲੈ ਕੇ ਸ਼ਹਿਰ ਦੇ ਵਿਚ ਆਏ ਤਾਂ ਉਸ ਨੂੰ ਕੋਈ ਔਕੜ ਨਾ ਹੋਵੇ । ਲੇਕਿਨ ਇਸ ਦੇ ਵਿਚ ਕੁਝ ਕਮੀਆਂ ਰਹਿ ਗਈਆਂ ਅਤੇ ਇਹ ਕਮੀਆਂ ਰਹਿ ਜਾਣ ਕਰ ਕੇ ਜ਼ਿਮੀਂਦਾਰ ਨੂੰ ਜਿਹੜੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਸੀ, ਉਹ ਨਾ ਮਿਲ ਸਕੀਆਂ ਅਤੇ ਇਸ ਲਈ ਇਹ ਇਸ ਦੇ ਵਿਚ ਅਮੈਂਡਮੈਂਟ ਲਿਆਉਣੀ ਪਈ ਤਾਂ ਕਿ ਇਹ ਜਿਹੜੀਆਂ ਮਾਰਕਿਟ ਕਮੇਟੀਆਂ ਹਨ ਇਹ ਆਪਣਾ ਫੰਕਸ਼ਨ ਸਹੀ ਤਰੀਕੇ ਨਾਲ ਕਰ ਸਕਣ ਅਤੇ ਜ਼ਿਮੀਂਦਾਰ ਜਦੋਂ ਅਨਾਜ ਲੈ ਕੇ ਸ਼ਹਿਰਾਂ ਵਿਚ ਆਉਂਦਾ ਹੈ ਤਾਂ ਕੋਈ ਸ਼ੈਡ ਉਸ ਦੇ ਬੈਲਾਂ ਲਈ ਖੜ੍ਹਾ ਕਰਨ ਵਾਸਤੇ ਹੋਵੇ, ਉਸ ਦੇ ਬੈਲਾਂ ਨੂੰ ਪੀਣ ਦੇ ਲਈ ਪਾਣੀ ਮਿਲ ਸਕੇ ਅਤੇ ਉਸ ਜ਼ਿਮੀਂਦਾਰ ਨੂੰ ਜਿਸ ਨੇ ਆੜ੍ਹਤੀਆਂ ਨੇ ਖਾ ਲਿਆ ਸੀ, ਉਹ ਉਸ ਤੋਂ ਬਚ ਸਕੇ । ਇਹ ਤਾਂ ਉਹ ਗੱਲ ਹੈ—

'ਖਾ ਗਿਆ ਸ਼ਕਰ ਘੀ' ਨਾਲੇ ਕਰ ਗਿਆ ਚਾਰ ਸੌ ਬੀਹ' ।

ਇਹ ਅਮੈਂਡਮੈਂਟ ਜਿਹੜੀ ਹੈ ਜ਼ਿਮੀਂਦਾਰਾਂ ਦੀ ਸਹੂਲਤ ਵਾਸਤੇ ਲਿਆਂਦੀ ਗਈ ਹੈ ਤਾਂ ਕਿ ਜਿਹੜਾ ਜ਼ਿਮੀਂਦਾਰ ਖੂਨ ਪਸੀਨਾ ਬਹਾ ਕੇ, ਸਰਦੀ ਗਰਮੀ ਸਹਾਰ ਕੇ, ਦੁਖ ਤਕਲੀਫਾਂ ਸਹਾਰ ਕੇ ਅਨਾਜ ਪੈਦਾ ਕਰਦਾ ਹੈ ਅਤੇ ਜਦੋਂ ਉਹ ਆਪਣਾ ਅਨਾਜ ਮੰਡੀਆਂ ਵਿਚ ਲਿਆਂਦਾ ਹੈ ਤਾਂ ਉਸ ਨੂੰ ਕੋਈ ਔਕੜ ਨਾ ਆਵੇ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਅਮੈਂਡਮੈਂਟ ਦੀ ਸ਼ਲਾਘਾ ਕਰਦਾ ਹਾਂ ਕਿ ਇਸ ਐਕਟ ਵਿਚ ਇਹ ਅਮੈਂਡਮੈਂਟ ਲਿਆ ਕੇ ਜ਼ਿਮੀਂਦਾਰ ਨਾਲ ਬੜਾ ਭਲਾ ਕੀਤਾ ਹੈ ਅਤੇ ਉਸ ਨੂੰ ਔਕੜਾਂ ਤੋਂ ਬਚਾਉਣ ਦਾ ਉਪਰਾਲਾ ਕੀਤਾ ਹੈ । ਹਾਲਾਂ ਕਿ ਪਹਿਲਾਂ ਵੀ ਡਿਪਟੀ ਸਪੀਕਰ ਸਾਹਿਬ, ਮਾਰਕਿਟ ਕਮੇਟੀ ਫੀਸ ਦਾ ਰੁਪਿਆ ਆਉਂਦਾ ਸੀ, ਪਰ ਉਸ ਦੇ ਨਾਲ ਥੋੜ੍ਹੀਆਂ ਬਹੁਤੀਆਂ ਸੜਕਾਂ ਬਣਾਉਣ ਦਾ ਕੁਝ ਮੰਡੀਆਂ ਨੇ ਯਤਨ ਕੀਤਾ, ਲੇਕਿਨ ਜੋ ਕੁਝ ਕੰਮ ਹੋਣਾ ਚਾਹੀਦਾ ਸੀ ਉਹ ਨਾ ਹੋ ਸਕਿਆ । ਇਸ ਅਮੈਂਡਮੈਂਟ ਦੇ ਤਹਿਤ ਜ਼ਿਮੀਂਦਾਰਾਂ ਨੂੰ ਹੋਰ ਸਹੂਲਤਾਂ ਮਿਲਣੀਆਂ ਹਨ ਅਤੇ ਆੜ੍ਹਤੀਆਂ ਨੂੰ ਵੀ ਫ਼ਾਇਦਾ ਪਹੁੰਚੇਗਾ । ਫਿਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸਟੇਟ ਟਰੇਡਿੰਗ ਹੋਈ ਸੀ, ਇਸ ਪੱਖ ਵਲ ਵੀ ਇਹ ਲਾਭਦਾਇਕ ਸਾਬਤ ਹੋਵੇਗੀ । ਇਸ ਲਈ, ਅੰਤ ਵਿਚ, ਮੈਂ ਇਹੀ ਕਹਾਂਗਾ ਕਿ ਇਹ ਅਮੈਂਡਮੈਂਟ ਜ਼ਰੂਰੀ ਸੀ ਅਤੇ ਮੈਂ ਇਸ ਦੀ ਹਮਾਇਤ ਕਰਦਾ ਹਾਂ ਕਿ ਇਹ ਪਾਸ ਹੋਣੀ ਚਾਹੀਦੀ ਹੈ।

ਸ੍ਰੀ ਪਿਆਰਾ ਰਾਮ ਧੰਨੋਵਾਲੀ (ਫਗਵਾੜਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮਾਸਟਰ ਗੁਰਬੰਤਾ ਸਿੰਘ ਜੀ ਨੇ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਸ ਬਿਲ, 1974 ਲਿਆ ਕੇ ਇਕ ਬਹੁਤ ਚੰਗਾ ਕੰਮ ਕੀਤਾ ਹੈ । ਇਸ ਦੇ ਵਿਚ ਇਨ੍ਹਾਂ ਨੇ ਤਿੰਨ ਚੀਜ਼ਾਂ ਕੀਤੀਆਂ ਹਨ। ਪਹਿਲੀ ਚੀਜ਼ ਇਨ੍ਹਾਂ ਨੇ ਇਸ ਦੇ ਵਿਚ ਇਹ ਕੀਤੀ ਹੈ ਕਿ ਜਿਹੜਾ ਚੇਅਰਮੈਨ, ਪੰਜਾਬ ਸਟੇਟ ਐਗੀਕਲਚਰ ਮਾਰਕਿਟ ਬੋਰਡ ਹੈ ਉਸ ਨੂੰ ਅਖਤਿਆਰ ਦਿਤਾ ਹੈ ਉਹ ਸੈਕਟਰੀਜ਼ ਜਾਂ ਅਕਾਊਂਟੈਂਟ ਜਿਹੜੇ ਮਾਰਕਿਟ ਕਮੇਟੀਆਂ ਵਿਚ ਮਹੰਤਾਂ ਦੀਆਂ ਗੱਦੀਆਂ ਬਣਾ ਕੇ ਬੈਠੇ ਸੀ ਅਤੇ ਉਨ੍ਹਾਂ ਲਈ ਸਾਡੀ ਕਾਫੀ ਦੇਰ ਤੋਂ ਮੰਗ ਵੀ ਸੀ, ਉਨ੍ਹਾਂ ਦੀਆਂ ਬਦਲੀਆਂ ਕੀਤੀਆਂ ਜਾਣ ਤਾਂ ਕਿ ਉਨ੍ਹਾਂ ਦੇ ਜਿਹੜੇ ਅੱਡੇ ਬਣੇ ਹੋਏ ਹਨ ਉਹ ਟੁੱਟ ਜਾਣ । ਇਨ੍ਹਾਂ ਨੇ ਇਸ ਅਮੈਂਡਮੈਂਟ ਰਾਹੀ ਇਹ ਗੱਲ ਲਿਆ ਕੇ ਬਹੁਤ ਚੰਗੀ ਗੱਲ ਕੀਤੀ

[ਸ੍ਰੀ ਪਿਆਰਾ ਰਾਮ ਧੰਨੋਵਾਲੀ]

ਹੈ। ਹੁਣ ਇਸ ਅਮੈਂਡਮੈਂਟ ਰਾਹੀ ਉਨ੍ਹਾਂ ਨੂੰ ਬਦਲਿਆ ਜਾ ਸਕਦਾ ਹੈ ਅਤੇ ਜਿਹੜੀਆਂ ਉਨ੍ਹਾਂ ਦੀਆਂ ਮਹੰਤ ਗੱਦੀਆਂ ਕਾਇਮ ਸਨ ਉਹ ਟੁੱਟ ਜਾਣਗੀਆਂ। ਇਸ ਦੇ ਬਾਰੇ ਸਰਦਾਰ ਸੁਖਦੇਵ ਸਿੰਘ ਜੀ ਨੇ ਬੜਾ ਤੌਖਲਾ ਜ਼ਾਹਰ ਕੀਤਾ ਹੈ ਕਿ ਉਨ੍ਹਾਂ ਦੀਆਂ ਬਦਲੀਆਂ ਕਰਨ ਲਈ ਸਰਕਾਰ ਨੇ ਜੋ ਅਮੈਂਡਮੈਂਟ ਲਿਆਂਦੀ ਹੈ ਇਹ ਬੜਾ ਭੈੜਾ ਕੰਮ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਜੇ ਕੋਈ ਉਨ੍ਹਾਂ ਦੇ ਮਨਜ਼ੂਰੇ ਨਜ਼ਰ ਹੋਵੇ ਤਾਂ ਵੱਖਰੀ ਗੱਲ ਹੈ ਪਰ ਸਰਕਾਰ ਨੇ ਜੋ ਇਹ ਕੰਮ ਕੀਤਾ ਹੈ ਇਹ ਬੜਾ ਹੀ ਚੰਗਾ ਕੰਮ ਕੀਤਾ ਹੈ।

ਦੂਸਰੀ ਗੱਲ ਜੋ ਇਸ ਅਮੈਂਡਮੈਂਟ ਰਾਹੀਂ ਆਈ ਹੈ ਜਿਸ ਦੇ ਬਾਰੇ ਜੋਗਾ ਜੀ ਨੇ ਆਪਣਾ ਤੌਖਲਾ ਜ਼ਾਹਰ ਕੀਤਾ ਹੈ ਕਿ ਜਮਹੂਰੀਅਤ ਦਾ ਗਲਾ ਘੁੱਟ ਦਿਤਾ ਹੈ, ਮੈਂ ਸਮਝਦਾ ਹਾਂ ਕਿ ਇਹ ਇਕ ਡੁਪਲੀਕੇਸ਼ਨ ਹੈ ਕਿ ਪਹਿਲਾਂ ਪੰਚਾਇਤ ਦੀ ਚੋਣ ਹੋਵੇ, ਫਿਰ ਬਲਾਕ ਸੰਮਤੀਆਂ ਦੀ ਅਤੇ ਫਿਰ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਹੋਵੇ। ਔਰ ਮਾਰਕਿਟ ਕਮੇਟੀਆਂ ਦੇ ਮੈਂਬਰ ਸਿਰਫ 7 ਚੁਣੇ ਜਾਂਦੇ ਸੀ ਅਤੇ ਉਹ ਪੰਚ ਸਰਪੰਚ ਦੀ ਚੋਣ ਨਾਲ ਚੁਣੇ ਜਾਂਦੇ ਸੀ। (ਵਿਘਨ) ਫਿਰ ਇਕ ਨੁਮਾਇੰਦਾ ਮੰਡੀਆਂ ਵਿਚੋਂ ਜੋ ਤੋਲੇ ਹੁੰਦੇ ਹਨ ਉਨ੍ਹਾਂ ਵਿਚੋਂ ਹੈ ਅਤੇ ਇਕ ਵਪਾਰੀਆਂ ਦਾ ਹੁੰਦਾ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਨੇ ਇਹ ਕੋਈ ਮਾੜੀ ਗੱਲ ਨਹੀਂ ਕੀਤੀ ਜੇ 7 ਮੈਂਬਰਾਂ ਦੀ ਨੌਮੀਨੇਸ਼ਨ ਕਰ ਦਿਤੀ ਹੈ। (ਵਿਘਨ) ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਕਿਸਮ ਦਾ ਜ਼ਿਮੀਂਦਾਰਾਂ ਨੂੰ ਸਹੀ ਮਾਅਨਿਆਂ ਵਿਚ ਸਹੂਲਤਾਂ ਦੇਣ ਦਾ ਕਦਮ ਹੈ। ਉਨ੍ਹਾਂ ਦੇ ਗੱਡਿਆਂ ਵਾਸਤੇ, ਉਨ੍ਹਾਂ ਨੂੰ ਆਪਣੇ ਬੈਠਣ ਵਾਸਤੇ ਅਤੇ ਬੈਲਾਂ ਨੂੰ ਬੰਨ੍ਹਣ ਵਾਸਤੇ ਸ਼ੈਡ ਦੇਣੇ ਅਤੇ ਉਨ੍ਹਾਂ ਦੇ ਬੈਲਾਂ ਨੂੰ ਪਾਣੀ ਦਾ ਇੰਤਜ਼ਾਮ ਵਾਸਤੇ ਸਹੂਲਤਾਂ ਮੁਹੱਈਆ ਕਰਨਾ ਹੈ। ਇਸ ਲਈ ਮੈਂ ਤਾਂ ਸਮਝਦਾ ਹਾਂ ਕਿ ਇਹਨਾਂ ਨੇ ਇਹ ਅਮੈਂਡਮੈਂਟ ਲਿਆ ਕੇ ਇਕ ਬਹੁਤ ਚੰਗਾ ਕੰਮ ਕੀਤਾ ਹੈ।

ਤੀਸਰੀ ਗੱਲ ਜਿਹੜੀ ਇਸ ਦੇ ਵਿਚ ਕੀਤੀ ਗਈ ਹੈ ਕਿ ਮੁਲਾਜ਼ਮ ਦੇ 80 ਰੁਪਏ ਤੋਂ ਵਧਾ ਕੇ 115 ਰੁਪਏ ਕਰ ਦਿਤੇ ਹਨ, ਇਹ ਵੀ ਇਕ ਬਹੁਤ ਚੰਗੀ ਗੱਲ ਕੀਤੀ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਹ ਜਿਹੜਾ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਸ ਅਮੈਂਡਮੈਂਟ ਬਿਲ ਲਿਆਂਦਾ ਹੈ ਇਸ ਦੀ ਹਮਾਇਤ ਕਰਦਾ ਹਾਂ। ਬਸ ਜੀ ਇਤਨਾ ਕਹਿ ਕੇ ਮੈਂ ਆਪ ਦਾ ਸ਼ੁਕਰੀਆ ਕਰਦਾ ਹਾਂ।

ਚੌਧਰੀ ਕਾਂਸ਼ੀ ਰਾਮ (ਫਾਜ਼ਿਲਕਾ) : ਡਿਪਟੀ ਸਪੀਕਰ ਸਾਹਿਬ, ਮਾਸਟਰ ਜੀ ਨੇ ਇਹ ਅਮੈਂਡ-ਮੈਂਟ ਬਿਲ ਇੰਟਰੋਡਿਊਸ ਕੀਤਾ ਹੈ ਮਾਰਕੀਟ ਕਮੇਟੀਆਂ ਦਾ ਪਰ ਇਸ ਵਿਚ ਕੋਈ ਐਸੀ ਝਲਕ ਨਜ਼ਰ ਨਹੀਂ ਆਉਂਦੀ ਜਿਹੜੀ ਵਪਾਰੀਆਂ ਨੂੰ ਇਸ ਗੱਲ ਲਈ ਕੰਪੈਲ ਕਰੇ ਕਿ ਜਿਹੜਾ ਮੰਡੀਆਂ ਵਿਚ ਨਰਮਾ ਆਉਂਦਾ ਹੈ, ਜਾਂ ਕਣਕ ਆਉਂਦੀ ਹੈ, ਝੋਨਾ ਆਉਂਦਾ ਹੈ ਉਹ ਜ਼ਰੂਰ ਉਸੇ ਦਿਨ ਖਰੀਦੇ ਜਾਣ। ਅਬੋਹਰ, ਮਲੋਟ, ਮੁਕਤਸਰ ਔਰ ਫ਼ਾਜ਼ਿਲਕਾ ਬਹੁਤ ਵੱਡੀਆਂ ਮੰਡੀਆਂ ਹਨ ਅਤੇ ਉਥੇ ਬਹੁਤ ਜ਼ਿਆਦਾ ਉਪਜ ਆਉਂਦੀ ਹੈ ਅਤੇ ਕਿਸਾਨ ਨੂੰ 15—20 ਦਿਨ ਉਥੇ ਵਾਰੀ ਨਹੀਂ ਆਉਂਦੀ। ਉਨ੍ਹਾਂ ਨੂੰ ਇਸ ਗੱਲ ਲਈ ਜ਼ਰੂਰ ਸਖ਼ਤੀ ਨਾਲ ਕੰਪੈਲ ਕਰਨਾ ਚਾਹੀਦਾ ਹੈ ਕਿ ਜਿਹੜਾ ਵੀ ਕਿਸਾਨ ਮਾਲ ਲੈ ਕੇ ਆਉਂਦਾ ਹੈ ਉਸ ਨੂੰ ਉਸੇ ਦਿਨ ਹੀ ਉਸ ਦਾ ਮਾਲ ਖਰੀਦ ਕੇ ਵਪਾਰ ਕਰਨਾ ਚਾਹੀਦਾ ਹੈ। ਉਹ ਜਿਹੜੇ ਏਰੀਆ ਹਨ ਉਹ ਮਿਊਨਿਸਪਲ ਕਮੇਟੀਆਂ ਦੇ ਹਨ ਜਿਨ੍ਹਾਂ ਵਿਚ ਕਿ ਢੇਰੀਆਂ ਲਗੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਨਾਲ ਨਾਲ ਮਿਊਨਿਸਪਲ ਕਮੇਟੀਆਂ ਵਾਲੇ ਆਪਣੇ ਤਹਿ ਬਜ਼ਾਰੀ ਆਦਿ ਦੇ ਖੋਖੇ ਲਗਾ ਦਿੰਦੇ ਹਨ, ਉਹ ਲੋਕ ਤੰਗ ਹੋ ਜਾਂਦੇ ਹਨ। ਇਸ ਤੋਂ ਇਲਾਵਾ, ਇਕ ਹੋਰ ਬਿਜ਼ਨਸ ਸ਼ੁਰੂ ਹੋ ਗਿਆ ਹੈ ਉਸੇ ਦੇ ਆਲੇ ਦੁਆਲੇ ਦੇ ਲੋਕ ਪਾਅ ਅੱਧ ਸੇਰ ਮਾਲ ਚੁਕ ਲੈਂਦੇ ਹਨ, ਪਰ ਉਹ ਜਾ ਕੇ ਦੁਕਾਨਦਾਰਾਂ ਨੂੰ ਵੇਚ ਦਿੰਦੇ ਹਨ ਅਤੇ ਉਹ ਦੁਕਾਨਦਾਰ ਹਜ਼ਾਰਾਂ ਮਣ ਇਕੱਠਾ ਕਰ ਕੇ ਉਥੇ

ਵੇਚ ਦਿੰਦੇ ਹਨ । ਮਾਸਟਰ ਜੀ ਨੇ ਸਟੇਟਮੈਂਟ ਆਫ਼ ਆਬਜੈਕਟਸ ਵਿਚ ਜਿਹੜਾ ਲਿਖਿਆ ਹੈ ਕਿ ਕਿਸਾਨਾਂ ਨੂੰ ਫਸੇਲਿਟੀਜ਼ ਪ੍ਰੋਵਾਈਡ ਕਰਨੀਆਂ ਹਨ । ਮੈਂ ਕਹਿੰਦਾ ਹਾਂ ਕਿ ਜੇ ਕਿਤੇ ਫ਼ਾਜ਼ਿਲਕਾ ਅਤੇ ਅਬੋਹਰ ਵਿਚ ਜਿਥੇ ਬਹੁਤ ਜ਼ਿਆਦਾ ਉਪਜ ਆਉਂਦੀ ਹੈ, ਨਵੀਂ ਮੰਡੀ ਬਣਾਉਣੀ ਹੁੰਦੀ ਹੈ ਤਾਂ ਉਥੋਂ ਪੈਸੇ ਲੈ ਕੇ ਕਾਲੋਨਾਈਜ਼ੇਸ਼ਨ ਦੇ ਮਹਿਕਮੇ ਵਾਲੇ ਚਲੇ ਜਾਂਦੇ ਹਨ ਅਤੇ ਕਿਸਾਨਾਂ ਦੀ ਫੈਸੀਲਿਟੀ ਬਾਰੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਉਥੇ ਘੱਟੋ ਘੱਟ 200 ਏਕੜ ਦੀ ਮੰਡੀ ਹੋਣੀ ਚਾਹੀਦੀ ਹੈ, ਪਰ ਉਥੇ ਬਣਾਈ 100 ਏਕੜ ਦੀ ਹੈ ਅਤੇ ਉਸ ਵਿਚੋਂ 32 ਪਲਾਟ ਰਿਜ਼ਰਵ ਰਖ ਲਏ ਅਤੇ ਉਥੇ 85 ਹਜ਼ਾਰ ਰੁਪਏ ਵਿਚ ਖ਼ਾਲੀ ਪਲਾਟ ਵਿਕੇ। (ਸ਼ੇਮ) ਔਰ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਲਈ ਗਈ, ਉਸ ਦੀ ਇਕ ਏਕੜ ਦੀ ਜ਼ਮੀਨ ਵਿਚ ਕੋਈ 20—25 ਦੁਕਾਨਾਂ ਬਣਾਈਆਂ ਗਈਆਂ ਔਰ ਉਸ ਨੂੰ ਇਕ ਦੁਕਾਨ ਤਕ ਨਹੀਂ ਮਿਲਦੀ। ਇਹ ਜਿਹੜੇ ਕਾਲੋਨਾਈਜ਼ੇਸ਼ਨ ਦੇ ਮਹਿਕਮੇ ਵਾਲੇ ਹਨ ਇਹ ਪੈਸੇ ਲੈ ਕੇ ਆਪਣੇ ਘਰ ਬੈਠ ਜਾਂਦੇ ਹਨ ਅਤੇ ਇਸ ਤਰ੍ਹਾਂ ਕਿਸ ਤਰ੍ਹਾਂ ਮੰਡੀਆਂ ਦੀ ਡਿਵੈਲਪਮੈਂਟ ਹੋ ਸਕਦੀ ਹੈ । ਇਸ ਵੱਲ ਧਿਆਨ ਦੇਣਾ ਚਾਹੀਦਾ ਹੈ । ਇਤਨਾ ਕਹਿੰਦਾ ਹੋਇਆ ਮੈਂ ਬੈਠ ਜਾਂਦਾ ਹਾਂ।

ਗਿਆਨੀ ਅਰਜਨ ਸਿੰਘ ਲਿੱਟ (ਕਿਲਾ ਰਾਏ ਪੁਰ) : ਡਿਪਟੀ ਸਪੀਕਰ ਸਾਹਿਬ, ਮਾਸਟਰ ਜੀ ਨੇ ਜਿਹੜਾ ਅਮੈਂਡਿੰਗ ਬਿਲ ਪੇਸ਼ ਕੀਤਾ ਹੈ ਮੈਂ ਇਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ । ਪਹਿਲੀਆਂ ਦੋ ਗੱਲਾਂ ਚੰਗੀਆਂ ਕੀਤੀਆਂ ਹਨ। ਇਕ ਤਾਂ ਜਿਹੜੀ ਅਫ਼ਸਰਾਂ ਦੀ ਤਨਖ਼ਾਹ ਵਧਾ ਦਿੱਤੀ, ਪਰ ਜਿਹੜੀਆਂ ਚੋਣਾ ਖ਼ਤਮ ਕਰ ਦਿਤੀਆਂ, ਇਹ ਡੈਮੋਕਰੇਸੀ ਨਾਲ ਬੜਾ ਧੱਕਾ ਕੀਤਾ ਹੈ। ਜਿਸ ਤਰ੍ਹਾਂ ਚੌਧਰੀ ਕਾਂਸ਼ੀ ਰਾਮ ਨੇ ਕਿਹਾ ਹੈ ਕਿ ਜਿਹੜਾ ਉਥੇ ਆੜ੍ਹਤੀਆ ਬੈਠਾ ਹੈ ਉਹ ਗਰੀਬ ਕਿਸਾਨ ਨੂੰ ਚੰਗੀ ਤਰ੍ਹਾਂ ਲੁੱਟਦਾ ਹੈ । ਇਹ ਮਾਰਕੀਟ ਕਮੇਟੀਆਂ ਇਸ ਕਰਕੇ ਬਣਾਈਆਂ ਸਨ ਕਿ ਉਹ ਲੁੱਟ ਨਾ ਸਕੇ । ਜਿਹੜੇ ਚੁਣੇ ਹੋਏ ਨੁਮਾਇੰਦੇ ਉਥੇ ਜਾਂਦੇ ਹਨ ਉਹ ਲੋਕਾਂ ਦੀ ਦੁਖ ਤਕਲੀਫ਼ ਦੀ ਗੱਲ ਸੁਣਦੇ ਸਨ । ਜਿਸ ਤਰ੍ਹਾਂ ਮਾਸਟਰ ਜੀ ਇਥੇ ਆਪਣੇ ਹਲਕੇ ਦੀ ਗੱਲ ਕਰ ਲੈਂਦੇ ਹਨ ਅਤੇ ਲੋਕਾਂ ਦੇ ਸੁਖ ਦੁੱਖ ਦੀ ਗੱਲ ਕਰਦੇ ਹਨ, ਇਸ ਤਰ੍ਹਾਂ ਉਹ ਨੁਮਾਇੰਦੇ ਵੀ ਕਰਦੇ ਹੁੰਦੇ ਸਨ । ਪਰ ਹੁਣ ਜੇ ਸਰਕਾਰ ਨੇ ਆਪਣੇ ਨੁਮਾਇੰਦੇ ਭੇਜ ਦਿੱਤੇ ਤਾਂ ਇਹ ਸਰਕਾਰ ਦੇ ਪਿੱਠੂ ਹੋਣਗੇ ਅਤੇ ਕਿਸੇ ਦੀ ਗੱਲ ਨਹੀਂ ਸੁਣਨਗੇ। 1947 ਤੋਂ ਪਹਿਲਾਂ ਕਿਹਾ ਕਰਦੇ ਸੀ ਕਿ ਇਹ ਅੰਗਰੇਜ਼ਾਂ ਦੇ ਪਿਠੂ ਹਨ, ਇਹ ਨੰਬਰਦਾਰਾਂ ਦੇ ਝੋਲੀ ਚੁੱਕ ਹਨ, ਉਸ ਤਰ੍ਹਾਂ ਇਹ ਹੋਣਗੇ । ਮੈਂ ਕਹਾਂਗਾ ਕਿ ਕਿਸਾਨਾਂ ਨੂੰ ਸੁਖ ਦੇਣ ਲਈ ਇਹ ਠੀਕ ਹੋਵੇਗਾ ਕਿ ਉਨ੍ਹਾਂ ਨੁਮਾਇੰਦਿਆਂ ਦੀਆਂ ਚੋਣਾਂ ਕਰਾਓ ਔਰ ਇਲੈਕਸ਼ਨਾਂ ਕਰਾ ਕੇ ਉਥੇ ਭੇਜੋ । ਇਸ ਤੋਂ ਇਲਾਵਾ, ਜਿਹੜਾ ਰੁਪਈਆ ਉਥੋਂ ਇਕੱਠਾ ਹੁੰਦਾ ਹੈ ਉਹ ਕਿਸੇ ਹੋਰ ਥਾਂ ਤੇ ਖ਼ਰਚ ਕਰਨ ਲਈ ਭੇਜ ਦਿੱਤਾ ਜਾਂਦਾ ਹੈ, ਇਹ ਵੀ ਨਹੀਂ ਵੇਖਿਆ ਜਾਂਦਾ ਕਿ ਇਥੇ ਦਾ ਕੰਮ ਪੂਰਾ ਹੋ ਗਿਆ ਹੈ ਜਾਂ ਨਹੀਂ । ਲੁਧਿਆਣਾ ਵਿਚ 15 ਸਾਲ ਹੋ ਗਏ ਹਨ, ਮੰਡੀ ਹਾਲੇ ਤਕ ਮੁਕੰਮਲ ਨਹੀਂ ਹੋਈ । ਜਿਹੜੀ ਥਾਂ ਮੰਡੀ ਵਾਸਤੇ ਅੰਕੁਆਇਰ ਕੀਤੀ ਸੀ ਉਥੇ ਲੋਕਾਂ ਨੇ ਮਕਾਨ ਪਾ ਲਏ ਹਨ । ਕਿਤੇ ਕੋਈ ਰੈਸਟ ਹਾਊਸ ਨਹੀਂ ਬਣਾਇਆ, ਕਿਤੇ ਡੰਗਰਾਂ ਦੇ ਪੀਣ ਲਈ ਪਾਣੀ ਨਹੀਂ, ਕਿਸਾਨਾਂ ਨੂੰ ਬੈਠਣ ਨੂੰ ਥਾਂ ਨਹੀਂ ਮਿਲਦੀ। ਮਾਸਟਰ ਜੀ, ਜਿਹੜੇ ਇਲੈਕਸ਼ਨਾਂ ਦੇ ਹਾਮੀ ਹਨ, ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਲੈਕਸ਼ਨਾਂ ਕਰਾ ਕੇ ਉਥੇ ਨੁਮਾਇੰਦੇ ਭੇਜੋ ਜਿਹੜੇ ਕਿ ਕਿਸਾਨਾਂ ਨੂੰ ਸੁਖ ਦੇ ਸਕਣ । ਲੋਕਾਂ ਨਾਲ ਧਰੋਹ ਨਾ ਕਰੋ ।

ਸਰਦਾਰ ਕਰਨੈਲ ਸਿੰਘ ਮਰੜ੍ਹੀ (ਜੰਡਿਆਲਾ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀ ਇਕ ਗੱਲ ਕਰਨੀ ਹੈ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੰਡਿਆਲਾ ਸ਼ਹਿਰ ਵਿਚ ਮਿਊਂਸਪਲ ਕਮੇਟੀ ਬਣੀ ਹੈ । (ਇਹ ਤਾਂ ਮੰਡੀਆਂ ਦਾ ਬਿਲ ਹੈ) **(ਵਿਘਨ) ਉਥੇ ਦੀ ਇਤਨੀ ਮਾੜੀ ਹਾਲਤ ਹੈ ਕਿ 4 ਬਾਜ਼ਾਰਾਂ ਵਿਚ ਝੋਨੇ ਦੀਆਂ, ਕਣਕ ਦੀਆਂ**

[ਸਰਦਾਰ ਕਰਨੈਲ ਸਿੰਘ ਮਰੜ੍ਹੀ]
ਢੇਰੀਆਂ ਲਗੀਆਂ ਹੁੰਦੀਆਂ ਹਨ । ਉਥੇ ਲੋਕਾਂ ਲਈ ਲੰਘਣ ਦਾ ਰਾਹ ਨਹੀਂ ਹੁੰਦਾ। ਰਸਤੇ ਬੰਦ ਹੋ ਜਾਂਦੇ ਹਨ । ਕੋਈ ਗੱਡਾ ਨਹੀਂ ਲੰਘ ਸਕਦਾ, ਲੋਕਾਂ ਦੀਆਂ ਬਰਾਤਾਂ ਰੁਕੀਆਂ ਰਹਿੰਦੀਆਂ ਹਨ ਮੈਂ ਸਰਕਾਰ ਨੂੰ ਸੁਝਾਅ ਦਿਆਂਗਾ ਕਿ ਉਹ ਮੰਡੀ ਸ਼ਹਿਰ ਤੋਂ ਬਾਹਰ ਲੈ ਜਾਵੇ। ਜਿਹੜੀਆਂ ਵੀ ਸਰਕਾਰਾਂ ਆਈਆਂ, ਸਾਰੇ ਪੰਜਾਬ ਨੇ ਤਰੱਕੀ ਕੀਤੀ। ਮੰਡੀ ਸ਼ਹਿਰਾਂ ਵਿਚ ਨਹੀਂ ਹੋਣੀ ਚਾਹੀਦੀ। ਸਰਕਾਰ ਕੋਈ ਆਪ ਜ਼ਮੀਨ ਅੰਕੁਆਇਰ ਕਰ ਕੇ ਮੰਡੀ ਬਾਹਰ ਲੈ ਜਾਵੇ ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ (ਮਾਸਟਰ ਗੁਰਬੰਤਾ ਸਿੰਘ) : ਡਿਪਟੀ ਸਪੀਕਰ ਸਾਹਿਬ, ਇਹ ਅਮੈਂਡਿੰਗ ਬਿਲ ਬੜਾ ਮਾਮੂਲੀ ਜਿਹਾ ਅਤੇ ਬੜਾ ਸਿੰਪਲ ਸੀ ਪਰ ਇਨ੍ਹਾਂ ਨੇ ਬੜਾ ਲੰਮਾ ਕਰ ਦਿਤਾ। ਡਿਪਟੀ ਸਪੀਕਰ ਸਾਹਿਬ, ਮੈਂ ਆਪ ਇਸ ਗੱਲ ਦੇ ਹੱਕ ਵਿਚ ਹਾਂ ਕਿ ਇਹੋ ਜਿਹੀਆਂ ਸੰਸਥਾਵਾਂ ਦੇ ਇਲੈਕਸ਼ਨ ਹੋਣੇ ਚਾਹੀਦੇ ਹਨ। ਮੈਂ ਇਸ ਗੱਲ ਦਾ ਸਭ ਤੋਂ ਜ਼ਿਆਦਾ ਹਾਮੀ ਹਾਂ। ਲੇਕਿਨ, ਡਿਪਟੀ ਸਪੀਕਰ ਸਾਹਿਬ, ਕੁਝ ਮਜਬੂਰੀਆਂ ਸਨ। ਇਕ ਤਾਂ ਮੰਡੀਆਂ ਵਿਚ ਪ੍ਰਮਾਤਮਾ ਦੀ ਕਿਰਪਾ ਨਾਲ, ਤੁਹਾਡੀ ਕਿਰਪਾ ਨਾਲ (ਵਿਘਨ) ਫ਼ਸਲਾਂ ਬੜੀਆਂ ਆਉਣ ਲਗ ਪਈਆਂ । ਕਪਾਹ, ਕਣਕ, ਝੋਨਾ ਆਦਿ ਹੋਰ ਵੀ ਬਹੁਤ ਫ਼ਸਲਾਂ ਆਉਂਦੀਆਂ ਹਨ। ਮੈਂ ਅਰਜ਼ ਕਰਾਂ ਕਿ ਅੱਜ ਤੋਂ 10 ਸਾਲ ਪਹਿਲਾਂ ਜਿਹੜੀਆਂ ਮੰਡੀਆਂ ਬਣਾਈਆਂ ਸਨ, ਉਹ ਦੁਬਾਰਾ ਬਣਾਉਣੀਆਂ ਪਈਆਂ। ਖੰਨੇ ਦੀ ਮੰਡੀ ਹੈ ਹੋਰ ਵੀ ਕਈ ਮੰਡੀਆਂ ਹਨ ਜਿਸ ਤਰ੍ਹਾਂ ਚੌਧਰੀ ਕਾਂਸ਼ੀ ਰਾਮ ਨੇ ਫ਼ਰਮਾਇਆ ਹੈ ਜ਼ਿਆਦਾ ਫ਼ਸਲ ਆਉਣ ਕਰ ਕੇ ਉਨ੍ਹਾਂ ਨੂੰ ਵੱਡਾ ਕਰਨਾ ਪਿਆ। ਪਹਿਲਾਂ ਸਿਰਫ਼ 88 ਮੰਡੀਆਂ ਸਨ ਅਤੇ ਹੁਣ 104 ਹੋ ਗਈਆਂ ਹਨ ਇਸ ਤਰ੍ਹਾਂ 16 ਮੰਡੀਆਂ ਵੱਧ ਗਈਆਂ । ਰੋਜ਼ ਦਰਖਾਸਤਾਂ ਆਉਣ ਲਗ ਪਈਆਂ ਕਿ ਇਹ ਬਹੁਤ ਵੱਡੀ ਮੰਡੀ ਹੈ, ਇਸ ਵਿਚ ਮਾਰਕਿਟ ਕਮੇਟੀ ਬਣਾ ਦਿਓ। ਇਹ ਜਿਹੜੇ ਮਾਰਕਿਟ ਕਮੇਟੀਆਂ ਦੇ ਮੈਂਬਰ ਹਨ ਇਹ ਪੰਚ ਅਤੇ ਸਰਪੰਚ, ਸ਼ਹਿਰ ਦੇ ਆੜ੍ਹਤੀਏ ਚੁਣ ਕੇ ਭੇਜਦੇ ਹਨ ਅਤੇ ਕਈ ਮੈਂਬਰਾਂ ਨੂੰ ਕੁਆਪ੍ਰੇਟਿਵ ਸੁਸਾਇਟੀਆਂ ਵੀ ਭੇਜਦੀਆਂ ਹਨ । ਜਿਹੜੀ ਮਾਰਕਿਟ ਕਮੇਟੀ ਦੀ ਬਾਊਂਡਰੀ ਹੈ ਉਹ ਰੋਜ਼ ਤਬਦੀਲ ਕਰਨੀ ਪੈਂਦੀ ਹੈ, ਇਸ ਕਰਕੇ ਨਾਮਜ਼ਦਗੀ ਦਾ ਬਿਲ ਲਿਆਂਦਾ ਹੈ। ਇਸ ਦੇ ਲਈ ਸਿਰਫ਼ ਦੋ ਸਾਲਾਂ ਦੀ ਮਿਆਦ ਰਖੀ ਹੈ ਅਤੇ ਜੇਕਰ ਦੋ ਸਾਲਾਂ ਤੋਂ ਪਹਿਲਾਂ ਬਾਊਂਡਰੀਆਂ ਕੰਪਲੀਟ ਹੋ ਗਈਆਂ ਤਾਂ ਪਹਿਲਾਂ ਇਲੈਕਸ਼ਨਾਂ ਕਰਾ ਦਿਆਂਗੇ ਕਿਸੇ ਨੂੰ ਕੋਈ ਤੌਖ਼ਲਾ ਨਹੀਂ ਹੋਣਾ ਚਾਹੀਦਾ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : * * * *

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਇਹ ਰਿਕਾਰਡ ਦਾ ਹਿੱਸਾ ਨਾ ਬਣੇ ।(This is no point of order. It should not form part of the proceedings.)

ਖੇਤੀਬਾੜੀ ਅਤੇ ਜੰਗਲਾਤ ਮੰਤਰੀ: ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕਿਸੇ ਦੀ ਵੀ ਮੁਖ਼ਾਲਫ਼ਤ ਨਹੀਂ ਕੀਤੀ। ਜਿਹੜੀ ਚੀਜ਼ ਬਿਲ ਦੇ ਵਿਚ ਲਿਖੀ ਹੈ, ਉਹ ਹੀ ਦੱਸ ਰਿਹਾ ਹਾਂ । ਸਰਦਾਰ ਸੰਤੋਖ ਸਿੰਘ ਨੇ ਕਿਹਾ ਸੀ ਕਿ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਜਲਦੀ ਹੀ ਕਰਵਾ ਦਿਆਂਗੇ। ਪਿਛਲੀ ਵਾਰੀ ਜਦੋਂ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਹੋਈਆਂ ਸਨ ਤਾਂ ਇਸ ਕਰ ਕੇ ਰੋਕੀਆਂ ਗਈਆਂ ਸਨ ਕਿਉਂਕਿ ਮਾਰਕਿਟ ਕਮੇਟੀਆਂ ਦਾ ਇਕ ਨੁਮਾਇੰਦਾ ਪੰਚਾਇਤ ਸੰਮਤੀਆਂ ਵਿਚ ਪਾਉਣਾ ਸੀ। ਜਿਤਨਾ ਚਿਰ ਮਾਰਕਿਟ ਕਮੇਟੀਆਂ ਨਹੀਂ ਬਣਦੀਆਂ, ਪੰਚਾਇਤ ਸੰਮਤੀਆਂ ਵਿਚ ਅਸੀਂ ਨੁਮਾਇੰਦਾ ਨਹੀਂ ਭੇਜ ਸਕਦੇ ਸੀ, ਅਤੇ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਇਸ ਲਈ ਨਹੀਂ ਹੋ ਸਕਦੀਆਂ ਸਨ । ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਇਹ ਬਿਲ ਲਿਆਉਣਾ ਜ਼ਰੂਰੀ ਸੀ । ਡਿਪਟੀ ਸਪੀਕਰ ਸਾਹਿਬ ਇਹ ਐਸੀਆਂ ਮਾਰਕਿਟ ਕਮੇਟੀਆਂ ਹਨ ਇਨ੍ਹਾਂ ਨੂੰ ਟੁਟਿਆਂ ਕਈ

*Expunged as ordered by the Chair.

ਚਿਰ ਹੋ ਗਿਆ ਹੈ । ਕੋਈ ਚੀਫ ਐਗਰੀਕਲਚਰਲ ਅਫਸਰ ਐਡਮਨਿਸਟਰੇਟਰ ਹੈ, ਕਿਸੇ ਜਗ੍ਹਾ ਐਸ. ਡੀ. ਓ. ਐਡਮਨਿਸਟਰੇਟਰ ਹੈ ਅਤੇ ਕਿਤੇ ਇਨਸਪੈਕਟਰ ਐਡਮਨਿਸਟਰੇਟਰ ਹੈ । ਡੇਢ ਦੋ ਸਾਲ ਉਨ੍ਹਾਂ ਐਡਮਨਿਸਟਰੇਟਰਾਂ ਨੂੰ ਲੱਗਿਆਂ ਹੋ ਗਿਆ ਹੈ। ਕੋਈ ਕੰਮ ਨਹੀਂ ਕਰਦਾ। ਮੰਡੀਆਂ ਦਾ ਕੰਮ, ਮਾਰਕਿਟ ਕਮੇਟੀਆਂ ਦਾ ਕੰਮ ਬਿਲਕੁਲ ਠੱਪ ਹੋ ਗਿਆ ਹੈ । ਇਸ ਕਰ ਕੇ ਇਹ ਬੜੀ ਚੰਗੀ ਗੱਲ ਕੀਤੀ ਹੈ । ਸਰਕਾਰ ਮੈਂਬਰ ਨਾਮਜ਼ਦ ਕਰੇਗੀ । ਤੁਹਾਨੂੰ ਕੋਈ ਤੌਖਲਾ ਨਹੀਂ ਹੋਣਾ ਚਾਹੀਦਾ ।

ਸਰਦਾਰ ਸੁਖਦੇਵ ਸਿੰਘ ਢੀਂਡਸਾ: * * * *

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਬਿਲ ਪੜ੍ਹਿਆ ਨਹੀਂ। ਜਿਹੜੀਆਂ ਮਾਰਕਿਟ ਕਮੇਟੀਆਂ ਦੀਆਂ ਇਲੈਕਸ਼ਨਾਂ ਕਰਾਉਣ ਵਾਸਤੇ ਸਰਕਾਰ ਨੇ ਰੂਲ ਬਣਾਏ ਹੋਏ ਹਨ ਜਿਹੜੇ ਪੰਚਾਇਤਾਂ ਦੇ ਪੰਚ, ਸਰਪੰਚ ਅਤੇ ਕੁਆਪਰੇਟਿਵ ਸੁਸਾਇਟੀਆਂ ਵਿਚ ਜਿਹੜੇ ਮੰਡੀਆਂ ਵਿਚ ਅਤੇ ਆੜ੍ਹਤੀਆਂ ਵਿਚ ਲੋਕ ਹਨ ਉਹ ਲਏ ਜਾਂਦੇ ਹਨ। ਉਹ ਇਲੈਕਸ਼ਨ ਕਰਾਉਂਦੇ ਹਨ ਅਤੇ ਮਾਰਕਿਟ ਕਮੇਟੀ ਦੀ ਹੱਦ ਦੇ ਵਿਚ ਮੈਂਬਰ ਲਏ ਜਾਂਦੇ ਹਨ । ਇਸ ਤਰੀਕੇ ਨਾਲ ਅਸੀਂ ਕਰਾਂਗੇ: ਪੰਚਾਇਤਾਂ ਦੇ ਪੰਚਾਂ, ਸਰਪੰਚਾਂ, ਆੜ੍ਹਤੀਆਂ ਅਤੇ ਮਾਰਕਿਟ ਕਮੇਟੀਆਂ ਦੇ ਏਰੀਏ ਵਿਚੋਂ ਨਾਮਜ਼ਦ ਕਰਾਂਗੇ ਅਤੇ ਜਿਹੜਾ ਚੰਗਾ ਜ਼ਿਮੀਂਦਾਰ ਹੋਵੇਗਾ, ਜਿਹੜਾ ਚੰਗੀ ਫ਼ਸਲ ਪੈਦਾ ਕਰਨ ਵਾਲਾ ਹੋਵੇਗਾ ਅਤੇ ਜਿਹੜਾ ਚੰਗੀ ਸੂਝ ਬੂਝ ਰਖਦਾ ਹੋਵੇਗਾ। ਜਿਹੜਾ ਸ਼ਰਾਬ ਪੀ ਕੇ ਸੁੱਤਾ ਨਾ ਰਹੇ, ਸਗੋਂ ਕੰਮ ਕਰੇ, ਉਹੋ ਜਿਹੇ ਆਦਮੀ ਨਾਮਜ਼ਦ ਕਰਾਂਗੇ । ਤੁਸੀਂ ਤੌਖ਼ਲਾ ਨਾ ਕਰੋ । ਡਿਪਟੀ ਸਪੀਕਰ ਸਾਹਿਬ, ਇਹ ਬੜਾ ਚੰਗਾ ਬਿਲ ਹੈ। ਇਸ ਨੂੰ ਪਾਸ ਕਰਨਾ ਚਾਹੀਦਾ ਹੈ । ਇਕ ਮੇਰੇ ਦੋਸਤ ਨੇ ਇਤਰਾਜ਼ ਕੀਤਾ ਹੈ ਕਿ ਇਸ ਵਿਚ ਚੇਅਰਮੈਨ ਨੂੰ ਅਖ਼ਤਿਆਰ ਦਿਤੇ ਹਨ । ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਬਣਿਆ ਸੀ ਉਦੋਂ ਵੀ ਚੇਅਰਮੈਨ ਨੂੰ ਅਖਤਿਆਰ ਸੀ । 1963 ਵਿਚ ਮੈਂ ਹੀ ਇਹ ਬਿਲ ਬਣਾਇਆ ਸੀ । ਚੇਅਰਮੈਨ ਸੈਕਟਰੀ ਸੀ। ਕਦੇ ਕੋਈ ਬਣ ਜਾਂਦਾ ਸੀ । ਅਸੀਂ ਸੈਕਟਰੀ ਨੂੰ ਅਖ਼ਤਿਆਰ ਦਿਤੇ ਹੁਣ ਜਿਹੜਾ ਚੇਅਰਮੈਨ ਹੈ, ਉਹ ਹੋਲ ਟਾਈਮ ਮਾਰਕਿਟਿੰਗ ਬੋਰਡ ਦਾ ਮੁਲਾਜ਼ਮ ਜਾਂ ਵਰਕਰ ਹੈ । ਇਸ ਕਰ ਕੇ ਉਨ੍ਹਾਂ ਨੂੰ ਅਖ਼ਤਿਆਰ ਦਿੱਤਾ ਹੈ ਕਿ ਸੈਕਟਰੀ ਦੀ ਸਲਾਹ ਨਾਲ ਕਿਸੇ ਮਾਰਕਿਟ ਕਮੇਟੀ ਦੇ ਕਰਮਚਾਰੀ ਨੂੰ, ਸੈਕਟਰੀ ਨੂੰ ਕਿਸੇ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਤੇ ਬਦਲ ਦੇਣ। ਇਸ ਵਿਚ ਕੋਈ ਨੁਕਸਾਨ ਵਾਲੀ ਗੱਲ ਨਹੀਂ ਹੈ । ਜਦੋਂ ਪਹਿਲਾਂ ਮਾਰਕਿਟ ਐਕਟ ਬਣਿਆ ਸੀ ਉਦੋਂ ਕਲਰਕ 80 ਰੁਪਏ ਤੇ ਰਖ ਲੈਂਦੇ ਸੀ । ਹੁਣ ਕਲਰਕਾਂ ਦੀ ਤਨਖਾਹ ਵੱਧ ਗਈ ਹੈ । ਬੋਰਡ ਕੋਲੋਂ ਮਨਜ਼ੂਰੀ ਲੈਣੀ ਪੈਂਦੀ ਹੈ, ਜੇ 115 ਰੁਪਏ ਤੋਂ ਵੱਧ ਤਨਖਾਹ ਤੇ ਨੌਕਰ ਰਖਣਾ ਹੋਵੇ ਅਤੇ 115 ਤੋਂ ਘੱਟ ਵਾਲੇ ਮੁਲਾਜ਼ਮ ਨੂੰ ਮਾਰਕਿਟ ਕਮੇਟੀ ਆਪ ਰਖ ਲਵੇਗੀ। ਇਹ ਬਹੁਤ ਅੱਛਾ ਬਿਲ ਹੈ। ਕਿਸਾਨਾਂ ਦੇ ਹੱਕ ਦਾ ਬਿਲ ਹੈ, ਆੜ੍ਹਤੀਆਂ ਦੇ ਹੱਕ ਦਾ ਬਿਲ ਹੈ, ਲੋਕਾਂ ਦੇ ਹੱਕ ਦਾ ਬਿਲ ਹੈ।

---

*Expunged as ordered by the Chair.

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

ਜਿਹੜੇ ਮੇਰੇ ਦੋਸਤਾਂ ਨੇ ਖਦਸ਼ਾਤ ਜ਼ਾਹਿਰ ਕੀਤੇ ਹਨ, ਉਹ ਦਰੁਸਤ ਨਹੀਂ। ਇਹ ਠੀਕ ਹੈ ਕਿ ਫਰਸ਼ ਨਹੀਂ ਲੱਗੇ ਹੋਏ, ਪਾਣੀ ਦਾ ਇੰਤਜ਼ਾਮ ਨਹੀਂ। ਸਰਕਾਰ ਜਿਹੜੀ ਮੰਡੀ ਤੋਂ ਫੀਸ ਲੈਂਦੀ ਹੈ, ਉਸ ਨਾਲ ਪਿੰਡਾਂ ਵਿਚ ਸੜਕਾਂ ਬਣਾਈਆਂ ਹਨ, ਪੁਲ ਬਣਾਏ ਹਨ, ਪਿੰਡਾਂ ਵਿਚ ਬੇਸ਼ੁਮਾਰ ਕੰਮ ਕੀਤੇ ਹਨ। ਅੱਜ ਤੁਸੀਂ ਜਿਸ ਮਰਜ਼ੀ ਇਲਾਕੇ ਵਿਚ ਚਲੇ ਜਾਵੋ, ਪਿੰਡ ਪਿੰਡ ਵਿਚ ਸੜਕਾਂ ਨਜ਼ਰ ਆਉਂਦੀਆਂ ਹਨ। ਭਾਵੇਂ ਇਹ ਮਾਰਕਿਟ ਕਮੇਟੀਆਂ ਨੇ ਆਪ ਬਣਵਾਈਆਂ ਹਨ ਜਾਂ ਪਿ ਡਬਲਿਊ. ਡੀ. ਨੂੰ ਪੈਸੇ ਦੇ ਕੇ ਉਨ੍ਹਾਂ ਨੇ ਬਣਵਾਈਆਂ ਹਨ। ਜ਼ਿੰਮੀਂਦਾਰਾਂ ਦੀ ਕਣਕ ਮੰਡੀ ਵਿਚ ਆਉਂਦੀ ਹੈ। ਅਸੀਂ ਜ਼ਿੰਮੀਂਦਾਰਾਂ ਕੋਲੋਂ ਪੈਸਾ ਨਹੀਂ ਲੈਂਦੇ। ਜਿਹੜੀ ਮੰਡੀ ਵਿਚ ਕਣਕ ਕਪਾਹ ਲਿਆਉਂਦੇ ਹਨ ਉਨ੍ਹਾਂ ਕੋਲੋਂ ਅਸੀਂ ਪੈਸੇ ਨਹੀਂ ਲੈਂਦੇ। ਜਿਹੜੀ 29 ਲੱਖ ਟਨ ਕਣਕ ਅਸੀਂ ਬਾਹਰ ਭੇਜੀ ਹੈ ਉਸ ਦੀ ਸਾਨੂੰ ਫੀਸ ਆਉਂਦੀ ਹੈ। ਉਹ ਜ਼ਿੰਮੀਂਦਾਰਾਂ ਤੇ ਖਰਚ ਦੇ ਹਾਂ, ਮੰਡੀਆਂ ਵਿਚ ਫਰਸ਼ ਲਾਉਣ ਤੇ ਖਰਚਣੀ ਹੈ, ਰੈਸਟ ਹਾਊਸ ਉਸ ਪੈਸੇ ਨਾਲ ਬਣਾਉਣੇ ਹਨ। ਇਸ ਲਈ, ਮੈਂ ਬੇਨਤੀ ਕਰਾਂਗਾ ਕਿ ਇਹ ਬਿਲ ਫਟਾਫਟ ਪਾਸ ਕਰ ਦੇਣਾ ਚਾਹੀਦਾ ਹੈ।

Mr. Deputy Speaker : Question is—

That the Punjab Agricultural Produce Markets (Amendment) Bill be taken into consideration at once.

The motion was carried.

5·00 p. m.

Mr. Deputy Speaker : Now the House will consider the Bill Clause by Clause.

Sub-Clause (2) of Clause 1

Mr. Deputy Speaker : Question is—

That Sub-Clause (2) of Clause 1 stand part of the Bill.

The motion was carried

Clause 2

Mr. Deputy Speaker : Question is—

That Clause 2 stand part of the Bill.

The motion was carried.

Clause 3

Mr. Deputy Speaker : Question is—

That Clause 3 stand part of the Bill.

The motion was carried.

Clause 4

Mr. Deputy Speaker : Question is—

That Clause 4 stand part of the Bill.

The motion was carried.

Sub-Clause (1) of Clause 1

Mr. Deputy Speaker : Question is—

That Sub-Clause (1) of Clause 1 stand part of the Bill.

The motion was carried.

Title

Mr. Deputy Speaker : Question is—

That Title be the Title of the Bill.

The motion was carried.

Minister for Agriculture (Master Gurbanta Singh) : Sir, I beg to move—

That the Punjab Agricultural Produce Markets (Amendment) Bill be passed.

Mr. Deputy Speaker : Motion moved—

That the Punjab Agricultural Produce Markets (Amendment) Bill be passed.

Mr. Deputy Speaker : Question is—

That the Punjab Agricultural Produce Markets (Amendment) Bill be passed.

The motion was carried

OFFICIAL RESOLUTION UNDER ARTICLE 252 OF THE CONSTITUTION OF INDIA RE : ESTABLISHMENT OF WATER POLLUTION PREVENTION BOARDS

Minister for Finance and Local Government (Shri Hans Raj Sharma) Sir, I beg to move—

"Whereas it is expedient to provide by law for the prevention of water pollution and the maintaining or restoring of wholesomeness of water for the establishment, with a view to carrying out the purposes aforesaid, of Water Pollution Prevention Boards, for conferring on such Boards functions relating thereto and for matters connected therewith ;

AND WHEREAS it is desirable and necessary to have a uniform law in this behalf in all States ;

AND WHEREAS the subject matter or such a law is relatable to entries 6 and 17 of List -II in the Seventh Schedule to the Constitution of India ;

AND WHEREAS Parliament has no power to make laws for the States with respect to any of the matters aforesaid except as provided in Article 249 and 250 of the Constitution;

AND WHEREAS it appears to this Assembly to be desirable that such a law should be enacted by Parliament;

NOW, THEREFORE, in pursuance of the clause (1) of Article 252 of the Constitution of India, this Assembly hereby resolves that Parliament should enact a law providing for the prevention of water pollution and the maintaining or restoring of wholesomeness of water, for the establishment, with a view to carrying out the purposes aforesaid, of Water Pollution Prevention Boards for conferring on such Boards functions relating thereto and for matters connected therewith.

ਇਹ, ਡਿਪਟੀ ਸਪੀਕਰ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਮੈਂ ਹਾਊਸ ਦੇ ਸਾਹਮਣੇ ਰਖਿਆ ਹੈ ਇਸ ਦਾ ਮੇਨ ਮਕਸਦ ਇਹ ਹੈ ਕਿ ਜਿਸ ਤਰ੍ਹਾਂ ਬਾਹਰਲੇ ਕੰਟਰੀਜ਼ ਵਿਚ ਇਹ ਮਸਲਾ ਆਇਆ ਹੈ ਕਿ ਪਾਣੀ ਪਾਲਿਊਟ ਹੋ ਗਿਆ ਹੈ, ਉਸ ਨੂੰ ਰੋਕਣ ਵਾਸਤੇ ਕਿ ਇਹ ਹਿੰਦੁਸਤਾਨ ਵਿਚ ਨਾ ਫੈਲੇ, ਇਹ ਰੈਜ਼ੋਲਿਊਸ਼ਨ ਪਾਸ ਕੀਤਾ ਜਾਵੇ ਤਾਂ ਕਿ ਪਾਰਲੀਮੈਂਟ ਲਾਅ ਇਨੈਕਟ ਕਰ ਸਕੇ।

Mr. Deputy Speaker : Motion moved—

"WHEREAS it is expedient to provide by law for the prevention of water pollution and maintaining or restoring of wholesomeness of water, for the establishment, with a view to carrying out the purposes aforesaid, of Water Pollution Prevention Boards, for conferring on such Boards functions relating thereto and for matters connected therewith ;

AND WHEREAS it is desirable and necessary to have a uniform law in this behalf in all States ;

AND WHEREAS the subject-matter of such a law is relatable to entries 6 and 17 of List II in the Seventh Schedule to the Constitution of India ;

AND WHEREAS Parliament has no power to make laws for the States with respect to any of the matters aforesaid except as provided in Article 249 and 250 of the Constitution ;

AND WHEREAS it appears to this Assembly to be desirable that such a law should be enacted by Parliament ;

NOW, THEREFORE, in pursuance of Clause (1) of Article 252 of the Constitution of India, this Assembly hereby resolves that Parliament should enact a law providing for the prevention of water pollution and the maintaining or restoring of wholesomeness of water, for the establishment, with a view to carrying out the purposes aforesaid , of Water Pollution Prevention Boards, for conferring on such Boards functions relating there to and for matters connected therewith."

Mr. Deputy Speaker : Question is—

"WHEREAS it is expedient to provide by law for the prevention of water pollution and the maintaining or restoring of wholesomeness of water, for the establishment , with a view to carrying out the purposes aforesaid, of Water Pollution Prevention Boards, for conferring on such Boards functions relating thereto and for matters connected therewith ;

AND WHEREAS it is desirable and necessary to have a uniform law in this behalf in all States ;

AND WHEREAS the subject-matter of such a law is relatable to entries 6 and 17 of List -II in the Seventh Schedule to the Constitution of India ;

AND WHEREAS Parliament has no power to make laws for the State with respect to any of the matters aforesaid except as provided in Article 249 and 250 of the Constitution;

AND WHEREAS it appears to this Assembly to be desirable that such a law should be enacted by Parliament ;

NOW, THEREFORE, in pursuance of the clause (1) of Article 252 of the Constitution of India, this Assembly hereby resolves that parliament should enact a law providing for the prevention of water pollution and the maintaining or restoring of wholesomeness of water, for the establishment, with a view to carrying out the purposes aforesaid, of Water Pollution Prevention Boards, for conferring on such Boards functions relating thereto and for matters conncected therewith."

The motion was carried.

Mr. Deputy Speaker : The House stands adjourned till 9 .00 A.M. on Friday, the 15th March, 1974.

5.08 p.m. (*The Sabha then adjourned till 9 A.M.* on *Friday, the 15th March*, 1974)

15096PVS—Govt. Press, Chd.

Published under the authority of the Punjab Vidhan Sabha Secretariat and printed by the Controller, Government Press, Chandigarh.